ੴ ਸਤਿਗੁਰ ਪ੍ਰਸਾਦਿ ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥

ੴ

ਸੰਪ੍ਰਦਾਈ ਮੁਖਵਾਕ ਸਟੀਕ

# ਗੁਰਵਾਕ ਚਾਨਣ

ਭਾਗ ਦੂਜਾ

ਸੰਤ ਹਰੀ ਸਿੰਘ 'ਰੰਧਾਵੇ ਵਾਲੇ'

ੴ ਸਤਿਗੁਰ ਪ੍ਰਸਾਦਿ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥

ਸੰਪ੍ਰਦਾਈ ਮੁਖਵਾਕ ਸਟੀਕ

# ਗੁਰਵਾਕ ਚਾਨਣ

(ਭਾਗ ਦੂਜਾ)

*ਲੇਖਕ :*

**ਬਾਬਾ ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ

*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

# SAMPARDAI MUKH-VAK STEEK GURVAK CHANAN Vol. II

*by :*
BABA HARI SINGH 'RANDHAWE WALE'

*Published by*
**KHALSA CHARITABLE TRUST (REGD.)**
**GURMAT VIDYALA, JATHA RANDHAWA**
CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
TELE : 01763-266305 (M) 98158-35035

© ਲੇਖਕ

੧ ਵੈਸਾਖ ਸੰਮਤ ੨੦੫੬ ਬਿਕ੍ਰਮੀ—ਨਾਨਕਸ਼ਾਹੀ ਸੰਮਤ ੫੩੧—ਖ਼ਾਲਸਾ ਸੰਮਤ ੩੦੧ ਨੂੰ
ਖ਼ਾਲਸਾ ਪੰਥ ਦੇ ੩੦੦ ਸਾਲਾ ਸਾਜਨਾ ਦਿਵਸ 'ਤੇ ਪਹਿਲੀ ਵਾਰ ਪੋਥੀ ਪ੍ਰਕਾਸ਼ਤ ਹੋਈ।

ਪਹਿਲੀ ਵਾਰ ਅਪਰੈਲ ੧੯੯੯
ਦੂਜੀ ਵਾਰ ਜੁਲਾਈ ੨੦੦੧
ਤੀਜੀ ਵਾਰ ਅਪ੍ਰੈਲ ੨੦੦੫

**ਭੇਟਾ : ੩੦੦-੦੦ ਰੁਪਏ**

*ਪ੍ਰਕਾਸ਼ਕ :*
**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**
**ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ**
ਚੰਡੀਗੜ੍ਹ ਰੋਡ, ਨੇੜੇ ਗੁਰਦੁਆਰਾ ਜੋਤੀ ਸਰੂਪ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ,
ਪੰਜਾਬ (ਭਾਰਤ)

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

*ਖ਼ਾਲਸਾ ਜੀ ਦੇ ੩੦੦ ਸਾਲਾ ਸਾਜਨਾ ਦਿਵਸ ਦੇ ਪਵਿੱਤਰ ਦਿਹਾੜੇ 'ਤੇ*
*ਸਾਹਿਬ-ਏ-ਕਮਾਲ, ਸਰਬੰਸ ਦਾਨੀ, ਖ਼ਾਲਸਾ ਪੰਥ ਦੇ ਸਿਰਜਣਹਾਰ*
***ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ***
*ਨੂੰ*
*ਜਿਨ੍ਹਾਂ ਨੇ ਗੁਰੂ ਕੀ ਕਾਂਸ਼ੀ ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ)*
*ਵਿਖੇ ਅੰਮ੍ਰਿਤ ਮਈ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਆਰੰਭ ਕੀਤੀ*
*ਸ਼ਹੀਦ ਬਾਬਾ ਦੀਪ ਸਿੰਘ ਜੀ*
*ਅਤੇ*
*ਸ਼ਹੀਦ ਭਾਈ ਮਨੀ ਸਿੰਘ ਜੀ*
*ਨੂੰ*
*ਜਿਨ੍ਹਾਂ ਨੇ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਕੇ ਗੁਰਬਾਣੀ ਦੇ ਅਰਥਾਂ*
*ਦੇ ਸੋਮੇ ਨੂੰ ਅੱਗੇ ਜਾਰੀ ਰੱਖਿਆ।*

***—ਹਰੀ ਸਿੰਘ ਰੰਧਾਵਾ***

ਗੁਰਮਤਿ ਵਿੱਦਿਆਲਾ ਜੱਥਾ ਰੰਧਾਵਾ

ਜ਼ਿਲਾ ਫਤਹਿਗੜ੍ਹ ਸਾਹਿਬ ।

ੴ ਸਤਿਗੁਰ ਪ੍ਰਸਾਦਿ॥

# ਤਤਕਰਾ ਸਟੀਕ

## ਮੁਖਵਾਕ


| | ਪੰਨਾ |
|---|---|
| ੧੨੦. ਇਹੁ ਤਨੁ ਮਾਇਆ ਪਾਹਿਆ ਪਿਆਰੇ | ੧੧ |
| ੧੨੧. ਤੁਧੁ ਬਿਨੁ ਦੂਜਾ ਨਾਹੀ ਕੋਇ | ੧੫ |
| ੧੨੨. ਹਰਿ ਕੀਆ ਕਥਾ ਕਹਾਣੀਆ | ੨੦ |
| ੧੨੩. ਭਾਂਡਾ ਧੋਇ ਬੈਸਿ ਧੂਪੁ ਦੇਵਹੁ | ੨੭ |
| ੧੨੪. ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ | ੩੧ |
| ੧੨੫. ਹਰਿ ਨਾਮਾ ਹਰਿ ਰੰਙੁ ਹੈ | ੩੬ |
| ੧੨੬. ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ | ੪੧ |
| ੧੨੭. ਕੀਤਾ ਕਰਣਾ ਸਰਬ ਰਜਾਈ | ੪੬ |
| ੧੨੮. ਉਮਕਿਓ ਹੀਉ ਮਿਲਨ ਪ੍ਰਭ ਤਾਈ | ੫੧ |
| ੧੨੯. ਰਹਣੁ ਨ ਪਾਵਹਿ ਸੁਰਿ ਨਰ ਦੇਵਾ | ੫੬ |
| ੧੩੦. ਦਰਸਨੁ ਦੇਖਿ ਜੀਵਾ ਗੁਰ ਤੇਰਾ | ੬੨ |
| ੧੩੧. ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ | ੬੮ |
| ੧੩੨. ਸਾਧਸੰਗਿ ਤਰੈ ਭੈ ਸਾਗਰੁ | ੭੩ |
| ੧੩੩. ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ | ੭੮ |
| ੧੩੪. ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ | ੮੩ |
| ੧੩੫. ਕਰਮ ਧਰਮ ਪਾਖੰਡ ਜੋ ਦੀਸਹਿ | ੮੯ |
| ੧੩੬. ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ | ੯੫ |
| ੧੩੭. ਜਿਸ ਕੇ ਸਿਰ ਊਪਰਿ ਤੂੰ ਸੁਆਮੀ | ੧੦੧ |
| ੧੩੮. ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ | ੧੦੭ |
| ੧੩੯. ਨਾਮੈ ਹੀ ਤੇ ਸਭੁ ਕਿਛੁ ਹੋਆ | ੧੧੪ |
| ੧੪੦. ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ | ੧੨੨ |
| ੧੪੧. ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ | ੧੩੩ |
| ੧੪੨. ਮਿਥਨ ਮੋਹ ਅਗਨਿ ਸੋਕ ਸਾਗਰ | ੧੪੦ |
| ੧੪੩. ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ | ੧੪੭ |
| ੧੪੪. ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ | ੧੫੩ |
| ੧੪੫. ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ | ੧੫੯ |
| ੧੪੬. ਸੁਖ ਸੋਹਿਲੜਾ ਹਰਿ ਧਿਆਵਹੁ | ੧੬੫ |
| ੧੪੭. ਜੁਗ ਚਾਰੇ ਧਨ ਜੇ ਭਵੈ | ੧੭੨ |
| ੧੪੮. ਜੇ ਲੋੜਹਿ ਵਰੁ ਬਾਲੜੀਏ | ੧੭੯ |
| ੧੪੯. ਹਰਿ ਪਹਿਲੜੀ ਲਾਵ | ੧੮੬ |
| ੧੫੦. ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ | ੧੯੪ |
| ੧੫੧. ਗੁਰ ਸੰਤ ਜਨੋ ਪਿਆਰਾ ਮੈ ਮਿਲਿਆ | ੨੦੧ |
| ੧੫੨. ਹਰਿ ਚਰਣ ਕਮਲ ਕੀ ਟੇਕ | ੨੦੭ |
| ੧੫੩. ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ | ੨੧੪ |
| ੧੫੪. ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ | ੨੨੧ |
| ੧੫੫. ਹਰਿ ਜਪੇ ਹਰਿ ਮੰਦਰੁ ਸਾਜਿਆ | ੨੨੭ |
| ੧੫੬. ਸੰਤਾ ਕੇ ਕਾਰਜਿ ਆਪਿ ਖਲੋਇਆ | ੨੩੪ |
| ੧੫੭. ਸੁਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ | ੨੪੧ |
| ੧੫੮. ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ | ੨੪੭ |
| ੧੫੯. ਦੁਇ ਦੀਵੇ ਚਉਦਹ ਹਟਨਾਲੇ | ੨੫੩ |
| ੧੬੦. ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ | ੨੫੯ |
| ੧੬੧. ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ | ੨੬੫ |
| ੧੬੨. ਜੋ ਦਿਨ ਆਵਹਿ ਸੋ ਦਿਨ ਜਾਹੀ | ੨੭੧ |
| ੧੬੩. ਆਪੇ ਸਬਦੁ ਆਪੇ ਨੀਸਾਨੁ | ੨੭੮ |
| ੧੬੪. ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ | ੨੮੫ |
| ੧੬੫. ਆਵਹੁ ਸੰਤ ਮਿਲਹੁ ਮੇਰੇ ਭਾਈ | ੨੯੧ |
| ੧੬੬. ਸਰਬ ਕਲਿਆਣ ਕੀਏ ਗੁਰਦੇਵ | ੨੯੭ |
| ੧੬੭. ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ | ੩੦੪ |
| ੧੬੮. ਭੂਲੇ ਮਾਰਗ ਜਿਨਹਿ ਬਤਾਇਆ | ੩੧੦ |
| ੧੬੯. ਮਾਤ ਪਿਤਾ ਸੁਤ ਬੰਧਪ ਭਾਈ | ੩੧੬ |

ਪੰਨਾ

੧੭੦. ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ੩੨੩
੧੭੧. ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ੩੨੯
੧੭੨. ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ੩੩੫
੧੭੩. ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ੩੪੧
੧੭੪. ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ੩੪੭
੧੭੫. ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ੩੫੩
੧੭੬. ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ੩੬੦
੧੭੭. ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ੩੬੪
੧੭੮. ਬਿਨੁ ਹਰਿ ਕਾਮਿ ਨ ਆਵਤ ਹੇ ੩੭੦
੧੭੯. ਗੁਰਿ ਪੂਰੈ ਮੇਰੀ ਰਾਖਿ ਲਈ ੩੭੬
੧੮੦. ਦੋਵੈ ਥਾਵ ਰਖੇ ਗੁਰ ਸੂਰੇ ੩੮੧
੧੮੧. ਤੁਮ੍ ਸਮਰਥਾ ਕਾਰਨ ਕਰਨ ੩੮੭
੧੮੨. ਜੀਵਉ ਨਾਮੁ ਸੁਨੀ ੩੯੨
੧੮੩. ਨਿਕਟਿ ਵਸੈ ਦੇਖੈ ਸਭੁ ਸੋਈ ੩੯੮
੧੮੪. ਮਨ ਕਾ ਕਹਿਆ ਮਨਸਾ ਕਰੈ ੪੦੫

ਪੰਨਾ

੧੮੫. ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ੪੧੨
੧੮੬. ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ੪੧੯
੧੮੭. ਪ੍ਰਭ ਜਨਮ ਮਰਨ ਨਿਵਾਰਿ ੪੨੬
੧੮੮. ਏਕਮ ਏਕੰਕਾਰੁ ਨਿਰਾਲਾ ੪੩੫
੧੮੯. ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ੪੫੧
੧੯੦. ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ੪੬੦
੧੯੧. ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ੪੬੮
੧੯੨. ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ੪੭੫
੧੯੩. ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ੪੮੨
੧੯੪. ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ੪੮੮
੧੯੫. ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ੪੯੫
੧੯੬. ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ੫੦੨
੧੯੭. ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ੫੦੮
੧੯੮. ਸਫਲ ਜਨਮੁ ਮੋ ਕਉ ਗੁਰ ਕੀਨਾ ੫੧੬

# ਤਤਕਰਾ ਸਾਖੀਆਂ

## ਮੁਖਵਾਕ


| | *ਪੰਨਾ* |
|---|---|
| ਸਹੁ-ਸੁਹਾਗਣ ਦੀ | ੧੧ |
| ਨਾਮਦੇਵ ਜੀ ਦੀ | ੧੭ |
| ਗੁਰੂ ਨਾਨਕ ਸਾਹਿਬ ਜੀ ਤੇ ਭਾਈ ਮਰਦਾਨਾ ਦੀ | ੧੮ |
| ਧ੍ਰਿਤਰਾਸ਼ਟਰ ਦੀ | ੩੩ |
| ਭਾਈ ਮਤੀਦਾਸ ਜੀ ਦੀ | ੩੮ |
| ਭਗਤ ਨਾਮਦੇਵ ਜੀ ਦੀ | ੪੭ |
| ਭਾਈ ਰਾਮ ਕੁਇਰ ਜੀ ਦੀ | ੬੩ |
| ਮਾਤਾ ਸਾਹਿਬ ਕੌਰ ਜੀ ਦੀ | ੬੫ |
| ਔਰੰਗਜ਼ੇਬ ਦੀ | ੭੦ |
| ਸਿਕੰਦਰ ਬਾਦਸ਼ਾਹ ਦੀ | ੭੦ |
| ਗੁਰੂ ਨਾਨਕ ਦੇਵ ਜੀ ਦੀ | ੭੧ |
| ਭਾਈ ਗੁਰਦਾਸ ਜੀ ਦੀ | ੭੩ |
| ਭਾਈ ਮਰਦਾਨਾ ਦੀ | ੭੪ |
| ਗੁਰੂ ਅਮਰਦਾਸ ਜੀ ਦੀ | ੭੭ |
| ਮੁਲਤਾਨੀ ਮੱਲ ਦੀ | ੭੯ |
| ਗੁਰੂ ਗੋਬਿੰਦ ਸਿੰਘ ਜੀ ਅਤੇ ਲੰਮੀ ਉਮਰ ਵਾਲੇ ਜੋਗੀ ਦੀ | ੮੫ |
| ਨਾਰਦ ਮੁਨੀ ਕੀਰਤਨ ਦੀ ਮਹੱਤਤਾ ਦੀ | ੯੦ |
| ਗੁਰੂ ਨਾਨਕ ਦੇਵ ਸਾਹਿਬ ਤੇ ਤਰਖਾਣ ਬੱਚੇ ਦੇ ਬਚਨ ਮੰਨਣ ਦੀ | ੯੨ |
| ਭਾਈ ਬੁੱਧੂ ਤੇ ਭਾਈ ਲੱਖੂ ਦੀ—ਆਵਾ ਕੱਚਾ ਰਿਹਾ | ੯੫ |
| ਸੁਲਹੀ ਖ਼ਾਂ ਦੀ | ੧੦੧ |
| ਦ੍ਰਿਸ਼ਟਾਂਤ—ਕਿਲ੍ਹੇ ਦੇ ਚਉਰਾਸੀਹ ਬੂਹਿਆਂ ਵਾਲਾ | ੧੧੦ |
| ਬਾਬਾ ਨੰਦ ਸਿੰਘ ਜੀ ਦੀ (ਸੇਵਾ ਪ੍ਰਥਾਇ) | ੧੩੫ |
| ਨਿੱਕੀ ਬੱਚੀ ਤੇ ਬਿਰਧ ਬਾਬੇ ਦੀ, ਸਹਾਇਤਾ ਕੀਤੀ ਗੁਰੂ ਗੋਬਿੰਦ ਸਿੰਘ ਜੀ ਨੇ | ੧੪੨ |

| | *ਪੰਨਾ* |
|---|---|
| ਗੁਰੂ ਨਾਨਕ ਸਾਹਿਬ ਤੇ ਗੋਪਾਲ ਦੱਤ ਦੀ | ੧੪੮ |
| ਮਹਾਤਮਾ ਵਲੋਂ ਦੋ ਚੇਲਿਆਂ ਨੂੰ ਪਰਖਣ ਦੀ | ੧੬੦ |
| ਭਗਤ ਰਵਿਦਾਸ ਜੀ ਦੀ | ੧੬੯ |
| ਭਾਈ ਸਾਂਈ ਦਾਸ ਤੇ ਬੀਬੀ ਰਾਮੋ ਜੀ ਦੀ | ੧੮੦ |
| ਤ੍ਰਿਸ਼ਨਾਲੂ ਪੁਰਸ਼ ਦੀ | ੨੦੩ |
| ਰਾਧਕਾ ਦੁਆਰਾ ਭਗਵਾਨ ਕ੍ਰਿਸ਼ਨ ਦੇ ਚਰਣ ਹਿਰਦੇ ਵਿਚ ਵਸਾਉਣ ਦੀ | ੨੦੭ |
| ਭਾਈ ਦਇਆ ਸਿੰਘ ਆਦਿਕ ਪੰਜ ਪਿਆਰਿਆਂ ਦੀ | ੨੨੪ |
| ਫ਼ਰੀਦ ਜੀ ਦੀ, ਪਤੀ ਪ੍ਰਮਾਤਮਾ ਪ੍ਰਾਪਤ ਕਰਨ ਦਾ ਉਪਦੇਸ਼ ਦੀ | ੨੪੩ |
| ਗੁਰੂ ਨਾਨਕ ਸਾਹਿਬ ਤੇ ਬਿਰਧ ਬਾਬੇ ਦੀ | ੨੪੯ |
| ਦੁਨੀਚੰਦ ਦੀ | ੨੫੭ |
| ਜੁਲਾਹੇ ਦੀ ਝੂਠ ਦੀ ਦਸਤਾਰ ਬਨਾਉਣ ਦੀ | ੨੬੧ |
| ਭਾਈ ਬੇਅੰਤ ਸਿੰਘ ਜੀ ਦੀ | ੨੬੬ |
| ਇਕ ਬੀਬੀ ਦੇ ਪੁੱਤਰ ਦੀ ਰੱਖਿਆ ਸਤਿਗੁਰੂ ਜੀ ਨੇ ਕੀਤੀ | ੨੬੮ |
| ਦ੍ਰਿਸ਼ਟਾਂਤ—ਚੂਹੇ ਤੇ ਚੂਹੀ ਦਾ | ੨੭੧ |
| ਸਰਮੱਦ ਫ਼ਕੀਰ ਦੀ | ੨੮੨ |
| ਭਾਈ ਪਾਰੋ ਜੀ ਦੀ | ੨੮੭ |
| ਅਨੂਪ ਕੌਰ ਜੀ ਦੀ | ੨੯੫ |
| ਇਕ ਮੁਸਲਮਾਨ ਦੀ ਗੁਰੂ ਉੱਤੇ ਭਰੋਸੇ ਰੱਖਣ ਦੀ | ੩੦੬ |
| ਬੰਦਾ ਸਿੰਘ ਬਹਾਦਰ ਦੀ | ੩੧੨ |
| ਇਕ ਮਾਈ ਦੇ ਪ੍ਰਮੇਸ਼ਰ ਨੂੰ ਸਿਮਰਨ ਦੀ | ੩੨੦ |
| ਅਧਮ ਬਾਦਸ਼ਾਹ ਦੀ | ੩੨੬ |
| ਇਕ ਪਿੰਗਲੇ ਪੁਰਸ਼ ਦੀ | ੩੩੦ |

| | ਪੰਨਾ |
|---|---|
| ਛੱਜੂ ਝੀਵਰ ਦੀ | ੩੩੦ |
| ਸੰਤ ਗਿਆਨੀ ਸੁੰਦਰ ਸਿੰਘ ਜੀ | ੩੩੬ |
| ਭਾਈ ਲਾਲੋ ਦੀ | ੩੩੯ |
| ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੀ | ੩੪੨ |
| ਹਮਾਯੂੰ ਬਾਦਸ਼ਾਹ ਦਾ ਮਾਨ ਤੋੜਨ ਦੀ | ੩੪੫ |
| ਪਤੰਗ ਤੇ ਜਮਾਲ ਦੀ | ੩੪੯ |
| ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਦੁਆਰਾ ਦੂਸਰੇ ਸਿੱਖ 'ਤੇ ਪਰਉਪਕਾਰ ਕਰਨ ਦੀ | ੩੫੭ |
| ਇੱਕ ਸ਼ਾਹੂਕਾਰ ਪਠਾਣ ਤੇ ਸਿੱਖ ਦੀ ਜਮਾਂ ਤੋਂ ਛੁਡਾਉਣ ਦੀ | ੩੬੧ |
| ਇੱਕ ਸਿੰਘ ਦੁਆਰਾ ਮੰਤ੍ਰ ਸ਼ਕਤੀ ਨਸ਼ਟ ਕਰਨ ਦੀ | ੩੬੪ |
| ਪ੍ਰਿਥੀ ਚੰਦ ਦੇ ਵਿਰੋਧ ਦੀ | ੩੬੫ |
| ਪੰਛੀਆਂ ਦੇ ਜਾਲ ਵਿਚ ਫਸਣ ਦੀ | ੩੭੪ |
| ਭਾਈ ਬਿਧੀ ਚੰਦ ਦੀ | ੩੭੭ |
| ਭਾਈ ਤਿਲੋਕੇ ਦੀ | ੩੭੮ |
| ਸਰਵਣ ਤੇ ਦਸਰਥ ਦੀ | ੩੮੨ |

| | ਪੰਨਾ |
|---|---|
| ਕਬੀਰ ਜੀ ਦੀ | ੩੮੯ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀ | ੩੯੩ |
| ਮਹਾਤਮਾ ਦੁਆਰਾ ਸੁੱਕੇ ਡੱਡੂ ਨੂੰ ਪੀਸ ਕੇ ਪਾਊਡਰ ਬਣਾਉਣ ਦੀ | ੪੦੭ |
| ਬੀਬੀ ਸਰਣਜੀਤ ਕੌਰ ਦੀ | ੪੧੪ |
| ਭਾਈ ਸਾਧੂ ਤੇ ਰੂਪ ਚੰਦ ਦੀ | ੪੨੦ |
| ਗੁਰੂ ਗੋਬਿੰਦ ਸਿੰਘ ਜੀ ਤੇ ਇਕ ਪ੍ਰੇਮਣ ਮਾਈ ਦੀ | ੪੭੦ |
| ਭਗਵਾਨ ਰਾਮ ਚੰਦਰ ਤੇ ਇੱਕ ਕੀੜੇ ਦੀ | ੪੭੯ |
| ਭਗਵਾਨ ਰਾਮ ਚੰਦਰ ਜੀ ਦੀ ਗੁਰਦੇਵ ਨੂੰ ਗੁਪਤ ਵਾਰਤਾ ਕਹਿਣੀ | ੪੮੭ |
| ਸ਼ੇਰ ਤੇ ਬਾਂਦਰ ਦੀ | ੪੮੯ |
| ਭਗਤ ਨਾਮਦੇਵ ਜੀ ਦੀ ਇੱਕ ਪਾਖੰਡੀ ਦੇ ਪ੍ਰਥਾਇ | ੪੯੦ |
| ਰਾਮ ਸਿੰਘ ਦੀ, ਗੁਰੂ ਤੋਂ ਬੇਮੁਖ ਹੋਣ ਦੀ | ੪੯੮ |
| ਮਾਈ ਦੇ ਦਰਿਆ ਤਰਨ ਦੀ | ੫੦੪ |
| ਕਾਲੀ ਦਾਸ ਦੇ ਮਨ ਵਿਕਾਰੀ ਹੋਣ ਦੀ | ੫੧੧ |
| ਭਾਈ ਬਿਧੀਚੰਦ ਜੀ ਦੀ | ੫੧੭ |

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਵਾਰ ਵਾਰ ਆਉਣ ਵਾਲੇ ਮੁਖਵਾਕ ਵਿਆਖਿਆ ਸਹਿਤ *ਗੁਰਵਾਕ ਚਾਨਣ* ਨਾਮੇ ਗ੍ਰੰਥ ਵਿੱਚ ਮੁਕੰਮਲ ਕੀਤੇ ਗਏ ਹਨ। ਇਸ ਪੁਸਤਕ ਦੇ ਦੋ ਭਾਗਾਂ ਵਿੱਚੋਂ ਪਹਿਲਾ ਭਾਗ ੧੯੯੯ ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਟੇਜ ਤੋਂ ਰੀਲੀਜ਼ ਹੋ ਕੇ ਪਾਠਕਾਂ ਤਕ ਪਹੁੰਚ ਚੁੱਕਾ ਹੈ, ਜਿਸ ਵਿੱਚ ੧੧੯ ਮੁਖਵਾਕਾਂ ਦੀ ਵਿਆਖਿਆ ਰਾਗ ਗੂਜਰੀ ਤੋਂ ਸ਼ੁਰੂ ਕਰ ਕੇ ਰਾਗ ਬੈਰਾੜੀ ਤਕ ਹੈ। ਹੁਣ ਪਹਿਲੇ ਭਾਗ ਦੀ ਦੂਜੀ ਐਡੀਸ਼ਨ ਵਿੱਚ 'ਬਾਰਹ ਮਾਹਾ' ਰਾਗ ਮਾਝ ਦੀ ਵਿਆਖਿਆ ਭੀ ਮੁਕੰਮਲ ਦਿੱਤੀ ਗਈ ਹੈ ਤੇ ਰਾਗਾਂ ਦਾ ਵੇਰਵਾ ਜਿਨ੍ਹਾਂ ਜਿਨ੍ਹਾਂ ਰਾਗਾਂ ਵਿੱਚੋਂ ਮੁਖਵਾਕ ਆਏ ਹਨ, ਇਨ੍ਹਾਂ ਦੀ ਗਿਣਤੀ ੯ ਹੈ ਤੇ ਦਸਵਾਂ ਮਾਝ ਰਾਗ ਜਿਸ ਵਿੱਚੋਂ ਬਾਰਹ ਮਾਹਾ ਹੈ। ਇਨ੍ਹਾਂ ਦਸ ਰਾਗਾਂ ਦਾ ਵੇਰਵਾ ਪਹਿਲੀ ਪੋਥੀ ਵਿੱਚ ਦੇ ਦਿੱਤਾ ਹੈ। 'ਰਹਾਉ', 'ਮਹਲਾ' ਤੇ ਸੰਗਰਾਦ ਸ਼ਬਦ ਦੀ ਪਰਿਭਾਸ਼ਾ ਭੀ ਪਹਿਲੀ ਪੋਥੀ ਦੇ ਮੁੱਢ ਵਿੱਚ ਦਿੱਤੀ ਗਈ ਹੈ, ਤਾਂ ਕਿ ਵਿਆਖਿਆਕਾਰ ਨੇ ਜੇ ਇਨ੍ਹਾਂ ਵਿੱਚੋਂ ਕਿਸੇ ਦੀ ਭੀ ਵਿਆਖਿਆ ਕਰਨੀ ਹੋਵੇ, ਉਹ ਮੁੱਢ ਵਿੱਚ ਹੀ ਇਸਦੀ ਵਿਆਖਿਆ ਪੜ੍ਹ ਕੇ ਲਾਭ ਉਠਾ ਸਕਦਾ ਹੈ। ਹੁਣ ਦੂਸਰੇ ਭਾਗ ਵਿੱਚ ਤਿੰਨ ਰਾਗਾਂ—ਸੂਹੀ, ਤਿਲੰਗ, ਬਿਲਾਵਲ ਦਾ ਵੇਰਵਾ ਪੋਥੀ ਦੇ ਮੁੱਢ ਵਿੱਚ ਦੇ ਦਿੱਤਾ ਹੈ। ਇਨ੍ਹਾਂ ਤਿੰਨਾਂ ਰਾਗਾਂ ਵਿੱਚ ਆਏ ਮੁਖਵਾਕਾਂ ਦੀ ਵਿਆਖਿਆ, ਜਿਨ੍ਹਾਂ ਮੁਖਵਾਕਾਂ ਦੀ ਗਿਣਤੀ ੭੯ ਹੈ, ਤੋਂ ਇਲਾਵਾ ਦਸੇ ਗੁਰੂ ਸਾਹਿਬਾਨਾਂ ਦਾ ਜੀਵਨ ਬਿਉਰਾ ਪੋਥੀ ਦੇ ਪਿਛਲੇ ਪਾਸੇ ਦਿੱਤਾ ਹੈ। ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਅਤੇ ਗੁਰਤਾ ਗੱਦੀ ਦਾ ਵੇਰਵਾ ਭੀ ਦਿੱਤਾ ਹੈ, ਤਾਂ ਕਿ ਵਿਆਖਿਆਕਾਰ ਨੂੰ ਗੁਰਪੁਰਬਾਂ 'ਤੇ ਬੋਲਣ ਲਈ ਸਹਾਇਤਾ ਮਿਲ ਸਕੇ। ਹਰ ਇਕ ਮੁਖਵਾਕ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਦਿੱਤਾ ਗਿਆ ਹੈ ਅਤੇ ਮੁਖਵਾਕ ਦੀਆਂ ਤੁਕਾਂ ਤੇ ਜੋ ਪ੍ਰਮਾਣ ਦਿੱਤੇ ਹਨ, ਉਨ੍ਹਾਂ ਦੇ ਨਾਲ ਭੀ ਅੰਗ ਦਿੱਤੇ ਹੋਏ ਹਨ। ਜਿਹੜਾ ਕੋਈ ਪ੍ਰਮਾਣ ਕਿਸੇ ਹੋਰ ਗ੍ਰੰਥ ਵਿੱਚੋਂ ਲਿਆ ਹੈ, ਉਸ ਗ੍ਰੰਥ ਦਾ ਨਾਮ ਅਤੇ ਪੰਨਾ ਭੀ ਨਾਲ ਇਸ ਲਈ ਦਿੱਤਾ ਹੈ ਕਿ ਪਾਠਕ ਨੂੰ ਲੱਭਣ ਵਿੱਚ ਕੋਈ ਮੁਸ਼ਕਲ ਨਾ ਆਏ। ਅੰਤ ਵਿੱਚ ਦਾਸ ਗੁਰੂ ਘਰ ਦੇ ਗੁਣੀ ਗਿਆਨੀ ਪ੍ਰਚਾਰਕਾਂ ਤੇ ਕਥਾਵਾਚਕਾਂ ਤੋਂ ਦੇਰੀ ਦੀ ਮੁਆਫ਼ੀ ਮੰਗਦਾ ਹੈ ਕਿਉਂਕਿ ਕਈ ਕਾਰਨਾਂ ਕਰਕੇ ਇਹ ਪੋਥੀ ਛਪਣ ਵਿੱਚ ਲੇਟ ਹੋ ਗਈ ਹੈ। ਗੁਰੂ ਘਰ ਦੇ ਵਿਦਵਾਨਾਂ ਨੂੰ ਬੇਨਤੀ ਹੈ ਕਿ ਇਸ ਗ੍ਰੰਥ ਵਿੱਚ ਬੇਅੰਤ ਗ਼ਲਤੀਆਂ ਹੋਣਗੀਆਂ, ਸੋ ਆਪ ਨੇ ਲਿਖ ਭੇਜਣ ਦੀ ਖੇਚਲ ਕਰਨੀ ਤਾਂ ਕਿ ਆਉਂਦੀ ਐਡੀਸ਼ਨ ਵਿੱਚ ਸੁਧਾਈ ਹੋ ਸਕੇ।

*ਗੁਰੂ ਪੰਥ ਦਾ ਦਾਸ—*

**ਹਰੀ ਸਿੰਘ**

ਖ਼ਾਲਸਾ ਚੈਰੀਟੇਬਲ ਟਰੱਸਟ,
ਗੁਰਮਤਿ ਵਿਦਿਆਲਾ, ਜਥਾ ਰੰਧਾਵਾ,
ਡਾਕਖ਼ਾਨਾ ਸਰਹੰਦ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ,
ਪੰਜਾਬ (ਭਾਰਤ)

# ਰਾਗਾਂ ਦਾ ਵੇਰਵਾ

(੧) **ਰਾਗੁ ਤਿਲੰਗ—**ਰਾਗ ਤਿਲੰਗ ਪ੍ਰਸਿੱਧ ਅਤੇ ਮਨੋਹਰ ਰਾਗ ਹੈ। ਇਸ ਰਾਗ ਦਾ ਮਧੁਰ ਸੁਰਾਤਮਕ ਸਰੂਪ ਲੋਕ ਸੰਗੀਤ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਵਿੱਚ ਪ੍ਰਿਅ ਹੈ। ਇਸ ਰਾਗ ਵਿੱਚ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਰਿਸ਼ਭ ਧੈਵਤ ਨੂੰ ਪੂਰਨ ਰੂਪ ਵਿੱਚ ਵਰਜਿਤ ਕੀਤਾ ਜਾਂਦਾ ਹੈ। ਨ਼ੀ ਪ ਅਤੇ ਗ ਮ ਗ ਵਿਸ਼ੇਸ਼ ਸੁਰ ਸੰਗਤੀਆਂ ਹਨ ਜੋ ਇਸ ਰਾਗ ਦਾ ਸਰੂਪ ਸਥਾਪਤ ਕਰਨ ਵਿੱਚ ਸਹਾਈ ਹੁੰਦੇ ਹਨ। ਇਸ ਦਾ ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਖਮਾਜ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਔੜਵ-ਔੜਵ ਹੈ।

ਆਰੋਹੀ — ਸ ਗ, ਮ ਪ, ਨੀ ਸਂ।
ਅਵਰੋਹੀ — ਸ ਨ਼ੀ ਪ, ਮ ਗ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਬਾਣੀ ਵਿੱਚ ਤਿਲੰਗ ਨੂੰ ਹਿੰਡੋਲ ਦੀ ਰਾਗਣੀ ਕਰਕੇ ਲਿਖਿਆ ਹੈ, ਜੈਸਾ ਕਿ:

**ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥**
**ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥**
**ਤੇਲੰਗੀ ਦੇਵਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥** [ਰਾਗਮਾਲਾ, ਅੰਗ ੧੪੩੦]

**ਭਾਈ ਵੀਰ ਸਿੰਘ ਜੀ ਅਨੁਸਾਰ—**ਗੁਰਮਤਿ ਸੰਗੀਤ ਵਿੱਚ ਤਿਲੰਗ ਹਿੰਡੋਲ ਦੀ ਰਾਗਣੀ ਹੈ, ਜੋ ਸਿਆਮ, ਗੌਰੀ ਤੇ ਪੂਰਬੀ ਦੇ ਮੇਲ ਤੋਂ ਬਣਦੀ ਹੈ, ਹਿੰਡੋਲ ਦੀ ਛਾਯਾ ਸਮੇਤ ਹੈ। ਪਰੰਤੂ ਹੋਰਨਾਂ ਮਤਾਂ ਵਿੱਚ ਤੇ ਸੁਰਤਾਲ ਸਮੂਹ ਵਿੱਚ ਮੇਘ ਦੀ ਰਾਗਣੀ ਲਿਖੀ ਹੈ, ਉਸ ਨੂੰ ਤਨਕ ਭੀ ਕਹਿੰਦੇ ਹਨ, ਮੇਲ ਵੀ ਹੋਰ ਹੀ ਹੈ।

**ਮਹਾਨ ਕੋਸ਼ ਅਨੁਸਾਰ—**ਤਿਲੰਗ ਦਾ ਨਾਮ ਸੰਸਕ੍ਰਿਤ ਗ੍ਰੰਥਾਂ ਵਿੱਚ ਤ੍ਰਿਕਲਿੰਗ ਅਤੇ ਤ੍ਰਿਲਿੰਗ ਭੀ ਹੈ ਇਕ ਦੱਖਣੀ ਦੇਸ਼ ਦਾ ਨਾਮ ਵੀ ਹੈ ਜੋ ਸ਼੍ਰੀ ਸ਼ੈਲ ਤੋਂ ਚੋਲ ਰਾਜਜ ਦੇ ਮੱਧ ਤਕ ਹੈ, ਇਸ ਨਾਮ ਦਾ ਕਾਰਣ ਇਹ ਹੈ ਕਿ ਇਸ ਵਿੱਚ ਸ਼੍ਰੀ ਸ਼ੈਲ ਕਾਲੇਸ਼੍ਵਰ ਅਤੇ ਭੀਮੇਸ਼੍ਵਰ ਨਾਮਕ ਤਿੰਨ ਪਹਾੜ ਹਨ, ਜਿਨ੍ਹਾਂ ਉੱਪਰ ਤਿੰਨ ਸ਼ਿਵਲਿੰਗ ਹਨ।

ਤਿਲੰਗ ਬਿਲਾਵਲ ਠਾਟ ਦਾ ਇਕ ਔੜਵ ਰਾਗ ਦਾ ਨਾਮ ਵੀ ਹੈ, ਇਸ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਬਾਕੀ ਸਾਰੇ ਸੁਰ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਵਿੱਚ ਸੰਗਤਿ ਹੈ। ਵਾਦੀ ਸੁਰ ਗਾਂਧਾਰ ਅਤੇ ਨਿਸ਼ਾਦ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।

ਕਿਤਨਿਆਂ ਨੇ ਇਸ ਵਿੱਚ ਧੈਵਤ ਸੁਰ ਲਾ ਕੇ ਸ਼ਾੜਵ ਮੰਨਿਆ ਹੈ, ਇਸ ਰਾਗ ਵਿੱਚ ਮਹਲਾ ੧, ੪, ੫, ੯, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਰਾਗ ਦਾ ਚੌਦਵਾਂ ਅਸਥਾਨ ਹੈ।

(੨) **ਰਾਗੁ ਸੂਹੀ**—ਸੂਹੀ ਇਕ ਅਪ੍ਰਚਲਿਤ ਰਾਗ ਹੈ, ਜਿਸ ਦਾ ਵੇਰਵਾ ਜਾਂ ਵਿਆਖਿਆ ਭਾਰਤੀ ਸੰਗੀਤ ਸ਼ਾਸਤਰਾਂ ਵਿੱਚ ਉਪਲਬਧ ਨਹੀਂ। ਅਪ੍ਰਸਿੱਧ ਰਾਗ ਹੋਣ ਕਰਕੇ ਇਸ ਦੇ ਸਰੂਪ ਸੰਬੰਧੀ ਵਿਦਵਾਨਾਂ ਦੇ ਕੁਝ ਮਤਭੇਦ ਹਨ। ਕੁਝ ਵਿਦਵਾਨ ਇਸ ਰਾਗ ਨੂੰ ਸੂਹਾ ਰਾਗ ਦੇ ਸਮਾਨ ਹੀ ਮੰਨਦੇ ਹਨ, ਪਰੰਤੂ ਗੁਰ ਸ਼ਬਦ ਕੀਰਤਨ ਪਰੰਪਰਾ ਵਿੱਚ ਇਸ ਦਾ ਸੁਤੰਤਰ ਤੇ ਸਪੱਸ਼ਟ ਰੂਪ ਸਥਾਪਤ ਹੈ, ਇਸ ਰਾਗ ਵਿੱਚ ਮਹਲਾ ੧, ੨, ੩, ੪, ੫, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਨੇ ਬਾਣੀ ਉਚਾਰਣ ਕੀਤੀ ਹੈ। ਇਸ ਮੌਲਿਕ ਤੇ ਵਿਸ਼ਿਸ਼ਟ ਰਾਗ ਸੂਹੀ ਦਾ ਪ੍ਰਯੋਗ ਲੋਕ ਗਾਇਨ ਰੂਪਾਂ ਲਈ ਵਿਸ਼ੇਸ਼ਕਾਰ ਹੋਇਆ ਹੈ। ਇਸ ਰਾਗ ਵਿੱਚ ਨਿਸ਼ਾਦ ਦੇ ਦੋਵੇਂ ਰੂਪਾਂ ਨੂੰ ਪ੍ਰਯੋਗ ਕਰਦੇ ਹੋਏ ਬਾਕੀ ਸਾਰੇ ਸੁਰ ਸ਼ੁੱਧ ਲਗਾਏ ਜਾਂਦੇ ਹਨ। ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ ਹੈ।

ਆਰੋਹੀ — ਸ ਰੇ ਗ ਮ ਪ, ਨੀ ਧ ਨੀ ਸਂ।
ਅਵਰੋਹੀ — ਸਂ ਨ਼ੀ ਧ ਪ, ਗ ਗ, ਰੇ ਗ ਰੇ ਸ।

ਭਾਈ ਵੀਰ ਸਿੰਘ ਜੀ ਅਨੁਸਾਰ ਇਹ ਇਕ ਰਾਗਣੀ ਹੈ, ਜੋ ਗੁਰੂ ਘਰ ਦੇ ਗੁਰਮਤਿ ਸੰਗੀਤ ਵਿਚ ਭੈਰਵ, ਸਿਰੀਰਾਗ, ਸਾਰੰਗ, ਕਾਨੜਾ ਦੇ ਮੇਲ ਤੋਂ ਬਣੀ ਹੈ ਤੇ ਮੇਘ ਦੀ ਛਾਯਾ ਸਮੇਤ ਹੈ। ਹੋਰਨਾਂ ਮੱਤਾਂ ਵਿੱਚ ਭੈਰਵ ਦੀ ਨੂੰਹ ਹੈ ਤੇ ਦਿਨ ਦੇ ਤੀਜੇ ਪਹਿਰ ਗਾਈ ਜਾਂਦੀ ਹੈ। ਰਾਗਮਾਲਾ ਵਿੱਚ ਮੇਘ ਰਾਗ ਦੀ ਇਸਤ੍ਰੀ ਦੱਸੀ ਹੈ। ਜੈਸਾ ਕਿ :

**ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ॥** [ਰਾਗਮਾਲਾ, ਅੰਗ ੧੪੩੦]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਰਾਗਣੀ ਦਾ ਪੰਦ੍ਰਵਾਂ ਅਸਥਾਨ ਹੈ।

(੩) **ਰਾਗ ਬਿਲਾਵਲੁ**—ਰਾਗ ਬਿਲਾਵਲੁ ਭਾਰਤੀ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਸਿੱਧ ਰਾਗ ਹੈ। ਮੱਧਕਾਲ ਦੇ ਲਗਭਗ ਸਾਰੇ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦੇ ਉਲੇਖ ਤੋਂ ਇਸ ਰਾਗ ਦੀ ਲੋਕ-ਪ੍ਰਿਯਤਾ ਬਾਰੇ ਪਤਾ ਲੱਗਦਾ ਹੈ। ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਦਾ ਨਾਮ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਅੰਕਿਤ ਕੀਤਾ ਹੈ, ਇਸ ਰਾਗ ਅਧੀਨ ਮਹਲਾ ੧, ੩, ੪, ੫, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਸਧਨਾ ਜੀ ਨੇ ਬਾਣੀ ਉਚਾਰਨ ਕੀਤੀ ਹੈ। ਇਸ ਰਾਗ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੋਲ੍ਹਵਾਂ ਅਸਥਾਨ ਹੈ। ਇਸ ਰਾਗ ਸੰਬੰਧੀ ਸਤਿਗੁਰੂ ਜੀ ਦਾ ਆਪਣਾ ਫ਼ੁਰਮਾਨ ਹੈ। ਜੈਸਾ ਕਿ :

**ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥**
**ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥**

[ਵਾਰ ਬਿਲਾਵਲੁ ਮ: ੪, ਅੰਗ ੮੪੯]

ਇਸ ਰਾਗ ਦਾ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੋਣ ਕਾਰਨ ਇਸ ਨੂੰ ਸਵੇਰ ਦਾ ਕਲਿਆਣ ਵੀ ਕਿਹਾ ਜਾਂਦਾ ਹੈ। ਸ਼ੁੱਧ ਸਪਤਕ ਦੇ ਇਸ ਰਾਗ ਵਿੱਚ ਸਾਰੇ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ, ਇਸ ਦਾ ਵਾਦੀ ਧੈਵਤ, ਸੰਵਾਦੀ ਗੰਧਾਰ, ਠਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਨ ਹੈ।

ਆਰੋਹੀ — ਸ, ਰੇ ਗ, ਮ ਪ, ਨੀ ਸਂ।
ਅਵਰੋਹੀ — ਸਂ ਨੀ ਧ, ਪ, ਮ ਗ, ਰੇ ਸ।

ਇਸ ਬਿਲਾਵਲੁ ਰਾਗ ਦਾ ਇਕ ਰਾਗ ਪ੍ਰਕਾਰ ਵੀ ਹੈ, ਜਿਸ ਦਾ ਨਾਮ ਬਿਲਾਵਲ ਦੱਖਣੀ ਹੈ, ਭਾਰਤੀ ਸੰਗੀਤ ਦੇ ਪੁਰਾਤਨ ਅਤੇ ਪ੍ਰਸਿੱਧ ਰਾਗ ਬਿਲਾਵਲ ਦਾ ਪ੍ਰਚਾਰ ਉੱਤਰੀ ਅਤੇ ਦੱਖਣੀ ਦੋਵੇਂ ਸੰਗੀਤ ਪੱਧਤੀਆਂ ਵਿੱਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਦੇ ਦੱਖਣੀ ਰੂਪ ਨੂੰ ਆਪਣੀ

ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕੀਤਾ ਹੈ ਅਤੇ ਬਿਲਾਵਲ ਦੱਖਣੀ ਸਿਰਲੇਖ ਦਿੱਤਾ ਹੈ। ਇਸ ਰਾਗ ਵਿਚ ਕੋਮਲ ਗੰਧਾਰ ਦਾ ਪ੍ਰਯੋਗ ਕਰਦੇ ਹੋਏ, ਆਰੋਹ ਵਿੱਚ ਗੰਧਾਰ ਨਿਸ਼ਾਦ ਵਰਜਿਤ ਕੀਤੇ ਜਾਂਦੇ ਹਨ, ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਔੜਵ ਸੰਪੂਰਨ ਹੈ।

ਆਰੋਹੀ — ਸ ਰੇ, ਮ ਪ, ਧ ਸੰ।

ਅਵਰੋਹੀ — ਸੰ ਨੀ, ਧ ਪ, ਮ ਗੁ, ਰੇ ਸ।

(੪) **ਰਾਗੁ ਗੋਂਡ**—ਇਹ ਇਕ ਖਾੜਵ ਜਾਤੀ ਦਾ ਸ਼ੁੱਧ ਸੰਕੀਰਨ ਰਾਗ ਹੈ, ਜੋ ਧਨਾਸਰੀ, ਮਲਾਰ ਤੇ ਬਿਲਾਵਲ ਦੇ ਮੇਲ ਤੋਂ ਬਣਦਾ ਹੈ। ਇਹ ਦਿਨ ਦੇ ਤੀਜੇ ਪਹਿਰ ਗਾਏ ਜਾਣ ਵਾਲਾ ਇਕ ਰਾਗ ਹੈ, ਸਿਰੀਰਾਗੁ ਦੇ ਪੰਜ ਪੁੱਤਰਾਂ ਵਿੱਚੋਂ ਇੱਕ ਪੁੱਤਰ ਹੈ। ਜੈਸਾ ਕਿ :

**ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥**

**ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥** [ਰਾਗਮਾਲਾ, ਅੰਗ ੧੪੩੦]

ਭਾਰਤੀ ਸੰਗੀਤ ਵਿੱਚ ਕਠਿਨ ਤੇ ਪੁਰਾਤਨ ਰਾਗ ਵਜੋਂ ਜਾਣੇ ਜਾਂਦੇ ਰਾਗ ਗੋਂਡ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਹਲਾ ੪, ੫ ਅਤੇ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਾਰ੍ਹਵਾਂ ਅਸਥਾਨ ਹੈ। ਭਾਰਤੀ ਸੰਗੀਤ ਵਿੱਚ ਅਪ੍ਰਚਲਿਤ ਰਾਗ ਗੋਂਡ ਸਿੱਖ ਕੀਰਤਨਕਾਰਾਂ ਵਿੱਚ ਵਿਸ਼ੇਸ਼ ਰੂਪ ਵਿੱਚ ਪ੍ਰਚਲਿਤ ਹੈ। ਇਸ ਰਾਗ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦਾ ਵਾਦੀ ਸ਼ੜਜ, ਸੰਵਾਦੀ ਮਧਿਅਮ, ਥਾਟ ਬਿਲਾਵਲੁ ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਨ ਹੈ।

ਆਰੋਹੀ — ਮ ਰੇ ਗ ਮ, ਪ ਧ ਨੀ ਧ ਨੀ ਸੰ।

ਅਵਰੋਹੀ — ਸੰ ਨੀ ਧ ਨੀ ਪ, ਮ ਗ, ਰੇ ਸ।

ਇਸ ਰਾਗ ਦਾ ਰਾਗ ਪ੍ਰਕਾਰ ਵੀ ਹੈ ਜਿਸ ਦਾ ਨਾਮ ਬਿਲਾਵਲ ਗੋਂਡ ਹੈ। ਬਿਲਾਵਲ ਗੋਂਡ ਰਾਗ ਦਾ ਉਲੇਖ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਉਪਲਬਧ ਨਹੀਂ ਹੈ ਪਰੰਤੂ ਕੁਝ ਪਰੰਪਰਾਗਤ ਗਾਇਕਾਂ ਕੋਲੋਂ ਗਾਇਨ ਰੂਪ ਵਿੱਚ ਇਸ ਰਾਗ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਨਾਮਦੇਵ ਜੀ ਦਾ ਕੇਵਲ ਇਕ ਸ਼ਬਦ ਇਸ ਰਾਗ ਅਧੀਨ ਅੰਕਿਤ ਹੈ। ਮਿਸ਼ਰਤ ਰਾਗ ਪਰਿਪਾਟੀ ਇਸ ਦੇ ਕਈ ਪ੍ਰਕਾਰ ਪ੍ਰਚਾਰ ਵਿੱਚ ਹਨ ਜਿਵੇਂ ਗੋਂਡ ਮਲਾਰ, ਗੋਂਡ ਸਾਰੰਗ ਆਦਿ ਪਰ ਗੁਰਮਤਿ ਸੰਗੀਤ ਵਿੱਚ ਗੋਂਡ ਦਾ ਸਿਰਫ਼ ਇਕ ਪ੍ਰਕਾਰ ਬਿਲਾਵਲ ਨਾਲ ਮਿਸ਼ਰਤ ਕਰਕੇ ਰਾਗ ਬਿਲਾਵਲ ਗੋਂਡ ਦੇ ਰੂਪ ਵਿੱਚ ਗਾਉਣ ਦੀ ਪ੍ਰਥਾ ਹੈ। ਇਸ ਰਾਗ ਵਿੱਚ ਸਾਰੇ ਸੁਰ ਸ਼ੁੱਧ ਅਤੇ ਵਕਰ ਰੀਤੀ ਨਾਲ ਲੱਗਦੇ ਹਨ। ਇਸ ਦਾ ਵਾਦੀ ਗੰਧਾਰ, ਸੰਵਾਦੀ ਧੈਵਤ, ਸਮਾਂ ਦਿਨ ਦਾ ਪੂਜਾ ਪਹਿਰ ਅਤੇ ਜਾਤੀ ਵਕਰ ਸੰਪੂਰਨ ਹੈ।

ਆਰੋਹੀ — ਸ ਰੇ ਗ ਮ ਪ, ਧ ਨੀ ਸੰ।

ਅਵਰੋਹੀ — ਸੰ ਨੀ ਧ ਨੀ ਪ, ਮ ਗ ਰੇ ਮ ਗ, ਪ ਰੇ ਸ।

## 'ਮਹਲਾ' ਪਦ ਬਾਰੇ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਮਹਲਾ' ਸ਼ਬਦ ਬਹੁਤ ਵਾਰ ਆਇਆ ਹੈ। ਜਿਸ ਦਾ ਸੰਪ੍ਰਦਾਇ ਸ਼ੁੱਧ ਉਚਾਰਣ ਅੱਧਕ ਸਹਿਤ 'ਮਹੱਲਾ' ਹੈ। ਮਹਿਲਾ ਨਹੀਂ ਕਰਨਾ। ਕਿਉਂਕਿ 'ਮਹਲਾ' ਸ਼ਬਦ ਪੁਲਿੰਗ ਹੈ ਤੇ ਇਸ ਨਾਲ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਨਾਵਾਂ ਸ਼ਬਦ ਪੁਲਿੰਗ ਹੀ ਠੀਕ ਬੈਠਦੇ ਹਨ। ਜੋ 'ਮਹਲਾ' ਸ਼ਬਦ ਉੱਪਰ ਅੱਧਕ ਨਾ ਲੱਗੀ ਹੋਣ ਦੀ ਗੱਲ ਹੈ, ਉਹ ਅੱਧਕ ਸਾਰੀ ਗੁਰਬਾਣੀ ਵਿਚ ਉਚਾਰਣ ਸਮੇਂ ਲੋੜ ਅਨੁਸਾਰ ਲਗਾਈ ਜਾਂਦੀ ਹੈ, ਲੱਗੀ ਹੋਈ ਨਹੀਂ ਹੈ। ਗੁਰਬਾਣੀ ਵਿਚ ਐਸੇ ਬੇਅੰਤ ਸ਼ਬਦ ਆਏ ਹਨ, ਜਿਵੇਂ 'ਮਸਕਤਿ' ਨੂੰ 'ਮਸੱਕਤ' ਪੜ੍ਹਿਆ ਜਾਂਦਾ ਹੈ।

**ਜਿਨੀ ਨਾਮੁ ਧਿਆਇਆ ਗਏ 'ਮਸਕਤਿ' ਘਾਲਿ॥** [ਅੰਗ ੮]

**ਨਾਨਕ ਹੁਕਮੈ ਜੇ 'ਬੁਝੈ' ਤ ਹਉਮੈ ਕਹੈ ਨ ਕੋਇ॥** [ਅੰਗ ੧]

**'ਮਲਿ' ਤਖਤੁ ਬੈਠਾ ਸੈ ਡਾਲੀ॥** (ਅੰਗ ੯੬੭)

**'ਸੁਮਤਿ' ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥** [ਅੰਗ ੧੦੨]

**...'ਸਠੀ' ਕੇ ਬੋਢੇਪਾ ਆਵੈ॥** [ਅੰਗ ੧੩੮]

**...ਸੁਖਿ 'ਰਜਾ' ਜਾ ਤੁਧੁ ਭਾਇਆ॥** [ਅੰਗ ੧੩੮]

**'ਸਤਰਿ' ਦਾ ਮਤਿ ਹੀਣੁ 'ਅਸੀਹਾਂ' ਕਾ ਵਿਉਹਾਰੁ ਨ ਪਾਵੈ॥** [ਅੰਗ ੧੩੮]

**ਮਿਹਰ ਮਸੀਤਿ ਸਿਦਕੁ 'ਮੁਸਲਾ' ਹਕੁ ਹਲਾਲੁ ਕੁਰਾਣੁ॥** [ਅੰਗ ੧੪੦]

ਜਿਵੇਂ ਇਨ੍ਹਾਂ ਉਪਰੋਕਤ ਪਦਾਂ ਉਪਰ ਅੱਧਕ ਨਹੀਂ ਲੱਗਿਆ ਪਰ ਇਨ੍ਹਾਂ ਨੂੰ ਅੱਧਕ ਸਹਿਤ ਪੜ੍ਹਨ ਨਾਲ ਹੀ ਇਨ੍ਹਾਂ ਦਾ ਅਰਥ ਸਪੱਸ਼ਟ ਹੁੰਦਾ ਹੈ, ਏਸੇ ਤਰ੍ਹਾਂ 'ਮਹਲਾ' ਨੂੰ 'ਮਹੱਲਾ' ਉਚਾਰਣ ਕਰਨਾ ਹੈ। ਮਹਲਾ ਪਦ ਦਾ ਅਰਥ ਸੰਸਕ੍ਰਿਤ ਵਿਚ 'ਸਰੂਪ' ਹੈ ਅਰਥਾਤ 'ਮਹਲਾ ੧' ਤੋਂ ਭਾਵ ਹੈ ਪਹਿਲਾ ਸਰੂਪ ਜਾਂ ਪਹਿਲੇ ਪਾਤਸ਼ਾਹ (ਸ੍ਰੀ ਗੁਰੂ ਨਾਨਕ ਦੇਵ ਜੀ)। ਏਸੇ ਤਰ੍ਹਾਂ ਹੋਰ ਸਾਰੀਆਂ ਥਾਵਾਂ ਉੱਤੇ ਮਹਲਾ ੨, ਮਹਲਾ ੩ ਆਦਿ ਸ਼ਬਦ ਨੂੰ ਦੂਜਾ ਸਰੂਪ, ਤੀਜਾ ਸਰੂਪ ਜਾਂ ਦੂਜੇ ਪਾਤਸ਼ਾਹ, ਤੀਜੇ ਪਾਤਸ਼ਾਹ ਸਮਝਣਾ ਹੈ।

ਜਿਹੜੇ ਲੋਕ 'ਮਹਿਲਾ' ਉਚਾਰਣ ਕਰ ਕੇ ਗੁਰੂ ਸਾਹਿਬ ਨੂੰ ਇਸਤਰੀ ਰੂਪ ਵਿਚ ਸਾਬਤ ਕਰਨ ਦਾ ਯਤਨ ਕਰਦੇ ਹਨ, ਉਹ ਸ਼ਾਇਦ ਇਸ ਦੇ ਨਾਲ ਪਹਿਲਾ, ਦੂਜਾ, ਤੀਜਾ ਉਚਾਰਣ ਕਰਦੇ ਸਮੇਂ ਇਹ ਭੁੱਲ ਜਾਂਦੇ ਹਨ ਕਿ ਜੇਕਰ ਇਸਤ੍ਰੀ-ਲਿੰਗ ਵਿਚ ਪਹਿਲਾ ਕਰਾਂਗੇ ਤਾਂ ਸੰਬੰਧਿਤ ਅੰਕਾਂ ਨੂੰ ਵੀ ਪਹਿਲੀ, ਦੂਜੀ, ਤੀਜੀ ਪੜ੍ਹਨਾ ਪਵੇਗਾ ਪਰ ਐਸਾ ਹੋ ਨਹੀਂ ਸਕਦਾ ਕਿਉਂਕਿ ਇਨ੍ਹਾਂ ਅੰਕਾਂ ਦਾ ਉਚਾਰਣ ਸਾਫ਼ ਤੌਰ 'ਤੇ ਕਈ ਥਾਈਂ ਸਤਿਗੁਰਾਂ ਨੇ ਅੱਖਰਾਂ ਦੁਆਰਾ ਲਿਖ ਕੇ ਸਪੱਸ਼ਟ ਕੀਤਾ ਹੈ, ਜਿਵੇਂ ਕਿ :

**ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥** [ਅੰਗ ੧੪]

**ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ॥** [ਅੰਗ ੧੬੩]

**ਵਡਹੰਸ ਮਹਲਾ ੩ ਮਹਲਾ ਤੀਜਾ॥** [ਅੰਗ ੫੮੨]

**ਸੋਰਠਿ ਮਹਲਾ ੪ ਚਉਥਾ॥** [ਅੰਗ ੬੦੪]

**ਸੋਰਠਿ ਮਹਲਾ ੧ ਪਹਿਲਾ ਦੁਤੁਕੀ॥** [ਅੰਗ ੬੩੬]

**ਧਨਾਸਰੀ ਮਹਲਾ ੩ ਤੀਜਾ॥** [ਅੰਗ ੬੬੪]

**ਬਸੰਤੁ ਮਹਲਾ ੩ ਤੀਜਾ॥** [ਅੰਗ ੧੧੬੯]

ਆਦਿ ਬਹੁਤ ਸਾਰੀਆਂ ਥਾਵਾਂ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕ ਵਾਰੀ ਅੱਖਰਾਂ ਦੁਆਰਾ ਪਹਿਲਾ, ਦੂਜਾ, ਤੀਜਾ, ਚੌਥਾ ਆਦਿ ਲਿਖ ਕੇ ਇਨ੍ਹਾਂ (੧, ੨, ੩, ੪, ੫ ਅਤੇ ੯) ਅੰਕਾਂ ਦਾ ਉਚਾਰਣ ਸਪੱਸ਼ਟ ਕੀਤਾ ਗਿਆ ਹੈ। ਇਸ ਵਾਸਤੇ ਸਿੱਖਾਂ ਨੇ ਕਿਸੇ ਵੀ ਭਰਮ ਵਿਚ ਨਹੀਂ ਪੈਣਾ। 'ਮਹਲਾ ੧' ਦਾ ਸ਼ੁੱਧ ਉਚਾਰਣ 'ਮਹੱਲਾ ਪਹਿਲਾ' ਹੀ ਕਰਨਾ ਹੈ। ਇਸੇ ਤਰ੍ਹਾਂ ਮਹੱਲਾ ਦੂਜਾ, ਮਹੱਲਾ ਤੀਜਾ, ਮਹੱਲਾ ਚੌਥਾ, ਮਹੱਲਾ ਪੰਜਵਾਂ ਅਤੇ ਮਹੱਲਾ ਨਾਵਾਂ ਉਚਾਰਣ ਕਰਨਾ ਹੈ। ਦੂਜੀ ਗੱਲ ਇਹ ਹੈ ਕਿ ਅਰਬੀ ਭਾਸ਼ਾ ਦਾ ਸ਼ਬਦ 'ਮਹੱਲਹ' ਹੈ, ਜਿਸ ਦਾ ਉਚਾਰਣ 'ਮਹੱਲਾ' ਹੀ ਬਣਦਾ ਹੈ, ਜਿਵੇਂ 'ਅੱਲਹ' ਸ਼ਬਦ ਨੂੰ 'ਅੱਲ੍ਹਾ' ਪੜ੍ਹਿਆ ਜਾਂਦਾ ਹੈ। ਅਰਬੀ ਵਿਚ 'ਮਹੱਲਹ' ਜਾਂ 'ਮਹੱਲਾ' ਸ਼ਬਦ ਦੇ ਅਰਥ ਹਲੂਲ ਦੀ ਥਾਂ ਜਾਂ ਉਤਰਨ ਦੀ ਥਾਂ ਹੈ ਭਾਵ ਜਿਸ ਸਰੂਪ (ਸਰੀਰ) ਵਿਚ ਉਸ ਅਕਾਲ

ਪੁਰਖ ਦੀ ਅਗੰਮੀ ਜੋਤ ਉੱਤਰੀ (ਹਲੂਲ) ਹੋਈ), ਉਸ ਸਰੂਪ ਨੂੰ ਮਹਲਾ ੧ (ਪਹਿਲਾ) ਕਿਹਾ ਗਿਆ ਹੈ। ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਵਿਚ ਅਗੰਮੀ ਜੋਤ ਉਤਰੀ ਤਾਂ ਉਨ੍ਹਾਂ ਨੂੰ ਮਹਲਾ ੧ (ਮਹੱਲਾ ਪਹਿਲਾ) ਸ਼ਬਦ ਨਾਲ ਸਤਿਕਾਰਿਆ ਗਿਆ। ਫਿਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸੇ ਰੱਬੀ (ਅਗੰਮੀ) ਜੋਤ ਨੂੰ ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਦੇ ਸਰੂਪ (ਸਰੀਰ) ਵਿਚ ਉਤਾਰਿਆ ਤਾਂ ਉਸ ਨੂੰ ਮਹਲਾ ੨ (ਮਹੱਲਾ ਦੂਜਾ) ਕਿਹਾ ਗਿਆ। ਫਿਰ ਇਹੋ ਅਗੰਮੀ ਜੋਤ ਤੀਜੇ, ਚੌਥੇ, ਪੰਜਵੇਂ ਆਦਿ ਦਸਾਂ ਸਰੂਪਾਂ 'ਚ ਉਤਰੀ ਅਤੇ ਉਹ ਗੁਰੂ ਸਰੂਪ ਵੀ ਮਹਲਾ ੩ (ਤੀਜਾ), ਮਹਲਾ ੪ (ਚੌਥਾ), ਮਹਲਾ ੫ (ਪੰਜਵਾਂ) ਆਦਿ ਕਹਾਏ। ਏਸੇ ਤਰ੍ਹਾਂ ਧੁਰ ਕੀ ਬਾਣੀ ਜਾਂ ਅਗੰਮੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਵਿਚ ਉਤਰੀ ਤਾਂ ਉਹ ਮਹੱਲਾ ੧ (ਪਹਿਲਾ) ਕਹਾਏ। ਇਸੇ ਤਰ੍ਹਾਂ ਜਦੋਂ ਉਹ ਧੁਰ ਕੀ ਬਾਣੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਆਦਿ ਸਰੂਪਾਂ ਵਿਚ ਉਤਰੀ ਤਾਂ ਉਹ ਵੀ ਮਹੱਲਾ ਦੂਜਾ, ਮਹੱਲਾ ਤੀਜਾ ਆਦਿ ਕਹਾਏ।

ਏਸੇ ਸੰਬੰਧ ਵਿਚ ਸੰਨ ੧੯੮੦ ਵਿਚ ਉਸ ਸਮੇਂ ਦੇ ਮੌਜੂਦਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਤੇ ਸਿੰਘ ਸਾਹਿਬਾਨਾਂ ਦੇ ਹੁਕਮ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਮੈਨੇਜਰਾਂ ਨੂੰ ਚਿੱਠੀ ਕੱਢ ਕੇ ਮਹੱਲਾ ਸ਼ਬਦ ਉਚਾਰਣ ਦੀ ਸਭਨਾਂ ਨੂੰ ਹਦਾਇਤ ਕਰਨ ਲਈ ਕਿਹਾ।

ਚਿੱਠੀ ਅੱਗੇ ਜਿਉਂ ਦੀ ਤਿਉਂ ਦੇ ਰਹੇ ਹਾਂ, ਧੰਨਵਾਦ ਸਹਿਤ ਦ੍ਰਿਸ਼ਟੀਗੋਚਰ ਕਰਨ ਲਈ:

ਦਫ਼ਤਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਪਤ੍ਰਿਕਾ ਨੰਬਰ ੨੪੭੮/੮-੩
ਮਿਤੀ ੧੯-੭-੮੦ ਦਾ ਉਤਾਰਾ
ਗੁ. ਸਾਹਿਬਾਨ ਸੈਕਸ਼ਨ ੮੫,

ਪ੍ਰਯੋਜਨ: ਗੁਰਬਾਣੀ ਮਹੱਲਾ ਪਦ ਦਾ ਉਚਾਰਣ

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ 'ਅਜਨੋਹਾ' ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਗ੍ਰੰਥ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਰਿਪੋਰਟ ਪੁੱਜੀ ਹੈ ਕਿ ਕਈ ਗ੍ਰੰਥੀ ਸਿੰਘ ਜਾਂ ਪਾਠੀ ਸਿੰਘ ਗੁਰਬਾਣੀ ਵਿਚ ਗੁਰੂ ਸਾਹਿਬਾਨਾਂ ਲਈ ਵਰਤਿਆ ਮਹੱਲਾ ਪਦ ਦੀ ਥਾਂ ਮਹਿਲਾ ਪਦ ਦਾ ਉਚਾਰਨ ਕਰਦੇ ਹਨ, ਜੋ ਸ਼ੁੱਧ ਨਹੀਂ ਹੈ। ਪੁਰਾਤਨ ਸਮੇਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ, ਸਮੂਹ ਤਖ਼ਤ ਸਾਹਿਬਾਨ, ਇਤਿਹਾਸਿਕ ਗੁਰਦੁਆਰਾ ਸਾਹਿਬਾਨ ਅਥਵਾ ਸਿੱਖ ਸੰਪਰਦਾਵਾਂ ਦੇ ਅਸਥਾਨਾਂ ਵਿਚ ਮਹੱਲਾ ਉਚਾਰਨ ਦੀ ਪਰੰਪਰਾ ਚੱਲੀ ਆ ਰਹੀ ਹੈ। ਇਸ ਲਈ ਪਰਧਾਨ ਸਾਹਿਬ ਨੇ ਲਿਖਣੇ ਦੀ ਆਗਿਆ ਕੀਤੀ ਹੈ ਕਿ ਸਿੰਘ ਸਾਹਿਬਾਨ ਦੇ ਵਿਚਾਰ ਅਨੁਸਾਰ ਮਹੱਲਾ ਉਚਾਰਣ ਹੀ ਰਹਿਣਾ ਚਾਹੀਦਾ ਹੈ। ਸੋ ਆਪ ਜੀ ਨੇ ਸਮੂਹ ਗ੍ਰੰਥੀ ਸਿੰਘਾਂ/ ਪਾਠੀ ਸਿੰਘਾਂ ਨੂੰ ਹਦਾਇਤ ਕਰਨ ਦੀ ਖੇਚਲ ਕਰਨੀ ਹੈ ਕਿ ਗੁਰਬਾਣੀ ਦਾ ਵਾਕ ਲੈਣ ਤੇ ਪਾਠ ਕਰਨ ਸਮੇਂ ਮਹੱਲਾ ਉਚਾਰਣ ਕਰਿਆ ਕਰਨ।

ਸਹੀ/—ਸਕੱਤਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਮਿਤੀ ੨੧-੮-੮੦

ਉਤਾਰਾ: ਸਮੂਹ ਗ੍ਰੰਥੀ ਸਿੰਘਾਂ ਪਾਸ ਤੁਰੰਤ ਅਮਲ ਕਰਨ ਹਿਤ।

ਮੈਨੇਜਰ
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

(***ਨੋਟ***—ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਨੇ ਆਪਣੀ 'ਮੁਖਵਾਕ ਪ੍ਰਕਾਸ਼' ਭਾਗ ਪਹਿਲਾ ਪੁਸਤਕ

ਵਿਚ ੪੫ ਪੰਨੇ ਉਪਰ ਵੀ ਇਹੋ ਹੀ ਹਵਾਲਾ ਦਿੱਤਾ ਹੈ।[੧]) ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਸ਼ਬਦ 'ਮਹਲਾ' ਨੂੰ ਅਰਬੀ ਦੇ ਉਚਾਰਣ ਮੁਤਾਬਕ 'ਮਹੱਲਾ' ਹੀ ਪੜ੍ਹਨਾ ਹੈ, ਜਿਸ ਦੇ ਅਰਥ ਹਨ ਪਾਤਸ਼ਾਹ ਜਾਂ ਉਤਰਨ (ਹਲੂਲ) ਦੀ ਥਾਂ ਅਤੇ ਸੰਸਕ੍ਰਿਤ ਭਾਸ਼ਾ ਵਿਚ 'ਮਹਲਾ' ਦਾ ਅਰਥ ਸਰੂਪ ਵੀ ਹੈ। ਉਪਰੋਕਤ ਕਿਸੇ ਵੀ ਨਜ਼ਰੀਏ ਨਾਲ ਪੜ੍ਹੀਏ ਤਾਂ 'ਮਹਲਾ' ਸ਼ਬਦ ਦਾ ਸ਼ੁੱਧ ਉਚਾਰਣ 'ਮਹੱਲਾ' ਹੀ ਹੈ। ਨਾਲ ਲੱਗੇ ਅੰਕਾਂ (੧, ੨, ੩) ਆਦਿ ਨੂੰ ਪਹਿਲਾ, ਦੂਜਾ, ਤੀਜਾ ਹੀ ਪੜ੍ਹਨਾ ਸ਼ੁੱਧ ਹੈ। ਇਸ ਲਈ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪਦ ਨੂੰ 'ਮਹੱਲਾ' ਹੀ ਪੜ੍ਹਨਾ ਹੈ।

## ਰਹਾਉ ਪਦ ਬਾਰੇ ਵਿਚਾਰ

'ਰਹਾਉ' ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਬਹੁਤ ਸ਼ਬਦਾਂ ਦੇ ਵਿਚ ਕੀਤੀ ਗਈ ਹੈ ਅਤੇ ਕਈ ਪ੍ਰਕਾਰ ਨਾਲ ਇਸ ਦੇ ਅਰਥਾਂ ਨੂੰ ਸਮਝਿਆ ਜਾਂਦਾ ਹੈ। ਇਸ ਨੂੰ ਅੱਗੇ ਲਿਖੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ:

੧. ਸੰਗੀਤ ਵਿਦਿਆ ਵਿਚ 'ਰਹਾਉ' ਨਾਮ ਅਸਥਾਈ ਦਾ ਹੈ। ਰਾਗਾਂ ਜਾਂ ਸੰਗੀਤ ਦੇ ਚਾਰ ਮੁੱਖ ਭੇਦ ਮੰਨੇ ਹਨ: (ੳ) ਅਸਥਾਈ, (ਅ) ਸੰਚਾਈ, (ੲ) ਅੰਤਰਾ, (ਸ) ਭੋਗ। ਆਮ ਤੌਰ 'ਤੇ ਦੋ ਭੇਦ (ਅਸਥਾਈ ਤੇ ਅੰਤਰਾ) ਮੁੱਖ ਰੂਪ ਵਿਚ ਵਰਤੇ ਜਾਂਦੇ ਹਨ। ਸ਼ਬਦ 'ਰਹਾਉ' ਦਾ ਅਰਥ ਅਸਥਾਈ ਹੈ, ਜਿਸ ਨੂੰ ਟੇਕ ਵੀ ਆਖਦੇ ਹਨ, ਭਾਵ ਸੰਗੀਤ ਗਾਉਣ ਸਮੇਂ ਰਾਗੀ ਲੋਕ ਜਿਸ ਤੁਕ ਨੂੰ ਟੇਕ ਬਣਾਉਂਦੇ ਹਨ, ਉਹ ਅਸਥਾਈ ਹੁੰਦੀ ਹੈ। ਗੁਰਬਾਣੀ ਸੰਗੀਤ ਰੂਪ ਹੈ ਤੇ ਰਾਗਾਂ ਵਿਚ ਗਾਈ ਜਾਣ ਵਾਲੀ ਹੈ। ਇਸ ਲਈ ਸੰਗੀਤ ਦੇ ਨਜ਼ਰੀਏ ਨਾਲ ਸਤਿਗੁਰਾਂ ਨੇ 'ਰਹਾਉ' ਸ਼ਬਦ ਲਿਖ ਕੇ ਰਾਗੀਆਂ ਜਾਂ ਗਵੱਈਆਂ ਨੂੰ ਹਦਾਇਤ ਕੀਤੀ ਹੈ ਕਿ ਰਹਾਉ ਵਾਲੀ ਤੁਕ ਨੂੰ ਅਸਥਾਈ ਬਣਾ ਕੇ ਸ਼ਬਦ ਗਾਇਆ ਜਾਵੇ। ਇਹੋ ਹੀ ਸ਼ਬਦ ਦੁਆਰਾ ਮੁੱਖ ਰੂਪ ਵਿਚ ਉਪਦੇਸ਼ ਦਿੱਤਾ ਗਿਆ ਹੁੰਦਾ ਹੈ।

੨. ਕਾਵਯ ਰਚਨਾ ਅਨੁਸਾਰ 'ਰਹਾਉ' ਦੀ ਪੰਗਤੀ ਸਿਧਾਂਤਕ ਪੰਗਤੀ ਹੁੰਦੀ ਹੈ, ਭਾਵ ਇਸ ਤੁਕ ਵਿਚ ਸਾਰੇ ਸ਼ਬਦ ਦਾ ਸਿਧਾਂਤ ਰੱਖਿਆ ਗਿਆ ਹੁੰਦਾ ਹੈ। ਇਸੇ ਕਰਕੇ ਗਿਆਨੀ ਜਨ ਸ਼ਬਦ ਨੂੰ ਵਿਚਾਰਨ ਸਮੇਂ ਸਭ ਤੋਂ ਪਹਿਲਾਂ 'ਰਹਾਉ' ਵਾਲੀ ਪੰਗਤੀ ਦੇ ਅਰਥ ਕਰਦੇ ਹਨ ਤੇ ਬਾਕੀ ਸ਼ਬਦ ਦੀ ਵਿਚਾਰ ਇਸੇ ਰਹਾਉ ਵਾਲੀ ਸਿਧਾਂਤਕ ਪੰਗਤੀ ਦੇ ਚੌਗਿਰਦ ਹੀ ਕੀਤੀ ਜਾਂਦੀ ਹੈ। ਇਸ ਲਈ ਗੁਰਬਾਣੀ ਨੂੰ ਵਿਚਾਰਨ ਵਾਲਿਆਂ ਲਈ ਵੀ 'ਰਹਾਉ' ਲਿਖ ਕੇ ਸਤਿਗੁਰਾਂ ਨੇ ਇਹ ਦਿਸ਼ਾ ਨਿਰਦੇਸ਼ ਬਖ਼ਸ਼ੇ ਹਨ ਕਿ ਇਸ ਨੂੰ ਸਿਧਾਂਤ ਸਮਝ ਕੇ ਸ਼ਬਦ ਦੀ ਵਿਚਾਰ ਕੀਤੀ ਜਾਵੇ।

੩. 'ਰਹਾਉ' ਦਾ ਅਰਥ ਰਹਿਣਾ ਵੀ ਹੈ ਭਾਵ ਇਹ ਸਮਝ ਲਵੋ ਕਿ ਸਾਰਾ ਸੰਸਾਰ ਹੀ ਨਾਸ਼ਵੰਤ ਹੈ ਤੇ ਕੇਵਲ ਇਕ ਪਰਮਾਤਮਾ ਹੀ ਸਦੀਵ ਰਹਿਣ ਵਾਲਾ ਹੈ, ਜਿਸ ਦਾ ਜੱਸ ਸ਼ਬਦ ਦੁਆਰਾ ਗਾਇਆ ਜਾ ਰਿਹਾ ਹੈ।

੪. 'ਰਹਾਉ' ਦਾ ਅਰਥ ਵਿਸ਼ਰਾਮ (;) ਵੀ ਹੈ। ਅਰਥਾਤ ਵਿਸ਼ਰਾਮ (ਠਹਿਰਾਉ) ਦੇ ਸਹਿਤ ਗੁਰਬਾਣੀ ਨੂੰ ਪੜ੍ਹਿਆ ਗਾਇਆ ਤੇ ਵਿਚਾਰਿਆ ਜਾਵੇ।

੫. 'ਰਹਾਉ' ਦਾ ਅਰਥ 'ਟਿਕੋ ਜਾਂ ਅਟਕਾਅ' ਵੀ ਹੈ, ਭਾਵ ਹਦਾਇਤ ਕੀਤੀ ਗਈ ਹੈ ਕਿ ਇਥੇ ਟਿਕੋ ਜਾਂ ਅਟਕੋ।

---

੧. ਜਿਵੇਂ ਕਿ ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ ਵੀ 'ਮਹਲਾ' ਅੱਧਕ ਸਹਿਤ ਉਚਾਰਣ ਕਰਨਾ ਸ਼ੁੱਧ ਦਰਸਾਇਆ ਹੈ। ਉਹ ਜ਼ਿਕਰ ਕਰਦੇ ਹਨ ਕਿ ਸ੍ਰੀ ਆਦਿ ਗ੍ਰੰਥ ਜੀ ਦੀ ਸਭ ਤੋਂ ਪਹਿਲੀ ਕਰਤਾਰਪੁਰੀ ਬੀੜ ਦੇ (੬੩੧/੧) ਪਰ ਫ਼ਾਰਸੀ ਅੱਖਰਾਂ ਵਿਚ ਪ੍ਰਾਣ ਸੰਗਲੀ ਵਿਚ ਮਹਲਾ ੧ ਲਿਖਿਆ ਹੋਇਆ ਹੈ ਜੋ ਇਸ ਗੱਲ ਦੀ ਸਾਖ ਭਰਦਾ ਹੈ ਕਿ ਇਹ ਸ਼ਬਦ 'ਮਹੱਲਾ' ਹੈ, ਮਹਿਲਾ ਜਾਂ ਮੋਹਲਾ ਨਹੀਂ, ਇਸ ਲਈ ਅਸ਼ੋਕ ਜੀ ਨੇ ਮਹਲਾ ਹੀ ਸ਼ੁੱਧ ਉਚਾਰਣ ਕੀਤਾ ਹੈ।

੬. 'ਰਹਾਉ' ਦਾ ਅਰਥ ਬੀਜਣਾ ਵੀ ਹੈ, ਭਾਵ ਹਿਰਦੇ ਰੂਪੀ ਖੇਤ ਵਿਚ ਨਾਮ ਸਰੂਪ, ਸ਼ਬਦ ਰੂਪੀ ਬੀਜ ਨੂੰ ਬੀਜਣਾ ਕਰੋ।

੭. 'ਰਹਾਉ' ਦਾ ਅਰਥ ਨਾਭੀ ਦੀ ਤਰ੍ਹਾਂ ਹੈ ਭਾਵ ਜਿਵੇਂ ਸਰੀਰ ਦਾ ਕੇਂਦਰ ਨਾਭੀ ਹੈ **ਵਾ** ਗੱਡੇ ਦੇ ਪਹੀਏ ਦੀ ਨਾਭੀ ਵਾਂਗ, ਜਿਸ ਦੇ ਉਦਾਲੇ ਸਾਰਾ ਪਹੀਆ ਘੁੰਮਦਾ ਹੈ, ਉਵੇਂ ਸ਼ਬਦ ਦਾ ਕੇਂਦਰ 'ਰਹਾਉ' ਵਾਲੀ ਪੰਗਤੀ ਦੇ ਚੌਗਿਰਦੇ ਹੀ ਘੁੰਮਦਾ ਹੈ।

੮. 'ਰਹਾਉ' ਦਾ ਅਰਥ 'ਰਹਿ ਆਉਣਾ' ਵੀ ਹੈ, ਭਾਵ ਇਸ ਗੁਰਬਾਣੀ ਨੂੰ ਪੜ੍ਹਨ, ਗਾਉਣ ਤੇ ਵੀਚਾਰਨ ਵਾਲਿਆਂ ਦੀ ਲੋਕ ਪ੍ਰਲੋਕ ਵਿਚ ਇੱਜ਼ਤ ਰਹਿ ਆਵੇਗੀ।

੯. 'ਰਹਾਉ' (ਰ + ਹਾ + ਉ) ਸ਼ਬਦ ਦੇ ਵਿਚ ਜੋ ਰ = ਰਮਿਆ ਹੋਇਆ, ਹਾ = ਪ੍ਰਗਟ ਤੇ ਉ = ਓਅੰਕਾਰ ਸਰੂਪ ਹੈ ਭਾਵ ਜਿਹੜਾ ਸਾਰੇ ਸੰਸਾਰ ਵਿਚ ਰਮਿਆ ਤੇ ਪ੍ਰਗਟ ਪ੍ਰਭੂ ਹੈ, ਉਸ ਨੂੰ ਮਨ ਵਿਚ ਟਿਕਾਉ। ਇਸ ਪ੍ਰਕਾਰ 'ਰਹਾਉ' ਦੇ ਅਨੇਕਾਂ ਅਰਥ ਹੁੰਦਿਆਂ ਹੋਇਆਂ ਵੀ ਦੋ ਗੱਲਾਂ ਬਿਲਕੁਲ ਸਪੱਸ਼ਟ ਹਨ ਕਿ ਗਾਉਣ ਵਾਲਿਆਂ ਲਈ ਇਹ ਅਸਥਾਈ ਜਾਂ ਟੇਕ ਦਾ ਸੂਚਕ ਹੈ ਅਤੇ ਵੀਚਾਰਨ ਵਾਲਿਆਂ ਲਈ ਇਹ ਸਿਧਾਂਤਕ ਪੰਗਤੀ ਦਾ ਸੂਚਕ ਹੈ। ਆਮ ਸ਼ਬਦਾਂ ਵਿਚ ਇੱਕੋ ਹੀ 'ਰਹਾਉ' ਹੁੰਦਾ ਹੈ ਪਰ ਕਈ ਸ਼ਬਦਾਂ ਵਿਚ ਦੋ ਸਿਧਾਂਤ ਰੱਖੇ ਹੁੰਦੇ ਹਨ। ਇਸ ਕਰਕੇ ਸਤਿਗੁਰ ਜੀ ਨੇ 'ਰਹਾਉ ਦੂਜਾ' ਲਿਖਾ ਦਿੱਤਾ ਹੈ। ਉਸ ਨੂੰ ਉਸ ਤਰ੍ਹਾਂ ਲਿਖੇ ਅਨੁਸਾਰ 'ਰਹਾਉ ਦੂਜਾ' ਹੀ ਪੜ੍ਹਨਾ ਹੈ। ਕਈ ਸ਼ਬਦਾਂ ਵਿਚ ਹੋਰ ਵੀ ਵੱਧ ਰਹਾਉ ਹਨ, ਉਥੇ ਇਹ ਸਮਝੋ ਕਿ ਉਸ ਸ਼ਬਦ ਵਿਚ ਉਤਨੇ ਹੀ ਸਿਧਾਂਤ ਹਨ। ਜਿਵੇਂ ੮੧ ਅੰਗ ਉਪਰ (ਸਿਰੀਰਾਗੁ ਮਹਲਾ ੧ ਵਣਜਾਰਾ) ਸ਼ਬਦ ਵਿਚ ਛੇ ਰਹਾਉ ਹਨ। ਅੰਗ ੯੬ ਉੱਤੇ 'ਮਾਝ ਮਹਲਾ ੫ ਚਉਪਦੇ ਘਰੁ ੧॥ ਮੇਰਾ ਮਨੁ ਲੋਚੈ...॥' ਵਿਚ ਵੀ ਚਾਰ ਰਹਾਉ ਹਨ। ਉਥੇ ਇਤਨੇ ਹੀ ਸਿਧਾਂਤ ਸਮਝੋ।

ਮੁਖਵਾਕ ਨੰਬਰ ੧੨੬ [ਆਦਿ ਅੰਗ ੭੨੧]

*ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ਰਹਾਉ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥*

## ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ**—ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਿਰਾਕਾਰ ਤੋਂ ਆਕਾਰ ਵਾਲਾ ਸਰੂਪ ਧਾਰਨ ਕਰ ਕੇ ਕਲਜੁਗੀ ਜੀਵਾਂ ਦੇ ਉਧਾਰ ਹਿਤ ਖੰਡਾਂ, ਬ੍ਰਹਿਮੰਡਾਂ ਵਿੱਚ ਵਿਚਰੇ। ਥਾਂ-ਥਾਂ 'ਤੇ ਅਧਰਮੀ ਲੋਕਾਂ ਨੂੰ ਧਰਮ ਦੇ ਰਾਹ 'ਤੇ ਲਿਆਉਣ ਵਾਸਤੇ ਅਨੇਕਾਂ ਕੌਤਕ ਕੀਤੇ। ਜੈਸਾ ਕਿ :

**ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ॥** [ਵਾਰ ੧ ਪਉੜੀ ੨੭]

ਅਨੇਕਾਂ ਪਾਖੰਡੀ ਲੋਕਾਂ ਨੂੰ, ਜ਼ੁਲਮ ਕਰਨ ਵਾਲੇ ਰਾਜੇ ਲੋਕਾਂ ਨੂੰ, ਧਰਮ ਦੇ ਨਾਂ 'ਤੇ ਠੱਗੀਆਂ ਮਾਰਨ ਵਾਲੇ ਬ੍ਰਾਹਮਣਾਂ ਆਦਿ ਅਨੇਕਾਂ ਨੂੰ ਪ੍ਰੇਮਾ ਭਗਤੀ ਦਾ ਮਾਰਗ ਦਰਸਾਇਆ। ਨਾਮ ਦਾ ਛਿੱਟਾ ਦਿੰਦੇ ਹੋਏ ਸਤਿਗੁਰੂ ਜੀ ਜਦੋਂ ਸਹੁ-ਸੁਹਾਗਣ ਦੇ ਡੇਰੇ, ਨੁਸ਼ਹਿਰੇ ਪਿੰਡ ਵਿੱਚ ਪਹੁੰਚੇ। ਇਹ ਮੁਸਲਮਾਨ ਫ਼ਕੀਰ ਜਿਸਦੇ ਬਸਤਰਾਂ ਦੀ ਸਾਰੇ ਇਲਾਕੇ ਵਿੱਚ ਚਰਚਾ ਸੀ, ਕਿਉਂਕਿ ਇਹ ਪੁਰਸ਼ ਹੋ ਕੇ ਵੀ ਇਸਤਰੀਆਂ ਜੈਸੇ ਗਹਿਣੇ ਅਤੇ ਬਸਤਰ ਪਾ ਕੇ ਆਪਣੇ ਆਪ ਨੂੰ ਰੱਬ ਦੀ ਇਸਤਰੀ ਹੋਣ ਦਾ ਦਿਖਾਵਾ ਕਰਦਾ ਸੀ। ਜਦੋਂ ਸਤਿਗੁਰੂ ਜੀ ਨੇ ਇਸ ਨੂੰ ਮਿਲਣਾ ਚਾਹਿਆ, ਉਸ ਵੇਲੇ ਬਾਹਰ ਲੋਕਾਂ ਦਾ ਬੜਾ ਭਾਰੀ ਮੇਲਾ ਲਗਿਆ ਹੋਇਆ ਸੀ। ਇਸਦੇ ਮੁਰੀਦਾਂ ਨੂੰ ਸਤਿਗੁਰੂ ਜੀ ਨੇ ਪੀਰ ਨੂੰ ਮਿਲਣ ਦਾ ਬਚਨ ਕੀਤਾ ਤਾਂ ਅੱਗੋਂ ਸਹੁ ਸੁਹਾਗਣ ਦੇ ਮੁਰੀਦਾਂ ਨੇ ਇਹ ਕਹਿ ਕੇ ਸਤਿਗੁਰੂ ਜੀ ਨੂੰ ਜਵਾਬ ਦੇ ਦਿੱਤਾ ਕਿ ਅੱਜ ਤਾਂ ਪੀਰ ਜੀ ਨੂੰ ਸਹੁ ਦੀ ਪ੍ਰਾਪਤੀ ਹੋਣੀ ਹੈ। ਇਸ ਲਈ ਉਹ ਕਿਸੇ ਹੋਰ ਮਨੁੱਖ ਨੂੰ ਨਹੀਂ ਮਿਲ ਸਕਦੇ। ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਸਾਥੀ ਬਾਲੇ ਅਤੇ ਮਰਦਾਨੇ ਨੂੰ ਬਚਨ ਕੀਤਾ ਕਿ ਆਓ ਭਾਈ ਚਲੀਏ ਕਰਤਾਰ ਦੀ ਐਸੀ ਰਜ਼ਾ ਹੈ ਕਿ ਇਸਨੂੰ ਬੇਇਜ਼ਤ ਕਰਕੇ ਹੀ ਰਾਹ ਪਾਉਣਾ ਹੈ। ਮੇਲੇ ਵਿੱਚੋਂ ਸਤਿਗੁਰੂ ਜੀ ਦੇ ਤੁਰਨ ਦੀ ਹੀ ਦੇਰ ਸੀ ਕਿ ਦੋ ਧੜਿਆਂ ਵਿੱਚ ਲੜਾਈ ਹੋ ਗਈ। ਉਸ ਲੜਾਈ ਵਿੱਚ ਧੱਕੋ-ਜ਼ੋਰੀ ਕਰਦਿਆਂ ਸਹੁ ਸੁਹਾਗਣ ਦੇ ਭੋਰੇ ਦੇ ਦਰਵਾਜ਼ੇ ਟੁੱਟ ਗਏ। ਇਕਦਮ ਦਰਵਾਜ਼ਾ ਖੁੱਲ੍ਹਣ ਨਾਲ ਸਹੁ ਸੁਹਾਗਣ ਆਪਣੇ ਪਾਪ ਨੂੰ ਛੁਪਾ ਨਾ ਸਕਿਆ, ਕਿਉਂਕਿ ਉਸ ਵੇਲੇ ਉਹ ਇੱਕ ਸੁੰਦਰ ਇਸਤਰੀ ਨਾਲ ਮੰਦੀ ਵਾਸ਼ਨਾ ਦੀ ਪੂਰਤੀ ਲਈ ਕੁਕਰਮ ਕਰ ਰਿਹਾ ਸੀ। ਦੋਹਾਂ ਧੜਿਆਂ ਦੇ ਲੋਕਾਂ ਨੇ ਆਪਣੀ ਲੜਾਈ ਛੱਡ ਕੇ ਪੀਰ ਅਤੇ ਉਸਦੇ ਮੁਰੀਦਾਂ ਨੂੰ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਪਾਖੰਡ ਕਰਕੇ ਲੋਕਾਂ ਦਾ ਪੈਸਾ ਅਤੇ ਇੱਜ਼ਤ ਲੁੱਟਦੇ ਹੋ। ਸਾਰੇ ਲੋਕਾਂ ਵਿੱਚ ਇਸ ਦੇ ਪਾਖੰਡ ਦੀ ਚਰਚਾ ਅਗਨੀ ਵਾਂਗ ਫੈਲ ਗਈ, ਕਿਉਂਕਿ ਲੋਕਾਂ ਦਾ ਸੁਭਾਅ ਹੈ ਕਿ ਦੂਸਰੇ ਦੇ ਅਉਗੁਣਾਂ ਦੀ ਚਰਚਾ ਕਰਨੀ। ਕਿਸੇ ਦੇ ਗੁਣਾਂ ਦੀ ਚਰਚਾ ਲੋਕਾਂ ਵਿੱਚ ਪਹੁੰਚਦਿਆਂ ਕਈ ਵਰ੍ਹੇ ਲੱਗ ਜਾਂਦੇ ਹਨ। ਜਦੋਂ ਕਿ ਅਉਗੁਣਾਂ ਦੀ ਚਰਚਾ

ਦਿਨਾਂ ਅਤੇ ਘੰਟਿਆਂ ਵਿੱਚ ਹੀ ਪਹੁੰਚ ਜਾਂਦੀ ਹੈ। ਸਾਰੇ ਲੋਕਾਂ ਨੇ ਨਫ਼ਰਤ ਕਰਕੇ ਕੇਵਲ ਕੁੱਟਿਆ ਹੀ ਨਹੀਂ, ਸਗੋਂ ਉਸਦੇ ਡੇਰੇ ਦਾ ਸਾਰਾ ਸਾਮਾਨ ਲੁੱਟ ਲਿਆ ਤੇ ਮੇਲਾ ਲਗਣਾ ਬੰਦ ਹੋ ਗਿਆ। ਅਗਲੇ ਸਾਲ ਜਦੋਂ ਸਤਿਗੁਰੂ ਜੀ ਫਿਰ ਇਸ ਨਗਰ ਪਧਾਰੇ ਤਾਂ ਇੱਕ ਬਿਰਧ ਮਾਤਾ ਦਾ ਪ੍ਰੇਮ ਦੇਖ ਕੇ ਉਸਦੇ ਘਰ ਠਹਿਰੇ। ਸਤਿਗੁਰੂ ਜੀ ਦਾ ਜਸ ਸੁਣ ਕੇ ਮਾਈ ਦੇ ਘਰ ਇਕ ਪਿੰਗਲਾ ਆ ਪਹੁੰਚਾ, ਜੋ ਬੜੀ ਮੁਸ਼ਕਲ ਨਾਲ ਰਿੜਦਾ-ਰਿੜਦਾ ਆਇਆ ਸੀ। ਸਤਿਗੁਰੂ ਜੀ ਨੂੰ ਨਮਸ਼ਕਾਰ ਕਰਕੇ ਆਪਣਾ ਪਿੰਗਲਾਪਣ ਠੀਕ ਹੋਣ ਦੀ ਬੇਨਤੀ ਕੀਤੀ। ਇਹ ਸੁਣ ਕੇ ਸਤਿਗੁਰੂ ਜੀ ਨੇ ਜੋ ਸਦਾ ਹੀ ਦਇਆ ਦਾ ਠਾਠਾਂ ਮਾਰਦਾ ਸਮੁੰਦਰ ਹਨ। ਵਾਹਿਗੁਰੂ ਦਾ ਨਾਮ ਲੈ ਕੇ ਲੱਤਾਂ ਠੀਕ ਕਰ ਦਿੱਤੀਆਂ, ਉਸਨੂੰ ਨਾਮ ਦਾ ਮਹਾਤਮ ਪ੍ਰਤੱਖ ਦਿਖਾ ਕੇ ਪ੍ਰਮੇਸ਼ਰ ਦੇ ਨਾਮ ਵਿੱਚ ਜੋੜ ਦਿੱਤਾ ਅਤੇ ਨਾਲ ਹੀ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਤਰ੍ਹਾਂ ਉਸ ਪਾਖੰਡੀ ਸਹੁ ਸੁਹਾਗਣ 'ਤੇ ਵੀ ਦਇਆ ਕੀਤੀ ਤੇ ਪਿੰਗਲੇ ਨੂੰ ਕਿਹਾ ਕਿ ਜੇ ਤੈਨੂੰ ਕੋਈ ਪੁੱਛੇ ਤਾਂ ਤੂੰ ਕਹੀ ਕਿ ਮੇਰਾ ਪਿੰਗਲਾਪਣ ਸਹੁ ਸੁਹਾਗਣ ਨੇ ਠੀਕ ਕੀਤਾ ਹੈ। ਪਹਿਲੀ ਚਰਚਾ ਅਜੇ ਲੋਕਾਂ ਵਿੱਚ ਸਹੁ ਸੁਹਾਗਣ ਦੇ ਵਿਭਚਾਰ ਦੀ ਚੱਲ ਰਹੀ ਸੀ ਕਿ ਪਿੰਗਲੇ ਦੇ ਠੀਕ ਹੋਣ ਦੀ ਨਵੀਂ ਚਰਚਾ ਸ਼ੁਰੂ ਹੋ ਗਈ। ਲੋਕੀ ਬੜੇ ਹੈਰਾਨ ਹੋਣ ਕਿ ਐਸਾ ਪਾਪ ਕਰਮ ਕਰਨ ਵਾਲਾ ਐਡੀ ਸ਼ਕਤੀ ਦਾ ਮਾਲਕ ਨਹੀਂ ਹੋ ਸਕਦਾ। ਜਾਂ ਫਿਰ ਇਸਦੇ ਵਿਭਚਾਰ ਦੀ ਗੱਲ ਸੱਚੀ ਨਹੀਂ। ਫਿਰ ਲੋਕਾਂ ਵਿੱਚ ਇਸ ਦਾ ਪ੍ਰਭਾਵ ਬਣ ਹੀ ਗਿਆ, ਕਿਉਂਕਿ ਵਿਭਚਾਰ ਵਾਲੀ ਗੱਲ ਸਾਰਿਆਂ ਨੇ ਨਹੀਂ ਸੀ ਦੇਖੀ, ਪਰ ਪਿੰਗਲੇ ਨੂੰ ਸਾਰਿਆਂ ਨੇ ਦੇਖਿਆ। ਤੇ ਲੋਕ ਮੁੜ ਇਸ ਦੀ ਪਹਿਲਾਂ ਨਾਲੋਂ ਵੀ ਵੱਧ ਪੂਜਾ ਮਾਨਤਾ ਕਰਨ ਲੱਗੇ। ਇੱਕ ਦਿਨ ਸਹੁ ਸੁਹਾਗਣ ਨੂੰ ਅਚਾਨਕ ਪਿੰਗਲਾ ਮਿਲਿਆ ਤਾਂ ਸਹੁ ਸੁਹਾਗਣ ਨੇ ਇਕੱਲਾ ਬਿਠਾ ਕੇ ਬੜੇ ਪਿਆਰ ਨਾਲ ਪੁੱਛਿਆ ਕਿ ਭਾਈ ਤੇਰਾ ਪਿੰਗਲਾਪਣ ਕਿਸ ਨੇ ਠੀਕ ਕੀਤਾ ਹੈ। ਉਸ ਪਿੰਗਲੇ ਨੇ ਪਹਿਲਾਂ ਕਦੇ ਸਹੁ ਸੁਹਾਗਣ ਨੂੰ ਦੇਖਿਆ ਨਹੀਂ ਸੀ, ਇਸ ਲਈ ਉਸਨੇ ਕਹਿ ਦਿੱਤਾ ਕਿ ਮੈਨੂੰ ਸਹੁ ਸੁਹਾਗਣ ਨੇ ਠੀਕ ਕੀਤਾ ਹੈ ਤਾਂ ਸਹੁ ਸੁਹਾਗਣ ਨੇ ਗ਼ੁੱਸੇ ਦੇ ਲਹਿਜੇ ਵਿੱਚ ਤਾੜ ਕੇ ਉਸ ਪੁਰਸ਼ ਨੂੰ ਕਿਹਾ ਕਿ ਸੱਚ ਦੱਸ ਤੈਨੂੰ ਕਿਸ ਨੇ ਠੀਕ ਕੀਤਾ ਹੈ, ਕਿਉਂਕਿ ਸਹੁ ਸੁਹਾਗਣ ਤਾਂ ਮੇਰਾ ਹੀ ਨਾਮ ਹੈ ਤੇ ਮੈਂ ਤੈਨੂੰ ਠੀਕ ਨਹੀਂ ਕੀਤਾ। ਮੈਂ ਜਾਨਣਾ ਚਾਹੁੰਦਾ ਹਾਂ ਕਿ ਤੇਰੇ ਝੂਠ ਬੋਲਣ ਦਾ ਕਾਰਨ ਕੀ ਹੈ। ਅਤੇ ਇਸਦੇ ਨਾਲ ਹੀ ਉਸ ਧਰਮੀ ਮਹਾਨ ਮਹਾਂਪੁਰਸ਼ ਦੇ ਦਰਸ਼ਨ ਵੀ ਕਰਨਾ ਚਾਹੁੰਦਾ ਹਾਂ, ਜੋ ਇਤਨੀਆਂ ਬਰਕਤਾਂ ਦਾ ਮਾਲਕ ਹੈ। ਅਤੇ ਇਤਨੀ ਨਿਮਰਤਾ ਅਤੇ ਗ਼ਰੀਬੀ ਵਾਲਾ ਜੀਵਨ ਹਉਮੈ ਰਹਿਤ ਹੋ ਕੇ ਬਤੀਤ ਕਰ ਰਿਹਾ। ਜਿਸ ਨੂੰ ਵਡਿਆਈ ਦੀ ਰੰਚਕ ਮਾਤਰ ਵੀ ਇੱਛਾ ਨਹੀਂ। ਸੰਸਾਰ ਦੇ ਲੋਕ ਕਿਸੇ ਦੀ ਵਡਿਆਈ ਵੀ ਆਪ ਲੈਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਮਹਾਂਪੁਰਸ਼ ਆਪਣੀ ਵਡਿਆਈ ਵੀ ਕਿਸੇ ਨੂੰ ਦੇ ਰਿਹਾ ਹੈ। ਇਸ ਲਈ ਮੈਨੂੰ ਜਲਦੀ ਦੱਸ ਉਹ ਦਰਵੇਸ਼ ਕੌਣ ਹੈ ? ਐਸੇ ਗੁਣ ਤਾਂ ਖ਼ੁਦਾ ਵਿੱਚ ਹੀ ਹੁੰਦੇ ਹਨ, ਕਿਤੇ ਖ਼ੁਦਾ ਹੀ ਤਾਂ ਨਹੀਂ ਮਨੁੱਖੀ ਜਾਮੇ ਵਿੱਚ ਆਇਆ ਹੋਇਆ। ਉਸ ਪੁਰਸ਼ ਨੇ ਦੱਸਿਆ ਕਿ ਇੱਕ ਬਿਰਧ ਮਾਈ ਦੇ ਘਰ ਤਿੰਨ ਫ਼ਕੀਰ ਠਹਿਰੇ ਹਨ, ਜਿਨ੍ਹਾਂ ਵਿੱਚ ਦੋ ਤਾਂ ਆਮ ਫ਼ਕੀਰਾਂ ਵਰਗੇ ਹੀ ਫ਼ਕੀਰ ਲਗਦੇ ਹਨ। ਪਰ ਤੀਜੇ ਦੀ ਉਪਮਾ ਸ਼ਬਦਾਂ ਵਿੱਚ ਮੇਰੇ ਪਾਸੋਂ ਕੀਤੀ ਨਹੀਂ ਜਾ ਸਕਦੀ। ਉਸਨੇ ਕੇਵਲ ਮੇਰਾ ਪਿੰਗਲਾਪਣ ਹੀ ਠੀਕ ਨਹੀਂ ਕੀਤਾ, ਸਗੋਂ ਮੈਨੂੰ ਆਤਮਿਕ ਅਨੰਦ ਵੀ ਬਖ਼ਸ਼ ਦਿੱਤਾ ਹੈ। ਉਸ ਸਮੇਂ ਤੋਂ ਹੀ ਮੇਰੀ ਲਿਵ ਨਾਮ ਵਿੱਚ ਲੱਗੀ ਹੋਈ ਹੈ। ਤਿੰਨ ਫ਼ਕੀਰਾਂ ਦੀ ਗੱਲ ਸੁਣ ਕੇ ਸਹੁ ਸੁਹਾਗਣ ਨੂੰ ਚੇਤਾ ਆਇਆ ਕਿ ਕਿਧਰੇ ਉਹੀ ਫ਼ਕੀਰ ਤਾਂ ਨਹੀਂ, ਜਿਨ੍ਹਾਂ ਨੂੰ ਮੇਰੇ ਕਹਿਣ 'ਤੇ ਮੇਰੇ ਮੁਰੀਦਾਂ ਨੇ ਸਾਲ ਪਹਿਲਾਂ ਮੈਨੂੰ ਮਿਲਣ ਨਹੀਂ ਸੀ ਦਿੱਤਾ ਤੇ ਹੋ ਸਕਦਾ ਹੈ ਕਿ ਉਸੇ ਨਿਰਾਦਰੀ ਦਾ ਫਲ ਹੀ ਮੈਨੂੰ ਮਿਲਿਆ ਹੋਵੇ। ਉਸ ਪੁਰਸ਼ ਤੋਂ ਮਾਤਾ ਦੇ ਘਰ ਦਾ ਪਤਾ ਪੁੱਛ ਕੇ ਜਲਦੀ ਨਾਲ ਸਤਿਗੁਰਾਂ ਦੇ ਕੋਲ ਪਹੁੰਚਿਆ ਤੇ ਸਤਿਗੁਰਾਂ ਦੇ ਚਰਨ ਫੜ ਕੇ ਪਿਛਲੀ ਭੁੱਲ ਦੀ ਮੁਆਫ਼ੀ ਮੰਗੀ ਤੇ ਕਿਹਾ ਕਿ ਹੇ ਪੀਰਾਂ ਦੇ ਪੀਰ ! ਤੁਸੀਂ ਮੈਨੂੰ ਦਰਸ਼ਨ ਦੇਣ ਲਈ ਆਪ ਪਹੁੰਚੇ, ਪਰ ਮੇਰੇ ਮੰਦੇ ਕਰਮਾਂ ਨੇ ਤੁਹਾਡੇ ਦਰਸ਼ਨ ਨਹੀਂ ਹੋਣ ਦਿੱਤੇ। ਜੈਸਾ ਕਿ :

**ਮੰਦਭਾਗੀ ਤੇਰੋ ਦਰਸਨੁ ਨਾਹਿ ॥** [ਗਉੜੀ ਕਬੀਰ ਜੀ, ਅੰਗ ੩੨੩]

ਜਿਸਦਾ ਫਲ ਮੈਨੂੰ ਇਹ ਮਿਲਿਆ ਕਿ ਲੋਕਾਂ ਵਿੱਚ ਮੇਰਾ ਬਣਿਆ ਪਾਜ ਉਘੜਿਆ, ਡੇਰਾ ਲੁਟਿਆ-ਪੁਟਿਆ

ਗਿਆ ਤੇ ਬਹੁਤ ਅਪਮਾਨ ਹੋਇਆ। ਉਸ ਵੇਲੇ ਤਿਲੰਗ ਰਾਗ ਦਾ ਸਮਾਂ ਸੀ, ਉਸਨੂੰ ਉਪਦੇਸ਼ ਦੇਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੨੧ 'ਤੇ ਅੰਕਿਤ ਹੈ। ਪਹਿਲਾਂ ਮੰਗਲ ਕਰਦੇ ਹਨ :

੧=ਅਦੁੱਤੀ ਬ੍ਰਹਮ, **ਓ**=ਸਰਬ ਦਾ ਪ੍ਰਕਾਸ਼ਕ, **ਸਤਿ**=ਨਾਸ ਤੋਂ ਰਹਿਤ, **ਗੁਰ**=ਚੇਤਨ, **ਪ੍ਰਸਾਦਿ**=ਅਨੰਦ ਸਰੂਪ।

## *ਇਹੁ ਤਨੁ ਮਾਇਆ ਪਾਹਿਆ ਪਿਆਰੇ; ਲੀਤੜਾ ਲਬਿ ਰੰਗਾਏ ॥*

ਹੇ ਪਿਆਰੇ ! ਇਸ ਸੂਖਮ ਤਨ=ਮਨ ਨੂੰ ਮਾਇਆ ਰੂਪੀ ਪਾਹ=ਲਾਗ ਲੱਗੀ ਹੋਈ ਹੈ (ਨੋਟ :—ਕੱਪੜੇ ਨੂੰ ਕੋਈ ਪੱਕਾ ਰੰਗ ਚਾੜ੍ਹਨ ਤੋਂ ਪਹਿਲਾਂ ਲੂਣ, ਫਟਕੜੀ ਜਾਂ ਸੋਢੇ ਦੀ ਲਾਗ ਦਈਂਦੀ ਹੈ। ਸੋਢਾ, ਲੂਣ ਜਾਂ ਫਟਕੜੀ ਪਾਣੀ ਵਿੱਚ ਰਿੰਨ੍ਹ ਕੇ ਕਪੜਾ ਉਸ ਵਿੱਚ ਡੋਬਿਆ ਜਾਂਦਾ ਹੈ, ਫਿਰ ਰੰਗ ਪਾਣੀ ਵਿੱਚ ਰਿੰਨ੍ਹ ਕੇ ਉਹ ਲਾਗ ਵਾਲਾ ਕਪੜਾ ਉਸ ਵਿੱਚ ਪਾ ਦਈਦਾ ਹੈ) ਤੇ ਜੀਵ ਨੇ ਆਪਣੇ ਮਨ ਰੂਪੀ ਚੋਲੇ ਨੂੰ ਲਬਿ=ਲੋਭ ਰੂਪੀ ਰੰਗ ਵਿੱਚ ਰੰਗ ਲਿਆ ਹੈ।

## *ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ; ਕਿਉ ਧਨ ਸੇਜੈ ਜਾਏ ॥੧॥*

ਹੇ ਪਿਆਰੇ ! ਇਸ ਤਰ੍ਹਾਂ ਦਾ ਮਾਇਆ ਦੀ ਪਾਹ ਅਤੇ ਲੋਭ ਰੂਪੀ ਰੰਗ ਵਾਲਾ ਮਨ ਰੂਪੀ ਚੋਲਾ ਪਤੀ ਪ੍ਰਮੇਸ਼ਰ ਨੂੰ ਭਾਉਂਦਾ ਨਹੀਂ ਹੈ, ਇਸ ਵਾਸਤੇ ਇਹ ਜੀਵ ਰੂਪ ਇਸਤਰੀ ਅੰਤਰਮੁਖ ਬਿਰਤੀ ਕਰਨੇ ਰੂਪ ਸੇਜਾ ਉੱਤੇ ਕਿਵੇਂ ਜਾ ਸਕਦੀ ਹੈ। ਭਾਵ ਅਜਿਹੇ ਮਨ ਵਾਲੀ ਜੀਵ ਰੂਪ ਇਸਤਰੀ ਦਾ ਪਤੀ ਪ੍ਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ ॥੧॥ ਜੈਸਾ ਕਿ :

**ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥**
**ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥੨॥** [ਵਾਰ ਸੂਹੀ ਮ: ੩, ਅੰਗ ੭੮੮]

## *ਹੰਉ ਕੁਰਬਾਨੈ ਜਾਉ ਮਿਹਰਵਾਨਾ; ਹੰਉ ਕੁਰਬਾਨੈ ਜਾਉ ॥*

ਹੇ ਮਿਹਰਵਾਨ ਪ੍ਰਭੂ ! ਮੈਂ ਆਪ ਜੀ ਤੋਂ ਮਨ ਕਰਕੇ ਕੁਰਬਾਨੈ=ਬਲਿਹਾਰ ਜਾਂਦਾ ਹਾਂ ਅਤੇ ਸਰੀਰ ਕਰਕੇ ਵੀ ਕੁਰਬਾਨੈ=ਬਲਿਹਾਰ ਜਾਂਦਾ ਹਾਂ।

## *ਹੰਉ ਕੁਰਬਾਨੈ ਜਾਉ ਤਿਨਾ ਕੈ; ਲੈਨਿ ਜੋ ਤੇਰਾ ਨਾਉ ॥*

ਹੇ ਵਾਹਿਗੁਰੂ ! ਮੈਂ ਉਹਨਾਂ ਤੋਂ ਵੀ ਕੁਰਬਾਨੈ=ਬਲਿਹਾਰ ਜਾਂਦਾ ਹਾਂ, ਜੋ ਬਾਣੀ ਕਰਕੇ ਆਪ ਜੀ ਦੇ ਨਾਮ ਨੂੰ ਜਪਦੇ ਹਨ। **ਵਾ:** ਤਿੰਨੇ ਕਾਲਾਂ ਵਿੱਚ, **ਵਾ:** ਗੁਰੂ ਸਾਹਿਬ ਜਿਨ੍ਹਾਂ ਨੇ ਤਤ ਸਰੂਪ ਨੂੰ ਵਿਚਾਰਿਆ ਹੈ, ਉਨ੍ਹਾਂ ਤੋਂ ਜੋ ਨਾਮ ਲੈਂਦੇ ਹਨ ਅਤੇ ਜੋ ਨਾਮ ਮਨ ਵਿੱਚ ਵਸਾਉਣ ਲਈ ਨਿਸ਼ਕਾਮ ਕਰਮ ਕਰਦੇ ਹਨ, ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਨ।

੧. **ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥** [ਸਿਰੀ ਰਾਗ ਮ: ੩, ਅੰਗ ੨੬]
੨. **ਹਉ ਤਾ ਕੈ ਬਲਿਹਾਰੀ ॥ ਜਾ ਕੈ ਕੇਵਲ ਨਾਮੁ ਅਧਾਰੀ ॥੧॥** [ਗਉੜੀ ਮਹਲਾ ੫, ਅੰਗ ੨੦੭]
੩. **ਹਉ ਕੁਰਬਾਣੀ ਤੇਰਿਆ ਸੇਵਕਾ ਜਿਨ ਹਰਿ ਨਾਮੁ ਪਿਆਰਾ ॥੩॥** [ਸੂਹੀ ਮਹਲਾ ੫, ਅੰਗ ੭੪੬]

## *ਲੈਨਿ ਜੋ ਤੇਰਾ ਨਾਉ ਤਿਨਾ ਕੈ; ਹੰਉ ਸਦ ਕੁਰਬਾਨੈ ਜਾਉ ॥੧॥ਰਹਾਉ॥*

ਹੇ ਪ੍ਰਮਾਤਮਾ ! ਜੋ ਆਪ ਜੀ ਦੇ ਨਾਮ ਨੂੰ ਜਪਦੇ ਹਨ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ ॥੧॥ਰਹਾਉ॥ ਜੈਸਾ ਕਿ :

**੧. ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ॥**
[ਬਿਹਾਗੜਾ ਮਹਲਾ ੪, ਅੰਗ ੫੩੯]

**੨. ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥**
**ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥੬੩॥** [ਸਲੋਕ ਕਬੀਰ ਜੀ, ਅੰਗ ੧੩੬੭]

## *ਕਾਇਆ ਰੰਙਣਿ ਜੇ ਥੀਐ ਪਿਆਰੇ; ਪਾਈਐ ਨਾਉ ਮਜੀਠ॥*

ਹੇ ਪਿਆਰੇ! ਜੇ ਕਾਇਆ=ਸੁੱਧ ਬੁਧੀ ਰੰਙਣਿ=ਮੱਟੀ ਹੋ ਜਾਵੇ ਅਤੇ ਇਸ ਵਿੱਚ ਨਾਮ ਭਗਤੀ ਰੂਪ ਮਜੀਠ ਰੰਗ ਪਾ ਦੇਈਏ।

## *ਰੰਙਣ ਵਾਲਾ ਜੇ ਰੰਙੈ ਸਾਹਿਬੁ; ਐਸਾ ਰੰਗੁ ਨ ਡੀਠ॥੨॥*

ਜੇਕਰ ਰੰਗਣ ਵਾਲੇ ਗੁਰੂ ਰੂਪ ਲਲਾਰੀ ਅੰਤਸ਼ਕਰਣ ਰੂਪੀ ਕਪੜੇ ਨੂੰ ਇਸ ਰੰਗ ਵਿੱਚ ਰੰਗ ਦੇਣ ਤਾਂ ਅਜਿਹਾ ਰੰਗ ਚੜ੍ਹਦਾ ਹੈ, ਜੋ ਕਦੇ ਅੱਗੇ ਵੇਖਿਆ ਨਾ ਹੋਵੇ॥੨॥

## *ਜਿਨ ਕੇ ਚੋਲੇ ਰਤੜੇ ਪਿਆਰੇ; ਕੰਤੁ ਤਿਨਾ ਕੈ ਪਾਸਿ॥*

ਹੇ ਪਿਆਰੇ! ਜਿੰਨ੍ਹਾਂ ਦੇ ਅੰਤਹਕਰਣ ਰੂਪੀ ਚੋਲੇ ਪ੍ਰਮੇਸ਼ਰ ਦੇ ਨਾਮ ਰੰਗ ਵਿੱਚ ਰੰਗੇ ਗਏ ਹਨ ਕੰਤੁ=ਪਤੀ ਪ੍ਰਮੇਸ਼ਰ ਉਹਨਾਂ ਦੇ ਪਾਸਿ=ਕੋਲ, ਨੇੜੇ ਵਸਦਾ ਹੈ।

## *ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ; ਨਾਨਕ ਕੀ ਅਰਦਾਸਿ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੀ ਕਹੁ=ਜੀਵ ਤਾਂਈਂ ਤਿਨ੍ਹਾਂ ਦੀ ਧੂੜ ਮਿਲੇ **ਵਾ:** ਹੇ ਜੀਵ ਅਰਦਾਸਿ ਕਰ ਕਿ ਜਿਨ੍ਹਾਂ ਦੇ ਪ੍ਰਮਾਤਮਾ ਕੋਲ ਵਸਦਾ ਹੈ, ਉਨ੍ਹਾਂ ਦੀ ਚਰਨ ਧੂੜ ਸਾਨੂੰ ਜੀ=ਜੀਵਾਂ ਨੂੰ ਮਿਲ ਜਾਵੇ ਤਾਂ ਹੀ ਕਲਿਆਣ ਹੁੰਦੀ ਹੈ॥੩॥

## *ਆਪੇ ਸਾਜੇ ਆਪੇ ਰੰਗੇ; ਆਪੇ ਨਦਰਿ ਕਰੇਇ॥*

ਉਹ ਪ੍ਰਭੂ ਆਪ ਹੀ ਜੀਵਾਂ ਨੂੰ ਸਾਜੇ=ਉਤਪਤ ਕਰਦਾ ਹੈ, ਆਪ ਹੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤੇ ਆਪ ਹੀ ਨਮ ਰੰਗ ਵਿੱਚ ਰੰਗ ਦਿੰਦਾ ਹੈ। **ਵਾ:** ਆਪੇ ਹੀ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਪੇਟੇ ਤੇ ਖਟ ਸੰਪਤੀ ਰੂਪੀ ਤਾਣੇ ਨਾਲ ਸਾਜਿਆ ਹੈ ਤੇ ਫਿਰ ਆਪੇ ਹੀ ਨਾਮ, ਪ੍ਰੇਮ ਰੂਪੀ ਰੰਗ ਚਾੜ੍ਹਿਆ ਹੈ। **ਵਾ:** ਆਪ ਹੀ ਗੁਰੂ ਰੂਪ ਹੋ ਕੇ ਜੀਵਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹਨਾਂ ਨੂੰ ਆਪ ਹੀ ਸ਼ੁਭ ਗੁਣਾਂ ਨਾਲ ਸਾਜਦਾ ਹੈ ਤੇ ਆਪ ਹੀ ਬ੍ਰਹਮ ਰੰਗ ਵਿੱਚ ਰੰਗ ਦਿੰਦਾ ਹੈ।

## *ਨਾਨਕ ਕਾਮਣਿ ਕੰਤੈ ਭਾਵੈ; ਆਪੇ ਹੀ ਰਾਵੇਇ॥੪॥੧॥੩॥*

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਹੜੀ ਜੀਵ ਰੂਪ ਇਸਤਰੀ ਪਤੀ ਪ੍ਰਮਾਤਮਾ ਨੂੰ ਭਾਂਵਦੀ ਹੈ, ਉਹ ਆਪ ਹੀ ਉਸਦੇ ਅਨੰਦ ਨੂੰ ਰਾਵੇਇ=ਭੋਗਦੀ ਹੈ। **ਵਾ:** ਉਸਨੂੰ ਆਪ ਹੀ ਪਤੀ ਪ੍ਰਮੇਸ਼ਰ ਆਪਣੇ ਨਾਲ ਮੇਲ ਲੈਂਦਾ ਹੈ॥੪॥੧॥੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੨੭ [ਆਦਿ ਅੰਗ ੭੨੩]

***ਤਿਲੰਗ ਘਰੁ ੨ ਮਹਲਾ ੫ ॥ ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥ ਤੇਰਾ ਜੋਰੁ ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ ॥੧॥ ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ ਤੇਰੀ ਟੇਕ ਤੇਰਾ ਆਧਾਰੁ ॥ਰਹਾਉ॥ ਹੈ ਤੂਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥ ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥ ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੩॥ ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥ ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥੪॥੨॥***

## *ਤਿਲੰਗ ਘਰੁ ੨ ਮਹਲਾ ੫ ॥*

ਰਾਗ ਤਿਲੰਗ ਦੇ ਦੂਸਰੇ ਸੁਰ ਤਾਲ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਇਹ ਸ਼ਬਦ ਬੇਨਤੀ ਪੂਰਬਕ ਹੈ। ਜਿਸ ਵਿੱਚ ਆਪਣੇ ਅਕਾਲ ਪੁਰਖ ਵਾਹਿਗੁਰੂ ਨੂੰ ਸਨਮੁਖ ਸਮਝਦੇ ਹੋਏ ਬੇਨਤੀ ਕਰਦੇ ਹਨ :

## *ਤੁਧੁ ਬਿਨੁ ਦੂਜਾ; ਨਾਹੀ ਕੋਇ ॥*

ਹੇ ਵਾਹਿਗੁਰੂ ! ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ=ਦੂਸਰਾ ਸਮਰੱਥ ਨਹੀਂ ਹੈ, ਭਾਵ ਆਪ ਜੀ ਤੋਂ ਬਿਨਾਂ ਕੋਈ ਦੇਵੀ, ਦੇਵਤਾ, ਜਖ੍ਹ, ਗੰਧਰਬ, ਮਨੁੱਖ, ਕੀੜੀ ਤੋਂ ਲੈ ਕੇ ਹਾਥੀ ਤਕ ਕੋਈ ਕੁਝ ਨਹੀਂ ਕਰ ਸਕਦਾ। ਜੋ ਕੁਝ ਵੀ ਕੋਈ ਜੀਵ ਕਰਨ ਦੀ ਹੰਗਤਾ ਧਾਰਦਾ ਹੈ, ਉਹ ਉਸਦਾ ਅਗਿਆਨ ਹੀ ਕਿਹਾ ਜਾ ਸਕਦਾ ਹੈ।

## *ਤੂ ਕਰਤਾਰੁ; ਕਰਹਿ ਸੋ ਹੋਇ ॥*

ਹੇ ਕਰਤਾਰ ਵਾਹਿਗੁਰੂ ! [**ਵਾ**: (ਕਰ+ਤਾਰ) ਕਰ=ਹੱਥ, ਤਾਰ=ਡੋਰ, ਜਿਸ ਦੇ ਹੱਥ ਵਿੱਚ ਸਾਰੇ ਜੀਵਾਂ ਦੀ ਪ੍ਰਾਣਾਂ, **ਵਾ**: ਰੋਜੀ ਰੂਪੀ ਡੋਰ ਪਕੜੀ ਹੋਈ ਹੈ] ਜੋ ਤੂੰ ਕਰਦਾ ਹੈ, ਸੋ=ਉਹੀ ਕੁਝ ਹੁੰਦਾ ਹੈ। ਜੈਸਾ ਕਿ :

੧. **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥** [ਗਉੜੀ ਮਹਲਾ ੫, ਅੰਗ ੨੭੬]

੨. **ਕਰਨ ਕਾਰਨ ਸੋ ਪ੍ਰਭੁ ਸਮਰਥੁ ॥** [ਗਉੜੀ ਮਹਲਾ ੫, ਅੰਗ ੨੮੮]

ਇਸ ਲਈ ਸਾਨੂੰ ਦਾਸਾਂ ਨੂੰ

## *ਤੇਰਾ ਜੋਰੁ; ਤੇਰੀ ਮਨਿ ਟੇਕ ॥*

ਮੇਰੇ ਸਰੀਰ ਵਿੱਚ ਭੀ ਆਪ ਜੀ ਦਾ ਹੀ ਜੋਰੁ=ਬਲ ਦਿੱਤਾ ਹੋਇਆ ਹੈ ਅਤੇ ਮਨ ਵਿੱਚ ਭੀ ਆਪ ਜੀ ਦੀ ਟੇਕ=ਓਟ ਹੈ।

## *ਸਦਾ ਸਦਾ ਜਪਿ ਨਾਨਕ ਏਕ ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਮੈ ਦਾਸ ਸਦਾ ਸਦਾ=ਹਮੇਸ਼ਾ ਹਮੇਸ਼ਾ ਤੇਰੇ ਨਾਮ ਨੂੰ ਹੀ ਜਪਦਾ ਰਹਾਂ ॥੧॥

## ਸਭ ਊਪਰਿ; ਪਾਰਬ੍ਰਹਮੁ ਦਾਤਾਰੁ ॥

ਹੇ ਪਾਰਬ੍ਰਹਮ! (ਪਾਰ ਉਰਾਰ ਤੋਂ ਰਹਿਤ ਵਿਆਪਕ ਪ੍ਰਮਾਤਮਾ) ਤੂੰ ਸਭ=ਸਾਰਿਆਂ ਦੇ ਊਪਰਿ=ਸ਼ਿਰੋਮਣੀ ਹੈਂ ਅਤੇ ਸਾਰਿਆਂ ਨੂੰ ਦਾਤਾਰੁ=ਦਾਤਾਂ ਦੇਣ ਵਾਲਾ ਦਾਤਾ ਹੈਂ।

## ਤੇਰੀ ਟੇਕ; ਤੇਰਾ ਆਧਾਰੁ ॥ਰਹਾਉ॥

ਮੈਨੂੰ ਦਾਸ ਨੂੰ ਇਸ ਲੋਕ ਵਿੱਚ ਵੀ ਤੇਰੀ ਟੇਕ=ਓਟ ਹੈ ਅਤੇ ਪ੍ਰਲੋਕ ਵਿੱਚ ਵੀ ਆਪ ਜੀ ਦਾ ਹੀ ਆਧਾਰੁ=ਆਸਰਾ ਹੈ॥ਰਹਾਉ॥ ਜੈਸਾ ਕਿ :

**੧. ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥**
**ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥੨॥**

[ਆਸਾ ਮਹਲਾ ੫, ਅੰਗ ੩੮੩]

**੨. ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥**
**ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥**

[ਬਿਲਾਵਲ ਮਹਲਾ ੫, ਅੰਗ ੮੦੨]

ਜਦੋਂ ਜਗਿਆਸੂ ਉਸ ਵਾਹਿਗੁਰੂ ਦੀ ਟੇਕ ਟਿਕਾ ਲਵੇ, ਉਸ ਦੇ ਆਧਾਰੁ=ਆਸਰੇ 'ਤੇ ਨਿਸਚਾ ਕਰ ਲਵੇ, ਫਿਰ ਇਹ ਅਵਸਥਾ ਐਸੀ ਪਰਪੱਕ ਹੋ ਜਾਂਦੀ ਹੈ ਕਿ ਸਾਰਿਆਂ ਸਮਿਆਂ ਵਿੱਚ ਵਾਹਿਗੁਰੂ ਨੂੰ ਹੀ ਦੇਖਦਾ ਹੈ, ਇਸ ਲਈ ਅੱਗੇ ਕਥਨ ਹੈ :

## ਹੈ ਤੂਹੈ; ਤੂ ਹੋਵਨਹਾਰ ॥

ਹੇ ਵਾਹਿਗੁਰੂ! ਤੂੰ ਹੁਣ ਵਰਤਮਾਨ ਸਮੇਂ ਵਿੱਚ ਭੀ ਮੌਜੂਦ ਹੈਂ, ਤੂੰ ਪਿੱਛੇ ਭੂਤਕਾਲ ਵਿੱਚ ਵੀ ਸੀ। ਅੱਗੇ ਭਵਿੱਖਤ ਕਾਲ ਵਿੱਚ ਵੀ ਹੋਵੇਂਗਾ। ਜੋ ਇਸ ਪੰਗਤੀ ਵਿੱਚ ਸਿਧਾਂਤ ਆਇਆ ਹੈ, ਇਸ ਸਿਧਾਂਤ ਨੂੰ ਸਤਿਗੁਰੂ ਜੀ ਨੇ ਅਨੇਕਾਂ ਥਾਵਾਂ 'ਤੇ ਪ੍ਰਗਟ ਕੀਤਾ ਹੈ। ਜੈਸਾ ਕਿ :

**੧. ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥** [ਵਾਰ ਜੈਤਸਰੀ ਮ: ੫, ਅੰਗ ੭੦੫]

**੨. ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥**

[ਸੂਹੀ ਮਹਲਾ ੫, ਅੰਗ ੭੬੦]

**੩. ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥**
**ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥੫॥** [ਮਾਰੂ ਮਹਲਾ ੫, ਅੰਗ ੧੦੧੭]

**੪. ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥**

[ਗਉੜੀ ਮਹਲਾ ੫, ਅੰਗ ੨੮੫]

## ਅਗਮ ਅਗਾਧਿ; ਊਚ ਆਪਾਰ ॥

ਹੇ ਪ੍ਰਭੂ! ਤੂੰ ਅਗਮ=ਮਨ, ਬਾਣੀ, ਸਰੀਰ ਦੀ ਗਮਤਾ ਤੋਂ ਰਹਿਤ ਹੈਂ, ਅਗਾਧਿ=ਅਥਾਹ, ਊਚ=ਸਾਰਿਆਂ ਤੋਂ ਉੱਚਾ ਆਪਾਰ=ਪਾਰਾਵਾਰ ਤੋਂ ਰਹਿਤ ਹੈ। ਜੈਸਾ ਕਿ :

**੧. ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥**

[ਗਉੜੀ ਮਹਲਾ ੫, ਅੰਗ ੨੭੧]

**੨. ਅਗਮ ਅਗਮ ਊਚਹ ਤੇ ਊਚ ॥ ਹਮ ਥੋਰੇ ਤੁਮ ਬਹੁਤ ਮੂਚ ॥**

[ਬਸੰਤੁ ਮਹਲਾ ੫, ਅੰਗ ੧੧੮੨]

## *ਜੋ ਤੁਧੁ ਸੇਵਹਿ; ਤਿਨ ਭਉ ਦੁਖੁ ਨਾਹਿ ॥*

ਹੇ ਵਾਹਿਗੁਰੂ ! ਜੋ ਆਪ ਜੀ ਨੂੰ ਸੇਵਹਿ=ਸਿਮਰਦੇ, ਯਾਦ ਕਰਦੇ ਹਨ, ਉਨ੍ਹਾਂ ਨੂੰ ਜਮਾਂ ਦਾ ਭਉ=ਡਰ, (ਜੋ ਸਭ ਤੋਂ ਭਿਆਨਕ ਹੈ) ਨਹੀਂ ਵਿਆਪਦਾ ਅਤੇ ਜੰਮਣ ਮਰਣ ਦਾ ਦੁਖ ਨਹੀਂ ਹੁੰਦਾ, ਇਸ ਦਾ ਕਾਰਣ ਇਹ ਹੈ ਕਿ ਸੰਸਾਰ ਵਿੱਚੋਂ ਜਿਸ ਵਸਤੂ ਨੂੰ ਯਾਦ ਕਰੋਗੇ, ਉਸ ਦੇ ਗੁਣਾਂ-ਅਉਗਣਾਂ ਦਾ ਅਸਰ ਮਨ 'ਤੇ ਜ਼ਰੂਰ ਹੋਵੇਗਾ। ਜੈਸੇ ਸੱਪ ਯਾਦ ਆਉਂਦਿਆਂ ਉਸਦੀ ਜ਼ਹਿਰ ਦਾ ਭੈਅ ਪੈਦਾ ਹੋ ਜਾਂਦਾ ਹੈ। ਪ੍ਰੇਤ ਨੂੰ ਯਾਦ ਕਰੋ, ਉਸ ਤੋਂ ਹਿਰਦਾ ਭੈ-ਭੀਤ ਹੋਵੇਗਾ। ਇਸੀ ਤਰ੍ਹਾਂ ਹਰ ਚੀਜ਼ ਆਪਣੀ ਯਾਦ ਰਾਹੀਂ ਅਸਰ ਕਰਦੀ ਹੈ। ਇਸ ਲਈ ਜੋ ਪ੍ਰਮਾਤਮਾ ਡਰ ਅਤੇ ਦੁਖਾਂ ਤੋਂ ਰਹਿਤ ਹੈ, ਇਹੀ ਗੁਣ ਉਹ ਆਪਣੇ ਯਾਦ ਕਰਨ ਵਾਲੇ ਨੂੰ ਬਖ਼ਸ਼ ਦੇਂਦਾ ਹੈ।

## *ਗੁਰ ਪਰਸਾਦਿ; ਨਾਨਕ ਗੁਣ ਗਾਹਿ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ ! ਸਤਿਗੁਰਾਂ ਦੀ ਕਿਰਪਾ ਨਾਲ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ। ਕਿਉਂਕਿ ਵਾਹਿਗੁਰੂ ਦੇ ਗੁਣ ਓਹੀ ਗਾ ਸਕਦਾ ਹੈ, ਜਿਸ ਉੱਤੇ ਵਾਹਿਗੁਰੂ ਆਪ ਕਿਰਪਾ ਕਰੇ ਜਾਂ ਵਾਹਿਗੁਰੂ ਦਾ ਸਰਗੁਣ ਸਰੂਪ ਗੁਰੂ ਕਿਰਪਾ ਕਰੇ। ਗੁਰੂ ਅਤੇ ਪ੍ਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਕੋਈ ਆਪਣੇ ਆਪ ਗੁਣ ਨਹੀਂ ਗਾ ਸਕਦਾ॥੨॥ ਜੈਸਾ ਕਿ :

**੧. ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥**

[ਮਾਝ ਮਹਲ ੫, ਅੰਗ ੧੦੭]

**੨. ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥**

[ਸਾਰਗ ਮਹਲਾ ੫, ਅੰਗ ੧੨੩੫]

**੩. ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ ॥**

[ਕਾਨੜਾ ਮਹਲਾ ੫, ਅੰਗ ੧੨੯੯]

## *ਜੋ ਦੀਸੈ; ਸੋ ਤੇਰਾ ਰੂਪੁ ॥*
## *ਗੁਣ ਨਿਧਾਨ; ਗੋਵਿੰਦ ਅਨੂਪ ॥*

ਜੋ ਕੁਝ ਵੀ ਦਿਸ ਰਿਹਾ ਹੈ, ਉਸ ਵਿੱਚ ਤੇਰਾ ਹੀ ਸਰੂਪ ਨਜ਼ਰ ਆ ਰਿਹਾ ਹੈ। ਹੇ (ਗੋ+ਵਿੰਦ) ਗੋ=ਬੇਦਾਂ ਕਰਕੇ ਵਿੰਦ=ਜਾਨਣੇ ਯੋਗ, ਤੂੰ ਸ਼ੁਭ ਗੁਣਾਂ ਦਾ ਨਿਧਾਨ=ਖ਼ਜ਼ਾਨਾ ਅਤੇ ਅਨੂਪ=ਉਪਮਾ ਤੋਂ ਰਹਿਤ ਹੈਂ। ਇਸ ਤੁਕ ਵਿੱਚ ਜੋ ਸਤਿਗੁਰੂ ਜੀ ਨੇ ਦਿਸਣ ਵਾਲਾ, ਪ੍ਰਮਾਤਮਾ ਦਾ ਰੂਪ ਦਰਸਾਇਆ ਹੈ, ਇਹ ਬ੍ਰਹਮ ਬੇਤੇ ਦੀ ਦ੍ਰਿਸ਼ਟੀ ਦੀ ਵਿਆਖਿਆ ਹੈ ਕਿ ਉਸ ਨੂੰ ਸਭ ਕੁਝ ਦਿਸਣਹਾਰ ਬ੍ਰਹਮ ਰੂਪ ਕਰਕੇ ਹੀ ਦਿਸਦਾ ਹੈ। ਰਾਗ ਦ੍ਵੈਸ਼ ਦੀ ਸੀਮਾ ਤੋਂ ਪਾਰ ਜਦੋਂ ਅਦ੍ਵੈਤ ਦ੍ਰਿਸ਼ਟੀ ਪ੍ਰਾਪਤ ਹੋ ਜਾਵੇ, ਫਿਰ ਇੱਕ ਤੋਂ ਬਿਨਾਂ ਦੂਸਰਾ ਨਜ਼ਰ ਨਹੀਂ ਆਉਂਦਾ। ਇਸ ਵਿੱਚ ਅਨੇਕਾਂ ਬ੍ਰਹਮ ਬੇਤਿਆਂ ਦੇ ਪ੍ਰਮਾਣ ਮੌਜੂਦ ਹਨ। ਜੈਸਾ ਕਿ ਸਿੱਖ ਇਤਿਹਾਸ ਵਿੱਚ ਭਾਈ ਘਨ੍ਹਈਆ ਜੀ ਦੀ ਸਾਖੀ ਕਿ ਹਰ ਇੱਕ ਪਾਣੀ ਮੰਗਣ ਵਾਲੇ ਨੂੰ ਗੁਰੂ ਦਾ ਰੂਪ ਦੇਖ ਕੇ ਹੀ ਪਾਣੀ ਪਿਲਾਉਂਦਾ ਰਿਹਾ। ਵੈਰੀ-ਮਿੱਤਰ ਦਾ ਭਾਵ ਤਿਆਗ ਕੇ ਸਾਰੀ ਜਗ੍ਹਾ ਗੁਰੂ ਦਾ ਰੂਪ ਹੀ ਦੇਖਿਆ।

**ਦੂਸਰੀ ਸਾਖੀ ਨਾਮਦੇਵ ਜੀ ਦੀ—**ਅਚਾਨਕ ਕੁੱਤਾ ਛਾਬੇ ਵਿੱਚੋਂ ਰੋਟੀਆਂ ਚੁੱਕ ਕੇ ਜਾਂਦਾ ਨਜ਼ਰ ਆਇਆ ਤਾਂ ਨਾਮਦੇਵ ਜੀ ਨੂੰ ਕੁੱਤਾ, ਕੁੱਤੇ ਦੇ ਰੂਪ ਵਿੱਚ ਨਜ਼ਰ ਨਹੀਂ ਆਇਆ, ਬਲਕਿ ਪ੍ਰਮੇਸ਼ਰ ਰੂਪ ਦਿਸਿਆ। ਇਸ

ਲਈ ਕੁੱਤੇ ਦੇ ਮਗਰ ਦਾਲ ਲੈ ਕੇ ਨਾਮਦੇਵ ਜੀ ਕਾਹਲੀ ਨਾਲ ਚੱਲੇ ਤੇ ਕਿਹਾ ਕਿ ਹੇ ਭਗਵਾਨ! ਤੁਸੀਂ ਰੁੱਖੀ ਰੋਟੀ ਹੀ ਕਿਉਂ ਸਵੀਕਾਰ ਕੀਤੀ ਹੈ, ਜਿਥੇ ਮੇਰੇ ਘਰ ਚਰਨ ਪਾ ਕੇ ਘਰ ਨੂੰ ਪਵਿੱਤਰ ਕੀਤਾ, ਮੇਰੀ ਰੋਟੀ ਅੰਗੀਕਾਰ ਕੀਤੀ, ਫਿਰ ਦਾਲ ਅੰਗੀਕਾਰ ਕਿਉਂ ਨਹੀਂ ਕਰਦੇ। ਜਦੋਂ ਕਿ ਮੈਂ ਹਰ ਰੋਜ਼ ਦਾਲ ਨਾਲ ਹੀ ਰੋਟੀ ਖਾਂਦਾ ਹਾਂ। ਇਸ ਲਈ ਦਾਲ ਭੀ ਅੰਗੀਕਾਰ ਕਰੋ। ਤਾਂ ਸਰਬ ਵਿਆਪੀ ਪ੍ਰਮੇਸ਼ਰ ਨੇ ਕੁੱਤੇ ਵਿੱਚੋਂ ਪ੍ਰਗਟ ਹੋ ਕੇ ਨਾਮਦੇਵ ਜੀ ਨੂੰ ਦਰਸ਼ਨ ਦਿੱਤੇ ਤੇ ਕਿਹਾ ਕਿ ਤੂੰ ਧੰਨ ਹੈਂ, ਜੋ ਮੈਨੂੰ ਕੁੱਤੇ ਵਿੱਚ ਵੀ ਦੇਖ ਰਿਹਾ ਹੈਂ।

**ਸਾਖੀ ਗੁਰੂ ਨਾਨਕ ਸਾਹਿਬ ਜੀ ਤੇ ਭਾਈ ਮਰਦਾਨੇ ਦੀ—**ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜੰਗਲ ਵਿੱਚ ਤੁਰੇ ਜਾਂਦੇ ਸਨ। ਘੋਰ ਜੰਗਲ ਜਿਥੇ ਕੋਈ ਆਮ ਨਹੀਂ ਬਿਚਰਦਾ, ਉਸ ਜੰਗਲ ਵਿੱਚ ਸਤਿਗੁਰੂ ਜੀ ਪ੍ਰਮਾਤਮਾ ਦੇ ਰੰਗ ਵਿੱਚ ਤੁਰੇ ਜਾ ਰਹੇ ਸਨ ਕਿ ਅਚਾਨਕ ਮਰਦਾਨੇ ਦੀ ਨਿਗ੍ਹਾ ਇੱਕ ਵਿਸ਼ਈ ਪੁਰਸ਼ 'ਤੇ ਪਈ, ਜੋ ਉਸ ਜੰਗਲ ਵਿੱਚ ਪਰਾਈ ਇਸਤਰੀ ਨਾਲ ਵਿਸ਼ੇ ਵਾਸ਼ਨਾ ਦੀ ਪੂਰਤੀ ਲਈ ਕੁਕਰਮ ਵਿੱਚ ਪ੍ਰਵਿਰਤ ਸੀ, ਕਿਉਂਕਿ ਇਕਾਂਤ ਅਸਥਾਨ ਦਾ ਸੇਵਨ ਵਿਸ਼ਈ ਪੁਰਸ਼ ਤੇ ਭਗਤੀ ਵਾਲੇ ਨੂੰ ਆਪਣੇ-ਆਪਣੇ ਕਾਰਜ ਵਿੱਚ ਸਹਾਇਕ ਮੰਨਿਆ ਹੈ। ਜੈਸਾ ਕਿ ਕਾਲੀਦਾਸ ਜੀ ਨੇ ਕਿਹਾ ਹੈ:

**ਕਾਲੀਦਾਸ ਵਿਸ਼ਈ ਤੇ ਭਗਤਿ ਵਾਲਾ ਦੋਵੇਂ ਭਾਲਦੇ ਜਗ੍ਹਾਂ ਇਕਾਂਤ ਭਾਈ।**

ਮਰਦਾਨਾ ਵੇਖ ਕੇ ਸਤਿਗੁਰੂ ਜੀ ਨੂੰ ਕਹਿਣ ਲੱਗਾ ਕਿ ਮਹਾਰਾਜ! ਓਹ ਵੇਖੋ ਕੈਸਾ ਪਾਪ ਹੋ ਰਿਹਾ ਹੈ। ਸਤਿਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਤੇਰੀ ਦ੍ਰਿਸ਼ਟੀ ਅਚਾਨਕ ਕਿਸੇ ਦੇ ਪਾਪ 'ਤੇ ਕਿਵੇਂ ਚਲੀ ਗਈ, ਆਪਣੀ ਦ੍ਰਿਸ਼ਟੀ ਨੂੰ ਸੁੱਧ ਰਖੀਦਾ ਹੈ। ਕੌਣ ਪਾਪੀ ਹੈ ਤੂੰ ਕਿਸਦੀ ਗੱਲ ਕਰ ਰਿਹਾ ਹੈਂ ਤਾਂ ਮਰਦਾਨੇ ਨੇ ਉਂਗਲ ਦਾ ਇਸ਼ਾਰਾ ਕੀਤਾ ਕਿ ਔਹ ਵੇਖੋ ਕਿੱਡਾ ਵੱਡਾ ਪਾਪ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਮਰਦਾਨਿਆਂ! ਜੋ ਵੀ ਸੰਸਾਰ ਦੀ ਵਸਤੂ ਨਜ਼ਰ ਆ ਰਹੀ ਹੈ, ਇਹ ਉਸ ਵਾਹਿਗੁਰੂ ਦਾ ਹੀ ਸਰੂਪ ਹੈ, ਆਪਣੀ ਦ੍ਰਿਸ਼ਟੀ ਨੂੰ ਸ਼ੁੱਧ ਕਰ। ਮਰਦਾਨੇ ਦੇ ਅੰਦਰ ਜੋ ਦ੍ਵੈਤ ਦ੍ਰਿਸ਼ਟੀ ਆਈ ਉਸ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਿਆ। ਜੈਸਾ ਕਿ:

**ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥**
**ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥** [ਸਿਰੀਰਾਗ ਮਹਲਾ ੧, ਅੰਗ ੨੩]

ਇਸੇ ਸਿਧਾਂਤ ਦੇ ਹੋਰ ਵੀ ਪ੍ਰਮਾਣ ਸਤਿਗੁਰੂ ਜੀ ਨੇ ਉਚਾਰਣ ਕੀਤੇ ਹਨ, ਜੈਸਾ ਕਿ:

੧. **ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥**
**ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥**
[ਸਿਰੀ ਰਾਗੁ ਮਹਲਾ ੫, ਅੰਗ ੫੧]

੨. **ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ਰਹਾਉ॥**
[ਆਸਾ ਨਾਮਦੇਵ ਜੀ, ਅੰਗ ੪੮੫]

੩. **ਜੋ ਦੀਸੈ ਸੋ ਆਪੇ ਆਪਿ ॥** [ਰਾਮਕਲੀ ਮਹਲਾ ੧, ਅੰਗ ੯੩੧]

੪. **ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥** [ਮਾਰੂ ਮਹਲਾ ੫, ਅੰਗ ੧੦੭੬]

***ਸਿਮਰਿ ਸਿਮਰਿ ਸਿਮਰਿ ਜਨ ਸੋਇ ॥***
***ਨਾਨਕ ਕਰਮਿ ਪਰਾਪਤਿ ਹੋਇ ॥੩॥***

**ਅਨਵੇ**=ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਮਾਤਮਾ ਜਿਸ ਨੂੰ ਤੇਰੀ ਕਰਮਿ=ਕਿਰਪਾ ਪ੍ਰਾਪਤ ਹੋ ਜਾਵੇ,

ਉਹੀ ਜਨ ਤੇਰੇ ਨਾਮ ਨੂੰ ਮਨ ਕਰਕੇ ਸਿਮਰਦਾ ਹੈ, ਬਾਣੀ ਕਰਕੇ ਸਿਮਰਦਾ ਹੈ ਅਤੇ ਸਰੀਰ ਕਰਕੇ ਸਿਮਰਦਾ ਹੈ। **rj^** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸਿਮਰਨੇ ਯੋਗ ਪ੍ਰਭੂ! ਤੇਰੇ ਸਿਮਰਨ ਨੂੰ ਓਹੀ ਪੁਰਸ਼ ਸਿਮਰਦੇ ਹਨ, ਜਿਸਦੇ ਕਰਮਾਂ ਵਿੱਚ ਸਿਮਰਨ ਕਰਨਾ ਪ੍ਰਾਪਤ ਹੁੰਦਾ ਹੈ॥੩॥ ਜੈਸਾ ਕਿ:

੧. **ਕਰਮਿ ਮਿਲੈ ਪਾਵੈ ਸਚੁ ਨਾਉ॥** [ਰਾਮਕਲੀ ਮ: ੧, ਅੰਗ ੯੦੬]

੨. **ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥** [ਗਉੜੀ ਮਹਲਾ ੫, ਅੰਗ ੨੬੩]

## *ਜਿਨਿ ਜਪਿਆ; ਤਿਸ ਕਉ ਬਲਿਹਾਰ॥*

ਜਿਸ ਸਤ ਪੁਰਸ਼ ਨੇ ਆਪ ਜੀ ਦੇ ਨਾਮ ਨੂੰ ਜਪਣਾ ਕੀਤਾ ਹੈ, ਮੈਂ ਉਸ ਤੋਂ ਬਲਿਹਾਰ=ਕੁਰਬਾਨ ਜਾਂਦਾ ਹਾਂ।

## *ਤਿਸ ਕੈ ਸੰਗਿ; ਤਰੈ ਸੰਸਾਰ॥*

ਐਸੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਜੀਵ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

## *ਕਹੁ ਨਾਨਕ; ਪ੍ਰਭ ਲੋਚਾ ਪੂਰਿ॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੇਰੀ ਲੋਚਾ=ਇਛਾ ਪੂਰੀ ਕਰਨਾ ਕਰ। ਕਿਹੜੀ ਇਛਾ ਉਹ ਅੱਗੇ ਦਸਦੇ ਹਨ:

## *ਸੰਤ ਜਨਾ ਕੀ; ਬਾਛਉ ਧੂਰਿ॥੪॥੨॥*

ਕਿ ਹੇ ਪ੍ਰਮਾਤਮਾ! ਮੈਂ ਤੇਰੇ ਪਾਸੋਂ ਸੰਤ ਜਨਾਂ ਦੀ ਚਰਨ ਧੂੜ ਮੰਗਦਾ ਹਾਂ। ਸੋ ਕਿਰਪਾ ਕਰਕੇ ਮੈਨੂੰ ਇਹ ਬਖ਼ਸ਼ਿਸ਼ ਕਰਨੀ ਕਰੋ। ਇਥੇ ਸਤਿਗੁਰੂ ਜੀ ਆਪਣੇ ਗੁਰਸਿੱਖਾਂ ਨੂੰ ਨਿਮਰਤਾ ਭਾਵ ਸਿੱਖਾ ਰਹੇ ਹਨ ਕਿ ਭਾਵੇਂ ਕਿਸੇ ਗੁਰਸਿੱਖ ਨੂੰ ਕਿਤਨਾ ਭੀ ਸਨਮਾਨ ਮਿਲ ਜਾਵੇ, ਪਰ ਉਹ ਆਪਣੇ ਆਪ ਨੂੰ ਸਾਰਿਆਂ ਦੀ ਚਰਨ ਧੂੜ ਸਮਝੇ ਤੇ ਇਹੋ ਜਿਹੀਆਂ ਬੇਨਤੀਆਂ ਕਰੇ॥੪॥੨॥ ਜੈਸਾ ਕਿ:

੧. **ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥**
[ਸਲੋਕ ਮਹਲਾ ੪, ਅੰਗ ੧੪੨੪]

੨. **ਪਾਰਬ੍ਰਹਮ ਮੋਹਿ ਕਿਰਪਾ ਕੀਜੈ॥ ਧੂਰਿ ਸੰਤਨ ਕੀ ਨਾਨਕ ਦੀਜੈ॥**
[ਗਉੜੀ ਮਹਲਾ ੫, ਅੰਗ ੧੮੧]

੩. **ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥**
[ਧਨਾਸਰੀ ਮਹਲਾ ੫, ਪੰਨਾ ੬੮੦]

੪. **ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥** [ਧਨਾਸਰੀ ਮਹਲਾ ੫, ਅੰਗ ੬੭੮]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੨੮ [ਆਦਿ ਅੰਗ ੭੨੫]

*ਤਿਲੰਗ ਮਹਲਾ ੪ ॥ ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥ ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥ ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥ ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥ ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥ ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥ ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥ ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥ ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥੧੦॥ ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥ ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥ ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥ ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥ ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥ ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥ ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥ ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥ ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥ ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥ ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥ ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥ ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥ ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥ ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥ ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ ॥੨੦॥ ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥ ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥੨੧॥ ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥*

## ਤਿਲੰਗ ਮਹਲਾ ੪ ॥

ਤਿਲੰਗ ਰਾਗ ਵਿੱਚ ਉਚਾਰਨ ਕੀਤਾ ਹੋਇਆ ਚੌਥੇ ਪਾਤਸ਼ਾਹ ਦਾ ਅੰਮ੍ਰਿਤ ਬਚਨ ਜਿਸ ਵਿੱਚ ਪ੍ਰਮੇਸ਼ਰ ਦੀ ਸਿਫ਼ਤਿ-ਸਾਲਾਹ ਦੀਆਂ ਕਥਾ ਕਹਾਣੀਆਂ ਜੋ ਗੁਰੂ ਮੁਖ ਦੁਆਰਾ ਸਿੱਖ ਨੂੰ ਪ੍ਰਾਪਤ ਹੁੰਦੀਆਂ ਹਨ, ਦਾ ਸਿਧਾਂਤ ਕਥਨ ਕਰਦੇ ਹਨ।

## *ਹਰਿ ਕੀਆ ਕਥਾ ਕਹਾਣੀਆ; ਗੁਰਿ ਮੀਤਿ ਸੁਣਾਈਆ ॥*

ਹਰਿ=ਪ੍ਰਮੇਸ਼ਰ ਦੀਆਂ ਕਥਾ ਕਹਾਣੀਆਂ ਗੁਰੂ ਰੂਪੀ ਮੀਤਿ=ਮਿੱਤਰ ਨੇ ਸੁਣਾਉਣਾ ਕੀਤੀਆਂ BORJ ਕੀਆ=ਕਰਨ ਜੋਗ ਹਰੀ ਪ੍ਰਮੇਸ਼ਰ ਦੀਆਂ ਕਥਾ=ਜੋ ਸਾਸਤਰਾਂ ਵਿੱਚ ਅੰਕਿਤ ਹਨ, ਕਹਾਣੀਆਂ=ਲੋਕਾਂ ਦੀ ਜਬਾਨੀ BORJ ਕਹਾਣੀ=ਲੌਕਿਕ, ਕਥਾ=ਸਾਸਤ੍ਰਕ, ਗੁਰੂ ਰੂਪੀ ਮਿੱਤਰ ਨੇ ਸੁਣਾਉਣਾ ਕੀਤੀਆਂ। ਜੈਸਾ ਕਿ :

**ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥**

[ਆਸਾ ਮਹਲਾ ੪, ਅੰਗ ੪੫੨]

## *ਬਲਿਹਾਰੀ ਗੁਰ ਆਪਣੇ; ਗੁਰ ਕਉ ਬਲਿ ਜਾਈਆ ॥੧॥*

ਅਜਿਹੇ ਗੁਰੂ ਤੋਂ ਜੋ ਲੋਕ ਪ੍ਰਲੋਕ ਦਾ ਮਿੱਤਰ ਹੈ, ਮੈਂ ਮਨ ਕਰਕੇ ਬਲਿਹਾਰੀ=ਕੁਰਬਾਨ ਜਾਂਦਾ ਹਾਂ ਅਤੇ ਤਨ ਕਰਕੇ ਵੀ ਬਲਿ=ਕੁਰਬਾਨ ਜਾਂਦਾ ਹਾਂ। BORJ ਬਲਿਹਾਰ ਜਾਣ ਯੋਗ ਆਪਣੇ ਗੁਰ=ਪੂਜਨੀਕ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ ॥੧॥ ਜੈਸਾ ਕਿ :

੧. **ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ ॥** [ਵਾਰ ਗਉੜੀ ਮ: ੪, ਅੰਗ ੩੧੦]

੨. **ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥** [ਆਸਾ ਮਹਲਾ ੫, ਅੰਗ ੩੯੬]

## *ਆਇ ਮਿਲੁ ਗੁਰਸਿਖ, ਆਇ ਮਿਲੁ; ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥*

ਹੇ ਮੇਰੇ ਗੁਰੂ ਦੇ ਪਿਆਰੇ ਗੁਰਸਿੱਖ ! ਤੂੰ ਮੈਨੂੰ ਆ ਕੇ ਮਿਲਣਾ ਕਰ, ਤੁਰੰਤ ਆ ਕੇ ਮਿਲ। BORJ ਹੇ ਗੁਰਸਿੱਖ ਤੂੰ ਆ ਕੇ ਮਿਲ, ਤੂੰ ਆ ਕੇ ਮਿਲ। ਤੁਸੀਂ ਮੇਰੇ ਗੁਰੂ ਦੇ ਪਰਮ ਪਿਆਰੇ ਹੋ ॥ਰਹਾਉ॥

## *ਹਰਿ ਕੇ ਗੁਣ ਹਰਿ ਭਾਵਦੇ; ਸੇ ਗੁਰੂ ਤੇ ਪਾਏ ॥*

ਜੋ ਹਰੀ ਦੇ ਗੁਣ ਹਰਿ=ਪ੍ਰਮੇਸ਼ਰ ਨੂੰ ਭਾਉਂਦੇ ਹਨ, ਉਹ ਗੁਣ ਸਾਨੂੰ ਗੁਰੂ ਤੋਂ ਪਾਏ=ਪ੍ਰਾਪਤ ਹੋਏ ਹਨ।

## *ਜਿਨ ਗੁਰ ਕਾ ਭਾਣਾ ਮੰਨਿਆ; ਤਿਨ ਘੁਮਿ ਘੁਮਿ ਜਾਏ ॥੨॥*

ਜਿਸ ਗੁਰਸਿੱਖ ਨੇ ਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਿਆ ਹੈ, ਉਸ ਤੋਂ ਘੁਮਿ ਘੁਮਿ=ਬਲਿਹਾਰ, ਕੁਰਬਾਨ ਜਾਂਦਾ ਹਾ। ਗੁਰਮੁਖ ਹਮੇਸ਼ਾ ਗੁਰੂ ਦਾ ਭਾਣਾ ਮੰਨਣ ਵਿੱਚ ਸੁਖ ਮਹਿਸੂਸ ਕਰਦੇ ਹਨ ॥੨॥ ਜੈਸਾ ਕਿ :

੧. **ਗੁਰਮੁਖਿ ਤੇਰਾ ਭਾਣਾ ਭਾਵੈ ॥** [ਮਾਰੂ ਮਹਲਾ ੩, ਅੰਗ ੧੦੬੩]

੨. **ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥**
**ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥**
**ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥** [ਅੰਗ ੧੦੯੩]

## *ਜਿਨ ਸਤਿਗੁਰੁ ਪਿਆਰਾ ਦੇਖਿਆ; ਤਿਨ ਕਉ ਹਉ ਵਾਰੀ ॥*

ਜਿਨ੍ਹਾਂ ਨੇ ਪਿਆਰੇ ਸਤਿਗੁਰੂ ਜੀ ਦਾ ਦਰਸ਼ਨ ਕੀਤਾ ਹੈ, ਉਨ੍ਹਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ। ਦਰਸ਼ਨ ਸ਼ਰਧਾ ਸਹਿਤ ਕੀਤਾ ਜਾਵੇ, ਉਸੇ ਦੀ ਮਹਾਨਤਾ ਹੈ। ਸ਼ਰਧਾ ਸ਼ਹਿਤ ਦਰਸ਼ਨ ਕਰਨ ਵਾਲਿਆਂ ਤੋਂ ਬਲਿਹਾਰ ਜਾਣ ਦੀ ਗੱਲ ਹੈ।

## ਜਿਨ ਗੁਰ ਕੀ ਕੀਤੀ ਚਾਕਰੀ; ਤਿਨ ਸਦ ਬਲਿਹਾਰੀ ॥੩॥

ਜਿਨ੍ਹਾਂ ਗੁਰੂ ਪਿਆਰਿਆਂ ਨੇ ਗੁਰੂ ਦੀ ਚਾਕਰੀ=ਸੇਵਾ ਕੀਤੀ ਹੈ ਵਾ (ਚਾ+ਕਰੀ) ਚਾ=ਚਾਅ ਨਾਲ ਟਹਿਲ ਕਰੀ=ਕੀਤੀ ਹੈ **ਅਥਵਾ** ਮਨ ਨੂੰ ਸੰਸਾਰ ਤੋਂ ਚਾ=ਚੁੱਕ ਕੇ ਭਾਵਨਾ ਨਾਲ ਸੇਵਾ ਕਰੀ=ਕੀਤੀ ਹੈ, ਤਿਨ=ਤਿਨਾ ਤੋਂ ਸਦ=ਸਦਾ ਹੀ ਬਲਿਹਾਰੀ=ਕੁਰਬਾਨ ਜਾਂਦੇ ਹਾਂ ॥੩॥

## ਹਰਿ ਹਰਿ ਤੇਰਾ ਨਾਮੁ ਹੈ; ਦੁਖ ਮੇਟਣਹਾਰਾ ॥

ਹੇ ਜਗਿਆਸੂ ! ਹਰਿ ਹਰਿ ਦਾ ਨਾਮ ਹੀ ਤੇਰੇ ਜਨਮ-ਮਰਣ ਰੂਪ ਦੁਖ ਦੇ ਮੇਟਣਹਾਰਾ=ਮਿਟਾਉਣ ਵਾਲਾ ਹੈ।

## ਗੁਰ ਸੇਵਾ ਤੇ ਪਾਈਐ; ਗੁਰਮੁਖਿ ਨਿਸਤਾਰਾ ॥੪॥

ਗੁਰਾਂ ਦੀ ਨਿਸ਼ਕਾਮ ਸੇਵਾ ਕਰਕੇ ਅੰਤਸ਼ਕਰਣ ਦੀ ਸ਼ੁੱਧੀ ਦੁਆਰਾ ਜਿਸਨੇ ਨਾਮ ਪ੍ਰਾਪਤ ਕੀਤਾ ਹੈ, ਉਸ ਗੁਰਮੁਖ ਦਾ ਸੰਸਾਰ-ਸਮੁੰਦਰ ਤੋਂ ਨਿਸਤਾਰਾ=ਪਾਰ ਉਤਾਰਾ ਹੋ ਗਿਆ ਹੈ ॥੪॥

## ਜੋ ਹਰਿ ਨਾਮੁ ਧਿਆਇਦੇ; ਤੇ ਜਨ ਪਰਵਾਨਾ ॥

ਜੋ ਪੁਰਸ਼ ਹਰਿ=ਵਾਹਿਗੁਰੂ ਨਾਮ ਨੂੰ ਧਿਆਉਂਦੇ ਹਨ ਤੇ=ਉਹ ਜਨ=ਪੁਰਸ਼ ਪਰਵਾਨਾ=ਪਰਵਾਨ-ਨੀਕ ਹੁੰਦੇ ਹਨ। ਧਿਆਉਣਾ ਧਿਆਨ ਸਾਧਨਾ ਦੁਆਰਾ ਹੁੰਦਾ ਹੈ, ਜਪਣਾ ਮੁੱਖ, ਰਸਨਾ ਦੁਆਰਾ ਹੁੰਦਾ ਹੈ, ਸਿਮਰਨਾ ਮਨ ਦੀ ਕਲਪਨਾ ਨੂੰ ਕਿਹਾ ਜਾਂਦਾ ਹੈ, ਇਸ ਲਈ ਗੁਰਬਾਣੀ ਵਿੱਚ ਜਪਣ, ਧਿਆਉਣ, ਸਿਮਰਨ ਦੀ ਗੱਲ ਬਹੁਤ ਸਾਰੇ ਥਾਵਾਂ 'ਤੇ ਪ੍ਰਾਪਤ ਹੁੰਦੀ ਹੈ। ਇਸ ਦਾ ਸੰਬੰਧ ਅਵਸਥਾ ਅਨੁਸਾਰ ਹੈ।

## ਤਿਨ ਵਿਟਹੁ ਨਾਨਕੁ ਵਾਰਿਆ; ਸਦਾ ਸਦਾ ਕੁਰਬਾਨਾ ॥੫॥

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੋ ਪ੍ਰਮੇਸ਼ਰ ਨੂੰ ਧਿਆਉਣ ਵਾਲੇ ਹਨ ਮੈਂ ਤਿਨ ਵਿਟਹੁ=ਉਨ੍ਹਾਂ ਦੇ ਉਪਰੋਂ ਮਨ ਕਰਕੇ ਸਦਾ ਵਾਰਿਆ, ਬਲਿਹਾਰ ਜਾਂਦਾ ਹਾਂ, ਬਾਣੀ ਕਰਕੇ ਸਦਾ ਬਲਿਹਾਰ ਜਾਂਦਾ ਹਾਂ, ਤਨ ਕਰਕੇ ਭੀ ਸਦਾ ਬਲਿਹਾਰ ਜਾਂਦਾ ਹਾਂ ॥੫॥

## ਸਾ ਹਰਿ ਤੇਰੀ ਉਸਤਤਿ ਹੈ; ਜੋ ਹਰਿ ਪ੍ਰਭ ਭਾਵੈ ॥

ਹੇ ਭਾਈ ! ਤੇਰੀ ਕੀਤੀ ਹੋਈ ਉਸਤਤਿ ਓਹੀ ਸਫਲੀ ਹੈ, ਜੋ ਹਰ ਤਰ੍ਹਾਂ ਕਰਕੇ ਹਰਿ=ਹਰੀ ਪ੍ਰਭੂ ਨੂੰ ਭਾਉਂਦੀ ਹੈ।

## ਜੋ ਗੁਰਮੁਖਿ ਪਿਆਰਾ ਸੇਵਦੇ; ਤਿਨ ਹਰਿ ਫਲੁ ਪਾਵੈ ॥੬॥

ਜੋ=ਜਿਹੜੇ ਗੁਰਮੁਖ ਪਿਆਰੇ ਹਰੀ ਨੂੰ ਸੇਵਦੇ ਹਨ, ਤਿਨ=ਉਨ੍ਹਾਂ ਨੇ ਸਾਰੇ ਫਲ ਪਾਏ ਹਨ, **ਅਥਵਾ** ਜੋ ਗੁਰਮੁਖ ਪਿਆਰੇ ਗੁਰਾਂ ਨੂੰ ਸੇਵਦੇ ਹਨ, ਉਹ ਹਰਿ=ਪ੍ਰਮੇਸ਼ਰ ਦੇ ਗਿਆਨ ਰੂਪ ਫਲ ਨੂੰ ਪਾਉਂਦੇ ਹਨ ॥੬॥

## ਜਿਨਾ ਹਰਿ ਸੇਤੀ ਪਿਰਹੜੀ; ਤਿਨਾ ਜੀਅ ਪ੍ਰਭ ਨਾਲੇ ॥

ਜਿਨ੍ਹਾਂ ਦੀ ਹਰਿ=ਹਰੀ ਸੇਤੀ=ਨਾਲ ਪਿਰਹੜੀ=ਪ੍ਰੀਤੀ ਹੈ, ਉਹਨਾਂ ਦਾ ਜੀਅ=ਦਿਲ ਪ੍ਰਭੂ ਨਾਲ ਹੀ ਜੁੜ ਗਿਆ ਹੈ।

## ਓਇ ਜਪਿ ਜਪਿ ਪਿਆਰਾ ਜੀਵਦੇ; ਹਰਿ ਨਾਮੁ ਸਮਾਲੇ ॥੭॥

ਓਇ=ਉਹ ਪਿਆਰੇ ਜਪਿ ਜਪਿ=ਪ੍ਰਭੂ ਦੇ ਜਾਪ ਨੂੰ ਜਪ ਕੇ ਜੀਉਂਦੇ ਹਨ ਅਤੇ ਹਰ ਵੇਲੇ ਹਰੀ ਨਾਮ ਨੂੰ ਸਮ੍ਹਾਲਦੇ ਹਨ ॥੭॥

## ਜਿਨ ਗੁਰਮੁਖਿ ਪਿਆਰਾ ਸੇਵਿਆ; ਤਿਨ ਕਉ ਘੁਮਿ ਜਾਇਆ ॥

ਜਿਨ੍ਹਾਂ ਗੁਰਮੁਖਾਂ ਨੇ ਪਿਆਰਾ ਜਾਣ ਕੇ ਵਾਹਿਗੁਰੂ ਨੂੰ ਸੇਵਣਾ ਕੀਤਾ ਹੈ ਤਿਨ ਕਉ=ਮੈਂ ਉਨ੍ਹਾਂ ਤੋਂ ਘੁਮਿ=ਬਲਿਹਾਰ ਜਾਇਆ=ਜਾਂਦਾ ਹਾਂ।

## ਓਇ ਆਪਿ ਛੁਟੇ ਪਰਵਾਰ ਸਿਉ; ਸਭੁ ਜਗਤੁ ਛਡਾਇਆ ॥੮॥

ਉਹ ਆਪ ਸਾਰੇ ਪਰਿਵਾਰ ਦੇ ਸਿਉ=ਸਮੇਤ ਜਨਮ-ਮਰਣ ਦੇ ਬੰਧਨ ਤੋਂ ਛੁੱਟ ਗਏ ਹਨ ਅਤੇ ਸਾਰੇ ਜਗਤ ਦੇ ਉਨ੍ਹਾਂ ਜੀਵਾਂ ਨੂੰ, ਜਿਨ੍ਹਾਂ ਨੇ ਉਨ੍ਹਾਂ ਦਾ ਸੰਗ ਕੀਤਾ, ਉਨ੍ਹਾਂ ਨੂੰ ਭੀ ਜਮਾਂ ਦੀ ਮਾਰ ਤੋਂ ਛਡਾਇਆ=ਛੁਡਾ ਲਿਆ ਹੈ॥੮॥

## ਗੁਰਿ ਪਿਆਰੈ ਹਰਿ ਸੇਵਿਆ; ਗੁਰੁ ਧੰਨੁ ਗੁਰੁ ਧੰਨੋ ॥

ਪਿਆਰੇ ਗੁਰੂ ਨੇ ਹਰੀ ਨੂੰ ਸੇਵਿਆ ਹੈ, ਇਸ ਲਈ ਗੁਰੂ ਧੰਨ ਹਨ, ਗੁਰੂ ਧੰਨ ਹਨ, **ਅਥਵਾ** ਧੰਨਤਾ ਦੇ ਯੋਗ ਗੁਰੂ ਧੰਨ ਹਨ। ਤਿੰਨਾਂ ਸਮਿਆਂ ਵਿੱਚ ਗੁਰੂ ਧੰਨ ਹਨ।

## ਗੁਰਿ ਹਰਿ ਮਾਰਗੁ ਦਸਿਆ; ਗੁਰ ਪੁੰਨੁ ਵਡ ਪੁੰਨੋ ॥੯॥

ਗੁਰੂ ਨੇ ਮੈਨੂੰ ਹਰੀ ਦੀ ਪ੍ਰਾਪਤੀ ਦਾ ਭਗਤੀ ਰੂਪ ਮਾਰਗ ਦਸਿਆ ਹੈ। ਇਹ ਗੁਰੂ ਨੇ ਪੁੰਨਾਂ ਵਿੱਚੋਂ ਵੱਡਾ ਪੁੰਨ ਕੀਤਾ ਹੈ, **ਅਥਵਾ** ਗਿਆਨ ਵੈਰਾਗ ਰੂਪੀ ਮਾਰਗ ਦਸਿਆ ਹੈ। ਇਹ ਗੁਰਾਂ ਦਾ ਪੁੰਨਾਂ ਵਿੱਚੋਂ ਵੱਡਾ ਪੁੰਨ ਹੈ, ਕਿਉਂਕਿ ਭਗਤੀ ਅਤੇ ਗਿਆਨ ਦਾ ਰਾਹ ਸੰਸਾਰ ਵਿੱਚੋਂ ਹੋਰ ਕੋਈ ਨਹੀਂ ਦਸ ਸਕਦਾ। ਹੋਰ ਅੰਨ, ਦੁੱਧ, ਜਲ, ਵਸਤਰ ਆਦਿ ਦਾ ਦਾਨ ਤਾਂ ਬਹੁਤ ਸਾਰੇ ਲੋਕ ਦੇ ਕੇ ਪੁੰਨ ਖੱਟ ਸਕਦੇ ਹਨ, ਪਰ ਗਿਆਨ ਅਤੇ ਨਾਮ ਦਾ ਵੱਡਾ ਪੁੰਨ ਕੇਵਲ ਗੁਰੂ ਦਾ ਹੀ ਹੈ॥੯॥

## ਜੋ ਗੁਰਸਿਖ ਗੁਰੁ ਸੇਵਦੇ; ਸੇ ਪੁੰਨ ਪਰਾਣੀ ॥

ਜੋ ਗੁਰਸਿੱਖ ਇਹੋ ਜਿਹੇ ਗੁਰੂ ਦੀ ਸੇਵਾ ਕਰਦੇ ਹਨ, ਉਹ ਪੁਰਸ਼ ਪੁੰਨ=ਪਵਿੱਤਰ ਹੋ ਗਏ ਹਨ। ਉਨ੍ਹਾਂ ਪ੍ਰਾਣੀਆਂ ਨੂੰ ਤਨ ਅਤੇ ਮਨ ਦੀ ਸੱਚੀ ਪਵਿੱਤਰਤਾ ਪ੍ਰਾਪਤ ਹੋ ਗਈ ਹੈ।

## ਜਨੁ ਨਾਨਕੁ ਤਿਨ ਕਉ ਵਾਰਿਆ; ਸਦਾ ਸਦਾ ਕੁਰਬਾਣੀ ॥੧੦॥

ਸਤਿਗੁਰੂ ਜੀ ਆਖਦੇ ਹਨ ਕਿ ਦਾਸ ਉਨ੍ਹਾਂ ਤੋਂ ਸਦਾ ਸਦਾ ਹੀ ਵਾਰੀ ਘੋਲੀ ਜਾਂਦਾ ਹੈ॥੧੦॥

## ਗੁਰਮੁਖਿ ਸਖੀ ਸਹੇਲੀਆ; ਸੇ ਆਪਿ ਹਰਿ ਭਾਈਆ ॥

(ਜੋ) ਸਤਿਗੁਰੂ ਦੀਆਂ ਸਖੀਆਂ ਸਹੇਲੀਆਂ ਹਨ, ਉਹ ਹਰੀ ਨੂੰ ਆਪੇ ਭਾਈਆ=ਭਾਉਂਦੀਆਂ ਹਨ (ਅਰਥਾਤ ਸਤਿਗੁਰੂ ਨਾਲ ਪਿਆਰ ਕਰਨ ਵਾਲੇ ਸਿੱਖ-ਸੇਵਕ ਹਰੀ ਨੂੰ ਭਾਉਂਦੇ ਹਨ)।

## ਹਰਿ ਦਰਗਹ ਪੈਨਾਈਆ; ਹਰਿ ਆਪਿ ਗਲਿ ਲਾਈਆ ॥੧੧॥

ਉਸ ਹਰਿ=ਵਾਹਿਗੁਰੂ ਦੀ ਦਰਗਹ=ਨਿਆਏ ਸਭਾ ਵਿੱਚ ਉਨ੍ਹਾਂ ਨੂੰ ਜਸ ਰੂਪੀ ਪੁਸ਼ਾਕ ਪਹਿਨਾਈ ਹੈ, ਭਾਵ ਇਜ਼ਤ ਹੋਈ ਹੈ ਅਤੇ ਹਰੀ ਨੇ ਉਨ੍ਹਾਂ ਨੂੰ ਆਪਣੇ ਅਭੇਦ ਕਰਨ ਰੂਪ ਗਲ ਨਾਲ ਲਗਾਇਆ ਹੈ॥੧੧॥

## ਜੋ ਗੁਰਮੁਖਿ ਨਾਮੁ ਧਿਆਇਦੇ; ਤਿਨ ਦਰਸਨੁ ਦੀਜੈ ॥

ਹੇ ਵਾਹਿਗੁਰੂ ! ਜੋ=ਜਿਹੜੇ ਮੁਖੀ ਗੁਰਾਂ ਦੁਆਰਾ ਨਾਮ ਨੂੰ ਧਿਆਉਂਦੇ ਹਨ, ਮੈਨੂੰ ਤਿਨ=ਉਨ੍ਹਾਂ ਦਾ ਦਰਸ਼ਨ ਦੇਣਾ ਕਰ।

**ਹਮ ਤਿਨ ਕੇ ਚਰਣ ਪਖਾਲਦੇ; ਧੂੜਿ ਘੋਲਿ ਘੋਲਿ ਪੀਜੈ ॥੧੨॥**

ਹਮ=ਅਸੀਂ ਤਿਨ=ਉਨ੍ਹਾਂ ਦੇ, ਚਰਣ=ਪੈਰ, ਪਖਾਲਦੇ=ਧੋਂਦੇ ਹਾਂ ਅਤੇ ਉਨ੍ਹਾਂ ਦੀ ਚਰਨ ਧੂੜਿ=ਧੂੜੀ ਘੋਲਿ ਘੋਲਿ ਕੇ ਪੀਂਦੇ ਹਾਂ ਵਾ ਆਪਣਾ ਦੇਹ ਅਭਿਆਨ ਭਾਵ ਮੇਟ ਕੇ ਅਤੇ ਆਪਣੇ ਆਪ ਨੂੰ ਉਨ੍ਹਾਂ ਤੋਂ ਘੋਲਿ=ਕੁਰਬਾਨ ਕਰ ਕੇ ਉਹਨਾਂ ਦੀ ਸ਼ਰਧਾ ਰੂਪੀ ਧੂੜੀ ਪ੍ਰਾਪਤ ਕਰਨ ਰੂਪ ਪੀਣਾ ਕਰਦੇ ਹਾਂ॥੧੨॥

**ਪਾਨ ਸੁਪਾਰੀ ਖਾਤੀਆ; ਮੁਖਿ ਬੀੜੀਆ ਲਾਈਆ ॥**

ਜੋ ਪਰਤੱਖ ਇਸਤਰੀਆਂ ਪਾਨ ਤੇ ਸੁਪਾਰੀ ਖਾਂਦੀਆਂ ਸਨ ਤੇ ਬੀੜੀਆ=ਬਿੰਦੀਆਂ ਲਗਾਈ ਰੱਖਦੀਆਂ ਸਨ, ਅਥਵਾ ਜੋ ਮਨੁੱਖ ਪਾਨ ਸੁਪਾਰੀ ਆਦਿ ਦੇ ਬੀੜੇ ਮੂੰਹ ਵਿੱਚ ਲਗਾ ਰਖਦੇ ਸਨ।

**ਹਰਿ ਹਰਿ ਕਦੇ ਨ ਚੇਤਿਓ; ਜਮਿ ਪਕੜਿ ਚਲਾਈਆ ॥੧੩॥**

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਕਦੇ ਭੀ ਚੇਤਿਓ=ਚਿਤਵਿਆ ਨਹੀਂ ਸੀ, ਉਨ੍ਹਾਂ ਨੂੰ ਜਮ ਨੇ ਫੜ ਕੇ ਅੱਗੇ ਤੋਰ ਲਿਆ ਹੈ॥੧੩॥

**ਜਿਨ ਹਰਿ ਨਾਮਾ ਹਰਿ ਚੇਤਿਆ; ਹਿਰਦੈ ਉਰਿ ਧਾਰੇ ॥**

ਜਿਨ੍ਹਾਂ ਨੇ ਹਰਿ ਨਾਮ ਨੂੰ ਚੇਤਿਆ=ਸਿਮਰਿਆ ਹੈ ਅਤੇ ਹਿਰਦੇ ਦੇ ਉਰਿ=ਵਿਚ ਭੀ ਧਾਰਿਆ ਹੋਇਆ ਹੈ।

**ਤਿਨ ਜਮੁ ਨੇੜਿ ਨ ਆਵਈ; ਗੁਰਸਿਖ ਗੁਰ ਪਿਆਰੇ ॥੧੪॥**

ਉਹ ਜੋ ਗੁਰੂ ਦੇ ਪਿਆਰੇ ਗੁਰਸਿੱਖ ਹਨ, ਉਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ॥੧੪॥

**ਹਰਿ ਕਾ ਨਾਮੁ ਨਿਧਾਨੁ ਹੈ; ਕੋਈ ਗੁਰਮੁਖਿ ਜਾਣੈ ॥**

ਕੋਈ ਵਿਰਲਾ ਗੁਰਮੁਖ ਹੀ ਜਾਣਦਾ ਹੈ ਕਿ ਹਰੀ ਦਾ ਨਾਮ, ਨਿਧੀਆਂ ਦਾ ਖ਼ਜ਼ਾਨਾ ਹੈ।

**ਨਾਨਕ ਜਿਨ ਸਤਿਗੁਰੁ ਭੇਟਿਆ; ਰੰਗਿ ਰਲੀਆ ਮਾਣੈ ॥੧੫॥**

ਗੁਰੂ ਜੀ ਉਚਾਰਦੇ ਹਨ, ਜਿਨ੍ਹਾਂ ਪੁਰਸ਼ਾਂ ਨੂੰ ਸਤਿਗੁਰੂ ਭੇਟਿਆ=ਮਿਲਿਆ ਹੈ, ਉਹ ਰਲੀਆ=ਖ਼ੁਸ਼ੀਆਂ ਦੇ ਰੰਗਿ=ਅਨੰਦ ਨੂੰ, ਮਾਣੈ=ਭੋਗਦੇ ਹਨ॥੧੫॥

**ਸਤਿਗੁਰੁ ਦਾਤਾ ਆਖੀਐ; ਤੁਸਿ ਕਰੇ ਪਸਾਓ ॥**

ਸਤਿਗੁਰੂ ਜੀ ਦਾਤੇ ਕਹੇ ਜਾਂਦੇ ਹਨ, ਜੋ ਤੁਸਿ=ਪ੍ਰਸੰਨ ਹੋ ਕੇ ਸਿੱਖਾਂ ਨੂੰ ਪ੍ਰਤੱਖ ਪਸਾਓ=ਨਾਮ ਦੀ ਦਾਤ ਦੇਣਾ ਕਰਦੇ ਹਨ।

**ਹਉ ਗੁਰ ਵਿਟਹੁ ਸਦ ਵਾਰਿਆ; ਜਿਨਿ ਦਿਤੜਾ ਨਾਓ ॥੧੬॥**

ਹਉ=ਮੈਂ ਗੁਰੂ ਦੇ ਉਪਰੋਂ ਸਦ=ਹਮੇਸ਼ਾਂ ਵਾਰਿਆ=ਵਾਰਨੇ ਜਾਂਦਾ ਹਾਂ, ਜਿਸ ਗੁਰੂ ਨੇ ਮੈਨੂੰ ਨਾਮ ਦਿਤੜਾ=ਦਿਤਾ ਹੈ ਭਾਵ ਬਖ਼ਸ਼ਿਆ ਹੈ॥੧੬॥

**ਸੋ ਧੰਨੁ ਗੁਰੂ ਸਾਬਾਸਿ ਹੈ; ਹਰਿ ਦੇਇ ਸਨੇਹਾ ॥**

ਉਹ ਗੁਰੂ ਧੰਨ ਹਨ, ਮੈਂ ਉਨ੍ਹਾਂ ਨੂੰ ਸ਼ਾਬਾਸ ਦਿੰਦਾ ਹਾਂ, ਜੋ ਹਰਿ=ਵਾਹਿਗੁਰੂ ਦੀ ਪ੍ਰਾਪਤੀ ਦਾ ਸਨੇਹਾ=ਸੰਦੇਸ਼ ਦਿੰਦੇ ਹਨ।

## ਹਉ ਵੇਖਿ ਵੇਖਿ ਗੁਰੂ ਵਿਗਸਿਆ; ਗੁਰ ਸਤਿਗੁਰ ਦੇਹਾ ॥੧੭॥

ਵੇਖਣੇ ਯੋਗ ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖਿ ਕੇ ਮੈਂ ਗੁਰੂ=ਬੜਾ ਪ੍ਰਸੰਨ ਹੋਇਆ ਹਾਂ, **ਅਥਵਾ** ਸਾਰਿਆਂ ਤੋਂ ਗੁਰੂ=ਵਡੀ ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖ ਵੇਖ ਕੇ ਵਿਗਸਿਆ=ਪ੍ਰਸੰਨ ਹੋਇਆ ਹਾਂ ॥੧੭॥

## ਗੁਰ ਰਸਨਾ ਅੰਮ੍ਰਿਤੁ ਬੋਲਦੀ; ਹਰਿ ਨਾਮਿ ਸੁਹਾਵੀ ॥

ਗੁਰੂ ਦੀ ਰਸਨਾ ਨਾਮ ਅੰਮ੍ਰਿਤ ਨੂੰ ਬੋਲਦੀ ਹੈ ਅਤੇ ਹਰੀ ਨਾਮ ਕਰਕੇ ਸੋਭਾ ਵਾਲੀ ਹੋਈ ਹੈ, **ਅਥਵਾ** ਗੁਰਾਂ ਦੀ ਰਸਨਾ ਸੋਭਨੀਕ ਹਰੀ ਨਾਮ ਅੰਮ੍ਰਿਤ ਨੂੰ ਬੋਲਦੀ ਹੈ।

## ਜਿਨ ਸੁਣਿ ਸਿਖਾ ਗੁਰੁ ਮੰਨਿਆ; ਤਿਨਾ ਭੁਖ ਸਭ ਜਾਵੀ ॥੧੮॥

ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਦੀ ਸਿਖਾ=ਸਿਖਿਆ ਨੂੰ ਸੁਣ ਕੇ ਮੰਨਣਾ ਕੀਤਾ ਹੈ, ਉਨ੍ਹਾਂ ਦੀ ਸਾਰੀ ਪਦਾਰਥਾਂ ਦੀ ਭੁਖ ਜਾਵੀ=ਚਲੀ ਜਾਂਦੀ ਹੈ ॥੧੮॥

## *ਪ੍ਰਸ਼ਨ :* ਹਰਿ ਕਾ ਮਾਰਗੁ ਆਖੀਐ; ਕਹੁ ਕਿਤੁ ਬਿਧਿ ਜਾਈਐ ॥

ਜਗਿਆਸੂ ਮੁਖ ਦੁਆਰਾ ਬੇਨਤੀ ਕਰਨ ਦਾ ਢੰਗ ਦਸਿਆ ਹੈ ਕਿ ਮਹਾਂਪੁਰਸ਼ਾਂ ਅੱਗੇ ਜਾ ਕੇ ਹਰਿ=ਵਾਹਿਗੁਰੂ ਦੀ ਪ੍ਰਾਪਤੀ ਦਾ ਬ੍ਰਹਮ ਗਿਆਨ ਰੂਪ ਰਸਤਾ ਆਖੀਦਾ ਹੈ, ਕਹੁ=ਕਹਿਣਾ ਕਰੋ, ਉਸ ਉੱਤੇ ਕਿਸ ਬਿਧਿ=ਜੁਗਤੀ ਨਾਲ ਜਾਈਦਾ ਹੈ।

## *ਉਤਰ :* ਹਰਿ ਹਰਿ ਤੇਰਾ ਨਾਮੁ ਹੈ; ਹਰਿ ਖਰਚੁ ਲੈ ਜਾਈਐ ॥੧੯॥

ਹੇ ਭਾਈ ! ਹਰੀ ਦਾ ਨਾਮ ਹਰਿ=ਹਰ ਤਰ੍ਹਾਂ ਕਰਕੇ ਤੇਰਾ ਸਹਾਇਕ ਹੈ, ਇਸ ਲਈ ਹਰੀ ਨਾਮ ਰੂਪੀ ਖ਼ਰਚ ਨੂੰ ਲੈ ਕੇ ਪਰਲੋਕ ਵਿੱਚ ਜਾਣਾ ਕਰ। ਹਰੀ ਦਾ ਜੋ ਹਰਿ ਹਰਿ ਨਾਮ ਹੈ ਇਹੀ ਪਰਲੋਕ ਦਾ ਖ਼ਰਚਾ ਹੈ। ਇਸ ਖ਼ਰਚ ਨੂੰ ਨਾਲ ਲੈ ਕੇ ਜਾਣਾ ਕਰ ॥੧੯॥

## ਜਿਨ ਗੁਰਮੁਖਿ ਹਰਿ ਆਰਾਧਿਆ; ਸੇ ਸਾਹ ਵਡ ਦਾਣੇ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰਾ ਹਰੀ ਨਾਮ ਨੂੰ ਆਰਾਧਿਆ ਹੈ, ਉਹ ਸਾਰਿਆਂ ਦੇ ਵਡੇ ਸਾਹ=ਸ਼ਾਹੂਕਾਰ ਦਾਣੇ=ਜਾਣੇ ਜਾਂਦੇ ਹਨ।

## ਹਉ ਸਤਿਗੁਰ ਕਉ ਸਦ ਵਾਰਿਆ; ਗੁਰ ਬਚਨਿ ਸਮਾਣੇ ॥੨੦॥

ਹਉ=ਮੈ ਉਨ੍ਹਾਂ ਸਤਿਗੁਰਾਂ ਤੋਂ ਵਾਰਿਆ=ਵਾਰਨੇ ਜਾਂਦਾ ਹਾਂ, ਜਿਨ੍ਹਾਂ ਗੁਰਾਂ ਦੇ ਬਚਨ ਮੇਰੇ ਹਿਰਦੇ ਵਿੱਚ ਸਮਾਏ ਹਨ, **ਅਥਵਾ** ਜਿਨ੍ਹਾਂ ਗੁਰਾਂ ਦੇ ਬਚਨਾਂ ਕਰਕੇ ਕਾਮ ਆਦਿਕ ਸਮਾਣੇ=ਅਭਾਵ ਹੋ ਗਏ ਹਨ ॥੨੦॥ ਹੇ ਭਾਈ ! ਵਾਹਿਗੁਰੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ।

## ਤੂ ਠਾਕੁਰੁ ਤੂ ਸਾਹਿਬੋ; ਤੂਹੈ ਮੇਰਾ ਮੀਰਾ ॥

ਤੂੰ ਮੇਰਾ ਪਿੱਛੇ ਭੀ ਠਾਕੁਰੁ=ਸੁਆਮੀ ਸੀ, ਅੱਗੇ ਨੂੰ ਭੀ ਤੂੰ ਹੀ ਮੇਰਾ ਸਾਹਿਬ ਹੋਵੇਂਗਾ, ਹੁਣ ਭੀ ਤੂੰ ਹੀ ਮੇਰਾ ਮੀਰਾ=ਪਾਤਿਸ਼ਾਹ ਹੈਂ।

## *ਤੁਧੁ ਭਾਵੈ ਤੇਰੀ ਬੰਦਗੀ; ਤੂ ਗੁਣੀ ਗਹੀਰਾ ॥੨੧॥*

ਤੇਰੀ ਬੰਦਗੀ ਹੀ ਤੁਧੁ=ਤੈਨੂੰ ਭਾਵੈ=ਭਾਉਂਦੀ ਹੈ, **ਅਥਵਾ** ਜੋ ਤੇਰੀ ਬੰਦਗੀ ਕਰਦਾ ਹੈ, ਉਹੀ ਤੈਨੂੰ ਭਾਉਂਦਾ ਹੈ। ਤੂੰ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਹੈਂ ॥੨੧॥ ਜੈਸਾ ਕਿ :

**ਤੇਰੀ ਪਨਹ ਖੁਦਾਇ ਤੂੰ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥**

[ਆਸਾ ਸੇਖ ਫਰੀਦ ਜੀ, ਅੰਗ ੪੮੮]

## *ਆਪੇ ਹਰਿ ਇਕ ਰੰਗੁ ਹੈ; ਆਪੇ ਬਹੁ ਰੰਗੀ ॥*

ਹਰੀ ਆਪ ਹੀ ਇੱਕ ਰੰਗੁ=ਨਿਰਗੁਣ ਸਰੂਪ ਹੋ ਰਿਹਾ ਹੈ, ਹਰੀ ਆਪ ਹੀ ਬਹੁਰੰਗੀ=ਸਰਗੁਣ ਸਰੂਪ ਹੋ ਰਿਹਾ ਹੈ।

## *ਜੋ ਤਿਸੁ ਭਾਵੈ ਨਾਨਕਾ; ਸਾਈ ਗਲ ਚੰਗੀ ॥੨੨॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਉਸ ਵਾਹਿਗੁਰੂ ਨੂੰ ਭਾਉਂਦਾ ਹੈ, ਸਾਈ=ਉਹੀ ਗਲ ਚੰਗੀ ਹੈ ॥੨੨॥੨॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਰ ਨੰਬਰ ੧੨੩ [ਆਦਿ ਅੰਗ ੭੨੮]

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਸਾਦਿ ॥
ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧ ॥

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥੩॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

## ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
## ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਸਾਦਿ ॥
## ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧ ॥

੧=ਅਦੁੱਤੀ ਬ੍ਰਹਮ, ੴ=ਸਰਬ ਕਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਨਾਮੁ=ਪ੍ਰਸਿੱਧ, ਕਰਤਾ=ਸ੍ਰਿਸ਼ਟੀ ਦਾ ਕਰਣਹਾਰ, ਪੁਰਖੁ=ਵਿਆਪਕ, ਨਿਰਭਉ=ਡਰ ਤੋਂ ਰਹਿਤ, ਨਿਰਵੈਰੁ=ਵੈਰ ਤੋਂ ਰਹਿਤ, ਅਕਾਲ=ਕਾਲ ਤੋਂ ਰਹਿਤ, ਮੂਰਤਿ=ਸਰੂਪ, ਉਸਦਾ ਕਾਲ ਰਹਿਤ ਸਰੂਪ ਹੈ, ਅਜੂਨੀ=ਜੂਨਾਂ ਤੋਂ ਰਹਿਤ, ਸੈਭੰ=ਸੁਤੇ ਪ੍ਰਕਾਸ਼, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ ਹੈ, **ਅਥਵਾ** ਗੁਰ=ਗੁਰੂ ਦੀ ਪ੍ਰਸਾਦਿ=ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਸੂਹੀ ਰਾਗਣੀ ਵਿੱਚ ਮਹਲਾ ੧=ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਚਉਪਦੇ=ਚਾਰ ਚਾਰ ਪਦਿਆਂ ਵਾਲੇ ਸ਼ਬਦ ਘਰੁ ੧=ਪਹਿਲੇ ਸੁਰਤਾਲ ਵਿੱਚ ਉਚਾਰਣ ਕਰਦੇ ਹਨ।

**ਉਥਾਨਕਾ—**ਇੱਕ ਵਾਰ ਸਤਿਗੁਰੂ ਸ੍ਰੀ ਨਾਨਕ ਦੇਵ ਜੀ ਮਹਾਰਾਜ ਦੇ ਕੋਲ ਕੁਝ ਸਿੱਧ ਪੁਰਸ਼ ਪਹੁੰਚੇ, ਜੋ ਜੋਗ ਮਾਰਗ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਤੋਂ ਨਿਰਾਸ ਹੋ ਚੁੱਕੇ ਸਨ। ਇਹ ਵਿਚਾਰ ਕਰਕੇ ਕਿ ਗੁਰੂ ਸਾਹਿਬ ਤੋਂ ਪ੍ਰਭੂ ਪ੍ਰਾਪਤੀ ਦਾ ਸੌਖਾ ਮਾਰਗ ਪੁੱਛੀਏ, ਜਿਸ ਦੁਆਰਾ ਉਹ ਆਪਣੇ ਸਿੱਖਾਂ ਨੂੰ ਪ੍ਰਭੂ ਦੀ ਪ੍ਰਾਪਤੀ ਕਰਵਾ ਕੇ ਸੰਸਾਰ ਸਮੁੰਦਰ ਤੋਂ ਤਾਰਦੇ ਹਨ। ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਭਾਵਨਾ ਸਹਿਤ ਜਗਿਆਸਾ ਪ੍ਰਗਟਾਉਂਦਿਆਂ ਬੇਨਤੀ ਕੀਤੀ ਕਿ ਮਹਾਰਾਜ ਜੀ, ਜੋ ਅਸੀਂ ਉਪਦੇਸ਼-ਸਿਖਿਆ ਸੁਣਦੇ ਹਾਂ, ਉਹ ਸਾਡੇ ਹਿਰਦੇ ਵਿੱਚ ਬਹੁਤੀ ਦੇਰ ਤਕ ਠਹਿਰਦਾ ਨਹੀਂ, ਇਸਦਾ ਕੀ ਕਾਰਨ ਹੈ ? ਤਾਂ ਸਤਿਗੁਰੂ ਜੀ ਨੇ ਕਿਹਾ ਕਿ ਅੰਤਸ਼ਕਰਨ ਵਿੱਚ ਤਿੰਨ ਦੋਸ਼ ਮਲ ਵਿਖੇਪ ਅਵਰਨ ਹਨ। ਇਨ੍ਹਾਂ ਦੋਸ਼ਾਂ ਦੇ ਕਾਰਨ ਗੁਰ ਉਪਦੇਸ਼ ਹਿਰਦੇ ਵਿੱਚ ਨਹੀਂ ਠਹਿਰਦਾ।

ਜਦੋਂ ਸਿੱਧਾਂ ਨਾਲ ਵਾਰਤਾ ਹੋ ਰਹੀ ਸੀ, ਉਦੋਂ ਕੁਝ ਗੁਰਸਿੱਖ ਵੀ ਸਤਿਗੁਰਾਂ ਦੇ ਚਰਨਾਂ ਵਿੱਚ ਬੈਠੇ ਸਨ। ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਸਾਡੀ ਹਾਲਤ ਵੀ ਇਨ੍ਹਾਂ ਸਿੱਧਾਂ ਵਰਗੀ ਹੀ ਹੈ। ਆਪ ਕਿਰਪਾ ਕਰਕੇ ਦੱਸੋ ਕਿ ਇਨ੍ਹਾਂ ਦੋਸ਼ਾਂ ਦੀ ਨਵਿਰਤੀ ਕਿਵੇਂ ਹੋਵੇ ? ਤਾਂ ਸਤਿਗੁਰੂ ਜੀ ਨੇ ਜੋ ਉੱਤਰ ਦਿੱਤਾ, ਉਹ ਇਸ ਮੁਖਵਾਕ ਦੇ ਰੂਪ ਵਿੱਚ ਸੁਸ਼ੋਭਿਤ ਹੈ। ਇਥੇ ਰੂਪਕ ਅਲੰਕਾਰ ਦੁਆਰਾ ਉਪਦੇਸ਼ ਦਿੰਦੇ ਹਨ। ਦੁੱਧ ਜਮਾਉਣ ਦੇ ਤਰੀਕੇ ਨੂੰ ਅੰਤਰੀਵ ਭਾਵ ਵਿੱਚ ਲੈ ਕੇ ਸੌਖੇ ਤਰੀਕੇ ਨਾਲ ਹਿਰਦੇ ਵਿੱਚ ਨਾਮ ਵਸਾਉਣ ਦੀ ਜੁਗਤੀ ਦੱਸਦੇ

ਹਨ। ਜਿਵੇਂ ਦੁੱਧ ਜਮਾਉਣ ਤੋਂ ਪਹਿਲਾਂ ਪੁਰਾਤਨ ਸਮੇਂ ਵਿੱਚ ਦੁੱਧ ਜਮਾਉਣ ਵਾਲੇ ਭਾਂਡੇ ਨੂੰ ਚੰਗੀ ਤਰ੍ਹਾਂ ਧੋ, ਸਵਾਰ ਕੇ, ਧੁੱਪੇ ਸੁਕਾ ਕੇ, ਫਿਰ ਸੁਗੰਧੀ ਵਾਲੀ ਧੂਪ, ਇਸ ਲਈ ਦਿੰਦੇ ਸਨ ਕਿ ਘਿਓ ਵਿੱਚੋਂ ਸੁਗੰਧੀ ਆਵੇ।

## ਭਾਂਡਾ ਧੋਇ ਬੈਸਿ ਧੂਪੁ ਦੇਵਹੁ; ਤਉ ਦੂਧੈ ਕਉ ਜਾਵਹੁ ॥

ਭਾਂਡਾ=ਪਾਤਰ ਭਾਵ ਬਰਤਨ ਅੰਤਸ਼ਕਰਨ ਰੂਪ ਭਾਂਡੇ ਨੂੰ ਬੈਸਿ=ਵਾਸ਼ਨਾ ਤੋਂ ਰਹਿਤ ਕਰਨ ਰੂਪ ਧੋਣਾ ਕਰੋ **ਵਾ**: ਨਿਸ਼ਕਾਮ ਕਰਮਾਂ ਰੂਪੀ ਜਲ ਨਾਲ ਧੋਣਾ ਕਰੋ ਅਤੇ ਬੈਸਿ ਧੂਪ ਦੇਵਹੁ, ਬੈਸਿ=ਸ਼ੁਭ ਵਾਸ਼ਨਾ ਧਾਰਨ ਕਰਨ ਰੂਪ ਧੂਪ ਦੇਣੀ ਕਰੋ ਤਉ=ਤਾਂ ਫਿਰ ਗੁਰ ਉਪਦੇਸ਼ ਰੂਪ ਦੁੱਧ ਕਉ=ਨੂੰ ਲੈਣ ਵਾਸਤੇ ਜਾਵਹੁ=ਜਾਣਾ ਕਰੋ।

ਉਪਰਲੀ ਤੁਕ ਵਿੱਚ ਜੋ ਸਤਿਗੁਰੂ ਜੀ ਨੇ ਭਾਂਡੇ ਦਾ ਪ੍ਰਮਾਣ ਦਿੱਤਾ ਹੈ, ਸਤਿਗੁਰੂ ਜੀ ਦੇ ਇਸ ਇਸ਼ਾਰੇ ਨੂੰ ਸਮਝਣ ਦੀ ਲੋੜ ਹੈ। ਸੰਸਾਰ ਵਿੱਚ ਜਿਹੋ ਜਿਹੀ ਵਸਤੂ ਹੁੰਦੀ ਹੈ, ਉਸਨੂੰ ਸੰਭਾਲਣ ਲਈ ਉਹੋ ਜਿਹਾ ਹੀ ਭਾਂਡਾ ਹੋਇਆ ਕਰਦਾ ਹੈ। ਭਾਂਡਿਆਂ ਦੀਆਂ ਬਹੁਤ ਕਿਸਮਾਂ ਹਨ। ਸੋਨੇ-ਚਾਂਦੀ ਦੇ ਭਾਂਡੇ, ਮਿੱਟੀ-ਪੱਥਰ ਦੇ ਭਾਂਡੇ, ਲੋਹੇ ਦੇ ਬਰਤਨ, ਤਾਂਬੇ- ਪਿੱਤਲ ਦੇ ਬਰਤਨ, ਇਹ ਸਭ ਖਾਣ-ਪੀਣ ਵਾਲੇ ਪਦਾਰਥ ਨੂੰ ਸੰਭਾਲਣ ਲਈ ਵਰਤੀਦੇ ਹਨ। ਬਰਤਨ ਤੋਂ ਬਿਨਾਂ ਚੰਗੇ ਤੋਂ ਚੰਗੇ ਪਦਾਰਥ ਵੀ ਮਨੁੱਖ ਨੂੰ ਖਾਣੇ ਪੀਣੇ ਮੁਸ਼ਕਲ ਹਨ, ਖਾਧੇ ਪੀਤੇ ਨਹੀਂ ਜਾਂਦੇ। ਪ੍ਰਮਾਰਥੀ ਦੁਨੀਆ ਵਿੱਚ ਸਿੱਖ ਲਈ ਗੁਰੂ ਦਾ ਉਪਦੇਸ਼ ਹੀ ਅਸਲੀ ਰੂਹਾਨੀਅਤ ਖ਼ੁਰਾਕ ਹੈ। ਮਨੁੱਖ ਦੇ ਕੋਲ ਭਾਂਡਾ ਭਾਵੇਂ ਸੋਨੇ ਚਾਂਦੀ ਦਾ ਹੋਵੇ। ਪਰ ਜੇ ਉਹ ਗੰਦਾ, ਮਲੀਨ ਹੈ ਤਾਂ ਉਸ ਵਿੱਚ ਦੁੱਧ ਪਾ ਕੇ ਪੀਤਾ ਨਹੀਂ ਜਾ ਸਕਦਾ। ਜੇ ਦੁੱਧ ਪਾ ਵੀ ਲਈਏ ਤਾਂ ਉਹ ਪੀਣ ਯੋਗ ਨਹੀਂ ਰਹੇਗਾ। ਇਸ ਲਈ ਭਾਂਡੇ ਨੂੰ ਸ਼ੁੱਧ, ਪਵਿੱਤਰ ਕਰ ਕੇ ਹੀ ਵਿਚ ਦੁੱਧ ਪਾਉਣਾ ਸੰਸਾਰ ਦੀ ਰਹੁ-ਰੀਤ ਹੈ, ਇਸ ਗੱਲ ਦਾ ਪ੍ਰਮਾਣ ਦੇ ਕੇ ਸਤਿਗੁਰੂ ਜੀ ਉਪਰੋਕਤ ਤੁਕ ਵਿੱਚ ਬਰਤਨ ਤੇ ਵਸਤੂ ਦਾ ਵੀਚਾਰ ਦਿੰਦੇ ਹਨ ਕਿ ਹੇ ਸਿੱਖ! ਤੇਰੇ ਕੋਲ ਅੰਤਸ਼ਕਰਨ ਰੂਪ ਭਾਂਡਾ ਤਾਂ ਹੈ, ਪਰ ਭਾਂਡਾ ਅਤਿਅੰਤ ਮਲੀਨਤਾ ਨੂੰ ਪ੍ਰਾਪਤ ਹੈ।

ਯਥਾ— **ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥** [ਸੂਹੀ ਮਹਲਾ ੧, ਅੰਗ ੭੩੦]

ਇਹ ਭਾਂਡਾ ਤੀਰਥਾਂ ਦੇ ਜਲ ਨਾਲ ਧੋਤਾ ਹੋਇਆ ਸ਼ੁੱਧ ਨਹੀਂ ਹੋ ਸਕਦਾ। ਇਹ ਸਤਿਗੁਰਾਂ ਦੀ ਦੱਸੀ ਹੋਈ ਜੁਗਤ ਦੁਆਰਾ ਹੀ ਸੁੱਧ ਹੋ ਸਕਦਾ ਹੈ। ਅੰਤਸ਼ਕਰਨ ਰੂਪ ਭਾਂਡੇ ਵਿੱਚ ਤਿੰਨ ਦੋਸ਼ ਹਨ, ਜਿਨ੍ਹਾਂ ਕਰਕੇ ਇਹ ਅਤਿ ਦਰਜੇ ਦਾ ਮਲੀਨ ਮੰਨਿਆ ਹੈ। ਤਿੰਨ ਦੋਸ਼ :—ਮਲ, ਵਿਖੇਪ ਅਤੇ ਅਵਰਨ। ਮਲ ਦੋਸ਼ ਉਸ ਨੂੰ ਕਹਿੰਦੇ ਹਨ, ਜੋ ਜਨਮਾਂ-ਜਨਮਾਂਤਰਾਂ ਦੇ ਕੀਤੇ ਬੁਰੇ ਕਰਮ, ਉਨ੍ਹਾਂ ਪਾਪ ਕਰਮਾਂ ਦੀ ਮੈਲ ਭਾਵੇਂ ਅੱਖਾਂ ਨੂੰ ਤਾਂ ਨਹੀਂ ਦਿਸਦੀ। ਨਾ ਕੋਈ ਇੱਕ ਮਨੁੱਖ ਦੂਜੇ ਮਨੁੱਖ ਨੂੰ ਦੇਖ ਕੇ ਦੱਸ ਸਕਦਾ ਹੈ ਕਿ ਤੇਰਾ ਅੰਤਸ਼ਕਰਨ ਕਿਤਨਾ-ਕੁ ਮਲੀਨ ਹੈ। ਕਿਉਂਕਿ ਅਸਥੂਲ ਵਸਤੂ ਨੂੰ ਨੇਤਰ ਦੇਖ ਸਕਦੇ ਹਨ ਤੇ ਅਸਥੂਲ ਵਸਤੂ ਦੀ ਮੈਲ ਨੂੰ ਦੇਖ ਕੇ ਪਹਿਚਾਣ ਸਕਦੇ ਹਨ ਕਿ ਇਹ ਵਸਤੂ ਮੈਲੀ ਹੈ। ਅੰਤਸ਼ਕਰਨ ਸੂਖਮ ਹੈ ਅਤੇ ਇਸ ਦੀ ਮੈਲ ਵੀ ਸੂਖਮ ਹੈ, ਜੋ ਨੇਤਰਾਂ ਦਾ ਵਿਸ਼ਾ ਨਹੀਂ। ਉਸਨੂੰ ਵੀਚਾਰ ਰੂਪ ਨੇਤਰ ਹੀ ਦੇਖ ਸਕਦੇ ਹਨ। ਜਦੋਂ ਮਨ ਹਰ ਵਕਤ ਬੁਰਾਈ ਸੋਚਦਾ ਰਹੇ, ਵਿਸ਼ੇ-ਵਿਕਾਰਾਂ ਵੱਲ ਦੌੜਦਾ ਰਹੇ ਤਾਂ ਸਮਝੋ ਕਿ ਜਨਮਾਂ-ਜਨਮਾਂਤਰਾਂ ਦੀ ਅਤਿਅੰਤ ਮੈਲ ਅੰਤਸ਼ਕਰਨ ਵਿੱਚ ਪਈ ਹੈ, ਇਸੇ ਨੂੰ ਮਲ ਦੋਸ਼ ਕਿਹਾ ਹੈ। ਇਸਦੀ ਨਵਿਰਤੀ ਨਿਸ਼ਕਾਮ ਕਰਮਾਂ ਦੁਆਰਾ ਮੰਨੀ ਹੈ। ਨਿਸ਼ਕਾਮ ਕਰਮਾਂ ਦੁਆਰਾ ਜਦੋਂ ਇਸ ਦੋਸ਼ ਤੋਂ ਛੁਟਕਾਰਾ ਮਿਲ ਜਾਂਦਾ ਹੈ ਤਾਂ ਬੁਰੇ ਖ਼ਿਆਲ ਸੋਚਣ ਤੋਂ ਹੱਟ ਜਾਂਦਾ ਹੈ, ਪਰ ਵਿਖੇਪ ਦੋਸ਼ ਕਾਰਨ ਦੌੜਨ ਤੋਂ ਨਹੀਂ ਹਟਦਾ, ਸਿਰਫ਼ ਫ਼ਰਕ ਇਤਨਾ ਹੀ ਪੈਂਦਾ ਹੈ ਕਿ ਮਲ ਦੋਸ਼ ਕਾਰਨ ਬੁਰੇ ਪਾਸੇ ਨੂੰ ਦੌੜਦਾ ਸੀ। ਹੁਣ ਦੌੜਦਾ ਤਾਂ ਹੈ, ਪਰ ਕਿਸੇ ਦੀ ਬੁਰਾਈ ਵਿੱਚ ਨਹੀਂ, ਆਪਣੀ ਭਲਾਈ ਵਿੱਚ ਦੌੜਦਾ ਹੈ। ਕਿਸੇ ਦੀ ਮਾਇਆ ਖੋਹਣ ਲਈ ਨਹੀਂ, ਪਰ ਮਾਇਆ ਦੀ ਪ੍ਰਾਪਤੀ ਲਈ ਦੌੜਦਾ ਹੈ। ਇਸ ਨੂੰ ਵਿਖੇਪ ਦੋਸ਼ ਕਹਿੰਦੇ ਹਨ, ਇਸ ਦੀ ਨਵਿਰਤੀ ਉਪਾਸ਼ਨਾ ਦੁਆਰਾ ਮੰਨੀ ਹੈ। ਉਪਾਸ਼ਨਾ ਵਿੱਚ ਦੋ ਚੀਜ਼ਾਂ ਇਕੱਠੀਆਂ ਹਨ, ਜੈਸਾ ਕਿ ਦੰਪਤੀ ਸ਼ਬਦ ਵਿੱਚ ਪਤੀ-ਪਤਨੀ ਦਾ ਭਾਵ ਹੈ। ਇਸੇ ਤਰ੍ਹਾ ਉਪਾਸ਼ਨਾ ਵਿੱਚ ਸਿਮਰਨ ਤੇ ਧਿਆਨ ਦਾ ਭਾਵ ਹੈ। ਦੋਨਾਂ ਇਕੱਠਿਆਂ ਨੂੰ ਉਪਾਸ਼ਨਾ ਕਹੀਦਾ ਹੈ। **ਅਥਵਾ**

ਉਪ+ਆਸਨ=ਉਪ=ਸਮੀਪ, ਆਸਨ=ਇਸਥਿਤੀ ਆਪਣੇ ਇਸ਼ਟ ਦੇਵ ਦੇ ਧਿਆਨ ਦੁਆਰਾ ਨੇੜੇ **ਵਾ:** ਸ਼ਬਦ ਦੇ ਧਿਆਨ ਦੁਆਰਾ ਸ਼ਬਦ ਦੇ ਨੇੜੇ ਟਿਕਣਾ ਇਸਨੂੰ ਉਪਾਸਨਾ ਕਹਿੰਦੇ ਹਨ। ਤੀਸਰਾ ਦੋਸ਼ ਅਵਰਨ ਹੈ। ਅਗਿਆਨ ਦੀਆਂ ਦੋ ਸ਼ਕਤੀਆਂ ਹਨ—ਇੱਕ ਅਸਤ੍ਰਾਪਾਦਕ ਅਤੇ ਦੂਜੀ ਅਭਾਨਾਪਾਦਕ। ਇਨ੍ਹਾਂ ਦੋਨਾਂ ਨੂੰ ਅਵਰਨ ਕਹਿੰਦੇ ਹਨ। ਵਸਤੂ ਨਹੀਂ, ਐਸੀ ਪ੍ਰਤੀਤ ਕਰਾਉਣ ਵਾਲੀ ਸ਼ਕਤੀ ਨੂੰ ਅਸਤ੍ਰਾਪਾਦਕ ਕਹਿੰਦੇ ਹਨ। ਅਤੇ ਵਸਤੂ ਦਾ ਭਾਨ ਨਹੀਂ ਹੁੰਦਾ, ਐਸੇ ਪ੍ਰਤੀਤ ਕਰਾਉਣ ਵਾਲੀ ਅਗਿਆਨ ਦੀ ਸ਼ਕਤੀ ਨੂੰ ਅਭਾਨਾਪਾਦਕ ਕਹਿੰਦੇ ਹਨ। ਇਸ ਰੀਤ ਨਾਲ ਬ੍ਰਹਮ ਨਹੀਂ ਹੈ, ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਸਤ੍ਰਾਪਾਦਕ ਸ਼ਕਤੀ ਹੈ। ਅਤੇ ਬ੍ਰਹਮ ਭਾਨ=ਪ੍ਰਤੀਤ ਨਹੀਂ ਹੁੰਦਾ, ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਭਾਨਾਪਾਦਕ ਸ਼ਕਤੀ ਹੈ। ਦੋਨਾਂ ਦਾ ਨਾਮ ਅਵਰਨ ਹੈ। ਇਸ ਦੀ ਨਵਿਰਤੀ ਗਿਆਨ ਦੁਆਰਾ ਹੈ। ਗਿਆਨ ਦਾ ਅਧਿਕਾਰੀ ਉਹ ਜਗਿਆਸੂ ਹੈ, ਜਿਸਦੇ ਹਿਰਦੇ ਵਿੱਚੋਂ ਮਲ ਵਿਖੇਪ ਦੀ ਨਵਿਰਤੀ ਹੋ ਚੁੱਕੀ ਹੈ, ਕੇਵਲ ਅਵਰਨ ਬਾਕੀ ਹੈ ਅਤੇ ਚਾਰ ਸਾਧਨ :—ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇਛਾ ਦੇ ਸਹਿਤ ਹੋਵੇ।

ਯਥਾ— **ਮਲ ਵਿਛੇਪ ਜਾ ਕੇ ਨਹੀਂ ਕਿੰਤੁ ਏਕ ਅਗਯਾਨ ॥**
**ਹ੍ਵੈ ਚਵ ਸਾਧਨ ਸਹਿਤ ਨਰ ਸੋ ਅਧਿਕ੍ਰਿਤ ਮਤਿ ਮਾਨ ॥੧੧॥** [ਵਿਚਾਰ ਸਾਗਰ, ਤਰੰਗ ੧]

ਇਸ ਪ੍ਰਕਾਰ ਜਦੋਂ ਤਿੰਨ ਦੋਸ਼ਾਂ ਦੀ ਨਵਿਰਤੀ ਹੋਣ ਰੂਪ ਅੰਤਸ਼ਕਰਨ ਦੀ ਮੈਲ ਧੋਤੀ ਗਈ ਤੇ ਸ਼ੁੱਧ ਹੋ ਗਿਆ, ਫਿਰ ਦੁਧੈ ਕਉ ਜਾਵਹੁ=ਗੁਰੂ ਉਪਦੇਸ਼ ਰੂਪ ਦੁੱਧ ਲੈਣ ਵਾਸਤੇ ਜਾਣਾ ਕਰੋ।

## *ਦੂਧੁ ਕਰਮ ਫੁਨਿ ਸੁਰਤਿ ਸਮਾਇਣੁ; ਹੋਇ ਨਿਰਾਸ ਜਮਾਵਹੁ ॥੧॥*

ਗੁਰ ਉਪਦੇਸ਼ ਰੂਪ ਦੁੱਧ ਨੂੰ ਜੋ ਕਰਮ=ਕਮਾਉਣਾ ਹੈ ਇਹ ਕਾੜਨਾ ਹੈ। ਫੁਨਿ=ਫੇਰ ਸੁਰਤਿ (ਸੁ+ਰਤਿ) ਸੁ=ਸ੍ਰੇਸ਼ਟ ਰਤਿ=ਪ੍ਰੀਤੀ ਕਰਨੀ ਵਾ—ਗਿਆਤ ਕਰਕੇ ਜਿਹੜੀ ਚਿਤ ਦੀ ਇਕਾਗਰਤਾ ਕਰਨੀ, ਏਹੀ ਸਮਾਇਣੁ=ਜਾਗ ਲਾਉਣਾ ਹੈ। ਜੋ ਪਦਾਰਥਾਂ ਵਲੋਂ ਨਿਰਾਸ ਹੋਣਾ ਹੈ, ਇਹੀ ਜਮਾਉਣਾ ਕਰੋ। ਜਿਵੇਂ ਪ੍ਰਤੱਖ ਦੁੱਧ ਨੂੰ ਜਮਾਉਣ ਲਗਿਆਂ ਕੁੱਤੇ ਬਿਲੀਆਂ ਤੋਂ ਰਾਖੀ ਕਰਨੀ ਪੈਂਦੀ ਹੈ। ਅੰਤਰੀਵ ਭਾਵ ਵਿੱਚ ਲੋਭ ਰੂਪੀ ਕੁੱਤਾ ਤੇ ਲੋਭ ਦੀ ਬਿਰਤੀ ਰੂਪ ਬਿੱਲੀ ਹੈ। ਇਨ੍ਹਾਂ ਤੋਂ ਰਾਖੀ ਨਾ ਕੀਤੀ ਜਾਵੇ ਤਾਂ ਗੁਰੂ ਉਪਦੇਸ਼ ਰੂਪੀ ਦੁੱਧ ਬਿਸਰਨ ਰੂਪ ਡੁੱਲ ਜਾਂਦਾ ਹੈ। ਇਨ੍ਹਾਂ ਤੋਂ ਰਖਿਆ ਕਰਨ ਲਈ ਹਜ਼ੂਰ ਫ਼ੁਰਮਾਉਂਦੇ ਹਨ ॥੧॥

## *ਜਪਹੁ; ਤ ਏਕੋ ਨਾਮਾ ॥*
## *ਅਵਰਿ; ਨਿਰਾਫਲ ਕਾਮਾ ॥੧॥ਰਹਾਉ॥*

ਇੱਕ ਨਾਮ ਨੂੰ ਜਪਣਾ ਕਰੋ ਤਾਂ ਹੀ ਗੁਰ ਉਪਦੇਸ਼ ਰੂਪੀ ਦੁੱਧ ਦੀ ਰਖਿਆ ਹੋਵੇਗੀ। ਰਖਿਆ ਕਰਨ ਲਈ ਅਵਰਿ=ਹੋਰ ਕਾਮਾ=ਕਰਮ, ਨਿਰਾਫਲ=ਨਿਸਫਲ ਹਨ ॥੧॥ਰਹਾਉ॥

## *ਇਹੁ ਮਨੁ ਈਟੀ ਹਾਥਿ ਕਰਹੁ ਫੁਨਿ; ਨੇਤ੍ਰਉ ਨੀਦ ਨ ਆਵੈ ॥*

ਬੁੱਧ ਰੂਪ ਚਾਟੀ ਤੇ ਬਿਰਤੀ ਰੂਪ ਮਧਾਣੀ ਹੈ ਮਨ ਚਿਤ ਨੂੰ ਆਪਣੇ ਹਾਥਿ=ਅਧੀਨ ਕਰਨਾ ਇਹ ਈਟੀ=ਗੁਲੀਆਂ ਕਰੋ (ਲੱਕੜ ਦੀ ਗੁਲੀ ਜੋ ਪੰਜ ਇੰਚ ਲੰਮੀ ਤੇ ਡੇਢ ਕੁ ਇੰਚ ਮੱਧ ਭਾਗ ਤੋਂ ਮੋਟੀ ਹੁੰਦੀ ਹੈ ਉਸਨੂੰ ਈਟੀ ਕਹਿੰਦੇ ਹਨ ਜੋ ਮਧਾਣੀ ਵਾਲੀ ਰੱਸੀ ਦੇ ਦੋਨੇ ਸਿਰਿਆਂ ਨੂੰ ਬੰਨ੍ਹੀ ਹੁੰਦੀ ਹੈ।) ਫੁਨਿ=ਫੇਰ ਪ੍ਰਤੱਖ ਭਜਨ ਸਿਮਰਨ ਕਰਦਿਆਂ ਨੀਂਦ ਨਾ ਆਉਣੀ ਇਹ ਨੇਤ੍ਰਉ=ਨੇਤ੍ਰਾ ਕਰੋ। **ਵਾ:** ਮਨ ਬੁੱਧ ਰੂਪ ਨੇਤ੍ਰਾਂ ਵਿੱਚ ਅਵਿਦਿਆ ਰੂਪ ਨੀਂਦ ਨਾ ਆਉਣੀ ਏਹੀ ਨੇਤੀ ਹੈ। ਦਹੀਂ ਦੇ ਰਿੜਕਣ ਵਾਲੀ ਜੋ ਰੱਸੀ ਹੈ, ਇਸਨੂੰ ਨੇਤ੍ਰਾ ਕਹਿੰਦੇ ਹਨ, ਉਸ ਦੇ ਦੋਹਾਂ ਸਿਰਿਆਂ ਨਾਲ ਗੁਲੀਆਂ ਬੱਝੀਆਂ ਰਹਿੰਦੀਆਂ ਹਨ। ਦਹੀਂ ਰਿੜਕਣ ਵੇਲੇ ਨੇਤ੍ਰਾ ਮਧਾਣੀ ਨੂੰ ਲਪੇਟ ਕੇ ਘੁਮਾਈਦਾ ਹੈ। ਜਿਸ ਤੋਂ ਮੱਖਣ ਨਿਕਲਦਾ ਹੈ।

## ਰਸਨਾ ਨਾਮੁ ਜਪਹੁ ਤਬ ਮਥੀਐ; ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

ਜੋ ਰਸਨਾ ਨਾਲ ਨਾਮ ਜਪਣਾ ਹੈ (ਰਸਨਾ ਤੇ ਜੀਭਾਂ ਇੱਕ ਦੇ ਹੀ ਦੋ ਨਾਮ ਹਨ। ਰਸ ਚੱਖਣ ਕਰਕੇ ਰਸਨਾ ਤੇ ਬੋਲਣ ਕਰਕੇ ਜੀਭਾ ਕਹੀਦੀ ਹੈ)। ਏਹੋ ਹੀ ਦਹੀਂ ਦਾ ਮਥੀਐ=ਰਿੜਕਣਾ ਹੈ, ਜਦੋਂ ਇਨ ਬਿਧਿ=ਇਸ ਤਰ੍ਹਾਂ ਦੀ ਬਿਧੀ ਕਰੋਂਗੇ ਤਬ=ਤਦੋਂ ਅੰਮ੍ਰਿਤੁ=ਮੌਤ ਤੋਂ ਰਹਿਤ ਕਰਨ ਵਾਲੇ ਗਿਆਨ ਰੂਪ ਅੰਮ੍ਰਿਤੁ=ਮੱਖਣ ਨੂੰ ਪਾਉਗੇ **ਅਥਵਾ** ਆਤਮਿਕ ਅਨੰਦ ਰੂਪ ਮੱਖਣ ਨੂੰ ਪਾਉਗੇ॥੨॥

## ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ; ਭਾਵਨ ਪਾਤੀ ਤ੍ਰਿਪਤਿ ਕਰੇ ॥

(ਪ੍ਰਤੱਖ ਠਾਕੁਰ ਪੂਜਨ ਕਰਨ ਵਾਲਾ ਇੱਕ ਡੱਬਾ ਹੁੰਦਾ ਹੈ) ਅੰਤ੍ਰੀਵ ਵਿੱਚ ਮਨ ਨੂੰ ਜੋ ਜਿੱਤਣਾ ਹੈ ਏਹੋ ਹੀ ਸੰਪਟੁ=ਡੱਬਾ ਹੈ, ਜਿਵੇਂ ਪ੍ਰਤੱਖ ਇਸ਼ਨਾਨ ਕਰਦੇ ਹਨ, ਤਿਵੇਂ ਸਤ ਸੰਤੋਖ ਆਦਿਕ ਸੁਭ ਗੁਣਾਂ ਦਾ ਸਰਿ=ਸਰੋਵਰ ਸਤਸੰਗਤ **ਵਾ:** ਗੁਰੂ ਜੀ ਹਨ, ਉਸ ਵਿੱਚ ਇਸ਼ਨਾਨ ਕਰਕੇ, ਭਾਵਨ=ਭਾਵਨਾ, ਸ਼ਰਧਾ ਰੂਪੀ ਤੁਲਸੀ ਦੇ ਪਾਤੀ=ਪੱਤਿਆਂ ਕਰਕੇ ਚੇਤਨ ਰੂਪ ਠਾਕੁਰ ਨੂੰ ਤ੍ਰਿਪਤਿ=ਪ੍ਰਸੰਨ ਕਰੇ **ਵਾ:** ਮਨ ਦਾ ਸੰਕਲਪ ਮਾਰਨਾ ਪ੍ਰਮੇਸ਼ਰ ਦਾ ਤ੍ਰਿਪਤ ਕਰਨਾ ਹੈ।

**ਨੋਟ—**'ਨਾਵਣੁ' ਇਹ ਪਾਠ ਭਾਰਾ ਕਰੋ ਜੀ।

## ਪੂਜਾ ਪ੍ਰਾਣ ਸੇਵਕੁ ਜੇ ਸੇਵੇ; ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥

ਜੇ ਪ੍ਰਾਣਾਂ ਦੇ ਅਰਪਣ ਕਰਨੇ ਰੂਪ ਪੂਜਾ ਕਰੇ ਤੇ ਸੇਵਕ ਬਣ ਕੇ ਸੇਵਾ ਕਰਦਾ ਰਹੇ, **ਵਾ:** ਜੋ ਸੁਆਸਾਂ ਨੂੰ ਨਾਮ ਤੋਂ ਬਿਨਾ ਵਿਅਰਥ ਨਾ ਜਾਣ ਦੇਣਾ, ਏਹੀ ਸੇਵਕ ਬਣ ਕੇ ਸੇਵਾ ਕਰਨੀ ਹੈ। **ਅਥਵਾ** ਜੇ ਸੇਵਕ ਬਣ ਕੇ ਪ੍ਰਾਣਾਂ ਪ੍ਰਯੰਤ ਭਾਵ ਅਖ਼ੀਰਲੇ ਸੁਆਸਾਂ ਤੱਕ ਸੇਵਾ ਕਰਨੇ ਰੂਪ ਪੂਜਾ ਕਰੇ ਤਾਂ ਇਸ ਬਿਧੀ ਕਰਕੇ ਜਗਿਆਸੂ ਸਾਹਿਬੁ=ਪ੍ਰਮੇਸ਼ਰ ਦੇ ਅਨੰਦ ਨੂੰ ਰਵਤੁ ਰਹੈ=ਭੋਗਦਾ ਰਹਿੰਦਾ ਹੈ॥੩॥

## ਕਹਦੇ ਕਹਹਿ ਕਹੇ ਕਹਿ ਜਾਵਹਿ; ਤੁਮ ਸਰਿ ਅਵਰੁ ਨ ਕੋਈ ॥

ਕਹੇ ਹੋਏ ਪ੍ਰਸੰਗਾਂ ਨੂੰ ਜਿਹੜੇ ਪਿੱਛੇ ਕਹਿੰਦੇ ਸਨ ਉਹ ਜਾਵਹਿ=ਮਰ ਖਪ ਗਏ ਹਨ, ਜਿਹੜੇ ਹੁਣ ਕਹਿੰਦੇ ਹਨ ਉਹ ਮਰ ਖਪ ਜਾਣਗੇ। **ਵਾ:** ਜੋ ਪੁਰਸ਼ ਸਾਧਨਾ ਤੋਂ ਬਿਨਾ ਕਹਦੇ ਕਹਹਿ=ਬੇਦਾਂ, ਸ਼ਾਸ਼ਤਰਾਂ ਨੂੰ ਕਥਨ ਕਰਦੇ ਹਨ ਉਹ ਕੇਵਲ ਮਾਇਆ ਦੀ ਪ੍ਰਾਪਤੀ ਵਾਸਤੇ ਹੀ ਕਹਿ ਕਹਿ ਕੇ ਉਠ ਜਾਂਦੇ ਹਨ। **ਅਥਵਾ** ਇਹ ਜੀਵ ਕਹੇ ਹੋਏ ਜੋ ਕਹਹਿ=ਕਹਿਣ (ਪ੍ਰਸੰਗ) ਹਨ, ਕਹਿਣੇ ਵਾਲਾ ਹੋ ਕੇ ਉਨ੍ਹਾਂ ਦੇ ਕਹਿਣੇ ਵਿੱਚ ਜਾਂਦਾ ਹੈ, ਪਰ ਆਪ ਜੀ ਦੇ ਗੁਣ ਵਰਣਨ ਨਹੀਂ ਕਰ ਸਕਦਾ, ਕਿਉਂਕਿ ਆਪ ਵਰਗਾ ਹੋਰ ਕੋਈ ਨਹੀਂ ਹੈ।

## ਭਗਤਿ ਹੀਣੁ ਨਾਨਕੁ ਜਨੁ ਜੰਪੈ; ਹਉ ਸਾਲਾਹੀ ਸਚਾ ਸੋਈ ॥੪॥੧॥

ਗੁਰੂ ਜੀ ਜੰਪੈ=ਉਚਾਰਦੇ ਹਨ ਕਿ ਮੈਂ ਦੁਨੀਆ ਦੇ ਖ਼ਿਆਲ ਅੰਦਰ ਭਗਤੀ ਤੋਂ ਹੀਣੁ=ਰਹਿਤ ਹਾਂ, ਪਰ ਮਨ ਕਰਕੇ ਮੈਂ ਉਸ ਸੱਚੇ ਨੂੰ ਸਲਾਹੁੰਦਾ ਹਾਂ। **ਅਥਵਾ** ਗੁਰੂ ਜੀ ਜੰਪੈ=ਉਚਾਰਨ ਕਰਦੇ ਹਨ ਕਿ ਹੇ ਭਾਈ! ਤੁਸੀਂ ਇਸ ਤਰ੍ਹਾਂ ਕਹੋ ਕਿ ਹੇ ਪ੍ਰਭੂ! ਹਉ=ਮੈਂ ਭਗਤੀ ਆਦਿਕ ਗੁਣਾਂ ਤੋਂ ਰਹਿਤ ਹਾਂ, ਪਰ ਆਪ ਜੀ ਦਾ ਜੋ ਸੱਚਾ ਨਾਮ ਹੈ, ਉਸਨੂੰ ਮੈਂ ਸਲਾਹੁੰਦਾ ਹਾਂ॥੪॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੦ [ਆਦਿ ਅੰਗ ੭੨੯]

***ਸੂਹੀ ਮਹਲਾ ੧ ॥ ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥***

## *ਸੂਹੀ ਮਹਲਾ ੧ ॥*

ਇਹ ਅੰਮ੍ਰਿਤ ਬਚਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੭੨੯ ਅੰਗ 'ਤੇ ਸੂਹੀ ਰਾਗਣੀ ਵਿੱਚ ਅੰਕਿਤ ਹੈ। ਜਿਸ ਵਿੱਚ ਸਤਿਗੁਰੂ ਜੀ ਨੇ ਅੰਤਹਕਰਨ ਰੂਪ ਭਾਂਡੇ ਦੀ ਸੁੱਧਤਾ ਦਾ ਉਪਦੇਸ਼ ਵਰਨਣ ਕੀਤਾ ਹੈ।

## *ਭਾਂਡਾ ਹਛਾ ਸੋਇ; ਜੋ ਤਿਸੁ ਭਾਵਸੀ ॥*

ਸੋਇ=ਉਹ ਭਾਂਡਾ=ਅੰਤਹਕਰਨ ਹਛਾ=ਸੁੱਧ ਹੈ ਜੋ=ਜਿਹੜਾ ਤਿਸੁ=ਉਸ ਵਾਹਿਗੁਰੂ ਨੂੰ ਭਾਵਸੀ=ਭਾਉਂਦਾ ਹੈ। ਇਸ ਤੁਕ ਵਿੱਚ ਸਤਿਗੁਰੂ ਜੀ ਦਾ ਇਹ ਸਿਧਾਂਤ ਹੈ ਕਿ ਉਹ ਹੀ ਅੰਤਸ਼ਕਰਨ ਸੁੱਧ=ਪਵਿੱਤਰ ਹੋ ਸਕਦਾ ਹੈ, ਜਿਸ ਨੇ ਨਿਸ਼ਕਾਮ ਕਰਮ ਕਰਨਾ ਕੀਤੇ ਹਨ। ਨਿਸ਼ਕਾਮ ਕਰਮ ਉਸ ਵਾਹਿਗੁਰੂ ਦੀ ਕਿਰਪਾ ਤੋਂ ਬਿਨਾਂ ਕੋਈ ਜੀਵ ਕਰ ਨਹੀਂ ਸਕਦਾ। ਉਸ ਦੀ ਕਿਰਪਾ ਉਦੋਂ ਹੁੰਦੀ ਹੈ, ਜਦੋਂ ਉਸ ਨੂੰ ਕਿਸੇ ਉੱਤੇ ਕਿਰਪਾ ਕਰਨੀ ਭਾ ਜਾਵੇ। ਜੈਸਾ ਕਿ :

੧. **ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥** [ਸੋਰਠਿ ਮਃ ੧, ਅੰਗ ੬੩੪]

੨. **ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥** [ਸਿਰੀਰਾਗ ਮਃ ੫, ਅੰਗ ੭੭]

ਇਸ ਲਈ ਇਸ ਜੀਵ ਦੇ ਹੱਥ ਵਸ ਕੁਝ ਨਹੀਂ ਕਰਮ=ਸਮਾਨ ਕਰਮ ਜਿਸ ਵਿੱਚ ਨਾ ਬੁਰਾ, ਨਾ ਭਲਾ ਤੇ ਸੁਕਰਮ=ਸ੍ਰੇਸ਼ਟ ਕਰਮ, ਕੁਕਰਮ=ਖੋਟੇ ਕਰਮ ਜੀਵ ਕਰਦਾ ਹੈ, ਪਰ ਇਸ ਦੀ ਪ੍ਰੇਰਨਾ ਜੀਵ ਨੂੰ ਪੂਰਬਲੇ ਸੰਸਕਾਰਾਂ ਅਨੁਸਾਰ ਹੁੰਦੀ ਹੈ, ਜਦੋਂ ਵਾਹਿਗੁਰੂ ਨੂੰ ਭਾ ਜਾਵੇ ਤਾਂ ਸੁਭ ਸੰਸਕਾਰ ਬਖ਼ਸ਼ ਕੇ ਨਿਸ਼ਕਾਮ, ਸ੍ਰੇਸ਼ਟ ਕਰਮ ਕਰਵਾ ਲੈਂਦਾ ਹੈ, ਜਿਸ 'ਤੇ ਅੰਤਹਕਰਨ ਦੀ ਸੁਧੀ ਹੋ ਕੇ ਗਿਆਨ ਦਾ ਅਧਿਕਾਰੀ ਬਣ ਜਾਂਦਾ ਹੈ, ਜਿਸ ਗਿਆਨ ਦੇ ਨਾਲ ਜੰਮਣ ਮਰਨ ਤੋਂ ਮੁਕਤ ਹੋ ਜਾਂਦਾ ਹੈ, ਇਸ ਲਈ ਸਤਿਗੁਰੂ ਜੀ ਉਚਾਰਨ ਕਰਦੇ ਹਨ। ਜੈਸਾ ਕਿ :

**ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥** [ਸੂਹੀ ਮਃ ੧, ਅੰਗ ੭੬੬]

## *ਭਾਂਡਾ ਅਤਿ ਮਲੀਣੁ; ਧੋਤਾ ਹਛਾ ਨ ਹੋਇਸੀ ॥*

ਜੋ ਅੰਤਹਕਰਨ ਰੂਪੀ ਭਾਂਡਾ=ਬਰਤਨ ਅਤਿ=ਬਹੁਤਿਆਂ ਪਾਪਾਂ ਕਰਕੇ ਬੜਾ ਮਲੀਣੁ=ਗੰਦਾ ਹੋ ਚੁੱਕਾ ਹੈ, ਗੁਰੂ ਦੀ ਨਿਸ਼ਕਾਮ ਸੇਵਾ ਤੋਂ ਬਿਨਾਂ ਉਹ ਅੰਤਹਕਰਨ ਰੂਪ ਭਾਂਡਾ ਜੇ ਤੀਰਥਾਂ ਦੇ ਜਲ ਨਾਲ ਭੀ ਧੋਤਾ ਜਾਵੇ ਤਾਂ ਭੀ ਉਹ ਹਛਾ=ਸੁਧ ਨ=ਨਹੀਂ ਹੋਇਸੀ=ਹੋਏਗਾ। ਜੈਸਾ ਕਿ :

**ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥**
**ਧਾਤੂ ਪੰਜਿ ਰਲਾਇ ਕੂੜਾ ਪਾਜਿਆ ॥**
**ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥**
**ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੪॥** [ਸਲੋਕ ਵਾਰਾਂ ਤੇ ਵਧੀਕ ਮਃ ੧, ਅੰਗ ੧੪੧੧]

ਉਪਰਲੀਆਂ ਦੋ ਤੁਕਾਂ ਵਿੱਚ ਜੋ ਸਤਿਗੁਰੂ ਜੀ ਨੇ ਭਾਂਡੇ ਦਾ ਪ੍ਰਮਾਣ ਇਥੇ ਦਿੱਤਾ ਹੈ, ਸਤਿਗੁਰਾਂ ਦੀ ਬਾਣੀ ਵਿੱਚ ਹੋਰ ਵੀ ਬਹੁਤ ਸਾਰੀਆਂ ਥਾਵਾਂ 'ਤੇ ਭਾਂਡੇ ਦਾ ਬਾਹਜ ਪ੍ਰਮਾਣ ਦੇ ਕੇ ਅੰਤ੍ਰੀਵ ਭਾਵ ਦੁਆਰਾ ਉਪਦੇਸ਼ ਬਖ਼ਸ਼ਿਆ ਹੈ। ਜੈਸਾ ਕਿ :

**ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥**
**ਇਕਨੀ੍ ਦੁਧੁ ਸਮਾਈਐ ਇਕਿ ਚੁਲੈ੍ ਰਹਨਿ੍ ਚੜੇ ॥** [ਸਲੋਕੁ ਮਃ ੧, ਅੰਗ ੪੭੫]

ਆਪ ਹੀ ਵਾਹਿਗੁਰੂ ਨੇ ਸਰੀਰ **ਵਾ:** ਅੰਤਹਕਰਨ ਰੂਪੀ ਭਾਂਡੇ ਸਾਜੇ ਹਨ, ਆਪ ਹੀ ਉਹਨਾਂ ਨੂੰ ਪੂਰਣੁ=ਪੂਰਨ ਤਾਈ ਦਿੰਦਾ ਹੈ। ਸੁਭ ਅਸੁਭ ਗੁਣਾਂ ਕਰਕੇ, **ਵਾ:** ਸੁਖ ਦੁਖ ਕਰਕੇ, ਇੱਕ ਅੰਤਹਕਰਨ ਰੂਪ ਭਾਂਡੇ ਵਿੱਚ ਸੁਖ ਰੂਪ ਦੁੱਧ ਸਮਾਅ ਰਿਹਾ ਹੈ ਅਤੇ ਇੱਕ ਅੰਤਹਕਰਨ ਰੂਪ ਭਾਂਡੇ ਚਿੰਤਾ **ਵਾ:** ਕ੍ਰੋਧ ਰੂਪ ਚੁਲੇ ਉਪਰ ਸਦਾ ਚੜ੍ਹੇ ਰਹਿੰਦੇ ਹਨ, ਜਿਸ ਕਰਕੇ ਦੁਖ ਪਾ ਰਹੇ ਹਨ। ਇਸ ਕਰਕੇ ਗੁਰੂ ਰਾਮਦਾਸ ਜੀ ਨੇ ਐਸਾ ਸਿਧਾਂਤ ਵਰਣਨ ਕੀਤਾ ਹੈ ਕਿ ਹੇ ਮੇਰੇ ਵਾਹਿਗੁਰੂ ! ਸਭ ਅੰਤਹਕਰਨ ਰੂਪੀ ਭਾਂਡੇ ਤੂੰ ਹੀ ਸਾਜੇ ਹਨ ਤੇ ਗੁਣ ਰੂਪ ਵਸਤੂ ਵੀ ਆਪ ਜੀ ਦੀ ਹੀ ਦਿੱਤੀ ਹੋਈ ਹੈ। ਜੈਸਾ ਕਿਸੇ ਜੀਵ ਨੂੰ ਗੁਣ ਸੁਭਾਅ ਬਖ਼ਸ਼ਿਆ ਹੈ, ਤੈਸਾ ਗੁਣ-ਸੁਭਾਅ ਸੰਸਾਰ ਵਿੱਚ ਵਰਤ ਰਿਹਾ ਹੈ। ਜੈਸਾ ਕਿ :

**ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ ॥**
**ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥**
[ਆਸਾ ਮਃ ੪, ਅੰਗ ੪੪੯]

ਹੋਰ ਜੀਵ ਕੋਈ ਕੀ ਕਰ ਸਕਦਾ ਹੈ ? ਕਿਸੇ ਦੇ ਕੋਈ ਬਸ ਨਹੀਂ ਹੈ। ਜਿਵੇਂ ਘੁਮਿਆਰ ਭਾਂਡੇ ਤਿਆਰ ਕਰਦਾ ਹੈ। ਭਾਂਡੇ ਇਕੋ ਮਿੱਟੀ ਦੇ ਹਨ, ਪਰ ਵਸਤੂਆਂ ਇਕੋ ਜਿਹੀਆਂ ਉਹਨਾਂ ਵਿੱਚ ਨਹੀਂ ਪੈਂਦੀਆਂ, ਜੈਸਾ ਕਿ ਕਥਨ ਹੈ :

**ਕੁਮ੍ਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥**
**ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥** [ਆਸਾ ਕਬੀਰ ਜੀ, ਅੰਗ ੪੭੯]

ਘੁਮਿਆਰ ਵੀ ਇੱਕ ਹੀ ਹੈ। ਮਿੱਟੀ ਵੀ ਇਕੋ ਥਾਂ ਤੋਂ ਲੈ ਗੁੰਧਦਾ ਹੈ। ਬਾਨੀ=ਬੰਨੀ-ਰੰਗਤ ਭਾਵ ਕੇ ਭਾਂਡਿਆਂ ਨੂੰ ਕਈ ਤਰ੍ਹਾਂ ਦੇ ਰੰਗ ਦੇ ਦਿੰਦਾ ਹੈ। ਤੇ ਕਿਸੇ ਵਿੱਚ ਗਜ ਮੋਤੀ ਪਾਏ ਜਾਂਦੇ ਹਨ ਤੇ ਕਿਸੇ ਵਿੱਚ ਬਿਆਧ=ਵਿਸ਼ਟਾ, ਗ਼ੰਦਗੀ, ਮੂਤਰ ਆਦਿ ਨਿਕੰਮੀਆਂ ਚੀਜ਼ਾਂ ਪਾਈਆਂ ਜਾਂਦੀਆਂ ਹਨ, ਇਸ ਲਈ ਭਾਂਡਿਆਂ-ਭਾਂਡਿਆਂ ਦਾ ਬਹੁਤ ਅੰਤਰਾ ਹੈ। ਇਸੇ ਤਰ੍ਹਾਂ ਅੰਤਸ਼ਕਰਨ ਰੂਪੀ ਭਾਂਡੇ ਇਕੋ ਹੀ ਮਾਟੀ=ਸੂਖਮ ਤੱਤਾਂ ਦੇ ਬਣੇ ਹੋਏ, ਕਿਸੇ ਅੰਤਹਕਰਨ ਵਿੱਚ ਸੁਭ ਗੁਣਾਂ ਰੂਪੀ ਮੋਤੀ ਔਰ ਕਿਸੇ ਵਿੱਚ ਬਿਆਧਿ=ਵਿਸ਼ਿਆਂ ਦੇ ਭੋਗਣ ਦੀ ਵਾਸ਼ਨਾ **rj^** ਦੂਸਰੇ ਦਾ ਬੁਰਾ ਕਰਨ ਰੂਪ ਔਗੁਣ ਈਰਖਾ ਦ੍ਵੈਖ ਰੂਪ ਮਲ-ਮੂਤਰ ਬਿਆਧ ਲਗਾਈ ਗਈ ਹੈ। ਜੈਸਾ ਕਿ :

**ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥**
[ਰਾਮਕਲੀ ਮਃ ੧, ਅੰਗ ੯੭੮]

ਅੰਤਸ਼ਕਰਣ ਰੂਪ ਭਾਂਡਾ ਗੁਰੂ ਦੀ ਕ੍ਰਿਪਾ ਨਾਲ ਹੀ ਗੁਰੂ ਦੀ ਦਿੱਤੀ ਸੋਝੀ ਨਾਲ ਸੁਧ ਹੁੰਦਾ ਹੈ।

## ਗੁਰੂ ਦੁਆਰੈ ਹੋਇ; ਸੋਝੀ ਪਾਇਸੀ ॥
## ਏਤੁ ਦੁਆਰੈ ਧੋਇ; ਹਛਾ ਹੋਇਸੀ ॥

ਦੁਆਰੈ ਤੋ ਭਾਵ ਦੁਆਰਾ, ਗੁਰੂ ਦੁਆਰਾ ਸੋਝੀ=ਸਮਝ ਸੂਝ ਬੂਝ ਪਾਉਣਾ ਕਰੇ ਗੁਰਾਂ ਦੁਆਰੇ ਹੋ ਕੇ ਭਾਵ ਗੁਰੂ ਦੀ ਆਗਿਆ, ਰਜ਼ਾ ਵਿੱਚ ਹੋ ਕੇ ਅੰਤਹਕਰਣ ਨੂੰ ਸੁਧ ਕਰਨ ਦੀ ਗਿਆਤ ਪ੍ਰਾਪਤ ਕਰੇ। ਏਤ ਦੁਆਰੈ ਤੋਂ ਭਾਵ ਗੁਰਾਂ ਦੁਆਰਾ ਗੁਰੂ ਦੇ ਦੱਸੇ ਹੋਏ ਨਿਸ਼ਕਾਮ ਕਰਮ ਰੂਪ ਪਾਣੀ ਨਾਲ ਧੋਇ=ਧੋਵੇ ਤਾਂ ਅੰਤਹਕਰਨ ਹਛਾ=ਸੁਧ ਹੋਵੇਗਾ। ਇਹ ਅੰਤਹਕਰਣ ਸੁਧ ਕਰਨ ਦੀ ਰੀਤ ਗੁਰੂ ਦੇ ਦਰਸਾਏ ਮਾਰਗ ਦੁਆਰਾ ਹੀ ਪ੍ਰਾਪਤ ਹੁੰਦੀ ਹੈ।

## ਮੈਲੇ ਹਛੇ ਕਾ ਵੀਚਾਰੁ; ਆਪਿ ਵਰਤਾਇਸੀ ॥

ਮੈਲੇ ਔਰ ਹਛੇ=ਸੁਧ ਦਾ ਵੀਚਾਰ ਆਪ ਹੀ ਵਰਤਾ ਰਿਹਾ ਹੈ। ਭਾਵ ਮੈਲੇ ਤੋ ਹਛੇ=ਸੁਧ ਕਰਨ ਦਾ ਵੀਚਾਰ ਆਪ ਹੀ ਗੁਰੂ ਸਰੂਪ ਹੋ ਕੇ ਵਰਤਾ ਰਿਹਾ ਹੈ, **ਵਾ:** ਬੇਦਾਂ ਸ਼ਾਸਤਰਾਂ ਦੁਆਰਾ ਇਹ ਗਿਆਨ ਅੰਤਹਕਰਨ ਨੂੰ ਮੈਲੇ ਤੋਂ ਸੁਧ ਕਰਨ ਦਾ ਆਪ ਹੀ ਵਰਤਾ ਰਿਹਾ ਹੈ।

## ਮਤੁ ਕੋ ਜਾਣੈ ਜਾਇ; ਅਗੈ ਪਾਇਸੀ ॥

ਮਤੁ=ਮਤਾਂ ਕੋ=ਕੋਈ ਜਾਣੈ=ਸਮਝੇ ਕਿ ਸੁਖਾਂ ਦੀ ਜਾਇ=ਜਗ੍ਹਾ ਨੂੰ ਮੰਦਾ ਪੁਰਸ਼ ਵੀ ਅਗੈ=ਪਰਲੋਕ ਵਿੱਚ ਜਾ ਕੇ ਪਾਵੇਗਾ, ਭਾਵ ਨਹੀਂ ਪਾ ਸਕੇਗਾ। ਬਲਕਿ

## ਜੇਹੇ ਕਰਮ ਕਮਾਇ; ਤੇਹਾ ਹੋਇਸੀ ॥

ਜੇਹੇ=ਜੇਹੋ ਜਿਹੇ ਕੋਈ ਕਰਮ ਕਮਾਇ=ਕਰੇਗਾ ਤੇਹਾ=ਉਹੋ ਜਿਹਾ ਉਸਨੂੰ ਹੋਇਸੀ=ਫਲ ਪ੍ਰਾਪਤ ਹੋਵੇਗਾ। ਜੈਸਾ ਕਿ :

੧. **ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥** [ਸਲੋਕ ਮਃ ੫, ਅੰਗ ੩੧੭]
੨. **ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥** [ਧਨਾਸਰੀ ਮਃ ੧, ਅੰਗ ੬੬੨]
੩. **ਜੈਸਾ ਕਰੇ ਸੁ ਤੈਸਾ ਪਾਏ ॥** [ਗੋਂਡ ਮਃ ੫, ਅੰਗ ੮੬੯]
੪. **ਜੈਸਾ ਬੀਜਹਿ ਤੈਸਾ ਖਾਸਾ ॥** [ਗਉੜੀ ਗੁਆਰੇਰੀ ਮਃ ੫, ਅੰਗ ੧੭੬]

**ਸਾਖੀ—**ਧ੍ਰਿਤਰਾਸ਼ਟਰ, ਦੁਰਯੋਜਨ ਦਾ ਪਿਤਾ ਜਨਮ ਤੋਂ ਹੀ ਅੰਧਾ ਹੀ, ਜਿਸ ਵੇਲੇ ਇਸਦਾ ਸੌ ਦਾ ਸੌ ਪੁੱਤਰ ਮਹਾਂਭਾਰਤ ਦੇ ਯੁੱਧ ਵਿੱਚ ਮਾਰਿਆ ਗਿਆ ਤਾਂ ਇੱਕ ਦਿਨ ਭਗਵਾਨ ਕ੍ਰਿਸ਼ਨ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਪੁੱਛਿਆ ਕਿ ਮੈਂ ਕੈਸਾ ਕਰਮ ਹੀਨ ਮਹਾਰਾਜਾ ਹਾਂ ਕਿ ਇੱਕ ਤਾਂ ਜਨਮ ਤੋਂ ਹੀ ਅੰਧਾ ਸੀ। ਸਾਰੀ ਉਮਰ ਅੰਧਕਾਰ ਵਿੱਚ ਬਤੀਤ ਹੋਈ। ਅੰਧੇਪਣ ਦੇ ਦੁਖ ਨੂੰ ਸਹਿਣ ਕਰਨ ਦਾ ਸੁਭਾਅ ਬਣ ਗਿਆ ਸੀ, ਪਰ ਸੌ ਪੁੱਤਰ ਦੇ ਮਰ ਜਾਣ ਦਾ ਦੁਖ ਸਹਿਆ ਨਹੀਂ ਜਾਂਦਾ। ਭੱਠ 'ਤੇ ਭੁੱਜ ਰਹੇ ਦਾਣੇ ਦੀ ਤਰ੍ਹਾਂ ਮੇਰੀ ਹਾਲਤ ਹੋ ਰਹੀ ਹੈ, ਇਹ ਪਤਾ ਲਹੀਂ ਚਲਦਾ ਕਿ ਇਹ ਮੇਰੇ ਕਿਸ ਕਰਮ ਦੀ ਸਜ਼ਾ ਮਿਲੀ ਹੈ, ਕਿਉਂਕਿ ਇਸ ਜਨਮ ਵਿੱਚ ਮੈਂ ਐਹੋ ਜਿਹਾ ਕੋਈ ਕਰਮ ਨਹੀਂ ਕੀਤਾ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਕਿ ਹੇ ਰਾਜਨ ! ਦੁਖ ਸੁਖ ਚੰਗੇ ਮੰਦੇ ਕਰਮ ਤੋਂ ਹੀ ਪੈਦਾ ਹੁੰਦੇ ਹਨ। ਇਹ ਕਦੀ ਨਹੀਂ ਹੋਇਆ ਕਿ ਮੰਦਾ ਕਰਮ ਕੀਤਾ ਨਾ ਹੋਵੇ ਤੇ ਦੁਖ ਮਿਲਿਆ ਹੋਵੇ। ਇਹ ਠੀਕ ਹੈ ਕਿ ਇਸ ਜਨਮ ਵਿੱਚ ਐਸਾ ਕੋਈ ਕਰਮ ਨਹੀਂ ਕੀਤਾ, ਜਿਸ ਦੀ ਸਜ਼ਾ ਹੈ ਇਹ ਪੂਰਬਲੇ ਕੀਤੇ ਕਰਮ ਦਾ ਫਲ ਹੈ। ਧ੍ਰਿਤਰਾਸ਼ਟਰ ਨੇ ਕਿਹਾ ਕਿ ਮੈਂ ਆਪਣੇ ਧਰਮ, ਤਪੱਸਿਆ ਦੇ ਬਲ ਨਾਲ ਸੌ ਜਨਮ ਦੀ ਗਿਆਤ ਰੱਖਦਾ ਹਾਂ। ਪਿਛਲੇ ਸੌ ਜਨਮ ਵਿੱਚ ਕੋਈ ਐਸਾ ਬੁਰਾ ਕਰਮ ਨਹੀਂ ਕੀਤਾ ਕਿ ਪੁੱਤਰਾਂ ਦੀ ਮੌਤ ਤੇ ਅੱਖਾਂ ਤੋਂ ਅੰਨੇ ਹੋਣ ਦੀ ਸਜ਼ਾ ਮਿਲਦੀ। ਤਾਂ ਭਗਵਾਨ ਜੀ ਨੇ ਕਿਹਾ ਕਿ ਤੇਰੇ ਇਸ

l" uVq a'G fdhvJ Fjr 107 \dH,w l" lar[G| uVq dr,y r[t dw aP. b,w $a[ W{n[ dB,Dc[ sgbJ b,tJ lPv Vjv dr>V w[ b,tJ a'G b>V%j wgaj lg m dHl wiw[ hpS b>V%j uVdqbJ h{ Rpl[ uVq dr,y a{} qjl tjS sj L"Gw lg@ dH,w rji WCg NCg veg a[i[ qgi dLwjig V[ Wjhi'G dLwji dvbjRpS sg WujH[ qdhvJ dr,y h.lJ s[ l" W,Dy[ lV@ duV%J dr,Dy'G dH,w W,yj qji w[ Rpl sj qjl tpbj ds,aj m lpbjs v,eS a'G aP. bjfS[ qgi dLwjig } dwhj dw dHl ujVri sj hg qjl dvbjdHbj wi WCj hg lpbjs lg@ l" dsV dr,y l" W,yj qji w[ a{} a[i[ qgi dLwji V[ tpbj ds,aj m us'G h.l qjV li'ri a'G rjfl bjH[ r[dtbj dw ljc[ W,DdybJ dr,Dy'G dH,w rg W,yj Wjwg Vhk@ Wvdw RphVJ W,DdybJ sgbJ h,cgbJ dtvigbJ fHgbJ s[t w[ RphVJ dwhj dw ljc[ W,DdybJ sj qjl dul fjf bjaqj V[ ugF s[ lpbjs rjla[ tjZj h{ ba[ ljc[ f,paiJ sg ujV erj ds,ag h{ a[ lj} l.ajV drA'C[ sj spt ds,aj h{ m h[ fjfjaqj ) a[ij l" f,pai dHl[ ai%J qi[ ljcg ai%J aP. rg l.ajV drA'C[ sj spt F'e[G m FerjV d*LV ug V[ dwhj dw a[i[ fp>V Whpa[ h'S wiw[ dHl fjf wiq } F'eS sg rjig Vj bjHg a[ hpS fp>V fPi[ h'S wiw[ dHl uVq dr,y Fjr dw dH,w l" l,ar[G uVq dr,y RphVJ s'V'G fjf wiqJ sj xv dBc[ sgbJ b,tJ F.VS a'G b>DV[ h'S sj spt a[ h.lJ s[ l" W,DdybJ } tjS a'G l" f,paiJ s[ drA'C[ sj spt ldhSj dfbj m u{lj dw ^

**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**
**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥** [ਜਪਜੀ ਸਾਹਿਬ, ਅੰਗ ੪]

## *ਅੰਮ੍ਰਿਤੁ ਹਰਿ ਕਾ ਨਾਉ; ਆਪਿ ਵਰਤਾਇਸੀ ॥*

ਹਰਿ=ਵਾਹਿਗੁਰੂ ਕਾ=ਦਾ ਨਾਉ=ਨਾਮ ਜੋ ਅੰਮ੍ਰਿਤ ਸਰੂਪ ਹੈ, ਉਸਦਾ ਵਰਤਾਰਾ ਆਪ ਹੀ ਗੁਰੂ ਸਰੂਪ ਹੋ ਕੇ ਵਰਤਾਇਸੀ=ਵਰਤਾਉਂਦਾ ਹੈ, **ਵਾ:** ਵਾਹਿਗੁਰੂ ਦਾ ਜੋ ਨਾਮ ਅੰਮ੍ਰਿਤ ਹੈ, ਉਸਨੂੰ ਆਪ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਣ ਰੂਪ ਵਰਤਾਰਾ ਵਰਤਾਇਸੀ=ਵਰਤਾਉਂਦਾ ਹੈ।

## *ਚਲਿਆ ਪਤਿ ਸਿਉ ਜਨਮੁ ਸਵਾਰਿ; ਵਾਜਾ ਵਾਇਸੀ ॥*

ਉਹ ਪੁਰਸ਼ ਪਤਿ=ਇਜ਼ਤ ਨਾਲ ਮਨੁੱਖਾ ਜਨਮ ਨੂੰ ਸਵਾਰਿ=ਸਫਲਾ ਕਰ ਕੇ ਪਰਲੋਕ ਨੂੰ ਚਲਿਆ=ਤੁਰਿਆ ਹੈ ਤੇ ਉਸਦੇ ਪਿੱਛੋਂ ਵੀ ਜਸ ਰੂਪੀ ਵਾਜਾ ਵਾਇਸੀ=ਵਜਦਾ ਹੈ। ਜੈਸਾ ਕਿ :

੧. **ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥**
**ਸਚੀ ਦਰਗਹ ਜਾਇ ਸਦਾ ਪਿੜੁ ਮਲਿਆ ॥** [ਵਾਰ ੧੯, ਪਉੜੀ ੧੪]

੨. **ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ਰਹਾਉ॥**
[ਸੂਹੀ ਮਃ ੧, ਅੰਗ ੭੫੧]

੩. **ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥**
**ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥**
[ਤੁਖਾਰੀ ਮਃ ੧, ਅੰਗ ੧੧੧੩]

## *ਮਾਣਸੁ ਕਿਆ ਵੇਚਾਰਾ; ਤਿਹੁ ਲੋਕ ਸੁਣਾਇਸੀ ॥*

ਇਹ ਮਨੁੱਖ ਤਾਂ ਵਿਚਾਰਾ ਕੀ ਹੈ ਤੇ ਪ੍ਰਭੂ ਆਪ ਉਸ ਦੇ ਜਸ ਰੂਪੀ ਵਾਜੇ ਨੂੰ ਤਿੰਨਾਂ ਲੋਕਾਂ ਵਿਚ ਸੁਣਾਇਸੀ=ਸੁਣਾਏਗਾ।

## *ਨਾਨਕ ਆਪਿ ਨਿਹਾਲ; ਸਭਿ ਕੁਲ ਤਾਰਸੀ ॥੧॥੪॥੬॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਗੁਰਮੁਖ ਨਿਹਾਲੁ=ਜਨਮ ਮਰਨ ਦੇ ਦੁਖ ਤੋਂ ਰਹਿਤ ਹੋ ਕੇ ਮੁਕਤ ਰੂਪ ਹੁੰਦਾ ਹੈ ਤੇ ਸਭਿ ਕੁਲ=ਸਭ ਕੁਲਾਂ ਨੂੰ ਤਾਰਸੀ=ਤਾਰਦਾ ਹੈ॥੧॥੪॥੬॥ ਜੈਸਾ ਕਿ :

**ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ॥**

[ਸਲੋਕੁ ਮਃ ੩, ਅੰਗ ੫੧੩]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੧ [ਆਦਿ ਅੰਗ ੭੩੧]

***ਸੂਹੀ ਮਹਲਾ ੪ ॥ ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥ ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥੧॥ ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥ ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥੧॥ਰਹਾਉ॥ ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ ॥ ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ ॥੨॥ ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥ ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥ ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥ ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥੪॥੩॥***

## *ਸੂਹੀ ਮਹਲਾ ੪ ॥*

ਇਹ ਅੰਮ੍ਰਿਤ ਬਚਨ ਚੌਥੇ ਪਾਤਸਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ।

## *ਹਰਿ ਨਾਮਾ ਹਰਿ ਰੰਙੁ ਹੈ; ਹਰਿ ਰੰਙੁ ਮਜੀਠੈ ਰੰਙੁ ॥*

ਅਨਵੇ :— ਹਰੇਕ ਨਾਵਾਂ ਵਿੱਚੋਂ ਤੇ ਹਰੇਕ ਰੰਗਾਂ ਵਿੱਚੋਂ ਹਰੀ ਦੇ ਨਾਮ ਦਾ ਗੂੜ੍ਹਾ ਮਜੀਠੀ ਰੰਗ ਹੈ। ਅਥਵਾ :—ਸੰਸਾਰ ਦੇ ਹਰੇਕ ਕਿਸਮ ਦੇ ਰੰਗਾਂ ਵਿੱਚੋਂ ਜੋ ਹਰਿ-ਹਰਿ ਨਾਮ ਰੂਪੀ ਮਜੀਠਾ=ਪੱਕਾ ਰੰਗ ਹੈ, ਉਸ ਵਿੱਚ ਆਪਣੇ ਮਨ ਰੂਪ ਕੱਪੜੇ ਨੂੰ ਰੰਗਣਾ ਕਰ।

ਇਸ ਮੁਖਵਾਕ ਦੀ ਪਹਿਲੀ ਤੁਕ ਵਿੱਚ, **borj** ਰਹਾਉ ਦੀ ਤੁਕ ਤੱਕ ਜੋ ਸਿਧਾਂਤ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕੀਤੀ ਹੈ, ਇਸ ਗੂੜ੍ਹ ਸਿਧਾਂਤ ਨੂੰ ਸਮਝਣ ਵਾਸਤੇ ਸਤਿਗੁਰੂ ਜੀ ਨੇ ਅੰਮ੍ਰਿਤ ਬਾਣੀ ਵਿੱਚ, ਬਾਹਰ ਦੁਨਿਆਵੀ ਰੰਗਾਂ ਦਾ ਪ੍ਰਮਾਣ ਦੇ ਕੇ ਰੂਪਕ ਅਲੰਕਾਰ ਦੁਆਰਾ ਅੰਦਰਲੇ ਨਾਮ ਰੰਗ ਦੀ ਗੱਲ ਸਮਝਾਈ ਹੈ ਕਿ ਨਾਮ ਰੰਗ ਵਰਗਾ ਸੰਸਾਰ ਦੇ ਨਾਨ੍ਹਾਂ ਰੰਗਾਂ ਵਿੱਚ ਕੋਈ ਭੀ ਰੰਗ ਇਸ ਰੰਗ ਵਰਗਾ ਨਹੀਂ ਹੋ ਸਕਦਾ। ਜਦੋਂ ਰੰਗ ਦਾ ਪ੍ਰਮਾਣ ਸਮਝਿਆ ਜਾਏ ਤਾਂ ਕੇਵਲ ਰੰਗ ਹੀ ਨਹੀਂ, ਹੋਰ ਭੀ ਰੰਗ ਨਾਲ ਸੰਬੰਧਿਤ ਵਸਤੂਆਂ ਦੀ ਲੋੜ ਹੈ, ਰੰਗ ਇੱਕ ਦੁਨਿਆਵੀ ਪ੍ਰਮਾਣ ਹੈ, ਜਿਥੇ ਰੰਗ ਹੈ ਉਸ ਨਾਲ ਲਲਾਰੀ, ਲਲਾਰੀ ਦੀ ਭੱਠੀ ਵੀ ਹੈ। ਲਲਾਰੀ ਕੋਲ ਦੋ ਤਰ੍ਹਾਂ ਦਾ ਰੰਗ, ਕੱਚਾ ਤੇ ਪੱਕਾ ਜਿਸ ਨੂੰ ਪੁਰਾਤਨ ਭਾਸ਼ਾ ਵਿੱਚ ਕਸੁੰਭਾ ਤੇ ਮਜੀਠਾ ਰੰਗ ਕਿਹਾ ਜਾਂਦਾ ਹੈ ਅਤੇ ਕਸੁੰਭਾ ਰੰਗ ਦੁਨਿਆਵੀ ਪਦਾਰਥਾਂ ਦਾ ਪ੍ਰਮਾਣ ਰੂਪ ਹੈ, ਜਦੋਂ ਕਿ ਮਜੀਠਾ ਰੰਗ ਭਗਤੀ ਰੂਪ ਗੂੜ੍ਹੇ ਰੰਗ ਨੂੰ ਕਿਹਾ ਜਾਂਦਾ ਹੈ। ਕੱਪੜੇ ਨੂੰ ਗੂੜ੍ਹਾ ਰੰਗ ਚਾੜ੍ਹਨ ਵਾਸਤੇ, ਲਲਾਰੀ ਦੀ ਇੱਕ ਰੀਤ ਸੀ ਕਿ ਫਟਕੜੀ ਪਾਣੀ ਵਿੱਚ ਘੋਲ ਕੇ ਕੋਰੇ ਕੱਪੜੇ ਨੂੰ ਫਟਕੜੀ ਦਾ ਪਾਹ ਦੇਣਾ, ਜਿਸ 'ਤੇ ਥੋੜ੍ਹੀ ਬਹੁਤ ਵੀ ਮੈਲ ਹੁੰਦੀ ਸੀ, ਉਹ ਨਿਕਲ ਕੇ ਕੱਪੜਾ ਮੈਲ ਰਹਿਤ ਹੋ ਕੇ ਰੰਗਣ ਦੇ ਯੋਗ ਹੋ ਜਾਂਦਾ ਸੀ। ਜੈਸਾ ਕਿ :

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥** [ਆਸਾ ਮਃ ੧, ਅੰਗ ੪੬੮]

ਇਸ ਕਰਕੇ ਕਿਸੇ ਵੀ ਕੋਰੇ ਵਸਤਰ ਨੂੰ ਰੰਗ ਨਹੀਂ ਚੜ੍ਹਿਆ ਕਰਦਾ, ਇਸ ਲਈ ਰੰਗ ਚਾੜ੍ਹਣ ਵਾਸਤੇ ਪਾਹ ਦੇਣਾ ਹੀ ਪੈਂਦਾ ਹੈ। ਰੰਗ ਦੀ ਵੀਚਾਰ ਨੂੰ ਹੋਰ ਸਮਝੀਏ ਤਾਂ ਇੱਕ ਉਹ ਭੀ ਰੰਗ ਹੁੰਦਾ ਹੈ, ਜਿਹੜਾ ਥੋੜ੍ਹਾ ਜਿਹਾ ਪਾਣੀ ਲੱਗਣ ਨਾਲ, ਥੋੜ੍ਹੀ ਜਿਹੀ ਧੁੱਪ ਲੱਗਣ ਨਾਲ, ਆਪਣੀ ਹੋਂਦ ਖ਼ਤਮ ਕਰ ਬੈਠਦਾ ਹੈ। ਜੈਸਾ ਕਿ :

**੧. ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥** [ਸੂਹੀ ਮਃ ੧, ਅੰਗ ੭੫੧]

**੨. ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥੧॥** [ਰਾਗ ਬਿਲਾਵਲ ਮਃ ੫, ਅੰਗ ੮੦੯]

**ਕਸੁੰਭ**—ਕੁਸ਼ੰਭ ਪਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸੰਗਯਾ, ਸ਼ਿਖ ਅੱਗ ਦੀ ਸ਼ਿਖਾ=ਲਾਟ ਜਿਸ ਦਾ ਫੁੱਲ ਅੱਗ ਦੀ ਲਾਟ ਵਰਗਾ ਹੁੰਦਾ ਹੈ। ਐਸਾ ਇੱਕ ਬੂਟਾ ਅਤੇ ਇਸਦੇ ਫੁੱਲ ਦੀਆਂ ਕੇਸਰ ਜਿਹੀਆਂ ਤੁਰੀਆਂ। ਇਸ ਦਾ ਲਾਲ ਰੰਗ ਬਹੁਤ ਭੜਕੀਲਾ ਹੁੰਦਾ ਹੈ, ਪਰ ਧੁੱਪ ਅਤੇ ਜਲ ਨਾਲ ਤੁਰੰਤ ਫਿੱਕਾ ਪੈ ਜਾਂਦਾ ਹੈ। ਗੁਰਬਾਣੀ ਵਿੱਚ ਮਾਇਕ ਪਦਾਰਥਾਂ ਦੇ ਚਮਤਕਾਰ ਕਸੁੰਭ ਰੰਗ ਜਿਹੇ ਵਰਣਨ ਕੀਤੇ ਹਨ। ਇਸਦੇ ਫੁੱਲਾਂ ਦੀਆਂ ਤੁਰੀਆਂ ਨੂੰ ਲੈ ਕੇ ਕੱਪੜਿਆਂ ਨੂੰ ਲਾਲ ਸੂਹਾ ਰੰਗ ਦਿੱਤਾ ਜਾਂਦਾ ਹੈ, ਇਹ ਰੰਗ ਭਾਵੇ ਕਾਫ਼ੀ ਤੇਜ਼ ਹੁੰਦਾ ਹੈ ਤੇ ਸੋਹਣਾ ਵੀ ਬਹੁਤ ਲਗਦਾ ਹੈ, ਪਰ ਇਸ ਵਿੱਚ ਕੱਚਾਪਣ ਇਤਨਾ ਹੈ ਕਿ ਥੋੜ੍ਹੀ ਜਿਹੀ ਧੁੱਪ ਦੇ ਸੇਕ ਨੂੰ ਨਾ ਸਹਾਰਦਾ ਹੋਇਆ ਤੇ ਦੂਜਾ ਪਾਣੀ ਦੀ ਥੋੜ੍ਹੀ ਜਿਹੀ ਸਪਰਸ਼ਤਾ ਨਾਲ ਤੁਰੰਤ ਫਿਕਾ ਪੈ ਜਾਂਦਾ ਹੈ। ਜੈਸਾ ਕਿ :

**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ਰਹਾਉ॥** [ਸੂਹੀ ਫਰੀਦ ਜੀ, ਅੰਗ ੭੯੪]

ਫ਼ਰੀਦ ਸਾਹਿਬ ਜੀ ਇਥੇ ਕਸੁੰਭੇ ਰੰਗ ਦੇ ਪਦ ਨੂੰ ਦੋ ਭਾਵ ਲੈ ਕੇ ਵਰਤ ਰਹੇ ਹਨ। ਢੋਲਾ=ਹੇ ਪਿਆਰੇ ! ਕਸੁੰਭੇ ਦਾ ਰੰਗ ਇਤਨਾ ਕੱਚਾ ਹੈ ਕਿ ਧੁੱਪ ਅਤੇ ਪਾਣੀ ਨਾਲ ਜਾਸੀ=ਜਾਇਆ ਭਾਵ ਖ਼ਤਮ ਹੋ ਜਾਂਦਾ ਹੈ। ਜੇ ਤੂੰ ਇਸ ਨਾਲ ਪ੍ਰੇਮ ਲਾਇ=ਲਾਵੇਂਗਾ ਤਾਂ ਜਦੋਂ ਰੰਗ ਉਡ ਗਿਆ ਤਾਂ ਤੇਰੇ ਹੱਥ ਕੁਝ ਵੀ ਨਹੀਂ ਆਵੇਗਾ ਤੇ ਦੂਸਰਾ ਭਾਵ ਫ਼ਰੀਦ ਜੀ ਕਸੁੰਭੇ ਦਾ ਅਗਨੀ ਲੈਂਦੇ ਹਨ। ਕਿਉਂਕਿ ਦੇਸ ਦੇ ਇੱਕ ਹਿੱਸੇ ਵਿੱਚ ਅਗਨੀ ਨੂੰ ਕਸੁੰਭਾ ਕਿਹਾ ਜਾਂਦਾ ਹੈ। ਇਸ ਲਈ ਅਰਥ ਸਿੱਧ ਹੋਇਆ ਕਿ ਹੇ ਪਿਆਰੇ ! ਵਿਸ਼ਿਆਂ ਰੂਪ ਅਗਨੀ ਨੂੰ ਜੇ ਮਨ ਰੂਪੀ ਹੱਥ ਲਗਾਵੇਂਗਾ ਤਾਂ ਜਲਿ=ਦਗਧ ਹੋ ਜਾਵੇਂਗਾ। ਇਸ ਲਈ ਇਸ ਕੱਚੇ ਰੰਗ ਤੋਂ ਬਚਣ ਦੀ ਗੱਲ ਥਾਂ-ਥਾਂ 'ਤੇ ਕੀਤੀ ਗਈ ਹੈ। ਇਸ ਤੋਂ ਉਲਟ ਜੋ ਗੁਰੂ ਰੂਪ ਲਿਲਾਰੀ ਕੋਲ ਮਜੀਠ ਦੇ ਰੰਗ ਵਾਂਗ ਪੱਕਾ ਨਾਮ ਦਾ ਰੰਗ ਹੈ।

**ਮਜੀਠ**—ਇਕ ਕਿਸਮ ਦਾ ਗੂੜ੍ਹਾ ਪੱਕਾ ਲਾਲ ਰੰਗ ਜੋ ਕਿ ਮਜੀਠ ਨਾਂ ਦੀ ਵੇਲ ਵਿੱਚੋਂ ਤਿਆਰ ਕੀਤਾ ਜਾਂਦਾ ਹੈ। ਇਸ ਬਾਰੇ ਪ੍ਰਸਿੱਧੀ ਹੈ ਕਿ ਇਹ ਧੋਣ ਨਾਲ ਉਤਰਦਾ ਨਹੀਂ। ਰਹੱਸਵਾਦੀ ਸੰਤਾਂ ਨੇ 'ਪ੍ਰਭੂ ਪਿਆਰ' ਨੂੰ ਮਜੀਠ ਦੇ ਰੰਗ ਨਾਲ ਤੁਲਨਾ ਦਿੱਤੀ ਹੈ ਤੇ 'ਜਗਤ ਮੋਹ' ਨੂੰ ਕਸੁੰਭੇ ਨਾਲ। ਸਤਿਗੁਰੂ ਨਾਮ ਨੂੰ ਮਜੀਠੀ ਰੰਗ ਕਹਿ ਕੇ ਇਉਂ ਸਲਾਹੁੰਦੇ ਹਨ। ਜੈਸਾ ਕਿ :

**੧. ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ਰਹਾਉ॥**
[ਸੂਹੀ ਮਹਲਾ ੧, ਅੰਗ ੭੨੯]

**੨. ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥**
**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥** [ਤਿਲੰਗ ਮਹਲਾ ੧, ਅੰਗ ੭੨੨]

## *ਗੁਰਿ ਤੁਠੈ ਹਰਿ ਰੰਗੁ ਚਾੜਿਆ; ਫਿਰਿ ਬਹੁੜਿ ਨ ਹੋਵੀ ਭੰਙੁ ॥੧॥*

ਸਤਿਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਜਿਸ ਜਗਿਆਸੂ ਦੇ ਮਨ ਰੂਪੀ ਬਸਤਰ ਨੂੰ ਨਾਮ ਰੂਪੀ ਰੰਗ ਚਾੜਿਆ ਹੈ, ਬਹੁੜਿ=ਮੁੜ ਫਿਰ ਉਸ ਦੇ ਰੂਹਾਨੀਅਤ ਕੰਮ ਵਿੱਚ ਕੋਈ ਭੰਙੁ=ਬਿਘਨ ਨਹੀਂ ਹੁੰਦਾ। ਸੋ, ਗੁਰੂ ਰੂਪ ਲਿਲਾਰੀ ਸਤਿਸੰਗਤ ਰੂਪ ਮੱਟੀ ਵਿੱਚ ਵੈਰਾਗ ਰੂਪ ਪਾਣੀ ਤੇ ਨਾਮ ਰੂਪ ਰੰਗ ਪਾ ਕੇ, ਕਾਮ ਕ੍ਰੋਧ ਦੀਆਂ ਲੱਕੜਾਂ ਬਾਲ ਕੇ, ਜਪ ਤਪ ਰੂਪੀ ਸੇਕ ਦੇ ਕੇ, ਸੋਹਣਾ ਤੇ ਪੱਕਾ ਨਾਮ ਰੂਪ ਰੰਗ ਚਾੜ੍ਹ ਦਿੰਦੇ ਹਨ, ਪਰ ਇਸ ਤੋਂ ਪਹਿਲਾਂ ਜਗਿਆਸੂ ਦੇ ਅੰਤਸ਼ਕਰਨ ਰੂਪ ਬਸਤਰ ਨੂੰ ਜੋ ਰਾਗ ਦਵੈਸ਼ ਰੂਪ ਮੈਲ ਲਗੀ ਹੋਈ ਹੈ, ਉਸ ਮੈਲ ਨੂੰ ਨਿਸ਼ਕਾਮ ਕਰਮਾਂ ਦੇ ਜਲ ਨਾਲ ਸੁੱਧ ਕਰਕੇ ਗੁਰੂ ਨੂੰ ਸੌਂਪਣਾ ਕਰੀਏ, ਫਿਰ ਨਾਮ ਰੂਪ ਰੰਗ ਚੜ੍ਹੇਗਾ। ਜੈਸਾ ਕਿ :

**ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥**
**ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥** [ਵਾਰ ਆਸਾ ਮਃ ੧, ਅੰਗ ੪੬੮]

ਮਨ ਰੂਪ ਬਸਤਰ ਨੂੰ ਵਾਹਿਗੁਰੂ ਦੇ ਭੈਅ ਵਿੱਚ ਰਹਿਣ ਰੂਪ ਖੁੰਬ 'ਤੇ ਚੜ੍ਹਾਉਣਾ ਕਰੀਏ। ਮੰਦੇ ਕਰਮਾਂ ਤੋਂ ਲਜਿਆ ਕਰਨੀ ਇਹ ਤਨਿ=ਸਰੀਰ ਨੂੰ ਭਾਵ ਸੂਖਮ ਸਰੀਰ-ਮਨ ਨੂੰ ਪਾਹ ਦੇਈਏ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਭਗਤੀ ਰੂਪ ਮਜੀਠੇ ਰੰਗ ਵਿੱਚ ਮਨ ਰਪੈ=ਰੰਗਿਆ ਜਾਵੇ ਤਾਂ ਮਨ ਨੂੰ ਝੂਠ ਦੀ ਸੋਇ=ਲੇਸ ਵੀ ਨਹੀਂ ਰਹਿੰਦੀ।

**ਖੁੰਬਿ**=ਧੋਬੀ ਦਾ ਉਹ ਬਰਤਨ ਜਿਸ ਵਿੱਚ ਖਾਰ ਨਾਲ ਮਿਲਿਆ ਪਾਣੀ ਪਾ ਕੇ ਉਪਰ ਬਸਤਰ ਚਿਣ ਕੇ ਤੇਜ ਭਾਫ਼ ਦਿੰਦਾ ਹੈ, ਜਿਸ ਤੋਂ ਮੈਲ ਅਲੱਗ ਹੋ ਜਾਂਦੀ ਹੈ। ਇਥੇ ਜੋ ਬਸਤਰ ਨੂੰ ਮੈਲ ਰਹਿਤ ਕਰਕੇ **ਵਾ:** ਅੰਤਸ਼ਕਰਨ ਨੂੰ ਮੈਲ ਰਹਿਤ ਕਰਕੇ ਬਾਹਝ ਜਾਂ ਅੰਤ੍ਰੀਵ ਰੰਗ ਚਾੜਣ ਦੀ ਗੱਲ ਕੀਤੀ ਹੈ, ਉਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਕਿ ਜੋ ਮੈਲ ਹੈ, ਉਹ ਭਾਵੇਂ ਕਿਸੇ ਕਿਸਮ ਦੀ ਹੋਵੇ, ਹਰ ਵਸਤੂ ਦੀ ਮੈਲ ਉਸੇ ਵਸਤੂ ਲਈ ਇਤਨੀ ਹਾਨੀਕਾਰਕ ਹੈ ਕਿ ਉਸੇ ਵਸਤੂ ਦੀ ਸ਼ਕਤੀ ਨੂੰ ਨਸ਼ਟ ਕਰ ਦਿੰਦੀ ਹੈ। ਲੋਹੇ ਦੀ ਮੈਲ ਲੋਹੇ ਨੂੰ ਕਮਜ਼ੋਰ, ਸ਼ਕਤੀਹੀਣ ਕਰਕੇ ਰੱਖ ਦਿੰਦੀ ਹੈ। ਬਸਤਰ ਦੀ ਮੈਲ ਬਸਤਰ ਦੀ ਸ਼ਕਤੀ ਨੂੰ ਨਸ਼ਟ ਕਰ ਦਿੰਦੀ ਹੈ। ਮੈਲ ਕੇਵਲ ਵਸਤੂ ਦੀ ਸ਼ਕਤੀ ਨੂੰ ਹੀ ਨਸ਼ਟ ਨਹੀਂ ਕਰਦੀ, ਬਲਕਿ ਉਸਦੇ ਰੂਪ ਨੂੰ ਵੀ ਵਿਗਾੜ ਦਿੰਦੀ ਹੈ। ਇਸੇ ਤਰ੍ਹਾਂ ਮਨ ਦੀ ਮੈਲ ਨੇ ਮਨ ਨੂੰ ਕਮਜ਼ੋਰ ਹੀ ਨਹੀਂ ਕੀਤਾ, ਸਗੋਂ ਮਨ ਦੀ ਸ਼ਕਲ ਵੀ ਵਿਗਾੜ ਦਿੱਤੀ ਹੈ। ਬਿਗੜੇ ਹੋਏ ਮਨ ਦਾ ਹਰ ਕਰਤਬ, ਹਰ ਸੋਚ, ਬਿਗਾੜ ਰੂਪ ਹੋਇਆ ਕਰਦੀ ਹੈ। ਮਨ ਦੀ ਮੈਲ ਦਾ ਨਾਮ ਗੁਰਬਾਣੀ ਅਤੇ ਧਰਮ ਸ਼ਾਸਤਰਾਂ ਵਿੱਚ ਜਿਥੇ ਰਾਗ ਦ੍ਵੈਖ ਹੈ, ਉਥੇ ਹਉਮੈ ਨੂੰ ਵੀ ਮਨ ਦੀ ਸਭ ਤੋਂ ਖ਼ਤਰਨਾਕ ਮੈਲ ਮੰਨਿਆ ਹੈ। ਜੈਸਾ ਕਿ :

**ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥**
**ਤ੍ਰਿਤੀਆ ਤੇਰਾ ਸੁੰਦਰ ਥਾਨੁ ॥ ਬਿਗੜ ਰੂਪੁ ਮਨ ਮਹਿ ਅਭਿਮਾਨੁ ॥**

[ਆਸਾ ਮਹਲਾ ੫, ਅੰਗ ੩੭੪]

ਪ੍ਰਥਮੇ੍ਪਹਿਲਾਂ, ਨੀਕੀ੍ਸੁੰਦਰ ਭਾਵ ਤੇਰੀ ਪਹਿਲਾਂ ਬ੍ਰਹਮ ਰੂਪ ਸੁੰਦਰ ਜਾਤਿ ਸੀ। ਦੂਜੇ ਨੰਬਰ 'ਤੇ ਦੇਹ ਦੇ ਇੰਦ੍ਰਿਆਂ ਰੂਪ ਪੰਗਤੀ 'ਤੇ ਤੇਰੀ ਆਗਿਆ ਮੰਨੀ ਜਾਂਦੀ ਸੀ। ਭਾਵ, ਜੋ ਮਨ ਹੁਕਮ ਕਰਦਾ ਹੈ, ਦੇਹ ਦੇ ਇੰਦ੍ਰੇ ਉਹੀ ਕੁਝ ਕਰਦੇ ਹਨ। ਤੀਜੇ ਨੰਬਰ 'ਤੇ ਤੇਰਾ ਸ਼ਾਂਤਕੀ ਹਿਰਦਾ ਰੂਪੀ ਰਹਿਣ ਵਾਲਾ ਅਸਥਾਨ ਸੁੰਦਰ ਸੀ, ਪਰ ਉਥੇ ਸੁੰਦਰ ਅਸਥਾਨ 'ਤੇ ਤੂੰ ਆਪਣੇ ਸਰੂਪ ਨੂੰ ਵਿਗਾੜਨ ਵਾਲੀ ਹਉਮੈ ਦੀ ਮੈਲ ਰੱਖ ਲਈ, ਜਿਸ ਮੈਲ ਕਰਕੇ ਤੇਰਾ ਰੂਪ ਵਿਗੜ ਚੁੱਕਾ ਹੈ। ਇਸ ਲਈ ਗੁਰੂ ਸਾਹਿਬ ਰਾਗ ਦ੍ਵੈਸ਼ ਤੇ ਹਉਮੈ ਦੀ ਮੈਲ ਨੂੰ ਦੂਰ ਕਰਕੇ ਨਾਮ ਰੂਪ ਰੰਗ ਚਾੜ੍ਹਦੇ ਹਨ। ਫਿਰ ਉਹ ਰੰਗ ਕਦੇ ਵੀ ਉਤਰਦਾ ਨਹੀਂ।

**ਸਾਖੀ ਭਾਈ ਮਤੀਦਾਸ ਜੀ—**ਭਾਈ ਮਤੀਦਾਸ ਜੋ ਕਿ ਭਾਈ ਪਿਰਾਗਾ ਦੇ ਸਪੁੱਤਰ ਹਨ। ਭਾਈ ਪਿਰਾਗਾ ਛੇਵੇਂ ਪਾਤਿਸ਼ਾਹ ਦਾ ਸਿੱਖ, ਛਿੱਬਰ ਬ੍ਰਾਹਮਣ ਮਹਾਤਮਾ ਗੌਤਮ ਦਾ ਪੁੱਤਰ ਅਤੇ ਕੜੀਆਲਾ ਪਿੰਡ, ਜ਼ਿਲ੍ਹਾ ਜੇਹਲਮ, ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ, ਦੇ ਰਹਿਣ ਵਾਲਾ ਸੀ। ਭਾਈ ਪਿਰਾਗੇ ਦੇ ਚਾਰ ਸਪੁੱਤਰ ਸਨ—ਭਾਈ ਮਤੀਦਾਸ, ਸਤੀਦਾਸ, ਜਤੀਦਾਸ, ਸਖੀਦਾਸ। ਜਿਨ੍ਹਾਂ ਵਿੱਚੋਂ ਭਾਈ ਮਤੀਦਾਸ ਜੀ ਸਨ। ਸਤਿਗੁਰੂ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਦੀਵਾਨ ਥਾਪਿਆ ਸੀ। ਭਾਈ ਮਤੀਦਾਸ ਤੇ ਸਤੀਦਾਸ ਦੀ ਕੁਰਬਾਨੀ ਗੁਰੂ ਸਾਹਿਬ ਨਾਲ ਦਿੱਲੀ ਵਿਖੇ ਹੋਈ। ਜਦੋਂ ਗੁਰੂ ਸਾਹਿਬ ਜੀ ਲੋਹ ਪਿੰਜਰੇ ਵਿੱਚ ਕੈਦ ਸਨ ਤਾਂ ਭਾਈ ਮਤੀ ਦਾਸ ਜੀ ਨੂੰ ਸਰਕਾਰ ਨੇ ਕਾਜ਼ੀ ਤੋਂ ਆਰੇ ਨਾਲ ਚੀਰਨ ਦਾ ਫ਼ਤਵਾ ਦਿਵਾਇਆ, ਜਿਸ ਨੂੰ ਭਾਈ ਸਾਹਿਬ ਨੇ ਹੱਸ ਕੇ ਕਬੂਲ ਕੀਤਾ। ਜਦੋਂ ਜਲਾਦ ਆਰੇ ਨੂੰ ਤਿੱਖਾ ਕਰਨ ਲੱਗੇ ਤਾਂ ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਆਪਣੇ ਆਰੇ ਨੂੰ ਤਿੱਖਾ ਕਰੋ, ਮੈਂ ਆਪਣੇ ਮਨ ਨੂੰ ਤਿੱਖਾ ਕਰਾਂਗਾ। ਜਲਾਦਾਂ ਨੇ ਪੁੱਛਿਆ ਕਿ ਅਸੀਂ ਤਾਂ ਰੇਤੀ ਨਾਲ ਆਰੇ ਨੂੰ ਤਿੱਖਾ ਕਰਾਂਗੇ, ਤੇਰੇ ਕੋਲ ਮਨ ਨੂੰ ਤਿੱਖਾ ਕਰਨ ਦਾ ਕੀ ਸਾਧਨ ਹੈ ? ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮੇਰੇ ਕੋਲ ਗੁਰੂ ਨਾਨਕ ਦਾ ਬਖ਼ਸ਼ਿਆ ਜਪੁਜੀ ਦਾ ਪਾਠ ਹੈ। ਜਿਸ ਜਪੁਜੀ ਦੇ ਰੰਗ ਨੂੰ ਮੇਰੇ ਗੁਰੂ ਤੇਗ ਬਹਾਦਰ ਸਾਹਿਬ ਨੇ ਪ੍ਰਸੰਨ ਹੋ ਕੇ ਚਾੜ੍ਹਨਾ

ਕੀਤਾ ਹੈ। ਮਤੀਦਾਸ ਜੀ ਨੂੰ ਆਖ਼ਰੀ ਇੱਛਾ ਪੁੱਛਣ ਤੋਂ ਭਾਈ ਸਾਹਿਬ ਨੇ ਜਲਾਦਾਂ ਨੂੰ ਕਿਹਾ ਕਿ ਅੰਤ ਸਮੇਂ ਮੇਰਾ ਮੁਖ ਗੁਰੂ ਦੇ ਪਿੰਜਰੇ ਵੱਲ ਹੋਵੇ। ਭਾਈ ਸਾਹਿਬ ਨੇ ਜਪੁਜੀ ਦਾ ਪਾਠ ਸ਼ੁਰੂ ਕੀਤਾ, ਅਜੇ ਅਸੰਖ ਜਪੁ ਵਾਲੀ ਪਉੜੀ 'ਤੇ ਹੀ ਪਹੁੰਚੇ ਸਨ ਕਿ ਜਲਾਦਾਂ ਨੇ ਸਰੀਰ ਨੂੰ ਚੀਰ ਕੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਭਾਈ ਸਾਹਿਬ ਦੀ ਜਲਾਦਾਂ ਨੂੰ ਹਦਾਇਤ ਸੀ ਕਿ ਚੀਰ ਬਿਲਕੁਲ ਸਿੱਧਾ ਹੋਵੇ, ਜੇ ਤੁਹਾਡੀ ਗ਼ਲਤੀ ਨਾਲ ਚੀਰ ਟੇਢਾ ਲੱਗ ਗਿਆ ਤਾਂ ਕਿਤੇ ਕੋਈ ਇਤਿਹਾਸਕਾਰ ਇਸ ਗੱਲ ਨੂੰ ਗ਼ਲਤ ਰੰਗਤ ਨਾ ਦੇ ਦੇਵੇ ਕਿ ਭਾਈ ਸਾਹਿਬ ਆਰੇ ਤੋਂ ਡਰਦਾ ਡੋਲ ਗਿਆ ਸੀ, ਜਦ ਕਿ ਮੈਂ ਅਡੋਲ ਖੜ੍ਹਾ ਹਾਂ। ਇਸ ਤੋਂ ਬਾਅਦ ਇੱਕ ਹੋਰ ਅਸਚਰਜ ਗੱਲ ਹੋਈ ਕਿ ਸਰੀਰ ਦੇ ਦੋ ਹਿੱਸੇ ਹੋਣ ਤੋਂ ਬਾਅਦ ਵੀ ਜਪੁਜੀ ਦੀ ਆਵਾਜ਼ ਬੰਦ ਨਹੀਂ ਹੋਈ ਤੇ ਦੋ ਹਿੱਸਿਆਂ ਵਿੱਚੋਂ ਇੱਕ ਹੀ ਆਵਾਜ਼ ਆਉਂਦੀ ਰਹੀ। ਜੈਸਾ ਕਿ :

**ਅਰਧੋ ਅਰਧ ਚਿਰਾਇ ਸੁ ਡਾਰਾ॥ ਪਰਯੋ ਪ੍ਰਿਥੀ ਪੁਰ ਹ੍ਵੈ ਦੋ ਫਾਰਾ॥**
**ਦੋਨਹੁ ਤਨ ਤੇ ਜਪੁਜੀ ਪਢੈ॥ ਹੇਰਤਿ ਸਭਿ ਕੇ ਅਚਰਜ ਬਢੈ॥੪੯॥**

[ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੫੪]

ਇਸ ਪ੍ਰਕਾਰ ਭਾਈ ਮਤੀਦਾਸ ਜੀ ਦਾ ਮਨ ਨਾਮ ਦੇ ਗੂੜ੍ਹੇ ਰੰਗ ਵਿੱਚ ਰੰਗਿਆ ਹੋਇਆ ਸੀ। ਜਿਵੇਂ ਮਜੀਠੇ ਦਾ ਰੰਗ ਕਪੜੇ ਨੂੰ ਹਢਾਉਣ-ਪਾਟਣ ਤੋਂ ਬਾਅਦ ਵੀ ਨਹੀਂ ਲਹਿੰਦਾ। ਇਸੇ ਤਰ੍ਹਾਂ ਸਰੀਰ ਨੂੰ ਚੀਰਨ ਤੋਂ ਬਾਅਦ ਵੀ ਉਹ ਰੰਗ ਉਤਰਿਆ ਨਹੀਂ। ਜੈਸਾ ਕਿ :

**ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ॥**
**ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥੩॥**

[ਮਾਲੀ ਗਉੜਾ ਮਹਲਾ ੪, ਅੰਗ ੯੮੫]

## *ਮੇਰੇ ਮਨ; ਹਰਿ ਰਾਮ ਨਾਮਿ ਕਰਿ ਰੰਙੁ ॥*

ਹੇ ਮੇਰੇ ਮਨ ! ਤੂੰ ਹਰ ਵੇਲੇ ਜੋ ਰਾਮ=ਰਮਿਆ ਹੋਇਆ ਪ੍ਰਮੇਸ਼ਰ ਹੈ, ਉਸ ਦੇ ਨਾਮ ਨਾਲ ਰੰਙੁ=ਪ੍ਰੇਮ ਕਰਨਾ ਕਰ।

## *ਗੁਰਿ ਤੁਠੈ ਹਰਿ ਉਪਦੇਸਿਆ; ਹਰਿ ਭੇਟਿਆ ਰਾਉ ਨਿਸੰਙੁ ॥੧॥ਰਹਾਉ॥*

ਜਿਸ ਨੂੰ ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਹਰੀ ਨਾਮ ਦਾ ਉਪਦੇਸਿਆ=ਉਪਦੇਸ ਦਿੱਤਾ ਹੈ, ਉਸ ਨੂੰ ਨਿਸੰਙੁ=ਨਿਸੰਕ ਹੋ ਕੇ ਰਾਉ=ਰਾਜਾ ਰੂਪ ਹਰਿ=ਪ੍ਰਮੇਸ਼ਰ ਭੇਟਿਆ=ਮਿਲਿਆ ਹੈ। **ਅਥਵਾ** ਉਸ ਨੂੰ ਹਰਿ=ਪ੍ਰਮਾਤਮਾ ਮਿਲਿਆ ਹੈ, ਉਹ ਜਨਮ-ਮਰਨ ਰੂਪ ਸੰਙੁ=ਸ਼ੰਕਾ ਤੋਂ ਰਹਿਤ ਹੋਇਆ ਹੈ॥੧॥ਰਹਾਉ॥

## *ਮੁੰਧ ਇਆਣੀ ਮਨਮੁਖੀ; ਫਿਰਿ ਆਵਣ ਜਾਣਾ ਅੰਙੁ ॥*

ਜੋ ਜੀਵ ਰੂਪ ਮੁੰਧ=ਇਸਤਰੀ ਮਨਮੁਖੀ=ਮਨਮੁਖਤਾ ਕਰਕੇ, ਇਆਣੀ=ਅਗਿਆਤ, ਬੇਸਮਝ ਹੋ ਰਹੀ ਹੈ, ਉਸ ਦਾ ਫਿਰਿ=ਮੁੜ ਕੇ ਅੰਙੁ=ਸਰੀਰ ਵਿੱਚ ਆਉਣਾ-ਜਾਣਾ, ਭਾਵ ਜੰਮਣਾ ਤੇ ਮਰਨਾ ਬਣਿਆ ਰਹੇਗਾ।

## *ਹਰਿ ਪ੍ਰਭੁ ਚਿਤਿ ਨ ਆਇਓ; ਮਨਿ ਦੂਜਾ ਭਾਉ ਸਹਲੰਙੁ ॥੨॥*

ਐਸੀ ਮਨਮੁਖ ਜੀਵ ਰੂਪ ਇਸਤਰੀ ਨੂੰ ਹਰਿ=ਵਾਹਿਗੁਰੂ ਪ੍ਰਭੂ=ਮਾਲਿਕ ਚਿਤਿ=ਚੇਤੇ ਨਹੀਂ ਆਇਓ=ਆਇਆ, ਜਿਸ ਦਾ ਮਨ ਦੂਜਾ=ਦਵੈਤ ਭਾਉ=ਭਾਵ ਵਿੱਚ ਸਹਲੰਙੁ=ਜੁੜ ਰਿਹਾ ਹੈ, **ਅਥਵਾ** ਦ੍ਵੈਤ ਭਾਅ ਦੇ ਸਹ=ਨਾਲ ਲੰਙੁ=ਲੱਗ ਰਿਹਾ ਹੈ॥੨॥

## ਹਮ ਮੈਲੁ ਭਰੇ ਦੁਹਚਾਰੀਆ; ਹਰਿ ਰਾਖਹੁ ਅੰਗੀ ਅੰਙੁ ॥

**ਅਨਵੇ** :—ਅੰਙੁ=ਹੇ ਪਿਆਰੇ ਹਰਿ=ਵਾਹਿਗੁਰੂ ! ਅਸੀਂ ਦੁਹਚਾਰੀਆ=ਬੁਰੇ ਕਰਮਾਂ ਦੇ ਕਰਨ ਵਾਲੇ ਪਾਪਾਂ ਦੀ ਮੈਲ ਨਾਲ ਭਰੇ ਹੋਏ ਹਾਂ, ਆਪ ਮੇਰਾ ਅੰਗੀ=ਪੱਖ ਕਰਕੇ ਮੈਨੂੰ ਜੰਮਣ-ਮਰਨ ਤੋਂ ਰਾਖਹੁ=ਰੱਖ ਲਵੋ। ਅਥਵਾ ਜਿਵੇਂ ਆਪ ਭਗਤਾਂ ਦੇ ਅੰਗੀ=ਪੱਖੀ ਹੋ ਤਿਵੇਂ ਮੈਨੂੰ ਵੀ ਆਪਣਾ ਅੰਗੀ=ਪੱਖ ਕਰਕੇ ਰੱਖ ਲਵੋ।

## ਗੁਰਿ ਅੰਮ੍ਰਿਤ ਸਰਿ ਨਵਲਾਇਆ; ਸਭਿ ਲਾਥੇ ਕਿਲਵਿਖ ਪੰਙੁ ॥੩॥

ਜਿਸ ਨੂੰ ਸਤਿਗੁਰਾਂ ਨੇ ਨਾਮ ਰੂਪ ਅੰਮ੍ਰਿਤ ਦੇ ਸਰਿ=ਸਰੋਵਰ ਵਿੱਚ ਨਵਲਾਇਆ=ਇਸ਼ਨਾਨ ਕਰਾਇਆ ਹੈ, ਉਸਦੇ ਅੰਤਸ਼ਕਰਨ ਵਿੱਚੋਂ ਪੰਙੁ=ਚਿੱਕੜ ਰੂਪ ਸਾਰੇ ਕਿਲਵਿਖ=ਪਾਪ ਲਹਿ ਗਏ ਹਨ ॥੩॥

## ਹਰਿ ਦੀਨਾ ਦੀਨ ਦਇਆਲ ਪ੍ਰਭੁ; ਸਤਸੰਗਤਿ ਮੇਲਹੁ ਸੰਙੁ ॥

ਹੇ ਦੀਨਾ=ਗ਼ਰੀਬਾਂ ਤੇ ਦਿਆਲੂ ਹੋਣ ਵਾਲੇ ਹਰੀ ਪ੍ਰਭੂ ! ਮੈਂ ਦੀਨ=ਗ਼ਰੀਬ ਸੇਵਕ ਨੂੰ ਸਤਿਸੰਗਤ ਦੇ ਸੰਙੁ=ਨਾਲ ਮੇਲਣਾ ਕਰੋ। ਇਹ ਮੇਰੀ ਆਪ ਜੀ ਦੇ ਚਰਨਾਂ ਵਿੱਚ ਬੇਨਤੀ ਹੈ।

## ਮਿਲਿ ਸੰਗਤਿ ਹਰਿ ਰੰਗੁ ਪਾਇਆ; ਜਨ ਨਾਨਕ ਮਨਿ ਤਨਿ ਰੰਙੁ ॥੪॥੩॥

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ ਕਿ ਜਿਸਨੇ ਸਤ ਸੰਗਤਿ ਵਿੱਚ ਮਿਲ ਕੇ ਹਰਿ=ਪ੍ਰਮੇਸ਼ਰ ਦੇ ਰੰਗੁ=ਪ੍ਰੇਮ **rj^** ਅਨੰਦ ਨੂੰ ਪਾਇਆ ਹੈ, ਉਸਦੇ ਮਨ ਅਤੇ ਤਨ ਨੂੰ ਨਾਮ **ਵਾ:** ਪ੍ਰੇਮ ਦਾ ਰੰਗ ਚੜ੍ਹ ਗਿਆ ਹੈ ॥੪॥੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੨ [ਆਦਿ ਅੰਗ ੭੩੩]

*ਸੂਹੀ ਮਹਲਾ ੪ ॥ ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥ ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥੧॥ ਹਰਿ ਧਨੁ ਸੰਚੀਐ ਭਾਈ ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥੧॥ਰਹਾਉ॥ ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥ ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾ ਕਿ ਹਰਿ ਧਨੁ ਲਇਆ ਨ ਜਾਈ ॥੨॥ ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥ ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥ ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ॥੪॥ ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥ ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥ ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥ ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥੩॥੧੦॥*

## *ਸੂਹੀ ਮਹਲਾ ੪ ॥*

ਇਹ ਮੁਖਵਾਕ ਸੋਢੀ ਸੁਲਤਾਨ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਵਿੱਚ ਉਚਾਰਨ ਕੀਤਾ ਹੋਇਆ ਹੈ। ਜਿਸ ਦੀ ਪਹਿਲੀ ਤੁਕ ਵਿੱਚ ਪ੍ਰਮਾਤਮਾ ਦੇ ਨਾਮ ਨੂੰ ਆਰਾਧਣ ਦੀ ਮਹਾਨ ਸ਼ਕਤੀ ਦਾ ਜ਼ਿਕਰ ਕਰਦੇ ਹੋਏ ਕਥਨ ਕਰਦੇ ਹਨ :

## *ਜਿਥੈ ਹਰਿ ਆਰਾਧੀਐ; ਤਿਥੈ ਹਰਿ ਮਿਤੁ ਸਹਾਈ ॥*

ਜਿਥੇ ਵੀ ਹਰਿ=ਪ੍ਰੇਮਸ਼ਰ ਨੂੰ ਆਰਾਧੀਐ=ਸਿਮਰੀਏ, ਯਾਦ ਕਰੀਏ ਤਿਥੈ=ਤਿਸ ਜਗ੍ਹਾ ਭਾਵ ਉਥੇ ਹੀ ਹਰਿ=ਵਾਹਿਗੁਰੂ ਮਿਤੁ=ਮਿੱਤਰ ਸਹਾਈ=ਸਹਾਇਕ ਹੁੰਦਾ ਹੈ।

ਜੇ ਪ੍ਰਹਿਲਾਦ ਨੇ ਆਰਾਧਿਆ ਤਾਂ ਹਰੀ ਮਿੱਤਰ ਸਹਾਇਤਾ ਲਈ ਥੰਮ੍ਹ ਪਾੜ ਕੇ ਪ੍ਰਗਟ ਹੋਇਆ ਤੇ ਆਰਾਧਣ ਵਾਲੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ। ਜੇ ਦਰੋਪਤੀ ਨੇ ਭਰੀ ਸਭਾ ਵਿੱਚ ਆਰਾਧਿਆ ਤਾਂ ਹਰੀ ਮਿੱਤਰ ਨੇ ਅਨੰਤ ਸਾੜੀਆਂ ਦੇ ਕੇ ਸਹਾਇਤਾ ਕੀਤੀ ਤੇ ਹਰੀ ਮਿੱਤਰ ਨੇ ਉਥੇ ਹੀ ਪਹੁੰਚ ਕੇ ਉਸਦੀ ਸਹਾਇਤਾ ਕੀਤੀ। ਜੇ ਕੌਡੇ ਰਾਖਸ਼ ਦੇ ਤਪਦੇ ਕੜਾਹੇ ਤੋਂ ਭੈ-ਭੀਤ ਹੋ ਕੇ ਮਰਦਾਨੇ ਨੇ ਆਰਾਧਿਆ ਤੇ ਉਥੇ ਹੀ ਮਿੱਤਰ ਰੂਪ ਪ੍ਰਮੇਸ਼ਰ ਮਰਦਾਨੇ ਦੀ ਰਖਿਆ ਲਈ ਪਹੁੰਚਿਆ ਤੇ ਸਹਾਇਤਾ ਕੀਤੀ। ਜਦੋਂ ਕਸ਼ਮੀਰੀ ਪੰਡਿਤਾਂ ਨੇ ਧਰਮ ਸੰਕਟ ਵਿੱਚੋਂ ਬਚਣ ਲਈ ਅਨੰਦਪੁਰ ਸਾਹਿਬ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਪੂਜਾ, ਆਰਾਧਨਾ ਕੀਤੀ ਤਾਂ ਆਰਾਧਨ ਕਰਨ ਵਾਲਿਆਂ ਦੇ ਮਿੱਤਰ ਬਣ ਕੇ ਧਰਮ ਰੱਖਿਆ ਲਈ ਭਾਵੇਂ ਸੀਸ ਦੇਣਾ ਪਿਆ, ਪਰ ਸ਼ਰਨ ਆਉਣ ਵਾਲਿਆਂ ਦੀ ਸਹਾਇਤਾ ਕੀਤੀ। ਜੇ ਰੁਸਤਮ ਰਾਓ, ਬਾਲਾ ਰਾਓ ਨੇ ਸਿਤਾਰੇ ਦੇ ਕਿਲ੍ਹੇ ਵਿੱਚ ਨਰਕ ਵਰਗਾ ਜੀਵਨ ਬਤੀਤ ਕਰਦਿਆਂ, ਉਥੋਂ ਆਜ਼ਾਦ ਹੋਣ ਲਈ ਦਸਵੇਂ ਪਾਤਸ਼ਾਹ ਦੀ ਆਰਾਧਨਾ ਕੀਤੀ ਤਾਂ ਸਤਿਗੁਰੂ ਮਿੱਤਰ ਰੂਪ ਹੋ ਕੇ

ਘੋੜੇ ਸਮੇਤ ਕਿਲ੍ਹੇ ਵਿੱਚ ਜਾ ਪਹੁੰਚੇ ਤੇ ਉਥੋਂ ਆਜ਼ਾਦ ਕਰਕੇ ਉਨ੍ਹਾਂ ਦੀ ਸਹਾਇਤਾ ਕੀਤੀ। ਇਸ ਤਰ੍ਹਾਂ ਉਪਰੋਕਤ ਤੁਕ ਦੇ ਸਿਧਾਂਤ ਨੂੰ ਸਪੱਸ਼ਟ ਕਰਨ ਵਾਲੀਆਂ ਅਨੇਕਾਂ ਸਾਖੀਆਂ ਇਤਿਹਾਸ ਵਿੱਚ ਸੁਸ਼ੋਭਿਤ ਹਨ।

### *ਗੁਰ ਕਿਰਪਾ ਤੇ ਹਰਿ ਮਨਿ ਵਸੈ; ਹੋਰਤੁ ਬਿਧਿ ਲਇਆ ਨ ਜਾਈ ॥੧॥*

ਗੁਰਾਂ ਦੀ ਕਿਰਪਾ ਤੇ=ਨਾਲ ਹਰਿ=ਪ੍ਰਮੇਸ਼ਰ ਦਾ ਨਾਮ ਮਨ ਵਿੱਚ ਵਸੈ=ਟਿਕਦਾ ਹੈ। ਹੋਰਤੁ=ਹੋਰ ਬਿਧਿ=ਤਰੀਕੇ ਨਾਲ ਲਇਆ=ਲਿਆ ਨਹੀਂ ਜਾਈ=ਜਾਂਦਾ। ਹਰ ਨਾਮ ਅਭਿਆਸੀ ਦੀ ਇਹ ਤੀਬਰ ਇੱਛਾ ਹੈ ਕਿ ਮੇਰੇ ਮਨ ਵਿੱਚ ਨਾਮ ਵਸ ਜਾਵੇ, ਪਰ ਨਾਮ ਵਿਰੋਧੀ ਮਨ ਵਿੱਚ ਬੈਠੀਆਂ ਤਾਕਤਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ, ਉਹ ਸ਼ਕਤੀ ਕੇਵਲ ਗੁਰੂ ਕਿਰਪਾ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਗੁਰੂ ਕਿਰਪਾ ਦੁਆਰਾ ਪ੍ਰਮੇਸ਼ਰ ਦਾ ਨਾਮ ਹਿਰਦੇ ਵਿੱਚ ਵਸਣ ਦੀ ਗੱਲ ਉਪਰੋਕਤ ਤੁਕ ਵਿੱਚ ਸਤਿਗੁਰਾਂ ਨੇ ਕੀਤੀ॥੧॥

### *ਹਰਿ ਧਨੁ ਸੰਚੀਐ; ਭਾਈ ॥*
### *ਜਿ ਹਲਤਿ ਪਲਤਿ; ਹਰਿ ਹੋਇ ਸਖਾਈ ॥੧॥ਰਹਾਉ॥*

(ਭਾਈ=ਪ੍ਰੇਮ ਵਾਚਕ ਸ਼ਬਦ ਹੈ ਸੰਬੋਧਨ ਕਰਨ ਲਈ ਸਤਿਗੁਰੂ ਜੀ ਅਨੇਕਾਂ ਥਾਵਾਂ 'ਤੇ ਵਰਤਦੇ ਹਨ। ਇਥੇ ਵੀ ਆਖਦੇ ਹਨ) ਹੇ ਭਾਈ! ਹਰੀ ਨਾਮ ਧਨ ਨੂੰ ਸੰਚੀਐ=ਇਕੱਠਾ ਕਰੀਏ, ਜਿਹੜਾ ਹਰੀ ਹਲਤਿ=ਇਸ ਲੋਕ ਵਿੱਚ ਪਲਤਿ=ਪ੍ਰਲੋਕ ਵਿੱਚ ਅਤੇ ਹਰ ਇੱਕ ਦੁਖ ਵੇਲੇ ਸਖਾਈ=ਸਹਾਈ ਹੁੰਦਾ ਹੈ। **ਵਾ:** ਜਿਹੜਾ ਹਰੀ ਲੋਕ ਪ੍ਰਲੋਕ ਦਾ ਸਖਾਈ=ਮਿੱਤਰ ਹੁੰਦਾ ਹੈ॥੧॥ਰਹਾਉ॥

### *ਸਤਸੰਗਤੀ ਸੰਗਿ, ਹਰਿ ਧਨੁ ਖਟੀਐ;*
### *ਹੋਰ ਥੈ ਹੋਰਤੁ ਉਪਾਇ, ਹਰਿ ਧਨੁ ਕਿਤੈ ਨ ਪਾਈ ॥*

ਇਸ ਹਰੀ ਨਾਮ ਧਨ ਦੀ ਖਟੀ ਸਤ ਸੰਗਤ ਨਾਲ ਮਿਲ ਕੇ ਹੀ ਖਟੀਐ=ਖਟੀਦੀ ਹੈ। ਸਤਸੰਗਤ ਤੋਂ ਬਿਨਾਂ ਹੋਰਥੈ=ਹੋਰ ਥਾਂ ਤੋਂ ਹੋਰਤੁ=ਹੋਰ ਕਿਸੇ ਉਪਾਇ=ਯਤਨ ਨਾਲ ਹਰੀ ਧਨ ਨੂੰ ਕਿਸੇ ਨੇ ਵੀ ਪਾਈ=ਪ੍ਰਾਪਤ ਨਹੀਂ ਕੀਤਾ।

### *ਹਰਿ ਰਤਨੈ ਕਾ ਵਾਪਾਰੀਆ, ਹਰਿ ਰਤਨ ਧਨੁ ਵਿਹਾਝੇ;*
### *ਕਚੈ ਕੇ ਵਾਪਾਰੀਏ, ਵਾ ਕਿ ਹਰਿ ਧਨੁ ਲਇਆ ਨ ਜਾਈ ॥੨॥*

[ਦੂਸਰਾ ਪਾਠ 'ਵਾਕਿ' ਹੈ]

ਜੋ ਹਰਿ=ਪ੍ਰਮੇਸ਼ਰ ਦੇ ਨਾਮ ਰੂਪ ਰਤਨਾਂ ਦਾ ਵਪਾਰੀ ਹੈ, ਉਹੀ ਹਰੀ ਨਾਮ ਰੂਪ ਰਤਨ=ਅਮੋਲਕ ਧਨ ਨੂੰ ਵਿਹਾਝੇ=ਖ਼ਰੀਦਦਾ ਹੈ। ਜੋ ਸੰਸਾਰ ਦੇ ਪਦਾਰਥਾਂ ਰੂਪ ਕਚੇ ਧਨ ਦੇ ਵਾਪਾਰੀ ਹਨ, ਵਾ ਕਿ=ਉਹਨਾਂ ਦੇ ਪਾਸੋਂ **ਵਾ:** ਉਹਨਾਂ ਦੇ ਵਾਕਿ=ਬਚਨਾਂ ਨਾਲ ਹਰਿ=ਵਾਹਿਗੁਰੂ ਦੇ ਨਾਮ ਧਨ ਨੂੰ ਲਇਆ=ਪ੍ਰਾਪਤ ਨਹੀਂ ਕੀਤਾ ਜਾ ਸਕਦਾ॥੨॥

### *ਹਰਿ ਧਨੁ ਰਤਨੁ ਜਵੇਹਰੁ ਮਾਣਕੁ,*
### *ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ; ਹਰਿ ਭਗਤੀ, ਹਰਿ ਲਿਵ ਲਾਈ ॥*

ਹਰੀ ਨਾਮ ਰੁਪੀ ਧਨ, ਰਤਨ, ਜਵਾਹਰ, ਮਾਣਕਾਂ ਵਾਂਗ ਅਮੋਲਕ ਹੈ, **ਅਥਵਾ** ਹਰੀ ਪ੍ਰਮੇਸ਼ਰ ਦੇ ਨਾਮ ਰੂਪ ਧਨ ਕਰਕੇ ਰਤਨ ਦੀ ਨਿਆਈਂ ਵੈਰਾਗ, ਜਵੇਹਰ ਦੀ ਨਿਆਈਂ ਗਿਆਨ ਅਤੇ ਮਾਣਕ ਦੀ ਨਿਆਈਂ ਸ੍ਰਵਣ ਮੰਨਣ ਨਿਧਿਆਸਣ ਆਦਿਕਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਮਨੁੱਖਾ ਜਨਮ ਰੂਪ ਅੰਮ੍ਰਿਤ ਵੇਲੇ ਰੂਪ ਵੱਤ੍ਰ ਵਿੱਚ,

**ਵਾ:** ਪ੍ਰਤੱਖ ਅੰਮ੍ਰਿਤ ਵੇਲੇ ਜਾਗਣ ਰੂਪ ਵੱਤ੍ਰ ਵਿੱਚ ਭਗਤਾਂ ਨੇ ਹਰਿ-ਹਰਿ ਦੇ ਨਾਮ ਰੂਪ ਧਨ ਨਾਲ ਲਿਵ=ਬਿਰਤੀ ਲਗਾਈ ਹੋਈ ਹੈ।

## *ਹਰਿ ਧਨੁ, ਅੰਮ੍ਰਿਤ ਵੇਲੈ ਵਤੈ ਕਾ ਬੀਜਿਆ;*
## *ਭਗਤ ਖਾਇ ਖਰਚਿ ਰਹੇ, ਨਿਖੁਟੈ ਨਾਹੀ॥*

ਅੰਮ੍ਰਿਤ ਵੇਲੇ ਰੂਪ ਵੱਤ੍ਰ ਦਾ ਬੀਜਿਆ ਹੋਇਆ ਜੋ ਹਰੀ ਨਾਮ ਰੂਪ ਧਨ ਹੈ। ਭਗਤ ਲੋਕ, ਸਿਮਰਨ ਕਰਨ ਵਾਲੇ ਸੰਤ ਭਗਤ ਆਪ ਖਾਇ=ਖਾ ਰਹੇ ਹਨ ਅਤੇ ਨਾਮ ਦੀਆਂ ਸ਼ਕਤੀਆਂ ਵਰਤ ਰਹੇ ਹਨ, **ਵਾ:** ਨਾਮ ਦਾ ਰਸ ਆਪ ਖਾ ਰਹੇ ਹਨ, ਨਾਮ ਦਾ ਰਸ ਹੋਰਨਾਂ ਨੂੰ ਦੇਣ ਰੂਪ ਖ਼ਰਚ ਰਹੇ ਹਨ, ਫੇਰ ਵੀ ਪ੍ਰਮੇਸ਼ਰ ਦਾ ਨਾਮ ਰੂਪ ਧਨ ਨਿਖੁਟੈ=ਮੁਕਦਾ ਨਹੀਂ ਹੈ।

ਗੁਰਬਾਣੀ ਵਿੱਚ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਚਉਥੀ ਪਉੜੀ ਵਿੱਚ ਅੰਮ੍ਰਿਤ ਵੇਲਾ ਪਦ ਵਰਤਿਆ ਹੈ। ਜੈਸਾ ਕਿ :

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥** [ਜਪੁਜੀ ਸਾਹਿਬ, ਅੰਗ ੨]

ਗੁਰਮਤਿ ਅਨੁਸਾਰ ਅੰਮ੍ਰਿਤ ਵੇਲੇ ਦੀ ਵੀਚਾਰ ਵਿੱਚ ਨੌਂ ਤਰ੍ਹਾਂ ਦੇ ਅੰਮ੍ਰਿਤ ਵੇਲੇ ਦਾ ਵਰਣਨ ਕੀਤਾ ਜਾਂਦਾ ਹੈ।

੧. ਸਵਾ ਪਹਿਰ ਰਾਤ ਰਹਿੰਦੀ ਪ੍ਰਤੱਖ ਅੰਮ੍ਰਿਤ ਵੇਲਾ ਜਿਸਨੂੰ ਗੁਰਬਾਣੀ ਵਿੱਚ ਬਹੁਤ ਮਾਨਤਾ ਦਿੱਤੀ ਹੈ। ਜੈਸਾ ਕਿ :

੧. **ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥** [ਵਾਰ ਮਾਝ ਮਃ ੨, ਅੰਗ ੧੪੬]

੨. **ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥**
**ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥** [ਗਉੜੀ ਮਹਲਾ ੫, ਅੰਗ ੨੫੫]

੩. **ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ॥**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ॥**
[ਭਾ: ਗੁਰਦਾਸ, ਵਾਰ ੧੨, ਪਉੜੀ ੨]

੨. ਮਨੁੱਖਾ ਜਨਮ ਭੀ ਅੰਮ੍ਰਿਤ ਵੇਲਾ ਹੈ, ਜੋ ੮੪ ਲੱਖ ਜੂਨਾਂ ਤੋਂ ਬਾਅਦ ਪ੍ਰਾਪਤ ਹੋਇਆ ਹੈ।

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
[ਆਸਾ ਮਃ ੫, ਅੰਗ ੧੨]

੩. ਕਿਸ਼ੋਰ (ਬਾਲਕ) ਅਵਸਥਾ ਵੀ ਅੰਮ੍ਰਿਤ ਵੇਲਾ ਹੈ। ਕਿਉਂਕਿ ਇਸ ਵਿੱਚ ਪਿੱਛਲੇ ਜਨਮਾਂ ਦੇ ਸੰਸਕਾਰ ਭੁਲੇ ਹੁੰਦੇ ਹਨ ਅਤੇ ਨਵੇਂ ਸੰਸਕਾਰ ਪਏ ਨਹੀਂ ਹੁੰਦੇ। ਇਸੇ ਅਵਸਥਾ ਵਿੱਚ ਧ੍ਰੂਅ ਤੇ ਪ੍ਰਹਿਲਾਦ ਭਗਤ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋਈ ਸੀ।

੪. ਜਵਾਨੀ ਦੀ ਅਵਸਥਾ ਵੀ ਅੰਮ੍ਰਿਤ ਵੇਲਾ ਹੈ। ਕਿਉਂਕਿ :

**ਭਵ ਸਾਗਰ ਕੇ ਤਰਨ ਕੋ ਤਰਨ ਅਵਸਥਾ ਆਹਿ॥** [ਵੈਰਾਗ ਸ਼ਤਕ]

੫. ਬ੍ਰਿਧ ਅਵਸਥਾ ਭੀ ਅੰਮ੍ਰਿਤ ਵੇਲਾ ਹੈ, ਕਿਉਂਕਿ ਦੁਨਿਆਵੀ ਕਾਰ-ਵਿਹਾਰ ਕਰ ਚੁੱਕਾ ਹੁੰਦਾ ਹੈ ਅਤੇ ਮੌਤ ਨੇੜੇ ਦਿਸਦੀ ਹੈ।

੬. ਚਾਰੇ ਜੁਗਾਂ ਵਿੱਚੋਂ ਕਲਜੁਗ ਦਾ ਸਮਾਂ ਵੀ ਅੰਮ੍ਰਿਤ ਵੇਲਾ ਹੈ। ਇਹੀ ਨਾਮ ਬੀਜਣ ਦੀ ਰੁਤ ਹੈ।

**ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥** [ਬਸੰਤ ਮਃ ੫, ਅੰਗ ੧੧੮੫]

੭. ਸੰਗਤ ਦੀ ਪ੍ਰਾਪਤੀ ਦਾ ਸਮਾਂ ਵੀ ਅੰਮ੍ਰਿਤ ਵੇਲਾ ਹੈ।
੮. ਸਤਿਗੁਰਾਂ ਦੀ ਸ਼ਰਨ ਆਉਣ ਦਾ ਸਮਾਂ ਵੀ ਅੰਮ੍ਰਿਤ ਵੇਲਾ ਹੈ।
੯. ਪ੍ਰਤੱਖ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਵੇਲਾ ਵੀ ਅੰਮ੍ਰਿਤ ਵੇਲਾ ਹੈ।

## *ਹਲਤਿ ਪਲਤਿ ਹਰਿ ਧਨੈ ਕੀ; ਭਗਤਾ ਕਉ ਮਿਲੀ ਵਡਿਆਈ ॥੩॥*

ਭਗਤਾ=ਭਗਤੀ ਕਰਨ ਵਾਲੇ ਸੰਤ ਜਨਾਂ ਕਉ=ਨੂੰ ਹਲਤਿ=ਇਸ ਲੋਕ ਵਿੱਚ ਪਲਤਿ=ਪ੍ਰਲੋਕ ਵਿੱਚ ਹਰੀ ਨਾਮ ਰੂਪੀ ਧਨ ਦੀ ਵਡਿਆਈ ਮਿਲੀ=ਪ੍ਰਾਪਤ ਹੋਈ ਹੈ॥੩॥ ਜੈਸਾ ਕਿ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥** [ਜਪੁਜੀ ਸਾਹਿਬ, ਅੰਗ ੮]

## *ਹਰਿ ਧਨੁ ਨਿਰਭਉ, ਸਦਾ ਸਦਾ ਅਸਥਿਰੁ ਹੈ ਸਾਚਾ; ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ; ਕਿਸੈ ਕਾ ਗਵਾਇਆ ਨ ਜਾਈ ॥*

ਹਰੀ ਨਾਮ ਧਨ ਸਦਾ=ਹਮੇਸ਼ਾ ਹੀ ਨਿਰਭਉ=ਡਰ ਤੋਂ ਰਹਿਤ ਅਤੇ ਇਹ ਸਚਾ ਹਰੀ ਨਾਮ ਧਨ ਸਦਾ-ਸਦਾ ਹੀ ਅਸਥਿਰੁ=ਅਚੱਲ ਹੈ। ਇਹ ਹਰੀ ਨਾਮ ਧਨ, ਅਗਨੀ=ਅੱਗ, ਤਸਕਰੈ=ਚੋਰ, ਪਾਣੀਐ=ਜਲ, ਜਮਦੂਤੈ=ਧਰਮ ਰਾਜ ਦੇ ਦੂਤ, ਇਨ੍ਹਾਂ ਵਿੱਚੋਂ ਕਿਸੇ ਦਾ ਵੀ ਗਵਾਇਆ=ਨਵਿਰਤ ਨਹੀਂ ਹੋ ਜਾਂਦਾ। ਜੈਸਾ ਕਿ :

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥** [ਧਨਾਸਰੀ ਮਃ ੫, ਅੰਗ ੬੭੯]

## *ਹਰਿ ਧਨ ਕਉ ਉਚਕਾ ਨੇੜਿ ਨ ਆਵਈ; ਜਮੁ ਜਾਗਾਤੀ ਡੰਡੁ ਨ ਲਗਾਈ ॥੪॥*

[‘ਉਚੱਕਾ’ ਉਚਾਰਣ ਹੈ]

ਹਰੀ ਨਾਮ ਧਨ ਕਉ=ਨੂੰ ਚੁਕਣ ਵਾਸਤੇ ਉਚਕਾ=ਠੱਗ ਨੇੜੇ ਨਹੀਂ ਆਉਂਦਾ। ਜਮ ਜੋ ਜਾਗਾਤੀ=ਮਸੂਲੀਆ ਹੈ, ਉਹ ਡੰਨ ਨਹੀਂ ਲਾ ਸਕਦਾ॥੪॥

## *ਸਾਕਤੀ ਪਾਪ ਕਰਿ ਕੈ, ਬਿਖਿਆ ਧਨੁ ਸੰਚਿਆ; ਤਿਨਾ ਇਕ ਵਿਖ ਨਾਲਿ ਨ ਜਾਈ ॥*

ਸਾਕਤੀ=ਮਨਮੁਖਾਂ ਨੇ ਪਾਪ ਕਰਮਾਂ ਨੂੰ ਕਰਕੇ ਜੋ ਬਿਖਿਆ=ਵਿਸ਼ਿਆ ਦੀ ਉਤਪਤੀ ਕਰਨ ਵਾਲਾ ਵਿਹੁ ਰੂਪ ਧਨ ਸੰਚਿਆ=ਇਕੱਠਾ ਕੀਤਾ ਹੈ, ਉਹ ਧਨ ਪ੍ਰਲੋਕ ਵਿੱਚ ਉਨ੍ਹਾਂ ਦੇ ਨਾਲ ਇੱਕ ਵਿਖ=ਕਦਮ ਵੀ ਨਹੀਂ ਜਾਂਦਾ। ਜੈਸਾ ਕਿ :

**ਇਸੁ ਜਰ ਕਾਰਣਿ ਘਣੀ ਵਿਗੂਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥** [ਆਸਾ ਮਃ ੧, ਅੰਗ ੪੧੭]

## *ਹਲਤੈ ਵਿਚਿ ਸਾਕਤ ਦੁਹੇਲੇ ਭਏ, ਹਥਹੁ ਛੁੜਕਿ ਗਇਆ; ਅਗੈ ਪਲਤਿ ਸਾਕਤੁ, ਹਰਿ ਦਰਗਹ ਢੋਈ ਨ ਪਾਈ ॥੫॥*

ਜਦੋਂ ਹੱਥ ਵਿੱਚੋਂ ਉਹ ਧਨ ਛੁੜਕਿ=ਨਿਕਲ ਗਿਆ ਤਾਂ ਹਲਤੈ=ਲੋਕ ਵਿੱਚ ਸਾਕਤ=ਮਾਯਾਧਾਰੀ ਪੁਰਸ਼ ਦੁਹੇਲੇ=ਦੁਖੀ ਭਏ=ਹੋ ਗਏ। ਅਗਲੇ ਪਲਤਿ=ਪ੍ਰਲੋਕ ਵਿੱਚ ਵੀ ਹਰਿ=ਵਾਹਿਗੁਰੂ ਦੀ ਦਰਗਾਹ ਵਿੱਚ ਢੋਈ=ਆਸਰਾ, **ਵਾ:** ਢੁਕਣਾ ਨਹੀਂ ਪਾਉਂਦੇ॥੫॥ ਜੈਸਾ ਕਿ :

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ ॥** [ਆਸਾ ਰਵੀਦਾਸ ਜੀ, ਅੰਗ ੪੮੭]

## *ਇਸੁ ਹਰਿ ਧਨ ਕਾ ਸਾਹੁ, ਹਰਿ ਆਪਿ ਹੈ ਸੰਤਹੁ; ਜਿਸ ਨੋ ਦੇਇ, ਸੁ ਹਰਿ ਧਨੁ ਲਦਿ ਚਲਾਈ ॥*

ਹੇ ਸੰਤੋ=ਗੁਰਸਿੱਖ ਪਿਆਰਿਓ ! ਇਸ ਹਰੀ ਨਾਮ ਧਨ ਦਾ ਸਾਹੁ=ਮਾਲਕ ਉਹ ਹਰੀ ਆਪ ਹੀ ਹੈ, ਜਿਸਨੂੰ ਕਿਰਪਾ ਕਰਕੇ ਇਹ ਨਾਮ ਧਨ ਦਿੰਦਾ ਹੈ, ਸੁ=ਉਹ ਹਰੀ ਨਾਮ ਧਨ ਦੀ ਖੇਪ ਨੂੰ ਲੱਦ ਕੇ ਚਲਾਉਂਦਾ ਹੈ। **ਖੇਪ**=ਸਿੰਧੀ ਸੰਗਯਾ=ਮਾਲ ਦੀ ਭਰਤੀ, ਵਨਿਜ ਦੀ ਵਸਤੂ। ਜੈਸਾ ਕਿ :

**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥** [ਰਾਮਕਲੀ ਮਃ ੩, ਅੰਗ ੯੨੧]

## *ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ; ਜਨ ਨਾਨਕ ਕਉ, ਗੁਰਿ ਸੋਝੀ ਪਾਈ ॥੬॥੩॥੧੦॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਸੇਵਕ ਜਨ ਨੂੰ ਗੁਰਾਂ ਨੇ ਇਹ ਸੋਝੀ=ਗਿਆਤ ਪਾਈ ਹੈ ਕਿ ਇਸ ਹਰੀ ਨਾਮ ਧਨ ਦਾ ਤੋਟਾ=ਘਾਟਾ ਕਦੇ ਨਹੀਂ ਆਉਂਦਾ। ਸੰਸਾਰੀ ਧਨ ਵਿੱਚ ਜ਼ਿੰਦਗੀ ਭਰ ਘਾਟੇ ਵਾਧੇ ਆਉਂਦੇ ਰਹਿੰਦੇ ਹਨ ਅਤੇ ਹਮੇਸ਼ਾ ਚੋਰ, ਠੱਗ, ਸਰਕਾਰੀ ਟੈਕਸ ਆਦਿ ਦਾ ਡਰ ਵੀ ਬਣਿਆ ਰਹਿੰਦਾ ਹੈ। ਜਦੋਂ ਕਿ ਨਾਮ ਧਨ ਵਿੱਚ ਅਜਿਹਾ ਸੰਸਾਰੀ ਕੋਈ ਡਰ ਜਾਂ ਘਾਟਾ ਨਹੀਂ ਹੈ, ਪਰ ਇਸ ਨਾਮ ਧਨ ਨੂੰ ਅੰਦਰਲੇ ਚੋਰਾਂ, ਠੱਗਾਂ ਤੋਂ ਸਾਵਧਾਨ ਰਹਿ ਕੇ ਹੀ ਸਾਬਤ ਰਖਿਆ ਜਾ ਸਕਦਾ ਹੈ। ਨਹੀਂ ਤਾਂ ਕੀਤਾ ਹੋਇਆ ਜਪ-ਤਪ ਕਾਮ ਆਦਿਕ ਚੋਰਾਂ ਦੇ ਦਾਅ ਲੱਗਣ ਤੋਂ ਨਾਸ਼ ਹੋ ਜਾਂਦਾ ਹੈ। ਜੈਸਾ ਕਿ :

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ ॥** [ਸਹਸਕ੍ਰਿਤੀ ਮਃ ੫, ਅੰਗ ੧੩੫੮]

ਸੋ, ਇਨ੍ਹਾਂ ਚੋਰਾਂ ਤੋਂ ਬਚਨ ਲਈ ਹੋਰ ਤਾਂ ਕੋਈ ਉਪਾਅ ਨਹੀਂ। ਗੁਰੂ ਦੀ ਸ਼ਰਨ ਵਿੱਚ ਆ ਕੇ ਗੁਰੂ ਕਿਰਪਾ ਦੀ ਜਾਚਨਾ ਕਰਨੀ, ਕਿਉਂਕਿ ਗੁਰੂ ਦੀ ਕਿਰਪਾ ਹੀ ਇਹਨਾਂ ਚੋਰਾਂ ਦਾ ਬਿਨਾਸ ਕਰਦੀ ਹੈ। ਜੈਸਾ ਕਿ :

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥** [ਗਉੜੀ ਸੁਖਮਨੀ ਮਃ ੫, ਅੰਗ ੨੬੯]

ਇਸ ਕਰਕੇ ਗੁਰੂ ਕਿਰਪਾ ਦੁਆਰਾ ਕੀਤੀ ਹੋਈ ਨਾਮ ਧਨ ਦੀ ਕਮਾਈ ਖੱਟਣ ਵਿੱਚ ਕਦੀ ਘਾਟਾ ਨਹੀਂ ਆਉਂਦਾ, ਕਿਉਂਕਿ ਹਮੇਸ਼ਾ ਘਾਟਾ ਅਣਜਾਣ ਪੁਣੇ ਬੇਸਮਝੀ ਵਿੱਚ ਕੋਈ ਕੰਮ ਕੀਤਾ ਜਾਵੇ ਉਸ ਵਿੱਚ ਹੁੰਦਾ ਹੈ। ਪਰ ਜਿਸਨੂੰ ਗੁਰੂ ਨੇ ਉਪਦੇਸ਼ ਦੁਆਰਾ ਸੋਝੀ=ਗਿਆਤ ਦੇ ਦਿੱਤੀ ਹੈ, ਉਸਨੂੰ ਫਿਰ ਜ਼ਿੰਦਗੀ ਭਰ ਕੋਈ ਤੋਟਾ=ਘਾਟਾ ਨਹੀਂ ਆਉਂਦਾ॥੬॥੩॥੧੦॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੩ [ਆਦਿ ਅੰਗ ੭੩੫]

***ਸੂਹੀ ਮਹਲਾ ੪ ॥ ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥ ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥ ਮੇਰੇ ਰਾਮ ਹਰਿ ਜਨ ਆਰੋਗ ਭਏ ॥ ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ਰਹਾਉ॥ ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥***

## *ਸੂਹੀ ਮਹਲਾ ੪ ॥*

ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਸੂਹੀ ਰਾਗਣੀ ਦੇ ਅੰਦਰ ਉਚਾਰਣ ਕੀਤਾ ਹੋਇਆ ਹੈ, ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੭੩੫ ਉੱਪਰ ਦਰਜ ਹੈ।

ਇਕ ਦਿਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੰਗਤਾਂ ਦੇ ਵਿੱਚ ਸੁਸ਼ੋਭਿਤ ਹੋ ਕੇ ਸਭ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸਭ ਗੁਰਸਿੱਖ ਚਕਵਿਆਂ ਦੇ ਵਾਂਗ ਸਤਿਗੁਰਾਂ ਦੇ ਸੂਰਜ ਵਾਂਗ ਪ੍ਰਕਾਸ਼ਮਾਨ ਮੁਖ ਵੱਲ ਦੇਖ ਕੇ ਆਨੰਦਿਤ ਹੋ ਰਹੇ ਸਨ। ਉਸ ਸਮੇਂ ਕੁਝ ਗੁਰਸਿੱਖਾਂ ਨੇ ਸਤਿਗੁਰਾਂ ਦੇ ਪਾਸ ਬੇਨਤੀ ਰੂਪ ਵਿੱਚ ਪੁੱਛਿਆ ਕਿ ਹੇ ਸਤਿਗੁਰੂ ਜੀ! ਆਪ ਜੀ ਦੀ ਕਿਰਪਾ ਸਦਕਾ ਸਾਨੂੰ ਇਹ ਸਮਝ ਪੈ ਗਈ ਹੈ ਕਿ ਸਾਰੀ ਸ੍ਰਿਸ਼ਟੀ ਰੋਗਾਂ ਨਾਲ ਭਰੀ ਹੋਈ ਦੁੱਖ ਦੇ ਸਹਿਤ ਹੈ। ਪਰ ਸਾਨੂੰ ਇਹ ਦੱਸੋ ਕਿ ਰੋਗਾਂ ਤੋਂ ਰਹਿਤ ਕੌਣ ਹੋਏ ਹਨ, ਤਦ ਸਤਿਗੁਰੂ ਜੀ ਨੇ ਉਨ੍ਹਾਂ ਗੁਰਸਿੱਖਾਂ ਦੇ ਪ੍ਰਥਾਏ ਇਹ ਸਰਬ ਸਾਂਝਾ ਉਪਦੇਸ਼ ਕਥਨ ਕੀਤਾ:

## *ਜਿਨ ਕੈ ਅੰਤਰਿ, ਵਸਿਆ ਮੇਰਾ ਹਰਿ ਹਰਿ; ਤਿਨ ਕੇ ਸਭਿ ਰੋਗ ਗਵਾਏ ॥*

ਹੇ ਭਾਈ! ਜਿਨ=ਜਿਨ੍ਹਾਂ ਮਨੁੱਖਾਂ ਕੈ=ਦੇ ਹਿਰਦੇ ਅੰਤਰਿ=ਵਿੱਚ ਮੇਰਾ ਹਰਿ=ਹਰੇ ਭਰੇ ਕਰਨ ਵਾਲਾ ਹਰਿ=ਪਰਮੇਸ਼ਰ ਵੱਸਿਆ ਹੋਇਆ ਹੈ, ਤਿਨ=ਉਨ੍ਹਾਂ ਕੇ=ਦੇ ਪਰਮੇਸ਼ਰ ਨੇ ਪ੍ਰਤੱਖ, ਹੰਕਾਰ ਆਦਿਕ ਸਭਿ=ਸਾਰੇ ਰੋਗ ਗਵਾਏ=ਮੇਟ ਦਿੱਤੇ ਹਨ। ਜੈਸਾ ਕਿ:

**ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥** [ਅੰਗ ੮੫੦]

ਅਰਥਾਤ ਰੋਗ ਕਈ ਪ੍ਰਕਾਰ ਦੇ ਹੁੰਦੇ ਹਨ, ਇਕ ਤਾਂ ਬਾਹਰੀ ਪ੍ਰਤੱਖ ਰੋਗ ਹਨ ਜੋ ਸਰੀਰ ਨੂੰ ਲੱਗਦੇ ਹਨ ਅਤੇ ਇਕ ਅੰਦਰਲੇ ਰੋਗ ਹਨ ਜੋ ਸੂਖਮ ਸਰੀਰ ਨੂੰ ਲੱਗਦੇ ਹਨ। ਇਕ ਬਾਣੀ ਦੇ ਰੋਗ ਵੀ ਹੁੰਦੇ ਹਨ, ਇਹ ਤਿੰਨ ਪ੍ਰਕਾਰ ਦੇ ਰੋਗ ਇਸ ਪ੍ਰਕਾਰ ਹਨ:

੧. **ਬਾਣੀ ਦੇ ਰੋਗ**—ਮੰਦਾ ਬੋਲਣਾ, ਨਿੰਦਿਆ ਕਰਨੀ।

੨. **ਸਰੀਰਕ ਰੋਗ**—ਅਨੇਕਾਂ ਪ੍ਰਕਾਰ ਦੀਆਂ ਸਰੀਰਕ ਬੀਮਾਰੀਆਂ ਦਾ ਨਾਮ ਸਰੀਰਕ ਰੋਗ ਹੈ।

੩. **ਮਨ ਦੇ ਰੋਗ**—ਆਪਣੇ ਔਗੁਣਾਂ ਨੂੰ ਲੁਕੋ ਕੇ ਰੱਖਣਾ, ਕਿਸੇ ਦਾ ਬੁਰਾ ਚਿਤਵਦੇ ਰਹਿਣਾ।

ਇਹਨਾਂ ਨੂੰ ਆਧੀ, ਬਿਆਧੀ ਤੇ ਉਪਾਧੀ ਰੋਗ ਵੀ ਕਿਹਾ ਜਾਂਦਾ ਹੈ, ਇਹ ਸਭ ਰੋਗ ਤਦੋਂ ਚਿੰਬੜਦੇ ਹਨ ਜਦੋਂ ਪਰਮੇਸ਼ਰ ਦੀ ਯਾਦ ਹਿਰਦੇ ਵਿੱਚੋਂ ਵਿਸਰ ਜਾਂਦੀ ਹੈ। ਜੈਸਾ ਕਿ:

**ਪਰਮੇਸਰਿ ਤੇ ਭੁਲਿਆਂ ਵਿਆਪਨਿ੍ ਸਭੇ ਰੋਗ ॥** [ਬਾਰਹਮਾਹਾ ਮਾਂਝ ਮ: ੫, ਅੰਗ ੧੩੫]

ਪਰਮਾਤਮਾ ਦੇ ਨਾਮ ਸਿਮਰਨ ਨਾਲ ਅਨੇਕਾਂ ਰੋਗੀਆਂ ਦੇ ਪ੍ਰਤੱਖ ਰੋਗ ਨਵਿਰਤ ਹੋ ਗਏ ਹਨ।

**ਸਾਖੀ—ਨੂਰੇ ਕੋਹੜੀ ਦੀ—**ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸੰਸਾਰ ਦੀ ਕਲਿਆਣ ਕਰਦੇ ਹੋਏ ਭਾਈ ਬਾਲੇ ਤੇ ਭਾਈ ਮਰਦਾਨੇ ਦੇ ਸਮੇਤ ਦੀਪਾਲਪੁਰ ਨਗਰ (ਜ਼ਿਲ੍ਹਾ ਮਿੰਟਗੁਮਰੀ) ਵਿੱਚ ਪਹੁੰਚੇ ਸਨ, ਉੱਥੋਂ ਦੇ ਲੋਕ ਬਹੁਤ ਮੰਦੀ ਮਤ ਵਾਲੇ ਸਨ, ਉਹ ਕਿਸੇ ਵੀ ਸਾਧੂ ਸੰਤਾਂ ਦਾ ਸਤਿਕਾਰ ਨਹੀਂ ਕਰਦੇ ਸਨ ਬਲਕਿ ਆਏ ਗਏ ਮਹਾਤਮਾ ਦਾ ਨਿਰਾਦਰ ਕਰ ਕੇ ਉਸ ਨੂੰ ਆਪਣੇ ਨਗਰ ਤੋਂ ਭਜਾ ਦੇਂਦੇ ਸਨ। ਜਦੋਂ ਸਤਿਗੁਰੂ ਜੀ ਉਸ ਨਗਰ ਵਿੱਚ ਜਾ ਕੇ ਬੈਠਣ ਲੱਗੇ ਤਾਂ ਉਨ੍ਹਾਂ ਮੰਦ ਬੁੱਧੀ ਵਾਲੇ ਲੋਕਾਂ ਨੇ ਸਤਿਗੁਰਾਂ ਨੂੰ ਨਗਰ ਵਿੱਚ ਬੈਠਣ ਨਾ ਦਿੱਤਾ ਅਤੇ ਅੱਗੋਂ ਮੰਦੇ ਬਚਨ ਬੋਲੇ। ਤਦ ਨਿਮਰਤਾ ਦੇ ਪ੍ਰਤੀਕ ਸਤਿਗੁਰੂ ਜੀ ਨਗਰ ਤੋਂ ਬਾਹਰ ਖੇਤਾਂ ਵੱਲ ਤੁਰ ਪਏ। ਉੱਥੇ ਦੂਰ ਇੱਕ ਸੁੱਕਾ ਪਿੱਪਲ ਸੀ ਤੇ ਉਸ ਦੇ ਕੋਲ ਇਕ ਕੁੱਲੀ ਸੀ। ਸਤਿਗੁਰੂ ਜੀ ਉੱਧਰ ਨੂੰ ਤੁਰ ਪਏ ਅਤੇ ਪਿੱਪਲ ਦੇ ਕੋਲ ਜਾ ਕੇ ਬੈਠ ਗਏ। ਗੁਰੂ ਜੀ ਦੇ ਚਰਨ ਪੈਣ ਕਰਕੇ ਉਸ ਪਿੱਪਲ ਦੇ ਭਾਗ ਜਾਗੇ ਤੇ ਛਿੰਨ ਵਿੱਚ ਹੀ ਹਰਾ ਭਰਾ ਹੋ ਗਿਆ। ਨੇੜੇ ਕੁੱਲੀ ਵਿੱਚੋਂ ਬੜੀ ਦੁੱਖ ਭਰੀ ਹਾਏ ਹਾਏ ਦੀ ਆਵਾਜ਼ ਆ ਰਹੀ ਸੀ, ਜਿਸ ਨੂੰ ਸੁਣ ਕੇ ਸਤਿਗੁਰੂ ਜੀ ਉਸ ਕੁੱਲੀ ਵੱਲ ਤੁਰ ਪਏ। ਇਸ ਕੁੱਲੀ ਵਿੱਚ ਨੂਰੀ (ਨੌਰੰਗਾ) ਨਾਮ ਦਾ ਫ਼ਕੀਰ ਰਹਿੰਦਾ ਸੀ, ਜਿਸ ਨੂੰ ਕੋਹੜ ਦਾ ਰੋਗ ਹੋਣ ਕਰਕੇ ਲੋਕੀਂ ਨੂਰਾ ਕੋਹੜੀ ਕਹਿ ਕੇ ਘਿਰਣਾ ਨਾਲ ਸੱਦਦੇ ਸਨ। ਇਸ ਦੇ ਸਰੀਰ ਵਿੱਚੋਂ ਲਹੂ ਪੀਕ ਹਮੇਸ਼ਾਂ ਵਗਦੀ ਰਹਿੰਦੀ ਸੀ। ਦਿਆਲੂ ਸਤਿਗੁਰੂ ਜੀ ਇਸ ਦੀ ਕੁੱਲੀ ਦੇ ਕੋਲ ਦਰਵਾਜ਼ੇ 'ਤੇ ਜਾ ਪਹੁੰਚੇ। ਤਦ ਖੜਾਕ ਸੁਣ ਕੇ ਫ਼ਕੀਰ ਬਾਹਰ ਆਇਆ ਤੇ ਰੱਬ ਦੇ ਪਿਆਰੇ ਸੰਤ ਜਾਣ ਕੇ ਦੂਰੋਂ ਨਮਸਕਾਰ ਕੀਤੀ, ਸਤਿਗੁਰਾਂ ਦੇ ਦਰਸ਼ਨ ਕਰ ਕੇ ਹੀ ਪੀੜਾ ਦੂਰ ਹੋ ਗਈ ਤੇ ਮਨ ਨੂੰ ਕੁਝ ਸ਼ਾਂਤੀ ਆਈ। ਫ਼ਕੀਰ ਹੱਥ ਜੋੜ ਕੇ ਕਹਿਣ ਲੱਗਾ ਕਿ ਮਹਾਰਾਜ! ਮੇਰੇ ਨੇੜੇ ਤਾਂ ਕੋਈ ਜਾਨਵਰ ਵੀ ਨਹੀਂ ਆਉਂਦਾ। ਕੋਈ ਤਰਸ ਕਰ ਕੇ ਜੇਕਰ ਰੋਟੀ ਦਾ ਟੁਕੜਾ ਬਾਹਰ ਸੁੱਟ ਜਾਵੇ ਤਾਂ ਖਾ ਕੇ ਗੁਜ਼ਾਰਾ ਕਰ ਲੈਂਦਾ ਹਾਂ, ਨਹੀਂ ਤਾਂ ਕਈ ਕਈ ਦਿਨ ਭੁੱਖ ਨਾਲ ਹੀ ਕੱਟਣੇ ਪੈਂਦੇ ਹਨ। ਅੱਜ ਤੁਹਾਡੇ ਦਰਸ਼ਨ ਕਰ ਕੇ ਮਨ ਨੂੰ ਬਹੁਤ ਸ਼ਾਂਤੀ ਆ ਰਹੀ ਹੈ, ਤੁਸੀਂ ਤਾਂ ਮੇਰੇ ਉੱਪਰ ਤਰਸ ਕਰ ਕੇ ਮੇਰਾ ਭਲਾ ਕਰਨ ਲਈ ਹੀ ਆਏ ਹੋ। ਜੈਸਾ ਕਿ :

**ਕਹੈ ਫਕੀਰ ਬੰਦਿ ਕਰ ਦੋਊ॥ ਮੋਹ ਸਮੀਪ ਨ ਆਵਤਿ ਕੋਊ।**
**ਖਗ ਭਾਗੈਂ ਪਿਖਿ ਗਿਨਤੀ ਕਯਾ ਨਰ। ਤੁਮ ਆਏ ਮੋ ਪਰ ਕਰੁਣ ਕਰਿ॥੬੪॥**

[ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੨੫]

ਇਤਨੀ ਦੇਰ ਨੂੰ ਥੋੜ੍ਹਾ ਥੋੜ੍ਹਾ ਹਨੇਰਾ ਹੋਣ ਲੱਗਾ ਤੇ ਫ਼ਕੀਰ ਨੂੰ ਦਰਸ਼ਨ ਹੋਣੇ ਬੰਦ ਹੋਣ ਲੱਗੇ, ਜਿਤਨੀ ਦੇਰ ਤਕ ਸੂਰਜ ਦੀ ਲੋਅ ਨਾਲ ਸਤਿਗੁਰਾਂ ਦਾ ਦਰਸ਼ਨ ਹੁੰਦਾ ਰਿਹਾ, ਉਤਨੀ ਦੇਰ ਤਕ ਪੀੜਾ ਤੋਂ ਆਰਾਮ ਰਿਹਾ। ਜਦੋਂ ਰਾਤ ਦੇ ਹਨੇਰੇ ਕਾਰਨ ਦਰਸ਼ਨ ਹੋਣੇ ਬੰਦ ਹੋ ਗਏ ਤਾਂ ਪੀੜਾ ਫੇਰ ਵਧਣੀ ਸ਼ੁਰੂ ਹੋ ਗਈ। ਜਿਸ ਕਰਕੇ ਬੇਵੱਸ ਹੋ ਗਿਆ ਤੇ ਫੇਰ ਹਾਏ ਹਾਏ ਦੀ ਆਵਾਜ਼ ਕਰਨ ਲੱਗਾ। ਦੁੱਖ ਭਰੀ ਆਵਾਜ਼ ਵਿੱਚ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀਆਂ ਕਰਨ ਲੱਗਾ ਕਿ ਮਹਾਰਾਜ ਜੀ! ਮੈਨੂੰ ਬਖ਼ਸ਼ ਲਵੋ, ਮੇਰੇ ਗੁਨਾਹ ਮੁਆਫ਼ ਕਰ ਦਿਉ। ਉਸ ਵੇਲੇ ਇਸ ਦੇ ਕਸ਼ਟ ਨੂੰ ਦੂਰ ਕਰਨ ਲਈ ਸਤਿਗੁਰਾਂ ਨੇ ਭਾਈ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ! ਰਬਾਬ ਵਜਾ, ਬਾਣੀ ਆਈ ਹੈ। ਤਦੋਂ ਸਤਿਗੁਰਾਂ ਨੇ ਇਹ ਸ਼ਬਦ ਉਚਾਰਿਆ। ਜੈਸਾ ਕਿ :

**ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥**
**ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥੧॥**

[ਧਨਾਸਰੀ ਮ: ੧, ਅੰਗ ੬੬੧]

ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਇਹ ਉਪਦੇਸ਼ ਉਸ ਦੇ ਹਿਰਦੇ ਵਿੱਚ ਵੱਸਣ ਕਰਕੇ ਉਸ ਦਾ ਕੋਹੜ ਦਾ ਰੋਗ ਠੀਕ ਹੋ ਗਿਆ ਤੇ ਫ਼ਕੀਰ ਰਾਜ਼ੀ ਹੋ ਗਿਆ। ਉਸ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਆਪਣਾ ਮੱਥਾ ਰੱਖਿਆ ਅਤੇ ਆਪਣੀ ਕਲਿਆਣ ਚਾਹੀ। ਸਤਿਗੁਰਾਂ ਦੀ ਕਿਰਪਾ ਸਦਕਾ ਉਸ ਨੇ ਪਰਮ ਪਦਵੀ ਦੀ ਪ੍ਰਾਪਤੀ ਕੀਤੀ।

ਜਦੋਂ ਪਿੱਪਲ ਹਰਾ ਹੋਣ ਅਤੇ ਕੋਹੜੀ ਫ਼ਕੀਰ ਦੇ ਕੋਹੜ ਦੀ ਨਵਿਰਤੀ ਦਾ ਪਤਾ ਨਗਰ ਵਾਸੀਆਂ ਨੂੰ ਲੱਗਿਆ ਤਾਂ ਉਹ ਆਪਣੀ ਭੁੱਲ ਬਖ਼ਸ਼ਾਉਣ ਲਈ ਸਤਿਗੁਰਾਂ ਦੇ ਚਰਨੀਂ ਆ ਪਏ ਅਤੇ ਆਪਣੀ ਭੁੱਲ ਬਖ਼ਸ਼ਾਈ। ਫੇਰ ਗੁਰੂ ਜੀ ਨੇ ਕਿਹਾ ਕਿ ਇਸ ਥਾਂ ਧਰਮਸ਼ਾਲਾ ਬਣਾਉ, ਇਸ ਫ਼ਕੀਰ ਨੂੰ ਧਰਮਸ਼ਾਲਾ ਦਾ ਮੁਖੀ ਸਮਝ ਕੇ ਇਸ ਕੋਲੋਂ ਉਪਦੇਸ਼ ਲੈ ਕੇ ਆਪਣਾ ਜਨਮ ਸਫਲਾ ਕਰੋ।

ਸੋ ਇਸ ਪ੍ਰਕਾਰ ਸਤਿਗੁਰਾਂ ਨੇ ਨਾਮ ਦੀ ਬਰਕਤ ਨਾਲ ਕੋਹੜੀ ਦਾ ਕੋਹੜ ਰੋਗ ਨਵਿਰਤ ਕੀਤਾ।

**ਸਾਖੀ ਇਕ ਮਾਤਾ ਦੇ ਰੋਗ ਨਵਿਰਤ ਹੋਣ ਦੀ—**ਏਸੇ ਸਿਧਾਂਤ ’ਤੇ ਵਰਤਮਾਨ ਸਮੇਂ ਦੀ ਇਕ ਘਟਨਾ ਦਾ ਜ਼ਿਕਰ ਕਰਦੇ ਹਾਂ, ਜੋ ਘਟਨਾ ਖੰਨੇ ਸ਼ਹਿਰ (ਜ਼ਿਲ੍ਹਾ ਲੁਧਿਆਣਾ) ਤੋਂ ਸਮਰਾਲਾ ਰੋਡ ’ਤੇ ਰਹਿਣ ਵਾਲੀ ਇੱਕ ਮਾਈ ਦੀ ਹੈ, ਜਿਸ ਦੇ ਪੈਰ ਦੇ ਅੰਗੂਠੇ ’ਤੇ ਇੱਕ ਕੋਹੜ ਵਰਗਾ ਰੋਗ ਲੱਗ ਗਿਆ। ਜੋ ਡਾਕਟਰਾਂ, ਵੈਦਾਂ ਦੇ ਉਪਚਾਰ ਕਰਨ ਨਾਲ ਵੀ ਠੀਕ ਨਹੀਂ ਸੀ ਹੋਇਆ। ਮਾਤਾ ਗੁਰੂ ਘਰ ਦੀ ਸ਼ਰਧਾਲੂ ਸੀ। ਇਕ ਦਿਨ ਉਸ ਨੇ ਇੱਕ ਗੁਰਸਿੱਖ ਨਾਲ ਆਪਣਾ ਦੁੱਖ ਸਾਂਝਾ ਕੀਤਾ ਕਿ ਸ਼ਾਇਦ ਮੈਨੂੰ ਆਪਣਾ ਇਹ ਅੰਗੂਠਾ ਵਢਾਉਣਾ ਹੀ ਪਵੇ ਕਿਉਂਕਿ ਰੋਗ ਵਿੱਚੇ ਵਿੱਚ ਹੱਡੀ ਤੱਕ ਪਹੁੰਚਣ ਦੀ ਆਸ਼ੰਕਾ ਹੈ। ਤਦ ਉਸ ਗੁਰਸਿੱਖ ਨੇ ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਰੂਪ ਵਿੱਚ ਨਿਸ਼ਚੇ ਕਰਦਾ ਸੀ। ਉਸ ਨੇ ਆਪਣੇ ਵੱਲੋਂ ਉਸ ਮਾਤਾ ਨੂੰ ਇੱਕ ਸੁਝਾਅ ਦਿੱਤਾ ਕਿ ਚਾਲ੍ਹੀ ਦਿਨ ਬਿਨਾਂ ਨਾਗਾ ਕਿਸੇ ਬਾਣੀ ਦੇ ਪ੍ਰੇਮੀ, ਰਹਿਤਵਾਨ ਗੁਰਸਿੱਖ ਤੋਂ ਸੁਖਮਨੀ ਸਾਹਿਬ ਦਾ ਪਾਠ ਸੁਣੇ ਤੇ ਅਰਦਾਸ ਕਰਾਵੇ। ਤਦ ਉਸ ਮਾਤਾ ਨੇ ਹਰ ਰੋਜ਼ ਸੁਬ੍ਹਾ ਕੇਸੀਂ ਇਸ਼ਨਾਨ ਕਰ ਕੇ, ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਾਣਾ ਤੇ ਰਹਿਤਵਾਨ ਪਿਆਰ ਵਾਲੇ ਗੁਰਸਿੱਖ ਗ੍ਰੰਥੀ ਸਿੰਘ ਤੋਂ ਚਾਲ੍ਹੀ ਦਿਨ ਪਾਠ ਸ੍ਰਵਣ ਕੀਤਾ। ਚਾਲ੍ਹੀ ਦਿਨ ਪੂਰੇ ਹੋਣ ਤੋਂ ਪਹਿਲਾਂ ਹੀ ਮਾਤਾ ਦਾ ਅੰਗੂਠਾ ਦੂਸਰੇ ਪੈਰ ਦੇ ਅੰਗੂਠੇ ਵਰਗਾ ਰੋਗ ਰਹਿਤ ਹੋ ਗਿਆ ਸੀ।

ਸੋ ਇਸ ਕਰਕੇ ਜਿਨ੍ਹਾਂ ਨੇ ਨਾਮ ਦਾ ਆਸਰਾ ਲਿਆ ਹੈ, ਉਨ੍ਹਾਂ ਪਿਛਲਿਆਂ ਦੇ ਰੋਗ ਖ਼ਤਮ ਹੋ ਗਏ ਸਨ, ਹੁਣ ਦਿਆਂ ਦੇ ਹੋ ਰਹੇ ਹਨ ਅਤੇ ਅੱਗੇ ਜੋ ਨਾਮ ਦਾ ਆਸਰਾ ਲੈਣਗੇ, ਉਨ੍ਹਾਂ ਦੇ ਵੀ ਸਾਰੇ ਰੋਗ ਖ਼ਤਮ ਹੋ ਜਾਣਗੇ।

## *ਤੇ ਮੁਕਤ ਭਏ, ਜਿਨ ਹਰਿ ਨਾਮੁ ਧਿਆਇਆ;*
## *ਤਿਨ ਪਵਿਤੁ ਪਰਮ ਪਦੁ ਪਾਏ ॥੧॥*

ਜਿਨ੍ਹਾਂ ਪੁਰਸ਼ਾਂ ਨੇ ਹਰਿ=ਪਰਮੇਸ਼ਰ ਦਾ ਨਾਮ ਧਿਆਇਆ=ਅਰਾਧਿਆ ਹੈ, ਤੇ=ਉਹ ਕਰਤਾ-ਭੋਗਤਾ, ਜੰਮਣ-ਮਰਨ ਆਦਿ ਬੰਧਨਾਂ ਤੋਂ ਮੁਕਤ=ਸੁਤੰਤਰ ਭਏ=ਹੋ ਗਏ ਹਨ। ਜੈਸਾ ਕਿ :

**ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥੨॥** [ਸਿਰੀਰਾਗੁ ਮਃ ੫, ਅੰਗ ੪੩]

**ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥** [ਗਉੜੀ ਮਃ ੪, ਅੰਗ ੨੩੪]

**ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥੩॥** [ਆਸਾ ਮਃ ੫, ਅੰਗ ੩੮੩]

ਅਤੇ ਉਨ੍ਹਾਂ ਨੇ ਹੀ ਪਵਿਤੁ=ਪਵਿੱਤਰ ਪਰਮ=ਵੱਡੀ ਕੈਵਲ ਮੋਖ ਰੂਪੀ ਪਦੁ=ਪਦਵੀ ਪਾਉਣਾ ਕੀਤੀ ਹੈ।

## *ਮੇਰੇ ਰਾਮ; ਹਰਿ ਜਨ ਆਰੋਗ ਭਏ ॥*

ਮੇਰੇ ਰਾਮ=ਹੇ ਮੇਰੇ ਭਾਈ ! ਪਰਮੇਸ਼ਰ ਦੇ ਜਨ ਹਉਮੈ, ਅਗਿਆਨ ਦੇ ਆਰੋਗ=ਰੋਗਾਂ ਤੋਂ ਰਹਿਤ ਭਏ=ਹੋ ਗਏ ਹਨ।

## *ਗੁਰ ਬਚਨੀ ਜਿਨ੍ਾ ਜਪਿਆ ਮੇਰਾ ਹਰਿ ਹਰਿ;*
## *ਤਿਨ ਕੇ ਹਉਮੈ ਰੋਗ ਗਏ ॥੧॥ਰਹਾਉ॥*

ਜਿਨ੍ਹਾਂ ਨੇ ਗੁਰ=ਸਤਿਗੁਰਾਂ ਦੇ ਬਚਨੀ=ਉਪਦੇਸ਼ ਦੁਆਰਾ ਮੇਰਾ=ਸਾਡਾ ਹਰਿ=ਹਰੇ ਭਰੇ ਕਰਨ ਵਾਲਾ ਪ੍ਰਭੂ

ਅਰਾਧਣਾ ਕੀਤਾ ਹੈ, ਤਿਨ=ਉਨ੍ਹਾਂ ਕੇ=ਦੇ ਹਉਮੈ=ਹੰਗਤਾ ਮਮਤਾ ਆਦਿ ਸਭ ਰੋਗ ਨਵਿਰਤ ਹੋ ਗਏ ਹਨ॥੧॥ਰਹਾਉ॥ ਜੈਸਾ ਕਿ :

**ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰੁ ਪਰਮ ਪਦੁ ਪਾਇਆ॥**

[ਆਸਾ ਮ: ੪, ਅੰਗ ੪੪੨]

**ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ॥** [ਅੰਗ ੫੯੮]

## *ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ; ਵਿਚਿ ਹਉਮੈ ਕਾਰ ਕਮਾਈ॥*

ਬ੍ਰਹਮਾ, ਬਿਸਨੁ=ਵਿਸ਼ਨੂੰ ਅਤੇ ਮਹਾਦੇਉ=ਸ਼ਿਵਜੀ ਵੀ ਤ੍ਰੈਗੁਣ=ਤਿੰਨਾਂ ਗੁਣਾਂ ਵਿੱਚ ਫਸੇ ਹੋਣ ਕਰਕੇ ਰੋਗੀ ਹਨ ਅਤੇ ਹੰਗਤਾ ਮਮਤਾ ਦੇ ਵਿੱਚ ਹੀ ਸਭ ਕਾਰ ਕਮਾਉਂਦੇ ਹਨ **ਵਾ:** ਹਉਮੈ ਵਿੱਚ ਕਾਰ ਕਮਾਉਣ ਕਰਕੇ ਆਉਂਦੇ ਜਾਂਦੇ ਰਹਿੰਦੇ ਹਨ। ਅਰਥਾਤ ਬ੍ਰਹਮਾ ਕਹਿੰਦਾ ਹੈ ਕਿ ਮੇਰੇ ਤੋਂ ਬਿਨਾਂ ਕੋਈ ਹੋਰ ਸ੍ਰਿਸ਼ਟੀ ਰਚਣ ਵਾਲਾ ਨਹੀਂ ਹੈ, ਸ਼ਿਵਜੀ ਦਾ ਖ਼ਿਆਲ ਹੈ ਕਿ ਮੈਂ ਹੀ ਸ਼ੰਭੂ ਹਾਂ ਅਤੇ ਵਿਸ਼ਨੂੰ ਦਾ ਖ਼ਿਆਲ ਹੈ ਕਿ ਮੈਂ ਹੀ ਜੀਵਾਂ ਦੀ ਪਾਲਣਾ ਕਰਦਾ ਹਾਂ ਜਾਂ ਅਵਤਾਰ ਧਾਰ ਕੇ ਸ੍ਰਿਸ਼ਟੀ ਦਾ ਭਲਾ ਕਰਦਾ ਹਾਂ, ਇਉਂ ਹਉਮੈ ਦੇ ਵਿੱਚ ਫਸੇ ਹੋਏ ਰੋਗੀ ਹੋਏ ਹਨ।

ਐਸਾ ਹੀ ਸਿਧਾਂਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਆਪਣੀ ਰਸਨਾ ਤੋਂ ਉਚਾਰਣ ਕੀਤਾ ਹੋਇਆ ਕਿ ਜਿਹੜੇ ਮਾਇਆ ਦੇ ਤਿੰਨ ਗੁਣ ਰਚੇ ਹੋਏ ਹਨ ਜਾਂ ਇਉਂ ਕਹੋ ਕਿ ਮਾਇਆ ਤਿੰਨ ਗੁਣ ਰੂਪ ਹੋ ਕੇ ਵਰਤ ਰਹੀ ਹੈ, ਮਾਇਆ ਨੇ ਬ੍ਰਹਮਾ ਦੀ ਸੱਤਾ ਪਾ ਕੇ ਜਿਥੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਸਰੀਰਾਂ ਦੀ ਰਚਨਾ ਕੀਤੀ ਹੈ ਅਤੇ ਉਤਪਤ, ਪਾਲਣਾ ਤੇ ਲੈਤਾ ਕਰਨ ਦੀ ਖੇਡ ਵਰਤਾਈ ਹੈ, ਉਥੇ ਇਨ੍ਹਾਂ ਤਿੰਨਾਂ ਦੇਵਤਿਆਂ ਸਮੇਤ ਸਾਰੇ ਸੰਸਾਰ ਨੂੰ ਮਾਇਆ ਨੇ ਅਵਿੱਦਿਆ ਦੀ ਨੀਂਦ ਵਿੱਚ ਸੁਲਾਇਆ ਹੋਇਆ ਹੈ। ਜੈਸਾ ਕਿ :

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਈ॥** [ਰਾਮਕਲੀ ਮ: ੩, ਅਨੰਦੁ, ਅੰਗ ੯੨੦]

ਹਉਮੈ ਨੂੰ ਗੁਰਬਾਣੀ ਅੰਦਰ ਵੱਡਾ ਰੋਗ ਮੰਨਿਆ ਹੋਇਆ ਹੈ। ਜੈਸਾ ਕਿ :

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥** [ਅੰਗ ੪੬੬]

ਭਾਵੇਂ ਹਉਮੈ ਸੂਖਮ ਰੂਪ ਵਿਚ ਹੀ ਇਨ੍ਹਾਂ ਦੇਵਤਿਆਂ ਨੂੰ ਚੰਬੜੀ ਹੋਈ ਹੈ, ਇਸ ਕਾਰਨ ਉਪਰੋਕਤ ਤੁਕ ਵਿੱਚ ਇਨ੍ਹਾਂ ਤਿੰਨਾਂ ਨੂੰ ਰੋਗੀ ਕਥਨ ਕੀਤਾ ਹੈ, ਕੇਵਲ ਸਤਿਗੁਰੂ ਹੀ ਸਭ ਰੋਗਾਂ ਤੋਂ ਰਹਿਤ ਹੈ। ਜੈਸਾ ਕਿ :

**ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ਰਹਾਉ॥**

[ਭੈਰਉ ਮ: ੫, ਅੰਗ ੧੧੪੦]

ਇਸ ਪ੍ਰਕਾਰ ਇਹ ਤਿੰਨੇ ਦੇਵਤੇ ਹਉਮੈ ਵਿੱਚ ਆ ਕੇ ਹੀ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਤੇ ਲੈਤਾ ਦੀ ਕਾਰ ਨੂੰ ਕਰ ਰਹੇ ਹਨ।

## *ਜਿਨਿ ਕੀਏ, ਤਿਸਹਿ ਨ ਚੇਤਹਿ ਬਪੁੜੇ; ਹਰਿ ਗੁਰਮੁਖਿ ਸੋਝੀ ਪਾਈ॥੨॥*

ਜਿਨਿ=ਜਿਸ ਪਰਮੇਸ਼ਰ ਦੇ ਇਹ ਦੇਵਤੇ ਪੈਦਾ ਕੀਏ=ਕੀਤੇ ਹੋਏ ਹਨ, ਤਿਸਹਿ=ਉਸ ਪਰਮੇਸ਼ਰ ਨੂੰ ਇਹ ਬਪੁੜੇ=ਵਿਚਾਰੇ ਤੁੱਛ ਜਿਹੇ ਚੇਤਹਿ=ਯਾਦ ਨਹੀਂ ਕਰਦੇ, ਪਰ ਗੁਰਮੁਖ ਜਨਾਂ ਨੇ ਗੁਰਾਂ ਦੁਆਰਾ ਹਰਿ=ਪਰਮੇਸ਼ਰ ਦੀ ਸੋਝੀ=ਸਮਝ ਪਾਈ=ਪਾਉਣਾ ਕੀਤੀ ਹੈ॥੨॥

## *ਹਉਮੈ ਰੋਗਿ, ਸਭੁ ਜਗਤੁ ਬਿਆਪਿਆ; ਤਿਨ ਕਉ ਜਨਮ ਮਰਣ ਦੁਖੁ ਭਾਰੀ॥*

ਹਉਮੈ=ਹੰਗਤਾ ਮਮਤਾ ਦੇ ਰੋਗ ਵਿੱਚ ਸਭੁ=ਸਾਰਾ ਜਗਤੁ=ਸੰਸਾਰ ਹੀ ਬਿਆਪਿਆ=ਲੱਗ ਰਿਹਾ ਹੈ **ਵਾ:** ਹਉਮੈ

ਦਾ ਰੋਗ ਸਾਰੇ ਸੰਸਾਰ ਦੇ ਜੀਵਾਂ ਨੂੰ ਵਿਆਪ ਰਿਹਾ ਹੈ, ਜਿਸ ਕਰਕੇ ਤਿਨ=ਉਨ੍ਹਾਂ ਜੀਵਾਂ ਕਉ=ਨੂੰ ਜੰਮਣ ਮਰਨ ਦਾ ਭਾਰੀ=ਵੱਡਾ ਦੁੱਖ ਲੱਗਦਾ ਹੈ। ਜੈਸਾ ਕਿ :

**ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥** [ਸੋਰਠਿ ਮ: ੩, ਅੰਗ ੬੦੩]

## *ਗੁਰ ਪਰਸਾਦੀ, ਕੋ ਵਿਰਲਾ ਛੂਟੈ; ਤਿਸੁ ਜਨ ਕਉ ਹਉ ਬਲਿਹਾਰੀ ॥੩॥*

ਗੁਰੂ ਸਾਹਿਬ ਜੀ ਦੀ ਪਰਸਾਦੀ=ਕਿਰਪਾ ਪ੍ਰਾਪਤ ਕਰ ਕੇ ਕੋ=ਕੋਈ ਵਿਰਲਾ=ਟਾਵਾਂ ਟਾਵਾਂ ਹੀ ਇਸ ਹਉਮੈ ਦੇ ਰੋਗ ਤੇ ਜੰਮਣ ਮਰਨ ਦੇ ਦੁੱਖ ਤੋਂ ਛੂਟੈ=ਛੁੱਟਦਾ ਹੈ, ਜੋ ਛੁੱਟ ਗਿਆ ਹੈ, ਉਸ ਜਨ=ਪੁਰਸ਼ ਦੇ ਤਾਈਂ ਹਉ=ਮੈਂ ਬਲਿਹਾਰੀ=ਕੁਰਬਾਨ ਜਾਂਦਾ ਹਾਂ। ਅਰਥਾਤ ਸਤਿਗੁਰੂ ਜੀ ਆਪ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਉੱਪਰ ਹਨ ਅਤੇ ਜਿਸ ਉੱਪਰ ਗੁਰੂ ਦੀ ਕਿਰਪਾ ਹੋ ਜਾਂਦੀ ਹੈ, ਉਸ ਸਿੱਖ ਸਾਧ ਨੂੰ ਤਿੰਨਾਂ ਤੋਂ ਉੱਪਰ ਕਰ ਦੇਂਦੇ ਹਨ॥੩॥ ਜੈਸਾ ਕਿ :

**ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥** [ਗਉੜੀ ਸੁਖਮਨੀ ਮ: ੫, ਅੰਗ ੨੭੨]

ਪਰਮੇਸ਼ਰ ਆਪ ਤਿੰਨਾਂ ਗੁਣਾਂ ਤੋਂ ਅਤੀਤ ਹੈ ਜਾਂ ਫੇਰ ਸਤਿਗੁਰੂ ਜੀ ਜੋ ਉਸੇ ਪਰਮਾਤਮਾ ਦਾ ਸਰਗੁਣ ਸਰੂਪ ਹਨ ਅਤੇ ਜਾਂ ਫੇਰ ਸਤਿਗੁਰੂ ਤੋਂ ਵਰੋਸਾਏ ਹੋਏ ਗੁਰਸਿੱਖ ਤਿੰਨਾਂ ਗੁਣਾਂ ਤੋਂ ਉੱਪਰ ਉੱਠ ਕੇ ਵਾਹਿਗੁਰੂ ਵਿੱਚ ਅਭੇਦ ਹੋ ਜਾਂਦੇ ਹਨ। ਜੈਸਾ ਕਿ :

੧. **ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥** [ਸਿਰੀਰਾਗੁ ਮ: ੩, ਅੰਗ ੩੦]

੨. **ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥** [ਮਾਝ ਮ: ੩, ਅੰਗ ੧੨੮]

੩. **ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥** [ਗਉੜੀ ਮ: ੩, ਅੰਗ ੨੩੨]

## *ਜਿਨਿ ਸਿਸਟਿ ਸਾਜੀ, ਸੋਈ ਹਰਿ ਜਾਣੈ; ਤਾ ਕਾ ਰੂਪੁ ਅਪਾਰੋ ॥*

ਜਿਨਿ=ਜਿਸ ਪਰਮੇਸ਼ਰ ਨੇ ਸਾਰੀ ਸਿਸਟਿ=ਸ੍ਰਿਸ਼ਟੀ, ਦੁਨੀਆਂ ਸਾਜੀ=ਰਚਨਾ ਕੀਤੀ ਹੈ, ਸੋਈ=ਉਹ ਹਰਿ=ਪਰਮੇਸ਼ਰ ਆਪ ਹੀ ਇਸ ਦੀ ਸਾਰੀ ਬਿਧ ਨੂੰ ਜਾਣੈ=ਜਾਣਦਾ ਹੈ ਤਾ=ਉਸ ਪਰਮੇਸ਼ਰ ਕਾ=ਦਾ ਸਰੂਪ ਅਪਾਰੋ=ਪਾਰਾਵਾਰ ਤੋਂ ਰਹਿਤ ਹੈ।

## *ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥*

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ=ਪਰਮੇਸ਼ਰ ਆਪ ਹੀ ਇਸ ਸ੍ਰਿਸ਼ਟੀ ਦੇ ਜੀਵਾਂ ਦੇ ਕਰਤਬਾਂ ਨੂੰ ਵੇਖ ਕੇ ਬਿਗਸੈ=ਪ੍ਰਸੰਨ ਹੁੰਦਾ ਹੈ **ਵਾ:** ਆਪ ਹੀ ਤਤ ਬੇਤਾ ਰੂਪ ਹੋ ਕੇ ਆਪਣੇ ਸਰੂਪ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ। ਗੁਰਮੁਖ ਜਨ ਉਸ ਬ੍ਰਹਮ=ਪਰਮੇਸ਼ਰ ਦਾ ਬੀਚਾਰੋ=ਵਿਚਾਰ ਕਰਦੇ ਹਨ **ਵਾ:** ਗੁਰਮੁਖਿ=ਗੁਰਾਂ ਦੁਆਰਾ ਉਸ ਬ੍ਰਹਮ ਦੀ ਵੀਚਾਰ ਕਰੋ॥੪॥੩॥੧੪॥ ਜੈਸਾ ਕਿ :

**ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥** [ਸਿਰੀਰਾਗੁ ਮ: ੧, ਅੰਗ ੫੬]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੪ [ਆਦਿ ਅੰਗ ੭੩੫-੩੬]

***ਸੂਹੀ ਮਹਲਾ ੪ ॥ ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ਰਹਾਉ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥ ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥***

## ਸੂਹੀ ਮਹਲਾ ੪ ॥

ਇਹ ਮੁਖਵਾਕ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗ ਵਿੱਚ ਅੰਕਿਤ ਹੈ। ਜਿਸ ਦਾ ਮੁੱਢਲੀਆਂ ਪੰਕਤੀਆਂ ਵਿੱਚ ਇਹ ਸਿਧਾਂਤ ਹੈ ਕਿ ਜੋ ਕੁਝ ਵੀ ਇਸ ਸੰਸਾਰ ਵਿੱਚ ਵਾਹਿਗੁਰੂ ਨੇ ਸੂਖਮ ਅਸਥੂਲ ਪੈਦਾ ਕੀਤਾ ਹੈ, ਉਸ ਨੇ ਆਪਣੀ ਰਜਾ ਵਿੱਚ ਪੈਦਾ ਕੀਤਾ ਹੈ। ਉਸ ਦੇ ਹੁਕਮ ਤੋਂ ਬਿਨਾਂ ਕੋਈ ਆਪਣੀ ਮਰਜ਼ੀ ਨਾਲ ਕੁਝ ਵੀ ਵਾਧ ਜਾਂ ਘਾਟ ਨਹੀਂ ਕਰ ਸਕਦਾ। ਇਸ ਸਿਧਾਂਤ ਨੂੰ ਲੈ ਕੇ ਇਸ ਸ਼ਬਦ ਦੀਆਂ ਸੱਤ ਪੰਗਤੀਆਂ ਵਿੱਚ ਪ੍ਰਮਾਤਮਾ ਦੀ ਸਰਬਗਤਾ ਦਾ ਵਰਨਣ ਕੀਤਾ ਹੈ ਤੇ ਪਿਛਲੀਆਂ ਤਿੰਨ ਤੁਕਾਂ ਵਿੱਚ ਸਤਿਗੁਰੂ ਦੇ ਮੇਲ ਤੋਂ ਗਿਆਨ ਪ੍ਰਾਪਤੀ ਦੀ ਗੱਲ ਤੇ ਅਗਿਆਨੀ ਦੇ ਮਨਮੁਖਤਾ ਕਰਕੇ ਰੋਣ ਦੀ ਗੱਲ, ’ਤੇ ਵਾਹਿਗੁਰੂ ਦੀ ਵਡਿਆਈ ਨੂੰ ਕੋਈ ਆਖ ਨਹੀਂ ਸਕਦਾ। ਆਪਣੀ ਨਿਮਰਤਾ ਦਾ ਸਿਧਾਂਤ ਪ੍ਰਗਟ ਕੀਤਾ ਹੈ। ਅਖ਼ੀਰੀ ਪੰਕਤੀ ਵਿੱਚ ਵਾਹਿਗੁਰੂ ਦੀ ਬਖ਼ਸ਼ਿਸ਼ ਦੀ ਜਾਚਨਾ ਤੇ ਜਗਿਆਸੂ ਮੁਖ ਦੁਆਰਾ ਵਾਹਿਗੁਰੂ ਦੀ ਸ਼ਰਨ ਵਿੱਚ ਆਉਣ ਦੀ ਗੱਲ ਕਹਿ ਕੇ ਸ਼ਬਦ ਦੀ ਸਮਾਪਤੀ ਕੀਤੀ ਹੈ। ਮੁਖਵਾਕ ਦੀ ਪਹਿਲੀ ਪੰਕਤੀ ਵਿੱਚ ਸਤਿਗੁਰੂ ਜੀ ਉਚਾਰਨ ਕਰਦੇ ਹਨ :

## ਕੀਤਾ ਕਰਣਾ ਸਰਬ ਰਜਾਈ; ਕਿਛੁ ਕੀਚੈ ਜੇ ਕਰਿ ਸਕੀਐ ॥

ਹੇ ਰਜਾਈ=ਰਜ਼ਾ ਦੇ ਮਾਲਕ ਪ੍ਰਮਾਤਮਾ ! ਤੁਸੀਂ ਆਪ ਹੀ ਸਰਬ=ਸਾਰਾ ਕਰਣਾ=ਪ੍ਰਪੰਚ ਪੈਦਾ ਕੀਤਾ ਹੈ, **ਵਾ:** ਜੋ ਤੁਸੀਂ ਪਿੱਛੇ ਕੀਤਾ ਹੈ ਤੇ ਜੋ ਅੱਗੇ ਨੂੰ ਕਰਨਾ ਹੈ, ਉਹ ਤੇਰੀ ਰਜਾਈ=ਰਜ਼ਾ ਵਿੱਚ ਹੈ। ਆਪਣੇ ਆਪ ਜੇ ਕੁਝ ਕਰ ਸਕੀਏ ਤਾਂ ਕਰੀਏ, ਪ੍ਰਮਾਤਮਾ ਦੀ ਆਗਿਆ ਤੋਂ ਬਿਨਾਂ ਨਾ ਅਸੀਂ, ਨਾ ਕੋਈ ਹੋਰ ਜੀਵ ਕੁਝ ਕਰ ਸਕਦੇ ਹਨ। ਜੈਸਾ ਕਿ :

**੧. ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ ॥**

[ਆਸਾ ਮਃ ੫, ਅੰਗ ੪੩੨]

**੨. ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥** [ਧਨਾਸਰੀ ਮਃ ੫, ਅੰਗ ੬੭੭]

## ਆਪਣਾ ਕੀਤਾ ਕਿਛੂ ਨ ਹੋਵੈ; ਜਿਉ ਹਰਿ ਭਾਵੈ ਤਿਉ ਰਖੀਐ ॥੧॥

ਸਾਡਾ ਆਪਣਾ ਕੀਤਾ ਹੋਇਆ ਕਿਛੂ=ਕੁਝ ਭੀ ਨ=ਨਹੀਂ, ਹੋਵੈ=ਹੁੰਦਾ ਹੈ ਜਿਉ=ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਉ=ਤਿਵੇਂ ਰੱਖ ਲੈਣਾ ਕਰੋ ॥੧॥

ਇਸੇ ਤੁਕ ਦੇ ਸਿਧਾਂਤ ਨੂੰ ਭਗਤ ਨਾਮਦੇਵ ਜੀ ਆਪਣੀ ਉਚਾਰਨ ਕੀਤੀ ਬਾਣੀ ਵਿੱਚ ਇਸ ਪ੍ਰਕਾਰ ਵਰਨਣ ਕੀਤਾ ਹੈ। ਜੈਸਾ ਕਿ :

**ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥** [ਭੈਰਉ ਨਾਮਦੇਵ ਜੀ, ਅੰਗ ੧੧੬੫]

**ਸਾਖੀ**—ਇਕ ਵਾਰ ਭਗਤ ਸ੍ਰੀ ਨਾਮਦੇਵ ਜੀ ਨਦੀ ਦੇ ਕਿਨਾਰੇ ਧਿਆਨ ਸਾਧਨਾ ਵਿੱਚ ਬੜੀ ਦੇਰ ਤੋਂ ਜੁੜੇ ਬੈਠੇ ਸਨ। ਨਾਮ ਦੇ ਰਸ ਵਿੱਚ ਕਾਫ਼ੀ ਸਮੇਂ ਤਕ ਭਗਤੀ ਵਿੱਚ ਸਥਿਤ ਰਹੇ ਤਾਂ ਅਚਾਨਕ ਇੱਕ ਬ੍ਰਾਹਮਣਾਂ ਦਾ ਨੌਜੁਆਨ ਲੜਕਾ ਮ੍ਰਿਤੂ ਨੂੰ ਪ੍ਰਾਪਤ ਹੋ ਚੁੱਕਾ ਸੀ। ਉਸ ਦੇ ਦਾਹ ਸੰਸਕਾਰ ਕਰਨ ਲਈ ਉਸਦੇ ਪਰਿਵਾਰ ਦੇ ਮੈਂਬਰ ਰੋਂਦੇ ਕੁਰਲਾਂਦੇ ਜਾ ਰਹੇ ਸਨ, ਜਿਨ੍ਹਾਂ ਵਿੱਚ ਉਸ ਦੀ ਘਰਵਾਲੀ, ਜੋ ਨੌਜੁਆਨ ਉਮਰ ਵਿੱਚ ਵਿਧਵਾ ਹੋ ਚੁੱਕੀ ਸੀ, ਸਤੀ ਹੋਣ ਦੀ ਪ੍ਰਥਾ ਦੇ ਅਨੁਸਾਰ ਆਪਣੇ ਪਤੀ ਦੀ ਅਰਥੀ ਦੇ ਨਾਲ ਨਾਲ ਸਤੀ ਹੋਣ ਲਈ ਜਾ ਰਹੀ ਸੀ। ਇਸ ਦੇ ਨਾਲ ਜੋ ਔਰਤਾਂ ਜਾ ਰਹੀਆਂ ਸਨ, ਉਨ੍ਹਾਂ ਵਿੱਚੋਂ ਇੱਕ ਸਿਆਣੀ ਔਰਤ ਬੋਲੀ, "ਹੇ ਧੀਏ! ਉਹ ਸਾਹਮਣੇ ਪੂਰਨ ਮਹਾਂਪੁਰਸ਼ ਭਗਤ ਨਾਮਦੇਵ ਜੀ ਬੈਠੇ ਹਨ, ਸਤੀ ਹੋਣ ਤੋਂ ਪਹਿਲਾਂ ਇਹਨਾਂ ਦੀ ਵੀ ਅਸੀਸ ਲੈ ਜਾ। ਤੂੰ ਇਸ ਸੰਸਾਰ ਨੂੰ ਛੱਡ ਕੇ ਚੱਲੀ ਹੈਂ।" ਇਸ ਸਿਆਣੀ ਬੀਬੀ ਦਾ ਬਚਨ ਮੰਨ ਕੇ ਵਿਧਵਾ ਔਰਤ ਨੇ ਭਗਤ ਜੀ ਨੂੰ ਜਾ ਮੱਥਾ ਟੇਕਿਆ। ਉਧਰ ਭਗਤ ਨਾਮਦੇਵ ਜੀ ਦੀ ਬਿਰਤੀ ਖੁੱਲ੍ਹੀ ਹੀ ਸੀ, ਜੋ ਅਜੇ ਵੀ ਇਕਾਗਰਤਾ ਦੇ ਰਸ ਵਿੱਚ ਭਗਤ ਜੀ ਦੀ ਬਿਰਤੀ ਅਨੰਦ ਲੈ ਰਹੀ ਸੀ। ਭਗਤ ਜੀ ਨੇ ਸੁਭਾਵਿਕ ਹੀ ਜੋ ਦੇਖਿਆ ਕਿ ਕੋਈ ਨਵ-ਵਿਆਹੀ ਔਰਤ ਆਪਣੇ ਸਹੁਰੇ ਘਰ ਨੂੰ ਜਾ ਰਹੀ ਹੈ ਜਾਂ ਆ ਰਹੀ ਹੈ, ਭਗਤ ਜੀ ਨੇ ਬਿਨਾਂ ਸੋਚੇ ਸਮਝੇ ਅਸੀਸ ਦੇ ਦਿੱਤੀ ਕਿ ਬੱਚਾ ਸੁਹਾਗਵੰਤੀ ਹੋ ਤੇ ਉਸ ਬੀਬੀ ਨੇ ਅਰਥੀ ਲਿਜਾਣ ਵਾਲਿਆਂ ਨੂੰ ਆਖਿਆ ਕਿ ਰੁਕੋ ਤੇ ਅਰਥੀ ਭਗਤ ਜੀ ਦੇ ਕੋਲ ਲੈ ਆਉ। ਬੀਬੀ ਦੀ ਇਹ ਗੱਲ ਮੰਨ ਕੇ ਅਰਥੀ ਭਗਤ ਜੀ ਦੇ ਚਰਨਾਂ ਵਿੱਚ ਰੱਖ ਦਿੱਤੀ ਤੇ ਬੀਬੀ ਨੇ ਬੇਨਤੀ ਕੀਤੀ ਕਿ ਮਹਾਰਾਜ! ਆਹ ਪਿਆ ਮੇਰਾ ਸੁਹਾਗ ਜੋ ਮ੍ਰਿਤੂ ਨੂੰ ਪ੍ਰਾਪਤ ਹੋ ਚੁੱਕਾ ਹੈ, ਤੁਸੀਂ ਮੈਨੂੰ ਸੁਹਾਗਵੰਤੀ ਹੋਣ ਦਾ ਵਰ ਦਿੱਤਾ ਹੈ। ਹੁਣ ਜਾਂ ਤਾਂ ਕਹੋ ਕਿ ਸੰਤਾਂ ਦਾ ਬਚਨ ਝੂਠਾ ਹੁੰਦਾ ਹੈ ਜਾਂ ਫਿਰ ਮੇਰੇ ਪਤੀ ਨੂੰ ਜਿਉਂਦਾ ਕਰਕੇ ਮੈਨੂੰ ਸੁਹਾਗਵੰਤੀ ਬਣਾ ਕੇ ਆਪਣੇ ਕਹੇ ਹੋਏ ਬਚਨ ਦੀ ਲਾਜ ਰੱਖੋ। ਨਾਮਦੇਵ ਜੀ ਸੋਚਾਂ ਵਿੱਚ ਪੈ ਗਏ। ਨਾਮਦੇਵ ਜੀ ਦੇ ਸਾਹਮਣੇ ਧਰਮ ਸੰਕਟ ਖੜ੍ਹਾ ਹੋ ਗਿਆ। ਉਹ ਨਾ ਤਾਂ ਆਪਣਾ ਬਚਨ ਝੂਠਾ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਕਰਾਮਾਤ ਦਿਖਾਉਣਾ ਚਾਹੁੰਦੇ ਹਨ। ਇਸ ਚਿੰਤਾ ਵਿੱਚ ਨਾਮਦੇਵ ਜੀ, ਜੋ ਸਮਾਧੀ ਵਿੱਚ ਅਨੰਦ ਪ੍ਰਾਪਤ ਹੋਇਆ ਸੀ, ਉਹ ਖੋ ਬੈਠੇ ਤੇ ਅਨੰਦ ਦੀ ਥਾਂ 'ਤੇ ਮਨ ਨੂੰ ਚਿੰਤਾ ਨੇ ਗ੍ਰਸ ਲਿਆ। ਨਾਮਦੇਵ ਜੀ ਦੁਆਰਾ ਦਿੱਤੀ ਅਸੀਸ ਉਨ੍ਹਾਂ ਲਈ ਇੱਕ ਚਿੰਤਾ ਦਾ ਵਿਸ਼ਾ ਬਣ ਗਈ। ਆਪਣੇ ਭਗਤ ਨੂੰ ਚਿੰਤਤ ਦੇਖ ਕੇ ਪ੍ਰਮਾਤਮਾ ਨੇ ਅਕਾਸ਼ਬਾਣੀ ਦੁਆਰਾ ਨਾਮਦੇਵ ਜੀ ਨੂੰ ਕਿਹਾ ਕਿ ਤੂੰ ਇਸ ਨਿੱਕੀ ਜਿਹੀ ਗੱਲ ਪਿੱਛੇ ਇਤਨਾ ਚਿੰਤਤ ਕਿਉਂ ਹੈਂ। ਮੇਰੀ ਆਗਿਆ ਹੈ ਕਿ ਇਸ ਬਾਲਕ ਨੂੰ ਕੰਨ ਤੋਂ ਫੜ ਕੇ ਬੈਠਾ ਕਰ ਦੇ। ਇਹ ਸੁਣ ਕੇ ਭਗਤ ਜੀ ਨੇ ਉਸ ਇਸਤਰੀ ਨੂੰ ਕਿਹਾ ਕਿ ਤੇਰਾ ਪਤੀ ਤਾਂ ਪਹਿਲਾਂ ਹੀ ਜਿਉਂਦਾ ਹੈ। ਭਗਤ ਜੀ ਨੇ ਰਾਮ ਸ਼ਬਦ ਕਿਹਾ ਤੇ ਉਸ ਪੁਰਸ਼ ਨੂੰ ਬੈਠਾ ਕਰ ਦਿੱਤਾ। ਇਸ ਦੇ ਜਿਉਂਦਾ ਹੋਣ ਦੀ ਕਨਸੋਅ ਬਾਦਸ਼ਾਹ ਤਕ ਪਹੁੰਚ ਗਈ। ਅਚਾਨਕ ਬਾਦਸ਼ਾਹ ਦੀ ਇੱਕ ਬੜੀ ਸੁੰਦਰ ਗਊ ਮਰ ਗਈ, ਜਿਸ ਦਾ ਦੁੱਧ ਬਾਦਸ਼ਾਹ ਦੇ ਸ਼ਹਿਜ਼ਾਦੇ ਨੂੰ ਮਾਫ਼ਕ ਸੀ। ਦੂਸਰਾ ਕਾਜ਼ੀ, ਮੁਲਾਣੇ ਇਸ ਗੱਲੋਂ ਈਰਖਾ ਕਰਦੇ ਸਨ ਕਿ ਕਾਫ਼ਰਾਂ ਵਿੱਚ ਇਤਨਾ ਕਰਾਮਾਤੀ ਕਿਉਂ ਹੈ। ਬ੍ਰਾਹਮਣ ਇਸ ਕਰਕੇ ਈਰਖਾ ਕਰਦੇ ਸਨ ਕਿ ਸ਼ੂਦਰਾਂ ਵਿੱਚ ਪੈਦਾ ਹੋਏ ਨਾਮਦੇਵ ਦੀ ਪੂਜਾ ਸਾਡੇ ਤੋਂ ਵੱਧ ਹੋ ਰਹੀ ਹੈ। ਇਨ੍ਹਾਂ ਸਾਰਿਆਂ ਦੀ ਈਰਖਾਂ ਦਾ ਸਿੱਟਾ ਇਹ ਹੋਇਆ ਕਿ ਗਊ ਮਰਨ ਤੋਂ ਬਾਦਸ਼ਾਹ ਨੇ ਨਾਮਦੇਵ ਨੂੰ ਆਪਣੇ ਦਰਬਾਰ ਵਿੱਚ ਸੱਦਿਆ ਤੇ ਗਾਂ ਜਿਉਂਦੀ ਕਰਨ ਲਈ ਭਗਤ ਜੀ ਨੂੰ ਕਿਹਾ ਤਾਂ ਭਗਤ ਜੀ ਨੇ ਅੱਗੋਂ ਉਤਰ ਦਿੱਤਾ ਕਿ ਬਾਦਸ਼ਾਹ ਐਸਾ ਨਹੀਂ ਹੋ ਸਕਦਾ ਕਿ ਕਦੇ ਮਰੇ ਭੀ ਜਿਉਂਦੇ ਹੁੰਦੇ ਹੋਣ। ਜੈਸਾ ਕਿ :

**ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥੩॥** [ਭੈਰਉ ਨਾਮੇਦਵ ਜੀ, ਅੰਗ ੧੧੬੫]

ਇਹ ਸੁਣ ਕੇ ਬਾਦਸ਼ਾਹ ਕ੍ਰੋਧ ਵਸ ਹੋ ਕੇ ਕਿਹਾ ਕਿ ਬ੍ਰਾਹਮਣਾਂ ਦਾ ਲੜਕਾ ਕਿਵੇਂ ਜਿਉਂਦਾ ਹੋ ਗਿਆ ਸੀ।

ਜਾਂ ਤੇ ਮੇਰੀ ਗਊ ਜਿਉਂਦੀ ਕਰ ਨਹੀਂ ਫਿਰ ਮੁਸਲਮਾਨ ਹੋਣ ਲਈ ਤਿਆਰ ਹੋ ਜਾ। ਜਿਉਂਦਾ ਰਹਿਣ ਲਈ ਇਨ੍ਹਾਂ ਦੋ ਕੰਮਾਂ ਵਿੱਚੋਂ ਇੱਕ ਦੀ ਚੋਣ ਕਰ, ਜੇ ਤੂੰ ਇਹ ਨਾ ਕੀਤਾ ਤਾਂ ਮੈਂ ਤੇਰੇ ਵਰਗੇ ਕਾਫ਼ਰਾਂ ਦਾ ਸਿਰ ਧੜ ਵਖਰਾ ਕਰਨ ਲਈ ਵਧੀਆ ਫ਼ੌਲਾਦੀ ਤਲਵਾਰ ਰੱਖੀ ਹੋਈ ਹੈ। ਫਿਰ ਇਸ ਨਾਲ ਮਰਨ ਲਈ ਤਿਆਰ ਹੋ ਜਾ। ਤਾਂ ਨਾਮਦੇਵ ਜੀ ਨੇ ਕਿਹਾ ਕਿ ਬਾਦਸ਼ਾਹ! ਮੈਨੂੰ ਮਰਨ ਦਾ ਤਾਂ ਕੋਈ ਡਰ ਨਹੀਂ, ਤੂੰ ਖ਼ੁਦਾ ਦਾ ਭੈ ਕਰ, ਬ੍ਰਾਹਮਣਾਂ ਦਾ ਲੜਕਾ ਮੈਂ ਨਹੀਂ ਮੇਰੇ ਰਾਮ ਨੇ ਜਿਉਂਦਾ ਕੀਤਾ ਸੀ। ਅੱਗੇ ਲਈ ਵੀ ਜੋ ਮੇਰਾ ਰਾਮ ਕਰੇਗਾ ਉਹੀ ਹੋਵੇਗਾ ਤਾਂ ਬਾਦਸ਼ਾਹ ਨੇ ਕਿਹਾ ਕਿ ਮੈਨੂੰ ਤਾਂ ਗਊ ਜਿਉਂਦੀ ਚਾਹੀਦੀ ਹੈ, ਭਾਵੇਂ ਤੂੰ ਕਰ ਭਾਵੇਂ ਤੇਰੇ ਰਾਮ ਤੋਂ ਕਰਵਾ ਦੇ ਤਾਂ ਨਾਮਦੇਵ ਜੀ ਪ੍ਰਭੂ ਰਜ਼ਾ ਵਿੱਚ ਇਹ ਕਹਿ ਕੇ ਚੁੱਪ ਹੋ ਗਏ ਕਿ ਜੋ ਪ੍ਰਭੂ ਨੂੰ ਭਾਵੇਗਾ, ਉਹੀ ਹੋਵੇਗਾ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਜੇ ਸਾਢੇ ਸੱਤ ਘੜੀਆਂ ਵਿੱਚ ਗਊ ਜਿਉਂਦੀ ਨਾ ਹੋਈ ਤਾਂ ਤੇਰਾ ਕਤਲ ਕਰ ਦਿੱਤਾ ਜਾਵੇਗਾ। ਤਾਂ ਨਾਮਦੇਵ ਜੀ ਆਪਣੇ ਪ੍ਰਭੂ ਨੂੰ ਆਰਾਧਨ ਲੱਗੇ। ਜਦੋਂ ਪਹਿਰੇਦਾਰ ਨੇ ਆਵਾਜ਼ ਦਿੱਤੀ ਕਿ ਸੱਤ ਘੜੀਆਂ ਬੀਤ ਚੁੱਕੀਆਂ ਹਨ, ਕੇਵਲ ਅੱਧੀ ਘੜੀ ਬਾਕੀ ਰਹਿੰਦੀ ਹੈ। ਤਾਂ ਨਾਮਦੇਵ ਜੀ ਕਹਿਣ ਲੱਗੇ :

**ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥੪॥**

[ਭੈਰਉ ਨਾਮਦੇਵ ਜੀ, ਅੰਗ ੧੧੬੬]

ਉਸ ਮੌਕੇ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਕਮਜ਼ੋਰ ਕਰਨ ਵਾਸਤੇ ਇਸਦੀ ਬੁੱਢੀ ਮਾਂ ਨੂੰ ਸਿਖਾ ਕੇ ਅਤੇ ਪੁੱਤਰ ਦੇ ਕਤਲ ਹੋਣ ਦਾ ਭੈਅ ਦੇ ਕੇ ਭਗਤ ਜੀ ਕੋਲ ਧਰਮ ਤੋਂ ਡੇਗਣ ਵਾਸਤੇ ਭੇਜਿਆ। ਮਾਤਾ ਕਹਿਣ ਲੱਗੀ ਕਿ ਹੇ ਪੁੱਤਰ! ਤੂੰ ਇਤਨਾ ਵੱਡਾ ਗਿਆਨੀ ਹੋ ਕੇ ਛੋਟੀ ਜਿਹੀ ਗੱਲ ਪਿੱਛੇ ਜਾਨ ਦੇਣ ਲੱਗਾ ਹੈਂ। ਤੂੰ ਮੇਰਾ ਇਕਲੌਤਾ ਬੇਟਾ ਹੈਂ, ਤੇਰੇ ਨਾਲ ਮੇਰਾ ਸੰਸਾਰ ਵਸ ਰਿਹਾ ਹੈ। ਤੇਰੇ ਮਰਨ ਤੋਂ ਬਾਅਦ ਮੈਂ ਜਿਉਂਦੀ ਨਹੀਂ ਰਹਿ ਸਕਾਂਗੀ। ਜੋ ਮਾਤਾ ਨੇ ਨਾਮਦੇਵ ਜੀ ਨੂੰ ਗੱਲ ਕਹੀ, ਉਸ ਨੂੰ ਨਾਮਦੇਵ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ :

**ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥**

[ਭੈਰਉ ਨਾਮਦੇਵ ਜੀ, ਅੰਗ ੧੧੬੫]

ਨਾਮਦੇਵ ਜੀ ਨੇ ਮਾਤਾ ਦੀ ਇਹ ਗੱਲ ਸੁਣ ਕੇ ਉਸ ਵੇਲੇ ਉਤਰ ਦਿੱਤਾ ਕਿ ਮਾਤਾ ਅੱਜ ਤਕ ਤੇਰੀ ਆਗਿਆ ਦਾ ਪਾਲਣ ਕੀਤਾ, ਪਰ ਤੂੰ ਜੋ ਮੈਨੂੰ ਧਰਮ ਤੋਂ ਡੇਗਣ ਦਾ ਉਪਦੇਸ਼ ਦੇ ਰਹੀ ਹੈ। ਇਸ ਲਈ ਮੈਂ ਅੱਜ ਤੇਰੇ ਨਾਲੋਂ ਮਾਂ-ਪੁੱਤ ਦੇ ਰਿਸ਼ਤੇ ਦੀ ਸਾਂਝ ਤੋੜਦਾ ਹਾਂ ਤੇ ਸਾਰੇ ਲੋਕਾਂ ਦੇ ਸਾਹਮਣੇ ਨਾਮਦੇਵ ਜੀ ਨੇ ਕਿਹਾ :

**ਨ ਹਉ ਤੇਰਾ ਪੂੰਗੜਾ ਨ ਤੂ ਤੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥**

[ਭੈਰਉ ਨਾਮਦੇਵ ਜੀ, ਅੰਗ ੧੧੬੫]

ਨਾਮਦੇਵ ਜੀ ਦੀ ਦ੍ਰਿੜ੍ਹਤਾ ਨੂੰ ਦੇਖ ਕੇ ਸਾਰੇ ਹੈਰਾਨ ਹੋ ਗਏ ਤੇ ਨਾਮਦੇਵ ਜੀ ਦੇ ਇਹ ਕਹਿਣ ਤੋਂ ਕਿ ਤੂੰ ਅਜੇ ਨਹੀਂ ਆਇਆ ਤਾਂ :

**ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥**

[ਭੈਰਉ ਨਾਮਦੇਵ ਜੀ, ਅੰਗ ੧੧੬੬]

ਭਗਵਾਨ ਜੀ ਪ੍ਰਗਟ ਹੋਏ ਤੇ ਪ੍ਰਗਟ ਹੋ ਕੇ ਕਿਹਾ ਕਿ ਹੇ ਨਾਮਦੇਵ! ਜੇ ਤੂੰ ਕਹੇ ਤਾਂ ਧਰਤੀ ਟੇਢੀ ਕਰਕੇ ਸਾਰਿਆਂ ਨੂੰ ਸਮੁੰਦਰ ਵਿੱਚ ਸੁੱਟ ਦਿਆਂ। ਜੇ ਕਹੇਂ ਤਾਂ ਧਰਤੀ ਉਲਟੀ ਕਰਕੇ ਬਾਦਸ਼ਾਹ ਦੇ ਸਿਰ ’ਤੇ ਧਰ ਦਿਆਂ। ਜੈਸਾ ਕਿ :

**ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇਕਰਿ ਊਪਰਿ ਧਰਉ ॥੧੭॥**

[ਭੈਰਉ ਨਾਮਦੇਵ ਜੀ, ਅੰਗ ੧੧੬੬]

ਨਾਮੇਦਵ ਜੀ ਕਹਿਣ ਲੱਗੇ ਕਿ ਜੇ ਤੂੰ ਆ ਹੀ ਗਿਆ ਹੈ ਤਾਂ ਪੁਠੇ ਦੀ ਥਾਂ ਸਿੱਧਾ ਕੰਮ ਕਰੋ, ਇਹਨਾਂ ਜੀਵਾਂ

ਦਾ ਕੀ ਕਸੂਰ ਤੂੰ ਗਊ ਨੂੰ ਹੀ ਜਿਉਂਦਾ ਕਰ ਦੇ ਤਾਂ ਭਗਵਾਨ ਜੀ ਨੇ ਗਊ ਜਿਉਂਦੀ ਕਰ ਦਿੱਤੀ ਤੇ ਬਾਦਸ਼ਾਹ ਨਾਮਦੇਵ ਜੀ ਦੀ ਚਰਨੀਂ ਪਿਆ ਤੇ ਆਪਣੀ ਭੁੱਲ ਦੀ ਮੁਆਫ਼ੀ ਮੰਗੀ। ਜੈਸਾ ਕਿ :

**ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥** [ਭੈਰਉ ਨਾਮਦੇਵ ਜੀ, ਅੰਗ ੧੧੬੬]

ਇਸ ਤੋਂ ਭਗਤ ਜੀ ਨੇ ਇਹ ਸਿੱਧ ਕੀਤਾ ਕਿ ਜੀਵ ਦਾ ਕੀਤਾ ਕੁਝ ਨਹੀਂ ਹੁੰਦਾ। ਇਹੀ ਸਿਧਾਂਤ ਸਤਿਗੁਰਾਂ ਨੇ ਉਪਰੋਕਤ ਤੁਕ ਵਿੱਚ ਕਥਨ ਕੀਤਾ ਹੈ।

## *ਮੇਰੇ ਹਰਿ ਜੀਉ; ਸਭੁ ਕੋ ਤੇਰੈ ਵਸਿ॥*

ਹੇ ਮੇਰੇ ਹਰਿ=ਪ੍ਰਮੇਸ਼ਰ ਜੀਉ=ਜੀ! ਸਭੁ=ਸਾਰਾ ਕੁਝ ਹੀ ਤੇਰੇ ਵੱਸ ਵਿੱਚ ਹੈ। ਜੈਸਾ ਕਿ :

**ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ॥** [ਵਾਰ ਬਿਲਾਵਲ ਮਃ ੩, ਅੰਗ ੮੪੯]

## *ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ; ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥*

ਸਾਡੇ ਵਿੱਚ ਜੋਰੁ=ਬਲ ਨਹੀਂ ਹੈ, ਜੇ ਅਸੀਂ ਕੁਝ ਕਰ ਸਕਦੇ ਹੋਈਏ, ਜਿਵੇਂ ਆਪ ਜੀ ਨੂੰ ਭਾਉਂਦਾ ਹੈ। ਤਿਵੇਂ ਹੀ ਆਪ ਮੇਰੇ ਔਗੁਣਾਂ ਨੂੰ ਬਖ਼ਸ਼ਣਾ ਕਰੋ॥੧॥ਰਹਾਉ॥ ਜੈਸਾ ਕਿ :

**੧. ਨਾ ਹਉ ਕਰਤਾ ਨਾ ਮੈ ਕੀਆ॥** [ਮਾਰੂ ਮਹਲਾ ੧, ਅੰਗ ੯੯੩]

**੨. ਨਾ ਕੋਈ ਕਰੇ ਨ ਕਰਣੈ ਜੋਗਾ॥ ਆਪੇ ਕਰਹਿ ਕਰਾਵਹਿ ਸੁ ਹੋਇਗਾ॥** [ਮਾਰੂ ਮਃ ੩, ਅੰਗ ੧੦੪੮]

## *ਸਭੁ ਜੀਉ ਪਿੰਡੁ ਦੀਆ ਤੁਧੁ ਆਪੇ; ਤੁਧੁ ਆਪੇ ਕਾਰੈ ਲਾਇਆ॥*

ਜੀਉ=ਜੀਵ ਆਤਮਾ ਅਤੇ ਪਿੰਡੁ=ਸਰੀਰ ਸਭ ਕੁਝ ਤੁਸੀਂ ਆਪ ਹੀ ਦਿੱਤਾ ਹੈ ਅਤੇ ਤੁਸੀਂ ਆਪ ਹੀ ਜੀਵਾਂ ਨੂੰ ਕਾਰੈ=ਕੰਮਾਂ ਵਿੱਚ ਲਾਇਆ ਹੋਇਆ ਹੈ। ਜੈਸਾ ਕਿ :

**੧. ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ॥** [ਸਿਰੀ ਰਾਗ ਮਃ ੫, ਅੰਗ ੪੫]

**੨. ਜੀਉ ਪਿੰਡੁ ਸਭੁ ਤਿਸਕਾ ਸਭੁ ਕਿਛੁ ਤਿਸ ਕੈ ਪਾਸਿ॥** [ਸਲੋਕ ਮਹਲਾ ੩, ਅੰਗ ੧੪੨੦]

## *ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ; ਜੇਹਾ ਤੁਧੁ ਧੁਰਿ ਲਿਖਿ ਪਾਇਆ॥੨॥*

ਹੇ ਪ੍ਰਮੇਸ਼ਰ! ਜੈਸਾ ਤੂੰ ਹੁਕਮ ਕਰਦਾ ਹੈਂ, ਤੈਸੇ ਹੀ ਕੋਈ ਕਰਮ ਕਮਾਉਂਦਾ ਹੈ। ਜੈਸਾ ਤੁਸੀਂ ਧੁਰਾਂ ਤੋਂ ਲੇਖ ਲਿਖਿਆ ਹੈ, ਤੈਸਾ ਹੀ ਹਰ ਇੱਕ ਜੀਵ ਨੇ ਦੁਖ ਸੁਖ ਨੂੰ ਪਾਉਣਾ ਕੀਤਾ ਹੈ॥੨॥ ਜੈਸਾ ਕਿ :

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥** [ਵਾਰ ਸਾਰਗ ਮਃ ੨, ਅੰਗ ੧੨੩੯]

## *ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ; ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

ਹੇ ਵਾਹਿਗੁਰੂ! ਤੁਸਾਂ ਨੇ ਪੰਜ ਤੱਤਾਂ ਕਰਕੇ ਸਭ=ਸਾਰੀ ਸ੍ਰਿਸਟਿ=ਸ੍ਰਿਸ਼ਟੀ ਭਾਵ ਦੁਨੀਆ ਸਾਜੀ=ਸਾਜਨਾ

ਭਾਵ ਬਣਾਉਣਾ ਕੀਤੀ ਹੈ, ਅਗਰ ਕੋਈ ਹੰਕਾਰੀ ਇਹ ਕਹੇ ਕਿ ਮੈਂ ਕੁਝ ਕਰ ਸਕਦਾ ਹਾਂ, ਤਾਂ ਜੇ ਕੋਈ ਕੁਝ ਕਰ ਸਕਦਾ ਹੋਵੇ ਤਾਂ ਕੋਈ ਛੇਵਾਂ ਤੱਤ ਪੈਦਾ ਕਰਕੇ ਦੱਸੇ ਕਿ ਪੰਜ ਤੱਤ ਵਾਹਿਗੁਰੂ ਨੇ ਪੈਦਾ ਕੀਤੇ ਹਨ ਤੇ ਛੇਵਾਂ ਤੱਤ ਮੈਂ ਪੈਦਾ ਕੀਤਾ ਹੈ। ਇਸ ਲਈ ਵਾਹਿਗੁਰੂ ਤੋਂ ਬਿਨਾ ਕੁਝ ਨਹੀਂ ਹੋ ਸਕਦਾ। ਜੇ ਉਸ ਨੂੰ ਭਾਉਂਦਾ ਤਾਂ ਉਹ ਛੇ ਜਾਂ ਸੱਤ ਜਾਂ ਚਾਰ ਕਰ ਲੈਂਦਾ ਤਾਂ ਸ੍ਰਿਸ਼ਟੀ ਉਸ ਦੇ ਹੁਕਮ ਅਨੁਸਾਰ ਉਨੇ ਹੀ ਤੱਤਾਂ ਦੀ ਪੈਦਾ ਹੋ ਜਾਂਦੀ, ਪਰ ਉਸਨੂੰ ਪੰਜ ਤੱਤਾਂ ਦੀ ਹੀ ਰਚਨਾ ਭਾਈ। ਇਸ ਲਈ ਪੰਜ ਤੱਤ ਸ੍ਰਿਸ਼ਟੀ ਦੇ ਸਾਜਣ ਵਿੱਚ ਮੌਜੂਦ ਰਹਿਣਗੇ। ਕਿਉਂਕਿ ਇਹ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ। ਇਸ ਲਈ ਸਤਿਗੁਰੂ ਜੀ ਨੇ ਹੋਰ ਥਾਂਵਾਂ 'ਤੇ ਵੀ ਪੰਜ ਤੱਤਾਂ ਦੇ ਪ੍ਰਮਾਣ ਦਿੱਤੇ ਹਨ। ਜੈਸਾ ਕਿ :

੧. **ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥** [ਰਾਮਕਲੀ ਮਃ ੫, ਅੰਗ ੯੮੪]

੨. **ਪੰਚ ਤਤੁ ਕਾ ਰਚਨੁ ਰਚਾਨਾ ॥** [ਮਾਰੂ ਸੋਲਹੇ ਮਃ ੫, ਅੰਗ ੧੦੭੩]

੩. **ਪਾਂਚ ਤਤ ਕੋ ਤਨ ਰਚਿਓ ਜਾਨਹੁ ਚਤੁਰ ਸੁਜਾਨ ॥** [ਸਲੋਕ ਮਃ ੯, ਅੰਗ ੧੪੨੬]

੪. **ਪੰਚ ਤਤੁ ਮਿਲਿ ਇਹੁ ਤਨੁ ਕੀਆ ॥** [ਮਾਰੂ ਮਃ ੧, ਅੰਗ ੧੦੩੯]

੫. **ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥**
[ਰਾਗ ਗੌਂਡ ਬਾਣੀ ਭਗਤ ਕਬੀਰ ਜੀ, ਅੰਗ ੮੭੦]

ਭਾਵ ਇਹ ਪੰਜ ਤੱਤ ਕਿਸੇ ਥਾਂ ਤੋਂ ਨਹੀਂ ਲਏ, ਇਹ ਪ੍ਰਮੇਸ਼ਰ ਨੇ ਆਪ ਪੈਦਾ ਕੀਤੇ ਹਨ। ਐਸਾ ਸਰਵ-ਸ਼ਕਤੀਮਾਨ ਪ੍ਰਮੇਸ਼ਰ ਜਦੋਂ ਆਪਣਾ ਸਰੂਪ ਕਿਸੇ ਨੂੰ ਜਨਾਉਣਾ ਚਾਹੁੰਦਾ ਹੈ ਔਰ ਦੁਖਾਂ ਤੋਂ ਕਿਸੇ ਦਾ ਛੁਟਕਾਰਾ ਕਰਾਉਣਾ ਚਾਹੁੰਦਾ ਹੈ ਤਾਂ ਫਿਰ ਉਸ ਨੂੰ ਪੂਰਨ ਗੁਰੂ ਦਾ ਮਿਲਾਪ ਬਖ਼ਸ਼ ਦਿੰਦਾ ਹੈ।

## *ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ, ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥*

ਹੇ ਵਾਹਿਗੁਰੂ ! ਇਕਨਾ ਨੂੰ ਸਤਿਗੁਰੂ ਦਾ ਮਿਲਾਪ ਬਖ਼ਸ਼ ਕੇ ਤੂੰ ਆਪਣਾ ਸਰੂਪ ਬੁਝਾਵਹਿ=ਜਣਾ ਦਿੰਦਾ ਹੈਂ ਅਤੇ ਇੱਕ ਮਨਮੁੱਖਤਾ ਕਰਕੇ ਜੋ ਕਰਮ ਕਰਹਿ=ਕਰਦੇ ਹਨ ਸਿ=ਉਹ ਦਰਗਾਹ ਦੇ ਵਿੱਚ ਸਜ਼ਾ ਪਾ ਕੇ ਰੋਵੈ=ਰੋਂਦੇ ਹਨ ॥੩॥

## *ਹਰਿ ਕੀ ਵਡਿਆਈ ਹਉ ਆਖਿ ਨ ਸਾਕਾ; ਹਉ ਮੂਰਖੁ ਮੁਗਧੁ ਨੀਚਾਣੁ ॥*

ਹੇ ਹਰਿ=ਵਾਹਿਗੁਰੂ ਜੀ ! ਆਪ ਜੀ ਦੀ ਵਡਿਆਈ=ਮਹਿਮਾ ਨੂੰ ਹਉ=ਮੈਂ ਆਖਿ=ਕਥਨ, ਵਖਿਆਣ ਨ=ਨਹੀਂ ਕਰ ਸਕਦਾ, ਹਉ=ਮੈਂ ਮੂਰਖਾਂ ਤੋਂ ਵੱਡਾ ਮੁਗਧੁ=ਮੂਰਖ ਤੇ ਨੀਚਾਣੁ=ਘਟੀਆ ਸੋਚ ਹੋਣ ਕਰਕੇ ਨੀਚ ਖ਼ਿਆਲਾਂ ਵਾਲਾ ਹਾਂ।

## *ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ;*
## *ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਮੇਰੇ ਸੁਆਮੀ=ਮਾਲਕ ਹਰਿ=ਹਰੀ ਪ੍ਰਮੇਸ਼ਰ ! ਮੈਨੂੰ ਸੇਵਕ ਜਨ ਕਉ=ਨੂੰ ਬਖ਼ਸ਼ ਲੈਣਾ ਕਰੋ, ਕਿਉਂਕਿ ਮੈਂ ਹਰ ਪੱਖ ਤੋਂ ਅਣਜਾਣ, ਬੇਸਮਝ ਹਾਂ ਔਰ ਆਪ ਜੀ ਦੀ ਸਰਨ ਵਿੱਚ ਆ ਕੇ ਪਇਆ=ਪ੍ਰਾਪਤ ਹੋਇਆ ਹਾਂ।੪॥੪॥੧੫॥੨੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੫ [ਆਦਿ ਅੰਗ ੭੩੭]

***ਸੂਹੀ ਮਹਲਾ ੫ ॥ ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ਰਹਾਉ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥੨॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥ ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥ ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ਰਹਾਉ ਦੂਜਾ॥੫॥***

## ***ਸੂਹੀ ਮਹਲਾ ੫ ॥***

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗ ਵਿੱਚ ਅੰਕਿਤ ਹੈ। ਜਗਿਆਸੂ ਮੁੱਖ ਦੁਆਰਾ ਇਸ ਮੁਖਵਾਕ ਵਿੱਚ ਉਪਦੇਸ਼ ਦੀ ਬਖ਼ਸ਼ਿਸ਼ ਕੀਤੀ ਹੋਈ ਹੈ। ਜਿਸ ਵੇਲੇ ਜਗਿਆਸੂ ਦਾ ਹਿਰਦਾ ਪ੍ਰੇਮ ਦੀ ਖਿੱਚ ਵਿੱਚ ਆ ਕੇ ਆਪਣੇ ਪ੍ਰੀਤਮ ਵੱਲ ਖਿਚਿਆ ਜਾਏ ਤੇ ਉਸ ਅਵਸਥਾ ਦਾ ਵਰਣਨ ਸਤਿਗੁਰੂ ਜੀ ਇਸ ਮੁਖਵਾਕ ਦੀ ਪਹਿਲੀ ਹੀ ਤੁਕ ਵਿੱਚ ਵਰਣਨ ਕਰਦੇ ਹਨ:

## ***ਉਮਕਿਓ ਹੀਉ; ਮਿਲਨ ਪ੍ਰਭ ਤਾਈ ॥***

ਪ੍ਰਭ=ਮਾਲਕ ਪ੍ਰਮੇਸ਼ਰ ਦੇ ਨਾਲ ਮਿਲਨ=ਮਿਲਾਪ ਕਰਨ ਤਾਈ=ਲਈ ਮੇਰਾ ਹੀਉ=ਹਿਰਦਾ ਉਮਕਿਓ= ਉੱਛਲਿਆ **ਵਾ:** ਉਤਸ਼ਾਹ ਵਾਲਾ ਹੋਇਆ ਹੈ। ਭਾਵ ਵਾਹਿਗੁਰੂ ਨੂੰ ਮਿਲਨ ਵਾਸਤੇ ਪ੍ਰੇਮ ਦਾ ਉਛਾਲਾ ਆਇਆ ਕਿ ਵਾਹਿਗੁਰੂ ਦੀ ਪ੍ਰਾਪਤੀ ਹੋਵੇ। ਹਿਰਦੇ ਵਿੱਚ ਐਸੀ ਉਮਕਿਓ=ਉਮੰਗ ਪੈਦਾ ਹੋ ਗਈ। ਇਸ ਅਵਸਥਾ ਦਾ ਵਰਣਨ ਸਤਿਗੁਰੂ ਜੀ ਨੇ ਹੋਰ ਵੀ ਕਈ ਥਾਂਵਾ 'ਤੇ ਕੀਤਾ ਹੈ। ਜੈਸਾ ਕਿ:

੧. **ਉਮਕਿਤ ਰਸਿ ਚਾਲੈ ॥ ਪ੍ਰਭ ਮਿਲਬੇ ਕੀ ਚਾਹ ॥** [ਮਲਾਰ ਮਃ ੫, ਅੰਗ ੧੨੭੨]

੨. **ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥**
**ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥** [ਸਲੋਕ ਮਃ ੫, ਅੰਗ ੧੪੨੬]

ਜਗਿਆਸੂ ਦੀ ਇਹ ਭਾਵਨਾ ਪ੍ਰਗਟ ਕੀਤੀ ਹੈ ਕਿ ਕਿਤੇ ਬਜ਼ਾਰਾਂ ਵਿੱਚ ਖੰਭ ਵਿਕਦੇ ਹੋਣ ਤੇ ਉਨ੍ਹਾਂ ਖੰਭਾਂ ਨੂੰ ਲਹਾਂ=ਲੈ ਕਰ ਕੇ ਆਪਣੇ ਤਨ, ਸਰੀਰ ਨਾਲ ਜੜ ਕੇ ਤੇ ਆਪਣੇ ਸਜਣ ਪ੍ਰੀਤਮ ਨੂੰ ਟੋਲਿ=ਲੱਭ ਲਵਾਂ, **ਅਥਵਾ** ਹੇ ਭਾਈ ! ਗਿਆਨ ਬੈਰਾਗ ਰੂਪੀ ਖੰਭ, ਜੇ=ਜੇਕਰ, ਵਿਕਦੇ ਹੋਣ ਤਾਂ ਮੈਂ ਪ੍ਰੇਮ ਰੂਪੀ ਮੁਲ ਦੇ ਕੇ ਖ਼ਰੀਦ ਘਿੰਨਾ=ਲਵਾਂ। ਉਨ੍ਹਾਂ ਪਰਾਂ ਨੂੰ ਆਪਣੇ ਤਨ=ਸੂਖਮ ਤਨ, ਅੰਤਹਕਰਣ ਦੇ ਵਿੱਚ ਮੈਂ ਧਾਰਣ ਕਰਾਂ, ਉਨ੍ਹਾਂ ਕਰਕੇ ਪ੍ਰਮੇਸਰ ਸੱਜਣ ਨੂੰ ਟੋਲਿ=ਲੱਭ ਲਵਾਂ, **ਅਥਵਾ** ਸਾਵੀ ਤੋਲਿ=ਸਰੀਰ ਦੇ ਬਰਾਬਰ ਤੋਲ ਕੇ ਲਵਾਂ, ਭਾਵ ਪ੍ਰਮੇਸਰ ਜੈਸਾ ਹੀ ਹੋ ਜਾਵਾਂ।

## ***ਖੋਜਤ ਚਰਿਓ; ਦੇਖਉ ਪ੍ਰਿਅ ਜਾਈ ॥***

ਖੋਜਤ=ਲੱਭਣ ਭਾਵ ਪ੍ਰਾਪਤ ਕਰਨ ਨੂੰ ਚਰਿਓ=ਚੜ੍ਹਿਆ ਹਾਂ ਤੇ ਕਿਤੇ ਜਾਈ=ਜਾ ਕੇ, ਪ੍ਰਿਅ=ਪਿਆਰੇ ਪ੍ਰਭੂ

ਮਾਲਕ ਨੂੰ ਦੇਖਉ=ਦੇਖ ਲਵਾਂ, **ਵਾ:** ਜਦੋਂ ਖੋਜ ਵਾਸਤੇ ਚੜ੍ਹਿਆ ਵਣ ਆਦਿਕਾਂ ਨੂੰ ਖੋਜਦੇ-ਖੋਜਦੇ, ਸੰਗਤ ਵਿੱਚ ਪਹੁੰਚਿਆ, ਬਹੁਤ ਲੱਭਿਆ, ਪਰ ਨਾ ਲੱਭਾ ਜਦੋਂ ਗੁਰੂ ਮਿਲੇ ਤਾਂ।

## *ਸੁਨਤ ਸਦੇਸਰੋ ਪ੍ਰਿਅ; ਗ੍ਰਿਹਿ ਸੇਜ ਵਿਛਾਈ ॥*

ਉਨ੍ਹਾਂ ਤੋਂ ਉਪਦੇਸ਼ ਰੂਪੀ ਸਦੇਸਰੋ=ਸੁਨੇਹਾ ਸੁਨਤ=ਸੁਣਿਆ ਤਾਂ ਪਿਆਰੇ ਪਤੀ ਵਾਸਤੇ ਗ੍ਰਿਹ ਅੰਤਹਕਰਨ ਰੂਪੀ ਘਰ ਦੇ ਵਿੱਚ ਹੀ ਸ਼ਰਧਾ ਰੂਪੀ ਸੇਜ਼ ਵਿਛਾਉਣਾ ਕੀਤੀ, **ਵਾ:** ਨਿਸ਼ਕਾਮ ਕਰਮ ਕਰਕੇ ਅੰਤਹਕਰਨ ਦੀ ਸੁੱਧੀ ਕਰਨ ਰੂਪੀ ਸੇਜ਼ਾ ਵਿਛਾਈ।

## *ਭ੍ਰਮਿ ਭ੍ਰਮਿ ਆਇਓ; ਤਉ ਨਦਰਿ ਨ ਪਾਈ ॥੧॥*

ਪਹਿਲਾਂ ਭ੍ਰਮਿ=ਭੁਲੇਖੇ ਸਹਿਤ ਹੋ ਕਰਕੇ ਦੇਸਾਂ-ਵਿਦੇਸ਼ਾਂ ਵਿੱਚ ਫਿਰ ਆਇਆਂ ਤਾਂ ਵੀ ਉਹ ਮੇਰੀ ਨਦਰਿ=ਦ੍ਰਿਸ਼ਟੀ ਵਿੱਚ ਪ੍ਰਾਪਤ ਨਹੀਂ ਹੋਇਆ ॥੧॥ ਜਦੋਂ ਪਿਆਰੇ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਨਾ ਹੋਈ ਤਾਂ ਫਿਰ ਅਖ਼ੀਰ, ਜੈਸਾ ਕਿ :

**ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥੧॥ਰਹਾਉ॥**

[ਦੇਵਗੰਧਾਰੀ ਮਹਲਾ ੫, ਅੰਗ ੫੩੩]

## *ਕਿਨ ਬਿਧਿ; ਹੀਅਰੋ ਧੀਰੈ ਨਿਮਾਨੋ ॥*

ਮਿਲੇ ਤੋਂ ਬਿਨਾਂ ਮੈਂ ਨਿਮਾਨੋ=ਨਿਮਾਣੀ ਦਾ ਹੀਅਰੋ=ਹਿਰਦਾ ਕਿਨ=ਕਿਸ ਬਿਧਿ=ਜੁਗਤੀ ਨਾਲ ਧੀਰੈ=ਧੀਰਜ ਨੂੰ ਪ੍ਰਾਪਤ ਹੋਵੇ।

## *ਮਿਲੁ ਸਾਜਨ; ਹਉ ਤੁਝੁ ਕੁਰਬਾਨੋ ॥੧॥ਰਹਾਉ॥*

ਹੇ ਸਾਜਨ=ਸੱਜਣ ਪ੍ਰਭੂ ! ਤੂੰ ਮੈਨੂੰ ਮਿਲਣਾ ਕਰ ਹਉ=ਮੈਂ ਆਪ ਜੀ ਤੋਂ ਕੁਰਬਾਨੋ=ਕੁਰਬਾਨ ਜਾਂਦਾ ਹਾਂ, **ਅਥਵਾ** ਸਾਜਨ=ਸਤ ਪੁਰਸ਼ਾਂ ਨਾਲ ਮਿਲ ਕੇ ਆਪ ਜੀ ਤੋਂ ਕੁਰਬਾਨ ਜਾਂਦਾ ਹਾਂ ॥੧॥ਰਹਾਉ॥ ਜੈਸਾ ਕਿ :

**ਬਲਿ ਜਾਇ ਨਾਨਕੁ ਸੁਖਹ ਦਾਤੇ ਪਰਗਾਸੁ ਮਨਿ ਤਨਿ ਹੋਇ ਜੀਉ ॥**

[ਰਾਮਕਲੀ ਮਹਲਾ ੫, ਅੰਗ ੯੨੬]

## *ਏਕਾ ਸੇਜ ਵਿਛੀ; ਧਨ ਕੰਤਾ ॥*
## *ਧਨ ਸੂਤੀ; ਪਿਰੁ ਸਦ ਜਾਗੰਤਾ ॥*

ਜਗਿਆਸੂ ਰੂਪ ਧਨ=ਇਸਤਰੀ ਅਤੇ ਕੰਤਾ=ਪਤੀ ਪ੍ਰਮਾਤਮਾ ਦੀ ਇੱਕ ਹੀ ਅੰਤਸ਼ਕਰਨ ਰੂਪ ਸੇਜਾ ਵਿਛੀ ਹੋਈ ਹੈ। ਉਹ ਸਾਖੀ ਚੇਤਨ ਅੰਤਹਕਰਨ ਉਪਹਿਤ ਹੈ ਅਤੇ ਧਨ=ਇਸਤਰੀ ਅੰਤਸ਼ਕਰਨ ਵਸ਼ਿਸ਼ਟ ਹੈ। ਜਗਿਆਸੂ ਨੇ ਬੇਨਤੀ ਕੀਤੀ ਹੈ ਕਿ ਹੇ ਮਹਾਰਾਜ ! ਜੇ ਜੀਵ ਅਤੇ ਪ੍ਰਮਾਤਮਾ ਦੀ ਇੱਕ ਹੀ ਅੰਤਸ਼ਕਰਨ ਰੂਪ ਸੇਜਾ ਹੈ ਤਾਂ ਫਿਰ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ ?

ਉੱਤਰ—ਜਗਿਆਸੂ ਰੂਪ ਧਨ=ਇਸਤਰੀ ਅਵਿਦਿਆ, ਮੋਹ ਰੂਪ ਨੀਂਦ ਵਿੱਚ ਸੁੱਤੀ ਹੋਈ ਹੈ ਤੇ ਪਤੀ ਪ੍ਰਮਾਤਮਾ ਸਦਾ ਹੀ ਜਾਗਦਾ ਹੈ। ਜੈਸਾ ਕਿ :

**ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥**
**ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ ॥੧॥ਰਹਾਉ॥**

**ਧਨ ਪਿਰ ਏਕੈ ਸੰਗਿ ਬਸੇਰਾ॥ ਸੇਜ ਏਕ ਪੈ ਮਿਲਨੁ ਦੁਹੇਰਾ॥੨॥**
**ਧੰਨਿ ਸੁਹਾਗਨਿ ਜੋ ਪੀਅ ਭਾਵੈ॥ ਕਹਿ ਕਬੀਰ ਫਿਰਿ ਜਨਮਿ ਨ ਆਵੈ॥੩॥**

[ਆਸਾ ਕਬੀਰ ਜੀ, ਅੰਗ ੪੮੩]

ਮੈਂ ਆਪਣੇ ਪਤੀ ਪ੍ਰਮਾਤਮਾ ਨੂੰ ਮਿਲਣ ਲਈ ਜਪ-ਤਪ ਰੂਪੀ **ਵਾ:** ਸਾਧਨਾ ਰੂਪੀ ਸਿੰਗਾਰ ਕੀਤਾ। ਮੇਰੇ ਸਾਧਨ ਪ੍ਰੇਮ ਤੋਂ ਰਹਿਤ ਹੋਣ ਕਰਕੇ ਜਗਤ ਦਾ ਜੀਵਨ ਰੂਪ, ਗੁਸਾਈ=ਮਾਲਕ ਹਰੀ ਮੈਨੂੰ ਨਹੀਂ ਮਿਲਿਆ। ਹਰਿ=ਪ੍ਰਮਾਤਮਾ ਮੇਰਾ ਪਤੀ ਹੈ ਅਤੇ ਮੈਂ ਹਰਿ=ਵਾਹਿਗੁਰੂ ਦੀ ਇਸਤਰੀ ਹਾਂ। ਪ੍ਰਮਾਤਮਾ ਵਡਾ ਹੈ ਤੇ ਮੈਂ ਤਨਕ ਲਹੁਰੀਆ=ਅਤੀ ਛੋਟੀ ਹਾਂ, ਭਾਵ ਜੀਵ ਅਲਪੱਗ ਹੈ ਤੇ ਰਾਮ ਸਰਬੱਗ ਹੈ। ਰਾਮ ਸਮੁੰਦਰ ਰੂਪ ਹੈ ਤੇ ਮੈਂ ਜੀਵ ਬੂੰਦ ਰੂਪ ਹਾਂ। ਮੈਂ ਜੀਵ ਰੂਪ ਇਸਤਰੀ ਦਾ ਪਿਰ=ਪਤੀ ਪ੍ਰਮਾਤਮਾ ਸਾਖੀ ਦਾ ਇੱਕ ਹੀ ਸਰੀਰ ਵਿੱਚ ਸੰਗਿ=ਨਾਲ-ਨਾਲ ਵਾਸਾ ਹੈ ਤੇ ਅੰਤਸ਼ਕਰਨ ਰੂਪੀ ਸੇਜਾ ਵੀ ਇੱਕ ਹੀ ਹੈ, ਪਰੰਤੂ ਅਗਿਆਨ, **ਵਾ:** ਹਉਮੈ ਕਰਕੇ ਪਤੀ ਨੂੰ ਮਿਲਣਾ= ਦੁਹੇਰਾ=ਕਠਨ ਹੈ, ਉਹ ਜੀਵ ਰੂਪ ਇਸਤਰੀ ਧੰਨ ਹੈ, ਜੋ ਆਪਣੇ ਪਤੀ ਪ੍ਰਮਾਤਮਾ ਨੂੰ ਭਾ ਗਈ ਹੈ। ਕਬੀਰ ਜੀ ਕਥਨ ਕਰਦੇ ਹਨ ਕਿ ਫਿਰ ਉਹ ਜੀਵ ਰੂਪ ਇਸਤਰੀ ਜੰਮਣ-ਮਰਨ ਵਿੱਚ ਨਹੀਂ ਆਵੇਗੀ। ਜੈਸਾ ਕਿ:

੧. **ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥**

[ਮਲਾਰ ਮਃ ੪, ਅੰਗ ੧੨੬੩]

੨. **ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥**

[ਗਉੜੀ ਮਹਲਾ ੫, ਅੰਗ ੨੦੫]

੩. **ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ॥੮॥**

[ਮਲਾਰ ਮਹਲਾ ੧, ਅੰਗ ੧੨੭੪]

੪. **ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ॥**
**ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ॥** [ਬਿਹਾਗੜਾ ਮਹਲਾ ੫, ਅੰਗ ੫੪੩]

ਇਨ੍ਹਾਂ ਉਪਰ ਦਿੱਤੇ ਪ੍ਰਮਾਣਾਂ ਤੋਂ ਭੀ ਮੁਖਵਾਕ ਦੀ ਇਸ ਤੁਕ ਦੀ ਪੁਸ਼ਟੀ ਹੋਈ ਹੈ ਕਿ ਜੀਵ ਰੂਪ ਇਸਤਰੀ ਅਤੇ ਬ੍ਰਹਮ ਰੂਪ ਪਤੀ ਦਾ ਇੱਕ ਹੀ ਅੰਤਸ਼ਕਰਨ ਦੀ ਸੇਜਾ 'ਤੇ ਬਿਰਾਜਮਾਨ ਹੁੰਦੇ ਹੋਏ ਭੀ ਆਪਸ ਵਿੱਚ ਮਿਲਾਪ ਨਹੀਂ ਹੈ। ਇਸ ਦਾ ਕਾਰਨ ਗੁਰਬਾਣੀ ਦੇ ਅਨੰਤ ਪ੍ਰਮਾਣਾਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਇਕੋ ਘਰ ਵਿੱਚ ਪਤੀ ਸਤੀ ਰਹਿੰਦੇ ਹੋਣ, ਪਰ ਵਿਚਾਲੇ ਇੱਕ ਪੱਕੀ ਕੰਧ ਕੀਤੀ ਹੋਵੇ ਤਾਂ ਇੱਕ ਘਰ ਵਿੱਚ ਰਹਿੰਦੇ ਹੋਏ ਭੀ ਦੋਹਾਂ ਦਾ ਮਿਲਾਪ ਨਹੀਂ ਹੋ ਸਕਦਾ। ਇਸੇ ਤਰ੍ਹਾਂ ਜੀਵ ਬ੍ਰਹਮ ਦਾ ਮਿਲਾਪ ਨਾ ਹੋਣ ਦਾ ਕਾਰਨ ਸਤਿਗੁਰੂ ਜੀ ਨੇ ਹਉਮੈ ਦੀ ਪੱਕੀ ਕੰਧ ਨੂੰ ਦੱਸਿਆ ਹੈ। ਜਿਤਨੀ ਦੇਰ ਤਕ ਇਹ ਕੰਧ ਢਾਹੁਣ ਦੀ ਜੁਗਤ ਜੀਵ ਰੂਪ ਇਸਤਰੀ ਗੁਰੂ ਰੂਪ ਵਿਚੋਲੇ ਕੋਲੋਂ ਸਿੱਖ ਨਹੀਂ ਲੈਂਦੀ, ਉਤਨੀ ਦੇਰ ਤਕ ਪਤੀ ਪ੍ਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਜੀ ਇਸੇ ਵਿਚਾਰ ਨੂੰ ਜਪੁਜੀ ਸਾਹਿਬ ਦੇ ਮੁੱਢ ਵਿੱਚ, ਪਹਿਲੀ ਪਉੜੀ ਵਿੱਚ ਕਥਨ ਕਰਦੇ ਹਨ। ਭਾਈ ਲਹਿਣਾ ਜੀ ਨੇ ਪੁੱਛਿਆ ਕਿ ਸਚਿਆਰ ਕਿਵੇਂ ਹੋਈਦਾ ਹੈ ਅਤੇ ਕੂੜ ਦੀ ਕੰਧ ਕਿਵੇਂ ਢਹਿੰਦੀ ਹੈ। ਜੈਸਾ ਕਿ:

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥** [ਜਪੁਜੀ ਸਾਹਿਬ, ਅੰਗ ੧]

ਸਤਿਗੁਰੂ ਜੀ ਨੇ ਉੱਤਰ ਦਿੱਤਾ:

**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥੧॥**

ਕਿ ਆਪਾ ਮਿਟਾਅ ਕੇ ਜਦੋਂ ਸਿੱਖ ਗੁਰੂ ਨੂੰ ਸਮਰਪਿਤ ਹੋ ਜਾਵੇ ਅਤੇ ਰਜਾਈ=ਰਜ਼ਾ ਦੇ ਮਾਲਕ ਪ੍ਰਮਾਤਮਾ ਦੇ ਹੁਕਮ ਵਿੱਚ ਚਲੇ, ਭਾਵ ਤਤਿਕਸ਼ਾ ਬਿਰਤੀ ਧਾਰ ਕੇ ਦੁਖ ਸੁਖ ਵਿੱਚ ਭਾਣਾ ਮੰਨੇ ਇਸ ਨਾਲ ਸਚਿਆਰ ਹੋਈਦਾ

ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪ੍ਰਾਰਬਧ ਕਰਮ ਮੇਰਾ ਲਿਖਿਆ ਹੈ, ਉਹ ਮੇਰੇ ਨਾਲ ਹੈ। ਚਲੇ ਹੋਈ ਤੀਰ ਦੀ ਨਿਆਈਂ ਉਸਨੂੰ ਕੋਈ ਘੱਟ ਵੱਧ ਨਹੀਂ ਕਰ ਸਕਦਾ। ਇਸ ਤਰ੍ਹਾਂ ਸਮਝਣ ਨਾਲ ਹਉਮੈ ਦਾ ਪੜ੍ਹਦਾ ਭਾਵ ਝੂਠ ਦੀ ਕੰਧ ਟੁੱਟ ਜਾਂਦੀ ਹੈ। ਤੇ ਜਗਿਆਸੂ ਰੂਪ ਇਸਤਰੀ ਦਾ ਪਤੀ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਪਤੀ ਨਾਲ ਮਿਲਾਪ ਨਾ ਹੋਣ ਦਾ ਇੱਕ ਹੋਰ ਕਾਰਨ ਵੀ ਅੱਗੇ ਦਸਦੇ ਹਨ ਕਿ ਜਿਸ ਤਰ੍ਹਾਂ ਆਚਰਣ ਤੋਂ ਡਿੱਗੀ ਕਲਹਿਣੀ ਔਰਤ ਜਿਸਨੂੰ ਨਸ਼ੇ ਆਦਿ ਦੀ ਵੀ ਆਦਤ ਹੋਵੇ ਪਤੀ ਮਿਲਾਪ ਸਮੇਂ ਸ਼ਰਾਬ ਦੇ ਨਸ਼ੇ ਵਿੱਚ ਮਸਤ ਹੋਵੇ ਤਾਂ ਪਤੀ ਦਾ ਮਿਲਾਪ ਤਾਂ ਇੱਕ ਪਾਸੇ ਰਿਹਾ, ਨੇਕ ਪਤੀ ਐਸੀ ਔਰਤ ਵੱਲ ਵੇਖਣਾ ਭੀ ਨਹੀਂ ਚਾਹੁੰਦਾ। ਉਲਟਾ ਉਸ ਨਾਲ ਨਫ਼ਰਤ ਹੋ ਜਾਂਦੀ ਹੈ ਕਿ ਇਹ ਸਾਡੀ ਕੁਲ ਨੂੰ ਕਲੰਕਤ ਕਰਨ ਵਾਲੇ ਅਉਗੁਣਾਂ ਨਾਲ ਭਰੀ ਹੋਈ ਹੈ। ਕਈ ਵਾਰ ਐਸੇ ਅਉਗੁਣਾਂ ਕਰਕੇ ਪਤੀ ਐਸੀ ਕਲਹਿਣੀ ਔਰਤ ਨੂੰ ਛੱਡ ਦਿੰਦਾ ਹੈ। ਜੈਸਾ ਕਿ :

**ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥** [ਵਾਰ ਸੋਰਠਿ ਮਃ ੩, ਅੰਗ ੬੪੫]

ਜਿਉ=ਜਿਵੇਂ ਛੁਟੜਿ=ਪਤੀ ਦੀ ਤਿਆਗੀ ਹੋਈ ਵਿਭਚਾਰਨ ਇਸਤਰੀ ਘਰ ਘਰ ਫਿਰਦੀ ਹੈ ਅਤੇ ਦੁਹਚਾਰਣਿ=ਖੋਟੇ ਆਚਾਰ ਦੇ ਕਾਰਨ ਬਦਨਾਉ=ਬਦਨਾਮ ਹੁੰਦੀ ਹੈ। ਇਸੇ ਤਰ੍ਹਾਂ :

## *ਪੀਓ ਮਦਰੋ; ਧਨ ਮਤਵੰਤਾ ॥*

ਜੀਵ ਰੂਪ ਧਨ=ਇਸਤਰੀ ਹੰਕਾਰ ਰੂਪ ਮਦਰੋ=ਸ਼ਰਾਬ ਪੀ ਕੇ ਉਸ ਵਿੱਚ ਮਤਵੰਤਾ=ਮਸਤ ਹੋ ਰਹੀ ਹੈ। **ਅਥਵਾ** ਮਤਵੰਤਾ=ਮਸਤੀ ਦੇ ਚਾੜ੍ਹਨ ਵਾਲੀ ਜੋ ਹੰਕਾਰ ਰੂਪ ਸ਼ਰਾਬ ਹੈ, ਉਸ ਨੂੰ ਇਸ ਜੀਵ ਰੂਪ ਇਤਸਰੀ ਨੇ ਪੀਤਾ ਹੈ ਤੇ ਉਸ ਵਿੱਚ ਬੇਸੁਧ ਹੋ ਰਹੀ ਹੈ। ਇਸ ਬੇਹੋਸ਼ੀ ਤੋਂ ਕਿਵੇਂ ਜਾਗਦੀ ਹੈ ?

## *ਧਨ ਜਾਗੈ; ਜੇ ਪਿਰੁ ਬੋਲੰਤਾ ॥੨॥*

ਜੀਵ ਰੂਪ ਧਨ=ਇਸਤਰੀ ਨੂੰ ਜੇ ਪਿਰੁ=ਪਤੀ ਪ੍ਰਮਾਤਮਾ ਬੁਲਾਉਣਾ ਚਾਹੇ ਤਾਂ ਫਿਰ ਇਹ ਜੀਵ ਰੂਪ ਇਸਤਰੀ ਮੋਹ ਦੀ, **ਵਾ:** ਅਗਿਆਨਤਾ ਦੀ ਨੀਂਦ ਤੋਂ ਜਾਗਦੀ ਹੈ। ਅਰਥਾਤ ਜੇ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਗੁਰੂ ਦਾ ਉਪਦੇਸ਼ ਪ੍ਰਾਪਤ ਹੋ ਜਾਵੇ ਤਾਂ ਹੰਕਾਰ, ਮੋਹ ਅਤੇ ਅਗਿਆਨਤਾ ਦੀ ਨੀਂਦ ਦੂਰ ਹੋ ਕੇ ਗਿਆਨ ਅਵਸਥਾ ਵਿੱਚ ਜਾਗਦੀ ਹੈ॥੨॥ ਨਹੀਂ ਤਾਂ ਪਤੀ ਪ੍ਰਮਾਤਮਾ ਦੇ ਮਿਲਾਪ ਤੋਂ ਨਿਰਾਸ ਹੋ ਕੇ ਦੁਖ ਦੇ ਬਹੁਤ ਦਿਨ ਕੱਟਦੀ ਹੋਈ ਜੀਵ ਰੂਪ ਇਸਤਰੀ ਨੂੰ ਕਹਿਣਾ ਪਵੇਗਾ :

## *ਭਈ ਨਿਰਾਸੀ; ਬਹੁਤੁ ਦਿਨ ਲਾਗੇ ॥*
## *ਦੇਸ ਦਿਸੰਤਰ; ਮੈ ਸਗਲੇ ਝਾਗੇ ॥*

ਜਦੋਂ ਪਤੀ ਦੀ ਉਡੀਕ ਕਰਦਿਆਂ-ਕਰਦਿਆਂ ਬਹੁਤੁ=ਬਹੁਤੇ ਦਿਨ ਲਾਗੇ=ਲਗ ਗਏ, **ਅਥਵਾ** ਸਾਧਨ ਕਰਦਿਆਂ ਬਹੁਤ ਦਿਨ ਲੱਗ ਗਏ ਤੇ ਪਤੀ ਪ੍ਰਾਪਤ ਨਾ ਹੋਇਆ ਤਾਂ ਫਿਰ ਜੀਵ ਰੂਪ ਇਸਤਰੀ ਨਿਰਾਸੀ (ਨਿਰ+ ਆਸੀ) ਆਸੀ=ਆਸ ਤੋਂ ਨਿਰ=ਰਹਿਤ ਹੋ ਗਈ। ਪਤੀ ਨੂੰ ਲੱਭਣ ਵਾਸਤੇ ਅਤਰੰਗ ਸਾਧਨਾ ਰੂਪੀ ਦੇਸ ਅਤੇ ਦਿਸੰਤਰ=ਬਹਿ ਰੰਗ ਸਾਧਨ ਰੂਪੀ ਪ੍ਰਦੇਸ ਮੈਂ ਸਗਲੇ=ਸਾਰੇ ਝਾਗੇ=ਲੰਘੇ ਹਨ, ਭਾਵ ਸਾਰੇ ਸਾਧਨ ਕਰਕੇ ਵੇਖ ਲਏ ਹਨ। ਪਰ ਹਰ ਸਾਧਨ ਪਿੱਛੋਂ ਪੱਲੇ ਨਿਰਾਸਤਾ ਹੀ ਪਈ। ਇਹ ਸਭ ਹਉਮੈ ਅਤੇ ਗਿਆਨ ਦੇ ਪੜਦੇ ਦੇ ਕਾਰਨ ਹੀ ਪਤੀ ਪ੍ਰਮਾਤਮਾ ਤੋਂ ਦੂਰੀ ਨਜ਼ਰ ਆਉਂਦੀ ਹੈ।

## *ਖਿਨੁ ਰਹਨੁ ਨ ਪਾਵਉ; ਬਿਨੁ ਪਗ ਪਾਗੇ ॥*

ਪਗ=ਚਰਨ ਪਾਗੇ=ਪਕੜੇ ਤੋਂ ਬਿਨੁ=ਬਿਨਾਂ, **ਵਾ:** ਗੁਰਾਂ ਦੇ ਚਰਨ ਪਕੜੇ ਤੋਂ ਬਿਨਾਂ ਇੱਕ ਖਿਨ ਭੀ ਹੁਣ

ਰਿਹਾ ਨਹੀਂ ਜਾਂਦਾ। ਕਿਉਂਕਿ ਜਦੋਂ ਜਗਿਆਸੂ ਰੂਪ ਇਸਤਰੀ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਕਿ ਗੁਰੂ ਦੇ ਕ੍ਰਿਪਾਲੂ ਹੋਣ ਤੋਂ ਬਿਨਾਂ ਨਾਮ ਗਿਆਨ ਦੀ ਦਾਤ ਨਹੀਂ ਮਿਲਣੀ। ਨਾਮ ਗਿਆਨ ਤੋਂ ਬਿਨਾਂ ਹਉਮੈ ਤੇ ਅਗਿਆਨ ਦੂਰ ਨਹੀਂ ਹੁੰਦਾ। ਗੁਰੂ ਨੂੰ ਪ੍ਰਸੰਨ ਕਰਨ ਲਈ ਇਕੋ ਹੀ ਰਾਹ ਨਿਮਰਤਾ ਦਾ ਹੈ। ਕਿ ਗੁਰੂ ਦੇ ਚਰਨ ਪਕੜ ਕੇ ਆਪਣੀ ਬੇਬਸੀ ਜ਼ਾਹਿਰ ਕਰਕੇ ਗੁਰੂ ਨੂੰ ਪ੍ਰਸੰਨ ਕਰਨਾ, ਜਦੋਂ ਗੁਰੂ ਪ੍ਰਸੰਨ ਹੁੰਦਾ ਹੈ ਤਾਂ ਪ੍ਰਭੂ ਮਿਲਦਾ ਹੈ।

## *ਹੋਇ ਕ੍ਰਿਪਾਲੁ ਪ੍ਰਭ; ਮਿਲਹ ਸਭਾਗੇ ॥੩॥*

ਪ੍ਰਭ=ਪ੍ਰਮਾਤਮਾ ਕ੍ਰਿਪਾਲੂ ਹੋਵੇ ਤਾਂ ਸ੍ਰੇਸ਼ਟ ਭਾਗਾਂ ਵਾਲੇ ਜਗਿਆਸੂ ਨੂੰ ਗੁਰੂ ਮਿਲਹ=ਮਿਲਦਾ ਹੈ। **ਅਥਵਾ** ਕ੍ਰਿਪਾਲੂ ਹੋ ਕੇ ਪ੍ਰਭੂ ਮਿਲ ਪਵੇ ਤਾਂ ਸ੍ਰੇਸ਼ਟ ਭਾਗਾਂ ਵਾਲੇ ਹੋਵਾਂਗੇ ॥੩॥ ਜਦੋਂ ਗੁਰੂ ਪ੍ਰਮਾਤਮਾ ਦੀ ਕਿਰਪਾ ਨਾਲ ਮਿਲਿਆ ਤਾਂ :

## *ਭਇਓ ਕ੍ਰਿਪਾਲੁ; ਸਤਸੰਗਿ ਮਿਲਾਇਆ ॥*

ਜਦੋਂ ਗੁਰੂ ਕ੍ਰਿਪਾਲੂ ਹੋ ਗਏ ਤਾਂ ਜੀਵ ਰੂਪ ਇਸਤਰੀ ਨੂੰ ਸਤਿਸੰਗ ਵਿੱਚ ਮੇਲਿਆ।

## *ਬੂਝੀ ਤਪਤਿ; ਘਰਹਿ ਪਿਰੁ ਪਾਇਆ ॥*

ਤਾਂ ਸਰੀਰ ਘਰ, **ਵਾ:** ਅੰਤਸ਼ਕਰਨ ਵਿੱਚੋਂ ਕਾਮ, ਕ੍ਰੋਧ, **ਵਾ:** ਤ੍ਰਿਸ਼ਨਾ ਦੀ ਤਪਤਿ=ਤਪਸ਼ ਬੂਝੀ=ਬੁਝ ਗਈ ਤੇ ਅਗਿਆਨ ਦਾ ਪੜਦਾ ਦੂਰ ਹੋ ਕੇ ਅੰਤਸ਼ਕਰਨ ਰੂਪ ਘਰਹਿ=ਘਰ ਵਿੱਚੋਂ ਹੀ ਪਤੀ ਪ੍ਰਮਾਤਮਾ ਨੂੰ ਪ੍ਰਾਪਤ ਕਰ ਲਿਆ।

## *ਸਗਲ ਸੀਗਾਰ; ਹੁਣਿ ਮੁਝਹਿ ਸੁਹਾਇਆ ॥*
## *ਕਹੁ ਨਾਨਕ; ਗੁਰਿ ਭਰਮੁ ਚੁਕਾਇਆ ॥੪॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਗੁਰੂ ਨੇ ਮੇਰਾ ਭਰਮ ਦਾ ਹਨੇਰਾ ਦੂਰ ਕਰ ਦਿੱਤਾ ਤਾਂ ਮੇਰਾ ਸਾਧਨਾ ਰੂਪੀ ਸਗਲ=ਸਾਰਾ ਸੀਗਾਰ ਹੁਣਿ=ਇਸ ਸਮੇਂ ਮੈਨੂੰ ਸੁਭਾਇਆ=ਸੋਭਨੀਕ ਹੋਇਆ ਹੈ ॥੪॥ ਇੱਕ ਉਹ ਭੀ ਸਮਾਂ ਸੀ ਕਿ ਜਦੋਂ ਪਤੀ ਪ੍ਰਮਾਤਮਾ ਕਿਤੇ ਭੀ ਨਜ਼ਰ ਨਹੀਂ ਸੀ ਆ ਰਿਹਾ। ਹੁਣ ਜਦੋਂ ਗੁਰੂ ਦਾ ਦਿੱਤਾ ਗਿਆਨ ਪ੍ਰਾਪਤ ਹੋਇਆ। ਤਾਂ

## *ਜਹ ਦੇਖਾ; ਤਹ ਪਿਰੁ ਹੈ ਭਾਈ ॥*

ਹੇ ਭਾਈ! ਹੁਣ ਮੈਂ ਜਿਥੇ ਭੀ ਵੇਖਦੀ ਹਾਂ, ਭਾਵ ਅੰਦਰ ਜਾਂ ਬਾਹਰ ਉਥੇ ਹੀ ਪਤੀ ਪ੍ਰਮਾਤਮਾ ਮੌਜੂਦ ਹੈ। ਜੈਸਾ ਕਿ :

**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥**

[ਸੋਰਠਿ ਮਹਲਾ ੫, ਅੰਗ ੬੧੨]

## *ਖੋਲ੍ਹਿਓ ਕਪਾਟੁ; ਤਾ ਮਨੁ ਠਹਰਾਈ ॥੧॥ਰਹਾਉ ਦੂਜਾ॥੫॥*

ਜਿਸ ਸਮੇਂ ਸਤਿਗੁਰਾਂ ਨੇ ਭਰਮ, **ਵਾ:** ਅਗਿਆਨ ਦਾ ਤਖ਼ਤਾ ਖੋਲ੍ਹ ਦਿੱਤਾ, ਉਸ ਸਮੇਂ ਪ੍ਰਭੂ ਦੀ ਪ੍ਰਾਪਤੀ ਕਰਕੇ ਮਨ ਸਰੂਪ ਦੀ ਅਭੇਦਤਾ ਰੂਪ ਇਸਥਿਤੀ ਨੂੰ ਪ੍ਰਾਪਤ ਹੋਇਆ ॥੧॥ਰਹਾਉ ਦੂਜਾ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੬ [ਆਦਿ ਅੰਗ ੭੩੯]

***ਸੂਹੀ ਮਹਲਾ ੫ ॥ ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥ ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥ ਓਇ ਸਾਜਨ ਓਇ ਮੀਤ ਪਿਆਰੇ ॥ ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ਰਹਾਉ॥ ਜਾ ਕਾ ਸਬਦੁ ਸੁਨਤ ਸੁਖ ਸਾਰੇ ॥ ਜਾ ਕੀ ਟਹਲ ਜਮਦੂਤ ਬਿਦਾਰੇ ॥੨॥ ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥ ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥ ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥ ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥੪॥੭॥੧੩॥***

## *ਸੂਹੀ ਮਹਲਾ ੫ ॥*

ਇਹ ਪਾਵਨ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸੂਹੀ ਰਾਗਣੀ ਦੇ ਵਿੱਚ ਉਚਾਰਣ ਕੀਤਾ ਹੋਇਆ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੭੩੯ ਉੱਪਰ ਸੁਸ਼ੋਭਿਤ ਹੈ।

ਇਸ ਸ਼ਬਦ ਵਿੱਚ ਸਤਿਗੁਰੂ ਜੀ ਨੇ ਸੰਤਾਂ ਮਹਾਤਮਾਂ ਅਤੇ ਰੱਬ ਦੇ ਨਾਲ ਇੱਕ-ਮਿੱਕ ਹੋਏ ਗੁਰਮੁਖ ਜਨਾਂ ਦਾ ਜਸ ਕਥਨ ਕੀਤਾ ਹੈ ਕਿ ਜੋ ਆਪ ਨਾਮ ਦੇ ਰੰਗ ਵਿੱਚ ਰੰਗੇ ਹੋਏ ਸੰਤ ਭਗਤ ਹਨ, ਉਹੋ ਹੀ ਸਾਡੇ ਸੱਜਣ ਤੇ ਪਿਆਰੇ ਹਨ, ਇਸ ਸ਼ਬਦ ਦੀਆਂ ਆਰੰਭਕ ਤੁਕਾਂ ਵਿੱਚ ਸਤਿਗੁਰੂ ਜੀ ਉਨ੍ਹਾਂ ਸੰਤ ਜਨਾਂ ਦੇ ਦਰਸ਼ਨਾਂ ਦੀ ਮਹਾਨਤਾ ਅਤੇ ਮਿਲਾਪ ਦਾ ਫਲ ਦਰਸਾਉਂਦੇ ਹੋਏ ਕਥਨ ਕਰਦੇ ਹਨ :

## *ਜਾ ਕੈ ਦਰਸਿ; ਪਾਪ ਕੋਟਿ ਉਤਾਰੇ ॥*

ਜਾ=ਜਿਨ੍ਹਾਂ ਗੁਰਮੁਖ ਜਨਾਂ ਕੈ=ਦੇ ਦਰਸਿ=ਦਰਸ਼ਨਾਂ ਨੇ ਕੋਟਿ=ਕ੍ਰੋੜਾਂ ਪਾਪ ਉਤਾਰੇ=ਲਾਹ ਦਿੱਤੇ ਹਨ ਭਾਵ ਜਿਹੜੇ ਗੁਰਮੁਖ ਜਨ ਅੱਠੇ ਪਹਿਰ ਸ੍ਵਾਸ ਸ੍ਵਾਸ ਪਰਮਾਤਮਾ ਦੇ ਨਾਮ ਰੰਗ ਵਿੱਚ ਰੰਗੇ ਹੋਏ ਹਨ, ਉਨ੍ਹਾਂ ਦੇ ਅੰਦਰ ਬਾਹਰ ਉਪਰ ਇਕ ਅਗੰਮੀ ਹੀ ਲਾਲੀ ਚੜ੍ਹੀ ਹੁੰਦੀ ਹੈ। ਜੈਸਾ ਕਿ :

**ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥** [ਸੂਹੀ ਕੀ ਵਾਰ, ਅੰਗ ੭੮੬]

ਉਨ੍ਹਾਂ ਦੇ ਦਰਸ਼ਨਾਂ ਵਿੱਚ ਇੱਕ ਕਸ਼ਿਸ਼ ਹੁੰਦੀ ਹੈ ਜੋ ਮਨ ਵਿੱਚ ਭਗਤੀ ਦੀ ਖਿੱਚ ਪੈਦਾ ਕਰ ਦੇਂਦੀ ਹੈ। ਉਨ੍ਹਾਂ ਦੇ ਦਰਸ਼ਨਾਂ ਦੀ ਬਰਕਤ ਨਾਲ ਹੀ ਮਨ ਵਿੱਚ ਸ਼ਾਂਤੀ ਆ ਜਾਂਦੀ ਹੈ ਅਤੇ ਪਾਪ ਤਾਂ ਦੂਰੋਂ ਹੀ ਭੱਜ ਜਾਂਦੇ ਹਨ। ਗੁਰਮੁਖ ਜਨਾਂ ਨੇ ਕ੍ਰੋੜਾਂ ਹੀ ਪਾਪੀ ਜੀਵ ਇਸ ਸੰਸਾਰ-ਸਮੁੰਦਰ ਤੋਂ ਤਾਰ ਦਿੱਤੇ ਹਨ। ਜੈਸਾ ਕਿ :

੧. **ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥** [ਸੋਰਠਿ ਮः ੫, ਅੰਗ ੬੦੮]

੨. **ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪॥** [ਸਿਧ ਗੋਸਟਿ ਮः ੧, ਅੰਗ ੯੪੨]

੩. **ਗੁਰਮੁਖਿ ਕੋਟਿ ਅਸੰਖ ਉਧਾਰੇ ॥** [ਮਾਰੂ ਸੋਲਹੇ ਮः ੧, ਅੰਗ ੧੦੨੪]

ਭਾਈ ਗੁਰਦਾਸ ਜੀ ਨੇ ਗੁਰਮੁਖਾਂ ਦੇ ਦਰਸ਼ਨਾਂ ਦੀ ਮਹਿਮਾ ਕਥਨ ਕਰਦਿਆਂ ਐਸੇ ਬਚਨ ਕੀਤੇ ਹਨ ਕਿ ਜਿਨ੍ਹਾਂ ਨੇ ਇੱਕ ਵਾਰ ਪ੍ਰੇਮ ਭਾਵਨਾ ਧਾਰ ਕੇ ਗੁਰਮੁਖ ਜਨਾਂ ਦਾ ਦਰਸ਼ਨ ਦੇਖਣਾ ਕੀਤਾ ਹੈ, ਉਹ ਮੁੜ ਕੇ ਛੇ ਦਰਸ਼ਨਾਂ ਭਾਵ ਛੇ ਭੇਖਾਂ ਵਿੱਚ ਨਹੀਂ ਫਸਦੇ। ਜੈਸਾ ਕਿ :

**ਗੁਰਮੁਖਿ ਦਰਸਨੁ ਦੇਖਣਾ ਛਿਅ ਦਰਸਨ ਪਰਗਟ ਨ ਸਰਚੈ ॥**
[ਭਾਈ ਗੁਰਦਾਸ ਜੀ, ਵਾਰ ੫, ਪਉੜੀ ੧]

ਇਕ ਥਾਂ ਹੋਰ ਵੀ ਐਸਾ ਕਥਨ ਕਰਦੇ ਹਨ ਕਿ ਜਿਵੇਂ ਛੇ ਰੁੱਤਾਂ ਅਤੇ ਬਾਰਾਂ ਮਹੀਨਿਆਂ ਵਿੱਚ ਸੂਰਜ ਦਾ

ਪ੍ਰਕਾਸ਼ ਇਕ-ਰਸ ਸੋਭਦਾ ਹੈ ਭਾਵ ਰੁੱਤਾਂ ਅਤੇ ਮਹੀਨਿਆਂ ਦੇ ਸੁਭਾਅ ਵੱਖੋ-ਵੱਖ ਹਨ, ਕੋਈ ਰੁੱਤ ਠੰਢੀ ਤੇ ਕੋਈ ਗਰਮੀ ਵਾਲੀ ਹੈ ਪਰ ਇਨ੍ਹਾਂ ਵਿੱਚ ਸੂਰਜ ਦਾ ਪ੍ਰਕਾਸ਼ ਇਕ-ਰਸ ਹੀ ਰਹਿੰਦਾ ਹੈ ਤਿਵੇਂ ਇਸ ਸੰਸਾਰ ਵਿੱਚ ਗੁਰਮੁਖਾਂ ਦਾ ਦਰਸ਼ਨ ਸਦਾ ਪ੍ਰਕਾਸ਼ਮਾਨ ਹੈ ਭਾਵ ਗੁਰਮੁਖ ਅਗਿਆਨਤਾ ਦੇ ਹਨੇਰੇ ਤੋਂ ਰਹਿਤ ਹਨ। ਜੈਸਾ ਕਿ :

**ਛਿਅ ਰੁਤ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ ਸੁਝ ਸੁਝਾਤੀ ॥**

[ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੧੨]

ਇਸ ਲਈ ਗੁਰਮੁਖ ਜਨਾਂ ਦਾ ਸਦਾ ਹੀ ਦਰਸ਼ਨ ਕਰਦੇ ਰਹਿਣਾ ਚਾਹੀਦਾ ਹੈ। ਜੈਸਾ ਕਿ :

**ਗੁਰਮੁਖਿ ਹੋਇ ਅਪਰਸੁ ਦਰਸੁ ਅਲੋਈਐ ॥** [ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੭]

ਵਿਦਵਾਨ ਪੁਰਖਾਂ ਨੇ ਗ੍ਰੰਥਾਂ ਵਿੱਚ ਦਰਸ਼ਨ ਚਾਰ ਪ੍ਰਕਾਰ ਦਾ ਕਥਨ ਕੀਤਾ ਹੈ :

੧. **ਸ੍ਰਵਣਾ ਦਰਸ਼ਨ**—ਆਪਣੇ ਕਿਸੇ ਪਿਆਰੇ ਪ੍ਰੀਤਮ ਦੇ ਗੁਣ, ਰੂਪ ਤੇ ਉਸ ਦਾ ਜਸ ਸੁਣ ਕੇ ਉਸ ਦੇ ਮਿਲਾਪ ਦੀ ਮਨ ਵਿੱਚ ਤਾਂਘ ਪੈਦਾ ਹੋ ਜਾਣੀ, ਇਸ ਨੂੰ ਸ੍ਰਵਣਾ ਦਰਸ਼ਨ ਆਖਦੇ ਹਨ। ਜੈਸਾ ਕਿ :

**ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥** [ਅੰਗ ੧੦੪]

ਗੁਰੂ ਦੀ ਸਿਫ਼ਤਿ-ਸਲਾਹ ਸੁਣ ਕੇ ਗੁਰੂ ਦੇ ਦਰਸ਼ਨਾਂ ਦਾ ਮਨ ਦੇ ਵਿੱਚ ਚਾਉ ਪੈਦਾ ਹੋ ਜਾਣਾ। ਜਿਸ ਪ੍ਰਕਾਰ ਸੰਗਲਾਦੀਪ ਦੇ ਵਿੱਚ ਮਨਸੁਖ ਸ਼ਾਹੂਕਾਰ ਪਾਸੋਂ ਗੁਰੂ ਨਾਨਕ ਦੇਵ ਜੀ ਦਾ ਜਸ ਸੁਣ ਕੇ ਰਾਜੇ ਸ਼ਿਵਨਾਭ ਦੇ ਹਿਰਦੇ ਅੰਦਰ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਚਾਅ ਪੈਦਾ ਹੋ ਗਿਆ ਸੀ। ਤਦ ਉਸ ਦਾ ਅਤਿਅੰਤ ਪ੍ਰੇਮ ਦੇਖ ਕੇ ਸਤਿਗੁਰੂ ਜੀ ਨੇ ਆਪ ਜਾ ਕੇ ਉਸ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਸੀ।

੨. **ਚਿੱਤ੍ਰ ਦਰਸ਼ਨ**—ਆਪਣੇ ਪਿਆਰੇ ਪ੍ਰੀਤਮ ਦੀ ਮੂਰਤੀ ਦਾ ਦਰਸ਼ਨ ਭਾਵ ਪ੍ਰੀਤਮ ਦੀ ਤਸਵੀਰ ਦਾ ਦਰਸ਼ਨ ਕਰਨਾ। ਜਿਸ ਪ੍ਰਕਾਰ ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕ ਆਪਣੇ ਇਸ਼ਟ ਦੇਵ ਦੀਆਂ ਮੂਰਤਾਂ ਅਤੇ ਤਸਵੀਰਾਂ ਬਣਾ ਕੇ ਉਨ੍ਹਾਂ ਨੂੰ ਪੂਜਦੇ ਹਨ, ਪਰ ਗੁਰਮਤਿ ਵਿੱਚ ਚਿੱਤ੍ਰ ਦਰਸ਼ਨ ਨੂੰ ਕੋਈ ਮਹਾਨਤਾ ਨਹੀਂ ਹੈ, ਕਿਉਂਕਿ ਗੁਰਬਾਣੀ ਅੰਦਰ ਸਤਿਗੁਰਾਂ ਦਾ ਐਸਾ ਫ਼ੁਰਮਾਨ ਹੈ। ਜੈਸਾ ਕਿ :

**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥** [ਅੰਗ ੪੭੯]

ਇਸ ਲਈ ਇਹ ਚਿੱਤ੍ਰ ਦਰਸ਼ਨ ਸਿਰਫ਼ ਦਰਸ਼ਨ ਮਾਤ੍ਰ ਹੀ ਹਨ, ਜਿਵੇਂ ਕਿਸੇ ਕਵੀ ਨੇ ਲਿਖਿਆ ਹੈ, ਜੈਸਾ ਕਿ :

**ਮੋਹਣ ਮੀਤ ਕੋ ਚਿਤ੍ਰ ਲਖੇ ਭਈ ਚਿਤ੍ਰ ਹੀ ਸੀ ਤੋ ਵਿਚਿਤ੍ਰ ਕਹਾਂ ਹੈ ?** [ਪਦਮਾਕਰ]

੩. **ਸੁਪਨ ਦਰਸ਼ਨ**—ਆਪਣੇ ਪਿਆਰੇ ਪ੍ਰੀਤਮ ਦੇ ਸੁਪਨੇ ਵਿੱਚ ਦਰਸ਼ਨ ਹੋਣੇ। ਜੈਸਾ ਕਿ :

**੧. ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥** [ਅੰਗ ੨੪੯]

**੨. ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ਰਹਾਉ॥** [ਬਿਲਾਵਲੁ ਮ: ੫, ਅੰਗ ੮੧੬]

ਜਿਸ ਪ੍ਰਕਾਰ ਭਾਈ ਗੁਰਦਾਸ ਜੀ ਜਦੋਂ ਕਾਸ਼ੀ ਦੇ ਵਿੱਚ ਗਏ ਸਨ, ਤਦੋਂ ਉੱਥੇ ਇਕ ਵਾਰ ਰਾਤ ਨੂੰ ਸੁਪਨੇ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨਾਂ ਦੀ ਝਲਕ ਪਈ। ਦਰਸ਼ਨਾਂ ਦੇ ਵਿੱਚ ਹੀ ਨਿਮਗਨ ਹੋ ਗਏ। ਜਦੋਂ ਚਰਨਾਂ ਨੂੰ ਸਪਰਸ਼ ਕਰਨ ਲੱਗੇ ਤਾਂ ਬਾਹਰੋਂ ਪਪੀਹੇ ਆਦਿ ਪੰਛੀਆਂ ਦੀਆਂ ਆਵਾਜ਼ਾਂ ਸੁਣ ਕੇ ਜਾਗ ਖੁੱਲ੍ਹ ਗਈ ਅਤੇ ਸੁਪਨਾ ਦਾ ਆਨੰਦ ਟੁੱਟ ਗਿਆ ਜੋ ਦੁਬਾਰਾ ਅਵਸਥਾ ਪ੍ਰਾਪਤ ਨਾ ਹੋਈ, ਤਦੋਂ ਵੈਰਾਗ ਦੇ ਵਿੱਚ ਆ ਕੇ ਭਾਈ ਗੁਰਦਾਸ ਜੀ ਨੇ ਐਸੇ ਬਚਨ ਕਹੇ ਜੋ ਉਨ੍ਹਾਂ ਦੀ ਰਚਨਾ 'ਕਬਿੱਤ ਸਵੱਯਾਂ' ਵਿੱਚ ਦਰਜ ਹੈ, ਜੈਸਾ ਕਿ :

**ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ॥**
**ਪਰਮ ਦਇਆਲ ਲਾਲ, ਲੋਚਨ ਬਿਸਾਲ, ਮੁਖ ਬਚਨ ਰਸਾਲ, ਮਧੁ ਮਧੁਰ ਪੀਆਏ ਹੈ॥**
**ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ, ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ।**
**ਚਾਤ੍ਰਿਕ ਸਬਦ ਸੁਨਿ ਅਖੀਆਂ ਉਘਰ ਗਈ, ਭਈ ਜਲ ਮੀਨ ਗਤਿ ਬਿਰਹ ਜਗਾਏ ਹੈ॥੨੦੫॥**
[ਭਾਈ ਗੁਰਦਾਸ ਜੀ, ਕਬਿੱਤ ਸਵਯੇ]

੪. **ਪ੍ਰਤੱਖ ਦਰਸ਼ਨ**—ਆਪਣੇ ਪਿਆਰੇ ਦੇ ਸਾਖਸ਼ਾਤ ਦਰਸ਼ਨ ਹੋ ਜਾਣੇ। ਜੈਸਾ ਕਿ :

੧. **ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥** [ਅੰਗ ੮੭]

੨. **ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥** [ਅੰਗ ੪੮੮]

ਭਗਤ ਧੰਨਾ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਇਤਿਆਦਿਕ ਅਨੇਕਾਂ ਭਗਤਾਂ, ਗੁਰਸਿੱਖਾਂ ਨੂੰ ਪ੍ਰਤੱਖ ਰੂਪ ਹੋ ਕੇ ਪਰਮਾਤਮਾ ਨੇ ਦਰਸ਼ਨ ਦਿੱਤੇ ਹਨ ਅਤੇ ਉਨ੍ਹਾਂ ਦੇ ਕਾਰਜ ਵੀ ਸੰਵਾਰੇ ਹਨ। ਪ੍ਰਤੱਖ ਦਰਸ਼ਨਾਂ ਦਾ ਮਹਾਤਮ ਜਨਮਾਂ ਜਨਮਾਂਤ੍ਰਾਂ ਦੀ ਮੈਲ ਨੂੰ ਇੱਕ ਛਿਨ ਵਿੱਚ ਖ਼ਤਮ ਕਰ ਦੇਂਦਾ ਹੈ। ਜੈਸਾ ਕਿ :

**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥** [ਅੰਗ ੧੩੯੨]

ਪਰਮੇਸ਼ਰ ਦੇ ਵਾ: ਗੁਰੂ ਦੇ ਪ੍ਰਤੱਖ ਦਰਸ਼ਨ ਭਾਵੇਂ ਨਿਮਖ ਮਾਤ੍ਰ ਹੀ ਹੋਣ ਉਹ ਆਧਿ ਬਿਆਧਿ ਉਪਾਧਿ ਨੂੰ ਮੇਟ ਕੇ ਦੁੱਖਾਂ ਦਾ ਨਾਸ਼ ਕਰ ਕੇ ਸੁੱਖਾਂ ਦੀ ਪੂੰਜੀ ਬਖ਼ਸ਼ਣ ਵਾਲਾ ਹੈ, ਜੈਸਾ ਕਿ :

**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥੧॥ਰਹਾਉ॥**
[ਅੰਗ ੧੨੫੨]

ਗੁਰੂ ਦੀ ਸ਼ਰਨ ਤੇ ਗੁਰੂ ਦੇ ਦਰਸ਼ਨ ਇਤਨੇ ਲਾਭਦਾਇਕ ਹਨ ਕਿ ਗੁਰੂ ਦੀ ਸ਼ਰਨ ਸਾਰੇ ਸੁਖ ਅਤੇ ਦਰਸ਼ਨਾਂ ਵਿੱਚ ਸਾਰੇ ਪਾਪਾਂ ਨੂੰ ਮੇਟਣ ਦੀ ਸਮਰੱਥਾ ਹੈ। ਜੈਸਾ ਕਿ :

**ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥** [ਅੰਗ ੨੮੬]

ਹੁਣ ਇਸ ਵਿਚਾਰ ਨੂੰ ਜੇ ਇਤਿਹਾਸਕ ਤੱਥਾਂ ਦੁਆਰਾ ਸਮਝੀਏ ਤਾਂ ਅਨੇਕਾਂ ਪ੍ਰਮਾਣ ਇਤਿਹਾਸ ਵਿੱਚ ਮੌਜੂਦ ਹਨ ਪਰ ਟੂਕ ਮਾਤਰ ਕੁਝ ਦੇ ਰਹੇ ਹਾਂ, ਪੂਰਾ ਵਿਸਥਾਰ ਕਰਨਾ ਹੋਵੇ ਤਾਂ ਇਤਿਹਾਸ ਦੇ ਪੂਰੇ ਪੰਨੇ ਪੜ੍ਹ ਲਏ ਜਾਣ।[੧]

**ਸਾਖੀ**—ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਇੱਕ ਐਸੀ ਸਾਖੀ ਵੀ ਮੌਜੂਦ ਹੈ, ਜੋ ਵੱਡਾ ਅਗੀ ਪਾਪੀ ਦੁਰਾਚਾਰੀ ਕੌਡਾ ਰਾਖਸ਼ ਸੀ, ਜੋ ਮਨੁੱਖਾਂ ਦਾ ਮਾਸ ਭੁੰਨ ਕੇ ਖਾਣ ਦਾ ਸੁਭਾਅ ਵੀ ਰੱਖਦਾ ਸੀ। ਪਰ ਜਦ ਇਸ ਦਾ ਕੋਈ ਪੂਰਬਲਾ ਕਰਮ ਜਾਗਿਆ ਤਾਂ ਗੁਰੂ ਨਾਨਕ ਦੇਵ ਜੀ ਦੇ ਦੀਦਾਰ ਹੋਏ ਸਨ। ਜੈਸਾ ਕਿ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥** [ਅੰਗ ੨੦੪]

ਉਹ ਵਿਚਾਰ ਇਸ ਪ੍ਰਕਾਰ ਹੈ ਕਿ ਇਸ ਪਾਪੀ ਦੇ ਉੱਧਾਰ ਕਰਨ ਦਾ ਸੰਕਲਪ ਜਦ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕੀਤਾ ਤਾਂ ਭਾਈ ਮਰਦਾਨੇ ਦੇ ਮਨ ਨੂੰ ਪ੍ਰੇਰ ਦਿੱਤਾ। ਗੁਰੂ ਨਾਨਕ ਦੇਵ ਸਾਹਿਬ ਜੀ ਭਾਈ ਬਾਲੇ ਤੇ ਮਰਦਾਨੇ ਸਮੇਤ ਗੂੜ੍ਹੇ ਜੰਗਲ ਦੇ ਵਿੱਚ ਜਾ ਰਹੇ ਸਨ ਤਾਂ ਮਰਦਾਨਾ ਕਹਿਣ ਲੱਗਾ ਕਿ ਸਤਿਗੁਰੂ ਜੀ! ਮੈਂ ਆਪਣੇ ਘਰ ਨੂੰ ਜਾਣਾ ਚਾਹੁੰਦਾ ਹਾਂ। ਮੇਰਾ ਪਰਿਵਾਰ ਮੈਨੂੰ ਬਹੁਤ ਯਾਦ ਆ ਰਿਹਾ ਹੈ। ਇਸ ਲਈ ਮੈਥੋਂ ਹੁਣ ਆਪ ਜੀ ਦਾ

੧. ਨੋਟ—ਇਥੇ ਢੁਕਵਾਂ ਪ੍ਰਮਾਣ ਦੇਣ ਲਈ ਗੁਰਵਾਕ ਚਾਨਣ ਦੇ ਪਹਿਲੇ ਭਾਗ ਵਿੱਚ 'ਜੀਉ ਤਪਤ ਹੈ ਬਾਰੋ ਬਾਰ॥' ਵਾਲੇ ਸ਼ਬਦ ਦੀ ਉਥਾਨਕਾ ਪੜ੍ਹ ਕੇ ਪ੍ਰਮਾਣ ਦਿੱਤਾ ਜਾ ਸਕਦਾ ਹੈ।

ਹੋਰ ਸਾਥ ਨਹੀਂ ਨਿਭਾਇਆ ਜਾਵੇਗਾ, ਨਾਲੇ ਜਿਸ ਸੰਸਾਰ ਦੇ ਸੁਧਾਰਨ ਲਈ ਤੁਸੀਂ ਰਾਤ ਦਿਨ ਕਸ਼ਟ ਸਹਾਰ ਰਹੇ ਹੋ। ਇਹ ਸੰਸਾਰੀ ਲੋਕ ਤੁਹਾਨੂੰ ਕਿਤੇ ਕੁਰਾਹੀਆ, ਕਿਤੇ ਬੇਤਾਲਾ ਤੇ ਕਿਤੇ ਭੂਤਨਾ ਕਹਿ ਰਹੇ ਹਨ। ਇਸ ਕਰਕੇ ਮੈਨੂੰ ਘਰ ਜਾਣ ਦੀ ਆਗਿਆ ਦੇਵੋ। ਤਦ ਸਤਿਗੁਰੂ ਜੀ ਨੇ ਕਿਹਾ ਕਿ ਮਰਦਾਨਿਆ! ਇਤਨੀ ਦੇਰ ਤਕ ਸਾਥ ਨਿਭਾਉਂਦਿਆਂ ਸਮਾਂ ਬੀਤਿਆ ਹੈ, ਹੁਣ ਤੈਨੂੰ ਇਤਨੀ ਜਲਦੀ ਕੀ ਹੋ ਗਿਆ ਹੈ। ਤੂੰ ਨਾ ਜਾਹ ਕਿਉਂਕਿ ਏਥੇ ਜੰਗਲ ਵਿੱਚ ਅਨੇਕਾਂ ਬਲਾਵਾਂ ਰਹਿੰਦੀਆਂ ਹਨ, ਜੋ ਮਨੁੱਖੀ ਸਰੀਰ ਨੂੰ ਇਕ ਖਿਨ ਵਿੱਚ ਨਾਸ਼ ਕਰਨ ਦੀ ਸ਼ਕਤੀ ਰੱਖਦੀਆਂ ਹਨ। ਅੱਗੋਂ ਮਰਦਾਨੇ ਨੇ ਕਿਹਾ ਕਿ ਬਲਾਵਾਂ ਦਾ ਡਰ ਦੇ ਕੇ ਹੁਣ ਤੁਸੀਂ ਮੈਨੂੰ ਆਪਣੇ ਨਾਲ ਨਹੀਂ ਰੱਖ ਸਕਦੇ। ਹੁਣ ਮੇਰਾ ਮਨ ਘਰ ਜਾਣ ਨੂੰ ਚਾਹ ਰਿਹਾ ਹੈ। ਮੈਂ ਘਰ ਜਾ ਕੇ ਹੀ ਰਹਾਂਗਾ। ਭਾਈ ਬਾਲੇ ਨੇ ਵੀ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਮਰਦਾਨਾ ਨਾ ਮੰਨਿਆ। ਫੇਰ ਸਤਿਗੁਰੂ ਜੀ ਨੇ ਕਿਹਾ ਕਿ ਮਰਦਾਨਿਆ! ਰਬਾਬ ਵੀ ਨਾਲ ਹੀ ਲੈ ਜਾਹ। ਕਿਉਂਕਿ ਜਦ ਬਜੰਤ੍ਰੀ ਹੀ ਨਹੀਂ ਹੈ ਤਾਂ ਵਾਜਾ ਕੀ ਕਰਨਾ ਹੈ। ਸਾਜ਼ ਤਾਂ ਸਾਜ਼ੀ ਨਾਲ ਹੀ ਸ਼ੋਭਦਾ ਹੈ। ਇਹ ਸੁਣ ਕੇ ਮਰਦਾਨਾ ਰਬਾਬ ਲੈ ਕੇ ਉਥੋਂ ਰਵਾਨਾ ਹੋ ਗਿਆ। ਤੁਰਦਿਆਂ ਤੁਰਦਿਆਂ ਜਦ ਦੋ ਪਹਿਰ ਬਤੀਤ ਹੋ ਗਏ ਤਾਂ ਮਰਦਾਨੇ ਨੂੰ ਰਾਤ ਪੈ ਗਈ ਤੇ ਮਰਦਾਨੇ ਨੇ ਉਥੇ ਹੀ ਜੰਗਲ ਵਿੱਚ ਰਾਤ ਬਤੀਤ ਕੀਤੀ। ਉਧਰ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਉਥੇ ਹੀ ਬੈਠ ਗਏ, ਇਕ ਕਦਮ ਵੀ ਅੱਗੇ ਨਾ ਤੁਰੇ। ਗੁਰਾਂ ਨੇ ਉਹ ਰਾਤ ਉਸੇ ਤਰ੍ਹਾਂ ਜੰਗਲ ਵਿੱਚ ਹੀ ਬਤੀਤ ਕੀਤੀ। ਉਧਰ ਜਦ ਮਰਦਾਨਾ ਰਾਤ ਕੱਟ ਕੇ ਅਗਲੇ ਦਿਨ ਤੁਰਨ ਲੱਗਾ ਤਾਂ ਰਸਤੇ ਵਿੱਚ ਇੱਕ ਕੌਡਾ ਨਾਮ ਦਾ ਰਾਖਸ਼ ਮਿਲ ਗਿਆ ਜਿਸ ਨੇ ਆਪਣਾ ਖਾਣਾ ਸਮਝ ਕੇ ਮਰਦਾਨੇ ਨੂੰ ਆਪਣੀਆਂ ਮਜ਼ਬੂਤ ਬਾਹਾਂ ਦੇ ਬਲ ਨਾਲ ਪਕੜ ਕੇ ਇੱਕ ਬ੍ਰਿਛ ਨਾਲ ਬੰਨ੍ਹ ਦਿੱਤਾ ਅਤੇ ਤੇਲ ਦਾ ਕੜਾਹਾ ਗਰਮ ਕਰਨ ਲਈ ਅੱਗ ਹੋਰ ਤੇਜ਼ ਕਰ ਦਿੱਤੀ। ਇਹ ਉਹ ਤੇਲ ਦਾ ਕਹਾੜਾ ਸੀ ਜਿਸ ਵਿੱਚ ਪਤਾ ਨਹੀਂ ਕੌਡਾ ਰਾਖਸ਼ ਨੇ ਕਿਤਨੇ ਮਨੁੱਖ ਤਲ ਤਲ ਕੇ ਖਾ ਲਏ ਸਨ। ਭਾਈ ਮਰਦਾਨਾ ਕਦੇ ਰਾਖਸ਼ ਵੱਲ, ਕਦੇ ਕੜਾਹੇ ਵਿੱਚ ਗਰਮ ਹੋ ਰਹੇ ਤੇਲ ਵੱਲ ਡਰਿਆ ਹੋਇਆ ਦੇਖ ਰਿਹਾ ਹੈ। ਫੇਰ ਆਪਣੀ ਮੂਰਖਤਾ 'ਤੇ ਪਛਤਾਉਣ ਲੱਗਾ ਅਤੇ ਮਨੇ-ਮਨ ਅਰਦਾਸਾਂ ਕਰਨ ਲੱਗਿਆ ਕਿ ਸਤਿਗੁਰੂ ਜੀ! ਹੁਣ ਗੁਨਾਹ ਨਾ ਦੇਖੋ, ਹੁਣ ਗੁਨਾਹ ਦੇਖਣ ਦਾ ਸਮਾਂ ਨਹੀਂ, ਬਲਕਿ ਮੇਰੀ ਰੱਖਿਆ ਕਰਨ ਦਾ ਸਮਾਂ ਹੈ। ਜੈਸਾ ਕਿ :

**ਸਰਨਿ ਪਰੇ ਕੀ ਰਾਖੁ ਦਇਆਲਾ॥ ਨਾਨਕ ਤੁਮਰੇ ਬਾਲ ਗੁਪਾਲਾ॥੪੮॥** [ਅੰਗ ੨੬੦]

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥** [ਅੰਗ ੫੪੪]

ਉਧਰ ਸਤਿਗੁਰੂ ਜੀ ਆਤਮਿਕ ਅਨੰਦ ਵਿੱਚ ਬੈਠੇ ਜਦੋਂ ਸਮਾਧੀ ਤੋਂ ਉਥਾਨ ਹੋਏ ਤਾਂ ਭਾਈ ਬਾਲੇ ਨੂੰ ਕਹਿਣ ਲੱਗੇ ਕਿ ਹੇ ਭਾਈ ਬਾਲੇ! ਮਰਦਾਨਾ ਤਾਂ ਇੱਕ ਰਾਖਸ਼ ਨੇ ਪਕੜ ਲਿਆ ਹੈ। ਉਸ ਨੂੰ ਤੇਲ ਵਿੱਚ ਤਲ ਕੇ ਖਾਣ ਲਈ ਸੋਚ ਰਿਹਾ ਹੈ ਤਾਂ ਭਾਈ ਬਾਲੇ ਨੇ ਕਿਹਾ ਕਿ ਜੋ ਗੁਰੂ ਪੀਰਾਂ ਦੇ ਬਚਨ ਦਾ ਨਿਰਾਦਰ ਕਰਦਾ ਹੈ, ਉਸ ਨਾਲ ਐਸਾ ਹੀ ਹੁੰਦਾ ਹੈ। ਹੁਣ ਕੀ ਹੋ ਸਕਦਾ ਹੈ। ਮਰਦਾਨੇ ਦੀ ਆਪਣੀ ਗ਼ਲਤੀ ਦੀ ਸਜ਼ਾ ਹੈ। ਇਹ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ ਕਿ ਸਾਨੂੰ ਉਸ ਦੀ ਰੱਖਿਆ ਕਰਨੀ ਚਾਹੀਦੀ ਹੈ ਕਿਉਂਕਿ ਇੱਕ ਤਾਂ ਉਸ ਨੂੰ ਆਪਣੇ ਨਾਲ ਲਏ ਦੀ ਲੱਜਾ ਹੈ, ਦੂਸਰਾ ਆਪਣਾ ਬਾਲ ਸਖਾਈ ਮਿੱਤਰ ਵੀ ਹੈ, ਤੀਸਰਾ ਇਸ ਦੁਆਰਾ ਕੀਰਤਨ ਦਾ ਕਾਰਜ ਵੀ ਹੈ ਕਿਉਂਕਿ ਇਸ ਕੋਲ ਰਬਾਬ ਨੂੰ ਵਜਾਉਣ ਦਾ ਚੰਗਾ ਗੁਣ ਹੈ। ਤਦ ਭਾਈ ਬਾਲੇ ਨੇ ਕਿਹਾ ਕਿ ਫੇਰ ਉਸ ਦੀ ਰੱਖਿਆ ਕਿਵੇਂ ਹੋਵੇਗੀ ਤਾਂ ਗੁਰੂ ਜੀ ਨੇ ਕਿਹਾ ਕਿ ਜਾ ਕੇ। ਤਾਂ ਭਾਈ ਬਾਲੇ ਨੇ ਕਿਹਾ ਕਿ ਕਿਤਨੀ ਦੂਰ ਹੈ ਤਾਂ ਸਤਿਗੁਰਾਂ ਨੇ ਕਿਹਾ ਕਿ ਬਹੁਤੀ ਦੂਰ ਨਹੀਂ ਹੈ, ਉਹ ਤਾਂ ਨੇੜੇ ਹੀ ਹੈ। ਜਦ ਭਾਈ ਬਾਲੇ ਨੇ ਦੁਬਾਰਾ ਪੁੱਛਿਆ ਕਿ ਸਤਿਗੁਰੂ ਜੀ ਫੇਰ ਵੀ ਕਿਤਨੀ ਕੁ ਦੂਰ ਹੈ, ਤਾਂ ਗੁਰਾਂ ਨੇ ਕਿਹਾ ਕਿ ਇਥੋਂ ੧੧ (ਗਿਆਰਾਂ) ਕੋਹ 'ਤੇ ਹੈ। ਜੈਸਾ ਕਿ :

**ਨਹੀਂ ਦੂਰ ਬਹੁ ਨਿਕਟਿ ਪ੍ਰਮਾਨਹੁ। ਕੋਸ ਇਕਾਦਸ਼ ਪਰ ਪਹਿਚਾਨਹੁ।**

[ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ, ਅਧਿ: ੫੦]

ਤਦ ਭਾਈ ਬਾਲੇ ਨੇ ਕਿਹਾ ਕਿ ਸਤਿਗੁਰੂ ਜੀ! ਫੇਰ ਤਾਂ ਜਾਣ ਦਾ ਵੀ ਕੋਈ ਫ਼ਾਇਦਾ ਨਹੀਂ ਹੋਵੇਗਾ, ਉਤਨੀ ਦੇਰ ਤਕ ਤਾਂ ਰਾਖਸ਼ ਭਾਈ ਮਰਦਾਨੇ ਨੂੰ ਖਾ ਕੇ ਹਜ਼ਮ ਵੀ ਕਰ ਜਾਵੇਗਾ। ਗੁਰੂ ਜੀ ਨੇ ਕਿਹਾ ਕਿ ਭਾਈ ਬਾਲਾ ਜੀ! ਕਰਤਾਰ ਪਹਿਲਾਂ ਹੀ ਲੈ ਜਾਵੇਗਾ। ਤਦ ਸਤਿਗੁਰੂ ਜੀ ਇਉਂ ਪਹੁੰਚੇ ਜਿਵੇਂ ਜਦ ਹਰੀ ਹਰਿ ਛੇਤਰ ਵਿੱਚ ਤੰਦੂਏ ਦਾ ਪਕੜਿਆ ਹੋਇਆ ਹਾਥੀ ਪੁਕਾਰਾਂ ਕਰ ਰਿਹਾ ਸੀ ਤਦ ਬੈਕੁੰਠ ਤੋਂ ਇੱਕ ਛਿਨ ਵਿੱਚ ਭਗਵਾਨ ਨੇ ਆ ਦਰਸ਼ਨ ਦਿੱਤੇ ਸਨ ਅਤੇ ਹਾਥੀ ਨੂੰ ਤੰਦੂਏ ਤੋਂ ਬਚਾਅ ਲਿਆ ਸੀ। ਜੈਸਾ ਕਿ :

**੧. ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥** [ਸੋਰਠਿ ਮਃ ੯, ਅੰਗ ੬੩੨]

**੨. ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥**

[ਮਾਲੀ ਗਉੜਾ, ਨਾਮਦੇਵ ਜੀ, ਅੰਗ ੯੮੮]

ਇਸੇ ਪ੍ਰਕਾਰ ਗੁਰੂ ਨਾਨਕ ਦੇਵ ਜੀ ਉੱਥੇ ਆਣ ਪਹੁੰਚੇ। ਮਰਦਾਨੇ ਦੇ ਚਿਹਰੇ 'ਤੇ ਕੁਝ ਖ਼ੁਸ਼ੀ ਆਈ ਕਿ ਹੁਣ ਸਤਿਗੁਰੂ ਜੀ ਬਚਾਅ ਲੈਣਗੇ। ਭਾਈ ਮਰਦਾਨੇ ਨੂੰ ਗੁਰੂ ਜੀ ਤੇ ਭਾਈ ਬਾਲਾ ਜੀ ਦਿੱਸ ਰਹੇ ਸਨ ਪਰ ਕੌਡੇ ਰਾਖਸ਼ ਨੂੰ ਨਹੀਂ ਦਿਸ ਰਹੇ ਸਨ। ਜਦੋਂ ਕੌਡਾ ਰਾਖਸ਼ ਭਾਈ ਮਰਦਾਨੇ ਨੂੰ ਚੁੱਕ ਕੇ ਤੇਲ ਦੇ ਕੜਾਹੇ ਵਿੱਚ ਸੁੱਟਣ ਲੱਗਾ ਤਾਂ ਮਰਦਾਨੇ ਨੇ ਰੱਖਿਆ ਲਈ ਅਖ਼ੀਰਲਾ ਤਰਲਾ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਇਸ਼ਾਰੇ ਨਾਲ ਨਾਮ ਦਾ ਆਸਰਾ ਲੈਣ ਲਈ ਕਿਹਾ। ਜਦ ਮਰਦਾਨੇ ਨੇ 'ਵਾਹਿਗੁਰੂ' ਸ਼ਬਦ ਕਿਹਾ ਤਾਂ ਕੜਾਹੇ ਵਿੱਚ ਡਿੱਗਦਿਆਂ ਹੀ ਕੜਾਹਾ ਠੰਢੇ ਪਾਣੀ ਦੇ ਕੁੰਡ ਦੀ ਨਿਆਈਂ ਪ੍ਰਤੀਤ ਹੋਇਆ। ਜੈਸਾ ਕਿ :

**ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥**

[ਮਾਰੂ ਮਃ ੫, ਅੰਗ ੧੦੦੨]

ਉਸ ਵੇਲੇ ਗੁਰੂ ਜੀ ਨੇ ਦਰਸ਼ਨ ਦੇ ਕੇ ਕੌਡੇ ਨੂੰ ਕਿਹਾ ਕਿ ਕੌਡਿਆ! ਤੂੰ ਖੜਾ ਕੀ ਦੇਖਦਾ ਹੈਂ। ਇਸ ਨੂੰ ਤਲ ਕੇ ਕਿਉਂ ਨਹੀਂ ਖਾਂਦਾ ਤਾਂ ਕੌਡੇ ਨੇ ਕਿਹਾ ਕਿ ਤੁਸੀਂ ਕੌਣ ਹੋ, ਜਿਨ੍ਹਾਂ ਦੇ ਆਉਣ ਨਾਲ ਮੇਰਾ ਤਪਦਾ ਕੜਾਹਾ ਠੰਢਾ ਹੋ ਗਿਆ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਅਸੀਂ ਇਨਸਾਨ ਹਾਂ। ਤਦ ਇਸ ਨੇ ਆਦਮ ਸ਼ਿਨਾਖ਼ਤ ਸ਼ੀਸ਼ਾ ਸਾਹਮਣੇ ਕੀਤਾ ਤਦ ਚਰਨੀਂ ਡਿੱਗ ਪਿਆ ਕਿਉਂਕਿ ਇਹ ਸ਼ੀਸ਼ਾ ਇਸ ਦੇ ਗੁਰੂ ਨੇ ਇਸ ਨੂੰ ਦਿੱਤਾ ਸੀ, ਆਪਣੇ ਗੁਰੂ ਦੀ ਕੀਤੀ ਅਵੱਗਿਆ ਕਾਰਨ ਜੋ ਇਸ ਨੂੰ ਰਾਖਸ਼ ਹੋਣ ਦਾ ਸਰਾਪ ਮਿਲਿਆ ਸੀ। ਫੇਰ ਇਸ ਨੇ ਆਪਣੇ ਗੁਰੂ ਦੇ ਪੈਰ ਫੜ ਕੇ ਕਿਹਾ ਸੀ ਕਿ ਮੈਨੂੰ ਬਖ਼ਸ਼ ਲਵੋ। ਉਸ ਵੇਲੇ ਇਸ ਦੇ ਗੁਰੂ ਨੇ ਪ੍ਰਸੰਨ ਹੋ ਕੇ ਇਹ ਸ਼ੀਸ਼ਾ ਦਿੱਤਾ ਕਿ ਤੈਨੂੰ ਬਖ਼ਸ਼ਣ ਵਾਲਾ ਤੇਰੇ ਕੋਲ ਆਪ ਚੱਲ ਕੇ ਆਵੇਗਾ। ਇਸ ਸ਼ੀਸ਼ੇ ਵਿੱਚ ਬਾਕੀ ਮਨੁੱਖਾਂ ਦੀ ਸ਼ਕਲ ਮਨੁੱਖਾਂ ਵਾਂਗ ਨਹੀਂ ਆਵੇਗੀ ਭਾਵ ਉਹ ਮਨੁੱਖ ਪਿਛਲੇ ਜਨਮਾਂ ਵਿੱਚ ਜਿਹੜੀਆਂ ਜੂਨਾਂ ਭੋਗ ਕੇ ਆਏ ਹੋਣਗੇ, ਉਨ੍ਹਾਂ ਦੀਆਂ ਉਹ ਸ਼ਕਲਾਂ ਤੈਨੂੰ ਨਜ਼ਰ ਆਉਣਗੀਆਂ ਪਰ ਜਿਸ ਦਾ ਮਨੁੱਖਾ ਸਰੀਰ ਜਿਉਂ ਦਾ ਤਿਉਂ ਦਿਸੇ, ਉਹ ਸਮਝ ਲੈਣਾ ਕਿ ਤੇਰਾ ਉੱਧਾਰ ਕਰਤਾ ਹੈ। ਮਰਦਾਨੇ ਦੀ ਵਾਰੀ ਸ਼ੀਸ਼ਾ ਵੇਖਣਾ ਭੁੱਲ ਗਿਆ ਸੀ। ਜਦ ਗੁਰੂ ਨਾਨਕ ਦੇਵ ਜੀ ਦਾ ਸਰੂਪ ਉਸ ਸ਼ੀਸ਼ੇ ਰਾਹੀਂ ਜਿਉਂ ਦਾ ਤਿਉਂ ਵੇਖਿਆ ਤਾਂ ਪੈਰੀਂ ਪੈ ਗਿਆ। ਤਦ ਗੁਰੂ ਜੀ ਨੇ ਆਪਣਾ ਸਿੱਖ ਬਣਾ ਕੇ ਗੁਰਮੰਤ੍ਰ ਬਖ਼ਸ਼ਿਸ਼ ਕੀਤਾ। ਇਸ ਦੀ ਸੰਪ੍ਰਦਾ ਦੇ ਲੋਕ ਅੱਜ ਵੀ ਉਸ ਸਾਰੇ ਪ੍ਰਾਂਤ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਿੱਕੇ ਜਿਹੇ ਚਿੱਤ੍ਰ ਨੂੰ ਆਪਣੇ ਗਲ ਦੇ ਵਿਚ ਪਾ ਕੇ ਰੱਖਦੇ ਹਨ ਅਤੇ ਕਹਿੰਦੇ ਹਨ ਕਿ ਇਹ ਸਾਡਾ ਵੱਡਾ ਬਾਬਾ ਸੀ ਅਤੇ ਕੌਡੇ ਨੂੰ ਛੋਟਾ ਬਾਬਾ ਮੰਨਦੇ ਹਨ। ਜਿਨ੍ਹਾਂ ਦੀ ਗਿਣਤੀ ਅੱਜ ਲੱਖਾਂ ਵਿੱਚ ਹੈ।

ਇਸ ਪ੍ਰਕਾਰ ਸਤਿਗੁਰਾਂ ਦੇ ਦਰਸ਼ਨਾਂ ਨੇ ਕੌਡੇ ਰਾਖਸ਼ ਦੇ ਕ੍ਰੋੜਾਂ ਜਨਮਾਂ ਦੇ ਪਾਪ ਨਵਿਰਤ ਕਰ ਕੇ ਮੁਕਤ ਕਰ ਦਿੱਤਾ। ਇਹ ਪੂਰੇ ਗੁਰੂ ਦੀ ਸਮਰੱਥਾ ਅਤੇ ਪੂਰੇ ਗੁਰੂ ਦੇ ਦਰਸ਼ਨਾਂ ਦੀ ਬਖ਼ਸ਼ਿਸ਼ ਹੈ। ਸੋ ਪੂਰੇ ਗੁਰੂ ਅਤੇ ਗੁਰੂ ਦੇ ਸਿੱਖਾਂ ਦੇ ਦਰਸ਼ਨਾਂ ਦੀ ਐਸੀ ਬਰਕਤ ਹੈ।

## *ਭੇਟਤ ਸੰਗਿ; ਇਹੁ ਭਵਜਲੁ ਤਾਰੇ ॥੧॥*

ਐਸੇ ਗੁਰੂ ਅਤੇ ਗੁਰਸਿੱਖਾਂ ਦੇ ਸੰਗਿ=ਨਾਲ ਭੇਟਤ=ਮਿਲ ਜਾਈਏ ਭਾਵ ਉਨ੍ਹਾਂ ਦੀ ਸੰਗਤ ਕਰੀਏ ਤਾਂ ਉਹ ਇਹ ਭਵਜਲੁ=ਸੰਸਾਰ ਸਮੁੰਦਰ ਤੋਂ ਤਾਰੇ=ਤਾਰ ਦਿੰਦੇ ਹਨ॥੧॥ ਜੈਸਾ ਕਿ :

**ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ, ਲੋਕ ਪ੍ਰਲੋਕ ਸੁਖਦਾਈ ਓਤਿ ਪੋਤਿ ਹੈ॥੧੯੭॥**

[ਭਾਈ ਗੁਰਦਾਸ ਜੀ, ਕਬਿੱਤ ਸਵਯੇ]

## *ਓਇ ਸਾਜਨ; ਓਇ ਮੀਤ ਪਿਆਰੇ ॥*
## *ਜੋ ਹਮ ਕਉ; ਹਰਿ ਨਾਮੁ ਚਿਤਾਰੇ ॥੧॥ਰਹਾਉ॥*

ਓਇ=ਉਹੋ ਹੀ ਮਨ ਕਰਕੇ ਸਾਡੇ ਸਾਜਨ=ਸੱਜਣ ਹਨ, ਓਇ=ਉਹੋ ਹੀ ਬਾਣੀ ਕਰਕੇ ਸਾਡੇ ਮੀਤ=ਮਿੱਤਰ ਹਨ ਅਤੇ ਸਰੀਰ ਕਰਕੇ ਪਿਆਰੇ ਹਨ।

ਜੋ=ਜਿਹੜੇ ਹਮ=ਸਾਡੇ ਕਉ=ਤਾਈਂ, ਹਰਿ=ਪਰਮੇਸ਼ਰ ਦਾ ਨਾਮ ਚਿਤਾਰੇ=ਚੇਤੇ ਕਰਾਉਂਦੇ ਹਨ॥੧॥ਰਹਾਉ॥ ਜੈਸਾ ਕਿ :

**ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ॥** [ਗਉੜੀ ਥਿਤੀ ਮ: ੫, ਅੰਗ ੨੯੮]

## *ਜਾ ਕਾ ਸਬਦੁ ਸੁਨਤ; ਸੁਖ ਸਾਰੇ ॥ ਜਾ ਕੀ ਟਹਲ; ਜਮਦੂਤ ਬਿਦਾਰੇ ॥੨॥*

ਜਾ=ਜਿਨ੍ਹਾਂ ਗੁਰਮੁਖ ਜਨਾਂ ਕਾ=ਦਾ ਸਬਦੁ=ਉਪਦੇਸ਼ ਸੁਨਤ=ਸੁਣਨ ਕਰਕੇ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ **ਵਾ:** ਸਾਰੇ=ਸਾਰ ਭਾਵ ਸ੍ਰੇਸ਼ਟ ਮੁਕਤੀ ਆਦਿ ਦੇ ਸੁਖ ਪ੍ਰਾਪਤ ਹੋ ਜਾਂਦੇ ਹਨ।

ਜਾ=ਜਿਨ੍ਹਾਂ ਗੁਰਮੁਖ ਜਨਾਂ ਕੀ=ਦੀ ਟਹਲ=ਸੇਵਾ ਕਰਕੇ ਜਮਦੂਤਾਂ ਦਾ ਭੈ ਵੀ ਬਿਦਾਰੇ=ਨਾਸ਼ ਹੋ ਜਾਂਦਾ ਹੈ॥੨॥

## *ਜਾ ਕੀ ਧੀਰਕ; ਇਸੁ ਮਨਹਿ ਸਧਾਰੇ ॥ ਜਾ ਕੈ ਸਿਮਰਣਿ; ਮੁਖ ਉਜਲਾਰੇ ॥੩॥*

ਜਾ=ਜਿਨ੍ਹਾਂ ਗੁਰਮੁਖ ਜਨਾਂ ਕੀ=ਦੀ ਦਿੱਤੀ ਹੋਈ ਧੀਰਕ=ਧੀਰਜਤਾ ਕਰਕੇ ਅਸੀਂ ਇਸ ਡੋਲਦੇ ਹੋਏ ਮਨਹਿ=ਮਨ ਨੂੰ ਸਧਾਰੇ=ਸਹਿਤ ਭਗਤ ਦੇ ਆਸਰੇ ਖੜਾ ਕਰ ਲਿਆ ਹੈ।

ਜਾ=ਜਿਨ੍ਹਾਂ ਗੁਰਮੁਖ ਜਨਾਂ ਕੈ=ਦੇ ਨਾਲ ਮਿਲ ਕੇ ਵਾਹਿਗੁਰੂ ਦਾ ਸਿਮਰਣਿ=ਭਜਨ ਕਰਨ ਨਾਲ ਲੋਕ ਪ੍ਰਲੋਕ ਵਿੱਚ ਮੁੱਖ ਉਜਲਾਰੇ=ਉੱਜਲਾ ਹੁੰਦਾ ਹੈ॥੩॥

## *ਪ੍ਰਭ ਕੇ ਸੇਵਕ; ਪ੍ਰਭਿ ਆਪਿ ਸਵਾਰੇ ॥*
## *ਸਰਣਿ ਨਾਨਕ; ਤਿਨ੍ ਸਦ ਬਲਿਹਾਰੇ ॥੪॥੭॥੧੩॥*

ਐਸੇ ਗੁਣਾਂ ਵਾਲੇ ਜੋ ਪਰਮਾਤਮਾ ਕੇ=ਦੇ ਸੇਵਕ=ਦਾਸ ਹਨ, ਉਨ੍ਹਾਂ ਦੇ ਜੀਵਨ ਨੂੰ ਪ੍ਰਭਿ=ਪਰਮੇਸ਼ਰ ਨੇ ਆਪ ਹੀ ਸਵਾਰੇ=ਸੰਵਾਰਨਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਉਨ੍ਹਾਂ ਗੁਰਮੁਖ ਜਨਾਂ ਦੀ ਸਰਣਿ=ਓਟ ਵਿੱਚ ਹਾਂ ਅਤੇ ਤਿਨ=ਉਨ੍ਹਾਂ ਤੋਂ ਸਦ=ਸੈਂਕੜੇ ਵਾਰ ਹਮੇਸ਼ਾਂ ਬਲਿਹਾਰੇ=ਕੁਰਬਾਨ ਜਾਂਦੇ ਹਾਂ॥੪॥੭॥੧੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੭ [ਆਦਿ ਅੰਗ ੭੩੯]

***ਸੂਹੀ ਮਹਲਾ ੫ ॥ ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥ ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥ ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥੧॥ਰਹਾਉ॥ ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥੨॥ ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥ ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥***

## ਸੂਹੀ ਮਹਲਾ ੫ ॥

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਅੰਕਿਤ ਹੈ। ਇਸ ਸ਼ਬਦ ਦੀਆਂ ਪਹਿਲੀਆਂ ਤੁਕਾਂ ਵਿੱਚ ਹੀ ਸੰਸਾਰ ਨੂੰ ਮਿਥਿਆ ਰੂਪ ਦਰਸਾਇਆ ਹੈ। ਨਾਮ ਜਪਣ ਵਾਲਿਆਂ ਦੇ ਸਦ ਜੀਵਨ ਦਾ ਸਿਧਾਂਤ ਦੇ ਕੇ ਅਖ਼ੀਰ ਪ੍ਰਮੇਸ਼ਰ ਵਾਹਿਗੁਰੂ ਦੇ ਚਰਨਾਂ ਵਿੱਚ ਬੇਨਤੀ ਦਾ ਸਿਧਾਂਤ ਕਿਹਾ ਹੈ।

## ਰਹਣੁ ਨ ਪਾਵਹਿ; ਸੁਰਿ ਨਰ ਦੇਵਾ ॥

ਸੁਰਿ=ਦੇਵਤੇ, ਨਰ, ਦੇਵਾ=ਬ੍ਰਾਹਮਣ, **ਵਾ:** ਰਾਜੇ ਆਦਿਕ ਕੋਈ ਵੀ ਸੰਸਾਰ ਵਿੱਚ ਰਹਣੁ=ਰਹਿਣਾ ਨਹੀਂ ਪਾਵਹਿ=ਪਾਉਣਗੇ।

## ਊਠਿ ਸਿਧਾਰੇ; ਕਰਿ ਮੁਨਿ ਜਨ ਸੇਵਾ ॥੧॥

ਮੁਨਿ=ਮੰਨਣ ਸ਼ੀਲ ਮਹਾਤਮਾ ਤੇ ਉਨ੍ਹਾਂ ਦੇ ਜਨ=ਸੇਵਕ, **ਵਾ:** ਮੁਨੀ ਜਨ ਇਸ ਸੰਸਾਰ ਵਿੱਚ ਸੇਵਾ ਕਰਕੇ ਊਠਿ=ਉਠ ਕੇ ਸਿਧਾਰੇ=ਤੁਰੇ ਜਾਂਦੇ ਹਨ ॥੧॥ ਸੰਸਾਰ ਨੂੰ ਮਿਥਿਆ ਰੂਪ ਦਸਦਿਆਂ ਗੁਰਬਾਣੀ ਵਿੱਚ ਅਨੇਕਾਂ ਥਾਂਵਾਂ 'ਤੇ ਸਤਿਗੁਰੂ ਜੀ ਨੇ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥** [ਮਾਰੂ ਮਹਲਾ ੫, ਅੰਗ ੧੦੮੩]

ਜੋ ਦ੍ਰਿਸ਼ਟੀ ਆਉਣ ਵਾਲਾ ਸੰਸਾਰ ਦਾ ਦ੍ਰਿਸ਼ ਅਤੇ ਇਸਨੂੰ ਦੇਖਣ ਵਾਲੇ ਨੇਤਰ ਦੋਵੇਂ ਨਾਸਵਾਨ ਹਨ। ਇਸ ਸੰਸਾਰ ਦੀ ਐਸੀ ਅਦਭੁਤ ਰਚਨਾ ਹੈ ਕਿ ਜਾਂ ਤਾਂ ਦੇਖਣ ਵਾਲਾ ਪਹਿਲਾਂ ਨਾਸ ਹੋ ਜਾਂਦਾ ਹੈ ਜਾਂ ਦਿਸਣ ਵਾਲਾ ਪਹਿਲਾਂ ਨਾਸ ਹੋ ਜਾਂਦਾ ਹੈ। ਸੰਸਾਰ ਵਿੱਚੋਂ ਦੋਵੇਂ ਹੀ ਨਾਸਵਾਨ ਹਨ, ਪਰ ਦੋਵਾਂ ਦਾ ਐਸਾ ਹੀ ਸੰਬੰਧ ਹੈ। ਮਿਥਿਆ ਪਦਾਰਥਾਂ ਨੂੰ ਵੇਖ ਕੇ ਮਿਥਿਆ ਨੇਤਰ ਬੜੇ ਪ੍ਰਸੰਨ ਹੁੰਦੇ ਹਨ। ਸੁਪਨੇ ਦੇ ਮਨਿੰਦ ਇਹ ਸਭ ਝੂਠੇ ਹਨ। ਜੈਸਾ ਕਿ :

**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥** [ਬਿਲਾਵਲ ਮਹਲਾ ੫, ਅੰਗ ੮੦੮]

ਜਿਹੋ ਜਿਹਾ ਰਾਤ ਦਾ ਸੁਪਨਾ ਨੀਂਦ ਦੀ ਉਪਾਧੀ ਕਰਕੇ ਦਿਸ ਰਿਹਾ ਹੈ। ਇਸੇ ਤਰ੍ਹਾਂ ਜਾਗ੍ਰਤ ਵਾਲਾ ਦਿਨ ਦਾ ਸੁਪਨਾ ਅਵਿਦਿਆ ਦੀ ਉਪਾਧੀ ਕਰਕੇ ਦਿਸ ਰਿਹਾ ਹੈ। ਨਾ ਤਾਂ ਰਾਤ ਦਾ ਸੁਪਨਾ ਸਥਿਰ ਹੈ ਅਤੇ ਨਾ ਹੀ ਜਾਗ੍ਰਤ ਦਾ ਸੁਪਨਾ ਸੱਤ ਹੈ। ਦ੍ਰਿਸਟੀ ਆਉਣ ਵਾਲਾ ਸਭ ਬਿਨਸਨਹਾਰ ਹੈ। ਇਸ ਲਈ ਹੇ ਗਵਾਰ ਜੀਵ ! ਤੂੰ ਕਿਉਂ ਇਸ ਨਾਲ ਲੱਗ ਰਿਹਾ ਹੈਂ। ਜੈਸਾ ਕਿ :

**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥**
**ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥** [ਰਾਮਕਲੀ ਮਹਲਾ ੧, ਅੰਗ ੯੩੬]

ਰਾਣਾ ਅਤੇ ਰਾਇ ਇਹ ਰਾਜਿਆਂ ਦੇ ਭੇਦ ਹਨ। ਰੰਗ=ਵਿਸ਼ਿਆਂ ਦਾ ਅਨੰਦ, ਤੁੰਗ=ਉਚੇ (ਧਨਾਢ), ਫਕੀਰੁ=ਫੱਕਰ ਬਿਰਤੀ ਵਾਲੇ (ਫ਼ਕੀਰ=ਸੰਸਕ੍ਰਿਤ ਅਤੇ ਅਰਬੀ ਵਿੱਚ :—ਮੰਗਤਾ, ਮੁਹਤਾਜ) ਨ=ਨਹੀਂ ਰਹਿਣਗੇ, ਆਪੋ ਆਪਣੀ ਵਾਰੀ ਅਨੁਸਾਰ ਸਭ ਚਲੇ ਜਾਂਦੇ ਹਨ, ਕੋਈ ਧੀਰਜ ਨਹੀਂ ਬੰਨ੍ਹਦਾ ਭਾਵ ਕੋਈ ਥਿਰ ਨਹੀਂ ਹੈ। ਜੈਸਾ ਕਿ :

੧. **ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥**
**ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥**
**ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥**
**ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥**
**ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥**
**ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥**
**ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥**
**ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥**
[ਵਾਰ ਮਾਰੂ ਡਖਣੇ ਮਃ ੫, ਅੰਗ ੧੧੦੦]

੨. **ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥**
**ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥**
[ਸਾਰਗ ਮਹਲਾ ੪, ਅੰਗ ੧੨੦੦]

੩. **ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥**
**ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥**
**ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥**
**ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥**
**ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥**
**ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥**
**ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥**
**ਥਿਰੁ ਪਾਰਬ੍ਰਹਮ ਪਰਮੇਸਰੋ ਸੇਵਕੁ ਥਿਰੁ ਹੋਸੀ ॥** [ਵਾਰ ਮਾਰੂ ਡਖਣੇ ਮਃ ੫, ਅੰਗ ੧੧੦੦]

੪. **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥** [ਵਾਰ ਆਸਾ ਮਃ ੧, ਅੰਗ ੪੭੪]

੫. **ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥** [ਆਸਾ ਕਬੀਰ ਜੀ, ਅੰਗ ੪੮੨]

੬. **ਰਾਮੁ ਗਇਓ ਰਾਵਨੁ ਗਇਓ ਜਾ ਕੋ ਬਹੁ ਪਰਵਾਰੁ ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ ॥੫੦॥** [ਸਲੋਕ ਮਹਲਾ ੯, ਅੰਗ ੧੪੨੯]

੭. **ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ ॥੪੯॥** [ਸਲੋਕ ਮਹਲਾ ੯, ਅੰਗ ੧੪੨੯]

੮. **ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥**
**ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈ ਹੈ ਰੇ ॥੧॥ਰਹਾਉ॥**
**ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ ॥**
**ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥੧॥**

**ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥**
**ਰਾਜਾ ਪਰਚਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥**

[ਬਿਲਾਵਲੁ ਕਬੀਰ ਜੀ, ਅੰਗ ੮੫੫]

**ਸਾਖੀ ਹਰਨਾਖ਼ਸ਼ ਦੀ**—ਸਤਿਗੁਰੂ ਜੀ ਨੇ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਰਹਣੁ ਨ ਪਾਵੈ ਦਾ ਜੋ ਸਿਧਾਂਤ ਦਿੱਤਾ ਹੈ। ਸਤਿਜੁਗ ਤੋਂ ਲੈ ਕੇ ਕਿੰਨੇ ਦੇਵਤੇ, ਰਾਖਸ਼, ਰਾਜੇ-ਮਹਾਰਾਜਿਆਂ ਦੇ ਪ੍ਰਮਾਣ ਦਿੱਤੇ ਜਾਣ, ਇਨ੍ਹਾਂ ਦੇ ਨਾਂਵਾਂ ਦੀ ਵੀ ਗਿਣਤੀ ਨਹੀਂ ਹੋ ਸਕਦੀ। ਇਨ੍ਹਾਂ ਵਿੱਚ ਕੁਝ ਅਜਿਹੇ ਸ਼ਕਤੀਸ਼ਾਲੀ ਵਿਅਕਤੀ ਦੇਖੇ ਜਾਂਦੇ ਹਨ, ਜਿਨ੍ਹਾਂ ਨੇ ਇਸ ਸੰਸਾਰ ਵਿੱਚ ਸਦਾ ਰਹਿਣ ਦੇ ਦਾਅਵੇ ਵੀ ਕੀਤੇ। ਪਰ ਪ੍ਰਮਾਤਮਾ ਦੇ ਅਟੱਲ ਹੁਕਮ ਸਦਕਾ ਉਹ ਰਹਿ ਨਹੀਂ ਸਕੇ ਅਤੇ ਨਾ ਹੀ ਕੋਈ ਰਹਿ ਸਕੇਗਾ। ਉਨ੍ਹਾਂ ਵਿੱਚ ਹਰਨਾਖ਼ਸ਼ ਅਤੇ ਰਾਵਨ ਦਾ ਨਾਮ ਵਿਸ਼ੇਸ਼ ਕਰਕੇ ਲਿਆ ਜਾਂਦਾ ਹੈ। ਹਰਨਾਖ਼ਸ਼ ਨੇ ਤਪੱਸਿਆ ਕਰਕੇ ਜਦੋਂ ਇਹ ਵਰ ਲੈ ਲਏ ਕਿ ਨਾ ਮੈਂ ਅੰਦਰ ਮਰਾਂ, ਨਾ ਬਾਹਰ ਮਰਾਂ, ਨਾ ਦਿਨੇ ਮਰਾਂ, ਨਾ ਰਾਤ ਨੂੰ ਮਰਾਂ, ਨਾ ਕਿਸੇ ਮਨੁੱਖ, ਰਾਖਸ਼, ਪਸ਼ੂ ਤੋਂ ਮਰਾਂ। ਇਹੋ ਜਿਹੇ ਅਨੇਕ ਵਰ ਲੈ ਕੇ ਜਦੋਂ ਮੌਤ ਦੇ ਭੈਅ ਤੋਂ ਰਹਿਤ ਹੋ ਗਿਆ ਤਾਂ ਉਸਨੂੰ ਇੰਜ ਲੱਗਣ ਲੱਗਾ ਕਿ ਹੋਰ ਸੰਸਾਰ ਦੇ ਸਾਰੇ ਜੀਵ ਸੰਸਾਰ ਤੋਂ ਚਲੇ ਜਾਣਗੇ, ਪਰ ਮੈਂ ਸਦਾ ਵਾਸਤੇ ਸੰਸਾਰ ਵਿੱਚ ਰਹਾਂਗਾ। ਇਸ ਵਿਸ਼ਵਾਸ ਨੇ ਹਰਣਾਖ਼ਸ਼ ਨੂੰ ਪ੍ਰਮਾਤਮਾ ਦੀ ਸ਼ਕਤੀ ਤੋਂ ਮੁਨਕਰ ਕਰ ਦਿੱਤਾ ਤੇ ਆਪ ਹੀ ਰੱਬ ਬਣ ਬੈਠਾ ਅਤੇ ਇਸ ਢੰਗ ਨਾਲ ਹਕੂਮਤ ਕਰਨ ਲੱਗਾ, ਜਿਵੇਂ ਸੰਸਾਰ ਵਿੱਚੋਂ ਕਦੇ ਜਾਣਾ ਹੀ ਨਹੀਂ। ਸੰਸਾਰ ਦੀ ਮਾਇਆ, ਪਦਾਰਥ ਸੰਚਿਤ ਕਰਦਿਆਂ ਆਪਣੇ ਰਾਜ ਦੀ ਸ਼ਕਤੀ ਇਸ ਲੋਕ ਤੋਂ ਦੂਜੇ ਲੋਕਾਂ ਤਕ ਵੀ ਪਹੁੰਚਾ ਦਿੱਤੀ। ਜੈਸਾ ਕਿ ਦੇਵਤਿਆਂ ਦੇ ਰਾਜੇ ਇੰਦ੍ਰ ਨੂੰ ਹਰਾ ਕੇ ਇੰਦ੍ਰਪੁਰੀ ਦਾ ਰਾਜ ਵੀ ਆਪਣੇ ਅਧੀਨ ਕੀਤਾ। ਜਦੋਂ ਸ਼ਕਤੀ ਇਥੋਂ ਤਕ ਵੱਧ ਗਈ ਤਾਂ ਜਦੋਂ ਜੀਅ ਕਰੇ ਮਾਤ ਲੋਕ ਵਿੱਚ ਸੁਖ ਲਵੇ, ਜਦੋਂ ਜੀਅ ਕਰੇ ਸਵਰਗ ਲੋਕ ਵਿੱਚ ਜਾ ਕੇ ਸੁਖ ਮਾਣੇ। ਇਸ ਨੂੰ ਸੁਪਨੇ ਵਿੱਚ ਵੀ ਕਦੇ ਖ਼ਿਆਲ ਨਹੀਂ ਸੀ ਆਇਆ ਕਿ ਕਦੇ ਮੇਰੇ ਵਰਗੇ ਸ਼ਕਤੀਸ਼ਾਲੀ ਵਿਅਕਤੀ ਨੂੰ ਵੀ ਸੰਸਾਰ ਵਿੱਚੋਂ ਜਾਣਾ ਪਵੇਗਾ। ਪ੍ਰਮਾਤਮਾ ਨੂੰ ਜਦੋਂ ਭਾਇਆ ਇਸਦੀ ਤਪੱਸਿਆ ਦਾ ਫਲ ਭੁਗਤਾਨ ਕਰਨ ਤੋਂ ਉਪਰੰਤ ਇਸ ਨੂੰ ਮਾਰਨ ਦਾ ਕਾਰਨ ਇਸਦੇ ਘਰ ਵਿੱਚ ਇਸੇ ਦਾ ਪੁੱਤਰ ਪ੍ਰਹਿਲਾਦ ਪੈਦਾ ਕਰ ਦਿੱਤਾ। ਜਦੋਂ ਪ੍ਰਹਿਲਾਦ ਅਜੇ ਗਰਭ ਵਿੱਚ ਸੀ ਤਾਂ ਹਰਨਾਖ਼ਸ਼ ਦੇਵਤਿਆਂ ਨਾਲ ਜੁਧ ਕਰਕੇ ਹਾਰ ਚੁੱਕਾ ਸੀ ਤੇ ਮਹਾਰਾਜੇ ਇੰਦ੍ਰ ਨੇ ਇਸਦੀ ਰਾਜਧਾਨੀ ਉਜਾੜ ਕੇ ਰਾਖ਼ਸ਼ ਲੋਕਾਂ ਦਾ ਨਾਸ਼ ਕੀਤਾ ਤੇ ਹਰਨਾਖ਼ਸ਼ ਨੇ ਪਹਾੜਾਂ ਵਿੱਚ ਲੁੱਕ ਕੇ ਜਾਨ ਬਚਾਈ ਤੇ ਤਪੱਸਿਆ ਕਰਨ ਲੱਗਾ। ਤਪੱਸਿਆ ਕਰਕੇ ਹੀ ਫਿਰ ਉਪਰ ਲਿਖੇ ਵਰ ਪ੍ਰਾਪਤ ਕੀਤੇ। ਜਦੋਂ ਮਹਾਰਾਜੇ ਇੰਦ੍ਰ ਨੇ ਇਸਦੀ ਰਾਜਧਾਨੀ ਮੁਲਤਾਨ 'ਤੇ ਕਬਜ਼ਾ ਕੀਤਾ ਤੇ ਹਰਨਾਖ਼ਸ਼ ਦੀ ਘਰਵਾਲੀ ਨੂੰ ਪਕੜ ਕੇ ਲੈ ਤੁਰਿਆ ਤਾਂ ਰਸਤੇ ਵਿੱਚ ਨਾਰਦ ਜੀ ਮਿਲੇ। ਨਾਰਦ ਮੁਨੀ ਨੇ ਪੁੱਛਿਆ ਕਿ ਹੇ ਸਮਰਾਟ ਇੰਦ੍ਰ! ਇਸ ਔਰਤ ਨੂੰ ਬੰਦੀ ਬਣਾ ਕੇ ਕਿਉਂ ਲੈ ਚਲਿਆ ਹੈਂ। ਇੱਕ ਦੇਵਤਿਆਂ ਦਾ ਰਾਜਾ ਹੋ ਕੇ ਤੈਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਤੂੰ ਕਿਸੇ ਔਰਤ 'ਤੇ ਜ਼ੁਲਮ ਕਰੇਂ, ਇਹ ਕੰਮ ਰਾਖ਼ਸ਼ਾਂ ਦਾ ਹੈ। ਅੱਗੋਂ ਇੰਦ੍ਰ ਨੇ ਉੱਤਰ ਦਿੱਤਾ ਕਿ ਹੇ ਮਹਾਂ ਮੁਨਿ ਨਾਰਦ! ਇਹ ਮੈਂ ਜਾਣਦਾ ਹਾਂ ਕਿ ਔਰਤ 'ਤੇ ਜ਼ੁਲਮ ਕਰਨਾ ਠੀਕ ਨਹੀਂ, ਪਰ ਦੁਸ਼ਮਨ ਨੂੰ ਗਰਭ ਪ੍ਰਛੇਦ ਕਰਕੇ ਮਾਰਨਾ ਭੀ ਯੋਗ ਹੈ। ਇਸਦੇ ਪੇਟ ਵਿੱਚ ਮੇਰੇ ਦੁਸ਼ਮਨ ਦੀ ਅੰਸ ਹੈ, ਜੋ ਆਉਣ ਵਾਲੇ ਸਮੇਂ ਵਿੱਚ ਮੇਰੇ ਲਈ ਮੁਸੀਬਤ ਦਾ ਕਾਰਨ ਬਣੇਗੀ। ਤਾਂ ਨਾਰਦ ਮੁਨੀ ਜੀ ਨੇ ਕਿਹਾ ਕਿ ਇੰਦ੍ਰ! ਇਸ ਔਰਤ ਨੂੰ ਮੇਰੇ ਹਵਾਲੇ ਕਰ, ਵੇਖ ਫਿਰ ਤੇਰੇ ਦੁਸ਼ਮਨ ਹਰਨਾਖ਼ਸ਼ ਦੇ ਅੰਤ ਦਾ ਕਾਰਨ ਉਸੇ ਦੀ ਸੰਤਾਨ ਬਣੇਗੀ। ਇੰਦ੍ਰ ਕਹਿਣ ਲੱਗਾ ਕਿ ਇਹ ਕਿਵੇਂ ਹੋ ਸਕਦਾ ਹੈ। ਨਾਰਦ ਨੇ ਕਿਹਾ ਕਿ ਮੈਂ ਗਰਭ ਵਿੱਚ ਹੀ ਇਸ ਨੂੰ ਐਸੇ ਸੰਸਕਾਰ ਪਾ ਦਿਆਂਗਾ ਕਿ ਇਹ ਜੰਮਦਾ ਹੀ ਹਰਿ ਭਗਤ ਹੋਵੇਗਾ। ਫਿਰ ਲੜਾਈ ਦੇਵਤਿਆਂ ਅਤੇ ਰਾਖ਼ਸ਼ਾਂ ਦੀ ਬਜਾਇ ਪਿਓ ਅਤੇ ਪੁੱਤਰ ਵਿੱਚ ਆ ਜਾਵੇਗੀ ਤੇ ਆਪਣੇ ਭਗਤ ਦੀ ਰੱਖਿਆ ਲਈ ਭਗਵਾਨ ਨੂੰ ਆਪ ਆਉਣਾ ਪਵੇਗਾ। ਇੰਦ੍ਰ ਖ਼ੁਸ਼ ਹੋ ਕੇ ਹਰਨਾਖ਼ਸ਼ ਦੀ ਘਰਵਾਲੀ ਨੂੰ ਨਾਰਦ ਦੇ ਆਸ਼੍ਰਮ ਵਿੱਚ ਛੱਡ ਗਿਆ। ਜਨਮ ਲੈਣ ਤਕ ਨਾਰਦ ਜੀ ਪ੍ਰਹਿਲਾਦ ਨੂੰ ਗਰਭ ਵਿੱਚ ਹਰੀ ਕਥਾ ਸੁਣਾਉਂਦੇ ਰਹੇ, ਜਿਸ ਤੋਂ ਪ੍ਰਹਿਲਾਦ ਨੂੰ ਗਰਭ ਵਿੱਚ ਹੀ ਨਾਰਾਇਣ ਭਗਤੀ ਦਾ ਰੰਗ ਚੜ੍ਹ ਗਿਆ। ਉਧਰ ਪ੍ਰਹਿਲਾਦ ਦਾ ਜਨਮ

ਹੋਇਆ ਤੇ ਉਧਰ ਬ੍ਰਹਮਾ ਤੋਂ ਵਰ ਲੈ ਕੇ ਬਿਅੰਤ ਸ਼ਕਤੀਆਂ ਪ੍ਰਾਪਤ ਕਰ ਕੇ ਹਰਨਾਖ਼ਸ਼ ਨੇ ਮੁੜ ਕੇ ਤਿੰਨਾਂ ਲੋਕਾਂ ਵਿੱਚ ਰਾਜ ਕਾਇਮ ਕੀਤਾ ਤੇ ਨਾਰਦ ਇਸ ਦੀ ਘਰਵਾਲੀ ਅਤੇ ਬੱਚੇ ਨੂੰ ਨਾਲ ਲੈ ਕੇ ਇਸ ਦੇ ਹਵਾਲੇ ਕਰਨ ਵਾਸਤੇ ਗਿਆ ਤਾਂ ਇਸਨੇ ਨਾਰਦ ਦਾ ਬਹੁਤ ਧੰਨਵਾਦ ਕੀਤਾ। ਜਦੋਂ ਪ੍ਰਹਿਲਾਦ ਦੀ ਉਮਰ ਪੰਜ ਸਾਲ ਦੀ ਹੋ ਗਈ ਤਾਂ ਉਸਨੂੰ ਪੜਨ ਲਈ ਭੇਜਿਆ ਗਿਆ ਤਾਂ ਪ੍ਰਹਿਲਾਦ ਜੀ ਨੇ ਪੜ੍ਹਨ ਦੀ ਥਾਂ ਪਾਠਸ਼ਾਲਾ ਦੇ ਸਾਰੇ ਬੱਚਿਆਂ ਨੂੰ ਰਾਮ ਨਾਮ ਦੀ ਧੁਨ ਵਿੱਚ ਲਾ ਦਿੱਤਾ, ਜਿਸ ਤੋਂ ਸੰਡਾ ਮਰਕਾ ਨੇ ਦੁਖੀ ਹੋ ਕੇ ਹਰਨਾਖ਼ਸ਼ ਕੋਲ ਸ਼ਿਕਾਇਤ ਕੀਤੀ ਕਿ ਤੁਹਾਡਾ ਪੁੱਤਰ ਆਪ ਤਾਂ ਵਿਗੜਿਆ ਹੈ, ਸਗੋਂ ਸਾਡੀ ਪਾਠਸ਼ਾਲਾ ਦੇ ਸਾਰੇ ਵਿਦਿਆਰਥੀ ਵਿਗਾੜ ਦਿੱਤੇ ਹਨ। ਜੈਸਾ ਕਿ :

**ਸੰਡਾ ਮਰਕਾ ਸਭਿ ਜਾਇ ਪੁਕਾਰੇ ॥**
**ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥** [ਭੈਰਉ ਮਹਲਾ ੩, ਅੰਗ ੧੧੩੩]

ਇਹ ਸੁਣ ਕੇ ਹਰਨਾਖ਼ਸ਼ ਨੇ ਪ੍ਰਹਿਲਾਦ ਨੂੰ ਸਮਝਾਉਣਾ ਕੀਤਾ, ਜਦੋਂ ਨਾ ਸਮਝਿਆ ਤਾਂ ਉਸਨੇ ਆਪਣੀ ਘਰਵਾਲੀ ਨੂੰ ਕਿਹਾ ਤਾਂ ਮਾਤਾ ਵੀ ਪ੍ਰਹਿਲਾਦ ਨੂੰ ਸਮਝਾਉਣ ਲੱਗੀ। ਜੈਸਾ ਕਿ :

**ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥**
**ਪਰਵਿਰਤਿ ਨ ਪੜਹੁ ਰਹੀ ਸਮਝਾਇ ॥** [ਭੈਰਉ ਮਹਲਾ ੩, ਅੰਗ ੧੧੫੪]

ਪਰ ਪ੍ਰਹਿਲਾਦ ਆਪਣੇ ਵਿਸ਼ਵਾਸ ਵਿੱਚ ਇਤਨਾ ਦ੍ਰਿੜ੍ਹ ਹੋ ਗਿਆ ਕਿ ਮਾਤਾ ਦੇ ਸਮਝਾਉਣ ਦਾ ਵੀ ਉਸ 'ਤੇ ਕੋਈ ਅਸਰ ਨਾ ਹੋਇਆ। ਭਾਈ ਗੁਰਦਾਸ ਜੀ ਨੇ ਇਸ ਸਾਰੀ ਸਾਖੀ ਨੂੰ ਸੰਖੇਪ ਨਾਲ ਇਸ ਤਰ੍ਹਾਂ ਕਥਨ ਕੀਤਾ ਹੈ। ਜੈਸਾ ਕਿ :

**ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ ॥**
**ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦ ॥**
**ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ ॥**
**ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਏ ਰਹੇ ਵਿਸਮਾਦੁ ॥**
**ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ ॥**
**ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥**
**ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ ॥**
**ਥੰਮ੍ਹ ਪਾੜਿ ਪ੍ਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ ॥**
**ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ ॥**
**ਜੈ ਜੈ ਕਾਰ ਕਰਨਿ ਬ੍ਰਹਮਾਦਿ ॥੨॥** [ਭਾਈ ਗੁਰਦਾਸ, ਵਾਰ ੧੦, ਪਉੜੀ ੨]

ਆਖ਼ਰ ਤੱਤੇ ਥੰਮ੍ਹ ਵਿੱਚੋਂ ਪ੍ਰਗਟ ਹੋ ਕੇ ਪ੍ਰਹਿਲਾਦ ਹਿਤ ਹਰਨਾਖ਼ਸ਼ ਨੂੰ ਉਸਦੇ ਸਾਰੇ ਬਚਨਾਂ ਤੋਂ ਝੂਠਾ ਕਰਕੇ। ਸ਼ੇਰ ਤੇ ਮਨੁੱਖ ਦਾ ਰੂਪ ਧਾਰਨ ਕਰਕੇ ਦੇਹਲੀ ਦੇ ਵਿੱਚ ਆਪਣੇ ਪੱਟਾਂ 'ਤੇ ਰੱਖਿਆ ਅਤੇ ਪੁੱਛਿਆ ਕਿ ਦੱਸ ਤੂੰ ਧਰਤੀ 'ਤੇ ਹੈਂ ਜਾਂ ਆਕਾਸ਼ ਵਿੱਚ, ਮੈਂ ਮਨੁੱਖ ਹਾਂ ਜਾਂ ਦੇਵਤਾ, ਪਸ਼ੂ, ਰਾਖ਼ਸ਼ ਆਦਿ, ਦਿਨ ਹੈ ਜਾਂ ਰਾਤ। ਜਦੋਂ ਉਸਦੇ ਸਾਰੇ ਬਚਨ ਪੂਰੇ ਹੋ ਗਏ ਤਾਂ ਆਪਣੇ ਨੋਹਾਂ ਨਾਲ ਉਸਦੇ ਸਰੀਰ ਨੂੰ ਪਾੜ ਕੇ ਉਸਦੇ ਜੀਵਨ ਦਾ ਅੰਤ ਕਰ ਦਿੱਤਾ। ਜੈਸਾ ਕਿ :

**ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥**
**ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥** [ਭੈਰਉ ਮਹਲਾ ੩, ਅੰਗ ੧੧੩੩]

ਸੋ, ਇਸ ਪ੍ਰਕਾਰ ਜਿਨ੍ਹਾਂ ਨੇ ਸਦਾ ਰਹਿਣ ਦੇ ਦਾਅਵੇ ਕੀਤੇ ਤੇ ਲੋਕਾਂ ਨੂੰ ਵੀ ਇਹ ਵਿਸ਼ਵਾਸ ਸੀ ਕਿ ਇਤਨੀ ਸ਼ਕਤੀ ਦੇ ਮਾਲਕ ਕਦੇ ਵੀ ਨਹੀਂ ਮਰਨਗੇ, ਪਰ ਸਤਿਗੁਰਾਂ ਨੇ ਜੋ ਸ਼ਬਦ ਦੀ ਪਹਿਲੀ ਤੁਕ ਦੁਆਰਾ ਸਿਧਾਂਤ ਦਿੱਤਾ ਹੈ, ਉਸ ਅਨੁਸਾਰ ਇਤਨੀਆਂ ਸ਼ਕਤੀਆਂ ਵਾਲੇ ਵੀ ਸੰਸਾਰ ਵਿੱਚ ਸਦਾ ਵਾਸਤੇ ਰਹਿ ਨਹੀਂ ਸਕੇ ਤੇ ਪ੍ਰਮਾਤਮਾ ਦੇ ਬਣਾਏ ਵਿਧਾਨ ਅਨੁਸਾਰ ਸਾਰਿਆਂ ਨੂੰ ਇਸ ਸੰਸਾਰ ਨੂੰ ਛੱਡ ਕੇ ਜਾਣਾ ਪਿਆ। ਇਸੇ ਤਰ੍ਹਾਂ ਮਹਾਰਾਜੇ ਪ੍ਰੀਛਤ ਨੇ ਮੌਤ ਤੋਂ ਬਚਣ ਲਈ ਅਨੇਕਾਂ ਉਪਾਅ ਕੀਤੇ, ਪਰ ਮੌਤ ਤੋਂ ਬਚ ਨਹੀਂ ਸਕੇ। ਅਫ਼ਲਾਤੂ ਵਰਗੇ ਜਿਨ੍ਹਾਂ ਨੇ ਮਰਨ ਤੋਂ ਬਚਨ ਲਈ ਆਪਣੇ ਵਰਗੀਆਂ ਸੈਂਕੜੇ ਸ਼ਕਲਾਂ ਬਣਾ ਲਈਆਂ, ਪਰ ਫਿਰ ਵੀ ਇਸ ਸੰਸਾਰ ਵਿੱਚ ਰਹਿ ਨਹੀਂ ਸਕੇ।

## *ਜੀਵਤ ਪੇਖੇ; ਜਿਨ੍ੀ ਹਰਿ ਹਰਿ ਧਿਆਇਆ ॥*

ਜਿਨ੍ੀ=ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਉਹ ਆਤਮਿਕ ਜੀਵਨ ਵੱਲ ਜੀਵਤ=ਜਿਉਂਦੇ ਪੇਖੇ=ਦੇਖੇ ਗਏ ਹਨ। ਜੈਸਾ ਕਿ:

**ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥**
**ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥** [ਬਿਲਾਵਲ ਕਬੀਰ ਜੀ, ਅੰਗ ੮੫੫]

ਜਿਨ੍ਹਾਂ ਨੇ ਗੁਰੂ ਉਪਦੇਸ਼ ਦੁਆਰਾ ਆਪਣੇ ਆਪ, ਭਾਵ ਹਉਮੈ ਨੂੰ ਮਾਰ ਦਿੱਤਾ ਹੈ, ਉਨ੍ਹਾਂ ਨੂੰ ਸਦ ਜੀਵਨ ਪ੍ਰਾਪਤ ਹੁੰਦਾ ਹੈ। ਜੈਸਾ ਕਿ:

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥** [ਸੋਰਠਿ ਮਹਲਾ ੩, ਅੰਗ ੬੦੪]

## *ਸਾਧਸੰਗਿ; ਤਿਨ੍ੀ ਦਰਸਨੁ ਪਾਇਆ ॥੧॥ਰਹਾਉ॥*

ਤਿਨ੍ੀ=ਉਹਨਾਂ ਨੇ ਭਾਵ ਨਾਮ ਜਪਣ ਵਾਲਿਆਂ ਨੇ ਸਾਧਸੰਗਿ=ਸਤਸੰਗ ਕਰਕੇ ਪ੍ਰਮਾਤਮਾ ਦਾ ਦਰਸ਼ਨ ਪਾਇਆ=ਪ੍ਰਾਪਤ ਕੀਤਾ ਹੈ॥੧॥ਰਹਾਉ॥

## *ਬਾਦਿਸਾਹ ਸਾਹ; ਵਾਪਾਰੀ ਮਰਨਾ ॥*

ਬਾਦਿਸਾਹ=ਰਾਜੇ ਲੋਕ ਸਾਹ=ਸਾਹੂਕਾਰ ਤੇ ਵਾਪਾਰੀਆਂ ਆਦਿਕ ਨੇ ਭੀ ਮਰ ਜਾਣਾ ਹੈ।

## *ਜੋ ਦੀਸੈ; ਸੋ ਕਾਲਹਿ ਖਰਨਾ ॥੨॥*

ਜੋ ਵੀ ਕੁਝ ਦਿਸ ਰਿਹਾ ਹੈ ਉਹ ਕਾਲ ਨੇ ਖਰਨਾ=ਲੈ ਜਾਣਾ ਹੈ॥੨॥ **ਖਰਨਾ**=[ਕ੍ਰਿ:। ਪੰਜਾਬੀ, ਖੜਨਾ ਦਾ ਰੂਪਾਂਤਰ] ਲੈ ਜਾਣਾ, ਖੜਨਾ।

## *ਕੂੜੈ ਮੋਹਿ; ਲਪਟਿ ਲਪਟਾਨਾ ॥*

ਕੂੜੈ=ਝੂਠੇ ਸੰਬੰਧੀਆਂ ਦੇ ਮੋਹਿ=ਮੋਹ ਦੀ ਲਪਟਿ=ਵਾਸ਼ਨਾ ਵਿੱਚ ਲਪਟਾਨਾ=ਲੰਪਟ ਹੋ ਰਿਹਾ ਹੈ। **ਵਾ:** ਸੰਬੰਧੀਆਂ ਦੇ ਮੋਹ ਵਿੱਚ ਲਪਟਿ=ਖਚਿਤ ਹੋ ਕੇ ਜੰਮਣ-ਮਰਨ, **ਵਾ:** ਸੰਸਾਰ ਵਿੱਚ ਫਸ ਰਿਹਾ ਹੈ।

## *ਛੋਡਿ ਚਲਿਆ; ਤਾ ਫਿਰਿ ਪਛੁਤਾਨਾ ॥੩॥*

ਜਦੋਂ ਇਨ੍ਹਾਂ ਸੰਬੰਧੀਆਂ, **ਵਾ:** ਸੰਸਾਰ ਨੂੰ ਛੱਡ ਕੇ ਤੁਰਦਾ ਹੈ, ਤਾਂ ਫਿਰ ਪਛਤਾਉਂਦਾ ਹੈ॥੩॥

***ਕ੍ਰਿਪਾ ਨਿਧਾਨ; ਨਾਨਕ ਕਉ ਕਰਹੁ ਦਾਤਿ ॥***
***ਨਾਮੁ ਤੇਰਾ; ਜਪੀ ਦਿਨੁ ਰਾਤਿ ॥੪॥੮॥੧੪॥***

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਕ੍ਰਿਪਾ=ਕਿਰਪਾ ਦੇ ਨਿਧਾਨ=ਖ਼ਜ਼ਾਨੇ ਵਾਹਿਗੁਰੂ ! ਮੈਨੂੰ ਇਹ ਦਾਤ ਦੇਣਾ ਕਰੋ, ਜੋ ਮੈਂ ਦਿਨ ਰਾਤ ਆਪ ਜੀ ਦਾ ਨਾਮ ਜਪਦਾ ਰਹਾਂ॥੪॥੮॥੧੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੩੮ [ਆਦਿ ਅੰਗ ੭੪੧]

***ਸੂਹੀ ਮਹਲਾ ੫ ॥ ਗੁਰ ਅਪੁਨੇ ਊਪਰਿ ਬਲਿ ਜਾਈਐ ॥ ਆਠ ਪਹਰ ਹਰਿ ਹਰਿ ਜਸੁ ਗਾਈਐ ॥੧॥ ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥ ਚਰਣ ਕਮਲ ਸਿਉ ਲਾਗੀ ਪ੍ਰੀਤਿ ॥ ਸਾਚੀ ਪੂਰਨ ਨਿਰਮਲ ਰੀਤਿ ॥੨॥ ਸੰਤ ਪ੍ਰਸਾਦਿ ਵਸੈ ਮਨ ਮਾਹੀ ॥ ਜਨਮ ਜਨਮ ਕੇ ਕਿਲਵਿਖ ਜਾਹੀ ॥੩॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕੁ ਮਾਗੈ ਸੰਤ ਰਵਾਲਾ ॥੪॥੧੭॥੨੩॥***

## *ਸੂਹੀ ਮਹਲਾ ੫ ॥*

ਇਹ ਪਾਵਨ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸੂਹੀ ਰਾਗਣੀ ਦੇ ਵਿੱਚ ਉਚਾਰਣ ਕੀਤਾ ਹੋਇਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੭੪੧ ਉੱਪਰ ਸੁਸ਼ੋਭਿਤ ਹੈ।

ਇਸ ਸ਼ਬਦ ਵਿੱਚ ਸਤਿਗੁਰੂ ਜੀ ਉਪਦੇਸ਼ ਬਖ਼ਸ਼ ਰਹੇ ਹਨ ਕਿ ਉਸ ਮਾਲਕ ਪਰਮਾਤਮਾ ਨੂੰ ਆਪਣਾ ਆਸਰਾ ਰੂਪ ਜਾਣ ਕੇ ਗੁਰਾਂ ਦੁਆਰਾ ਉਸ ਦਾ ਸਿਮਰਨ ਕਰੋ। ਇਸ ਮੁਖਵਾਕ ਦੀਆਂ ਆਰੰਭਕ ਤੁਕਾਂ ਵਿੱਚ ਸਤਿਗੁਰੂ ਜੀ ਆਪਣੇ ਗੁਰੂ ਤੋਂ ਬਲਿਹਾਰ ਜਾਣ ਦੀ ਗੱਲ ਕਥਨ ਕਰ ਰਹੇ ਹਨ।

## *ਗੁਰ ਅਪੁਨੇ ਊਪਰਿ; ਬਲਿ ਜਾਈਐ ॥*
## *ਆਠ ਪਹਰ; ਹਰਿ ਹਰਿ ਜਸੁ ਗਾਈਐ ॥੧॥*

ਹੇ ਭਾਈ! ਅਪੁਨੇ=ਆਪਣੇ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਊਪਰਿ=ਉੱਪਰੋਂ ਹਮੇਸ਼ਾਂ ਬਲਿ=ਬਲਿਹਾਰ ਕੁਰਬਾਨ ਜਾਈਐ=ਜਾਣਾ ਕਰੀਏ।

ਆਠ=ਅੱਠੇ ਪਹਿਰ ਭਾਵ ਦਿਨ ਰਾਤ ਗੁਰਾਂ ਦੁਆਰਾ ਹਰਿ=ਹਰੇ ਭਰੇ ਕਰਨ ਵਾਲੇ ਹਰਿ ਪਰਮੇਸ਼ਰ ਦਾ ਜਸੁ=ਕੀਰਤਨ ਗਾਈਐ=ਗਾਉਣਾ ਕਰੀਏ ॥੧॥

ਇਨ੍ਹਾਂ ਤੁਕਾਂ ਵਿੱਚ ਗੁਰੂ ਤੋਂ ਮਨ ਬਾਣੀ ਸਰੀਰ ਕਰਕੇ ਬਲਿਹਾਰ ਕੁਰਬਾਨ ਜਾਣ ਦੀ ਗੱਲ ਆਖੀ ਹੈ ਕਿਉਂਕਿ ਜਦੋਂ ਅਸੀਂ ਆਪਣੇ ਗੁਰੂ ਦੇ ਗੁਣਾਂ ਨੂੰ ਜਾਣ ਕੇ ਗੁਰੂ ਤੋਂ ਬਲਿਹਾਰ ਜਾਵਾਂਗੇ ਤਾਂ ਫੇਰ ਪਰਮਾਤਮਾ ਦਾ ਚਿੰਤਨ ਕਰਦਿਆਂ ਅੱਠੇ ਪਹਿਰ ਸਿਮਰਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਹ ਸਭ ਕੁਝ ਜਗਿਆਸੂ ਦੇ ਆਪਣੇ ਬਲ ਬੁੱਧ ਦੇ ਅਧੀਨ ਨਹੀਂ ਹੈ, ਸਿਰਫ਼ ਗੁਰੂ ਦੀ ਕਿਰਪਾ 'ਤੇ ਆਧਾਰਿਤ ਹੈ। ਜਿਸ ਗੁਰੂ ਤੋਂ ਜਗਿਆਸੂ ਨੂੰ ਮੁਕਤ ਰੂਪੀ ਵੱਡਮੁੱਲੇ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਉਸ ਗੁਰੂ ਦਾ ਅਜਿਹੇ ਸ਼ਬਦਾਂ ਨਾਲ ਧੰਨਵਾਦ ਕਰਨਾ ਬਣਦਾ ਹੀ ਹੈ। ਧੰਨਵਾਦ, ਸ਼ੁਕਰਾਨਾ ਨਾ ਕਰਨ ਵਿੱਚ ਗੁਰੂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਜਗਿਆਸੂ 'ਤੇ ਅਕਰਿਤਘਣਤਾ ਦਾ ਦੋਸ਼ ਲੱਗ ਜਾਂਦਾ ਹੈ। ਫੇਰ ਅਕਿਰਤਘਣ ਪਾਪ ਨੂੰ ਬਾਕੀ ਸਭ ਪਾਪਾਂ ਨਾਲੋਂ ਵੱਡਾ ਮੰਨਿਆ ਹੈ। ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ:

**ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ ॥**
**ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ ॥**
**ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ ॥**
**ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ ॥**
**ਆਖਿ ਸੁਣਾਏ ਪੁੱਛਿਆ ਲਾਹੇ ਵਿਸਵਾਸੁ ॥**
**ਨਦਰੀ ਪਵੈ ਅਕਿਰਤਘਣ ਮਤੁ ਹੋਇ ਵਿਣਾਸੁ ॥੯॥** [ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੯]

ਇਸ ਲਈ ਜਗਿਆਸੂ ਨੂੰ ਇਹ ਦੋਸ਼ ਲਾਹੁਣ ਲਈ ਸਿੱਖਿਆ ਦਿੱਤੀ ਹੈ ਕਿ ਇਹ ਆਪਣੇ ਗੁਰੂ ਤੋਂ ਸਦਾ ਬਲਿਹਾਰ ਕੁਰਬਾਨ ਜਾਵੇ। ਗੁਰਬਾਣੀ ਅੰਦਰ ਇਸ ਪੱਖ ਦੇ ਹੋਰ ਵੀ ਅਨੇਕਾਂ ਪ੍ਰਮਾਣ ਹਨ ਕਿ ਮੈਂ ਆਪਣੇ ਐਸੇ ਸਮਰੱਥ ਗੁਰੂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ, ਜੋ ਗੁਰੂ ਆਪ ਮੁਕਤ ਸਰੂਪ ਹੈ ਅਤੇ ਮੇਰੇ ਵਰਗੇ ਅਨੇਕਾਂ ਜੀਵਾਂ ਨੂੰ ਤਾਰਨ ਵਾਲਾ ਹੈ। ਜੈਸਾ ਕਿ :

**ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ਰਹਾਉ॥**

[ਕਾਨੜਾ ਮ: ੫, ਅੰਗ ੧੩੦੧]

ਫੇਰ ਜਿਸ ਗੁਰੂ ਨੇ ਆਪਣੇ ਸੇਵਕਾਂ ਨੂੰ ਆਪਣੀ ਸੇਵਾ ਵਿੱਚ ਲਾਉਣਾ ਕੀਤਾ ਹੈ, ਪੂਜਨੀਕ ਪਰਮੇਸ਼ਰ ਦਾ ਅੰਮ੍ਰਿਤ ਨਾਮ ਦਿੱਤਾ ਹੈ ਅਤੇ ਸਾਰੀ ਚਿੰਤਾ ਨਵਿਰਤ ਕਰ ਦਿੱਤੀ ਹੈ, ਐਸੇ ਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਜੈਸਾ ਕਿ :

੧. **ਸੇਵਕੁ ਲਾਇਓ ਅਪੁਨੀ ਸੇਵ ॥ ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥**
**ਸਗਲੀ ਚਿੰਤਾ ਆਪਿ ਨਿਵਾਰੀ ॥ ਤਿਸ ਗੁਰ ਕਉ ਹਉ ਸਦ ਬਲਿਹਾਰੀ ॥**

[ਰਾਮਕਲੀ ਮ: ੫, ਅੰਗ ੮੮੭]

੨. **ਪਉੜੀ ॥ ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥**
**ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥**
**ਸੋ ਸਤਿਗੁਰ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥**
**ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥**
**ਨਾਨਕ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥**

[ਵਡਹੰਸ ਕੀ ਵਾਰ, ਮ: ੪, ਅੰਗ ੫੮੮]

ਆਸਾ ਦੀ ਵਾਰ ਬਾਣੀ ਵਿੱਚ ਵੀ ਸਤਿਗੁਰੂ ਜੀ ਐਸਾ ਕਥਨ ਕਰਦੇ ਹਨ ਕਿ ਮੈਂ ਆਪਣੇ ਗੁਰੂ ਤੋਂ ਦਿਹਾੜੀ ਵਿੱਚ ਸੈਂਕੜੇ ਵਾਰ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮਨੁੱਖਾਂ ਤੋਂ ਦੇਵਤੇ ਬਣਾ ਦਿੱਤੇ ਹਨ ਭਾਵ ਦੈਵ ਪਦਵੀ, ਦੈਵੀ ਸੰਪਦਾ ਵਾਲੇ **ਵਾ:** ਦਿੱਬ ਪ੍ਰਕਾਸ਼ ਸਰੂਪ ਵਾਲੇ ਬ੍ਰਹਮ ਬੇਤੇ ਬਣਾ ਦਿੱਤਾ ਹੈ ਤੇ ਇਹ ਸਭ ਕੁਝ ਕਰਦਿਆਂ ਉਸ ਨੂੰ ਕੋਈ ਦੇਰ ਨਹੀਂ ਲੱਗੀ। ਜੈਸਾ ਕਿ :

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥** [ਆਸਾ ਦੀ ਵਾਰ, ਮ: ੧, ਅੰਗ ੪੬੨]

ਗੁਰੂ ਤੋਂ ਬਲਿਹਾਰ ਜਾਣ ਦੀ ਮਹਿਮਾ ਨੂੰ ਕਥਨ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗਉੜੀ ਰਾਗ ਵਿੱਚ ਇੱਕ ਅਸਟਪਦੀ ਅੰਦਰ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਗਉੜੀ ਮਹਲਾ ੫ ॥**
**ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ਰਹਾਉ॥**
**ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥**
**ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲ ਹਰਉ ॥੨॥**
**ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥**
**ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥**
**ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥**
**ਜਿਨਿ ਗੁਰਿ ਮੋਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥**

**ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥**
**ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥**

(ਗਉੜੀ ਮ: ੫, ਅੰਗ ੨੩੯)

## *ਸਿਮਰਉ ਸੋ ਪ੍ਰਭੁ; ਅਪਨਾ ਸੁਆਮੀ ॥*
## *ਸਗਲ ਘਟਾ ਕਾ; ਅੰਤਰਜਾਮੀ ॥੧॥ਰਹਾਉ॥*

ਹੇ ਭਾਈ! ਜੋ ਅਪਨਾ=ਆਪ ਦਾ ਸੁਆਮੀ=ਮਾਲਕ ਹੈ, ਸੋ=ਉਸ ਪ੍ਰਭੁ=ਪਰਮੇਸ਼ਰ ਨੂੰ ਗੁਰੂ ਦੁਆਰਾ ਸਿਮਰਉ=ਸਿਮਰਨਾ ਕਰੋ।

ਉਹ ਪਰਮਾਤਮਾ ਸਗਲ=ਸਾਰੇ ਘਟਾ=ਹਿਰਦਿਆਂ ਹਿਰਦਿਆਂ ਕਾ=ਦਾ ਅੰਤਰਜਾਮੀ=ਅੰਦਰ ਦੀ ਜਾਨਣ ਵਾਲਾ ਹੈ॥੧॥ਰਹਾਉ॥ ਜੈਸਾ ਕਿ :

੧. **ਕਰਣ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥੩॥** [ਗਉੜੀ ਮ: ੫, ਅੰਗ ੧੦੮]

੨. **ਸਿਮਰਿ ਸਿਮਰਿ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥** [ਆਸਾ ਮ: ੫, ਅੰਗ ੪੫੮]

੩. **ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥** [ਭੈਰਉ ਮ: ੫, ਅੰਗ ੧੧੩੬]

## *ਚਰਣ ਕਮਲ ਸਿਉ ਲਾਗੀ ਪ੍ਰੀਤਿ ॥*
## *ਸਾਚੀ ਪੂਰਨ ਨਿਰਮਲ ਰੀਤਿ ॥੨॥*

ਜੋ ਸਤਿਗੁਰੂ ਜੀ ਦੇ ਪੂਜਨੀਕ ਚਰਣ ਕਮਲਾਂ ਦੇ ਸਿਉ=ਨਾਲ ਪ੍ਰੀਤਿ=ਲਗਨ, ਪ੍ਰੀਤੀ ਲਾਗੀ=ਲੱਗੀ ਹੋਈ ਹੈ।

ਇਹੋ ਹੀ ਸਾਚੀ=ਸੱਚੀ, ਪੂਰਨ=ਪੂਰੀ ਅਤੇ ਨਿਰਮਲ=ਉੱਜਲ ਰੀਤਿ=ਰੀਤੀ ਹੈ **ਵਾ:** ਇਹੋ ਹੀ ਪੂਰਨ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਬਹੁਤ ਨਿਰਮਲ=ਉੱਜਲ ਰੀਤਿ=ਮਰਿਆਦਾ ਹੈ॥੨॥

ਇਸ ਤੁਕ ਵਿੱਚ ਸਤਿਗੁਰੂ ਜੀ ਨੇ ਜੋ ਜਗਿਆਸੂ ਵੱਲੋਂ ਪਰਮੇਸ਼ਰ ਦੇ ਚਰਣਾਂ ਦੀ ਪ੍ਰੀਤੀ ਦਾ ਕਥਨ ਕੀਤਾ ਹੈ ਅਤੇ ਨਾਲ ਇਸ ਪ੍ਰੀਤੀ ਨੂੰ ਅੰਤਸ਼ਕਰਣ ਸ਼ੁੱਧ ਕਰਨ ਵਾਲੀ ਨਿਰਮਲ ਤੇ ਮੁਕੰਮਲ ਰੀਤ ਵਰਣਨ ਕੀਤਾ ਹੈ। ਇਸ ਦਾ ਭਾਵ ਇਹ ਹੈ ਕਿ ਪ੍ਰੀਤ ਦੀਆਂ ਰੀਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ : ੧. ਨਿਰਮਲ ਰੀਤ, ੨. ਮਲੀਨ ਰੀਤ। ਮਲੀਨ ਰੀਤ ਅੱਗੋਂ ਪੰਜ ਪ੍ਰਕਾਰ ਦੀ ਹੈ :

### ੧. ਮਾਇਕੀ ਪਦਾਰਥਾਂ ਦੀ ਪ੍ਰੀਤੀ

ਸੰਸਾਰ ਦੇ ਅੰਦਰ ਮਾਇਕੀ ਪਦਾਰਥਾਂ ਦੀ ਪ੍ਰੀਤੀ ਵੀ ਮੰਨੀ ਜਾਂਦੀ ਹੈ, ਗ਼ਰੀਬ ਤੋਂ ਗ਼ਰੀਬ ਤੇ ਅਮੀਰ ਤੋਂ ਅਮੀਰ ਹਰੇਕ ਮਨੁੱਖ ਮਾਇਕੀ ਪਦਾਰਥਾਂ ਨਾਲ ਵੀ ਬਹੁਤ ਸਨੇਹ ਕਰਦਾ ਹੈ, ਮਾਇਕੀ ਪਦਾਰਥਾਂ ਦੀ ਪ੍ਰਾਪਤੀ ਲਈ ਜੀਵ ਵੱਡੇ ਵੱਡੇ ਪਾਪ, ਉਪੱਦ੍ਰਵ ਕਰਦਾ ਹੈ। ਜੈਸਾ ਕਿ :

੧. **ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥**
**ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥** [ਗਉੜੀ ਮ: ੫, ਅੰਗ ੧੫੬]

੨. **ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**
[ਸੋਰਠਿ ਭਗਤ ਕਬੀਰ ਜੀ, ਅੰਗ ੬੫੬]

ਸੋ ਪਦਾਰਥ ਤਾਂ ਨਾਸ਼ਵਾਨ ਹਨ, ਇਸ ਲਈ ਪਦਾਰਥਾਂ ਨਾਲ ਪ੍ਰੀਤੀ ਕਰਨ ਵਾਲੀ ਰੀਤੀ ਮਲੀਨ ਹੈ।

## ੨. ਸੰਬੰਧੀਆਂ ਦੀ ਪ੍ਰੀਤੀ

ਸੰਬੰਧੀ ਦੀ ਪ੍ਰੀਤੀ ਵੀ ਮਲੀਨ ਹੈ, ਕਿਉਂਕਿ ਇਨ੍ਹਾਂ ਦੀ ਪ੍ਰੀਤੀ ਤੋੜ ਨਿਭਣ ਵਾਲੀ ਨਹੀਂ ਹੈ, ਬਹੁਤੇ ਸੰਬੰਧੀ ਤਾਂ ਜਿਉਂਦਿਆਂ ਹੀ ਸਾਥ ਛੱਡ ਜਾਂਦੇ ਹਨ ਅਤੇ ਕਈ ਮਰ ਕੇ ਸਾਥ ਛੱਡ ਜਾਂਦੇ ਹਨ। ਇਸ ਲਈ ਸਦੀਵ ਕਾਲ ਰਹਿਣ ਵਾਲੀ ਪ੍ਰੀਤੀ ਕਿਸੇ ਦੀ ਵੀ ਨਹੀਂ, ਬਲਕਿ ਸੰਬੰਧੀ ਤਾਂ ਆਪਣੇ ਸੁਆਰਥ ਲਈ ਹੀ ਪ੍ਰੀਤੀ ਕਰਦੇ ਹਨ। ਜੈਸਾ ਕਿ :

**੧. ਕੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥**
**ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥**

[ਗੋਂਡ ਮ: ੪, ਅੰਗ ੮੬੦]

**੨. ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥**

[ਸੋਰਠਿ ਮ: ੯, ਅੰਗ ੬੩੪]

ਇਸ ਕਰਕੇ ਇਹ ਸੰਬੰਧੀਆਂ ਦੀ ਪ੍ਰੀਤੀ ਵਾਲੀ ਰੀਤੀ ਵੀ ਨਿਰਮਲ ਤੇ ਸੱਚੀ ਨਹੀਂ ਹੈ।

## ੩. ਸਰੀਰ ਦੀ ਪ੍ਰੀਤੀ

ਦੇਹ ਅਧਿਆਸੀ ਜੀਵ ਦੀ ਸਰੀਰ ਨਾਲ ਬਹੁਤ ਪ੍ਰੀਤੀ ਹੁੰਦੀ ਹੈ। ਉਹ ਸਾਰਾ ਦਿਨ ਇਸ ਨਾਸ਼ਮਾਨ ਸਰੀਰ ਨੂੰ ਸੰਵਾਰਨ, ਪਾਲਣ ਪੋਸ਼ਣ ਵਿੱਚ ਲੱਗਾ ਰਹਿੰਦਾ ਹੈ। ਇਸ ਸਰੀਰ ਦੀ ਪ੍ਰੀਤੀ ਕਾਰਨ ਜੀਵ ਵੱਡੇ ਵੱਡੇ ਪਾਪ ਕਰਮ ਕਰ ਬੈਠਦਾ ਹੈ ਅਤੇ ਆਪਣੇ ਪਾਪਾਂ ਵਿੱਚ ਵਾਧਾ ਕਰਦਾ ਹੈ। ਜਿਸ ਸਰੀਰ ਦੇ ਪਾਲਣ ਪੋਸ਼ਣ ਲਈ ਜਿਸ ਮੁੱਖ ਨਾਲ ਪੰਜ ਪ੍ਰਕਾਰ ਦੇ ਅੰਮ੍ਰਿਤ ਖਾਂਦਾ ਹੈ, ਉਸੇ ਮੁੱਖ ਨੂੰ ਹੀ ਇਕ ਦਿਨ ਚੁਆਤੀ ਲਾਈ ਜਾਂਦੀ ਹੈ। ਜੈਸਾ ਕਿ :

**ਜਿਤੁ ਮੁਖੀ ਪਾਂਚਉ ਅੰਮ੍ਰਿਤ ਖਾਏ॥ ਤਿਤ ਮੁਖ ਦੇਖਤ ਲੂਕਟ ਲਾਏ॥੧॥**

[ਗਉੜੀ ਕਬੀਰ ਜੀ, ਅੰਗ ੩੨੯]

ਏਸੇ ਕਰਕੇ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਸਿੱਧੇ ਤੌਰ 'ਤੇ ਸਰੀਰ ਨੂੰ ਸੰਬੋਧਨ ਕਰਦਿਆਂ ਐਸੇ ਬਚਨ ਕਥਨ ਕੀਤੇ ਹਨ। ਜੈਸਾ ਕਿ :

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥**
**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥**
**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥**

[ਰਾਮਕਲੀ ਮ: ੩ ਅਨੰਦੁ, ਅੰਗ ੯੨੨]

## ੪. ਖਾਣ, ਪੀਣ ਅਤੇ ਪਹਿਨਣ ਦੀ ਪ੍ਰੀਤੀ

ਜਦੋਂ ਸਰੀਰ ਹੀ ਨਾਸ਼ਵਾਨ ਹੈ ਤਾਂ ਫੇਰ ਇਸ ਦੇ ਪਾਲਣ ਪੋਸ਼ਣ ਲਈ ਅਨੇਕਾਂ ਤਰ੍ਹਾਂ ਦੇ ਪਦਾਰਥ ਖਾਣੇ, ਪੀਣੇ ਅਤੇ ਬਸਤਰ ਪਹਿਨਣੇ ਕਿਸੇ ਅਰਥ ਨਹੀਂ, ਭਾਵ ਇਨ੍ਹਾਂ ਪਦਾਰਥਾਂ ਨਾਲ ਪ੍ਰੀਤੀ ਕਰਨੀ ਵੀ ਝੂਠੀ ਹੀ ਹੈ।

## ੫. ਵਿਸ਼ੇ ਵਿਕਾਰਾਂ ਦੀ ਪ੍ਰੀਤੀ

ਵਿਸ਼ੇ ਵਿਕਾਰਾਂ ਦੀ ਪ੍ਰੀਤੀ ਨੂੰ ਵੇਦਾਂ, ਸ਼ਾਸਤਰਾਂ, ਰਿਸ਼ੀ ਮੁਨੀਆਂ ਅਤੇ ਗੁਰੂ ਸਾਹਿਬਾਨ ਨੇ ਅਤਿ ਦਰਜੇ ਦੀ ਮਲੀਨ ਕਥਨ ਕੀਤਾ ਹੈ ਕਿਉਂਕਿ ਵਿਕਾਰਾਂ ਵਿੱਚ ਗ੍ਰਸਿਆ ਮਨੁੱਖ ਕਦੇ ਵੀ ਅਧਿਆਤਮਕ ਮੰਜ਼ਲਾਂ 'ਤੇ ਨਹੀਂ ਪਹੁੰਚ ਸਕਦਾ, ਇਸ ਪ੍ਰੀਤੀ ਨਾਲ ਜੀਵ ਨੂੰ ਮੁੜ ਮੁੜ ਪਸਚਾਤਾਪ ਹੀ ਕਰਨਾ ਪੈਂਦਾ ਹੈ। ਜੈਸਾ ਕਿ :

੧. **ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥**
**ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥** [ਆਸਾ ਮ: ੫, ਅੰਗ ੪੦੩]

੨. **ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥**
**ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥**
**ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥**
**ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥**
**ਅਜਰਾਈਲ ਫਰੇਸਤਾ ਤਿਲ ਪੀੜੇ ਘਾਣੀ ॥** [ਗਉੜੀ ਕੀ ਵਾਰ ਮ: ੪, ਅੰਗ ੩੧੫]

ਇਸ ਵਿਕਾਰਾਂ ਦੀ ਪ੍ਰੀਤੀ ਨੇ ਮਨੁੱਖ ਤਾਂ ਕੀ ਪਸ਼ੂ, ਪੰਛੀ ਤੇ ਵੱਡੇ ਵੱਡੇ ਹਾਥੀ ਵਰਗੇ ਜਾਨਵਰ ਵੀ ਨਹੀਂ ਛੱਡੇ, ਭਾਵ ਸਭ ਆਪਣੇ ਕਾਬੂ ਕੀਤੇ ਹੋਏ ਹਨ। ਜੈਸਾ ਕਿ :

**ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥**
[ਗਉੜੀ ਕਬੀਰ ਜੀ, ਅੰਗ ੩੩੫]

ਇਹ ਵਿਕਾਰਾਂ ਦੀ ਪ੍ਰੀਤੀ ਅੱਗੋਂ ਪੰਜ ਰੂਪ ਧਾਰਨ ਕਰ ਲੈਂਦੀ ਹੈ : ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ।

ਇਹ ਪੰਜੇ ਆਪਣੇ ਆਪ ਵਿੱਚ ਬਹੁਤ ਬਲੀ ਹਨ ਜੋ ਵੱਡਿਆਂ ਵੱਡਿਆਂ ਨੂੰ ਆਪਣੇ ਅਧੀਨ ਕਰ ਕੇ ਉਨ੍ਹਾਂ ਦਾ ਨਾਸ਼ ਕਰ ਦੇਂਦੇ ਹਨ, ਫੇਰ ਮਨੁੱਖ ਦੀ ਇਨ੍ਹਾਂ ਦੇ ਅਧੀਨ ਹੋ ਕੇ ਬਚਣ ਦੀ ਕੀ ਆਸ ਕੀਤੀ ਜਾ ਸਕਦੀ ਹੈ, ਭਾਵ ਨਹੀਂ ਬਚਿਆ ਜਾ ਸਕਦਾ। ਜੈਸਾ ਕਿ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥** [ਆਸਾ ਭਗਤ ਰਵਿਦਾਸ ਜੀ, ਅੰਗ ੪੮੬]

ਭਾਈ ਗੁਰਦਾਸ ਜੀ ਵੀ ਇਨ੍ਹਾਂ ਤੁਕਾਂ ਦੇ ਸਿਧਾਂਤ ਨੂੰ ਖੋਲ੍ਹਦੇ ਹੋਏ ਆਪਣੀ ਰਚਨਾ ਵਿੱਚ ਇਸ ਪ੍ਰਕਾਰ ਕਥਨ ਕਰਦੇ ਹਨ। ਜੈਸਾ ਕਿ :

**ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗਿ ਪਚੰਦੇ।**
**ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕੁਸੂਤ ਕਰੰਦੇ।**
**ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।**
**ਮਨਮੁਖਿ ਦੂਜੈ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ।**
**ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।**
**ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।**
**ਲੈ ਲਾਹਾ ਨਿਜਿ ਘਰਿ ਨਿਬਹੰਦੇ ॥੨੦॥** [ਵਾਰ ੫, ਪਉੜੀ ੨੦]

**ਸ਼ਬਦ**—ਨਾਦ ਦੀ ਆਵਾਜ਼ ਸੁਣ ਕੇ ਹਿਰਨ ਆਪਣਾ ਨਾਸ਼ ਕਰਵਾ ਲੈਂਦਾ ਹੈ ਭਾਵ ਘੰਡੇਹੇੜੇ ਦੀ ਆਵਾਜ਼ ਨੂੰ ਸੁਣ ਕੇ ਹਿਰਨ ਉਸ ਆਵਾਜ਼ ਵਿੱਚ ਹੀ ਆਪਣਾ ਸਿਰ ਧਰ ਦੇਂਦਾ ਹੈ ਅਤੇ ਸ਼ਿਕਾਰੀ ਤਿੱਖੇ ਤੀਰ ਨਾਲ ਨਿਸ਼ਾਨਾ ਵਿੰਨ੍ਹ ਕੇ ਉਸ ਨੂੰ ਮਾਰ ਮੁਕਾਉਂਦਾ ਹੈ। ਜੈਸਾ ਕਿ :

**੧. ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ॥** [ਧਨਾਸਰੀ ਮ: ੫, ਅੰਗ ੬੭੧]

**੨. ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥** [ਕੇਦਾਰਾ ਮ: ੫, ਅੰਗ ੧੧੨੧]

**ਸ਼ਪਰਸ਼**—ਹਾਥੀ ਦੇ ਅੰਦਰ ਕਾਮ ਵਿਸ਼ਾ ਬਹੁਤ ਪ੍ਰਬਲ ਹੈ, ਉਹ ਕਲਬੂਤ ਦੀ ਹਥਨੀ ਦੇਖ ਕੇ ਕਾਮ ਵਾਸ਼ਨਾ ਅਧੀਨ ਹੋਇਆ ਉਸ ਨਾਲ ਸਪਰਸ਼ ਕਰਨ ਲਈ ਜਾਂਦਾ ਹੈ। ਉਹ ਹਥਨੀ ਹੇਠਾਂ ਟੋਆ ਪੁੱਟ ਕੇ ਉੱਪਰ ਕਾਨਿਆਂ ਦੀ ਛੱਤ ਪਾ ਕੇ ਖੜੀ ਕੀਤੀ ਹੁੰਦੀ ਹੈ, ਜਿਸ ਵੇਲੇ ਹਾਥੀ ਸਪਰਸ਼ ਕਰਦਾ ਹੈ ਤਾਂ ਟੋਏ ਵਿੱਚ ਡਿੱਗ ਜਾਂਦਾ ਹੈ ਤੇ ਮਹਾਵਤਾਂ ਦੇ ਕੁੰਡੇ ਸਹਾਰਦਾ ਹੈ। ਜੈਸਾ ਕਿ:

**ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ॥** [ਧਨਾਸਰੀ ਮ: ੫, ਅੰਗ ੬੭੧]

**ਰੂਪ**—ਭੰਬਟ ਜਾਂ ਪਰਵਾਨੇ ਵਿੱਚ ਪ੍ਰਕਾਸ਼ ਨੂੰ ਦੇਖਣ ਦਾ ਵਿਸ਼ਾ ਪ੍ਰਬਲ ਹੈ, ਉਹ ਦੀਵੇ ਦੀ ਲਾਟ ’ਤੇ ਮੋਹਿਤ ਹੋ ਕੇ ਦੀਵੇ ਦੇ ਕੋਲ ਜਾਂਦਾ ਹੈ ਅਤੇ ਉੱਥੇ ਹੀ ਸੜ ਮਰਦਾ ਹੈ। ਜੈਸਾ ਕਿ:

**੧. ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥** [ਆਸਾ ਕਬੀਰ ਜੀ, ਅੰਗ ੪੮੨]

**੨. ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥** [ਨਟ ਮ: ੪, ਅੰਗ ੯੮੩]

**ਰਸ**—ਮੱਛੀ ਨੂੰ ਜੀਭ ਦਾ ਰਸ ਹੈ, ਕੁੰਡੀ ਨੂੰ ਲੱਗੀ ਮਾਸ ਦੀ ਬੋਟੀ ਭਾਵ ਗੰਡੋਏ ਆਦਿ ਨੂੰ ਖਾਣ ਦੇ ਲਾਲਚ ਕਾਰਨ ਕੁੰਡੀ ਵਿੱਚ ਫਸ ਜਾਂਦੀ ਹੈ। ਜੈਸਾ ਕਿ:

**੧. ਜਿਉ ਮੀਨ ਕੁੰਡਲੀਆ ਕੰਠਿ ਪਾਇ॥** [ਬਸੰਤ ਮ: ੧, ਅੰਗ ੧੧੮੭]

**੨. ਜਿਹਵਾ ਰੋਗਿ ਮੀਨੁ ਗ੍ਰਸਿਆਨੋ॥** [ਭੈਰਉ ਮ: ੫, ਅੰਗ ੧੧੪੦]

**ਗੰਧ**—ਭੌਰੇ ਨੂੰ ਫੁੱਲਾਂ ਦੀ ਸੁਗੰਧੀ ਵਿੱਚ ਮਸਤ ਹੋਣ ਦਾ ਵਿਸ਼ਾ ਪ੍ਰਬਲ ਹੈ, ਉਹ ਕਮਲ ਵਿੱਚੋਂ ਸੁਗੰਧੀ ਲੈਂਦਾ ਹੋਇਆ ਉਸ ਦੇ ਵਿੱਚ ਹੀ ਬੰਦ ਹੋ ਜਾਂਦਾ ਹੈ ਅਤੇ ਉਸ ਦੇ ਨਾਲ ਹੀ ਕੜਾਹਿਆਂ ਵਿੱਚ ਅਰਕ ਕੱਢਣ ਸਮੇਂ ਮਰ ਜਾਂਦਾ ਹੈ। ਜੈਸਾ ਕਿ:

**੧. ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥੪॥** [ਚਉਬੋਲੇ ਮ: ੫, ਅੰਗ ੧੩੬੪]

**੨. ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ॥੧॥**
[ਧਨਾਸਰੀ ਮ: ੫, ਅੰਗ ੬੭੦]

ਸੋ ਇਸ ਪ੍ਰਕਾਰ ਇਹ ਪੰਜਾਂ ਵਿਸ਼ਿਆਂ ਦੀ ਪ੍ਰੀਤੀ ਕਰਨ ਵਾਲੇ ਇਹ ਪੰਜੇ ਨਾਸ਼ ਹੋ ਜਾਂਦੇ ਹਨ, ਇਸੇ ਪ੍ਰਕਾਰ ਜਿਹੜਾ ਮਨੁੱਖ ਇਨ੍ਹਾਂ ਪੰਜਾਂ ਵਿਸ਼ਿਆਂ ਨਾਲ ਪ੍ਰੀਤੀ ਕਰਦਾ ਹੈ, ਉਹ ਵੀ ਨਾਸ਼ ਹੋ ਜਾਂਦਾ ਹੈ।

ਇਸ ਕਰਕੇ ਇਹ ਸਾਰੀਆਂ ਝੂਠੀਆਂ ਅਤੇ ਮਲੀਨਤਾ ਵਾਲੀਆਂ ਰੀਤਾਂ ਹਨ ਪਰੰਤੂ ਜੋ ਗੁਰੂ ਅਤੇ ਪਰਮੇਸ਼ਰ ਦੇ ਚਰਨਾਂ ਕਮਲਾਂ ਦੀ ਪ੍ਰੀਤੀ ਹੈ, ਇਹ ਸਦੀਵੀ ਸੁਖ ਦੇਣ ਵਾਲੀ ਵੀ ਹੈ, ਜੰਮਣ ਮਰਨ ਤੋਂ ਵੀ ਰਹਿਤ ਕਰਨ ਵਾਲੀ ਹੈ ਅਤੇ ਇਹ ਪ੍ਰੀਤੀ ਨਿਰਮਲ ਰੀਤ ਵਾਲੀ ਹੈ, ਏਸੇ ਲਈ ਜਗਿਆਸੂ ਸਦਾ ਬੇਨਤੀ ਰੂਪ ਵਿਚ ਆਪਣੀ ਐਸੀ ਭਾਵਨਾ ਪ੍ਰਗਟ ਕਰਦਾ ਰਹਿੰਦਾ ਹੈ। ਜੈਸਾ ਕਿ:

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**
[ਸੋਰਠਿ ਭਗਤ ਰਵਿਦਾਸ ਜੀ, ਅੰਗ ੬੫੯]

## *ਸੰਤ ਪ੍ਰਸਾਦਿ; ਵਸੈ ਮਨ ਮਾਹੀ॥*
## *ਜਨਮ ਜਨਮ ਕੇ; ਕਿਲਵਿਖ ਜਾਹੀ॥੩॥*

ਸੰਤ=ਮਹਾਤਮਾ ਜਨਾਂ **ਵਾ:** ਸੰਤ=ਸ਼ਾਂਤ ਚਿਤ ਗੁਰੂ ਸਾਹਿਬ ਜੀ ਦੀ ਪ੍ਰਸਾਤਿ=ਕਿਰਪਾ ਕਰਕੇ ਪਰਮੇਸ਼ਰ ਜਿਸ

ਦੇ ਮਨ=ਹਿਰਦੇ ਮਾਹੀ=ਵਿੱਚ ਆ ਵਸੈ=ਵੱਸਦਾ ਹੈ ਭਾਵ ਉਹ ਪਰਮਾਤਮਾ ਰਹਿੰਦਾ ਤਾਂ ਹਿਰਦੇ ਦੇ ਅੰਦਰ ਹੀ ਹੈ, ਪਰ ਜਦੋਂ ਗੁਰੂ ਦੀ ਕਿਰਪਾ ਕਰ ਕੇ ਅੰਦਰ ਸਾਖਸ਼ਾਤ ਹੋ ਜਾਂਦਾ ਹੈ।

ਤਦ ਉਸ ਦੇ ਜਨਮ ਜਨਮ=ਜਨਮਾਂ ਜਨਮਾਂਤ੍ਰਾਂ ਕੇ=ਦੇ ਕਿਲਵਿਖ=ਪਾਪ ਚਲੇ ਜਾਹੀ=ਜਾਂਦੇ ਹਨ **ਵਾ:** (ਕਿਲ+ਵਿਖ) ਕਿਲ=ਨਿਸ਼ਚੇ ਕਰ ਕੇ ਵਿਖ=ਵਿਹੁ ਵਾਂਗ ਦੁਖਦਾਈ ਉਪੱਦ੍ਰਵ ਨਵਿਰਤ ਹੋ ਜਾਂਦੇ ਹਨ। ਜੈਸਾ ਕਿ :

**ਸਾਚ ਸਬਦੁ ਹਿਰਦੇ ਮਨ ਮਾਹਿ ॥ ਜਨਮ ਜਨਮ ਕੇ ਕਿਲਵਿਖ ਜਾਹਿ ॥੧॥**

[ਭੈਰਉ ਮ: ੫, ਅੰਗ ੧੧੪੩]

## *ਕਰਿ ਕਿਰਪਾ; ਪ੍ਰਭ ਦੀਨ ਦਇਆਲਾ ॥*
## *ਨਾਨਕੁ ਮਾਗੈ; ਸੰਤ ਰਵਾਲਾ ॥੪॥੧੭॥੨੩॥*

ਅਖ਼ੀਰ ਵਿੱਚ ਸਤਿਗੁਰੂ ਜੀ ਸਾਨੂੰ ਬੇਨਤੀ ਕਰਨ ਦਾ ਢੰਗ ਦੱਸਦੇ ਹੋਏ ਫ਼ੁਰਮਾਉਂਦੇ ਹਨ ਕਿ ਹੇ ਦੀਨ=ਗ਼ਰੀਬਾਂ ਉੱਪਰ ਦਇਆਲਾ=ਦਿਆਲਤਾ ਕਰਨ ਵਾਲੇ ਪ੍ਰਭ=ਪਰਮੇਸ਼ਰ ! ਸਾਡੇ ਉੱਪਰ ਆਪਣੀ ਕਿਰਪਾ=ਮਿਹਰ ਕਰ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਦਾਸ ਸੰਤ=ਮਹਾਤਮਾ ਜਨਾਂ **ਵਾ:** ਸ਼ਾਂਤ ਚਿੱਤ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਰਵਾਲਾ=ਧੂੜੀ ਮਾਗੈ=ਮੰਗਦੇ ਹਾਂ ॥੪॥੧੭॥੨੩॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੩੯ [ਆਦਿ ਅੰਗ ੭੪੨]

*ਸੂਹੀ ਮਹਲਾ ੫ ॥ ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ਰਹਾਉ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥ ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥*

## *ਸੂਹੀ ਮਹਲਾ ੫ ॥*

ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗ ਵਿੱਚ ਅੰਕਿਤ ਹੈ। ਜਿਸ ਵਿੱਚ ਜਗਿਆਸੂ ਮੁਖ ਦੁਆਰਾ ਦਰਸ਼ਨਾਂ ਦੀ ਤੀਬ੍ਰਤਾ ਨੂੰ ਪ੍ਰਗਟ ਕੀਤਾ ਹੈ।

## *ਦਰਸਨੁ ਦੇਖਿ ਜੀਵਾ, ਗੁਰ ਤੇਰਾ ॥*

ਹੇ ਗੁਰ=ਪੂਜਨੀਕ ਵਾਹਿਗੁਰੂ! ਮੈਂ ਤੇਰਾ ਦਰਸ਼ਨ ਦੇਖਿ=ਵੇਖ ਕੇ ਜੀਵਾ=ਜਿਉਂਦਾ ਹਾਂ। ਜੈਸਾ ਕਿ:

**ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ॥** [ਤੁਖਾਰੀ ਛੰਤ ਮਃ ੫, ਅੰਗ ੧੧੧੭]

ਇਸ ਪ੍ਰਮਾਣ ਵਿੱਚ ਦਰਸ਼ਨ ਦੇ ਪ੍ਰਕਰਣ ਨੂੰ ਸਪੱਸ਼ਟ ਕੀਤਾ ਹੈ ਕਿ ਹੇ ਮੇਰੇ ਵਾਹਿਗੁਰੂ! ਸੁਣਿ=ਸੁਨਣਾ ਕਰੋ। ਤੇਰੇ=ਆਪ ਜੀ ਦੇ ਦਰਸਨ=ਦੀਦਾਰਿਆਂ ਤੋਂ ਬਲਿਹਾਰ ਜਾਵਾਂ ਤੁਸੀਂ ਨਿਮਖ ਮਾਤਰ ਦ੍ਰਿਸਟਿ=ਕਿਰਪਾ ਦ੍ਰਿਸਟੀ ਕਰਕੇ ਦਾਸ ਵੱਲ ਦੇਖਣਾ ਕਰੋਗੇ, ਇਹ ਮੇਰਾ ਜੀਵਨ ਆਧਾਰ ਹੋਵੇਗਾ। ਜੈਸਾ ਕਿ:

**ਦਰਸਨੁ ਪੇਖਤ ਮੈ ਜੀਓ ॥**
**ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ਰਹਾਉ॥**
[ਆਸਾ ਮਃ ੫, ਅੰਗ ੩੮੨]

ਹੇ ਮੇਰੇ ਮਾਲਕ! ਆਪ ਜੀ ਦਾ ਦਰਸਨ ਦੇਖ ਕੇ ਮੈਂ ਜੀਉਂਦਾ ਹਾਂ। ਹੇ ਸਤਿਗੁਰੂ! ਮੇਰਾ ਮਨ ਅਤੇ ਤਨ ਵਿਛੋੜੇ ਦੀ ਅਗਨੀ ਦੇ ਨਾਲ ਸੜ ਰਿਹਾ ਸੀ। ਤੁਹਾਡੇ ਬਚਨ ਸੁਨਿ=ਸ੍ਰਵਣ ਕਰਕੇ ਠਾਰੁ=ਸੀਤਲ ਥੀਓ=ਹੋ ਗਿਆ ਹੈ। ਜੈਸਾ ਕਿ:

**ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥**
**ਦੇਖਿ ਤੁਮਾਰਾ ਦਰਸਨੋ ਮੇਰਾ ਮਨੁ ਧੀਰੇ ॥੧॥** [ਆਸਾ ਮਃ ੫, ਅੰਗ ੩੯੮]

ਹੇ ਮੇਰੇ ਪੂਰੇ ਸਤਿਗੁਰੂ! ਮੈ=ਮੇਰੀ ਗ਼ਰੀਬ ਦੀ ਟੇਕ=ਓਟ ਸਚ=ਸਚੀ ਭਾਵ ਮੇਰੇ ਗ਼ਰੀਬ ਦੀ ਸੱਚੀ ਓਟ ਰੂਪ ਤੂੰ ਹੀ ਹੈਂ ਤੁਮਾਰਾ=ਤੁਹਾਡਾ ਦਰਸਨ ਦੇਖ ਕਰਕੇ ਮੇਰਾ ਮਨ ਧੀਰੇ=ਧੀਰਜਤਾ ਨੂੰ ਪ੍ਰਾਪਤ ਹੋਇਆ ਹੈ। ਜੈਸਾ ਕਿ:

**ਤੇਰਿਆ ਭਗਤਾ ਭੁਖ ਸਦ ਤੇਰੀਆ ॥**
**ਹਰਿ ਲੋਚਾ ਪੂਰਨ ਮੇਰੀਆ ॥**
**ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥** [ਸਿਰੀ ਰਾਗ ਮਃ ੫, ਅੰਗ ੭੪]

ਹੇ ਮੇਰੇ ਵਾਹਿਗੁਰੂ! ਤੇਰੀ ਭਗਤੀ ਕਰਨ ਵਾਲੇ ਭਗਤਾਂ ਨੂੰ ਸਦਾ ਹੀ ਤੇਰੀ ਭੁਖ=ਚਾਹਤ, ਲੋੜ ਹੈ। ਮੇਰੀ

ਇਹ ਲੋਚਾ=ਇੱਛਾ ਪੂਰੀ ਕਰ ਦੇ। ਹੇ ਸੁੱਖਾਂ ਦੇ ਦਾਤੇ! ਮੈਨੂੰ ਦਰਸ਼ਨ ਦੇਣਾ ਕਰੋ। ਗਲ=ਕੰਠ ਨਾਲ ਲਾਉਣਾ ਭਾਵ ਮੇਲਣਾ ਕਰੋ, ਭਾਵ ਆਪਣੇ ਸਰੂਪ ਦੀ ਅਭੇਦਤਾ ਰੂਪ ਗਲ ਨਾਲ ਲਾਉਣਾ ਕਰੋ। ਸੋ, ਇਹੋ ਜਿਹੇ ਪ੍ਰਮਾਣ ਹੋਰ ਭੀ ਬਾਣੀ ਵਿੱਚ ਬੇਅੰਤ ਹਨ, ਜਿਨ੍ਹਾਂ ਵਿੱਚ ਦਰਸਨ ਦੀ ਭੁਖ ਜਗਿਆਸੂ ਦੀ ਵਿਛੋੜੇ ਦੀ ਤੜਫ਼ ਜ਼ਾਹਿਰ ਕੀਤੀ ਹੈ। ਪ੍ਰਕਿਰਤੀ ਵਿੱਚ ਵੀ ਕਈ ਐਸੇ ਪ੍ਰਮਾਣ ਹਨ, ਜੈਸਾ ਕਿ ਦਰਸਨਾਂ ਦੀ ਭੁੱਖ ਇੱਕ ਪੰਛੀ, ਜਿਸ ਨੂੰ ਚਕੋਰ ਕਿਹਾ ਜਾਂਦਾ ਹੈ, ਉਸ ਨੂੰ ਚੰਦ੍ਰਮਾ ਦੇ ਦਰਸ਼ਨ ਦੀ ਖਿੱਚ ਹੈ। ਏਸੇ ਲਈ ਭਾਈ ਗੁਰਦਾਸ ਜੀ ਵਰਗੇ ਮਹਾਨ ਵਿਦਵਾਨ ਜਿਨ੍ਹਾਂ ਨੂੰ ਗੁਰੂ ਘਰ ਵਿੱਚ ਮਹਾਂਰਿਸ਼ੀ ਬਿਆਸ ਦਾ ਰੁਤਬਾ ਪ੍ਰਾਪਤ ਹੈ, ਉਹ ਚਕੋਰ ਦੀ ਪ੍ਰੀਤੀ ਦਾ ਜ਼ਿਕਰ ਕਰਦਿਆਂ ਲਿਖਦੇ ਹਨ। ਜੈਸਾ ਕਿ:

**ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥** [ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੪]

ਜਿਵੇਂ ਚਕੋਰ ਦੀ ਚੰਦ ਨਾਲ ਪ੍ਰੀਤ ਹੈ ਤੇ ਉਹ ਪ੍ਰੀਤ ਵਸ ਹੋ ਕੇ ਚੰਦ ਨੂੰ ਤਾਰ ਲਾ ਕੇ ਭਾਵ ਇੱਕ-ਰਸ ਵੇਖਦਾ ਹੈ। ਚਕੋਰ ਚੰਦ੍ਰਮਾ ਦੇ ਦਰਸ਼ਨ ਕਰਦਾ ਹੋਇਆ ਇਤਨਾ ਬੇਸਬਰੀ ਨਾਲ ਚੰਦ੍ਰਮਾ ਨੂੰ ਤੱਕਦਾ ਹੈ ਕਿ ਇੱਕ ਛਿਣ ਭੀ ਆਪਣੇ ਨੇਤਰਾਂ ਦੀ ਤਾਰ ਨਹੀਂ ਤੋੜਦਾ ਤੇ ਇੱਕ ਰਸ ਝਾਕਦਾ ਹੋਇਆ ਜਿਉਂ-ਜਿਉਂ ਚੰਦ੍ਰਮਾ ਦਿਸ਼ਾ ਬਦਲਦਾ, ਤਿਉਂ-ਤਿਉਂ ਨੇਤ੍ਰ ਇੱਕ ਥਾਂ ਹੀ ਟਿਕਾ ਕੇ ਵੇਖਦਾ ਰਹਿੰਦਾ ਅਤੇ ਲਪਕ ਜਾਂਦਾ। ਬਸ ਇਸੇ ਤਰ੍ਹਾਂ ਹੀ ਗੁਰੂ ਸਰੂਪ ਚੰਦ੍ਰਮਾ ਨੂੰ ਵੇਖਣ ਵਾਲਾ ਸਿੱਖ ਚਕੋਰ ਦੀ ਨਿਆਂਈ ਗੁਰੂ ਦਰਸ਼ਨਾਂ ਤੋਂ ਬਿਨਾਂ ਹੋਰ ਕੁਛ ਨਹੀਂ ਚਾਹੁੰਦਾ। ਇਸੇ ਤਰ੍ਹਾਂ ਦੂਜਾ ਪ੍ਰਮਾਣ ਪਤੰਗੇ ਦਾ ਜਗ ਪ੍ਰਸਿੱਧ ਪ੍ਰਮਾਣ ਹੈ ਕਿ ਉਹ ਦੀਵੇ ਦਾ ਦਰਸ਼ਨ ਦੇਖ ਕੇ ਤ੍ਰਿਪਤ ਨਹੀਂ ਹੁੰਦਾ, ਦਰਸ਼ਨ ਵੇਖ ਕੇ ਇਤਨਾ ਪਿਆਰ ਵਿੱਚ ਮਸਤ ਹੋ ਜਾਂਦਾ ਹੈ ਕਿ ਉਹ ਇਸ ਮਸਤੀ ਵਿੱਚ ਆਪਣੇ ਪਿਆਰੇ ਦਾ ਰੂਪ ਬਣਨ ਵਾਸਤੇ ਜਦੋਂ ਦੀਵੇ ਦੇ ਸਰੂਪ ਵਿੱਚ ਆਪਣੇ ਪਿਆਰੇ ਨੂੰ ਸਪਰਸ਼ ਕਰਦਾ ਹੈ ਤਾਂ ਆਪਣਾ ਆਪ ਸਭ ਕੁਛ ਮਿਟਾਅ ਦਿੰਦਾ ਹੈ, ਉਸ ਦੇ ਖੰਭ ਸੜ ਜਾਂਦੇ ਹਨ। ਜਿਨ੍ਹਾਂ ਨਾਲ ਉਹ ਆਕਾਸ਼ ਦੀਆਂ ਉਡਾਰੀਆਂ ਦਾ ਆਨੰਦ ਲੈਂਦਾ ਹੈ। ਇਸ ਤਰ੍ਹਾਂ ਗੁਰੂ ਸਰੂਪ ਦੀ ਸ਼ਕਤੀ ਜਿਵੇਂ ਅੱਗ ਵਿੱਚ ਦੋ ਤਰ੍ਹਾਂ ਦੀ ਸ਼ਕਤੀ ਮੰਨੀ ਹੈ—ਦਾਹਕ ਸ਼ਕਤੀ ਤੇ ਪ੍ਰਕਾਸ਼ਕ ਸ਼ਕਤੀ। ਦਾਹਕ ਤੋਂ ਭਾਵ ਸਾੜਨ, ਫੂਕਣ ਸ਼ਕਤੀ, ਪ੍ਰਕਾਸ਼ ਤੋਂ ਭਾਵ ਚਾਨਣਾ, ਉਜਾਲਾ ਰੂਪ ਸ਼ਕਤੀ। ਸੋ, ਜੀਵ ਰੂਪ ਪਤੰਗਾ ਹੈ, ਜੋ ਸੰਕਲਪਾਂ, ਵਿਕਲਪਾਂ ਰੂਪ ਖੰਭਾਂ ਨਾਲ ਉੱਚੀਆ-ਨੀਂਵੀਆਂ ਉਡਾਰੀਆਂ ਮਾਰਦਾ ਹੈ, ਭਾਵ ਕਿਤੇ ਉੱਚੀ ਉਡਾਰੀ ਸਵਰਗ ਆਦਿ ਜਾਣ ਦੇ ਪੁੰਨ ਰੂਪ ਕਰਮ ਕਰਨ ਦੇ ਸੰਕਲਪ ਕਰਦਾ ਹੈ, ਕਿਤੇ ਨੀਵੇਂ ਵਿਸ਼ੇ ਵਿਕਾਰਾਂ ਦੇ ਸੰਕਲਪ ਕਰਦਾ ਹੈ। ਜਿਵੇਂ ਪਤੰਗਾ ਚਾਨਣੇ ਵਿੱਚ ਆਉਣ ਤੋਂ ਪਹਿਲਾਂ ਅੰਧੇਰੇ ਵਿੱਚ ਠੋਕਰਾਂ ਖਾਂਦਾ ਹੈ, ਇਸੇ ਤਰ੍ਹਾਂ ਜੀਵ ਰੂਪ ਪਤੰਗਾ ਗੁਰੂ ਰੂਪ ਚਾਨਣੇ ਦੇ ਪ੍ਰਾਪਤ ਹੋਣ ਤੋਂ ਪਹਿਲਾਂ ਅਵਿਦਿਆ, ਅਗਿਆਨਤਾ ਰੂਪ ਅੰਧੇਰੇ ਵਿੱਚ ਜੰਮਣ-ਮਰਨ ਤੇ ਪਦਾਰਥਾਂ ਆਦਿ ਦੇ ਵਿਛੋੜੇ ਦੀਆਂ ਠੋਕਰਾਂ ਖਾਂਦਾ ਹੈ। ਜੈਸਾ ਕਿ:

**ਅੰਧ ਕੂਪਿ ਮਾਇਆ ਮਨੁ ਗਾਡਿਆ॥** [ਰਾਮਕਲੀ ਮਃ ੧, ਅੰਗ ੮੭੬]

ਉੱਚੇ ਨੀਵੇਂ ਥਾਂ 'ਤੇ ਉਡਾਰੀਆਂ ਮਾਰਨ ਰੂਪ, ਸਵਰਗ-ਨਰਕ ਆਦਿ ਨੂੰ ਪ੍ਰਾਪਤ ਕਰਦਾ ਹੈ। ਜੈਸਾ ਕਿ:

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥** [ਰਾਮਕਲੀ ਮਹਲਾ ੧, ਅੰਗ ੮੭੬]

ਜਦੋਂ ਗੁਰੂ ਸਰੂਪ ਦੀਵੇ ਦਾ ਸਿੱਖ ਦਰਸ਼ਨ ਕਰਦਾ ਹੈ ਤਾਂ ਗੁਰੂ ਅਵਿਦਿਆ, ਅਗਿਆਨਤਾ ਦਾ ਹਨੇਰਾ ਮੇਟ ਦੇਂਦਾ ਹੈ ਤੇ ਦਾਹਕ ਸ਼ਕਤੀ ਦੁਆਰਾ ਸੰਕਲਪਾਂ, ਵਿਕਲਪਾਂ ਦੇ ਖੰਭ ਸਾੜ ਕੇ ਇੱਕ ਨਵਾਂ ਅਮਰ ਜੀਵਨ ਬਖ਼ਸ਼ ਦਿੰਦਾ ਹੈ, ਜਿਸ ਵਿੱਚ ਸਦਾ ਅਨੰਦ ਹੀ ਅਨੰਦ ਹੈ। ਸੋ, ਸਤਿਗੁਰੂ ਜੀ ਨੇ ਮੁਖਵਾਕ ਦੀ ਪਹਿਲੀ ਤੁਕ ਵਿੱਚ ਸਿੱਖ ਨੂੰ ਗੁਰੂ ਦਰਸ਼ਨ ਦੇਖਣ ਤੋਂ ਮਿਲੇ ਜੀਵਨ ਦੀ ਗੱਲ ਕੀਤੀ ਹੈ। ਇਸ ਦੀਆਂ ਇਤਿਹਾਸ ਵਿੱਚ ਵੀ ਬਹੁਤ ਉਦਾਹਰਣਾਂ ਮਿਲਦੀਆਂ ਹਨ। ਜਿਵੇਂ:

**ਸਾਖੀ ਭਾਈ ਰਾਮ ਕੁਇਰ ਜੀ ਦੀ—**ਜਿਸ ਵੇਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗਾਂ-ਜੁਧਾਂ ਤੋਂ ਵਿਹਲੇ ਹੋ ਕੇ ਦਮਦਮਾ ਸਾਹਿਬ ਨੂੰ ਗੁਰੂ ਕੀ ਕਾਂਸ਼ੀ ਦਾ ਵਰ ਦਿੱਤਾ ਤੇ ੧੯ ਤੋਂ ਅਠਾਰਹ ਦਸ ਬੀਸ ਤਕ ਅਠਤਾਲੀ ਸਿੰਘਾਂ ਨੂੰ ਅੱਖਰ-ਅੱਖਰ ਅਰਥ ਪੜ੍ਹਾਏ। ਇਹ ਬ੍ਰਹਮ ਗਿਆਨ ਦਾ ਭੰਡਾਰ ਆਪਣੇ ਖ਼ਾਲਸੇ ਨੂੰ ਬਖ਼ਸ਼ ਕੇ ਪੰਥ ਵਿੱਚ ਸਦਾ ਕਥਾ ਦੀ ਪਰੰਪਰਾ ਕਾਇਮ ਕਰਕੇ, ਕੁਝ ਅੰਤਿਮ ਚੋਜ ਕਰਨ ਵਾਸਤੇ ਜਦੋਂ ਦੱਖਣ ਦੀ ਧਰਤੀ ਵੱਲ ਰੁਖ ਕੀਤਾ ਤਾਂ ਅਜੇ ਰਸਤੇ ਵਿੱਚ ਹੀ ਸਨ ਕਿ ਜਦੋਂ ਭਾਈ ਰਾਮ ਕੁਇਰ ਜੀ ਬੰਸ ਬਾਬਾ ਬੁੱਢਾ ਸਾਹਿਬ, ਜਿਨ੍ਹਾਂ ਦਾ ਨਾਮ ਅੰਮ੍ਰਿਤ ਛਕਣ ਤੋਂ ਗੁਰਬਖ਼ਸ਼ ਸਿੰਘ ਹੋਇਆ। ਉਨ੍ਹਾਂ ਦੀ ਮਾਤਾ, ਮਮਤਾ ਦੇ ਅਧੀਨ ਹੋ ਕੇ ਲੱਭਦੀ-ਲੱਭਦੀ ਰਸਤੇ ਵਿੱਚ ਆ ਮਿਲੀ। ਸਤਿਗੁਰਾਂ ਦੇ ਚਰਨ ਪਕੜ ਕੇ ਬੇਨਤੀ ਕੀਤੀ। ਜਿਸਦਾ ਹਵਾਲਾ ਕਥਾ ਸੁਣਾਉਂਦਿਆਂ ਭਾਈ ਰਾਮ ਕੁਇਰ ਜੀ ਦੇ ਰਹੇ ਹਨ। ਜੈਸਾ ਕਿ :

**ਰਾਮ ਕੁਇਰ ਭਾਈ ਕਹਿ ਕਥਾ। ਸੁਨਿ ਸ਼੍ਰੋਤਾ ਬੀਤੀ ਸ਼ੁਭ ਜਥਾ।**
**ਅਬਚਲ ਨਗਰ ਜਾਤਿ ਮਗ ਮਾਂਹੀ। ਮੈਂ ਭੀ ਸੰਗ ਤਜਯੋ ਤਹਿੰ ਨਾਂਹੀ॥੨॥**
**ਮਮ ਮਾਤਾ ਪੀਛੇ ਤੇ ਧਾਈ। ਕੇਤਿਕ ਦੂਰ ਮਿਲੀ ਤਹਿੰ ਆਈ।**
**ਕਰਿ ਬੰਦਨ ਕੋ ਅਰਜ਼ ਗੁਜ਼ਾਰੀ। ਏਕ ਪੁਤ੍ਰ ਹੈ ਮੋਹਿ ਅਗਾਰੀ॥੩॥**

[ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਇਉਂ ਮਾਤਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਦੱਖਣ ਦੇਸ਼ ਬੜੀ ਦੂਰ ਹੈ। ਜਿਥੋਂ ਮੈਨੂੰ ਮੇਰੇ ਪੁੱਤਰ ਦੀ ਕੋਈ ਸੁਖ ਅਨੰਦ ਦੀ ਖ਼ਬਰ ਨਹੀਂ ਦੇਵੇਗਾ। ਪੁੱਤਰ ਵਿਛੋੜੇ ਦੀ ਅੱਗ ਮੇਰੇ ਹਿਰਦੇ ਨੂੰ ਫੂਕੀ ਜਾ ਰਹੀ ਹੈ। ਮੈਨੂੰ ਦੀਨ-ਦੁਖੀ ਜਾਣ ਕੇ ਮੇਰਾ ਪੁੱਤਰ ਮੈਨੂੰ ਦੇਣਾ ਕਰੋ। ਜੈਸਾ ਕਿ :

**ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ। ਮੇਰੋ ਪੁਤ੍ਰ ਸੰਗ ਮੁਝ ਦੀਜੈ॥...॥੫॥**

[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਇਤਿਆਦਿਕ ਮਾਤਾ ਦੇ ਬਚਨ ਸੁਣਕੇ ਕਿ ਪੁੱਤਰ ਸਨੇਹ ਨੇ ਮਾਤਾ ਨੂੰ ਬੜਾ ਦੁਖੀ ਕੀਤਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਸਤਿਗੁਰਾਂ ਨੇ ਫਿਰ ਮੈਨੂੰ ਕਿਹਾ, ਜੈਸਾ ਕਿ :

**ਮੁਝ ਸੋਂ ਕਹਯੋ ਜਾਹੁ ਤੁਮ ਭਾਈ। ਜਨਨੀ ਹੇਤੁ ਲੈਨ ਕੇ ਆਈ।**
**ਮਾਰਗ ਦੂਰ ਉਲੰਘਤਿ ਧਾਈ। ਅਬਿ ਕੈਸੇ ਏਕਲਿ ਫਿਰਿ ਜਾਈ॥੬॥**

[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਸਤਿਗੁਰੂ ਜੀ ਕਹਿਣ ਲਗੇ ਕਿ ਹੇ ਭਾਈ ਰਾਮ ਕੁਇਰ! ਇੱਕ ਪੁੱਤਰ ਹੋਣ ਕਰਕੇ ਤੇਰੀ ਮਾਤਾ ਤੇਰਾ ਵਿਛੋੜਾ ਨਹੀਂ ਸਹਾਰ ਸਕਦੀ, ਨਹੀਂ ਤਾਂ ਤੂੰ ਸਾਡੇ ਨਾਲ ਹੀ ਦੱਖਣ ਦੇਸ਼ ਨੂੰ ਚਲਦਾ, ਹੁਣ ਤੂੰ ਵਾਪਸ ਮੁੜ ਜਾਂ ਤੇ ਆਪਣੀ ਮਾਤਾ ਨੂੰ ਸੁਖ ਦੇ। ਸਤਿਗੁਰਾਂ ਦੇ ਬਚਨ ਸੁਣ ਕੇ ਭਾਈ ਰਾਮ ਕੁਇਰ ਜੀ ਨੇ ਹੱਥ ਜੋੜੇ ਤੇ ਸਤਿਗੁਰਾਂ ਦੇ ਸਨਮੁਖ ਖੜ ਕੇ, ਦੀਨ-ਮਨ ਹੋ ਕੇ ਬੇਨਤੀ ਕੀਤੀ। ਜੈਸਾ ਕਿ :

**ਮੇਰੋ ਨੇਮ ਹੋਇ ਨਿਰਬਾਹੂ। ਰਹਨਿ ਹਮੇਸ਼ ਆਪ ਕੇ ਪਾਹੂ।**
**ਦਰਸ਼ਨ ਕਰੌਂ ਤ ਅਚੌਂ ਅਹਾਰਾ। ਬਿਨ ਹੇਰੇ ਰਹਿਂ ਹੌਂ ਨਿਰਹਾਰਾ॥੮॥**
**ਤੁਮ ਬਿਛਰੇ ਜਬ ਅੰਨ ਨ ਖੈਹੋਂ। ਕਿਹ ਬਿਧਿ ਇਹ ਸਰੀਰ ਨਿਰਬੈਹੋਂ।**
**ਪ੍ਰਥਮ ਕਰਹੁ ਕੋ ਅਸ ਉਪਚਾਰਾ। ਬਹੁਰ ਹਟਾਵਹੁ ਦੇਸ਼ ਮਝਾਰਾ॥੯॥**

[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਉਸ ਵੇਲੇ ਸਤਿਗੁਰੂ ਜੀ ਨੇ ਭਾਈ ਰਾਮ ਕੁਇਰ ਜੀ ਦੀ ਬੇਨਤੀ ਸੁਣ ਕੇ ਬਚਨ ਉਚਾਰੇ ਕਿ ਭਾਈ ਰਾਮ ਕੁਇਰ! ਮੈਂ ਤੇਰੇ ਦਰਸ਼ਨਾਂ ਦੀ ਪਿਆਸ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਧੰਨਤਾ ਦੇ ਯੋਗ ਐਸੇ ਸਿੱਖ ਹੋਇਆ ਕਰਦੇ

ਹਨ। ਜੋ ਪ੍ਰਾਣਾਂ ਦੇ ਆਸਰੇ ਅੰਨ ਨਾਲੋਂ ਜਿਸ ਅੰਨ, ਜਲ ਵਿੱਚ ਪ੍ਰਾਣ ਵਸਦੇ ਹਨ, ਉਸ ਅੰਨ ਜਲ ਨਾਲੋਂ, ਆਪਣੇ ਪ੍ਰਾਣਾਂ ਨਾਲੋਂ ਪਿਆਰੇ ਸਮਝ ਕੇ ਦਰਸ਼ਨ ਕਰਦੇ ਹਨ। ਐਸੇ ਪਿਆਰੇ ਗੁਰਸਿੱਖਾਂ ਤੋਂ ਮੈਂ ਉਹਲੇ ਨਹੀਂ ਹੋ ਸਕਦਾ। ਜੇ ਤੇਰਾ ਐਸਾ ਪ੍ਰਣ ਹੈ ਕਿ ਦਰਸ਼ਨ ਕਰੇ ਤੋਂ ਬਿਨਾਂ ਅੰਨ ਜਲ ਨਹੀਂ ਛਕਦਾ। ਤਾਂ ਜੇ ਤੂੰ ਮੇਰਾ ਬਚਨ ਮੰਨ ਕੇ ਆਪਣੀ ਮਾਤਾ ਨੂੰ ਸੁਖ ਦੇਣ ਵਾਸਤੇ ਵਾਪਸ ਮੁੜ ਜਾਵੇਂ ਤਾਂ ਤੇਰੇ ਇਸ ਪ੍ਰਣ ਨੂੰ ਤੇਰੀ ਜ਼ਿੰਦਗੀ ਦੇ ਅੰਤ ਤਕ ਮੈਂ ਨਿਭਾਵਾਂਗਾ ਅਤੇ ਸਤਿਗੁਰੂ ਨੇ ਕਿਹਾ ਕਿ ਭਾਈ ਸਾਹਿਬ! ਘੋੜੇ 'ਤੇ ਕਾਠੀ ਪਾ ਕੇ ਜੰਗਲ ਵਿੱਚ ਘੁੰਮਣ ਦੇ ਬਹਾਨੇ ਇਕਾਂਤ ਅਸਥਾਨ ਵਿੱਚ ਆ ਕੇ ਜਦੋਂ ਅਰਦਾਸ ਕਰੋਗੇ, ਉਸੇ ਛਿਨ ਮੇਰੇ ਦਰਸ਼ਨ ਤੁਹਾਨੂੰ ਪ੍ਰਤੱਖ ਹੋ ਜਾਇਆ ਕਰਨਗੇ। ਜੈਸਾ ਕਿ :

**ਚਢਹੁ ਅਖੇਰ ਹੇਤੁ ਜਬਿ ਬਾਹਰ। ਹਮਰੋ ਦਰਸ਼ਨ ਪਿਖਿ ਤਹਿਂ ਜ਼ਾਹਰ॥੧੦॥**
**ਜਬਿ ਚਾਹੋ ਤਬਿ ਨਿਕਸਿ ਪਧਾਰਹੁ। ਕਾਨਨ ਮਹਿਂ ਹਮ ਦਰਸ ਨਿਹਾਰਹੁ॥...॥੧੧॥**

[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਸੋ, ਇਸ ਤਰ੍ਹਾਂ ਹੀ ਹੁੰਦਾ ਰਿਹਾ। ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਵੀ ਜਿਤਨਾ ਚਿਰ ਭਾਈ ਰਾਮ ਕੁਇਰ ਜੀ ਸਰੀਰ ਦੇ ਸਹਿਤ ਸੰਸਾਰ ਵਿੱਚ ਰਹੇ, ਹਰ ਰੋਜ਼ ਜੰਗਲ ਵਿੱਚ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਦੇ ਰਹੇ। ਗੁਰੂ ਅਰਜਨ ਸਾਹਿਬ ਜੀ ਦੇ **ਦਰਸਨ ਦੇਖਿ ਜੀਵਾ ਗੁਰ ਤੇਰਾ॥** ਮਹਾਂਵਾਕ ਅਨੁਸਾਰ ਆਪਣੇ ਜੀਵਨ ਦਾ ਆਧਾਰ ਸਤਿਗੁਰਾਂ ਦੇ ਦਰਸ਼ਨਾਂ ਨੂੰ ਬਣਾ ਕੇ ਜੀਵੇ। ਇਸੇ ਤਰ੍ਹਾਂ ਦੂਜੀ ਸਾਖੀ :

**ਸਾਖੀ ਮਾਤਾ ਸਾਹਿਬ ਕੌਰ ਜੀ ਦੀ—**ਜਦੋਂ ਸਤਿਗੁਰੂ ਜੀ ਦੱਖਣ ਦੀ ਧਰਤੀ ਵਿੱਚ ਪੁੱਜੇ, ਅਨੇਕਾਂ ਕੌਤਕ ਕੀਤੇ। ਬੰਦੇ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਸਰ ਕਰਨ ਲਈ ਤੋਰਿਆ ਤੇ ਨਗੀਨਾ ਘਾਟ, ਹੀਰਾ ਘਾਟ ਸਤਿਗੁਰਾਂ ਦੀਆਂ ਵੇ-ਪ੍ਰਵਾਹੀਆਂ ਦਾ ਇਹ ਅਸਥਾਨ ਸਬੂਤ ਦੇ ਰਹੇ ਹਨ। ਬਹਾਦਰ ਸ਼ਾਹ ਦੇ ਹੀਰਾ ਭੇਟ ਕਰਨ ਤੋਂ ਗੁਦਾਵਰੀ ਵਿੱਚ ਸੁੱਟ ਕੇ ਸ਼ੰਕਾ ਕਰਨ ਤੋਂ ਅਨੇਕਾਂ ਹੀਰੇ ਦਿਖਾ ਦਿੱਤੇ। ਭਾਈ ਗੁਰਦਿੱਤੇ ਸੁਦਾਗਰ ਨੇ ਨਗੀਨਾ ਭੇਟ ਕੀਤਾ, ਜਿਥੇ ਅੱਜ ਨਗੀਨਾ ਘਾਟ ਗੁਰਦੁਆਰਾ ਹੈ। ਉਸਦੇ ਸ਼ੰਕਾ ਕਰਨ ਤੋਂ ਅਨੇਕਾਂ ਨਗੀਨੇ ਦਿਖਾ ਦਿੱਤੇ। ਪਹਿਲੇ ਜਾਮੇ ਦੇ ਵਿਛੜੇ ਹੋਏ ਮੂਲਚੰਦ ਖੱਤਰੀ ਨੂੰ ਸਹੇ ਦਾ ਸ਼ਿਕਾਰ ਕਰਕੇ ਉਸਦੀ ਚੌਰਾਸੀ ਕੱਟੀ। ਜਦੋਂ ਸਤਿਗੁਰਾਂ ਨੇ ਸੱਚਖੰਡ ਜਾਣ ਦੀ ਇੱਛਾ ਧਾਰੀ ਤਾਂ ਮਾਤਾ ਸਾਹਿਬ ਕੌਰ ਜੀ ਨੂੰ ਹੁਕਮ ਕੀਤਾ ਕਿ ਦਿੱਲੀ ਆਪਣੀ ਵੱਡੀ ਭੈਣ ਸੁੰਦਰ ਕੌਰ ਜੀ ਕੋਲ ਜਾਣਾ ਕਰ ਤੇ ਨਾਲ ਜਾਣ ਵਾਸਤੇ ਭਾਈ ਮਨੀ ਸਿੰਘ ਨੂੰ ਹੁਕਮ ਕੀਤਾ ਕਿ ਆਪਣੀ ਮਾਤਾ ਨੂੰ ਨਾਲ ਲੈ ਜਾਵੇ। ਇਹ ਸਤਿਗੁਰਾਂ ਦਾ ਅਚਾਨਕ ਹੀ ਕੀਤਾ ਹੋਇਆ ਹੁਕਮ ਸੁਣ ਕੇ ਮਾਤਾ ਜੀ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਝੇ ਹੋਣ ਦਾ ਦੁਖ ਮਹਿਸੂਸ ਕਰਦਿਆਂ ਅੱਖਾਂ ਵਿੱਚ ਵੈਰਾਗ ਦਾ ਜਲ ਭਰ ਕੇ ਮਾਤਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਮੇਰਾ ਇਹ ਪ੍ਰਣ ਹੈ ਕਿ ਆਪ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਪ੍ਰਸ਼ਾਦਾ ਨਹੀਂ ਛਕਦੀ। ਜੈਸਾ ਕਿ :

**ਤੁਮ ਬਿਨ ਮੋਰ ਅਲੰਬ ਨ ਕੋਈ। ਦੇਖਿ ਅਚੌਂ ਜਲ ਭੋਜਨ ਦੋਈ॥੧੭॥**
**ਬਿਛੁਰੇ ਤੇ ਦਰਸ਼ਨ ਕਿਮ ਹੋਇ। ਸਹੌਂ ਕਸ਼ਟ ਪ੍ਰਾਨਨ ਕੋ ਖੋਇ।**
**ਕੌਨ ਗਤੀ ਪ੍ਰਭੁ ਹੋਇ ਹਮਾਰੀ। ਬਨਿ ਲਚਾਰ ਮਰਿ ਰਹਉਂ ਬਿਚਾਰੀ॥੧੮॥**

[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੫]

ਸੋ, ਇਸ ਪ੍ਰਕਾਰ ਦੁਖੀ ਹੋ ਕੇ ਪ੍ਰਾਣ ਤਿਆਗਣ ਨਾਲੋਂ ਤਾਂ ਇਹੀ ਬਿਹਤਰ ਹੈ ਕਿ ਆਪ ਮੈਨੂੰ ਆਪਣੇ ਸੰਗ ਹੀ ਲੈ ਜਾਵੋ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੇਰਾ ਇਹ ਪ੍ਰਣ ਦਰਸ਼ਨ ਕਰਕੇ ਅੰਨ-ਜਲ ਛੱਕਣ ਦਾ ਅਸੀਂ ਨਿਭਾਵਾਂਗੇ। ਇਹ ਕਹਿ ਕੇ ਸਤਿਗੁਰੂ ਜੀ ਨੇ ਆਪਣੇ ਕਮਰਕਸੇ ਦੇ ਸ਼ਸ਼ਤਰ ਬਖ਼ਸ਼ੇ ਅਤੇ ਕਿਹਾ ਕਿ ਸ਼ਸ਼ਤਰਾਂ ਦਾ ਮੇਰਾ ਸਰੂਪ ਸਮਝ ਕੇ ਅਦਬ ਰੱਖਣਾ। ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਨਾ। ਇਹਨਾਂ ਸ਼ਸ਼ਤਰਾਂ ਨੂੰ ਪਲੰਘੇ 'ਤੇ ਬਿਰਾਜਮਾਨ ਕਰਕੇ ਕੱਪੜੇ ਨਾਲ ਢੱਕਣਾ। ਜਦੋਂ ਦਰਸ਼ਨਾਂ ਲਈ ਅਰਦਾਸ ਕਰੋਗੇ ਤਾਂ ਇਹਨਾਂ ਸ਼ਸ਼ਤਰਾਂ ਵਿੱਚੋਂ

ਮੇਰੇ ਦਰਸ਼ਨ ਹੋਣਗੇ ਤੇ ਤੁਹਾਡਾ ਪ੍ਰਣ ਇਸੀ ਤਰ੍ਹਾਂ ਅਖ਼ੀਰ ਤਕ ਨਿਭੇਗਾ। ਤੁਸੀਂ ਦਰਸ਼ਨ ਕਰਕੇ ਅੰਨ-ਜਲ ਛਕਦੇ ਰਹਿਣਾ। ਸੋ, ਇਹਨਾਂ ਦੋਹਾਂ ਸਾਖੀਆਂ ਤੋਂ ਗੁਰੂ ਸਰੂਪ ਦੇ ਦਰਸ਼ਨਾਂ ਤੋਂ ਮਿਲੇ ਜੀਵਨ ਆਧਾਰ ਦੀ ਪੁਸ਼ਟੀ ਹੁੰਦੀ ਹੈ।

## *ਪੂਰਨ ਕਰਮੁ ਹੋਇ; ਪ੍ਰਭ ਮੇਰਾ ॥੧॥*

ਹੇ ਪ੍ਰਭੂ=ਵਾਹਿਗੁਰੂ ! ਆਪ ਜੀ ਦੇ ਦਰਸ਼ਨ ਕਰਕੇ ਹੀ ਪਿਛਲੇ ਜਨਮ ਦਾ ਮੇਰਾ ਕੀਤਾ ਹੋਇਆ ਸੁਭ ਕਰਮ ਪੂਰਨ=ਸਫਲਾ ਹੋਇ=ਹੋਵੇਗਾ ॥੧॥

## *ਇਹ ਬੇਨੰਤੀ; ਸੁਣਿ ਪ੍ਰਭ ਮੇਰੇ ॥*

ਹੇ ਮੇਰੇ ਪ੍ਰਭੁ=ਸੁਆਮੀ ਮਾਲਕ ! ਮੇਰੀ ਇਹ ਬੇਨੰਤੀ=ਬੇਨਤੀ ਸੁਣਿ=ਸੁਣੋ। ਜੈਸਾ ਕਿ :

੧. **ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥** [ਬਿਹਾਗੜਾ ਮਹਲਾ ੫, ਅੰਗ ੫੪੭]

੨. **ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥** [ਸੋਰਠਿ ਮਹਲਾ ੫, ਅੰਗ ੬੧੦]

੩. **ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥**
**ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥** [ਸੋਰਠਿ ਮਹਲਾ ੫, ਅੰਗ ੬੩੧]

## *ਦੇਹਿ ਨਾਮੁ; ਕਰਿ ਅਪਣੇ ਚੇਰੇ ॥੧॥ਰਹਾਉ॥*

ਮੈਨੂੰ ਆਪਣਾ ਚੇਰੇ=ਦਾਸ ਜਾਣ ਕੇ ਨਾਮ ਸਿਮਰਨ ਬਖ਼ਸ਼ ਦੇਣਾ ਕਰੋ ॥੧॥ਰਹਾਉ॥ ਜੈਸਾ ਕਿ :

੧. **ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥**
[ਵਾਰ ਜੈਤਸਰੀ ਮਹਲਾ ੫, ਅੰਗ ੭੧੦]

੨. **ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥** [ਸੋਰਠਿ ਮਹਲਾ ੫, ਅੰਗ ੬੩੯]

੩. **ਨਾਮੁ ਦੇਹਿ ਮਾਗੈ ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥**
[ਮਾਰੂ ਮਹਲਾ ੫, ਅੰਗ ੧੦੦੫]

## *ਅਪਣੀ ਸਰਣਿ ਰਾਖੁ; ਪ੍ਰਭ ਦਾਤੇ ॥*

ਹੇ ਦਾਤੇ=ਦਾਤਾਂ ਦੇਣ ਵਾਲੇ ਪ੍ਰਭ=ਮਾਲਕ ! ਮੈਨੂੰ ਆਪਣੀ ਸਰਨ ਵਿੱਚ ਰਾਖੁ=ਰੱਖ ਲੈਣਾ ਕਰੋ। ਜੈਸਾ ਕਿ :

**ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ ॥** [ਆਸਾ ਮਹਲਾ ੫, ਅੰਗ ੪੦੫]

## *ਗੁਰਪ੍ਰਸਾਦਿ; ਕਿਨੈ ਵਿਰਲੈ ਜਾਤੇ ॥੨॥*

ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਕਿਨੈ=ਕਿਸੇ ਵਿਰਲੇ ਨੇ ਹੀ ਆਪ ਜੀ ਨੂੰ ਜਾਤੇ=ਜਾਣਿਆ ਹੈ। ਕਿਉਂਕਿ ਪ੍ਰਮੇਸ਼ਰ ਦਾ ਜਾਨਣਾ ਗੁਰੂ ਦੀ ਕ੍ਰਿਪਾ ਬਿਨਾ ਸੰਭਵ ਨਹੀਂ, ਜਿਸਨੇ ਵੀ ਜਾਣਿਆ ਹੈ ਗੁਰੂ ਦੀ ਕਿਰਪਾ ਦੁਆਰਾ ਹੀ ਜਾਣਿਆ ਹੈ ॥੨॥

## *ਸੁਨਹੁ ਬਿਨਉ; ਪ੍ਰਭ ਮੇਰੇ ਮੀਤਾ ॥*

ਹੇ ਮੇਰੇ ਮੀਤਾ=ਮਿੱਤਰ ਪ੍ਰਭ=ਮਾਲਕ ਜੀ ! ਮੇਰੀ ਬਿਨਉ=ਬੇਨਤੀ ਸੁਨਣਾ ਕਰੋ।

## ਚਰਣ ਕਮਲ; ਵਸਹਿ ਮੇਰੈ ਚੀਤਾ ॥੩॥

ਹੇ ਵਾਹਿਗੁਰੂ! ਆਪ ਜੀ ਦੇ ਚਰਨ ਜੋ ਕਮਲ ਦੀਆਂ ਪੰਖੜੀਆਂ ਤੋਂ ਵੀ ਸੁੰਦਰ ਹਨ, ਉਹ ਮੇਰੇ ਚੀਤਾ=ਚਿਤ ਦੀ ਚਿਤਵਨੀ ਵਿੱਚ ਵਸਦੇ ਰਹਿਣ॥੩॥ ਜੈਸਾ ਕਿ :

**੧. ਚਰਨ ਕਮਲ ਉਰ ਧਾਰੇ ਚੀਤ॥ ਚਿਰੁ ਜੀਵਨੁ ਚੇਤਨੁ ਨਿਤ ਨੀਤ॥**
[ਰਾਮਕਲੀ ਮਹਲਾ ੧, ਅੰਗ ੯੩੨]

**੨. ਹਰਿ ਕੇ ਚਰਣ ਰਿਦੇ ਮਹਿ ਬਸੇ॥ ਜਨਮ ਜਨਮ ਕੇ ਕਿਲਵਿਖ ਨਸੇ॥**
[ਗਉੜੀ ਮਹਲਾ ੫, ਅੰਗ ੧੯੭]

**੩. ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ॥** [ਆਸਾ ਮਹਲਾ ੫, ਅੰਗ ੪੦੫]

## ਨਾਨਕੁ; ਏਕ ਕਰੈ ਅਰਦਾਸਿ ॥
## ਵਿਸਰੁ ਨਾਹੀ; ਪੂਰਨ ਗੁਣਤਾਸਿ ॥੪॥੧੮॥੨੪॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮੈਂ ਇੱਕ ਅਰਦਾਸਿ=ਬੇਨਤੀ ਕਰਦਾ ਹਾਂ। ਹੇ (ਗੁਣ+ਤਾਸਿ) ਗੁਣਾਂ ਦੇ ਤਾਸਿ=ਖ਼ਜ਼ਾਨੇ ਪੂਰਨ=ਪਰੀਪੂਰਨ ਵਾਹਿਗੁਰੂ, **ਵਾ:** ਹੇ ਪੂਰਨ ਸ਼ੁਭ ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ! ਆਪ ਕਦੇ ਵੀ ਮੈਨੂੰ ਵਿਸਰੁ=ਭੁਲਣਾ ਨਾਹੀ=ਨਾ ਕਰੋ॥੪॥੧੮॥੨੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੦ [ਆਦਿ ਅੰਗ ੭੪੩]

***ਸੂਹੀ ਮਹਲਾ ੫ ॥ ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥ ਮਾਧਵੇ ਭਜੁ ਦਿਨ ਨਿਤ ਰੈਣੀ ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ਰਹਾਉ॥ ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥ ਭਰਣ ਪੋਖਣ ਸੰਗਿ ਅਉਧ ਬਿਹਾਣੀ ॥ ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥ ਸਰਣਿ ਸਮਰਥ ਅਗੋਚਰ ਸੁਆਮੀ ॥ ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥***

## ਸੂਹੀ ਮਹਲਾ ੫ ॥

ਸੂਹੀ ਰਾਗਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਬਚਨ ਸੁਸ਼ੋਭਤ ਹੈ, ਜਿਸ ਵਿੱਚ ਸਤਿਗੁਰੂ ਜੀ ਮੁਕਦੀ ਹੋਈ ਜ਼ਿੰਦਗੀ ਵੱਲ ਇੱਕ ਝਾਤ ਮਰਾਉਂਦੇ ਹਨ। ਹੇ ਜੀਵ! ਤੂੰ ਦੇਖਣਾ ਕਰ ਤੇਰੀ ਉਮਰ ਮੁਕਦੀ ਜਾਂਦੀ ਹੈ, ਤੂੰ ਕਦੀ ਵੇਖ ਨਹੀਂ ਰਿਹਾ, ਐਸੀ ਤੇਰੇ ਵਿੱਚ ਅਗਿਆਨਤਾ ਹੈ। ਮੁਖਵਾਕ ਦੀਆਂ ਪਹਿਲੀਆਂ ਹੀ ਤੁਕਾਂ ਵਿੱਚ ਫ਼ੁਰਮਾਉਂਦੇ ਹਨ:

## ਬਹਤੀ ਜਾਤ; ਕਦੇ ਦ੍ਰਿਸਟਿ ਨ ਧਾਰਤ ॥

ਹੇ ਪੁਰਸ਼ਾ! ਤੇਰੀ ਜ਼ਿੰਦਗੀ, ਉਮਰ ਸੰਸਾਰ ਸਮੁੰਦਰ ਵਿੱਚੋਂ ਬਹਤੀ=ਰੁੜ੍ਹਦੀ ਜਾਤ=ਜਾਂਦੀ ਹੈ। ਉਸ ਰੁੜ੍ਹੀ ਹੋਈ ਜ਼ਿੰਦਗੀ ਵੱਲ ਨੂੰ ਕਦੇ=ਕਿਸੇ ਵੇਲੇ ਵੀ ਦ੍ਰਿਸਟਿ=ਨਿਗ੍ਹਾ, ਨਹੀਂ ਧਾਰਤ=ਧਾਰਦਾ, ਕਰਦਾ, ਭਾਵ ਮੁੱਕਦੀ ਹੋਈ ਜ਼ਿੰਦਗੀ ਦੇ ਸੁਆਸਾਂ ਵੱਲ ਕਦੇ ਧਿਆਨ ਨਹੀਂ ਦਿੰਦਾ ਅਥਵਾ ਤੇਰੀ ਬਿਰਤੀ ਸੰਸਾਰ ਦੇ ਵਿਸ਼ਿਆਂ ਰੂਪ ਨਦੀ ਵਿੱਚ ਬਹਤੀ=ਰੁੜੀ ਜਾ ਰਹੀ ਹੈ। ਹਰ ਵਕਤ ਬਿਰਤੀ ਵਿੱਚ ਵਿਕਾਰਾਂ ਦੀ ਚਿਤਵਨੀ ਹੈ, ਇਸ ਲਈ ਅੰਤਸ਼ਕਰਣ ਦੀ ਬਿਰਤੀ ਹਰ ਵਕਤ ਰੁੜੀ ਜਾ ਰਹੀ ਹੈ। ਜਿਥੇ ਰੁੜਨਾ ਸ਼ਬਦ ਆਵੇ, ਰੁੜਨਾ ਹਮੇਸ਼ਾ ਨੀਵੇਂ ਪਾਸੇ ਨੂੰ ਹੁੰਦਾ ਹੈ। ਜਿਵੇਂ ਪਾਣੀ ਹਮੇਸ਼ਾਂ ਨੀਵੇਂ ਪਾਸੇ ਨੂੰ ਰੁੜਦਾ ਹੀ ਰੁੜਦਾ ਜਾਂਦਾ ਹੈ। ਇਸੇ ਤਰ੍ਹਾਂ ਮਨ ਦਾ ਸੁਭਾਅ ਨੀਚ ਕਰਮਾਂ ਵੱਲ, ਭਾਵ ਜੋ ਨੀਵੇਂ ਕਰਮ ਹਨ, ਵਿਸ਼ੇ ਵਿਕਾਰ ਆਦਿ ਉਨ੍ਹਾਂ ਵੱਲ ਨੂੰ ਬੜੀ ਤੇਜ਼ੀ ਨਾਲ ਮਨ ਦੀ ਬਿਰਤੀ ਬਹਤੀ=ਰੁੜੀ ਜਾਤ=ਜਾਂਦੀ ਹੈ। ਤੂੰ ਕਦੇ ਵਿਚਾਰ ਦ੍ਰਿਸਟਿ=ਨਿਗ੍ਹਾ ਭਾਵ ਵਿਚਾਰ ਦ੍ਰਿਸ਼ਟੀ ਨ=ਨਹੀਂ ਧਾਰਤ=ਧਾਰਦਾ, ਕਰਦਾ। ਜੈਸਾ ਕਿ:

**ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥**

[ਗਉੜੀ ਕਬੀਰ ਜੀ, ਅੰਗ ੩੨੫]

## ਮਿਥਿਆ ਮੋਹ; ਬੰਧਹਿ ਨਿਤ ਪਾਰਚ ॥੧॥

ਮਿਥਿਆ ਭਾਵ ਝੂਠੇ ਪਦਾਰਥ, **ਵਾ:** ਸੰਬੰਧੀਆਂ ਦੇ ਮੋਹ ਵਿੱਚ ਨਿਤ=ਹਮੇਸ਼ਾ ਹੀ ਪਾਰਚ=ਫਸ ਕੇ ਜੰਮਣ-ਮਰਨ ਵਿੱਚ ਬੱਝ ਰਿਹਾ ਹੈਂ॥੧॥ (**ਪਾਰਚ**=ਆਪਣੇ ਵਿੱਚ ਪਰਚਾ ਯਾ ਫਸਾ ਲੈਣ ਵਾਲੇ ਕੰਮ, ਵਿਸ਼ੇਸ਼ ਕਰਕੇ ਝਗੜੇ ਝਾਂਜੇ) ਜੈਸਾ ਕਿ:

੧. **ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਾਰਿ ਬਾਧੇ॥** [ਆਸਾ ਮਹਲਾ ੫, ਅੰਗ ੪੦੨]

੨. **ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ॥**
**ਧਰਮਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ ਜਾਹੀ॥**

[ਸਾਰਗ ਮਹਲਾ ੫, ਅੰਗ ੧੨੦੭]

ਹੇ ਝੂਠੇ ਜੀਵ! ਤੂੰ ਮਿਥਿਆ ਪਦਾਰਥਾਂ ਦੇ ਸੰਗਿ=ਨਾਲ ਲਪਟ ਰਿਹਾ ਹੈਂ ਅਤੇ ਕੁਸਮਾਂਹੀ=ਕਸੁੰਭੇ ਦੇ ਰੰਗ, **ਵਾ:** ਫੁੱਲਾਂ ਦੇ ਸਮਾਨ ਸੁੱਖਾਂ ਵਿੱਚ ਉਲਝਿ ਰਿਹਾ ਹੈਂ, ਭਾਵ ਇਹ ਸੁਖ ਥੋੜ੍ਹੇ ਦਿਨ ਰਹਿਣ ਵਾਲੇ ਹਨ। ਹੇ ਬਵਰੇ=ਝੱਲੇ ਜੀਵ! ਜਦੋਂ ਧਰਮ ਰਾਜ ਤੈਨੂੰ ਪਕੜੇਗਾ, ਉਦੋਂ ਕਾਲ ਦੇ ਮੁਖ ਵਿੱਚ ਪੈ ਕੇ, **ਵਾ:** ਕਲੰਕਤ ਮੁਖ ਹੋ ਕੇ ਚਲਾ ਜਾਵੇਂਗਾ।

## *ਮਾਧਵੇ ਭਜੁ; ਦਿਨ ਨਿਤ ਰੈਣੀ॥*

ਹੇ ਭਾਈ! ਜੇ ਸੰਸਾਰ ਸਮੁੰਦਰ ਤੋਂ ਤਰਨਾ ਹੈ ਤਾਂ ਨਿਤਾਪ੍ਰਤੀ ਰਾਤ ਦਿਨ (ਮਾ+ਧਵੇ) ਮਾ=ਮਾਇਆ ਦੇ ਧਵੇ=ਆਸਰਾ ਰੂਪ ਪ੍ਰਮਾਤਮਾ ਨੂੰ ਭਜੁ=ਯਾਦ ਕਰਨਾ ਕਰ। ਜੈਸਾ ਕਿ :

੧. **ਦਿਨਸੁ ਰੈਣਿ ਆਰਾਧਿ ਸਮ੍ਾਲੇ ਸਾਹ ਸਾਹ॥** [ਆਸਾ ਮਹਲਾ ੫, ਅੰਗ ੩੯੮]

੨. **ਸਿਮਰਉ ਅਪੁਨਾ ਸਾਂਈ॥ ਦਿਨਸੁ ਰੈਨਿ ਸਦ ਧਿਆਈ॥** [ਸੋਰਠਿ ਮਹਲਾ ੫, ਅੰਗ ੬੩੦]

੩. **ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ॥** [ਗੂਜਰੀ ਮਹਲਾ ੫, ਅੰਗ ੪੯੮]

## *ਜਨਮੁ ਪਦਾਰਥੁ ਜੀਤਿ; ਹਰਿ ਸਰਣੀ॥੧॥ਰਹਾਉ॥*

ਹਰਿ=ਹਰੀ ਵਾਹਿਗੁਰੂ ਦੀ ਸਰਣੀ=ਸਰਣ ਵਿੱਚ ਪੈ ਕਰ ਕੇ ਆਪਣੇ ਅਮੋਲਕ ਮਨੁੱਖਾ ਜਨਮ ਰੂਪ ਪਦਾਰਥ ਨੂੰ ਜਿੱਤਣਾ ਕਰ॥੧॥ਰਹਾਉ॥ ਜੈਸਾ ਕਿ :

**ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ॥**
**ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ॥੧੪॥** [ਵਾਰ ਕਾਨੜਾ ਮਃ ੪, ਅੰਗ ੧੩੧੮]

## *ਕਰਤ ਬਿਕਾਰ; ਦੋਊ ਕਰ ਝਾਰਤ॥*

ਹੇ ਜੀਵ! ਤੂੰ ਦੋਊ=ਦੋਵੇਂ ਕਰ=ਹੱਥ ਝਾਰਤ=ਝਾੜ ਕੇ, ਭਾਵ ਨਿਸੰਗ ਹੋ ਕੇ ਵਿਕਾਰਾਂ ਨੂੰ ਕਰਦਾ ਹੈਂ। **ਵਾ:** ਜਿਸ ਤਰ੍ਹਾਂ ਜੁਆਰੀ ਜੂਏ ਵਿੱਚ ਹਾਰ ਕੇ ਦੋਵੇਂ ਹੱਥ ਝਾੜ ਦਿੰਦੇ ਹਨ, ਇਸੇ ਤਰ੍ਹਾਂ ਸਾਰੀ ਉਮਰ ਵਿਕਾਰ ਕਰਦਿਆਂ ਅੰਤ ਨੂੰ ਜੀਵ ਮਨੁੱਖਾ ਜਨਮ ਦੀ ਬਾਜ਼ੀ ਹਾਰ ਕੇ ਦੋਵੇਂ ਹੱਥ ਝਾੜ ਕੇ, ਭਾਵ ਖ਼ਾਲੀ ਹੱਥ ਚਲਾ ਜਾਂਦਾ ਹੈ। **ਵਾ:** ਸਾਰੀ ਉਮਰ ਵਿਕਾਰ ਕਰਦਾ, ਭਾਵ ਵਿਸ਼ੇ ਭੋਗਦਾ ਹੈ ਤੇ ਅੰਤ ਨੂੰ ਦੋਵੇਂ ਹੱਥ ਝਾੜਦਾ ਹੀ ਰਹਿ ਜਾਂਦਾ ਹੈ, ਭਾਵ ਪਛਤਾਉਂਦਾ ਹੀ ਰਹਿ ਜਾਂਦਾ ਹੈ। **ਵਾ:** ਹੇ ਜੀਵ! ਤੂੰ ਵਿਕਾਰ ਕਰਦਾ ਹੈਂ, ਅੰਤ ਨੂੰ ਜਮਦੂਤ ਤੇਰੇ ਦੋਵੇਂ ਹੱਥ ਝਾੜ ਦੇਣਗੇ। **ਵਾ:** ਵਿਕਾਰ ਕਰਦਿਆਂ ਕਦੇ ਤਾਂ ਇਨ੍ਹਾਂ ਵਿਕਾਰਾਂ ਵਲੋਂ ਮਨ ਬੁੱਧ ਰੂਪ ਦੋਵੇਂ ਹੱਥ ਝਾੜ ਦੇ, ਭਾਵ ਕਦੇ ਤਾਂ ਵਿਕਾਰਾਂ ਦੀ ਇੱਛਾ ਤਿਆਗ ਕੇ ਮਨ ਬੁੱਧ ਵਿੱਚ ਪ੍ਰਭੂ ਦੀ ਯਾਦ ਵਸਾਉਣਾ ਕਰ। ਨਹੀਂ ਤਾਂ ਵਿਕਾਰ ਕਰਦੇ ਨੂੰ ਜਮਦੂਤ ਤੇਰੇ 'ਤੇ ਦੋਵੇਂ ਹੱਥ ਝਾੜਨਗੇ, ਭਾਵ ਤੈਨੂੰ ਹੱਥਾਂ ਨਾਲ ਕੁੱਟਣਗੇ। ਜੈਸਾ ਕਿ :

**ਕਹਿ ਕਬੀਰ ਕਿਛੁ ਗੁਨੁ ਬੀਚਾਰਿ॥ ਚਲੇ ਜੁਆਰੀ ਦੁਇ ਹਥ ਝਾਰਿ॥**
[ਭੈਰਉ ਕਬੀਰ ਜੀ, ਅੰਗ ੧੧੫੮]

ਇਸ ਪੰਗਤੀ ਵਿੱਚ ਕਬੀਰ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ! ਕੁਝ ਪ੍ਰਮਾਤਮਾ ਦੀ ਪ੍ਰਾਪਤੀ ਦੇ ਗੁਣਾਂ ਨੂੰ ਵੀਚਾਰਨਾ ਕਰ। ਨਹੀਂ ਹਾਰੇ ਹੋਏ ਜੁਆਰੀ ਦੀ ਨਿਆਈ ਹਾਲਤ ਹੋ ਜਾਏਗੀ, ਜਿਸ ਨੇ ਜੂਏ ਦੀ ਬਾਜ਼ੀ ਵਿੱਚ ਧਰਮ ਪੁੱਤਰ ਯੁਧਿਸ਼ਟਰ ਵਾਂਗ ਸਭ ਕੁਝ ਹਾਰ ਦਿੱਤਾ ਹੋਵੇ ਤੇ ਖ਼ਾਲੀ ਹੱਥ ਝਾੜ ਕੇ ਆਪਣੇ ਘਰ ਨੂੰ ਤੁਰ ਗਿਆ ਹੋਵੇ। ਇਸੇ ਤਰ੍ਹਾਂ ਸੰਸਾਰ ਜੂਏ ਵਿੱਚ ਸੁਆਸਾਂ ਰੂਪ ਪੂੰਜੀ ਨੂੰ ਹਾਰ ਕੇ ਜੀਵ ਰੂਪ ਜੁਆਰੀਆ ਸੰਸਾਰ ਤੋਂ ਚਲਾ ਜਾਵੇਗਾ। ਇੱਕ ਆਮ ਸਾਧਾਰਨ ਜੀਵ ਦੀ ਤਾਂ ਗੱਲ ਹੀ ਕੀ ਹੈ, ਇਸ ਸੰਸਾਰ ਵਿੱਚ ਵੱਡੇ ਵੱਡੇ ਰਾਜੇ, ਮਹਾਰਾਜੇ, ਸਮਰਾਟ ਪੈਦਾ ਹੋਏ, ਪਰ ਅੰਤ ਨੂੰ ਸਭ ਕੁਝ ਛੱਡ ਕੇ ਤੁਰ ਗਏ, ਜਿਸ ਨੂੰ ਮੇਰੀ ਮੇਰੀ ਕਰਦੇ ਰਹੇ ਪਰ ਜਾਂਦੀ ਵਾਰ

ਕੁਝ ਵੀ ਨਾਲ ਨਹੀਂ ਲਿਜਾ ਸਕੇ ਤੇ ਖ਼ਾਲੀ ਹੱਥ ਤੁਰ ਗਏ। ਸਤਿਗੁਰੂ ਅਰਜਨ ਸਾਹਿਬ ਜੀ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥**
**ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥** [ਸਿਰੀਰਾਗ ਮਹਲਾ ੫, ਅੰਗ ੫੦]

ਕਿ ਹੇ ਜੀਵ ! ਤੂੰ ਮੇਰੀ-ਮੇਰੀ ਕੀ ਕਰਦਾ ਹੈਂ, ਜਿਸ ਪ੍ਰਮਾਤਮਾ ਨੇ ਤੈਨੂੰ ਪਦਾਰਥ ਦਿੱਤਾ ਹੈ, ਉਸ ਪ੍ਰਮਾਤਮਾ ਦੀ ਹੀ ਇੱਛਾ ਕਰ। ਕਿਉਂਕਿ ਇਸ ਸੰਸਾਰ ਤੋਂ ਲੱਖਾਂ ਕਰੋੜਾਂ ਰੁਪਏ ਅਤੇ ਪਦਾਰਥ ਛੱਡ ਕੇ ਅੰਤ ਨੂੰ ਜ਼ਰੂਰ ਹੀ ਚਲੇ ਜਾਣਾ ਹੈ। ਜੈਸਾ ਕਿ :

**ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥**
**ਨਾਂਗੇ ਪਾਵਹੁ ਤੇ ਗਏ ਜਿਨ੍ ਕੇ ਲਾਖ ਕਰੋਰਿ ॥੨੭॥** [ਸਲੋਕ ਕਬੀਰ ਜੀ, ਅੰਗ ੧੩੬੫]

ਸੋ, ਜੀਵ ਅਗਿਆਨ ਵਸ ਹੋ ਕੇ ਵਿਸ਼ੇ ਵਿਕਾਰਾਂ ਵਿੱਚ ਖਚਿਤ ਹੋ ਜਾਂਦਾ ਹੈ, ਜਿਸ ਕਰਕੇ ਸਾਰੀ ਉਮਰ ਵਿਅਰਥ ਗਵਾ ਕੇ ਅੰਤ ਨੂੰ ਸੰਸਾਰ ਤੋਂ ਖ਼ਾਲੀ ਹੱਥ ਤੁਰ ਜਾਂਦਾ ਹੈ। ਇਸ ਦੀਆਂ ਬਿਅੰਤ ਮਿਸਾਲਾਂ ਹਨ।

**ਸਾਖੀ ਔਰੰਗਜ਼ੇਬ ਦੀ—**ਔਰੰਗਜ਼ੇਬ ਬਾਦਸ਼ਾਹ ਜਿਸਦੇ ਜ਼ੁਲਮਾਂ ਨੂੰ ਨਾ ਤਾਂ ਕੋਈ ਸ਼ਬਦਾਂ ਵਿੱਚ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਕੋਈ ਅੱਖਰਾਂ ਵਿੱਚ ਲਿਖ ਸਕਦਾ ਹੈ। ਉਸਦੇ ਰਾਜ ਵਿੱਚ ਇਤਨੇ ਜ਼ੁਲਮ ਹੋਏ ਕਿ ਉਸਨੇ ਵੱਡੇ-ਵੱਡੇ ਮਹਾਂਪੁਰਸ਼ ਬ੍ਰਹਮ ਗਿਆਨੀਆਂ ਨੂੰ ਵੀ ਆਪਣੇ ਜ਼ੁਲਮ ਦੀ ਅੱਗ ਵਿੱਚ ਸਾੜਿਆ। ਹਿੰਦੂਆਂ ਵਿੱਚੋਂ ਅਮੋਘ ਨਾਥ ਬ੍ਰਹਮ ਗਿਆਨੀ, ਮੁਸਲਮਾਨਾਂ ਵਿੱਚੋਂ ਬ੍ਰਹਮ ਗਿਆਨੀ ਸਰਮੱਦ ਫ਼ਕੀਰ ਤੇ ਆਪਣੇ ਸਕੇ ਭਰਾ ਬ੍ਰਹਮ ਗਿਆਨੀ ਦਾਰਾ ਸ਼ਿਕੋਹ ਤੇ ਸਿੱਖਾਂ ਦੇ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਬ੍ਰਹਮ ਗਿਆਨੀ ਸਿੱਖ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵਰਗੇ ਮਹਾਨ ਮਹਾਂਪੁਰਸ਼ਾਂ ਨੂੰ ਸ਼ਹੀਦ ਕੀਤਾ। ਤੇ ਹੋਰ ਅਨੇਕਾਂ ਜ਼ੁਲਮਾਂ ਤੇ ਵਿਕਾਰਾਂ ਭਰੀ ਜ਼ਿੰਦਗੀ ਪੂਰੀ ਕਰਕੇ ਜਦੋਂ ਸੰਸਾਰ ਤੋਂ ਜਾਣ ਲੱਗਾ ਤਾਂ ਇਹ ਆਪਣੀ ਅੰਤਮ ਇੱਛਾ ਜ਼ਾਹਿਰ ਕਰਦਾ ਹੋਇਆ, ਆਪਣੀ ਅੰਤਿਮ ਵਸੀਅਤ ਵਿੱਚ ਲਿਖਦਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਹਿੰਦੁਸਤਾਨ ਦਾ ਚੱਕਰਵਰਤੀ ਬਾਦਸ਼ਾਹ ਰਿਹਾ ਹਾਂ, ਪਰ ਇਹ ਭੀ ਸੱਚ ਹੈ ਕਿ ਜ਼ਿੰਦਗੀ ਵਿੱਚ ਮੇਰੇ ਕੋਲੋਂ ਕੋਈ ਚੰਗਾ ਕੰਮ ਨਹੀਂ ਹੋਇਆ, ਸਗੋਂ ਵੱਡੇ ਵੱਡੇ ਪਾਪ ਕਰਮ ਮੇਰੇ ਤੋਂ ਹੋਏ, ਜਿਨ੍ਹਾਂ ਦਾ ਪਛਤਾਵਾ ਲੈ ਕੇ ਮੈਂ ਸੰਸਾਰ ਤੋਂ ਜਾ ਰਿਹਾ ਹਾਂ। ਮੇਰੀ ਅੰਤਿਮ ਇੱਛਾ ਇਹ ਹੈ ਕਿ ਮੇਰੇ ਮਰਨ ਤੋਂ ਬਾਅਦ ਮੇਰੇ ਜਨਾਜੇ ਨਾਲ ਬਹੁਤੇ ਲੋਕਾਂ ਦੀ ਭੀੜ ਨਾ ਕੀਤੀ ਜਾਵੇ ਤੇ ਸਾਦੇ ਤਰੀਕੇ ਨਾਲ ਮੈਨੂੰ ਦਫ਼ਨਾਇਆ ਜਾਵੇ। ਮੇਰੀ ਕਬਰ ਖੋਦਣ ਵਾਲੇ ਮਜ਼ਦੂਰਾਂ ਨੂੰ ਪੈਸੇ ਦਿੱਤੇ ਜਾਣ, ਉਨ੍ਹਾਂ ਤੋਂ ਮੇਰੀ ਕਬਰ ਮੁਫ਼ਤ ਨਾ ਖ਼ੁਦਵਾਈ ਜਾਵੇ। ਮੇਰੀ ਆਪਣੀ ਕਿਰਤ ਜੋ ਮੈਂ ਵਿਹਲੇ ਸਮੇਂ ਵਿੱਚ ਟੋਪੀਆਂ ਬਣਾ ਕੇ ਅਤੇ ਕੁਰਾਨ ਲਿੱਖ ਕੇ ਆਪਣਾ ਗੁਜ਼ਾਰਾ ਕਰਦਾ ਸੀ, ਉਸ ਵਿੱਚੋਂ ਇੱਕ ਰੁਪਈਆ ਚਾਰ ਆਨੇ ਬਾਕੀ ਹਨ। ਮੇਰੇ ਕਫ਼ਨ ਲਈ ਉਸੇ ਸਵਾ ਰੁਪਏ ਦਾ ਖੱਦਰ ਲਿਆ ਕੇ ਮੇਰੇ ਸਰੀਰ ਨੂੰ ਉਸ ਖੱਦਰ ਵਿੱਚ ਲਪੇਟ ਕੇ ਕਬਰ ਵਿੱਚ ਦਫ਼ਨਾਇਆ ਜਾਵੇ। ਜਿਸ ਵੇਲੇ ਮੇਰਾ ਜਨਾਜ਼ਾ ਮੇਰੇ ਮਹਿਲਾਂ ਵਿੱਚੋਂ ਉਠੇ, ਮੇਰੇ ਦੋਵੇਂ ਹੱਥ ਕਫ਼ਨ ਤੋਂ ਬਾਹਰ ਕੱਢ ਦਿੱਤੇ ਜਾਣ ਤਾਂ ਕਿ ਦੁਨੀਆ ਦੇਖੇ ਕਿ ਮੈਂ ਜਿਨ੍ਹਾਂ ਹੱਥਾਂ ਨਾਲ ਪਾਪ ਤੇ ਵਿਕਾਰ ਕਰਦਾ ਰਿਹਾ ਹਾਂ, ਅੱਜ ਖ਼ਾਲੀ ਹੱਥ ਸੰਸਾਰ ਤੋਂ ਜਾ ਰਿਹਾ ਹਾਂ।

**ਸਾਖੀ ਸਿਕੰਦਰ ਬਾਦਸ਼ਾਹ ਦੀ—**ਇਸੇ ਤਰ੍ਹਾਂ ਦੁਨੀਆ ਦੇ ਨਾਮੀ ਬਾਦਸ਼ਾਹਾਂ ਵਿੱਚੋਂ ਸਿਕੰਦਰ ਇੱਕ ਅਜੇਹਾ ਸਮਰਾਟ ਹੋਇਆ ਹੈ, ਜਿਸ ਦੀਆਂ ਅਨੇਕ ਕਥਾਵਾਂ ਸੰਸਾਰ ਵਿੱਚ ਪ੍ਰਸਿੱਧ ਹਨ। ਇਹ ਸਮਰਾਟ ਜਦੋਂ ਸੰਸਾਰ ਤੋਂ ਵਿਦਾ ਹੋਣ ਲੱਗਾ, ਭਾਵ ਇਸ ਦਾ ਅੰਤ ਸਮਾਂ ਆ ਗਿਆ ਤੇ ਇਸ ਨੇ ਦੇਖਿਆ ਕਿ ਮੌਤ ਬਿਲਕੁਲ ਮੇਰੇ ਨੇੜੇ ਆ ਗਈ ਹੈ। ਤਾਂ ਇਸ ਨੇ ਆਪਣੀ ਪਰਜਾ ਨੂੰ ਧਰਮ ਦੇ ਰਾਹ 'ਤੇ ਤੋਰਨ ਲਈ ਇੱਕ ਅੰਤਿਮ ਉਪਦੇਸ਼ ਦੇਣਾ ਚਾਹਿਆ ਤੇ ਕਿਹਾ ਕਿ ਜਦੋਂ ਮੇਰੀ ਅਰਥੀ ਮੇਰੇ ਮਹਿਲਾਂ ਵਿੱਚੋਂ ਉਠੇ, ਉਸ ਵੇਲੇ ਮੇਰੇ ਦੋਵੇਂ ਹੱਥ ਕਫ਼ਨ ਤੋਂ ਬਾਹਰ ਕੱਢ ਦਿੱਤੇ ਜਾਣ ਤਾਂ ਕਿ ਲੋਕ ਦੇਖਣ ਕਿ ਇਤਨਾ ਵੱਡਾ ਬਾਦਸ਼ਾਹ ਸੰਸਾਰ ਵਿੱਚੋਂ ਖ਼ਾਲੀ ਹੱਥ ਜਾ ਰਿਹਾ ਹੈ।

ਇਸ ਲਈ ਗੁਰੂ ਅਰਜਨ ਸਾਹਿਬ ਜੀ ਦੀ ਉਪਰੋਕਤ ਪੰਗਤੀ ਦਾ ਸਿਧਾਂਤ ਇਹੋ ਜਿਹੀਆਂ ਅਨੇਕਾਂ ਸਾਖੀਆਂ ਦੁਆਰਾ ਸਿੱਧ ਹੁੰਦਾ ਹੈ।

## *ਰਾਮ ਰਤਨੁ; ਰਿਦ ਤਿਲੁ ਨਹੀ ਧਾਰਤ ॥੨॥*

ਰਤਨਾ ਦੀ ਨਿਆਈਂ ਅਮੋਲਕ ਪ੍ਰਮੇਸ਼ਰ ਦੇ ਨਾਮ ਨੂੰ ਤੂੰ ਹਿਰਦੇ ਵਿੱਚ ਤਿਲ ਮਾਤਰ ਵੀ ਨਹੀਂ ਧਾਰਤ=ਧਾਰਦਾ॥੨॥

## *ਭਰਣ ਪੋਖਣ ਸੰਗਿ; ਅਉਧ ਬਿਹਾਣੀ ॥*
## *ਜੈ ਜਗਦੀਸ ਕੀ; ਗਤਿ ਨਹੀ ਜਾਣੀ ॥੩॥*

ਸਰੀਰ ਦੇ ਭਰਣ=ਪਾਲਣ ਪੋਖਣ=ਪੋਸ਼ਣ ਵਿੱਚ, **ਵਾ:** ਪੇਟ ਨੂੰ ਭਰ ਲਿਆ ਤੇ ਪਲੋਸ ਲਿਆ। ਭਾਵ ਖਾ ਕੇ ਢਿਡ 'ਤੇ ਹੱਥ ਫੇਰ ਲਿਆ, **ਵਾ:** ਪੇਟ ਭਰਨ ਤੇ ਸਰੀਰ ਦੀ ਪਾਲਣਾ ਵਿੱਚ ਸਾਰੀ ਅਉਧ=ਉਮਰਾ ਬਿਹਾਣੀ=ਬਤੀਤ ਹੋ ਗਈ। ਜਿਸ ਜਗਦੀਸ ਦੀ ਸਾਰੇ ਜੈ ਹੋ ਰਹੀ ਹੈ, **ਵਾ:** ਜਿਸਨੇ ਤੇਰੀ ਜੈ ਕਰਨੀ ਹੈ, ਉਸ ਜਗਦੀਸ ਦੀ ਗਤਿ=ਰੀਤ ਨੂੰ ਤੂੰ ਨਹੀਂ ਜਾਣੀ=ਜਾਣਿਆ॥੩॥ ਜੈਸਾ ਕਿ :

**੧. ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥**
**ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥** [ਸਿਰੀ ਰਾਗ ਮਹਲਾ ੫, ਅੰਗ ੪੩]

**੨. ਰੇ ਨਰ ਕਾਹੇ ਪਪੋਰਹੁ ਦੇਹੀ ॥**
**ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ ॥** [ਸੋਰਠਿ ਮਹਲਾ ੫, ਅੰਗ ੬੦੯]

**ਸਾਖੀ ਗੁਰੂ ਨਾਨਕ ਦੇਵ ਜੀ ਦੀ—**ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਰਟਨ ਕਰਦੇ ਦੱਖਣ ਵਿੱਚ ਤਾਪਤੀ ਨਦੀ ਦੇ ਕਿਨਾਰੇ ਬੈਠੇ ਹੋਏ ਭਾਈ ਮਰਦਾਨੇ ਪਾਸੋਂ ਸ਼ਬਦ ਸੁਣ ਰਹੇ ਸਨ ਤੇ ਅਪਾਰ ਸੰਗਤ ਜੁੜ ਰਹੀ ਸੀ। ਤਿਸ ਸਮੇਂ ਉਸ ਨਗਰ ਦਾ ਰਾਜਾ, ਜਿਸ ਦੀਆਂ ਅਨੇਕਾਂ ਇਸਤਰੀਆਂ ਸਨ। ਉਹ ਵੀ ਦਰਸ਼ਨ ਕਰਨ ਵਾਸਤੇ ਆਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਚਿਤ ਨੂੰ ਸ਼ਾਂਤੀ ਬਖ਼ਸ਼ੋ। ਇਹ ਬੇਨਤੀ ਸੁਣ ਕੇ ਸਤਿਗੁਰਾਂ ਨੇ ਬਚਨ ਕੀਤਾ ਕਿ ਸਿੱਖ ਸਾਧੂਆਂ ਦੀ ਸੇਵਾ ਕਰਿਆ ਕਰ ਅਤੇ ਸੰਗਤ ਕਰਦਿਆਂ-ਕਰਦਿਆਂ ਆਪੇ ਹੀ ਸ਼ਾਂਤੀ ਪ੍ਰਾਪਤ ਹੋ ਜਾਵੇਗੀ। ਰਾਜਾ ਸਤਿਗੁਰਾਂ ਦਾ ਹੁਕਮ ਮੰਨ ਕੇ ਆਏ ਸਾਧੂਆਂ, ਸੰਤਾਂ ਦੀ ਸੇਵਾ ਕਰਨ ਲੱਗਾ, ਪਰ ਰਾਜ-ਕਾਜ ਦੇ ਕੰਮਾਂ ਵਿੱਚ ਇਤਨਾ ਫਸਿਆ ਸੀ ਕਿ ਜਿਸਦਾ ਚਿਤ ਉਪਰਾਮ ਨਹੀਂ ਸੀ ਹੁੰਦਾ। ਅਖ਼ੀਰ ਜਦੋਂ ਉਸਦਾ ਅੰਤਮ ਸਮਾਂ ਨੇੜੇ ਆਇਆ ਤਾਂ ਨੌਕਰਾਂ-ਚਾਕਰਾਂ, ਇਸਤਰੀਆਂ ਨੂੰ ਬੁਲਾਇਆ ਤੇ ਹੁਕਮ ਦਿੱਤਾ ਕਿ ਮੇਰੇ ਖ਼ਜ਼ਾਨੇ ਗਿਣੇ ਜਾਣ, ਮੇਰੇ ਜਿੱਤੇ ਹੋਏ ਦੇਸ਼ਾਂ ਦੇ ਨਾਂ ਮੈਨੂੰ ਸੁਣਾਏ ਜਾਣ, ਜਿਹੜੇ ਲਾਲ ਮੈਂ ਖ਼ਜ਼ਾਨੇ ਵਿੱਚ ਪਾਏ ਹਨ, ਉਨ੍ਹਾਂ ਸਾਰਿਆਂ ਦੇ ਦਰਸ਼ਨ ਕਰਵਾਏ ਜਾਣ, ਮੇਰੀਆਂ ਸਾਰੀਆਂ ਇਸਤਰੀਆਂ ਹਾਰ-ਸ਼ਿੰਗਾਰ ਕਰਕੇ ਮੇਰੇ ਸਾਹਮਣੇ ਖੜ੍ਹੀਆਂ ਹੋ ਜਾਣ ਅਤੇ ਮੇਰੇ ਸਾਰੇ ਨੌਕਰ-ਚਾਕਰ ਵਰਦੀ ਪਾ ਕੇ ਤਿਆਰ ਹੋ ਜਾਣ ਤਾਂ ਹੁਕਮ ਸੁਣਾ ਕੇ ਰਾਜਾ ਬਹੁਤ ਪ੍ਰਸੰਨ ਹੁੰਦਾ ਹੈ, ਪਰ ਫੇਰ ਰੋਣ ਲੱਗ ਪੈਂਦਾ ਹੈ ਤੇ ਪਸ਼ਚਾਤਾਪ ਕਰਦਾ ਹੈ ਕਿ ਇਹਨਾਂ ਇਸਤਰੀਆਂ ਲਈ ਮੈਂ ਅਨੇਕਾਂ ਜੁੱਧ ਕੀਤੇ ਤੇ ਇਹਨਾਂ ਨੂੰ ਜਿੱਤ ਕੇ ਲਿਆਂਦਾ, ਪਰ ਅਫ਼ਸੋਸ! ਹੁਣ ਮੈਂ ਇਹਨਾਂ ਤੋਂ ਵਿਛੜ ਰਿਹਾ ਹਾਂ। ਫ਼ਿਰ ਖ਼ਜ਼ਾਨੇ ਦਾ ਵੇਰਵਾ ਸੁਣਾਇਆ ਗਿਆ ਕਿ ਤੇਰੇ ਖ਼ਜ਼ਾਨੇ ਵਿੱਚ ਇਸ ਵੇਲੇ ੨੦ ਖ਼ਰਬ ਤੇ ਦਸ ਅਰਬ ਦੇ ਲਗਭਗ ਹਨ, ਫਿਰ ਮੋਤੀ, ਲਾਲ ਲਿਆ ਕੇ ਦਿਖਾਏ ਤਾਂ ਰਾਜਾ ਉੱਚੀ-ਉੱਚੀ ਰੋਵਣ ਲੱਗਾ। ਇੱਕ ਲਾਲ ਜਿਸ ਦੀ ਕੀਮਤ ਕਈ ਕਰੋੜ ਸੀ, ਜੋ ਉਸ ਨੇ ਬੜੀ ਸਖ਼ਤ ਘਾਲਣਾ ਘਾਲ ਕੇ ਲਿਆਂਦਾ ਸੀ, ਉਸ ਨੂੰ ਦੇਖਦੇ ਸਾਰ ਹੀ ਛਾਤੀ 'ਤੇ ਹੱਥ ਮਾਰ ਕੇ ਹਾਏ-ਹਾਏ ਕਰਨ ਲੱਗਾ। ਜਿਸ ਤਰ੍ਹਾਂ ਕਬੀਰ ਜੀ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥**
**ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥੧੪੪॥** [ਸਲੋਕ ਕਬੀਰ ਜੀ, ਅੰਗ ੧੩੭੨]

ਇਸ ਤਰ੍ਹਾਂ ਦੇ ਹਾਏ-ਵਿਰਲਾਪ ਕਰਦਾ, ਹਉਕਾ ਭਰ ਰਿਹਾ ਸੀ, ਐਨ ਉਸ ਸਮੇਂ ਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆ ਦਰਸ਼ਨ ਦਿੱਤੇ। ਸਤਿਗੁਰਾਂ ਦੇ ਦਰਸ਼ਨ ਕਰਕੇ ਰਾਜੇ ਦਾ ਮਨ ਅਨੰਦ ਨੂੰ ਪ੍ਰਾਪਤ ਹੋਇਆ, ਕਿਉਂਕਿ ਸਤਿਗੁਰਾਂ ਦੇ ਦਰਸ਼ਨਾਂ ਦਾ ਪ੍ਰਤਾਪ ਹੀ ਐਸਾ ਹੈ। ਜੈਸਾ ਕਿ :

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥** [ਗਉੜੀ ਮਹਲਾ ੪, ਅੰਗ ੧੬੮]

ਇਹ ਸਤਿਗੁਰਾਂ ਦੇ ਦਰਸ਼ਨਾਂ ਦਾ ਪ੍ਰਤੱਖ ਫਲ ਹੈ ਕਿ ਜਿਨ੍ਹਾਂ ਦੇ ਮਿਲਣ ਦੇ ਨਾਲ ਸ਼ੋਕ ਗ੍ਰਸਤ ਮਨ ਨੂੰ ਅਨੰਦੁ=ਖੇੜਾ ਪ੍ਰਾਪਤ ਹੋ ਕੇ ਮਨ ਦੀ ਦੁਬਿਧਾ ਨਾਸ ਹੋ ਕੇ ਕੈਵਲ ਮੋਖਸ਼ ਦੀ ਪ੍ਰਾਪਤ ਹੋ ਜਾਂਦੀ ਹੈ। ਇਸਦੇ ਇਕਾਗਰ ਹੋਏ ਮਨ ਵਿੱਚ ਸਤਿਗੁਰਾਂ ਨੇ ਨਾਮ ਦ੍ਰਿੜ੍ਹ ਕਰਾਇਆ ਤੇ ਕਿਹਾ ਕਿ ਰਾਜਨ! ਤੇਰਾ ਇਸ ਵਿੱਚ ਕੁਝ ਵੀ ਨਹੀਂ ਹੈ, ਇਹ ਸਭ ਸੰਜੋਗਾਂ ਦਾ ਮੇਲਾ ਸੀ, ਇਸ ਦੇਸ਼ ਨੂੰ ਤੇ ਇਨ੍ਹਾਂ ਖ਼ਜ਼ਾਨਿਆਂ ਨੂੰ ਕਈ ਵਰਤ ਗਏ, ਕਈ ਜਿੱਤ ਗਏ, ਕਈ ਜਿੱਤ ਕੇ ਜਮਾਂ ਕਰ ਗਏ। ਇਹ ਇਸਤਰੀਆਂ ਵੀ ਤੇਰੀਆਂ ਨਹੀਂ ਹਨ, ਸੰਜੋਗ ਕਰਕੇ ਪ੍ਰਾਪਤ ਹੋਈਆਂ ਸਨ ਤੇ ਹੁਣ ਵਿਜੋਗ ਕਰਕੇ ਵਿਛੜ ਜਾਣਗੀਆਂ। ਸੰਜੋਗ-ਵਿਜੋਗ ਧੁਰਾਂ ਤੋਂ ਉਸ ਪ੍ਰਭੂ ਦਾ ਕਰਮਾਂ ਅਨੁਸਾਰ ਕੀਤਾ ਹੈ। ਜੈਸਾ ਕਿ :

੧. **ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥**
[ਮਾਰੂ ਮਹਲਾ ੧, ਅੰਗ ੧੦੩੨]

੨. **ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥** [ਜਪੁਜੀ ਸਾਹਿਬ, ਅੰਗ ੬]

ਸੋ, ਸਤਿਗੁਰਾਂ ਤੋਂ ਐਸਾ ਉਪਦੇਸ ਸੁਣ ਕੇ ਬਾਦਸ਼ਾਹ ਦੇ ਚਿਤ ਨੂੰ ਸ਼ਾਂਤੀ ਆਈ ਤੇ ਮੁਕਤੀ ਨੂੰ ਪ੍ਰਾਪਤ ਹੋਇਆ। ਜੇ ਸਤਿਗੁਰੂ ਜੀ ਨਾ ਮਿਲਦੇ ਤਾਂ ਮੁਖਵਾਕ ਦੀ ਉਪਰੋਕਤ ਤੁਕ ਅਨੁਸਾਰ ਰਾਜੇ ਦੀ ਉਮਰ ਆਪਣੇ ਸਰੀਰ ਦੀ ਪਾਲਣਾ-ਪੋਸ਼ਣਾ ਵਿੱਚ ਹੀ ਬਤੀਤ ਹੋ ਗਈ ਸੀ ਤੇ ਪ੍ਰਮਾਤਮਾ ਦੀ ਗਤਿ ਨੂੰ ਨਹੀਂ ਸੀ ਜਾਣਦਾ। ਪੂਰਨ ਸਤਿਗਰਾਂ ਦੇ ਮਿਲਾਪ ਤੋਂ ਬਾਅਦ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੋਇਆ। ਜਿਸ ਤਰ੍ਹਾਂ ਅਗਲੀ ਤੁਕ ਵਿੱਚ ਫ਼ੁਰਮਾਨ ਕਰਦੇ ਹਨ।

## *ਸਰਣਿ ਸਮਰਥ; ਅਗੋਚਰ ਸੁਆਮੀ ॥*
## *ਉਧਰੁ ਨਾਨਕ; ਪ੍ਰਭ ਅੰਤਰਜਾਮੀ ॥੪॥੨੭॥੩੩॥*

ਹੇ ਅਗੋਚਰ=ਇੰਦਰਿਆਂ ਦੇ ਅਵਿਸ਼ੇ ਸੁਆਮੀ=ਮਾਲਕ ਪ੍ਰਭੂ! ਤੂੰ ਸ਼ਰਨ ਆਇਆਂ ਦੀ ਰਖਿਆ ਕਰਨ ਨੂੰ ਸਮਰੱਥ ਹੈਂ। ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਅੰਤਰਜਾਮੀ ਪ੍ਰਭੁ=ਮਾਲਕ ਪ੍ਰਭੂ! ਤੂੰ ਸਾਨੂੰ ਸੰਸਾਰ ਸਮੁੰਦਰ ਤੋਂ ਉਧਰੁ=ਤਾਰਨਾ ਕਰ ॥੪॥੨੭॥੩੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੧ [ਆਦਿ ਅੰਗ ੭੪੪]

***ਸੂਹੀ ਮਹਲਾ ੫ ॥ ਸਾਧਸੰਗਿ ਤਰੈ ਭੈ ਸਾਗਰੁ ॥ ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥੧॥ ਸਿਮਰਿ ਸਿਮਰਿ ਜੀਵਾ ਨਾਰਾਇਣ ॥ ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ਰਹਾਉ॥ ਜੀਵਨ ਪਦਵੀ ਹਰਿ ਕਾ ਨਾਉ ॥ ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥ ਆਠ ਪਹਰ ਪਾਰਬ੍ਰਹਮੁ ਧਿਆਈਐ ॥ ਪੂਰਬਿ ਲਿਖਤੁ ਹੋਇ ਤਾ ਪਾਈਐ ॥੩॥ ਸਰਣਿ ਪਏ ਜਪਿ ਦੀਨ ਦਇਆਲਾ ॥ ਨਾਨਕੁ ਜਾਚੈ ਸੰਤ ਰਵਾਲਾ ॥੪॥੨੮॥੩੪॥***

## *ਸੂਹੀ ਮਹਲਾ ੫ ॥*

ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਰਸਨਾ ਤੋਂ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਅੰਕਿਤ ਹੈ। ਜਿਸ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਹੀ ਸਾਧੂ ਦੀ ਸੰਗਤ ਦਾ ਮਹਾਤਮ ਦਸਦੇ ਹਨ।

## *ਸਾਧਸੰਗਿ; ਤਰੈ ਭੈ ਸਾਗਰੁ ॥*
## *ਹਰਿ ਹਰਿ ਨਾਮੁ; ਸਿਮਰਿ ਰਤਨਾਗਰੁ ॥੧॥*

**ਅਨਵੇ**—ਸਾਧ=ਸ੍ਰੇਸ਼ਟ, **ਵਾ:** ਜਿਨ੍ਹਾਂ ਨੇ ਮਨ ਨੂੰ ਸਾਧਿਆ ਹੈ, ਮਨ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਮੈਲ ਨੂੰ ਦੂਰ ਕਰਕੇ ਸਾਧ ਪਦਵੀ ਪ੍ਰਾਪਤ ਕੀਤੀ ਹੈ, ਉਨ੍ਹਾਂ ਦੀ ਸੰਗਤਿ ਵਿੱਚ ਮਿਲ ਕੇ ਰਤਨਾਗਰੁ=ਸ਼ੁਭ ਗੁਣਾਂ ਦੀ ਖਾਣ ਜੋ ਹਰਿ ਹਰਿ ਨਾਮ ਹੈ, ਉਸ ਨਾਮ ਨੂੰ ਜੋ ਸਿਮਰਿ=ਸਿਮਰਦੇ ਹਨ, ਉਹ ਭੈ-ਦਾਇਕ ਸੰਸਾਰ ਸਮੁੰਦਰ ਤੋਂ ਤਰੈ=ਤਰ ਜਾਂਦੇ ਹਨ॥੧॥ ਜੈਸਾ ਕਿ :

**੧. ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥**

[ਗਉੜੀ ਮਹਲਾ ੫, ਅੰਗ ੨੯੫]

**੨. ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧਸੰਗਿ ਸੋ ਭਵਜਲੁ ਤਰੈ ॥**

[ਰਾਮਕਲੀ ਮਹਲਾ ੫, ਅੰਗ ੮੯੬]

**ਸਾਖੀ ਭਾਈ ਗੁਰਦਾਸ ਜੀ ਦੀ—**ਸਿੱਖ ਜਗਤ ਵਿੱਚ ਭਾਈ ਗੁਰਦਾਸ ਜੀ ਨੂੰ ਬੇਦ ਬਿਆਸ ਜੀ ਦਾ ਰੁਤਬਾ ਹਾਸਿਲ ਹੈ। ਇਹਨਾਂ ਨੂੰ ਗੁਰੂ ਘਰ ਦੇ ਬੇਦ ਬਿਆਸ ਕਿਹਾ ਜਾਂਦਾ ਹੈ, ਕਿਉਂਕਿ ਇਨ੍ਹਾਂ ਦੀ ਰਚਨਾ ਤੋਂ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦਾ ਸਿਧਾਂਤ ਸਪੱਸ਼ਟ ਹੁੰਦਾ ਹੈ। ਭਾਈ ਗੁਰਦਾਸ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ ਤੇ ਗੁਰੂ ਰਾਮਦਾਸ ਜੀ ਮਹਾਰਾਜ ਤੋਂ ਸਿੱਖੀ ਪ੍ਰਾਪਤ ਕੀਤੀ ਸੀ। ਇਨ੍ਹਾਂ ਦੀ ਕਥਨੀ ਵਿੱਚ ਜਾਦੂ ਵਰਗਾ ਅਸਰ ਸੀ। ਗੁਰਬਾਣੀ ਦੀ ਵਿਆਖਿਆ ਕਰਦਿਆਂ, ਗੁਰਮਤਿ ਸਿਧਾਂਤ ਨੂੰ ਪ੍ਰਚਾਰਦਿਆਂ ਸਰੋਤਿਆਂ ਨੂੰ ਕੀਲ ਲੈਂਦੇ ਸਨ। ਕਿਉਂਕਿ ਕੇਵਲ ਵਿਦਵਾਨ ਹੀ ਨਹੀਂ ਸਨ, ਬਲਕਿ ਵਿਦਿਆ ਦੇ ਨਾਲ-ਨਾਲ ਇੱਕ ਬਹੁਤ ਵੱਡੇ ਨਾਮ ਅਭਿਆਸੀ, ਨਾਮ ਰਸੀਏ ਵਿਦਵਾਨ ਮਹਾਂਪੁਰਸ਼ ਸਨ। ਇਨ੍ਹਾਂ ਦੀ ਸਬਦ ਸੁਰਤਿ ਦੀ ਅਵਸਥਾ ਇਨ੍ਹਾਂ ਦੀ ਰਚਨਾ ਤੋਂ ਪ੍ਰਗਟ ਹੁੰਦੀ ਹੈ। ਇਨ੍ਹਾਂ ਦੀ ਯੋਗਤਾ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਹਿਤ ਪੰਜਾਬ ਤੋਂ ਬਾਹਰ ਆਗਰੇ ਭੇਜਿਆ, ਜਿਥੇ ਭਾਈ ਸਾਹਿਬ ਜੀ ਨੇ ਭਾਰੀ ਪ੍ਰਚਾਰ ਕੀਤਾ। ਇਧਰ ਪਿੱਛੋਂ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭਾਦਰੋਂ ਸੁਦੀ ਦੂਜ ਸੰਮਤ ੧੬੩੮ ਬਿਕ੍ਰਮੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਜੋਤੀ ਜੋਤਿ ਸਮਾ ਗਏ। ਜਦੋਂ ਚੌਥੇ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਦੀ ਕਨਸੋਅ ਭਾਈ ਗੁਰਦਾਸ ਜੀ ਨੂੰ ਆਗਰੇ ਮਿਲੀ ਤਾਂ ਜਿਸ ਗੁਰੂ ਤੋਂ ਸਿੱਖੀ ਪ੍ਰਾਪਤ ਕੀਤੀ ਸੀ, ਉਸਦੇ ਜੋਤੀ ਜੋਤਿ ਸਮਾਉਣ ਦੀ ਗੱਲ ਸੁਣ ਕੇ ਬੜਾ ਵੈਰਾਗ ਕੀਤਾ। ਨਾਲ ਹੀ ਪਤਾ ਲੱਗਾ ਕਿ ਮੇਰੇ ਭਾਣਜੇ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ

ਗੱਦੀ ਪ੍ਰਾਪਤ ਹੋਈ। ਦਰਸ਼ਨ ਕਰਨ ਹਿਤ ਸੰਗਤ ਸਮੇਤ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿੱਤੇ। ਜਿਸ ਵੇਲੇ ਸਾਰਾ ਮਾਰਗ ਉਲੰਘ ਕੇ ਦਰਿਆ ਬਿਆਸ ਦੇ ਕਿਨਾਰੇ ਪਹੁੰਚੇ ਤਾਂ ਦਿਨ ਛਿਪਾ 'ਤੇ ਗਿਆ ਹੋਇਆ ਸੀ। ਸਿਆਲ ਦੀ ਰੁੱਤ ਹੋਣ ਕਰਕੇ ਬਹੁਤ ਸਰਦੀ ਪੈ ਰਹੀ ਸੀ। ਕਿਨਾਰੇ 'ਤੇ ਪਹੁੰਚ ਕੇ ਪਤਾ ਚੱਲਿਆ ਕਿ ਮਲਾਹ ਆਪਣੇ ਘਰਾਂ ਨੂੰ ਜਾ ਚੁੱਕੇ ਹਨ। ਭਾਈ ਸਾਹਿਬ ਦੇ ਨਾਲ ਸੰਗਤ ਵਿੱਚ ਨੌਜੁਆਨਾਂ ਤੋਂ ਇਲਾਵਾ ਬਿਰਧ, ਬੱਚੇ ਤੇ ਬੀਬੀਆਂ ਵੀ ਸ਼ਾਮਿਲ ਸਨ। ਸਭਨਾਂ ਦੇ ਰਸਨਾ 'ਤੇ ਇਕੋ ਸ਼ਬਦ ਸੀ ਕਿ ਹੁਣ ਕੀ ਬਣੇਗਾ ? ਕਿਉਂਕਿ ਸਰਦੀ ਦਾ ਮੁਕਾਬਲਾ ਕਰਨ ਲਈ ਲੋੜੀਂਦੇ ਬਸਤਰ ਨਹੀਂ ਹਨ, ਸੰਗਤਾਂ ਢਿਡੋਂ ਭੁੱਖੀਆਂ ਹਨ। ਇੱਕ ਪਾਸੇ ਭੁੱਖ ਦਾ ਦੁਖ, ਦੂਜਾ ਰਾਤ ਦੇ ਅੰਧੇਰੇ ਦਾ ਦੁਖ, ਸਫ਼ਰ ਦੀ ਥਕਾਨ, ਸਰਦੀ ਦਾ ਦੁਖ ਤੇ ਸਾਹਮਣੇ ਭੈ ਦਾਇਕ ਦਰਿਆ ਦੇ ਪਾਣੀ ਦਾ ਭੈਅ। ਸੰਗਤਾਂ ਵਿੱਚ ਵੀਚਾਰ ਹੋਣ ਲੱਗੀ ਕਿ ਹੁਣ ਦਰਿਆ ਤੋਂ ਪਾਰ ਤਾਂ ਜਾ ਹੀ ਨਹੀਂ ਸਕਦੇ, ਕਿਤੋਂ ਅਗਨੀ ਦਾ ਪ੍ਰਬੰਧ ਕੀਤਾ ਜਾਵੇ, ਤਾਂ ਜੋ ਸਰਦੀ ਦਾ ਦੁਖ ਦੂਰ ਹੋ ਜਾਵੇ। ਜੈਸਾ ਗੁਰਬਾਣੀ ਦਾ ਫ਼ੁਰਮਾਨ ਹੈ:

**ਅਗਨਿ ਸੀਤ ਕਾ ਲਾਹਸਿ ਦੂਖ ॥** [ਗਉੜੀ ਮਹਲਾ ੫, ਅੰਗ ੧੭੯]

ਕਿਉਂਕਿ ਅਗਨੀ ਵਿੱਚ ਸਰਦੀ ਨੂੰ ਦੂਰ ਕਰਨ ਦੀ ਸ਼ਕਤੀ, ਭਾਵ ਨਿੱਘ ਹੈ। ਸੋ, ਇਸ ਪ੍ਰਕਾਰ ਸੰਗਤਾਂ ਨੂੰ ਚਿੰਤਾਤੁਰ ਦੇਖ ਕੇ ਭਾਈ ਗੁਰਦਾਸ ਜੀ ਨੇ ਸੋਚਿਆ ਕਿ ਸਤਿਗੁਰਾਂ ਦੀ ਬਖ਼ਸ਼ਿਸ਼ ਦੁਆਰਾ ਜੋ ਸ਼ਕਤੀਆਂ ਪ੍ਰਾਪਤ ਹਨ। ਜੇ ਉਹ ਸ਼ਕਤੀਆਂ ਅੱਜ ਸੰਗਤਾਂ ਵਾਸਤੇ ਵਰਤ ਲਈਏ ਤਾਂ ਸਤਿਗੁਰਾਂ ਦੀ ਨਰਾਜ਼ਗੀ ਨਹੀਂ ਹੋ ਸਕਦੀ, ਕਿਉਂਕਿ ਗੁਰਮਤਿ ਵਿੱਚ ਆਪਣੀ ਹਉਮੈ ਨੂੰ ਮੁਖ ਰਖ ਕੇ ਸ਼ਕਤੀ ਦਿਖਾਉਣੀ ਵਿਵਰਜਿਤ ਹੈ, ਪਰਉਪਕਾਰ ਲਈ ਸਾਰੇ ਸਤਪੁਰਸ਼ ਹੀ ਸ਼ਕਤੀ ਦਿਖਾਉਂਦੇ ਆਏ ਹਨ। ਇਹ ਸੋਚ ਕੇ ਭਾਈ ਸਾਹਿਬ ਸੰਗਤ ਨੂੰ ਕਹਿਣ ਲੱਗੇ ਕਿ ਮੰਡ ਵਿੱਚ ਭੁੱਖੇ ਰਹਿ ਕੇ ਸਰਦੀ ਦਾ ਦੁਖ ਸਹਾਰਨ ਨਾਲੋਂ ਆਪਾਂ ਦਰਿਆ ਲੰਘ ਕੇ ਗੋਇੰਦਵਾਲ ਸਾਹਿਬ ਪਹੁੰਚਦੇ ਹਾਂ। ਸੰਗਤ ਕਹਿਣ ਲੱਗੀ ਕਿ ਭਾਈ ਸਾਹਿਬ! ਇਹ ਭੈ ਦਾਇਕ ਦਰਿਆ ਕਿਵੇਂ ਲੰਘਿਆ ਜਾਵੇਗਾ, ਦਰਿਆ ਦਾ ਪਾਣੀ ਬਹੁਤ ਡੂੰਘਾ ਹੈ। ਤਾਂ ਭਾਈ ਸਾਹਿਬ ਜੀ ਨੇ ਗੁਰਬਾਣੀ ਦੁਆਰਾ ਸਿੱਖ ਨਿਸ਼ਚਾ ਪ੍ਰਗਟ ਕਰਦਿਆਂ ਹੋਇਆਂ ਗੁਰੂ ਦਾ ਬਚਨ ਚੇਤੇ ਕਰਾਇਆ। ਜੈਸਾ ਕਿ:

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥** [ਧਨਾਸਰੀ ਮਹਲਾ ੫, ਅੰਗ ੬੭੯]

ਇੱਕ ਸਿੱਖ ਦੇ ਰਸਨਾ ਤੋਂ ਜਪੁਜੀ ਸਾਹਿਬ ਦੀਆਂ ਪੰਗਤੀਆਂ ਦੀ ਆਵਾਜ਼ ਆਈ। ਜੈਸਾ ਕਿ:

**ਸੁਣਿਐ ਹਾਥ ਹੋਵੈ ਅਸਗਾਹੁ ॥** [ਜਪੁਜੀ ਸਾਹਿਬ, ਅੰਗ ੩]

ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਭਰੋਸੇ ਸੰਗਤਾਂ ਨੂੰ ਕਿਹਾ ਕਿ ਪ੍ਰਮੇਸ਼ਰ ਦਾ ਨਾਮ ਤਾਂ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ, ਇਹ ਤਾਂ ਛੋਟੀ ਜਿਹੀ ਨਦੀ ਹੈ, ਆਪਾਂ ਨਾਮ ਦੇ ਆਸਰੇ ਇਸ ਦਰਿਆ ਨੂੰ ਪਾਰ ਕਰਾਂਗੇ। ਇੰਨਾ ਕਹਿ ਕੇ ਭਾਈ ਸਾਹਿਬ ਵਾਹਿਗੁਰੂ, ਵਾਹਿਗੁਰੂ ਦਾ ਜਾਪ ਕਰਦਿਆਂ ਦਰਿਆ ਵਿੱਚ ਪ੍ਰਵੇਸ਼ ਹੋ ਗਏ ਤੇ ਸੰਗਤਾਂ ਨੂੰ ਕਿਹਾ ਕਿ ਤੁਸੀਂ ਵੀ ਨਾਮ ਦਾ ਚਿੰਤਨ ਕਰਕੇ ਮਗਰੇ-ਮਗਰ ਆ ਜਾਓ। ਐਸੀ ਕਲਾ ਵਾਪਰੀ ਕਿ ਪਾਣੀ ਬੱਚਿਆਂ ਦੇ ਗੋਡਿਆਂ ਤਕ ਤੇ ਵੱਡਿਆਂ ਦੇ ਗੋਡਿਆਂ ਤੋਂ ਥੱਲੇ ਤਕ ਆਇਆ। ਸੋ, ਇਉਂ ਪ੍ਰਤੱਖ ਭੈ ਦਾਇਕ ਨਦੀਆਂ, ਵਾ—ਸਮੁੰਦਰਾਂ ਤੋਂ ਸਾਧੂ ਦੀ ਸੰਗਤ ਤਾਰ ਦਿੰਦੀ ਹੈ। ਸਾਧ ਰੂਪ ਭਾਈ ਗੁਰਦਾਸ ਜੀ ਇੱਕ ਸਨ ਤੇ ਤਰਨ ਵਾਲੇ ਅਨੇਕਾਂ ਹੀ ਉਸ ਭੈ ਦਾਇਕ ਬਿਆਸ ਦਰਿਆ ਤੋਂ ਪਾਰ ਲੰਘ ਗਏ, ਇਸ ਤਰ੍ਹਾਂ ਸਤ ਪੁਰਸ਼ਾਂ ਦੀ ਸੰਗਤ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ।

**ਸਾਖੀ ਭਾਈ ਮਰਦਾਨਾ ਜੀ ਦੀ—**ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਨੂੰ ਤਾਰਦੇ ਹੋਏ ਸਮੁੰਦਰ ਦੇ ਕੰਢੇ 'ਤੇ ਪਹੁੰਚੇ। ਸਮੁੰਦਰ ਤੋਂ ਪਾਰ ਦੂਜੇ ਪਾਸੇ ਲੋਕਾਂ ਨੂੰ ਤਾਰਨਾ ਸੀ। ਇਸ ਅਥਾਹ ਸਮੁੰਦਰ ਨੂੰ ਦੇਖ ਕੇ ਮਰਦਾਨਾ ਪੁੱਛਣ ਲੱਗਾ ਕਿ ਇਸ ਭੈ ਦਾਇਕ ਸਮੁੰਦਰ ਤੋਂ ਪਾਰ ਕਿਵੇਂ ਹੋਵਾਂਗੇ। ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਹੇ ਮਰਦਾਨਿਆਂ! ਇਹ ਤਾਂ ਛੋਟਾ ਜਿਹਾ ਸਮੁੰਦਰ ਹੈ, ਪ੍ਰਮੇਸ਼ਰ ਦਾ ਨਾਮ ਤਾਂ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ,

ਉਸ ਦੇ ਨਾਮ ਦੀ ਸ਼ਕਤੀ ਨਾਲ ਇਹ ਸਮੁੰਦਰ ਤਰਨਾ ਕੀ ਔਖਾ ਹੈ, ਤੁਸੀਂ ਦੋਵੇਂ ਮੇਰੇ ਪਿੱਛੇ ਵਾਹਿਗੁਰੂ ਮੰਤਰ ਦਾ ਜਾਪ ਕਰਦੇ ਆਓ ਤੇ ਨਾਮ ਵਿੱਚ ਨਿਸ਼ਚਾ ਰੱਖਣਾ। ਇਹ ਕਹਿ ਕੇ ਸਤਿਗੁਰੂ ਜੀ ਸਮੁੰਦਰ ਉੱਤੇ ਮੂਹਰੇ ਤੁਰ ਪਏ ਤੇ ਸਤਿਗੁਰਾਂ ਦੇ ਮਗਰ ਭਾਈ ਮਰਦਾਨਾ ਤੇ ਬਾਲਾ ਤੁਰ ਪਏ। ਸਤਿਗੁਰੂ ਨੇ ਵਾਹਿਗੁਰੂ ਸ਼ਬਦ ਦੀ ਸਿੱਖਾਂ ਵਿੱਚ ਦ੍ਰਿੜ੍ਹਤਾ ਲਈ ਐਸਾ ਕੌਤਕ ਕੀਤਾ ਕਿ ਧੀਮੀ ਜਿਹੀ ਆਵਾਜ਼ ਵਿੱਚ ਸੋਹੰ ਸ਼ਬਦ ਕਹਿ ਦਿੱਤਾ। ਜਿਸ ਨੂੰ ਸੁਣ ਕੇ ਮਰਦਾਨੇ ਦਾ ਨਿਸ਼ਚਾ ਡੋਲ ਗਿਆ ਤੇ ਸੋਚਣ ਲੱਗਾ ਕਿ ਸਾਨੂੰ ਵਾਹਿਗੁਰੂ ਜਪਣ ਨੂੰ ਕਿਹਾ ਹੈ ਤੇ ਆਪ ਸੋਹੰ ਦਾ ਜਾਪ ਕਰਨ ਲੱਗ ਪਏ ਹਨ ਤੇ ਮਰਦਾਨਾ ਭੀ ਵਾਹਿਗੁਰੂ ਦਾ ਜਾਪ ਛੱਡ ਕੇ ਸੋਹੰ ਦਾ ਜਾਪ ਕਰਨ ਲੱਗਾ। ਪਹਿਲਾਂ ਤਾਂ ਸਮੁੰਦਰ ਉੱਤੇ ਧਰਤੀ ਦੀ ਤਰ੍ਹਾਂ ਤੁਰੇ ਜਾਂਦੇ ਸਨ, ਪਰ ਵਾਹਿਗੁਰੂ ਮੰਤਰ ਦਾ ਜਾਪ ਛੱਡਣ ਦੀ ਦੇਰ ਸੀ ਕਿ ਮਰਦਾਨਾ ਪਾਣੀ ਵਿੱਚ ਗੋਤੇ ਖਾਣ ਲੱਗਾ ਤਾਂ ਭਾਈ ਬਾਲਾ ਜੀ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਮਹਾਰਾਜ ਜੀ! ਮਰਦਾਨਾ ਤਾਂ ਡੁੱਬ ਚਲਿਆ ਹੈ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਮਰਦਾਨਿਆਂ ਕਹੁ ਵਾਹਿਗੁਰੂ। ਮਰਦਾਨੇ ਦੇ ਵਾਹਿਗੁਰੂ ਕਹਿਣ ਦੀ ਦੇਰੀ ਸੀ ਕਿ ਮੁੜ ਸਮੁੰਦਰ 'ਤੇ ਧਰਤੀ ਦੀ ਤਰ੍ਹਾਂ ਤੁਰਨ ਲੱਗਾ। ਸਮੁੰਦਰ ਪਾਰ ਕਰਕੇ ਮਰਦਾਨਾ ਜੀ ਨੇ ਪੁੱਛਿਆ ਕਿ ਮਹਾਰਾਜ! ਇਹ ਕੈਸਾ ਕੌਤਕ ਹੈ ਕਿ ਸੋਹੰ ਵੀ ਪ੍ਰਮਾਤਮਾ ਦਾ ਨਾਮ ਹੈ ਤੇ ਵਾਹਿਗੁਰੂ ਵੀ, ਫਿਰ ਸੋਹੰ ਸ਼ਬਦ ਕਹਿਣ ਨਾਲ ਮੈਂ ਕਿਉਂ ਡੁੱਬ ਚਲਿਆ ਸੀ? ਤਾਂ ਸਤਿਗੁਰੂ ਜੀ ਨੇ ਉਤਰ ਦਿੱਤਾ ਕਿ ਹੇ ਮਰਦਾਨਿਆਂ! ਪ੍ਰਮੇਸ਼ਰ ਨੇ ਜੋ ਗੁਰੂ ਦੀ ਆਗਿਆ ਦਾ ਵਿਧਾਨ ਰਖਿਆ ਹੈ ਤੇ ਇਹ ਮਰਿਆਦਾ ਬੰਨ੍ਹੀ ਹੈ, ਜੈਸਾ ਕਿ:

**ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥**

[ਰਾਮਕਲੀ ਮਹਲਾ ੧, ਅੰਗ ੯੩੩]

ਸੋ, ਇਸ ਲਈ ਗੁਰੂ ਦੀ ਆਗਿਆ ਵਿੱਚ ਰਹਿ ਕੇ ਜਪਿਆ ਨਾਮ ਹੀ ਸਿੱਖ ਦੀ ਸਹਾਇਤਾ ਕਰਦਾ ਹੈ। ਮਨਮਤ ਅਨੁਸਾਰ ਜਪਿਆ ਨਾਮ ਸਫਲਾ ਨਹੀਂ ਹੋ ਸਕਦਾ। ਜੈਸਾ ਕਿ:

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥**

[ਗੂਜਰੀ ਮਹਲਾ ੪, ਅੰਗ ੧੦]

ਸੋ, ਇਸ ਪ੍ਰਕਾਰ ਪ੍ਰਤੱਖ ਭੈ ਦਾਇਕ ਸਮੁੰਦਰ ਅਤੇ ਸੰਸਾਰ ਸਮੁੰਦਰ ਨੂੰ ਤਰਨ ਵਾਸਤੇ ਸਾਧੂ ਦੀ ਸੰਗਤ ਵਿੱਚੋਂ ਪ੍ਰਾਪਤ ਹੋਇਆ ਨਾਮ, ਜਹਾਜ਼ ਦੀ ਨਿਆਈਂ ਹੈ, ਜਿਸ ਦੁਆਰਾ ਜੀਵ ਸਹਿਜੇ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

## *ਸਿਮਰਿ ਸਿਮਰਿ ਜੀਵਾ ਨਾਰਾਇਣ ॥*

ਨਾਰਾਇਣ (ਨਾ+ਰਾਇਣ) ਜਿਸ ਵਿੱਚ ਅਵਿਦਿਆ ਰੂਪ ਰਾਇਣ=ਰਾਤ ਨਾ=ਨਹੀਂ ਹੈ, ਐਸੇ ਪ੍ਰਮੇਸ਼ਰ ਦੇ ਨਾਮ ਨੂੰ ਮੈਂ ਮਨ ਬਾਣੀ ਦੁਆਰਾ ਸਿਮਰ ਸਿਮਰ ਕੇ ਜਿਉਂਦਾ ਹਾਂ, ਭਾਵ ਮੇਰਾ ਇਹੀ ਜੀਵਨ ਹੈ। ਸੰਤਾਂ ਭਗਤਾਂ ਦਾ ਜੀਵਨ ਹੀ ਨਾਮ ਦੇ ਆਸਰੇ ਹੈ। ਸੰਸਾਰ ਵਿੱਚ ਜੋ ਨਾਮ ਨੂੰ ਵਿਸਾਰ ਕੇ ਜੀ ਰਹੇ ਹਨ, ਗੁਰਬਾਣੀ ਵਿੱਚ ਉਨ੍ਹਾਂ ਨੂੰ ਮਿਰਤਕ ਪ੍ਰਾਣੀ ਦੇ ਨਾਲ ਤੁਲਨਾ ਦਿੱਤੀ ਹੈ। ਨਾਮ ਦਾ ਚਿੰਤਨ ਹੀ ਅਸਲੀ ਜੀਵਨ ਹੈ। ਜੈਸਾ ਕਿ:

੧. **ਆਖਾ ਜੀਵਾ ਵਿਸਰੈ ਮਰਿ ਜਾਉ ॥** [ਆਸਾ ਮਹਲਾ ੧, ਅੰਗ ੯]

੨. **ਸਿਮਰਿ ਸਿਮਰਿ ਜੀਵਾ ਗੋਵਿੰਦ ॥** [ਰਾਮਕਲੀ ਮਹਲਾ ੫, ਅੰਗ ੮੯੯]

੩. **ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥੯॥** [ਮਾਰੂ ਮਹਲਾ ੫, ਅੰਗ ੧੦੮੫]

੪. **ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥** [ਮਾਝ ਮਹਲਾ ੧, ਅੰਗ ੧੪੨]

੫. **ਸੋ ਜੀਵਤ ਜਿਹ ਜੀਵਤ ਜਪਿਆ॥** [ਗਉੜੀ ਮਹਲਾ ੫, ਅੰਗ ੨੫੪]

੬. **ਮਰਣੰ ਬਿਸਰਣੰ ਗੋਬਿਦਹ॥ ਜੀਵਣੰ ਹਰਿ ਨਾਮ ਧ੍ਯਾਵਣਹ॥** [ਗਾਥਾ ਮਹਲਾ ੫, ਅੰਗ ੧੩੬੧]

੭. **ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਭੀਰ ਨ ਫਹੀ॥** [ਸਾਰਗ ਮਹਲਾ ੫, ਅੰਗ ੧੨੨੫]

## *ਦੂਖ ਰੋਗ ਸੋਗ ਸਭਿ ਬਿਨਸੇ; ਗੁਰ ਪੂਰੇ ਮਿਲਿ, ਪਾਪ ਤਜਾਇਣ ॥੧॥ਰਹਾਉ॥*

ਪੂਰੇ ਗਿਆਨਵਾਨ ਗੁਰੂ ਦੇ ਮਿਲਿ=ਮਿਲਾਪ ਕਰਕੇ ਜੰਮਣ-ਮਰਣ ਦਾ ਦੁਖ, ਸਰੀਰਕ ਰੋਗ ਅਤੇ ਮਨ ਦੇ ਸੋਗ=ਗਮ, ਚਿੰਤਾ ਬਿਨਸੇ=ਵਿਸ਼ੇਸ਼ ਕਰਕੇ ਨਾਸ ਹੋ ਗਏ ਅਤੇ ਪਾਪ ਕਰਮਾਂ ਨੂੰ ਵੀ ਤਜਾਇਣ=ਤਿਆਗ ਦਿੱਤਾ ਹੈ॥੧॥ਰਹਾਉ॥ ਜੈਸਾ ਕਿ :

੧. **ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥** [ਰਾਮਕਲੀ ਮਹਲਾ ੩, ਅੰਗ ੯੨੨]

੨. **ਗੁਰ ਪੂਰੇ ਜਬ ਭਏ ਦਇਆਲ॥ ਦੁਖ ਬਿਨਸੇ ਪੂਰਨ ਭਈ ਘਾਲ॥੧॥** [ਸੂਹੀ ਮਹਲਾ ੫, ਅੰਗ ੭੪੩]

੩. **ਦੁਖ ਬਿਨਸੇ ਸੁਖ ਹਰਿ ਗੁਣ ਗਾਇ॥ ਗੁਰੁ ਪੂਰਾ ਭੇਟਿਆ ਲਿਵ ਲਾਇ॥** [ਗਉੜੀ ਮਹਲਾ ੫, ਅੰਗ ੧੯੦]

## *ਜੀਵਨ ਪਦਵੀ; ਹਰਿ ਕਾ ਨਾਉ ॥*

ਹਰਿ=ਪ੍ਰਮੇਸ਼ਰ ਵਾਹਿਗੁਰੂ ਦਾ ਨਾਮ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ। ਜਿਥੇ ਮਨੁੱਖ ਕੋਲ ਸੰਸਾਰ ਦੀਆਂ ਅਨੇਕਾਂ ਪਦਵੀਆਂ, ਰੁਤਬੇ ਹਨ, ਉਥੇ ਪ੍ਰਮਾਰਥਕ ਦ੍ਰਿਸ਼ਟੀ ਨਾਲ ਵੇਖੀਏ ਤਾਂ ਇੱਕ ਪਦਵੀ ਸੰਸਾਰ ਵਿੱਚ ਜਿਉਂਦੇ ਰਹਿਣ ਦੀ ਅਤੇ ਇੱਕ ਮਰਨ ਦੀ ਪਦਵੀ, ਇਹ ਦੋ ਪਦਵੀਆਂ ਹਨ। ਪ੍ਰਮੇਸ਼ਰ ਦੇ ਨਾਮ ਨੂੰ ਭੁਲਾ ਕੇ ਉਸ ਨੂੰ ਮੁਰਦਾ ਜੀਵਨ ਕਿਹਾ ਜਾਂਦਾ ਹੈ ਤੇ ਪ੍ਰਮਾਤਮਾ ਦੀ ਯਾਦ ਵਾਲੇ ਜੀਵਨ ਨੂੰ ਹੀ ਜੀਵਨ ਪਦਵੀ, **ਵਾ:** ਗੁਰੂ ਵਲੋਂ ਮਿਲਿਆ ਹੋਇਆ ਜੀਅ-ਦਾਨ ਕਿਹਾ ਜਾਂਦਾ ਹੈ।

## *ਮਨੁ ਤਨੁ ਨਿਰਮਲੁ; ਸਾਚੁ ਸੁਆਉ ॥੨॥*

ਸਾਚੁ=ਸੱਚ ਨਾਮ ਦੇ ਸੁਆਉ=ਲਾਭ, **ਵਾ:** ਪ੍ਰਯੋਜਨ ਕਰਕੇ ਹੀ ਮਨ-ਤਨ ਨਿਰਮਲ=ਮੈਲ ਤੋਂ ਰਹਿਤ ਭਾਵ ਸ਼ੁੱਧ ਹੁੰਦਾ ਹੈ॥੨॥ ਜੈਸਾ ਕਿ :

੧. **ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ॥** [ਸਿਰੀ ਰਾਗ ਮਹਲਾ ੫, ਅੰਗ ੪੮]

੨. **ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ॥** [ਸੂਹੀ ਮਹਲਾ ੫, ਅੰਗ ੭੭੮]

੩. **ਮਨੁ ਤਨੁ ਨਿਰਮਲ ਹੋਇ ਨਿਹਾਲੁ॥ ਰਸਨਾ ਨਾਮੁ ਜਪਤ ਗੋਪਾਲ॥** [ਗੋਂਡ ਮਹਲਾ ੫, ਅੰਗ ੮੬੬]

## *ਆਠ ਪਹਰ; ਪਾਰਬ੍ਰਹਮੁ ਧਿਆਈਐ ॥*
## *ਪੂਰਬਿ ਲਿਖਤੁ ਹੋਇ; ਤਾ ਪਾਈਐ ॥੩॥*

**ਅਨਵੇ—**ਪੂਰਬਲੇ ਕਰਮਾਂ ਦੀ ਲਿਖਤ ਚੰਗੀ ਲਿਖੀ ਹੋਵੇ ਤਾਂ ਹੀ ਆਠ=ਅੱਠੇ ਪਹਿਰ ਪਾਰਬ੍ਰਹਮੁ=ਜਿਸ ਵਿਆਪਕ ਪ੍ਰਮੇਸ਼ਰ ਦਾ ਪਾਰ ਉਰਾਰ ਨਹੀਂ, ਉਸਦਾ ਧਿਆਉਣਾ ਪਾਈਦਾ ਹੈ॥੩॥

## ਸਰਣਿ ਪਏ; ਜਪਿ ਦੀਨ ਦਇਆਲਾ ॥
## ਨਾਨਕੁ ਜਾਚੈ; ਸੰਤ ਰਵਾਲਾ ॥੪॥੨੮॥੩੪॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਨਾਮ ਜਪਦੇ ਹੋਏ ਦੀਨ ਦਿਆਲ ਪ੍ਰਭੂ ਦੀ ਸ਼ਰਨ ਪਏ ਹਾਂ ਅਤੇ ਪ੍ਰਭੂ ਪਾਸੋਂ ਸੰਤਾਂ ਦੀ ਚਰਨ ਧੂੜ ਜਾਚੈ=ਮੰਗਦੇ ਹਾਂ। **ਵਾ:** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਦੀਨ ਦਿਆਲ ਨੂੰ ਜਪਦੇ ਹਨ, ਉਨ੍ਹਾਂ ਸੰਤਾਂ ਦੀ ਸ਼ਰਨ ਵਿੱਚ ਪੈ ਕੇ ਚਰਨ ਧੂੜ ਮੰਗਦੇ ਹਾਂ। ਕਿਉਂਕਿ ਚਰਨ ਧੂੜ ਦੀਆਂ ਬਰਕਤਾਂ ਦੀਆਂ ਬਿਅੰਤ ਸਾਖੀਆਂ ਗੁਰ-ਇਤਿਹਾਸ ਵਿੱਚ ਅਤੇ ਹੋਰ ਧਾਰਮਿਕ ਗ੍ਰੰਥਾਂ ਵਿੱਚ ਅੰਕਿਤ ਹਨ ॥੪॥੨੮॥੩੪॥

**ਸਾਖੀ ਗੁਰੂ ਅਮਰਦਾਸ ਜੀ ਦੀ—**ਜਦੋਂ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਸ੍ਰੀ ਖਡੂਰ ਸਾਹਿਬ ਸੇਵਾ ਕਰ ਰਹੇ ਸਨ, ਤਾਂ ਸਤਿਗੁਰਾਂ ਨੇ ਗੋਇੰਦਵਾਲ ਸਾਹਿਬ ਗੋਂਦੇ ਖੱਤਰੀ ਦੇ ਨਾਂ 'ਤੇ ਵਸਾਉਣ ਲਈ ਆਪ ਜੀ ਨੂੰ ਭੇਜ ਦਿੱਤਾ ਤਾਂ ਪਿੱਛੋਂ ਖੈਹਰੇ ਗੋਤ ਦੇ ਜੱਟਾਂ ਨੇ ਤਪੇ ਦੇ ਕਹਿਣ ਤੋਂ ਮੀਂਹ ਨਾ ਪੈਣ ਦੇ ਬਹਾਨੇ ਖਡੂਰ ਸਾਹਿਬ ਤੋਂ ਬਾਹਰ ਕੱਢ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਮੀਂਹ ਪੈਣ ਦੀ ਦੱਸੀ ਜੁਗਤੀ ਨਾਲ ਤਪੇ ਦੇ ਸੇਵਕਾਂ ਕੋਲੋਂ ਹੀ ਤਪੇ ਦਾ ਅੰਤ ਕਰਵਾ ਦਿੱਤਾ ਤੇ ਬਾਰਸ਼ ਪਵਾ ਦਿੱਤੀ। ਜੱਟਾਂ ਨੇ ਇਕੱਠੇ ਹੋ ਕੇ ਗੁਰੂ ਅੰਗਦ ਸਾਹਿਬ ਤੋਂ ਮੁਆਫ਼ੀ ਮੰਗੀ ਤੇ ਵਾਪਸ ਖਡੂਰ ਸਾਹਿਬ ਲੈ ਆਏ ਤਾਂ ਜਦੋਂ ਦਰਸ਼ਨ ਕਰਕੇ ਗੁਰੂ ਅਮਰਦਾਸ ਜੀ ਪਿਛਲ ਖੋੜੀ ਜਾ ਰਹੇ ਸਨ ਤਾਂ ਅਚਾਨਕ ਦੇਰ ਦੇ ਮਰੇ ਹੋਏ ਵਿਅਕਤੀ ਦੀ ਹੱਡੀ ਚਰਨਾਂ ਨੂੰ ਛੂਹ ਗਈ। ਜੈਸਾ ਕਿ ਭਾਈ ਸੰਤੋਖ ਸਿੰਘ ਜੀ ਕਥਨ ਕਰਦੇ ਹਨ :

**ਮਾਰਗ ਬਿਖੈ ਹਾਡ ਇਕ ਮਾਨਵ। ਪਰਯੋ ਹੁਤੋ ਕਬਿ ਕੋ ਨਹਿਂ ਜਾਨਵ।**
**ਲਾਗਯੋ ਚਰਨ ਪਾਛਲ ਦਿਸ ਜਾਤੇ। ਕਰਾਮਾਤ ਜਿਨਿ ਮਹਿਂ ਅਧਿਕਾਤੇ ॥੩੩॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੨੪]

ਸਤਿਗੁਰੂ ਜੀ ਦਾ ਚਰਨ ਲੱਗਣ ਦੇ ਨਾਲ ਚਿਰੰਕਾਲ ਦਾ ਨਰਕਾਂ ਵਿੱਚ ਪਿਆ ਉਹ ਜੀਵ, ਜਿਸ ਨੂੰ ਕਦੇ ਮਨੁੱਖਾ ਸਰੀਰ ਪ੍ਰਾਪਤ ਸੀ, ਮੁੜ ਮਨੁੱਖ ਤਨ ਵਿੱਚ ਪ੍ਰਗਟ ਹੋ ਕੇ ਸਤਿਗੁਰਾਂ ਦਾ ਜਸ ਕਰਦਾ ਹੋਇਆ ਸਚਖੰਡ ਨੂੰ ਚਲਾ ਗਿਆ। ਜੈਸਾ ਕਿ :

**ਨਰਕ ਬਿਖੈ ਤੇ ਨਿਕਸਯੋ ਪਾਪੀ। ਦੁਸਹਿ ਸਜ਼ਾਇ ਸਕਲ ਹੀ ਖਾਪੀ।**
**ਤਤਛਿਨ ਮਾਨੁਖ ਤਨ ਹੁਇ ਗਯੋ। ਜੋ ਨਿਰਜੀਵ ਸਜੀਵੀ ਥਿਯੋ ॥੩੪॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੨੪]

ਸੋ, ਇਸ ਕੌਤਕ ਨੂੰ ਜਿਨ੍ਹਾਂ ਸੰਗਤਾਂ ਨੇ ਵੇਖਿਆ ਸੀ, ਉਹਨਾਂ ਨੇ ਅਗਲੇ ਦਿਨ ਗੁਰੂ ਅੰਗਦ ਸਾਹਿਬ ਨੂੰ ਸਾਰੀ ਵਾਰਤਾ ਸੁਣਾਈ ਕਿ ਇੱਕ ਹੱਡੀ ਵਿੱਚੋਂ ਮਨੁੱਖ ਪੈਦਾ ਹੋਇਆ, ਬੜੀ ਅਸਚਰਜ ਗੱਲ ਹੋਈ ਹੈ। ਇਹ ਸੁਣ ਕੇ ਗੁਰੂ ਅੰਗਦ ਸਾਹਿਬ ਨੇ ਆਪਣੇ ਸੇਵਕ ਬਾਬਾ ਅਮਰਦਾਸ ਜੀ ਦੀ ਵਡਿਆਈ ਕਰਦੇ ਹੋਏ ਕਿਹਾ ਕਿ ਸੇਵਾ ਤੇ ਸਿਮਰਨ ਵਿੱਚ ਬਰਕਤਾਂ ਹਨ। ਸੇਵਾ ਅਤੇ ਸਿਮਰਨ ਕਰਨ ਵਾਲੇ ਗੁਰਸਿੱਖਾਂ ਦੇ ਚਰਨ ਧੂੜ ਦੇ ਇੱਕ-ਇੱਕ ਕਿਣਕੇ ਵਿੱਚ ਅਠਾਹਠ ਤੀਰਥਾਂ ਦੇ ਇਸ਼ਨਾਨ ਮਹਾਤਮ ਦਾ ਪੁੰਨ ਫਲ ਅਤੇ ਪਵਿੱਤਰਤਾ ਸਮਾਈ ਹੋਈ ਹੈ। ਸਤਿਗੁਰੂ ਕਹਿਣ ਲੱਗੇ ਕਿ ਭਾਵੇਂ ਜੋ ਕੁਝ ਵੀ ਹੋਇਆ ਸਤ ਹੈ, ਪਰ ਫਿਰ ਵੀ ਸੰਸਾਰ ਵਿੱਚ ਕਰਾਮਾਤ ਪ੍ਰਗਟ ਕਰਨੀ ਗੁਰਮਤਿ ਦੀ ਵਿਚਾਰਧਾਰਾ ਤੋਂ ਉਲਟ ਹੈ, ਇਸ ਤੋਂ ਸੰਕੋਚ ਕਰਨਾ। ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਘਾਲਣਾ ਸੰਪੂਰਨ ਹੋ ਚੁੱਕੀ ਹੈ, ਇਸ ਲਈ ਤੁਹਾਨੂੰ ਇਥੇ ਆਉਣ ਦੀ ਲੋੜ ਨਹੀਂ, ਜਦੋਂ ਤੁਹਾਨੂੰ ਦਰਸ਼ਨਾਂ ਦੀ ਇੱਛਾ ਹੋਵੇ, ਮੈਂ ਆਪ ਹੀ ਤੁਹਾਡੇ ਕੋਲ ਪਹੁੰਚਿਆ ਕਰਾਂਗਾ। ਸੋ, ਇਸ ਪ੍ਰਕਾਰ ਮੁਖਵਾਕ ਦੀ ਅਖ਼ੀਰਲੀ ਤੁਕ ਵਿੱਚ ਜੋ ਸਤਪੁਰਸ਼ਾਂ ਦੀ ਚਰਨ ਧੂੜ ਦੀ ਜਾਚਨਾ ਕੀਤੀ ਹੈ, ਉਹ ਇਸ ਲਈ ਕੀਤੀ ਕਿ ਚਰਨ ਧੂੜ ਦਾ ਮਹਾਤਮ ਹੀ ਇਤਨਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੨ [ਆਦਿ ਅੰਗ ੭੪੫]

***ਸੂਹੀ ਮਹਲਾ ੫ ॥ ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥ ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ਰਹਾਉ॥ ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥ ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥੧॥ ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥ ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥੨॥੩॥੪੩॥***

## *ਸੂਹੀ ਮਹਲਾ ੫ ॥*

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਹ ਅੰਮ੍ਰਿਤ ਬਚਨ ਸੂਹੀ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ, ਜਿਸ ਵਿੱਚ ਜੀਵ 'ਤੇ ਮਾਇਆ ਦਾ ਪਿਆ ਪ੍ਰਭਾਵ ਜਗਿਆਸੂ ਮੁਖ ਦੁਆਰਾ ਕਥਨ ਕਰਦੇ ਹਨ।

## *ਜਿਨਿ ਮੋਹੇ ਬ੍ਰਹਮੰਡ ਖੰਡ; ਤਾਹੂ ਮਹਿ ਪਾਉ ॥*

ਹੇ ਵਾਹਿਗੁਰੂ ! ਜਿਸ ਮਾਇਆ ਨੇ ਖੰਡਾਂ, ਬ੍ਰਹਿਮੰਡਾਂ ਦੇ ਜੀਵਾਂ ਨੂੰ ਮੋਹੇ=ਮੋਹ ਲਿਆ ਹੈ, ਆਪਣੇ ਚਮਤਕਾਰੀ ਸੁਭਾਅ ਅਨੁਸਾਰ ਹਰ ਇੱਕ ਦੇ ਮਨ ਨੂੰ ਮੋਹ ਰੂਪੀ ਜਾਲ ਵਿੱਚ ਫਸਾਇਆ ਹੋਇਆ ਹੈ, ਮੈਂ ਤਾਹੂ=ਉਸੇ ਮਾਇਆ ਮਹਿ=ਵਿੱਚ ਪਾਉ=ਪੈ ਰਿਹਾ ਹਾਂ।

## *ਰਾਖਿ ਲੇਹੁ ਇਹੁ ਬਿਖਈ ਜੀਉ; ਦੇਹੁ ਅਪੁਨਾ ਨਾਉ ॥੧॥ਰਹਾਉ॥*

ਹੇ ਵਾਹਿਗੁਰੂ ! ਮੈਂ ਬਿਖਈ=ਵਿਸ਼ਈ ਜੀਵ ਨੂੰ ਇਹੁ=ਇਸ ਮਾਇਆ ਤੋਂ ਰਾਖਿ=ਰੱਖ ਲੈਣਾ ਕਰੋ, ਭਾਵ ਮੇਰੀ ਰੱਖਿਆ ਕਰੋ ਅਤੇ ਆਪਣਾ ਨਾਉ=ਨਾਮ ਦੇਹੁ=ਦੇਣਾ ਕਰੋ, **ਅਥਵਾ** ਆਪਣੇ ਨਾਮ ਦਾ ਦਾਨ ਦੇ ਕੇ ਮੈਨੂੰ ਬਿਖਈ=ਵਿਸ਼ਈ ਜੀਵ ਨੂੰ ਮਾਇਆ ਵੱਲੋਂ ਰੱਖ ਲੈਣਾ ਕਰੋ ॥੧॥ਰਹਾਉ॥

ਸੋ, ਇਸ ਤੁਕ ਵਿੱਚ ਸਤਿਗੁਰੂ ਜੀ ਨੇ ਜੋ ਮਾਇਆ ਦਾ ਜੀਵ 'ਤੇ ਪਿਆ ਪ੍ਰਭਾਵ ਕਥਨ ਕੀਤਾ ਹੈ, ਗੁਰਬਾਣੀ ਵਿੱਚ ਇਸੇ ਵਿਸ਼ੇ ਤੇ ਇਸ ਮਾਇਆ ਦੇ ਪ੍ਰਕਰਣ 'ਤੇ ਸਤਿਗੁਰੂ ਜੀ ਨੇ ਬਹੁਤ ਸਾਰੇ ਸ਼ਬਦ ਤੇ ਬਹੁਤ ਸਾਰੀਆਂ ਤੁਕਾਂ ਕਥਨ ਕੀਤੀਆਂ ਹਨ। ਜਿਤਨੇ ਵੀ ਸੰਤ, ਭਗਤ, ਅਵਤਾਰ, ਕਵੀ, ਵਿਦਵਾਨ ਪੈਦਾ ਹੋਏ ਹਨ, ਸਭ ਨੇ ਹੀ ਮਾਇਆ ਬਾਰੇ ਥੋੜ੍ਹਾ ਜਾਂ ਬਹੁਤਾ ਲਿਖਿਆ ਹੈ। ਪਰ ਗੁਰਬਾਣੀ ਵਿੱਚ ਜੋ ਪ੍ਰਮਾਣ ਆਏ ਹਨ, ਇਹ ਸਭ ਤੋਂ ਪ੍ਰਭਾਵਸ਼ਾਲੀ ਵੀਚਾਰ ਹੈ। ਗੁਰਬਾਣੀ ਵਿੱਚ ਇਹ ਸੁਆਲੀਆ ਫ਼ਿਕਰਾ ਆਇਆ ਹੈ ਕਿ ਮਾਇਆ ਕਿਸ ਚੀਜ਼ ਦਾ ਨਾਮ ਹੈ। ਗੁਰੂ ਅਮਰਦਾਸ ਜੀ ਇਸ ਪ੍ਰਸ਼ਨ ਰੂਪ ਪੰਗਤੀ ਨੂੰ ਉਚਾਰਨ ਕਰਦੇ ਹਨ। ਜੈਸਾ ਕਿ :

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥** [ਸਿਰੀ ਰਾਗੁ ਮ: ੩, ਅੰਗ ੬੭]

ਕਿ ਮਾਇਆ ਕਿਸ ਨੂੰ ਕਹਿੰਦੇ ਹਨ ਅਤੇ ਮਾਇਆ ਕੀ ਕਰਮ ਕਮਾਂਵਦੀ ਹੈ, ਇਸ ਦੇ ਉੱਤਰ ਵਿੱਚ ਅਗਲੀ ਪੰਗਤੀ ਉਚਾਰਨ ਕਰਦੇ ਹਨ। ਜੈਸਾ ਕਿ :

**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥** [ਸਿਰੀ ਰਾਗ ਮ: ੩, ਅੰਗ ੬੭]

ਦੁਖ ਸੁਖ ਕਰਕੇ ਇਹ ਜੀਵ ਬੰਨ੍ਹਿਆ ਹੋਇਆ ਹੈ, ਭਾਵ ਇਹ ਕਿ ਦੁਖ ਸੁਖ ਆਦਿ ਅੰਤਸ਼ਕਰਨ ਦੇ ਧਰਮਾਂ ਨੂੰ ਜਿਸ ਭ੍ਰਾਂਤੀ ਕਰਕੇ ਆਤਮਾ ਵਿੱਚ ਮੰਨ ਰਿਹਾ ਹੈ। ਸੋ, ਭ੍ਰਾਂਤੀ ਹੀ ਮਾਇਆ ਦਾ ਸਰੂਪ ਹੈ ਅਤੇ ਹੰਗਤਾ ਮਮਤਾ ਦੇ ਸਹਿਤ ਜੋ ਕਰਮ ਹਨ। ਸੋ ਮਾਇਆ ਹੀ ਕਮਾਂਉਂਦੀ ਹੈ, ਭਾਵ ਇਹ ਕਿ ਮਾਇਆ ਕਰਕੇ ਹੀ ਅਹੰ-ਤ੍ਵੰ ਆਦਿ ਦੀ ਕਲਪਨਾ ਹੋ ਰਹੀ ਹੈ। ਕਬੀਰ ਸਾਹਿਬ ਇਸ ਮਾਇਆ ਬਾਰੇ ਇਸ ਪ੍ਰਕਾਰ ਕਥਨ ਕਰਦੇ ਹਨ। ਜੈਸਾ ਕਿ :

**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥**

[ਭੈਰਉ ਕਬੀਰ ਜੀ, ਅੰਗ ੧੧੬੦]

ਕਬੀਰ ਜੀ ਕਥਨ ਕਰਦੇ ਹਨ ਕਿ ਜਿਸ ਜੀਵ ਦੇ ਹੀ ਉਦਰੁ=ਪੇਟ ਲਗਿਆ ਹੈ, ਇਹ ਸਮਝੋ ਤਿਸ ਨੂੰ ਮਾਇਆ ਹੀ ਲਗੀ ਹੋਈ ਹੈ। ਕਿਉਂਕਿ ਮਾਇਆ ਪ੍ਰਮੇਸ਼ਰ ਨੂੰ ਭੁਲਾਉਣ ਵਾਲੀ ਸ਼ਕਤੀ ਦਾ ਹੀ ਨਾਮ ਹੈ। ਜੈਸਾ ਕਿ :

**ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**

[ਰਾਮਕਲੀ ਮਹਲਾ ੩, ਅੰਗ ੯੨੧]

ਜਿਸ ਦੇ ਕਾਰਨ ਹਰੀ ਵਾਹਿਗੁਰੂ ਭੁੱਲ ਜਾਵੇ, ਇਹ ਮਾਇਆ ਹੈ। ਭਾਵ ਜੋ ਪ੍ਰਮਾਤਮਾ ਨੂੰ ਭੁਲਾ ਕੇ ਆਪਣੇ ਵਿੱਚ ਜੋੜ ਲਵੇ, ਉਹੀ ਮਾਇਆ ਹੈ। ਭਾਵੇਂ ਉਹ ਪੁੱਤਰ, ਇਸਤਰੀ, ਸੰਬੰਧੀ, ਘਰ-ਬਾਰ ਆਦਿ ਹੈ, ਸਭ ਮਾਇਆ ਦਾ ਹੀ ਸਰੂਪ ਹੈ। ਵੱਡੇ-ਵੱਡੇ ਸਿੱਧ ਪੁਰਸ਼ ਮਾਇਆ ਦੇ ਭੁਲਾਏ ਹੋਏ ਸਮਾਧੀਆਂ ਵਿੱਚ ਸਥਿਰ ਨਹੀਂ ਰਹਿ ਸਕੇ। ਮਾਇਆ ਤੀਨੋਂ ਲੋਕਾਂ ਵਿੱਚ ਬਿਆਪ ਰਹੀ ਹੈ ਤੇ ਮਨਮੁਖ ਪੁਰਸ਼ ਵਿਸ਼ੇਸ਼ ਕਰਕੇ ਮਾਇਆ ਵਿੱਚ ਖੱਚਤ ਹੋ ਰਹੇ ਹਨ ਤੇ ਸਤਿਗੁਰਾਂ ਤੋਂ ਬਿਨਾਂ ਨਾ ਤਾਂ ਦੁਬਿਧਾ ਰੂਪ ਮਾਇਆ ਨਾਸ ਹੁੰਦੀ ਹੈ ਅਤੇ ਨਾ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਜੈਸਾ ਕਿ :

**ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥**
**ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥**
**ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥** [ਸਿਰੀਰਾਗੁ ਮਹਲਾ ੩, ਅੰਗ ੬੭]

ਮਾਇਆ ਪ੍ਰਮੇਸ਼ਰ ਨੇ ਆਪ ਹੀ ਆਪਣੇ ਸਰੂਪ ਤੋਂ ਪੈਦਾ ਕੀਤੀ ਹੈ ਤੇ ਆਪ ਹੀ ਜੀਵਾਂ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ। ਜੈਸਾ ਕਿ :

**ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥** [ਸਿਰੀ ਰਾਗੁ ਮਹਲਾ ੩, ਅੰਗ ੬੭]

ਕੁਝ ਜੀਵਾਂ ਦਾ ਨਾਮ ਲੈ ਕੇ ਵੀ ਮਾਇਆ ਦੇ ਪ੍ਰਭਾਵ ਦੀ ਵਿਆਖਿਆ ਕੀਤੀ ਹੈ। ਜੈਸਾ ਕਿ :

**ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਦੇ ਛੇਦੇ॥**
**ਕਾਮ ਮਾਇਆ ਕੁੰਚਰ ਕਉ ਬਿਆਪੈ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥੧॥**
**ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥੧॥ਰਹਾਉ॥**
**ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥**
**ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥੨॥**
**ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥**
**ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥੩॥**
**ਸੁਆਨ ਸਿਆਲ ਮਾਇਆ ਮਹਿ ਰਾਤਾ॥ ਬੰਤਰ ਚੀਤੇ ਅਰੁ ਸਿੰਘਾਤਾ॥**
**ਮਾਂਜਾਰ ਗਾਡਰ ਅਰੁ ਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ॥੪॥**
**ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰ ਧਰਤੇਵ॥**
**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥੫॥੫॥੧੩॥**

[ਭੈਰਉ ਕਬੀਰ ਜੀ, ਅੰਗ ੧੧੬੦]

**ਸਾਖੀ ਮੁਲਤਾਨੀ ਮੱਲ ਦੀ**—ਲਾਹੌਰ ਸ਼ਹਿਰ ਵਿੱਚ ਇੱਕ ਮੁਲਤਾਨੀ ਮੱਲ ਨਾਮ ਦਾ ਸੇਠ ਨੌਜੁਆਨ ਉਮਰ ਦਾ ਸੀ। ਜੋ ਸਾਧੂਆਂ, ਸੰਤਾਂ ਦਾ ਸੰਗੀ ਸੀ। ਆਏ ਗਏ ਹਰ ਮਹਾਂਪੁਰਸ਼ ਨੂੰ ਮਾਇਆ ਬਾਰੇ ਸੁਆਲ ਕਰਦਾ ਕਿ ਮਹਾਂਪੁਰਸ਼ੋ ਦੱਸਣਾ ਕਰੋ ਕਿ ਮਾਇਆ ਦਾ ਸਰੂਪ ਕਿਸ ਤਰ੍ਹਾਂ ਦਾ ਹੁੰਦਾ ਹੈ। ਇੱਕ ਵਾਰ ਗੁਰੂ ਨਾਨਕ ਸਾਹਿਬ ਲਾਹੌਰ

ਸ਼ਹਿਰ ਪਹੁੰਚੇ। ਦਰਿਆ ਰਾਵੀ ਦੇ ਕਿਨਾਰੇ ਜਾ ਬੈਠੇ। (**ਨੋਟ** :—ਰਾਵੀ=ਸੰਗਯਾ—ਐਰਾਵਤੀ ਨਦੀ। ਰਿਗਵੇਦ ਵਿੱਚ ਇਸ ਦਾ ਨਾਮ ਪਰੁਸਨੀ ਆਇਆ ਹੈ। ਰਾਵੀ ਕੁੱਲੂ ਤੋਂ ਨਿਕਲ ਕੇ ਚੰਬਾ, ਮਾਧੋਪੁਰ, ਦੇਹਰਾ ਬਾਬਾ ਨਾਨਕ, ਲਾਹੌਰ, ਮਿੰਟਗੁਮਰੀ, ਮੁਲਤਾਨ ਆਦਿ ਵਿੱਚ ੪੫੦ ਮੀਲ ਵਹਿੰਦੀ ਹੋਈ ਚਨਾਬ (ਚੰਦ੍ਰਭਾਗਾਂ) ਨੂੰ ਜਾ ਮਿਲਦੀ ਹੈ। ਆਮ ਕਰਕੇ ਇਹ ਰਾਵੀ ਦਰਿਆ ਦੇ ਨਾਂ ਨਾਲ ਪ੍ਰਸਿੱਧ ਹੈ।) ਆਪਣੇ ਸੰਤ ਸੇਵੀ ਸੁਭਾਅ ਦੇ ਅਨੁਸਾਰ ਮੁਲਤਾਨੀ ਮੱਲ ਗੁਰੂ ਨਾਨਕ ਮਹਾਰਾਜ ਦੇ ਚਰਨਾਂ ਵਿੱਚ ਪਹੁੰਚਿਆ ਤੇ ਜੋ ਪ੍ਰਸ਼ਨ ਇਸ ਦੇ ਹਿਰਦੇ ਵਿੱਚ ਦੇਰ ਦਾ ਚੱਕਰ ਲਗਾ ਰਿਹਾ ਸੀ, ਜਿਸ ਦਾ ਉਤਰ ਕਿਸੇ ਮਹਾਂਪੁਰਸ਼ ਕੋਲੋਂ ਸੁਣ ਕੇ ਇਸਦੀ ਤਸੱਲੀ ਨਹੀਂ ਸੀ ਹੋਈ, ਇਸ ਨੇ ਉਹੀ ਪ੍ਰਸ਼ਨ ਕੀਤਾ ਕਿ ਮਾਇਆ ਦਾ ਸਰੂਪ ਕੀ ਹੈ ? ਮੈਨੂੰ ਮਾਇਆ ਦਾ ਸਰੂਪ ਦਿਖਾਓ ਕਿ ਕੈਸਾ ਹੁੰਦਾ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਐਸਾ ਸਰੂਪ ਕਿਉਂ ਦੇਖਣਾ ਚਾਹੁੰਦਾ ਹੈਂ, ਜਿਸ ਦੇ ਨਾਲ ਤੂੰ ਸਾਨੂੰ ਵੀ ਭੁੱਲ ਬੈਠੇਂ ਅਤੇ ਆਪਣੇ ਸੰਬੰਧੀਆਂ ਤੇ ਆਪਣੇ ਆਪ ਨੂੰ ਵੀ ਭੁੱਲ ਜਾਏਂ। ਕਿਉਂਕਿ ਮਾਇਆ ਦਾ ਸਰੂਪ ਹੀ ਭੁਲਣਾ ਹੈ। ਜਦੋਂ ਮੁਲਤਾਨੀ ਮੱਲ ਨੇ ਫਿਰ ਵੀ ਜਿੱਦ ਕੀਤੀ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਚੰਗਾ ਭਾਈ! ਜੇ ਤੇਰੀ ਐਸੀ ਹੀ ਮਰਜ਼ੀ ਹੈ ਤਾਂ ਸਾਹਮਣੇ ਦਰਿਆ ਰਾਵੀ ਵਿੱਚ ਇਸ਼ਨਾਨ ਕਰਕੇ ਆ ਤਾਂ ਮੈਂ ਤੈਨੂੰ ਮਾਇਆ ਦਿਖਾ ਦਿੰਦਾ ਹਾਂ। ਇਹ ਸੁਣ ਕੇ ਮੁਲਤਾਨੀ ਮੱਲ ਨੇ ਆਪਣੇ ਕੱਪੜੇ ਕਿਨਾਰੇ 'ਤੇ ਛੱਡ ਕੇ ਇਸ਼ਨਾਨ ਕਰਨ ਲਈ ਦਰਿਆ ਰਾਵੀ ਵਿੱਚ ਪ੍ਰਵੇਸ਼ ਕੀਤਾ ਤਾਂ ਇੱਕ ਮਾਇਆਵੀ ਮੱਛ, ਜਿਸ ਦਾ ਬਹੁਤ ਵੱਡਾ ਆਕਾਰ ਸੀ, ਇਸ ਨੂੰ ਸਾਬਤ ਨੂੰ ਹੀ ਮੂੰਹ ਰਾਹੀਂ ਨਿਘਾਰ ਕੇ ਆਪਣੇ ਪੇਟ ਵਿੱਚ ਕਾਬੂ ਕਰ ਲਿਆ। ਜਿਸ ਵੇਲੇ ਮੁਲਤਾਨੀ ਮੱਲ ਨੂੰ ਮੱਛ ਨੇ ਪਕੜਿਆ, ਉਦੋਂ ਇਸਦੀ ਉਮਰ ਇੱਕੀ ਸਾਲ ਦੀ ਸੀ ਅਤੇ ਇਸਦੇ ਮਾਂ-ਪਿਉ ਤੋਂ ਇਲਾਵਾ ਇੱਕ ਇਸਦੇ ਘਰਵਾਲੀ ਤੇ ਇੱਕ ਬੇਟਾ ਲਾਹੌਰ ਵਿੱਚ ਮੌਜੂਦ ਸਨ। ਉਸ ਮੱਛ ਨੇ ਇਸ ਨੂੰ ਪਕੜ ਕੇ ਮੁਲਤਾਨ ਵਿੱਚ ਜਾ ਛਡਿਆ। ਮੁਲਤਾਨ ਵਿੱਚ ਦਰਿਆ ਰਾਵੀ ਦੇ ਕਿਨਾਰੇ ਇਕਾਦਸੀ ਦੇ ਪੁਰਬ ਨੂੰ ਮੁਖ ਰੱਖ ਕੇ ਲੋਕ ਇਸ਼ਨਾਨ ਕਰਨ ਵਾਸਤੇ ਆਏ ਹੋਏ ਸਨ। ਉਨ੍ਹਾਂ ਵਿੱਚ ਇੱਕ ਸੇਠ, ਜਿਸਦੇ ਘਰ ਉਲਾਦ ਨਹੀਂ ਸੀ, ਉਹ ਵੀ ਆਪਣੀ ਘਰਵਾਲੀ ਸਮੇਤ ਦਰਿਆ ਦੇ ਕਿਨਾਰੇ ਘੁੰਮ ਰਿਹਾ ਸੀ। ਅਚਾਨਕ ਉਸੇ ਸਮੇਂ ਉਸ ਮਗਰਮੱਛ ਨੇ ਮੁਲਤਾਨੀ ਮੱਲ ਨੂੰ ਇੱਕੀ ਸਾਲ ਦੇ ਜਵਾਨ ਦੀ ਥਾਂ ਨਵਜੰਮੇ ਬੱਚੇ ਦੀ ਅਵਸਥਾ ਵਿੱਚ ਦਰਿਆ ਦੇ ਕਿਨਾਰੇ ਸੁੱਟ ਦਿੱਤਾ। ਜੋ ਪਿੱਛੋਂ ਸੇਠ ਤੇ ਉਸਦੀ ਪਤਨੀ ਦੇ ਨਿਗ੍ਹਾ ਪੈ ਗਿਆ। ਜਿਨ੍ਹਾਂ ਨੇ ਇਸ ਨੂੰ ਪ੍ਰਮਾਤਮਾ ਦੀ ਦਾਤਿ ਸਮਝ ਕੇ ਆਪਣੀ ਗੋਦ ਵਿੱਚ ਲੈ ਲਿਆ। ਫਿਰ ਉਸਦਾ ਨਾਮ ਕਰਨ ਕੀਤਾ ਤਾਂ ਨਾਮ ਵੀ ਮੁਲਤਾਨੀ ਮੱਲ ਰਖਿਆ। ਜਨਮ ਤਾਰੀਖ਼ ਸਰਕਾਰੇ ਦਰਬਾਰੇ ਲਿਖਾ ਦਿੱਤੀ। ਭਾਈਚਾਰੇ ਵਿੱਚ ਵਧਾਈਆਂ ਵੰਡੀਆਂ, ਪਰ ਇਹ ਵਾਰ ਵਾਰ ਸੋਚਿਆ ਕਰੇ ਕਿ ਮੈਂ ਤਾਂ ਲਾਹੌਰ ਦੇ ਰਹਿਣ ਵਾਲਾ ਸੀ, ਇਥੇ ਕਿਵੇਂ ਆ ਗਿਆ। ਲਾਹੌਰ ਵਿੱਚ ਮੇਰੇ ਮਾਂ-ਬਾਪ, ਇਸਤਰੀ ਅਤੇ ਪੁੱਤਰ ਸਨ। ਮੁਲਤਾਨ ਵਾਲੇ ਪਰਿਵਾਰ ਨੂੰ ਇਸਨੇ ਇਹ ਗੱਲੀ ਦੱਸੀ ਤਾਂ ਉਹਨਾਂ ਨੇ ਇਸ ਨੂੰ ਕਿਹਾ ਕਿ ਤੈਨੂੰ ਜਾਂ ਤਾਂ ਪਿਛਲੇ ਜਨਮ ਦੀ ਸਿਮ੍ਰਤੀ ਹੈ ਤੇ ਜਾਂ ਫਿਰ ਕੋਈ ਸੁਪਨਾ ਪ੍ਰਤੱਖ ਹੋਇਆ ਹੈ। ਜਦੋਂ ਇਹ ਮੁਲਤਾਨ ਵਿੱਚ ਵੱਡਾ ਹੋਇਆ ਤਾਂ ਇਸਦੀ ਸ਼ਾਦੀ ਕਰ ਦਿੱਤੀ ਗਈ ਤੇ ਸਾਲ ਬਾਅਦ ਹੀ ਇਸਦੇ ਘਰ ਬੇਟੇ ਨੇ ਜਨਮ ਲਿਆ। ਦੁਕਾਨ ਦਾ ਸਾਰਾ ਕੰਮ ਇਸਦੇ ਪਿਤਾ ਨੇ ਇਸ ਦੇ ਜ਼ੁੰਮੇ ਛੱਡ ਦਿੱਤਾ। ਲੋਕਾਂ ਦੇ ਪੈਸਿਆਂ ਦਾ ਲੈਣ-ਦੇਣ, ਸੂਦ-ਵਿਆਜ਼ੀ, ਇਮਾਂਨਤਾਂ ਆਦਿ ਰੱਖਣੀਆਂ, ਬਹੀਆਂ ਵਿੱਚ ਉਸਦਾ ਸਾਰਾ ਹਿਸਾਬ-ਕਿਤਾਬ ਦਰਜ਼ ਕਰਨਾ, ਇਹ ਸਭ ਕੰਮ ਮਿਹਨਤ ਨਾਲ ਕਰਦਾ। ਇੱਕ ਵਾਰ ਇੱਕ ਮਹਾਤਮਾ, ਜਿਸ ਦਾ ਨਾਮ ਹਰੀਦਾਸ ਸੀ, ਰੁਪਈਆਂ ਦੀ ਇੱਕ ਵਾਂਸਲੀ (ਇੱਕ ਪ੍ਰਕਾਰ ਦੀ ਪਤਲੀ ਤੇ ਲੰਮੀ ਥੈਲੀ, ਜਿਸ ਵਿੱਚ ਨਗਦੀ ਪਾ ਕੇ ਲੋਕ ਲੱਕ ਨਾਲ ਬੰਨ੍ਹਦੇ ਹਨ) ਮੁਲਤਾਨੀ ਮੱਲ ਕੋਲ ਇਮਾਨਤ ਦੇ ਤੌਰ 'ਤੇ ਰੱਖ ਕੇ ਹਰੀਦਾਸ ਚਲਾ ਗਿਆ, ਪਰ ਗਾਹਕਾਂ ਦੀ ਭੀੜ ਹੋਣ ਕਰਕੇ ਮੁਲਤਾਨੀ ਮੱਲ ਵਹੀ ਵਿੱਚ ਦਰਜ ਕਰਨਾ ਭੁੱਲ ਗਿਆ। ਜਦੋਂ ਮੁਲਤਾਨੀ ਮੱਲ ਦੀ ਉਮਰ ਉਤਨੀ ਪੂਰੀ ਹੋ ਗਈ, ਜਿਤਨੀ ਲਾਹੌਰ ਵਿੱਚ ਸੀ, ਭਾਵ ਇੱਕੀ ਵਰ੍ਹੇ ਦਾ ਹੋ ਗਿਆ ਤਾਂ ਇਕਾਦਸੀ ਆਈ ਤੋਂ ਮਾਂ-ਬਾਪ, ਇਸਤਰੀ, ਬੱਚੇ ਸਮੇਤ ਇਸ਼ਨਾਨ ਕਰਨ ਵਾਸਤੇ ਰਾਵੀ 'ਤੇ ਗਿਆ, ਤਾਂ ਇਸਨੇ ਰਾਵੀ ਵਿੱਚ ਇਸ਼ਨਾਨ ਕਰਨ ਲਈ ਪ੍ਰਵੇਸ਼ ਕੀਤਾ ਹੀ ਸੀ ਕਿ ਉਸੇ ਮੱਛ ਨੇ ਫਿਰ ਸਾਬਤ ਨੂੰ ਹੀ ਨਿਗਲ ਲਿਆ ਤੇ ਲਿਆ ਕੇ ਲਾਹੌਰ ਛੱਡ ਦਿੱਤਾ। ਜੋ ਕਪੜਿਆਂ ਦੇ ਕੋਲ ਨੌਕਰ ਸੀ, ਉਸ ਨੂੰ ਪੁੱਛਦਾ

ਹੈ, ਇਹ ਕਪੜੇ ਕਿਸਦੇ ਹਨ, ਇਸ ਸ਼ਹਿਰ ਦਾ ਨਾਮ ਕੀ ਹੈ ? ਨੌਕਰ ਨੇ ਕਿਹਾ ਕਿ ਮਾਲਕ ਤੁਹਾਨੂੰ ਕੀ ਹੋ ਗਿਆ ਹੈ। ਇਹ ਕਪੜੇ ਤੁਹਾਡੇ ਹਨ, ਮੈਂ ਆਪ ਦਾ ਨੌਕਰ ਹਾਂ, ਇਹ ਉਹੀ ਲਾਹੌਰ ਸ਼ਹਿਰ ਹੈ, ਜਿਥੇ ਦੇ ਆਪ ਵਸਨੀਕ ਹੋ। ਮੁਲਤਾਨੀ ਮੱਲ ਕਹਿੰਦਾ ਹੈ ਕਿ ਮੈਂ ਤਾਂ ਮੁਲਤਾਨ ਦੇ ਰਹਿਣ ਵਾਲਾ ਹਾਂ। ਨੌਕਰ ਨੇ ਘਰਦੇ ਬੁਲਾ ਕੇ ਲਿਆਂਦੇ। ਉਹੀ ਮਾਲਾ, ਲੋਟਾ ਕਪੜੇ ਪਏ ਹਨ, ਪਰ ਮੁਲਤਾਨੀ ਰਾਮ ਸਭ ਨੂੰ ਦੇਖ ਕੇ ਭਰਮ ਗਿਆ। ਪੁੱਛਦਾ ਹੈ ਕਿ ਮੈਂ ਕੌਣ ਹਾਂ ? ਉਹ ਕਹਿੰਦੇ ਕਿ ਤੂੰ ਪਾਗਲ ਹੈਂ। ਜਿਹੜਾ ਪੁੱਛਦਾ ਹੈਂ ਕਿ ਕਪੜੇ ਕਿਸ ਦੇ ਹਨ। ਮੁਲਤਾਨੀ ਰਾਮ ਕਹਿੰਦਾ ਕਿ ਲਾਹੌਰ ਤਾਂ ਮੈਂ ਕਦੇ ਦੇਖਿਆ ਹੀ ਨਹੀਂ, ਮੈਂ ਮੁਲਤਾਨ ਦੇ ਰਹਿਣ ਵਾਲਾ ਹਾਂ। ਲੋਕ ਉਸ ਨੂੰ ਫੜ ਕੇ ਉਸਦੇ ਘਰ ਲੈ ਆਏ। ਮਾਤਾ-ਪਿਤਾ ਵੀ ਰਸਤੇ ਵਿੱਚ ਮਿਲੇ। ਸਾਰੇ ਹੈਰਾਨ ਹੋਏ ਕਿ ਇਹ ਕੀ ਹੋ ਗਿਆ। ਲਾਹੌਰ ਵਾਲੀ ਮਾਂ ਨੇ ਪੁੱਛਿਆ ਕਿ ਨਹਾ ਕੇ ਜਲਦੀ ਆ ਗਿਆਂ, ਸੁੱਖ ਤਾਂ ਹੈ, ਅੱਗੇ ਤਾਂ ਦੇਰ ਲਾ ਕੇ ਆਉਂਦਾ ਹੈ। ਇਸੇ ਤਰ੍ਹਾਂ ਘਰਵਾਲੀ ਨੇ ਪੁੱਛਿਆ ਕਿ ਤੁਸੀਂ ਅੱਜ ਦਰਿਆ ’ਤੇ ਗਏ ਹੀ ਨਹੀਂ ? ਜੋ ਜਲਦੀ ਆ ਗਏ ਹੋ। ਮੁਲਤਾਨੀ ਰਾਮ ਪੁੱਛਣ ਲੱਗਾ ਕਿ ਤੁਸੀਂ ਕੌਣ ਹੋ ? ਮਾਂ ਨੇ ਕਿਹਾ ਕਿ ਮੈਂ ਤੇਰੀ ਮਾਂ ਹਾਂ, ਇਹ ਤੇਰੀ ਵਹੁਟੀ ਤੇ ਤੇਰਾ ਬੱਚਾ ਹੈ। ਮੁਲਤਾਨੀ ਰਾਮ ਕਹਿਣ ਲੱਗਾ ਕਿ ਮੈਂ ਤਾਂ ਮੁਲਤਾਨ ਦਾ ਰਹਿਣ ਵਾਲਾ ਹਾਂ, ਇਹ ਕਹਿ ਕੇ ਰੋਣ ਲੱਗ ਪਿਆ। ਬਹੁਤ ਦਿਨ ਤਕ ਸਮਝਾਇਆ ਕਿ ਤੂੰ ਲਾਹੌਰ ਦੇ ਰਹਿਣ ਵਾਲਾ ਹੈਂ ਤੇ ਇਹ ਹੀ ਤੇਰਾ ਪਰਿਵਾਰ ਹੈ। ਹਉਕਾ ਲੈ ਕੇ ਕਿ ਸ਼ਾਇਦ ਮੈਂ ਸੁਪਨੇ ਦੇ ਵਿੱਚ ਉਹ ਦੇਖੇ ਹੋਣ। ਉਧਰ ਮੁਲਤਾਨ ਵਿੱਚ ਮਾਤਾ ਪਿਤਾ ਵਿਰਲਾਪ ਕਰਨ ਲੱਗੇ ਕਿ ਸਾਡਾ ਪੁੱਤਰ ਮਰ ਗਿਆ। ਘਰਵਾਲੀ ਨੇ ਵਿਧਵਾ ਭੇਸ ਬਣਾ ਲਿਆ ਤੇ ਕੁਝ ਦਿਨ ਬਾਅਦ ਸੰਤ ਹਰੀ ਦਾਸ ਜੋ ਮੋਹਰਾਂ ਦੀ ਵਾਂਸਲੀ ਰੱਖ ਗਏ ਸੀ, ਲੈਣ ਵਾਸਤੇ ਆਏ ਤੇ ਪੁੱਛਿਆ ਕਿ ਮੁਲਤਾਨੀ ਰਾਮ ਕਿਥੇ ਹੈ। ਪਿਤਾ ਨੇ ਦੱਸਿਆ ਕਿ ਉਹ ਤਾਂ ਮਰ ਗਿਆ। ਸੰਤਾਂ ਨੇ ਆਪਣੀ ਅਮਾਨਤ ਦੱਸੀ ਤਾਂ ਵਹੀਆਂ ਦੇਖੀਆਂ ਗਈਆਂ। ਵਹੀਆਂ ਵਿੱਚ ਕੋਈ ਅਮਾਨਤ ਨਾ ਲੱਭੀ। ਆਖ਼ਰ ਸੰਤਾਂ ਨਾਲ ਸੇਠ ਦਾ ਝਗੜਾ ਹੋ ਗਿਆ। ਸੇਠ ਨੇ ਕਿਹਾ ਕਿ ਇੱਕ ਮੇਰਾ ਪੁੱਤਰ ਮਰ ਗਿਆ, ਦੂਸਰਾ ਤੂੰ ਪੈਸਾ ਮੰਗ ਰਿਹਾ ਹੈ। ਸੰਤਾਂ ਨੇ ਕਿਹਾ ਕਿ ਮੈਂ ਕਦੇ ਜ਼ਿੰਦਗੀ ਵਿੱਚ ਝੂਠ ਨਹੀਂ ਬੋਲਿਆ। ਆਖ਼ਰ ਸੰਤਾਂ ਨੇ ਕੇਸ ਕਰ ਦਿੱਤਾ। ਉਹ ਕੇਸ ਲਾਹੌਰ ਬੜੇ ਸੂਬੇ ਪਾਸ ਪਹੁੰਚਾ। ਸੰਤ ਹਰੀ ਦਾਸ ਮੁਕੱਦਮੇ ਦੀ ਪੈਰਵੀ ਕਰਨ ਵਾਸਤੇ ਲਾਹੌਰ ਸ਼ਹਿਰ ਪਹੁੰਚਿਆ। ਅਨਾਰ ਕਲੀ ਬਜ਼ਾਰ ਵਿੱਚ ਸਾਹਮਣੇ ਵਾਲੀ ਦੁਕਾਨ ’ਤੇ ਮੁਲਤਾਨੀ ਰਾਮ ਬੈਠਾ ਦੇਖਿਆ। ਸੰਤ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਤੂੰ ਤਾਂ ਮਰ ਗਿਆ ਸੀ, ਤੂੰ ਐਥੇ ਕਿਵੇਂ ਆਇਆ। ਕਹਿਣ ਲੱਗਾ ਕਿ ਇਹ ਤਾਂ ਮੈਂ ਭੀ ਹੈਰਾਨ ਹਾਂ ਅਤੇ ਕਈ ਦਿਨ ਮੁਲਤਾਨ ਯਾਦ ਕਰਕੇ ਰੋਂਦਾ ਭੀ ਰਿਹਾ, ਪਰ ਸਾਰੇ ਲੋਕਾਂ ਨੇ ਕਹਿ ਕੇ ਨਿਸਚਾ ਕਰਾ ਦਿੱਤਾ ਕਿ ਤੂੰ ਲਾਹੌਰ ਦਾ ਹੈਂ। ਹੁਣ ਤੁਸੀਂ ਦਸੋ ਕਿ ਮੈਂ ਲਾਹੌਰ ਦਾ ਹਾਂ ਕਿ ਮੁਲਤਾਨ ਦਾ। ਸੰਤਾਂ ਨੇ ਕਿਹਾ ਕਿ ਤੂੰ ਮੁਲਤਾਨ ਦਾ ਹੈਂ, ਤੈਨੂੰ ਸੌ ਰੁਪਏ ਦੀ ਵਾਂਸਲੀ ਦਿੱਤੀ ਸੀ, ਯਾਦ ਹੈ ਕਿਥੇ ਹੈ ? ਮੁਲਤਾਨੀ ਰਾਮ ਕਿਹਾ ਕਿ ਤਜੌਰੀ ਦੇ ਹੇਠਲੇ ਖ਼ਾਨੇ ਵਿੱਚ ਪਈ ਹੈ। ਸੰਤਾਂ ਨੇ ਚਿੱਠੀ ਲਿਖਾਈ ਤੇ ਮੁਲਤਾਨ ਜਾ ਕੇ ਵਿਖਾਈ। ਉਸ ਦੀ ਅਮਾਨਤ ਸੰਤ ਜੀ ਨੂੰ ਦੇ ਕੇ ਖ਼ਿਮਾ ਮੰਗੀ ਤੇ ਉਸ ਨੂੰ ਨਾਲ ਲੈ ਕੇ ਲਾਹੌਰ ਪਹੁੰਚੇ। ਲਾਹੌਰ ਪਹੁੰਚ ਕੇ ਮੁਲਤਾਨੀ ਰਾਮ ਨੇ ਸਭ ਨੂੰ ਪਹਿਚਾਨਿਆ ਤੇ ਮਿਲੇ, ਪਰ ਉਸ ਨੂੰ ਇਹ ਪਤਾ ਨਾ ਚੱਲੇ ਕਿ ਮੈਂ ਕਿਸਦਾ ਸੰਬੰਧੀ ਹਾਂ, ਦਿਨੇ ਲਾਹੌਰ ਵਾਲਿਆਂ ਵੱਲ ਤੇ ਰਾਤ ਮੁਲਤਾਨ ਵਾਲਿਆਂ ਵੱਲ। ਆਖ਼ਰ ਦੋਨਾਂ ਪਰਿਵਾਰਾਂ ਦਾ ਝਗੜਾ ਹੋਇਆ। ਮੁਕੱਦਮਾ ਸ਼ੁਰੂ ਹੋਇਆ ਤੇ ਸਬੂਤ ਪੇਸ਼ ਹੋਏ। ਇਕੋ ਹੀ ਜਨਮ ਤਰੀਕ, ਸ਼ਾਦੀ ਦਾ ਵੀ ਇਕੋ ਦਿਨ ਨਿਕਲਿਆ। ਬਾਦਸ਼ਾਹ ਨੇ ਜੋਤਸ਼ੀ ਬੁਲਾਏ, ਪਰ ਕੁਝ ਪਤਾ ਨਹੀਂ ਲੱਗਾ। ਆਖ਼ਰ ਬਾਦਸ਼ਾਹ ਨੇ ਕਿਹਾ ਕਿ ਮੇਰੇ ਤੋਂ ਇਹ ਫ਼ੈਸਲਾ ਨਹੀਂ ਹੋਣਾ, ਆਪਣਾ ਫ਼ੈਸਲਾ ਆਪ ਕਰੋ ਤਾਂ ਦੋਨਾਂ ਪਰਿਵਾਰਾਂ ਦੀ ਖਿੱਚਾ-ਖਿੱਚੀ ਸ਼ੁਰੂ ਹੋ ਗਈ। ਮੁਲਤਾਨੀ ਮੱਲ ਨੇ ਦੁਖੀ ਹੋ ਕੇ ਗੁਰੂ ਨਾਨਕ ਨੂੰ ਯਾਦ ਕੀਤਾ ਤਾਂ ਗੁਰੂ ਸਾਹਿਬ ਨੇ ਆ ਕੇ ਝਗੜਾ ਨਿਬੇੜਿਆ। ਸਾਰਿਆਂ ਦੇ ਨੇਤਰ ਬੰਦ ਕਰਾ ਕੇ ਨਾਮ ਦੀ ਧੁਨ ਲਗਵਾਈ। ਜਦੋਂ ਨੇਤਰ ਖੋਲ੍ਹੇ ਤਾਂ ਇੱਕ ਮੁਲਤਾਨੀ ਮੱਲ ਲਾਹੌਰ ਵਾਲਿਆਂ ਵਲ ਤੇ ਇੱਕ ਮੁਲਤਾਨ ਵਾਲਿਆਂ ਵੱਲ ਖੜ੍ਹ ਗਿਆ। ਭਾਵ ਦੋ ਮੁਲਤਾਨੀ ਮੱਲ ਹੋ ਗਏ। ਇਉਂ ਝਗੜਾ ਖ਼ਤਮ ਹੋਇਆ। ਦੂਜੇ ਦਿਨ ਲਾਹੌਰ ਵਾਲਾ ਮੁਲਤਾਨੀ ਮੱਲ

ਗੁਰੂ ਨਾਨਕ ਦੇ ਚਰਨਾਂ ਵਿੱਚ ਹਾਜ਼ਿਰ ਹੋਇਆ ਤਾਂ ਪੁੱਛਣ ਲਗਾ ਕਿ ਮਹਾਰਾਜ ਇਹ ਸਭ ਕੀ ਹੋਇਆ ਹੈ। ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਕੁਝ ਨਹੀਂ ਹੋਇਆ, ਤੈਨੂੰ ਸਿਰਫ਼ ਮਾਇਆ ਦੀ ਝਲਕ ਦਿਖਾਈ ਹੈ, ਤੂੰ ਕਿਤੇ ਨਹੀਂ ਗਿਆ, ਇਥੇ ਹੀ ਬੈਠਾ ਹੈਂ ਤੇ ਨਿਰੰਕਾਰ ਦੀ ਮਾਇਆ ਨੇ ਇੱਕ ਘੜੀ ਵਿੱਚ ਤੈਨੂੰ ਸਭ ਕੁਝ ਦਿਖਾ ਦਿੱਤਾ ਹੈ। ਇਸ ਲਈ ਪ੍ਰਮੇਸ਼ਰ ਦੀ ਮਾਇਆ ਐਸੀ ਚਮਤਕਾਰੀ ਹੈ, ਜਿਸ ਨੇ ਸਾਰੇ ਜੀਵਾਂ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ।

## *ਜਾ ਤੇ ਨਾਹੀ ਕੋ ਸੁਖੀ; ਤਾ ਕੈ ਪਾਛੈ ਜਾਉ ॥*

ਹੇ ਵਾਹਿਗੁਰੂ! ਜਿਸ ਤੇਰੀ ਮਾਇਆ ਤੋਂ ਕੋਈ ਸੁਖੀ ਨਹੀਂ, ਮੈਂ ਤਾ=ਤਿਸ ਮਾਇਆ ਕੈ=ਦੇ ਪਾਛੈ=ਪਿੱਛੇ ਜਾਉ=ਜਾਂਦਾ ਹਾਂ। ਜੈਸਾ ਕਿ:

**ਇਸੁ ਜਰ ਕਾਰਣਿ ਘਣੀ ਵਿਗੂਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥** [ਆਸਾ ਮਹਲਾ ੧, ਅੰਗ ੪੧੭]

## *ਛੋਡਿ ਜਾਹਿ ਜੋ ਸਗਲ ਕਉ; ਫਿਰਿ ਫਿਰਿ ਲਪਟਾਉ ॥੧॥*

ਜੋ ਮਾਇਆ ਸਗਲ=ਸਾਰਿਆਂ ਨੂੰ ਛੋਡਿ=ਛੱਡ ਜਾਹਿ=ਜਾਂਦੀ ਹੈ, ਹੇ ਪ੍ਰਮੇਸ਼ਰ! ਮੈਂ ਫਿਰਿ ਫਿਰਿ=ਵਾਰ ਵਾਰ, ਮੁੜ ਮੁੜ ਕੇ ਉਸ ਵਿੱਚ ਲਪਟਾਉ=ਫਸ ਰਿਹਾਂ ਹਾਂ ॥੧॥ ਜੈਸਾ ਕਿ:

**ਨਾਮੁ ਸੰਗੀ ਸੋ ਮਨਿ ਨ ਵਸਾਇਓ ॥ ਛੋਡਿ ਜਾਹਿ ਵਾਹੂ ਚਿਤੁ ਲਾਇਓ ॥**
[ਟੋਡੀ ਮਹਲਾ ੫, ਅੰਗ ੭੧੫]

## *ਕਰਹੁ ਕ੍ਰਿਪਾ ਕਰੁਣਾਪਤੇ; ਤੇਰੇ ਹਰਿ ਗੁਣ ਗਾਉ ॥*

ਹੇ ਪ੍ਰਮੇਸ਼ਰ ਵਾਹਿਗੁਰੂ! ਆਪ ਕਰੁਣਾਪਤੇ=ਕਿਰਪਾ ਕਰਨ ਵਾਲੇ ਹੋ, ਮੇਰੇ ਉੱਤੇ ਐਸੀ ਕਿਰਪਾ ਕਰੋ ਕਿ ਮੈਂ ਹਰ ਵੇਲੇ ਤੇਰੇ ਗੁਣਾਂ ਨੂੰ ਭਾਵ ਤੇਰੇ ਜਸ ਨੂੰ ਗਉਣਾ ਕਰਾਂ। ਜੈਸਾ ਕਿ:

**ਕਰਿ ਕਿਰਪਾ ਤੇਰੇ ਗੁਣ ਗਾਵਾ ॥ ਨਾਨਕ ਨਾਮੁ ਜਪਤ ਸੁਖੁ ਪਾਵਾ ॥**
[ਵਡਹੰਸ ਮਹਲਾ ੫, ਅੰਗ ੫੬੩]

## *ਨਾਨਕ ਕੀ ਪ੍ਰਭ ਬੇਨਤੀ; ਸਾਧਸੰਗਿ ਸਮਾਉ ॥੨॥੩॥੪੩॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਭ=ਮਾਲਕ ਵਾਹਿਗੁਰੂ! ਮੈਂ ਦਾਸ ਦੀ ਏਹੋ ਬੇਨਤੀ ਹੈ ਕਿ ਅੱਠੇ ਪਹਿਰ ਸਾਧਸੰਗਿ=ਸਤਸੰਗਤ ਵਿੱਚ ਸਮਾਉ=ਮਿਲਿਆ ਰਹਾਂ ॥੨॥੩॥੪੩॥ ਜੈਸਾ ਕਿ:

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥** [ਆਸਾ ਰਵੀਦਾਸ ਜੀ, ਅੰਗ ੪੮੬]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੪੩ [ਆਦਿ ਅੰਗ ੭੪੫-੪੬]

***ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ ੧ੴ ਸਤਿਗੁਰ ਪ੍ਰਸਾਦਿ ॥ ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ਰਹਾਉ॥ ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥ ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥ ਬਿਖਨਾ ਘਿਰੀਆ ॥ ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥ ਦਰਸਨੁ ਕਰੀਆ ॥ ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥੨॥੧॥੪੪॥***

## ਰਾਗੁ ਸੂਹੀ ਮਹਲਾ ੫, ਘਰੁ ੫, ਪੜਤਾਲ;

ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਦਰਜ ਹੈ। ਇਸ ਵਿੱਚ ਪੜਤਾਲ ਸ਼ਬਦ ਆਇਆ ਹੈ। (੧) ਪਰਤਾਉ ਤਾਲ ਦਾ, ਭਾਵ ਜਿਸ ਦੇ ਗਾਉਣ ਵਿੱਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੋਵੇ ਸੋ ਕਹੀਏ ਪੜਤਾਲ। (੨) ਪੱਟਤਾਲ, ਚਾਰ ਤਾਲ ਦਾ ਭੇਦ ਇਸ ਤਾਲ ਵਿੱਚ ਗਾਏ ਜਾਣ ਵਾਲੇ ਪਦਾਂ ਦੀ 'ਪੜਤਾਲ' ਸੰਗਯਾ ਹੋ ਗਈ ਹੈ, ਭਾਵੇਂ ਉਹ ਕਿਸੇ ਧਾਰਨਾ ਦੇ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਾ, ਕਾਨੜੇ ਆਦਿਕ ਰਾਗਾਂ ਦੇ ਪੜਤਾਲ ਸਰਬਲੋਹ ਵਿੱਚ ਅਨੇਕਾਂ ਛੰਦਾਂ ਦੇ ਆਦਿ ਪੜਤਾਲ ਗਾਉਣ ਦੀਆਂ ਪੁਰਾਣੀਆਂ ਰੀਤਾਂ ਹੁਣ ਅਲੋਪ ਹੋ ਰਹੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿਖਾਇਆ ਸੰਗੀਤ ਸਿੱਖਾਂ ਨੇ ਅਣਗਹਿਲੀ ਕਰਕੇ ਭੁਲਾ ਦਿਤਾ ਹੈ। ਭਾਈ ਗੁਰਮੁਖ ਸਿੰਘ, ਭਾਈ ਅਤਰਾ ਅਤੇ ਭਾਈ ਦਿੱਤੂ ਆਦਿਕ ਦੇ ਗਾਏ ਪੜਤਾਲ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਸਾਡੇ ਸੁਨਣ ਵਿੱਚ ਆਏ ਹਨ, ਜੋ ਕੇਵਲ ਸਿਮਰਤੀ ਵਿੱਚ ਰਹਿ ਗਏ ਹਨ।

## ੧ੴ ਸਤਿਗੁਰ ਪ੍ਰਸਾਦਿ ॥

੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ, ਇਹ ਵਸਤੂ ਨਿਰਦੇਸ਼ਕ ਮੰਗਲ ਹੈ। ਇਹ ਮੰਗਲ ਕਰਕੇ ਸਤਿਗੁਰੂ ਜੀ ਨੇ ਇਹ ਸ਼ਬਦ ਉਦੋਂ ਉਚਾਰਨ ਕੀਤਾ, ਜਦੋਂ ਗੁਰਸਿੱਖਾਂ ਨੇ ਇਹ ਪ੍ਰਸ਼ਨ ਕੀਤਾ ਕਿ ਪ੍ਰੀਤੀਆਂ ਵਿੱਚੋਂ ਕਿਹੜੀ ਪ੍ਰੀਤੀ ਵੱਡੀ ਹੈ? ਤਾਂ ਸਤਿਗੁਰੂ ਜੀ ਨੇ ਅੰਮ੍ਰਿਤ ਬਚਨ ਆਪਣੀ ਰਸਨਾ ਤੋਂ ਉਚਾਰਨ ਕੀਤੇ, ਕਿਉਂਕਿ ਗੁਰੂ ਦੀ ਰਸਨਾ ਹਮੇਸ਼ਾ ਨਾਮ ਰੂਪ ਅੰਮ੍ਰਿਤ ਦੇ ਭਿੱਜੇ ਸ਼ਬਦਾਂ ਨੂੰ ਬੋਲਦੀ ਹੈ। ਜੈਸਾ ਕਿ:

**ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥**
**ਜਿਨ ਸੁਣਿ ਸਿਖਾ ਗੁਰ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥** [ਤਿਲੰਗ ਮਹਲਾ ੪, ਅੰਗ ੭੨੬]

ਗੁਰੂ ਬੱਦਲ ਦੀ ਨਿਆਈਂ ਹੈ, ਜਿਵੇਂ ਬੱਦਲ ਗਰਜਦਾ ਹੈ। ਇਸ ਤਰ੍ਹਾਂ ਗੁਰੂ ਸ਼ਬਦਾਂ ਵਿੱਚ ਗਰਜਦੇ ਹਨ। ਜਿਵੇਂ ਬੱਦਲਾਂ ਤੋਂ ਮੀਂਹ ਵਰ੍ਹਦਾ ਹੈ, ਇਸੇ ਤਰ੍ਹਾਂ ਗੁਰਾਂ ਦੀ ਰਸਨਾ ਤੋਂ ਨਾਮ ਬਾਣੀ ਦਾ ਮੀਂਹ ਵਰ੍ਹਦਾ ਹੈ। ਜੈਸਾ ਕਿ:

**ਘਨੁ ਗਰਜਤ ਗੋਬਿੰਦ ਰੂਪ ॥ ਗੁਨ ਗਾਵਤ ਸੁਖ ਚੈਨ ॥** [ਮਲਾਰ ਮਃ ੫, ਅੰਗ ੧੨੭੨]

ਦੇ ਮਹਾਂਵਾਕਾਂ ਅਨੁਸਾਰ ਸਤਿਗੁਰੂ ਜੀ ਨੇ ਉਪਰ ਕੀਤੇ ਪ੍ਰਸ਼ਨ ਦੇ ਉਤਰ ਵਿੱਚ ਇਸ ਮੁਖਵਾਕ ਦੀ ਪਹਿਲੀ ਤੁਕ ਉਚਾਰਨ ਕੀਤੀ:

## *ਪ੍ਰੀਤਿ ਪ੍ਰੀਤਿ ਗੁਰੀਆ; ਮੋਹਨ ਲਾਲਨਾ ॥*

ਲਾਲਨਾ=ਪਿਆਰੇ ਅਤੇ ਮੋਹਨ=ਮਨ ਨੂੰ ਮੋਹਨ ਵਾਲੇ ਪ੍ਰਮਾਤਮਾ ਵਿੱਚ ਜੋ ਪ੍ਰੀਤੀ ਕਰਨੀ ਹੈ, ਇਹ ਹੀ ਸਭ ਤੋਂ ਗੁਰੀਆ=ਵੱਡੀ ਪ੍ਰੀਤੀ ਹੈ। **ਅਥਵਾ** ਪ੍ਰੀਤੀਆਂ ਵਿੱਚੋਂ ਮੇਰੇ ਹਿਰਦੇ ਵਿੱਚ ਲਾਲਨਾ=ਪਿਆਰੇ ਮੋਹਨ ਪ੍ਰਮਾਤਮਾ ਦੀ ਗੁਰੀਆ=ਭਾਰੀ ਪ੍ਰੀਤੀ ਲੱਗ ਰਹੀ ਹੈ। ਜੈਸਾ ਕਿ ਪ੍ਰੀਤੀ ਧਨ ਦੀ, ਸੰਤਾਨ ਦੀ, ਮਾਂ ਦੀ, ਪਿਉ ਦੀ, ਪਦਾਰਥਾਂ ਦੀ ਇਹ ਸਭ ਛੋਟੀਆਂ ਪ੍ਰੀਤੀਆਂ ਹਨ। ਇਨ੍ਹਾਂ ਵਿੱਚੋਂ ਕੋਈ ਭੀ ਪ੍ਰੀਤੀ ਵੱਡੀ ਨਹੀਂ ਹੈ। ਛੋਟੀ ਪ੍ਰੀਤੀ ਇਸ ਲਈ ਹੈ ਕਿ ਇਸ ਦੇ ਬਿਨਸਨ ਨੂੰ ਬਹੁਤੀ ਦੇਰ ਨਹੀਂ ਲਗਦੀ। ਇਹ ਪ੍ਰੀਤੀ ਤੁਟਦੀ ਨੂੰ ਦੇਰ ਨਹੀਂ ਲਗਦੀ। ਕਿਉਂਕਿ ਮਨ ਦੇ ਆਖੇ ਲਗਣ ਵਾਲੇ ਇਹ ਸੰਸਾਰੀ ਜੀਵ ਮੋਹ ਮਾਇਆ ਦੀ ਪਕੜ ਵਿੱਚ ਗੁਰ-ਉਪਦੇਸ਼ ਤੋਂ ਮੁਨਕਰ ਹਨ। ਉਨ੍ਹਾਂ ਪ੍ਰਤੀ ਸਤਿਗੁਰੂ ਜੀ ਐਸਾ ਫ਼ੁਰਮਾਨ ਕਰਦੇ ਹਨ।

**ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥**
**ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥**

[ਵਾਰ ਵਡਹੰਸ ਮਃ ੩, ਅੰਗ ੫੮੭]

ਸੋ, ਸੰਸਾਰ ਦੇ ਮਿੱਤਰਾਂ, ਸੰਬੰਧੀਆਂ, ਪਦਾਰਥਾਂ ਦੀਆਂ ਪ੍ਰੀਤੀਆਂ ਛੋਟੀਆਂ ਹਨ, ਇਨ੍ਹਾਂ ਨੂੰ ਟੁਟਦਿਆਂ ਦੇਰ ਨਹੀਂ ਲਗਦੀ। ਸੰਬੰਧੀ ਅਤੇ ਪਦਾਰਥ ਅਲਪ ਕਾਲ ਦੇ ਹਨ, ਸਦੀਵ ਨਹੀਂ। ਇਸ ਲਈ ਵੀ ਇਨ੍ਹਾਂ ਦੀ ਪ੍ਰੀਤੀ ਛੋਟੀ ਹੈ। ਮੋਹਨ ਲਾਲ ਪਿਆਰਾ ਸਦੀਵ ਰਹਿਣ ਵਾਲਾ ਹੈ, ਇਸ ਲਈ ਇਸ ਦੀ ਪ੍ਰੀਤੀ ਵੀ ਸਦੀਵ ਹੈ ਅਤੇ ਗੁਰੀਆ=ਵੱਡੀ ਹੈ।

## *ਜਪਿ ਮਨ ਗੋਬਿੰਦ ਏਕੈ, ਅਵਰੁ ਨਹੀ ਕੋ ਲੇਖੈ;*
## *ਸੰਤ ਲਾਗੁ, ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ਰਹਾਉ॥*

ਹੇ ਮੇਰੇ ਮਨ ! ਤੂੰ ਏਕੈ=ਇੱਕ ਗੋਬਿੰਦ (ਗੋ+ਬਿੰਦ) ਗੋ=ਬੇਦਾਂ ਕਰਕੇ ਬਿੰਦ=ਜਾਨਣ ਯੋਗ ਪਰਮੇਸ਼ਰ ਨੂੰ ਜਪਣਾ ਕਰ, ਕਿਉਂਕਿ ਹੋਰ ਕੋਈ ਵੀ ਕਰਮ ਲੇਖੈ=ਥਾਂ ਨਹੀਂ ਪੈਂਦਾ, ਸੰਤ=ਸ਼ਾਂਤ ਆਤਮਾ ਸਤ ਪੁਰਸ਼ਾਂ ਦੀ ਚਰਨੀ ਲਾਗੁ=ਲੱਗ ਕਰ ਕੇ ਮਨਹਿ=ਮਨ ਵਿੱਚੋਂ ਦੁਬਿਧਾ=ਦ੍ਵੈਤ (ਮਨ ਦਾ ਦੋ ਰਾਵਾਂ ਵਿੱਚ ਹੋ ਜਾਣਾ) ਦੀ ਕੁਰੀਆ=ਡੰਡੀ ਛੱਡ ਦੇਣਾ ਕਰ ॥੧॥ਰਹਾਉ॥ ਜੈਸਾ ਕਿ :

**ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥**
**ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥** [ਆਸਾ ਮਹਲਾ ੧, ਅੰਗ ੪੧੯]

ਗੁਰੂ ਨਾਨਕ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ ! ਦੁਬਿਧਾ ਰੂਪ ਕੁਵਾਟੜੀ=ਖੋਟੀ ਵਾਟ 'ਤੇ ਚਲਣਾ ਛੱਡ ਦੇਵੋ ਨਹੀਂ ਤਾਂ ਇਹ ਰਸਤਾ ਇਤਨਾ ਖ਼ਤਰਨਾਕ ਹੈ ਕਿ ਇਸ ਰਸਤੇ 'ਤੇ ਮੂਸਹੁਗੇ=ਲੁੱਟੇ ਜਾਵੋਗੇ। ਇਸ ਰਸਤੇ ਨੂੰ ਛੱਡ ਕੇ ਸਤਿਗੁਰਾਂ ਦੀ ਸ਼ਰਨ ਵਿੱਚ ਆ ਕੇ ਦਿਨ-ਰਾਤ ਉਸ ਪ੍ਰਭੂ ਦੇ ਨਾਮ ਨੂੰ ਸਲਾਹੁਣਾ ਕਰੋ। ਜੈਸਾ ਕਿ :

੧. **ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥**
**ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥** [ਸਲੋਕ ਮਹਲਾ ੫, ਅੰਗ ੧੪੨੫]

੨. **ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥**
**ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥** [ਸਿਰੀਰਾਗ ਮਹਲਾ ੧, ਅੰਗ ੧੯]

ਇਸ ਦੁਬਿਧਾ ਨੇ ਸੰਸਾਰ ਸਮੁੰਦਰ ਵਿੱਚ ਜੀਵਾਂ ਦੇ ਪੂਰਾਂ ਦੇ ਪੂਰ ਡੋਬ ਦਿੱਤੇ ਹਨ। ਜੈਸਾ ਕਿ :

**ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੈ ਪੂਰੁ ॥੧॥** [ਸਿਰੀਰਾਗ ਮਹਲਾ ੧, ਅੰਗ ੧੯]

ਇਸ ਸੰਸਾਰ ਵਿੱਚ ਐਸਾ ਕੋਈ ਵਿਰਲਾ ਹੀ ਬਲੀ ਪੁਰਸ਼ ਹੈ, ਜੋ ਇਸ ਦੁਬਿਧਾ ਨੂੰ ਮਾਰ ਕੇ ਗਵਾ ਦੇਵੇ, ਇਸ ਦੁਬਿਧਾ ਨੂੰ ਮਾਰ ਕੇ ਹੀ ਰਾਜ ਜੋਗ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥**
**ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ਰਹਾਉ॥** [ਗਉੜੀ ਮਹਲਾ ੫, ਅੰਗ ੨੩੭]

ਸੋ, ਇਸ ਦੁਬਿਧਾ ਨੂੰ ਆਪਣੇ ਆਪ ਤਾਂ ਮਾਰਨ ਵਿੱਚ ਕੋਈ ਸਮਰਥ ਨਹੀਂ ਹੈ, ਜਿਸ ਨੂੰ ਸਤਿਗੁਰੂ ਦਾ ਮਿਲਾਪ ਹੋਵੇ, ਸਤਿਗੁਰੂ ਦੀ ਕ੍ਰਿਪਾ ਦੁਆਰਾ ਉਸ ਦੀ ਦੁਬਿਧਾ ਭਾਗੈ=ਨਾਸ ਹੋ ਜਾਂਦੀ ਹੈ। ਜੈਸਾ ਕਿ :

**ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥** [ਗਉੜੀ ਮਹਲਾ ੫, ਅੰਗ ੧੫੩]

**ਸਾਖੀ—ਗੁਰੂ ਗੋਬਿੰਦ ਸਿੰਘ ਜੀ ਅਤੇ ਲੰਮੀ ਉਮਰ ਵਾਲੇ ਜੋਗੀ ਦੀ—**ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਸਾਹਿਬ ਦਾ ਜੰਗ ਫ਼ਤਹਿ ਕਰਕੇ, ਸਿੰਘਾਂ ਦਾ ਸਸਕਾਰ ਕਰਕੇ, ਇਸ ਜਗ੍ਹਾ ਨੂੰ ਮੁਕਤੀ ਦਾ ਸਰ ਭਾਵ ਮੁਕਤਸਰ ਕਹਿ ਕੇ ਕਿ ਇਥੇ ਜੋ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰੇਗਾ, ਉਹ ਮੁਕਤ ਹੋ ਜਾਵੇਗਾ। (ਮੁਕਤਸਰ ਸਾਹਿਬ ਦਾ ਜੰਗ ਭਾਵੇਂ ਵੈਸਾਖ ਵਿੱਚ ਹੋਇਆ ਸੀ। ਪਰ ਭਾਈ ਲੰਗਰ ਸਿੰਘ ਨੇ, ਜੋ ਉਸ ਵੇਲੇ ਗੁਰੂ ਜੀ ਦੇ ਨਾਲ ਸੀ, ਜਿਨ੍ਹਾਂ ਦਾ ਮਕਾਨ ਹਰੀਕੇ ਪਿੰਡ ਉੱਘਾ ਹੈ। ਕਈ ਵਰ੍ਹੇ ਪਿੱਛੋਂ ਇਸ ਅਸਥਾਨ ’ਤੇ ਸਿੰਘਾਂ ਦੇ ਦਲਾਂ ਨੂੰ ਸੱਦ ਕੇ ਸਾਰਿਆਂ ਨਾਲ ਸਲਾਹ ਕਰਕੇ ਮਾਘੀ ਦਾ ਮੇਲਾ ਠਹਿਰਾਇਆ, ਕਿਉਂਕਿ ਪਾਣੀ ਦੀ ਘਾਟ ਕਰਕੇ ਇਹ ਰੁਤ ਮਾਲਵੇ ਦੇਸ ਵਿੱਚ ਯਾਤਰਾ ਕਰਨ ਲਈ ਬਹੁਤ ਚੰਗੀ ਮਾਲੂਮ ਹੁੰਦੀ ਹੈ)। ਤ੍ਰਿਕਾਲਾਂ ਨੂੰ ਸਤਿਗੁਰੂ ਜੀ ਨਾਂਗੇ ਦੀ ਸਰਾਏ ਪਿੰਡ ਪਹੁੰਚੇ, ਜੋ ਜ਼ਿਲ੍ਹਾ ਮੁਕਤਸਰ ਸਾਹਿਬ ਵਿੱਚ ਹੈ, ਮੁਕਤਸਰ ਸਾਹਿਬ ਤੋਂ ਸੱਤ ਕੋਹ ਉਤਰ ਪੂਰਵ ਹੈ। ਜਿਸ ਦਾ ਪਹਿਲਾ ਨਾਂ ਮਤੇ ਦੀ ਸਰਾਇ ਹੈ, ਕਿਉਂਕਿ ਇਹ ਉਜੜਿਆ ਥੇਹ ਇੱਕ ਉਦਾਸੀ ਨਾਂਗੇ ਸਾਧੂ ਨੇ ਆਬਾਦ ਕੀਤਾ ਸੀ, ਜਿਸ ਤੋਂ ਇਸਦਾ ਨਾਮ ਨਾਂਗੇ ਦੀ ਸਰਾਇ ਪਿਆ। ਇਥੇ ਇੱਕ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਗੁਰੂ ਅੰਗਦ ਦੇਵ ਜੀ ਦਾ ਹੈ। ਗੁਰੂ ਅੰਗਦ ਸਾਹਿਬ ਜੀ ਦਾ ਜਨਮ ਅਸਥਾਨ ਪਿੰਡ ਤੋਂ ਚਾਰ ਸੌ ਕਦਮ ਪੂਰਵ ਵੱਲ ਮਤੇ ਦੀ ਸਰਾਇ ਦੇ ਥੇਹ ਉੱਤੇ ਹੈ। ਇਥੇ ਵੈਸਾਖੀ ਨੂੰ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਬਰੂਵਾਲੀ ਤੋਂ ਇਹ ਥਾਂ ਡੇਢ ਮੀਲ ਦੱਖਣ ਵੱਲ ਹੈ। ਸਤਿਗੁਰੂ ਜੀ ਇਥੇ ਪਹੁੰਚ ਕੇ ਢਾਬ ਦੇ ਕੰਢੇ ’ਤੇ ਉਤਰੇ। ਇਸੇ ਢਾਬ ਦੇ ਦੂਜੇ ਕੰਢੇ ’ਤੇ ਇੱਕ ਲੰਮੀ ਉਮਰ ਦਾ ਜੋਗੀ ਰਹਿੰਦਾ ਸੀ, ਜਿਸ ਦੀ ਉਮਰ ਭਾਈ ਸੰਤੋਖ ਸਿੰਘ ਜੀ ਨੇ ਪੰਜ ਹਜ਼ਾਰ ਇੱਕ ਸੌ ਵੀਹ ਵਰ੍ਹੇ ਦੀ ਲਿਖੀ ਹੈ। ਘਾਹ ਅਤੇ ਲੱਕੜਾਂ ਇੱਕੱਠੀਆਂ ਕਰਨ ਵਾਸਤੇ ਗੁਰੂ ਕੇ ਸਿੰਘ ਇਧਰ-ਉਧਰ ਵਿਚਰ ਰਹੇ ਸਨ। ਜੋਗੀ ਆਪਣੇ ਸੇਵਕਾਂ ਨੂੰ ਪੁੱਛਣ ਲੱਗਾ ਕਿ ਢਾਬ ਦੇ ਪਰਲੇ ਕੰਢੇ ’ਤੇ ਕੌਣ ਉਤਰਿਆ ਹੈ ਤਾਂ ਉਸ ਦੇ ਸੇਵਕਾਂ ਨੇ ਦੱਸਿਆ ਕਿ ਮਰੇਲਾ ਗੁਰੂ ਉਤਰਿਆ ਹੈ [ਮਰੇਲਾ (ਤੁਰਕਾਂ) ਦੇ ਮਾਰਨ ਵਾਲਾ, ਮੁਸਲਮਾਨਾਂ ਨੇ ਨਫ਼ਰਤ ਨਾਲ ਸਤਿਗੁਰੂ ਦਾ ਇਹ ਨਾਮ ਧਰਿਆ ਸੀ]। ਜਿਸ ਨੇ ਤੁਰਕਾਂ ਨਾਲ ਭਾਰੀ ਜੰਗ ਕਰਕੇ ਹਜ਼ਾਰਾਂ ਨੂੰ ਮਾਰਨਾ ਕੀਤਾ ਹੈ। ਜੈਸਾ ਕਿ :

**ਬਿਚਰਤਿ ਭਏ ਸਿੰਘ ਜਹਿਂ ਕਹਾਂ॥ ਏਕ ਸਾਧ ਕੋ ਆਸ਼੍ਰਮ ਤਹਾਂ॥੨੨॥**
**ਬੂਝਨਿ ਲਗਯੋ ਸੇਵਕਨਿ ਸੋਈ॥ ਪਰਲੇ ਤੀਰ ਤਾਲ ਕੇ ਹੋਈ॥**
**ਉਤਰਯੋ ਕੌਨ ਬੋਲ ਸੁਨੀਅੰਤੇ ? ਕਿਤ ਤੇ ਆਇ ਕਹਾਂ ਗਮਨੰਤੇ॥੨੩॥**
**ਤਿਸ ਕੇ ਦਾਸਨ ਦਯੋ ਬਤਾਈ॥ ਗੁਰੂ ਮਰੇਲਾ ਉਤਰਯੋ ਆਈ॥**
**ਤੁਰਕਨਿ ਸੰਗ ਜੰਗ ਕਰਿ ਭਾਰੇ॥ ਕੇਤੀ ਬਾਰ ਹਜ਼ਾਰਹੁ ਗਾਰੇ॥੨੪॥**

[ਸ੍ਰੀ ਗੁਰ ਪ੍ਰਤਾਪ, ਐਨ ੧, ਅੰਸੂ ੧੩]

ਉਸ ਜੋਗੀ ਦੇ ਸੇਵਕਾਂ ਨੇ ਸਿੰਘਾਂ ਤੋਂ ਪੁੱਛਿਆ ਕਿ ਤੁਹਾਡੇ ਗੁਰੂ ਦੀ ਉਮਰ ਕਿਤਨੀ ਕੁ ਹੈ ਤਾਂ ਸਿੱਖਾਂ ਨੇ

ਸੈਂਤੀ-ਅਠੱਤੀ ਸਾਲ ਦੀ ਦੱਸੀ। ਇਸ 'ਤੇ ਜੋਗੀ ਨੇ ਹੱਸ ਕੇ ਬਚਨ ਕਿਹਾ ਕਿ ਇਸੇ ਲਈ ਇਹ ਗੁਰੂ ਮਰੇਲਾ, ਲੜਾਕਾ ਹੋ ਰਿਹਾ ਹੈ, ਅਜੇ ਬਾਲਕ ਹੈ। ਇਹ ਗੱਲ ਜਦੋਂ ਗੁਰੂ ਜੀ ਨੂੰ ਸਿੱਖਾਂ ਨੇ ਦੱਸੀ ਕਿ ਮਹਾਰਾਜ! ਇੱਕ ਜੋਗੀ ਢਾਬ ਦੇ ਪਰਲੇ ਕੰਢੇ 'ਤੇ ਰਹਿੰਦਾ ਹੈ, ਆਪ ਜੀ ਨੂੰ ਛੋਟੀ ਉਮਰ ਦਾ ਬਾਲਕ ਕਹਿ ਕੇ ਹੱਸਿਆ ਹੈ ਅਤੇ ਨਾਲ ਕਿਹਾ ਹੈ ਕਿ ਮੈਂ ਤਾਂ ਗੁਰੂ ਸਮਝ ਕੇ ਦਰਸ਼ਨ ਕਰਨ ਲਈ ਚਲਿਆ ਸਾਂ, ਪਰ ਹੁਣ ਨਹੀਂ ਜਾਂਦਾ। ਜਦੋਂ ਇਹ ਵਾਰਤਾਲਾਪ ਹੋ ਰਹੀ ਸੀ ਤਾਂ ਜੋਗੀ ਦੇ ਕੁਝ ਚੇਲੇ ਜੋਗੀ ਤੋਂ ਆਗਿਆ ਲੈ ਕੇ ਇਹ ਦੇਖਣ ਲਈ ਆਏ ਕਿ ਗੁਰੂ ਕੈਸਾ ਹੈ। ਜੋਗੀ ਦੇ ਚੇਲੇ ਬੈਠੇ ਸੁਣ ਰਹੇ ਸਨ ਤਾਂ ਸਤਿਗੁਰਾਂ ਨੇ ਸਿੱਖਾਂ ਨੂੰ ਕਿਹਾ ਕਿ ਕੀ ਹੋ ਗਿਆ ਜੇ ਜੋਗੀ ਨੇ ਉਮਰ ਵਧਾ ਲਈ, ਪਰ ਜੋਗ ਦੀ ਜੁਗਤ ਇਸ ਦੇ ਹੱਥ ਨਹੀਂ ਆਈ। ਜੈਸਾ ਕਿ :

**ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥**

[ਵਾਰ ਰਾਮਕਲੀ ਮਃ ੧, ਅੰਗ ੯੫੧]

ਲੰਮੀ ਉਮਰ ਤਾਂ ਕਾਵਾਂ ਅਤੇ ਨਾਗਾਂ ਦੀ ਵੀ ਬਹੁਤ ਹੁੰਦੀ ਹੈ। ਤਾਂ ਸਿੱਖ ਪੁੱਛਣ ਲੱਗੇ ਕਿ ਮਹਾਰਾਜ! ਇਸ ਦੀ ਉਮਰ ਕਿਤਨੀ ਹੈ? ਤਾਂ ਸਤਿਗੁਰੂ ਜੀ ਨੇ ਦੱਸਿਆ ਕਿ ਇਸਦੀ ਉਮਰ ਪੰਜ ਹਜ਼ਾਰ ਇੱਕ ਸੌ ਵੀਹ ਵਰ੍ਹੇ ਦੀ ਹੈ। ਇਹ ਗੱਲ ਸੁਣ ਕੇ ਜੋਗੀ ਦੇ ਚੇਲਿਆਂ ਨੇ ਜਾ ਕੇ ਜੋਗੀ ਨੂੰ ਦੱਸੀ, ਜਿਸ ਨੂੰ ਸੁਣ ਕੇ ਜੋਗੀ ਬੜਾ ਅਸਚਰਜ ਵੀ ਹੋਇਆ ਔਰ ਸਤਿਗੁਰੂ ਜੀ ਨੂੰ ਸਮਰੱਥ ਸਰਬ ਸ਼ਕਤੀਮਾਨ ਸਮਝ ਕੇ ਦਰਸ਼ਨ ਕਰਨ ਦੀ ਇੱਛਾ ਪੈਦਾ ਹੋਈ ਔਰ ਦਰਸ਼ਨ ਕਰਨ ਲਈ ਚੱਲ ਪਿਆ। ਮਹਾਤਮਾ ਬਿਰਧ ਹੋਣ ਕਰਕੇ ਹੱਥ ਵਿੱਚ ਡੰਗੋਰੀ ਲੈ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਤੁਰ ਪਿਆ। ਅੱਗੇ ਸਤਿਗੁਰੂ ਜੀ ਦੀਵਾਨ ਤੋਂ ਉਪਰੰਤ ਰਹਿਰਾਸ ਦਾ ਪਾਠ ਸ੍ਰਵਣ ਕਰ ਰਹੇ ਸਨ ਤੇ ਨੇੜੇ ਪਹੁੰਚ ਕੇ ਖੜ੍ਹਾ ਰਿਹਾ। ਤੇ ਸਤਿਗੁਰਾਂ ਨੇ ਬਚਨ ਕੀਤਾ। ਜੈਸਾ ਕਿ :

**ਸਾਧੋ! ਬੈਠਿ ਜਾਹੁ ਕਸੋਂ ਖਰਸੋ। ਸੁਨਤਿ ਪ੍ਰਨਾਮ ਗੁਰੂ ਕੋ ਕਰਸੋ॥੩੭॥**

[ਸ੍ਰੀ ਗੁਰ ਪ੍ਰਤਾਪ, ਐਨ ੧, ਅੰਸੁ ੧੩]

ਸੰਗਤ ਦੇ ਵਿੱਚ ਮਹਾਤਮਾ ਜੀ ਸਿੰਘਾਂ ਨਾਲ ਮਿਲ ਕੇ ਬੈਠ ਗਏ। ਰਹਿਰਾਸ ਦਾ ਪਾਠ ਪ੍ਰੇਮ ਨਾਲ ਸੁਣਿਆ। ਜਦੋਂ ਭੋਗ ਪਾ ਕੇ ਅਰਦਾਸ ਕੀਤੀ ਗਈ, ਉਸ ਵੇਲੇ ਸੰਤ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਮੈਨੂੰ ਆਪਣੇ ਚਰਨ ਕਮਲਾਂ ਪਾਸ ਲਾ ਲਓ, ਮੈਨੂੰ ਆਪਣੀ ਸਿੱਖਿਆ ਦੇ ਕੇ ਸਿੱਖ ਬਣਾ ਲਵੋ। ਤੁਹਾਡੇ ਦਰਸ਼ਨਾਂ ਤੋਂ ਮੈਂ ਬਲਿਹਾਰ ਜਾਵਾਂ, ਸਰਬ ਕਲਾਂ ਸਮਰਥ ਭਾਰੀ ਗੁਣਾਂ ਵਾਲੇ ਹੋ। ਸਤਿਗੁਰੂ ਜੀ ਨੇ ਮੁਸਕਰਾ ਕੇ ਹਸਦੇ ਹੋਏ ਬਚਨ ਕੀਤਾ ਕਿ ਜੋਗੀ ਜੀ! ਤੂੰ ਤਾਂ ਪਹਿਲਾਂ ਹੀ ਸਿੱਖ ਹੈਂ ਤੈਂ ਕੇਵਲ ਮੋਖਸ਼ ਲਈ ਬੜੇ ਸਾਧਨ ਸਾਧੇ ਹੋਏ ਹਨ, ਬੜੀ ਦੇਰ ਤੱਕ ਲੰਬੀਆਂ ਸਮਾਧਾਂ ਲਾਉਣ ਵਾਲਾ ਹੈਂ, ਅਕਾਲ ਪੁਰਖ ਨੂੰ ਬੰਦਨਾਂ ਕਰ। ਜਿਸ ਨੂੰ ਬੰਦਨਾਂ ਕਰਨ ਨਾਲ ਬੰਧਨ ਨਿਕੰਦਨ ਭਾਵ ਨਾਸ਼ ਹੋ ਜਾਂਦੇ ਹਨ। ਇਹ ਕਹਿ ਕੇ ਕਿਰਪਾ ਦ੍ਰਿਸ਼ਟੀ ਕੀਤੀ। ਜੈਸਾ ਕਿ :

**ਨਾਨਕ ਨਦਰੀ ਨਦਰਿ ਨਿਹਾਲ॥੩੮॥** [ਜਪੁਜੀ ਸਾਹਿਬ, ਅੰਗ ੮]

ਤੇ ਸਤਿਗੁਰਾਂ ਨੇ ਐਸੀ ਕਿਰਪਾ ਕੀਤੀ ਕਿ ਇੱਕ ਨਦਰਿ ਨਾਲ ਹੀ ਉਹਦੇ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰ ਦਿੱਤਾ। ਫਿਰ ਸ਼ਰਧਾ ਦੇ ਸਹਿਤ ਹੋ ਕੇ ਬੇਨਤੀ ਕੀਤੀ ਕਿ ਮਹਾਰਾਜ! ਉਮਰ ਤੁਹਾਡੀ ਏਨੀ ਕੁ ਤੇ ਸੋਝੀ ਇਤਨੀ। ਇਹ ਸੁਣ ਕੇ ਮਹਾਰਾਜ ਜੀ ਨੇ ਬਚਨ ਕੀਤਾ। ਜੈਸਾ ਕਿ :

**ਤੁਮਹੁੰ ਗੋਦੜਾ ਰਖਯੋ ਪੁਰਾਨਾ।**
**ਪੋਸ਼ਿਸ਼ ਨਈ ਜਿਨਹੁੰ ਕਰ ਪਾਵੈ ਲੇ ਸੋ ਪਹਿਰਹਿ ਅੰਗ ਸੁਹਾਵੈਂ॥੪੩॥**

ਸੋ, ਜੋਗੀ ਨੂੰ ਜੋਗ ਦਾ ਉਪਦੇਸ਼ ਦਿੰਦਿਆਂ ਸਤਿਗੁਰੂ ਜੀ ਨੇ ਕਿਹਾ ਕਿ ਜੋਗ ਨਾਮ ਜੁੜਨ ਦਾ ਹੈ। ਸੋ, ਇਹ ਤਿੰਨ ਪ੍ਰਕਾਰ ਦਾ ਹੈ—ਕ੍ਰਮ ਜੋਗ, ਭਗਤ ਜੋਗ, ਗਿਆਨ ਜੋਗ। ਕਰਮ ਨਿੱਤ, ਨਮਿਤ, ਪ੍ਰਾਸਚਿਤ, ਤਿੰਨ ਪ੍ਰਕਾਰ ਦਾ ਹੈ ਤੇ ਕਾਮਨਾ ਧਾਰ ਕੇ ਕਰਿਆ ਹੋਇਆ ਕਰਮ ਸਵਰਗ ਆਦਿ ਵਿਸ਼ੇ ਭੋਗ ਦੀ ਪ੍ਰਾਪਤੀ ਰੂਪ ਮਿਥਿਆ

ਹੈ। ਇਹ ਹਠ ਜੋਗ ਵੀ ਇੱਕ ਭਾਂਤ ਦਾ ਨਿਤ ਕਰਮ ਹੈ, ਜੋ ਨੇਤੀ, ਧੋਤੀ, ਪ੍ਰਾਣਾਯਾਮ, ਯਮ, ਨਿਯਮ, ਆਸਨ ਆਦਿਕ ਸਾਧਨ ਨਾ ਕੀਤੇ ਜਾਣ ਤਾਂ ਜੋਗੀ ਰੋਗੀ ਹੋ ਕੇ ਛੇਤੀ ਹੀ ਮਰ ਜਾਂਦਾ ਹੈ ਅਤੇ ਕਾਮਨਾ ਵਗ਼ੈਰ ਹਠ ਯੋਗ ਨਹੀਂ ਹੁੰਦਾ ਤਾਂ ਸਕਾਮ ਕਰਮ ਹੋਣ ਤੋਂ ਕੈਵਲ ਮੋਖ ਦਾ ਦਾਤਾ ਨਾ ਹੋਣ ਕਰਕੇ ਗੁਰੂ ਮੱਤ ਵਿੱਚ ਪ੍ਰਮਾਣ ਨਹੀਂ। ਏਸੇ ਵਾਸਤੇ ਸਿੱਖਾਂ ਨੂੰ ਇਹ ਨਹੀਂ ਦ੍ਰਿੜ੍ਹਾਇਆ। ਸਹਿਜ ਯੋਗ, ਭਗਤੀ ਮਾਰਗ ਹੀ ਦ੍ਰਿੜ੍ਹਾਇਆ ਹੈ। ਅੰਮ੍ਰਿਤ ਵੇਲੇ ਇਸ਼ਨਾਨ, ਸੰਤ ਸੇਵਾ, ਨਾਮ ਦ੍ਰਿੜ੍ਹਾਈਦਾ ਹੈ, ਜਿਸ ਨਾਲ ਅੰਤਸ਼ਕਰਣ ਦੀ ਸ਼ੁੱਧੀ ਹੋ ਕੇ ਅਕਾਲ ਪੁਰਖ ਦੀ ਉਪਾਸ਼ਨਾ ਨਾਲ ਜੁੜ ਜਾਂਦਾ ਹੈ। ਜਿਸ ਤੋਂ ਵੈਰਾਗ ਪੈਦਾ ਹੁੰਦਾ ਹੈ। ਸਾਧਿਕ ਵਰਤੇ ਭਾਵੇਂ ਨਾ ਵਰਤੇ ਰਿਧੀਆਂ-ਸਿੱਧੀਆਂ ਉਸਨੂੰ ਪ੍ਰਾਪਤ ਹੋ ਜਾਂਦੀਆਂ ਹਨ। ਅਰ ਮੈਂ ਬ੍ਰਹਮ ਹਾਂ, ਐਸਾ ਖੁਸ਼ਕ ਗਿਆਨ ਭੀ ਕਲਿਆਣਕਾਰੀ ਨਹੀਂ। ਪ੍ਰੇਮਾ ਭਗਤੀ ਸਹਿਤ ਉਪਜਿਆ ਗਿਆਨ ਕਲਿਆਣਕਾਰੀ ਹੈ। ਜਿਸ 'ਤੇ ਸਰਵਵਿਆਪਕ ਦਾ ਧਿਆਨੀ ਹੋ ਕੇ ਜੰਮਣ-ਮਰਨ ਤੋਂ ਰਹਿਤ ਹੋ ਜਾਂਦਾ ਹੈ। ਇਹ ਗਿਆਨ ਪ੍ਰਾਪਤ ਹੋਏ ਤੋਂ ਆਪਣੀ ਵੱਡੀ ਉਮਰ ਤੇ ਹਠ ਯੋਗ ਦਾ ਹੰਕਾਰ ਛੱਡ ਕੇ ਪ੍ਰੇਮਾ ਭਗਤੀ ਦਾ ਐਸਾ ਰੰਗ ਚੜਿਆ, ਸੰਪੂਰਨ ਹੰਗਤਾ ਮੇਟ ਕੇ ਬ੍ਰਹਮ ਰੂਪ ਹੋ ਗਿਆ। ਜੈਸਾ ਕਿ :

**ਗੁਰਿ ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥** [ਗਉੜੀ ਮਃ ੫, ਅੰਗ ੨੩੮]

ਸਿੱਖਾਂ ਨੇ ਜੋਗੀ ਨੂੰ ਪੁੱਛਿਆ ਕਿ ਇਤਨੀ ਵੱਡੀ ਉਮਰ ਵਿੱਚ ਸੰਸਾਰ ਦੀ ਕੋਈ ਅਦਲਾ-ਬਦਲੀ ਦੀ ਗੱਲ ਸੁਣਾਓ। ਤਾਂ ਜੋਗੀ ਬੋਲਿਆ ਕਿ ਮੇਰੇ ਦੇਖਦੇ-ਦੇਖਦੇ ਅਨੇਕਾਂ ਪਲਟੇ ਆਏ ਹਨ। ਬਾਦਸ਼ਾਹ, ਰਾਜੇ, ਮਹਾਰਾਜੇ ਬੜੇ ਹੋਏ। ਕਈ ਵਾਰ ਸੰਘਣੀ ਆਬਾਦੀ ਹੋਈ। ਕਈ ਵਾਰ ਉਜਾੜ ਵੇਖੀ। ਜੋਗੀ ਨੇ ਕਿਹਾ ਕਿ ਇੱਕ ਵਾਰ ਮੈਂ ਸੌ ਸਾਲ ਬਾਅਦ ਸਮਾਧੀ ਖੋਲ ਕੇ ਵੇਖਿਆ ਕਿ ਕੋਈ ਇਸਤਰੀ, ਪੁਰਸ਼, ਪਸ਼ੂ, ਪੰਛੀ ਨਜ਼ਰ ਨਾ ਆਇਆ। ਇੱਕ ਮੁਰਦੇ ਦੀ ਸ਼ਕਲ ਦਾ ਮਨੁੱਖ ਮਿਲਿਆ, ਜਿਸ ਨੂੰ ਪੁੱਛਿਆ ਕਿ ਭਾਈ ਕੀ ਗੱਲ ਹੈ, ਕੋਈ ਬਸਤੀ ਨਜ਼ਰ ਨਹੀਂ ਆਉਂਦੀ ਤਾਂ ਉਸਨੇ ਕਿਹਾ ਕਿ ਐਸਾ ਕਾਲ ਪੈ ਗਿਆ ਕਿ ਬਾਰ੍ਹਾਂ ਸਾਲ ਤੋਂ ਮੀਂਹ ਨਹੀਂ ਪਿਆ। ਜਿਸ ਕਾਰਨ ਪਸ਼ੂ-ਪੰਛੀ ਮਨੁੱਖ ਭੁੱਖੇ ਮਰ ਗਏ, ਕੁਝ ਪਰਦੇਸਾਂ ਨੂੰ ਚਲੇ ਗਏ ਤੇ ਹੁਣ ਬਾਰ੍ਹਾਂ ਸਾਲ ਬਾਅਦ ਬਾਰਸ਼ ਹੋਈ ਹੈ। ਹੁਣ ਟਾਵੇਂ-ਟਾਵੇਂ ਮਨੁੱਖ ਆਉਣ ਲੱਗੇ ਹਨ ਅਤੇ ਇਸ ਤਰ੍ਹਾਂ ਦੇ ਪਲਟੇ ਮੈਂ ਕਈ ਵਾਰ ਵੇਖੇ। ਜੈਸਾ ਕਿ :

**੧. ਕਬਿ ਕੈਸੇ ਕਬਿ ਕੈਸੇ ਸਮੇਂ॥ ਜਗ ਮੈਂ ਕਰੇ ਬਿਲੋਕਨ ਹਮੇਂ॥**
**ਸੁਨਿ ਗੁਰ ਖੁਸ਼ੀ ਸਾਧ ਪਰ ਕਰੀ॥ ਗਰਬਾਦਿਕ ਦੁਬਿਧਾ ਉਰ ਹਰੀ॥੪੯॥**
[ਸ੍ਰੀ ਗੁਰ ਪ੍ਰਤਾਪ ਸੂਰਜ, ਐਨ ੧, ਅੰਸੂ ੧੪]

## *ਨਿਰਗੁਨ ਹਰੀਆ ਸਰਗੁਨ ਧਰੀਆ; ਅਨਿਕ ਕੋਠਰੀਆ; ਭਿੰਨ ਭਿੰਨ, ਭਿੰਨ ਭਿਨ ਕਰੀਆ॥*

ਨਿਰਗੁਨ=ਤਿੰਨਾਂ ਗੁਣਾਂ ਤੋਂ ਰਹਿਤ ਹਰੀਆ=ਪਰਮੇਸ਼ਰ ਨੇ ਆਪ ਹੀ ਸਰਗੁਣ ਸਰੂਪ ਧਰੀਆ=ਧਾਰਨ ਕੀਤਾ ਹੋਇਆ ਹੈ, ਫੇਰ ਫੇਰ ਅਨਿਕ=ਅਨੇਕਾਂ ਚੌਰਾਸੀ ਲੱਖ ਜੂਨਾਂ ਰੂਪੀ ਕੋਠਰੀਆ=ਦੇਹਾਂ ਭਿੰਨ ਭਿੰਨ=ਵੱਖੋ ਵੱਖ ਭਾਵ ਚਾਰ ਖਾਣੀਆਂ ਦੁਆਰਾ ਭਿੰਨ ਭਿਨ=ਵੱਖ ਵੱਖ ਪੈਦਾ ਕਰੀਆ=ਕੀਤੀਆਂ ਹਨ।

## *ਵਿਚਿ; ਮਨ ਕੋਟਵਰੀਆ॥*

ਵਿੱਚ ਹੀ ਮਨ ਨੂੰ ਕੋਟਵਰੀਆ=ਕੋਟਵਾਰ ਕੀਤਾ ਹੈ, ਭਾਵ ਮੁਖੀ ਬਣਾਇਆ ਹੈ। ਕੋਟਵਾਰ ਕੋਟਵਾਲ ਤੋਂ ਹੀ ਭਾਵ ਹੈ। ਕੋਟਵਾਰ, ਕਿਲ੍ਹੇਦਾਰ ਨੂੰ ਹੀ ਕਹਿੰਦੇ ਹਨ। ਮਨ ਰੂਪੀ ਕੋਟਵਾਰ ਦੇਹ ਰੂਪੀ ਕਿਲ੍ਹੇ ਦਾ ਮਾਲਕ ਹੋਣ ਕਰਕੇ ਹੀ ਇਸ ਨੂੰ ਕੋਟਵਰੀਆ ਕਿਹਾ ਹੈ।

***ਨਿਜ ਮੰਦਰਿ; ਪਿਰੀਆ ॥ ਤਹਾ ਆਨਦ; ਕਰੀਆ ॥***
***ਨਹ ਮਰੀਆ; ਨਹ ਜਰੀਆ ॥੧॥***

ਪਿਰੀਆ=ਪਿਆਰੇ ਵਾਹਿਗੁਰੂ ਦਾ ਏਹ ਮਨੁੱਖਾ ਦੇਹ ਰੂਪੀ ਨਿਜ=ਅਪਨਾ ਮੰਦਰ ਹੈ ਉਸੇ ਮਨੁੱਖਾ ਦੇਹ ਰੂਪ ਮੰਦਰ ਵਿੱਚ ਅਨੰਦ ਲੈਣਾ ਕਰਦਾ ਹੈ। ਨਾ ਉਹ ਮਰਦਾ ਹੈ, ਨਾ ਅੱਗ ਵਿੱਚ ਜਰੀਆ=ਸੜਦਾ ਹੈ, **ਅਥਵਾ** ਨਾ ਜਰੀਆ=ਬੁੱਢਾ ਹੁੰਦਾ ਹੈ॥੧॥

***ਕਿਰਤਨਿ ਜੁਰੀਆ, ਬਹੁ ਬਿਧਿ ਫਿਰੀਆ;***
***ਪਰ ਕਉ ਹਿਰੀਆ ॥ ਬਿਖਨਾ; ਘਿਰੀਆ ॥***

ਕਿਰਤਨਿ=ਕੀਤੇ ਹੋਏ ਕਰਮਾਂ ਵਿੱਚ ਜੁਰੀਆ=ਜੁੜ ਕੇ ਜੀਵ ਰੂਪ ਹੋ ਕੇ ਬਹੁਤ ਤਰ੍ਹਾਂ ਦੀਆਂ ਜੂਨਾਂ ਵਿੱਚ ਫਿਰੀਆ=ਫਿਰਦਾ ਹੈ। ਬਿਖਨਾ=ਵਿਸ਼ਿਆਂ ਦਾ, **ਵਾ:** ਮਾਇਆ ਦਾ ਘਿਰੀਆ=ਘੇਰਿਆ ਹੋਇਆ ਪਰਾਏ ਧਨ ਨੂੰ ਹਿਰੀਆ=ਚੁਰਾਉਂਦਾ ਹੈ, **ਅਥਵਾ** ਪ੍ਰਮੇਸ਼ਰ ਨੂੰ ਛੱਡ ਪਰਾਏ ਦੇਵੀ-ਦੇਵਤਿਆਂ ਵੱਲ ਹਿਰੀਆ=ਦੇਖਦਾ ਹੈ।

***ਅਬ; ਸਾਧੂ ਸੰਗਿ ਪਰੀਆ ॥ ਹਰਿ ਦੁਆਰੈ; ਖਰੀਆ ॥ ਦਰਸਨੁ; ਕਰੀਆ ॥***
***ਨਾਨਕ; ਗੁਰ ਮਿਰੀਆ ॥ ਬਹੁਰਿ; ਨ ਫਿਰੀਆ ॥੨॥੧॥੪੪॥***

ਜੋ ਹੁਣ ਸੰਤਾਂ ਦੇ ਸੰਗ ਵਿੱਚ ਪਿਆ ਹੈ, ਉਹ ਹਰੀ ਦੇ ਦਰਬਾਰ ਵਿੱਚ ਖਰੀਆ=ਖਰਾ ਭਾਵ ਸਚਿਆਰ ਹੁੰਦਾ ਹੈ। ਪ੍ਰਭੂ ਦੇ ਦਰਸਨ ਨੂੰ ਕਰਦਾ ਹੈ। ਗੁਰ ਪੂਜਨੀਕ ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਪ੍ਰਮਾਤਮਾ ਨਾਲ ਮਿਲ ਜਾਂਦਾ ਹੈ। ਮੁੜ ਕੇ ਉਹ ਚੁਰਾਸੀ ਦੇ ਚੱਕਰ ਵਿੱਚ ਫਿਰਦਾ ਹੈ, **ਅਥਵਾ** ਗੁਰੂ ਜੀ ਕਥਨ ਕਰਦੇ ਹਨ ਕਿ ਜੋ ਸਾਧੂ ਹਰੀ ਦੇ ਦੁਆਰੇ ਪਰ ਖੜ੍ਹੇ ਹਨ, ਅਬ=ਹੁਣ ਵਿਚਾਰ ਦੁਆਰਾ ਉਨ੍ਹਾਂ ਸੰਤਾਂ ਦੇ ਸਤਸੰਗ ਵਿੱਚ ਪਰੀਆ=ਪੈ ਕੇ ਜੋ ਗੁਰਾਂ ਨਾਲ ਮਿਰੀਆ=ਮਿਲਿਆ ਹੈ, ਉਸ ਨੇ ਹਰੀ ਦਾ ਦਰਸ਼ਨ ਕੀਤਾ ਹੈ। ਜਿਸ ਨੇ ਦਰਸ਼ਨ ਕੀਤਾ ਹੈ, ਉਹ ਜੂਨੀਆਂ ਵਿੱਚ ਨਹੀਂ ਭਾਉਂਦਾ ਹੈ॥੨॥੧॥੪੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੪ [ਆਦਿ ਅੰਗ ੭੪੭]

*ਸੂਹੀ ਮਹਲਾ ੫ ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥ਰਹਾਉ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥*

## *ਸੂਹੀ ਮਹਲਾ ੫ ॥*

ਇਹ ਮਹਾਂਵਾਕ ਗੁਰੂ ਅਰਜਨ ਸਾਹਿਬ ਜੀ ਨੇ ਸੂਹੀ ਰਾਗਣੀ ਵਿੱਚ ਉਚਾਰਨ ਕੀਤਾ ਹੈ, ਜਿਸ ਵਿੱਚ ਪਾਖੰਡ ਸਹਿਤ ਕੀਤੇ ਕਰਮਾਂ ਦਾ ਔਰ ਪਾਖੰਡ ਸਹਿਤ ਧਾਰਨ ਕੀਤੇ ਧਰਮਾਂ ਦਾ ਖੰਡਨ ਕੀਤਾ ਹੈ ਔਰ ਕਲਿਜੁਗ ਦਾ ਪ੍ਰਧਾਨ ਕਰਮ ਕਥਾ, ਕੀਰਤਨ ਨੂੰ ਸਰਵੋਤਮ ਦਰਸਾਇਆ ਹੈ। ਸਿੱਖਾਂ ਦੇ ਪ੍ਰਸ਼ਨ ਕਰਨ ਤੋਂ ਕਿ ਰਸਤੇ ਵਿੱਚ ਜਮ ਜਗਾਤੀ ਕਿਸ ਕਰਮਾਂ ਨੂੰ ਲੁਟਦਾ ਹੈ ਤੇ ਜਮਾਂ ਤੋਂ ਕਿਸ ਕਰਮ ਦੇ ਕਾਰਨ ਨਾਲ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਜੀ ਨੇ ਫ਼ੁਰਮਾਨ ਕੀਤਾ :

## *ਕਰਮ ਧਰਮ ਪਾਖੰਡ ਜੋ ਦੀਸਹਿ; ਤਿਨ ਜਮੁ ਜਾਗਾਤੀ ਲੂਟੈ ॥*

ਜੋ ਪਾਖੰਡ=ਦਿਖਾਵੇ ਵਾਲੇ ਕਰਮ ਅਤੇ ਧਰਮ ਦਿਸਦੇ ਹਨ, ਉਨ੍ਹਾਂ ਕਰਮਾਂ ਧਰਮਾਂ ਨੂੰ ਪ੍ਰਲੋਕ ਰਸਤੇ ਵਿੱਚ ਜਮ ਜਗਾਤੀ=ਮਸੂਲੀਆ ਲੁੱਟ ਲੈਂਦਾ ਹੈ। [**ਪਾਖੰਡ—**ਝੂਠਾ ਅਡੰਬਰ, ਦਿਖਾਵਾ, ਦੰਭ, ਜਿਸ ਕਰਮ ਵਿੱਚ ਹੋਵੇ, ਉਹ ਪਾਖੰਡ ਕਰਮ ਅਤੇ ਜਿਸ ਧਰਮ ਵਿੱਚ ਹੋਵੇ ਉਹ ਪਾਖੰਡ ਧਰਮ ਹੈ] ਇਸ ਲਈ ਦੰਭ ਵਾਲੇ ਕਰਮ ਅਤੇ ਦੰਭ ਵਾਲੇ ਧਰਮ ਦਾ ਗੁਰਬਾਣੀ ਵਿੱਚ ਥਾਂ-ਥਾਂ ਖੰਡਨ ਆਉਂਦਾ ਹੈ। ਪਾਖੰਡ ਧਾਰਨ ਕਰਨ ਵਾਲੇ ਪਾਖੰਡੀ ਦੀ ਪ੍ਰਮੇਸ਼ਰ ਵਿੱਚ ਪ੍ਰੀਤ ਨਹੀਂ ਹੁੰਦੀ, ਗੁਰੂ ਦੇ ਸ਼ਬਦ ਦੁਆਰਾ ਹੀ ਨਾਮ ਰਸ ਪ੍ਰਾਪਤ ਹੁੰਦਾ ਹੈ। ਪਾਖੰਡੀ ਦੇ ਉਪਦੇਸ਼ ਦੁਆਰਾ ਨਹੀਂ। ਜੈਸਾ ਕਿ :

**੧. ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥**

[ਮਾਰੂ ਮਹਲਾ ੧, ਅੰਗ ੧੦੪੩]

**੨. ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥**
**ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥**

[ਗਉੜੀ ਮਹਲਾ ੫, ਅੰਗ ੨੧੬]

ਨਾਮ ਤੋਂ ਬਿਨਾਂ ਹੋਰ ਜਿਤਨੀਆਂ ਵੀ ਕਰਮ ਕਰਤੂਤਾਂ ਸੰਸਾਰ ਵਿੱਚ ਹਨ, ਉਹਨਾਂ ਸਭਨਾਂ ਦੇ ਕਰਨ ਵਾਲਿਆਂ ਨੂੰ ਜਮ ਡੰਨ ਦਿੰਦੇ ਹਨ। ਅੱਗੇ ਪ੍ਰਲੋਕ ਵਿੱਚ ਪ੍ਰਮੇਸ਼ਰ ਦੇ ਭਜਨ ਤੋਂ ਬਿਨਾਂ ਤਿਲ ਮਾਤਰ ਹੋਰ ਕੋਈ ਗੱਲ ਮੰਨੀ ਨਹੀਂ ਜਾਂਦੀ। ਜੈਸਾ ਕਿ :

**ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥**

[ਗਉੜੀ ਮਹਲਾ ੫, ਅੰਗ ੨੬੬]

## *ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ; ਨਿਮਖ ਸਿਮਰਤ ਜਿਤੁ ਛੂਟੈ ॥੧॥*

ਹੇ ਭਾਈ ਗੁਰਸਿੱਖਾ ! ਕਰਤੇ ਪੁਰਖ ਪ੍ਰਮਾਤਮਾ ਦਾ ਨਿਰਬਾਣ=ਇੱਕ ਰਸ ਕੀਰਤਨ ਕਰਨਾ ਕਰੋ, ਜਿਸਦੇ ਨਿਮਖ ਮਾਤਰ ਸਿਮਰਨ ਕਰਨ ਨਾਲ ਜਮਾਂ ਦੇ ਡਰ ਤੋਂ ਛੁੱਟ ਜਾਂਦਾ ਹੈ॥੧॥ ਜੈਸਾ ਕਿ :

**੧. ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮਕਾਲੁ॥**

[ਗੋਂਡ ਮਹਲਾ ੫, ਅੰਗ ੮੬੭]

**੨. ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥**

[ਗਉੜੀ ਮਹਲਾ ੫, ਅੰਗ ੨੩੬]

**੩. ਹਰਿ ਦਿਨੁ ਰੈਣਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥**

[ਸੋਰਠਿ ਮਹਲਾ ੫, ਅੰਗ ੬੨੩]

**੪. ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥**
**ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥੬॥**

[ਮਾਰੂ ਸੋਲਹੇ ਮਹਲਾ ੫, ਅੰਗ ੧੦੭੫]

**੫. ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੧॥੧੫੮॥**

[ਗਉੜੀ ਮਹਲਾ ੫, ਅੰਗ ੨੧੪]

ਸਤਿਗੁਰੂ ਜੀ ਨੇ ਕੀਰਤਨ ਦੀ ਮਹੱਤਤਾ ਗੁਰਮਤਿ ਵਿਚਾਰਧਾਰਾ ਵਿੱਚ ਸਭ ਤੋਂ ਉੱਤਮ ਇਸ ਲਈ ਦਰਸਾਈ ਹੈ, ਕਿਉਂਕਿ ਪ੍ਰਮੇਸ਼ਰ ਦੀ ਨੌਂ ਪ੍ਰਕਾਰ ਦੀ ਭਗਤੀ ਵਿੱਚੋਂ ਕੀਰਤਨ ਭਗਤੀ ਦਾ ਦਰਜਾ ਸਭ ਤੋਂ ਸ਼ਿਰੋਮਣ ਹੈ। ਜਿਵੇਂ ਕੋਈ ਸੰਸਾਰਕ ਨੌਂ ਬੰਦਿਆਂ ਦੀ ਕਮੇਟੀ ਬਣੀ ਹੋਵੇ, **ਵਾ:** ਸੰਸਥਾ ਹੋਵੇ ਉਨ੍ਹਾਂ ਵਿੱਚੋਂ ਇੱਕ ਮਨੁੱਖ ਨੂੰ ਪ੍ਰਧਾਨ ਦਾ ਦਰਜਾ ਦੇਣਾ ਪੈਂਦਾ ਹੈ। ਇਹ ਵਿਚਾਰਧਾਰਾ ਛੋਟੇ ਦਾਇਰੇ ਤੋਂ ਲੈ ਕੇ ਵੱਡੇ ਦਾਇਰੇ ਤਕ ਪ੍ਰਚਲਿਤ ਹੈ। ਪਿੰਡ ਤੋਂ ਲੈ ਦੇਸ਼ ਪੱਧਰ ਤਕ ਐਸਾ ਹੀ ਹੈ ਕਿ ਇੱਕ ਮਨੁੱਖ ਨੂੰ ਪਿੰਡ ਦਾ ਮੁਖੀ ਸਰਪੰਚ ਥਾਪਿਆ ਜਾਂਦਾ ਹੈ, ਸੂਬੇ ਦਾ ਮੁਖੀ ਮੁਖ-ਮੰਤਰੀ ਅਤੇ ਦੇਸ਼ ਦਾ ਮੁਖੀ ਪ੍ਰਧਾਨ ਮੰਤਰੀ, **ਵਾ:** ਰਾਸ਼ਟਰਪਤੀ ਨੂੰ ਥਾਪਿਆ ਜਾਂਦਾ ਹੈ। ਇਸੇ ਤਰ੍ਹਾ ਪ੍ਰਭੂ ਪ੍ਰਾਪਤੀ ਦੇ ਸਾਧਨਾਂ ਵਿੱਚੋਂ ਕੀਰਤਨ ਭਗਤੀ ਸਭ ਤੋਂ ਮੁਖ ਹੈ, ਇਸ ਲਈ ਕਲਜੁਗ ਵਿੱਚ ਕੀਰਤਨ ਨੂੰ ਸਭ ਤੋਂ ਪ੍ਰਧਾਨ ਕਰਮ ਮੰਨਿਆ ਹੈ। ਜੈਸਾ ਕਿ :

**੧. ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥** [ਵਾਰ ਰਾਮਕਲੀ ਮਹਲਾ ੫, ਅੰਗ ੯੬੨]

**੨. ਕਈ ਕੋਟਿਕ ਜਗ ਫਲਾ ਸੁਨਿ ਗਾਵਨਹਾਰੇ ਰਾਮ॥** [ਬਿਹਾਗੜਾ ਮਹਲਾ ੫, ਅੰਗ ੫੪੬]

**੩. ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥**

[ਦੇਵਗੰਧਾਰੀ ਮਹਲਾ ੯, ਅੰਗ ੫੩੬]

**ਸਾਖੀ ਨਾਰਦ ਮੁਨੀ ਕੀਰਤਨ ਦੀ ਮਹੱਤਤਾ**—ਇਕ ਵਾਰ ਬ੍ਰਹਮਾ ਦੇ ਪੁੱਤਰ ਨਾਰਦ ਜੀ ਆਪਣੇ ਸੁਭਾਅ ਅਨੁਸਾਰ ਵਿਚਰਦੇ ਹੋਏ ਹਰਿਦੁਆਰ ਪਹੁੰਚੇ ਤਾ ਉਥੇ ਇੱਕ ਬੜਾ ਹੈਰਾਨੀ ਜਨਕ ਦ੍ਰਿਸ਼ ਦੇਖਿਆ। ਉਹ ਦ੍ਰਿਸ਼ ਇਹ ਸੀ ਕਿ ਇੱਕ ਨੌਜੁਆਨ ਔਰਤ, ਜਿਸ ਦਾ ਰੰਗ ਰੂਪ ਬੜਾ ਸੁੰਦਰ ਤੇ ਚਿਹਰਾ ਬਹੁਤ ਪ੍ਰਭਾਵਸ਼ਾਲੀ ਸੀ। ਉਹ ਬੜੀ ਦੁਖੀ ਹੋ ਕੇ ਰੋ ਰਹੀ ਸੀ ਤੇ ਕੋਲ ਦੋ ਬਿਰਧ ਪੁਰਸ਼ ਬੇਹੋਸ਼ ਪਏ ਹਨ। ਨਾਰਦ ਮੁਨੀ ਆਪਣੇ ਕੋਮਲ ਸੁਭਾਅ ਅਨੁਸਾਰ ਉਸ ਨੂੰ ਰੋਂਦਿਆਂ ਵੇਖ ਕੇ ਉਸਦੇ ਦੁਖ ਦੀ ਜਾਣਕਾਰੀ ਲੈਣ ਲਈ ਪੁੱਛਿਆ ਕਿ ਬੀਬੀ ਤੂੰ ਕਉਣ ਹੈਂ ਤੇ ਕਿਉਂ ਰੋ ਰਹੀ ਹੈਂ, ਕਿਉਂਕਿ ਸਤਿਪੁਰਸ਼ ਕਿਸੇ ਦਾ ਦੁਖ ਦੇਖ ਕੇ ਸਹਿ ਨਹੀਂ ਸਕਦੇ। ਜੈਸਾ ਕਿ :

**ਪਰ ਖੇਦ ਸਹੇ ਨ ਸਹੇ ਪਰ ਖੇਦ ਯਥਾ ਸੁਖ ਮੋਦ ਅਘੈ ਤ੍ਰਸਤੇ॥**

[ਸਾਰਕੁਤਾਵਲੀ, ਅਧਿ: ੪, ਦੋਹਰਾ ੯]

ਤਾਂ ਉਸ ਨੌਜੁਆਨ ਉਮਰ ਦੀ ਦੇਵੀ ਨੇ ਕਹਿਣਾ ਕੀਤਾ ਕਿ ਹੇ ਸ੍ਰੇਸ਼ਟ ਮੁਨੀ! ਮੈਂ ਕੋਈ ਸੰਸਾਰ ਦੀ ਮਾਮੂਲੀ ਔਰਤ ਨਹੀਂ ਹਾਂ। ਮੈਂ ਤੁਹਾਨੂੰ ਆਪਣੀ ਜਾਣ-ਪਛਾਣ ਵੀ ਕਰਾਉਂਦੀ ਹਾਂ ਤੇ ਆਪਣੇ ਰੋਣ ਦਾ ਕਾਰਨ ਵੀ ਦੱਸਦੀ ਹਾਂ। ਜੋ ਇਹ ਬਿਰਧ ਅਵਸਥਾ ਨੂੰ ਪ੍ਰਾਪਤ ਹੋਏ ਬੇਹੋਸ਼ੀ ਦੀ ਹਾਲਤ ਵਿੱਚ ਦੋ ਪੁਰਸ਼ ਤੁਸੀਂ ਦੇਖ ਰਹੇ ਹੋ, ਇਹ ਮੇਰੇ ਦੁਖ ਦਾ ਕਾਰਨ ਹਨ, ਜਿਸ ਕਾਰਨ ਮੈਂ ਰੋ ਰਹੀ ਹਾਂ। ਨਾਰਦ ਮੁਨੀ ਨੇ ਕਿਹਾ ਕਿ ਹੇ ਦੇਵੀ! ਇਹ ਬੇਹੋਸ਼ੀ ਦੀ ਹਾਲਤ ਵਿੱਚ ਬਿਰਧ ਪੁਰਸ਼ ਕਉਣ ਹਨ ਅਤੇ ਤੇਰਾ ਨਾਮ ਕੀ ਹੈ? ਇਹ ਮੈਂ ਇਸ ਲਈ ਪੁੱਛ ਰਿਹਾਂ ਹਾਂ ਕਿ ਸਾਧੂ ਹਮੇਸ਼ਾ ਦੂਜੇ ਦੇ ਭਲੇ ਹਿਤ ਵਰਤਦੇ ਹਨ, ਜੇ ਮੈਂ ਤੇਰਾ ਦੁਖ ਦੂਰ ਨਾ ਕਰ ਸਕਿਆ ਤਾਂ ਤੈਨੂੰ ਸੁਖੀ ਹੋਣ ਦਾ ਤਰੀਕਾ ਜ਼ਰੂਰ ਦੱਸ ਦੇਵਾਂਗਾ ਤਾਂ ਜੋ ਤੇਰਾ ਦੁਖ ਦੂਰ ਹੋ ਕੇ ਸੁਖ ਦੀ ਪ੍ਰਾਪਤੀ ਹੋ ਜਾਵੇ। ਉਸ ਦੇਵੀ ਨੇ ਦੱਸਿਆ ਕਿ ਮੇਰਾ ਨਾਮ ਨਾਰਾਇਣ ਭਗਤੀ ਹੈ, ਇਹ ਜੋ ਬਿਰਧ ਪੁਰਖ ਬੇਹੋਸ਼ੀ ਦੀ ਹਾਲਤ ਵਿੱਚ ਦਿਸ ਰਹੇ ਹਨ, ਇਹ ਦੋਵੇਂ ਮੇਰੇ ਬੇਟੇ ਹਨ। ਇਹੀ ਇੱਕ ਲੱਜਾ ਦਾ ਕਾਰਨ ਹੈ ਕਿ ਬੇਟੇ ਬਿਰਧ ਹੋਣ ਤੇ ਮਾਂ ਨੌਜੁਆਨ ਹੋਵੇ। ਇਹ ਗੱਲ ਮੇਰੇ ਤੋਂ ਸਹਿਣ ਨਹੀਂ ਹੁੰਦੀ। ਹੁਣ ਕੇਵਲ ਬਿਰਧ ਹੀ ਨਹੀਂ, ਸਗੋਂ ਬੇਹੋਸ਼ੀ ਦੀ ਹਾਲਤ ਵਿੱਚ ਅਜਿਹਾ ਲਗਦਾ ਹੈ ਕਿ ਕਿਤੇ ਇਨ੍ਹਾਂ ਦੀ ਮ੍ਰਿਤੂ ਹੀ ਨਾ ਹੋ ਜਾਵੇ। ਨਾਰਦ ਨੇ ਪੁੱਛਿਆ ਕਿ ਇਹਨਾਂ ਦੇ ਨਾਮ ਕੀ ਹਨ। ਤਾਂ ਭਗਤੀ ਨੇ ਦੱਸਿਆ ਕਿ ਇੱਕ ਦਾ ਨਾਮ ਵੈਰਾਗ ਹੈ ਤੇ ਦੂਜੇ ਦਾ ਨਾਮ ਬਿਬੇਕ ਹੈ। ਭਗਤੀ ਕਹਿਣ ਲੱਗੀ ਕਿ ਕਲਜੁਗਿ ਦੇ ਸਮੇਂ ਅੰਦਰ ਵੈਰਾਗ ਔਰ ਬਿਬੇਕ ਦੀ ਕੋਈ ਬਾਤ ਨਹੀਂ ਪੁੱਛਦਾ। ਮੈਂ ਇਹਨਾਂ ਨੂੰ ਜੁਆਨ ਕਰਨ ਵਾਸਤੇ ਮਥਰਾ, ਕਾਂਸ਼ੀ, ਬਨਾਰਸ ਆਦਿ ਥਾਂਵਾ 'ਤੇ ਲੈ ਕੇ ਫਿਰੀ, ਪਰ ਇਹਨਾਂ ਦੀ ਹੋਸ਼ ਨਹੀਂ ਖੁੱਲ੍ਹੀ। ਨਾਰਦ ਮੁਨੀ ਨੇ ਅਨੇਕਾਂ ਜਤਨ ਕੀਤੇ, ਨਾਰਾਇਣ ਦੀ ਕਥਾ ਸੁਣਾਈ, ਜਿਸ 'ਤੇ ਥੋੜ੍ਹੀ-ਥੋੜ੍ਹੀ ਹਰਕਤ ਵਿੱਚ ਆਏ, ਮੂਰਛਤਾ ਟੁੱਟੀ, ਪਰ ਜਦੋਂ ਨਾਰਦ ਜੀ ਨੇ ਕੀਰਤਨ ਕੀਤਾ ਤਾਂ ਮੁੜ ਦੋਨੋਂ ਜੁਆਨ ਉਮਰ ਵਿੱਚ ਆ ਗਏ। ਤਾਂ ਭਗਤੀ ਨੇ ਕਿਹਾ ਕਿ ਹੇ ਨਾਰਦ! ਮੇਰੇ ਬੇਟਿਆਂ ਦੀ ਖ਼ੁਸ਼ਹਾਲੀ ਲਈ ਸੰਸਾਰ ਨੂੰ ਇਹ ਦੱਸਣਾ ਕਰ ਕਿ ਕਲਜੁਗਿ ਵਿੱਚ ਵੈਰਾਗ ਬਿਬੇਕ ਨੂੰ ਸ਼ਕਤੀ ਦੇਣ ਵਾਲਾ ਕੀਰਤਨ ਹੈ। ਇਸ ਲਈ ਸਤਿਗੁਰਾਂ ਨੇ ਕਲਜੁਗਿ ਵਿੱਚ ਕੀਰਤਨ ਨੂੰ ਪ੍ਰਧਾਨ ਕਰਮ ਦੱਸਿਆ ਹੈ। ਜੋ ਕੀਰਤਨ ਕਰਨ ਵਾਲਾ ਹੈ, ਉਹ ਸੰਸਾਰ ਦੇ ਬੰਧਨਾਂ ਤੋਂ ਛੁੱਟ ਜਾਂਦਾ ਹੈ।

## *ਸੰਤਹੁ; ਸਾਗਰੁ ਪਾਰਿ ਉਤਰੀਐ ॥*

ਸੰਤਹੁ=ਸ਼ਾਂਤ ਆਤਮਾ, ਸਿਮਰਨ ਕਰਨ ਵਾਲੇ ਸਤਿਪੁਰਸ਼ਾਂ ਦੁਆਰਾ ਸੰਸਾਰ ਸਮੁੰਦਰ ਤੋਂ ਪਾਰ ਉਤਰਨਾ ਕਰੀਏ। ਜੈਸਾ ਕਿ :

੧. **ਸਾਧਸੰਗਿ ਤਰੈ ਭੈ ਸਾਗਰੁ ॥** [ਸੂਹੀ ਮਹਲਾ ੫, ਅੰਗ ੭੪੪]

੨. **ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥** [ਧਨਾਸਰੀ ਮਹਲਾ ੫, ਅੰਗ ੬੮੪]

੩. **ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥** [ਮਾਝ ਮਹਲਾ ੫, ਅੰਗ ੧੦੮]

੪. **ਸਾਧਸੰਗਿ ਅਗਨਿ ਸਾਗਰੁ ਤਰਹੁ ॥** [ਗਉੜੀ ਮਹਲਾ ੫, ਅੰਗ ੨੯੫]

## *ਜੇ ਕੋ ਬਚਨੁ ਕਮਾਵੈ ਸੰਤਨ ਕਾ; ਸੋ ਗੁਰਪਰਸਾਦੀ ਤਰੀਐ ॥੧॥ਰਹਾਉ॥*

ਜੇ=ਜਿਹੜਾ ਕੋ=ਕੋਈ ਸੰਤਨ=ਮਹਾਂਪੁਰਸ਼ਾਂ ਦਾ ਬਚਨ ਕਮਾਵੈ=ਬਚਨ ਦੀ ਮੰਨਣ ਰੂਪ ਕਮਾਈ ਕਰੇਗਾ, ਉਹ ਸਤਿਗੁਰਾਂ ਦੀ ਪਰਸਾਦੀ=ਕਿਰਪਾ ਨਾਲ ਤਰੀਐ=ਤਰ ਜਾਵੇਗਾ॥੧॥ਰਹਾਉ॥ ਜੈਸਾ ਕਿ :

੧. **ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ ॥**
**ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ ॥੭॥**

[ਮਹਲਾ ੫ ਗਾਥਾ, ਅੰਗ ੧੩੬੦]

**ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥**
**ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥**

[ਗਉੜੀ ਮਹਲਾ ੫, ਅੰਗ ੨੯੫]

**ਸਾਖੀ ਗੁਰੂ ਨਾਨਕ ਸਾਹਿਬ ਤੇ ਤਰਖਾਣ ਬੱਚੇ ਦੇ ਬਚਨ ਮੰਨਣ ਦੀ**—ਜਿਸ ਵੇਲੇ ਸਤਿਗੁਰੂ ਜੀ ਅਚਲ ਬਟਾਲੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ। ਸਿੱਧਾਂ ਦਾ ਹੰਕਾਰ ਨਵਿਰਤ ਕੀਤਾ ਤੇ ਸਿੱਧ ਸਤਿਗੁਰਾਂ ਦੀ ਵਡਿਆਈ ਕਰਨ ਲੱਗੇ। ਜੈਸਾ ਕਿ :

**ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ॥**

[ਭਾ: ਗੁਰਦਾਸ ਜੀ, ਵਾਰ ੧, ਪਉੜੀ ੪੪]

ਲੋਕਾਂ ਵਿੱਚ ਸਤਿਗੁਰਾਂ ਦਾ ਜਸ ਬਿਅੰਤ ਫੈਲਿਆ। ਦਰਸ਼ਨ ਕਰਕੇ ਇਸਤਰੀ, ਪੁਰਸ਼ ਨਿਹਾਲ ਹੋਣ ਲੱਗੇ। ਇੱਕ ਤਰਖਾਣ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆਇਆ। ਉਸਦੇ ਨਾਲ ਉਸਦਾ ਬਾਰਾਂ ਬਰਸ ਦਾ ਇਕਲੌਤਾ ਬੇਟਾ ਸੀ। ਆ ਕੇ ਸਤਿਗੁਰਾਂ ਦੇ ਚਰਨਾਂ ਕਮਲਾਂ 'ਤੇ ਮੱਥਾ ਟੇਕਿਆ ਤੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਸਾਡੇ ਘਰ ਵਿੱਚ ਇਕੋ ਹੀ ਪੁੱਤਰ ਹੈ। ਆਪ ਜੀ ਦੀ ਕਿਰਪਾ ਨਾਲ ਮੇਰਾ ਪੁੱਤਰ ਜਿਉਂਦਾ ਰਿਹਾ ਹੈ, ਆਪ ਜੀ ਦੇ ਚਰਨਾਂ ਵਿੱਚ ਇਸ ਨੂੰ ਚੜ੍ਹਾਉਣ ਆਇਆ ਹਾਂ। ਸਤਿਗੁਰੂ ਜੀ ਨੇ ਕਿਹਾ ਕਿ ਹੇ ਭਾਈ! ਅਸੀਂ ਤਾਂ ਤੇਰੇ ਪੁੱਤਰ ਨੂੰ ਜਿਉਂਦਾ ਨਹੀਂ ਕੀਤਾ। ਤੇ ਉਸ ਮਿਸਤਰੀ ਸਿੱਖ ਨੇ ਕਿਹਾ ਕਿ ਮਹਾਰਾਜ! ਬੇਨਤੀ ਸੁਣੋ ਕਿ ਕਿਵੇਂ ਜਿਉਂਦਾ ਕੀਤਾ ਹੈ। ਮੇਰੇ ਘਰ ਵਿੱਚ ਜੋ ਵੀ ਪੁੱਤਰ ਹੁੰਦਾ ਸੀ, ਉਹ ਮਰ ਜਾਂਦਾ ਸੀ। ਬਹੁਤ ਹੀ ਸਿੱਧ ਪੀਰ ਮਨਾਏ, ਪਰ ਮੇਰੀ ਇੱਛਾ ਪੂਰੀ ਨਾ ਹੋਈ। ਜਦੋਂ ਮੈਂ ਆਪ ਜੀ ਦਾ ਜਸ ਸੁਣਿਆ ਤਾਂ ਮੇਰੇ ਮਨ ਵਿੱਚ ਸ਼ਰਧਾ ਹੋ ਆਈ ਤੇ ਮੈਂ ਆਪ ਜੀ ਦੀ ਸੁਖ ਸੁੱਖੀ ਤੇ ਸੰਕਲਪ ਵਿੱਚ ਮੈਂ ਆਪਣਾ ਪੁੱਤਰ ਤੁਹਾਨੂੰ ਸਉਂਪਿਆ ਕਿ ਇਹ ਜੀਵਤ ਰਹੇ, ਹੁਣ ਇਸਦੀ ਮੌਤ ਦਾ ਭੈਅ ਮੈਨੂੰ ਨਹੀਂ। ਇਹ ਮਰੇ ਭਾਵੇਂ ਜਿਉਂਦਾ ਰਹੇ, ਹੁਣ ਇਸਦੇ ਜੀਵਨ ਦੀ ਆਪ ਜੀ ਨੂੰ ਲਾਜ ਹੈ। ਉਸ ਬੱਚੇ ਦੇ ਪਿਤਾ ਤੋਂ ਬਚਨ ਸੁਣ ਕੇ ਸਤਿਗੁਰੂ ਜੀ ਨੇ ਬਹੁਤ ਸਾਰੀਆਂ ਲੱਕੜਾਂ ਇਕੱਠੀਆਂ ਕਰਵਾ ਕੇ ਕਿਹਾ ਕਿ ਇਹਨਾਂ ਨੂੰ ਅੱਗ ਲਾ ਦੇਵੋ ਤਾਂ ਸਤਿਗੁਰਾਂ ਦਾ ਬਚਨ ਮੰਨ ਕੇ ਐਸਾ ਹੀ ਕੀਤਾ ਗਿਆ। ਜਦੋਂ ਅਗਨਿ ਪੂਰੀ ਤਰ੍ਹਾਂ ਬਲ ਉੱਠੀ, ਫਿਰ ਸਤਿਗੁਰਾਂ ਨੇ ਉਸ ਬਾਲਕ ਨੂੰ ਬਚਨ ਕੀਤਾ।

**ਬਾਰਿਕ ਜਾਵਹੁ ਅਗਨਿ ਮਝਾਰਾ॥੧੩॥** [ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦]

ਇਸ ਬਾਲਕ ਦਾ ਨਾਮ ਇਸ ਦੇ ਪਿਤਾ ਨੇ ਸੰਗਤੀਆ ਰਖਿਆ ਸੀ। ਸਤਿਗੁਰਾਂ ਦਾ ਬਾਲਕ ਨੂੰ ਅਗਨ ਵਿੱਚ ਕੁੱਦ ਜਾਣ ਦਾ ਬਚਨ ਸੁਣ ਕੇ ਸੰਗਤ ਬਹੁਤ ਹੈਰਾਨ ਹੋਈ। ਆਪਸ ਵਿੱਚ ਗੱਲਾਂ ਕਰਨ ਲੱਗੇ ਕਿ ਗੁਰੂ ਦੀ ਗਤ ਲਖੀ ਨਹੀਂ ਜਾਂਦੀ। ਜੈਸਾ ਕਿ :

**ਇਕ ਤਿਖਾਨ ਕੋ ਤਾਤ ਹੈ, ਆਨਿ ਚਢਾਯੋ ਸੋਇ।**
**ਪਾਵਕ ਮਹਿਂ ਤਿਹ ਪਾਵਈਂ ਅਤਿ ਅਚਰਜ ਇਹ ਹੋਇ॥੧੫॥**

[ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦]

ਲੋਕ ਕਹਿਣ ਲੱਗੇ ਕਿ ਤਰਖਾਣ ਦਾ ਇਕੋ ਹੀ ਪੁੱਤਰ ਸੀ, ਸਤਿਗੁਰਾਂ ਨੇ ਉਸਨੂੰ ਹੀ ਅੱਗ ਵਿੱਚ ਬੈਠਣ ਲਈ ਕਹਿ ਦਿੱਤਾ। ਜਦੋਂ ਸਤਿਗੁਰਾਂ ਨੇ ਬਾਲਕ ਨੂੰ ਅੱਖ ਵਿੱਚ ਬੈਠਣ ਦੀ ਆਗਿਆ ਦਿੱਤੀ ਤਾਂ ਸਿੱਧ ਅਤੇ ਇਸਤਰੀ, ਪੁਰਸ਼ ਤਾਂ ਹੈਰਾਨੀ ਨਾਲ ਵੇਖ ਰਹੇ ਸਨ, ਪਰ ਇਸ ਬੱਚੇ ਦਾ ਹਿਰਦਾ ਡੋਲਿਆ ਨਹੀਂ। ਗੁਰੂ ਦੇ ਬਚਨ ਨੂੰ ਮੰਨਿਆ। ਅਗਨੀ ਦੇ ਫੂਕਨ ਦੀ ਪੀੜਾ ਨਹੀਂ ਮੰਨੀ ਤੇ ਛਾਲ ਮਾਰ ਕੇ ਅੱਗ ਵਿੱਚ ਜਾ ਬੈਠਿਆ। ਜੈਸਾ ਕਿ :

**ਦ੍ਵਾਦਸ਼ ਬਰਖਨ ਬੈਸ ਕੁਮਾਰਾ। ਮਾਰਿ ਛਾਰ ਗਾ ਅਗਨਿ ਮਝਾਰਾ।**
**ਬੈਠਿ ਨ ਨਿਕਸਯੋ ਧਰਿ ਉਰ ਧੀਰਾ॥ ਪਾਵਕ ਤੇਜ ਨ ਛੁਹਯੋ ਸਰੀਰਾ॥੧੭॥**

[ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦]

ਜਦੋਂ ਬੱਚਾ ਅੱਗ ਵਿੱਚ ਬੈਠ ਗਿਆ ਤਾਂ ਅਗਨੀ ਦੇ ਤੇਜ ਨੇ ਇਸਨੂੰ ਰਤਾ ਭਰ ਵੀ ਨਹੀਂ ਛੁਹਿਆ। ਬੱਚਾ ਅੱਗ ਵਿੱਚ ਸਵਾ ਪਹਿਰ ਬੈਠਾ ਰਿਹਾ। ਦੇਖਣ ਵਾਲੇ ਸਾਰੇ ਹੀ ਬਹੁਤ ਹੈਰਾਨ ਹੋਏ ਤੇ ਸਤਿਗੁਰੂ ਜੀ ਪਰਮ ਪ੍ਰਸੰਨ ਹੋ ਗਏ ਤੇ ਉਸ ਨੂੰ ਕਿਰਤਾਰਥ ਕਰਨ ਵਾਸਤੇ ਬਚਨ ਉਚਾਰਨ ਕੀਤਾ ਕਿ ਬੱਚਾ! ਤੂੰ ਜਨਮ ਮਰਨ ਤੋਂ ਰਹਿਤ ਹੋਇਆ, ਤੇਰੇ ਸਾਰੇ ਜੰਜਾਲ ਟੁੱਟ ਗਏ, ਤੂੰ ਸਦਾ ਨਿਹਾਲ ਹੋਇਆ। ਜੈਸਾ ਕਿ :

**ਦੋਹਰਾ॥ ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ॥**
**ਨਿਕਸਹੁ ਆਵਹੁ ਵਹਿਰ ਕੋ ਅਬਿ ਤੇ ਸਦਾ ਨਿਹਾਲ॥੧੯॥**

[ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਅਧਿ: ੪੦]

ਜਦੋਂ ਸਤਿਗੁਰਾਂ ਦੀ ਰਸਨਾ ਤੋਂ ਨਿਹਾਲ ਹੋਣ ਦਾ ਬਚਨ ਪ੍ਰਾਪਤ ਹੋਇਆ ਤਾਂ ਇਹ ਸੁਣਦਿਆਂ ਹੀ ਬਾਲਕ ਦੇ ਕਪਾਟ ਖੁੱਲ੍ਹ ਗਏ। ਦਵੈਤ, ਭਰਮ ਦੇ ਸੰਗਲ ਕਟੇ ਗਏ ਅਤੇ ਦਿਬ ਦ੍ਰਿਸ਼ਟੀ ਹੋ ਗਈ। ਤਿੰਨਾਂ ਲੋਕਾਂ ਦੀ ਸੋਝੀ ਹੋ ਗਈ, ਜਨਮ ਮਰਨ ਦਾ ਸੋਗ ਚੁੱਕਿਆ ਗਿਆ। ਫਿਰ ਸਤਿਗੁਰੂ ਜੀ ਨੇ ਕਿਹਾ ਕਿ ਬੱਚਾ! ਤੂੰ ਆਪਣੀ ਮਰਜ਼ੀ ਨਾਲ ਕੁਝ ਮੰਗ ਲੈ। ਤਾਂ ਇਸ ਬੱਚੇ ਨੇ ਗੁਰੂ ਦੇ ਸਿੱਖਾਂ ਵਾਲਾ ਸੁਭਾਅ ਵਰਤਦੇ ਹੋਏ ਕਿਹਾ ਕਿ ਸਤਿਗੁਰੂ ਜੀ! ਜੋ ਆਪ ਜੀ ਨੇ ਸਿੱਧਾਂ ਦੀਆਂ ਅਤੇ ਭਾਈ ਅਜਿਤੇ ਦੀਆਂ ਸ਼ਕਤੀਆਂ ਵਾਪਸ ਲਈਆਂ ਹਨ, ਉਹ ਕ੍ਰਿਪਾ ਕਰਕੇ ਇਨ੍ਹਾਂ ਨੂੰ ਬਖ਼ਸ਼ ਦਿਓ। ਇਸ ਪਰਉਪਕਾਰ ਦੇ ਸੁਭਾਵ ਤੋਂ ਸਭ ਸਿੱਧ, ਭਾਈ ਅਜਿਤਾ ਅਤੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਏ। ਇਹ ਸਭ ਸਾਧ ਰੂਪ ਗੁਰੂ ਨਾਨਕ ਸਾਹਿਬ ਜੀ ਦਾ ਬਚਨ ਮੰਨਣ ਦੀਆਂ ਬਰਕਤਾਂ ਹਨ। ਜੋ ਮੁਖਵਾਕ ਦੀ ਉਪਰੋਕਤ ਤੁਕ ਵਿੱਚ ਸਤਿਪੁਰਸ਼ਾਂ ਦੇ ਬਚਨ ਮੰਨਣ ਦਾ ਸਿਧਾਂਤ ਸਤਿਗੁਰਾਂ ਨੇ ਦਿੱਤਾ ਹੈ, ਉਸੇ ਸਿਧਾਂਤ ਨੂੰ ਇਹ ਸਾਖੀ ਸਪੱਸ਼ਟ ਕਰਦੀ ਹੈ। ਜਿਵੇਂ ਇਹ ਬੱਚਾ ਬਚਨ ਮੰਨ ਕੇ ਸੰਸਾਰ ਸਮੁੰਦਰ ਤੋਂ ਤਰਿਆ ਉਵੇਂ ਹੀ ਜੇ ਕੋਈ ਸਤਿਪੁਰਸ਼ਾਂ ਦੇ ਬਚਨ ਨੂੰ ਮੰਨੇਗਾ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੇਗਾ।

## *ਕੋਟਿ ਤੀਰਥ ਮਜਨ ਇਸਨਾਨਾ; ਇਸੁ ਕਲਿ ਮਹਿ ਮੈਲੁ ਭਰੀਜੈ॥*

ਭਾਵੇਂ ਕੋਟਿ=ਕ੍ਰੋੜਾਂ ਹੀ ਤੀਰਥਾਂ ਉੱਤੇ ਜਾ ਕੇ ਮਜਨ=ਪੁਰਬ ਦੇ ਸਮੇਂ ਇਸ਼ਨਾਨ ਵੀ ਕਰ ਲਵੇ ਤਾਂ ਵੀ ਇਸ ਕਲਜੁਗਿ ਵਿੱਚ ਇਹ ਜੀਵ ਪਾਪਾਂ ਰੂਪੀ, **ਵਾ:** ਅਭਿਮਾਨਤਾ ਰੂਪੀ ਮੈਲ ਨਾਲ ਹੀ ਭਰੀਜੈ=ਭਰਿਆ ਜਾਂਦਾ ਹੈ। ਇਸ਼ਨਾਨ ਤੇ ਮਜਨ ਦਾ ਇਤਨਾ ਭੇਦ ਹੈ ਕਿ ਇਸ਼ਨਾਨ ਜੋ ਸਾਧਾਰਨ ਤਰੀਕੇ ਨਾਲ ਕੀਤਾ ਜਾਵੇ ਤੇ ਮਜਨ ਜੋ ਗੋਤਾ ਮਾਰ ਕੇ ਕੀਤਾ ਜਾਵੇ। ਜੈਸਾ ਕਿ :

੧. **ਇਹੁ ਮਨੁ ਮੈਲਾ ਇਕੁ ਨ ਧਿਆਏ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥**
**ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥**
[ਮਾਝ ਮਹਲਾ ੩, ਅੰਗ ੧੧੬]

੨. **ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨ ਤਊ ਨ ਜਾਈ॥** [ਸੋਰਠਿ ਕਬੀਰ ਜੀ, ਅੰਗ ੬੫੬]

੩. **ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥** [ਵਾਰ ਸੂਹੀ ਮ: ੧, ਅੰਗ ੭੮੯]

੪. **ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥**
[ਰਾਮਕਲੀ ਮਹਲਾ ੫, ਅੰਗ ੮੯੦]

## *ਸਾਧਸੰਗਿ ਜੋ ਹਰਿ ਗੁਣ ਗਾਵੈ; ਸੋ ਨਿਰਮਲੁ ਕਰਿ ਲੀਜੈ॥੨॥*

ਸਾਧ ਸੰਗਤ ਵਿੱਚ ਜਾ ਕੇ ਜੋ ਜਗਿਆਸੂ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾਵੈ=ਗਾਉਂਦਾ ਹੈ, ਉਹ ਆਪਣੇ ਮਨ ਨੂੰ ਪਾਪਾਂ, **ਵਾ:** ਵਿਕਾਰਾਂ ਦੀ ਮੈਲ ਤੋਂ ਰਹਿਤ, ਭਾਵ ਸੁਧ ਕਰ ਲੈਂਦਾ ਹੈ॥੨॥ ਜੈਸਾ ਕਿ :

**ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥** [ਸੋਰਠਿ ਮਹਲਾ ੫, ਅੰਗ ੬੨੫]

## ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ; ਇਨ੍ ਪੜਿਆ ਮੁਕਤਿ ਨ ਹੋਈ॥

ਬੇਦ ਜੋ ਗਿਣਤੀ ਵਿੱਚ ਚਾਰ ਹਨ—ਸ਼ਾਮ ਬੇਦ, ਰਿਗ ਬੇਦ, ਜੁਜਰ ਬੇਦ, ਅਥਰਵਣ ਬੇਦ ਅਤੇ ਕਤੇਬ=ਇਸਲਾਮ ਮਤ ਵਿੱਚ ਚਾਰ ਕਤੇਬਾਂ—ਕੁਰਾਨ, ਤੌਰੇਤ, ਜ਼ੰਬੂਰ, ਅੰਜੀਲ ਹਨ। ਜਿਸ ਤਰ੍ਹਾਂ ਹਿੰਦੂ ਮਤ ਵਿੱਚ ਬੇਦਾਂ ਨੂੰ ਸਤਿਕਾਰ ਪ੍ਰਾਪਤ ਹੈ, ਉਸੇ ਤਰ੍ਹਾਂ ਇਸਲਾਮ ਮਤ ਵਿੱਚ ਚਾਰੇ ਕਤੇਬਾਂ ਨੂੰ ਮਾਨ ਮਿਲਿਆ ਹੈ। ਸੋ, ਫ਼ੁਰਮਾਨ ਕੀਤਾ ਹੈ ਕਿ ਚਾਰ ਬੇਦ, ਚਾਰ ਕਤੇਬ, ਸਤਾਈ ਸਿਮ੍ਰਤੀਆਂ, ਛੇ ਸਾਸਤ=ਸਾਂਖ, ਨਿਯਾਇ, ਪੂਰਬ ਮੀਮਾਂਸਾ, ਪਤੰਜਲ, ਵੈਸ਼ੇਸਿਕ, ਵੇਦਾਂਤ ਇਹਨਾਂ ਸਭਿ=ਸਾਰਿਆਂ ਨੂੰ ਪੜਿਆ=ਵੀਚਾਰਿਆ ਮੁਕਤੀ ਨਹੀਂ ਹੁੰਦੀ। ਜੈਸਾ ਕਿ :

੧. **ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ॥**
**ਪੂਰਨ ਪ੍ਰੇਮ ਪ੍ਰਭਾਉ ਬਿਨਾਂ ਪਤਿ ਸਿਉ ਕਿਨ ਸ੍ਰੀ ਪਦਮਾਪਤਿ ਪਾਏ॥੩॥੨੪੫॥**
[ਅਕਾਲ ਉਸਤਤਿ ਪਾਤਸ਼ਾਹੀ ੧੦]

੨. **ਬੇਦ ਕਤੇਬੀ ਭੇਦੁ ਨ ਜਾਤਾ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥**
[ਮਾਰੂ ਮਹਲਾ ੧, ਅੰਗ ੧੦੨੧]

## ਏਕੁ ਅਖਰੁ ਜੋ ਗੁਰਮੁਖਿ ਜਾਪੈ; ਤਿਸ ਕੀ ਨਿਰਮਲ ਸੋਈ॥੩॥

ਜੋ ਗੁਰਮੁਖ ਗੁਰਾਂ ਦੁਆਰੇ ਏਕੁ=ਇੱਕ ਨਾਮ ਰੂਪੀ ਅੱਖਰ ਨੂੰ ਜਾਪੈ=ਜਪਦਾ ਹੈ **ਵਾ:** (ਅ+ਖਰੁ) ਖਰੁ=ਖਰਨ, ਨਾਸ਼ ਤੋਂ ਅ=ਰਹਿਤ ਪ੍ਰਮਾਤਮਾ ਨੂੰ ਜਾਣਦਾ ਹੈ, ਉਸਦੀ ਨਿਰਮਲ=ਪਵਿੱਤ੍ਰ ਸੋਈ=ਸੋਭਾ ਹੁੰਦੀ ਹੈ॥੩॥ ਜੈਸਾ ਕਿ :

੧. **ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥੧॥** [ਗਉੜੀ ਮਹਲਾ ੫, ਅੰਗ ੨੬੧]

੨. **ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥** [ਵਾਰ ਆਸਾ ਮਹਲਾ ੧, ਅੰਗ ੪੬੭]

## ਖਤ੍ਰੀ ਬ੍ਰਾਹਮਣ ਸੂਦ ਵੈਸ; ਉਪਦੇਸੁ ਚਹੁ ਵਰਨਾ ਕਉ ਸਾਝਾ॥

ਚਾਰੇ ਵਰਨਾਂ ਵਿੱਚੋਂ ਭਾਵੇਂ ਬ੍ਰਾਹਮਣ, ਭਾਵੇਂ ਖੱਤਰੀ, ਭਾਵੇਂ ਵੈਸ਼ ਤੇ ਭਾਵੇਂ ਸ਼ੂਦਰ ਕੋਈ ਵੀ ਪੁਰਸ਼ ਹੋਵੇ, ਸਭ ਨੂੰ ਗੁਰੂ ਨਾਨਕ ਦੇ ਘਰ ਦਾ ਉਪਦੇਸ਼ ਸਾਂਝਾ ਹੈ, ਕਿਸੇ ਨਾਲ ਕੋਈ ਵਿਤਕਰਾ ਨਹੀਂ। ਜੈਸਾ ਕਿ :

**ਬੀਜ ਮੰਤ੍ਰੁ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥**
[ਗਉੜੀ ਮਹਲਾ ੫, ਅੰਗ ੨੭੪]

## ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ;
## ਘਟਿ ਘਟਿ ਨਾਨਕ ਮਾਝਾ॥੪॥੩॥੫੦॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਹੜਾ ਪੁਰਸ਼ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਸਭਨਾਂ ਘਟਾਂ ਘਟਾਂ ਦੇ ਮਾਝਾ=ਵਿੱਚ ਵਿਆਪਕ ਜਾਣ ਕੇ ਇਸ ਕਲਿਜੁਗ ਦੇ ਮਹਿ=ਵਿੱਚ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਜਪਦਾ ਹੈ, ਉਹ ਪੁਰਸ਼ ਸੰਸਾਰ ਸਮੁੰਦਰ ਤੋਂ ਉਧਰੈ=ਤਰ ਜਾਂਦਾ ਹੈ॥੪॥੩॥੫੦॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੫ [ਆਦਿ ਅੰਗ ੭੪੮]

***ਸੂਹੀ ਮਹਲਾ ੫ ॥ ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥ ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥ ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥ ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥ ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥ ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥***

## *ਸੂਹੀ ਮਹਲਾ ੫ ॥*

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਅੰਕਿਤ ਹੈ, ਜਿਸ ਵਿੱਚ ਸਤਿਗੁਰੂ ਜੀ ਨੇ ਸੰਤਾਂ ਮਹਾਂਪੁਰਸ਼ਾਂ ਦੀ ਵਡਿਆਈ ਤੇ ਉਨ੍ਹਾਂ ਦੇ ਗੁਣ ਵਰਨਣ ਕੀਤੇ ਹਨ।

## *ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ; ਓਇ ਰਾਮ ਨਾਮ ਰੰਗਿ ਰਾਤੇ ॥*

ਸੰਤ ਜੋ ਕੁਝ ਭੀ ਕਰਤਬ ਕਰਦੇ ਹਨ ਪ੍ਰਭ=ਵਾਹਿਗੁਰੂ ਉਹੀ ਕੁਝ ਮਾਨਹਿ=ਮੰਨ ਲੈਂਦਾ ਹੈ, ਓਇ=ਉਹ ਸੰਤ ਜਨ ਰਾਮ ਨਾਮ ਦੇ ਰੰਗਿ=ਪ੍ਰੇਮ ਵਿੱਚ ਰਾਤੇ=ਤਦਾਕਾਰ, ਭਾਵ ਭਿਜੇ ਹੋਏ ਹਨ। ਜੈਸਾ ਕਿ :

**੧. ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ਰਹਾਉ॥**
[ਆਸਾ ਮਹਲਾ ੫, ਅੰਗ ੪੦੩]

**੨. ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥੧॥**
[ਗਉੜੀ ਮਹਲਾ ੫, ਅੰਗ ੨੦੨]

**੩. ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥**
**ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥** [ਬਿਲਾਵਲ ਮਹਲਾ ੫, ਅੰਗ ੮੧੭]

**ਸਾਖੀ—ਭਾਈ ਬੁੱਧੂ ਤੇ ਭਾਈ ਲੱਖੂ ਦੀ—ਆਵਾ ਕੱਚਾ ਰਿਹਾ—**ਭਾਈ ਬੁੱਧੂ ਨਾਮ ਦਾ ਇੱਕ ਘੁਮਿਆਰ ਜਾਤੀ ਦਾ ਸਿੱਖ, ਜਿਸ ਦਾ ਲਾਹੌਰ ਵਿੱਚ ਘਰ ਸੀ। ਧਰਮ ਕਿਰਤ ਕਰਕੇ ਆਏ ਗਏ ਸਿੱਖ ਸਾਧ ਦੀ ਸੇਵਾ ਵੀ ਨਿਭਾਉਂਦਾ ਸੀ। ਇਸਨੇ ਇੱਟਾਂ ਦੇ ਆਵੇ ਲਾਏ ਸਨ। ਇੱਟਾਂ ਵੇਚ ਕੇ ਆਪਣੀ ਗੁਜ਼ਰਾਨ ਚਲਾਉਂਦਾ ਸੀ। ਇੱਕ ਵਾਰ ਉਸਦੇ ਕਈ ਆਵੇ ਪਿਲੇ ਰਹੇ, ਜਿਸ ਘਾਟੇ ਨੇ ਉਸਨੂੰ ਕਰਜ਼ਈ ਕਰ ਦਿੱਤਾ। ਫਿਰ ਕਈ ਹਜ਼ਾਰ ਹੋਰ ਕਰਜ਼ਾ ਚੁੱਕ ਕੇ ਉਸ ਨੇ ਆਵਾ ਲਾਇਆ ਤੇ ਬਹੁਤ ਮਜ਼ਦੂਰ ਲਾ ਕੇ ਪਹਾੜੀ ਦੀ ਤਰ੍ਹਾਂ ਉੱਚੇ ਆਵੇ ਲਾਏ। ਸੋਚਿਆ ਕਿ ਇੱਟਾਂ ਵੇਚ ਕੇ ਬਾਣੀਏ ਦਾ ਸਾਰਾ ਕਰਜ਼ਾ ਉਤਾਰ ਦੇਵਾਂਗਾ। ਜਦੋਂ ਆਵੇ ਨੂੰ ਅੱਗ ਦੇਣੀ ਸੀ ਤਾਂ ਬੁੱਧੂ ਜੀ ਨੇ ਵੀਚਾਰ ਕੀਤੀ ਕਿ ਪਹਿਲਾਂ ਗੁਰੂ ਦੇ ਚਰਨ ਪੂਜ ਕੇ ਫਿਰ ਇਹ ਕਾਰਜ ਆਰੰਭ ਕੀਤਾ ਜਾਵੇ ਤਾਂ ਜੋ ਕਾਰਜ ਵਿੱਚ ਕੋਈ ਵਿਘਨ ਨਾ ਪਵੇ ਤੇ ਇੱਟਾਂ ਪੱਕੀਆਂ ਨਿਕਲਣ। ਇੱਕ ਰਾਤ ਰਸਤੇ ਵਿੱਚ ਕੱਟ ਕੇ ਸ੍ਰੀ ਅੰਮ੍ਰਿਤਸਰ ਪਹੁੰਚਿਆ। ਖੂਹ 'ਤੇ ਇਸ਼ਨਾਨ ਕਰਕੇ ਫਿਰ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ ਤੇ ਪ੍ਰੇਮ ਨਾਲ ਜਪੁਜੀ ਦਾ ਪਾਠ ਕੀਤਾ। ਸਤਿਗੁਰੂ ਦੇ ਦਰਬਾਰ ਵਿੱਚ ਜਾ ਕੇ ਭੇਟਾ ਰੱਖੀ ਤੇ ਚਰਨਾਂ 'ਤੇ ਨਮਸਕਾਰ ਕੀਤੀ। ਮੇਵੜੇ ਨੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਇਹ ਆਪ ਜੀ ਦਾ ਸਿਦਕੀ ਸਿੱਖ ਹੈ, ਇਸਨੇ ਬਹੁਤ ਧਨ ਲਾ ਕੇ ਆਵੇ

ਲਾਏ ਹਨ, ਇਸ ਦਾ ਧਨ ਸਫਲਾ ਹੋਵੇ ਤਾਂ ਸਤਿਗੁਰੂ ਨੇ ਕਿਰਪਾ ਭਰੇ ਨੇਤਰਾਂ ਨਾਲ ਤੱਕ ਕੇ ਬਚਨ ਕੀਤਾ, ਜੈਸਾ ਕਿ :

**ਕਾਰਜ ਤੋਰਿ ਸਿੱਧ ਹੁਇ ਜਾਇ। ਸੇਵਹੁ ਸਿਖਜਨ ਕੋ ਮਨ ਲਾਇ॥੧੫॥**
**ਪਾਕ ਈਂਟਕਾ ਹੋਵਹਿਂ ਨੀਕੇ। ਕਰਹੁ ਮਨੋਰਥ ਪੂਰਨ ਜੀ ਕੇ॥...॥੧੬॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਸਤਿਗੁਰਾਂ ਦੇ ਮੁਖੋਂ ਇਹ ਬਚਨ ਸੁਣ ਕੇ ਭਾਈ ਬੁੱਧੂ ਵਾਪਸ ਚਲਾ ਗਿਆ ਤੇ ਗੁਰੂ ਦੇ ਬਚਨ 'ਤੇ ਭਰੋਸਾ ਕਰ ਕੇ ਆਵੇ ਨੂੰ ਅੱਗ ਦੇ ਦਿੱਤੀ। ਕੁਝ ਦਿਨਾਂ ਬਾਅਦ ਮੋਰੀ ਖੋਲ੍ਹ ਕੇ ਇੱਟਾ ਵੇਖੀਆਂ ਤਾਂ ਬਹੁਤ ਹੀ ਵਧੀਆ ਪੱਕੀਆਂ ਇੱਟਾਂ ਸਨ। ਗੁਰੂ ਦਾ ਬਚਨ ਚੇਤੇ ਕਰਕੇ ਸੋਚਿਆ ਕਿ ਹੁਣ ਮੈਂ ਸਿੱਖਾਂ ਨੂੰ ਲੰਗਰ ਛਕਾਵਾਂ। ਘਰੇ ਜਾ ਕੇ ਤਿਆਰੀ ਕੀਤੀ ਤੇ ਅਨੇਕਾਂ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਬੇਅੰਤ ਗੁਰਸਿਖ-ਸੰਗਤਾਂ ਨੂੰ ਬੁਲਾ ਕੇ ਪਹਿਲਾਂ ਕੀਰਤਨ ਕਰਵਾਇਆ। ਰਬਾਬੀਆਂ ਨੇ ਕੀਰਤਨ ਕੀਤਾ ਤੇ ਅਰਦਾਸ ਕਰਕੇ ਲੰਗਰ ਵਰਤਾਉਣਾ ਸ਼ੁਰੂ ਕੀਤਾ। ਸਿੱਖ ਸੰਗਤਾਂ ਪੰਗਤਾਂ ਵਿੱਚ ਬੈਠ ਕੇ ਛਕਣ ਲੱਗੀਆਂ, ਜਦੋਂ ਸਾਰੀ ਸੰਗਤ ਛੱਕ ਕੇ ਤ੍ਰਿਪਤ ਹੋ ਗਈ ਤਾਂ ਉਸ ਸਮੇਂ ਇੱਕ ਸਿੱਖ ਆ ਪਹੁੰਚਿਆ। ਜੈਸਾ ਕਿ :

**ਤ੍ਰਿਪਤਿ ਭਈ ਸਭਿ ਸੰਗਤਿ ਆਛੈ। ਏਕ ਸਿਖ ਚਲਿ ਆਯਹੁ ਪਾਛੈ।**
**ਕਰੀ ਜਾਚਨਾ ਦੇਹੁ ਅਹਾਰੇ। ਗੁਰ ਹਿਤ ਤੇ ਕੀਨਸਿ ਤੈਂ ਤਯਾਰੇ॥੨੧॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਸਿੱਖ ਨੇ ਪ੍ਰਸ਼ਾਦਾ ਮੰਗਿਆ ਤੇ ਭਾਈ ਬੁੱਧੂ ਨੇ ਇਨਕਾਰ ਕਰ ਦਿੱਤਾ ਤੇ ਕਹਿਣ ਲੱਗਾ ਕਿ ਹੁਣ ਲੰਗਰ ਵਰਤ ਚੁੱਕਾ ਹੈ, ਜੇ ਤੂੰ ਪਹਿਲਾਂ ਆਉਂਦਾ ਤਾਂ ਤੈਨੂੰ ਪ੍ਰਸ਼ਾਦਾ ਛਕਾ ਦਿੰਦੇ। ਸਾਰੀ ਸੰਗਤ ਨੇ ਹੱਥ ਸੁੱਚੇ ਕਰਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਆਪ ਜੀ ਦੇ ਬੁੱਧੂ ਨਾਮੇ ਸਿੱਖ ਨੇ ਸਿੱਖ ਸੰਗਤਾਂ ਨੂੰ ਪ੍ਰਸ਼ਾਦਾ ਛਕਾਇਆ ਹੈ, ਆਪ ਜੀ ਨੇ ਕਿਰਪਾ ਕਰਨੀ ਇਸਦੇ ਆਵੇ ਦੀਆਂ ਇੱਟਾਂ ਪੱਕੀਆਂ ਨਿਕਲਣ। ਤੁਹਾਡੀ ਕਿਰਪਾ ਦੁਆਰਾ ਹੀ ਸਿੱਖ ਦਾ ਕਾਰਜ ਨੇਪਰੇ ਚੜ੍ਹੇਗਾ। ਇਹ ਸੁਣ ਕੇ ਭਾਈ ਲੱਖੂ ਜੋ ਪਿੱਛੋਂ ਆਇਆ ਸੀ, ਉਸ ਨੇ ਵੀ ਇਹ ਅਰਦਾਸ ਸੁਣੀ ਤੇ ਉੱਚੀ ਆਵਾਜ਼ ਵਿੱਚ ਕਿਹਾ ਕਿ ਬੁੱਧੂ! ਤੇਰਾ ਆਵਾ ਕੱਚਾ ਰਹੇਗਾ। ਤੂੰ ਇੱਕ ਭੁੱਖੇ ਸਿੱਖ ਨੂੰ ਲੰਗਰ ਨਹੀਂ ਛਕਾਇਆ। ਜੈਸਾ ਕਿ :

**ਸੁਨਿ ਸਿਖ ਲੱਖੂ ਊਚ ਉਬਾਚਾ। ਬੁੱਧੂ ਰਹਯੋ ਪਚਾਵਾ ਕਾਚਾ।**
**ਹੇਰਿ ਛੁਧਾਤੁਰ ਦਿਯ ਨ ਅਹਾਰਾ। ਨਹਿਂ ਪਾਕਹਿ ਭਾ ਦੋਸ਼ ਉਦਾਰਾ॥੨੪॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਇਹ ਬਚਨ ਸੁਣ ਕੇ ਭਾਈ ਬੁੱਧੂ ਨੇ ਭਾਈ ਲੱਖੂ ਨੂੰ ਕਿਹਾ ਕਿ ਤੂੰ ਵੱਡਾ ਨਵੀਨ ਸਿੱਖ ਆਇਆ ਹੈਂ, ਜੋ ਇਸ ਤਰ੍ਹਾਂ ਦੇ ਬਚਨ ਕਰਦਾ ਹੈਂ। ਮੇਰੇ ਆਵੇ ਦੇ ਪੱਕੇ ਰਹਿਣ ਦਾ ਬਚਨ ਸਤਿਗੁਰਾਂ ਨੇ ਕੀਤਾ ਹੈ, ਗੁਰੂ ਦਾ ਬਚਨ ਅਟੱਲ ਹੈ, ਉਸਨੂੰ ਕੋਈ ਵੀ ਮਿਟਾਅ ਨਹੀਂ ਸਕਦਾ। ਜੈਸਾ ਕਿ :

**ਐਸੋ ਕੌਨ ਜੁ ਬਾਕ ਮਿਟਾਵੈ। ਗੁਰ ਕੋ ਕਹਯੋ ਸਦਾ ਸਫਲਾਵੈ।**
**ਭੋਜਨ ਸਮੈ ਨ ਪਹੁਚਯੋ ਆਪ। ਕ੍ਰੋਧ ਕਰੇ ਹਮ ਦੇਤੋ ਸ੍ਰਾਪ॥੨੬॥** [ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸ ੪੮]

ਤੂੰ ਲੇਟ ਆਪ ਆਇਆ ਹੈਂ ਤੇ ਉਲਟਾ ਕ੍ਰੋਧ ਕਰਕੇ ਮੈਨੂੰ ਸਰਾਪ ਦੇ ਰਿਹਾ ਹੈਂ। ਇਹ ਸੁਣ ਕੇ ਭਾਈ ਲੱਖੂ ਕਹਿਣ ਲੱਗਾ, ਜੈਸਾ ਕਿ :

**ਹਮ ਭੀ ਹੈਂ ਗੁਰ ਸਿਖਯ ਮਹਾਂਨੇ। ਨਹਿਂ ਭੋਜਨ ਦੇ ਕਰਿ ਤ੍ਰਿਪਤਾਨੇ।**
**ਰਹੈ ਪਚਾਵਾ ਕਾਚਾ ਜਾਨਿ। ਇਮ ਕਹਿ ਸਿਖਯ ਕੀਨਿ ਪ੍ਰਸਥਾਨ॥੨੭॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸ ੪੮]

ਇਹ ਕਹਿ ਕੇ ਭਾਈ ਲੱਖੂ ਚਲਿਆ ਗਿਆ। ਅਗਲੇ ਦਿਨ ਜਦੋਂ ਭਾਈ ਬੁੱਧੂ ਨੇ ਜਾ ਕੇ ਇੱਟਾਂ ਦੇਖੀਆਂ ਤਾਂ ਸਾਰੀਆਂ ਪਿੱਲੀਆਂ ਨਜ਼ਰ ਆਈਆਂ। ਪਿੱਲੀਆਂ ਇੱਟਾਂ ਦੇਖ ਕੇ ਬਹੁਤ ਹੈਰਾਨ ਹੋਇਆ ਕਿ ਮੈਂ ਪਹਿਲਾਂ ਦੇਖ ਕੇ ਗਿਆ ਹਾਂ ਇੱਟਾਂ ਪੱਕੀਆਂ ਸਨ, ਇਹ ਕਿਵੇਂ ਹੋ ਗਿਆ ਕਿ ਸਾਰੀਆਂ ਹੀ ਇੱਟਾਂ ਪੱਕੀਆਂ ਤੋਂ ਕੱਚੀਆਂ ਬਣ ਗਈਆਂ ਹਨ। ਚਿੰਤਾਤੁਰ ਹੋ ਕੇ ਕਿਤਨੀ ਹੀ ਦੇਰ ਖੜਾ ਰਿਹਾ ਤੇ ਸੋਚਦਾ ਰਿਹਾ ਕਿ ਨਫ਼ਾ ਮੂਲ ਸਭ ਖ਼ਤਮ ਹੋ ਗਿਆ। ਮਿੱਟੀ ਦੀ ਮਿੱਟੀ ਹੋ ਗਈ, ਲਏ ਹੋਏ ਕਰਜ਼ੇ ਦਾ ਫ਼ਿਕਰ ਵੱਢ-ਵੱਢ ਕੇ ਖਾਣ ਲੱਗਾ। ਉਸ ਵੇਲੇ ਗੁਰੂ ਦਾ ਬਚਨ ਯਾਦ ਕਰਕੇ ਧੀਰਜ ਧਾਰੀ ਹੋ ਕੇ ਲਾਹੌਰ ਤੋਂ ਚੱਲ ਕੇ ਅੰਮ੍ਰਿਤਸਰ ਪਹੁੰਚਿਆ ਤੇ ਗੁਰੂ ਚਰਨਾਂ ਵਿੱਚ ਜਾ ਕੇ ਆਪਣੀ ਸਾਰੀ ਵਾਰਤਾ ਕਹੀ ਕਿ ਹੇ ਸਤਿਗੁਰੂ ਜੀ ! ਮੈਂ ਆਪ ਜੀ ਦੇ ਬਚਨਾਂ 'ਤੇ ਭਰੋਸਾ ਧਾਰ ਕੇ ਗੁਰਸਿਖ ਸੰਗਤਾਂ ਨੂੰ ਪ੍ਰਸ਼ਾਦਾ ਵੀ ਬੜੇ ਪ੍ਰੇਮ ਨਾਲ ਛਕਾਇਆ, ਪਰ ਇਸ ਦੇ ਬਾਵਜੂਦ ਵੀ ਮੇਰਾ ਆਵਾ ਕੱਚਾ ਰਿਹਾ ਤੇ ਮੂਲ ਨਫ਼ਾ ਸਭ ਰੁੜ ਗਿਆ ਹੈ। ਹੁਣ ਆਪ ਜੀ ਤੋਂ ਬਿਨਾਂ ਮੇਰਾ ਕੋਈ ਆਸਰਾ ਨਹੀਂ। ਮੈਂ ਤਾਂ ਕਰਜ਼ਾ ਉਤਾਰਦਾ ਹੀ ਮਰ ਜਾਵਾਂਗਾ। ਜਾਣੀ ਜਾਣ ਸਤਿਗੁਰੂ ਜੀ ਕਹਿਣ ਲੱਗੇ ਕਿ ਸੰਗਤ ਵਿੱਚੋਂ ਕਿਤੇ ਮੇਰਾ ਕੋਈ ਸਿੱਖ ਭੁੱਖਾ ਤਾਂ ਨਹੀਂ ਚਲਾ ਗਿਆ, ਕਿਤੇ ਕੋਈ ਤੇਰੇ ਕੋਲੋਂ ਕੋਈ ਐਸਾ ਦੋਸ਼ ਤਾਂ ਨਹੀਂ ਹੋ ਗਿਆ ? ਸੁਣ ਕੇ ਬੁੱਧੂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਹੋਰ ਤਾਂ ਸਭ ਸਿੱਖ ਤ੍ਰਿਪਤ ਹੋ ਕੇ ਗਏ ਹਨ, ਪਰ ਲੰਗਰ ਵਰਤੇ ਤੋਂ ਇੱਕ ਮਸਤਾਨਾ ਜਿਹਾ ਸਿੱਖ ਆਇਆ ਸੀ, ਜਿਸ ਨੂੰ ਪੰਗਤ ਲੱਗਣ ਤੋਂ ਬਾਅਦ ਆਉਣ ਕਰਕੇ ਮੈਂ ਲੰਗਰ ਤੋਂ ਜਵਾਬ ਦੇ ਦਿੱਤਾ ਸੀ ਤੇ ਉਸਨੇ ਹੀ ਆਵਾ ਕੱਚਾ ਰਹਿਣ ਦਾ ਬਚਨ ਕੀਤਾ। ਮੈਂ ਉਸਦੇ ਉੱਤਰ ਵਿੱਚ ਕਿਹਾ ਕਿ ਤੂੰ ਕਉਣ ਹੈਂ ਸਤਿਗੁਰੂ ਜੀ ਦੇ ਬਚਨ ਉਲਟਾਉਣ ਵਾਲਾ। ਪਰ ਸਤਿਗੁਰੂ ਜੀ ਮੈਂ ਹੈਰਾਨ ਹਾਂ ਕਿ ਉਸ ਸਿੱਖ ਨੇ ਤੁਹਾਡੇ ਬਚਨ ਨੂੰ ਵੀ ਨਿਹਫਲ ਕਰ ਦਿੱਤਾ ਤੇ ਸਿੱਖ ਦਾ ਬਚਨ ਸਫਲਾ ਹੋ ਗਿਆ। ਇਹ ਭੁੱਲ ਮੇਰੇ ਕੋਲੋਂ ਜ਼ਰੂਰ ਹੋਈ ਹੈ। ਜੇ ਉਹ ਸਾਰਿਆਂ ਦੇ ਨਾਲ ਆਉਂਦਾ ਤਾਂ ਮੈਂ ਭੋਜਨ ਜ਼ਰੂਰ ਦਿੰਦਾ, ਪਰ ਉਹ ਸਾਰਿਆਂ ਦੇ ਪਿੱਛੋਂ ਆਇਆ ਸੀ। ਸਰਾਪ ਦਾ ਬਚਨ ਕਹਿ ਕੇ ਉਹ ਤੁਰਤ ਚਲਿਆ ਗਿਆ, ਮੈਂ ਲੱਭਿਆ ਪਰ ਮੈਨੂੰ ਉਹ ਨਹੀਂ ਲੱਭਾ। ਸਤਿਗੁਰੂ ਇਹ ਸੁਣ ਕੇ ਚੁੱਪ ਹੋ ਗਏ ਤੇ ਬੁੱਧੂ ਮਨ ਵਿੱਚ ਝੂਰਦਾ ਹੈ ਕਿ ਮੇਰਾ ਹੁਣ ਕੀ ਹਾਲ ਹੋਵੇਗਾ। ਕੁਝ ਸਮਾਂ ਜਦੋਂ ਬੈਠਾ ਰਿਹਾ ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਭਾਈ ਬੁੱਧੂ ! ਤੂੰ ਚੰਗਾ ਨਹੀਂ ਕੀਤਾ, ਜੋ ਭੁੱਖੇ ਸਿੱਖ ਨੂੰ ਪ੍ਰਸ਼ਾਦਾ ਨਹੀਂ ਛਕਾਇਆ। ਮੇਰੇ ਸਿੱਖ ਦਾ ਬਚਨ ਅਟੱਲ ਹੈ। ਮੇਰੇ ਬਚਨ ਨੂੰ ਸਿੱਖ ਬਦਲ ਸਕਦਾ ਹੈ, ਪਰ ਮੇਰੇ ਵਿੱਚ ਸਿੱਖ ਦਾ ਬਚਨ ਬਦਲਣ ਦਾ ਬਲ ਨਹੀਂ। ਜੈਸਾ ਕਿ :

**ਗੁਰ ਸਿਖਜਨ ਕੇ ਬਾਕ ਅਚਲ ਹੈਂ। ਕਰੌਂ ਹਟਾਵਨਿ ਨਹਿਂ ਮਮ ਬਲ ਹੈ।**
**ਮੋਹਿ ਕਹੇ ਕੋ ਸਿਖ ਹਟਾਵੈ। ਤਿਨ ਕੋ ਕਹਿਬੋ ਕੌਨ ਮਿਟਾਵੈ ॥੪੦॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਜੋ ਸਿੱਖ ਸੰਗਤ ਵਾਸਤੇ ਅਹਾਰ ਤਿਆਰ ਕਰੇ, ਕਿਸੇ ਨੂੰ ਖ਼ਾਲੀ ਨਾ ਜਾਣ ਦੇਵੇ ਤਾਂ ਗੁਰੂ ਦੀ ਪੂਰਨ ਖ਼ੁਸ਼ੀ ਹੁੰਦੀ ਹੈ। ਇਸ ਮੇਰੀ ਸਿਖਿਆ ਨੂੰ ਜੋ ਮੰਨੇਗਾ, ਉਸਦੇ ਕਾਰਜ ਰਾਸ ਹੋਣਗੇ। ਕਦੀ ਵੀ ਗੁਰਸਿਖ ਦਾ ਨਿਰਾਦਰ ਨਹੀਂ ਕਰਨਾ ਤੇ ਹਮੇਸ਼ਾ ਗੁਰੂ ਦੇ ਸਿੱਖ ਦਾ ਭੈ ਰਖਣਾ ਹੈ। ਹੁਣ ਤੇਰਾ ਕਾਰਜ ਸਵਾਰ ਦਿੰਦੇ ਹਾਂ, ਪਰ ਅੱਗੇ ਤੋਂ ਕਦੇ ਵੀ ਐਸਾ ਨਹੀਂ ਕਰਨਾ। ਇੱਟਾਂ ਤਾਂ ਕੱਚੀਆਂ ਹੀ ਰਹਿਣਗੀਆਂ, ਪਰ ਕੱਚੀਆਂ ਇੱਟਾਂ ਪੱਕੀਆਂ ਦੇ ਹੀ ਭਾਅ ਵਿਕ ਜਾਣਗੀਆਂ ਅਤੇ ਤੇਰਾ ਕਾਰਜ ਸੌਰ ਜਾਵੇਗਾ। ਜੈਸਾ ਕਿ :

**ਬਹੁਰਿ ਨ ਕਰਹੁ ਕਬਹੁ ਅਸ ਬਾਤਿ। ਸਿਖ ਅਨਾਦਰ ਹੈ ਦੁਖ ਦਾਤਿ।**
**ਕਾਚੀ ਈਂਟ ਪਚਾਵੇ ਜੋਇ। ਬਿਕਹਿਂ ਮੋਲ ਪਾਕੀ ਕੇ ਸੋਇ ॥੪੪॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਤੇਰਾ ਕਰਜ਼ਾ ਵੀ ਉਤਰ ਜਾਵੇ ਤੇ ਨਫ਼ਾ ਵੀ ਪ੍ਰਾਪਤ ਹੋਵੇਗਾ। ਜਦੋਂ ਜਾ ਕੇ ਇੱਟਾਂ ਕੱਢੀਆਂ ਤਾਂ ਸਾਰੀਆਂ ਪਿੱਲੀਆਂ ਦੇਖ ਕੇ ਪਛਤਾ ਰਿਹਾ ਹੈ, ਪਰ ਗੁਰੂ ਦੇ ਬਚਨ ਚੇਤੇ ਕਰਕੇ ਧੀਰਜ ਵੀ ਧਾਰਦਾ ਹੈ। ਕੁਝ ਦਿਨ ਬਾਅਦ

ਝੜੀ ਲੱਗ ਗਈ ਤੇ ਹੋਰ ਕੋਈ ਆਵਾ ਤਿਆਰ ਨਾ ਹੋਇਆ ਤੇ ਕਿਲ੍ਹੇ ਦੀ ਕੰਧ ਢਹਿ ਗਈ। ਸਰਕਾਰੀ ਬੰਦੇ ਇੱਟਾਂ ਲਭਦੇ ਫਿਰਦੇ ਸਨ, ਪਰ ਕਿਤੋਂ ਵੀ ਇੱਟਾਂ ਨਹੀਂ ਸਨ ਮਿਲਦੀਆਂ। ਰਾਜੇ ਦਾ ਹੁਕਮ ਸੀ ਕਿ ਇੱਟਾਂ ਕਿਤੋਂ ਵੀ ਤੇ ਕਿਸੇ ਵੀ ਭਾਅ ਮਿਲਣ, ਪਰ ਲੈ ਕੇ ਆਓ। ਕਿਸੇ ਨੇ ਦੱਸਿਆ ਕਿ ਬੁੱਧੂ ਦੇ ਕੋਲ ਇੱਟਾਂ ਹਨ। ਜਦੋਂ ਮੁੱਲ ਹੋਣ ਲੱਗਾ ਤਾਂ ਬੁੱਧੂ ਨੇ ਕਿਹਾ ਕਿ ਮੇਰੀਆਂ ਇੱਟਾਂ ਭਾਵੇਂ ਕੱਚੀਆਂ ਹਨ, ਪਰ ਮੈਂ ਪੱਕੀਆਂ ਦੇ ਭਾਅ ਦੇਵਾਂਗਾ। ਸੋ, ਗੁਰੂ ਨੇ ਸਿੱਖ ਦਾ ਬਚਨ ਪੂਰਾ ਕਰਨ ਵਾਸਤੇ ਆਪਣਾ ਬਚਨ ਫੇਰ ਲਿਆ। ਜੈਸਾ ਕਿ :

**ਸਿਖ ਕੋ ਬਾਕ ਨ ਗੁਰੂ ਮਿਟਾਯੋ। ਅਪਨੋ ਕਹਯੋ ਪ੍ਰਥਮ ਨਿਫਲਾਯੋ।**
**ਪਾਕੀ ਕੇ ਮੋਲ ਕਾਚ ਬਿਕਾਈ। ਸੁਨਿ ਕੈ ਗੁਰ ਸਿਖਜਨਿ ਸਮੁਦਾਈ ॥੫੦॥**

[ਸ੍ਰੀ ਗੁਰ ਪ੍ਰਤਾਪ, ਰਾਸਿ ੨, ਅੰਸੂ ੪੮]

ਇਸੇ ਪ੍ਰਕਾਰ ਭਗਤ ਨਾਮਦੇਵ ਜੀ ਨੇ ਵੀ ਇਸੇ ਸਿਧਾਂਤ ਨੂੰ ਮੁਖ ਰਖ ਕੇ ਆਪਣੀ ਬਾਣੀ ਵਿੱਚ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**
**ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥** [ਸਾਰਗ ਨਾਮਦੇਵ ਜੀ, ਅੰਗ ੧੨੫੨]

ਮੇਰੀ ਬੰਨ੍ਹੀ ਹੋਈ ਪ੍ਰਤੱਗਿਆ ਨੂੰ ਭਗਤ ਛੁਡਾ ਲੈਂਦਾ ਹੈ, ਪਰ ਜੇ ਭਗਤ ਪ੍ਰਤੱਗਿਆ ਬੰਨ੍ਹੇ, ਉਹ ਮੇਰੇ ਤੋਂ ਛੁੱਟਦੀ ਨਹੀਂ। ਹੋਰ ਤਾਂ ਕੀ ਇੱਕ ਸਮੇਂ ਮੈਨੂੰ ਵੀ ਪਕੜ ਕੇ ਬੰਨ੍ਹ ਲਵੇ ਤਾਂ ਫੁਨਿ=ਪੁਨਾਂ ਮੇਰੇ ਕੋਲ ਕੋਈ ਜਵਾਬ ਨਹੀਂ ਹੁੰਦਾ ਕਿ ਮੈਨੂੰ ਕਿਸ ਅਵੱਗਿਆ ਕਰਕੇ ਬੰਨ੍ਹਿਆ ਹੈ। ਇਹ ਸਿਧਾਂਤ ਪ੍ਰਮੇਸ਼ਰ ਤੇ ਉਸ ਵੱਲੋਂ ਭੇਜੇ ਅਵਤਾਰਾਂ ਦੇ ਜੀਵਨ ਵਿੱਚੋਂ ਵੀ ਪ੍ਰਗਟ ਹੁੰਦਾ ਹੈ। ਜਿਸ ਤਰ੍ਹਾਂ ਦੁਆਪੁਰ ਦੇ ਅਵਤਾਰ ਭਗਵਾਨ ਕ੍ਰਿਸ਼ਨ ਨੇ ਇਹ ਪ੍ਰਤੱਗਿਆ ਕੀਤੀ ਕਿ ਮੈਂ ਜੁੱਧ ਵਿੱਚ ਸ਼ਸਤ੍ਰ ਨਹੀਂ ਫੜਾਂਗਾ ਅਤੇ ਭੀਸ਼ਮ ਪਿਤਾਮਾ ਗੰਗਾ ਪੁੱਤਰ ਨੇ ਪ੍ਰਤੱਗਿਆ ਕੀਤੀ ਸੀ ਕਿ ਮੈਂ ਤੈਨੂੰ ਇੱਕ ਵਾਰ ਸ਼ਸ਼ਤ੍ਰ ਚੁਕਵਾਂਗਾ। ਆਖ਼ਰ ਭਗਵਾਨ ਕ੍ਰਿਸ਼ਨ ਨੇ ਆਪਣੇ ਭਗਤ ਦੀ ਪ੍ਰਤੱਗਿਆ ਪੂਰੀ ਕਰਨ ਵਾਸਤੇ ਆਪਣੀ ਪ੍ਰਤੱਗਿਆ ਤੋੜੀ। ਇਸ ਵਾਸਤੇ ਗੁਰੂ ਅਰਜਨ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਸੰਤ ਜੋ ਕੁਝ ਵੀ ਕਰਤਬ ਕਰਦੇ ਹਨ, ਪ੍ਰਭੂ ਉਨ੍ਹਾਂ ਦੀ ਉਹੀ ਮੰਨਦਾ ਹੈ।

## *ਤਿਨ੍ ਕੀ ਸੋਭਾ ਸਭਨੀ ਥਾਈ; ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥*

ਜਿਨ੍=ਜਿਨ੍ਹਾਂ ਨੇ ਪ੍ਰਭ=ਪ੍ਰਮੇਸ਼ਰ ਦੇ ਚਰਨ ਪਰਾਤੇ=ਫੜੇ ਹਨ, ਵਾ—ਵਾਹਿਗੁਰੂ ਦੇ ਚਰਨਾਂ ਦਾ ਧਿਆਨ ਕਰਨਾ ਪਰਾਤੇ=ਪਛਾਣਿਆ ਹੈ, ਤਿਨ੍=ਉਨ੍ਹਾਂ ਦੀ ਸੋਭਾ=ਵਡਿਆਈ ਸਭਨੀ=ਸਾਰੀਆਂ ਹੀ ਥਾਈ=ਥਾਵਾਂ 'ਤੇ ਹੁੰਦੀ ਹੈ ॥੧॥ ਜੈਸਾ ਕਿ :

**ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥**
**ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥** [ਸੋਰਠਿ ਮਹਲਾ ੩, ਅੰਗ ੬੩੮]

## *ਮੇਰੇ ਰਾਮ; ਹਰਿ ਸੰਤਾ ਜੇਵਡੁ ਨ ਕੋਈ ॥*

ਹੇ ਮੇਰੇ ਰਾਮ=ਭਾਈ! ਹਰਿ=ਪ੍ਰਮੇਸ਼ਰ ਦੇ ਸੰਤਾਂ ਜੇਵਡ=ਜਿੱਡਾ ਕੋਈ ਵੀ ਨਹੀਂ ਹੈ। ਸੰਤ ਸੰਸਾਰ ਦੇ ਜੀਵਾਂ ਨੂੰ ਅਗਿਆਨ ਦਾ ਅੰਧੇਰਾ ਕੱਟ ਕੇ, ਗਿਆਨ ਦਾ ਪ੍ਰਕਾਸ਼ ਦੇ ਕੇ ਜੰਮਣ ਮਰਨ ਤੋਂ ਮੁਕਤ ਕਰ ਦਿੰਦੇ ਹਨ। ਜੀਵਾਂ ਦੀ ਐਸੀ ਸਹਾਇਤਾ ਕਰਨ ਕਰਕੇ ਹੀ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥**
**ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥੧॥** [ਰਾਮਕਲੀ ਮਹਲਾ ੫, ਅੰਗ ੯੨੯]

## ਭਗਤਾ ਬਣਿ ਆਈ ਪ੍ਰਭ ਅਪਨੇ ਸਿਉ; ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥

ਭਗਤੀ ਕਰਨ ਵਾਲੇ ਜੋ ਭਗਤ ਹਨ, ਉਨ੍ਹਾਂ ਦੀ ਆਪਣੇ ਪ੍ਰਭ=ਪ੍ਰਮੇਸ਼ਰ ਨਾਲ ਪ੍ਰੀਤੀ ਬਣ ਆਈ ਹੈ ਅਤੇ ਭਗਤਾਂ ਦਾ ਇਹ ਨਿਸਚਾ ਹੈ ਕਿ ਉਹ ਪ੍ਰਮੇਸ਼ਰ ਜਲਿ=ਪਾਣੀ ਵਿੱਚ, ਥਲਿ=ਖ਼ੁਸ਼ਕ ਜਗ੍ਹਾ, (ਮਹੀ+ਅਲਿ) ਮਹੀ=ਧਰਤੀ ਅਤੇ ਅਲਿ=ਅਕਾਸ਼ ਵਿੱਚ ਪੂਰਨ ਹੈ।

## ਕੋਟਿ ਅਪ੍ਰਾਧੀ ਸੰਤਸੰਗਿ ਉਧਰੈ; ਜਮੁ ਤਾ ਕੈ ਨੇੜਿ ਨ ਆਵੈ ॥

ਕੋਟਿ=ਕ੍ਰੋੜਾਂ ਅਪ੍ਰਾਧੀ=ਅਪਰਾਧ ਕਰਨ ਵਾਲੇ, ਭਾਵ ਪਾਪੀ ਪੁਰਸ਼ ਸੰਤਾਂ ਦਾ ਸੰਗ ਕਰਕੇ ਉਧਰੈ=ਤਰ ਗਏ ਤੇ ਜਮ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ। ਜੈਸਾ ਕਿ :

੧. **ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥** [ਗਉੜੀ ਮਹਲਾ ੫, ਅੰਗ ੨੯੬]

੨. **ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥** [ਗਉੜੀ ਮਹਲਾ ੫, ਅੰਗ ੨੫੬]

## ਜਨਮ ਜਨਮ ਕਾ ਬਿਛੁੜਿਆ ਹੋਵੈ; ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥

ਜਿਹੜਾ ਜੀਵ ਜਨਮਾਂ-ਜਨਮਾਂਤਰਾਂ ਤੋਂ ਪ੍ਰਮੇਸ਼ਰ ਤੋਂ ਵਿਛੜਿਆ ਹੁੰਦਾ ਹੈ, ਉਸਨੂੰ ਆਣਿ=ਲਿਆ ਕੇ ਸਤਿ ਪੁਰਸ਼ ਹਰਿ=ਪ੍ਰਮੇਸ਼ਰ ਦੇ ਨਾਲ ਮਿਲਾ ਦਿੰਦੇ ਹਨ ॥੨॥ ਜੈਸਾ ਕਿ :

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥** [ਸੂਹੀ ਮਹਲਾ ੫, ਅੰਗ ੭੪੯]

ਸੰਤ ਜੀਵਾਂ ਨੂੰ ਪ੍ਰਮੇਸ਼ਰ ਦੀ ਭਗਤੀ ਵਿੱਚ ਜੋੜ ਕੇ ਪ੍ਰਮੇਸ਼ਰ ਦਾ ਪ੍ਰੇਮ ਜਾਗ੍ਰਤ ਕਰਵਾ ਕੇ, ਪ੍ਰਮਾਤਮਾ ਨਾਲ ਜੋੜ ਦਿੰਦੇ ਹਨ, ਕਿਉਂਕਿ ਪ੍ਰਮਾਤਮਾ ਨਾਲ ਜੁੜਨ ਦੇ ਤਰੀਕਿਆਂ ਵਿੱਚੋਂ ਇੱਕ ਪ੍ਰੇਮ ਦਾ ਤਰੀਕਾ ਹੀ ਸਰਬ ਸ੍ਰੇਸ਼ਟ ਹੈ। ਆਮ ਕਰਕੇ ਜੀਵ ਦਾ ਸੁਭਾਅ ਵੀ ਇਹੀ ਹੈ ਕਿ ਜਿਸ ਵਸਤੂ ਦਾ ਹਿਰਦੇ ਵਿੱਚ ਪ੍ਰੇਮ ਪੈਦਾ ਹੋ ਜਾਵੇ, ਜੀਵ ਉਥੇ ਹੀ ਜੁੜ ਜਾਂਦਾ ਹੈ। ਇਹੀ ਪ੍ਰੇਮ ਮਾਇਆ ਵਿੱਚ ਜੁੜ ਜਾਵੇ ਤਾਂ ਜੀਵ ਮਾਇਆ ਨਾਲ ਜੁੜ ਜਾਂਦਾ ਹੈ। ਜੇ ਸੰਬੰਧੀਆਂ ਦਾ ਪ੍ਰੇਮ ਹਿਰਦੇ ਵਿੱਚ ਪੈਦਾ ਹੋ ਜਾਵੇ ਤਾਂ ਸੰਬੰਧੀਆਂ ਨਾਲ ਜੁੜ ਜਾਂਦਾ ਹੈ ਅਤੇ ਜੇ ਵਿਸ਼ਿਆਂ ਦਾ ਪ੍ਰੇਮ ਪੈਦਾ ਹੋ ਜਾਵੇ ਤਾਂ ਵਿਸ਼ਿਆਂ ਨਾਲ ਜੁੜ ਜਾਂਦਾ ਹੈ। ਸੋ, ਜੋੜਨ ਵਾਲੀ ਸ਼ਕਤੀ ਦਾ ਨਾਮ ਪ੍ਰੇਮ ਅਤੇ ਤੋੜਨ ਵਾਲੀ ਸ਼ਕਤੀ ਦਾ ਨਾਮ ਨਫ਼ਰਤ ਹੈ। ਸੋ, ਮਹਾਂਪੁਰਸ਼ ਗ਼ਲਤ ਥਾਂਵਾਂ ਮਾਇਆ, ਸੰਬੰਧੀਆਂ ਜਾਂ ਵਿਸ਼ਿਆਂ ਵਿੱਚ ਜੁੜੇ ਪ੍ਰੇਮ ਤੋਂ ਨਫ਼ਰਤ ਕਰਵਾ ਕੇ ਪ੍ਰਮਾਤਮਾ ਦਾ ਪ੍ਰੇਮ ਪੈਦਾ ਕਰ ਦਿੰਦੇ ਹਨ ਅਤੇ ਜੀਵ ਪ੍ਰੇਮ ਦੇ ਸਹਾਰੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ, ਭਾਵ ਮਿਲ ਜਾਂਦਾ ਹੈ।

## ਮਾਇਆ ਮੋਹ ਭਰਮੁ ਭਉ ਕਾਟੈ; ਸੰਤ ਸਰਣਿ ਜੋ ਆਵੈ ॥

ਜੋ=ਜਿਹੜਾ ਕੋਈ ਪੁਰਸ਼ ਸੰਤਾਂ ਦੀ ਸ਼ਰਨ ਵਿੱਚ ਆਉਂਦਾ ਹੈ, ਸੰਤ ਉਸਦੇ ਅੰਦਰੋਂ ਮਾਇਆ ਦਾ ਮੋਹ, ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਦਾ ਡਰ ਕਾਟੈ=ਕੱਟ ਦਿੰਦੇ ਹਨ, ਕਿਉਂਕਿ ਸੰਤਾਂ ਕੋਲ ਭਰਮ ਨੂੰ ਕਟਣ ਵਾਲੀ ਸ਼ਕਤੀ ਦਾ ਨਾਮ ਵੀਚਾਰ ਹੈ, ਇਸ ਨਾਲ ਭਰਮ ਨੂੰ ਕਟ ਦਿੰਦੇ ਹਨ।

ਪੰਜ ਪ੍ਰਕਾਰ ਦਾ ਭਰਮ — **ਭੇਦ ਭਰਮ ਕਰਤ੍ਰਿਤੂ ਭਰਮ ਪੁਨਿ ਸੰਗ ਭਰਮ ਵਿਕਾਰ ॥**
**ਬ੍ਰਹਮ ਇਤਰ ਜਗ ਸਤਯਤੂ ਪਾਂਚੋ ਭਰਮ ਸੰਸਾਰ ॥**

ਪੰਜੇ ਭਰਮਾਂ ਦੀ ਨਵ੍ਰਿਤੀ — **ਬਿੰਬ ਪ੍ਰਤਿਬਿੰਬ ਲੋਹ ਸਫਟਕ ਘਟਾਕਾਸ ਗੁਣ ਮਾਰ ॥**
**ਕਨਕ ਕੁੰਡਲ ਦ੍ਰਿਸ਼ਟਾਂਤ ਤੇ ਪਾਂਚੋ ਭਰਮ ਨਿਵਾਰ ॥**

ਸੱਤ ਪ੍ਰਕਾਰ ਦਾ ਡਰ — **ਯਹ ਭੈ ਪ੍ਰਲੋਕ ਭੈ ਜਨਮ ਬੇਦਨਾ ਜਾਤ ॥**
**ਅਨ ਰਖਿਆ ਅਰ ਗੁਪਤ ਭੈ ਅਕਸ ਮਾਤਰ ਹੈ ਸਾਤ ॥**

ਇਸ ਪ੍ਰਕਾਰ ਮਹਾਂਪੁਰਸ਼ ਆਪਣੀ ਸ਼ਰਨ ਵਿੱਚ ਆਉਣ ਵਾਲੇ ਜਗਿਆਸੂਆਂ ਦੇ ਭਰਮ ਅਤੇ ਡਰ ਦੀ ਨਵਿਰਤੀ ਕਰ ਦਿੰਦੇ ਹਨ।

## *ਜੇਹਾ ਮਨੋਰਥੁ ਕਰਿ ਆਰਾਧੇ; ਸੋ ਸੰਤਨ ਤੇ ਪਾਵੈ ॥੩॥*

ਜਿਸ ਤਰ੍ਹਾਂ ਦਾ ਵੀ ਮਨੋਰਥੁ=ਸੰਕਲਪ ਕਰਕੇ ਕੋਈ ਸੰਤਾਂ ਨੂੰ ਆਰਾਧੇ=ਚੇਤੇ ਕਰਦਾ ਹੈ, ਸੋ=ਓਹੀ ਫਲ ਸੰਤਾਂ ਪਾਸੋਂ ਪਾਵੈ=ਪਾ ਲੈਂਦਾ ਹੈ ॥੩॥ ਜੈਸਾ ਕਿ :

੧. **ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥** [ਗਉੜੀ ਮਹਲਾ ੫, ਅੰਗ ੨੬੬]

੨. **ਮਨਸਾ ਧਾਰਿ ਜੋ ਘਰਿ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ ॥**
**ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥** [ਮਾਝ ਮਹਲਾ ੫, ਅੰਗ ੧੦੩]

## *ਜਨ ਕੀ ਮਹਿਮਾ ਕੇਤਕ ਬਰਨਉ; ਜੋ ਪ੍ਰਭ ਅਪਨੇ ਭਾਣੇ ॥*

ਉਨ੍ਹਾਂ ਸੰਤ ਜਨਾਂ ਦੀ ਮਹਿਮਾ=ਵਡਿਆਈ ਮੈਂ ਕਿਤਨੀ ਕੁ ਬਰਨਉ=ਕਥਨ ਕਰਾਂ, ਜੋ ਆਪਣੇ ਪ੍ਰਭੂ ਨੂੰ ਭਾਣੇ=ਭਾ ਗਏ ਹਨ। ਜੈਸਾ ਕਿ :

੧. **ਜਨ ਕੀ ਮਹਿਮਾ ਕਥੀ ਨ ਜਾਇ ॥ ਪਾਰਬ੍ਰਹਮੁ ਜਨੁ ਰਹਿਆ ਸਮਾਇ ॥**
[ਗਉੜੀ ਮਹਲਾ ੫, ਅੰਗ ੧੯੩]

੨. **ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ ॥੩॥੫॥**
[ਕਾਨੜਾ ਮਹਲਾ ੪, ਅੰਗ ੧੨੯੫]

## *ਕਹੁ ਨਾਨਕ ਜਿਨ ਸਤਿਗੁਰੁ ਭੇਟਿਆ; ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਪੂਰਨ ਗਿਆਨ ਵਾਲਾ ਸਤਿਗੁਰੂ ਭੇਟਿਆ=ਮਿਲਿਆ ਹੈ, ਉਹ ਸਭ=ਸਾਰਿਆਂ ਤੋਂ ਨਿਕਾਣੇ=ਕਾਣ ਕਨੌੜ ਤੋਂ ਰਹਿਤ ਹੋਏ ਹਨ, ਭਾਵ ਉਹ ਬੇਮੁਹਤਾਜ ਹੋ ਗਏ ਹਨ ॥੪॥੪॥੫੧॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੪੬ [ਆਦਿ ਅੰਗ ੭੪੯]

*ਸੂਹੀ ਮਹਲਾ ੫ ॥ ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ਰਹਾਉ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥*

## *ਸੂਹੀ ਮਹਲਾ ੫ ॥*

**ਉਥਾਨਕਾ—**ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਸੁਸ਼ੋਭਿਤ ਹੈ। ਇਸ ਸ਼ਬਦ ਦੇ ਉਚਾਰਨ ਕਰਨ ਦਾ ਕਾਰਨ ਸੁਲਹੀ ਖ਼ਾਂ ਦੇ ਆਉਣ ਤੋਂ ਪ੍ਰਮੇਸ਼ਰ ਵਲੋਂ ਹੋਈ ਰੱਖਿਆ ਦੇ ਕਾਰਨ ਹੋਇਆ। ਜਿਸ ਦਾ ਜ਼ਿਕਰ ਇਤਿਹਾਸ ਵਿੱਚ ਇਸ ਤਰ੍ਹਾਂ ਹੈ :

**ਸਾਖੀ—ਸੁਲਹੀ ਖ਼ਾਂ ਦੀ—**ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀਚੰਦ, ਜੋ ਅਤਿਅੰਤ ਈਰਖਾਲੂ ਸੀ, ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੰਪੂਰਨ ਹੋ ਗਿਆ। ਉਸ ਸਮੇਂ ਸਿੱਖੀ ਦਾ ਪ੍ਰਚਾਰ ਬਹੁਤ ਫੈਲ ਚੁੱਕਾ ਸੀ। ਉਸ ਸਮੇਂ ਕੱਤਕ ਵਿੱਚ ਸੰਮਤ ੧੬੬੧ ਬਿ: ਨੂੰ ਦੀਵਾਨ ਚੰਦੂ ਲਾਲ ਸ਼ਾਹੀ ਖੱਤਰੀ (ਰਹੇਲੇ ਪਿੰਡ ਵਾਲਾ ਜੋ ਬਾਦਸ਼ਾਹੀ ਨੌਕਰ ਹੋ ਕੇ ਦਿੱਲੀ ਵਿੱਚ ਵਸਦਾ ਸੀ, ਉਂਞ ਇਸ ਦਾ ਲਾਹੌਰ ਵਿੱਚ ਵੀ ਨਿਵਾਸ ਸੀ।) ਉਸਦੇ ਭੇਜੇ ਨਾਈ ਬ੍ਰਾਹਮਣ ਉਸਦੀ ਬੇਟੀ ਦਾ ਨਾਤਾ ਕਰਨ ਲਈ ਘਰ-ਘਰ ਵੇਖਦੇ ਹੋਏ ਅੰਮ੍ਰਿਤਸਰ ਆ ਪਹੁੰਚੇ। ਗੁਰੂ ਜੀ ਦਾ ਸੁਜਸ ਤੇ ਦਰਬਾਰ ਦੀ ਆਮਦਨੀ ਤੇ ਰੌਣਕ ਦੇਖ ਕੇ ਗੁਰੂ ਜੀ ਦੇ ਸਪੁੱਤਰ ਹਰਿਗੋਬਿੰਦ ਜੀ ਨੂੰ ਪਸੰਦ ਕਰ ਗਏ ਤੇ ਏਹੋ ਗੱਲ ਚੰਦੂ ਨੂੰ ਜਾ ਦੱਸੀ। ਚੰਦੂ ਨੇ ਕੁੜਮਾਈ ਦਾ ਸ਼ਗਨ ਤੋਰਨ ਸਮੇਂ ਹੰਕਾਰ ਨਾਲ ਬ੍ਰਾਹਮਣ ਨੂੰ ਏਹ ਗੱਲ ਆਖੀ ਕਿ ਤੁਸਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਈ ਹੈ, ਪਰ ਹੱਛਾ ਮੇਰੀ ਧੀ ਸਿੱਖਾਂ ਦੀ ਮਾਤਾ ਤਾਂ ਕਹਾਏਗੀ (ਹੋਣਹਾਰ ਪ੍ਰਬਲ ਹੈ)। ਏਹ ਹੰਕਾਰ ਵਾਲਾ ਕੁਬੋਲ ਦਿੱਲੀ ਦੇ ਸਿੱਖਾਂ ਨੇ ਸੁਣ ਕੇ ਬਹੁਤ ਬੁਰਾ ਮੰਨਿਆ ਤੇ ਗੁਰੂ ਜੀ ਪਾਸ ਬੇਨਤੀ ਲਿਖ ਭੇਜੀ ਕਿ ਏਸ ਪਾਪੀ ਦਾ ਨਾਤਾ ਨਹੀਂ ਲੈਣਾ। ਏਸ ਨੇ ਗੁਰੂ ਕੇ ਘਰ ਨੂੰ ਮੋਰੀ ਤੇ ਆਪ ਨੂੰ ਚੁਬਾਰਾ ਕਿਹਾ ਹੈ। ਜਦੋਂ ਏਹ ਚਿੱਠੀ ਅਤੇ ਚੰਦੂ ਲਾਲ ਦੇ ਲਾਗੀ ਗੁਰੂ ਸਾਹਿਬ ਪਾਸ ਪਹੁੰਚੇ ਤਾਂ ਗੁਰੂ ਜੀ ਨੇ ਸੰਗਤ ਦਾ ਬਚਨ ਮੰਨ ਕੇ ਚੰਦੂ ਦਾ ਸਾਕ ਨਾ ਲਿਆ। ਏਸ ਤੋਂ ਚੰਦੂ ਆਪਣੀ ਬੇਇਜ਼ਤੀ ਤੇ ਨਿਰਾਦਰੀ ਸਮਝ ਕੇ ਗੁਰੂ ਜੀ ਦਾ ਵੈਰੀ ਬਣ ਗਿਆ। ਏਹ ਸੁਣ ਕੇ ਤਾਂ ਪ੍ਰਿਥੀਏ ਘਰ ਘਿਉ ਦੇ ਦੀਵੇ ਬਲ ਗਏ। ਤੇ ਸੁਲਹੀ ਖ਼ਾਂ ਵੀ ਉਦੋਂ ਦਿੱਲੀ ਦੇ ਵਿੱਚ ਸੀ। ਸੋ, ਪ੍ਰਿਥੀਆ ਭੀ ਅਨੇਕਾਂ ਪ੍ਰਕਾਰ ਦੀਆਂ ਗਿਣਤੀਆਂ ਕਰਦਾ ਹੋਇਆ ਦਿੱਲੀ ਜਾ ਪਹੁੰਚਿਆ। ਇੱਕ ਹੋਰ ਹਾਕਮ ਸੁਲੱਬੀ ਖ਼ਾਂ, ਜੋ ਸੁਲਹੀ ਖ਼ਾਂ ਦਾ ਭਤੀਜਾ ਸੀ, ਉਹ ਭੀ ਨਾਲ ਰਲ ਗਿਆ। ਫਿਰ ਤਾਂ ਪੂਰੀ ਚੰਡਾਲ ਚੌਂਕੜੀ ਬਣ ਗਈ। ਚੰਡਾਲ ਚੌਂਕੜੀ ਦਾ ਪ੍ਰਮਾਣ ਭੀ ਗੁਰਬਾਣੀ ਵਿੱਚ ਆਇਆ ਹੈ। ਜੈਸਾ ਕਿ :

**ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥** [ਸੋਰਠਿ ਮਹਲਾ ੩, ਅੰਗ ੬੦੧]

ਅਤੇ ਸਾਰਿਆਂ ਨੇ ਸਲਾਹ ਗੁੰਦ ਕੇ ਪ੍ਰਿਥੀਚੰਦ ਤੋਂ ਜਾਇਦਾਦ ਤੇ ਆਮਦਨੀ ਵੰਡਾਉਣ ਵਾਸਤੇ ਬਾਦਸ਼ਾਹ ਪਾਸ ਅਰਜ਼ੀ ਦਿਵਾ ਦਿੱਤੀ। ਜੋ ਵਜ਼ੀਰ ਖ਼ਾਂ ਦੇ ਬਾਦਸ਼ਾਹ ਨੂੰ ਸਮਝਾਉਣੇ ਪਰ ਖ਼ਾਰਜ ਤਾਂ ਨਾ ਹੋਈ, ਪਰ ਦੋ ਪਿੰਡ

ਅਹੇਰ ਪਿੰਡ ਤੇ ਦੂਜਾ ਕਦੇਰ ਪਿੰਡ (ਇਹ ਦੋਵੇਂ ਪਿੰਡ ਚੌਂਦਾ ਹਜ਼ਾਰ ਵਿੱਘੇ ਦਾ ਰਕਬਾ ਪੁਰਾਣੀ ਸੰਨਤ ਦੇ ਲਿਹਾਜ ਦਿਵਾ ਦਿੱਤਾ ਤੇ ਗੁਰੂ ਅਰਜਨ ਦੇਵ ਜੀ ਨਾਲ ਕਦੇ ਭੀ ਪ੍ਰਿਥੀਚੰਦ ਕੋਈ ਝਗੜਾ ਨਾ ਕਰੇਗਾ) ਦਾ ਬੇਦਾਵਾ ਲਿਖਾ ਦਿੱਤਾ। ਵਜ਼ੀਰ ਖ਼ਾਂ ਨੇ ਆਪਣੀ ਜਾਨ ਵਿੱਚ ਸਦਾ ਲਈ ਇਹ ਝਗੜਾ ਮੁਕਵਾ ਦਿੱਤਾ, ਕਿਉਂਕਿ ਵਜ਼ੀਰ ਖ਼ਾਂ, ਜਿਸ ਦਾ ਜਲੋਧਰ ਦਾ ਰੋਗ ਹਟਿਆ ਸੀ, ਗੁਰੂ ਘਰ ਦਾ ਪ੍ਰੇਮੀ ਸੀ। ਭਾਵੇਂ ਪ੍ਰਿਥੀਚੰਦ ਨੂੰ ਗੁਰੂ ਚੱਕ (ਅੰਮ੍ਰਿਤਸਰ) ਦੀ ਆਮਦਨੀ ਨਾਲੋਂ ਭੀ ਬਹੁਤੀ ਆਮਦਨੀ ਦੇ ਪਿੰਡ ਮਿਲ ਗਏ, ਪਰ ਉਸਨੇ ਫੇਰ ਭੀ ਸਬਰ ਨਾ ਕੀਤਾ, ਕਿਉਂਕਿ ਉਹਦੀ ਇਸਤਰੀ ਕਹਿੰਦੀ ਸੀ ਕਿ ਜ਼ਗੀਰ ਭਾਵੇਂ ਕਿਤਨੀ ਭੀ ਮਿਲ ਗਈ, ਪਰ ਸਿਖੀ ਸੇਵਕੀ ਤੋਂ ਵਾਂਝੇ ਰਹਿ ਗਏ। ਇਸ ਲਈ ਕੋਈ ਐਸਾ ਚਾਰਾ ਕਰੋ ਕਿ ਜਿਸ ਨਾਲ ਮੇਰਾ ਪੁੱਤਰ ਗੁਰੂ ਸਦਾਏ, ਪਰ ਹੁਣ ਪ੍ਰਿਥੀਚੰਦ ਬੇਦਾਵਾ ਲਿਖ ਆਇਆ ਸੀ, ਕੁਛ ਕਰ ਨਹੀਂ ਸੀ ਸਕਦਾ। ਇਸ ਲਈ ਚੰਦੂ ਤੇ ਸੁਲਹੀ ਖ਼ਾਂ ਦੀ ਸਲਾਹ ਨਾਲ ਆਪਣੇ ਪੁੱਤਰ ਮਿਹਰਵਾਨ ਤੋਂ ਇਹ ਦਾਅਵਾ ਕਰਾ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਜਦੋਂ ਸੰਤਾਨ ਨਹੀਂ ਸੀ, ਮੈਨੂੰ ਗੋਦ ਲਿਆ ਸੀ, ਆਪਣਾ ਮਤਬੰਨਾ ਬਣਾਇਆ ਸੀ। ਤੇ ਹੁਣ ਉਹਨਾਂ ਦੇ ਘਰ ਪੁੱਤਰ ਹਰਿਗੋਬਿੰਦ ਪੈਦਾ ਹੋ ਗਿਆ ਹੈ, ਉਸ ਨੂੰ ਗੁਰਿਆਈ ਦੇਣੀ ਚਾਹੁੰਦੇ ਹਨ ਤਾਂ ਤੇ ਅਧੀ ਸਿੱਖੀ ਸੇਵਕੀ ਮੈਨੂੰ ਮਿਲਣੀ ਚਾਹੀਦੀ ਹੈ। ਇਸ ਸਮੇਂ ਜਹਾਂਗੀਰ ਬਾਦਸ਼ਾਹ ਦੇ ਨਾਲ ਵਜ਼ੀਰ ਖ਼ਾਂ ਤਾਂ ਦੱਖਣ ਵੱਲ ਚਲਾ ਗਿਆ ਸੀ। ਸੁਲਹੀ ਖ਼ਾਂ ਤੇ ਚੰਦੂ ਲਾਲ ਨੇ ਛਲ ਕਰਕੇ ਵੱਡੀ ਅਦਾਲਤ ਵਿੱਚ ਡਿਗਰੀ ਕਰਾ ਦਿੱਤੀ। ਸੁਲਬੀ ਖ਼ਾਂ ਜੋ ਸੁਲਹੀ ਖ਼ਾਂ ਦੇ ਵੱਡੇ ਭਰਾ ਦਾ ਲੜਕਾ, ਭਾਵ ਭਤੀਜਾ ਸੀ, ਉਹ ਇਹ ਹੁਕਮ ਦੇ ਕੇ ਤੋਰਿਆ ਕਿ ਗੁਰੂ ਚੱਕ ਜਾ ਕੇ ਸਿੱਖੀ ਵੰਡਵਾ ਦਿਓ। ਪ੍ਰਿਥੀਚੰਦ ਇਹ ਹੁਕਮ ਸੁਣ ਕੇ ਬੜਾ ਖ਼ੁਸ਼ ਹੋਇਆ। ਘਰ ਵਿੱਚ ਕਰਮੋਂ ਨੇ ਭੀ ਲੱਡੂ ਵੰਡੇ ਤੇ ਉਧਰ ਜਦ ਸੌ ਸਵਾਰ ਸਮੇਤ ਸੁਲੱਬੀ ਖ਼ਾਂ ਸਿੱਖੀ ਵੰਡਾਉਣ ਦਾ ਬਹਾਨਾ ਪਾ ਕੇ ਚੰਦੂ ਦੁਸ਼ਟ ਦੇ ਕਹਿਣ 'ਤੇ ਸਤਿਗੁਰੂ ਜੀ ਉੱਤੇ ਵਾਰ ਕਰਨ ਦੀ ਨਿਯਤ ਧਾਰ ਕੇ ਦਿੱਲੀ ਤੋਂ ਚੜ੍ਹ ਆਇਆ ਤੇ ਦੂਜੇ ਪਾਸੇ ਭਾਈ ਬਿੱਧੀ ਚੰਦ, ਕਲਿਆਣਾ, ਸਾਲੋ, ਕੇਦਾਰਾ, ਮੁਕੰਦਾ, ਆਲਾ, ਬਹਿਲੋ, ਭਗਤੂ, ਭਾਈ ਗੁਰਦਾਸ ਆਦਿਕ ਸਿੱਖਾਂ ਨੇ ਸੁਲਬੀ ਖ਼ਾਂ ਦਾ ਮੁਕਾਬਲਾ ਕਰਨ ਲਈ ਰੈਅ ਦਿੱਤੀ। ਉਹ ਸਿੱਖਾਂ ਦੀ ਰਾਇ ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਅੰਮ੍ਰਿਤ ਮਈ ਗੁਰਬਾਣੀ ਵਿੱਚ ਵੀ ਉਚਾਰਨ ਕੀਤੀ ਹੈ। ਜੈਸਾ ਕਿ :

**ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥**
**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥**

[ਆਸਾ ਮਃ ੫, ਅੰਗ ੩੭੧]

ਇਹ ਤਿੰਨ ਤਰ੍ਹਾਂ ਦੀ ਸਲਾਹ ਸਿੱਖਾਂ ਨੇ ਦਿੱਤੀ—(੧) ਆਪਣੇ ਵੱਲੋਂ ਇੱਕ ਚਿੱਠੀ ਭੇਜੀ ਜਾਏ। (੨) ਤੇ ਕੁਝ ਸਿੱਖਾਂ ਨੇ ਕਿਹਾ ਕਿ ਦੋ ਸਿੱਖ ਗੁਰੂ ਘਰ ਦੇ ਪੱਖ ਨੂੰ ਸਪੱਸ਼ਟ ਕਰਨ ਵਾਸਤੇ ਭੇਜੇ ਜਾਣ। ਚਿੱਠੀ ਨਾਲੋਂ ਜ਼ਿਆਦੇ ਚੰਗੀ ਗੱਲ ਹੋਵੇਗੀ। (੩) ਕੁਝ ਸਿੱਖਾਂ ਨੇ ਕਿਹਾ ਕਿ ਸਾਨੂੰ ਬਚਾਅ ਲਈ ਸੁਲਹੀ ਦਾ ਮੁਕਾਬਲਾ ਕਰਨ ਵਾਸਤੇ ਸ਼ਸਤ੍ਰਧਾਰੀ ਹੋ ਕੇ ਉਪਾਅ ਕਰਨਾ ਚਾਹੀਦਾ ਹੈ। ਸਤਿਗੁਰੂ ਨੇ ਚੁੱਪ ਹੋ ਕੇ ਸਾਰਿਆਂ ਦੀ ਰਾਇ ਸੁਣੀ ਤੇ ਜਦੋਂ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਦੀ ਰਾਇ ਪੁੱਛੀ ਤਾਂ ਹਜ਼ੂਰ ਨੇ ਕਿਹਾ ਕਿ ਸਭ ਕੁਛ ਛੱਡ ਕੇ ਪ੍ਰਮਾਤਮਾ ਨੂੰ ਧਿਆਓ, ਉਹ ਆਪ ਹੀ ਰੱਖਿਆ ਕਰੇਗਾ। ਅਕਾਲ ਪੁਰਖ ਦੀ ਕੁਦਰਤ ਐਸੀ ਹੋਈ ਕਿ ਸੁਲੱਬੀ ਖ਼ਾਂ ਜਦੋਂ ਬਿਆਸਾ ਕਿਨਾਰੇ ਪਹੁੰਚਿਆ ਤਾਂ ਜਲੰਧਰ ਦੇ ਸਈਅਦ ਹਸਨ ਅਲੀ ਖ਼ਾਂ ਨੇ ਉਸ ਤੋਂ ਆਪਣੀ ਤਨਖ਼ਾਹ ਮੰਗੀ, ਜੋ ਦੋ ਸਾਲ ਦੀ ਉਸ ਵੱਲ ਬਾਕੀ ਸੀ। ਉਸ ਨੇ ਹੰਕਾਰ ਵਿੱਚ ਸਈਅਦ ਨੂੰ ਗਾਲ੍ਹ ਕੱਢੀ। ਉਸ ਨੇ ਖਿੱਚ ਕੇ ਐਸੀ ਤਲਵਾਰ ਸੁਲੱਬੀ ਖ਼ਾਂ ਦੇ ਧੌਣ 'ਤੇ ਮਾਰੀ ਕਿ ਸਿਰ ਲਾਹ ਸੁਟਿਆ। ਤੇ ਆਪ ਦੌੜ ਕੇ ਜੰਗਲ ਵਿੱਚ ਜਾ ਵੜਿਆ। ਸਰਦਾਰ ਤੋਂ ਬਿਨਾਂ ਫ਼ੌਜ ਸਾਰੀ ਦੌੜ ਗਈ। ਪ੍ਰਿਥੀਚੰਦ ਨੇ ਇਹ ਹਾਲ ਸੁਣ ਕੇ ਬਹੁਤ ਪਛਤਾਵਾ ਕੀਤਾ ਤੇ ਰੌਂਦਾ ਹੋਇਆ ਸੁਲਹੀ ਖ਼ਾਂ ਪਾਸ ਲਾਹੌਰ ਪਹੁੰਚਿਆ ਤੇ ਆਖਣ ਲੱਗਾ ਕਿ ਮੇਰੇ ਭਰਾ ਗੁਰੂ ਅਰਜਨ ਦੇਵ ਨੇ ਆਪਣੇ ਕਿਸੇ ਆਦਮੀ ਤੋਂ ਜੋ ਉਨ੍ਹਾਂ ਪਾਸ ਬੜੇ ਬੜੇ ਧਾੜਵੀ ਰਹਿੰਦੇ ਹਨ, ਮੇਰੇ ਪਖੀ ਸਮਝ ਕੇ ਤੇਰੇ ਭਤੀਜੇ ਸੁਲੱਬੀ ਖ਼ਾਂ ਨੂੰ ਮਰਵਾ ਦਿੱਤਾ

ਹੈ। ਸੁਲਹੀ ਖ਼ਾਂ ਨੂੰ ਭਤੀਜੇ ਮਰਨ ਕਰਕੇ ਬੜਾ ਹੀ ਸੱਲ, ਭਾਵ ਦੁਖ ਲੱਗਾ ਤੇ ਬੜੇ ਕ੍ਰੋਧ ਵਿੱਚ ਆ ਗਿਆ ਤੇ ਪ੍ਰਿਥੀਚੰਦ ਅੱਗ 'ਤੇ ਤੇਲ ਪਾਉਣ ਵਾਂਗੂੰ ਉਸ ਨੂੰ ਭੜਕਾਉਂਦਾ ਰਿਹਾ ਤੇ ਉਹ ਬੇੜੀ ਤੇਜ਼ੀ ਨਾਲ ਆਪਣੇ ਭਤੀਜੇ ਦਾ ਬਦਲਾ ਲੈਣ ਲਈ ਪ੍ਰਿਥੀਚੰਦ ਦਾ ਪੱਖੀ ਹੋ ਕੇ ਅਹੇਰ ਪਿੰਡ ਪ੍ਰਿਥੀਏ ਪਾਸ ਜਾ ਉਤਰਿਆ। ਜਿਸ ਨੂੰ ਸੁਣ ਸਿੱਖ ਘਬਰਾਏ ਤੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਸੁਲਹੀ ਆਪਣੇ ਤਕ ਨਹੀਂ ਪਹੁੰਚ ਸਕੇਗਾ। ਤੇ ਉਧਰ ਸੁਲਹੀ ਖ਼ਾਂ ਤੇ ਪ੍ਰਿਥੀਚੰਦ ਦੋਵੇਂ ਕਈ ਤਰ੍ਹਾਂ ਦੇ ਪਾਪ ਚਿਤਵਦੇ ਸ਼ਿਕਾਰ ਖੇਡਦੇ ਆਉਂਦੇ ਹੋਏ ਆਵਾ ਦੇਖਣ ਲਈ ਉਥੇ ਪਹੁੰਚੇ ਤਾਂ ਸੁਲਹੀ ਖ਼ਾਂ ਦਾ ਘੋੜਾ ਐਸਾ ਤ੍ਰਬਕਿਆ, ਜੋ ਪਹਿਲੀ ਛਾਲ ਹੀ ਆਵੇ ਉੱਤੇ ਜਾ ਚੜ੍ਹਿਆ ਤੇ ਦੂਜੀ ਛਾਲ ਘੜੱਮ ਦੇ ਕੇ ਆਵੇ ਵਿੱਚ ਡਿਗ ਪਿਆ ਤੇ ਜਿਥੇ ਅੱਗ ਵਿੱਚ ਸੜ ਕੇ ਉਸਦੀ ਮੌਤ ਹੋ ਗਈ ਤੇ ਪ੍ਰਿਥੀਚੰਦ ਰੋ ਧੋ ਕੇ ਘਰ ਜਾ ਬੈਠਾ। ਜੈਸਾ ਕਿ:

**ਬਿਲਾਵਲੁ ਮਹਲਾ ੫ ॥**
**ਸੁਲਹੀ ਤੇ ਨਾਰਾਇਣ ਰਾਖੁ ॥**
**ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥**
**ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥**
**ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥**
**ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥**
**ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥**

[ਅੰਗ ੮੨੫]

ਸੋ, ਇਸ ਤਰ੍ਹਾਂ ਦੇ ਸਬਦ ਹੋਰ ਥਾਂਵਾਂ 'ਤੇ ਵੀ ਉਚਾਰਨ ਕੀਤੇ ਹੋਏ ਮਿਲਦੇ ਹਨ। ਸੂਹੀ ਰਾਗਣੀ ਵਿੱਚ ਜੋ ਮੁਖਵਾਕ ਹੈ, ਇਸੇ ਇਤਿਹਾਸ ਨਾਲ ਸੰਬੰਧਤ ਹੋਣ ਕਰਕੇ ਇਥੇ ਇਹ ਲੰਮੀ ਇਤਿਹਾਸ ਦੀ ਸਾਖੀ ਦਿੱਤੀ ਹੈ। ਭਾਵੇਂ ਹੋਰ ਕਿਸੇ ਟੀਕੇ ਵਾਲੇ ਨੇ ਇਹ ਉਥਾਨਕਾ ਨਹੀਂ ਲਿਖੀ, ਪਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇਸ ਸ਼ਬਦ ਦੀ ਇਹ ਉਥਾਨਕਾ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਹੋਈ ਕਥਾ ਦੇ ਵਿੱਚ ਵਿਆਖਿਆ ਕਰਦਿਆਂ ਮੰਨੀ ਹੈ।

## *ਜਿਸ ਕੇ ਸਿਰ ਊਪਰਿ ਤੂੰ ਸੁਆਮੀ; ਸੋ ਦੁਖੁ ਕੈਸਾ ਪਾਵੈ ॥*

ਹੇ ਮੇਰੇ ਸੁਆਮੀ=ਪ੍ਰਮੇਸ਼ਰ, ਮਾਲਕ, ਪ੍ਰਮਾਤਮਾ! ਜਿਸ ਕੇ=ਜਿਸ ਦੇ ਸਿਰ ਊਪਰਿ=ਸਿਰ ਉੱਤੇ ਤੂੰ ਰੱਖਿਆ ਕਰਨ ਵਾਲਾ ਹੋਇਆ ਹੈਂ, ਸੋ=ਉਹ ਪੁਰਸ਼ ਕੈਸਾ=ਕਿਸ ਤਰ੍ਹਾਂ ਦਾ ਦੁਖ ਪਾ ਸਕਦਾ ਹੈ? ਭਾਵ ਕੋਈ ਦੁਖ ਨਹੀਂ ਪਾ ਸਕਦਾ। ਜੈਸਾ ਕਿ:

**ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥੭॥**

[ਗਉੜੀ ਸੁਖਮਨੀ ਮਃ ੫, ਅੰਗ ੨੯੩]

ਜੈਸੇ ਕਿ ਸੁਲਹੀ ਆਦਿ ਤੋਂ ਸਾਡੀ ਰੱਖਿਆ ਹੋਈ। ਜੈਸਾ ਕਿ:

੧. **ਸਿਰ ਊਪਰਿ ਆਪਿ ਗੁਰੂ ਰਖਵਾਰਾ॥੨॥** [ਰਾਗੁ ਬਿਲਾਵਲੁ ਮਹਲਾ ੫, ਅੰਗ ੮੦੧]

੨. **ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥**
**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥** [ਬਿਲਾਵਲੁ ਮਃ ੫, ਅੰਗ ੮੧੯]

## *ਬੋਲਿ ਨ ਜਾਣੈ ਮਾਇਆ ਮਦਿ ਮਾਤਾ; ਮਰਣਾ ਚੀਤਿ ਨ ਆਵੈ ॥੧॥*

ਜੋ ਮਾਇਆ ਦੇ ਮਦਿ=ਹੰਕਾਰ ਵਿੱਚ ਮਾਤਾ=ਮਸਤ ਹੋਇਆ ਹੈ ਅਤੇ ਜਿਸ ਨੂੰ ਮਰਣਾਂ ਭੀ ਚੇਤੇ ਨਹੀਂ ਆਉਂਦਾ,

ਭਾਵ ਮੌਤ ਦਾ ਡਰ ਭੁੱਲ ਗਿਆ ਹੈ, ਉਹ ਪੁਰਸ਼ ਤਾਂ ਸ਼ੁਭ ਬਚਨ ਬੋਲਣਾ ਨਹੀਂ ਜਾਣਦਾ, **ਵਾ:** ਨਾਮ ਉਚਾਰਨ ਰੂਪ ਬੋਲਣਾ ਨਹੀਂ ਜਾਣਦਾ। **ਦੂਜਾ ਅਰਥ** ਪ੍ਰਿਥੀਚੰਦ, **ਵਾ:** ਸੁਲਹੀ ਖ਼ਾਂ ਬੋਲਿਨ=ਬਕਵਾਸ ਕਰਨਾ ਹੀ ਜਾਣਦਾ ਹੈ, ਕਿਉਂਕਿ ਇਹ ਮਾਇਆ ਦੇ ਹੰਕਾਰ ਵਿੱਚ ਹੀ ਮਤਿਆ ਹੋਇਆ ਹੈ, ਏਸ ਨੂੰ ਮਰਨਾ ਚੇਤੇ ਨਹੀਂ ਰਿਹਾ। ਜੈਸਾ ਕਿ :

**੧. ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ॥**
[ਰਾਮਕਲੀ ਮਃ ੫ ਛੰਤ, ਅੰਗ ੯੨੪]

**੨. ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥**
**ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥** [ਸੋਰਠਿ ਮਃ ੯, ਅੰਗ ੬੩੨]

**੩. ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥**
**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥** [ਦੇਵਗੰਧਾਰੀ ਮਃ ੯, ਅੰਗ ੫੩੬]

## *ਮੇਰੇ ਰਾਮ ਰਾਇ; ਤੂੰ ਸੰਤਾ ਕਾ, ਸੰਤ ਤੇਰੇ॥*

ਹੇ ਮੇਰੇ ਰਾਮ=ਰਮੇ ਹੋਏ ਰਾਇ=ਰਾਜਾ ਰੂਪ ਪ੍ਰਭੂ! ਤੂੰ ਸੰਤਾਂ ਦਾ ਰਾਖਾ ਹੈਂ ਤੇ ਸੰਤ ਤੇਰੇ ਸਹਾਰੇ ਹਨ, **ਵਾ:** ਤੂੰ ਸੰਤਾਂ ਦਾ ਸੁਆਮੀ ਹੈਂ ਤੇ ਸੰਤ ਤੇਰੇ ਦਾਸ ਹਨ। ਇਸ ਲਈ ਆਪਣੇ ਦਾਸਾਂ ਦੀ ਸਦਾ ਹੀ ਰੱਖਿਆ ਕਰਦਾ ਹੈਂ। ਜਿਵੇਂ ਮੇਰੀ ਤੇ ਮੇਰੇ ਸਿੱਖਾਂ ਦੀ ਸੁਲਹੀ ਤੋਂ ਰੱਖਿਆ ਕੀਤੀ ਹੈ। ਜੈਸਾ ਕਿ :

**੧. ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਾਰੀ॥**
**ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ॥੧॥** [ਸੂਹੀ ਮਃ ੫, ਅੰਗ ੭੪੭]

**੨. ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕੌ ਕਾਲ ਨ ਖਾਤੇ॥**
**ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥** [ਦੇਵਗੰਧਾਰੀ ਮਃ ੫, ਅੰਗ ੫੨੯]

## *ਤੇਰੇ ਸੇਵਕ ਕਉ ਭਉ ਕਿਛੁ ਨਾਹੀ; ਜਮੁ ਨਹੀ ਆਵੈ ਨੇਰੇ॥੧॥ਰਹਾਉ॥*

ਹੇ ਮੇਰੇ ਵਾਹਿਗੁਰੂ! ਤੇਰੇ ਸੇਵਕਾਂ ਕਉ=ਨੂੰ ਕਿਸੇ ਪ੍ਰਕਾਰ ਕਿਸੇ ਦਾ ਕੋਈ ਭਉ=ਡਰ ਨਹੀਂ ਹੈਂ ਅਤੇ ਉਸ ਸੇਵਕ ਦੇ ਨੇਰੇ=ਨੇੜੇ ਧਰਮ ਰਾਜ ਦੇ ਜਮ=ਜਮਦੂਤ ਭੀ ਨਹੀਂ ਆ ਸਕਦੇ॥੧॥ਰਹਾਉ॥ ਜੈਸਾ ਕਿ :

**੧. ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ॥**
**ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ॥੧॥** [ਬਿਲਾਵਲ ਮਃ ੫, ਅੰਗ ੮੧੮]

**੨. ਜਮਕੰਕਰੁ ਨੇੜਿ ਨ ਆਵਈ ਫੇਰਿ ਬਹੁੜਿ ਨ ਮਰੀਐ॥**
**ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥** [ਗਉੜੀ ਕੀ ਵਾਰ ਮਃ ੫, ਅੰਗ ੩੨੦]

**੩. ਜਮ ਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ॥** [ਗਉੜੀ ਮਃ ੫, ਅੰਗ ੨੯੮]

## *ਜੋ ਤੇਰੈ ਰੰਗਿ ਰਾਤੇ ਸੁਆਮੀ; ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥*

ਹੇ ਸੁਆਮੀ=ਮਾਲਕ, ਪ੍ਰਮੇਸ਼ਰ ਜੋ ਤੇਰੇ ਰੰਗ=ਪ੍ਰੇਮ ਵਿੱਚ ਰਾਤੇ=ਭਿਜੇ ਹੋਏ ਹਨ, ਉਨ੍ਹਾਂ ਦਾ ਜੰਮਣ-ਮਰਣ ਰੂਪ ਦੁਖ ਨਾਸਾ=ਨਾਸ ਹੋ ਗਿਆ ਹੈ। ਪ੍ਰਮੇਸ਼ਰ ਦਾ ਪ੍ਰੇਮ ਰੰਗ ਜੰਮਣ-ਮਰਣ ਤੋਂ ਰਹਿਤ ਕਰਨ ਵਾਲਾ ਹੈ, ਇਸ ਲਈ ਪ੍ਰੇਮ ਰੰਗ ਦੀ ਗੱਲ ਅਨੇਕਾਂ ਥਾਵਾਂ 'ਤੇ ਗੁਰਬਾਣੀ ਵਿੱਚ ਹੈ। ਜੈਸਾ ਕਿ :

੧. **ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ॥** [ਸਲੋਕ ਮ: ੫, ਅੰਗ ੫੨੩]

੨. **ਅਵਰੁ ਨ ਸੂਝੈ ਗੁਰ ਕਉ ਵਾਰਿਆ॥ ਨਾਨਕ ਨਾਮਿ ਰਤੇ ਨਿਸਤਾਰਿਆ॥** [ਬਿਲਾਵਲ ਮ: ੧, ਅੰਗ ੭੯੬]

੩. **ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ॥੨॥** [ਮ: ੩, ਅੰਗ ੧੦੯੪]

੪. **ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ॥** [ਵਡਹੰਸ ਮ: ੩, ਪੰਨਾ ੫੭੧]

## *ਤੇਰੀ ਬਖਸ ਨ ਮੇਟੈ ਕੋਈ; ਸਤਿਗੁਰ ਕਾ ਦਿਲਾਸਾ॥੨॥*

ਹੇ ਵਾਹਿਗੁਰੂ ! ਤੇਰੀ=ਆਪ ਜੀ ਦੀ ਬਖਸ=ਬਖ਼ਸ਼ਿਸ਼ ਨੂੰ ਕੋਈ ਮੇਟੈ=ਮਿਟਾ ਨ=ਨਹੀਂ ਸਕਦਾ, ਪਰ ਇਹ ਬਖ਼ਸ਼ਿਸ਼ ਉਨ੍ਹਾਂ ਨੂੰ ਪ੍ਰਾਪਤ ਹੋਈ ਹੈ ਜਾਂ ਹੁੰਦੀ ਹੈ, ਜਿਨ੍ਹਾਂ ਨੂੰ ਸਤਿਗੁਰਾਂ ਦਾ ਦਿੱਤਾ ਹੋਇਆ ਦਿਲਾਸਾ=ਧੀਰਜ ਪ੍ਰਾਪਤ ਹੋਇਆ ਹੈ॥੨॥

ਦਿਲਾਸਾ ਸ਼ਬਦ ਫ਼ਾਰਸੀ ਦਾ ਹੈ ਤੇ ਫ਼ਾਰਸੀ ਵਿੱਚ (ਦਿਲਾਸਹ) ਦਿਲ ਦੀ ਤਸੱਲੀ, ਧੀਰਜ। ਜੈਸਾ ਕਿ :

**ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ॥** [ਗਉੜੀ ਬਾਵਨ ਅਖਰੀ, ਅੰਗ ੨੬੧]

ਖਰਾ=ਚੰਗਾ ਦਿਲਾਸਾ=ਧੀਰਜ ਜਦੋਂ ਗੁਰੂ ਨੇ ਦਿੱਤਾ ਇਹਦੇ ਵਿੱਚ ਹੀ ਗੁਰੂ ਦੀ ਬਖ਼ਸ਼ਿਸ ਹੈ, ਜਿਸ 'ਤੇ ਆ ਕੇ ਆਪ ਪ੍ਰਮੇਸ਼ਰ ਮਿਲਿਆ। ਜੈਸਾ ਕਿ :

੧. **ਜਿਸ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥** [ਸੋਦਰ ਰਾਗੁ ਆਸਾ ਮ: ੧, ਅੰਗ ੯]

੨. **ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ॥**
**ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਣ ਗਾਇ॥** [ਥਿਤੀ ਗਉੜੀ ਮ: ੫, ਅੰਗ ੨੯੬]

## *ਨਾਮੁ ਧਿਆਇਨਿ ਸੁਖ ਫਲ ਪਾਇਨਿ; ਆਠ ਪਹਰ ਆਰਾਧਹਿ॥*

ਜੋ ਸੰਤ ਭਗਤ ਧਿਆਨ ਸਾਧਨਾ ਦੁਆਰਾ ਨਾਮ ਦਾ ਧਿਆਨ ਕਰਦੇ ਹਨ ਅਤੇ ਮਨ ਕਰਕੇ ਅਠੇ ਪਹਿਰ ਨਾਮ ਦਾ ਆਰਾਧਹਿ=ਅਰਾਧਨ ਕਰਦੇ ਹਨ, ਅਰਾਧਨ ਤੇ ਧਿਆਉਣ ਦਾ ਬ੍ਰਹਮ ਗਿਆਨ ਰੂਪੀ ਫਲ ਜੋ ਸੁਖ ਰੂਪ ਹੈ, ਐਸੇ ਸੁਖ ਰੂਪ ਫਲ ਨੂੰ ਪਾਇਨਿ=ਪਾ ਲੈਂਦੇ ਹਨ। ਜੈਸਾ ਕਿ :

੧. **ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ॥** [ਵਡਹੰਸ ਮ: ੧, ਅੰਗ ੫੮੧]

੨. **ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥** [ਤੁਖਾਰੀ ਮ: ੧, ਅੰਗ ੧੧੧੦]

## *ਤੇਰੀ ਸਰਣਿ ਤੇਰੈ ਭਰਵਾਸੈ; ਪੰਚ ਦੁਸਟ ਲੈ ਸਾਧਹਿ॥੩॥*

ਜੋ ਤੇਰੀ=ਤੁਹਾਡੀ ਚਰਨਾਂ ਦੀ ਸ਼ਰਨ ਵਿੱਚ ਆਏ ਹਨ ਤੇ ਉਨ੍ਹਾਂ ਸਤਿਪੁਰਸ਼ਾਂ ਨੇ ਆਪ ਜੀ ਦੇ ਭਰਵਾਸੈ=ਭਰੋਸੇ ਨਾਲ ਪੰਚ=ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਰੂਪ ਦੁਸਟ=ਅਧਮ, ਨੀਚ ਸਾਧਹਿ=ਸਾਧ ਲਏ ਹਨ, ਭਾਵ ਵਸ ਕਰ ਲਏ ਹਨ॥੩॥ ਜੈਸਾ ਕਿ :

੧. **ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥** [ਗਉੜੀ ਸੁਖਮਨੀ ਮ: ੫, ਅੰਗ ੨੬੯]

**੨. ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥**
**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥੧॥** [ਗਉੜੀ ਮਃ ੫, ਅੰਗ ੨੦੫]

**੩. ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥**
**ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥** [ਗਉੜੀ ਮਃ ੫, ਅੰਗ ੨੦੬]

**੪. ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥** [ਆਸਾ ਮਃ ੫, ਅੰਗ ੪੩੦]

## *ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ; ਸਾਰ ਨ ਜਾਣਾ ਤੇਰੀ॥*

ਨਿਮਰਤਾ ਜਨਾਇਕ ਬਚਨ ਕਰਦੇ ਹੋਏ ਜਗਿਆਸੂ ਮੁਖ ਦੁਆਰਾ ਕਹਿੰਦੇ ਹਨ ਕਿ ਨਾ ਹੀ ਮੇਰੇ ਕੋਲ ਗਿਆਨ ਹੈ, ਨਾ ਹੀ ਧਿਆਨ ਸਾਧਨਾ ਹੈ, ਨਾ ਹੀ ਮੈਂ ਕੁਝ ਸ੍ਰੇਸ਼ਟ ਚੰਗੇ ਕਰਮ ਕਰਨੇ ਜਾਣਦਾ ਹਾਂ, ਤੇਰੀ ਸਾਰ=ਖ਼ਬਰ ਭੀ ਨਹੀਂ ਜਾਣਦਾ ਹਾਂ। ਜੈਸਾ ਕਿ :

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥**
**ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥੨॥** [ਜੈਤਸਰੀ ਮਃ ੫, ਅੰਗ ੭੦੨]

ਜਿਹੜੇ ਆਪਣੇ ਆਪ ਨੂੰ ਚਤੁਰ ਕਹਾਉਣ ਵਾਲੇ ਸਨ, ਉਹਨਾਂ ਪਾਂਡਿਆਂ ਨੂੰ ਵੀ ਸਤਿਗੁਰੂ ਜੀ ਨੇ ਕਹਿਆ ਸੀ। ਜੈਸਾ ਕਿ :

**ਗਿਆਨੁ ਧਿਆਨੁ ਕਛੁ ਸੁਝੈ ਨਾਹੀ ਚਤੁਰੁ ਕਹਾਵੈ ਪਾਂਡੇ॥** [ਮਲਾਰ ਕੀ ਵਾਰ ਮਃ ੧, ਅੰਗ ੧੨੯੦]

ਇਹ ਤਾਂ ਉਨ੍ਹਾਂ ਦੇ ਪ੍ਰਥਾਇ ਹੈ, ਜਿਨ੍ਹਾਂ ਨੂੰ ਗਿਆਨ-ਧਿਆਨ ਤਾਂ ਹੈ ਨਹੀਂ, ਪਰ ਹੰਗਤਾ ਗਿਆਨ-ਧਿਆਨ ਦੀ ਕਰਦੇ ਹਨ, ਪਰ ਉਪਰੋਕਤ ਤੁਕ ਵਿੱਚ ਨਿਰ ਹੰਕਾਰ ਦੀ ਭਾਵਨਾ ਹੈ, ਕਿ ਮੈਂ ਗਿਆਨ-ਧਿਆਨ ਦੀ ਕੋਈ ਗੱਲ ਨਹੀਂ ਜਾਣਦਾ, ਬਸ ਇੱਕ ਗੱਲ ਜਾਣਦਾ ਹਾਂ ਕਿ :

## *ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ ਕਲ ਰਾਖੀ ਮੇਰੀ॥੪॥੧੦॥੫੭॥*

ਸਾਰਿਆਂ ਤੋਂ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਚੌਥੇ ਸਰੂਪ ਵਿੱਚ ਹੋ ਕੇ ਮੇਰੀ ਕਲ=ਇਜ਼ਤ ਰੱਖ ਲਈ ਹੈ। **ਅਥਵਾ** ਸਤਿਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਇਸ ਲਈ ਭੀ ਹਨ ਕਿ ਪਹਿਲਾਂ ਜਿੰਨੇ ਅਵਤਾਰ ਹੋਏ ਹਨ, ਉਨ੍ਹਾਂ ਨੇ ਮਨੁੱਖੀ ਜਾਮੇ ਵਾਲੇ ਨੂੰ ਗੁਰੂ ਧਾਰਨ ਕੀਤਾ, ਗੁਰੂ ਆਪ ਤੋਂ ਵੱਡੇ ਨੂੰ ਹੀ ਮੰਨ ਹੁੰਦਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਨਿਰਾਕਾਰ ਨੂੰ ਮੰਨਿਆ ਇਸ ਲਈ ਭੀ ਸਤਿਗੁਰੂ ਜੀ ਸਭ ਤੋਂ ਵੱਡੇ ਹਨ॥੪॥੧੦॥੫੭॥ ਜੈਸਾ ਕਿ :

**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥** [ਸੋਰਠਿ ਮਃ ੫, ਅੰਗ ੫੯੯]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੭ [ਆਦਿ ਅੰਗ ੭੫੧]

***ਸੂਹੀ ਮਹਲਾ ੧ ਕਾਫੀ ਘਰੁ ੧੦ ੧ਓ ਸਤਿਗੁਰ ਪ੍ਰਸਾਦਿ ॥ ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥ ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ਰਹਾਉ॥ ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥ ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥ ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥੪॥ ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥ ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥ ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥ ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥***

## *ਸੂਹੀ ਮਹਲਾ ੧ ਕਾਫੀ ਘਰੁ ੧੦*

ਸੂਹੀ ਰਾਗਨੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਕਾਫੀ ਰੂਪ ਵਿੱਚ, ਰਾਗ ਦੇ ਦਸਵੇਂ ਸੁਰਤਾਲ ਵਿੱਚ ਅੰਕਿਤ ਹੈ। **ਕਾਫੀ—**ਹਿੰਦੀ ਵਿੱਚ ਰਾਗਨੀ ਦਾ ਨਾਮ ਦੱਸਦੇ ਹਨ, ਜੋ ਸੰਪੂਰਨ ਹੈ, ਪਰੰਤੂ ਪੰਜਾਬੀ ਵਿੱਚ ਇਹ ਇੱਕ ਪ੍ਰਬੰਧਕ ਚਾਲ ਹੈ, ਜੋ ਕਵੀ ਲੋਕ ਰਚਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੂਹੀ, ਤਿਲੰਗ, ਆਸਾ ਆਦਿ ਰਾਗਾਂ ਦੇ ਨਾਲ ਕਾਫੀ ਲਿਖਯਾ ਹੈ ਤੇ ਗਿਣਤੀ ਵਿੱਚ ਵੀ ਨਹੀਂ ਆਇਆ। ਇਸ ਤੋਂ ਵੀ ਛੰਦ ਦੀ ਚਾਲ ਸਹੀ ਹੁੰਦੀ ਹੈ। 'ਬਾਣੀ ਬਿਉਰਾ' ਵਿੱਚ ਦੱਸਿਆ ਹੈ ਕਿ ਸਿੰਧੜੇ ਨੂੰ ਕਈ ਕਾਫੀ ਕਹਿੰਦੇ ਹਨ, ਪਰ ਉਥੇ ਹੀ ਮੁਕਾਬਲਾ ਕਰਕੇ ਦੱਸਿਆ ਹੈ ਕਿ ਇਹ ਸਿੰਧੜਾ ਨਹੀਂ ਹੈ।

## *੧ਓ ਸਤਿਗੁਰ ਪ੍ਰਸਾਦਿ ॥*

੧=ਅਦੁੱਤੀ ਬ੍ਰਹਮ, ਓਂ=ਸਰਬ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

## *ਮਾਣਸ ਜਨਮੁ ਦੁਲੰਭੁ; ਗੁਰਮੁਖਿ ਪਾਇਆ ॥*

ਮੁਖਵਾਕ ਦੀ ਪਹਿਲੀ ਪੰਗਤੀ ਵਿੱਚ ਦੁਲੰਭ ਪਦ ਜੋ ਆਇਆ ਹੈ, ਇਸਦੀ ਸੰਖੇਪ ਵਿਚਾਰ ਇਹ ਹੈ ਕਿ ਦੁਲੰਭ ਉਸ ਵਸਤੂ ਨੂੰ ਆਖਿਆ ਜਾਂਦਾ ਹੈ, ਜਿਸ ਨੂੰ ਲੱਭਣਾ ਅਉਖਾ ਹੋਵੇ, ਜੋ ਮੁਸ਼ਕਿਲ ਨਾਲ ਪ੍ਰਾਪਤ ਹੋਵੇ। ਮਾਣਸ ਜਨਮੁ=ਮਨੁੱਖਾ ਜਨਮ ਦਾ ਪ੍ਰਾਪਤ ਹੋਣਾ ਬਹੁਤ ਹੀ ਦੁਲੰਭੁ=ਦੁਰਲੱਭ (ਕਠਿਨ) ਹੈ। ਗੁਰਮੁਖਾਂ ਨੇ ਇਸ ਮਨੁੱਖਾ ਜਨਮ ਨੂੰ ਪਾਇਆ=ਪਾਉਣਾ ਕੀਤਾ ਹੈ। ਇਸ ਮਨੁੱਖਾ ਜਨਮ ਵਿੱਚ ਇਹ ਦੇਹੀ ਪਾਈ ਹੋਈ ਤਦ ਹੀ ਸਫਲੀ ਹੈ, ਜੇ ਮਨੁੱਖ ਸਤਿਗੁਰਾਂ ਦੀ ਸੇਵਾ ਅਤੇ ਭਗਤੀ ਨੂੰ ਕਮਾਉਣਾ ਕਰੇ। ਜੈਸਾ ਕਿ :

**ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥**
**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥** [ਭੈਰਉ ਕਬੀਰ ਜੀ, ਅੰਗ ੧੧੫੯]

ਅਥਵਾ :—ਗੁਰਮੁਖਿ=ਗੁਰਮੁਖਾਂ ਨੇ ਮੁਖੀ ਗੁਰਾਂ ਦੁਆਰਾ ਇਸ ਦੁਰਲੱਭ ਮਾਨਸ ਜਨਮ ਵਿੱਚ ਅਮੋਲਕ ਨਾਮ ਰੂਪ ਪਦਾਰਥ ਨੂੰ ਪਾਇਆ=ਪਾਉਣਾ ਕੀਤਾ ਹੈ, **ਅਥਵਾ** ਇਸ ਦੁਰਲੱਭ ਮਨੁੱਖਾ ਜਨਮ ਨੂੰ ਪਾਇਆ=ਸਫਲਾ ਕੀਤਾ

ਹੈ। ਜਿਤਨੀ ਚੁਰਾਸੀ ਲੱਖ ਜੂਨ ਹੈ, ਇਸ ਚੁਰਾਸੀ ਲੱਖ ਜੂਨ ਵਿੱਚ ਮਨੁੱਖਾ ਜਨਮ ਨੂੰ ਬਾਦਸ਼ਾਹ, ਅਥਵਾ :— ਸਿਰਦਾਰੀ ਕਰਨ ਵਾਲਾ ਮੰਨਿਆ ਹੈ। ਜੈਸਾ ਕਿ :

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥** [ਆਸਾ ਮਃ ੫, ਅੰਗ ੩੭੪]

ਚੁਰਾਸੀ ਲੱਖ ਜੂਨ ਦੀ ਗਿਣਤੀ ਕਵੀ ਤੁਲਸੀ ਦਾਸ ਜੀ ਨੇ ਬਹੁਤ ਹੀ ਸੁੰਦਰ ਅੱਖਰਾਂ ਵਿੱਚ ਕੀਤੀ ਹੈ, ਜੈਸਾ ਕਿ :

**ਨਵ ਲਖ ਜਲ ਕੋ ਜੰਤ ਹੈ ਸਥਾਵਰ ਬੀਸ ਬਖਾਨ ॥**
**ਇਕਾਦਸੀ ਕੀਟ ਭਰਿੰਗ ਹੈ ਸਥਾਵਰ ਬੀਸ ਬਖਾਨ ॥**
**ਤੀਸ ਲਖ ਪਸੁ ਯੋਨਿ ਹੈ ਚਤਰ ਲਖ ਨਰ ਹੋਇ ॥**
**ਇਨ ਮੇਂ ਜੋ ਰਾਮੈ ਭਜੈ ਤੁਲਸੀ ਧੰਨ ਹੈ ਸੋਇ ॥**

ਸੋ, ਇਸ ਬਾਦਸ਼ਾਹ ਜਨਮ ਦੇ ਵਿੱਚ ਮਨੁੱਖ ਨੂੰ ਉਸ ਪ੍ਰਮੇਸ਼ਰ ਦੇ ਨਾਮ ਨੂੰ ਹੀ ਸੰਭਾਲਣਾ ਚਾਹੀਦਾ ਹੈ। ਕਿਉਂਕਿ :

੧. **ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥**
**ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜੈ ਆਇਓਇ ॥** [ਸ੍ਰੀ ਰਾਗ ਮਃ ੫, ਅੰਗ ੫੦]

੨. **ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ ॥**
[ਭਾ: ਗੁਰਦਾਸ ਜੀ, ਵਾਰ ੧੫, ਪਉੜੀ ੩]

੩. **ਮਾਣਸ ਦੇਹਿ ਦੁਲੰਭੁ ਹੈ ਜੁਗਹ ਜੁਗੰਤਰ ਆਵੈ ਵਾਰੀ ॥**
[ਭਾ: ਗੁਰਦਾਸ ਜੀ, ਵਾਰ ੩੭, ਪਉੜੀ ੨੯]

ਇਹ ਜੋ ਦੁਰਲਭ ਮਨੁੱਖਾ ਦੇਹ ਤੈਨੂੰ ਪ੍ਰਾਪਤ ਹੋਈ ਹੈ, ਇਹ ਦਹਲੀਜ ਦੀ ਨਿਆਈਂ ਹੈ। ਜੋ ਦਹਲੀਜ ਹੁੰਦੀ ਹੈ, ਉਸ ਉੱਤੇ ਜੇ ਦੀਵਾ ਰੱਖ ਦੇਈਏ ਤਾਂ ਘਰ ਦੇ ਅੰਦਰ ਵੀ ਚਾਨਣ ਹੋ ਜਾਂਦਾ ਤੇ ਬਾਹਰ ਵੀ। ਇਉਂ ਜੇ ਇਸਦੇ ਨਾਲ ਸੇਵਾ, ਸਿਮਰਨ ਤੇ ਭਜਨ ਕਰੀਏ ਤਾਂ ਦੋਹਾਂ ਲੋਕਾਂ ਵਿੱਚ ਅਗਿਆਨਤਾ ਦਾ ਹਨ੍ਹੇਰਾ ਮਿਟ ਕੇ

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥** [ਗਉੜੀ ਸੁਖਮਨੀ ਮਃ ੫, ਅੰਗ ੨੯੨]

ਹੋਈਦਾ ਹੈ, ਵਾ—ਜਿਵੇਂ ਘਰ ਦਹਲੀਜ (ਦੇਹਲੀ, ਡਿਉੜੀ) ਉੱਤੇ ਖੜ੍ਹਾ ਮਨੁੱਖ ਭਾਵੇਂ ਬਾਹਰ ਨੂੰ ਚਲਾ ਜਾਵੇ, ਭਾਵੇਂ ਅੰਦਰ, ਘਰ ਵਿੱਚ ਇਸਥਿਤ ਹੋ ਜਾਵੇ। ਇਸ ਪ੍ਰਕਾਰ ਇਹ ਮਨੁੱਖਾ ਜਨਮ ਜੋ ਡਿਉੜੀ ਦੀ ਤਰ੍ਹਾਂ ਹੈ, ਚਾਹੇ ਇਸ ਜਨਮ ਵਿੱਚ ਅੰਤਰਮੁਖ ਬਿਰਤੀ ਕਰਕੇ ਸਰੂਪ ਰੂਪੀ ਘਰ ਵਿੱਚ ਇਸਥਿਤ ਹੋ ਜਾਵੇ, ਚਾਹੇ ਬਾਹਰਮੁਖੀ ਬਿਰਤੀ ਕਰਕੇ ਚਉਰਾਸੀਹ ਲਖ ਜੂਨਾਂ ਰੂਪੀ ਉਜਾੜ ਵਿੱਚ ਬਿਚਰਨਾ ਕਰੇ। ਜੈਸਾ ਕਿ :

**ਅਧ ਪੰਧੈ ਹੈ ਸੰਸਾਰੋ ਵਾ ॥** [ਵਡਹੰਸ ਮਃ ੧, ਅੰਗ ੫੮੧]

ਇਹ ਮਨੁੱਖਾ ਜਨਮ ਦਰਮਿਆਨ ਵਾ ਵਿਚਾਲੇ ਹੈ, ਜੇ ਇਸ ਵਿੱਚ ਪਾਪ ਕਰਨ ਲੱਗ ਜਾਵੇ ਤਾਂ ਚਉਰਾਸੀਹ ਲੱਖ ਜੂਨ ਵੱਲ ਨੂੰ ਵੀ ਤੁਰ ਸਕਦਾ ਹੈ, ਜੇ ਅੰਮ੍ਰਿਤ ਛੱਕ ਕੇ ਬੰਦਗੀ ਕਰਨ ਲੱਗ ਜਾਵੇ ਤਾਂ ਇਸ ਜਨਮ ਵਿੱਚ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਜੈਸਾ ਕਿ :

**ਅਬ ਤੂ ਸੀਝੁ ਭਾਵੈ ਨਹੀ ਸੀਝੈ ॥** [ਰਾਮਕਲੀ ਮਃ ੫, ਅੰਗ ੯੧੩]

ਸੋ, ਚਾਹੇ ਤੂੰ ਹੁਣ ਸਮਝਣਾ ਕਰ, ਚਾਹੇ ਨਾ ਸਮਝ, ਚਾਹੇ ਮੁਕਤ ਹੋ ਜਾ, ਭਾਵੇਂ ਬੰਧਨਾਂ ਵਿੱਚ ਪੈਣਾ ਕਰ। ਪਰ ਪ੍ਰਭੂ ਨੂੰ ਧਿਆਉਣ ਦੇ ਨਾਲ ਹੀ ਤੇਰਾ ਮੁਕਤੀ ਰੂਪ ਕਾਰਜ ਸਫਲ ਹੋ ਸਕਦਾ ਹੈ। ਜੈਸਾ ਕਿ :

**ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥** [ਰਾਮਕਲੀ ਮਃ ੫, ਅੰਗ ੯੧੩]

ਇਸ ਸੰਸਾਰ ਵਿੱਚ ਉਸਨੂੰ ਆਤਮਘਾਤੀ ਆਖਿਆ ਜਾਂਦਾ ਹੈ, ਜੋ ਆਪਣੇ ਸਰੀਰ ਦਾ ਆਪਣੇ ਆਪ ਹੀ ਨਾਸ਼ ਕਰ ਲਵੇ, **ਵਾ:** ਖ਼ੁਦਕੁਸ਼ੀ ਕਰਨ ਵਾਲਾ ਆਪਣੇ ਆਪ ਨੂੰ ਮਾਰ ਸੁੱਟਣ ਵਾਲਾ। ਜਿਵੇਂ ਨਹਿਰ ਵਿੱਚ ਡੁੱਬ ਕੇ ਮਰ ਜਾਣਾ, ਅੱਗ ਲਾ ਕੇ ਸੜ ਜਾਣਾ, ਗਲ ਫਾਹਾ ਲੈਣਾ, ਜ਼ਹਿਰ ਖਾਣੀ ਆਦਿ। ਪਰ ਸਤਿਗੁਰ ਮਹਾਰਾਜ ਜੀ ਨੇ ਗੁਰਬਾਣੀ ਵਿੱਚ ਉਸਨੂੰ ਆਤਮਘਾਤੀ ਆਖਿਆ, ਜੋ ਇਸ ਦੁਲੰਭ ਮਾਨਸ ਜਨਮ ਵਿੱਚ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੇ। ਜੈਸਾ ਕਿ :

**੧. ਦੁਲਭ ਦੇਹੀ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥੧॥**
**ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥**

[ਗਉੜੀ ਮः ੫, ਅੰਗ ੧੮੮]

**੨. ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮਿ ਬਿਨਾ ਬਿਰਥਾ ਸਭੁ ਜਾਏ॥**
**ਹੁਣ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥** [ਆਸਾ ਮਹਲਾ ੪, ਅੰਗ ੪੫੦]

**੩. ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥**

[ਸਲੋਕ ਕਬੀਰ ਜੀ, ਅੰਗ ੧੩੬੬]

**੪. ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥**
**ਇਸ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥**

[ਮਾਰੂ ਸੋਲਹੇ ਮः ੫, ਅੰਗ ੧੦੭੫]

ਸੋ, ਬਹੁਤ ਸਾਰੀਆਂ ਜੂਨਾਂ ਦੇ ਵਿੱਚ ਫਿਰਦਿਆਂ-ਫਿਰਦਿਆਂ ਬਹੁਤੇ ਹੀ ਜੁਗ ਇਸ ਜੀਵ ਨੇ ਹਾਰ ਦਿੱਤੇ ਹਨ, ਅਰਥਾਤ ਬਤੀਤ ਕਰ ਦਿੱਤੇ ਹਨ। ਹੁਣ ਤੂੰ ਮਨੁੱਖਾ ਦੇਹ ਪਾਈ ਹੈ। ਏਹ ਹੀ ਉਸ ਗੋਬਿੰਦ ਪ੍ਰਮੇਸ਼ਰ ਨੂੰ ਮਿਲਣ ਦੀ ਵਾਰੀ ਭਾਵ ਸਮਾਂ ਹੈ। ਜੈਸਾ ਕਿ :

**੧. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਣ ਕੀ ਬਰੀਆ ਸਿਮਰਤ ਕਹਾ ਨਹੀ॥੨॥੨॥**

[ਸੋਰਠਿ ਮः ੯, ਅੰਗ ੬੩੧]

**੨. ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬਿਚਾਰਿ॥**
**ਕਹਤ ਕਬੀਰੁ ਜੀਤਿ ਕੈ ਹਾਰਿ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥**

[ਭੈਰਉ ਕਬੀਰ ਜੀ, ਅੰਗ ੧੧੫੯]

**੩. ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

[ਆਸਾ ਮः ੫, ਅੰਗ ੩੭੮]

ਸੋ, ਗੋਬਿੰਦ ਅਕਾਲ ਪੁਰਖ ਦੇ ਨਾਲ ਮਿਲਣ ਦੀ ਇਹ ਤੇਰੀ ਬਰੀਆ=ਵਾਰੀ ਭਾਵ ਸਮਾਂ ਹੈ। ਇਸ ਨੂੰ ਐਵੇਂ ਹੀ ਭੰਗ ਦੇ ਭਾੜੇ ਗਵਾ ਨਾ ਲਵੀਂ, ਕਿਉਂਕਿ ਬਾਕੀ ਚੌਰਾਸੀ ਲੱਖ ਜੂਨਾਂ ਵਿੱਚ ਤੂੰ ਉਸ ਅਕਾਲ ਪੁਰਖ ਨੂੰ ਮਿਲ ਨਹੀਂ ਸਕਦਾ। ਜਦੋਂ ਤੇਰੇ ਚਾਰ ਪੈਰ, ਦੋ ਸਿੰਗ ਤੇ ਗੂੰਗਾ ਮੁੱਖ ਹੋਵੇਗਾ। ਉਸ ਵੇਲੇ ਤੂੰ ਕਿਵੇਂ ਪ੍ਰਮੇਸ਼ਰ ਦੇ ਗੁਣ ਗਾਵੇਂਗਾ। ਜੈਸਾ ਕਿ :

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥**

[ਗੂਜਰੀ ਭਗਤ ਕਬੀਰ ਜੀ, ਅੰਗ ੫੨੪]

ਇਹ ਮਨੁੱਖਾ ਦੇਹ ਰੂਪ ਤੈਨੂੰ ਖੁੱਲੀ ਵਾਰੀ, ਭਾਵ ਖੁੱਲਾ ਦਰਵਾਜ਼ਾ ਪ੍ਰਾਪਤ ਹੋਇਆ ਹੈ। ਬਾਕੀ ਹੋਰ ਜੂਨਾਂ ਰੂਪ ਦਰਵਾਜ਼ੇ ਬੰਦ ਹਨ।

**ਦ੍ਰਿਸ਼ਟਾਂਤ ਕਿਲ੍ਹੇ ਦੇ ਚਉਰਾਸੀਹ ਬੂਹਿਆਂ ਵਾਲਾ**—ਜਿਵੇਂ ਇੱਕ ਕਿਲ੍ਹੇ ਦੇ ਚਉਰਾਸੀਹ ਬੂਹੇ ਸਨ, ਜਿਨ੍ਹਾਂ ਵਿੱਚੋਂ ਇੱਕ ਬੂਹਾ ਖੁਲ੍ਹਾ ਸੀ। ਬਾਕੀ ਸਾਰੇ ਹੀ ਬੰਦ ਸਨ। ਉਸ ਉੱਤੇ ਮਖਿਆਲ ਲੱਗੀ ਹੋਈ ਸੀ। ਮੰਦ ਕਰਮਾਂ ਨੂੰ ਇਸ ਕਿਲ੍ਹੇ ਵਿੱਚ ਇੱਕ ਅੰਨ੍ਹਾ, ਟੁੰਡਾ ਤੇ ਗੰਜਾ ਆਦਮੀ ਪ੍ਰਵੇਸ਼ ਹੋ ਗਿਆ। ਉਸਨੇ ਉੱਚੀ-ਉੱਚੀ ਰੋ-ਰੋ ਕੇ ਕੂਕਾਂ ਪੁਕਾਰਾਂ ਕੀਤੀਆਂ ਕਿ ਕੋਈ ਬਾਹਰ ਨਿਕਲਣ ਲਈ ਰਾਹ ਦੱਸੇ। ਕਿਸੇ ਨੇ ਆਖਿਆ ਕਿ ਸਾਬਤ ਹੱਥ ਨਾਲ ਕੰਧ ਨੂੰ ਟੋਹੀ ਚੱਲ, ਜਿਥੇ ਖੁਲ੍ਹਾ ਬੂਹਾ ਆਵੇ ਉਥੋਂ ਬਾਹਰ ਨਿਕਲ ਜਾਵੀਂ। ਇਹ ਟੁੰਡਾ, ਅੰਨ੍ਹਾ, ਗੰਜਾ ਆਦਮੀ ਉਸ ਦੱਸੀ ਹੋਈ ਸਿਖਿਆ ਅਨੁਸਾਰ ਤੁਰ ਪਿਆ। ਖੁਲ੍ਹਾ ਬੂਹਾ ਆਇਆ ਤਾਂ ਹੱਥ ਮਖਿਆਲ ਵਿੱਚ ਜਾ ਵੱਜਾ। ਮੱਖੀਆਂ ਉਡੀਆਂ ਗੰਜ ਵਿੱਚ ਡੰਗ ਮਾਰਿਆ। ਜਿਸ ਹੱਥ ਨਾਲ ਕੰਧ ਟੋਂਹਦਾ ਸੀ, ਉਸੇ ਹੱਥ ਨਾਲ ਸਿਰ ਖੁਰਕਦਾ ਅੱਗੇ ਨੂੰ ਤੁਰਦਾ ਗਿਆ ਤਾਂ ਏਨੇ ਨੂੰ ਖੁਲ੍ਹਾ ਬੂਹਾ ਲੰਘ ਗਿਆ। ਵਿਚਾਰਾ ਮੁੜ ਕੇ ਉਸੇ ਕਿਲ੍ਹੇ ਦੇ ਚੱਕਰ ਵਿੱਚ ਪੈ ਗਿਆ। ਸੋ, ਇਸੇ ਤਰ੍ਹਾਂ ਇਹ ਸੰਸਾਰ ਕਿਲ੍ਹਾ ਹੈ, ਜਿਸ ਵਿੱਚ ਚੌਰਾਸੀ ਲੱਖ ਜੂਨਾਂ ਰੂਪ ਚੌਰਾਸੀ ਬੂਹੇ, ਦਰਵਾਜ਼ੇ ਹਨ, ਸਭ ਬੰਦ ਹਨ ਕੇਵਲ ਇਕੋ-ਇੱਕ ਮਨੁੱਖਾ ਜਨਮ ਵਾਲਾ ਖੁੱਲ੍ਹਾ ਹੈ। ਜੀਵ ਵਿਚਾਰ ਤੇ ਵੈਰਾਗ ਰੂਪੀ ਨੇਤਰਾਂ ਤੋਂ ਹੀਣਾ ਹੋਣ ਕਰਕੇ ਅੰਨ੍ਹਾ ਹੈ। ਸ਼ੁਭ ਗੁਣਾਂ ਤੋਂ ਰਹਿਤ ਹੋਣ ਕਰਕੇ ਗੰਜਾ ਅਤੇ ਪ੍ਰੇਮ ਰੂਪੀ ਹੱਥ ਨਾ ਹੋਣ ਕਰਕੇ ਟੁੰਡਾ ਹੈ। ਮੱਖੀ ਮਾਇਆ ਹੈ, ਇਸ ਨੇ ਅੰਤਸ਼ਕਰਨ ਰੂਪ ਸਿਰ 'ਤੇ ਸੰਕਲਪ ਰੂਪ ਡੰਗ ਮਾਰਿਆ ਤਾਂ ਜੀਵ ਨੇ ਭੋਗਾਂ ਨੂੰ ਭੋਗਣ ਦੀ ਇੱਛਾ ਰੂਪ ਖ਼ੁਰਕ ਕੀਤੀ। ਜੈਸਾ ਕਿ :

**ਮਾਖੀ ਰਾਮ ਕੀ ਤੂ ਮਾਖੀ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ॥**

[ਸਾਰਗ ਮਃ ੫, ਅੰਗ ੧੨੨੭]

ਮਨੁੱਖਾ ਜਨਮ ਰੂਪ ਦਰਵਾਜ਼ਾ ਵਿਕਾਰਾਂ ਦੀ ਇੱਛਾ ਰੂਪ ਖ਼ੁਰਕ ਵਿੱਚ ਲੰਘ ਗਿਆ, ਭਾਵ ਕਾਮ, ਕ੍ਰੋਧ, ਲੋਭ ਆਦਿਕ ਦੇ ਫੁਰਨਿਆਂ ਵਿੱਚ ਉਮਰ ਲੰਘ ਗਈ ਤੇ ਇਸੇ ਅਗਿਆਤ ਬੇਸਮਝ ਅਣਜਾਣਪੁਣੇ ਵਿੱਚ ਫੇਰ ਉਸੇ ਚਉਰਾਸੀ ਦੇ ਗੇੜ ਵਿੱਚ ਪੈ ਗਿਆ। ਪਰੰਤੂ ਜਿਨ੍ਹਾਂ ਗੁਰਮੁਖਾਂ ਨੇ ਮਨੁੱਖਾ ਜਨਮ ਵਿੱਚ ਮਾਇਆ ਆਦਿ ਤੋਂ ਦੁਖੀ ਹੋ ਕੇ ਸਤਿਸੰਗਤ ਦੁਆਰਾ ਸਤਿਗੁਰਾਂ ਅੱਗੇ ਕੂਕ ਪੁਕਾਰ ਕੀਤੀ, ਉਨ੍ਹਾਂ ਤਾਂਈ ਪੂਰੇ ਸਤਿਗੁਰਾਂ ਅੰਮ੍ਰਿਤ ਦੀ ਦਾਤਿ ਦੇ ਕੇ ਨਾਮ ਅਭਿਆਸ ਵਿੱਚ ਲਾ ਕੇ ਮਾਇਆ ਅਤੇ ਵਿਕਾਰਾਂ ਤੋਂ ਬਚਾ ਕੇ ਚੌਰਾਸੀ ਤੋਂ ਛੁਡਾ ਕੇ ਮੁਕਤ ਕਰ ਦਿੱਤਾ ਹੈ। ਉਹ ਇਸ ਮਨੁੱਖਾ ਜਨਮ ਰੂਪ ਵਾਰੀ ਵਿੱਚ ਸੰਸਾਰ ਰੂਪ ਕਿਲ੍ਹੇ ਵਿੱਚੋਂ ਮੁਕਤ ਹੋ ਗਏ ਹਨ।

## *ਮਨੁ ਤਨੁ ਹੋਇ ਚੁਲੰਭੁ; ਜੇ ਸਤਿਗੁਰ ਭਾਇਆ ॥੧॥*

ਜੇ=ਜੇਕਰ ਸਤਿਗੁਰ=ਨਾਸ਼ ਤੋਂ ਰਹਿਤ, ਚੇਤਨ ਸਰੂਪ ਸਤਿਗੁਰਾਂ ਨੂੰ ਭਾਇਆ=ਭਾ ਜਾਵੇ ਤਾਂ ਮਨ ਅਤੇ ਤਨ ਨੂੰ ਚੁਲੰਭੁ=ਗੂੜਾ ਲਾਲ ਰੰਗ ਹੋਇ=ਹੋ ਭਾਵ ਚੜ੍ਹ ਜਾਂਦਾ ਹੈ॥੧॥ ਇਹ ਲਾਲ ਰੰਗ ਵਡਿਆਂ ਭਾਗਾਂ ਵਾਲਿਆਂ ਨੂੰ ਹੀ ਚੜ੍ਹਦਾ ਹੈ। ਇਸ ਲਾਲ ਰੰਗ ਨੂੰ ਕਦੇ ਕਿਸੇ ਵੀ ਕਿਸਮ ਦੀ ਮੈਲ ਨਹੀਂ ਲਗਦੀ ਅਤੇ ਨਾ ਹੀ ਕੋਈ ਦਾਗ ਲਗਦਾ ਹੈ। ਜੈਸਾ ਕਿ :

**ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥**
**ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥** [ਬਿਲਾਵਲ ਮਃ ੫, ਅੰਗ ੮੦੮]

## *ਚਲੈ ਜਨਮੁ ਸਵਾਰਿ; ਵਖਰੁ ਸਚੁ ਲੈ ॥*

ਉਹ ਗੁਰਮੁਖ ਇਸ ਮਨੁੱਖਾ ਜਨਮ ਨੂੰ ਸਵਾਰਿ=ਸਵਾਰ ਕੇ ਚਲੇ ਹਨ, ਜਿਨ੍ਹਾਂ ਨੇ ਸੱਚੇ ਨਾਮ ਦਾ ਵਖਰੁ=ਮਾਲ, ਸੌਦਾ ਲੈ=ਲਿਆ ਹੈ। ਜੈਸਾ ਕਿ :

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥**
**ਸਚੀ ਦਰਗਹ ਜਾਇ ਸਚਾ ਪਿੜੁ ਮਲਿਆ॥** [ਭਾ: ਗੁਰਦਾਸ ਜੀ, ਵਾਰ ੧੯, ਪਉੜੀ ੧੪]

## *ਪਤਿ ਪਾਏ ਦਰਬਾਰਿ; ਸਤਿਗੁਰ ਸਬਦਿ ਭੈ ॥੧॥ਰਹਾਉ॥*

ਉਹੀ ਗੁਰਮੁਖ ਸਤਿਗੁਰਾਂ ਦੇ ਸਬਦਿ=ਉਪਦੇਸ਼ ਨਾਲ ਪ੍ਰਮੇਸ਼ਰ ਦੇ ਭੈ=ਡਰ ਨੂੰ ਪਾਏ=ਪਾ ਭਾਵ ਧਾਰ ਕੇ ਪ੍ਰਮੇਸ਼ਰ ਦੇ ਦਰਬਾਰਿ=ਦਰਬਾਰ ਵਿੱਚ ਪਤਿ=ਇਜ਼ਤ ਪਾਉਂਦੇ ਹਨ ਤੇ ਇਜ਼ਤ ਨੂੰ ਪਾ ਕੇ ਆਪਣੇ ਸਰੂਪ ਰੂਪੀ ਘਰ ਨੂੰ ਜਾਂਦੇ ਹਨ, ਇਸ ਵਾਸਤੇ ਤੂੰ ਐਸੀ ਨਾਮ ਰੂਪੀ ਪੂੰਜੀ ਇਕੱਤਰ ਕਰ, ਜਿਸ ਦਾ ਕਦੇ ਵੀ ਨਾਸ਼ ਨਹੀਂ ਹੁੰਦਾ॥੧॥ਰਹਾਉ॥ ਜੈਸਾ ਕਿ:

**ਐਸੀ ਸੰਚਿ ਜੁ ਬਿਨਸਤ ਨਾਹੀ॥ ਪਤਿ ਸੇਤੀ ਅਪੁਨੈ ਘਰਿ ਜਾਹੀ॥**
[ਗਉੜੀ ਬਾਵਨ ਅਖਰੀ ਮ: ੫, ਅੰਗ ੨੫੩]

## *ਮਨਿ ਤਨਿ ਸਚੁ ਸਲਾਹਿ; ਸਾਚੇ ਮਨਿ ਭਾਇਆ ॥*

ਜਿਸ ਗੁਰਮੁਖ ਪੁਰਸ਼ ਨੇ ਮਨ ਅਤੇ ਤਨ ਕਰਕੇ ਸਚੁ=ਸਚ ਸਰੂਪ ਪ੍ਰਭੂ ਦੇ ਨਾਮ ਨੂੰ ਸਲਾਹਿ=ਸਲਾਹਿਆ ਹੈ ਉਹ ਸਾਚੇ=ਸਚੇ ਪ੍ਰਭੂ ਦੇ ਮਨ ਨੂੰ ਭਾਇਆ=ਭਾ ਗਿਆ ਹੈ। ਜਿਨ੍ਹਾਂ ਦੇ ਮਨ ਅਤੇ ਤਨ ਦੇ ਅੰਦਰ ਉਸ ਸੱਚੇ ਪ੍ਰਮੇਸ਼ਰ ਦੀ ਭਗਤੀ ਹੈ, ਉਹ ਸਹਿਜੇ ਹੀ ਲੋਕ ਪ੍ਰਲੋਕ ਵਿੱਚ ਪਤਿ, ਇਜ਼ਤ ਦੇ ਸਹਿਤ ਹੁੰਦੇ ਹਨ। ਜੈਸਾ ਕਿ:

**ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ॥**
**ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ॥** [ਮਲਾਰ ਕੀ ਵਾਰ ਮ: ੩, ਅੰਗ ੧੨੮੫]

## *ਲਾਲਿ ਰਤਾ ਮਨੁ ਮਾਨਿਆ; ਗੁਰੁ ਪੂਰਾ ਪਾਇਆ ॥੨॥*

ਜਿਸ ਨੇ ਬ੍ਰਹਮ ਨੇਸਟੀ, ਬ੍ਰਹਮ ਸਰੋਤਰੀ ਪੂਰਾ=ਪੂਰਨ ਗੁਰੂ ਨੂੰ ਪਾਇਆ ਹੈ ਤੇ ਉਨ੍ਹਾਂ ਦੇ ਮਨੁ=ਮੰਤ੍ਰ ਨੂੰ ਮਾਨਿਆ=ਮੰਨਿਆ ਹੈ ਉਹ ਲਾਲਿ=ਪਿਆਰੇ ਵਾਹਿਗੁਰੂ ਨਾਲ ਰਤਾ=ਮਿਲ ਗਿਆ ਹੈ, **ਵਾ:** ਮਨੁ ਮਾਨਿਆ ਗੁਰੁ=ਜਿਸ ਦਾ ਗੁਰੂ ਉੱਤੇ ਮਨ ਮਾਨਿਆ=ਮੰਨਿਆ, ਉਸਨੇ ਪੂਰਾ ਗਿਆਨ ਪਾਇਆ ਹੈ। ਗਿਆਨ ਦੀ ਸ਼ਕਤੀ ਦੁਆਰਾ ਉਹ ਫਿਰ ਲਾਲਿ=ਪਿਆਰੇ ਪ੍ਰਭੂ ਵਿੱਚ ਰਤਾ=ਰੰਗਿਆ ਗਿਆ ਹੈ। ਲਾਲ ਰੰਗ ਵਿੱਚ ਤਦਾਕਾਰ ਹੋਣ ਦੇ ਕਾਰਣ ਮੇਰਾ ਨੱਚਣਾ ਭਾਵ ਚੌਰਾਸੀ ਲੱਖ ਜੂਨ ਵਿੱਚ ਫਿਰਨ ਤੋਂ ਰਹਿ ਚੁੱਕਾ ਹੈ ਅਤੇ ਪਿਆਰਾ ਰੰਗੀਲਾ ਪ੍ਰਭੂ ਸੁਭਾਵਿਕ ਹੀ ਪਾਇਆ ਹੈ। ਜੇ ਕੋਈ ਕਹੇ ਕਿ ਉਸ ਨੂੰ ਕਿਸ ਵਿਧੀ ਦੁਆਰਾ ਪਾਇਆ ਹੈ ਤਾਂ ਦਸਦੇ ਹਨ ਕਿ ਸਤਿਗੁਰਾਂ ਦੇ ਬਚਨਾਂ ਕਰਕੇ ਪਾਉਣਾ ਕੀਤਾ ਹੈ। ਜੈਸਾ ਕਿ:

**ਅਬ ਮੋਰੋ ਨਾਚਨੋ ਰਹੋ॥ ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ॥**
[ਸਾਰਗ ਮ: ੫, ਅੰਗ ੧੨੦੩]

## *ਹਉ ਜੀਵਾ ਗੁਣ ਸਾਰਿ; ਅੰਤਰਿ ਤੂ ਵਸੈ ॥*

ਤੂੰ ਜੋ ਮੇਰੇ ਅੰਤਰਿ=ਅੰਦਰ ਵਸੈ=ਵਸ ਰਿਹਾ ਹੈਂ, ਪਰ ਮੈਂ ਫਿਰ ਭੀ ਆਪ ਜੀ ਦੇ ਗੁਣ=ਗੁਣਾਂ ਨੂੰ ਸੰਭਾਲ ਕੇ ਜੀਵਾ=ਜਿਉਂਦਾ ਹਾਂ ਅਤੇ ਜਿਸ ਵੇਲੇ ਤੂੰ ਮੈਨੂੰ ਵਿਸਰ ਜਾਂਦਾ ਹੈਂ, ਉਸ ਵੇਲੇ ਮੇਰੀ ਹਾਲਤ ਮੁਰਦਿਆਂ ਦੇ ਤੁਲ ਹੋ ਜਾਂਦੀ ਹੈ। ਜੈਸਾ ਕਿ ਫ਼ੁਰਮਾਨ ਹੈ:

**ਆਖਾ ਜੀਵਾ ਵਿਸਰੈ ਮਰਿ ਜਾਉ॥** [ਆਸਾ ਮ: ੧, ਅੰਗ ੯]

## ਤੂੰ ਵਸਹਿ ਮਨ ਮਾਹਿ; ਸਹਜੇ ਰਸਿ ਰਸੈ ॥੩॥

ਜੇਕਰ ਤੂੰ ਮੇਰੇ ਮਨ ਮਾਹਿ=ਵਿੱਚ ਵਸਹਿ=ਵਸਦਾ ਹੈਂ, ਇਹ ਗੱਲ ਜਾਨਣ ਵਾਲਾ ਪੁਰਸ਼ ਆਤਮਿਕ ਰਸ ਵਿੱਚ ਰਸੈ=ਰਸ ਜਾਂਦਾ ਹੈ। ਜੇ ਤੂੰ ਮਨ ਦੇ ਵਿੱਚ ਵਸਹਿ=ਸਾਖਿਆਤਕਾਰ ਹੋ ਜਾਵੇ ਤਾਂ ਸਹਜੇ=ਸੁਭਾਵਿਕ ਹੀ ਮਨ ਰਸਿ=ਆਤਮ ਰਸ ਵਿੱਚ ਰਸੈ=ਰਸਦਾ ਹੈ। ਜਿਨ੍ਹਾਂ ਨੇ ਆਤਮਿਕ ਰਸ ਨੂੰ ਜਾਨਣਾ ਕੀਤਾ ਹੈ, ਉਨ੍ਹਾਂ ਦੇ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ। ਜੈਸਾ ਕਿ :

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥** [ਗਉੜੀ ਬਾਵਨ ਅਖਰੀ ਮਃ ੫, ਅੰਗ ੨੫੨]

## ਮੂਰਖ ਮਨ ਸਮਝਾਇ; ਆਖਉ ਕੇਤੜਾ ॥

ਇਸ ਮੂਰਖ ਮਨ ਨੂੰ ਆਖਉ=ਆਖ ਕੇ ਕੇਤੜਾ=ਕਿੰਨਾ ਕੁ ਸਮਝਾਇ=ਸਮਝਾਉਣਾ ਕਰਾਂ ਇਹ ਸਮਝਦਾ ਨਹੀਂ। ਇਹ ਸਭ ਕੁਝ ਜਾਨਣ ਦੇ ਬਾਵਜੂਦ ਵੀ ਅਨੇਕਾਂ ਹੀ ਪ੍ਰਕਾਰ ਦੇ ਔਗੁਣਾਂ ਨੂੰ ਕਰਦਾ ਹੈ। ਜੈਸਾ ਕਿ :

੧. **ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥** [ਸਲੋਕ ਕਬੀਰ ਜੀ, ਅੰਗ ੧੩੭੬]

੨. **ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥** [ਦੇਵਗੰਧਾਰੀ ਮਃ ੯, ਅੰਗ ੫੩੬]

## ਗੁਰਮੁਖਿ ਹਰਿ ਗੁਣ ਗਾਇ; ਰੰਗਿ ਰੰਗੇਤੜਾ ॥੪॥

ਗੁਰਮੁਖਿ=ਮੁਖੀ ਗੁਰੂ ਦੁਆਰਾ ਗੁਰਸਿੱਖਾਂ ਨੇ ਹਰਿ=ਪ੍ਰਮੇਸ਼ਰ ਦੇ ਗੁਣ=ਜਸ ਨੂੰ ਗਾ ਕੇ ਮਨ ਨੂੰ ਆਤਮ ਰੰਗ ਵਿੱਚ ਰੰਗੇਤੜਾ=ਰੰਗਣਾ ਕੀਤਾ ਹੈ ॥੪॥ ਜੈਸਾ ਕਿ :

**ਗੁਰਮਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਈ ॥**
**ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ ॥੬॥** [ਸਲੋਕ ਮਃ ੫, ਅੰਗ ੧੪੨੫]

## ਨਿਤ ਨਿਤ ਰਿਦੈ ਸਮਾਲਿ; ਪ੍ਰੀਤਮੁ ਆਪਣਾ ॥

ਹੇ ਮਨ! ਤੂੰ ਨਿਤ ਨਿਤ=ਨਿਤਾ ਪ੍ਰਤੀ ਹਮੇਸ਼ਾਂ ਹੀ ਆਪਣੇ ਪ੍ਰੀਤਮੁ=ਪਿਆਰੇ ਪ੍ਰਮਾਤਮਾ ਨੂੰ ਹਿਰਦੇ ਵਿੱਚ ਸਮਾਲਿ=ਸੰਭਾਲਣਾ ਕਰ, ਭਾਵ ਨਿਤਾ ਪ੍ਰਤੀ, ਹਮੇਸ਼ਾ ਹੀ ਹਿਰਦੇ ਵਿੱਚ ਪ੍ਰਮਾਤਮਾ ਦੀ ਯਾਦ ਧਿਆਨ ਸ਼ਕਤੀ ਦੁਆਰਾ ਸੰਭਾਲ ਕੇ ਰੱਖੀਂ।

## ਜੇ ਚਲਹਿ ਗੁਣ ਨਾਲਿ; ਨਾਹੀ ਦੁਖੁ ਸੰਤਾਪਣਾ ॥੫॥

ਜੇ ਸ਼ੁਭ ਗੁਣਾਂ ਨੂੰ ਨਾਲ ਲੈ ਕੇ ਪਰਲੋਕ ਰੂਪ ਰਸਤੇ 'ਤੇ ਚਾਲਹਿ=ਚਲੇਗਾਂ, ਤਾਂ ਫਿਰ ਦੁੱਖਾਂ ਕਰਕੇ ਸੰਤਾਪਣਾ=ਦੁਖੀ ਨਹੀਂ ਹੋਂਵੇਗਾ। ਜਿਸ ਪ੍ਰਲੋਕ ਦੇ ਰਸਤੇ ਦੀਆਂ ਕੋਈ ਮਨੁੱਖ ਕੋਹਾਂ ਨਹੀਂ ਗਿਣ ਸਕਦਾ ਕਿ ਕਿੰਨੀਆਂ ਕੁ ਕੋਹਾਂ ਹਨ। ਜਿਸ ਰਸਤੇ ਵਿੱਚ ਕੋਈ ਵਾਕਫ਼ੀਅਤ ਵਾਲਾ, **ਵਾ:** ਕੋਈ ਰਿਸ਼ਤੇਦਾਰ, ਸੰਬੰਧੀ ਭੀ ਨਹੀਂ ਹੈ ॥੫॥ ਜੈਸਾ ਕਿ :

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥**
[ਗਉੜੀ ਸੁਖਮਨੀ ਮਃ ੫, ਅੰਗ ੨੬੪]

## *ਮਨਮੁਖ ਭਰਮਿ ਭੁਲਾਣਾ; ਨਾ ਤਿਸੁ ਰੰਗੁ ਹੈ ॥*

ਮਨਮੁਖ ਪੁਰਸ਼ ਭਰਮ ਵਿੱਚ ਭੁਲਾਣਾ=ਭੁਲਿਆ ਫਿਰਦਾ ਹੈ, ਉਸ ਦਾ ਨਾਮ ਵਿੱਚ ਰੰਗੁ=ਪ੍ਰੇਮ ਨਹੀਂ ਹੈ। ਵਾ: ਜੋ ਮਨਮੁਖ ਪੁਰਸ਼ ਭਰਮ ਦਾ ਭੁਲਾਇਆ ਹੋਇਆ ਸੰਸਾਰ ਵਿੱਚ ਫਿਰਦਾ ਹੈ, ਉਸਨੂੰ ਜਿਉਣ ਦਾ ਰੰਗੁ=ਅਨੰਦ ਨਹੀਂ ਹੈ। ਜੈਸਾ ਕਿ :

**ਮਨਮੁਖ ਭਰਮਿ ਭੁਲੇ ਬਉਰਾਨੇ ॥** [ਬਿਲਾਵਲੁ ਮਃ ੧, ਅੰਗ ੭੯੬]

## *ਮਰਸੀ ਹੋਇ ਵਿਡਾਣਾ; ਮਨਿ ਤਨਿ ਭੰਗੁ ਹੈ ॥੬॥*

ਉਹਦੇ ਮਨ, ਤਨ ਵਿੱਚ ਵਾਹਿਗੁਰੂ ਦੀ ਪ੍ਰੀਤੀ ਦਾ ਭੰਗੁ=ਬਿਘਨ ਹੈ, ਇਸ ਕਰਕੇ ਉਹ ਵਿਡਾਣਾ=ਦੁਖੀ ਹੋ ਕੇ ਮਰਦਾ ਹੈ, **ਵਾ:** ਜਿਸ ਵੇਲੇ ਮਰਦਾ ਹੈ ਤਾਂ ਵਿਡਾਣਾ=ਬੇਗਾਨਾ, ਪਰਾਇਆ ਭਾਵ ਜਮਾਂ ਦਾ ਹੁੰਦਾ ਹੈ ॥੬॥

## *ਗੁਰ ਕੀ ਕਾਰ ਕਮਾਇ; ਲਾਹਾ ਘਰਿ ਆਣਿਆ ॥*

ਜੋ ਪੁਰਸ਼ ਗੁਰ=ਗੁਰੂ ਸਾਹਿਬਾਨ ਪੂਜਨੀਕ ਦੀ ਦੱਸੀ ਹੋਈ ਸੇਵਾ ਰੂਪ ਕਾਰ ਨੂੰ ਕਮਾਇ=ਕਮਾਉਂਦਾ ਹੈ, ਉਸਨੇ ਸਰੀਰ ਰੂਪੀ ਘਰ ਵਿੱਚ ਲਾਹਾ ਆਣਿਆ=ਲਿਆਂਦਾ ਹੈ।

## *ਗੁਰਬਾਣੀ ਨਿਰਬਾਣੁ; ਸਬਦਿ ਪਛਾਣਿਆ ॥੭॥*

ਗੁਰਬਾਣੀ=ਗੁਰਾਂ ਦੀ ਬਾਣੀ ਉਪਦੇਸ਼ ਰੂਪੀ ਬਾਣੀ ਦੁਆਰਾ ਉਸਨੇ ਨਿਰਬਾਣੁ=ਨਿਰਬੰਧ ਪ੍ਰਮੇਸ਼ਰ ਨੂੰ ਪਛਾਣਿਆ=ਪਹਿਚਾਣ ਲਿਆ ਹੈ। ਸੰਸਾਰ ਦੇ ਸਾਰੇ ਜੀਵ ਬੰਧਨਾਂ ਵਿੱਚ ਹਨ, ਸਿਰਫ਼ ਇੱਕ ਪ੍ਰਮੇਸ਼ਰ ਹੀ ਬੰਧਨ ਤੋਂ ਰਹਿਤ ਹੈ ਇਸ ਲਈ ਜੋ ਉਸ ਨੂੰ ਨਾਮ ਬਾਣੀ ਦੁਆਰਾ ਪਹਿਚਾਣ ਲੈਂਦਾ ਹੈ, ਉਹ ਭੀ ਬੰਧਨਾਂ ਤੋਂ ਰਹਿਤ ਹੋ ਜਾਂਦਾ ਹੈ ॥੭॥

## *ਇਕ ਨਾਨਕ ਕੀ ਅਰਦਾਸਿ; ਜੇ ਤੁਧੁ ਭਾਵਸੀ ॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮੇਰੀ ਨਾਨਕ ਦੀ ਇੱਕ ਅਰਦਾਸਿ=ਬੇਨਤੀ ਹੈ ਜੇ ਤੁਧ=ਆਪ ਜੀ ਨੂੰ ਭਾਵਸੀ=ਭਾ ਜਾਵੇ ਤਾਂ

## *ਮੈ ਦੀਜੈ ਨਾਮ ਨਿਵਾਸੁ; ਹਰਿ ਗੁਣ ਗਾਵਸੀ ॥੮॥੧॥੩॥*

ਮੈਨੂੰ ਨਾਮ ਸਿਮਰਨ ਵਿੱਚ ਨਿਵਾਸ ਦਿਉ, ਜਿਸ ਕਰਕੇ ਹਰ ਵੇਲੇ ਹੇ ਹਰੀ! ਵਾਹਿਗੁਰੂ ਤੇਰੇ ਹੀ ਗੁਣ ਗਾਵਸੀ=ਗਾਉਂਦਾ ਰਹਾਂ। ਇਸ ਅਖ਼ੀਰਲੀ ਤੁਕ ਵਿੱਚ ਜੋ ਨਿਵਾਸ ਪਦ ਆਇਆ ਹੈ, ਉਸ ਦਾ ਭਾਵ ਨਿ+ਵਾਸੁ ਵਾਸ ਦਾ ਅਰਥ ਤਾਂ ਵਸਣਾ ਹੁੰਦਾ ਹੀ ਹੈ। ਨਿ ਦਾ ਅਰਥ ਵਿਸ਼ੇਸ਼ ਕਰਕੇ ਵਸਣਾ ਜਿਸ ਪ੍ਰਕਾਰ ਨਿਖਾਲਸ ਪਦ ਵਿਸ਼ੇਸ਼ ਕਰਕੇ ਸ਼ੁਧਤਾ ਦਾ ਵਾਚਕ ਹੈ। ਇਸ ਤਰ੍ਹਾਂ ਨਿਵਾਸ ਵਿਸ਼ੇਸ਼ ਕਰਕੇ ਵਸਣ ਦਾ ਵਾਚਕ ਹੈ। ਆਰਜ਼ੀ ਤੌਰ 'ਤੇ ਵਸਣਾ ਉਹ ਹੁੰਦਾ ਹੈ, ਜਿਹੜਾ ਕਦੇ ਵਸੇ, ਕਦੇ ਨਾ ਵਸੇ। ਵਿਸ਼ੇਸ਼ ਕਰਕੇ ਵਸਣਾ ਉਹ ਹੁੰਦਾ ਹੈ, ਜਿਹੜਾ ਪਕੇ ਤੌਰ 'ਤੇ ਹੋਵੇ। ਭਾਵ ਨਾਮ ਵਿੱਚ ਪਕੇ ਤੌਰ 'ਤੇ ਸੁਰਤ ਦਾ ਨਿਵਾਸ ਹੋ ਜਾਵੇ। ਇਹ ਅਰਦਾਸ ਹੈ ॥੮॥੧॥੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੮ [ਆਦਿ ਅੰਗ ੭੫੩]

*ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥ ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ਰਹਾਉ॥ ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥ ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥ ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥ ਸਚਾ ਸਬਦੁ ਸਾਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥ ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥ ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥ ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥ ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥ ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥ ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥*

## ਰਾਗੁ ਸੂਹੀ ਮਹਲਾ ੩, ਘਰੁ ੧ ਅਸਟਪਦੀਆ; ੧ੴ ਸਤਿਗੁਰ ਪ੍ਰਸਾਦਿ ॥

ਇਹ ਅੰਮ੍ਰਿਤ ਬਚਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਦਰਜ ਹੈ। ਰਾਗ ਦੇ ਪਹਿਲੇ ਸੁਰਤਾਲ ਵਿੱਚ ਗਾਇਆ ਹੋਇਆ ਹੈ। ਰਾਗੀ ਸਿੰਘਾਂ ਨੂੰ ਭੀ ਉਪਦੇਸ਼ ਹੈ ਕਿ ਇਸ ਨੂੰ ਪਹਿਲੇ ਸੁਰਤਾਲ ਵਿੱਚ ਹੀ ਗਾਇਨ ਕਰਨਾ। ਅੱਠ ਪਦਾਂ ਵਾਲਾ ਜੋ ਸ਼ਬਦ ਹੋਵੇ, ਉਸ ਨੂੰ ਅਸਟਪਦੀ ਕਿਹਾ ਜਾਂਦਾ ਹੈ, ਅੱਗੇ ਮੰਗਲ ਕੀਤਾ ਹੈ।

੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰਿ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

**ਉਥਾਨਕਾ—**ਸਿੱਖਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਕਿਰਪਾ ਕਰ

ਕੇ ਦਸੋ ਕਿ ਸ੍ਰਿਸ਼ਟੀ ਪੈਦਾ ਕਿਥੋਂ ਹੋਈ ਹੈ। ਇਹ ਪ੍ਰਸ਼ਨ ਸੁਣ ਕੇ ਸਤਿਗੁਰੂ ਜੀ ਨੇ ਉਤਰ ਵਿੱਚ ਇਹ ਅਸਟਪਦੀ ਉਚਾਰਨ ਕੀਤੀ ਤੇ ਨਾਮ ਅਤੇ ਨਾਮੀ ਦੀ ਅਭੇਦਤਾ ਇਸ ਵਿੱਚ ਦਰਸਾਉਂਦੇ ਹੋਏ ਪ੍ਰਸ਼ਨ ਦਾ ਉੱਤਰ ਦਿੰਦੇ ਹਨ।

## *ਨਾਮੈ ਹੀ ਤੇ ਸਭੁ ਕਿਛੁ ਹੋਆ; ਬਿਨੁ ਸਤਿਗੁਰ ਨਾਮੁ ਨ ਜਾਪੈ ॥*

ਇਸ ਸੰਸਾਰ ਵਿੱਚ ਜੋ ਭੀ ਸੰਸਾਰ ਦੀਆਂ ਵਸਤੂਆਂ, ਪਦਾਰਥ ਦ੍ਰਿਸ਼ਟੀ ਆ ਰਿਹਾ ਹੈ, ਉਹ ਸਭ ਕੁਝ ਨਾਮੈ=ਨਾਮੀ ਪ੍ਰਮਾਤਮਾ ਤੋਂ ਹੀ ਪੈਦਾ ਹੋਇਆ ਹੈ, **ਅਥਵਾ** ਨਾਮੈ=ਨਾਮ ਤੋਂ ਸਭੁ ਕਿਛੁ=ਸਭ ਗੁਣਾਂ ਦਾ ਸਮੁਦਾਅ ਪੈਦਾ ਹੋਇਆ ਹੈ, ਪਰ ਉਹ ਨਾਮ ਸਤਿਗੁਰਾਂ ਤੋਂ ਬਿਨਾਂ ਜਾਨਿਆ ਨਹੀਂ ਜਾਂਦਾ ਹੈ। ਜੈਸਾ ਕਿ :

**੧. ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥**
**ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥**

[ਸੋਰਠਿ ਕੀ ਵਾਰ ਮਃ ੩, ਅੰਗ ੬੪੯]

**੨. ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥**

[ਗਉੜੀ ਪੂਰਬੀ ਮਃ ੧, ਅੰਗ ੨੪੩]

**੩. ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥** [ਸੋਰਠਿ ਮਃ ੩, ਅੰਗ ੬੦੩]

## *ਗੁਰ ਕਾ ਸਬਦੁ ਮਹਾ ਰਸੁ ਮੀਠਾ; ਬਿਨੁ ਚਾਖੇ ਸਾਦੁ ਨ ਜਾਪੈ ॥*

ਸਤਿਗੁਰਾ ਦੇ ਸਬਦੁ=ਉਪਦੇਸ਼ ਦਾ ਰਸੁ=ਅਨੰਦ ਮਹਾ=ਵਡਾ ਮੀਠਾ=ਮਿਠਾ ਹੈ, ਪਰ ਚਾਖੇ=ਅਨੰਦ ਲੈਣ ਤੋਂ ਬਿਨਾਂ, ਭਾਵ ਧਾਰੇ ਤੋਂ ਬਿਨਾਂ ਉਹ ਸਾਦੁ=ਅਨੰਦ ਜਾਪੈ=ਜਾਨਿਆ ਨਹੀਂ ਜਾਂਦਾ। ਜੈਸਾ ਕਿ :

**੧. ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥**

[ਪ੍ਰਭਾਤੀ ਮਃ ੧, ਅੰਗ ੧੩੩੧]

**੨. ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥**

[ਮਲਾਰ ਮਃ ੩, ਅੰਗ ੧੨੬੨]

## *ਕਉਡੀ ਬਦਲੈ ਜਨਮੁ ਗਵਾਇਆ; ਚੀਨਸਿ ਨਾਹੀ ਆਪੈ ॥*

**ਅਨਵੇ**—ਜਿਸ ਪੁਰਸ਼ ਨੇ ਆਪੈ=ਆਪਣੇ ਆਤਮਿਕ ਸਰੂਪ ਨੂੰ ਨਾਹੀ=ਨਹੀਂ ਚੀਨ੍ਸਿ=ਪਛਾਣਿਆ, ਭਾਵ ਆਪਣੇ ਆਤਮਿਕ ਸਰੂਪ ਨੂੰ ਨਹੀਂ ਪਛਾਣਿਆ, ਗੁਰੂ ਦੇ ਉਪਦੇਸ਼ ਦੁਆਰਾ ਨਾਮ ਦੁਆਰਾ ਗਿਆਨ ਪ੍ਰਾਪਤ ਕਰਕੇ ਆਪਣੇ ਆਪ ਨੂੰ ਜਾਨਣਾ ਸੀ। ਨਾ ਜਾਨਣ ਕਰਕੇ ਆਪਣਾ ਜਨਮ ਜੋ ਹੀਰੇ ਵਰਗਾ ਅਮੋਲਕ ਸੀ, ਮਾਇਆ ਰੂਪ ਕਉਡੀਆਂ ਦੇ ਬਦਲੈ=ਵੱਟੇ-ਸੱਟੇ ਨਿਸਫਲ, ਵਿਅਰਥ ਗਵਾਇਆ=ਗਵਾ ਦਿੱਤਾ ਹੈ। ਜੈਸਾ ਕਿ :

**ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥** [ਮਾਰੂ ਮਃ ੫, ਅੰਗ ੧੦੦੪]

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਧੀਨ ਹੋ ਕੇ, **ਵਾ:** ਇਨ੍ਹਾਂ ਦੇ ਵਿੱਚ ਮਾਤਾ=ਮਸਤ ਹੋ ਕੇ ਸੰਸਾਰ ਦੇ ਵਿਸ਼ਿਆਂ ਰੂਪ ਕਉਡੀਆਂ ਦੇ ਬਦਲੇ ਮਨੁੱਖਾ ਜਨਮ ਰੂਪ ਰਤਨ ਗਵਾ ਦਿੱਤਾ। ਜੈਸਾ ਕਿ :

**ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥** [ਰਾਮਕਲੀ ਮਃ ੫, ਅੰਗ ੮੯੨]

ਜੋ ਪਦਾਰਥ ਤੈਂ ਛੱਡ ਜਾਣੇ ਹਨ ਜਾਂ ਪਦਾਰਥਾਂ ਨੇ ਤੈਨੂੰ ਛੱਡ ਜਾਣਾ ਹੈ, ਉਨ੍ਹਾਂ ਦੇ ਲਈ ਸਾਰੀ ਉਮਰ ਪ੍ਰਾਪਤੀ ਦੇ ਜਤਨ ਕਰਦਾ ਰਹਿੰਦਾ ਹੈਂ। ਇਹ ਕਉਡੀਆਂ ਦੇ ਬਦਲੇ ਰਤਨ ਤਿਆਗਣ ਦੇ ਤੁਲ ਹਨ। ਮਾਲਕ ਨੂੰ ਵਿਸਾਰ ਕੇ

ਜੋ ਜੀਵ ਹੋਰ ਸੰਸਾਰਕ ਕੰਮਾਂ ਵਿੱਚ ਲੱਗ ਰਹੇ ਹਨ, ਉਹ ਸਮਝੋ ਕਉਡੀਆਂ ਦੇ ਬਦਲੇ ਰਤਨ ਤਿਆਗ ਰਹੇ ਹਨ। ਜੈਸਾ ਕਿ :

੧. **ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥**
**ਕਉਡੀ ਬਦਲੇ ਰਤਨੁ ਤਿਆਗਹਿ ॥੧॥ਰਹਾਉ॥** [ਗਉੜੀ ਮਃ ੫, ਅੰਗ ੧੯੫]

੨. **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥** [ਗਉੜੀ ਬੈਰਾਗਣਿ ਮਃ ੧, ਅੰਗ ੧੫੬]

## *ਗੁਰਮੁਖਿ ਹੋਵੈ ਤਾ ਏਕੋ ਜਾਣੈ; ਹਉਮੈ ਦੁਖੁ ਨ ਸੰਤਾਪੈ ॥੧॥*

ਜੇ ਕੋਈ ਗੁਰਮੁਖ ਹੋ ਕੇ (ਗੁਰ+ਮੁਖਿ) ਮੁਖਿ=ਮੁਖੀ ਗੁਰਾਂ ਦੇ ਸਨਮੁਖ ਖੜ੍ਹਾ ਹੋਵੇ ਤਾਂ ਉਹ ਇੱਕ ਵਾਹਿਗੁਰੂ ਨੂੰ ਜਾਣਦਾ ਹੈ। ਉਸ ਨੂੰ ਹਉਮੈ=ਮੈਂ, ਮੇਰੀ ਦਾ ਦੁਖ ਨਹੀਂ ਸੰਤਾਪੈ=ਸਤਾਵੇਗਾ ॥੧॥ ਜੈਸਾ ਕਿ :

੧. **ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥**
**ਦੂਜਾ ਭਰਮੁ ਗੁਰ ਸਬਦਿ ਜਲਾਏ ॥** [ਮਾਝ ਮਃ ੩, ਅੰਗ ੧੧੫]

੨. **ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥** [ਮਾਝ ਮਃ ੩, ਅੰਗ ੧੧੩]

## *ਬਲਿਹਾਰੀ ਗੁਰ ਅਪਣੇ ਵਿਟਹੁ; ਜਿਨਿ ਸਾਚੇ ਸਿਉ ਲਿਵ ਲਾਈ ॥*

ਮੈਂ ਆਪਣੇ ਸਤਿਗੁਰੂ ਜੀ ਦੇ ਵਿਟਹੁ=ਉਪਰੋਂ ਬਲਿਹਾਰੀ=ਕੁਰਬਾਨ ਜਾਂਦਾ ਹਾਂ, ਜਿਨਿ=ਜਿਸ ਗੁਰੂ ਨੇ ਮੇਰੀ ਲਿਵ=ਬਿਰਤੀ ਸਾਚੇ=ਸੱਚੇ ਪ੍ਰਭੂ, ਪ੍ਰਮੇਸ਼ਰ ਸਿਉ=ਨਾਲ ਲਗਾਇ=ਲਗਾਈ ਹੈ। ਜੈਸਾ ਕਿ :

੧. **ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥**
**ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ ॥੧॥ਰਹਾਉ॥** [ਆਸਾ ਮਃ ੫, ਅੰਗ ੪੦੧]

੨. **ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥** [ਸੂਹੀ ਮਹਲਾ ੩, ਅੰਗ ੭੬੭]

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸਨੇ ਸੰਸਾਰਕ ਤੇ ਪ੍ਰਮਾਰਥਕ ਸਾਰੇ ਕਾਰਜ ਸਵਾਰ ਦਿੱਤੇ ਹਨ। ਜੈਸਾ ਕਿ :

**ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥** [ਰਾਮਕਲੀ ਮਃ ੧, ਅੰਗ ੯੩੭]

## *ਸਬਦੁ ਚੀਨ੍ਹਿ ਆਤਮੁ ਪਰਗਾਸਿਆ; ਸਹਜੇ ਰਹਿਆ ਸਮਾਈ ॥੧॥ਰਹਾਉ॥*

ਸਤਿਗੁਰੂ ਜੀ ਦੇ ਸਬਦੁ=ਉਪਦੇਸ਼ ਨੂੰ ਜਿਨ੍ਹਾਂ ਨੇ ਚੀਨ੍ਹਿ=ਜਾਣਿਆ ਹੈ, ਉਨ੍ਹਾਂ ਨੂੰ ਆਤਮ=ਆਪਣੇ ਸਰੂਪ ਦਾ ਪਰਗਾਸਿਆ=ਪ੍ਰਗਾਸ ਹੋਇਆ ਹੈ, ਇਸ ਲਈ ਉਹ ਸਹਜੇ=ਸੁਭਾਵਿਕ ਹੀ ਪ੍ਰਮੇਸ਼ਰ ਵਿੱਚ ਸਮਾਈ=ਸਮਾਏ ਰਹਿੰਦੇ ਹਨ ॥੧॥ਰਹਾਉ॥ ਜੈਸਾ ਕਿ :

੧. **ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥** [ਪ੍ਰਭਾਤੀ ਮਃ ੩, ਅੰਗ ੧੩੪੬]

੨. **ਸਬਦੁ ਚੀਨ੍ਹਿ ਸਦਾ ਸੁਖੁ ਪਾਇਆ ॥** [ਆਸਾ ਮਃ ੩, ਅੰਗ ੪੨੩]

## *ਗੁਰਮੁਖਿ ਗਾਵੈ, ਗੁਰਮੁਖਿ ਬੂਝੈ; ਗੁਰਮੁਖਿ ਸਬਦੁ ਬੀਚਾਰੇ ॥*

ਕਿਸੇ ਵੇਲੇ ਤਾਂ ਗੁਰਮੁਖ ਰਾਗਾਂ ਵਿੱਚ ਪ੍ਰਭੂ ਦੇ ਗੁਣ ਗਾਉਂਦੇ ਹਨ, ਕਿਸੇ ਵੇਲੇ ਗੁਰਮੁਖ ਸ਼ਾਸਤ੍ਰ ਲੈ ਕੇ ਗੁਰੂ

ਦੇ ਸਿਧਾਂਤ ਨੂੰ ਬੂਝੈ=ਬੁਝਦੇ ਹਨ, ਅਥਵਾ :—ਜਾਣਦੇ ਹਨ। ਕਿਸੇ ਵੇਲੇ ਗੁਰਮੁਖ ਗੁਰ ਸਬਦ ਦਾ, ਵਾ—ਬ੍ਰਹਮ ਦਾ ਵਿਚਾਰ ਕਰਦੇ ਹਨ, ਇਹ ਗੁਰਮੁਖਾਂ ਦਾ ਜੀਵਨ ਹੈ। ਵਾ—ਜੋ ਮੁਖੀ ਗੁਰੂ ਸਾਹਿਬ ਜੀ ਹਨ, ਪ੍ਰਮੇਸ਼ਰ ਦੇ ਨਾਮਾਂ ਨੂੰ ਗਾਉਂਦੇ ਹਨ, ਉਨ੍ਹਾਂ ਤੋਂ ਗੁਰਮੁਖ=ਜਗਿਆਸੂ ਬੂਝੈ=ਬੁਝੇ ਜਾਣੇ ਤਾਂ ਗੁਰ=ਚੇਤਨ, ਜੋ ਸਾਰਿਆਂ ਦਾ ਮੁਖ=ਅਧਿਸ਼ਠਾਨ ਰੂਪ ਸਬਦੁ=ਬ੍ਰਹਮ ਦਾ ਬੀਚਾਰੇ=ਬਿਚਾਰ ਕਰਦਾ ਹੈ, ਭਾਵ ਪ੍ਰਾਪਤ ਕਰਦਾ ਹੈ। ਜੈਸਾ ਕਿ :

੧. **ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥** [ਮਾਝ ਮਃ ੩, ਅੰਗ ੧੨੪]

੨. **ਗੁਰਮਖਿ ਗਾਵੈ ਗੁਰਮਖਿ ਬੋਲੈ ॥ ਗੁਰਮੁਖਿ ਤੋਲਿ ਤੁੋਲਾਵੈ ਤੋਲੈ ॥** [ਰਾਮਕਲੀ ਮਃ ੧, ਅੰਗ ੯੩੨]

੩. **ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥** [ਜਪੁਜੀ ਸਾਹਿਬ, ਅੰਗ ੨]

ਗੁਰਮੁਖਿ=ਗੁਰਸਿੱਖ ਆਪਣੇ ਮਨ ਨੂੰ ਵਸ ਕਰਨ ਵਾਸਤੇ, ਭਾਵ ਮਨ ਨੂੰ ਟਿਕਾਉਣ ਵਾਸਤੇ ਕਦੇ ਤਾਂ ਕੀਰਤਨ ਕਰਦੇ ਹਨ, ਜਦੋਂ ਮਨ ਕੀਰਤਨ ਵੱਲੋਂ ਥੱਕ ਜਾਵੇ ਤਾਂ ਗੁਰਮੁਖਿ ਵੇਦੰ=ਸ਼ਬਦ ਦੀ ਵਾ ਸਰੂਪ ਦੇ ਵੇਦੰ=ਗਿਆਨ ਦੀ ਵਿਚਾਰ ਕਰਦੇ ਰਹਿੰਦੇ ਹਨ। ਭਾਵ ਗੁਰਬਾਣੀ ਦੀ ਕਥਾ ਤੇ ਕੀਰਤਨ ਤੋਂ ਥੱਕ ਜਾਣ ਤਾਂ ਉਸ ਵੇਲੇ ਗੁਰਮੁਖਿ ਰਹਿਆ ਸਮਾਈ=ਗੁਰਮੁਖਾਂ ਦਾ ਮਨ ਨਿਰਵਿਕਲਪ ਸਮਾਧੀ ਵਿੱਚ ਸਮਾਈ=ਸਮਾਇਆ ਰਹਿੰਦਾ ਹੈ। ਇਉਂ ਤਿੰਨਾਂ ਹੀ ਤਰੀਕਿਆਂ ਨਾਲ ਗੁਰਮੁਖਾਂ ਨੇ ਮਨ ਨੂੰ ਵਸ ਕੀਤਾ ਹੈ।

## *ਜੀਉ ਪਿੰਡੁ ਸਭੁ ਗੁਰ ਤੇ ਉਪਜੈ; ਗੁਰਮੁਖਿ ਕਾਰਜ ਸਵਾਰੇ ॥*

ਜੀਉ=ਜੀਵ ਆਤਮਾ ਪਿੰਡੁ=ਸਰੀਰ ਆਦਿਕ ਸਭ ਕੁਝ ਗੁਰਾਂ ਤੋਂ ਹੀ ਉਪਜੈ=ਉਧਰਦੇ ਹਨ, ਭਾਵ ਸਫਲ ਹੁੰਦੇ ਹਨ। ਮੁਖੀ ਗੁਰੂ ਸਾਹਿਬ ਹੀ ਸਿੱਖਾਂ ਦੇ ਸਾਰੇ ਕੰਮ ਸਵਾਰਦੇ ਹਨ। **ਦੂਜਾ ਅਰਥ—**ਜੀਉ=ਜੀਵ ਆਤਮਾ ਦੀ ਪਿੰਡੁ=ਸਰੀਰ ਦੀ ਸੋਝੀ, ਗਿਆਤ ਗੁਰਾਂ ਤੋਂ ਉਪਜੈ=ਪੈਦਾ ਹੁੰਦੀ ਹੈ ਤੇ ਗੁਰਮੁਖਿ=ਗੁਰਸਿੱਖ ਆਪਣਾ ਮੁਕਤੀ ਰੂਪ ਕਾਰਜ ਗੁਰਾਂ ਤੋਂ ਸਿਖਿਆ ਲੈ ਕੇ ਸਵਾਰਦੇ ਹਨ। **ਤੀਜਾ ਅਰਥ—**ਜੀਉ=ਜੀਵ ਆਤਮਾ ਪਿੰਡੁ=ਸਰੀਰ ਤੇ ਸਭੁ=ਸਾਰੀ ਸ੍ਰਿਸਟੀ ਦੇ ਜੀਵ ਗੁਰ=ਚੇਤਨ ਸਰੂਪ ਤੋਂ ਉਪਜੈ=ਪੈਦਾ ਹੁੰਦੇ ਹਨ। ਗੁਰ ਚੇਤਨ ਹੀ ਮੁਖਿ=ਸਭ ਦਾ ਅਧਿਸ਼ਠਾਨ ਭਾਵ ਆਸਰਾ ਰੂਪ ਹੈ ਤੇ ਉਸੇ ਤੋਂ ਹੀ ਸਾਰੇ ਕਾਰਜ=ਕੰਮ ਸਵਾਰੇ=ਸਫਲੇ ਹੁੰਦੇ ਹਨ। ਜੈਸਾ ਕਿ :

**ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥**
**ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥** [ਸੋਰਠਿ ਮਃ ੫, ਅੰਗ ੬੩੯]

ਜੇ ਕੋਈ ਅਗਿਆਨੀ ਪੁਰਸ਼ ਕਿਸੇ ਕਿਸਮ ਦਾ ਹੰਕਾਰ ਕਰੇ, ਇਹ ਗੱਲ ਪ੍ਰਮੇਸ਼ਰ ਨੂੰ ਭਾਉਂਦੀ ਨਹੀਂ, ਕਿਉਂਕਿ :

੧. **ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥** [ਗਉੜੀ ਮਃ ੧, ਅੰਗ ੧੫੪]

੨. **ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸਕੇ ਵਣਜਾਰੇ ॥**
**ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥੬॥੧॥੧੩॥**
[ਗਉੜੀ ਚੇਤੀ ਮਃ ੧, ਅੰਗ ੧੫੫]

## *ਮਨਮੁਖਿ ਅੰਧਾ ਅੰਧੁ ਕਮਾਵੈ; ਬਿਖੁ ਖਟੇ ਸੰਸਾਰੇ ॥*

ਮਨਮੁਖ ਪੁਰਸ਼ ਅੰਧਾ=ਅਗਿਆਨੀ ਤੇ ਅੰਧੁ=ਮੰਦ ਕਰਮਾਂ ਨੂੰ ਕਮਾਉਂਦਾ ਹੈ ਅਤੇ ਸੰਸਾਰੇ=ਸੰਸਾਰ ਵਿੱਚ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਨੂੰ ਖਟੇ=ਖੱਟਦਾ ਹੈ, ਭਾਵ ਪ੍ਰਾਪਤ ਕਰਦਾ ਹੈ।

## *ਮਾਇਆ ਮੋਹਿ ਸਦਾ ਦੁਖੁ ਪਾਏ; ਬਿਨੁ ਗੁਰ ਅਤਿ ਪਿਆਰੇ ॥੨॥*

ਅਤਿ=ਅਤਿਅੰਤ ਭਾਵ ਬਹੁਤੇ ਪਿਆਰੇ=ਪਿਆਰ ਵਾਲੇ ਜੋ ਗੁਰੂ ਸਾਹਿਬ ਜੀ ਹਨ, ਉਨ੍ਹਾਂ ਤੋਂ ਬਿਨਾਂ ਹੋ ਕੇ ਮਾਇਆ ਦੇ ਮੋਹ ਵਿੱਚ ਲੱਗ ਕੇ ਸਦਾ ਹੀ ਜੀਵ ਦੁਖ ਪਾਏ=ਪਾਉਂਦੇ ਹਨ ॥੨॥

## ਸੋਈ ਸੇਵਕੁ ਜੇ ਸਤਿਗੁਰ ਸੇਵੇ; ਚਾਲੈ ਸਤਿਗੁਰ ਭਾਏ ॥

ਸੋਈ=ਉਹੀ ਸੱਚਾ ਸੇਵਾ ਕਰਨ ਵਾਲਾ ਸੇਵਕ ਹੈ ਜੋ=ਜਿਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ ਅਤੇ ਸਤਿਗੁਰਾਂ ਦੇ ਭਾਇ=ਅਨੁਸਾਰ, **ਵਾ:** ਰਜਾ ਵਿੱਚ ਚਲਦਾ ਹੈ।

## ਸਾਚਾ ਸਬਦੁ ਸਿਫਤਿ ਹੈ ਸਾਚੀ; ਸਾਚਾ ਮੰਨਿ ਵਸਾਏ ॥

ਜੋ ਸਬਦੁ=ਬ੍ਰਹਮ ਸੱਚਾ ਹੈ, ਜਿਸ ਦੀ ਸਿਫਤ ਭੀ ਸੱਚੀ ਹੈ ਉਸਦਾ ਸਚਾ ਨਾਮ ਮਨ ਵਿੱਚ ਵਸਾਉਣਾ ਕਰੇ। ਜਦੋਂ ਸੱਚਾ ਨਾਮ ਮਨ ਵਿੱਚ ਵਸੇਗਾ ਤਾਂ ਜੀਵ ਸਚ ਸਰੂਪ ਪ੍ਰਮੇਸ਼ਰ ਵਿੱਚ ਸਮਾਅ ਜਾਏਗਾ।

## ਸਚੀ ਬਾਣੀ ਗੁਰਮੁਖਿ ਆਖੈ; ਹਉਮੈ ਵਿਚਹੁ ਜਾਏ ॥

ਗੁਰਮੁਖ ਜਨ ਸਚੀ=ਸਚ ਸਰੂਪ ਨਾਮ ਰੂਪ ਬਾਣੀ ਨੂੰ ਆਖੈ=ਆਖਦੇ ਹਨ, ਭਾਵ ਬਾਣੀ ਦੁਆਰਾ ਪ੍ਰਮੇਸ਼ਰ ਦਾ ਜਸ ਕਰਦੇ ਹਨ। **ਵਾ:** ਸੱਚੀ ਨਾਮ ਰੂਪ ਬਾਣੀ ਨੂੰ ਆਖੈ=ਕਹਿੰਦੇ ਹਨ, ਭਾਵ ਨਾਮ ਜਪਦੇ ਤੇ ਸਿਮਰਨ ਕਰਦੇ ਹਨ, ਇਸ ਕਰਕੇ ਉਨ੍ਹਾਂ ਦੇ ਹਿਰਦੇ ਵਿੱਚੋਂ ਹਉਮੈ=ਹੰਗਤਾ, ਮਮਤਾ ਜਾਇ=ਚਲੀ ਜਾਂਦੀ ਹੈ।

## ਆਪੇ ਦਾਤਾ ਕਰਮੁ ਹੈ ਸਾਚਾ; ਸਾਚਾ ਸਬਦੁ ਸੁਣਾਏ ॥੩॥

**ਪਹਿਲਾ ਅਰਥ—**ਉਹ ਪ੍ਰਭੂ, ਪ੍ਰਮੇਸ਼ਰ ਆਪ ਦਾਤਾ ਹੈ, ਉਸਦਾ ਕਰਮੁ=ਕਰਤੱਵ ਭੀ ਸਾਚਾ=ਸੱਚਾ ਹੈ। ਇਸ ਗੱਲ ਨੂੰ ਉਹ ਜਾਣਦਾ ਹੈ, ਜਿਸ ਨੂੰ ਗੁਰੂ ਸਾਹਿਬ ਜੀ ਸੱਚਾ ਉਪਦੇਸ਼ ਸੁਣਾਇ=ਸੁਣਾਉਂਦੇ ਹਨ। **ਦੂਜਾ ਅਰਥ—** ਜਿਸ ਉਪਰ ਸੱਚਾ ਦਾਤਾ ਪ੍ਰਮੇਸ਼ਰ ਆਪ ਕਰਮੁ=ਬਖ਼ਸ਼ਿਸ਼ ਕਰਦਾ ਹੈ, ਉਸ ਨੂੰ ਗੁਰਾਂ ਦਾ ਸਚਾ ਉਪਦੇਸ਼ ਸੁਣਾਉਂਦਾ ਹੈ, ਭਾਵ ਉਹ ਸੰਗਤ ਵਿੱਚ ਬੈਠ ਕੇ ਗੁਰ ਉਪਦੇਸ਼ ਨੂੰ ਸੁਣਦੇ ਹਨ॥੩॥

## ਗੁਰਮੁਖਿ ਘਾਲੇ ਗੁਰਮੁਖਿ ਖਟੇ; ਗੁਰਮੁਖਿ ਨਾਮੁ ਜਪਾਏ ॥

ਜਿਹੜੇ ਗੁਰਸਿੱਖ ਗੁਰੂ ਸੇਵਾ ਦੀ ਕਮਾਈ ਘਾਲੇ=ਕਰਦੇ ਹਨ, ਉਹ ਗੁਰਮੁਖ ਹੀ ਨਾਮ ਧਨ ਦੀ ਖੱਟੀ ਨੂੰ ਖਟੇ=ਖਟਦੇ ਹਨ। ਗੁਰਮੁਖ ਆਪ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਨਾਮ ਜਪਾਉਂਦੇ ਹਨ। ਗੁਰਸਿੱਖਾਂ ਵਾਸਤੇ ਸਤਿਗੁਰਾਂ ਦਾ ਹੁਕਮ ਭੀ ਹੈ। ਜੈਸਾ ਕਿ :

**੧. ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥** [ਗਉੜੀ ਸੁਖਮਨੀ ਮ: ੫, ਅੰਗ ੨੮੯]

**੨. ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥** [ਗਉੜੀ ਕੀ ਵਾਰ ਮ: ੪, ਅੰਗ ੩੦੬]

## ਸਦਾ ਅਲਿਪਤੁ ਸਾਚੈ ਰੰਗਿ ਰਾਤਾ; ਗੁਰ ਕੈ ਸਹਜਿ ਸੁਭਾਏ ॥

ਗੁਰਾਂ ਦੇ ਉਪਦੇਸ਼ ਵਿੱਚ ਸੁਭਾਏ=ਸ੍ਰੇਸ਼ਟ ਸਹਜਿ=ਸੁਤੇ ਸਿਧ ਪ੍ਰੇਮ ਕਰਕੇ ਸੱਚੇ ਨਾਮ ਰੰਗ ਵਿੱਚ ਰਾਤਾ=ਮਿਲਿਆ ਹੋਇਆ ਗੁਰਮੁਖ ਸਦਾ ਹੀ ਸੰਸਾਰ ਤੋਂ ਅਲਿਪਤੁ=ਅਲੇਪ ਨਿਰਸੰਗ ਰਹਿੰਦਾ ਹੈ।

## ਮਨਮੁਖੁ ਸਦ ਹੀ ਕੂੜੋ ਬੋਲੈ; ਬਿਖੁ ਬੀਜੈ ਬਿਖੁ ਖਾਏ ॥

ਮਨਮੁਖ ਪੁਰਸ਼ ਸਦਾ ਹੀ ਕੂੜੋ=ਝੂਠ ਬੋਲੈ=ਬੋਲਦਾ ਹੈ। ਝੂਠ ਬੋਲਣ ਰੂਪੀ ਬਿਖੁ=ਵਿਹੁ ਦੇ ਬੀਜ ਨੂੰ ਬੀਜੈ=ਬੀਜਦਾ ਹੈ, ਝੂਠ ਬੋਲ ਕੇ ਜੋ ਪਾਪ ਕਰਦਾ ਹੈ, ਉਸ ਪਾਪ ਦਾ ਫਲ ਜੋ ਦੁਖ ਹੈ, ਉਸ ਨੂੰ ਖਾਏ=ਖਾਂਦਾ ਹੈ, ਭੋਗਦਾ ਹੈ, **ਅਥਵਾ** ਝੂਠ ਬੋਲ ਕੇ ਜੋ ਮੰਦੇ ਕਰਮ ਕਰਦਾ ਹੈ, ਉਨ੍ਹਾਂ ਮੰਦੇ ਕਰਮਾਂ ਕਰਕੇ ਦੁਖੀ ਹੁੰਦਾ ਹੈ ਜਾਂ ਵਿਸ਼ਿਆਂ ਰੂਪੀ

ਬੀਜ ਨੂੰ ਬੀਜ ਕੇ ਨਿਤ, ਹਮੇਸ਼ਾ ਸਦਾ ਹੀ ਕੂੜੋ=ਝੂਠ ਨੂੰ ਬੋਲ ਕੇ ਮਨਮੁਖ ਪੁਰਸ਼ ਜ਼ਹਿਰ ਵਰਗੇ ਦੁਖ ਰੂਪ ਫਲ ਨੂੰ ਖਾਇ=ਖਾਂਦਾ, ਭਾਵ ਭੋਗਦਾ ਹੈ।

## *ਜਮਕਾਲਿ ਬਾਧਾ ਤ੍ਰਿਸਨਾ ਦਾਧਾ; ਬਿਨੁ ਗੁਰ ਕਵਣੁ ਛਡਾਏ ॥੪॥*

ਤ੍ਰਿਸਨਾ ਦੀ ਅੱਗ ਨਾਲ ਦਾਧਾ=ਸੜੇ ਹੋਏ ਮਨਮੁਖ ਪੁਰਸ਼ ਨੂੰ, ਜਿਸ ਵੇਲੇ ਜਮਕਾਲ ਨੇ ਸੰਗਲਾਂ ਦੇ ਨਾਲ ਬਾਧਾ=ਬੰਨ ਲਿਆ ਤਾਂ ਦੱਸੋ ਬਿਨੁ ਗੁਰ ਭਾਵ ਗੁਰਾਂ ਤੋਂ ਬਿਨਾਂ ਕਵਣੁ=ਕੌਣ ਛਡਾਏ=ਛਡਾ ਸਕਦਾ ਹੈ ॥੪॥

## *ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ; ਗੁਰਮੁਖਿ ਆਪਿ ਬੁਝਾਏ ॥*

**ਪਹਿਲਾ ਅਰਥ—**ਸਚਾ=ਸਚ ਸਰੂਪ ਤੀਰਥੁ=ਪਵਿੱਤ੍ਰ ਤੀਰਥ ਸਤਿਸੰਗ ਹੈ (ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ ਗੁਣਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ) ਜਿਤੁ=ਜਿਸ ਸਰਿ=ਸਰੋਵਰ ਭਾਵ ਸਤਸੰਗ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਉਹ ਵਾਹਿਗੁਰੂ ਆਪ ਹੀ ਗੁਰਮੁਖਾਂ ਨੂੰ ਆਪਣਾ ਸਰੂਪ ਬੁਝਾਏ=ਸਮਝਾ ਦਿੰਦਾ ਹੈ। **ਦੂਜਾ ਅਰਥ—**ਜਿਸ ਸਤਿਸੰਗ ਸਰੋਵਰ ਵਿੱਚ ਇਸ਼ਨਾਨ ਕਰਨ ਕਰਕੇ ਉਹ ਪ੍ਰਮੇਸ਼ਰ ਗੁਰਮੁਖਾਂ ਨੂੰ ਗੁਰਾਂ ਦੁਆਰਾ ਆਪਿ ਬੁਝਾਏ=ਆਪਣਾ ਆਪ ਸਮਝਾ ਦਿੰਦਾ ਹੈ।

## *ਅਠਸਠਿ ਤੀਰਥ ਗੁਰ ਸਬਦਿ ਦਿਖਾਏ; ਤਿਤੁ ਨਾਤੈ ਮਲੁ ਜਾਏ ॥*

ਅਠਸਠਿ=ਅਠਾਹਠ (੬੮) ਤੀਰਥ ਜੋ ਮੁਖ ਹਨ, ਉਹ ਗੁਰਾਂ ਨੇ ਆਪਣੇ ਸਬਦ ਵਿੱਚ ਸਿੱਖਾਂ ਨੂੰ ਦਿਖਾ ਦਿੱਤੇ ਹਨ। ਉਸ ਸ਼ਬਦ ਰੂਪ ਤੀਰਥ ਵਿੱਚ ਨਾਤੈ=ਇਸ਼ਨਾਨ ਕਰਨ ਨਾਲ ਸਾਰੇ ਮਲੁ=ਪਾਪ, ਵਾ ਪਾਪਾਂ ਦੀ ਮੈਲ ਜਾਏ=ਚਲੀ ਜਾਂਦੀ ਹੈ, ਭਾਵ ਪਾਪਾਂ ਦੀ ਮੈਲ ਲਹਿ ਜਾਂਦੀ ਹੈ। ਜੈਸਾ ਕਿ :

੧. **ਸੁਣਿਐ ਅਠਸਠਿ ਕਾ ਇਸਨਾਨੁ ॥** [ਜਪੁਜੀ ਸਾਹਿਬ, ਅੰਗ ੩]

੨. **ਜੈਸੇ ਅਠਸਠਿ ਤੀਰਥ ਪਰਸ ਕੀਓ ਜੁਗ ਚਾਰ ਚੜ੍ਹਿਓ ਕੈਲਾਸ਼ ਰਹਿਓ।**
**ਜੈਸੇ ਲਾਖਬਾਰ ਕੁਰਛੇਤਰ ਮੈਂ ਅਸਮੇਧ ਜਗ ਅਭੰਗ ਠਇਓ।**
**ਜੈਸੇ ਕੋਟ ਬਰਸ ਤਪ ਉਰਧ ਮੁਖੀ ਬੈਸੰਤਰ ਮੈਂ ਤਨ ਦਾਹ ਦਇਓ।**
**ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤੀ ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।**
[ਭਾ: ਗੁਰਦਾਸ ਜੀ]

## *ਸਚਾ ਸਬਦੁ ਸਾਚਾ ਹੈ ਨਿਰਮਲੁ; ਨਾ ਮਲੁ ਲਗੈ ਨ ਲਾਏ ॥*

ਉਹ ਸਬਦੁ=ਬ੍ਰਹਮ ਪਿੱਛੇ ਭੀ ਸੱਚਾ ਸੀ, ਹੁਣ ਭੀ ਸੱਚਾ ਹੈ ਤੇ ਨਿਰਮਲੁ=ਸ਼ੁਧ ਸਰੂਪ ਹੈ, ਨਾ ਉਸ ਨੂੰ ਮਾਇਆ ਰੂਪੀ ਕਾਲਖ ਦੀ ਮੈਲ ਲਗਦੀ ਹੈ, ਨਾ ਹੀ ਉਹ ਹੋਰਨਾਂ ਨੂੰ ਮੈਲ ਲਗਾਉਂਦਾ ਹੈ।

## *ਸਚੀ ਸਿਫਤਿ ਸਚੀ ਸਾਲਾਹ; ਪੂਰੇ ਗੁਰ ਤੇ ਪਾਏ ॥੫॥*

ਉਸਦੀ ਸਿਫਤ ਭੀ ਸੱਚੀ ਹੈ ਤੇ ਸ਼ਲਾਘਾ ਭੀ ਸੱਚੀ ਹੈ, ਉਹ ਪੂਰਿਆਂ ਗੁਰਾਂ ਤੋਂ ਪਾਏ=ਪ੍ਰਾਪਤ ਹੁੰਦਾ ਹੈ ॥੫॥ ਸਿਫਤ ਮੁਸਲਮਾਨ ਕਰਦੇ ਹਨ, ਸ਼ਲਾਘਾ ਹਿੰਦੂ ਕਰਦੇ ਹਨ। ਜੈਸਾ ਕਿ :

**ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥**
**ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥**
**ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥** [ਆਸਾ ਦੀ ਵਾਰ ਮਃ ੧, ਅੰਗ ੪੬੫]

ਦੂਜਾ ਅਰਥ—

***ਸਚਾ ਸਬਦੁ ਸਾਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥***
***ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥***

ਸੱਚੇ ਗੁਰੂ ਦਾ ਉਪਦੇਸ਼ ਵੀ ਸੱਚਾ ਤੇ ਨਿਰਮਲ ਹੈ, ਉਸਨੂੰ ਨਾ ਮੈਲ ਲਗਦੀ ਹੈ ਤੇ ਨਾ ਹੀ ਉਹ ਸਿੱਖ ਨੂੰ ਮੈਲ ਲਗਣ ਦਿੰਦਾ ਹੈ। ਜੋ ਸਚੀ ਸਿਫਤਿ=ਸੋਭਾ ਤੇ ਸੱਚੀ ਸਾਲਾਹ=ਵਡਿਆਈ ਹੈ, ਉਹ ਪੂਰਿਆਂ ਗੁਰਾਂ ਤੋਂ ਪਾਏ=ਪਾਈ ਜਾਂਦੀ ਹੈ ॥੫॥

## *ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ; ਦੁਰਮਤਿ ਕਹਣੁ ਨ ਜਾਏ ॥*

ਤਨ, ਮਨ ਆਦਿ ਸਭ ਕੁਝ ਉਸ ਹਰਿ=ਪ੍ਰਮਾਤਮਾ ਦਾ ਹੈ, ਪਰ ਦੁਰਮਤਿ=ਭੈੜੀ, **ਵਾ:** ਖੋਟੀ ਬੁੱਧੀ ਕਰਕੇ ਉਸ ਪ੍ਰਮੇਸ਼ਰ ਦਾ ਨਾਮ ਕਿਹਾ ਨਹੀਂ ਜਾਂਦਾ।

## *ਹੁਕਮੁ ਹੋਵੈ ਤਾ ਨਿਰਮਲੁ ਹੋਵੈ; ਹਉਮੈ ਵਿਚਹੁ ਜਾਏ ॥*

ਜੋ ਸਤਿਗੁਰਾਂ ਦਾ ਹੁਕਮ ਹੋਵੇ, ਉਸਨੂੰ ਸੱਚਾ ਕਰਕੇ ਮੰਨ ਲਵੇ, ਹੁਕਮ ਮੰਨਣ ਕਰਕੇ ਹਿਰਦੇ ਵਿੱਚੋਂ ਹਉਮੈ ਦੇ ਚਲੇ ਜਾਣ ਨਾਲ ਮਨ ਨਿਰਮਲੁ=ਸ਼ੁੱਧ ਹੁੰਦਾ ਹੈ।

## *ਗੁਰ ਕੀ ਸਾਖੀ ਸਹਜੇ ਚਾਖੀ; ਤ੍ਰਿਸਨਾ ਅਗਨਿ ਬੁਝਾਏ ॥*

ਸਤਿਗੁਰਾਂ ਦੀ ਕਹੀ ਹੋਈ ਸਾਖੀ=ਸਿਖਿਆ ਸਹਜੇ=ਸੁਭਾਵਿਕ ਹੀ ਚਾਖੀ=ਛਕ ਲਈ ਜਾਵੇ, ਭਾਵ ਸ਼ਾਂਤੀ ਨਾਲ ਗ੍ਰਹਿਣ ਕੀਤੀ ਜਾਵੇ ਤਾਂ ਤ੍ਰਿਸ਼ਨਾ ਰੂਪ ਅਗਨੀ ਬੁਝ ਜਾਂਦੀ ਹੈ।

## *ਗੁਰ ਕੈ ਸਬਦਿ ਰਾਤਾ ਸਹਜੇ ਮਾਤਾ; ਸਹਜੇ ਰਹਿਆ ਸਮਾਏ ॥੬॥*

ਜੋ ਜਗਿਆਸੂ ਸਤਿਗੁਰਾਂ ਦੇ ਉਪਦੇਸ਼ ਵਿੱਚ ਰਾਤਾ=ਤਦਾਕਾਰ ਹੋ ਕੇ ਸਹਜੇ=ਗਿਆਨ ਵਿੱਚ ਮਾਤਾ=ਮਸਤ ਹੋਇਆ ਹੈ, ਉਹ ਸੁਭਾਵਿਕ ਹੀ ਪ੍ਰਮੇਸ਼ਰ ਵਿੱਚ ਸਮਾ ਰਿਹਾ ਹੈ ॥੬॥

## *ਹਰਿ ਕਾ ਨਾਮੁ ਸਤਿ ਕਰਿ ਜਾਣੈ; ਗੁਰ ਕੈ ਭਾਇ ਪਿਆਰੇ ॥*

ਜੋ ਪਿਆਰੇ ਸਤਿਗੁਰਾਂ ਦੇ ਵਿੱਚ ਭਾਇ=ਪ੍ਰੇਮ ਕਰਦਾ ਹੈ, ਉਹੀ ਹਰਿ=ਪ੍ਰਮੇਸ਼ਰ ਦਾ ਨਾਮ ਸਤਿ=ਸੱਚਾ ਕਰਕੇ ਜਾਣਦਾ ਹੈ।

## *ਸਚੀ ਵਡਿਆਈ ਗੁਰ ਤੇ ਪਾਈ; ਸਚੈ ਨਾਇ ਪਿਆਰੇ ॥*

ਜੋ ਜਗਿਆਸੂ ਸਚੇ ਪ੍ਰਮੇਸ਼ਰ ਦੇ ਨਾਮ ਦੇ ਪਿਆਰੇ ਹਨ, ਉਹਨਾਂ ਜਗਿਆਸੂਆਂ ਨੇ ਹੀ ਸਤਿਗੁਰਾਂ ਤੋ ਲੋਕ ਪ੍ਰਲੋਕ ਦੀ ਸਚੀ ਵਡਿਆਈ ਪ੍ਰਾਪਤ ਕੀਤੀ ਹੈ।

## *ਏਕੋ ਸਚਾ ਸਭ ਮਹਿ ਵਰਤੈ; ਵਿਰਲਾ ਕੋ ਵੀਚਾਰੇ ॥*

ਇੱਕ ਜੋ ਸੱਚਾ ਪ੍ਰਮੇਸ਼ਰ ਹੈ, ਉਹ ਭਾਵੇਂ ਸਾਰਿਆਂ ਵਿੱਚ ਹੀ ਵਰਤ ਰਿਹਾ ਹੈ, ਪਰ ਕੋਈ ਵਿਰਲਾ ਹੀ ਉਸਦੀ ਵਿਚਾਰ ਕਰਦਾ ਹੈ।

## ਆਪੇ ਮੇਲਿ ਲਏ ਤਾ ਬਖਸੇ; ਸਚੀ ਭਗਤਿ ਸਵਾਰੇ ॥੭॥

ਜਦੋਂ ਸਤਿਗੁਰੂ ਜੀ ਆਪ ਹੀ ਬਖ਼ਸ਼ਿਸ਼ ਕਰਕੇ, **ਵਾ:** ਬਖ਼ਸ਼ ਕੇ ਸਤਿਸੰਗਤ ਵਿੱਚ, **ਵਾ:** ਆਪਣੇ ਨਾਲ ਮੇਲ ਲਵੇ ਤਾਂ ਸੱਚੀ ਭਗਤੀ ਦੁਆਰਾ ਉਨ੍ਹਾਂ ਦਾ ਲੋਕ ਪ੍ਰਲੋਕ ਸਤਿਗੁਰੂ ਜੀ ਸਵਾਰ ਦਿੰਦੇ ਹਨ। **ਵਾ:** (੨) ਜਿਸ ਜਗਿਆਸੂ ਨੇ ਸੱਚੀ ਭਗਤੀ ਕਰਕੇ ਇੰਦ੍ਰੇ, **ਵਾ:** ਮਨ ਬੁੱਧ ਆਦਿ ਸਵਾਰ ਲਏ ਹਨ, ਉਸਨੇ ਸਾਰੇ ਔਗੁਣ ਬਖ਼ਸ਼ ਕੇ ਪ੍ਰਭੂ ਨੇ ਉਸਨੂੰ ਆਪਣੇ ਵਿੱਚ ਮੇਲ ਲਿਆ ਹੈ॥੭॥

## ਸਭੋ ਸਚੁ ਸਚੁ ਸਚੁ ਵਰਤੈ; ਗੁਰਮੁਖਿ ਕੋਈ ਜਾਣੈ ॥

ਪਿੱਛੇ ਵੀ ਸੱਚਾ ਵਾਹਿਗੁਰੂ ਸਾਰਿਆਂ ਵਿੱਚ ਵਰਤਦਾ ਸੀ, ਹੁਣ ਭੀ ਸੱਚਾ ਪ੍ਰਭੂ ਸਾਰਿਆਂ ਵਿੱਚ ਵਰਤ ਰਿਹਾ ਹੈ, ਅੱਗੇ ਭੀ ਸੱਚਾ ਪ੍ਰਮੇਸ਼ਰ ਸਾਰਿਆਂ ਵਿੱਚ ਵਰਤੇਗਾ। ਪਰ ਕੋਈ ਗੁਰਮੁਖ ਹੀ ਇਸ ਭੇਦ ਨੂੰ ਜਾਣਦਾ ਹੈ, **ਵਾ:** ਕੋਈ ਵਿਰਲਾ ਹੀ ਇਸ ਭੇਦ ਨੂੰ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਜਾਣਦਾ ਹੈ।

## ਜੰਮਣ ਮਰਣਾ ਹੁਕਮੋ ਵਰਤੈ; ਗੁਰਮੁਖਿ ਆਪੁ ਪਛਾਣੈ ॥

ਜਿਸਦੇ ਹੁਕਮ ਵਿੱਚ ਜੰਮਣਾ ਅਤੇ ਮਰਨਾ ਵਰਤ ਰਿਹਾ ਹੈ, ਗੁਰਮੁਖਾਂ ਨੇ ਸਤਿਗੁਰਾਂ ਦੁਆਰਾ ਆਪਣੇ ਆਪ ਨੂੰ ਉਸ ਪ੍ਰਭੂ ਦਾ ਰੂਪ ਪਛਾਨਣਾ ਕੀਤਾ ਹੈ, ਭਾਵ ਪ੍ਰਮੇਸ਼ਰ ਨਾਲ ਇੱਕ ਰੂਪ ਹੋ ਗਏ ਹਨ।

## ਨਾਮੁ ਧਿਆਏ ਤਾ ਸਤਿਗੁਰੁ ਭਾਏ; ਜੋ ਇਛੈ ਸੋ ਫਲੁ ਪਾਏ ॥

ਸਤਿਗੁਰਾਂ ਨੂੰ ਸਿੱਖ ਤਾਂ ਹੀ ਭਾਉਂਦਾ=ਚੰਗਾ ਲਗਦਾ ਹੈ, ਜੇ ਉਹ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰਦਾ ਹੈ। ਨਾਮ ਨੂੰ ਧਿਆਉਣ ਵਾਲਾ ਸਿੱਖ ਜੋ ਵੀ ਇੱਛਾ ਕਰਦਾ ਹੈ, ਉਹੀ ਫਲ ਪਾਉਂਦਾ ਹੈ।

## ਨਾਨਕ ਤਿਸ ਦਾ ਸਭੁ ਕਿਛੁ ਹੋਵੈ; ਜਿ ਵਿਚਹੁ ਆਪੁ ਗਵਾਏ ॥੮॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਸਦਾ ਹੀ ਸਭ ਕੁਝ ਸਫਲਾ ਹੁੰਦਾ ਹੈ, ਜੋ ਆਪਣੇ ਹਿਰਦੇ ਵਿੱਚੋਂ ਆਪੁ=ਹੰਕਾਰ ਨੂੰ ਗਵਾ ਦਿੰਦਾ ਹੈ, ਭਾਵ ਹਿਰਦੇ ਵਿੱਚੋਂ ਹੰਕਾਰ ਦਾ ਨਾਸ਼ ਕਰ ਦਿੰਦਾ ਹੈ। ਜਦੋਂ ਤਕ ਹਿਰਦੇ ਵਿੱਚ ਹੰਕਾਰ ਹੈ, ਉਦੋਂ ਤਕ ਕੋਈ ਵੀ ਕੀਤਾ ਪ੍ਰਮਾਰਥਕ ਕਰਮ ਸਫਲਾ ਨਹੀਂ ਹੁੰਦਾ। ਇਥੋਂ ਤੱਕ ਕਿ ਹੰਕਾਰ ਦੇ ਸਹਿਤ ਕੀਤੀ ਸੇਵਾ ਅਤੇ ਹੰਕਾਰ ਸਹਿਤ ਜਪਿਆ ਨਾਮ ਵੀ ਲੇਖੇ ਨਹੀਂ ਪੈਂਦਾ, ਭਾਵ ਸਫਲਾ ਨਹੀਂ ਹੁੰਦਾ॥੮॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੪੯ [ਆਦਿ ਅੰਗ ੭੫੫]

ਰਾਗੁ ਸੂਹੀ ਮਹਲਾ ੩ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥ ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥ ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ਰਹਾਉ॥ ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥ ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥ ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥ ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥ ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥ ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨ ਦਿਨੁ ਨਾਮੁ ਲਏਨਿ ॥੯॥ ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥ ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥ ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥ ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥ ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥ ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥ ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥ ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥ ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥ ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਾਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥ ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥ ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥੨੨॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥ ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨਿ ॥੨੫॥ ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥ ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ ਵਿਣੁ ਨਾਵੈ ਨਾਲਿ ਨ ਚਲਸੀ

***ਸਭ ਮੁਠੀ ਜਮਕਾਲਿ ॥੨੭॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਾਲਿ ॥ ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥ ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥ ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ॥ ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥ ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥ ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥ ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥ ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥੩੩॥ ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ੍ ॥ ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥***

## ***ਰਾਗੁ ਸੂਹੀ ਮਹਲਾ ੩ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥***

ਇਹ ਮੁਖਵਾਕ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਦੇ ਦਸਵੇਂ ਸੁਰਤਾਲ ਵਿੱਚ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਹੈ। ੧=ਅਦੁੱਤੀ ਬ੍ਰਹਮ, ੴ=ਸਰਬ ਕਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ ਸਰੂਪ ਪ੍ਰਸਾਦਿ=ਅਨੰਦ ਸਰੂਪ। ਇਸ ਸ਼ਬਦ ਦਾ ਉਚਾਰਨ ਜਿਸ ਪ੍ਰਥਾਇ ਹੋਇਆ ਹੈ, ਉਸਦੀ ਉਥਾਨਕਾ ਇਸ ਪ੍ਰਕਾਰ ਹੈ।

**ਉਥਾਨਕਾ—**ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਬਾਰ ਵਿੱਚ ਸੰਗਤ ਜੁੜੀ ਬੈਠੀ ਸੀ। ਸਤਿਗੁਰੂ ਜੀ ਦੇ ਉਪਦੇਸ਼ ਦੀ ਕੁਝ ਸਿੱਖ ਉਡੀਕ ਕਰ ਰਹੇ ਸਨ। ਕੁਝ ਸਿੱਖ ਤਾਂ ਚੁੱਪ ਅਨੰਦ ਵਿੱਚ ਬੈਠੇ ਹੋਏ ਸਨ ਤੇ ਕੁਝ ਦੁਨਿਆਵੀ ਗੱਲਾਂ ਵਿੱਚ ਰੁਝੇ ਹੋਏ ਸਨ। ਜਦੋਂ ਸਤਿਗੁਰੂ ਜੀ ਸੰਗਤ ਵਿੱਚ ਆ ਬਿਰਾਜੇ। ਸਤਿਗੁਰੂ ਜੀ ਨੇ ਦੇਖਿਆ ਕਿ ਅੱਜ ਕੁੱਝ ਸਿੱਖ ਪ੍ਰਮਾਰਥੀ ਵਿਚਾਰ ਦੀ ਬਜਾਇ ਦੁਨਿਆਵੀ ਗੱਲਾਂ ਕਰ ਰਹੇ ਹਨ, ਬਹੁਤੇ ਬੋਲਣ ਦੀ ਆਵਾਜ਼ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਕਿ ਇਹ ਸਮਾਂ ਗੁਰਮਤਿ ਦਾ ਉਪਦੇਸ਼ ਪ੍ਰਾਪਤ ਕਰਨ ਦਾ ਹੈ। ਜੈਸਾ ਕਿ :

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥** [ਰਾਮਕਲੀ ਮਃ ੩, ਅੰਗ ੯੧੮]

ਸਤਿਗੁਰੂ ਜੀ ਨੇ ਪੁੱਛਿਆ ਕਿ ਭਾਈ ਕੀ ਗੱਲਾਂ ਕਰ ਰਹੇ ਸੀ। ਉੱਤਰ ਵਿੱਚ ਸੱਚਾ ਬਚਨ ਕਹਿੰਦਿਆਂ ਇੱਕ ਸਿੱਖ ਨੇ ਕਿ ਮਹਾਰਾਜ! ਇਹ ਪ੍ਰਾਣੀ ਨਵਾਂ-ਨਵਾਂ ਸੰਗਤ ਵਿੱਚ ਆਇਆ ਹੈ। ਇਸ ਦੀ ਬਿਰਤੀ ਸਤਿਸੰਗਤ ਦੀ ਨਾ ਹੋਣ ਕਰਕੇ ਸੰਸਾਰੀ ਪਦਾਰਥਾਂ ਦੀ ਵਡਿਆਈ ਕਰ ਰਿਹਾ ਸੀ। ਸ਼ਾਹੂਕਾਰਾਂ ਦੀਆਂ ਚੰਗੀਆਂ ਹਵੇਲੀਆਂ ਦੀ ਉਪਮਾ ਕਰ ਰਿਹਾ ਸੀ। ਸ਼ਾਹੂਕਾਰਾਂ ਦੇ ਘਰਾਂ ਵਿੱਚ ਚੰਗੇ ਪਦਾਰਥਾਂ ਨੂੰ ਵੇਖ ਕੇ ਦੁਨਿਆਵੀ ਪਦਾਰਥਾਂ ਦੀ ਸ਼ਲਾਘਾ ਕਰ ਰਿਹਾ ਸੀ ਤੇ ਦੂਜਾ ਪ੍ਰਾਣੀ ਸਵਰਗ ਲੋਕ, ਸ਼ਿਵ ਲੋਕ ਆਦਿ ਉਪਰਲੇ ਲੋਕਾਂ ਦੇ ਸੁਖ ਸੁਣਾ ਕੇ ਉਨ੍ਹਾਂ ਦੇ ਸੁਖਾਂ ਦੀ ਸ਼ਲਾਘਾ ਕਰ ਰਿਹਾ ਸੀ। ਉਸ ਦੀ ਗੱਲ ਨੂੰ ਕੱਟ ਕੇ ਆਪਣੀ ਗੱਲ ਵੱਡੀ ਕਰ ਰਿਹਾ ਸੀ। ਇਹ ਸੁਣ ਕੇ ਸਤਿਗੁਰੂ ਜੀ ਗੁਰਮਤਿ ਦਾ ਉਪਦੇਸ਼ ਦ੍ਰਿੜ੍ਹਾਉਂਦੇ ਹਨ। ਜੋ ਮੁਖਵਾਕ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਹੈ :

## ***ਦੁਨੀਆ ਨ ਸਾਲਾਹਿ; ਜੋ ਮਰਿ ਵੰਞਸੀ ॥***

ਹੇ ਦੁਨੀਆਵੀ ਬਿਰਤੀ ਵਾਲੇ ਮਨੁੱਖ! ਇਸ ਦੁਨੀਆ ਨੂੰ ਸਾਲਾਹਿ=ਸਲਾਹੁਣਾ ਨਾ ਕਰ, ਜੋ ਮਰ ਕੇ ਵੰਞਸੀ=ਚਲੀ ਜਾਵੇਗੀ। ਜੈਸਾ ਕਿ :

**ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥**
**ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥** [ਸਿਰੀ ਰਾਗ ਮਹਲਾ ੧, ਅੰਗ ੬੪]

## *ਲੋਕਾ ਨ ਸਾਲਾਹਿ; ਜੋ ਮਰਿ ਖਾਕੁ ਥੀਈ ॥੧॥*

ਸਵਰਗ ਲੋਕ, ਇੰਦ੍ਰ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਇਤਿਆਦਿਕ ਉਪਰਲੇ ਲੋਕਾਂ ਨੂੰ ਭੀ, ਵਾ—ਪ੍ਰਲੋਕ ਨੂੰ ਭੀ ਸਾਲਾਹਿ=ਸਲਾਹੁਣਾ ਨਾ ਕਰ, ਜੋ ਮਰ ਕੇ ਖਾਕ ਰੂਪ ਹੀ ਥੀਈ=ਹੋ ਜਾਣੇ ਹਨ॥੧॥ ਜੈਸਾ ਕਿ :

**ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥**
**ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥**
[ਗਉੜੀ ਮਹਲਾ ੫, ਅੰਗ ੨੩੭]

## *ਵਾਹੁ ਮੇਰੇ ਸਾਹਿਬਾ; ਵਾਹੁ ॥*

ਹੇ ਮੇਰੇ ਸਾਹਿਬਾ=ਮਾਲਕ ! ਤੂੰ ਵਾਹੁ=ਧੰਨ ਹੈਂ, ਧੰਨ ਹੈਂ, ਤੈਨੂੰ ਮੈਂ ਮਨ ਕਰਕੇ ਵੀ ਧੰਨ ਕਹਿੰਦਾ ਹਾਂ ਤੇ ਬਾਣੀ ਕਰਕੇ ਵੀ ਧੰਨ ਕਹਿੰਦਾ ਹਾਂ।

## *ਗੁਰਮੁਖਿ ਸਦਾ ਸਲਾਹੀਐ; ਸਚਾ ਵੇਪਰਵਾਹੁ ॥੧॥ਰਹਾਉ॥*

ਗੁਰਮੁਖ ਸਦਾ ਹੀ ਉਸ ਸੱਚੇ, ਵੇਪਰਵਾਹ ਵਾਹਿਗੁਰੂ ਦੇ ਨਾਮ ਨੂੰ ਸਲਾਹੁਣਾ ਕਰਦੇ ਹਨ। **ਵਾ:** ਹੇ ਵੇਪਰਵਾਹ ਪ੍ਰਮੇਸ਼ਰ ! ਗੁਰਮੁਖਾਂ ਨੇ ਸਦਾ ਹੀ ਤੇਰੇ ਸੱਚੇ ਨਾਮ ਨੂੰ ਸਲਾਹਿਆ ਹੈ॥੧॥ਰਹਾਉ॥

## *ਦੁਨੀਆ ਕੇਰੀ ਦੋਸਤੀ; ਮਨਮੁਖ ਦਝਿ ਮਰੰਨਿ ॥*

ਮਨਮੁਖ ਪੁਰਸ਼ ਦੁਨੀਆ ਦੀ ਦੋਸਤੀ ਵਿੱਚ ਦਝਿ=ਸੜ ਕੇ ਮਰ ਰਹੇ ਹਨ, **ਵਾ:** ਮਨਮੁਖ ਪੁਰਸ਼ ਦੁਨੀਆ ਦੀ ਦੋਸਤੀ ਕਾਰਨ, ਮਰ ਕੇ ਪ੍ਰਲੋਕ ਦੀ ਅੱਗ ਵਿੱਚ ਸੜਦੇ ਹਨ।

## *ਜਮ ਪੁਰਿ ਬਧੇ ਮਾਰੀਅਹਿ; ਵੇਲਾ ਨ ਲਾਹੰਨਿ ॥੨॥*

ਜਮਪੁਰੀ ਵਿੱਚ ਸੰਗਲਾਂ ਨਾਲ ਬੰਨ੍ਹੇ ਹੋਏ ਮਾਰ ਖਾਂਦੇ ਹਨ ਅਤੇ ਮੁੜ ਕੇ ਮਨੁੱਖਾ ਜਨਮ ਦੀ ਪ੍ਰਾਪਤੀ ਦਾ ਵੇਲਾ ਨਹੀਂ ਲੈ ਸਕਦੇ, **ਵਾ:** ਭੁੱਲਾਂ ਬਖ਼ਸ਼ਾਉਣ ਦਾ ਵੇਲਾ ਨਹੀਂ ਲੈ ਸਕਦੇ, **ਵਾ:** ਨਾਮ ਜਪਣ ਦਾ ਵੇਲਾ ਨਹੀਂ ਲੈ ਸਕਦੇ, ਭਾਵ ਜੋ ਕੁਝ ਹੋ ਸਕਦਾ ਹੈ, ਉਹ ਮਨੁੱਖਾ ਸਰੀਰ ਦੇ ਹੁੰਦਿਆਂ ਹੀ ਹੋ ਸਕਦਾ ਹੈ, ਮੌਤ ਆਉਣ ਤੋਂ ਬਾਅਦ ਪਛਤਾਉਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ॥੨॥

## *ਗੁਰਮੁਖਿ ਜਨਮੁ ਸਕਾਰਥਾ; ਸਚੈ ਸਬਦਿ ਲਗੰਨਿ ॥*

ਜੋ ਗੁਰਮੁਖ ਸਤਿਗੁਰਾਂ ਦੇ ਸੱਚੇ ਉਪਦੇਸ਼ ਵਿੱਚ ਲੱਗੇ ਹੋਏ ਹਨ, ਉਹਨਾਂ ਗੁਰਮੁਖਾਂ ਨੇ ਆਪਣਾ ਮਨੁੱਖਾ ਜਨਮ ਸਕਾਰਥਾ=ਸਫਲਾ ਕਰ ਲਿਆ ਹੈ।

## *ਆਤਮਰਾਮੁ ਪ੍ਰਗਾਸਿਆ; ਸਹਜੇ ਸੁਖਿ ਰਹੰਨਿ ॥੩॥*

ਆਤਮਾ ਅਤੇ ਰਾਮੁ=ਪ੍ਰਮਾਤਮਾ ਦੋਹਾਂ ਦੇ ਅਭੇਦ ਰੂਪ ਦਾ ਪ੍ਰਗਾਸਿਆ=ਪ੍ਰਕਾਸ਼, ਗਿਆਨ ਹੋਣ ਕਰਕੇ, **ਵਾ:** ਜੀਵ ਈਸ਼ ਦੀ ਏਕਤਾ ਦਾ ਗਿਆਨ ਹੋਣ ਕਰਕੇ ਉਹ ਸਹਜੇ=ਸੁਭਾਵਿਕ ਹੀ ਸੁਖੀ ਰਹਿੰਦੇ ਹਨ॥੩॥ ਜੈਸਾ ਕਿ :

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥**
**ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ॥** [ਭੈਰਉ ਮਹਲਾ ੧, ਅੰਗ ੧੧੫੩]

## *ਗੁਰ ਕਾ ਸਬਦੁ ਵਿਸਾਰਿਆ; ਦੂਜੈ ਭਾਇ ਰਚੰਨਿ॥*

ਮਨਮੁਖ ਪੁਰਸ਼ਾਂ ਨੇ ਸਤਿਗੁਰਾਂ ਦੇ ਉਪਦੇਸ਼ ਨੂੰ ਮਨ ਵਿੱਚੋਂ ਵਿਸਾਰਿਆ=ਭੁਲਾ ਦਿੱਤਾ ਹੈ ਅਤੇ ਦੂਜੈ ਭਾਇ=ਦਵੈਤ ਭਾਵਨਾ ਵਿੱਚ ਰਚੰਨਿ=ਲੱਗੇ ਹੋਏ ਹਨ।

## *ਤਿਸਨਾ ਭੁਖ ਨ ਉਤਰੈ; ਅਨਦਿਨੁ ਜਲਤ ਫਿਰੰਨਿ॥੪॥*

ਉਹਨਾਂ ਮਨਮੁਖਾਂ ਦੀ ਤ੍ਰਿਸ਼ਨਾ ਰੂਪ ਭੁੱਖ ਨਹੀਂ ਉਤਰਦੀ ਅਤੇ ਉਹ ਅਨਦਿਨੁ=ਰਾਤ-ਦਿਨ ਹੀ ਈਰਖਾ, **ਵਾ:** ਵਿਕਾਰਾਂ ਦੀ ਅੱਗ ਵਿੱਚ ਜਲਤ=ਸੜਦੇ ਫਿਰਦੇ ਹਨ॥੪॥

## *ਦੁਸਟਾ ਨਾਲਿ ਦੋਸਤੀ; ਨਾਲਿ ਸੰਤਾ ਵੈਰੁ ਕਰੰਨਿ॥*

ਮਨਮੁਖ ਪੁਰਸ਼ ਦੁਸਟਾ=ਬੁਰੇ ਲੋਕਾਂ ਨਾਲ ਦੋਸਤੀ=ਪ੍ਰੀਤ ਕਰਦੇ ਹਨ ਅਤੇ ਸੰਤਾ=ਸਤਿਪੁਰਸ਼ਾਂ ਨਾਲ ਵੈਰ ਕਰਦੇ ਹਨ। ਜੈਸਾ ਕਿ:

**ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥**
**ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥** [ਵਾਰ ਸੋਰਠਿ ਮਃ ੩, ਅੰਗ ੬੪੯]

## *ਆਪਿ ਡੁਬੇ ਕੁਟੰਬ ਸਿਉ; ਸਗਲੇ ਕੁਲ ਡੋਬੰਨਿ॥੫॥*

ਮਨਮੁਖ ਆਪ ਤਾਂ ਕੁਟੰਬ=ਪਰਿਵਾਰ ਸਮੇਤ ਨਰਕਾਂ ਵਿੱਚ ਡੁਬਦੇ ਹੀ ਹਨ ਅਤੇ ਆਪਣੇ ਸਾਰੇ ਕੁਲ=ਖ਼ਾਨਦਾਨ ਨੂੰ ਵੀ ਨਾਲ ਹੀ ਡੋਬ ਲੈਂਦੇ ਹਨ॥੫॥

## *ਨਿੰਦਾ ਭਲੀ ਕਿਸੈ ਕੀ ਨਾਹੀ; ਮਨਮੁਖ ਮੁਗਧ ਕਰੰਨਿ॥*

ਕਿਸੇ ਦੀ ਵੀ ਨਿੰਦਿਆ ਕਰਨੀ ਭਲੀ=ਚੰਗੀ ਨਹੀਂ ਹੈ, ਪਰ ਫਿਰ ਵੀ ਮਨਮੁਖ ਮੂਰਖ ਪੁਰਸ਼ ਕਰਦੇ ਰਹਿੰਦੇ ਹਨ।

## *ਮੁਹ ਕਾਲੇ ਤਿਨ ਨਿੰਦਕਾ; ਨਰਕੇ ਘੋਰਿ ਪਵੰਨਿ॥੬॥*

ਉਨ੍ਹਾਂ ਨਿੰਦਕਾਂ ਦੇ ਇਸ ਸੰਸਾਰ ਵਿੱਚ ਮੂੰਹ ਕਾਲੇ ਹੁੰਦੇ ਹਨ ਅਤੇ ਅੱਗੇ ਜਾ ਕੇ ਘੋਰਿ=ਭਿਆਨਕ ਕੁੰਭੀ ਨਰਕ ਵਿੱਚ ਪੈਂਦੇ ਹਨ॥੬॥

## *ਏ ਮਨ ਜੈਸਾ ਸੇਵਹਿ ਤੈਸਾ ਹੋਵਹਿ; ਤੇਹੇ ਕਰਮ ਕਮਾਇ॥*

ਹੇ ਮਨ! ਜਿਸ ਤਰ੍ਹਾਂ ਦੀ ਸੇਵਾ ਕਰੇਂਗਾ, ਉਸੇ ਤਰ੍ਹਾਂ ਦਾ ਰੂਪ ਹੋ ਜਾਵੇਂਗਾ, **ਅਥਵਾ** ਜੈਸਾ ਸੇਵਹਿ=ਜਿਸ ਤਰ੍ਹਾਂ ਦੀ ਸੇਵਾ ਕਰਦਾ ਹੈ, ਏ ਮਨ=ਇਸ ਮਨ ਨੂੰ ਤੈਸਾ ਹੋਵਹਿ=ਤੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਇਸ ਲਈ ਓਹੋ ਜਿਹੇ ਹੀ ਕਰਮ ਕਮਾਉਣਾ ਕਰ, ਜਿਸ ਕਰਕੇ ਇਥੇ ਵੀ ਚੰਗਾ ਫਲ ਹੋਵੇ ਤੇ ਪ੍ਰਲੋਕ ਵਿੱਚ ਵੀ ਸੁਖ ਪ੍ਰਾਪਤ ਹੋਵੇ।

## *ਆਪਿ ਬੀਜਿ ਆਪੇ ਹੀ ਖਾਵਣਾ; ਕਹਣਾ ਕਿਛੂ ਨ ਜਾਇ॥੭॥*

ਆਪਿ ਬੀਜਿ=ਆਪਣਾ ਬੀਜਿਆ ਹੋਇਆ ਜੋ ਕਰਮਾਂ ਦਾ ਬੀਜ ਹੈ, ਉਸਦਾ ਦੁਖ-ਸੁਖ ਰੂਪ ਫਲ ਵੀ ਆਪ

ਹੀ ਖਾਵਣਾ=ਭੋਗਣਾ ਹੈ, ਇਸ ਲਈ ਇਸ ਬਾਰੇ ਹੋਰ ਕੁਝ ਵੀ ਕਿਹਾ ਨਹੀਂ ਜਾ ਸਕਦਾ, ਭਾਵ ਕਰਮਾਂ ਦਾ ਫਲ ਅਵੱਸ਼ ਹੀ ਭੋਗਣਾ ਪੈਂਦਾ ਹੈ॥੭॥

## *ਮਹਾ ਪੁਰਖਾ ਕਾ ਬੋਲਣਾ; ਹੋਵੈ ਕਿਤੈ ਪਰਥਾਇ॥*

ਮਹਾਂ ਪੁਰਸ਼ਾਂ ਦਾ ਬੋਲਣਾ=ਉਪਦੇਸ਼ ਕਿਤੈ=ਕਿਸੇ ਪਰਥਾਇ=ਸਬੱਬ, ਬਹਾਨੇ ਨਾਲ ਹੀ ਹੁੰਦਾ ਹੈ। **ਵਾ:** ਕਿਸੇ ਪਰਥਾਇ=ਪ੍ਰਸੰਗ ਉੱਤੇ ਹੀ ਹੁੰਦਾ ਹੈ, ਭਾਵ ਉਹ ਵਿਅਰਥ ਨਹੀਂ ਬੋਲਦੇ।

## *ਓਇ ਅੰਮ੍ਰਿਤ ਭਰੇ ਭਰਪੂਰ ਹਹਿ; ਓਨਾ ਤਿਲੁ ਨ ਤਮਾਇ॥੮॥*

ਉਹ ਮਹਾਂਪੁਰਸ਼ ਨਾਮ ਅੰਮ੍ਰਿਤ ਨਾਲ ਪੂਰਨ ਰੂਪ ਵਿੱਚ ਭਰੇ ਹੋਏ ਹਨ। ਉਨ੍ਹਾਂ ਦੇ ਅੰਦਰ ਕਿਸੇ ਵੀ ਪਦਾਰਥ ਦੀ ਤਿਲ ਮਾਤਰ ਵੀ ਤਮਾਇ=ਤਮਾ, ਇਛਾ, ਖ਼ਾਹਿਸ਼, **ਵਾ:** ਲੋਭ ਨਹੀਂ, **ਵਾ:** ਉਨ੍ਹਾਂ ਦੇ ਹਿਰਦੇ ਵਿੱਚ ਤਿਲ ਮਾਤਰ ਭੀ ਅਗਿਆਨ ਰੂਪ ਤਮਾਇ=ਹਨੇਰਾ ਨਹੀਂ ਹੈ॥੮॥

## *ਗੁਣਕਾਰੀ ਗੁਣ ਸੰਘਰੈ; ਅਵਰਾ ਉਪਦੇਸੇਨਿ॥*

ਫਿਰ ਉਹ ਮਹਾਂਪੁਰਸ਼ ਪਰਉਪਕਾਰ ਰੂਪ ਗੁਣਾਂ ਦੇ ਕਰਨ ਵਾਲੇ ਹਨ ਅਤੇ ਸ਼ੁਭ ਗੁਣਾਂ ਨੂੰ ਸੰਘਰੈ=ਇਕੱਠਾ ਕਰਦੇ ਹਨ ਅਤੇ ਹੋਰਨਾਂ ਨੂੰ ਵੀ ਇਹੋ ਉਪਦੇਸ਼ ਦਿੰਦੇ ਹਨ।

## *ਸੇ ਵਡਭਾਗੀ ਜਿ ਓਨਾ ਮਿਲਿ ਰਹੇ; ਅਨ ਦਿਨੁ ਨਾਮੁ ਲਏਨਿ॥੯॥*

ਜਿਹੜੇ ਉਨ੍ਹਾਂ ਦੇ ਨਾਲ ਮਿਲ ਰਹੇ ਹਨ, ਉਹ ਵਡਭਾਗੀ=ਵੱਡੇ ਭਾਗਾਂ ਵਾਲੇ ਪੁਰਸ਼ ਅਨਦਿਨੁ=ਰਾਤ ਦਿਨ ਪ੍ਰਭੂ ਦਾ ਨਾਮ ਲੈਂਦੇ ਹਨ। ਭਾਵ ਉਨ੍ਹਾਂ ਸਤਿਪੁਰਸ਼ਾਂ ਦੀ ਸੰਗਤ ਵਿੱਚ ਰਹਿ ਕੇ ਪ੍ਰਭੂ ਦੇ ਸਿਮਰਨ, ਭਗਤੀ ਵਿੱਚ ਹਰ ਸਮੇਂ ਲੀਨ ਰਹਿੰਦੇ ਹਨ। ਪ੍ਰਭੂ ਦੀ ਯਾਦ ਉਨ੍ਹਾਂ ਦੇ ਜੀਵਨ ਦਾ ਆਧਾਰ ਬਣ ਜਾਂਦੀ ਹੈ॥੯॥

## *ਦੇਸੀ ਰਿਜਕੁ ਸੰਬਾਹਿ; ਜਿਨਿ ਉਪਾਈ ਮੇਦਨੀ॥*

ਜਿਸ ਪ੍ਰਮਾਤਮਾ ਨੇ ਮੇਦਨੀ=ਸ੍ਰਿਸ਼ਟਿ ਉਪਾਈ=ਉਤਪਨ, ਪੈਦਾ ਕੀਤੀ ਹੈ, ਉਹੀ ਪ੍ਰਮੇਸ਼ਰ ਸਾਰਿਆਂ ਜੀਵਾਂ ਨੂੰ ਰਿਜਕੁ=ਰੋਜ਼ੀ ਸੰਬਾਹਿ=ਪਹੁੰਚਾ ਦੇਸੀ=ਦਿੰਦਾ ਹੈ।

## *ਏਕੋ ਹੈ ਦਾਤਾਰੁ; ਸਚਾ ਆਪਿ ਧਣੀ॥੧੦॥*

ਉਹ ਇੱਕ ਪ੍ਰਮੇਸ਼ਰ ਹੀ ਸਾਰਿਆਂ ਦਾ ਦਾਤਾ ਹੈ ਤੇ ਸੱਚਾ ਵਾਹਿਗੁਰੂ ਆਪ ਹੀ ਸਭ ਦਾ ਧਣੀ=ਮਾਲਕ ਹੈ॥੧੦॥ ਜੈਸਾ ਕਿ :

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥** [ਜਪੁਜੀ ਸਾਹਿਬ, ਅੰਗ ੨]

## *ਸੋ ਸਚੁ ਤੇਰੈ ਨਾਲਿ ਹੈ; ਗੁਰਮੁਖਿ ਨਦਰਿ ਨਿਹਾਲਿ॥*

ਉਹ ਸੱਚਾ ਵਾਹਿਗੁਰੂ ਤੇਰੇ ਨਾਲ ਵਸ ਰਿਹਾ ਹੈ, ਗੁਰਮੁਖ ਬਣ ਕੇ ਸਤਿਗੁਰਾਂ ਦੁਆਰਾ ਉਸਨੂੰ ਨਦਰਿ ਨਿਹਾਲਿ=ਅੱਖਾਂ ਨਾਲ ਵੇਖਣਾ ਕਰ।

## *ਆਪੇ ਬਖਸੇ ਮੇਲਿ ਲਏ; ਸੋ ਪ੍ਰਭੁ ਸਦਾ ਸਮਾਲਿ॥੧੧॥*

ਸਦਾ ਹੀ ਉਸ ਪ੍ਰਮੇਸ਼ਰ ਦੇ ਨਾਮ ਨੂੰ ਸਮਾਲਿ=ਚੇਤੇ ਕਰਨਾ ਕਰ, ਫਿਰ ਉਹ ਪ੍ਰਮੇਸ਼ਰ ਆਪ ਹੀ ਤੇਰੇ ਔਗੁਣ ਬਖ਼ਸ਼ ਕੇ ਆਪਣੇ ਸਰੂਪ ਵਿੱਚ ਮੇਲ ਲਵੇਗਾ॥੧੧॥

## *ਮਨੁ ਮੈਲਾ ਸਚੁ ਨਿਰਮਲਾ; ਕਿਉ ਕਰਿ ਮਿਲਿਆ ਜਾਇ ॥*

ਸਿੱਖ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਮੇਰਾ ਮਨ ਪਾਪਾਂ, **ਵਾ:** ਵਿਕਾਰਾਂ ਕਰਕੇ ਮੈਲਾ ਹੈ ਤੇ ਉਹ ਸੱਚਾ ਪ੍ਰਭੂ ਨਿਰਮਲਾ=ਮੈਲ ਤੋਂ ਰਹਿਤ ਹੈ। ਫਿਰ ਕਿਸ ਤਰ੍ਹਾਂ ਉਸ ਨਾਲ ਮਿਲਿਆ ਜਾਵੇ ? ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ :

## *ਪ੍ਰਭੁ ਮੇਲੇ ਤਾ ਮਿਲਿ ਰਹੈ; ਹਉਮੈ ਸਬਦਿ ਜਲਾਇ ॥੧੨॥*

ਜਦੋਂ ਪ੍ਰਭੂ=ਮਾਲਕ ਪ੍ਰਮੇਸ਼ਰ ਸਤਿਗੁਰਾਂ ਨਾਲ ਮੇਲਣਾ ਕਰੇ ਤਾਂ ਜਗਿਆਸੂ ਗੁਰੂ ਦੇ ਉਪਦੇਸ਼ ਦੁਆਰਾ ਹਉਮੈ ਨੂੰ ਜਲਾਇ=ਸਾੜ ਦੇਵੇ ਤਾਂ ਇਹ ਜੀਵ ਉਸ ਪ੍ਰਮੇਸ਼ਰ ਨਾਲ ਮਿਲਿਆ ਰਹਿੰਦਾ ਹੈ॥੧੨॥

## *ਸੋ ਸਹੁ ਸਚਾ ਵੀਸਰੈ; ਧ੍ਰਿਗੁ ਜੀਵਣੁ ਸੰਸਾਰਿ ॥*

ਜੇ ਜੀਵ ਨੂੰ ਸੋ=ਉਹ ਸੱਚਾ ਸਹੁ=ਮਾਲਕ, ਪ੍ਰਮੇਸ਼ਰ ਵੀਸਰੈ=ਭੁੱਲ ਜਾਵੇ ਤਾਂ ਸੰਸਾਰ ਵਿੱਚ ਐਸੇ ਜੀਵ ਦੇ ਜਿਉਣ ਨੂੰ ਧ੍ਰਿਕਾਰ ਹੈ।

## *ਨਦਰਿ ਕਰੇ ਨਾ ਵੀਸਰੈ; ਗੁਰਮਤੀ ਵੀਚਾਰਿ ॥੧੩॥*

ਜੇ ਪ੍ਰਮੇਸ਼ਰ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰੇ ਅਤੇ ਗੁਰਾਂ ਦੀ ਮਤਿ ਦੁਆਰਾ ਵੀਚਾਰ ਪ੍ਰਾਪਤ ਹੋਵੇ ਤਾਂ ਫਿਰ ਵਾਹਿਗੁਰੂ ਵਿਸਰਦਾ ਨਹੀਂ॥੧੩॥

## *ਸਤਿਗੁਰੁ ਮੇਲੇ ਤਾ ਮਿਲਿ ਰਹਾ; ਸਾਚੁ ਰਖਾ ਉਰ ਧਾਰਿ ॥*

ਸਤਿਗੁਰੂ ਜੀ ਕਿਰਪਾ ਕਰਕੇ ਮੇਲਣ ਤਾਂ ਹੀ ਜੀਵ ਸਤਿਸੰਗਤ ਵਿੱਚ ਮਿਲਿਆ ਰਹਿੰਦਾ ਹੈ ਅਤੇ ਸੱਚੇ ਨਾਮ ਨੂੰ ਹਿਰਦੇ ਵਿੱਚ ਧਾਰੀ ਰਖਦਾ ਹੈ। ਗੁਰੂ ਕਿਰਪਾ ਬਿਨਾਂ ਕੁਝ ਵੀ ਸੰਭਵ ਨਹੀਂ।

## *ਮਿਲਿਆ ਹੋਇ ਨ ਵੀਛੁੜੈ; ਗੁਰ ਕੈ ਹੇਤਿ ਪਿਆਰਿ ॥੧੪॥*

ਪਿਆਰੇ ਸਤਿਗੁਰਾਂ ਦੇ ਹੇਤਿ=ਪ੍ਰੇਮ ਕਰਕੇ ਜੋ ਪ੍ਰਭੂ ਨਾਲ ਮਿਲਿਆ ਹੋਇਆ ਹੈ, ਉਹ ਫਿਰ ਕਦੇ ਵੀ ਵਿਛੜਦਾ ਨਹੀਂ ਹੈ॥੧੪॥

## *ਪਿਰੁ ਸਾਲਾਹੀ ਆਪਣਾ; ਗੁਰ ਕੈ ਸਬਦਿ ਵੀਚਾਰਿ ॥*

ਜੋ ਜੀਵ ਰੂਪ ਇਸਤਰੀ ਗੁਰਾਂ ਦੇ ਸਬਦਿ=ਉਪਦੇਸ਼ ਦੀ ਵੀਚਾਰ ਕਰਕੇ ਆਪਣੇ ਪਿਰੁ=ਪਤੀ ਪ੍ਰਮਾਤਮਾ ਨੂੰ ਸਲਾਹੁੰਦੀ ਹੈ। ਉਸਨੇ :

## *ਮਿਲਿ ਪ੍ਰੀਤਮ ਸੁਖੁ ਪਾਇਆ; ਸੋਭਾਵੰਤੀ ਨਾਰਿ ॥੧੫॥*

ਪ੍ਰੀਤਮ=ਪਿਆਰੇ ਪ੍ਰਭੂ ਨਾਲ ਮਿਲ ਕੇ ਸੁਖ ਨੂੰ ਪਾਉਣਾ ਕੀਤਾ ਹੈ। ਜਿਸ ਨੇ ਇਸ ਸੁਖ ਨੂੰ ਪ੍ਰਾਪਤ ਕੀਤਾ ਹੈ। ਉਹੀ ਜਗਿਆਸੂ ਰੂਪ ਇਸਤਰੀ ਸੋਭਾ ਵਾਲੀ ਹੈ॥੧੫॥

## *ਮਨਮੁਖ ਮਨੁ ਨ ਭਿਜਈ; ਅਤਿ ਮੈਲੇ ਚਿਤਿ ਕਠੋਰ ॥*

ਮਨਮੁਖਾਂ ਦਾ ਮਨ ਪ੍ਰੇਮ ਵਿੱਚ ਭਿੱਜਦਾ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਮਨ ਪਾਪਾਂ ਦੀ ਮੈਲ ਕਰਕੇ ਅਤਿ=ਬਹੁਤ ਹੀ ਮੈਲੇ ਹਨ ਅਤੇ ਉਨ੍ਹਾਂ ਦਾ ਚਿੱਤ ਪੱਥਰ ਵਾਂਗ ਕਠੋਰ ਹੈ। ਐਸੇ ਮਨਮੁਖਾਂ ਦਾ ਭਾਵੇਂ ਕਿਤਨਾ ਵੀ ਭਲਾ ਕਰੋ, ਪਰ ਉਹ ਅੱਗੋਂ ਬੁਰਿਆਈ ਹੀ ਕਰਦੇ ਹਨ। ਇਸੇ ਵਿਚਾਰ 'ਤੇ ਦ੍ਰਿਸ਼ਟਾਂਤ ਦਿੰਦੇ ਹਨ :

## ਸਪੈ ਦੁਧੁ ਪੀਆਈਐ; ਅੰਦਰਿ ਵਿਸੁ ਨਿਕੋਰ ॥੧੬॥

ਜਿਵੇਂ ਸੱਪ ਨੂੰ ਚਾਹੇ ਕਿਤਸਥਨਾ ਵੀ ਦੁੱਧ ਪਿਲਾਈਏ, ਪਰ ਉਸਦੇ ਅੰਦਰੋਂ ਨਿਕੋਰ=ਨਿਰੋਲ, ਨਿਖਾਲਸ, **ਵਾ:** ਨਿਰੀ ਜ਼ਹਿਰ ਹੀ ਨਿਕਲਦੀ ਹੈ। ਇਸੇ ਤਰ੍ਹਾਂ ਜੇ ਮਨਮੁਖਾਂ ਨੂੰ ਨਿਸ਼ਕਾਮ ਕਰਮਾਂ, **ਵਾ:** ਨਾਮ ਦੇ ਉਪਦੇਸ਼ ਰੂਪ ਦੁੱਧ ਨੂੰ ਪੀਆਈਐ=ਪਿਲਾਉਣਾ ਕਰੀਏ, ਭਾਵ ਜੇ ਨਾਮ ਦਾ ਉਪਦੇਸ਼ ਦੇਈਏ ਤਾਂ ਉਨ੍ਹਾਂ ਦੇ ਅੰਦਰੋਂ ਨਿਰੀ ਨਿੰਦਿਆ ਰੂਪ ਵਿਸੁ=ਜ਼ਹਿਰ ਹੀ ਨਿਕਲਦੀ ਹੈ॥੧੬॥ ਜੈਸਾ ਕਿ :

੧. **ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਥੀਂ ਸਟੈ॥** [ਭਾ: ਗੁਰਦਾਸ ਜੀ, ਵਾਰ ੩੫, ਪਉੜੀ ੧]

੨. **ਸਪੈ ਦੁਧੁ ਪੀਆਲੀਐ, ਤੁਮੇ ਦਾ ਕਉੜਤੁ ਨ ਜਾਵੈ।** [ਭਾ: ਗੁਰਦਾਸ ਜੀ, ਵਾਰ ੬, ਪਉੜੀ ੨੦]

੩. **ਸਪੈ ਦੁਧੁ ਪੀਆਲੀਐ ਵਿਸੁ ਉਗਾਲੈ ਪਾਸਿ ਖੜੋਆ।** [ਭਾ: ਗੁਰਦਾਸ ਜੀ, ਵਾਰ ੩੭, ਪਉੜੀ ੨੦]

## ਆਪਿ ਕਰੇ ਕਿਸੁ ਆਖੀਐ; ਆਪੇ ਬਖਸਣਹਾਰੁ ॥

ਗੁਰਮੁਖ ਅਤੇ ਮਨਮੁਖ ਪ੍ਰਮੇਸ਼ਰ ਨੇ ਆਪ ਹੀ ਕੀਤੇ ਹਨ। ਇਸ ਲਈ ਬੁਰਾ ਅਤੇ ਭਲਾ ਕਿਸ ਨੂੰ ਕਹੀਏ। ਉਹ ਪ੍ਰਭੂ ਆਪ ਹੀ ਗ਼ੁਨਾਹਾਂ ਦੇ ਬਖ਼ਸ਼ਣ ਵਾਲਾ ਹੈ।

## ਗੁਰ ਸਬਦੀ ਮੈਲੁ ਉਤਰੈ; ਤਾ ਸਚੁ ਬਣਿਆ ਸੀਗਾਰੁ ॥੧੭॥

ਸਤਿਗੁਰਾਂ ਦੇ ਸਬਦੀ=ਉਪਦੇਸ ਨਾਲ ਅੰਤਸ਼ਕਰਨ ਦੀ ਹਉਮੈ ਰੂਪ, **ਵਾ:** ਪਾਪਾਂ ਰੂਪ ਮੈਲ ਉਤਰੈ=ਲਹਿ ਜਾਵੇ ਤਾਂ ਸੱਚ ਰੂਪ ਸ਼ਿੰਗਾਰ ਬਣਿਆ ਹੈ। ਭਾਵ ਸਭ ਸਾਧਨ ਸਫਲ ਹੋਏ ਹਨ। **ਵਾ:** ਤਾਂ ਹੀ ਇਸ ਜੀਵ ਰੂਪ ਇਸਤਰੀ ਦਾ ਜਪ, ਤਪ, ਰੂਪ ਕੀਤਾ ਸ਼ਿੰਗਾਰ ਸਚੁ=ਸਫਲਾ ਹੁੰਦਾ ਹੈ॥੧੭॥

## ਸਚਾ ਸਾਹੁ ਸਚੇ ਵਣਜਾਰੇ; ਓਥੈ ਕੂੜੇ ਨਾ ਟਿਕੰਨਿ ॥

ਉਹ ਵਾਹਿਗੁਰੂ ਸਚਾ ਸਾਹੁ=ਸ਼ਾਹੂਕਾਰ ਹੈ ਅਤੇ ਨਾਮ ਰੂਪ ਸੌਦਾ ਖ਼ਰੀਦਣ ਵਾਲੇ ਸੰਤ ਰੂਪ ਵਣਜਾਰੇ ਵੀ ਸੱਚੇ ਹਨ। **ਵਾ:** ਗੁਰੂ ਸੱਚਾ ਸ਼ਾਹੂਕਾਰ ਹੈ ਤੇ ਵਣਜਾਰੇ ਰੂਪ ਸਿੱਖ ਵੀ ਸੱਚੇ ਹਨ। ਉਥੇ ਸਤਿਸੰਗਤ ਵਿੱਚ, **ਵਾ:** ਪ੍ਰਮੇਸ਼ਰ ਦੀ ਦਰਗਾਹ, ਪ੍ਰਲੋਕ ਵਿੱਚ ਕੂੜੇ=ਝੂਠੇ ਪੁਰਸ਼ ਠਹਿਰਦੇ ਨਹੀਂ ਹਨ।

## ਓਨਾ ਸਚੁ ਨ ਭਾਵਈ; ਦੁਖ ਹੀ ਮਾਹਿ ਪਚੰਨਿ ॥੧੮॥

ਕਿਉਂਕਿ ਉਨ੍ਹਾਂ ਨੂੰ ਸੱਚ ਬੋਲਣਾ, ਸੱਚਾ ਨਾਮ ਜਪਣਾ ਨ ਭਾਵਈ=ਚੰਗਾ ਨਹੀਂ ਲੱਗਦਾ। ਇਸ ਲਈ ਕੂੜੇ=ਝੂਠੇ ਪੁਰਖ ਦੁਖਾਂ ਵਿੱਚ ਹੀ, **ਵਾ:** ਨਰਕਾਂ ਵਿੱਚ ਹੀ ਪਚੰਨਿ=ਸੜਦੇ ਹਨ॥੧੮॥ ਜੈਸਾ ਕਿ :

**ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥**
**ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥** [ਵਾਰ ਗਉੜੀ ਮਹਲਾ ੪, ਅੰਗ ੩੧੪]

## ਹਉਮੈ ਮੈਲਾ ਜਗੁ ਫਿਰੈ; ਮਰਿ ਜੰਮੈ ਵਾਰੋ ਵਾਰ ॥

ਜੀਵ ਹੰਗਤਾ-ਮਮਤਾ ਦੀ ਮੈਲ ਨਾਲ ਮੈਲਾ ਹੋਇਆ ਜਗੁ=ਸੰਸਾਰ ਵਿੱਚ ਫਿਰਦਾ ਹੈ ਤੇ ਇਸੇ ਕਰਕੇ ਵਾਰ-ਵਾਰ ਜੰਮਦਾ-ਮਰਦਾ ਹੈ।

## ਪਇਐ ਕਿਰਤਿ ਕਮਾਵਣਾ; ਕੋਇ ਨ ਮੇਟਣਹਾਰ ॥੧੯॥

ਮੱਥੇ 'ਤੇ ਪਏ ਲੇਖਾਂ ਅਨੁਸਾਰ ਕਿਰਤਿ=ਕਰਮਾਂ ਦਾ ਕਮਾਉਣਾ ਕਰਦਾ ਹੈ। ਫਲ ਭੋਗੇ ਤੋਂ ਬਿਨਾਂ ਕਰਮਾਂ ਦੀ ਗਤੀ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥੧੯॥

## ਸੰਤਾ ਸੰਗਤਿ ਮਿਲਿ ਰਹੈ; ਤਾ ਸਚਿ ਲਗੈ ਪਿਆਰੁ ॥

ਜੀਵ ਦਾ ਜੇ ਕੋਈ ਪੂਰਬਲਾ ਕਰਮ ਸ੍ਰੇਸ਼ਟ ਹੋਵੇ ਤਾਂ ਹੀ ਇਹ ਸੰਤਾਂ ਦੀ ਸੰਗਤ ਵਿੱਚ ਮਿਲਿਆ ਰਹਿੰਦਾ ਹੈ। ਸੰਗਤ ਵਿੱਚ ਮਿਲਣ ਕਰਕੇ ਫਿਰ ਸੱਚੇ ਪ੍ਰਮਾਤਮਾ ਦੇ ਨਾਮ ਵਿੱਚ ਪਿਆਰ ਲਗਦਾ ਹੈ।

## ਸਚੁ ਸਾਲਾਹੀ ਸਚੁ ਮਨਿ; ਦਰਿ ਸਚੈ ਸਚਿਆਰੁ ॥੨੦॥

ਸੰਗਤ ਵਿੱਚ ਮਿਲ ਕੇ ਸੱਚੇ ਨੂੰ ਸਲਾਹੁਣਾ ਕਰੇ, ਸੱਚ ਦਾ ਮੰਨਣ ਕਰੇ, ਤਾਂ ਹੀ ਉਸ ਸੱਚੇ ਪ੍ਰਮਾਤਮਾ ਦੇ ਦਰਿ=ਦਰਬਾਰ ਵਿੱਚ ਸਚਿਆਰ ਹੁੰਦਾ ਹੈ॥੨੦॥

## ਗੁਰ ਪੂਰੇ ਪੂਰੀ ਮਤਿ ਹੈ; ਅਹਿਨਿਸਿ ਨਾਮੁ ਧਿਆਇ ॥

ਪੂਰੇ ਸਤਿਗੁਰਾਂ ਦੀ ਏਹੋ ਪੂਰੀ ਮਤਿ=ਸਿਖਿਆ ਹੈ ਕਿ ਅਹਿਨਿਸਿ=ਦਿਨ ਰਾਤ ਨਾਮ ਨੂੰ ਧਿਆਉਂਦੇ ਰਹਿਣਾ ਕਰ।

## ਹਉਮੈ ਮੇਰਾ ਵਡ ਰੋਗੁ ਹੈ; ਵਿਚਹੁ ਠਾਕਿ ਰਹਾਇ ॥੨੧॥

ਹਉਮੈ ਅਤੇ ਮੇਰ ਤੇਰ ਦਾ ਜੋ ਵੱਡਾ ਰੋਗ ਹੈ, ਇਸ ਨੂੰ ਅੰਤਸ਼ਕਰਨ ਵਿੱਚੋਂ ਠਾਕਿ=ਰੋਕੀ ਰੱਖ, ਭਾਵ ਹਿਰਦੇ ਵਿੱਚ ਹਉਮੈ ਅਤੇ ਮੇਰ ਤੇਰ ਨੂੰ ਨਾ ਆਉਣ ਦੇ॥੨੧॥

## ਗੁਰੁ ਸਾਲਾਹੀ ਆਪਣਾ; ਨਿਵਿ ਨਿਵਿ ਲਾਗਾ ਪਾਇ ॥

ਆਪਣੇ ਗੁਰੂ ਨੂੰ ਸਲਾਹੁਣਾ ਕਰ ਅਤੇ ਨਿਵਿ ਨਿਵਿ=ਝੁਕ ਝੁਕ ਕੇ ਪਾਇ=ਚਰਨੀਂ ਲਗਣਾ ਕਰ।

## ਤਨੁ ਮਨੁ ਸਉਪੀ ਆਗੈ ਧਰੀ; ਵਿਚਹੁ ਆਪੁ ਗਵਾਇ ॥੨੨॥

ਆਪਣੇ ਤਨ, ਮਨ ਦੀ ਸਤਿਗੁਰਾਂ ਦੇ ਅੱਗੇ ਸਉਪੀ=ਭੇਟਾ ਧਰ ਦੇ, ਭਾਵ ਸਤਿਗੁਰਾਂ ਦੇ ਸਪੁਰਦ ਕਰ ਦੇ, **ਵਾ**: ਤਨ ਵੀ ਸੌਂਪ ਦੇ, ਮਨ ਨੂੰ ਵੀ ਅੱਗੇ ਧਰ ਦੇ ਅਤੇ ਹਿਰਦੇ ਵਿੱਚੋਂ ਆਪੁ=ਹੰਕਾਰ ਨੂੰ ਗਵਾਉਣਾ ਕਰ॥੨੨॥

## ਖਿੰਚੋਤਾਣਿ ਵਿਗੁਚੀਐ; ਏਕਸੁ ਸਿਉ ਲਿਵ ਲਾਇ ॥

ਖਿੰਚੋਤਾਣਿ=ਖਿੱਚਾ-ਖਿੱਚੀ ਕਰਨ ਨਾਲ ਵਿਗੁਚੀਐ=ਖ਼ਰਾਬ ਹੋਈਦਾ ਹੈ, ਇਸ ਲਈ ਇੱਕ ਪ੍ਰਭੂ ਦੇ ਨਾਲ ਹੀ ਚਿਤ ਬਿਰਤੀ ਨੂੰ ਲਗਾਉਣਾ ਕਰ।

## ਹਉਮੈ ਮੇਰਾ ਛਡਿ ਤੂ; ਤਾ ਸਚਿ ਰਹੈ ਸਮਾਇ ॥੨੩॥

ਹੇ ਜਗਿਆਸੂ! ਜੇ ਤੂੰ ਹਉਮੈ ਅਤੇ ਮੇਰ-ਤੇਰ ਨੂੰ ਛੱਡੇਂਗਾ, ਤਾਂ ਸੱਚ ਸਰੂਪ ਵਿੱਚ ਅਭੇਦ ਹੋ ਰਹੇਂਗਾ।

## *ਸਤਿਗੁਰ ਨੋ ਮਿਲੇ ਸਿ ਭਾਇਰਾ; ਸਚੈ ਸਬਦਿ ਲਗੰਨਿ ॥*

ਹੇ ਭਾਇਰਾ=ਭਾਈਓ! ਜੋ ਪੁਰਸ਼ ਸਤਿਗੁਰਾਂ ਨੂੰ ਮਿਲੇ ਹਨ ਸਿ=ਉਹ ਸੱਚੇ ਗੁਰੂ ਦੇ ਸਬਦਿ=ਉਪਦੇਸ਼ ਵਿੱਚ ਲੱਗੇ ਹਨ। **ਅਥਵਾ** ਸਤਿਗੁਰਾਂ ਨਾਲ ਮਿਲ ਕੇ ਜਿਹੜੇ ਭਾਇਰਾ=ਪ੍ਰੇਮ ਪੂਰਬਕ ਸੱਚੇ ਸਬਦਿ=ਬ੍ਰਹਮ ਵਿੱਚ ਲੱਗੇ ਹਨ ਸਿ=ਉਹ ਪ੍ਰਭੂ ਨੂੰ ਭਾਇਰਾ=ਭਾ ਗਏ ਹਨ।

## *ਸਚਿ ਮਿਲੇ ਸੇ ਨ ਵਿਛੁੜਹਿ; ਦਰਿ ਸਚੈ ਦਿਸੰਨਿ ॥੨੪॥*

ਜੋ ਸੱਚ ਵਿੱਚ ਮਿਲੇ ਹਨ, ਉਹ ਨਹੀਂ ਵਿਛੁੜਦੇ। ਉਹ ਸੱਚੇ ਦਰਬਾਰ ਵਿੱਚ ਸੋਭਨੀਕ, ਵਾ—ਸੁਰਖਰੂ ਦਿਸਦੇ ਹਨ॥੨੪॥

## *ਸੇ ਭਾਈ ਸੇ ਸਜਣਾ; ਜੋ ਸਚਾ ਸੇਵੰਨਿ ॥*

ਉਹੀ ਸਾਡੇ ਭਰਾ ਹਨ ਤੇ ਉਹੀ ਸਾਡੇ ਸੱਜਣ ਹਨ, ਜੋ ਸੱਚੇ ਪ੍ਰਮਾਤਮਾ ਦੇ ਨਾਮ ਨੂੰ ਸੇਵੰਨਿ=ਸੇਂਵਦੇ, ਜਪਦੇ ਹਨ।

## *ਅਵਗਣ ਵਿਕਣਿ ਪਲ੍ਰਨਿ; ਗੁਣ ਕੀ ਸਾਝ ਕਰੰਨਿ ॥੨੫॥*

ਬੁੱਧੀ ਰੂਪ ਪਲ੍ਰਨਿ=ਪੱਲੇ ਵਿੱਚੋਂ ਅਉਗੁਣਾਂ ਨੂੰ ਖ਼ਾਲੀ ਜਾਣ ਕੇ ਵਿਕਣਿ=ਤਿਆਗਦੇ ਹਨ ਅਤੇ ਸ਼ੁਭ ਗੁਣਾਂ ਦੀ ਸਾਝ=ਭਾਈਵਾਲੀ ਕਰਦੇ ਹਨ॥੨੫॥

## *ਗੁਣ ਕੀ ਸਾਝ ਸੁਖੁ ਊਪਜੈ; ਸਚੀ ਭਗਤਿ ਕਰੇਨਿ ॥*

ਸ਼ੁਭ ਗੁਣਾਂ ਦੀ ਸਾਝ=ਭਾਈਵਾਲੀ ਕਰਕੇ ਅਤੇ ਸੱਚੀ ਭਗਤੀ ਕਰਨ ਕਰਕੇ ਆਤਮਿਕ ਸੁਖ ਪੈਦਾ ਹੁੰਦਾ ਹੈ।

## *ਸਚੁ ਵਣੰਜਹਿ ਗੁਰ ਸਬਦ ਸਿਉ; ਲਾਹਾ ਨਾਮੁ ਲਏਨਿ ॥੨੬॥*

ਜੋ ਸਤਿਗੁਰਾਂ ਦੇ ਸ਼ਬਦ ਨਾਲ ਪਿਆਰ ਕਰਕੇ ਸੱਚੇ ਨਾਮ ਨੂੰ ਵਣੰਜਹਿ=ਖ਼ਰੀਦਦੇ ਹਨ, ਉਹ ਆਪਣੇ ਮਨੁੱਖਾ ਜਨਮ ਦਾ ਲਾਹਾ=ਲਾਭ ਲਏਨਿ=ਲੈਂਦੇ ਹਨ॥੨੬॥

## *ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ; ਚਲੈ ਨ ਚਲਦਿਆ ਨਾਲਿ ॥*

ਪਾਪ ਕਰਮਾਂ ਨੂੰ ਕਰ-ਕਰ ਕੇ ਸੁਇਨਾ=ਸੋਨਾ ਅਤੇ ਰੁਪਾ=ਚਾਂਦੀ ਆਦਿ ਪਦਾਰਥ ਸੰਚੀਐ=ਇਕੱਠੇ ਕਰੀਦੇ ਹਨ, ਪਰ ਸੰਸਾਰ ਤੋਂ ਚਲਦਿਆਂ ਹੋਇਆਂ, ਭਾਵ ਪ੍ਰਲੋਕ ਨੂੰ ਜਾਂਦਿਆਂ ਇਹ ਪਦਾਰਥ ਨਾਲ ਨਹੀਂ ਚਲਦੇ।

## *ਵਿਣੁ ਨਾਵੈ ਨਾਲਿ ਨ ਚਲਸੀ; ਸਭ ਮੁਠੀ ਜਮਕਾਲਿ ॥੨੭॥*

ਨਾਮ ਤੋਂ ਬਿਨਾਂ ਹੋਰ ਕੁਝ ਵੀ ਨਾਲ ਨਹੀਂ ਚਲਦਾ। ਜਮਕਾਲਿ=ਮੌਤ ਕਰਨ ਵਾਲੇ ਜਮ ਨੇ ਸਾਰੀ ਦੁਨੀਆ ਮੁਠੀ=ਠਗ ਲਈ ਹੈ॥੨੭॥

## *ਮਨ ਕਾ ਤੋਸਾ ਹਰਿ ਨਾਮੁ ਹੈ; ਹਿਰਦੈ ਰਖਹੁ ਸਮ੍ਾਲਿ ॥*

ਮਨ=ਜੀਵ ਦਾ ਤੋਸਾ=ਖ਼ਰਚਾ ਹਰਿ=ਪ੍ਰਮੇਸ਼ਰ ਦਾ ਨਾਮ ਹੈ, ਇਸ ਲਈ ਨਾਮ ਨੂੰ ਹਿਰਦੇ ਵਿੱਚ ਸੰਭਾਲ ਕੇ ਰੱਖੋ।

## ਏਹੁ ਖਰਚੁ ਅਖੁਟੁ ਹੈ; ਗੁਰਮੁਖਿ ਨਿਬਹੈ ਨਾਲਿ ॥੨੮॥

ਇਹ ਖ਼ਰਚ ਅਖੁਟੁ=ਨਾ ਮੁੱਕਣ ਵਾਲਾ ਹੈ, ਜੇਕਰ ਗੁਰਮੁਖਿ=ਮੁਖੀ ਗੁਰਾਂ ਦੇ ਦੁਆਰਾ ਲਵੋਗੇ ਤਾਂ ਪ੍ਰਲੋਕ ਵਿੱਚ ਤੁਹਾਡੇ ਨਾਲ ਨਿਬਹੈ=ਨਿਭੇਗਾ ॥੨੮॥

## ਏ ਮਨ ਮੂਲਹੁ ਭੁਲਿਆ; ਜਾਸਹਿ ਪਤਿ ਗਵਾਇ ॥

ਏ ਮਨ=ਹੇ ਜੀਵ ! ਤੂੰ ਆਪਣੇ ਮੂਲਹੁ=ਮੁੱਢ ਤੋਂ, ਭਾਵ ਪ੍ਰਮੇਸ਼ਰ ਤੋਂ ਭੁੱਲਿਆ ਹੋਇਆ ਹੈਂ, ਇਸ ਕਰਕੇ ਤੂੰ ਇੱਜ਼ਤ ਗਵਾ ਕੇ ਪ੍ਰਲੋਕ ਨੂੰ ਜਾਵੇਂਗਾ।

## ਇਹੁ ਜਗਤੁ ਮੋਹਿ ਦੂਜੈ ਵਿਆਪਿਆ; ਗੁਰਮਤੀ ਸਚੁ ਧਿਆਇ ॥੨੯॥

ਇਹ ਸਾਰਾ ਸੰਸਾਰ ਤਾਂ ਮੋਹ ਕਰਕੇ ਦੂਜੈ=ਦਵੈਤ ਭਾਵ ਵਿੱਚ ਵਿਆਪਿਆ=ਲੱਗਿਆ ਹੋਇਆ ਹੈ, (ਤੂੰ ਇਸ ਦੇ ਮਗਰ ਨਾ ਲੱਗ) ਤੂੰ ਸਤਿਗੁਰਾਂ ਦੀ ਮਤਿ=ਸਿਖਿਆ ਲੈ ਕੇ ਸੱਚੇ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰ ॥੨੯॥

## ਹਰਿ ਕੀ ਕੀਮਤਿ ਨਾ ਪਵੈ; ਹਰਿ ਜਸੁ ਲਿਖਣੁ ਨ ਜਾਇ ॥

ਇਦੰ ਮਿੱਥ, ਭਾਵ ਇਸ ਤਰ੍ਹਾਂ ਸਮਝਣਾ ਕਰ ਕਿ ਹਰੀ ਦੀ ਕੀਮਤ ਨਹੀਂ ਪੈਂਦੀ ਅਤੇ ਨਾ ਹੀ ਹਰੀ ਦਾ ਸੰਪੂਰਨ ਜਸ ਲਿਖਿਆ ਜਾਂਦਾ ਹੈ। ਜੈਸਾ ਕਿ :

**੧. ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥**
**ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥**

[ਸਿਰੀ ਰਾਗ ਮਹਲਾ ੧, ਅੰਗ ੧੫]

**੨. ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥**
**ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥**

[ਸਲੋਕ ਕਬੀਰ ਜੀ, ਅੰਗ ੧੩੬੮]

## ਗੁਰ ਕੈ ਸਬਦਿ ਮਨੁ ਤਨੁ ਰਪੈ; ਹਰਿ ਸਿਉ ਰਹੈ ਸਮਾਇ ॥੩੦॥

ਹੇ ਜਗਿਆਸੂ ! ਤੂੰ ਆਪਣੇ ਮਨ ਅਤੇ ਤਨ ਨੂੰ ਸਤਿਗੁਰਾਂ ਦੇ ਸਬਦਿ=ਉਪਦੇਸ਼ ਵਿੱਚ ਰਪੈ=ਤਦਾਕਾਰ, ਵਾ—ਰੰਗਣਾ ਕਰ। ਤਾਂ ਤੂੰ ਹਰਿ=ਪ੍ਰਮੇਸ਼ਰ ਨਾਲ ਸਮਾਇ=ਅਭੇਦ ਹੋ ਰਹੇਂਗਾ ॥੩੦॥

## ਸੋ ਸਹੁ ਮੇਰਾ ਰੰਗੁਲਾ; ਰੰਗੇ ਸਹਜਿ ਸੁਭਾਇ ॥

ਉਹ ਮੇਰਾ ਸਹੁ=ਪਤੀ ਪ੍ਰਮਾਤਮਾ ਰੰਗੁਲਾ=ਅਨੰਦ ਵਾਲਾ ਹੈ, **ਵਾ:** ਰੰਗਣ ਵਾਲਾ ਹੈ, ਜੋ ਉਸਦੀ ਸ਼ਰਨ ਵਿੱਚ ਆਉਂਦੇ ਹਨ, ਉਹਨਾ ਨੂੰ ਸੁਤੇ ਸਿੱਧ ਰੰਗ ਦਿੰਦਾ ਹੈ।

## ਕਾਮਣਿ ਰੰਗੁ ਤਾ ਚੜੈ; ਜਾ ਪਿਰ ਕੈ ਅੰਕਿ ਸਮਾਇ ॥੩੧॥

ਜਗਿਆਸੂ ਰੂਪ ਕਾਮਣਿ=ਇਸਤਰੀ ਨੂੰ ਭਗਤੀ, **ਵਾ:** ਬ੍ਰਹਮ ਗਿਆਨ ਰੂਪ ਰੰਗ ਤਾਂ ਹੀ ਚੜ੍ਹਦਾ ਹੈ, ਜੇ ਪਿਰ=ਪਤੀ ਪ੍ਰਮਾਤਮਾ ਦੇ ਅੰਕਿ=ਸਰੂਪ ਵਿੱਚ ਸਮਾ ਜਾਵੇ। **ਵਾ:** ਤਾਂ ਹੀ ਪਤੀ ਪ੍ਰਮਾਤਮਾ ਦੇ ਅੰਕਿ=ਸਰੂਪ ਵਿੱਚ ਜਗਿਆਸੂ ਰੂਪ ਇਸਤਰੀ ਸਮਾ ਸਕਦੀ ਹੈ, ਜੇ ਉਸਨੂੰ ਪ੍ਰੇਮ ਰੂਪ ਰੰਗ ਚੜ੍ਹਿਆ ਹੋਵੇ ॥੩੧॥

## ਚਿਰੀ ਵਿਛੁੰਨੇ ਭੀ ਮਿਲਨਿ; ਜੋ ਸਤਿਗੁਰੁ ਸੇਵੰਨਿ ॥

ਜੋ ਪੂਰੇ ਸਤਿਗੁਰਾਂ ਦੀ ਸੇਵੰਨਿ=ਸੇਵਾ ਕਰਦੇ ਹਨ, ਉਹ ਚਿਰੀ=ਚਿਰਾਂ ਦੇ ਭਾਵ ਜਨਮਾਂ-ਜਨਮਾਂਤਰਾਂ ਦੇ ਵਿਛੁੜੇ ਹੋਏ ਭੀ ਪ੍ਰਭੂ ਨੂੰ ਮਿਲ ਜਾਂਦੇ ਹਨ।

## ਅੰਤਰਿ ਨਵ ਨਿਧਿ ਨਾਮੁ ਹੈ,
## ਖਾਨਿ ਖਰਚਨਿ ਨ ਨਿਖੁਟਈ; ਹਰਿ ਗੁਣ ਸਹਜਿ ਰਵੰਨਿ ॥੩੨॥

ਨੌਂ ਨਿਧੀਆਂ ਦਾ ਦਾਤਾ ਨਾਮ, ਅੰਦਰ ਹੀ ਹੈ। ਆਪ ਖਾਂਦਿਆਂ ਤੇ ਹੋਰਨਾਂ ਨੂੰ ਖ਼ਰਚਦਿਆਂ, ਭਾਵ ਆਪ ਜਪਦਿਆਂ ਤੇ ਹੋਰਨਾਂ ਨੂੰ ਜਪਾਉਂਦਿਆਂ ਹੋਇਆਂ ਨਿਖੁਟਈ=ਮੁਕਦਾ ਨਹੀਂ। ਇਸ ਕਰਕੇ ਗੁਰਮੁਖ ਸਹਜਿ=ਸੁਭਾਵਿਕ ਹੀ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਰਵੰਨਿ=ਉਚਾਰਦੇ ਰਹਿੰਦੇ ਹਨ॥੩੨॥

## ਨਾ ਓਇ ਜਨਮਹਿ, ਨਾ ਮਰਹਿ; ਨਾ ਓਇ ਦੁਖ ਸਹੰਨਿ ॥

ਜੋ ਗੁਰਮੁਖ ਨਾਮ ਜਪਣ ਵਾਲੇ ਹਨ, ਉਹ ਨਾ ਤਾਂ ਜੰਮਦੇ ਹਨ ਤੇ ਨਾ ਮਰਦੇ ਹਨ ਅਤੇ ਨਾ ਉਹ ਜਮਾਂ ਦਾ ਦੁਖ ਸਹੰਨਿ=ਸਹਾਰਦੇ ਹਨ ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ।

## ਗੁਰਿ ਰਾਖੇ ਸੇ ਉਬਰੇ; ਹਰਿ ਸਿਉ ਕੇਲ ਕਰੰਨਿ ॥੩੩॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਵਿਕਾਰਾਂ ਵਲੋਂ ਰੱਖ ਲਿਆ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਅਤੇ ਹਰਿ=ਪ੍ਰਮੇਸ਼ਰ ਨਾਲ ਮਿਲ ਕੇ ਕੇਲ=ਕ੍ਰੀੜਾ, ਭਾਵ ਖ਼ੁਸ਼ੀਆਂ ਕਰਦੇ ਹਨ॥੩੩॥

## ਸਜਣ ਮਿਲੇ ਨ ਵਿਛੁੜਹਿ; ਜਿ ਅਨਦਿਨੁ ਮਿਲੇ ਰਹੰਨਿ੍ ॥

ਜਿਹੜੇ ਪੁਰਸ਼ ਸਜਣ ਰੂਪ ਪ੍ਰਮਾਤਮਾ ਨਾਲ ਮਿਲੇ ਹਨ, ਉਹ ਵਿਛੜਦੇ ਨਹੀਂ ਹਨ। ਉਹ ਰਾਤ ਦਿਨ ਉਸ ਨਾਲ ਮਿਲੇ ਰਹਿੰਦੇ ਹਨ। **ਅਥਵਾ** ਜਿਹੜੇ ਦਿਨ ਰਾਤ ਨਾਮ-ਸਿਮਰਨ ਨਾਲ ਮਿਲੇ ਰਹਿੰਦੇ ਹਨ ਉਹ ਸਜਣ=ਮਿੱਤ੍ਰ ਜਗਿਆਸੂ ਪ੍ਰਮਾਤਮਾ ਨਾਲ ਮਿਲੇ ਹੋਏ ਫੇਰ ਕਦੇ ਨਹੀਂ ਵਿਛੁੜਦੇ।

## ਇਸੁ ਜਗ ਮਹਿ ਵਿਰਲੇ ਜਾਣੀਅਹਿ; ਨਾਨਕ ਸਚੁ ਲਹੰਨਿ ॥੩੪॥੧॥੩॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਸੱਚ ਨੂੰ ਲੱਭ ਲੈਂਦੇ ਹਨ, ਉਹ ਇਸ ਕਲਿਜੁਗ ਵਿੱਚ ਵਿਰਲੇ ਜਾਣੀਦੇ ਹਨ। ਭਾਵ ਜੋ ਮਨੁੱਖ ਇਸ ਸੰਸਾਰ ਵਿੱਚ ਮਨੁੱਖਾ ਜਨਮ ਲੈ ਕੇ ਉਸ ਪ੍ਰਭੂ ਦੀ ਯਾਦ ਵਿੱਚ ਲੀਨ ਹੁੰਦੇ ਹਨ, ਉਸ ਦਾ ਸਿਮਰਨ ਕਰਦੇ ਹਨ, ਉਹ ਗਿਣਤੀ ਵਿੱਚ ਬਹੁਤੇ ਨਹੀਂ ਵਿਰਲੇ ਹੀ ਪੁਰਸ਼ ਹਨ॥੩੪॥੧॥੩॥ ਸਾਹਿਬਾਂ ਦਾ ਫ਼ੁਰਮਾਨ ਹੈ। ਜੈਸਾ ਕਿ :

੧. **ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥** [ਸਲੋਕ ਮਹਲਾ ੧, ਅੰਗ ੧੪੧੧]

੨. **ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ ॥੨੪॥** [ਸਲੋਕ ਮਹਲਾ ੯, ਅੰਗ ੧੪੨੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੦ [ਆਦਿ ਅੰਗ ੭੫੭]

*ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥ ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥ ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥ ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥ ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥ ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥੧੮॥ ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥ ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥੨੦॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥੨੧॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥੨੨॥ ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥੨੩॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥੨੪॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥ ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥ ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੨੭॥ ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥ ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥ ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥ ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥੧॥*

## *ਰਾਗੁ ਸੂਹੀ ਅਸਟਪਦੀਆ ਮਹਲਾ ੪, ਘਰੁ ੨; ੧ੴ ਸਤਿਗੁਰ ਪ੍ਰਸਾਦਿ ॥*

ਇਹ ਸ਼ਬਦ ਸੂਹੀ ਰਾਗਣੀ ਦੀਆਂ ਅਸਟਪਦੀਆਂ ਵਿੱਚ ਗੁਰੂ ਰਾਮਦਾਸ ਜੀ ਦਾ ਰਾਗ ਦੇ ਦੂਸਰੇ ਸੁਰ ਤਾਲ ਵਿੱਚ ਉਚਾਰਨ ਕੀਤਾ ਹੋਇਆ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ। ੧=ਅਦੁੱਤੀ ਬ੍ਰਹਮ, ੳ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

**ਉਥਾਨਕਾ—**ਜਿਸ ਵੇਲੇ ਸਤਿਗੁਰੂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਤਾਂ ਸੇਵਾ ਕਰਦੇ ਕਰਦੇ ਮਨ ਵਿੱਚ ਇਤਨਾ ਪ੍ਰੇਮ ਪੈਦਾ ਹੋ ਗਿਆ ਕਿ ਸਤਿਗੁਰੂ ਜੀ ਤੋਂ ਇੱਕ ਪਲ ਵਿਛੜਨਾ ਦੁਖ ਰੂਪ ਭਾਸਣ ਲੱਗਾ। ਸੇਵਾ ਕਰਦਿਆਂ ਨੂੰ ਇੱਕ ਵਾਰ ਮਾਤਾ ਦਯਾ ਕੌਰ ਜੀ ਵਾਪਸ ਘਰ ਲੈ ਗਏ। ਗੁਰੂ ਰਾਮਦਾਸ ਜੀ ਵੈਰਾਗ ਵਿੱਚ ਇਤਨਾ ਰਹਿੰਦੇ ਕਿ ਨੇਤਰ ਸਜਲ ਤੇ ਖਾਣਾ-ਪੀਣਾ ਛੱਡ ਦਿੱਤਾ। ਮਾਤਾ ਜੀ ਬੜੇ ਚਿੰਤਾਤੁਰ ਹੋਏ ਤੇ ਹਕੀਮ ਲਿਆਂਦਾ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਮਾਤਾ ਜੀ! ਇਹ ਬੀਮਾਰੀ ਵੈਦਾਂ, ਹਕੀਮਾਂ ਦੇ ਠੀਕ ਕਰਨ ਵਾਲੀ ਨਹੀਂ। ਇਹ ਦੁਖ ਤਾਂ ਪਿਆਰੇ ਸਤਿਗੁਰੂ ਦੇ ਵਿਛੋੜੇ ਦਾ ਹੈ। ਜਦੋਂ ਸਤਿਗੁਰੂ ਜੀ ਗੁਰਤਾ ਗੱਦੀ 'ਤੇ ਬਿਰਾਜੇ ਤਾਂ ਇੱਕ ਦਿਨ ਬੀਤੇ ਸਮੇਂ ਦੀ ਘਟਨਾ ਯਾਦ ਆ ਗਈ ਤੇ ਉਸੇ ਵੈਰਾਗ ਦੇ ਰੰਗ ਵਿੱਚ ਆ ਕੇ ਪ੍ਰੇਮ ਨਾਲ ਇਹ ਸ਼ਬਦ ਉਚਾਰਨ ਕੀਤਾ:

## *ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ;*
## *ਹਉ ਤਿਸੁ ਪਹਿ ਆਪੁ ਵੇਚਾਈ ॥੧॥*

ਵਾਹਿਗੁਰੂ ਦਾ ਪਿਆਰਾ ਤੇ ਮੇਰਾ ਪ੍ਰੀਤਮ ਜੋ ਗੁਰੂ ਹੈ, ਐਸਾ ਕੋਈ ਹੈ ਜਿਹੜਾ ਆਣਿ=ਆ ਕੇ ਉਸ ਨਾਲ ਮੈਨੂੰ ਮਿਲਾਵੇ ਤਾਂ ਹਉ=ਮੈਂ ਉਸ ਪਾਸ ਆਪਣੇ ਆਪ ਨੂੰ ਵੇਚ ਦਿਆਂਗਾ, ਭਾਵ ਉਸਦੇ ਬਚਨਾਂ ਅਨੁਸਾਰ ਚੱਲਾਂਗਾ ॥੧॥ ਜੈਸਾ ਕਿ:

੧. **ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥**
**ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥** [ਮਾਝ ਮਹਲਾ ੪, ਅੰਗ ੯੪]

੨. **ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥**
**ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥**
[ਵਡਹੰਸ ਮਹਲਾ ੪, ਅੰਗ ੫੭੨]

ਸੰਤ ਰੂਪੀ ਸਖੀ ਵਲੋਂ ਪ੍ਰਸ਼ਨ ਹੈ ਕਿ ਤੂੰ ਕਿਸ ਵਾਸਤੇ ਆਪਣੇ ਆਪ ਨੂੰ ਵੇਚਦਾ ਹੈਂ? ਤਾਂ ਸਿੱਖ ਮੁਖ ਦੁਆਰਾ ਉੱਤਰ ਦਿੰਦੇ ਹਨ:

## *ਦਰਸਨੁ; ਹਰਿ ਦੇਖਣ ਕੈ ਤਾਈ ॥*

ਹਰਿ=ਪ੍ਰਮੇਸ਼ਰ ਦੇ ਦਰਸ਼ਨ ਦੇਖਣ ਤਾਈ=ਵਾਸਤੇ ਮੈਂ ਆਪਣੇ ਆਪ ਨੂੰ ਵੇਚਦਾ ਹਾਂ।

## *ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ; ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥*

ਹੇ ਹਰਿ=ਪ੍ਰਮੇਸ਼ਰ! ਜੇ ਤੂੰ ਕਿਰਪਾ ਦ੍ਰਿਸ਼ਟੀ ਕਰੇਂ ਤਾਂ ਮੈਨੂੰ ਸਤਿਗੁਰਾਂ ਨਾਲ ਮੇਲਣਾ ਕਰ। ਜਿਸ ਕਰਕੇ ਮੈਂ ਤੇਰੇ ਹਰਿ ਹਰਿ ਨਾਮ ਨੂੰ ਧਿਆਉਂਦਾ ਰਹਾਂ ॥੧॥ਰਹਾਉ॥ ਜੈਸਾ ਕਿ:

**ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ ॥** [ਮਲਾਰ ਮਹਲਾ ੩, ਅੰਗ ੧੨੭੬]

## *ਜੇ ਸੁਖੁ ਦੇਹਿ ਤ ਤੁਝਹਿ ਅਰਾਧੀ; ਦੁਖਿ ਭੀ ਤੁਝੈ ਧਿਆਈ ॥੨॥*

ਹੇ ਪ੍ਰਮੇਸ਼ਰ! ਜੇ ਕਰਮਾਂ ਅਨੁਸਾਰ ਸੁਖ ਦੇਵੋਗੇ ਤਾਂ ਭੀ ਆਪ ਜੀ ਨੂੰ ਹੀ ਅਰਾਧੀ=ਸਿਮਰਨਾ ਕਰਾਂਗਾ। ਅਤੇ ਜੇ ਕਰਮਾਂ ਅਨੁਸਾਰ ਦੁਖ ਦੇਵੋਗੇ ਤਾਂ ਵੀ ਮੈਂ ਆਪ ਜੀ ਨੂੰ ਹੀ ਧਿਆਉਣਾ ਕਰਾਂਗਾ ॥੨॥ ਜੈਸਾ ਕਿ:

**ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ ॥**
[ਗਉੜੀ ਮਹਲਾ ੪, ਅੰਗ ੧੬੬]

## *ਜੇ ਭੁਖ ਦੇਹਿ ਤ ਇਤ ਹੀ ਰਾਜਾ; ਦੁਖ ਵਿਚਿ ਸੁਖ ਮਨਾਈ ॥੩॥*

ਜੇ ਕਰਮਾਂ ਅਨੁਸਾਰ ਭੁੱਖ ਦੇਵੋਂਗੇ ਤਾਂ ਇਸੇ ਵਿੱਚ ਹੀ ਰਾਜਾ=ਰੱਜਿਆ ਰਹਾਂਗਾ ਅਤੇ ਦੁਖ ਵਿੱਚ ਹੀ ਸੁਖ ਨੂੰ ਮਨਾਉਣਾ ਕਰਾਂਗਾ। **ਵਾ:** ਦੁਖ ਨੂੰ ਵੀ ਵਾਹਿਗੁਰੂ ਦੇ ਭਾਣੇ ਅੰਦਰ ਹੀ ਸੁਖ ਰੂਪ ਮਿਠਾ ਕਰਕੇ ਮੰਨਣਾ ਕਰਾਂਗਾ ॥੩॥

## *ਤਨੁ ਮਨੁ ਕਾਟਿ ਕਾਟਿ ਸਭੁ ਅਰਪੀ; ਵਿਚਿ ਅਗਨੀ ਆਪੁ ਜਲਾਈ ॥੪॥*

ਤਨ ਨਾਲੋਂ ਮਨ ਨੂੰ ਕੱਟ ਕੇ ਭਾਵ ਦੇਹ ਅਧਿਆਸ ਤਿਆਗ ਕੇ ਅਤੇ ਸਾਰਿਆਂ ਨਾਲੋਂ, ਭਾਵ ਸੰਸਾਰ ਨਾਲੋਂ ਸਰੀਰ ਨੂੰ ਕੱਟ ਕੇ ਅਰਪੀ=ਅਰਪਣ (ਭੇਟਾ) ਕਰ ਦਿਆਂਗਾ ਅਤੇ ਬ੍ਰਹਮ ਅਭਿਆਸ ਰੂਪ ਅਗਨੀ ਵਿੱਚ ਆਪਾ ਭਾਵ ਹੰਕਾਰ ਨੂੰ ਜਲਾਈ=ਸਾੜ ਦਿਆਂਗਾ ॥੪॥ ਜੈਸਾ ਕਿ :

**੧. ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥** [ਰਾਮਕਲੀ ਮਹਲਾ ੩, ਅੰਗ ੯੧੮]

**੨. ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥** [ਗਉੜੀ ਮਹਲਾ ੫, ਅੰਗ ੨੫੬]

## *ਪਖਾ ਫੇਰੀ ਪਾਣੀ ਢੋਵਾ; ਜੋ ਦੇਵਹਿ ਸੋ ਖਾਈ ॥੫॥*

ਫਿਰ ਮੈਂ ਆਪ ਜੀ ਦੀ ਸਤਿਸੰਗਤ ਵਿੱਚ ਜਾ ਕੇ ਪੱਖਾ ਝੱਲਾਂਗਾ, ਪਾਣੀ ਢੋਵਾਂਗਾ, ਜੋ ਤੂੰ ਦੇਵੇਂਗਾ, ਉਹੀ ਖਾਵਾਂਗਾ, **ਵਾ:** ਜੋ ਸੰਤ ਦੇਣਗੇ ਉਹੀ ਖਾਵਾਂਗਾ ॥੫॥ ਜੈਸਾ ਕਿ :

**੧. ਪਖਾ ਫੇਰੀ ਪਾਣੀ ਢੋਵਾ ਹਰਿਜਨ ਕੈ ਪੀਸਣੁ ਪੀਸਿ ਕਮਾਵਾ ॥** [ਸੂਹੀ ਮਹਲਾ ੫, ਅੰਗ ੭੪੯]

**੨. ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥** [ਮਾਰੂ ਮਹਲਾ ੧, ਅੰਗ ੯੯੧]

**ਸਾਖੀ ਬਾਬਾ ਨੰਦ ਸਿੰਘ ਜੀ ਦੀ (ਸੇਵਾ ਪ੍ਰਥਾਇ)**—ਇੱਕ ਵਾਰ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਦੀਵਾਨ ਵਿੱਚ ਬੈਠੇ ਸਨ। ਸੰਗਤਾਂ ਦਾ ਭਾਰੀ ਇਕੱਠ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਕੀਰਤਨੀਏ ਸਿੰਘ ਕੀਰਤਨ ਕਰ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਉੱਚੇ ਅਸਥਾਨ 'ਤੇ ਪ੍ਰਕਾਸ਼ਮਾਨ ਸਨ। ਉਸ ਤੋਂ ਥੋੜ੍ਹੀ ਨੀਵੀਂ ਜਗ੍ਹਾ 'ਤੇ ਰਾਗੀ ਸਿੰਘ ਸਨ। ਬਾਕੀ ਸਾਰੀ ਸੰਗਤ ਤੋਂ ਨੀਵੀਂ ਥਾਂ 'ਤੇ ਬਾਬਾ ਨੰਦ ਸਿੰਘ ਜੀ ਬੈਠੇ ਸਨ। ਕੀਰਤਨ ਕਰਨ ਵਾਲਿਆਂ ਨੇ ਮੁਖਵਾਕ ਦੀ ਉਪਰੋਕਤ ਤੁਕ ਦੇ ਸਿਧਾਂਤ ਨੂੰ ਲੈ ਕੇ ਧਾਰਨਾ ਬੋਲੀ ਕਿ—ਪੱਖਾਂ ਫੇਰਾਂ ਮੈਂ ਪਾਣੀ ਢੋਵਾਂ ਬਾਬਾ ਤੇਰੀਆਂ ਸੰਗਤਾਂ ਦਾ। ਪਰ ਸੁਣਨ ਵਾਲਿਆਂ ਨੂੰ ਕੋਈ ਰਸ ਨਹੀਂ ਸੀ ਆ ਰਿਹਾ ਅਤੇ ਨਾ ਹੀ ਕੀਰਤਨ ਦਾ ਕੋਈ ਪ੍ਰਭਾਵ ਬਣ ਰਿਹਾ ਸੀ। ਤਾਂ ਮਹਾਂਪੁਰਸ਼ਾਂ ਨੇ ਕੀਰਤਨ ਦੀ ਬੇ-ਰਸੀ ਨੂੰ ਤੱਕਦਿਆਂ ਕੀਰਤਨ ਕਰਨ ਵਾਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ ਕਿ ਕੀਰਤਨ ਬੰਦ ਕਰ ਦੇਵੋ। ਬਾਬਾ ਜੀ ਨੇ ਰਾਗੀ ਸਿੰਘ ਨੂੰ ਕਿਹਾ ਕਿ ਖੜ੍ਹੇ ਹੋ ਕੇ, ਪ੍ਰਤੱਖ ਸਤਿਗੁਰੂ ਦੇ ਸਨਮੁਖ ਸੱਚ ਦੱਸੋ ਕਿ ਤੁਸਾਂ ਕਦੇ ਸੰਗਤ ਲਈ ਪਾਣੀ ਢੋਇਆ ਹੈ, ਕਦੇ ਆਪਣੇ ਹੱਥਾਂ ਨਾਲ ਗਰਮੀ ਦੀ ਰੁੱਤ ਵਿੱਚ ਸੰਗਤ ਨੂੰ ਪੱਖਾ ਝਲਿਆ ਹੈ। ਤਾਂ ਰਾਗੀ ਸਿੰਘ ਨੇ ਹੱਥ ਜੋੜ ਕੇ ਕਿਹਾ ਕਿ ਜੀ ! ਮੈਂ ਕਦੇ ਪਾਣੀ ਨਹੀਂ ਢੋਇਆ ਅਤੇ ਨਾ ਹੀ ਪੱਖਾਂ ਝਲਿਆ ਹੈ। ਤਾਂ ਬਾਬਾ ਜੀ ਨੇ ਨਿਮਰਤਾ ਅਤੇ ਪਿਆਰ ਨਾਲ ਗੁਰਮਤਿ ਅਸੂਲ ਨੂੰ ਮੁਖ ਰੱਖਦਿਆਂ ਤਾੜਨਾ ਕੀਤੀ ਕਿ ਭਾਈ ! ਇਹ ਤਾਂ ਉਨ੍ਹਾਂ ਦੀ ਬਾਣੀ ਹੈ, ਜਿਨ੍ਹਾਂ ਨੇ ਆਪ ਪਾਣੀ ਢੋਇਆ ਤੇ ਪੱਖੇ ਝੱਲੇ। ਅੱਜ ਤੋਂ ਬਾਅਦ ਤੂੰ ਕੀਰਤਨ ਨਹੀਂ ਕਰਨਾ। ਰਾਗੀ ਸਿੰਘ ਬੜਾ ਬੇਚੈਨ ਹੋਇਆ। ਸੂਝਵਾਨ ਗੁਰਸਿੱਖਾਂ ਨੇ ਰਾਇ ਦਿੱਤੀ ਕਿ ਜੇ ਤੂੰ ਗੁਰੂ ਸਾਹਿਬ ਅਤੇ ਮਹਾਂਪੁਰਸ਼ਾਂ ਦੀ ਖ਼ੁਸ਼ੀ ਲੈਣੀ ਹੈ ਤਾਂ ਸੇਵਾ ਵਿੱਚ ਜੁੱਟ ਜਾ। ਰਾਗੀ ਸਿੰਘ ਉਸੇ ਦਿਨ ਤੋਂ ਪਾਣੀ ਢੋਣ ਤੇ ਪੱਖਾ ਝੱਲਣ ਦੀ ਸੇਵਾ ਨਿਭਾਉਂਦਾ ਰਿਹਾ, ਜਦੋਂ ਤਿੰਨ ਚਾਰ ਮਹੀਨੇ ਸੇਵਾ ਕਰਦਿਆਂ ਬੀਤ ਗਏ ਤਾਂ ਇੱਕ ਦਿਨ ਉਸੇ ਤਰ੍ਹਾਂ ਸਜੇ ਦੀਵਾਨ ਵਿੱਚ ਬਾਬਾ ਜੀ ਨੇ ਬਚਨ ਕੀਤਾ ਕਿ ਜਿਸ ਰਾਗੀ ਸਿੰਘ ਨੂੰ ਕੀਰਤਨ ਤੋਂ ਮਨ੍ਹਾ ਕੀਤਾ ਸੀ, ਉਹ ਕਿਥੇ ਹੈ ? ਤਾਂ ਉਸ

ਵੇਲੇ ਇੱਕ ਸੇਵਾਦਾਰ ਨੇ ਦੱਸਿਆ ਕਿ ਉਹ ਸੰਗਤ ਨੂੰ ਪੱਖਾ ਝੱਲ ਰਿਹਾ ਹੈ। ਬਾਬਾ ਜੀ ਨੇ ਰਾਗੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਭਾਈ! ਕੀਰਤਨ ਸੁਣਾ। ਜਿਸ ਦਰਬਾਰ ਵਿੱਚ ਰਾਗੀ ਸਿੰਘ ਨੇ ਕੀਰਤਨ ਬੰਦ ਕਰਨ ਦਾ ਅਪਮਾਨ ਸਮਝਿਆ ਸੀ, ਉਸੇ ਦਰਬਾਰ ਵਿੱਚ ਫਿਰ ਮਾਣ ਪ੍ਰਾਪਤ ਹੋਇਆ। ਪਰ ਹੁਣ ਰਾਗੀ ਸਿੰਘ ਦੀ ਅਵਸਥਾ ਵੈਰਾਗ ਪ੍ਰੇਮ ਵਾਲੀ ਸੀ। ਪੁੱਛਣ ਲੱਗਾ ਕਿ ਕਿਹੜਾ ਸ਼ਬਦ ਪੜ੍ਹਾ ? ਤਾਂ ਬਾਬਾ ਜੀ ਨੇ ਕਿਹਾ ਕਿ ਜਿਸ ਧਾਰਨਾ ਨੂੰ ਪੜ੍ਹਨ ਤੋਂ ਤੈਨੂੰ ਕੀਰਤਨ ਕਰਨ ਤੋਂ ਰੋਕਿਆ ਸੀ, ਉਹੀ ਧਾਰਨਾ ਸੁਣਾ। ਜਦੋਂ ਰਾਗੀ ਸਿੰਘ ਨੇ ਧਾਰਨਾ ਪੜ੍ਹੀ ਤੇ ਸਾਰੀ ਸੰਗਤ ਨੇ ਨਾਲ ਧਾਰਨਾ ਪੜ੍ਹੀ ਤਾਂ ਐਸਾ ਅਨੰਦ ਆਇਆ ਕਿ ਰਾਗੀ ਸਿੰਘ ਦੀਆਂ ਅੱਖਾਂ ਵਿੱਚ ਪ੍ਰੇਮ ਦੇ ਹੰਝੂ ਭਰੇ ਹੋਏ ਸਨ। ਸੰਗਤ ਨੇ ਮਹਾਂਪੁਰਸ਼ਾ ਨੂੰ ਕਿਹਾ ਕਿ ਬਾਬਾ ਜੀ! ਅੱਜ ਤੋਂ ਪਹਿਲਾਂ ਰਾਗੀ ਸਿੰਘ ਤੋਂ ਐਸਾ ਅਨੰਦ ਪ੍ਰਾਪਤ ਨਹੀਂ ਹੋਇਆ। ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਭਾਈ! ਜਿਸਦੀ ਕਹਿਣੀ ਅਤੇ ਕਰਨੀ ਇੱਕ ਹੋ ਜਾਵੇ ਉਸ ਦੀ ਰਸਨਾ ਤੋਂ ਹੀ ਸੁਣਨ ਕਰਕੇ ਅਨੰਦ ਆਉਂਦਾ ਹੈ।

### *ਨਾਨਕੁ ਗਰੀਬੁ ਢਹਿ ਪਇਆ ਦੁਆਰੈ; ਹਰਿ ਮੇਲਿ ਲੈਹੁ ਵਡਿਆਈ ॥੬॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰਿ=ਪ੍ਰਮੇਸ਼ਰ! ਮੈਂ ਗ਼ਰੀਬ ਆਪ ਜੀ ਦੇ ਦੁਆਰੇ 'ਤੇ ਢਹਿ ਪਿਆ ਹਾਂ। ਆਪ ਕਿਰਪਾ ਕਰਕੇ ਮੈਨੂੰ ਆਪਣੇ ਸਰੂਪ ਨਾਲ ਮੇਲਣਾ ਕਰੋ। ਇਸ ਵਿੱਚ ਤੇਰੀ ਹੀ ਵਡਿਆਈ ਹੈ, **ਵਾ:** ਮੈਂ ਆਪ ਜੀ ਦੀ ਵਡਿਆਈ ਕਰਾਂਗਾ॥੬॥

### *ਅਖੀ ਕਾਢਿ ਧਰੀ ਚਰਣਾ ਤਲਿ; ਸਭ ਧਰਤੀ ਫਿਰਿ ਮਤ ਪਾਈ ॥੭॥*

ਸਾਰੀ ਧਰਤੀ ਫਿਰ ਕੇ ਸਤਿਗੁਰਾਂ ਦੇ ਪਾਸੋਂ ਇਹ ਮਤ=ਸਿਖਿਆ ਪਾਈ ਹੈ, ਅਰਥਾਤ ਸਤਿਗੁਰਾਂ ਤੋਂ ਇਤਨੀ ਸ਼ਰਧਾ ਪ੍ਰਾਪਤ ਹੋਈ ਹੈ, ਜਿਸ ਸ਼ਰਧਾ ਕਰਕੇ ਮੈਂ ਪ੍ਰਤੱਖ ਅੱਖਾਂ ਕੱਢ ਕੇ ਆਪ ਜੀ ਦੇ ਚਰਨਾਂ ਹੇਠ ਰਖਦਾ ਹਾਂ, **ਵਾ:** ਇੱਕ ਰਸ ਧਿਆਨ ਲਾਈ ਰਖਦਾ ਹਾਂ, **ਵਾ:** ਹੋਰ ਸਭ ਪਾਸਿਆਂ ਵਲੋਂ ਅੱਖਾਂ ਕੱਢ ਕੇ, ਭਾਵ ਹਟਾ ਕੇ ਗੁਰੂ ਸਾਹਿਬ ਦੇ ਚਰਨਾਂ ਦੀਆਂ ਤਲੀਆਂ ਵਿੱਚ ਧਿਆਨ ਧਰੀ=ਟਿਕਾਈ ਰਖਾਂ, **ਵਾ:** ਮਨ, ਬੁੱਧੀ ਰੂਪ ਨੇਤਰਾਂ ਨੂੰ ਵਾਸ਼ਨਾ ਵਲੋਂ ਕੱਢ ਕੇ ਆਪ ਜੀ ਦੇ ਚਰਨਾਂ ਨੂੰ ਤਲਿ=ਹਿਰਦੇ ਵਿੱਚ ਧਰੀ=ਟਿਕਾ ਲਵਾਂ, ਸਾਰੀ ਧਰਤੀ 'ਤੇ ਫਿਰ ਕੇ ਇਹ ਮਤ ਗੁਰੂ ਦੇ ਉਪਦੇਸ਼ ਤੋਂ ਪ੍ਰਾਪਤ ਕੀਤੀ ਹੈ॥੭॥

### *ਜੇ ਪਾਸਿ ਬਹਾਲਹਿ, ਤਾ ਤੁਝਹਿ ਅਰਾਧੀ; ਜੇ ਮਾਰਿ ਕਢਹਿ ਭੀ ਧਿਆਈ ॥੮॥*

ਜੇ ਤੁਸੀਂ ਮੈਨੂੰ ਆਪਣੇ ਪਾਸਿ=ਕੋਲ ਬਿਠਾਉਣਾ ਕਰੋ, ਭਾਵ ਆਦਰ ਦੇਵੋਂ ਤਾਂ ਵੀ ਮੈਂ ਤੁਝਹਿ=ਤੁਹਾਨੂੰ ਅਰਾਧਾਗਾਂ। ਜੇ ਧੱਕੇ ਮਾਰ ਕੇ ਕੱਢ ਦੇਵੋ, ਭਾਵ ਨਿਰਾਦਰ ਦੇਵੋਂ ਤਾਂ ਵੀ ਮੈਂ ਆਪ ਜੀ ਨੂੰ ਹੀ ਧਿਆਵਾਂਗਾ॥੮॥

### *ਜੇ ਲੋਕੁ ਸਲਾਹੇ, ਤਾ ਤੇਰੀ ਉਪਮਾ; ਜੇ ਨਿੰਦੈ ਤ ਛੋਡਿ ਨ ਜਾਈ ॥੯॥*

ਜੇ ਦੁਨੀਆ ਦੇ ਲੋਕ ਮੇਰੀ ਸਲਾਹੇ=ਸ਼ਲਾਘਾ, ਉਸਤਤਿ ਕਰਨਗੇ ਤਾਂ ਮੈਂ ਤੇਰੀ ਉਪਮਾ ਹੀ ਕਰਾਂਗਾ, **ਵਾ:** ਉਹ ਤੇਰੀ ਹੀ ਉਪਮਾ ਹੈ ਅਤੇ ਜੇਕਰ ਸੰਸਾਰ ਦੇ ਲੋਕ ਮੇਰੀ ਨਿੰਦਿਆ ਕਰਨਗੇ ਤਾਂ ਵੀ ਮੈਂ ਆਪ ਜੀ ਨੂੰ ਛੱਡ ਕੇ ਨਹੀਂ ਜਾਵਾਂਗਾ॥੯॥

### *ਜੇ ਤੁਧੁ ਵਲਿ ਰਹੈ, ਤਾ ਕੋਈ ਕਿਹੁ ਆਖਉ;*
### *ਤੁਧੁ ਵਿਸਰਿਐ ਮਰਿ ਜਾਈ ॥੧੦॥*

ਜੇਕਰ ਤੇਰੇ ਵਲ ਮੇਰਾ ਮਨ ਲੱਗਿਆ ਰਹੇ, **ਵਾ:** ਜੇ ਤੂੰ ਸਾਡੀ ਤਰਫ਼ ਰਹੇਂ ਤਾਂ ਕੋਈ ਭਾਵੇਂ ਕੁਝ ਵੀ ਆਖੇ, ਮੈਨੂੰ ਪਰਵਾਹ ਨਹੀਂ, ਪਰ ਆਪ ਜੀ ਦੇ ਨਾਮ ਨੂੰ ਭੁੱਲ ਜਾਣ ਕਰਕੇ ਮੇਰਾ ਮਰ ਜਾਣਾ ਹੁੰਦਾ ਹੈ॥੧੦॥

## ਵਾਰਿ ਵਾਰਿ ਜਾਈ ਗੁਰ ਊਪਰਿ; ਪੈ ਪੈਰੀ ਸੰਤ ਮਨਾਈ ॥੧੧॥

ਸਤਿਗੁਰਾਂ ਦੇ ਉਪਰੋਂ ਮੈਂ ਵਾਰਿ ਵਾਰਿ=ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਸੰਤ=ਸ਼ਾਂਤ ਆਤਮਾ ਸਤਿਗੁਰੂ ਜੀ ਦੇ ਪੈਰੀ=ਚਰਨੀਂ ਪੈ ਕੇ ਉਨ੍ਹਾਂ ਨੂੰ ਮਨਾਉਂਦਾ ਹਾਂ, ਵਾ—ਪੂਜਦਾ ਹਾਂ॥੧੧॥

## ਨਾਨਕੁ, ਵਿਚਾਰਾ ਭਇਆ ਦਿਵਾਨਾ; ਹਰਿ ਤਉ ਦਰਸਨ ਕੈ ਤਾਈ ॥੧੨॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਹਰਿ=ਪ੍ਰਮੇਸ਼ਰ! ਆਪ ਜੀ ਦੇ ਦਰਸ਼ਨਾਂ ਵਾਸਤੇ ਮੈਂ ਵਿਚਾਰਾ ਦਿਵਾਨਾ=ਮਸਤਾਨਾ ਹੋ ਗਿਆ ਹਾਂ॥੧੨॥

## ਝਖੜੁ ਝਾਗੀ ਮੀਹੁ ਵਰਸੈ ਭੀ; ਗੁਰੁ ਦੇਖਣ ਜਾਈ ॥੧੩॥

ਝਖੜਾਂ ਨੂੰ ਝਾਗ ਕੇ ਅਤੇ ਵਰ੍ਹਦੇ ਮੀਂਹ ਨੂੰ ਲੰਘ ਕੇ ਭੀ ਮੈਂ ਸਤਿਗੁਰਾਂ ਦਾ ਦਰਸ਼ਨ ਦੇਖਣ ਜਾਵਾਂਗਾ। **ਵਾ:** ਵਰ੍ਹਦੇ ਮੀਂਹ ਅਤੇ ਝੁਲਦੇ ਝੱਖੜ ਨੂੰ ਝਾਗੀ=ਲੰਘ ਕੇ, ਝਾਗ ਕੇ ਸਿੱਖ ਗੁਰੂ ਨੂੰ ਦੇਖਣ ਜਾਂਦਾ ਹੈ। [**ਝਖੜੁ**=ਹਨੇਰੀ, ਉਹ ਹਨੇਰੀ ਜੋ ਡਾਢੀ ਤਿਖੀ ਘੱਟੇ ਮਿੱਟੀ ਨਾਲ ਪੂਰਨ ਅਤੇ ਬਿਰਖਾਂ ਨੂੰ ਝੂਣਦੀ ਅੰਧੇਰੇ ਸਹਿਤ ਝੁਲਦੀ ਹੈ। **ਝਾਗੀ**=ਝਾਗਿ, ਝਾਗਣਾ, ਔਖ ਨਾਲ ਲੰਘਣਾ, ਉਹ ਤਰਨਾ, ਤੁਰਨਾ ਯਾ ਪੈਂਡਾ ਕਰਨਾ ਜਿਸ ਵਿੱਚ ਖੇਚਲ ਹੋਵੇ, ਭਾਵ ਜੋ ਮਾਰਗ ਕਠਿਨ ਹੋਵੇ। ਵਾ: **ਝਖੜੁ**=ਥੋੜ੍ਹੀਆਂ ਥੋੜ੍ਹੀਆਂ ਬੂੰਦਾਂ ਪੈਣੀਆਂ ਤੇ ਤੇਜ਼ ਹਵਾ ਚਲਣੀ। **ਝਾਗੀ**=ਖੁਸ਼ਕ ਹਨੇਰੀ] ਜੈਸਾ ਕਿ:

> **ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
> **ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥** [ਸਲੋਕ ਫਰੀਦ ਜੀ, ਅੰਗ ੧੩੭੯]

**ਅੰਤਰੀਵ**—ਲੋਭ ਤੇ ਮੋਹ ਰੂਪ ਝੱਖੜ ਝੁਲਦਾ ਹੋਵੇ ਤੇ ਪਦਾਰਥਾਂ ਰੂਪੀ ਮੀਂਹ ਵੀ ਵਰ੍ਹਦਾ ਹੋਵੇ ਤਾਂ ਵੀ ਮੈਂ ਇਨ੍ਹਾਂ ਨੂੰ ਝਾਗੀ=ਲੰਘ ਕੇ ਗੁਰੂ ਦਾ ਦਰਸ਼ਨ ਦੇਖਣ ਜਾਵਾਂਗਾ। **ਅਥਵਾ** ਹਰ ਇੱਕ ਸਿੱਖ ਨੂੰ ਚਾਹੀਦਾ ਹੈ ਕਿ ਇਨ੍ਹਾਂ ਔਕੜਾਂ ਨੂੰ ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵੇ॥੧੩॥

## ਸਮੁੰਦੁ ਸਾਗਰੁ ਹੋਵੈ ਬਹੁ ਖਾਰਾ; ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥

ਸਮੁੰਦਰ ਭਾਵੇਂ ਸਾਗਰੁ=ਸਹਿਤ ਗਰਲਤਾ, ਭਾਵ ਵਿਹੁ, ਜ਼ਹਿਰ ਦੇ ਸਹਿਤ ਹੋਵੇ ਅਤੇ ਬਹੁਤਾ ਖਾਰਾ ਵੀ ਹੋਵੇ, **ਵਾ:** ਜ਼ਹਿਰ ਦੇ ਸਹਿਤ ਹੋਣ ਕਰਕੇ ਬਹੁਤਾ ਖਾਰਾ ਹੋਵੇ, ਅਥਵਾ ਸੰਸਾਰ ਰੂਪ ਸਮੁੰਦਰ ਵਿਸ਼ਿਆਂ ਰੂਪ ਜ਼ਹਿਰ ਦੇ ਸਹਿਤ ਹੋਵੇ ਅਤੇ ਉਸ ਵਿੱਚ ਦੁਖਾਂ ਰੂਪੀ ਬਹੁਤਾ ਖਾਰਾ ਪਣ ਹੋਵੇ, ਭਾਵ ਅਨੇਕਾਂ ਦੁਖ ਪ੍ਰਾਪਤ ਹੋਣ ਤਾਂ ਵੀ ਗੁਰੂ ਦਾ ਸਿੱਖ ਉਸਨੂੰ ਲੰਘ ਕੇ ਗੁਰੂ ਦੇ ਪਾਸ ਜਾਈ=ਜਾਂਦਾ ਹੈ, **ਵਾ:** ਜਾਈ=ਜਾਣਾ ਕਰੇ॥੧੪॥

## ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ; ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥

ਜਿਸ ਤਰ੍ਹਾਂ ਪ੍ਰਾਣੀ=ਪ੍ਰਾਣਾਂ ਧਾਰੀ ਜੀਵ ਜਲ=ਪਾਣੀ ਤੋਂ ਬਿਨਾਂ ਮਰ ਜਾਂਦਾ ਹੈ, ਇਸੇ ਤਰ੍ਹਾਂ ਸਿੱਖ ਗੁਰੂ ਦੇ ਦਰਸ਼ਨਾਂ ਤੋਂ ਬਿਨਾਂ ਮਰ ਜਾਈ=ਜਾਂਦਾ ਹੈ॥੧੫॥

## ਜਿਉ ਧਰਤੀ ਸੋਭ ਕਰੇ, ਜਲੁ ਬਰਸੈ; ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥

ਜਿਉ=ਜਿਸ ਤਰ੍ਹਾਂ ਜਲ ਵਰਸਣ ਨਾਲ, ਭਾਵ ਮੀਂਹ ਪੈਣ ਨਾਲ ਧਰਤੀ ਸੋਭਾ, ਭਾਵ ਸੁੰਦਰਤਾ ਨੂੰ ਪ੍ਰਾਪਤ ਕਰਦੀ ਹੈ, ਤਿਉ=ਇਸੇ ਤਰ੍ਹਾਂ ਸਿੱਖ ਗੁਰੂ ਨੂੰ ਮਿਲ ਕੇ ਬਿਗਸਾਈ=ਪ੍ਰਸੰਨ ਹੁੰਦਾ ਹੈ, ਕਿਉਂਕਿ ਗੁਰੂ ਦੇ ਉਪਦੇਸ਼ ਰੂਪ ਜਲ ਨਾਲ ਸਿੱਖ ਦੀ ਬੁੱਧੀ ਰੂਪ ਧਰਤੀ ਸੁਭ ਗੁਣਾਂ ਦੀ ਸੁੰਦਰਤਾ ਨੂੰ ਪ੍ਰਾਪਤ ਕਰਦੀ ਹੈ॥੧੬॥

### ਸੇਵਕ ਕਾ ਹੋਇ ਸੇਵਕੁ ਵਰਤਾ; ਕਰਿ ਕਰਿ ਬਿਨਉ ਬੁਲਾਈ ॥੧੭॥

ਹੇ ਪ੍ਰਭੂ ! ਇਹ ਕਿਰਪਾ ਕਰ ਕਿ ਮੈਂ ਗੁਰੂ ਦੇ ਸੇਵਕ ਦਾ ਸੇਵਕ ਹੋ ਕੇ ਵਰਤਾ=ਚਲਾਂ ਅਤੇ ਬਿਨਉ=ਬੇਨਤੀ ਕਰ ਕਰ ਕੇ ਬੁਲਾਵਾਂ ॥੧੭॥

### ਨਾਨਕ ਕੀ ਬੇਨੰਤੀ ਹਰਿ ਪਹਿ; ਗੁਰ ਮਿਲਿ ਗੁਰ ਸੁਖੁ ਪਾਈ ॥੧੮॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਹਰਿ=ਪ੍ਰਮੇਸ਼ਰ ! ਆਪ ਜੀ ਦੇ ਪਾਸ ਮੈਂ ਦਾਸ ਦੀ ਏਹੋ ਬੇਨਤੀ ਹੈ ਕਿ ਮੈਂ ਪੂਰਨ ਗੁਰਾਂ ਨਾਲ ਮਿਲ ਕੇ ਗੁਰ=ਵੱਡੇ ਆਤਮਿਕ ਸੁਖ ਨੂੰ ਪਾਉਣਾ ਕਰਾਂ ॥੧੮॥

### ਤੂ ਆਪੇ ਗੁਰੁ, ਚੇਲਾ ਹੈ ਆਪੇ; ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥

ਹੇ ਪ੍ਰਮੇਸ਼ਰ ! ਤੂੰ ਆਪ ਹੀ ਗੁਰੂ ਰੂਪ ਹੈਂ ਅਤੇ ਆਪ ਹੀ ਚੇਲਾ=ਜਗਿਆਸੂ ਰੂਪ ਹੈਂ। ਮੈਂ ਗੁਰੂ ਨੂੰ ਵਿਚੁ=ਵਿਚੋਲਾ ਦੇ ਕੇ ਤੁਝਹਿ=ਆਪ ਜੀ ਨੂੰ ਧਿਆਉਂਦਾ ਹਾਂ। **ਵਾ:** ਆਪ ਹੀ ਗੁਰੂ=ਪ੍ਰਬੁਧ ਚੇਤਨ ਹੈਂ ਤੇ ਆਪ ਹੀ ਚੇਲਾ=ਅਪ੍ਰਬੁਧ ਚੇਤਨ ਹੈਂ ॥੧੯॥

### ਜੋ ਤੁਧੁ ਸੇਵਹਿ, ਸੋ ਤੂਹੈ ਹੋਵਹਿ; ਤੁਧੁ ਸੇਵਕ ਪੈਜ ਰਖਾਈ ॥੨੦॥

ਜੋ ਤੁਧੁ=ਆਪ ਜੀ ਨੂੰ ਸੇਵਹਿ=ਸਿਮਰਦੇ ਹਨ, ਉਹ ਤੇਰਾ ਸਰੂਪ ਹੋ ਜਾਂਦੇ ਹਨ, **ਵਾ:** ਤੂੰ ਉਨ੍ਹਾਂ 'ਤੇ ਪ੍ਰਸੰਨ ਹੁੰਦਾ ਹੈਂ, ਤੁਸੀਂ ਆਪਣੇ ਸੇਵਕਾਂ ਦੀ ਆਪ ਹੀ ਲੋਕ ਪ੍ਰਲੋਕ ਵਿੱਚ ਪੈਜ=ਇੱਜ਼ਤ ਰੱਖੀ ਹੈ ॥੨੦॥

### ਭੰਡਾਰ ਭਰੇ ਭਗਤੀ ਹਰਿ ਤੇਰੇ; ਜਿਸੁ ਭਾਵੈ ਤਿਸੁ ਦੇਵਾਈ ॥੨੧॥

ਹੇ ਹਰਿ=ਪ੍ਰਮੇਸ਼ਰ ! ਤੇਰੇ ਸੰਤਾਂ ਕੋਲ ਭਗਤੀ ਦੇ ਭੰਡਾਰੇ ਭਰੇ ਹੋਏ ਹਨ, ਜਿਸ ਨੂੰ ਤੂੰ ਭਾਵੈ=ਚਾਹੁੰਦਾ ਹੈਂ, ਉਸ ਨੂੰ ਤੂੰ ਸੰਤਾਂ ਪਾਸੋਂ ਦੇਵਾਈ=ਦਿਵਾ ਦਿੰਦਾ ਹੈਂ ॥੨੧॥

### ਜਿਸੁ ਤੂੰ ਦੇਹਿ ਸੋਈ ਜਨੁ ਪਾਏ; ਹੋਰ ਨਿਹਫਲ ਸਭ ਚਤੁਰਾਈ ॥੨੨॥

ਹੇ ਪ੍ਰਮੇਸ਼ਰ ! ਜਿਸ ਨੂੰ ਤੂੰ ਨਾਮ ਦੀ ਦਾਤ ਦਿੰਦਾ ਹੈਂ, ਉਹੀ ਪੁਰਸ਼ ਨਾਮ ਨੂੰ ਪਾਏ=ਪ੍ਰਾਪਤ ਕਰਦਾ ਹੈ, ਹੋਰ ਸਭ=ਸਾਰੀਆਂ ਚਤੁਰਾਈ=ਸਿਆਣਪਾਂ ਨਿਹਫਲ=ਬਿਅਰਥ ਹਨ ॥੨੨॥

### ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ; ਸੋਇਆ ਮਨੁ ਜਾਗਾਈ ॥੨੩॥

ਹੇ ਪ੍ਰਮੇਸ਼ਰ ! ਤੇਰੇ ਨਾਮ ਨੂੰ ਆਪਣੇ ਗੁਰੂ ਦੁਆਰਾ ਮਨ, ਬਾਣੀ, ਸਰੀਰ ਦੁਆਰਾ ਸਿਮਰ-ਸਿਮਰ ਕੇ ਮੋਹ ਦੀ ਨੀਂਦ ਵਿੱਚ ਸੁੱਤੇ ਹੋਏ, **ਵਾ:** ਅਗਿਆਨ ਦੀ ਨੀਂਦ ਵਿੱਚ ਸੁੱਤੇ ਮਨ ਨੂੰ ਗਿਆਨ ਰੂਪ ਅਵਸਥਾ ਵਿੱਚ ਜਗਾਉਂਦਾ ਹਾਂ ॥੨੩॥

### ਇਕੁ ਦਾਨੁ ਮੰਗੈ ਨਾਨਕੁ ਵੇਚਾਰਾ; ਹਰਿ ਦਾਸਨਿ ਦਾਸੁ ਕਰਾਈ ॥੨੪॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਹਰਿ=ਪ੍ਰਮੇਸ਼ਰ ! ਮੈਂ ਵਿਚਾਰਾ ਆਪ ਜੀ ਤੋਂ ਇੱਕ ਇਹੀ ਦਾਨ ਮੰਗਦਾ ਹਾਂ ਕਿ ਜੋ ਤੇਰੇ ਦਾਸ ਹਨ, ਮੈਨੂੰ ਉਨ੍ਹਾਂ ਦਾ ਵੀ ਦਾਸ ਕਰਨਾ ਕਰ ॥੨੪॥

### ਜੇ ਗੁਰੁ ਝਿੜਕੇ ਤ ਮੀਠਾ ਲਾਗੈ; ਜੇ ਬਖਸੇ ਤ ਗੁਰ ਵਡਿਆਈ ॥੨੫॥

ਕਿਸੇ ਕੰਮ ਦੇ ਵਿਗੜ ਜਾਣ ਕਰਕੇ ਜੇ ਗੁਰੂ ਝਿੜਕੇ=ਤਾੜਨਾ ਕਰੇ ਤਾਂ ਉਨ੍ਹਾਂ ਦਾ ਬਚਨ ਮੈਨੂੰ ਮੀਠਾ=ਪਿਆਰਾ ਲੱਗੇ, ਜੇਕਰ ਸਤਿਗੁਰੂ ਜੀ ਉਸ ਗੁਨਾਹ ਨੂੰ ਬਖ਼ਸ਼ ਦੇਣ ਤਾਂ ਇਹ ਗੁਰੂ ਦੀ ਆਪਣੀ ਹੀ ਵਡਿਆਈ ਹੈ ॥੨੫॥

## ਗੁਰਮੁਖਿ ਬੋਲਹਿ, ਸੋ ਥਾਇ ਪਾਏ; ਮਨਮੁਖਿ ਕਿਛੁ ਥਾਇ ਨ ਪਾਈ ॥੨੬॥

ਜੋ ਵੀ ਗੁਰਮੁਖਿ ਆਪਣੇ ਮੁਖ ਤੋਂ ਬੋਲਦੇ ਹਨ। ਸੋ ਉਨ੍ਹਾਂ ਦਾ ਬੋਲਣਾ ਪ੍ਰਮਾਤਮਾ ਥਾਂ ਪਾਉਂਦਾ ਹੈ, ਭਾਵ ਸਫਲ ਕਰਦਾ ਹੈ, ਪਰ ਮਨਮੁਖਾਂ ਦਾ ਬੋਲਿਆ ਹੋਇਆ ਬਚਨ ਕੁਝ ਥਾਂ ਨਹੀਂ ਪਾਉਂਦਾ, ਭਾਵ ਸਫਲ ਨਹੀਂ ਕਰਦਾ ॥੨੬॥

## ਪਾਲਾ ਕਕਰੁ ਵਰਫ ਵਰਸੈ; ਗੁਰਸਿਖੁ ਗੁਰ ਦੇਖਣ ਜਾਈ ॥੨੭॥

**ਪਹਿਲਾ ਅਰਥ**—ਭਾਵੇਂ ਪਾਲਾ=ਸਮਾਨ ਠੰਢ ਹੋਵੇ, ਭਾਵੇਂ ਕੱਕਰ ਪੈਂਦਾ ਹੋਵੇ, ਭਾਵ ਬਹੁਤੀ ਠੰਢ ਹੋਵੇ, ਭਾਵੇਂ ਵਰਫ=ਗੜੇ ਵਰਸਦੇ ਹੋਣ ਤਾਂ ਵੀ ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨ ਨੂੰ ਦੇਖਣ, ਭਾਵ ਦਰਸ਼ਨ ਕਰਨ ਲਈ ਜਾਂਦਾ ਹੈ। **ਦੂਜਾ ਅਰਥ**—ਪਾਪ ਰੂਪ ਪਾਲਾ, ਕਠੋਰਤਾ ਰੂਪ ਕੱਕਰ, ਵਾਸ਼ਨਾ ਰੂਪ ਬਰਫ਼, **ਵਾ**: ਜੜ੍ਹਤਾ ਦੀ ਬਰਫ਼ ਇਤਿਆਦਿਕ ਅਸ਼ੁਭ ਗੁਣ ਭੀ ਹੋਣ ਤਾਂ ਭੀ ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨ ਕਰਨ ਜਾਂਦਾ ਹੈ ॥੨੭॥

## ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ; ਵਿਚਿ ਅਖੀ ਗੁਰ ਪੈਰ ਧਰਾਈ ॥੨੮॥

ਹੇ ਪ੍ਰਮਾਤਮਾ! ਮੈਨੂੰ ਅਜਿਹੀ ਸ਼ਰਧਾ ਦੇਣੀ ਕਰ ਕਿ ਮੈਂ ਸਾਰਾ ਦਿਨ ਅਤੇ ਸਾਰੀ ਰਾਤ ਆਪਣੇ ਗੁਰੂ ਦਾ ਦੇਖਉ=ਦਰਸ਼ਨ ਕਰਦਾ ਰਹਾਂ। ਜੇ ਗੁਰੂ ਜੀ ਕਿਤੇ ਯਾਤਰਾ ਕਰਨ ਤਾਂ ਆਪਣੀਆਂ ਅੱਖਾਂ ਵਿੱਚ ਗੁਰੂ ਦੇ ਚਰਨ ਧਾਰਨ ਕਰਾਂ, ਭਾਵ ਚਰਨਾਂ ਦਾ ਦਰਸ਼ਨ ਕਰਦਾ ਹੋਇਆ ਨਾਲ ਹੀ ਚੱਲਾਂ ॥੨੮॥

## ਅਨੇਕ ਉਪਾਵ ਕਰੀ, ਗੁਰ ਕਾਰਣਿ; ਗੁਰ ਭਾਵੈ ਸੋ ਥਾਇ ਪਾਈ ॥੨੯॥

ਗੁਰੂ ਨੂੰ ਪ੍ਰਸੰਨ ਕਰਨ ਵਾਸਤੇ ਮੈਂ ਅਨੇਕਾਂ ਉਪਾਵ ਜਤਨ ਕਰਦਾ ਹਾਂ, ਪਰ ਜਿਹੜਾ ਜਤਨ ਗੁਰੂ ਨੂੰ ਭਾਉਂਦਾ ਹੈ, ਉਹੀ ਥਾਂ ਪਾਉਂਦਾ ਹੈ, ਭਾਵ ਸਫਲ ਕਰਦਾ ਹੈ ॥੨੯॥

## ਰੈਣਿ ਦਿਨਸੁ ਗੁਰ ਚਰਣ ਅਰਾਧੀ; ਦਇਆ ਕਰਹੁ ਮੇਰੇ ਸਾਈ ॥੩੦॥

ਹੇ ਮੇਰੇ ਸਾਈ=ਮਾਲਕ ਪ੍ਰਭੂ! ਮੇਰੇ ਉੱਤੇ ਅਜਿਹੀ ਕਿਰਪਾ ਦ੍ਰਿਸ਼ਟੀ ਕਰੋ, ਜੋ ਮੈਂ ਰਾਤ ਦਿਨ ਗੁਰੂ ਦੇ ਚਰਨਾਂ ਵਿੱਚ ਆਰਾਧਨਾ ਕਰਦਾ ਰਹਾਂ ॥੩੦॥

## ਨਾਨਕ ਕਾ ਜੀਉ ਪਿੰਡੁ ਗੁਰੂ ਹੈ; ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮੈਂ ਦਾਸ ਦਾ ਜੀਉ=ਜੀਵ ਆਤਮਾ ਅਤੇ ਪਿੰਡੁ=ਸਰੀਰ ਸਭ ਕੁਝ ਗੁਰੂ ਦਾ ਹੀ ਹੈ, ਮੈਂ ਗੁਰੂ ਨੂੰ ਮਿਲ ਕੇ ਤ੍ਰਿਪਤ ਹੋ ਕੇ ਰੱਜ ਗਿਆ ਹਾਂ ॥੩੧॥

## ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ; ਜਤ ਕਤ ਤਤ ਗੋਸਾਈ ॥੩੨॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਦਾਸ ਦਾ ਪ੍ਰਭੁ=ਮਾਲਕ ਪ੍ਰਮੇਸ਼ਰ ਹਰ ਥਾਂ 'ਤੇ ਪੂਰਨ ਹੋ ਰਿਹਾ ਹੈ ਜਤ ਕਤ=ਜਿਥੇ ਕਿਥੇ ਵੇਖਦਾ ਹਾਂ ਤਤ=ਉਥੇ ਹੀ ਗੋਸਾਈ=ਪ੍ਰਮਾਤਮਾ ਦਿਸਦਾ ਹੈ ॥੩੨॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੧ [ਆਦਿ ਅੰਗ ੭੬੦]

***ਰਾਗੁ ਸੂਹੀ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥ ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥੧॥ਰਹਾਉ॥ ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥੨॥ ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥੩॥ ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥੪॥ ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥੫॥ ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥੬॥ ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥ ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥***

## *ਰਾਗੁ ਸੂਹੀ ਮਹਲਾ ੫, ਘਰੁ ੩; ੴ ਸਤਿਗੁਰ ਪ੍ਰਸਾਦਿ ॥*

ਇਹ ਅੰਮ੍ਰਿਤ ਬਚਨ ਸ਼ਾਂਤੀ ਦੇ ਸਮੁੰਦਰ, ਤੱਤੀਆਂ ਤਵੀਆਂ 'ਤੇ ਬਹਿ ਕੇ ਸ਼ਾਂਤ ਰਹਿਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਦੇ ਤੀਸਰੇ ਸੁਰਤਾਲ ਵਿੱਚ ਉਚਾਰਨ ਕੀਤਾ ਹੋਇਆ ਸੂਹੀ ਰਾਗਨੀ ਵਿੱਚ ਅੰਕਿਤ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ :—੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਪ੍ਰਮੇਸ਼ਰ ਦੇ ਸਨਮੁਖ ਜਗਿਆਸੂ ਮੁਖ ਦੁਆਰਾ ਬੇਨਤੀ ਕਰਦੇ ਹੋਏ ਅੰਮ੍ਰਿਤ ਬਾਣੀ ਦਾ ਉਪਦੇਸ਼ ਬਖ਼ਸ਼ਿਸ ਕਰਦੇ ਹਨ।

### *ਮਿਥਨ ਮੋਹ; ਅਗਨਿ ਸੋਕ ਸਾਗਰ ॥*
### *ਕਰਿ ਕਿਰਪਾ; ਉਧਰੁ ਹਰਿ ਨਾਗਰ ॥੧॥*

ਜੋ ਮਿਥਨ=ਮਿਥਿਆ ਪਦਾਰਥਾਂ ਦਾ ਮੋਹ ਹੈ, ਇਹ ਅਗਨੀ ਵਤ ਸਾੜਨੇ ਵਾਲਾ ਹੈ ਅਤੇ ਜਦੋਂ ਅੰਤ ਨੂੰ ਪਦਾਰਥਾਂ ਦੇ ਵਿਛੋੜੇ ਕਰਕੇ ਸ਼ੋਕ ਹੋ ਜਾਂਦਾ ਹੈ, ਤਾਂ ਇਹ ਸ਼ੋਕ ਸਾਗਰ=ਸਮੁੰਦਰ ਵਤ ਹੈ, ਜੀਵ ਇਸ ਵਿੱਚ ਗਰਕ ਹੋ ਜਾਂਦਾ ਹੈ, **ਵਾ:** ਮਿਥਿਆ ਪਦਾਰਥਾਂ ਦਾ ਮੋਹ, ਤ੍ਰਿਸ਼ਨਾਂ ਰੂਪ ਅੱਗ ਅਤੇ ਚਿੰਤਾ ਦਾ ਸ਼ੋਕ ਸਾਗਰ=ਸਮੁੰਦਰ ਜੋ ਸੰਸਾਰ ਹੈ। ਹੇ ਨਾਗਰ=ਉਤਮ, ਸ੍ਰੇਸ਼ਟ, ਸੁੰਦਰ ਹਰਿ=ਪ੍ਰਮੇਸ਼ਰ ! ਆਪ ਕਿਰਪਾ ਕਰਕੇ ਮੈਨੂੰ ਇਸ ਸੰਸਾਰ ਸਮੁੰਦਰ ਤੋਂ ਉਧਰੁ=ਤਾਰਨਾ ਕਰੋ ॥੧॥

ਉਪਰੋਕਤ ਪੰਗਤੀ ਵਿੱਚ ਸੰਸਾਰ ਦੇ ਪਦਾਰਥਾਂ ਦਾ ਮੋਹ ਜੋ ਮਿਥਿਆ ਹੈ, ਜਿਸ ਵਿੱਚ ਤ੍ਰਿਸ਼ਨਾ ਰੂਪ ਅਗਨੀ ਹੈ, ਭਾਵ ਪਦਾਰਥਾਂ ਵਿੱਚ ਅਤ੍ਰਿਪਤੀ, ਸੰਤੁਸ਼ਟਤਾ ਨਾ ਹੋਣੀ, ਇਹ ਅਗਨੀ ਦੁਨੀਆ ਨੂੰ ਸਾੜ ਰਹੀ ਹੈ। ਜਿਸ ਦਾ ਜ਼ਿਕਰ ਬਾਬਾ ਫ਼ਰੀਦ ਸਾਹਿਬ ਵੀ ਆਪਣੀ ਬਾਣੀ ਵਿੱਚ ਕਥਨ ਕਰਦੇ ਹਨ। ਜੈਸਾ ਕਿ :

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥**
**ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥** [ਸਲੋਕ ਫਰੀਦ ਜੀ, ਅੰਗ ੧੩੭੮]

ਇਹ ਸੰਸਾਰ ਨੂੰ ਸਤਿਗੁਰੂ ਜੀ ਨੇ ਅਗਨ ਸਾਗਰ ਦੀ ਤੁਲਨਾ ਦਿੰਦਿਆਂ ਉਚਾਰਨ ਕੀਤਾ ਹੈ। ਜੈਸਾ ਕਿ :

**ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥** [ਸੋਰਠਿ ਮਹਲਾ ੫, ਅੰਗ ੬੧੩]

ਇਸ ਦੇ ਬਚਾਅ ਲਈ ਸਤਿਗੁਰੂ ਜੀ ਅਨੇਕਾਂ ਥਾਵਾਂ 'ਤੇ ਗੁਰਬਾਣੀ ਵਿੱਚ ਕਥਨ ਕਰਦੇ ਹਨ। ਜੈਸਾ ਕਿ :

**੧. ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥**
[ਗਉੜੀ ਮਹਲਾ ੫, ਅੰਗ ੨੮੮]

**੨. ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥** [ਵਾਰ ਮਲਾਰ ਮਃ ੧, ਅੰਗ ੧੨੯੧]

ਇਨ੍ਹਾਂ ਮਿਥਿਆ ਪਦਾਰਥਾਂ ਦੇ ਮੋਹ ਵਿੱਚ ਲੱਗ ਕੇ ਸੰਸਾਰ ਸਮੁੰਦਰ ਵਿੱਚ ਰੁੜ੍ਹੀ ਜਾਂਦੀ ਉਮਰ ਤੇ ਜੀਵ ਕਦੇ ਦ੍ਰਿਸ਼ਟੀ ਨਹੀਂ ਧਾਰਦਾ। ਜੈਸਾ ਕਿ :

**੧. ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ॥ ਮਿਥਿਆ ਮੋਹ ਬੰਧਹਿ ਨਿਤ ਪਾਰਚ॥**
[ਸੂਹੀ ਮਹਲਾ ੫, ਅੰਗ ੭੪੩]

**੨. ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ॥**
**ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ॥** [ਸੂਹੀ ਮਹਲਾ ੫, ਅੰਗ ੭੭੭]

ਇਸ ਸੰਸਾਰ ਦੇ ਮਿਥਿਆ ਪਦਾਰਥਾਂ ਨੂੰ ਇਹ ਮੂਰਖ ਅਗਿਆਨੀ ਜੀਵ ਸਤਿ ਕਰਕੇ ਮੰਨਦਾ ਹੈ ਤੇ ਇਸੇ ਕਰਕੇ ਇਨ੍ਹਾਂ ਪਦਾਰਥਾਂ ਵਿੱਚ ਪ੍ਰੇਮ ਲਾਇਆ ਹੋਇਆ ਹੈ। ਜੈਸਾ ਕਿ :

**ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤ ਲਾਇਓ ਸਠ ਮੂੜ ਅਗਿਆਨੀ॥**
[ਮਾਰੂ ਮਹਲਾ ੫, ਅੰਗ ੧੦੦੪]

## *ਚਰਣ ਕਮਲ; ਸਰਣਾਇ ਨਰਾਇਣ॥*

ਹੇ ਨਰਾਇਣ=ਨਰਾਂ-ਨਰਾਂ ਦੇ ਵਿੱਚ ਆਉਣ ਵਾਲੇ, **ਵਾ:** ਜਿਸ ਵਿੱਚ (ਨਾ+ਰਾਇਣ) ਅਵਿੱਦਿਆ ਰੂਪ ਰਾਇਣ=ਰਾਤ ਨ=ਨਹੀਂ, ਮੈਂ ਆਪ ਜੀ ਦੇ ਚਰਨ ਜੋ ਕਮਲਾਂ ਤੋਂ ਨਾਲੋਂ ਕੋਮਲ ਅਤੇ ਸੁੰਦਰ ਹਨ, ਮੈਂ ਐਸੇ ਚਰਨਾਂ ਦੀ ਸਰਣਾਇ=ਸ਼ਰਨ ਵਿੱਚ ਆਇਆ ਹਾਂ। ਗੁਰਬਾਣੀ ਵਿੱਚ ਜਿਥੇ ਵੀ ਗੁਰੂ ਜਾਂ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਦਾ ਪ੍ਰਮਾਣ ਆਇਆ ਹੈ, ਜਿਥੇ ਵੀ ਚਰਨਾਂ ਨੂੰ ਕਮਲਾਂ ਦੀ ਉਪਮਾ ਦਿੱਤੀ ਹੈ, ਉਸਦਾ ਸਪੱਸ਼ਟ ਭਾਵ ਇਹ ਹੈ ਕਿ ਜੋ ਕਮਲ ਵਿੱਚ ਗੁਣ ਦਿਸ ਰਹੇ ਹਨ, ਉਨ੍ਹਾਂ ਪ੍ਰਤੱਖ ਗੁਣਾਂ ਦੇ ਅੰਤਰੀਵ ਭਾਵ ਵਿੱਚ ਸਮਾਨਤਾ ਦਿਖਾਈ ਹੈ। ਜਿਵੇਂ ਕਮਲ ਵਿੱਚ ਨਿਰਲੇਪਤਾ ਦਾ ਗੁਣ ਹੈ। ਜੈਸਾ ਕਿ :

**ਜੈਸੇ ਜਲ ਮਹਿ ਕਮਲ ਅਲੇਪ॥** [ਗਉੜੀ ਸੁਖਮਨੀ ਮਃ ੫, ਅੰਗ ੨੭੨]

ਗੁਰਬਾਣੀ ਵਿੱਚ ਕਮਲ ਦਾ ਇਹ ਪ੍ਰਤੱਖ ਗੁਣ ਮੰਨਿਆ ਹੈ ਕਿ ਉਹ ਪਾਣੀ ਵਿੱਚ ਲਿਪਾਇਮਾਨ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰੂ ਜੀ ਸੰਸਾਰ ਦੇ ਪਦਾਰਥਾਂ ਵਿੱਚ ਨਿਰਲੇਪ ਹਨ, ਕਮਲ ਵਿੱਚ ਕੋਮਲਤਾ ਦਾ ਗੁਣ ਹੈ। ਸਤਿਗੁਰਾਂ ਦੇ ਚਰਨਾਂ ਦਾ ਪਿਆਰ ਹਿਰਦੇ ਵਿੱਚ ਕੋਮਲਤਾ ਪ੍ਰਗਟ ਕਰਦਾ ਹੈ। ਕਮਲ ਵਿੱਚ ਸੁਗੰਧੀ ਦਾ ਗੁਣ ਹੈ, ਸਤਿਗੁਰੂ ਦੇ ਚਰਨਾਂ ਵਿੱਚ ਸ਼ਾਂਤੀ ਰੂਪ ਸੁਗੰਧੀ ਹੈ। ਸਿੱਖ ਰੂਪ ਭੌਰਾ ਉਸ ਸ਼ਾਂਤੀ ਦਾ ਅਨੰਦ ਮਾਣਦਾ ਹੈ। ਜੈਸਾ ਕਿ :

**੧. ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ॥੧॥ਰਹਾਉ॥**
[ਕਲਿਆਨ ਮਹਲਾ ੫, ਅੰਗ ੧੩੨੧]

**੨. ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
[ਧਨਾਸਰੀ ਮਹਲਾ ੧, ਅੰਗ ੧੩]

**੩. ਤੁਮਹੀ ਕਾਰਨ ਕਰਨ॥ ਚਰਨ ਕਮਲ ਹਰਿ ਸਰਨ॥** [ਰਾਮਕਲੀ ਮਹਲਾ ੫, ਅੰਗ ੮੯੬]

**੪. ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ॥** [ਬਿਲਾਵਲ ਮਹਲਾ ੫, ਅੰਗ ੮੨੫]

## ਦੀਨਾ ਨਾਥ; ਭਗਤ ਪਰਾਇਣ ॥੧॥ਰਹਾਉ॥

ਹੇ ਪ੍ਰਮੇਸ਼ਰ ! ਆਪ ਜੀ ਦੀਨਾ=ਗ਼ਰੀਬਾਂ ਦੇ ਨਾਥ=ਸੁਆਮੀ ਹੋ ਅਤੇ ਭਗਤਾਂ ਦੇ ਪਰਾਇਣ=ਆਸਰਾ ਰੂਪ ਹੋ, ਵਾ—ਭਗਤ ਆਪ ਜੀ ਵਿੱਚ ਪਰਾਇਣ=ਤਤਪਰ ਹਨ ॥੧॥ਰਹਾਉ॥ ਜੈਸਾ ਕਿ :

**੧. ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥**

[ਗਉੜੀ ਮਹਲਾ ੧, ਅੰਗ ੧੫੪]

**੨. ਦੀਨਾ ਨਾਥ ਅਨਾਥ ਕਰੁਣਾਮੈ ਸਾਜਨ ਮੀਤ ਪਿਤਾ ਮਹਤਰੀਆ ॥**

[ਗਉੜੀ ਮਹਲਾ ੫, ਅੰਗ ੨੦੩]

**੩. ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥**

[ਬਿਲਾਵਲ ਮਹਲਾ ੫, ਅੰਗ ੮੩੮]

## ਅਨਾਥਾ ਨਾਥ; ਭਗਤ ਭੈ ਮੇਟਨ ॥

ਹੇ ਪ੍ਰਮੇਸ਼ਰ ! ਆਪ ਅਨਾਥਾ=ਯਤੀਮਾਂ ਦੇ ਨਾਥ=ਸੁਆਮੀ, ਮਾਲਕ ਹੋ ਅਤੇ ਭਗਤਾਂ ਦੇ ਭੈ=ਡਰ ਨੂੰ ਮੇਟਨ=ਦੂਰ ਕਰਨ ਵਾਲੇ ਹੋ। ਜੈਸਾ ਕਿ :

**੧. ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ ॥**

[ਸਾਰਗ ਮਹਲਾ ੫, ਅੰਗ ੧੨੧੯]

**੨. ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭਵ ਖੰਡਨੋ ॥** [ਰਾਮਕਲੀ ਮਹਲਾ ੫, ਅੰਗ ੯੨੫]

ਇਹ ਉਪਰਲੀ ਤੁਕ ਦੇ ਪ੍ਰਮਾਣ ਇਸ ਸਿਧਾਂਤ ਦੀ ਪੁਸ਼ਟੀ ਲਈ ਹਨ ਕਿ ਪ੍ਰਮੇਸ਼ਰ ਅਨਾਥ, ਯਤੀਮ, ਗ਼ਰੀਬਾਂ ਦਾ ਸਹਾਇਕ ਹੈ ਅਤੇ ਉਨ੍ਹਾਂ ਦੇ ਭੈ ਨੂੰ ਮੇਟਣ ਵਾਲਾ ਹੈ। ਜੇ ਇਨ੍ਹਾਂ 'ਤੇ ਸਾਖੀ ਪ੍ਰਮਾਣ ਦਿੱਤੇ ਜਾਣ ਤਾਂ ਅਨੇਕਾਂ ਸਾਖੀਆਂ ਸਤਿਜੁਗ ਤੋਂ ਲੈ ਕੇ ਕਲਿਜੁਗ ਤੱਕ ਤੇ ਪੁਰਾਤਨ ਧਰਮ ਸ਼ਾਸਤਰਾਂ ਵਿੱਚ ਅੰਕਿਤ ਹਨ। ਪ੍ਰਮੇਸ਼ਰ ਨੇ ਰਾਮ ਰੂਪ ਵਿੱਚ ਆ ਕੇ ਕਿੰਨ੍ਹੇ ਹੀ ਅਨਾਥਾਂ ਦਾ ਭੈ ਮੇਟਿਆ। ਜੋ ਸ਼ਰਨ ਵਿੱਚ ਆਏ ਜੈਸਾ ਕਿ ਬਾਲੀ ਦਾ ਭੈ ਧਾਰਨ ਕਰਕੇ, ਜੋ ਸੁਗਰੀਵ ਲੁਕ ਰਿਹਾ ਸੀ, ਸ਼ਰਨ ਆਏ ਸੁਗਰੀਵ ਦਾ ਭੈ ਦੂਰ ਕੀਤਾ। ਏਸੇ ਤਰ੍ਹਾਂ ਸ਼ਰਨ ਆਏ ਵਿਭੀਸ਼ਨ ਦਾ ਭੈ ਦੂਰ ਕੀਤਾ। ਰਾਮਾਇਣ ਵਿੱਚ ਐਸੇ ਸੈਂਕੜੇ ਪ੍ਰਮਾਣ ਹਨ ਤੇ ਦੁਆਪਰ ਵਿੱਚ ਕ੍ਰਿਸ਼ਨ ਰੂਪ ਹੋ ਕਰਕੇ ਸੈਂਕੜੇ ਅਨਾਥਾਂ ਦਾ ਭੈ ਦੂਰ ਕੀਤਾ। ਸੋਲਾਂ (੧੬) ਹਜ਼ਾਰ ਕੰਨਿਆਂ ਭੂਮਾਂ ਸੁਰ ਦੈਤ ਦੀ ਕੈਦ ਵਿੱਚੋਂ ਛੁਡਾਈਆਂ, ਜੋ ਰਾਤ-ਦਿਨ ਪ੍ਰਭੂ ਦੇ ਚਰਨਾਂ ਵਿੱਚ ਬੇਨਤੀਆਂ ਕਰਦੀਆਂ ਸਨ ਕਿ ਅਸੀਂ ਅਨਾਥ ਹਾਂ। ਫੇਰ ਕਲਿਜੁਗ ਦੇ ਵਿੱਚ ਦਸ ਸਰੂਪ ਧਾਰਨ ਕਰਕੇ ਪ੍ਰਮੇਸ਼ਰ ਨੇ ਕਿੰਨਿਆਂ ਦੇ ਭੈ ਦੂਰ ਕੀਤੇ। ਇਹ ਇੱਕ ਲੰਮੀ ਕਹਾਣੀ ਹੈ। ਜਿਸ ਦੇ ਸੈਂਕੜੇ ਨਹੀਂ, ਹਜ਼ਾਰਾਂ ਪ੍ਰਮਾਣ ਮਿਲ ਸਕਦੇ ਹਨ, ਬਲਕਿ ਗੁਰੂ ਸਾਹਿਬਾਨਾਂ ਤੋਂ ਬਾਅਦ ਗੁਰੂ ਪ੍ਰਮੇਸ਼ਰ ਵਾਲਾ ਕਰਤਵ ਖ਼ਾਲਸੇ ਨੇ ਭੀ ਨਿਭਾਈਆ। ਜੈਸਾ ਕਿ ਗਿਲਜ਼ੇ ਹਿੰਦੁਸਤਾਨ ਦੀਆਂ ੧੮ ਹਜ਼ਾਰ ਲੜਕੀਆਂ, ਜੋ ਗਜ਼ਨੀ ਨੂੰ ਲੈ ਕੇ ਜਾ ਰਹੇ ਸਨ। ਬੱਲੋ ਦੇ ਹੈੱਡ 'ਤੇ ਘੇਰ ਕੇ ੮ ਦਿਨ ਦੇ ਭੁੱਖਿਆਂ ਨੇ, ਉਨ੍ਹਾਂ ੧੮ ਹਜ਼ਾਰ ਕੰਨਿਆਂ, ਜੋ ਅਨਾਥਾਂ ਦੀ ਹਾਲਤ ਵਿੱਚ ਸਨ, ਉਨ੍ਹਾਂ ਤੋਂ ਛੁਡਾਅ ਕੇ ਘਰ-ਘਰ ਪੁਚਾਈਆਂ ਤੇ ਉਨ੍ਹਾਂ ਨੂੰ ਭੈ ਰਹਿਤ ਕੀਤਾ। ਕਿਉਂਕਿ ਉਨ੍ਹਾਂ ਨੇ ਪ੍ਰਮੇਸ਼ਰ ਦੇ ਚਰਨਾਂ ਵਿੱਚ ਅਰਦਾਸਾਂ, ਜੋਦੜੀਆਂ ਕੀਤੀਆਂ, ਜੋ ਪੂਰੀਆਂ ਹੋਣ 'ਤੇ ਪ੍ਰਮੇਸ਼ਰ ਨੇ ਖ਼ਾਲਸੇ ਦੁਆਰਾ ਉਨ੍ਹਾਂ ਦਾ ਭੈ ਦੂਰ ਕੀਤਾ। ਸੋ, ਏਸੇ ਤਰ੍ਹਾਂ ਇੱਕ ਸਾਖੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿੱਚ ਆਉਂਦੀ ਹੈ।

**ਸਾਖੀ ਨਿੱਕੀ ਬੱਚੀ ਤੇ ਬਿਰਧ ਬਾਬੇ ਦੀ, ਸਹਾਇਤਾ ਕੀਤੀ ਗੁਰੂ ਗੋਬਿੰਦ ਸਿੰਘ ਜੀ ਨੇ**—ਜਲੰਧਰ ਸ਼ਹਿਰ ਦਾ ਰਹਿਣ ਵਾਲਾ ਇੱਕ ਬੜਾ ਭਾਰੀ ਸੇਠ, ਜਿਸ ਦੇ ਘਰ ਪੰਜ ਪੁੱਤਰ ਪੈਦਾ ਹੋਏ। ਸਭ ਤੋਂ ਛੋਟੇ ਦਾ ਨਾਮ ਰਾਮਾ ਕਰਕੇ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿੱਚ ਜਾ ਕੇ ਅੰਮ੍ਰਿਤਧਾਰੀ ਸਿੰਘ ਸੱਜ ਕੇ ਰਾਮ ਸਿੰਘ ਬਣ ਗਿਆ। ਇਹ ਗ੍ਰਿਹਸਤੀ ਸਿੰਘ ਸੀ, ਇਸਦੇ ਘਰ ਇੱਕ ਬੇਟੀ ਨੇ ਜਨਮ ਲਿਆ, ਜੋ ਮਾਂ-ਪਿਉ ਨੇ ਜੰਮਦਿਆਂ

ਹੀ ਸਿੱਖੀ ਦੀਆਂ ਲੋਰੀਆਂ ਦੇ ਕੇ ਪਾਲੀ ਤੇ ਅਚਾਨਕ ਭਾਈ ਰਾਮ ਸਿੰਘ ਸਤਿਗੁਰੂ ਜੀ ਵੱਲੋਂ ਧਰਮ ਯੁੱਧ ਵਿੱਚ, ਅਨੰਦਪੁਰ ਸਾਹਿਬ ਦੇ ਵੱਡੇ ਜੁੱਧ ਤੋਂ ਪਹਿਲਾਂ ਜੋ ਛੋਟੇ ਜੁੱਧ ਹੋਏ ਸਨ, ਉਨ੍ਹਾਂ ਵਿੱਚ ਸ਼ਹੀਦੀ ਪਾ ਗਿਆ ਤੇ ਉਧਰ ਜਲੰਧਰ ਐਸਾ ਭਾਣਾ ਵਰਤਿਆ ਕਿ ਰਾਮ ਸਿੰਘ ਦਾ ਪਿਤਾ ਜੋ ਇੱਕ ਬੜਾ ਮਾਇਆਧਾਰੀ ਸੇਠ ਸੀ, ਜਿਸਨੂੰ ਭਾਈ ਰਾਮ ਸਿੰਘ ਦੇ ਕਹਿਣ 'ਤੇ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਦੀ ਕਦੇ ਵੀ ਭੁੱਖ ਨਾ ਜਾਗੀ, ਪਰ ਹੁਣ ਪੁੱਤਰ ਦੀ ਮੌਤ ਨੇ ਇਸ ਨੂੰ ਹਿਲੂਣਾ ਜਿਹਾ ਦਿੱਤਾ। ਕੁਝ ਸਮੇਂ ਬਾਅਦ ਇੱਕ ਅਜਿਹੀ ਬਿਮਾਰੀ ਪਈ, ਜਿਸ ਵਿੱਚ ਬਹੁਤ ਸਾਰੇ ਟੱਬਰਾਂ ਦੇ ਟੱਬਰ ਮਰ ਗਏ ਸਨ, ਜਿਸ ਨੂੰ ਮਹਾਂਮਰੀ ਕਿਹਾ ਜਾਂਦਾ ਹੈ। ਇਸ ਸੇਠ ਦੇ ਬਾਕੀ ਦੇ ਚਾਰ ਪੁੱਤਰ ਇਸ ਮਹਾਂਮਰੀ ਵਿੱਚ ਮਰ ਗਏ। ਤੇ ਸ਼ਰੀਕਾਂ ਨੇ ਜ਼ਮੀਨ ਜਾਇਦਾਦ ਨਿਤਾਣਾ ਜਾਣ ਕੇ ਦੱਬ ਲਈ। ਰੋ-ਰੋ ਕੇ ਅੱਖਾਂ ਦੀ ਜੋਤ ਗਵਾ ਬੈਠਾ। ਭਾਈ ਰਾਮ ਸਿੰਘ ਦੀ ਘਰਵਾਲੀ ਵੀ ਇਸ ਬੱਚੀ ਨੂੰ ਇਕੱਲਿਆਂ ਛੱਡ ਕੇ ਪ੍ਰਲੋਕ ਗਵਨ ਕਰ ਗਈ। ਐਡੇ ਵੱਡੇ ਪਰਿਵਾਰ ਵਿੱਚ ਦੋ ਜੀਅ ਰਹਿ ਗਏ—ਬਾਬਾ ਤੇ ਪੋਤਰੀ। ਅਖ਼ੀਰ ਮਨ ਬਣਾਇਆ ਕਿ ਹੁਣ ਬਾਕੀ ਦੀ ਜ਼ਿੰਦਗੀ ਅਨੰਦਪੁਰ ਵਾਲੇ ਗੁਰੂ ਦੇ ਚਰਨਾਂ ਵਿੱਚ ਬਤੀਤ ਕੀਤੀ ਜਾਏ। ਆਪਣੀ ਪੋਤਰੀ ਨੂੰ ਲੈ ਕੇ ਜਲੰਧਰ ਤੋਂ ਅਨੰਦਪੁਰ ਦੇ ਰਾਹੇ ਟੁਰਿਆ। ਸਹਿਜੇ-ਸਹਿਜੇ ਤੁਰੇ ਜਾ ਰਹੇ ਸਨ। ਇਹ ਨੇਤਰਹੀਣ ਬਜ਼ੁਰਗ ਦੀ ਡੰਗੋਰੀ ਉਸਦੀ ਪੋਤਰੀ ਭਾਈ ਰਾਮ ਸਿੰਘ ਦੀ ਪੁੱਤਰੀ, ਜੋ ਬਾਰਾਂ-ਤੇਰਾਂ ਵਰ੍ਹਿਆਂ ਦੀ ਸੀ, ਉਹਦੇ ਮੋਢੇ 'ਤੇ ਹੱਥ ਧਰ ਕੇ ਆਪਣਾ ਪੰਧ ਮੁਕਾਉਂਦਾ ਜਾ ਰਿਹਾ ਸੀ। ਅਚਾਨਕ ਡਿਸਕੋਰਿਆਂ ਦੇ ਨਾਲ ਰੋਣ ਲੱਗ ਪਿਆ। ਬੱਚੀ ਦੇ ਪੁੱਛਣ ਤੋਂ ਦੱਸਿਆ ਕਿ ਬੇਟੀ! ਪੁੱਤਰਾਂ ਦਾ ਮੋਹ ਬੜੀ ਬਲਾ ਹੈ, ਕਦੇ-ਕਦੇ ਆਣ ਚਿੰਬੜਦੀ ਹੈ। ਤੇਰੇ ਪਿਤਾ ਅਤੇ ਤੇਰੇ ਤਾਏ ਵਿੱਚੋਂ ਅੱਜ ਸੰਸਾਰ ਵਿੱਚ ਕੋਈ ਨਹੀਂ ਰਿਹਾ। ਮੇਰੇ ਖੋਟੇ ਕਰਮ, ਪਰ ਮਰਨ ਵਾਲੇ ਦਾ ਭਾਰ ਤੇਰੇ ਵੀ ਮੋਢਿਆਂ 'ਤੇ ਆ ਪਿਆ। ਉਸ ਸ਼ੇਰ ਬੱਚੀ ਨੇ ਸੁਣ ਕੇ ਕਿਹਾ ਕਿ ਬਾਬਾ ਜੀ! ਇਹੋ ਜਿਹੀ ਭਾਸ਼ਾ ਨੂੰ ਤਾਂ ਪਿਤਾ ਜੀ ਅਗਿਆਨ ਦੀ ਭਾਸ਼ਾ ਕਿਹਾ ਕਰਦੇ ਸਨ, ਜੋ ਸੰਸਾਰ ਦੇ ਮੋਹ ਵਿੱਚ ਰੋਣਾ ਹੈ। ਆਪਾਂ ਨੂੰ ਤਾਂ ਰਸਤੇ ਵਿੱਚ ਜਾਂਦਿਆਂ ਗੁਰੂ-ਗੁਰੂ ਕਰਨਾ ਚਾਹੀਦਾ ਹੈ ਤਾਂ ਕਿ ਸੁਆਸ ਸਫਲੇ ਹੋਣ। ਬੜੀ ਮੁਸ਼ਕਲ ਨਾਲ ਡੰਡੀਆਂ-ਪਗਡੰਡੀਆਂ ਤੁਰਦਿਆਂ ਸਰੀਰ ਥੱਕ ਗਏ ਅਤੇ ਸ਼ਾਮ ਦਾ ਵਕਤ ਹੋ ਗਿਆ। ਰਾਤ ਕੱਟਣ ਦਾ ਕੋਈ ਵਸੀਲਾ ਨਹੀਂ। ਅੱਗੇ ਇੱਕ ਨਾਲਾ ਆਇਆ। ਇੱਕ ਰਾਤ ਦਾ ਹਨੇਰਾ ਤੇ ਦੂਜਾ ਚੰਦਰਮਾ ਅਜੇ ਨਹੀਂ ਚੜ੍ਹਿਆ, ਆਕਾਸ਼ ਵਿੱਚ ਬੱਦਲ ਵਾਈ ਹੈ। ਕਦੇ-ਕਦੇ ਬਿਜਲੀ ਲਿਸ਼ਕਦੀ, ਜੋ ਕਿਤੇ-ਕਿਤੇ ਥੋੜ੍ਹਾ ਜਿਹਾ ਰਾਹ ਵਿਖਾਉਂਦੀ ਹੈ। ਜਦੋਂ ਬੱਚੀ ਨੇ ਬਾਬੇ ਨੂੰ ਨਾਲੇ ਬਾਰੇ ਦੱਸਿਆ ਤਾਂ ਬਾਬੇ ਨੇ ਕਿਹਾ ਕਿ ਬੇਟੀ! ਕਿਸੇ ਪੁਲ ਦੀ ਤਲਾਸ਼ ਕਰ ਤਾਂ ਕਿ ਨਾਲਾ ਪਾਰ ਕਰ ਸਕੀਏ। ਬਿਜਲੀ ਦੇ ਚਾਨਣੇ ਵਿੱਚ ਦੇਖ ਕੇ ਬੱਚੀ ਨੇ ਕਿਹਾ ਕਿ ਗੁਰੂ ਨੇ ਸਾਡੀ ਅਰਦਾਸ ਸੁਣ ਕੇ ਸਾਡੀ ਇਹ ਮਦਦ ਕੀਤੀ ਹੈ ਕਿ ਇੱਕ ਵੱਡਾ ਬਿਰਛ ਜੋ ਟੁੱਟ ਕੇ ਨਾਲੇ ਉੱਤੇ ਡਿਗਿਆ ਹੈ, ਇਹ ਸਾਡੇ ਪਾਰ ਹੋਣ ਵਾਸਤੇ ਗੁਰੂ ਨੇ ਪੁਲ ਬਣਾਇਆ ਹੈ। ਹੌਲੀ-ਹੌਲੀ ਬੈਠ-ਬੈਠ ਕੇ ਉਸ ਬਿਰਛ ਦੇ ਉੱਤੇ ਦੀ ਨਾਲੇ ਨੂੰ ਪਾਰ ਕੀਤਾ। ਬਾਬੇ ਨੇ ਇਸ ਬੱਚੀ ਨੂੰ ਕਿਹਾ ਕਿ ਬੇਟੀ! ਕਿਤੇ ਕੋਈ ਅੱਗ ਮਚਦੀ ਜਾਂ ਦੀਵੇ ਦੀ ਲੋਅ ਵੇਖ ਤਾਂ ਕਿ ਕਿਤੇ ਰਾਤ ਕੱਟਣ ਦੀ ਢੋਅ ਬਣ ਜਾਵੇ। ਇਹ ਥੱਕੇ-ਟੁੱਟੇ, ਭੁੱਖਣ ਭਾਣੇ ਇੱਕ ਅੱਗ ਦੀ ਸੇਧ ਤੁਰ ਪਏ, ਜਦੋਂ ਅੱਗ ਦੇ ਨੇੜੇ ਪਹੁੰਚੇ ਤਾਂ ਬਾਬੇ ਨੇ ਦੀਨ-ਮਨ ਹੋ ਕੇ ਕਿਹਾ ਕਿ ਭਾਈ ਰੱਬ ਦੇ ਬੰਦਿਓ! ਅੱਗ ਸੇਕ ਲਈਏ। ਅੱਗ ਦੇ ਦੁਆਲੇ ਬੈਠੇ ਪਠਾਨਾਂ ਨੇ ਕਿਹਾ ਕਿ ਹਾਂ-ਹਾਂ ਜ਼ਰੂਰ ਸੇਕੋ। ਦੋਵਾਂ ਨੇ ਅੱਗ ਸੇਕੀ ਤੇ ਭੁੱਖ ਦੇ ਦੁਖ ਨੂੰ ਦੂਰ ਕਰਨ ਲਈ ਸੁੱਕੀਆਂ ਰੋਟੀਆਂ ਸੇਕੀਆਂ ਤੇ ਸੁਆਹ ਝਾੜ ਕੇ ਖਾਧੀਆਂ। ਇਹ ਦਾਦਾ ਪੋਤੀ ਅਰਾਮ ਕਰਨ ਲਗੇ ਤੇ ਪਠਾਨ ਇਸ ਲੜਕੀ ਨੂੰ ਗ਼ੁਲਾਮ ਬਣਾ ਕੇ ਵੇਚਣ ਦੀ ਸਾਲਾਹ ਕਰਨ ਲੱਗੇ। ਜਦੋਂ ਸੂਰਜ ਚੜ੍ਹੇ ਚੱਲਣ ਦੀ ਤਿਆਰੀ ਕੀਤੀ ਤਾਂ ਉਨ੍ਹਾਂ ਪਠਾਨਾਂ ਨੇ ਦਬਕਾ ਮਾਰ ਕੇ ਕਿਹਾ ਕਿ ਠਹਿਰੋ! ਕਿਥੇ ਚਲੇ ਹੋ ? ਬਾਬਾ ਕਹਿਣ ਲੱਗਾ ਕਿ ਭਾਈ! ਅਸੀਂ ਤੁਹਾਡਾ ਕੁਝ ਚੁੱਕਿਆ ਚੁਰਾਇਆ ਨਹੀਂ, ਸਾਡੇ ਦੀਨ-ਦੁਖੀਆਂ 'ਤੇ ਤਰਸ ਕਰੋ। ਪਠਾਨਾਂ ਨੇ ਕਿਹਾ ਕਿ ਬਕਵਾਸ ਨਾ ਕਰ, ਤੁਸੀਂ ਸਾਡੇ ਗ਼ੁਲਾਮ ਹੋ। ਇਤਨੇ ਨੂੰ ਇੱਕ ਜਿਮੀਂਦਾਰ ਜੋ ਵਾਹੀ ਕਰਨ ਲਈ ਖੂਹ 'ਤੇ ਪਹੁੰਚਿਆ ਸੀ, ਉਸ ਨੂੰ ਕਹਿਣ ਲੱਗੇ ਕਿ ਜਿਮੀਂਦਾਰ! ਆਹ ਲੈ ਬਖ਼ਸ਼ੀਸ਼, ਬੁੱਢਾ ਬਾਬਾ ਤੇਰੇ ਖੂਹ ਦੀ ਰਾਖੀ ਰਖਿਆ ਕਰੇਗਾ, ਰੋਂਦੇ ਕੁਰਲਾਉਂਦੇ ਬਾਬੇ ਕੋਲੋਂ ਉਸਦੀ ਪੋਤਰੀ ਨੂੰ ਪਠਾਨ ਜ਼ਬਰਦਸਤੀ ਵਿਛੋੜ ਕੇ ਲੈ ਤੁਰੇ। ਅੱਗੇ ਇੱਕ

ਰਾਜਪੂਤ ਨਵਾਂ ਡੋਲਾ ਲਈ ਆ ਰਿਹਾ ਸੀ। ਉਸਦੇ ਮੂਹਰੇ ਤੁਰੇ ਆਉਂਦੇ ਇੱਕ ਅਸਵਾਰ ਨਾਲ ਗੱਲ ਕੀਤੀ ਕਿ ਬਦਰਾ (ਮਾਲ) ਖ਼ਰੀਦੇਂਗਾ ? ਉਸਨੇ ਕਿਹਾ ਕਿ ਮਾਲਕ ਨੂੰ ਪੁੱਛ ਕੇ ਦਸਦਾ ਹਾਂ। ਮਾਲਕ ਦੇ ਹਾਂ ਕਰਨ ਤੋਂ ਸੌਦਾ ਤੈਅ ਹੋਣਾ ਸ਼ੁਰੂ ਹੋਇਆ ਤੇ ਰਾਜਪੂਤ ਦੇ ਨੌਕਰ ਨੇ ਪਠਾਣਾਂ ਨੂੰ ਪੁੱਛਿਆ ਕਿ ਤੁਸੀਂ ਕਿਤਨੇ ਦਾ ਲਿਆ ਹੈ ? ਤਾਂ ਪਠਾਨ ਕਹਿਣ ਲੱਗੇ ਕਿ ਵੀਹ ਰੁਪਏ ਦਾ ਲਿਆ ਹੈ ਤੇ ਚਾਲੀ ਲਵਾਂਗੇ। ਚਾਲੀ ਰੁਪਏ ਵਿੱਚ ਸਿੱਖ ਦੀ ਬੱਚੀ ਨੂੰ ਰਾਜਪੂਤ ਖ਼ਰੀਦ ਕੇ ਆਪਣੀ ਘਰਵਾਲੀ ਦੀ ਦਾਸੀ ਬਣਾ ਕੇ ਲੈ ਤੁਰਿਆ। ਰਸਤੇ ਵਿੱਚ ਇੱਕ ਜਗ੍ਹਾ ਉਨ੍ਹਾਂ ਨੇ ਨਿਵਾਸ ਕਰਨਾ ਸੀ। ਰਾਤ ਨੂੰ ਨਵ-ਵਿਆਹੀ ਇਸਤਰੀ ਲੇਟ ਗਈ ਤੇ ਇਸ ਨੂੰ ਮੁੱਠੀ ਚਾਪੀ ਕਰਨ ਦਾ ਹੁਕਮ ਹੋਇਆ। ਜਦੋਂ ਇਹ ਬੱਚੀ ਡਸਕੋਰਿਆਂ ਨਾਲ ਰੋਣ ਲੱਗੀ ਤਾਂ ਰਾਣੀ ਨੇ ਝਿੜਕ ਕੇ ਆਪਣੇ ਕਮਰੇ ਤੋਂ ਬਾਹਰ ਕੱਢ ਦਿੱਤਾ ਕਿ ਦਫ਼ਾ ਹੋ। ਮੇਰੇ ਆਰਾਮ ਵਿੱਚ ਵਿਘਨ ਪਾਉਂਦੀ ਹੈਂ। ਹਵੇਲੀ ਦੇ ਵਿਹੜੇ ਵਿੱਚ ਆਈ ਤਾਂ ਚੌਂਕੀਦਾਰ ਸੁੱਤਾ ਪਿਆ ਸੀ। ਦਰਵਾਜ਼ੇ 'ਤੇ ਚੜ੍ਹ ਕੇ ਰੌਸ਼ਨਦਾਨ ਰਾਹੀਂ ਲਿਫ਼ ਕੇ ਬਾਹਰ ਨਿਕਲੀ, ਜਾਂਦੀ ਹੋਈ ਰਸਤੇ ਦੀ ਪਛਾਣ ਰੱਖਦੀ ਗਈ ਸੀ। ਉਸੇ ਰਸਤੇ ਵਾਹੋ ਦਾਹੀ ਦੌੜ ਪਈ। ਦੂਜੇ ਪਾਸੇ ਬਾਬੇ ਨੂੰ ਖੂਹ 'ਤੇ ਬੈਠਿਆਂ ਅੱਠ ਪਹਿਰ ਹੋ ਗਏ, ਸਵੇਰੇ ਜਿਮੀਂਦਾਰ ਹਲ ਜੋੜਨ ਆਇਆ ਤਾਂ ਜਿਵੇਂ ਬਾਬੇ ਨੂੰ ਰੋਂਦੇ ਛੱਡ ਗਿਆ ਸੀ, ਉਵੇਂ ਹੀ ਰੋਂਦੇ ਤਕਿਆ ਤਾਂ ਕਹਿਣ ਲਗਿਆ ਕਿ ਹੇ ਬਾਬਾ! ਜੇ ਕਿਸੇ ਦੇ ਕਰਮਾਂ ਵਿੱਚ ਰੋਣਾ ਹੀ ਲਿਖਿਆ ਹੈ ਤਾਂ ਕੌਣ ਮੇਟ ਸਕਦਾ ਹੈ ? ਤੈਨੂੰ ਅੱਠ ਪਹਿਰ ਰੋਂਦਿਆਂ ਹੋ ਗਏ, ਪਰ ਤੂੰ ਅਜੇ ਰੋਣ ਤੋਂ ਥਕਿਆ ਨਹੀਂ ? ਬਾਬਾ ਕਹਿਣ ਲੱਗਾ ਕਿ ਮੇਰੇ ਪੰਜ ਪੁੱਤਰ ਮਰ ਗਏ, ਪਰ ਮੈਂ ਇਤਨਾ ਨਹੀਂ ਰੋਇਆ, ਪਰ ਇਹ ਬੱਚੀ ਦੇ ਵਿਛੋੜੇ ਦਾ ਦੁੱਖ ਮੈਨੂੰ ਵਲੂੰਦਰੀ ਜਾ ਰਿਹਾ ਹੈ। "ਬਹੁੜ ਕਲਗ਼ੀ ਵਾਲਿਆ" ਕਹਿ ਕੇ ਫਿਰ ਰੋ ਪਿਆ। ਕਲਗ਼ੀ ਵਾਲੇ ਸਤਿਗੁਰੂ ਦਾ ਨਾਮ ਸੁਣ ਕੇ ਜਿਮੀਂਦਾਰ ਤ੍ਰਬਕਿਆ ਤੇ ਕਹਿਣ ਲੱਗਾ ਕਿ ਬਾਬਾ! ਤੂੰ ਗੁਰੂ ਦਾ ਸਿੱਖ ਹੈਂ ? ਬਾਬਾ ਕਹਿਣ ਲੱਗਾ ਕਿ ਸਿੱਖ ਹੋਣ ਲਈ ਅਨੰਦਪੁਰ ਸਾਹਿਬ ਚਲਿਆ ਹਾਂ। ਮੇਰਾ ਪੁੱਤਰ ਗੁਰੂ ਦਾ ਸਿੱਖ ਸੀ। ਇਹ ਸੁਣਦਿਆਂ ਜਿਮੀਂਦਾਰ ਦੇ ਪੈਰਾਂ ਥਲਿਓਂ ਮਿੱਟੀ ਨਿਕਲ ਗਈ ਤੇ ਹੱਥ ਜੋੜ ਕੇ ਕਹਿਣ ਲੱਗਾ ਕਿ ਬਾਬਾ! ਮੈਂ ਤੈਨੂੰ ਕੋਈ ਤਕਲੀਫ਼ ਨਹੀਂ ਦਿੱਤੀ, ਤੂੰ ਮੇਰੇ ਵੱਲੋਂ ਸੁਤੰਤਰ ਹੈਂ ਤੇ ਅਨੰਦਪੁਰ ਸਾਹਿਬ ਜਾ ਸਕਦਾ ਹੈਂ। ਇਤਨਾ ਕਹਿ ਕੇ ਜਿਮੀਂਦਾਰ ਉਥੋਂ ਡਰਦਾ ਮਾਰਾ ਖਿਸਕ ਗਿਆ। ਬਾਬੇ ਨੇ ਅਰਦਾਸ ਕੀਤੀ ਕਿ ਹੇ ਅਨਾਥਾਂ ਦੇ ਨਾਥ ਕਲਗ਼ੀ ਵਾਲੇ ਸਤਿਗੁਰੂ ਜੀ! ਮੇਰੇ ਦੀਨ ਦੀ ਰੱਖਿਆ ਕਰੋ। ਬਾਬੇ ਦੇ ਦੋਵੇਂ ਹੱਥ ਅਰਦਾਸ ਵਿੱਚ ਜੁੜੇ ਹੋਏ ਸਨ ਕਿ ਅਚਾਨਕ ਬੱਚੀ ਨੇ ਗਲਵਕੜੀ ਪਾ ਕੇ ਕਿਹਾ ਕਿ ਬਾਬਾ! ਮੈਂ ਆ ਗਈ। ਜਦੋਂ ਦੋਵੇਂ ਤੁਰਨ ਲੱਗੇ ਤਾਂ ਅਚਾਨਕ ਪਠਾਨਾਂ ਨੇ ਫਿਰ ਹਮਲਾ ਕਰ ਦਿੱਤਾ ਕਿ ਠਹਿਰੋ! ਕਿਥੇ ਚਲੇ ਹੋ ? ਬਾਬੇ ਨੇ ਸੋਚਿਆ ਕਿ ਹੁਣ ਬਚਾਅ ਨਹੀਂ ਹੋਵੇਗਾ। ਦੋਨਾਂ ਨੇ ਦੀਨ ਮਨ ਹੋ ਕੇ ਅਰਦਾਸ ਕੀਤੀ। ਬਾਬੇ ਨੇ ਕਿਹਾ ਕਿ ਹੇ ਸਤਿਗੁਰੂ! ਆਪਣੇ ਸ਼ਹੀਦ ਸਿੱਖ ਦੀ ਪੁੱਤਰੀ ਦੀ ਇਜ਼ਤ ਬਚਾਓ। ਅਚਾਨਕ ਉਸੇ ਛਿਨ ਇੱਕ ਤੀਰ ਪਿੱਪਲ ਵਿੱਚ ਵਜਾ ਤੇ ਦੂਜਾ ਪਠਾਨ ਦੇ ਘੋੜੇ ਨੂੰ ਵੱਜਾ। ਵੀਹ-ਪੱਚੀ ਸਿੰਘਾਂ ਸਮੇਤ ਸਤਿਗੁਰੂ ਆਪ ਰੱਖਿਆ ਕਰਨ ਲਈ ਪਹੁੰਚੇ ਤੇ ਉਨ੍ਹਾਂ ਦੁਸ਼ਟਾਂ ਨੂੰ ਸੋਧ ਕੇ ਅਨਾਥਾਂ ਨੂੰ ਭੈ ਰਹਿਤ ਕਰਨ ਦਾ ਬਿਰਦ ਪਾਲਿਆ। ਜੈਸਾ ਕਿ :

**ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ॥**
**ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ ਸਫਲ ਸੁਆਮੀ ਸੇਵ॥** [ਗੂਜਰੀ ਮਹਲਾ ੫, ਅੰਗ ੫੦੮]

ਜਦੋਂ ਬੱਚੀ ਨੇ ਖ਼ੁਸ਼ੀ ਵਿੱਚ ਆ ਕੇ ਕਿਹਾ ਕਿ ਬਾਪੂ ਜੀ! ਆ ਗਏ ਤਾਂ ਬਾਬੇ ਨੇ ਕਿਹਾ ਕਿ ਕਿਤੇ ਹੋਰ ਪਠਾਨ ਆ ਗਏ। ਬਾਬੇ ਦਾ ਭੈ ਦੂਰ ਕਰਨ ਲਈ ਬੱਚੀ ਨੇ ਕਿਹਾ ਕਿ ਮੇਰੇ ਪਿਤਾ ਦੇ ਗੁਰੂ ਜੀ ਆ ਗਏ। ਬਾਬੇ ਨੇ ਚੌਂਕ ਕੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਆ ਗਏ ? ਸਤਿਗੁਰੂ ਜੀ ਘੋੜੇ ਤੋਂ ਉਤਰੇ, ਬੱਚੀ ਦੇ ਸਿਰ 'ਤੇ ਹੱਥ ਰੱਖਿਆ ਤੇ ਬਾਬਾ ਕਹਿਣ ਲੱਗਾ ਕਿ ਪੁੱਤਰੀ! ਮੇਰੇ ਹੱਥ ਪਕੜ ਕੇ ਇਨ੍ਹਾਂ ਦੇ ਚਰਨਾਂ ਨੂੰ ਲਵਾ ਦੇ। ਬੱਚੀ

ਨੇ ਹੱਥ ਚਰਨਾਂ ਨੂੰ ਲਵਾਏ ਤੇ ਬਾਬਾ ਚਰਨਾਂ 'ਤੇ ਸਿਰ ਧਰ ਕੇ ਭੁਬਾਂ ਮਾਰ ਕੇ ਰੋ ਪਿਆ ਤੇ ਕਹਿਣ ਲੱਗਾ ਕਿ ਸਤਿਗੁਰੂ ! ਜੇ ਅੱਖਾਂ ਹੁੰਦੀਆਂ ਤੇ ਰੱਜ ਕੇ ਦਰਸ਼ਨ ਕਰ ਲੈਂਦਾ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਵਾਹਿਗੁਰੂ ਕਹਿ ਕੇ ਅੱਖਾਂ ਖੋਲ੍ਹ। ਜਦੋਂ ਬਾਬੇ ਨੇ ਵਾਹਿਗੁਰੂ ਕਿਹਾ ਤਾਂ ਉਸ ਦੀਆਂ ਅੱਖਾਂ ਦੀ ਜੋਤਿ ਪਰਤ ਆਈ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਕ੍ਰਿਤ-ਕ੍ਰਿਤ ਹੋਇਆ।

### *ਸਾਧਸੰਗਿ; ਜਮਦੂਤ ਨ ਭੇਟਨ ॥੨॥*

ਸਤਿਗੁਰਾਂ ਦੀ ਸਤਿਸੰਗਤ ਵਿੱਚ, **ਵਾ:** ਸਤਿਪੁਰਸ਼ਾਂ ਦੀ ਸੰਗਤ ਵਿੱਚ ਨਾਮ ਜਪਣ ਨਾਲ ਜਮਦੂਤ ਭੇਟਨ=ਮਿਲਦੇ ਨਹੀਂ ਹਨ॥੨॥

### *ਜੀਵਨ ਰੂਪ; ਅਨੂਪ ਦਇਆਲਾ ॥*
### *ਰਵਣ ਗੁਣਾ; ਕਟੀਐ ਜਮ ਜਾਲਾ ॥੩॥*

ਹੇ ਸਾਰੇ ਸੰਸਾਰ ਦੇ ਜੀਵਨ ਰੂਪ, ਦਇਆਲਾ=ਦਇਆ ਦੇ ਘਰ ਪ੍ਰਮਾਤਮਾ ! ਆਪ ਜੀ ਦੇ ਅਨੂਪ=ਉਪਮਾ ਤੋਂ ਰਹਿਤ ਗੁਣਾਂ ਨੂੰ ਰਵਣ=ਉਚਾਰਨ ਕਰਨ ਨਾਲ ਜਮਾਂ ਦਾ ਜਾਲਾ=ਫਾਹਾ ਕਟਿਆ ਜਾਂਦਾ ਹੈ॥੩॥

### *ਅੰਮ੍ਰਿਤ ਨਾਮੁ; ਰਸਨ ਨਿਤ ਜਾਪੈ ॥*

ਹੇ ਪ੍ਰਭੂ ! ਐਸੀ ਕਿਰਪਾ ਕਰੋ ਕਿ ਮੈਂ ਆਪ ਜੀ ਦੇ ਅੰਮ੍ਰਿਤ ਰੂਪ ਨਾਮ ਨੂੰ ਨਿਤਾਪ੍ਰਤੀ ਹੀ ਜਪਦਾ ਰਹਾਂ, **ਵਾ:** ਜੋ ਰਸਨਾ ਨਾਲ ਅੰਮ੍ਰਿਤ=ਮ੍ਰਿਤਯੂ ਤੋਂ ਰਹਿਤ ਕਰਨ ਵਾਲੇ ਨਾਮ ਨੂੰ ਜਪਦੇ ਹਨ।

### *ਰੋਗ ਰੂਪ ਮਾਇਆ; ਨ ਬਿਆਪੈ ॥੪॥*

ਉਨ੍ਹਾਂ ਨਾਮ ਜਪਣ ਵਾਲਿਆਂ ਨੂੰ ਰੋਗ ਰੂਪ ਮਾਇਆ ਨਹੀਂ ਬਿਆਪਦੀ। **ਵਾ:** ਐਸੀ ਬਖ਼ਸ਼ਿਸ਼ ਕਰੋ ਕਿ ਮੈਨੂੰ ਰੋਗ ਰੂਪ ਮਾਇਆ ਨਾ ਬਿਆਪੈ=ਲੱਗੇ॥੪॥

### *ਜਪਿ ਗੋਬਿੰਦ; ਸੰਗੀ ਸਭਿ ਤਾਰੇ ॥*

ਜਿਸ ਜਗਿਆਸੂ ਨੇ (ਗੋ+ਬਿੰਦ) ਗੋ=ਧਰਤੀ ਦੀ ਬਿੰਦ=ਰਖਿਆ ਕਰਨ ਵਾਲੇ ਪ੍ਰਮਾਤਮਾ ਦੇ ਨਾਮ ਨੂੰ ਜਪਿਆ ਹੈ, ਉਸਨੇ ਆਪਣੇ ਸਾਰੇ ਸੰਗੀ ਤਾਰ ਲਏ ਹਨ।

### *ਪੋਹਤ ਨਾਹੀ; ਪੰਚ ਬਟਵਾਰੇ ॥੫॥*

ਜੋ ਨਾਮ ਜਪਣ ਵਾਲਾ ਹੈ, ਉਸ ਨੂੰ ਕਾਮ, ਕ੍ਰੋਧ ਆਦਿ ਪੰਜ ਬਟਵਾਰੇ=ਠੱਗ ਪੋਹਤ=ਪੋਂਹਦੇ ਨਹੀਂ, ਭਾਵ ਉਸ ਉੱਤੇ ਪੋਹਤ=ਅਸਰ ਨਹੀਂ ਕਰਦੇ॥੫॥

### *ਮਨ ਬਚ ਕ੍ਰਮ; ਪ੍ਰਭੁ ਏਕੁ ਧਿਆਏ ॥*
### *ਸਰਬ ਫਲਾ; ਸੋਈ ਜਨੁ ਪਾਏ ॥੬॥*

ਮਨ, ਬਚ=ਬਾਣੀ ਕ੍ਰਮ=ਸਰੀਰ ਕਰਕੇ ਜੋ ਇੱਕ ਪ੍ਰਭੁ=ਮਾਲਕ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਂਦਾ ਹੈ, ਓਹੀ ਜਨੁ=ਪੁਰਸ਼ ਲੋਕ ਪ੍ਰਲੋਕ ਦੇ ਸਰਬ=ਸਾਰੇ ਫਲਾਂ ਨੂੰ ਪਾਏ=ਪ੍ਰਾਪਤ ਕਰ ਲੈਂਦਾ ਹੈ॥੬॥

**ਧਾਰਿ ਅਨੁਗ੍ਰਹੁ; ਅਪਨਾ ਪ੍ਰਭਿ ਕੀਨਾ ॥**
**ਕੇਵਲ ਨਾਮੁ; ਭਗਤਿ ਰਸੁ ਦੀਨਾ ॥੭॥**

ਜਿਸਨੂੰ ਉਸ ਪ੍ਰਮਾਤਮਾ ਨੇ ਅਨੁਗ੍ਰਹੁ=ਕਿਰਪਾ ਧਾਰ ਕੇ ਆਪਣਾ ਦਾਸ ਕਰ ਲਿਆ ਹੈ, ਉਸਦੇ ਹਿਰਦੇ ਵਿੱਚੋਂ ਸਾਰੇ ਰਸਾਂ ਦੀ ਇੱਛਾ ਦਾ ਅਭਾਵ ਕਰਕੇ ਕੇਵਲ ਨਾਮ ਅਤੇ ਭਗਤੀ ਦਾ ਰਸ ਦੀਨਾ=ਦਿੱਤਾ ਹੈ॥੭॥

**ਆਦਿ ਮਧਿ ਅੰਤਿ; ਪ੍ਰਭੁ ਸੋਈ ॥**
**ਨਾਨਕ ਤਿਸੁ ਬਿਨੁ; ਅਵਰੁ ਨ ਕੋਈ ॥੮॥੧॥੨॥**

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸਨੂੰ ਨਾਮ-ਭਗਤੀ ਦਾ ਰਸ ਦਿੱਤਾ ਹੈ ਉਸ ਜਗਿਆਸੂ ਨੇ ਐਸਾ ਨਿਸਚਾ ਕਰ ਲਿਆ ਹੈ ਕਿ ਉਹ ਪ੍ਰਭੁ=ਪ੍ਰਮੇਸ਼ਰ ਆਦਿ, ਮਧਿ ਅਤੇ ਅੰਤ ਤਿੰਨਾਂ ਸਮਿਆਂ ਵਿੱਚ ਪਰੀਪੂਰਨ ਹੈ। ਉਸ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਸਮਰੱਥ ਨਹੀਂ ਹੈ॥੮॥੧॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੨ [ਆਦਿ ਅੰਗ ੭੬੧]

**ਸੂਹੀ ਮਹਲਾ ੫ ॥ ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥ ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥੧॥ਰਹਾਉ॥ ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥ ਸੁਖੁ ਨ ਪਾਇਨਿ ਮੂਲਿ ਨਾਮ ਵਿਛੁੰਨਿਆ ॥੨॥ ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥ ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥ ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥ ਜਿਨ ਕਉ ਭਏ ਦਇਆਲ ਤਿਨ ਸਾਧੂ ਸੰਗੁ ਭਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨੀ ਜਨੀ ਜਪਿ ਲਇਆ ॥੬॥ ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥੭॥ ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨॥੫॥੧੬॥**

## ਸੂਹੀ ਮਹਲਾ ੫ ॥

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਵਿੱਚ ਅੰਕਿਤ ਹੈ। ਜਿਸ ਦੀਆਂ ਪਹਿਲੀਆਂ ਤੁਕਾਂ ਵਿੱਚ ਹੀ ਨਾਮ ਦੀ ਮਹਿਮਾ ਦਰਸਾ ਰਹੇ ਹਨ।

## ਸਿਮ੍ਰਿਤਿ ਬੇਦ ਪੁਰਾਣ; ਪੁਕਾਰਨਿ ਪੋਥੀਆ ॥

ਚਾਰ ਬੇਦ, ਸਤਾਈ ਸਿੰਮ੍ਰਿਤੀਆਂ, ਅਠਾਰਾਂ ਪੁਰਾਣ ਅਤੇ ਹੋਰ ਧਾਰਮਿਕ ਪੋਥੀਆ=ਪੁਸਤਕਾਂ (ਗ੍ਰੰਥ) ਏਹੋ ਗੱਲ ਪੁਕਾਰਨਿ=ਪੁਕਾਰਦੀਆਂ ਹਨ, ਭਾਵ ਉਚਾਰਨ ਕਰਦੀਆਂ ਹਨ ਕਿ :

## ਨਾਮ ਬਿਨਾ ਸਭਿ ਕੂੜੁ; ਗਾਲ੍ਹੀ ਹੋਛੀਆ ॥੧॥

ਇੱਕ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਸਭ ਕੁਝ ਕੂੜੁ=ਝੂਠ ਹੈ ਤੇ ਹੋਰ ਗੱਲਾਂ ਕਰਨੀਆਂ ਹੋਛੀਆ=ਤੁਛ ਹਨ, **ਵਾ:** ਨਾਮ ਤੋਂ ਬਿਨਾਂ ਸਾਰੀਆਂ ਗੱਲਾਂ ਝੂਠੀਆਂ ਅਤੇ ਹੋਛੀਆਂ ਹਨ॥੧॥ ਜੈਸਾ ਕਿ :

੧. **ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥** [ਗਉੜੀ ਮਹਲਾ ੫, ਅੰਗ ੨੬੫]

੨. **ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥**
[ਬਿਲਾਵਲ ਮਹਲਾ ੧, ਅੰਗ ੮੩੧]

੩. **ਬਿਨੁ ਹਰਿ ਨਾਮ ਨ ਟੂਟਸਿ ਪਟਲ ॥ ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥**
[ਰਾਮਕਲੀ ਮਹਲਾ ੫, ਅੰਗ ੮੯੦]

੪. **ਨਾਮ ਬਿਨਾ ਸਭੁ ਝੂਠੁ ਪਰਾਨੀ ॥**
**ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ ॥**
[ਰਾਮਕਲੀ ਮਹਲਾ ੫, ਅੰਗ ੮੯੦]

ਨਾਮ ਦੇ ਮਹਾਤਮ ਵਿੱਚ ਭਾਈ ਗੁਰਦਾਸ ਜੀ ਨੇ ਭੀ ਇੱਕ ਸ੍ਵੈਯਾ ਉਚਾਰਨ ਕੀਤਾ ਹੈ। ਜਿਸ ਵਿੱਚ ਨਾਮ ਦੀ ਮਹਿਮਾ ਅਠਾਹਠ ਤੀਰਥਾਂ ਦਾ ਇਸ਼ਨਾਨ, ਚਾਰ ਜੁਗ ਕੈਲਾਸ਼ ਪਰਬਤ ਦੀ ਸਮਾਧੀ, ਦਸਮ ਦੁਆਰ, ਕੁਰਸ਼ੇਤਰ

ਦੀ ਧਰਤੀ ਵਿੱਚ ਅਸ਼੍ਵਮੇਧ ਯੱਗ, ਜਿਸ ਵਿੱਚ ਕੋਈ ਭੰਗ ਨਾ ਪਵੇ ਤੇ ਕਰੋੜਾਂ ਵਰਸ਼ ਸਿਰ ਹੇਠਾਂ ਨੂੰ ਕਰਕੇ ਤਪੱਸਿਆ ਤੇ ਗਰਮੀ ਦੀ ਰੁੱਤ ਵਿੱਚ ਕਰੋੜਾਂ ਵਰਸ਼ ਧੂਣੀਆਂ ਤਾਪਦਾ ਰਹੇ, ਇਹ ਸਭ ਕੁਝ ਉਪਰ ਦਸੇ ਨਾਲੋਂ ਨਾਮ ਦੀ ਵਿਸ਼ੇਸ਼ਤਾ ਹੈ, ਜਿਸ ਨੇ ਇੱਕ ਵਾਰ ਵਾਹਿਗੁਰੂ ਕਿਹਾ। ਜੈਸਾ ਕਿ :

**ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰਿ ਚੜ੍ਹਿਓ ਕੈਲਾਸ਼ ਰਹਿਓ॥**
**ਜੈਸੇ ਲਾਖ ਬਾਰ ਕੁਰਛੇਤਰ ਮੈਂ, ਅਸਮੇਧ ਜਗ ਅਭੰਗ ਠਇਓ॥**
**ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੈਂ ਤਨ ਦਾਹ ਦਇਓ॥**
**ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ॥**

[ਕਬਿਤ ਸਵੱਯੇ ਭਾਈ ਗੁਰਦਾਸ ਜੀ]

ਸਤਿਗੁਰੂ ਜੀ ਨੇ ਹੋਰ ਭੀ ਬਾਣੀ ਵਿੱਚ ਸਿਮ੍ਰਿਤੀਆਂ, ਸ਼ਾਸਤਰਾਂ ਨੂੰ ਕੋਈ ਸੋਚ ਵਿਚਾਰ ਕੇ ਦੇਖ ਲਵੇ ਦਾ ਬਚਨ ਕੀਤਾ। ਉਤਮ ਨਾਮ ਹੀ ਹੈ ਜਾਂ ਨਾਮ ਦੀ ਕਮਾਈ ਕਰਨ ਵਾਲੇ ਦਾਸ ਹਨ। ਨਾਮ ਤੋਂ ਬਿਨਾਂ ਕੋਈ ਵੀ ਸਥਿਰ ਨਹੀਂ। ਇਸ ਲਈ ਮੈਂ ਨਾਮ ਤੋਂ ਕੁਰਬਾਨ ਜਾਂਦਾ ਹਾਂ। ਜੈਸਾ ਕਿ :

੧. **ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ॥**
**ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ॥** [ਮਾਰੂ ਵਾਰ ਸਲੋਕ ਮਃ ੩, ਅੰਗ ੧੦੯੦]

੨. **ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥**

[ਗਉੜੀ ਮਹਲਾ ੫, ਅੰਗ ੨੯੬]

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਤੋਂ ਜੋ ਸਿਧਾਂਤ ਸਿੱਧ ਹੋਇਆ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਇੱਕ ਸਾਖੀ ਵੀ ਇਸ ਵਿਚਾਰ ਨੂੰ ਹੋਰ ਸਪੱਸ਼ਟ ਕਰਦੀ ਹੈ ਕਿ ਨਾਮ ਸਿਮਰਨ ਤੋਂ ਬਿਨਾਂ ਜਿਤਨਾ ਕੋਈ ਮਰਜ਼ੀ ਦਾਨੀ ਅਤੇ ਗਿਆਨੀ ਹੋਵੇ ਸਭ ਨਿਸਫਲ ਹੈ।

**ਸਾਖੀ—ਗੁਰੂ ਨਾਨਕ ਸਾਹਿਬ ਅਤੇ ਗੋਪਾਲ ਦੱਤ**—ਜਿਸ ਵੇਲੇ ਸਤਿਗੁਰੂ ਨਾਨਕ ਦੇਵ ਜੀ ਭਾਈ ਗੁਰਦਾਸ ਜੀ ਦੇ ਇਸ ਕਥਨ ਅਨੁਸਾਰ

**ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥** [ਭਾ: ਗੁਰਦਾਸ ਜੀ, ਵਾਰ ੧]

ਸੰਸਾਰ ਦੇ ਭਲੇ ਹਿਤ ਵਿਚਰ ਰਹੇ ਸਨ। ਇੱਕ ਵਾਰ ਭਗਵਾਨ ਸ਼ਿਵ ਜੀ ਨੇ ਗੁਰੂ ਸਾਹਿਬ ਜੀ ਨੂੰ ਅਰਾਧਨਾ ਕੀਤਾ ਤੇ ਬੇਨਤੀ ਕੀਤੀ ਕਿ ਮੇਰੀ ਵਸਾਈ ਕਾਂਸ਼ੀ ਪੁਰੀ ਵਿੱਚ ਸੱਤ ਦੀ ਥਾਂ ਅਸੱਤ ਦੀ ਪੂਜਾ ਹੋ ਰਹੀ ਹੈ ਤੇ ਪਾਖੰਡ ਬਹੁਤ ਵਧ ਚੁੱਕਾ ਹੈ। ਆਪ ਜੀ ਨੇ ਪਾਖੰਡ ਦਾ ਖੰਡਨ, ਨਾਸ ਕਰਨ ਲਈ ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਕੀਤਾ ਹੈ। ਕਿਰਪਾ ਕਰਕੇ ਕਾਂਸ਼ੀ ਪੁਰੀ ਦਾ ਸੁਧਾਰ ਕਰੋ। ਸ਼ਿਵ ਜੀ ਦੀ ਬੇਨਤੀ ਮੰਨ ਕੇ ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਕਾਂਸ਼ੀ ਪੁਰੀ ਆ ਪਹੁੰਚੇ ਤੇ ਇੱਕ ਰਮਣੀਕ ਥਾਂ ਦੇਖ ਕੇ ਡੇਰਾ ਲਾ ਬੈਠੇ। [ਜਿਸ ਅਸਥਾਨ 'ਤੇ ਗੁਰੂ ਜੀ ਬੈਠੇ ਸਨ, ਉਥੇ ਅਸਥਾਨ ਗੁਰੂ ਕਾ ਬਾਗ਼ ਸੁਸ਼ੋਭਿਤ ਹੈ, ਜੋ ਲਕਸ਼ਾ ਰੋਡ 'ਤੇ ਹੈ। ਸੰਮਤ ੧੫੬੮ ਬਿਕ੍ਰਮੀ ਨੂੰ ਗੁਰੂ ਜੀ ਬਨਾਰਸ ਪਹੁੰਚੇ ਸਨ।] ਜਿਸ ਵੇਲੇ ਪੰਡਿਤ ਗੋਪਾਲ ਦੱਤ, ਜੋ ਕਾਂਸ਼ੀ ਦਾ ਸਭਾਜਿਤ ਪੰਡਿਤ ਸੀ ਤੇ ਇਸ ਨੇ ਦਿਗ ਵਿਜੇ ਕੀਤੀ ਸੀ। ਗੋਪਾਲ ਦੱਤ ਨੇ ਜਦੋਂ ਲੋਕਾਂ ਤੋਂ ਸੁਣਿਆ ਕਿ ਫ਼ਕੀਰੀ ਲਿਬਾਸ ਵਿੱਚ ਤਿੰਨ ਮਹਾਂਪੁਰਸ਼ ਪਹੁੰਚੇ ਹਨ, ਜਿਨ੍ਹਾਂ ਵਿੱਚੋਂ ਇੱਕ ਨੂੰ ਗੁਰੂ ਨਾਨਕ ਕਿਹਾ ਜਾਂਦਾ ਹੈ। ਇਸਨੇ ਭਵਿੱਖਤ ਪੁਰਾਣ ਵਿੱਚ ਪੜ੍ਹਿਆ ਹੋਇਆ ਸੀ ਕਿ ਕਲਿਜੁਗ ਵਿੱਚ ਗੁਰੂ ਨਾਨਕ ਨੇ ਅਵਤਾਰ ਧਾਰ ਕੇ ਆਉਣਾ ਹੈ। ਜੈਸਾ ਕਿ :

**ਏਵੰ ਵੈ ਧਰਮ ਪਰਾਚੁਰਯੰ ਭਵਿਖਯਾਤਿ ਸਦਾ ਕਲਉ॥੩੩॥**
**ਤਦਾ ਵੈ ਲੋਕ ਰਖਯਾਰਥੰ ਮਲੇਛਾਨਾਂ ਨਾਸ ਹੇਤੁਬੇ॥**
**ਪਸਚਮੇਤੁ ਸੁਭੇ ਦੇਸੇ ਬੇਦੀ ਬੰਸੇਚ ਨਾਨਕਊ॥੩੪॥**

ਉਸੀ ਵੇਲੇ ਆਪਣੇ ਨਾਲ ਹੋਰਨਾਂ ਪੰਡਿਤਾਂ ਨੂੰ ਲੈ ਕੇ ਗੁਰੂ ਸਾਹਿਬ ਕੋਲ ਆ ਕੇ ਵਿਦਿਆ ਦੇ ਹੰਕਾਰ ਵਿੱਚ ਪੁੱਛਣ ਲੱਗਾ **ਕਿੰ ਸ਼ਾਸਤ੍ਰ ਅਧੀਤੰ ?** ਕਿ ਆਪ ਕਿਹੜਾ ਕਿਹੜਾ ਸ਼ਾਸ਼ਤ੍ਰ ਪੜ੍ਹੇ ਹੋਏ ਹੋ ? ਆਪ ਸਾਡੇ ਨਾਲ ਸ਼ਾਸ਼ਤ੍ਰ ਚਰਚਾ ਕਰੋ। ਸਤਿਗੁਰੂ ਜੀ ਨੇ ਵਿਚਾਰਿਆ ਕਿ ਜੇ ਕਰ ਅਸਾਂ ਨੇ ਇਸਦੇ ਨਾਲ ਸ਼ਾਸ਼ਤ੍ਰ ਚਰਚਾ ਕੀਤੀ, ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ। ਕੋਈ ਅਨਪੜ੍ਹ ਆਦਮੀ ਚਰਚਾ ਕਰੇ ਤਾਂ ਚੰਗੀ ਗੱਲ ਹੈ। ਜਦੋਂ ਇਧਰ-ਉਧਰ ਨਿਗਾ ਮਾਰੀ ਤਾਂ ਹੋਰ ਅਨਪੜ੍ਹ ਆਦਮੀ ਨਜ਼ਰ ਨਾ ਪਿਆ। ਨੇੜੇ ਹੀ ਇੱਕ ਮਰੇ ਹੋਏ ਕੁੱਤੇ ਦੀਆਂ ਹੱਡੀਆਂ ਖਿਲਰੀਆਂ ਪਈਆਂ ਸਨ। ਉਸੇ ਉੱਤੇ ਸਤਿਗੁਰੂ ਜੀ ਦੀ ਦ੍ਰਿਸ਼ਟੀ ਪੈ ਗਈ। ਜੈਸਾ ਕਿ :

**ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥** [ਗਉੜੀ ਮਹਲਾ ੫, ਅੰਗ ੧੯੧]

ਉਸ ਕੁੱਤੇ ਨੂੰ ਆਖਦੇ ਹਨ ਕਿ ਤੇਰੇ ਭਾਈ ਆਏ ਹਨ, ਤੂੰ ਇਨ੍ਹਾਂ ਨਾਲ ਚਰਚਾ ਕਰ। ਉਹ ਕੁੱਤਾ ਝਟਪਟ ਉਠ ਕੇ ਸਤਿਗੁਰੂ ਜੀ ਪਾਸ ਆ ਪਹੁੰਚਾ। ਸਤਿਗੁਰੂ ਜੀ ਦੇ ਹੁਕਮ ਨਾਲ ਉਸਨੇ ਗੋਪਾਲ ਦੱਤ ਦੇ ਕੀਤੇ ਪ੍ਰਸ਼ਨਾਂ ਦਾ ਉੱਤਰ ਬੜੀ ਵਿਦਵਤਾ ਨਾਲ ਦਿੱਤਾ। ਬੇਦਾਂ ਦੀਆਂ ਸੁਰਤੀਆਂ ਪੜ੍ਹ-ਪੜ੍ਹ ਕੇ ਗੋਪਾਲ ਦੱਤ ਨੂੰ ਨਿਰੁੱਤਰ ਕਰ ਦਿੱਤਾ। ਉਸ ਵੇਲੇ ਗੋਪਾਲ ਦੱਤ ਨੇ ਸਭਨਾਂ ਹੰਕਾਰੀ ਪੰਡਿਤਾਂ ਸਮੇਤ ਗੁਰੂ ਜੀ ਦੇ ਚਰਨੀਂ ਪੈ ਕੇ ਮੁਆਫ਼ੀ ਮੰਗੀ ਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਮਹਾਰਾਜ ਜੀ ! ਆਪ ਪੂਰਨ ਈਸ਼ਵਰ ਅਵਤਾਰ ਹੋ। ਪਰ ਸਾਡੇ ਮਨ ਵਿੱਚ ਇੱਕ ਸ਼ੰਕਾ ਹੈ ਕਿ ਆਪ ਜੀ ਨੇ ਇਸ ਕੁੱਤੇ ਨੂੰ ਸਾਡਾ ਭਾਈ ਕਿਉਂ ਕਿਹਾ ਹੈ ? ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਸਦਾ ਉੱਤਰ ਇਹ ਤੁਹਾਨੂੰ ਆਪ ਹੀ ਦੇਵੇਗਾ। ਉਸ ਵੇਲੇ ਹਜ਼ੂਰ ਨੇ ਭਾਈ ਮਰਦਾਨੇ ਨੂੰ ਕਿਹਾ ਕਿ ਸਤਿਨਾਮ ਕਹਿ ਕੇ ਇਸ ਕੁੱਤੇ ਉੱਤੇ ਜਲ ਦਾ ਛਿੱਟਾ ਮਾਰ। ਜਿਸ ਵੇਲੇ ਸਤਿਨਾਮ ਵਾਹਿਗੁਰੂ ਕਹਿ ਕੇ ਮਰਦਾਨੇ ਨੇ ਛੱਟਾ ਮਾਰਿਆ ਤਾਂ ਉਸੇ ਵੇਲੇ ਕੁੱਤਾ ਮਰ ਗਿਆ ਤੇ ਦਿਬਯ ਸਰੂਪ ਹੋ ਕੇ ਆਖਦਾ ਹੈ ਕਿ ਹੇ ਗੋਪਾਲ ਦੱਤ ! ਮੈਂ ਬਿਸ਼ਨ ਦੱਤ ਨਾਮ ਕਰਕੇ ਤੇਰਾ ਦਾਦਾ ਹਾਂ, ਮੇਰੇ ਵਿੱਚ ਵਿਦਿਆ ਅਤੇ ਬ੍ਰਾਹਮਣ ਜਾਤੀ ਦਾ ਬਹੁਤ ਹੰਕਾਰ ਸੀ। ਵਿਦਿਆ ਦੇ ਹੰਕਾਰ ਕਰਕੇ ਹਰ ਇੱਕ ਨਾਲ ਚਰਚਾ ਕਰਕੇ ਹਰਾ ਦੇਣਾ, ਉਸਨੂੰ ਹਰਾ ਕੇ ਗ੍ਰੰਥ ਖੋਹ ਲੈਂਦਾ ਸੀ, ਪਰ ਭਗਵੇਂ ਕਪੜੇ ਪਹਿਨਣ ਵਾਲੇ ਸੰਤਾਂ ਨਾਲ ਮੇਰੀ ਖ਼ਾਸ ਕਰਕੇ ਬਹਿਸ ਹੁੰਦੀ ਸੀ। ਜਿਹੜਾ ਕੋਈ ਸੰਤ ਅਨਪੜ੍ਹ ਹੋਣ ਕਰਕੇ ਮੇਰੇ ਨਾਲ ਸ਼ਾਸ਼ਤ੍ਰ ਚਰਚਾ ਨਹੀਂ ਕਰਦਾ ਸੀ, ਉਸਨੂੰ ਮੈਂ ਇਥੋਂ ਤਾਈਂ ਕਹਿ ਦਿੰਦਾ ਸੀ ਕਿ ਜੇ ਤੂੰ ਵਿਦਿਆ ਨਹੀਂ ਪੜ੍ਹੀ ਤਾਂ ਭਗਵੇਂ ਕਪੜੇ ਪਾ ਕੇ ਭੇਖ ਨੂੰ ਕਿਉਂ ਲਾਜ ਲਾਈ ਹੈ ? ਇੱਕ ਵਾਰ ਨਾਮ ਰਸੀਏ ਕਰਨੀ ਵਾਲੇ ਮਹਾਂਪੁਰਸ਼ ਇਥੇ ਆ ਪਹੁੰਚੇ, ਪਰ ਮੈਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਇਹ ਤੱਤ ਬੇਤੇ ਹਨ। ਮੈਂ ਉਨ੍ਹਾਂ ਦੇ ਉਪਰਲੇ ਲਿਬਾਸ ਨੂੰ ਵੇਖ ਕੇ ਕਿਹਾ ਕਿ ਆਪ ਮੇਰੇ ਨਾਲ ਸ਼ਾਸ਼ਤ੍ਰ ਅਰਥ ਕਰੋ, ਪਰ ਉਹ ਚੁੱਪ ਰਹੇ। ਮੈਂ ਦੁਬਾਰਾ ਕਿਹਾ ਕਿ ਉਹ ਫਿਰ ਵੀ ਚੁੱਪ ਰਹੇ। ਫਿਰ ਮੈਂ ਤੀਜੀ, ਚੌਥੀ, ਪੰਜਵੀਂ ਵਾਰ ਕਿਹਾ ਤਾਂ ਵੀ ਉਹ ਕੁਝ ਨਾ ਬੋਲੇ। ਜਦੋਂ ਮੈਂ ਉਨ੍ਹਾਂ ਨੂੰ ਬਹੁਤ ਤੰਗ ਕੀਤਾ ਕਿ ਮੇਰੇ ਨਾਲ ਸ਼ਾਸ਼ਤ੍ਰ ਚਰਚਾ ਕਰੋ। ਦੋ ਪਹਿਰ ਉਨ੍ਹਾਂ ਦੇ ਭਜਨ ਵਿੱਚ ਵਿਘਨ ਪਾਇਆ ਤਾਂ ਆਖ਼ਰਕਾਰ ਉਨ੍ਹਾਂ ਨੇ ਮੈਨੂੰ ਸਰਾਪ ਦੇ ਦਿੱਤਾ ਕਿ ਕੁੱਤੇ ਵਾਂਗ ਕਿਉਂ ਭੌਂਕਦਾ ਹੈਂ ? ਜਾਹ, ਜਾ ਕੇ ਕੁੱਤਾ ਬਣ। ਉਸ ਮਹਾਤਮਾ ਦੇ ਸਰਾਪ ਕਰਕੇ ਮੈਂ ਕੁੱਤਾ ਬਣਿਆ ਰਿਹਾ ਹਾਂ। ਹੁਣ ਇਨ੍ਹਾਂ ਦੀ ਕਿਰਪਾ ਨਾਲ ਮੇਰੀ ਕਲਿਆਣ ਹੋਈ ਹੈ। ਈਸ਼ਵਰ ਆਪ ਹੀ ਅਵਤਾਰ ਧਾਰ ਕੇ ਤੁਹਾਡੀ ਨਗਰੀ ਵਿੱਚ ਆਇਆ ਹੈ, ਤੁਸੀਂ ਇਨ੍ਹਾਂ ਦੇ ਸਾਹਮਣੇ ਹੰਕਾਰ ਨਾ ਕਰੋ। ਵਿਦਿਆ ਦੇ ਹੰਕਾਰ ਨੂੰ ਛੱਡ ਕੇ, ਇਨ੍ਹਾਂ ਦੇ ਚਰਨੀਂ ਪੈ ਕੇ, ਇਨ੍ਹਾਂ ਦੇ ਉਪਦੇਸ਼ ਦੁਆਰਾ ਮੁਕਤੀ ਦਾ ਦਾਨ ਪ੍ਰਾਪਤ ਕਰੋ। ਇਹ ਗੱਲ ਕਹਿ ਕੇ ਬਿਸ਼ਨ ਦੱਤ ਆਪ ਤਾਂ ਬੈਕੁੰਠ ਧਾਮ ਚਲਾ ਗਿਆ। ਪਿੱਛੋਂ ਗੋਪਾਲ ਦੱਤ ਨੇ ਗੁਰੂ ਜੀ ਦੇ ਚਰਨ ਫੜ ਕੇ ਬੇਨਤੀ ਕੀਤੀ ਕਿ ਗੁਰੂ ਜੀ ! ਅਸੀਂ ਆਪ ਜੀ ਦੇ ਸੇਵਕ ਹਾਂ, ਸਾਨੂੰ ਐਸਾ ਉਪਦੇਸ਼ ਦਿਓ, ਜਿਸ ਨੂੰ ਸੁਣ ਕੇ ਮਨ ਵਿੱਚ ਸ਼ਾਂਤੀ ਹੋਵੇ ਤੇ ਹੰਕਾਰ ਦੂਰ ਹੋ ਜਾਵੇ ਤੇ ਸਾਡਾ ਲੋਕ ਪ੍ਰਲੋਕ ਸਫਲ ਹੋ ਜਾਵੇ। ਸਤਿਗੁਰੂ ਜੀ ਨੇ ਉਪਦੇਸ਼ ਦੇ ਕੇ ਗੋਪਾਲ ਦੱਤ ਤੇ ਹੋਰ ਪੰਡਿਤਾਂ ਦਾ ਉਧਾਰ ਕੀਤਾ। ਇਸ ਕਰਕੇ ਗੁਰੂ ਅਰਜਨ ਸਾਹਿਬ ਜੀ ਇਸ ਮੁਖਵਾਕ ਵਿੱਚ ਦਸਦੇ ਹਨ ਕਿ ਨਾਮ ਤੋਂ ਬਗ਼ੈਰ ਸਾਰੇ ਹੀ ਕਰਮ ਕਾਂਡ ਜਪ ਤਪ ਕੀਤੇ ਨਿਸਫਲ ਹਨ। ਭਾਵ ਝੂਠੇ ਹਨ ਅਤੇ ਨਾਮ ਤੋਂ ਬਿਨਾਂ ਐਸੀਆਂ ਗੱਲਾਂ ਹੋਛੀਆਂ ਹਨ।

## ਨਾਮੁ ਨਿਧਾਨੁ ਅਪਾਰੁ; ਭਗਤਾ ਮਨਿ ਵਸੈ ॥

ਅਪਾਰ=ਪਾਰਾਵਾਰ ਤੋਂ ਰਹਿਤ ਪ੍ਰਮੇਸ਼ਰ ਦਾ ਨਾਮ ਜੋ ਨਿਧੀਆਂ ਦਾ ਖ਼ਜ਼ਾਨਾ ਹੈ, ਉਹ ਭਗਤਾਂ ਦੇ ਮਨ ਵਿੱਚ ਵਸ ਰਿਹਾ ਹੈ। ਜੈਸਾ ਕਿ :

**੧. ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥**

[ਮਾਰੂ ਮਹਲਾ ੩, ਅੰਗ ੧੦੬੦]

**੨. ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥**
**ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥**

[ਮਲਾਰ ਮਹਲਾ ੪, ਅੰਗ ੧੨੬੫]

## ਜਨਮ ਮਰਣ ਮੋਹੁ ਦੁਖੁ; ਸਾਧੂ ਸੰਗਿ ਨਸੈ ॥੧॥ਰਹਾਉ॥

ਸਾਧੂ=ਸਤਿਪੁਰਸ਼ਾਂ ਦੇ ਸੰਗ ਕਰਕੇ, **ਵਾ:** ਸਾਧੂ=ਸਤਿਗੁਰਾਂ ਦੀ ਸੰਗਿ=ਸੰਗਤ ਵਿੱਚ ਆਉਣ ਕਰਕੇ ਜਨਮ-ਮਰਨ ਦਾ ਅਤੇ ਮੋਹ ਦਾ ਦੁਖ ਨਸੈ=ਨਸ ਜਾਂਦਾ ਹੈ, ਭਾਵ ਨਾਸ ਹੋ ਜਾਂਦਾ ਹੈ॥੧॥ਰਹਾਉ॥ ਜੈਸਾ ਕਿ :

**੧. ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥**
**ਮਿਲੁ ਸਾਧ ਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥** [ਬਿਹਾਗੜਾ ਮਹਲਾ ੫, ਅੰਗ ੫੪੫]

**੨. ਸਾਧ ਸੰਗੇ ਹਰਿ ਨਾਮ ਰੰਗੇ ਸੰਸਾਰੁ ਸਾਗਰੁ ਸਭੁ ਤਰੈ ॥**
**ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ ॥** [ਰਾਮਕਲੀ ਮਹਲਾ ੫, ਅੰਗ ੯੨੭]

## ਮੋਹਿ ਬਾਦਿ ਅਹੰਕਾਰਿ; ਸਰਪਰ ਰੁੰਨਿਆ ॥

ਮੋਹ ਨੂੰ ਧਾਰਨ ਕਰਨ ਵਾਲਿਆਂ ਨੇ, ਬਾਦਿ=ਝਗੜੇ ਕਰਨ ਵਾਲਿਆਂ ਨੇ ਅਤੇ ਹੰਕਾਰੀਆਂ ਨੇ ਸਰਪਰ=ਜ਼ਰੂਰ ਹੀ ਰੋਣਾ ਹੈ।

ਕਿਉਂਕਿ ਇਹ ਚੀਜ਼ਾਂ ਹੀ ਪ੍ਰਲੋਕ ਦੇ ਰਸਤੇ ਵਿੱਚ ਦੁਖਦਾਇਕ ਹਨ। ਸੰਸਾਰ ਵਿੱਚ ਰਹਿੰਦਿਆਂ ਜੀਵ ਨੂੰ ਪ੍ਰਲੋਕ ਦਾ ਚੇਤਾ ਨਹੀਂ, ਜਿਸ ਕਰਕੇ ਇਹ ਜੀਵ ਮਾਇਆ ਦੇ ਹੰਕਾਰ ਅਤੇ ਸੰਬੰਧੀਆਂ ਦੇ ਮੋਹ ਕਰਕੇ ਵਿਅਰਥ ਝਗੜੇ ਕਰਦਾ ਹੈ। ਕਿਉਂਕਿ ਮੋਹ ਅਤੇ ਹੰਕਾਰ ਤੋਂ ਬਿਨਾਂ ਝਗੜਾ ਨਹੀਂ ਹੋ ਸਕਦਾ। ਸੰਸਾਰ ਵਿੱਚ ਵਿਦਵਾਨ ਪੁਰਸ਼ਾਂ ਨੇ ਝਗੜੇ ਦੇ ਤਿੰਨ ਕਾਰਨ ਮੰਨੇ ਹਨ—ਜਰ, ਜੋਰੂ, ਜ਼ਮੀਨ। ਇਨ੍ਹਾਂ ਤਿੰਨਾ ਕਰਕੇ ਹੀ ਝਗੜੇ ਦਾ ਜਨਮ ਹੁੰਦਾ ਹੈ, ਪਰ ਵਾਸਤਵ ਵਿੱਚ ਇਨ੍ਹਾਂ ਤਿੰਨਾਂ ਦੇ ਪਿੱਛੇ ਮੋਹ ਅਤੇ ਹੰਕਾਰ ਛੁਪਿਆ ਹੈ। ਮੋਹ ਤੇ ਹੰਕਾਰ ਵਿੱਚ ਅੰਨ੍ਹਾ ਹੋਇਆ ਜੀਵ ਆਪਣੇ ਸਰੂਪ ਦੀ ਪਛਾਣ ਨਹੀਂ ਕਰ ਸਕਦਾ। ਜਿਸ ਕਾਰਜ ਵਾਸਤੇ ਸੰਸਾਰ ਵਿੱਚ ਆਇਆ ਸੀ, ਉਸ ਕਾਰਜ ਨੂੰ ਤਾਂ ਭੁਲਾ ਬੈਠਾ, ਭਾਵ ਪ੍ਰਭੂ ਦਾ ਨਾਮ ਜਪ ਕੇ ਆਪਣੇ ਸਰੂਪ ਦੀ ਪਛਾਣ ਕਰਨੀ ਸੀ, ਪਰ ਇਸ ਮਾਰਗ ਨੂੰ ਛੱਡ ਕੇ ਮੋਹ ਅਤੇ ਹੰਕਾਰ ਦੀ ਪਕੜ ਵਿੱਚ ਆ ਗਿਆ। ਹੰਕਾਰ ਵਿੱਚ ਜੀਵ ਆਪਣੇ ਆਪ ਨੂੰ ਸਭ ਤੋਂ ਵੱਡਾ ਮੰਨਦਾ ਹੈ। ਇਥੋਂ ਤਕ ਕਿ ਕਈ ਵਾਰ ਆਪਣੇ ਆਪ ਨੂੰ ਪ੍ਰਮਾਤਮਾ ਹੀ ਸਮਝ ਬੈਠਦਾ ਹੈ ਤੇ ਹੋਰਾਂ ਨੂੰ ਆਪਣੇ ਤੋਂ ਨੀਚ ਛੋਟੇ ਸਮਝਦਾ ਹੈ। ਪਰ ਅੰਤ ਨੂੰ ਹੰਕਾਰੀ ਦਾ ਵਾਸਾ ਨਰਕਾਂ ਵਿੱਚ ਹੁੰਦਾ ਹੈ। ਭਗਤ ਕਬੀਰ ਜੀ ਕਥਨ ਕਰਦੇ ਹਨ। ਜੈਸਾ ਕਿ :

**ਆਪਸ ਕਉ ਦੀਰਘ ਕਰਿ ਜਾਨੈ ਅਉਰਨ ਕਉ ਲਗ ਮਾਤ ॥**
**ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥** [ਮਾਰੂ ਕਬੀਰ ਜੀ, ਅੰਗ ੧੧੦੫]

ਹੰਕਾਰ ਅਤੇ ਮੋਹ ਦੇ ਅਧੀਨ ਹੋਇਆ ਜੀਵ ਵਿਭੂਤੀ ਦਾ ਵਿਸਥਾਰ ਕਰਦਾ ਹੈ, ਪਰ ਸਤਿਗੁਰੂ ਜੀ ਕਥਨ

ਕਰਦੇ ਹਨ ਕਿ ਇਹ ਦੁਖ ਦਾ ਰਸਤਾ ਹੈ, ਜੋ ਮੋਹ ਤੇ ਹੰਕਾਰ ਦੇ ਅਧੀਨ ਹੋ ਕੇ ਝਗੜੇ ਕਰਦੇ ਹਨ, ਉਨ੍ਹਾਂ ਨੂੰ ਜ਼ਰੂਰ ਹੀ ਰੋਣਾ ਪੈਂਦਾ ਹੈ, ਕਿਉਂਕਿ ਐਸੇ ਲੋਕਾਂ ਨੂੰ ਫਿਰ ਅੰਤ ਸਮੇਂ ਜਮ ਤਸੀਹੇ ਦਿੰਦੇ ਹਨ। ਫਿਰ ਉਨ੍ਹਾਂ ਨੂੰ ਚੇਤੇ ਆਉਂਦਾ ਹੈ ਕਿ ਅਸੀਂ ਤਾਂ ਮੋਹ ਅਤੇ ਹੰਕਾਰ ਕਰਕੇ ਆਪਣੇ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ, ਫਿਰ ਪਛਤਾਵਾ ਕਰਕੇ ਰੋਂਦੇ ਹਨ ਤੇ ਫਿਰ ਉਨ੍ਹਾਂ ਦੇ ਰੋਣ ਨੂੰ ਸੁਨਣ ਵਾਲਾ ਕੋਈ ਨਹੀਂ ਹੁੰਦਾ।

## *ਸੁਖੁ ਨ ਪਾਇਨਿ ਮੂਲਿ; ਨਾਮ ਵਿਛੁੰਨਿਆ ॥੨॥*

ਜੋ ਨਾਮ ਤੋਂ ਵਿਛੁੰਨਿਆ=ਵਿਛੜੇ ਹੋਏ ਪੁਰਸ਼ ਹਨ, ਉਹ ਪੁਰਸ਼ ਮੂਲਿ=ਕਦਾਚਿਤ ਵੀ ਸੁਖ ਨੂੰ ਪਾਇਨਿ=ਪ੍ਰਾਪਤ ਨਹੀਂ ਕਰ ਸਕਦੇ ॥੨॥ ਕਿਉਂਕਿ ਸੁਖ ਦੇਣ ਵਾਲਾ ਦਾਤਾ ਕੇਵਲ ਪ੍ਰਮੇਸ਼ਰ ਦਾ ਨਾਮ ਹੈ, ਪਰ ਜੀਵ ਸੁਖ ਦੀ ਤਲਾਸ਼ ਨਾਮ ਨੂੰ ਛੱਡ ਕੇ ਸੰਸਾਰ ਦੇ ਅਨਾਤਮ ਪਦਾਰਥਾਂ ਵਿੱਚ ਕਰਦਾ ਹੈ, ਪਰ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਇਹ ਸਿਧਾਂਤ ਦਿੱਤਾ ਹੈ ਕਿ ਨਾਮ ਤੋਂ ਬਿਨਾਂ ਹੋਰ ਕਿਸੇ ਥਾਂ ਤੋਂ ਸੁਖ ਪ੍ਰਾਪਤ ਨਹੀਂ ਹੋ ਸਕਦਾ। ਜੈਸਾ ਕਿ :

੧. **ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**
**ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥**
[ਭੈਰਉ ਮਹਲਾ ੫, ਅੰਗ ੧੧੪੭]

੨. **ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥**
[ਭੈਰਉ ਮਹਲਾ ੫, ਅੰਗ ੧੧੪੫]

੩. **ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** [ਵਾਰ ਪਉੜੀ ਮਃ ੫, ਅੰਗ ੩੨੨]

੪. **ਸੁਖਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ ॥** [ਭੈਰਉ ਮਹਲਾ ੩, ਅੰਗ ੧੧੩੨]

## *ਮੇਰੀ ਮੇਰੀ ਧਾਰਿ, ਬੰਧਨਿ ਬੰਧਿਆ ॥*

ਮੇਰੀ ਮਾਇਆ, ਮੇਰੀ ਭੂਮੀ, ਅਜਿਹੀ ਬਿਰਤੀ ਧਾਰ ਕੇ ਜੀਵ ਸੰਸਾਰ ਦੇ ਬੰਧਨਾਂ ਵਿੱਚ, **ਵਾ:** ਜੰਮਣ ਮਰਨ ਦੇ ਬੰਧਨਾਂ ਵਿੱਚ ਬੱਧਾ ਹੋਇਆ ਹੈ। **ਅਥਵਾ** ਜਿਸਨੇ ਮੇਰੀ-ਮੇਰੀ ਰੂਪ ਬਿਰਤੀ ਧਾਰੀ ਹੈ, ਉਸਨੂੰ ਜਮਾਂ ਨੇ ਆਪਣੇ ਬੰਧਨਾਂ ਵਿੱਚ ਬੰਨ੍ਹ ਲਿਆ ਹੈ। ਜਦੋਂ ਤਕ ਜੀਵ ਮੇਰੀ-ਮੇਰੀ ਕਰਦਾ ਹੈ, ਉਦੋਂ ਤਕ ਇਸਦਾ ਮੁਕਤੀ ਰੂਪ ਕਾਰਜ ਸੰਪੂਰਨ ਨਹੀਂ ਹੁੰਦਾ। ਜਦੋਂ ਜੀਵ ਦੇ ਹਿਰਦੇ ਵਿੱਚੋਂ ਮੇਰੀ-ਮੇਰੀ ਦੀ ਭਾਵਨਾ ਖ਼ਤਮ ਹੋ ਕੇ ਤੇਰੀ-ਤੇਰੀ, ਭਾਵ ਤੂੰ ਤੂੰ ਦੀ ਭਾਵਨਾ ਆ ਜਾਂਦੀ ਹੈ ਤਾਂ ਪ੍ਰਮੇਸ਼ਰ ਆਪ ਇਸਦਾ ਮੁਕਤੀ ਰੂਪ ਕਾਰਜ ਸਵਾਰ ਦਿੰਦਾ ਹੈ। ਭਾਵ ਜੀਵ ਜਨਮ ਮਰਨ ਤੋਂ ਰਹਿਤ ਹੋ ਕੇ ਪ੍ਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ। ਜੈਸਾ ਕਿ :

**ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥**
**ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥** [ਮਹਲਾ ੫, ਅੰਗ ੧੧੬੦]

## *ਨਰਕਿ ਸੁਰਗਿ ਅਵਤਾਰ; ਮਾਇਆ ਧੰਧਿਆ ॥੩॥*

ਇਹ ਜੀਵ ਮਾਇਆ ਦੇ ਧੰਧਿਆਂ ਕਰਕੇ ਕਦੇ ਨਰਕਾਂ ਵਿੱਚ ਅਤੇ ਕਦੇ ਸੁਰਗਾਂ ਵਿੱਚ ਅਵਤਾਰ=ਉਤਰਦਾ ਹੈ ॥੩॥

## *ਸੋਧਤ ਸੋਧਤ ਸੋਧਿ; ਤਤੁ ਬੀਚਾਰਿਆ ॥*

ਵੇਦਾਂ ਨੂੰ ਸੋਧ ਕੇ, ਸ਼ਾਸਤ੍ਰਾਂ ਨੂੰ ਸੋਧ ਕੇ ਅਤੇ ਪੁਰਾਣਾਂ ਨੂੰ ਸੋਧ ਕੇ ਇਹ ਤਤੁ=ਸਿਧਾਂਤ ਵੀਚਾਰਿਆ ਹੈ ਕਿ :

## *ਨਾਮ ਬਿਨਾ ਸੁਖੁ ਨਾਹਿ; ਸਰਪਰ ਹਾਰਿਆ ॥੪॥*

ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਕਿਸੇ ਵੀ ਜੀਵ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜੋ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਹੈ ਉਹ ਸਰਪਰ=ਜ਼ਰੂਰ ਹੀ ਮਨੁੱਖਾ ਜਨਮ ਨੂੰ ਹਾਰ ਕੇ ਜਾਂਦਾ ਹੈ॥੪॥

## *ਆਵਹਿ ਜਾਹਿ ਅਨੇਕ; ਮਰਿ ਮਰਿ ਜਨਮਤੇ ॥*

ਜੋ ਨਾਮ ਤੋਂ ਹੀਣੇ ਹਨ, ਉਹ ਮਰ ਕੇ ਅਨੇਕਾਂ ਵਾਰ ਜਨਮ ਲੈ ਕੇ ਸੰਸਾਰ ਵਿੱਚ ਆਉਂਦੇ ਹਨ ਤੇ ਫਿਰ ਮਰ ਕੇ ਪ੍ਰਲੋਕ ਨੂੰ ਜਾਹਿ=ਚਲੇ ਜਾਂਦੇ ਹਨ।

## *ਬਿਨੁ ਬੂਝੇ ਸਭੁ ਵਾਦਿ; ਜੋਨੀ ਭਰਮਤੇ ॥੫॥*

ਬੂਝੇ=ਗਿਆਨ ਤੋਂ ਬਿਨਾਂ ਸਾਰੇ ਕਰਮ ਵਾਦਿ=ਵਿਅਰਥ ਹਨ ਤੇ ਕਰਮਾਂ ਦੇ ਕਰਨ ਵਾਲੇ ਪੁਰਸ਼ ਜੂਨੀਆਂ ਵਿੱਚ ਭਰਮਤੇ=ਭੌਂਦੇ ਫਿਰਦੇ ਹਨ। **ਵਾ:** ਸਤਿਗੁਰਾਂ ਪਾਸੋਂ ਸ੍ਰੇਸ਼ਟ ਸਿਖਿਆ ਅਤੇ ਨਾਮ ਦੇ ਉਪਦੇਸ਼ ਨੂੰ ਬੁਝੇ ਤੋਂ ਬਿਨਾਂ ਸਾਰੇ ਪੁਰਸ਼ ਸੰਸਾਰ ਦੇ ਵਾਦਿ=ਝਗੜਿਆਂ ਵਿੱਚ ਫਸ ਕੇ ਅੰਤ ਨੂੰ ਜੂਨੀਆਂ ਵਿੱਚ ਭਰਮਦੇ ਫਿਰਦੇ ਹਨ॥੫॥

## *ਜਿਨ ਕਉ ਭਏ ਦਇਆਲ; ਤਿਨ ਸਾਧੂ ਸੰਗੁ ਭਇਆ ॥*

ਜਿਨ੍ਹਾਂ ਉੱਤੇ ਉਹ ਪ੍ਰਮਾਤਮਾ ਦਿਆਲੂ ਹੋਇਆ ਹੈ, ਉਨ੍ਹਾਂ ਜਗਿਆਸੂਆਂ ਨੂੰ ਸਾਧੂ=ਸਤਿਗੁਰਾਂ ਦਾ, **ਵਾ:** ਸਤਿਪੁਰਸ਼ਾਂ ਦਾ ਸੰਗ ਭਇਆ=ਪ੍ਰਾਪਤ ਹੋਇਆ ਹੈ ਅਤੇ

## *ਅੰਮ੍ਰਿਤੁ ਹਰਿ ਕਾ ਨਾਮੁ; ਤਿਨੀ ਜਨੀ ਜਪਿ ਲਇਆ ॥੬॥*

ਤਿਨੀ=ਉਨ੍ਹਾਂ ਜਨੀ=ਜਗਿਆਸੂਆਂ ਨੇ ਅੰਮ੍ਰਿਤੁ=ਮ੍ਰਿਤੂ ਤੋਂ ਰਹਿਤ ਕਰਨ ਵਾਲੇ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਜਪ ਲਿਆ ਹੈ॥੬॥

## *ਖੋਜਹਿ ਕੋਟਿ ਅਸੰਖ; ਬਹੁਤੁ ਅਨੰਤ ਕੇ ॥*

ਅਨੰਤ=ਅੰਤ ਤੋਂ ਰਹਿਤ ਪ੍ਰਮੇਸ਼ਰ ਨੂੰ ਅਸੰਖ=ਗਿਣਤੀ ਤੋਂ ਰਹਿਤ ਜੀਵ ਕ੍ਰੋੜਾਂ ਜਤਨ ਕਰਕੇ ਖੋਜਦੇ ਹਨ, **ਵਾ:** ਅਨੰਤ=ਅੰਤ ਤੋਂ ਰਹਿਤ ਅਤੇ ਅਸੰਖ=ਗਿਣਤੀ ਤੋਂ ਰਹਿਤ ਪ੍ਰਮੇਸ਼ਰ ਦੇ ਤਾਈਂ ਕ੍ਰੋੜਾਂ ਜੀਵ ਖੋਜਦੇ ਹਨ।

## *ਜਿਸੁ ਬੁਝਾਏ ਆਪਿ; ਨੇੜਾ ਤਿਸੁ ਹੇ ॥੭॥*

ਪਰ ਜਿਸ ਨੂੰ ਸਤਿਗੁਰੂ ਜੀ ਆਪ ਬੁਝਾਏ=ਸਮਝਾਉਂਦੇ ਹਨ, ਉਸਦੇ ਉਹ ਪ੍ਰਮਾਤਮਾ ਨਜ਼ਦੀਕ ਹੁੰਦਾ ਹੈ॥੭॥

## *ਵਿਸਰੁ ਨਾਹੀ ਦਾਤਾਰ; ਆਪਣਾ ਨਾਮੁ ਦੇਹੁ ॥*

ਹੇ ਦਾਤਾਰ ਪ੍ਰਮਾਤਮਾ! ਆਪ ਕਿਰਪਾ ਕਰਕੇ ਮੈਨੂੰ ਆਪਣਾ ਨਾਮ ਦੇਣਾ ਕਰੋ ਅਤੇ ਐਸੀ ਕਿਰਪਾ ਕਰੋ ਕਿ ਇੱਕ ਪਲ ਵੀ ਆਪ ਦਾ ਨਾਮ ਮੈਨੂੰ ਨਾ ਵਿਸਰੇ।

## *ਗੁਣ ਗਾਵਾ ਦਿਨੁ ਰਾਤਿ; ਨਾਨਕ ਚਾਉ ਏਹੁ ॥੮॥੨॥੫॥੧੬॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਮੇਸ਼ਰ! ਮੈਨੂੰ ਏਹੋ ਚਾਉ=ਉਤਸ਼ਾਹ ਹੈ ਕਿ ਮੈਂ ਆਪ ਜੀ ਦੇ ਗੁਣਾਂ ਨੂੰ ਦਿਨ-ਰਾਤ ਗਾਉਂਦਾ ਰਹਾਂ॥੮॥੨॥੫॥੧੬॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੩ [ਆਦਿ ਅੰਗ ੭੬੩]

*ਰਾਗੁ ਸੂਹੀ ਛੰਤ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥ ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥ ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥ ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥ ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥ ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥ ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥ ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥ ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥ ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥ ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥*

## *ਰਾਗੁ ਸੂਹੀ ਛੰਤ ਮਹਲਾ ੧, ਘਰੁ ੧; ੧ੴ ਸਤਿਗੁਰ ਪ੍ਰਸਾਦਿ ॥*

ਸੂਹੀ ਰਾਗਣੀ ਦੇ ਛੰਤਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਇਹ ਸ਼ਬਦ ਰਾਗ ਦੇ ਪਹਿਲੇ ਸੁਰਤਾਲ ਵਿੱਚ ਉਚਾਰਨ ਕੀਤਾ ਹੋਇਆ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ: ੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਇਸ ਸ਼ਬਦ ਵਿੱਚ ਇਸਤਰੀ ਦੇ ਰੂਪਕ ਅਲੰਕਾਰ ਦੁਆਰਾ ਪ੍ਰਮੇਸ਼ਰ ਦੀ ਪ੍ਰਾਪਤੀ ਦਸਦੇ ਹਨ। ਭਾਵ ਸੰਸਾਰ ਦੀ ਇਸਤਰੀ ਦਾ ਪ੍ਰਮਾਣ ਲੈ ਕੇ ਜਗਿਆਸੂ ਰੂਪ ਇਸਤਰੀ ਦਾ ਪਤੀ ਪ੍ਰਮੇਸ਼ਰ ਨਾਲ ਮੁਕੰਮਲ ਮਿਲਾਪ ਦਸਦੇ ਹਨ।

## *ਭਰਿ ਜੋਬਨਿ ਮੈ ਮਤ; ਪੇਈਅੜੈ ਘਰਿ ਪਾਹੁਣੀ, ਬਲਿ ਰਾਮ ਜੀਉ ॥*

ਹੇ ਭਾਈ! ਇਹ ਜੀਵ ਰੂਪ ਇਸਤਰੀ ਮਾਤ ਲੋਕ ਰੂਪ ਪੇਈਅੜੈ=ਪੇਕੇ ਘਰ ਪਾਹੁਣੀ=ਮਹਿਮਾਨਾਂ ਵਾਂਗ ਹੈ ਅਤੇ ਪ੍ਰਤੱਖ ਜੋਬਨ ਭਰਨ ਰੂਪ ਮੈ=ਸ਼ਰਾਬ ਪੀ ਕੇ ਮਸਤ ਬੈਠੀ ਹੈ, **ਵਾ:** ਜੀਵ ਰੂਪ ਇਸਤਰੀ ਆਸੁਰੀ ਸੰਪਦਾ ਰੂਪ ਜੋਬਨ ਵਿੱਚ ਭਰੀ ਹੈ ਅਤੇ ਮੈ ਮਤ=ਮਮਤਾ ਰੂਪ ਸ਼ਰਾਬ ਪੀ ਕੇ ਮਸਤ ਹੋ ਰਹੀ ਹੈ। **ਪ੍ਰਸ਼ਨ**—ਫਿਰ ਇਸ ਜੀਵ ਰੂਪ ਇਸਤਰੀ ਦਾ ਪ੍ਰਤੀ ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੋਵੇ? **ਉੱਤਰ**—ਇਹ ਜੀਵ ਰੂਪ ਇਸਤਰੀ ਇਸ ਢੰਗ ਦੀ ਬੇਨਤੀ ਕਰੇ ਕਿ ਹੇ ਰਾਮ=ਰਮੇ ਹੋਏ ਪ੍ਰਮੇਸ਼ਰ ਜੀ! ਮੈਂ ਤੇਰੇ ਤੋਂ ਬਲਿ=ਬਲਿਹਾਰ ਜਾਂਦੀ ਹਾਂ।

## ਮੈਲੀ ਅਵਗਣਿ ਚਿਤਿ; ਬਿਨੁ ਗੁਰ ਗੁਣ ਨ ਸਮਾਵਨੀ, ਬਲਿ ਰਾਮ ਜੀਉ ॥

ਚਿਤ ਵਿੱਚ ਜੋ ਔਗੁਣਾਂ ਦੀ ਚਿਤਵਨੀ ਹੈ, ਭਾਵ ਵਿਸ਼ਿਆਂ ਦਾ ਚਿੰਤਨ ਹੈ ਇਹੀ ਇੱਕ ਮੈਲ ਹੈ। ਜਿਸ ਕਰਕੇ ਇਹ ਜੀਵ ਰੂਪ ਇਸਤਰੀ ਮੈਲੀ ਹੋ ਰਹੀ ਹੈ। ਸਤਿਗੁਰਾਂ ਤੋਂ ਬਿਨਾ ਰਾਮ=ਪ੍ਰਮੇਸ਼ਰ ਜੀ ਜੋ ਬਲਿ=ਬਲਿਹਾਰ ਜਾਣ ਯੋਗ ਹਨ, ਉਸਦੀ ਪ੍ਰਾਪਤੀ ਦੇ ਸ਼ੁਭ ਗੁਣ ਹਿਰਦੇ ਵਿੱਚ ਸਮਾਉਂਦੇ ਨਹੀਂ ਹਨ।

## ਗੁਣ ਸਾਰ ਨ ਜਾਣੀ, ਭਰਮਿ ਭੁਲਾਣੀ; ਜੋਬਨੁ ਬਾਦਿ ਗਵਾਇਆ ॥

ਇਸ ਅਨਜਾਣ ਜੀਵ ਰੂਪ ਇਸਤਰੀ ਨੇ ਸ਼ੁਭ ਗੁਣਾਂ ਦੀ ਸਾਰ=ਸੰਭਾਲ ਕਰਨੀ ਨਹੀਂ ਜਾਣੀ, ਬਲਕਿ ਭਰਮ ਦੇ ਵਿੱਚ ਭੁਲਾਣੀ=ਭੁੱਲੀ ਹੋਈ ਨੇ ਪ੍ਰਤੱਖ ਜੋਬਨ, **ਵਾ:** ਸ਼ੌਕ ਅਵਸਥਾ ਰੂਪ ਜੋਬਨੁ=ਜਵਾਨੀ ਨੂੰ ਬਾਦਿ=ਵਿਅਰਥ ਹੀ ਗਵਾ ਲਿਆ ਹੈ। ਧਰਮ ਸ਼ਾਸ਼ਤ੍ਰਾਂ ਵਿੱਚ, **ਵਾ:** ਗੁਰਬਾਣੀ ਦੇ ਅਨੇਕਾਂ ਪ੍ਰਮਾਣਾਂ ਵਿੱਚ ਜੀਵ ਦੀ ਸ਼ੌਕ ਅਵਸਥਾ ਨੂੰ ਇਸ ਲਈ ਜਵਾਨ ਅਵਸਥਾ ਕਿਹਾ ਹੈ ਕਿ ਸ਼ੌਕ ਅਵਸਥਾ ਵਿੱਚ ਪ੍ਰਾਪਤੀ ਦਾ ਬਲ ਹੋਇਆ ਕਰਦਾ ਹੈ, ਕਿਉਂਕਿ ਸ਼ੌਕ ਤੋਂ ਬਿਨਾਂ ਪ੍ਰਾਪਤੀ ਨਹੀਂ ਹੋ ਸਕਦੀ। ਸਰੀਰ ਦੀਆਂ ਤਿੰਨ ਅਵਸਥਾ—ਬਾਲ, ਜਵਾਨੀ ਤੇ ਬਿਰਧ—ਜੋ ਕਥਨ ਕੀਤੀਆਂ ਹਨ। ਬਾਲ ਅਵਸਥਾ ਵਿੱਚ ਹੀ ਸਰੀਰਕ ਕਮਜ਼ੋਰੀ ਹੈ ਅਤੇ ਬਿਰਧ ਅਵਸਥਾ ਵਿੱਚ ਵੀ ਸਰੀਰਕ ਕਮਜ਼ੋਰੀ ਹੁੰਦੀ ਹੈ, ਬਲਕਿ ਬੁਢਾਪੇ ਦੀ ਅਵਸਥਾ ਬਾਰੇ ਤਾਂ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਸਿਰੁ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ ॥**
**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸ ਲੀਨ ॥** [ਸਲੋਕ ਮਹਲਾ ੯, ਅੰਗ ੧੪੨੮]

ਜਿਵੇਂ ਜੁਆਨ ਅਵਸਥਾ ਤੋਂ ਬਿਨਾਂ ਸੰਸਾਰ ਦਾ ਕੋਈ ਵੀ ਕਾਰੋਬਾਰ ਜਿਸ ਵਿੱਚ ਸਰੀਰਕ ਬਲ ਦੀ ਲੋੜ ਹੋਵੇ ਸਿੱਧ ਨਹੀਂ ਹੁੰਦਾ। ਇਸੇ ਤਰ੍ਹਾਂ ਸ਼ੌਕ ਅਵਸਥਾ ਜੀਵ ਕੋਲ ਜਵਾਨ ਅਵਸਥਾ ਮੰਨੀ ਹੈ, ਕਿਉਂਕਿ ਸ਼ੌਕ ਤੋਂ ਬਿਨਾਂ ਕੋਈ ਵੀ ਪ੍ਰਾਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਮਨੁੱਖਾ ਸਰੀਰ ਦੀ ਪ੍ਰਾਪਤੀ ਰੂਪ ਜੋਬਨ ਅਵਸਥਾ ਹੈ, ਕਿਉਂਕਿ ਚੁਰਾਸੀ ਲੱਖ ਜੂਨੀਆਂ ਵਿੱਚ ਮਨੁੱਖਾ ਜਨਮ ਵਿੱਚ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਪਰ ਜੀਵ ਨੇ ਮਨੁੱਖਾ ਸਰੀਰ ਰੂਪ ਜੋਬਨ ਅਵਸਥਾ ਨੂੰ ਵਿਸ਼ਿਆਂ ਵਿੱਚ ਵਿਅਰਥ ਗਵਾ ਲਿਆ।

## ਵਰੁ ਘਰੁ ਦਰੁ ਦਰਸਨੁ ਨਹੀ ਜਾਤਾ; ਪਿਰ ਕਾ ਸਹਜੁ ਨ ਭਾਇਆ ॥

ਵਰੁ=ਪਤੀ ਪ੍ਰਮਾਤਮਾ ਘਰੁ=ਸਰੀਰ ਦੇ ਦਰੁ=ਅੰਦਰ ਹੀ ਹੈ, ਜੀਵ ਰੂਪ ਇਸਤਰੀ ਨੇ ਉਸਦਾ ਦਰਸ਼ਨ ਕਰਨਾ ਨਹੀਂ ਜਾਣਿਆ। **ਵਾ:** ਉਹ ਪਤੀ ਘਰੁ=ਸਰੀਰ ਅਤੇ ਦਰੁ=ਇੰਦ੍ਰਿਆਂ ਵਿੱਚ ਸਭ ਥਾਂ ਹੈ, **ਵਾ:** ਪਤੀ ਪ੍ਰਮਾਤਮਾ ਦਾ ਘਰ ਜੋ ਸੱਚਖੰਡ ਹੈ ਉਸਦੇ ਦਰੁ=ਸਤਿਸੰਗਤ ਵਿੱਚ ਮਿਲ ਕੇ ਪਤੀ ਦੇ ਘਰੁ=ਸਰੂਪ ਦਾ ਦਰਸ਼ਨ ਕਰਨਾ ਨਹੀਂ ਜਾਣਿਆ, ਕਿਉਂਕਿ ਇਸ ਨੂੰ ਪਿਰ=ਪਤੀ ਪ੍ਰਮੇਸ਼ਰ ਦਾ ਸਹਜੁ=ਗਿਆਨ ਮਨ ਵਿੱਚ ਨ ਭਾਇਆ=ਚੰਗਾ ਨਹੀਂ ਲਗਿਆ।

## ਸਤਿਗੁਰ ਪੂਛਿ ਨ ਮਾਰਗਿ ਚਾਲੀ; ਸੂਤੀ ਰੈਣਿ ਵਿਹਾਣੀ ॥

ਪੂਰਨ ਸਤਿਗੁਰਾਂ ਤੋਂ ਗਿਆਨ ਰੂਪ ਮਾਰਗਿ=ਰਸਤਾ ਪੂਛਿ=ਪੁਛ ਕੇ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਲਈ ਉਸ ਗਿਆਨ ਰੂਪ ਸ੍ਰੇਸ਼ਟ ਮਾਰਗ ਦੇ ਉੱਤੇ ਇਹ ਜੀਵ ਰੂਪ ਇਸਤਰੀ ਨਾ ਚਲੀ ਅਤੇ ਇਸਦੀ ਉਮਰਾ ਰੂਪ ਰਾਤ ਅਵਿਦਿਆ ਰੂਪ ਨੀਂਦ ਵਿੱਚ ਸੁਤਿਆਂ ਹੀ ਬੀਤ ਗਈ।

## ਨਾਨਕ ਬਾਲਤਣਿ ਰਾਡੇਪਾ; ਬਿਨੁ ਪਿਰ ਧਨ ਕੁਮਲਾਣੀ ॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਹ ਜੀਵ ਰੂਪ ਇਸਤਰੀ ਬਾਲਤਣਿ=ਬਾਲਕ ਅਵਸਥਾ ਤੋਂ ਹੀ

ਰਾਡੇਪਾ=ਰੰਡੀ (ਭਾਵ ਅਨੀਸ਼ਰਵਾਦੀ) ਹੋ ਗਈ, **ਵਾ**—ਬਾਲਤਨਿ=ਜਗਿਆਸਾ ਕਾਲ ਵਿੱਚ ਹੀ ਭਾਵ ਉਪਦੇਸ਼ ਸੁਣ ਕੇ ਰਾਡੇਪਾ=ਨਾਸਤਕ ਪੁਣਾ ਧਾਰ ਲਿਆ ਤੇ ਇਸ ਤਰ੍ਹਾਂ ਆਖਦੀ ਹੈ ਕਿ ਪ੍ਰਮੇਸ਼ਰ ਕੋਈ ਨਹੀਂ ਹੈ। ਪਿਰ=ਪਤੀ ਪ੍ਰਮਾਤਮਾ ਤੋਂ ਬਿਨਾਂ ਜੀਵ ਰੂਪ ਧਨ=ਇਸਤਰੀ ਕੁਮਲਾ ਗਈ, ਵਾ: ਇਸਦਾ ਹਿਰਦਾ ਕਮਲ ਮੁਰਝਾ ਗਿਆ। ਇਸ ਜੀਵ ਰੂਪ ਇਸਤਰੀ ਨੂੰ ਚਾਹੀਦਾ ਹੈ ਕਿ ਇਸ ਤਰ੍ਹਾ ਬੇਨਤੀਆਂ ਕਰੇ॥੧॥

## ਬਾਬਾ ਮੈ ਵਰੁ ਦੇਹਿ, ਮੈ ਹਰਿ ਵਰੁ ਭਾਵੈ; ਤਿਸ ਕੀ ਬਲਿ ਰਾਮ ਜੀਉ ॥

ਹੇ ਬਾਬਾ=ਗੁਰੂ ਜੀ ! ਮੈਨੂੰ ਵਰੁ=ਪਤੀ ਪ੍ਰਮਾਤਮਾ ਦੀ ਪ੍ਰਾਪਤੀ ਕਰਾ ਦਿਓ, ਕਿਉਂਕਿ ਮੈਨੂੰ ਉਹ ਹਰਿ=ਪ੍ਰਮੇਸ਼ਰ ਰੂਪ ਪਤੀ ਭਾਵੈ=ਭਾਉਂਦਾ ਹੈ, ਭਾਵ ਚੰਗਾ ਲਗਦਾ ਹੈ। ਮੈਂ ਉਸ ਬਲਿ=ਬਲਿਹਾਰ ਜਾਣ ਯੋਗ ਪ੍ਰਮੇਸ਼ਰ ਜੀ ਦੀ ਪਤਨੀ ਬਣਨਾ ਚਾਹੁੰਦੀ ਹਾਂ, **ਵਾ**: ਮੈਨੂੰ ਉਸਦੀ ਇੱਛਾ ਲਗ ਰਹੀ ਹੈ।

## ਰਵਿ ਰਹਿਆ ਜੁਗ ਚਾਰਿ; ਤ੍ਰਿਭਵਣ ਬਾਣੀ ਜਿਸ ਕੀ, ਬਲਿ ਰਾਮ ਜੀਉ ॥

ਜੋ ਪ੍ਰਮੇਸ਼ਰ ਚਾਰੇ ਜੁਗਾਂ ਵਿੱਚ ਰਵਿ=ਪਸਰ ਰਿਹਾ ਹੈ, ਭਾਵ ਜੋ ਵਿਆਪਕ ਹੋ ਰਿਹਾ ਹੈ ਅਤੇ ਤਿੰਨੇ ਲੋਕ=ਪਤਾਲ ਲੋਕ, ਮਾਤ ਲੋਕ ਅਤੇ ਸਵਰਗ ਲੋਕ, ਜਿਸਦੀ ਬਾਣੀ=ਬਨਾਉਟ ਹੈ, ਭਾਵ ਜਿਸ ਨੇ ਤਿੰਨੇ ਲੋਕ ਬਣਾਏ ਹਨ, ਮੈਂ ਉਸ ਰਾਮ=ਰਮੇ ਹੋਏ ਪ੍ਰਮੇਸ਼ਰ ਜੀ ਤੋਂ ਬਲਿਹਾਰ ਜਾਂਦੀ ਹਾਂ।

## ਤ੍ਰਿਭਵਣ ਕੰਤੁ ਰਵੈ ਸੋਹਾਗਣਿ; ਅਵਗਣਵੰਤੀ ਦੂਰੇ ॥

ਤਿੰਨਾਂ ਲੋਕਾਂ ਵਿੱਚ ਸ੍ਰੇਸ਼ਟ ਗੁਣਾਂ ਵਾਲੀਆਂ ਜੀਵ ਰੂਪ ਸੁਹਾਗਣ ਇਸਤਰੀਆਂ ਹੀ ਆਪਣੇ ਕੰਤ=ਪਤੀ ਪ੍ਰਮੇਸ਼ਰ ਦੇ ਮਿਲਾਪ ਦੇ ਅਨੰਦ ਨੂੰ ਰਵੈ=ਮਾਣਦੀਆਂ ਹਨ ਅਤੇ ਅਉਗੁਣਾਂ ਦੇ ਸਹਿਤ ਇਸਤਰੀਆਂ ਉਸ ਤੋਂ ਦੂਰ ਰਹਿੰਦੀਆਂ ਹਨ।

## ਜੈਸੀ ਆਸਾ ਤੈਸੀ ਮਨਸਾ; ਪੂਰਿ ਰਹਿਆ ਭਰਪੂਰੇ ॥

ਸੁਹਾਗਣ ਇਸਤਰੀ ਜਿਹੋ ਜਿਹੀ ਆਸਾ=ਇਛਾ ਕਰਦੀ ਹੈ, ਉਹ ਪ੍ਰਮੇਸ਼ਰ ਤੈਸੀ ਹੀ ਮਨਸਾ=ਵਾਸ਼ਨਾ ਪੂਰੀ ਕਰਦਾ ਹੈ। **ਪ੍ਰਸ਼ਨ**—ਉਹ ਸੁਆਮੀ ਕੈਸਾ ਹੈ ? **ਉੱਤਰ**—ਉਹ ਸੁਆਮੀ ਸਾਰਿਆਂ ਵਿੱਚ ਭਰਪੂਰੇ=ਵਿਆਪਕ ਹੈ। ਜੈਸਾ ਕਿ :

੧. **ਪੂਰੀ ਆਸਾ ਜੀ ਮਨਸਾ ਮੇਰੇ ਰਾਮ॥** [ਵਡਹੰਸ ਮਹਲਾ ੫, ਅੰਗ ੫੭੭]

੨. **ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ॥**

[ਰਾਮਕਲੀ ਮਹਲਾ ੫, ਅੰਗ ੯੯੫]

**ਵਾ**: ਜੀਵ ਰੂਪ ਇਸਤਰੀ ਜਿਹੋ ਜਿਹੀ ਆਸਾ=ਇਛਾ ਕਰਦੀ ਹੈ, ਇਸਦੀ ਉਹੋ ਜਿਹੀ ਮਨਸਾ=ਬੁੱਧੀ, **ਵਾ**: ਦਸ਼ਾ ਹੋ ਜਾਂਦੀ ਹੈ।

## ਹਰਿ ਕੀ ਨਾਰਿ, ਸੁ ਸਰਬ ਸੁਹਾਗਣਿ; ਰਾਂਡ ਨ ਮੈਲੈ ਵੇਸੇ ॥

ਜੋ ਹਰਿ=ਪ੍ਰਮੇਸ਼ਰ ਦੀ ਭਗਤੀ ਵਾਲੀ ਜੀਵ ਰੂਪ ਇਸਤਰੀ ਹੈ ਉਹ ਸਰਬ=ਸਭ ਤਰ੍ਹਾਂ ਕਰਕੇ, **ਵਾ**—ਸਰਬ=ਸਾਰੇ ਸਮਿਆਂ ਵਿੱਚ ਸੁਹਾਗਣ ਰਹਿੰਦੀ ਹੈ। ਨਾ ਤਾਂ ਉਹ ਜੀਵ ਰੂਪ ਇਸਤਰੀ ਰਾਂਡ=ਅਨੀਸ਼ਰਵਾਦੀ ਹੁੰਦੀ ਹੈ, ਭਾਵ ਨਾਸਤਕ ਨਹੀਂ ਹੁੰਦੀ ਅਤੇ ਨਾ ਹੀ ਉਸ ਦੇ ਚਿਤ ਰੂਪ ਬਸਤਰ ਨੂੰ ਪਾਪਾਂ ਰੂਪ ਮੈਲ ਲਗਦੀ ਹੈ, **ਵਾ**: ਇੰਦ੍ਰਿਆਂ ਨੂੰ ਵਿਸ਼ਿਆਂ ਰੂਪ ਮੈਲ ਨਹੀਂ ਲਗਦੀ।

## ਨਾਨਕ ਮੈ ਵਰੁ ਸਾਚਾ ਭਾਵੈ; ਜੁਗਿ ਜੁਗਿ ਪ੍ਰੀਤਮ ਤੈਸੇ ॥੨॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੁਗਾਂ ਜੁਗਾਂ ਵਿੱਚ ਜਿਸ ਤਰ੍ਹਾਂ ਪ੍ਰੀਤਮ=ਪਿਆਰੇ ਸੰਤਾਂ ਨੂੰ ਉਹ ਪ੍ਰਮਾਤਮਾ ਭਾਉਂਦਾ ਹੈ, ਤਿਵੇਂ ਹੀ ਮੈਨੂੰ ਵੀ ਸੱਚਾ ਵਰੁ=ਪਤੀ ਪ੍ਰਮੇਸ਼ਰ ਭਾਉਂਦਾ=ਚੰਗਾ ਲਗਦਾ ਹੈ। **ਵਾ:** ਮੈਨੂੰ ਉਹ ਸੱਚਾ ਵਰੁ=ਪਤੀ ਪ੍ਰਮਾਤਮਾ ਹੀ ਭਾਉਂਦਾ ਹੈ। ਜੁਗਾਂ-ਜੁਗਾਂ ਵਿੱਚ ਜੈਸਾ ਉਹ ਪ੍ਰੀਤਮ=ਪਿਆਰਾ ਪ੍ਰਮੇਸ਼ਰ ਹੈ, ਉਸਦੇ ਪਿਆਰੇ ਭਗਤ ਵੀ ਤੈਸੇ ਹੀ ਹੋ ਜਾਂਦੇ ਹਨ। **ਵਾ:** ਜਿਸ ਤਰ੍ਹਾਂ ਪ੍ਰੀਤਮ=ਪਿਆਰੇ ਨੂੰ ਪਿਆਰਾ ਭਾਉਂਦਾ ਹੈ, ਇਸੇ ਤਰ੍ਹਾਂ ਮੈਨੂੰ ਪਤੀ ਪ੍ਰਮੇਸ਼ਰ ਭਾਉਂਦਾ ਹੈ। **ਵਾ:** ਜੁਗਾਂ-ਜੁਗਾਂ ਵਿੱਚ ਜੋ ਪਿਆਰਾ ਪ੍ਰਭੂ ਵਿਆਪਕ ਹੈ, ਉਹ ਜੈਸਾ ਪਿੱਛੇ ਸੀ ਤੈਸਾ ਹੀ ਅੱਗੇ ਨੂੰ ਹੋਵੇਗਾ॥੨॥

## ਬਾਬਾ ਲਗਨੁ ਗਣਾਇ; ਹੰ ਭੀ ਵੰਞਾ ਸਾਹੁਰੈ, ਬਲਿ ਰਾਮ ਜੀਉ ॥

ਜਗਿਆਸੂ ਸਤਿਗੁਰਾਂ ਨੂੰ ਬੇਨਤੀ ਕਰਦਾ ਹੈ ਕਿ ਹੇ ਬਾਬਾ=ਗੁਰੂ ਜੀ! ਜਿਹੜੀ ਪ੍ਰਮੇਸ਼ਰ ਵਿੱਚ ਲਿਵ ਲਾਉਣੀ ਹੈ, ਏਹੋ ਹੀ ਇੱਕ ਲਗਨ ਗਣਾਵੋ। [**ਲਗਨ**=ਕਿਸੇ ਸੁਭ ਕੰਮ ਦੇ ਕਰਨ ਲਈ ਗਿਣਿਆ ਸ਼ੁਭ ਸਮਾਂ, **ਵਾ:** ਲਗਨ ਗਣਾਉਣਾ=ਜੋਤਸ਼ੀ ਤੋਂ ਲਗਨ ਦੀ ਗਿਣਤੀ ਕਰਵਾਉਣੀ, ਭਾਵ ਮਹੂਰਤ ਕਢਵਾਉਣਾ] ਤਾਂ ਕਿ ਹੰ ਭੀ=ਮੈਂ ਵੀ ਸਾਹੁਰੈ=ਪ੍ਰਲੋਕ ਘਰ ਵਿੱਚ ਭਾਵ ਜੋ ਸਭ ਲੋਕਾਂ ਤੋਂ ਪਰੇ ਬਲਿਹਾਰ ਜਾਣ ਯੋਗ ਰਾਮ=ਰਮੇ ਹੋਏ ਪ੍ਰਮੇਸ਼ਰ ਜੀ ਹਨ, ਉਨ੍ਹਾਂ ਵਿੱਚ ਮੈਂ ਵੀ ਵੰਞਾ=ਜਾਵਾਂ, ਭਾਵ ਉਸ ਪ੍ਰਮੇਸ਼ਰ ਦੇ ਸਰੂਪ ਵਿੱਚ ਅਭੇਦ ਹੋ ਜਾਵਾਂ।

## ਸਾਹਾ ਹੁਕਮੁ ਰਜਾਇ; ਸੋ ਨ ਟਲੈ, ਜੋ ਪ੍ਰਭੁ ਕਰੈ, ਬਲਿ ਰਾਮ ਜੀਉ ॥

ਰਜਾਇ=ਰਜ਼ਾ ਦੇ ਮਾਲਕ ਪ੍ਰਮਾਤਮਾ ਦਾ ਜੋ ਹੁਕਮ ਮੰਨਣਾ ਹੈ ਏਹੋ ਹੀ ਸਾਹਾ ਸੁਧਾਉਣਾ ਕਰੋ। ਜੋ ਹੁਕਮ ਪ੍ਰਭੂ ਕਰਦਾ ਹੈ, ਉਹ ਟਲਦਾ ਨਹੀਂ ਹੈ। **ਵਾ:** ਜੋ ਪ੍ਰਭੂ ਨੇ ਆਪਣੇ ਹੁਕਮ ਅੰਦਰ ਰਾਜ਼ੀ ਹੋ ਕੇ ਚਲਨ ਰੂਪ ਸਾਹਾ ਮੁਕੱਰਰ ਕੀਤਾ ਹੈ, ਉਹ ਟਲ ਨਹੀਂ ਸਕਦਾ। ਉਹ ਪ੍ਰਭੂ ਜੋ ਕਰਦਾ ਹੈ, ਉਹੀ ਹੁੰਦਾ ਹੈ। ਮੈਂ ਉਸ ਰਾਮ=ਪ੍ਰਮੇਸ਼ਰ ਜੀ ਤੋਂ ਬਲਿ=ਬਲਿਹਾਰ ਜਾਂਦੀ ਹਾਂ। [**ਸਾਹਾ**=(ਸੁ+ਆਹ) ਚੰਗਾ ਦਿਨ ਹਿੰਦੂ ਮਤ ਅਨੁਸਾਰ ਗ੍ਰਹਿ ਆਦਿਕਾਂ ਵਿੱਚ ਗਿਣਤੀ ਕਰਕੇ ਵਿਆਹ ਆਦਿਕ ਲਈ ਜੋ ਦਿਨ ਮੁਕੱਰਰ ਕੀਤਾ ਜਾਵੇ, ਉਸਨੂੰ ਸਾਹਾ ਕਹਿੰਦੇ ਹਨ।] (ਅੰਤਰੀਵ=ਜੀਵਤ ਭਾਵ ਤੋਂ ਮਰ ਕੇ ਮੁਕਤ ਹੋਣ ਦਾ ਸਮਾਂ) ਜੈਸਾ ਕਿ :

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲ ॥੩॥** [ਗਉੜੀ ਮਹਲਾ ੧, ਅੰਗ ੧੨]

## ਕਿਰਤੁ ਪਇਆ, ਕਰਤੈ ਕਰਿ ਪਾਇਆ; ਮੇਟਿ ਨ ਸਕੈ ਕੋਈ ॥

ਜੀਵ ਦੇ ਕੀਤੇ ਕਰਮਾਂ ਅਨੁਸਾਰ ਕਰਤੇ ਵਾਹਿਗੁਰੂ ਨੇ ਜੋ ਜੀਵ ਦੇ ਮੱਥੇ 'ਤੇ ਲੇਖ ਪਾਇਆ ਹੈ, ਜੀਵ ਉਸਦੇ ਅਨੁਸਾਰ ਹੀ ਫਲ ਪ੍ਰਾਪਤ ਕਰਦਾ ਹੈ। ਕਰਮ ਨੂੰ ਭੋਗਣ ਤੋਂ ਬਿਨਾਂ ਕੋਈ ਵੀ ਜੀਵ ਮੇਟ ਨਹੀਂ ਸਕਦਾ। **ਵਾ:** ਜੀਵਾਂ ਦੇ ਮੱਥੇ ਉੱਤੇ ਜੋ ਕਰਤੇ ਵਾਹਿਗੁਰੂ ਨੇ ਕਿਰਤੁ=ਕਰਮ (ਲੇਖ) ਲਿਖਿਆ ਹੈ, ਉਸਦੇ ਅਨੁਸਾਰ ਹੀ ਫਲ ਪ੍ਰਾਪਤ ਕਰਦਾ ਹੈ। ਭੋਗੇ ਤੋਂ ਬਿਨਾਂ ਉਸਨੂੰ ਕੋਈ ਹਟਾ ਨਹੀਂ ਸਕਦਾ। ਜੈਸਾ ਕਿ :

**੧. ਕਿਰਤੁ ਪਇਆ ਨਹ ਮੇਟੈ ਕੋਇ॥ ਕਿਆ ਜਾਣਾ ਕਿਆ ਆਗੈ ਹੋਇ॥** [ਗਉੜੀ ਮਹਲਾ ੧, ਅੰਗ ੧੫੪]

**੨. ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** [ਰਾਮਕਲੀ ਮਹਲਾ ੧, ਅੰਗ ੯੩੭]

## ਜਾਵੀ ਨਾਉ ਨਰਹ ਨਿਹਕੇਵਲੁ; ਰਵਿ ਰਹਿਆ ਤਿਹੁ ਲੋਈ ॥

ਜਾਵੀ ਨਾਉ=ਜੋ ਪ੍ਰਮੇਸ਼ਰ ਦੇ ਸਾਰੇ ਨਾਮ ਹਨ, ਇਹ ਜਾਵੀ ਹਨ ਅਤੇ ਨਰਹ=ਨਿਯੰਤਾ, ਨਿਯਮ ਕਾਇਮ ਕਰਨ

ਵਾਲਾ, ਪ੍ਰੇਰਣ ਵਾਲਾ, ਚਲਾਉਣ ਵਾਲਾ ਜੋ ਨਿਹਕੇਵਲੁ=ਸੁਧ ਪ੍ਰਮਾਤਮਾ ਹੈ, ਉਹ ਲਾੜਾ ਹੈ। ਵਾ–ਨਰਹ=ਨਿਯੰਤਾ ਜੋ ਨਿਹਕੇਵਲ=ਸੁਧ ਪ੍ਰਮਾਤਮਾ ਹੈ, ਉਸਦੇ ਜੋ ਨਾਮ ਜਪਣ ਵਾਲੇ ਸੰਤ ਹਨ, ਏਹੋ ਜਾਞੀ ਹਨ। ਉਹ ਪ੍ਰਮਾਤਮਾ ਕੈਸਾ ਹੈ ? ਤਿੰਨਾਂ ਲੋਕਾਂ ਵਿੱਚ ਪ੍ਰਭੂ ਰਵਿ=ਪਰੀ ਪੂਰਨ ਹੋ ਰਿਹਾ ਹੈ।

## *ਮਾਇ ਨਿਰਾਸੀ ਰੋਇ ਵਿਛੁੰਨੀ; ਬਾਲੀ ਬਾਲੈ ਹੇਤੇ ॥*

ਜਦੋਂ ਲੜਕੇ ਲੜਕੀ ਦਾ ਵਿਆਹ ਹੁੰਦਾ ਹੈ ਤਾਂ ਲੜਕੀ ਦੀ ਮਾਤਾ ਨਿਰਾਸ ਹੋਈ ਵਿਛੜ ਕੇ ਰੋਂਦੀ ਹੈ, ਅੰਤਰੀਵ ਭਾਵ ਵਿੱਚ ਵੀ ਜਦੋਂ ਜਗਿਆਸੂ ਰੂਪ ਬਾਲੀ=ਇਸਤਰੀ ਦਾ ਉਸ ਬਾਲੈ=ਵੇਪਰਵਾਹ ਪ੍ਰਮਾਤਮਾ ਨਾਲ ਹੇਤੇ=ਪ੍ਰੇਮ ਹੁੰਦਾ ਹੈ, ਭਾਵ ਵਿਆਹ ਹੁੰਦਾ ਹੈ, ਅਰਥਾਤ ਜਗਿਆਸੂ ਦਾ ਪਤੀ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਮਾਂ ਰੂਪ ਮਾਇਆ ਨਿਰਾਸ ਹੋ ਜਾਂਦੀ ਹੈ ਅਤੇ ਰੋ ਕੇ ਵਿਛੜ ਜਾਂਦੀ ਹੈ ਕਿ ਹੁਣ ਇਸ ਨੇ ਮੈਨੂੰ ਮਿਥਿਆ, ਅਭਾਵ ਰੂਪ ਸਮਝ ਲਿਆ ਹੈ ਤੇ ਇਹ ਜੀਵ ਰੂਪ ਲੜਕੀ ਮੇਰੀ ਪਕੜ ਤੋਂ ਦੂਰ ਹੋ ਗਈ ਹੈ। ਕਿਉਂਕਿ ਇਸ ਬਾਲੀ=ਅਧਿਕਾਰੀ ਜਗਿਆਸੂ ਦਾ ਹਿਤ ਬਾਲੈ=ਨਵੀਨ ਜੋਬਨ ਵਾਲੇ ਪ੍ਰਮਾਤਮਾ ਨਾਲ ਹੋ ਗਿਆ ਹੈ।

## *ਨਾਨਕ ਸਾਚ ਸਬਦਿ ਸੁਖ ਮਹਲੀ; ਗੁਰ ਚਰਣੀ ਪ੍ਰਭੁ ਚੇਤੇ ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਦੇ ਸੱਚੇ ਉਪਦੇਸ਼ ਦੁਆਰਾ ਗੁਰੂ ਦੇ ਚਰਨਾਂ ਵਿੱਚ ਧਿਆਨ ਕਰਕੇ ਪ੍ਰਭੂ ਨੂੰ ਚੇਤੇ=ਯਾਦ ਕਰੇ ਤਾਂ ਮਹਲੀ=ਜਗਿਆਸੂ ਨੂੰ ਸਰੂਪ ਰੂਪੀ ਸੁਖ ਪ੍ਰਾਪਤ ਹੁੰਦਾ ਹੈ, **ਵਾ:** ਤਾਂ ਹੀ ਜਗਿਆਸੂ ਸੁਖ ਸਰੂਪ ਪ੍ਰਮੇਸ਼ਰ ਦੀ ਮਹਲੀ=ਇਸਤਰੀ ਬਣਦਾ ਹੈ॥੩॥

ਜਿਸ ਪ੍ਰਕਾਰ ਲੜਕੀ ਦੇ ਸੁਝਵਾਨ ਮਾਪੇ ਆਪਣੀ ਧੀ ਦਾ ਵਿਆਹ ਦੂਰ ਕਰ ਦਿੰਦੇ ਹਨ ਕਿ ਸਹੁਰੇ ਘਰ ਤੋਂ ਲੜ ਕੇ, **ਵਾ:** ਰੁਸ ਕੇ ਘਰ ਨਾ ਆ ਬੈਠੇ ਇਸੇ ਤਰ੍ਹਾਂ :

## *ਬਾਬੁਲਿ ਦਿਤੜੀ ਦੂਰਿ; ਨਾ ਆਵੈ ਘਰਿ ਪੇਈਐ, ਬਲਿ ਰਾਮ ਜੀਉ ॥*

ਬਾਬੁਲਿ=ਪਿਤਾ ਰੂਪ ਗੁਰੂ ਨੇ ਜਗਿਆਸੂ ਰੂਪ ਇਸਤਰੀ ਨੂੰ ਦੇਸ਼ ਕਾਲ ਵਸਤੂ ਪ੍ਰਛੇਦ ਰਹਿਤ ਪ੍ਰਮਾਤਮਾ ਜੋ ਦੂਰ ਹੈ ਉਸਦੇ ਨਾਲ ਵਿਆਹ ਦਿੱਤਾ, ਭਾਵ ਉਸਦੇ ਘਰਿ=ਸਰੂਪ ਵਿੱਚ ਪ੍ਰਾਪਤ ਕਰਾ ਦਿੱਤੀ ਤਾਂ ਫਿਰ ਉਹ ਮਾਤ ਲੋਕ **ਵਾ:** ਸਰੀਰਾਂ ਰੂਪ ਪੇਕੇ ਘਰ ਵਿੱਚ ਨਹੀਂ ਆਉਂਦੀ। ਮੈਂ ਉਸ ਰਾਮ=ਰਮੇ ਹੋਏ ਪ੍ਰਮੇਸ਼ਰ ਜੀ ਤੋਂ ਬਲਿਹਾਰ ਜਾਂਦੀ ਹਾਂ।

## *ਰਹਸੀ ਵੇਖਿ ਹਦੂਰਿ; ਪਿਰਿ ਰਾਵੀ ਘਰਿ ਸੋਹੀਐ, ਬਲਿ ਰਾਮ ਜੀਉ ॥*

ਫਿਰ ਉਹ ਜਗਿਆਸੂ ਰੂਪ ਇਸਤ੍ਰੀ ਪਿਰਿ=ਪਤੀ ਪ੍ਰਮਾਤਮਾ ਨੂੰ ਆਪਣੇ ਹਦੂਰਿ=ਪਾਸ ਵੇਖ ਕੇ, ਭਾਵ ਸਾਖਯਾਤ ਵੇਖ ਕੇ ਰਹਸੀ=ਪ੍ਰਸੰਨ ਹੁੰਦੀ ਹੈ ਅਤੇ ਪਿਰਿ=ਪਤੀ ਪ੍ਰਮਾਤਮਾ ਦੇ ਮਿਲਾਪ ਦੇ ਅਨੰਦ ਨੂੰ ਰਾਵੀ=ਮਾਣਦੀ ਹੈ। ਜੋ ਅੰਤਸ਼ਕਰਨ ਰੂਪ ਘਰ ਨੂੰ ਸੋਭਨੀਕ ਕਰਨ ਵਾਲੇ ਰਾਮ=ਪ੍ਰਮੇਸ਼ਰ ਜੀ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦੀ ਹਾਂ।

## *ਸਾਚੇ ਪਿਰ ਲੋੜੀ ਪ੍ਰੀਤਮ ਜੋੜੀ; ਮਤਿ ਪੂਰੀ ਪਰਧਾਨੇ ॥*

ਜਗਿਆਸੂ ਰੂਪ ਇਸਤਰੀ ਜਿਸ ਸਚੇ ਪਿਰ=ਪਤੀ ਪ੍ਰਮਾਤਮਾ ਨੂੰ ਚਾਹੁੰਦੀ ਸੀ, ਉਸ ਪ੍ਰੀਤਮ=ਪਿਆਰੇ ਨਾਲ ਸਤਿਗੁਰਾਂ ਨੇ ਏਕਤਾ ਕਰਕੇ ਜੋੜ ਦਿੱਤੀ ਹੈ, ਇਹ ਸੋਹਣੀ ਜੋੜੀ ਬਣੀ ਹੈ। **ਵਾ:** ਸੱਚੇ ਪਿਰ=ਪਤੀ ਪ੍ਰਮਾਤਮਾ ਨੇ ਜੋ ਜਗਿਆਸੂ ਰੂਪ ਇਸਤਰੀ ਲੋੜੀ=ਚਾਹੀ ਉਹੀ ਪ੍ਰੀਤਮ=ਪਿਆਰੇ ਗੁਰਾਂ ਨਾਲ ਜੋੜੀ=ਜੋੜਨਾ ਕੀਤੀ, ਉਸੇ ਦੀ ਮਤਿ=ਅਕਲ ਪੂਰਨ ਹੋਈ ਹੈ ਅਤੇ ਉਹੀ ਪਰਧਾਨੇ=ਮੁਖੀ ਹੋਈ ਹੈ।

## *ਸੰਜੋਗੀ ਮੇਲਾ ਥਾਨਿ ਸੁਹੇਲਾ; ਗੁਣਵੰਤੀ ਗੁਰ ਗਿਆਨੇ ॥*

ਸੁਹੇਲਾ=ਸੋਭਨੀਕ ਥਾਂ ਜੋ ਸਤਿਸੰਗਤ ਹੈ, ਤਿਸ ਵਿੱਚ ਕਰਮਾਂ ਦੇ ਸੰਜੋਗ ਕਰਕੇ ਮੇਲਾ ਹੁੰਦਾ ਹੈ। ਸਤਿਸੰਗਤ

ਦੇ ਮਿਲਾਪ ਕਰਕੇ ਸਤਿਗੁਰਾਂ ਦੇ ਗਿਆਨ ਦੁਆਰਾ ਜਗਿਆਸੂ ਰੂਪ ਇਸਤਰੀ ਗੁਣਾਂ ਵਾਲੀ ਹੋਈ ਹੈ। **ਵਾ:** ਜਿਨ੍ਹਾਂ ਗੁਣਵੰਤੀਆਂ ਦਾ ਪੂਰਬਲੇ ਸੰਜੋਗ ਕਰਕੇ ਗੁਰੂ ਨਾਲ ਮਿਲਾਪ ਹੋਇਆ ਹੈ, ਉਨ੍ਹਾਂ ਦਾ ਥਾਨਿ=ਸਰੀਰ, **ਵਾ:** ਅੰਤਸ਼ਕਰਨ ਸੋਭਨੀਕ ਹੋ ਗਿਆ ਹੈ ਅਤੇ ਉਹ ਜਗਿਆਸੂ ਰੂਪ ਇਸਤਰੀਆਂ ਅਪ੍ਰੋਖ ਗਿਆਨ ਵਾਲੀਆਂ ਹੋ ਗਈਆਂ ਹਨ।

## *ਸਤੁ ਸੰਤੋਖੁ ਸਦਾ ਸਚੁ ਪਲੈ; ਸਚੁ ਬੋਲੈ ਪਿਰ ਭਾਏ ॥*

ਸਤ ਸੰਤੋਖ ਦੇ ਸਹਿਤ ਜੋ ਬੁੱਧੀ ਰੂਪੀ ਪੱਲਾ ਹੈ, ਉਸ ਪੱਲੇ ਵਿੱਚ ਸਦਾ ਹੀ ਸੱਚੇ ਪ੍ਰਮਾਤਮਾ ਦੇ ਨਾਮ ਨੂੰ ਧਾਰੇ। ਜੋ ਜਗਿਆਸੂ ਰੂਪ ਇਸਤਰੀ ਸੱਚੇ ਬਚਨ ਬੋਲਦੀ ਹੈ, **ਵਾ:** ਜੋ ਸੱਚੇ ਪ੍ਰਮਾਤਮਾ ਦੇ ਨਾਮ ਨੂੰ ਬੋਲਦੀ ਹੈ, ਭਾਵ ਜਪਦੀ ਹੈ ਉਹ ਹੀ ਪਿਰ=ਪਤੀ ਪ੍ਰਮਾਤਮਾ ਨੂੰ ਭਾਏ=ਭਾਉਂਦੀ ਹੈ, ਭਾਵ ਚੰਗੀ ਲਗਦੀ ਹੈ।

## *ਨਾਨਕ ਵਿਛੁੜਿ ਨਾ ਦੁਖੁ ਪਾਏ; ਗੁਰਮਤਿ ਅੰਕਿ ਸਮਾਏ ॥੪॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜੀਵ ਰੂਪ ਇਸਤਰੀ ਗੁਰੂ ਦੀ ਮਤਿ=ਸਿਖਿਆ ਦੁਆਰਾ ਅੰਕਿ=ਨਿਜ ਸਰੂਪ ਵਿੱਚ ਸਮਾਈ ਹੈ, ਫਿਰ ਉਹ ਕਦੇ ਵੀ ਪਤੀ ਪ੍ਰਮਾਤਮਾ ਤੋਂ ਵਿਛੜ ਕੇ ਦੁਖ ਪ੍ਰਾਪਤ ਨਹੀਂ ਕਰਦੀ। ਕਿਉਂਕਿ ਪ੍ਰਮਾਤਮਾ ਨਾਲ ਜੀਵ ਦਾ ਮਿਲਾਪ ਕੇਵਲ ਗੁਰੂ ਹੀ ਕਰਾ ਸਕਦਾ ਹੈ॥੪॥੧॥ ਜੈਸਾ ਕਿ :

੧. **ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥** [ਵਾਰ ਰਾਮਕਲੀ ਮਹਲਾ ੫, ਅੰਗ ੯੫੭]

੨. **ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥** [ਸਿਰੀ ਰਾਗ ਮਹਲਾ ੧, ਅੰਗ ੬੦]

੩. **ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥**
**ਨਾਨਕ ਗੁਰਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ ॥** [ਵਾਰ ਸਾਰਗ ਮ: ੩, ਅੰਗ ੧੨੪੭]

ਇਸ ਪ੍ਰਕਾਰ ਜੋ ਜਗਿਆਸੂ ਰੂਪ ਇਸਤਰੀ ਗੁਰੂ ਦੀ ਸਰਨ ਵਿੱਚ ਆਪਾ ਭਾਵ ਨੂੰ ਮਿਟਾ ਕੇ ਆ ਜਾਂਦੀ ਹੈ, ਸਤਿਗੁਰੂ ਜੀ ਉਸ ਦਾ ਮਿਲਾਪ ਉਸ ਪ੍ਰਭੂ ਨਾਲ ਕਰਾ ਦਿੰਦੇ ਹਨ, ਭਾਵ ਉਸ ਨੂੰ ਨਿਜ ਸਰੂਪ ਦਾ ਗਿਆਨ ਕਰਾ ਦਿੰਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੪ [ਆਦਿ ਅੰਗ ੭੬੫]

*ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ੍ ਦਿਸਿਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥*

## ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥

੧=ਅਦੁੱਤੀ ਬ੍ਰਹਮ, ੳ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਸੂਹੀ ਰਾਗਣੀ ਦੇ ਛੰਤਾਂ ਵਿੱਚ ਗੁਰੂ ਨਾਨਕ ਸਾਹਿਬ ਦਾ ਰਾਗ ਦੇ ਚਉਥੇ ਸੁਰ-ਤਾਲ ਵਿੱਚ ਉਚਾਰਨ ਕੀਤਾ ਹੋਇਆ ਇਹ ਸ਼ਬਦ ਹੈ। ਇਸ ਮੁਖਵਾਕ ਦੀ ਪਹਿਲੀ ਤੁਕ ਵਿੱਚ ਜਗਿਆਸੂ ਵਲੋਂ ਪ੍ਰਸ਼ਨ ਹੈ ਕਿ ਜੋ ਸੰਪੂਰਨ ਸੰਸਾਰ, ਜਿਸ ਵਿੱਚ ਕਰੋੜਾਂ ਬ੍ਰਹਿਮੰਡ ਹਨ, ਐਸਾ ਕੋਈ ਹੈ, ਜਿਸਨੇ ਆਪਣੀ ਦ੍ਰਿਸ਼ਟੀ ਦੁਆਰਾ ਸੰਪੂਰਨ ਸੰਸਾਰ ਨੂੰ ਦੇਖਿਆ ਹੋਵੇ ? ਇਸ ਪ੍ਰਸ਼ਨ ਦੇ ਉੱਤਰ ਵਿੱਚ ਅੰਮ੍ਰਿਤ ਬਚਨ ਉਚਾਰ ਕੇ ਪ੍ਰਮੇਸ਼ਰ ਦੀ ਸਰਬੱਗਤਾ ਦਰਸਾਉਂਦਿਆਂ ਹੋਇਆਂ ਇਹ ਸਿਧਾਂਤ ਉਚਾਰਨ ਕੀਤਾ :

## ਜਿਨਿ ਕੀਆ ਤਿਨਿ ਦੇਖਿਆ; ਜਗੁ ਧੰਧੜੈ ਲਾਇਆ ॥

ਜਿਸ ਪ੍ਰਮੇਸ਼ਰ ਨੇ ਇਸ ਸੰਸਾਰ ਨੂੰ ਕੀਆ=ਉਤਪਨ ਕੀਤਾ ਹੈ, ਭਾਵ ਰਚਿਆ ਹੈ ਤਿਨਿ=ਉਸੇ ਪ੍ਰਮੇਸ਼ਰ ਨੇ ਇਸ ਨੂੰ ਆਪਣੀ ਦ੍ਰਿਸ਼ਟੀ ਦੁਆਰਾ ਦੇਖਿਆ=ਦੇਖਣਾ ਕੀਤਾ ਹੈ, ਭਾਵ ਆਪਣੀ ਦ੍ਰਿਸ਼ਟੀ ਵਿੱਚ ਰੱਖਿਆ ਹੈ। **ਵਾ:** ਰੋਜ਼ੀ ਦੁਆਰਾ ਸੰਸਾਰ ਦੀ ਦੇਖਿਆ=ਦੇਖਭਾਲ ਕੀਤੀ ਹੈ, ਭਾਵ ਪਾਲਣਾ ਕੀਤੀ ਹੈ। ਸਾਰਾ ਸੰਸਾਰ ਪ੍ਰਮੇਸ਼ਰ ਨੇ ਰੋਜ਼ੀ ਰੋਟੀ ਕਮਾਉਣ ਦੇ ਧੰਧੜੈ=ਕੰਮ ਵਿੱਚ ਲਾਇਆ ਹੈ। ਧੰਧਾ=ਧਨ ਦੀ ਪ੍ਰਾਪਤੀ ਲਈ ਕੀਤਾ ਕਾਰਜ। ਭਾਵ ਧਨ ਦੇ ਦੇਣ ਵਾਲਾ ਕੰਮ। ਇਸ ਤੁਕ ਵਿੱਚ ਸਤਿਗੁਰੂ ਜੀ ਨੇ ਪ੍ਰਮੇਸ਼ਰ ਦੀ ਦੀਰਘ ਦ੍ਰਿਸ਼ਟੀ, ਜਿਸ ਦੁਆਰਾ ਉਸ ਨੇ ਸਾਰੇ ਸੰਸਾਰ 'ਤੇ ਆਪਣੀ ਨਜ਼ਰ ਰੱਖੀ ਹੋਈ ਹੈ। ਇੱਕ ਨਿੱਕੇ ਕੀੜੇ ਤੋਂ ਲੈ ਕੇ ਹਾਥੀ ਤਕ ਅਤੇ ਜੀਵ ਤੋਂ ਲੈ ਕੇ ਬ੍ਰਹਮਾ ਤਕ, ਸਾਰੇ ਜੀਵਾਂ ਦੀ ਰੋਜ਼ੀ 'ਤੇ ਉਸ ਪ੍ਰਮੇਸ਼ਰ ਦੀ ਨਜ਼ਰ ਹੈ। ਜੈਸਾ ਕਿ :

**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** [ਆਸਾ ਮਹਲਾ ੧, ਅੰਗ ੩੬੦]

ਪ੍ਰਮਾਤਮਾ ਆਪਣੀ ਮਾਇਆ ਦੁਆਰਾ ਸੰਸਾਰ ਨੂੰ ਰਚ ਕੇ ਆਪ ਹੀ ਦੇਖਣ ਵਾਲਾ ਹੋ ਰਿਹਾ ਹੈ। ਜੈਸਾ ਕਿ :

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥** [ਬਿਹਾਗੜਾ ਮਹਲਾ ੯, ਅੰਗ ੫੩੭]

ਜਿਸ ਦੀ ਜਿਤਨੀ ਕੁ ਦ੍ਰਿਸ਼ਟੀ ਹੁੰਦੀ ਹੈ, ਉਹ ਉਤਨਾ ਹੀ ਦੇਖ ਸਕਦਾ ਹੈ। ਜੀਵਾਂ ਵਿੱਚ ਵੀ ਦ੍ਰਿਸ਼ਟੀ ਦਾ ਭੇਦ ਹੈ। ਕਿਸੇ ਦੀਆਂ ਅੱਖਾਂ ਬਹੁਤ ਦੂਰ ਦੀ ਚੀਜ਼ ਨੂੰ ਦੇਖ ਸਕਦੀਆਂ ਹਨ, ਤੇ ਜਿਸ ਦੀ ਨਿਗ੍ਹਾ ਘੱਟ ਹੁੰਦੀ ਹੈ ਉਹ ਨੇੜੇ ਦੀ ਚੀਜ਼ ਨੂੰ ਵੀ ਨਹੀਂ ਦੇਖ ਸਕਦਾ। ਪ੍ਰਮਾਤਮਾ ਦੀ ਦ੍ਰਿਸ਼ਟੀ ਜਿਤਨੀ ਸੰਸਾਰ ਵਿੱਚ ਕਿਸੇ ਦੀ ਵੀ ਦ੍ਰਿਸ਼ਟੀ ਨਹੀਂ ਹੋ ਸਕਦੀ। ਜੀਵ ਭਾਵੇਂ ਕਿਤਨਾ ਵੀ ਸੰਸਾਰ ਤੋਂ ਲੁਕੋ ਕੇ ਕਰਮ ਕਰ ਲਵੇ, ਪਰ ਪ੍ਰਮਾਤਮਾ ਦੀ ਦ੍ਰਿਸ਼ਟੀ ਤੋਂ ਨਹੀਂ ਬਚ ਸਕਦਾ। ਕਿਉਂਕਿ ਜੀਵ ਕੁਕਰਮ ਕਰਨ ਲੱਗਿਆਂ ਅੱਗਾ-ਪਿੱਛਾ ਦੇਖਦਾ ਹੈ ਕਿ ਕਿਤੇ ਕਿਸੇ ਦੀ ਮੇਰੇ ਉੱਤੇ ਦ੍ਰਿਸ਼ਟੀ ਤਾਂ ਨਹੀਂ ਪੈ ਰਹੀ। ਜਦੋਂ ਇਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਮੈਨੂੰ ਕੋਈ ਨਹੀਂ ਦੇਖ ਰਿਹਾ ਤਾਂ ਫਿਰ ਇਹ ਕੁਕਰਮ ਕਰਦਾ ਹੈ, ਪਰ ਇਤਨਾ ਕੁਝ ਕਰਕੇ ਵੀ ਪ੍ਰਮਾਤਮਾ ਤੋਂ ਆਪਣੇ ਕੁਕਰਮ ਨੂੰ ਛੁਪਾ ਨਹੀਂ ਸਕਦਾ। ਜੈਸਾ ਕਿ :

੧. **ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥** [ਗਉੜੀ ਮਹਲਾ ੧, ਅੰਗ ੧੫੬]

੨. **ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥**

[ਮਾਰੂ ਮਹਲਾ ੫, ਅੰਗ ੧੦੨੦]

**ਸਾਖੀ—ਮਹਾਤਮਾ ਵਲੋਂ ਦੋ ਚੇਲਿਆਂ ਨੂੰ ਪਰਖਣ ਦੀ—**ਇਕ ਮਹਾਂਪੁਰਸ਼ ਕਰਨੀ ਵਾਲੇ ਜੰਗਲ ਵਿੱਚ ਕੁਟੀਆ ਬਣਾ ਕੇ ਧਿਆਨ ਸਾਧਨਾ ਵਿੱਚ ਲੱਗੇ ਹੋਏ ਸਨ। ਉਨ੍ਹਾਂ ਦੇ ਚੇਲੇ ਬਣਨ ਵਾਸਤੇ ਦੋ ਵਿਅਕਤੀ ਜੋ ਇਕੋ ਹੀ ਰੁਚੀ ਲੈ ਕੇ ਆਏ ਸਨ ਕਿ ਮਹਾਤਮਾ ਦੇ ਸੇਵਕ ਬਣਨਾ ਹੈ। ਬੇਨਤੀ ਕੀਤੀ ਕਿ ਸਾਨੂੰ ਆਪਣੇ ਚੇਲੇ ਬਣਾ ਲਓ। ਮਹਾਤਮਾ ਦੀਰਘ ਦ੍ਰਿਸ਼ਟੀ ਵਾਲੇ ਸਨ। ਉਹਨਾਂ ਨੇ ਸੋਚਿਆ ਕਿ ਚੇਲੇ ਪਰਖ ਕੇ ਬਣਾਏ ਜਾਣ, ਨਹੀਂ ਤਾਂ ਮੇਰਾ ਨਾਂ ਬਦਨਾਮ ਹੋਵੇਗਾ। ਪਰਖਣ ਲਈ ਉਸ ਮਹਾਤਮਾ ਨੇ ਦੋਨਾਂ ਨੂੰ ਇੱਕ-ਇੱਕ ਕਬੂਤਰ ਦੇ ਦਿੱਤਾ ਅਤੇ ਕਿਹਾ ਕਿ ਇਹਨਾਂ ਨੂੰ ਉਥੇ ਮਾਰ ਕੇ ਲਿਆਉਣਾ, ਜਿਥੇ ਕੋਈ ਨਾ ਦੇਖਦਾ ਹੋਵੇ। ਸੋ ਇੱਕ ਪੂਰਬ ਵੱਲ ਤੇ ਇੱਕ ਪੱਛਮ ਦਿਸ਼ਾ ਵੱਲ ਤੁਰ ਪਿਆ। ਉਹਨਾਂ ਵਿੱਚੋਂ ਪੱਛਮ ਵਾਲੇ ਨੇ ਦਸ ਕਦਮਾਂ 'ਤੇ ਜਾ ਕੇ ਅੱਗੇ ਪਿੱਛੇ ਵੇਖਿਆ ਕਿ ਕੋਈ ਨਹੀਂ ਦੇਖਦਾ ਤਾਂ ਕਬੂਤਰ ਦੀ ਗਰਦਨ ਮਰੋੜੀ ਤੇ ਮਾਰ ਕੇ ਮਹਾਤਮਾ ਦੇ ਚਰਨਾਂ ਵਿੱਚ ਰੱਖ ਦਿੱਤਾ ਤੇ ਕਿਹਾ ਕਿ ਲਓ ਜੀ! ਮੈਨੂੰ ਚੇਲਾ ਬਣਾਉ। ਮਹਾਤਮਾ ਨੇ ਕਿਹਾ ਕਿ ਕਾਹਲੀ ਨਾ ਕਰ ਤੇਰੇ ਦੂਜੇ ਸਾਥੀ ਨੂੰ ਵੀ ਆ ਜਾਣ ਦੇ। ਦੂਸਰਾ ਜੋ ਪੂਰਬ ਵੱਲ ਗਿਆ ਸੀ, ਉਸ ਨੇ ਵੇਖਿਆ ਤੇ ਵਿਚਾਰਿਆ ਕਿ ਕੋਈ ਵੇਖ ਤਾਂ ਨਹੀਂ ਰਿਹਾ। ਸੋਚਿਆ ਕਿ ਮਨੁੱਖ ਤਾਂ ਭਾਵੇਂ ਕੋਈ ਨਹੀਂ ਵੇਖਦਾ, ਪਰ ਜੰਗਲ ਦੇ ਪੰਛੀ ਵੇਖ ਰਹੇ ਹਨ। ਹੋਰ ਅੱਗੇ ਚਲਾ ਗਿਆ। ਫਿਰ ਮਾਰਨ ਲੱਗਾ ਤਾਂ ਦੇਖਿਆ ਸੂਰਜ ਦੇਵਤਾ ਵੇਖ ਰਿਹਾ ਹੈ। ਸੂਰਜ ਤੋਂ ਉਹਲੇ ਹੋ ਕੇ ਮਾਰਨ ਲੱਗਾ ਤਾਂ ਦੇਖਿਆ ਕਿ ਕਬੂਬਰ ਹੀ ਮੇਰੇ ਵੱਲ ਵੇਖ ਰਿਹਾ ਹੈ। ਕਬੂਤਰ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ। ਜਦੋਂ ਮਾਰਨ ਲੱਗਾ ਤੇ ਸੋਚਿਆ ਕਿ ਮੇਰੇ ਨੇਤਰ ਵੇਖ ਰਹੇ ਹਨ। ਮਹਾਤਮਾ ਨੇ ਕਿਹਾ ਸੀ ਕਿ ਮਾਰਨ ਲੱਗਿਆ ਕੋਈ ਨਾ ਵੇਖਦਾ ਹੋਵੇ। ਫਿਰ ਆਪਣੇ ਨੇਤਰਾਂ 'ਤੇ ਪੱਟੀ ਬੰਨ੍ਹੀ। ਫਿਰ ਮਾਰਨ ਲੱਗਾ ਕਿ ਮੈਂ ਆਪਣੇ ਤੇ ਕਬੂਤਰ ਦੇ ਨੇਤਰਾਂ 'ਤੇ ਪੱਟੀ ਬੰਨ੍ਹ ਦਿੱਤੀ। ਪੰਛੀਆਂ, ਮਨੁੱਖਾਂ, ਸੂਰਜ ਆਦਿ ਤੋਂ ਓਹਲਾ ਕਰ ਲਿਆ, ਪਰ ਉਸ ਪ੍ਰਮਾਤਮਾ 'ਤੇ ਕਿਹੜੀ ਪੱਟੀ ਬੰਨ੍ਹਾ ਤੇ ਉਸਦੀ ਦ੍ਰਿਸ਼ਟੀ ਤੋਂ ਕਿਵੇਂ ਬਚਾਂ, ਜੋ ਸਦਾ ਸੁਣਦਾ ਤੇ ਸਦਾ ਹੀ ਵੇਖਦਾ ਹੈ। ਇਹ ਸੋਚ ਕੇ ਕਬੂਤਰ ਤੇ ਆਪਣੇ ਨੇਤਰਾਂ ਦੀਆਂ ਪੱਟੀਆਂ ਖੋਲ੍ਹ ਕੇ ਮਹਾਤਮਾ ਦੇ ਚਰਨਾਂ ਵਿੱਚ ਪਹੁੰਚਿਆ ਅਤੇ ਕਿਹਾ ਕਿ ਮਹਾਤਮਾ ਜੀ! ਚੇਲਾ ਬਣਾਓ ਭਾਵੇਂ ਨਾ ਬਣਾਓ ਮੈਂ ਤੁਹਾਡੀ ਸ਼ਰਤ ਪੂਰੀ ਨਹੀਂ ਕਰ ਸਕਦਾ। ਮਹਾਤਮਾ ਨੇ ਕਿਹਾ ਕਿ ਕਿਉਂ ਨਹੀਂ ਪੂਰੀ ਕਰ ਸਕਦਾ? ਤਾਂ ਉਸਨੇ ਉੱਤਰ ਦਿੱਤਾ ਕਿ ਮੈਂ ਹੋਰ ਤਾਂ ਸਭ ਦੀ ਦ੍ਰਿਸ਼ਟੀ ਤੋਂ ਉਹਲਾ ਕਰ ਲਿਆ, ਪਰ

ਉਸ ਪ੍ਰਮਾਤਮਾ ਦੀ ਦ੍ਰਿਸ਼ਟੀ ਤੋਂ ਉਹਲਾ ਕਿਵੇਂ ਕਰਦਾ, ਜਿਸ ਦੀ ਦ੍ਰਿਸ਼ਟੀ ਸਾਰੀ ਜਗ੍ਹਾਂ ਹੀ ਪੈ ਰਹੀ ਹੈ। ਮਹਾਂਪੁਰਸ਼ ਇਹ ਬਚਨ ਸੁਣ ਕੇ ਪ੍ਰਸੰਨ ਹੋਏ ਤੇ ਕਿਹਾ ਕਿ ਬੜੀ ਮੁਦਤ ਤੋਂ ਬਾਅਦ ਕੋਈ ਯੋਗ ਅਧਿਕਾਰੀ ਮਿਲਿਆ ਹੈ। ਉਸ ਨੂੰ ਆਪਣਾ ਚੇਲਾ ਬਣਾਇਆ ਤੇ ਦੂਸਰੇ ਨੂੰ ਕਿਹਾ ਕਿ ਤੂੰ ਦਇਆ ਹੀਣ ਹੈਂ, ਨਿਰਦਈ ਪੁਰਸ਼ਾਂ ਦਾ ਮਾਰਗ ਇਹ ਨਹੀਂ ਹੈ। ਜੋ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕੇ, ਜਿਸ ਨੂੰ ਇਤਨਾ ਭੀ ਨਹੀਂ ਪਤਾ ਕਿ ਪ੍ਰਮਾਤਮਾ ਦੀ ਦ੍ਰਿਸ਼ਟੀ ਹਰ ਥਾਂ ਹੈ, ਉਹ ਪ੍ਰਮਾਤਮਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਸਤਿਗੁਰਾਂ ਨੇ ਇਥੇ ਜਗਤ 'ਤੇ ਪੈ ਰਹੀ ਪ੍ਰਮਾਤਮਾ ਦੀ ਦ੍ਰਿਸ਼ਟੀ ਦਾ ਕਥਨ ਕੀਤਾ ਹੈ। ਦੂਸਰੇ ਪੱਖ ਵਿੱਚ ਜੋ ਅੱਧੀ ਤੁਕ ਉਚਾਰਨ ਕੀਤੀ ਹੈ—"ਜਗੁ ਧੰਧੜੈ ਲਾਇਆ" ਕਿ ਸੰਸਾਰ ਦੇ ਜੀਵਾਂ ਨੂੰ ਧੰਧਿਆਂ ਵਿੱਚ ਲਾਇਆ ਹੋਇਆ ਹੈ। ਜੈਸਾ ਕਿ :

**ਜਗਤੁ ਉਪਾਇ ਤੁਧੁ ਧੰਧੈ ਲਾਇਆ ਭੂੰਡੀ ਕਾਰ ਕਮਾਈ॥** [ਭੈਰਉ ਮਹਲਾ ੩, ਅੰਗ ੧੧੫੫]

ਭਾਵ ਸੰਸਾਰ ਨੂੰ ਪੈਦਾ ਕਰਕੇ ਭੂੰਡੀ ਕਾਰ=ਭੈੜੀ ਕਾਰ, ਭਾਵ ਪਾਪ ਕਰਮਾਂ ਦੇ ਕਮਾਉਣ ਰੂਪ ਧੰਧਿਆਂ ਵਿੱਚ ਲਾਇਆ ਹੋਇਆ ਹੈ। ਜੈਸਾ ਕਿ :

**ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ॥** [ਵਾਰ ਆਸਾ ਮਃ ੧, ਅੰਗ ੪੭੨]

## *ਦਾਨਿ ਤੇਰੈ ਘਟਿ ਚਾਨਣਾ; ਤਨਿ ਚੰਦੁ ਦੀਪਾਇਆ॥*

ਹੇ ਪ੍ਰਮੇਸ਼ਰ! ਤੇਰੇ ਨਾਮ ਦਾਨ ਕਰਕੇ ਘਟਿ=ਸਰੀਰ ਵਿੱਚ ਪ੍ਰੋਖ ਗਿਆਨ ਦਾ ਚਾਨਣਾ ਹੋਇਆ ਹੈ ਅਤੇ ਤਨਿ=ਸੂਖਮ ਮਨ ਵਿੱਚ ਅਪ੍ਰੋਖ ਗਿਆਨ ਰੂਪ ਚੰਦ੍ਰਮਾ ਪ੍ਰਕਾਸ਼ ਆਇਆ ਹੈ। **ਵਾ:** ਜਦੋਂ ਘਟਿ=ਹਿਰਦੇ ਵਿੱਚ ਗੁਰੂ ਨੇ ਤੇਰੇ ਗਿਆਨ ਦਾ ਦਾਨ ਦੇ ਕੇ ਅਪ੍ਰੋਖ ਗਿਆਨ ਰੂਪ ਚਾਨਣ ਬਖ਼ਸ਼ ਦਿੱਤਾ ਤਾਂ ਸਰੀਰ ਵਿੱਚ ਚੰਦ੍ਰਮਾ ਵਤ ਸਤੋਮਯ ਬਿਰਤੀ ਦਾ ਪ੍ਰਕਾਸ਼ ਹੋ ਗਿਆ। **ਵਾ:** ਉਸਦੇ ਨਾਮ-ਦਾਨ ਕਰਕੇ ਹੀ ਸਰੀਰ ਵਿੱਚ ਸਤੋ ਗੁਣ, **ਵਾ:** ਵੈਰਾਗ ਰੂਪੀ ਚੰਦ੍ਰਮਾ ਪ੍ਰਕਾਸਿਆ ਤਾਂ ਘਟਿ=ਹਿਰਦੇ ਵਿੱਚ ਚਾਨਣਾ=ਅਪ੍ਰੋਖ ਗਿਆਨ ਹੋਇਆ। ਕਿਉਂਕਿ ਪ੍ਰੋਖ ਅਪ੍ਰੋਖ ਭੇਦ ਕਰਕੇ ਬ੍ਰਹਮ ਗਿਆਨ ਦੋ ਪ੍ਰਕਾਰ ਦਾ ਹੈ। ਪ੍ਰੋਖ=ਓਲ੍ਹੇ ਵਾਲਾ ਗਿਆਨ, ਅਪ੍ਰੋਖ=ਪ੍ਰਤੱਖ ਗਿਆਨ। **੧. ਪ੍ਰੋਖ**=ਸੱਤ, ਚੇਤਨ, ਅਨੰਦ ਰੂਪ ਬ੍ਰਹਮ ਹੈ। ਐਸੇ ਗਿਆਨ ਨੂੰ ਪ੍ਰੋਖ ਬ੍ਰਹਮ ਗਿਆਨ ਕਿਹਾ ਜਾਂਦਾ ਹੈ। ਇਸਦੀ ਪ੍ਰਾਪਤੀ ਸਤਿਗੁਰਾਂ ਅਤੇ ਸ਼ਾਸ਼ਤ੍ਰਾਂ ਦੇ ਬਚਨਾਂ ਵਿੱਚ ਵਿਸ਼ਵਾਸ ਰੱਖਣ ਨਾਲ ਹੁੰਦੀ ਹੈ। ਪ੍ਰੋਖ ਗਿਆਨ ਦੁਆਰਾ ਅਸੱਤ੍ਵਾ ਪਾਦਿਕ ਅਵਰਨ ਦੀ ਨਵਿਰਤੀ ਹੁੰਦੀ ਹੈ। **ਅਸੱਤ੍ਵਾ ਪਾਦਿਕ**=ਅਗਿਆਨ ਦੀਆਂ ਦੋ ਸ਼ਕਤੀਆਂ ਅਸੱਤ੍ਵਾ ਪਾਦਿਕ ਅਤੇ ਅਭਾਨਾ ਪਾਦਿਕ ਹਨ, ਦੋਹਾਂ ਨੂੰ ਅਵਰਨ ਕਿਹਾ ਜਾਂਦਾ ਹੈ। ਵਸਤੂ ਭਾਵ ਪ੍ਰਮਾਤਮਾ ਨਹੀਂ ਹੈ, ਐਸੀ ਪ੍ਰਤੀਤ ਕਰਾਉਣ ਵਾਲੀ ਜੋ ਸ਼ਕਤੀ ਹੈ, ਇਸ ਨੂੰ ਅਸੱਤ੍ਵ ਪਾਦਕ ਕਹਿੰਦੇ ਹਨ, ਜੋ ਪ੍ਰੋਖ ਗਿਆਨ ਨਾਲ ਦੂਰ ਹੁੰਦੀ ਹੈ। **੨. ਅਪ੍ਰੋਖ ਗਿਆਨ**=ਪ੍ਰਤੱਖ ਗਿਆਨ=ਸੱਚ, ਚੇਤਨ, ਅਨੰਦ ਰੂਪ ਬ੍ਰਹਮ ਮੈਂ ਹਾਂ, ਐਸੇ ਗਿਆਨ ਨੂੰ ਅਪ੍ਰੋਖ ਬ੍ਰਹਮ ਗਿਆਨ ਕਿਹਾ ਜਾਂਦਾ ਹੈ। ਇਸਦੀ ਪ੍ਰਾਪਤੀ ਗੁਰੂ ਮੁਖ ਤੋਂ ਤੱਤ੍ਵ ਮਸੀ ਆਦਿਕ ਮਹਾਂ ਵਾਕਾਂ ਦੇ ਸਿਧਾਂਤ ਨੂੰ ਸੁਨਣ ਨਾਲ ਹੁੰਦੀ ਹੈ। ਅਪ੍ਰੋਖ ਗਿਆਨ ਦੁਆਰਾ ਅਗਿਆਨ ਦੀ ਅਭਾਨਾ ਪਾਦਕ ਸ਼ਕਤੀ ਦਾ ਨਾਸ ਹੁੰਦਾ ਹੈ। **ਅਭਾਨਾ ਪਾਦਕ**=ਵਸਤੂ ਦੀ ਪ੍ਰਤੀਤ ਨਾ ਹੋਣੀ, ਕਿ ਪ੍ਰਮਾਤਮਾ ਪ੍ਰਤੀਤ ਨਹੀਂ ਹੋ ਰਿਹਾ। ਐਸਾ ਨਿਸ਼ਚਾ ਕਰਾਉਣ ਵਾਲੀ ਸ਼ਕਤੀ ਨੂੰ ਅਭਾਨਾ ਪਾਦਕ ਕਿਹਾ ਜਾਂਦਾ ਹੈ, ਇਸਦੀ ਨਵਿਰਤੀ ਅਪ੍ਰੋਖ ਗਿਆਨ ਦੁਆਰਾ ਹੁੰਦੀ ਹੈ।

## *ਚੰਦੋ ਦੀਪਾਇਆ ਦਾਨਿ ਹਰਿ ਕੈ; ਦੁਖੁ ਅੰਧੇਰਾ ਉਠਿ ਗਇਆ॥*

ਹਰਿ=ਪ੍ਰਮੇਸ਼ਰ ਦੇ ਨਾਮ ਦਾਨ ਕਰਕੇ ਜਦੋਂ ਸਤੋ ਗੁਣ, **ਵਾ:** ਵੈਰਾਗ, **ਵਾ:** ਅਪ੍ਰੋਖ ਗਿਆਨ ਰੂਪ ਚੰਦ੍ਰਮਾ ਦੀਪਾਇਆ=ਪ੍ਰਕਾਸ਼ਿਆ ਤਾਂ ਦੁਖਦਾਈ ਅਗਿਆਨ ਰੂਪ ਅੰਧੇਰਾ ਉਠ ਗਿਆ, ਭਾਵ ਨਾਸ ਹੋ ਗਿਆ, ਚਲਾ ਗਿਆ।

## ਗੁਣ ਜੰਞ ਲਾੜੇ ਨਾਲਿ ਸੋਹੈ; ਪਰਖਿ ਮੋਹਣੀਐ ਲਇਆ ॥

ਸ਼ੁਭ ਗੁਣਾਂ ਰੂਪ ਜੰਞ ਲਾੜੇ=ਪਤੀ ਪ੍ਰਮੇਸ਼ਰ ਦੇ ਨਾਲ ਸੋਹੈ=ਸੋਭ ਰਹੀ ਹੈ, ਸ੍ਰੇਸ਼ਟ ਜਗਿਆਸੂ ਰੂਪ ਮੋਹਣੀਐ=ਇਸਤਰੀਆਂ ਨੇ ਪਰਖ ਕੇ ਉਸ ਪਤੀ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ। ਭਾਵ ਸੁਭ ਗੁਣਾਂ ਦੇ ਸਹਿਤ ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਮੇਸ਼ਰ ਦਾ ਧਿਆਨ ਹੈ, ਉਨ੍ਹਾਂ ਜਗਿਆਸੂ ਰੂਪ ਇਸਤਰੀਆਂ ਨੇ ਯਥਾਰਥ ਰੂਪ ਨੂੰ ਜਾਣ ਲਿਆ ਹੈ।

## ਵੀਵਾਹੁ ਹੋਆ ਸੋਭ ਸੇਤੀ; ਪੰਚ ਸਬਦੀ ਆਇਆ ॥

ਇਸ ਤਰ੍ਹਾਂ ਸੋਭਾ ਦੇ ਸਹਿਤ ਜਗਿਆਸੂ ਰੂਪ ਇਸਤਰੀਆਂ ਦਾ ਪਤੀ ਪ੍ਰਮਾਤਮਾ ਨਾਲ ਵੀਵਾਹੁ=ਵਿਸ਼ੇਸ਼ ਕਰਕੇ ਮਿਲਾਪ ਹੋਇਆ। ਪੰਚ=ਸ੍ਰੇਸ਼ਟ ਸਤਿਗੁਰਾਂ ਦੇ ਸਬਦੀ=ਉਪਦੇਸ਼ ਦੁਆਰਾ ਪ੍ਰਮੇਸ਼ਰ ਆ ਕੇ ਪ੍ਰਾਪਤ ਹੋਇਆ, **ਵਾ:** ਪੰਚ ਸਬਦੀ=ਚੇਤਨ ਬ੍ਰਹਮ ਆ ਕੇ ਪ੍ਰਾਪਤ ਹੋਇਆ।

## ਜਿਨਿ ਕੀਆ ਤਿਨਿ ਦੇਖਿਆ; ਜਗੁ ਧੰਧੜੈ ਲਾਇਆ ॥੧॥

ਜਿਸ ਪ੍ਰਮੇਸ਼ਰ ਨੇ ਸੰਸਾਰ ਨੂੰ ਪੈਦਾ ਕੀਆ=ਕੀਤਾ ਹੈ, ਉਸ ਨੇ ਹੀ ਸੰਸਾਰ ਦੀ ਦੇਖਿਆ=ਪਾਲਣਾ ਕੀਤੀ ਹੈ ਅਤੇ ਉਸੇ ਪ੍ਰਮਾਤਮਾ ਨੇ ਸਾਰੇ ਜਗਤ ਨੂੰ ਧੰਦਿਆਂ ਵਿੱਚ ਲਾਇਆ ਹੈ॥੧॥

## ਹਉ ਬਲਿਹਾਰੀ ਸਾਜਨਾ; ਮੀਤਾ ਅਵਰੀਤਾਂ ॥

ਹਉ=ਮੈਂ ਉਹਨਾਂ ਸੱਜਣਾਂ ਮਹਾਤਮਾ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਗੁਰਮੁਖ ਮਿੱਤਰਾਂ ਦੀਆਂ ਹੋਰ ਹੀ ਰੀਤਾਂ ਹਨ। ਜੈਸਾ ਕਿ :

**ਭਗਤਾ ਕੀ ਚਾਲ ਨਿਰਾਲੀ॥** [ਰਾਮਕਲੀ ਮਹਲਾ ੩, ਅੰਗ ੯੧੮]

**ਵਾ:** ਜੋ ਅਵ=ਅਵਰਨ ਤੋਂ ਰੀਤਾਂ=ਖ਼ਾਲੀ ਹਨ।

## ਇਹੁ ਤਨੁ ਜਿਨ ਸਿਉ ਗਾਡਿਆ; ਮਨੁ ਲੀਅੜਾ ਦੀਤਾ ॥

ਇਹ ਸਰੀਰ ਜਿਨ੍ਹਾਂ ਸਤਿਗੁਰਾਂ ਦੀ ਸੇਵਾ ਟਹਲ ਨਾਲ ਗਾਡਿਆ=ਮਿਲਾਇਆ ਹੈ, ਉਹਨਾਂ ਸਤਿਗੁਰਾਂ ਨੇ ਮਨ ਲੈ ਕੇ ਗਿਆਨ ਦਿੱਤਾ ਹੈ, **ਵਾ:** ਉਨ੍ਹਾਂ ਨੂੰ ਮਨ ਦੇ ਕੇ ਉਪਦੇਸ਼ ਲਿਆ ਹੈ।

## ਲੀਆ ਤ ਦੀਆ ਮਾਨੁ ਜਿਨ੍ ਸਿਉ; ਸੇ ਸਜਨ ਕਿਉ ਵੀਸਰਹਿ ॥

ਜਿਨ੍ਹਾਂ ਨੇ ਮਨ ਲੈ ਕੇ ਨਾਲ ਹੀ ਗਿਆਨ ਦੇ ਦਿੱਤਾ ਹੈ, **ਵਾ:** ਜਿਨ੍ਹਾਂ ਦਾ ਦਿੱਤਾ ਹੋਇਆ ਮਾਨੁ=ਆਦਰ ਲੀਆ=ਪ੍ਰਾਪਤ ਕੀਤਾ ਹੈ, **ਵਾ:** ਜਿਨ੍ਹਾਂ ਦਾ ਦਿੱਤਾ ਉਪਦੇਸ਼ ਮੰਨ ਕੇ ਗਿਆਨ ਲੀਆ=ਪ੍ਰਾਪਤ ਕੀਤਾ ਹੈ, ਉਹਨਾਂ ਸੱਜਣ ਰੂਪ ਸਤਿਗੁਰਾਂ ਨੂੰ ਜਗਿਆਸੂ ਕਿਵੇਂ ਵੀਸਰਹਿ=ਭੁੱਲ ਸਕਦੇ ਹਨ, ਭਾਵ ਨਹੀਂ ਭੁੱਲ ਸਕਦੇ।

## ਜਿਨ੍ ਦਿਸਿਆਇਆ ਹੋਹਿ ਰਲੀਆ; ਜੀਅ ਸੇਤੀ ਗਹਿ ਰਹਹਿ ॥

ਜਿਨ੍ਹਾਂ ਸਤਿਗੁਰਾਂ ਦੀ ਦਿਸਿ=ਤਰਫ਼ ਨੂੰ ਆਉਣ ਕਰਕੇ ਬਿਅੰਤ ਹੀ ਰਲੀਆ=ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਐਸੇ ਸਤਿਗੁਰਾਂ ਦੇ ਚਰਨਾਂ ਦੇ ਧਿਆਨ ਨੂੰ ਜੀਅ=ਮਨ ਦੇ ਸੇਤੀ=ਨਾਲ ਗਹਿ=ਪਕੜ ਕੇ ਰਹਿਣਾ ਕਰੇ, ਭਾਵ ਅੰਤ ਤਕ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਰੱਖੇ।

## ਸਗਲ ਗੁਣ ਅਵਗਣੁ ਨ ਕੋਈ; ਹੋਹਿ ਨੀਤਾ ਨੀਤਾ ॥

ਜਿਨ੍ਹਾਂ ਸਤਿਗੁਰਾਂ ਵਿੱਚ ਸਾਰੇ ਸ਼ੁਭ ਗੁਣ ਹਨ ਅਤੇ ਔਗੁਣ ਕੋਈ ਵੀ ਨਹੀਂ ਅਤੇ ਨਿਤਾਪ੍ਰਤੀ ਗੁਣ ਹੀ ਗੁਣ ਹੁੰਦੇ ਹਨ, **ਵਾ:** ਜੋ ਜਗਿਆਸੂ ਨਿਤ ਸਰੂਪ ਨਾਲ ਮਿਲ ਕੇ ਨਿਤ ਸਰੂਪ ਹੋ ਗਏ ਹਨ, **ਵਾ:** (ਨੀਤ+ਅਨੀਤਾ) ਜੋ ਗੁਰਮੁਖ ਜਨ ਨਿਤ ਸਰੂਪ ਹੋ ਗਏ ਹਨ ਤੇ ਸੰਸਾਰ ਨੂੰ ਅਨਿਤ ਸਰੂਪ ਜਾਣ ਲਿਆ ਹੈ।

## ਹਉ ਬਲਿਹਾਰੀ ਸਾਜਨਾ; ਮੀਤਾ ਅਵਰੀਤਾ ॥੨॥

ਮੈਂ ਐਸੇ ਗੁਰੂ ਰੂਪ ਸੱਜਣ ਅਤੇ ਮਹਾਤਮਾ ਰੂਪ ਮਿੱਤਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੀਆਂ ਹੋਰ ਹੀ ਰੀਤਾਂ ਹਨ। ਭਾਵ ਜਿਨ੍ਹਾਂ ਦੀਆਂ ਰੀਤਾਂ ਸੰਸਾਰ ਤੋਂ ਵੱਖਰੀਆਂ ਹਨ, **ਵਾ:** ਜੋ ਅਵਰਨ ਤੋਂ ਰੀਤਾ=ਖ਼ਾਲੀ ਹਨ॥੨॥

## ਗੁਣਾ ਕਾ ਹੋਵੈ ਵਾਸੁਲਾ; ਕਢਿ ਵਾਸੁ ਲਈਜੈ ॥

ਜੇ ਕਿਸੇ ਮਹਾਤਮਾ ਦਾ ਅੰਤਸ਼ਕਰਨ ਰੂਪ ਵਾਸੁਲਾ=ਡੱਬਾ ਸ਼ੁਭ ਗੁਣਾਂ ਨਾਲ ਭਰਿਆ ਹੋਵੇ (ਵਾਸੁਲਾ=ਸੁਗੰਧੀ ਵਾਲਾ ਬਰਤਨ), ਤਾਂ ਉਸ ਵਿੱਚੋਂ ਸ਼ੁਭ ਗੁਣ ਕੱਢ ਕੇ ਭਗਤੀ ਰੂਪ ਸੁਗੰਧੀ ਲੈਣਾ ਕਰੀਏ, **ਵਾ:** ਲੋਕਾਂ ਤੇ ਪਰਉਪਕਾਰ ਕਰਨ ਰੂਪ ਵਾਸ਼ਨਾ ਕੱਢੇ।

## ਜੇ ਗੁਣ ਹੋਵਨਿ ਸਾਜਨਾ; ਮਿਲਿ ਸਾਝ ਕਰੀਜੈ ॥

ਜੇਕਰ ਮਹਾਤਮਾ ਵਿੱਚ ਸ਼ੁਭ ਗੁਣ ਹੋਣ ਤਾਂ ਉਨ੍ਹਾਂ ਸੱਜਣ ਮਹਾਤਮਾ ਨਾਲ ਮਿਲ ਕੇ ਸਾਝ=ਭਾਈਵਾਲੀ ਕਰੀਏ। **ਵਾ:** ਜੇ ਆਪਣੇ ਪਾਸ ਦੈਵੀ ਗੁਣ ਹੋਣ ਤਾਂ ਸਾਜਨਾ=ਮਹਾਤਮਾ, **ਵਾ:** ਸਤਿਗੁਰਾਂ, **ਵਾ:** ਪ੍ਰਮੇਸ਼ਰ ਨਾਲ ਮਿਲਣ ਰੂਪ ਸਾਂਝ ਕਰਨਾ ਕਰੀਏ।

## ਸਾਝ ਕਰੀਜੈ ਗੁਣਹ ਕੇਰੀ; ਛੋਡਿ ਅਵਗਣ ਚਲੀਐ ॥

ਸਤਿਗੁਰਾਂ ਨਾਲ ਸੁਭ ਗੁਣਾਂ ਦੀ ਸਾਂਝ=ਭਾਈਵਾਲੀ ਕਰੀਏ, ਭਾਵ ਗੁਰੂ ਤੋਂ ਸ਼ੁਭ ਗੁਣ ਪ੍ਰਾਪਤ ਕਰਕੇ ਅਉਗੁਣ ਛੱਡ ਕੇ ਪ੍ਰਮੇਸ਼ਰ ਨੂੰ ਮਿਲਣ ਲਈ ਭਗਤੀ ਮਾਰਗ 'ਤੇ ਚਲਣਾ ਕਰੀਏ।

## ਪਹਿਰੇ ਪਟੰਬਰ ਕਰਿ ਅਡੰਬਰ; ਆਪਣਾ ਪਿੜੁ ਮਲੀਐ ॥

ਪ੍ਰੇਮ ਰੂਪ ਪਟੰਬਰ=ਰੇਸ਼ਮ ਦੇ ਬਸਤਰ ਨੂੰ ਪਹਿਨੇ ਤੇ ਸ਼ੁਭ ਗੁਣਾਂ ਰੂਪ ਅਡੰਬਰ=ਹਾਰ-ਸ਼ਿੰਗਾਰ ਕਰਨਾ ਕਰੇ, **ਵਾ:** ਗਿਆਨ ਰੂਪ ਰੇਸ਼ਮ ਦੇ ਬਸਤਰ ਪਹਿਰੇ ਅਤੇ ਕਰੁਣਾ ਆਦਿ ਦੇ ਅਡੰਬਰ=ਹਾਰ-ਸ਼ਿੰਗਾਰ ਕਰੇ, ਆਪਣੇ ਪਿੜੁ=ਸਰੂਪ ਨੂੰ ਮੱਲਣਾ ਕਰੀਏ, ਭਾਵ ਸਰੂਪ ਦੀ ਪ੍ਰਾਪਤੀ ਕਰੀਏ।

## ਜਿਥੈ ਜਾਇ ਬਹੀਐ ਭਲਾ ਕਹੀਐ; ਝੋਲਿ ਅੰਮ੍ਰਿਤੁ ਪੀਜੈ ॥

ਜਿਥੇ ਵੀ ਜਾ ਕੇ ਬੈਠੀਏ ਉਥੇ ਭਲਾ ਬਚਨ ਹੀ ਕਥਨ ਕਰੀਏ, ਭਾਵ ਭਲੇ ਪ੍ਰਮੇਸ਼ਰ ਦੇ ਨਾਮ ਨੂੰ ਹੀ ਕਥਨ ਕਰੀਏ, **ਵਾ:** ਉਸ ਪ੍ਰਮੇਸ਼ਰ ਦੇ ਭਾਣੇ ਨੂੰ ਭਲਾ ਕਹੀਏ ਅਤੇ ਵਾਸ਼ਨਾ, **ਵਾ:** ਪੰਜਾਂ ਕੋਸ਼ਾਂ, **ਵਾ:** ਔਗਣਾਂ ਰੂਪ ਬੂਰ ਨੂੰ ਝੋਲਿ=ਹਟਾ ਕੇ, **ਵਾ:** ਝੋਲਿ=ਵਿਚਾਰ ਕੇ ਸ਼ੁਭ ਗੁਣਾਂ ਰੂਪ, **ਵਾ:** ਬ੍ਰਹਮਾਨੰਦ ਰੂਪ, **ਵਾ:** ਨਾਮ ਰੂਪ ਅੰਮ੍ਰਿਤ ਨੂੰ ਪੀਣਾ ਕਰੀਏ।

## ਗੁਣਾ ਕਾ ਹੋਵੈ ਵਾਸੁਲਾ; ਕਢਿ ਵਾਸੁ ਲਈਜੈ ॥੩॥

ਜੇਕਰ ਮਹਾਤਮਾ ਦਾ ਅੰਤਸ਼ਕਰਨ ਸ਼ੁਭ ਗੁਣਾਂ ਦਾ ਵਾਸੁਲਾ=ਡੱਬਾ ਹੋਵੇ ਤਾਂ ਉਸ ਵਿੱਚੋਂ ਸ਼ੁਭ ਗੁਣਾਂ ਰੂਪ ਫੁੱਲਾਂ ਨੂੰ ਕੱਢ ਕੇ ਭਗਤੀ ਰੂਪ ਸੁਗੰਧੀ ਲੈਣਾ ਕਰੀਏ॥੩॥

## ਆਪਿ ਕਰੇ ਕਿਸੁ ਆਖੀਐ; ਹੋਰੁ ਕਰੇ ਨ ਕੋਈ ॥

ਉਹ ਪ੍ਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਹੋਰ ਕਿਸ ਨੂੰ ਆਖੀਏ ਕਿ ਕੁਝ ਕਰ ਦੇਵੇ। ਕਿਉਂਕਿ ਪ੍ਰਮੇਸ਼ਰ ਤੋਂ ਬਿਨਾਂ ਕੋਈ ਵੀ ਹੋਰ ਕੁਝ ਕਰਨੇ ਨੂੰ ਸਮਰੱਥ ਨਹੀਂ ਹੈ।

## ਆਖਣ ਤਾ ਕਉ ਜਾਈਐ; ਜੇ ਭੂਲੜਾ ਹੋਈ ॥

ਹੋਰ ਕਿਸੇ ਨੂੰ ਆਖਣ=ਕਹਿਣ ਵਾਸਤੇ ਤਾਂ ਜਾਈਐ=ਜਾਣਾ ਕਰੀਏ, ਜੇਕਰ ਉਹ ਪ੍ਰਮੇਸ਼ਰ ਭੁਲਿਆ ਹੋਇਆ ਹੋਵੇ।

## ਜੇ ਹੋਇ ਭੂਲਾ ਜਾਇ ਕਹੀਐ; ਆਪਿ ਕਰਤਾ ਕਿਉ ਭੁਲੈ ॥

ਜੇਕਰ ਭੁਲਿਆ ਹੋਇਆ ਹੋਵੇ ਤਾਂ ਜਾ ਕੇ ਕਹੀਏ ਵੀ ਸਹੀ, ਪਰ ਉਹ ਕਰਤਾ=ਪ੍ਰਮੇਸ਼ਰ ਆਪ ਕਿਵੇਂ ਭੁੱਲ ਸਕਦਾ ਹੈ।

## ਸੁਣੇ ਦੇਖੇ ਬਾਝੁ ਕਹਿਐ; ਦਾਨੁ ਅਣਮੰਗਿਆ ਦਿਵੈ ॥

(ਪ੍ਰਤੱਖ ਜੇ ਕਿਸੇ ਨੂੰ ਸੁਣਾਈਏ ਕਿ ਮੇਰੇ ਕਪੜੇ ਪਾਟੇ ਹਨ, ਤਾਂ ਉਹ ਦਿੰਦਾ ਹੈ ਜਾਂ ਕਿਸੇ ਨੂੰ ਪਾਟੇ ਕਪੜੇ ਦਿਖਾਈਏ ਤਾਂ ਦਿੰਦਾ ਹੈ ਜਾਂ ਆਪਣੇ ਮੂੰਹੋਂ ਕਹੀਏ ਕਿ ਮੈਂ ਬਹੁਤ ਗ਼ਰੀਬ ਹਾਂ, ਮੈਨੂੰ ਕੁਝ ਮਿਲਣਾ ਚਾਹੀਦਾ ਹੈ, ਤਦ ਉਹ ਦਿੰਦਾ ਹੈ।) ਲੇਕਿਨ ਉਹ ਪ੍ਰਮੇਸ਼ਰ ਐਸਾ ਦਿਆਲੂ ਹੈ ਕਿ ਕਿਸੇ ਦੇ ਸੁਣੇ, ਦੇਖੇ ਅਤੇ ਕਹੇ ਤੋਂ ਬਿਨਾਂ ਹੀ ਅਣ-ਮੰਗਿਆ ਦਾਨ ਦਿੰਦਾ ਹੈ। **ਵਾ:** ਜੋ ਸਭ ਦੀਆਂ ਗੱਲਾਂ ਨੂੰ ਸੁਣਦਾ ਹੈ ਤੇ ਦੇਖੇ=ਦ੍ਰਿਸਟਾ ਰੂਪ ਹੈ,ਉਹ ਬਿਨਾਂ ਰਸਨਾ ਦੇ ਕਹਿਣ ਅਤੇ ਚਿਤ ਦੇ ਮੰਗਣ ਤੋਂ ਬਿਨਾਂ ਦੁਖ-ਸੁਖ ਦਾਨ ਦਿੰਦਾ ਹੈ। **ਵਾ:** ਅਣ-ਮੰਗਿਆ ਦਾਨ ਜੋ ਦੁਖ ਹੈ, ਜਿਸ ਨੂੰ ਕੋਈ ਨਹੀਂ ਮੰਗਦਾ, ਦੁਖ ਦਾ ਦਾਨ ਭੀ ਓਹੀ ਦਿੰਦਾ ਹੈ। **ਵਾ:** ਜੋ ਸੁਨਣ ਵਿੱਚ ਆਉਂਦਾ ਹੈ, ਪਰ ਦੇਖਣ ਅਤੇ ਕਹਿਐ=ਕਥਨ ਤੋਂ ਬਾਝੁ=ਰਹਿਤ ਹੈ, ਉਹ ਜਿਸ ਨੂੰ ਦਾਨ ਦਿੰਦਾ ਹੈ, ਉਸ ਨੂੰ ਅਣ ਮੰਗ ਕਰ ਦਿੰਦਾ ਹੈ। ਭਾਵ ਫਿਰ ਮੰਗਣ ਦੀ ਇੱਛਾ ਨਹੀਂ ਰਹਿਣ ਦਿੰਦਾ। **ਵਾ:** ਸੁਨਣੇ ਤੋਂ ਬਿਨਾ ਜੋ ਬੋਲੇ, ਦੇਖਣ ਤੋਂ ਬਿਨਾ ਜੋ ਅੰਨ੍ਹੇ ਅਤੇ ਕਥਨ ਤੋਂ ਬਿਨਾਂ ਜੋ ਗੂੰਗੇ ਹਨ, ਉਨ੍ਹਾਂ ਨੂੰ ਭੀ ਦਾਨ ਦਿੰਦਾ ਹੈ। **ਵਾ:** ਜੋ ਸ਼ਰਧਾ ਤੇ ਵਿਚਾਰ ਰੂਪ ਕੰਨਾਂ ਤੋਂ ਬਿਨਾਂ ਸੁਣਿਆ ਨਹੀਂ ਜਾਂਦਾ, ਵੈਰਾਗ ਬਿਬੇਕ ਦੇ ਨੇਤਰਾਂ ਤੋਂ ਬਿਨਾਂ ਦੇਖਿਆ ਨਹੀਂ ਜਾਂਦਾ, ਪ੍ਰੀਤੀ ਰੂਪ ਰਸਨਾ ਤੋਂ ਬਿਨਾ ਕਿਹਾ ਨਹੀਂ ਜਾਂਦਾ ਅਤੇ ਉਹ ਜੋ ਅਣ=ਸੂਖਮ ਤੋਂ ਸੂਖਮ ਹੈ, ਤਿਸ ਦੀ ਪ੍ਰਾਪਤੀ ਜਦੋਂ ਸਤਿਗੁਰਾਂ ਪਾਸੋਂ ਮੰਗੇ ਤਾਂ ਗੁਰੂ ਸਾਹਿਬ ਉਸਨੂੰ ਗਿਆਨ ਰੂਪ ਦਾਨ ਬਖ਼ਸ਼ ਦਿੰਦੇ ਹਨ। **ਵਾ:** ਅਣ ਮੰਗ ਭਾਵ ਮੰਗਣ ਦੀ ਇੱਛਾ ਤੋਂ ਰਹਿਤ ਜੋ ਮਹਾਤਮਾ ਹਨ, ਉਨ੍ਹਾਂ ਨੂੰ ਵੀ ਓਹੀ ਪ੍ਰਮੇਸ਼ਰ ਦਾਨ ਦਿੰਦਾ ਹੈ।

## ਦਾਨੁ ਦੇਇ ਦਾਤਾ ਜਗਿ ਬਿਧਾਤਾ; ਨਾਨਕਾ ਸਚੁ ਸੋਈ ॥

ਜੋ ਜਗਤ=ਸੰਸਾਰ ਦਾ ਬਿਧਾਤਾ=ਫਲ ਪ੍ਰਦਾਤਾ ਹੈ, ਉਹੀ ਦਾਤਾ ਪ੍ਰਮੇਸ਼ਰ ਸਭ ਨੂੰ ਦਾਨ ਦਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇੱਕ ਸੋਈ=ਉਹੀ ਪ੍ਰਮੇਸ਼ਰ ਸੱਚਾ ਹੈ। ਬਾਕੀ ਸਭ ਸੰਸਾਰ ਨਾਸ਼ਵਾਨ ਹੈ।

## ਆਪਿ ਕਰੇ ਕਿਸੁ ਆਖੀਐ; ਹੋਰੁ ਕਰੇ ਨ ਕੋਈ ॥੪॥੧॥੪॥

ਉਹ ਪ੍ਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਹੋਰ ਕਿਸ ਨੂੰ ਆਖੀਐ=ਆਖਣਾ ਕਰੀਏ ਕਿ ਕੁਝ ਕਰ ਦੇਵੇ, ਕਿਉਂਕਿ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਕੁਝ ਕਰਨੇ ਨੂੰ ਸਮੱਰਥ ਹੀ ਨਹੀਂ ਹੈ ॥੪॥੧॥੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੫ [ਆਦਿ ਅੰਗ ੭੬੭]

*ਰਾਗੁ ਸੂਹੀ ਛੰਤ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥ ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥ ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥੧॥ ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥ ਜਿਨ੍ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥ ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥ ਜਿਨ੍ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥ ਸੁਣਿ ਮਨ ਭੀਨੇ ਸਹਜਿ ਸੁਭਾਏ ॥੨॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥ ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥ ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥ ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥ ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥ ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ ਸਾਜਨ ਆਇ ਵੁਠੇ ਘਰ ਮਾਹੀ ॥੪॥੧॥*

## ਰਾਗੁ ਸੂਹੀ ਛੰਤ ਮਹਲਾ ੩, ਘਰੁ ੨; ੧ੴ ਸਤਿਗੁਰ ਪ੍ਰਸਾਦਿ ॥

ਇਹ ਮੁਖਵਾਕ ਸੂਹੀ ਰਾਗਣੀ ਦੇ ਛੰਤਾਂ ਵਿੱਚ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਰਾਗ ਦੇ ਦੂਜੇ ਸੁਰਤਾਲ ਵਿੱਚ ਉਚਾਰਨ ਕੀਤਾ ਹੋਇਆ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ : ੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ।

## ਸੁਖ ਸੋਹਿਲੜਾ; ਹਰਿ ਧਿਆਵਹੁ ॥ ਗੁਰਮੁਖਿ; ਹਰਿ ਫਲੁ ਪਾਵਹੁ ॥

ਇਸ ਤੁਕ ਦਾ ਅਰਥ ਅਨਵੇ ਰੀਤ ਦੁਆਰਾ ਹੈ : ਗੁਰਮੁਖਿ=ਜੋ ਮੁਖੀ ਗੁਰੂ ਸਾਹਿਬ ਜੀ ਹਨ, ਐਸੇ ਬ੍ਰਹਮ ਬੇਤੇ ਗੁਰੂ ਦੁਆਰਾ ਹਰਿ=ਪ੍ਰਮੇਸ਼ਰ ਨੂੰ ਧਿਆਵਹੁ=ਧਿਆਉਣਾ ਕਰੋ ਤਾਂ ਹਰਿ=ਵਾਹਿਗੁਰੂ ਦੇ ਮਿਲਾਪ ਰੂਪ ਫਲ ਨੂੰ ਪਾਵਹੁ=ਪ੍ਰਾਪਤ ਕਰ ਲੈਣਾ ਕਰੋਗੇ। ਤਾਂ ਫਿਰ ਸਦੀਵ ਕਾਲ ਦਾ ਸੁਖ=ਅਨੰਦ ਅਤੇ ਸੋਹਿਲੜਾ=ਜਸ ਪ੍ਰਾਪਤ ਹੋਵੇਗਾ। ਵਾਹਿਗੁਰੂ ਦੇ ਨਾਮ ਨੂੰ ਧਿਆਉਣ ਦਾ ਭਗਤੀ ਰੂਪ ਜੋ ਮਾਰਗ ਹੈ, ਇਹ ਸੱਚ ਦਾ ਮਾਰਗ ਹੈ, ਕਿਉਂਕਿ ਇਸ ਮਾਰਗ ਦੁਆਰਾ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥** [ਮਾਝ ਮਹਲਾ ੫, ਅੰਗ ੧੩੬]

## ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ; ਜਨਮ ਜਨਮ ਕੇ ਦੂਖ ਨਿਵਾਰੇ ॥

ਮੁਖੀ ਸਤਿਗੁਰੂ ਦੁਆਰਾ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਧਿਆਵਹੁ=ਧਿਆਉਣਾ ਕਰੋ ਤਾਂ ਇਸ ਦਾ ਇਹ ਫਲ ਪਾਵਹੁ=ਪ੍ਰਾਪਤ ਕਰੋਗੇ ਕਿ ਜਨਮ ਜਨਮ=ਜਨਮਾਂ ਜਨਮਾਂਤਰਾਂ ਦੇ ਦੁਖ ਨਿਵਾਰੇ=ਨਵਿਰਤ ਹੋ ਜਾਣਗੇ। ਜੈਸਾ ਕਿ :

**ਜਨਮ ਜਨਮ ਕੇ ਦੂਖ ਨਿਵਾਰੈ ॥ ਸੂਕਾ ਮਨੁ ਸਾਧਾਰੈ ॥** [ਸੋਰਠਿ ਮਹਲਾ ੫, ਅੰਗ ੬੧੮]

## *ਬਲਿਹਾਰੀ ਗੁਰ ਅਪਣੇ ਵਿਟਹੁ; ਜਿਨਿ ਕਾਰਜ ਸਭਿ ਸਵਾਰੇ ॥*

ਮੈਂ ਆਪਣੇ ਗੁਰੂ ਤੋਂ ਬਲਿਹਾਰੀ=ਕੁਰਬਾਨ ਜਾਂਦਾ ਹਾਂ, ਜਿਸ ਗੁਰੂ ਨੇ ਮੇਰੇ ਸਭਿ=ਸਾਰੇ ਕਾਰਜ=ਕੰਮ ਸਵਾਰ ਦਿੱਤੇ ਹਨ। [**ਬਲਿਹਾਰ**=ਬਲਿ+ਹਾਰ :— ਬਲਿ=ਤਾਕਤ, ਜ਼ੋਰ ਜਿਥੇ ਕੰਮ ਨਾ ਕਰੇ, ਹਾਰ ਜਾਵੇ, ਭਾਵ ਜੋ ਇਤਨਾ ਹੈਰਾਨੀ ਜਨਕ ਕਾਰਜ ਹੋਵੇ, ਜਿਥੇ ਬੁੱਧੀ ਦਾ ਬਲ ਕੰਮ ਨਾ ਕਰੇ, ਉਥੇ ਫਿਰ ਬਲਿਹਾਰ ਪਦ ਵਰਤੀਦਾ ਹੈ।] ਇਸ ਲਈ ਗੁਰਬਾਣੀ ਵਿੱਚ ਅਨੇਕਾਂ ਪ੍ਰਮਾਣ ਗੁਰੂ ਤੋਂ ਬਲਿਹਾਰ ਹੋਣ ਦੇ ਆਏ ਹਨ। ਜੈਸਾ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੇਰੀ ਲਿਵ ਉਸ ਪ੍ਰਮੇਸ਼ਰ ਦੇ ਨਾਮ ਵਿੱਚ ਲਗਾਈ ਹੈ। ਜੈਸਾ ਕਿ :

੧. **ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਸਚਿ ਸਿਉ ਲਿਵ ਲਾਈ ॥** [ਸੂਹੀ ਮਹਲਾ ੩, ਅੰਗ ੭੫੩]

੨. **ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥**
**ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥** [ਆਸਾ ਮਹਲਾ ੫, ਅੰਗ ੩੯੬]

੩. **ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥**
**ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ ॥੧॥** [ਆਸਾ ਮਹਲਾ ੫, ਅੰਗ ੪੦੦]

੪. **ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥**
**ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥** [ਗੂਜਰੀ ਮਹਲਾ ੩, ਅੰਗ ੪੯੦]

੫. **ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥**
[ਕਾਨੜਾ ਮਹਲਾ ੫, ਅੰਗ ੧੩੦੧]

## *ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ; ਸੁਖ ਫਲ ਹਰਿ ਜਨ ਪਾਵਹੁ ॥*

**ਅਨਵੇ**—ਹੇ ਹਰਿ=ਪ੍ਰਮੇਸ਼ਰ ਦੇ ਸੇਵਕ ਜਨੋਂ ਹਰੀ ਨਾਮ ਨੂੰ ਜਪਣਾ ਕਰੋ ਤਾਂ ਹਰੀ ਵਾਹਿਗੁਰੂ ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇਗਾ ਤਾਂ ਹੀ ਸੁਖ ਰੂਪੀ ਫਲ ਨੂੰ ਪਾਵਹੁ=ਪ੍ਰਾਪਤ ਕਰੋਗੇ।

## *ਨਾਨਕੁ ਕਹੈ ਸੁਣਹੁ ਜਨ ਭਾਈ; ਸੁਖ ਸੋਹਿਲੜਾ ਹਰਿ ਧਿਆਵਹੁ ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ, ਗੁਰਮੁਖ ਜਨੋ ! ਸੁਣਹੁ=ਸੁਨਣਾ ਕਰੋ ਸੁਖ ਸਰੂਪ ਹਰਿ=ਵਾਹਿਗੁਰੂ ਦੇ ਨਾਮ ਨੂੰ ਧਿਆਵਹੁ=ਧਿਆਉਣਾ ਕਰੋ ਤਾਂ ਹੀ ਆਤਮਿਕ ਸੁਖ ਦੇ ਸੋਹਿਲੜਾ=ਅਨੰਦ ਨੂੰ ਪ੍ਰਾਪਤ ਕਰੋਗੇ ॥੧॥ ਜੈਸਾ ਕਿ :

੧. **ਸੁਖ ਸੋਹਿਲੜੇ ਹਰਿ ਗਾਵਣ ਲਾਗੇ ॥**
**ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ ॥** [ਆਸਾ ਮਹਲਾ ੫, ਅੰਗ ੪੫੯]

੨. **ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ ॥** [ਸੂਹੀ ਮਹਲਾ ੩, ਅੰਗ ੭੭੨]

੩. **ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥** [ਰਾਮਕਲੀ ਮਹਲਾ ੫, ਅੰਗ ੯੨੪]

## *ਸੁਣਿ ਹਰਿ ਗੁਣ ਭੀਨੇ; ਸਹਜਿ ਸੁਭਾਏ ॥*

ਜੋ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਸੁਣ ਕੇ ਪ੍ਰੇਮ ਵਿੱਚ ਭੀਨੇ=ਭਿੱਜੇ ਹਨ, ਉਹ ਸਹਜਿ=ਸੁਤੇ ਸਿੱਧ ਹੀ ਸੁਭਾਏ=ਸੋਭਾ ਵਾਲੇ ਹੋਏ ਹਨ।

## ਗੁਰਮਤਿ; ਸਹਜੇ ਨਾਮੁ ਧਿਆਏ ॥

ਜਿਨ੍ਹਾਂ ਨੇ ਗੁਰੂ ਦੀ ਮਤਿ=ਸਿਖਿਆ ਨੂੰ ਧਾਰਨ ਕੀਤਾ ਹੈ, ਉਨ੍ਹਾਂ ਨੇ ਸਹਿਜੇ ਹੀ ਨਾਮ ਨੂੰ ਧਿਆਉਣਾ ਕੀਤਾ ਹੈ। ਜੈਸਾ ਕਿ :

੧. **ਗੁਰਮਤੀ ਨਾਉ ਮਨਿ ਵਸੈ ਸਹਜੇ ਸਹਜਿ ਸਮਾਉ ॥** [ਸਲੋਕ ਮਹਲਾ ੩, ਅੰਗ ੧੪੧੬]

੨. **ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥** [ਗਉੜੀ ਮਹਲਾ ੧, ਅੰਗ ੨੨੭]

੩. **ਗੁਰਮਤਿ ਪਾਇਆ ਸਹਜਿ ਮਿਲਾਇਆ ਆਪਣੇ ਪ੍ਰੀਤਮ ਰਾਤੀ ॥**
**ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥** [ਸੂਹੀ ਮਹਲਾ ੩, ਅੰਗ ੭੭੧]

## ਜਿਨ੍ ਕਉ ਧੁਰਿ ਲਿਖਿਆ, ਤਿਨ ਗੁਰੁ ਮਿਲਿਆ; ਤਿਨ ਜਨਮ ਮਰਣ ਭਉ ਭਾਗਾ ॥

ਜਿਨ੍ਹਾਂ ਨੂੰ ਧੁਰ ਤੋਂ ਚੰਗਾ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਪੂਰਾ ਗੁਰੂ ਮਿਲਿਆ=ਪ੍ਰਾਪਤ ਹੋਇਆ ਹੈ ਅਤੇ ਉਨ੍ਹਾਂ ਦਾ ਜਨਮ-ਮਰਨ ਰੂਪ ਡਰ ਭਾਗਾ=ਦੌੜ ਗਿਆ ਹੈ। ਜੈਸਾ ਕਿ :

**ਜਿਨ੍ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥**
[ਆਸਾ ਮਹਲਾ ੪, ਅੰਗ ੪੫੦]

## ਅੰਦਰਹੁ ਦੁਰਮਤਿ ਦੂਜੀ ਖੋਈ; ਸੋ ਜਨੁ ਹਰਿ ਲਿਵ ਲਾਗਾ ॥

ਜਿਸਨੇ ਹਿਰਦੇ ਦੇ ਅੰਦਰੋਂ ਦੂਜੀ=ਦਵੈਤ ਵਾਲੀ ਦੁਰਮਤਿ=ਖੋਟੀ ਬੁੱਧੀ ਖੋਈ=ਨਾਸ ਕੀਤੀ ਹੈ, ਉਹੀ ਗੁਰਮੁਖ ਜਨ ਹਰਿ=ਵਾਹਿਗੁਰੂ ਦੀ ਲਿਵ ਵਿੱਚ ਲੱਗਿਆ ਹੈ, **ਵਾ:** ਉਸੇ ਜਨ=ਪੁਰਸ਼ ਦੀ ਲਿਵ ਵਾਹਿਗੁਰੂ ਦੇ ਨਾਮ ਨਾਲ ਲੱਗੀ ਹੈ।

## ਜਿਨ੍ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ; ਤਿਨ ਅਨਦਿਨੁ ਹਰਿ ਗੁਣ ਗਾਏ ॥

ਜਿਨ੍ਹਾਂ ਨੂੰ ਮੇਰੇ ਸੁਆਮੀ ਪ੍ਰਮੇਸ਼ਰ ਨੇ ਕਿਰਪਾ ਕੀਤੀ ਹੈ, ਉਨ੍ਹਾਂ ਨੇ ਰਾਤ ਦਿਨ ਹਰਿ=ਪ੍ਰਮੇਸ਼ਰ ਦੇ ਗੁਣ ਗਾਏ ਹਨ।

## ਸੁਣਿ ਮਨ ਭੀਨੇ; ਸਹਜਿ ਸੁਭਾਏ ॥੨॥

ਪ੍ਰਮੇਸ਼ਰ ਦੇ ਗੁਣ ਸੁਣ ਕੇ ਮਨ ਆਦਿਕ ਚਤੁਸ਼ਟਹ ਅੰਤਸ਼ਕਰਨ ਸੁਤੇ-ਸਿੱਧ ਪ੍ਰੇਮ ਵਿੱਚ ਭਿਜ ਗਏ ਹਨ ॥੨॥

## ਜੁਗ ਮਹਿ; ਰਾਮ ਨਾਮੁ ਨਿਸਤਾਰਾ ॥

ਇਸ ਕਲਿਜੁਗ ਵਿੱਚ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਨਾਮ ਨੂੰ ਜਪਣ ਕਰਕੇ ਸੰਸਾਰ ਸਮੁੰਦਰ ਤੋਂ ਨਿਸਤਾਰਾ=ਪਾਰ-ਉਤਾਰਾ ਹੁੰਦਾ ਹੈ। ਜੈਸਾ ਕਿ :

੧. **ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥**
**ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥** [ਆਸਾ ਮਹਲਾ ੪, ਅੰਗ ੪੪੩]

੨. **ਕਲਿਜੁਗ ਮਹਿ ਇਕ ਨਾਮਿ ਉਧਾਰੁ ॥** [ਭੈਰਉ ਮਹਲਾ ੫, ਅੰਗ ੧੧੩੮]

## *ਗੁਰ ਤੇ ਉਪਜੈ; ਸਬਦੁ ਵੀਚਾਰਾ ॥*

ਗੁਰੂ ਦੀ ਕਿਰਪਾ, ਵਾ—ਗੁਰੂ ਦੇ ਉਪਦੇਸ ਤੋਂ ਸਬਦੁ=ਬ੍ਰਹਮ ਦੀ ਵੀਚਾਰ ਉਪਜੈ=ਪੈਦਾ ਹੁੰਦੀ ਹੈ।

## *ਗੁਰ ਸਬਦੁ ਵੀਚਾਰਾ, ਰਾਮ ਨਾਮੁ ਪਿਆਰਾ; ਜਿਸੁ ਕਿਰਪਾ ਕਰੇ ਸੁ ਪਾਏ ॥*

ਜਿਨ੍ਹਾਂ ਨੇ ਗੁਰੂ ਦੇ ਸਬਦੁ=ਉਪਦੇਸ ਨੂੰ ਵੀਚਾਰਿਆ ਹੈ, ਉਨ੍ਹਾਂ ਨੂੰ ਰਾਮ=ਪ੍ਰਮੇਸ਼ਰ ਦਾ ਨਾਮ ਪਿਆਰਾ ਲਗਿਆ ਹੈ। ਜਿਸ ਜਗਿਆਸੂ 'ਤੇ ਪ੍ਰਮਾਤਮਾ ਕਿਰਪਾ ਕਰਦਾ ਹੈ, ਉਹੀ ਪ੍ਰਮੇਸ਼ਰ ਦੇ ਨਾਮ ਨੂੰ ਪ੍ਰਾਪਤ ਕਰਦਾ ਹੈ।

## *ਸਹਜੇ ਗੁਣ ਗਾਵੈ ਦਿਨੁ ਰਾਤੀ; ਕਿਲਵਿਖ ਸਭਿ ਗਵਾਏ ॥*

ਜੋ ਜਗਿਆਸੂ ਸਹਜੇ=ਸੁਤੇ ਸਿਧ ਹੀ ਦਿਨ ਰਾਤ ਉਸ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ, ਉਹ ਸਾਰੇ (ਕਿਲ+ਵਿਖ) ਕਿਲ=ਨਿਸਚੇ ਕਰਕੇ ਜੋ ਵਿਹੁ ਵਰਗੇ ਪਾਪ ਹਨ, ਉਨ੍ਹਾਂ ਨੂੰ ਗਵਾ ਲੈਂਦਾ ਹੈ। ਕਿਉਂਕਿ ਪ੍ਰਮੇਸ਼ਰ ਦੇ ਨਾਮ ਵਿੱਚ ਪਾਪਾਂ ਨੂੰ ਨਾਸ਼ ਕਰਨ ਦੀ ਸ਼ਕਤੀ ਹੈ। ਜੈਸਾ ਕਿ :

**ਪਾਪ ਖੰਡਨ ਪ੍ਰਭ ਤੇਰੋ ਨਾਮੁ ॥** [ਰਾਮਕਲੀ ਮਹਲਾ ੫, ਅੰਗ ੮੯੪]

ਜਿਸ ਤਰ੍ਹਾਂ ਅਗਨੀ ਲੱਕੜਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਇਸੇ ਤਰ੍ਹਾਂ ਪ੍ਰਮੇਸ਼ਰ ਦਾ ਨਾਮ ਪਾਪਾਂ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ। ਜੈਸਾ ਕਿ :

੧. **ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥**
[ਸਲੋਕ ਸਹਸਕ੍ਰਿਤੀ ਮਃ ੫, ਅੰਗ ੧੩੫੫]

੨. **ਕਿਲਵਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ ॥** [ਨਟ ਮਹਲਾ ੪, ਅੰਗ ੯੭੬]

੩. **ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣ ਗਾਉ ॥** [ਵਾਰ ਗੂਜਰੀ ਮਃ ੫, ਅੰਗ ੫੨੨]

## *ਸਭੁ ਕੋ ਤੇਰਾ ਤੂ ਸਭਨਾ ਕਾ; ਹਉ ਤੇਰਾ ਤੂ ਹਮਾਰਾ ॥*

ਹੇ ਪ੍ਰਮੇਸ਼ਰ ! ਸਭ ਕੋਈ ਤੇਰਾ ਦਾਸ ਹੈ ਅਤੇ ਤੂੰ ਸਾਰਿਆਂ ਦਾ ਮਾਲਕ ਹੈਂ। ਹਉ=ਮੈਂ ਤੇਰਾ ਸੇਵਕ ਹਾਂ ਅਤੇ ਤੂੰ ਮੇਰਾ ਸੁਆਮੀ ਹੈਂ। ਜੈਸਾ ਕਿ :

**ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥**
[ਧਨਾਸਰੀ ਮਹਲਾ ੪, ਅੰਗ ੬੭੦]

## *ਜੁਗ ਮਹਿ; ਰਾਮ ਨਾਮੁ ਨਿਸਤਾਰਾ ॥੩॥*

ਕਲਿਜੁਗ ਵਿੱਚ ਰਾਮ=ਰਮੇ ਹੋਏ ਪ੍ਰਮੇਸ਼ਰ ਦਾ ਨਾਮ ਜਪਣ ਕਰਕੇ ਹੀ ਸੰਸਾਰ ਸਮੁੰਦਰ ਤੋਂ ਨਿਸਤਾਰਾ=ਪਾਰ-ਉਤਾਰਾ ਹੁੰਦਾ ਹੈ ॥੩॥

## *ਸਾਜਨ; ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ; ਤ੍ਰਿਪਤਿ ਅਘਾਹੀ ॥*

**ਅਨਵੇ**—ਜੋ ਜਗਿਆਸੂ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦੇ ਹਨ, ਉਨ੍ਹਾਂ ਦੇ ਹਿਰਦੇ ਘਰ ਵਿੱਚ ਸੱਜਣ ਪ੍ਰਮਾਤਮਾ ਜੀ ਆ ਕੇ ਵਸੇ ਹਨ, ਉਹ ਤ੍ਰਿਪਤ ਹੋ ਕੇ ਅਘਾਹੀ=ਰੱਜ ਗਏ ਹਨ।

## ਹਰਿ ਗੁਣ ਗਾਇ ਸਦਾ ਤ੍ਰਿਪਤਾਸੀ; ਫਿਰਿ ਭੂਖ ਨ ਲਾਗੈ ਆਏ ॥

ਜੋ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਸੰਸਾਰ ਦੇ ਪਦਾਰਥਾਂ ਵਲੋਂ ਸਦਾ ਤ੍ਰਿਪਤ ਹੋਏ ਹਨ, ਉਨ੍ਹਾਂ ਨੂੰ ਫਿਰ ਆ ਕੇ ਤ੍ਰਿਸ਼ਨਾ ਰੂਪ ਭੁੱਖ ਨਹੀਂ ਲਗਦੀ। ਜੈਸਾ ਕਿ :

੧. **ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥**
**ਮਨਿ ਤਨਿ ਰਸਨਾ ਨਾਮੁ ਧਿਆਇਆ ॥** [ਧਨਾਸਰੀ ਮਹਲਾ ੫, ਅੰਗ ੬੮੪]

੨. **ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥**
[ਜੈਤਸਰੀ ਮਹਲਾ ੫, ਅੰਗ ੭੦੫]

੩. **ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥**
[ਕਾਨੜਾ ਮਹਲਾ ੫, ਅੰਗ ੧੩੦੩]

## ਦਹ ਦਿਸਿ ਪੂਜ ਹੋਵੈ ਹਰਿ ਜਨ ਕੀ; ਜੋ ਹਰਿ ਹਰਿ ਨਾਮੁ ਧਿਆਏ ॥

**ਅਨਵੇ**—ਜੋ ਜਗਿਆਸੂ ਪ੍ਰਮੇਸ਼ਰ ਦੇ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ, ਉਸ ਹਰਿ=ਵਾਹਿਗੁਰੂ ਦੇ ਸੇਵਕ ਜਨ ਦੀ ਦਸੋ ਦਿਸ਼ਾ ਵਿੱਚ ਪੂਜਾ ਹੋਵੈ=ਹੁੰਦੀ ਹੈ [**ਦਸ ਦਿਸ਼ਾ**—ਪੂਰਬ, ਪੱਛਮ, ਉਤਰ, ਦੱਖਣ, ਨੈਰਤਿ, ਵਾਯਵੀ, ਈਸ਼ਾਨ, ਅਗਨਿ, ਧਰਤੀ ਵਾਲਾ ਪਾਸਾ ਅਤੇ ਆਕਾਸ਼ ਵਾਲਾ ਪਾਸਾ]। ਜੈਸਾ ਕਿ :

੧. **ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥**
[ਆਸਾ ਮਹਲਾ ੫, ਅੰਗ ੩੮੬]

੨. **ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥**
**ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੬੩]

ਜੋ ਮੁਖਵਾਕ ਦੀ ਤੁਕ ਅਤੇ ਪ੍ਰਮਾਣਾਂ ਦਾ ਪ੍ਰਕਰਣ ਜਿਸ ਵਿਸ਼ੇ ਨਾਲ ਸੰਬੰਧਤ ਹੈ, ਇਸ ਵਿਸ਼ੇ ਦੀਆਂ ਬਿਅੰਤ ਸਾਖੀਆਂ ਹਨ।

**ਸਾਖੀ ਭਗਤ ਰਵਿਦਾਸ ਜੀ**—ਭਗਤ ਰਵਿਦਾਸ ਜੀ ਦਾ ਜਨਮ ਇੱਕ ਬਹੁਤ ਹੀ ਗ਼ਰੀਬ ਘਰਾਣੇ ਅੰਦਰ ਹੋਇਆ। ਜਿਨ੍ਹਾਂ ਦਾ ਕੰਮ ਜੁੱਤੀਆਂ ਗੰਢਣੀਆਂ ਅਤੇ ਮਰੇ ਪਸ਼ੂ ਢੋਣਾ ਸੀ। ਭਗਤ ਰਵਿਦਾਸ ਜੀ ਬਚਪਨ ਵਿੱਚ ਹੀ ਰਾਮਾਨੰਦ ਜੀ ਦੇ ਸ਼ਿਸ਼ ਹੋ ਕੇ ਭਗਤੀ ਵਿੱਚ ਲੱਗੇ। ਰਾਮਾਨੰਦ ਜੀ ਜਾਤੀ ਵਿਤਕਰਾ ਕਰਨ ਵਾਲੇ ਸਨ, ਪਰ ਰਵਿਦਾਸ ਜੀ ਦਾ ਪਿਛਲੇ ਜਨਮ ਦਾ ਬ੍ਰਹਮਚਾਰੀ ਵਾਲਾ ਸੰਬੰਧ ਵਿਚਾਰ ਕੇ ਇਨ੍ਹਾਂ ਨਾਲ ਵਿਤਕਰਾ ਨਹੀਂ ਸਨ ਕਰਦੇ। ਰਾਮਾਨੰਦ ਜੀ ਤੋਂ ਨਾਮ ਲੈ ਕੇ ਪਿਤਾ ਪੁਰਖੀ ਕਿੱਤਾ ਕਰਦੇ ਹੋਏ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ। ਜੈਸਾ ਕਿ :

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥** [ਮਹਲਾ ੫, ਅੰਗ ੪੮੭]

ਇਨ੍ਹਾਂ ਦੀ ਸੋਭਾ ਪਰਜਾ ਤੋਂ ਉਠ ਕੇ ਰਾਜਿਆਂ ਤੱਕ ਜਾ ਪਹੁੰਚੀ। ਚਿਤੌੜ ਦੇ ਰਾਜੇ ਦੀ ਰਾਣੀ, ਜੋ ਬੜੀ ਭਗਤੀ ਭਾਵ ਵਾਲੀ ਸੀ। ਇੱਕ ਵਾਰ ਤੀਰਥ ਯਾਤਰਾ ਦੇ ਬਹਾਨੇ ਭਗਤ ਰਵਿਦਾਸ ਜੀ ਦੇ ਚਰਨਾਂ ਵਿੱਚ ਪਹੁੰਚੀ। ਦਰਸ਼ਨ ਕਰਕੇ ਸ਼ਾਂਤੀ ਪ੍ਰਾਪਤ ਹੋਈ। ਨਾਮ ਦੀ ਜਾਚਨਾ ਕੀਤੀ ਤਾਂ ਭਗਤ ਜੀ ਨੇ ਨਾਮ ਜਪਣ ਦੀ ਬਿਧੀ ਦੱਸੀ। ਰਾਣੀ ਮਹਿਲਾਂ ਵਿੱਚ ਜਾ ਕੇ ਇੱਕ ਵੱਖਰੇ ਕਮਰੇ ਵਿੱਚ ਬੈਠ ਕੇ ਧਿਆਨ ਸਾਧਨਾ ਵਿੱਚ ਜੁੜਨ ਲੱਗੀ। ਜਿਸ ਕਰਕੇ ਮਨ ਇਕਾਗਰ ਹੋ ਕੇ ਸ਼ਾਂਤੀ ਨੂੰ ਪ੍ਰਾਪਤ ਹੋਇਆ। ਆਪਣੇ ਪਤੀ ਨੂੰ ਕਹਿ ਕੇ ਇੱਕ ਸਮੱਸਟੀ ਭੰਡਾਰਾ ਕਰਾਇਆ, ਕਿਉਂਕਿ ਜਦੋਂ ਰਾਣੀ ਰਵਿਦਾਸ ਜੀ ਦੇ ਅਸਥਾਨ 'ਤੇ ਪਹੁੰਚੀ ਸੀ, ਬ੍ਰਾਹਮਣਾਂ ਨੂੰ ਪਤਾ ਲੱਗਣ ਤੋਂ ਉਹਨਾਂ ਬੜਾ

ਭਾਰੀ ਵਿਰੋਧ ਕੀਤਾ। ਰਾਣੀ ਝਾਲਾਂ ਦੇ ਪਤੀ ਕੋਲ ਆ ਕੇ ਬਹੁਤ ਵਧਾ ਚੜ੍ਹਾ ਕੇ ਗੱਲਾਂ ਕੀਤੀਆਂ ਕਿ ਰਾਜਨ! ਅਨਰਥ ਹੋ ਗਿਆ ਹੈ, ਤੁਹਾਡੇ ਵਰਗੇ ਧਰਮਾਤਮਾ ਰਾਜੇ ਬ੍ਰਾਹਮਣਾਂ ਨੂੰ ਛੱਡ ਕੇ ਨੀਚ ਸ਼ੂਦਰਾਂ ਦੀ ਪੂਜਾ ਕਰਨ ਤਾਂ ਸੰਸਾਰ ਦੀ ਮਰਿਆਦਾ ਕਿਵੇਂ ਕਾਇਮ ਰਹਿ ਸਕੇਗੀ। ਰਾਜੇ ਨੇ ਸੁਣ ਕੇ ਰਾਣੀ ਨੂੰ ਤਾੜਨਾ ਕਰਨੀ ਚਾਹੀ। ਰਾਣੀ ਨੂੰ ਕਿਹਾ ਕਿ ਤੂੰ ਇਹ ਕੀ ਕਰ ਕੇ ਆਈ ਹੈਂ ਕਿ ਤੀਰਥਾਂ ਦੇ ਬਹਾਨੇ ਰਵਿਦਾਸ ਦਾ ਪੂਜਨ ਕੀਤਾ। ਆ ਦੇਖ! ਬ੍ਰਾਹਮਣ ਲੋਕ ਜਿਨ੍ਹਾਂ ਨੂੰ ਸਾਰਾ ਸੰਸਾਰ ਪੂਜਦਾ ਹੈ, ਅੱਜ ਤੇਰੇ ਕਾਰਨ ਮੇਰਾ ਭੀ ਵਿਰੋਧ ਕਰ ਰਹੇ ਹਨ ਤਾਂ ਰਾਣੀ ਨੇ ਕਿਹਾ ਕਿ ਇਹ ਬ੍ਰਾਹਮਣ ਲਾਲਚੀ ਤੇ ਝੂਠੇ ਹਨ। ਇਹਨਾਂ ਦਾ ਯਕੀਨ ਨਾ ਕਰੋ। ਮੈਂ ਗੱਲ ਕਰਦੀ ਹਾਂ। ਇਹ ਕਹਿ ਕੇ ਰਾਣੀ ਵਿਰੋਧ ਕਰਨ ਵਾਲੇ ਬ੍ਰਾਹਮਣਾਂ ਕੋਲ ਆਈ ਤੇ ਪੁੱਛਿਆ ਕਿ ਤੁਹਾਨੂੰ ਕੀ ਦੁਖ ਹੈ, ਇਹੋ ਹੀ ਦੁਖ ਹੈ ਕਿ ਤੁਹਾਨੂੰ ਪੂਜਾ ਨਹੀਂ ਮਿਲੀ। ਬ੍ਰਾਹਮਣਾਂ ਨੇ ਕਿਹਾ ਕਿ ਹਾਂ! ਰਾਣੀ ਇਹ ਕੋਈ ਛੋਟੀ ਗੱਲ ਨਹੀਂ ਕਿ ਸਾਨੂੰ ਛੱਡ ਕੇ ਤੂੰ ਇੱਕ ਚਮਿਆਰ ਦੀ ਪੂਜਾ ਕੀਤੀ ਹੈ। ਰਾਣੀ ਨੇ ਕਿਹਾ ਕਿ ਮੇਰੇ ਗੁਰੂ ਦਾ ਅਪਜਸ ਕਰਨ ਦੀ ਲੋੜ ਨਹੀਂ, ਤੁਹਾਨੂੰ ਸਾਰਿਆਂ ਨੂੰ ਰਾਜ ਭਵਨ ਵਿੱਚ ਬੁਲਾ ਕੇ ਪੂਜਨ ਕੀਤਾ ਜਾਵੇਗਾ। ਪਤੀ ਨੂੰ ਕਹਿ ਕੇ ਸਮੱਸਟੀ ਭੰਡਾਰਾ ਆਯੋਜਿਤ ਕੀਤਾ ਗਿਆ। ਰਾਣੀ ਰਵਿਦਾਸ ਜੀ ਨੂੰ ਨਿਮੰਤਰਨ ਦੇਣ ਆਪ ਆਈ। ਰਵਿਦਾਸ ਜੀ ਨੇ ਆਣ ਤੋਂ ਇਸ ਲਈ ਨਾਂਹ ਕਰ ਦਿੱਤੀ ਕਿ ਮੇਰੇ ਜਾਣ ਨਾਲ ਜਾਤੀ ਵਿਤਕਰਾ ਕਰਨ ਵਾਲੇ ਬ੍ਰਾਹਮਣਾਂ ਦੇ ਹਿਰਦੇ ਵਿੱਚ ਈਰਖਾ ਦੀ ਅੱਗ ਦੇ ਭਾਂਬੜ ਮੱਚ ਉਠਣਗੇ ਤਾਂ ਰਾਣੀ ਨੇ ਕਿਹਾ ਕਿ ਜੇ ਆਪ ਨਹੀਂ ਆਉਗੇ ਤਾਂ ਮੈਂ ਇਹ ਭੰਡਾਰਾ ਕਰਨਾ ਹੀ ਨਹੀਂ। ਰਾਣੀ ਦੇ ਇਸ ਹੱਠ ਧਾਰਨ ਨੂੰ ਦੇਖ ਕੇ ਹਾਂ ਕਰ ਲਈ ਤੇ ਨਿਸ਼ਚਤ ਸਮੇਂ 'ਤੇ ਪਹੁੰਚਣ ਦਾ ਵਚਨ ਕਰ ਲਿਆ। ਜਦੋਂ ਭੰਡਾਰੇ ਦਾ ਸਹੀ ਦਿਨ ਆ ਪਹੁੰਚਾ ਤਾਂ ਕਾਂਸ਼ੀ ਦੇ ਸਾਰੇ ਬ੍ਰਾਹਮਣ ਇਕੱਠੇ ਹੋ ਕੇ ਰਾਜ ਘਰਾਣੇ ਵਿੱਚ ਪੂਜਾ ਕਰਾਉਣ ਦੇ ਲਾਲਚ ਕਾਰਨ ਬੜੇ ਉਤਸ਼ਾਹ ਨਾਲ ਇਕੱਤਰ ਹੋਏ। ਦੂਸਰੇ ਪਾਸੇ ਸਹੀ ਸਮੇਂ 'ਤੇ ਰਵਿਦਾਸ ਜੀ ਵੀ ਆ ਪਹੁੰਚੇ। ਜਿਨ੍ਹਾਂ ਨੂੰ ਦੇਖ ਕੇ ਬ੍ਰਾਹਮਣਾ ਨੇ ਰੌਲਾ ਪਾਇਆ ਤੇ ਵਿਰੋਧ ਕੀਤਾ ਕਿ ਅਸੀਂ ਚਮਿਆਰ ਨੂੰ ਨਾਲ ਬਹਿ ਕੇ ਭੋਜਨ ਨਹੀਂ ਛੱਕਣ ਦੇਣਾ, ਜੇ ਇਸ ਨੂੰ ਭੋਜਨ ਛਕਾਉਣਾ ਹੈ ਤਾਂ ਅਸੀਂ ਸਾਰੇ ਵਾਪਸ ਜਾਂਦੇ ਹਾ। ਰਵਿਦਾਸ ਜੀ ਨੇ ਰਾਣੀ ਨੂੰ ਕਿਹਾ ਕਿ ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਬ੍ਰਾਹਮਣਾਂ ਨੇ ਮੇਰੇ ਆਉਣ ਨੂੰ ਬਰਦਾਸ਼ਤ ਨਹੀਂ ਕਰਨਾ। ਰਵਿਦਾਸ ਜੀ ਨੇ ਕਿਹਾ ਕਿ ਹੇ ਬ੍ਰਾਹਮਣੋ! ਤੁਸੀਂ ਤੰਗ ਨਾ ਹੋਵੋ, ਮੈਂ ਹੀ ਜਾਂਦਾ ਹਾ। ਰਾਣੀ ਨੇ ਬੇਨਤੀ ਕਰਕੇ ਮਹਿਲ ਦੇ ਇੱਕ ਕਮਰੇ ਵਿੱਚ ਰਵਿਦਾਸ ਜੀ ਨੂੰ ਬਿਠਾ ਦਿੱਤਾ। ਉਧਰ ਬ੍ਰਾਹਮਣ ਜਦੋਂ ਭੋਜਨ ਛਕਣ ਲਈ ਪੰਗਤ ਵਿੱਚ ਬੈਠੇ ਇੱਕ ਦੂਜੇ ਵੱਲ ਵੇਖੀ ਜਾਣ, ਭੋਜਨ ਕੋਈ ਨਾ ਛਕੇ, ਕਿਉਂਕਿ ਹਰ ਇੱਕ ਬ੍ਰਾਹਮਣ ਨੂੰ ਨਾਲ ਬੈਠਾ ਰਵਿਦਾਸ ਪ੍ਰਤੀਤ ਹੋ ਰਿਹਾ ਸੀ। ਇਹ ਸਾਰੀ ਖੇਡ ਪ੍ਰਮਾਤਮਾ ਨੇ ਆਪਣੇ ਭਗਤ ਦੀ ਇਜ਼ਤ ਵਧਾਉਣ ਵਾਸਤੇ ਕੀਤੀ। ਵਰਤਾਵੇ ਕਹਿਣ ਭੋਜਨ ਛਕੋ। ਇਹ ਬ੍ਰਾਹਮਣ ਛਕਣ ਨਾ ਤੇ ਕਹਿਣ ਕਿ ਸਾਡੇ ਨਾਲ ਰਵਿਦਾਸ ਬੈਠਾ ਹੈ। ਇਤਨੇ ਨੂੰ ਰਾਜੇ ਨੇ ਆਪ ਆ ਕੇ ਕਿਹਾ ਕਿ ਹੇ ਬ੍ਰਾਹਮਣੋ! ਇਹ ਸ਼ੰਕਾ ਤੁਸੀਂ ਕਿਉਂ ਕਰਦੇ ਹੋ, ਰਵਿਦਾਸ ਤਾਂ ਅੰਦਰ ਬੈਠਾ ਪ੍ਰਮੇਸ਼ਰ ਦੇ ਗੁਣ ਗਾ ਰਿਹਾ ਹੈ। ਜੇ ਨਹੀਂ ਯਕੀਨ ਤਾਂ ਆ ਕੇ ਵੇਖ ਲਉ। ਜਦੋਂ ਬ੍ਰਾਹਮਣਾਂ ਨੇ ਜਾ ਕੇ ਵੇਖਿਆ ਤਾਂ ਰਵਿਦਾਸ ਸੱਚ ਹੀ ਅੰਦਰ ਬੈਠੇ ਹੋਏ ਸਨ। ਜਿਹੜੇ ਚੰਗੇ ਸੁਭਾਅ ਦੇ ਬ੍ਰਾਹਮਣ ਸਨ, ਉਨ੍ਹਾਂ ਕਿਹਾ ਕਿ ਈਰਖਾ ਛੱਡੋ ਇਹ ਪ੍ਰਮੇਸ਼ਰ ਦੀ ਬਿਅੰਤਤਾ ਹੈ ਤੇ ਰਵਿਦਾਸ ਜੀ ਨੂੰ ਨਾਲ ਬਿਠਾ ਕੇ ਭੋਜਨ ਛਕਾਉ। ਰਵਿਦਾਸ ਜੀ ਨੂੰ ਬੇਨਤੀ ਕਰਕੇ ਨਾਲ ਬਿਠਾ ਕੇ ਭੋਜਨ ਛਕਾਇਆ। ਭੋਜਨ ਛੱਕ ਕੇ ਰਵਿਦਾਸ ਜੀ ਨੇ ਇਹ ਸ਼ਬਦ ਉਚਾਰਨ ਕੀਤਾ। ਜੈਸਾ ਕਿ :

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥** [ਮਾਰੂ ਬਾਣੀ ਰਵਿਦਾਸ ਜੀ, ਅੰਗ ੧੧੦੬]

ਰਵਿਦਾਸ ਜੀ ਨੇ ਹੋਰ ਵੀ ਉਚਾਰਨ ਕੀਤਾ। ਜੈਸਾ ਕਿ :

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥**

[ਮਲਾਰ ਰਵਿਦਾਸ ਜੀ, ਅੰਗ ੧੨੯੩]

ਭਗਤ ਜੀ ਦੀ ਵਡਿਆਈ ਕਰਦੇ ਹੋਏ ਭਾਈ ਗੁਰਦਾਸ ਜੀ ਕਥਨ ਕਰਦੇ ਹਨ। ਜੈਸਾ ਕਿ :

**ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ॥**
**ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ॥**
**ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ॥**
**ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ॥**
**ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ॥**
**ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥**
**ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ॥**
**ਲਇਆ ਕਸੀਰਾ ਹਥੁ ਕਢਿ ਸੂਤੁ ਇਕ ਜਿਉ ਤਾਣਾ ਪੇਟਾ॥**
**ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥** [ਭਾ: ਗੁਰਦਾਸ ਜੀ, ਵਾਰ ੧੦]

ਸੋ ਇਸ ਪ੍ਰਕਾਰ ਪ੍ਰਮੇਸ਼ਰ ਦੇ ਜਨ ਦੀ ਦਸੇ ਦਿਸ਼ਾ ਵਿੱਚ ਪੂਜਾ ਹੋਣ ਦੀ ਗੱਲ ਜੋ ਮੁਖਵਾਕ ਦੀ ਉਪਰੋਕਤ ਤੁਕ ਵਿੱਚ ਸਤਿਗੁਰਾਂ ਨੇ ਕੀਤੀ ਹੈ। ਅਨੇਕਾਂ ਭਗਤਾਂ, ਗੁਰਸਿੱਖਾਂ ਦੀਆਂ ਸਾਖੀਆਂ ਤੋਂ ਇਸ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ।

## *ਨਾਨਕ ਹਰਿ ਆਪੇ ਜੋੜਿ ਵਿਛੋੜੇ; ਹਰਿ ਬਿਨੁ ਕੋ ਦੂਜਾ ਨਾਹੀ॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ=ਪ੍ਰਮੇਸ਼ਰ ਆਪ ਹੀ ਜੀਵਾਂ ਨੂੰ ਸੰਬੰਧੀਆਂ ਨਾਲ ਮੇਲਦਾ ਹੈ ਅਤੇ ਆਪ ਹੀ ਸੰਬੰਧੀਆਂ ਤੋਂ ਕਰਮਾਂ ਦੇ ਅਨੁਸਾਰ ਵਿਛੋੜਦਾ ਹੈ। ਹਰਿ=ਪ੍ਰਮੇਸ਼ਰ ਤੋਂ ਬਿਨਾਂ ਕੋਈ ਹੋਰ ਦੂਜਾ ਸਮਰਥ ਨਹੀਂ ਹੈ, ਜੋ ਐਸਾ ਕਰ ਸਕੇ। ਕਰਮ ਫਲ ਭੁਗਤਾਉਣ ਦੀ ਸਮਰਥਾ ਕੇਵਲ ਪ੍ਰਮੇਸ਼ਰ ਵਿੱਚ ਹੀ ਹੈ।

## *ਸਾਜਨ; ਆਇ ਵੁਠੇ ਘਰ ਮਾਹੀ ॥੪॥੧॥*

ਗੁਰਮੁਖਾਂ ਦੇ ਹਿਰਦੇ ਰੂਪ ਘਰ ਵਿੱਚ ਸਾਜਨ=ਸੱਜਣ ਰੂਪ ਪ੍ਰਮਾਤਮਾ ਜੀ ਆ ਕੇ ਵੁਠੇ=ਵਸੇ ਹਨ॥੪॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੬ [ਆਦਿ ਅੰਗ ੭੬੯]

*ਸੂਹੀ ਮਹਲਾ ੩ ॥ ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥ ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥ ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥ ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥੧॥ ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥ ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥ ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥ ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥ ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥ ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥ ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥ ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥ ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥ ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥ ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥੩॥ ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ ਪ੍ਰਭੁ ਰਵਿ ਰਹਿਆ ਸਭੁ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥ ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥ ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥੪॥੩॥੪॥*

## *ਸੂਹੀ ਮਹਲਾ ੩ ॥*

ਸੂਹੀ ਰਾਗਣੀ ਵਿੱਚ ਤੀਸਰੇ ਸਤਿਗੁਰੂ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਬਚਨ, ਜਿਸ ਵਿੱਚ ਜੀਵ ਰੂਪ ਇਸਤਰੀ ਨੂੰ ਪਤੀ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਦਾ ਸੁਖ ਅਨੰਦ ਕਿਵੇਂ ਪ੍ਰਾਪਤ ਹੁੰਦਾ ਹੈ ? ਉਸ ਦਾ ਪ੍ਰਾਪਤ ਹੋਣਾ ਸਤਿਗੁਰੂ ਬਿਨਾਂ ਸੰਭਵ ਨਹੀਂ। ਐਸਾ ਸਿਧਾਂਤ ਇਸ ਮੁਖਵਾਕ ਵਿੱਚ ਕਥਨ ਕਰਦੇ ਹਨ :

## *ਜੁਗ ਚਾਰੇ ਧਨ ਜੇ ਭਵੈ; ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥*

ਜੇਕਰ ਇਹ ਜੀਵ ਰੂਪ ਇਸਤਰੀ ਚਾਰੇ ਜੁਗਾਂ ਵਿੱਚ ਭਵੈ=ਫਿਰਦੀ ਰਹੇ, **ਵਾ:** ਚਾਰੇ ਜੁਗਾਂ ਵਿੱਚ ਸਾਧਨਾ ਰੂਪ ਜਤਨ ਕਰਦੀ ਫਿਰਦੀ ਰਹੇ ਤਾਂ ਵੀ ਸਤਿਗੁਰਾਂ ਤੋਂ ਬਿਨਾਂ ਰਾਮ ਰੂਪ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਸੋਹਾਗੁ=ਸੁਖ, ਅਨੰਦ ਪ੍ਰਾਪਤ ਨਹੀਂ ਹੁੰਦਾ।

## *ਨਿਹਚਲੁ ਰਾਜੁ ਸਦਾ ਹਰਿ ਕੇਰਾ; ਤਿਸੁ ਬਿਨੁ ਅਵਰੁ ਨ ਕੋਈ ਰਾਮ ॥*

ਹਰਿ=ਵਾਹਿਗੁਰੂ ਦਾ ਰਾਜੁ=ਪ੍ਰਕਾਸ਼, ਵਾ—ਹੁਕਮ ਸਦਾ ਨਿਹਚਲੁ=ਅਚੱਲ, ਚਲਾਏਮਾਨ ਹੋਣ ਤੋਂ ਰਹਿਤ ਹੈ, ਉਸ ਰਾਮ=ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ। ਭਾਵ ਹੋਰ ਸਾਰੇ ਚਲਾਏਮਾਨ ਹਨ। ਸੰਸਾਰ ਦੇ ਰਾਜੇ ਅਤੇ ਰਾਜਿਆਂ ਦਾ ਰਾਜ ਝੂਠਾ ਹੋਣ ਕਰਕੇ ਚਾਰ ਦਿਨ ਦਾ ਹੈ। ਪ੍ਰਮੇਸ਼ਰ ਜਿਸ ਤਰ੍ਹਾਂ ਆਪ ਸਥਿਰ ਹੈ, ਇਸੇ ਤਰ੍ਹਾਂ ਉਸ ਦਾ ਰਾਜ ਵੀ ਸਥਿਰ ਹੈ। ਜੈਸਾ ਕਿ :

੧. **ਕੋਊ ਹਰਿ ਸਮਾਨਿ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥**
[ਬਿਲਾਵਲ ਕਬੀਰ ਜੀ, ਅੰਗ ੮੫੬]

੨. **ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥**
[ਵਾਰ ਵਡਹੰਸ ਮਃ ੩, ਅੰਗ ੫੯੨]

੩. **ਹਉ ਬਲਿਹਾਰੀ ਸਾਚੇ ਨਾਵੈ ॥ ਰਾਜੁ ਤੇਰਾ ਕਬਹੁ ਨ ਜਾਵੈ ॥**
**ਰਾਜੋ ਤ ਤੇਰਾ ਸਦਾ ਨਿਹਚਲੁ ਏਹੋ ਕਬਹੁ ਨ ਜਾਵਏ ॥** [ਵਡਹੰਸ ਮਹਲਾ ੧, ਅੰਗ ੫੬੭]

## *ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ; ਗੁਰਮੁਖਿ ਏਕੋ ਜਾਣਿਆ ॥*

ਤਿਸੁ=ਉਸ ਪ੍ਰਮੇਸ਼ਰ ਤੋਂ ਬਿਨੁ=ਬਿਨਾ ਅਵਰੁ=ਹੋਰ ਕੋਈ ਵੀ ਇਸਥਿਤ ਨਹੀਂ ਹੈ, ਉਹ ਸੱਚ ਸਰੂਪ ਸਦਾ=ਹਮੇਸ਼ਾਂ ਰਹਿਣ ਵਾਲਾ ਹੈ। ਗੁਰਮੁਖਾਂ ਨੇ ਸਤਿਗੁਰੂ ਦੇ ਉਪਦੇਸ਼ ਦੁਆਰਾ ਉਸ ਏਕੋ=ਇੱਕ ਪ੍ਰਭੂ ਨੂੰ ਜਾਣਿਆ=ਜਾਣ ਲਿਆ ਹੈ। ਜੈਸਾ ਕਿ :

੧. **ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥**
[ਮਾਝ ਮਹਲਾ ੫, ਅੰਗ ੧੦੬]

੨. **ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥**
[ਰਾਮਕਲੀ ਮਹਲਾ ੩, ਅੰਗ ੯੧੨]

## *ਧਨ ਪਿਰ ਮੇਲਾਵਾ ਹੋਆ; ਗੁਰਮਤੀ ਮਨੁ ਮਾਨਿਆ ॥*

ਉਸ ਜਗਿਆਸੂ ਰੂਪ ਧਨ=ਇਸਤਰੀ ਦਾ ਪਿਰ=ਪਤੀ ਰੂਪ ਪ੍ਰਮਾਤਮਾ ਦੇ ਨਾਲ ਮਿਲਾਪ ਹੁੰਦਾ ਹੈ, ਜਿਸਦਾ ਗੁਰੂ ਦੀ ਦਿੱਤੀ ਮਤੀ=ਸਿਖਿਆ ਉੱਤੇ ਮਨ ਮੰਨਿਆ ਹੈ। ਜੈਸਾ ਕਿ :

**ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥** [ਆਸਾ ਮਹਲਾ ੩, ਅੰਗ ੪੩੯]

ਜਦੋਂ ਪ੍ਰਮੇਸ਼ਰ ਵਾਹਿਗੁਰੂ ਆਪ ਹੀ ਗੁਰੂ ਦੁਆਰਾ ਉਪਦੇਸ਼ ਦੀ ਕਿਰਪਾ ਕਰਦਾ ਹੈ ਤਾਂ ਫਿਰ ਜਗਿਆਸੂ ਰੂਪ ਇਸਤਰੀ ਨੂੰ ਪਤੀ ਪ੍ਰਮੇਸ਼ਰ ਦਾ ਮਿਲਾਪ ਹੁੰਦਾ ਹੈ। ਜੈਸਾ ਕਿ :

**ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥** [ਆਸਾ ਮਹਲਾ ੧, ਅੰਗ ੪੩੬]

## *ਸਤਿਗੁਰੁ ਮਿਲਿਆ ਤਾ ਹਰਿ ਪਾਇਆ;*
## *ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥*

ਜਦੋਂ ਪੂਰਨ ਸਤਿਗੁਰੂ ਦਾ ਮਿਲਿਆ=ਮਿਲਾਪ ਹੋਇਆ ਤਾਂ ਹੀ ਹਰਿ=ਵਾਹਿਗੁਰੂ ਦੇ ਨਾਮ ਨੂੰ ਪਾਇਆ=ਪ੍ਰਾਪਤ ਕੀਤਾ ਹੈ, ਹਰਿ=ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਕਿਸੇ ਦੀ ਵੀ ਅੱਜ ਤੱਕ ਮੁਕਤੀ ਨਹੀਂ ਹੋਈ ਹੈ। ਜੈਸਾ ਕਿ :

੧. **ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥**
**ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥** [ਧਨਾਸਰੀ ਮਹਲਾ ੧, ਅੰਗ ੬੬੩]

੨. **ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥**
[ਬਸੰਤ ਮਹਲਾ ੩, ਅੰਗ ੧੧੭੫]

੩. **ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ॥**
**ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ॥** [ਗੂਜਰੀ ਮਹਲਾ ੩, ਅੰਗ ੪੯੦]

੪. **ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥**
[ਕਾਨੜਾ ਮਹਲਾ ੫, ਅੰਗ ੧੩੦੫]

੫. **ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ॥੩॥**
[ਭੈਰਉ ਮਹਲਾ ੧, ਅੰਗ ੧੧੨੭]

## *ਨਾਨਕ ਕਾਮਣਿ ਕੰਤੈ ਰਾਵੇ; ਮਨਿ ਮਾਨਿਐ ਸੁਖੁ ਹੋਈ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਮਨ ਵਿੱਚ ਨਾਮ ਜਪਣਾ ਮੰਨਿਆ ਹੈ, ਉਹ ਜੀਵ ਰੂਪ ਇਸਤਰੀ ਕੰਤੈ=ਪਤੀ ਰੂਪ ਪ੍ਰਮੇਸ਼ਰ ਦੇ ਅਨੰਦ ਨੂੰ ਰਾਵੇ=ਮਾਣਦੀ ਹੈ ਅਤੇ ਉਸੇ ਜਗਿਆਸੂ ਰੂਪ ਇਸਤਰੀ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ॥੧॥ ਜੈਸਾ ਕਿ :

**ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥** [ਤਿਲੰਗ ਮਹਲਾ ੧, ਅੰਗ ੭੨੨]

## *ਸਤਿਗੁਰੁ ਸੇਵਿ ਧਨ ਬਾਲੜੀਏ; ਹਰਿ ਵਰੁ ਪਾਵਹਿ ਸੋਈ ਰਾਮ॥*

ਹੇ ਜਗਿਆਸੂ ਰੂਪ ਬਾਲੜੀਏ=ਗਯਾਤ ਰਹਿਤ ਧਨ=ਇਸਤਰੀਏ! ਸਤਿਗੁਰੂ ਨੂੰ ਸੇਵਣਾ ਕਰ ਤਾਂ ਉਸ ਰਾਮ=ਰਮੇ ਹੋਏ ਹਰਿ=ਵਾਹਿਗੁਰੂ ਵਰੁ=ਪਤੀ ਨੂੰ ਪ੍ਰਾਪਤ ਕਰੇਂਗੀ। ਜੈਸਾ ਕਿ :

**ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ॥** [ਆਸਾ ਮਹਲਾ ੩, ਅੰਗ ੪੨੮]

## *ਸਦਾ ਹੋਵਹਿ ਸੋਹਾਗਣੀ; ਫਿਰਿ ਮੈਲਾ ਵੇਸੁ ਨ ਹੋਈ ਰਾਮ॥*

ਹੇ ਜੀਵ ਰੂਪ ਇਸਤਰੀਏ ਸਦਾ ਹੀ ਸੋਹਾਗਣੀ=ਸੁਹਾਗਵੰਤੀ ਹੋਵੇਂਗੀ ਰਮੇ ਹੋਏ ਰਾਮ=ਪ੍ਰਮੇਸ਼ਰ ਦੀ ਕਿਰਪਾ ਕਰ ਕੇ ਫਿਰ ਤੇਰਾ ਵੇਸੁ=ਲਿਬਾਸ ਕਦੇ ਵੀ ਮੈਲਾ ਨਹੀਂ ਹੋਵੇਗਾ, ਭਾਵ ਖੋਟੇ ਕਰਤਬ ਕਰਨ ਵਾਲੀ ਨਹੀਂ ਹੋਵੇਂਗੀ। ਜੈਸਾ ਕਿ :

**ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ॥**
**ਸਦਾ ਪਿਰੁ ਨਿਹਚਲੁ ਪਾਈਐ ਨ ਓਹੁ ਮਰੈ ਨ ਜਾਇ॥** [ਸਿਰੀਰਾਗ ਮਹਲਾ ੩, ਅੰਗ ੬੬]

## *ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ; ਹਉਮੈ ਮਾਰਿ ਪਛਾਣਿਆ॥*

ਫਿਰ ਤੇਰਾ ਵੇਸੁ=ਲਿਬਾਸ ਵਿਸ਼ੇ ਵਿਕਾਰਾਂ ਵਿੱਚ ਮੈਲਾ ਨਹੀਂ ਹੋਵੇਗਾ, ਜਿਹੜੀ ਕੋਈ ਜਗਿਆਸੂ ਰੂਪ ਇਸਤਰੀ ਮੁਖੀ ਗੁਰੂ ਸਾਹਿਬ ਦੁਆਰਾ ਨਾਮ ਸਿਮਰਨ ਨੂੰ ਬੂਝੈ=ਜਾਣਦੀ ਹੈ, ਉਸਨੇ ਹਉਮੈ=ਹੰਗਤਾ ਮਮਤਾ ਨੂੰ ਮਾਰ ਕੇ ਆਪਣੇ ਆਤਮਿਕ ਸਰੂਪ ਨੂੰ ਪਛਾਣਿਆ=ਪਛਾਣ ਲਿਆ ਹੈ। ਭਾਵ ਆਪਣੇ ਨਿਜ ਸਰੂਪ ਦੀ ਸਿਖਿਆਤਤਾ ਕਰ ਲਈ ਹੈ। ਜੈਸਾ ਕਿ :

੧. **ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨਿ ਬਿਧਿ ਮਿਲਹੁ ਪਿਆਰੇ॥**
[ਗਉੜੀ ਮਹਲਾ ੩, ਅੰਗ ੨੪੪]

੨. **ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥**
**ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ॥** [ਵਡਹੰਸ ਮਹਲਾ ੩, ਅੰਗ ੫੬੮]

## ਕਰਣੀ ਕਾਰ ਕਮਾਵੈ ਸਬਦਿ ਸਮਾਵੈ; ਅੰਤਰਿ ਏਕੋ ਜਾਣਿਆ ॥

ਜੋ ਸਤਿਗੁਰਾਂ ਦੇ ਸਬਦਿ=ਉਪਦੇਸ਼ ਵਿੱਚ ਸਮਾ ਕੇ ਕਰਣੀ=ਭਗਤੀ ਰੂਪੀ ਕਾਰ ਨੂੰ ਕਮਾਵੈ=ਕਮਾਉਂਦੀ ਹੈ, ਉਸ ਜਗਿਆਸੂ ਰੂਪ ਇਸਤਰੀ ਨੇ ਅੰਤਰਿ=ਹਿਰਦੇ ਵਿੱਚ ਇੱਕ ਵਾਹਿਗੁਰੂ ਨੂੰ ਜਾਣਿਆ=ਜਾਣ ਲਿਆ ਹੈ।

## ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ; ਸਾਚੀ ਸੋਭਾ ਹੋਈ ॥

ਜੋ ਜਗਿਆਸੂ ਰੂਪ ਇਸਤਰੀ ਦਿਨ ਰਾਤ ਗੁਰੂ ਦੁਆਰੇ ਆਪਣੇ ਪ੍ਰਮੇਸ਼ਰ ਦੇ ਨਾਮ ਨੂੰ ਰਾਵੇ=ਉਚਾਰਦੀ, ਭਾਵ ਜਪਦੀ ਹੈ, ਉਸਦੀ ਲੋਕ ਪ੍ਰਲੋਕ ਵਿੱਚ ਸੱਚੀ ਸੋਭਾ=ਵਡਿਆਈ ਹੁੰਦੀ ਹੈ। ਜੈਸਾ ਕਿ :

੧. **ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥** [ਮਾਝ ਮਹਲਾ ੫, ਅੰਗ ੧੩੬]

੨. **ਨਿਰਮਲ ਨਾਮੁ ਰਖੈ ਉਰਿ ਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥** [ਆਸਾ ਮਹਲਾ ੩, ਅੰਗ ੪੨੩]

## ਨਾਨਕ ਕਾਮਣਿ ਪਿਰੁ ਰਾਵੇ ਆਪਣਾ; ਰਵਿ ਰਹਿਆ ਪ੍ਰਭੁ ਸੋਈ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜਗਿਆਸੂ ਰੂਪ ਇਸਤਰੀ ਆਪਣੇ ਪਿਰੁ=ਪਤੀ ਪ੍ਰਮਾਤਮਾ ਦੇ ਨਾਮ ਨੂੰ ਰਾਵੇ=ਜਪਦੀ ਹੈ, ਉਹ ਇਸ ਤਰ੍ਹਾਂ ਨਿਸਚੇ ਕਰਦੀ ਹੈ ਕਿ ਉਹ ਪ੍ਰਭੁ=ਪ੍ਰਮੇਸ਼ਰ ਸਾਰਿਆਂ ਵਿੱਚ ਰਵਿ=ਪਰੀ-ਪੂਰਨ ਹੋ ਰਿਹਾ ਹੈ। ਜਿਸ ਵੇਲੇ ਕੋਈ ਜਗਿਆਸੂ ਨਾਮ ਅਭਿਆਸ ਕਰਦਾ ਹੈ, ਤਾਂ ਜਿਵੇਂ-ਜਿਵੇਂ ਨਾਮ ਦੀ ਕਮਾਈ ਕਰਦਾ ਹੈ, ਤਿਵੇਂ-ਤਿਵੇਂ ਅੰਤਸ਼ਕਰਨ ਵਿੱਚੋਂ ਜਨਮਾਂ-ਜਨਮਾਤਰਾਂ ਦੀ ਮੈਲ ਨਾਸ ਹੋ ਕੇ ਮਨ ਸੁੱਧ ਹੁੰਦਾ ਹੈ। ਸੁੱਧ ਮਨ ਵਿੱਚ ਪ੍ਰਮਾਤਮਾ ਦਾ ਨਿਰਮਲ ਗਿਆਨ ਪੈਦਾ ਹੁੰਦਾ ਹੈ, ਜਿਸ ਨਿਰਮਲ ਗਿਆਨ ਦੁਆਰਾ ਪ੍ਰਮਾਤਮਾ ਨੂੰ ਕਣ-ਕਣ ਵਿੱਚ ਵਿਆਪਕ ਨਿਸਚੇ ਕਰਦਾ ਹੈ॥੨॥

## ਗੁਰ ਕੀ ਕਾਰ ਕਰੇ ਧਨ ਬਾਲੜੀਏ; ਹਰਿ ਵਰੁ ਦੇਇ ਮਿਲਾਏ ਰਾਮ ॥

ਜੋ ਬਾਲੜੀਏ=ਅਗਿਆਤ, ਬੇਸਮਝ ਜਗਿਆਸੂ ਰੂਪ ਧਨ=ਇਸਤਰੀ ਸਤਿਗੁਰਾਂ ਦੀ ਦੱਸੀ ਕਾਰ ਨੂੰ ਕਰਦੀ ਹੈ, ਉਸਨੂੰ ਰਾਮ ਰੂਪ ਗੁਰੂ ਸਾਹਿਬ ਜੀ ਹਰਿ=ਵਾਹਿਗੁਰੂ ਵਰੁ=ਪਤੀ ਨਾਲ ਮਿਲਾ ਦਿੰਦੇ ਹਨ। ਜੈਸਾ ਕਿ :

੧. **ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ ॥**
**ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ ॥**
[ਸੋਰਠਿ ਮਹਲਾ ੩, ਅੰਗ ੬੩੯]

੨. **ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥**
**ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥** [ਆਸਾ ਮਹਲਾ ੧, ਅੰਗ ੪੨੦]

੩. **ਗੁਰ ਕੀ ਕਾਰ ਕਮਾਏ ਲਾਹਾ ਘਰਿ ਆਣਿਆ ॥**
**ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥** [ਸੂਹੀ ਮਹਲਾ ੧, ਅੰਗ ੭੫੨]

## ਹਰਿ ਕੈ ਰੰਗਿ ਰਤੀ ਹੈ ਕਾਮਣਿ; ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥

ਜੋ ਜਗਿਆਸੂ ਰੂਪ ਇਸਤਰੀ ਹਰਿ=ਪ੍ਰਮੇਸ਼ਰ ਦੇ ਰੰਗਿ=ਪ੍ਰੇਮ, **ਵਾ:** ਅਨੰਦ ਵਿੱਚ ਰਤੀ=ਮਿਲੀ ਰਹਿੰਦੀ ਹੈ, ਉਹ ਪ੍ਰੀਤਮ=ਪਿਆਰੇ ਰਾਮ=ਵਾਹਿਗੁਰੂ ਨਾਲ ਮਿਲ ਕੇ ਸੁਖ ਨੂੰ ਪਾਏ=ਪਾਉਂਦੀ ਹੈ। ਜੈਸਾ ਕਿ :

੧. **ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ॥**
[ਵਡਹੰਸ ਮਹਲਾ ੪, ਅੰਗ ੫੭੬]

੨. **ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ॥** [ਰਾਮਕਲੀ ਮਹਲਾ ੫, ਅੰਗ ੯੨੯]

੩. **ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥**
[ਤਿਲੰਗ ਮਹਲਾ ੧, ਅੰਗ ੭੨੨]

## *ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ; ਸਚੁ ਵਰਤੈ ਸਭ ਥਾਈ॥*

ਪ੍ਰੀਤਮ ਨਾਲ ਮਿਲ ਕੇ ਜਗਿਆਸੂ ਰੂਪ ਇਸਤਰੀ ਆਤਮਿਕ ਸੁਖ ਨੂੰ ਪਾਉਂਦੀ ਹੈ ਅਤੇ ਉਸ ਸੱਚ ਸਰੂਪ ਪ੍ਰਮੇਸ਼ਰ ਵਿੱਚ ਸਮਾ ਜਾਂਦੀ ਹੈ, ਜੋ ਸੱਚ ਸਰੂਪ ਸਭ=ਸਾਰੇ ਥਾਈ=ਥਾਂਵਾਂ ਵਿੱਚ ਵਰਤ ਰਿਹਾ ਹੈ।

## *ਸਚਾ ਸੀਗਾਰੁ ਕਰੇ ਦਿਨੁ ਰਾਤੀ; ਕਾਮਣਿ ਸਚਿ ਸਮਾਈ॥*

ਜੋ ਜਗਿਆਸੂ ਰੂਪ ਇਸਤਰੀ ਦਿਨ ਰਾਤ ਅੰਤਰੀਵ ਗੁਣਾਂ ਦਾ ਸੱਚਾ ਸ਼ਿੰਗਾਰ ਕਰਦੀ ਹੈ, ਉਸਦੀ ਸੱਚ ਸਰੂਪ ਪ੍ਰਮੇਸ਼ਰ ਵਿੱਚ ਸਮਾਈ=ਅਭੇਦਤਾ ਹੁੰਦੀ ਹੈ। ਕਿਉਂਕਿ ਗੁਣਾਂ ਦੇ ਆਧਾਰ 'ਤੇ ਹੀ ਮਿਲਾਪ ਹੁੰਦਾ ਹੈ ਅਤੇ ਅਉਗੁਣਾਂ ਦੇ ਕਾਰਨ ਵਿਛੜਨਾ ਹੁੰਦਾ ਹੈ। ਇਸ ਲਈ ਜਗਿਆਸੂ ਰੂਪ ਇਸਤਰੀ ਨੂੰ ਐਸਾ ਫ਼ੁਰਮਾਨ ਹੈ। ਜੈਸਾ ਕਿ :

੧. **ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥**
**ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥** [ਬਿਲਾਵਲ ਮਹਲਾ ੫, ਅੰਗ ੮੧੨]

੨. **ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥** [ਤਿਲੰਗ ਮਹਲਾ ੧, ਅੰਗ ੭੨੨]

੩. **ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥** [ਆਸਾ ਮਹਲਾ ੧, ਅੰਗ ੩੫੯]

੪. **ਸਤੁ ਸੀਗਾਰ ਭਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥**
**ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥੨॥**
**ਗੁਣ ਕਾਮਣ ਕਰਿ ਕੰਤੁ ਰੀਝਾਇਆ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥**
[ਸੂਹੀ ਮਃ ੫, ਅੰਗ ੭੩੭]

## *ਹਰਿ ਸੁਖਦਾਤਾ ਸਬਦਿ ਪਛਾਤਾ; ਕਾਮਣਿ ਲਇਆ ਕੰਠਿ ਲਾਏ॥*

ਸੁਖਾਂ ਦੇ ਦਾਤੇ ਹਰਿ=ਪ੍ਰਮੇਸ਼ਰ ਨੂੰ ਜਿਸ ਜਗਿਆਸੂ ਰੂਪ ਇਸਤਰੀ ਨੇ ਗੁਰੂ ਦੇ ਸਬਦਿ=ਉਪਦੇਸ਼ ਦੁਆਰਾ ਆਪਣਾ ਰੂਪ ਕਰਕੇ ਪਛਾਤਾ=ਪਛਾਣਿਆ ਹੈ, ਉਸ ਨੂੰ ਪਤੀ ਪ੍ਰਮਾਤਮਾ ਨੇ ਸਰੂਪ ਰੂਪੀ ਗਲ ਦੇ ਨਾਲ ਲਾ ਲਿਆ ਹੈ, ਭਾਵ ਅਭੇਦ ਕਰ ਲਿਆ ਹੈ। ਜੈਸਾ ਕਿ :

**ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰ ਧਾਰੇ॥** [ਵਾਰ ਸਾਰੰਗ ਮਃ ੩, ਅੰਗ ੧੨੪੯]

## *ਨਾਨਕ ਮਹਲੀ ਮਹਲੁ ਪਛਾਣੈ; ਗੁਰਮਤੀ ਹਰਿ ਪਾਏ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਜਗਿਆਸੂ ਰੂਪ ਮਹਲੀ=ਇਸਤਰੀ ਨੇ ਗੁਰਮਤੀ=ਗੁਰੂ ਦੀ ਮਤੀ=ਸਿਖਿਆ ਦੁਆਰਾ ਆਪਣੇ ਸਰੂਪ ਨੂੰ ਪਛਾਣਿਆ ਹੈ, ਉਸਨੇ ਹਰਿ=ਪ੍ਰਮੇਸ਼ਰ ਨੂੰ ਪਾਏ=ਪ੍ਰਾਪਤ ਕਰ ਲਿਆ ਹੈ॥੩॥ ਜੈਸਾ ਕਿ :

੧. **ਨਾਨਕ ਮਹਲੁ ਸਬਦਿ ਘਰੁ ਪਾਏ ॥**
**ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥** [ਆਸਾ ਮਹਲਾ ੩, ਅੰਗ ੩੬੨]

੨. **ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥** [ਮਾਝ ਮਹਲਾ ੩, ਅੰਗ ੧੧੭]

## *ਸਾ ਧਨ ਬਾਲੀ ਧੁਰਿ ਮੇਲੀ; ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥*

ਮੇਰੇ ਪ੍ਰਭਿ=ਮਾਲਕ ਪ੍ਰਮੇਸ਼ਰ ਨੇ ਜੋ ਜਗਿਆਸੂ ਰੂਪ ਇਸਤਰੀ ਆਪਣੇ ਨਾਲ ਮਿਲਾਈ=ਮੇਲੀ ਹੈ, ਉਹ ਬਾਲੀ=ਅਗਿਆਤ ਧਨ=ਇਸਤਰੀ ਧੁਰਿ=ਮੁਢ ਤੋਂ ਹੀ ਭਜਨ ਸਿਮਰਨ ਵਿੱਚ ਮੇਲੀ ਹੋਈ ਸੀ, ਭਾਵ ਉਹ ਪਹਿਲਾਂ ਹੀ ਭਗਤੀ ਰੂਪ ਸਾਧਨ ਕਰਦੀ ਆਈ ਸੀ।

## *ਗੁਰਮਤੀ ਘਟਿ ਚਾਨਣੁ ਹੋਆ;*
## *ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥*

ਗੁਰੂ ਦੀ ਮਤੀ=ਸਿਖਿਆ ਕਰਕੇ ਹੀ ਘਟਿ=ਹਿਰਦੇ ਵਿੱਚ ਚਾਨਣੁ=ਗਿਆਨ ਹੋਇਆ ਹੈ ਪ੍ਰਭੁ=ਮਾਲਕ ਰਾਮ=ਪ੍ਰਮੇਸ਼ਰ ਸਾਰੀਆਂ ਥਾਵਾਂ ਵਿੱਚ ਰਵਿ=ਮਿਲ ਰਿਹਾ ਹੈ। ਜੈਸਾ ਕਿ :

੧. **ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥** [ਗੂਜਰੀ ਮਹਲਾ ੩, ਅੰਗ ੪੯੨]

੨. **ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥** [ਵਾਰ ਰਾਮਕਲੀ ਮਃ ੩, ਅੰਗ ੯੪੯]

੩. **ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥** [ਸਿਰੀਰਾਗ ਮਹਲਾ ੩, ਅੰਗ ੩੦]

## *ਪ੍ਰਭੁ ਰਵਿ ਰਹਿਆ ਸਭੁ ਥਾਈ, ਮੰਨਿ ਵਸਾਈ; ਪੂਰਬਿ ਲਿਖਿਆ ਪਾਇਆ ॥*

ਪ੍ਰਭੁ=ਮਾਲਕ ਪ੍ਰਮੇਸ਼ਰ ਸਭੁ=ਸਾਰੀਆਂ ਥਾਈ=ਥਾਵਾਂ ਤੇ ਰਵਿ=ਮਿਲ ਰਿਹਾ ਹੈ। ਪੂਰਬਲੇ ਸ਼ੁਭ ਕਰਮਾ ਦੀ ਲਿਖਤ ਅਨੁਸਾਰ ਜਿਸ ਨੇ ਗੁਰੂ ਨੂੰ ਪਾਇਆ=ਪ੍ਰਾਪਤ ਕੀਤਾ ਹੈ, ਉਸਨੇ ਮਨ ਵਿੱਚ ਗੁਰੂ ਦੀ ਸਿਖਿਆ ਨੂੰ ਵਸਾਈ= ਵਸਾਇਆ ਹੈ। ਜੈਸਾ ਕਿ :

੧. **ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣ ਹਾਰੁ ਜੀਉ ॥** [ਆਸਾ ਮਹਲਾ ੧, ਅੰਗ ੪੩੮]

੨. **ਪ੍ਰਭੁ ਰਵਿ ਰਹਿਆ ਭਰਪੂਰੀ ॥** [ਸੋਰਠਿ ਮਹਲਾ ੫, ਅੰਗ ੬੨੪]

## *ਸੇਜ ਸੁਖਾਲੀ ਮੇਰੇ ਪ੍ਰਭ ਭਾਣੀ; ਸਚੁ ਸੀਗਾਰੁ ਬਣਾਇਆ ॥*

ਜਿਸ ਜਗਿਆਸੂ ਰੂਪ ਇਸਤਰੀ ਨੇ ਸਤ ਸੰਤੋਖ ਆਦਿ ਸ਼ੁਭ ਗੁਣਾਂ ਦਾ ਸ਼ਿੰਗਾਰ ਬਣਾਇਆ ਹੈ, ਉਹ ਮੇਰੇ ਪ੍ਰਭੂ ਨੂੰ ਭਾਣੀ=ਚੰਗੀ ਲੱਗੀ ਹੈ। ਉਸਦੀ ਅੰਤਸ਼ਕਰਨ ਰੂਪ ਸੇਜਾ ਸੁਖਾਲੀ=ਸੁਖਦਾਇਕ ਹੋਈ ਹੈ। ਜੈਸਾ ਕਿ :

**ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥** [ਸੂਹੀ ਮਹਲਾ ੩, ਅੰਗ ੭੭੨]

ਜਿਸ ਜਗਿਆਸੂ ਰੂਪ ਇਸਤਰੀ ਨੇ ਹਉਮੈ ਅਤੇ ਤ੍ਰਿਸ਼ਨਾ ਨੂੰ ਮਾਰ ਕੇ ਅੰਤਸ਼ਕਰਨ ਨੂੰ ਸਵਾਰਨਾ ਕੀਤਾ ਹੈ, ਉਸੇ ਦੀ ਅੰਤਸ਼ਕਰਨ ਰੂਪ ਸੇਜਾ ਸੁਖ ਦੇਣ ਵਾਲੀ ਬਣੀ ਹੈ। ਜੈਸਾ ਕਿ :

**ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥** [ਆਸਾ ਮਹਲਾ ੩, ਅੰਗ ੪੨੮]

## ਕਾਮਣਿ ਨਿਰਮਲ ਹਉਮੈ ਮਲੁ ਖੋਈ; ਗੁਰਮਤਿ ਸਚਿ ਸਮਾਈ ॥

ਉਹ ਜੀਵ ਰੂਪ ਕਾਮਣਿ=ਇਸਤਰੀ ਨਿਰਮਲ=ਮੈਲ ਰਹਿਤ ਸੁਧ ਸਰੂਪ ਹੋਈ ਹੈ, ਜਿਸਨੇ ਗੁਰੂ ਦੀ ਸਿਖਿਆ ਦੁਆਰਾ ਹਉਮੈ=ਹੰਗਤਾ ਮਮਤਾ ਰੂਪ ਮੈਲ ਨੂੰ ਖੋ ਕੇ ਸੱਚ ਸਰੂਪ ਵਿੱਚ ਸਮਾਉਣਾ ਕੀਤਾ ਹੈ।

## ਨਾਨਕ ਆਪਿ ਮਿਲਾਈ ਕਰਤੈ; ਨਾਮੁ ਨਵੈ ਨਿਧਿ ਪਾਈ ॥੪॥੩॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਜਗਿਆਸੂ ਰੂਪ ਇਸਤਰੀ ਨੇ ਨੌਂ ਨਿਧੀਆਂ ਦੇ ਮਾਲਕ ਨਾਮ ਨੂੰ ਪਾਈ=ਪ੍ਰਾਪਤ ਕੀਤਾ ਹੈ, ਉਹ ਪਤੀ ਪ੍ਰਮੇਸ਼ਰ ਕਰਤੇ ਪੁਰਖ ਨੇ ਆਪਣੇ ਸਰੂਪ ਨਾਲ ਮਿਲਾਈ=ਮੇਲ ਲਈ ਹੈ, ਭਾਵ ਅਭੇਦ ਕਰ ਲਈ ਹੈ॥੪॥੩॥੪॥

ਪ੍ਰਮੇਸ਼ਰ ਦਾ ਨਾਮ ਨੌਂ ਨਿਧਾਂ ਤੇ ਅਠਾਰਾਂ ਸਿੱਧਾਂ ਨੂੰ ਦੇਣ ਵਾਲਾ ਹੈ। ਜੈਸਾ ਕਿ :

**ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ ॥** [ਬਿਹਾਗੜਾ ਮਹਲਾ ੫, ਅੰਗ ੫੪੩]

ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਉਸਦੇ ਪਿੱਛੇ ਲਗੀਆਂ ਫਿਰਦੀਆਂ ਹਨ, ਜਿਸ ਨੇ ਹਿਰਦੇ ਵਿੱਚ ਪ੍ਰਮੇਸ਼ਰ ਦੇ ਨਾਮ ਨੂੰ ਵਸਾਉਣਾ ਕੀਤਾ ਹੈ। ਜੈਸਾ ਕਿ :

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥**
[ਵਾਰ ਸੋਰਠਿ ਮਃ ੩, ਅੰਗ ੬੪੯]

ਇਸੇ ਲਈ ਗੁਰਬਾਣੀ ਵਿੱਚ ਹੋਰ ਥਾਂ 'ਤੇ ਵੀ ਇਹ ਸਿਧਾਂਤ ਆਇਆ ਹੈ ਕਿ ਹੇ ਪ੍ਰਮੇਸ਼ਰ! ਤੇਰੇ ਘਰ ਵਿੱਚ ਨੌਂ ਨਿਧੀਆਂ, ਅਠਾਰਾਂ ਸਿੱਧੀਆਂ ਹਾਜ਼ਿਰ ਰਹਿੰਦੀਆਂ ਹਨ, ਜੋ ਤੇਰੇ ਨਾਮ ਨੂੰ ਅਰਾਧਦਾ ਹੈ, ਉਸਨੂੰ ਰਿਧੀ ਸਿਧੀ ਦੀਆਂ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜੈਸਾ ਕਿ :

੧. **ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥** [ਮਲਾਰ ਮਹਲਾ ੫, ਅੰਗ ੧੨੬੬]

੨. **ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥** [ਧਨਾਸਰੀ ਮਹਲਾ ੩, ਅੰਗ ੬੭੯]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੭ [ਆਦਿ ਅੰਗ ੭੭੧]

*ਸੂਹੀ ਮਹਲਾ ੩ ॥ ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥ ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥ ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥ ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥ ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥ ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥੨॥ ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ੍ ਪਾਇਆ ਰਾਮ ॥ ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥ ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥ ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥ ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥ ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥ ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥੪॥੫॥੬॥*

## ਸੂਹੀ ਮਹਲਾ ੩ ॥

ਇਹ ਮੁਖਵਾਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਹੈ। ਇਸ ਦੀ ਪਹਿਲੀ ਹੀ ਪੰਗਤੀ ਵਿੱਚ ਜਗਿਆਸੂ ਰੂਪ ਇਸਤਰੀ ਨੂੰ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਦੀ ਜੁਗਤ (ਗੁਰ ਚਰਨੀ ਲਗਣ ਦੀ) ਦਸਦੇ ਹਨ ਤੇ ਫ਼ੁਰਮਾਨ ਕੀਤਾ ਹੈ।

## ਜੇ ਲੋੜਹਿ ਵਰੁ ਬਾਲੜੀਏ; ਤਾ ਗੁਰ ਚਰਣੀ ਚਿਤੁ ਲਾਏ ਰਾਮ ॥

ਹੇ ਜਗਿਆਸੂ ਰੂਪ ਇਸਤਰੀਏ ! ਜੇ ਤੂੰ ਪ੍ਰਮੇਸ਼ਰ ਰੂਪ ਵਰੁ=ਪਤੀ ਨੂੰ ਲੋੜਹਿ=ਚਾਹੁੰਦੀ ਹੈ ਤਾਂ ਰਾਮ ਰੂਪ ਗੁਰ=ਸਤਿਗੁਰਾਂ ਦੇ ਚਰਨਾਂ ਨਾਲ ਚਿਤ ਨੂੰ ਲਾਏ=ਲਾਉਣਾ ਕਰ। ਕਿਉਂਕਿ ਜਿੰਨੀ ਦੇਰ ਤੱਕ ਸਤਿਗੁਰਾਂ ਦੇ ਚਰਨਾਂ ਨਾਲ ਚਿਤ ਬਿਰਤੀ ਨਹੀਂ ਜੁੜਦੀ, ਉਨ੍ਹੀ ਦੇਰ ਤਕ ਪ੍ਰਮੇਸ਼ਰ ਦੀ ਪ੍ਰਾਪਤੀ ਹੋਣੀ ਕਠਿਨ ਹੈ। **ਪ੍ਰਸ਼ਨ**—ਸਤਿਗੁਰਾਂ ਦੇ ਚਰਨ ਕਿਹੜੇ ਹਨ ? **ਉੱਤਰ**—ਨਿਰਗੁਨ ਸਰੂਪ ਵਿੱਚ ਅਧਿਸ਼ਠਾਨ ਰੂਪ ਚਰਨ ਹਨ ਤੇ ਸਰਗੁਣ ਸਰੂਪ ਵਿੱਚ ਪ੍ਰਤੱਖ ਚਰਨ ਹਨ। ਜੈਸਾ ਕਿ :

**ਜਿਥੇ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ।** [ਭਾ: ਗੁਰਦਾਸ ਜੀ, ਵਾਰ ੧, ਪਉੜੀ ੨੭]

ਸਤਿਗੁਰਾਂ ਨੇ ਸਰਗੁਨ ਸਰੂਪ ਵਿੱਚ ਜਿਥੇ-ਜਿਥੇ ਵੀ ਆਪਣੇ ਪਵਿੱਤਰ ਚਰਨ ਕਵਲ ਪਾਏ ਹਨ, ਉਥੇ-ਉਥੇ

ਇਤਿਹਾਸਕ ਗੁਰਦੁਆਰੇ ਸਾਹਿਬ ਬਣ ਗਏ ਹਨ, ਜਿਥੋਂ ਭੁਖਿਆਂ ਨੂੰ ਅੰਨ, ਨੰਗਿਆਂ ਨੂੰ ਬਸਤਰ ਪ੍ਰਾਪਤ ਹੁੰਦੇ ਹਨ ਅਤੇ ਜਗਿਆਸੂਆਂ ਨੂੰ ਆਤਮਿਕ ਤ੍ਰਿਪਤੀ ਵਾਸਤੇ ਗੁਰਬਾਣੀ ਦਾ ਪਾਠ, ਕਥਾ, ਕੀਰਤਨ ਦੀ ਦਾਤ ਪ੍ਰਾਪਤ ਹੁੰਦੀ ਹੈ। ਬਾਣੀ ਰੂਪ ਅਤੇ ਨਾਮ ਰੂਪ ਚਰਨ ਹਨ। ਜੈਸਾ ਕਿ :

੧. **ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥** [ਧਨਾਸਰੀ ਮਹਲਾ ੪, ਅੰਗ ੬੮੦]

੨. **ਚਿਤ ਚਰਨ ਨਾਮ॥** [ਦਸਮ ਗ੍ਰੰਥ, ਅੰਗ ੬]

੩. **ਮਾਈ ਚਰਨ ਗੁਰ ਮੀਠੇ॥**
**ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ॥** [ਟੋਡੀ ਮਹਲਾ ੫, ਅੰਗ ੭੧੭]

ਚਰਨਾਂ ਦਾ ਅਨੰਦ ਜਿਸ-ਜਿਸ ਨੂੰ ਪ੍ਰਾਪਤ ਹੋਇਆ ਹੈ, ਉਸ ਅਨੰਦ ਨੂੰ ਉਹ ਹੀ ਅਨੁਭਵ ਕਰ ਸਕਦਾ ਹੈ। ਜੈਸਾ ਕਿ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥** [ਸਲੋਕ ਕਬੀਰ ਜੀ, ਅੰਗ ੧੩੭੦]

ਜੋ ਗੁਰਮੁਖ ਜਨ ਸਤਿਗੁਰਾਂ ਦੇ ਸ਼ਬਦ ਰੂਪ, ਵਾ—ਨਾਮ ਰੂਪ ਚਰਨਾਂ ਕਮਲਾਂ ਨੂੰ ਹਿਰਦੇ ਵਿੱਚ ਧਿਆਉਂਦੇ ਹਨ, ਉਹਨਾਂ ਦੇ ਸਰੀਰਕ ਤੇ ਮਾਨਸਿਕ ਸਾਰੇ ਹੀ ਰੋਗ ਦੂਰ ਹੋ ਜਾਂਦੇ ਹਨ। ਜੈਸਾ ਕਿ :

**ਗੁਰ ਕੇ ਚਰਣ ਕਮਲ ਮਨ ਧਿਆਇ॥ ਦੂਖੁ ਦਰਦੁ ਇਸੁ ਤਨ ਤੇ ਜਾਇ॥**
[ਸੂਹੀ ਮਹਲਾ ੫, ਅੰਗ ੭੪੧]

ਜਿਸ ਸਮੇਂ ਵਿੱਚ ਗੁਰੂ ਦੇ ਚਰਨਾਂ ਨਾਲ ਚਿਤ ਲਗ ਜਾਵੇ, ਉਹ ਸਮਾਂ ਹੀ ਸੋਭਨੀਕ ਹੈ। ਜੈਸਾ ਕਿ :

੧. **ਗੁਰ ਕੈ ਚਰਣਿ ਚਿਤੁ ਲਾਗਾ॥ ਧੰਨਿ ਧੰਨਿ ਸੰਜੋਗੁ ਸਭਾਗਾ॥**
[ਰਾਮਕਲੀ ਮਃ ੫, ਅੰਗ ੮੯੮]

੨. **ਗੁਰ ਕੇ ਚਰਣ ਮਨ ਮਾਹਿ ਵਸਾਇ॥ ਦੂਖੁ ਅਨੇ੍ਰਾ ਅੰਦਰਹੁ ਜਾਇ॥**
[ਪ੍ਰਭਾਤੀ ਮਹਲਾ ੩, ਅੰਗ ੧੩੩੫]

੩. **ਕੀਨੀ ਦਇਆ ਗੋਪਾਲ ਗੁਸਾਈ॥ ਗੁਰ ਕੇ ਚਰਣ ਵਸੇ ਮਨ ਮਾਹੀ॥**
[ਮਾਝ ਮਹਲਾ ੫, ਅੰਗ ੧੦੭]

ਜਦੋਂ ਉਹ ਗੋਪਾਲ ਪ੍ਰਮੇਸ਼ਰ ਦਇਆ ਦ੍ਰਿਸ਼ਟੀ ਕਰੇ, ਉਦੋਂ ਹੀ ਗੁਰੂ ਦੇ ਚਰਨ ਮਨ ਵਿੱਚ ਆ ਕੇ ਵਸਦੇ ਹਨ। ਗੁਰੂ ਦੇ ਚਰਨ ਮਨ ਵਿੱਚ ਵਸਣ ਨਾਲ ਜੰਮਣ ਮਰਨ ਦਾ ਦੁਖ ਅਤੇ ਅਗਿਆਨਤਾ ਦਾ ਹਨੇਰਾ ਅੰਤਹਕਰਨ ਤੋਂ ਦੂਰ ਹੋ ਕੇ ਸਰੂਪ ਦੀ ਲਖਤਾ ਤੇ ਤਿੰਨੇ ਲੋਕਾਂ ਦੀ ਸੋਝੀ ਹੋ ਜਾਂਦੀ ਹੈ।

**ਸਾਖੀ ਭਾਈ ਸਾਂਈ ਦਾਸ ਤੇ ਬੀਬੀ ਰਾਮੋ ਜੀ ਦੀ—**ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭਾਈ ਕੀ ਡਰੌਲੀ ਭਾਈ ਸਾਂਈ ਦਾਸ ਜੀ ਦੇ ਘਰ ਬਿਰਾਜੇ ਹੋਏ ਸਨ। ਗਰਮੀਆਂ ਦੇ ਦਿਨ ਸਨ। ਭਾਈ ਸਾਈਂ ਦਾਸ ਜੀ ਸਤਿਗੁਰਾਂ ਦੇ ਚਰਨਾਂ ਦੀ ਸੇਵਾ ਕਰ ਰਹੇ ਹਨ ਅਤੇ ਬੀਬੀ ਰਾਮੋ ਜੀ (ਜੋ ਸੰਸਾਰਕ ਰਿਸ਼ਤੇ ਵਲੋਂ ਸਤਿਗੁਰਾਂ ਦੇ ਮਹਿਲ ਮਾਤਾ ਦਮੋਦਰੀ ਜੀ ਦੇ ਭੈਣ ਜੀ ਸਨ) ਹਜ਼ੂਰ ਨੂੰ ਪੱਖਾ ਝਲ ਰਹੇ ਹਨ। ਕੀ ਦੇਖਿਆ ਕਿ ਸਤਿਗੁਰਾਂ ਦੇ ਕੇਸਾਂ ਵਿੱਚੋਂ ਪਾਣੀ ਨਿਕਲਿਆ। ਬੀਬੀ ਰਾਮੋ ਜੀ ਨੇ ਸਾਂਈ ਦਾਸ ਜੀ ਨੂੰ ਕਿਹਾ ਕਿ ਮੈਂ ਬੜੇ ਜ਼ੋਰ ਨਾਲ ਪੱਖਾ ਝੱਲ ਰਹੀ ਹਾਂ, ਇਹ ਪਸੀਨਾ ਤਾਂ ਨਹੀਂ ਹੋ ਸਕਦਾ। ਭਾਈ ਸਾਂਈ ਦਾਸ ਜੀ ਨੇ ਉਦੋਂ ਹੀ ਬੀਬੀ ਰਾਮੋ ਜੀ ਨੂੰ ਕਿਹਾ ਕਿ ਤੂੰ ਚੁੱਪ ਕਰਕੇ ਪੱਖਾ ਕਰੀ ਚੱਲ। ਸਤਿਗੁਰੂ ਜੀ ਤਾਂ ਸਿੱਖ ਦਾ ਡੁੱਬਦਾ ਹੋਇਆ ਜਹਾਜ਼ ਬੰਨੇ ਲਾ ਰਹੇ ਹਨ। ਭਾਈ ਸਾਹਿਬ ਦਾ ਇਹ ਬਚਨ ਸੁਣਦੇ ਸਾਰ ਸਤਿਗੁਰੂ ਜੀ ਉਠ ਬੈਠੇ ਤੇ ਕਿਹਾ ਕਿ

ਤੁਸੀਂ ਸਾਡੀਆਂ ਗੁਪਤ ਗੱਲਾਂ ਨੂੰ ਸਮਝਣ ਲੱਗ ਪਏ ਹੋ। ਹੁਣ ਅਸੀਂ ਇਥੇ ਤੁਹਾਡੇ ਪਾਸ ਨਹੀਂ ਰਹਿਣਾ, ਗੁਰੂ ਕੀ ਨਗਰੀ ਅੰਮ੍ਰਿਤਸਰ ਜਾਂਦੇ ਹਾ। ਸੋ ਜਿਸ ਨੂੰ ਹਜ਼ੂਰ ਆਪਣੇ ਚਰਨਾਂ ਕਮਲਾਂ ਨਾਲ ਲਾ ਲੈਂਦੇ ਹਨ ਅਤੇ ਜੋ ਗੁਰੂ ਦੇ ਚਰਨਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਂਦੇ ਹਨ, ਸਤਿਗੁਰੂ ਜੀ ਉਹਨਾਂ ਦੀ ਅੰਗ-ਸੰਗ ਹੋ ਕੇ ਸਹਾਇਤਾ, ਤਿੰਨੇ ਲੋਕਾਂ ਦੀ ਸੋਝੀ ਅਤੇ ਮਨ ਦੀ ਇੱਛਾ ਅਨੁਸਾਰ ਸਾਰੇ ਹੀ ਫਲਾਂ ਦੀ ਦਾਤਿ ਬਖ਼ਸ਼ ਦਿੰਦੇ ਹਨ। ਜੈਸਾ ਕਿ :

**ਗੁਰ ਕੇ ਚਰਨ ਹਿਰਦੈ ਵਸਾਏ ॥ ਮਨ ਚਿੰਤਤ ਸਗਲੇ ਫਲ ਪਾਏ ॥** [ਆਸਾ ਮਹਲਾ ੫, ਅੰਗ ੩੯੫]

ਇਸੇ ਤਰ੍ਹਾਂ ਜੇ ਦੇਵੀ ਦਾਸ ਨੇ ਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਿਆ। ਸਤਿਗੁਰਾਂ ਦੇ ਚਰਨਾਂ ਵਿੱਚ ਆ ਕੇ ਦੇਵੀ ਦਾਸ ਨੇ ਸਤਿਗੁਰਾਂ ਤੋਂ ਚਰਨਾਂ 'ਤੇ ਪੱਟੀਆਂ ਬੰਨ੍ਹੀਆਂ ਪੁੱਛਣ ਤੋਂ ਸਤਿਗੁਰਾਂ ਆਖਿਆ ਕਿ ਤੂੰ ਆਪਣੀਆਂ ਅੱਖਾਂ ਵਿੱਚ ਸਾਡੇ ਚਰਨ ਵਸਾਏ ਹੋਏ ਸਨ, ਇਸ ਲਈ ਅਸੀਂ ਇਹ ਦੁਖ ਆਪਣੇ ਚਰਨਾਂ ਉਪਰ ਸਹਾਰਿਆ ਹੈ, ਤੈਨੂੰ ਕੁਝ ਨਹੀਂ ਹੋਣ ਦਿੱਤਾ, ਤੇਰੀਆਂ ਅੱਖੀਆਂ 'ਤੇ ਤੇਰਾ ਸਰੀਰ ਸਾਬਤ ਰੱਖਿਆ ਹੈ। ਭਾਵੇਂ ਦਇਆ ਹੀਨ ਭੀਮ ਚੰਦ ਨੇ ਜਲਾਦਾਂ ਪਾਸੋਂ ਤੇਰੀਆਂ ਅੱਖਾਂ ਵਿੱਚ ਗਰਮ ਸਲਾਈਆਂ ਫਿਰਵਾ ਕੇ ਪਹਾੜ ਤੋਂ ਰੋੜ੍ਹ ਦਿੱਤਾ ਸੀ। ਸੋ, ਸਤਿਗੁਰੂ ਜੀ ਸਤਿਗੁਰਾਂ ਦੇ ਚਰਨਾਂ ਦੀ ਗੱਲ ਕਰਦੇ ਹੋਏ ਜਗਿਆਸੂ ਰੂਪ ਇਸਤਰੀ ਨੂੰ ਆਖਦੇ ਹਨ ਕਿ ਜੇ ਤੂੰ ਪਤੀ ਰੂਪ ਪ੍ਰਮੇਸ਼ਰ ਨੂੰ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਗੁਰੂ ਦੇ ਨਿਰਗੁਨ ਸਰੂਪ ਵਿੱਚ ਅਧਿਸ਼ਠਾਨ ਰੂਪ ਚਰਨ, ਵਾ—ਨਾਮ ਰੂਪ ਚਰਨ ਹਿਰਦੇ ਵਿੱਚ ਵਸਾਉਣਾ ਕਰ।

## *ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥*

ਫਿਰ ਤੂੰ ਸਦਾ ਹੀ ਸੋਹਾਗਣੀ=ਸੋਹਾਗਵੰਤੀ, ਭਾਵ ਸੁਹਾਗ ਵਾਲੀ ਹੋਵਹਿ=ਹੋਵੇਂਗੀ, ਉਹ ਹਰਿ=ਹਰ ਇੱਕ ਦੇ ਹਿਰਦੇ ਵਿੱਚ ਰਹਿਣ ਵਾਲਾ ਤੇ ਪਾਪਾਂ ਨੂੰ ਹਰਣ ਵਾਲਾ ਰਾਮ=ਰਮਿਆ ਹੋਇਆ ਪ੍ਰਮੇਸ਼ਰ ਜੀਉ=ਜੀ ਕਦੇ ਮਰੈ ਨ=ਮਰਦਾ ਨਹੀਂ ਤੇ ਨਾ ਹੀ ਜਾਇ=ਜਨਮਦਾ ਹੈ। ਜੈਸਾ ਕਿ :

**ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥**
**ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥** [ਸਿਰੀਰਾਗ ਮਹਲਾ ੩, ਅੰਗ ੬੬]

ਜੋ ਜਗਿਆਸੂ ਰੂਪ ਇਸਤਰੀ ਸਤਿਗੁਰਾਂ ਦੇ ਉਪਦੇਸ਼ ਦੁਆਰਾ ਸ਼ੁਭ ਗੁਣਾਂ ਰੂਪ ਸੀਗਾਰ ਨੂੰ ਬਣਾਉਂਦੀ ਹੈ, ਉਹ ਪਤੀ ਰੂਪ ਪ੍ਰਮੇਸ਼ਰ ਨੂੰ ਭਾਉਂਦੀ ਹੈ ਤੇ ਉਹ ਹੀ ਸੋਹਾਗ ਵਾਲੀ ਹੈ। ਜੈਸਾ ਕਿ :

੧. **ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥**
[ਆਸਾ ਮਹਲਾ ੩, ਅੰਗ ੩੬੩]

੨. **ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥**
[ਗਉੜੀ ਮਃ ੩, ਅੰਗ ੨੪੪]

੩. **ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥** [ਆਸਾ ਮਃ ੩, ਅੰਗ ੪੨੬]

ਜਗਿਆਸੂ ਰੂਪ ਸੋਹਾਗਣ ਨੇ ਪਤੀ ਰੂਪ ਪ੍ਰਮੇਸ਼ਰ ਨਾਲ ਮਨ ਬਾਣੀ ਦੁਆਰਾ ਪ੍ਰੇਮ ਲਾ ਕੇ ਆਪਣੇ ਸਰੂਪ ਨੂੰ ਸਵਾਰਨਾ ਕੀਤਾ ਹੈ। ਜੈਸਾ ਕਿ :

**ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥** [ਆਸਾ ਮਃ ੩, ਅੰਗ ੪੨੬]

ਪਰ ਉਸ ਸੋਹਾਗਣ ਨੇ ਹੀ ਪਤੀ ਪ੍ਰਮੇਸ਼ਰ ਨੂੰ ਪਾਇਆ ਹੈ, ਜਿਸ ਨੇ ਆਪਾ ਭਾਵ ਹੰਕਾਰ ਨੂੰ ਅੰਤਹਕਰਨ ਵਿੱਚੋਂ ਗਵਾਉਣਾ ਕੀਤਾ ਹੈ। ਜੈਸਾ ਕਿ :

**ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ॥** [ਆਸਾ ਮਹਲਾ ੩, ਅੰਗ ੪੨੮]

## *ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ; ਸਾ ਧਨ ਕੰਤ ਪਿਆਰੀ॥*

ਉਹ ਹਰਿ ਜੀਉ ਨਾ ਮਰੈ=ਮਰਦਾ ਹੈ ਨ ਜਾਏ=ਨਾ ਜੰਮਦਾ ਹੈ, ਜੋ ਜਗਿਆਸੂ ਰੂਪ ਇਸਤਰੀ ਗੁਰ ਕੈ=ਗੁਰਾਂ ਦੇ ਉਪਦੇਸ਼ ਵਿੱਚ ਰਹੇਗੀ ਤਾਂ ਉਹ ਸਹਜਿ=ਸੁਤੇ ਹੀ ਲੋਕ ਪ੍ਰਲੋਕ ਵਿੱਚ ਸੁਭਾਏ=ਸੁਭਾਇਮਾਨ ਹੋਵੇਗੀ। ਸਾ=ਉਹ ਜਗਿਆਸੂ ਰੂਪ ਧਨ=ਇਸਤਰੀ ਕੰਤ=ਪਤੀ ਪ੍ਰਮਾਤਮਾ ਨੂੰ ਪਿਆਰੀ ਲਗਦੀ ਹੈ।

## *ਸਚਿ ਸੰਜਮਿ ਸਦਾ ਹੈ ਨਿਰਮਲ; ਗੁਰ ਕੈ ਸਬਦਿ ਸੀਗਾਰੀ॥*

**ਅਨਵੇਂ** ਰੀਤ ਅਨੁਸਾਰ—ਜੋ ਗੁਰ ਕੈ=ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਸਾਧਨਾਂ ਨਾਲ ਸ਼ਿੰਗਾਰੀ ਗਈ ਹੈ, ਉਸ ਦਾ ਸੰਜਮਿ=ਇੰਦ੍ਰੀਆਂ ਦਾ ਰੋਕਣਾ ਸੱਚਾ ਹੈ ਤੇ ਮਨ ਵੀ ਸਦਾ (ਨਿਰ+ਮਲ) ਨਿਰ=ਰਹਿਤ, ਮਲ=ਮੈਲ, ਭਾਵ ਵਿਕਾਰਾਂ ਰੂਪ ਮੈਲ ਤੋਂ ਰਹਿਤ ਹੈ।

## *ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ; ਜਿਨਿ ਆਪੇ ਆਪੁ ਉਪਾਇਆ॥*

ਉਸ ਦਾ ਇਹ ਨਿਸਚਾ ਹੈ ਕਿ ਮੇਰਾ ਪ੍ਰਭੁ=ਰੱਖਿਅਕ ਪ੍ਰਮੇਸ਼ਰ ਸਾਚਾ=ਸੱਚਾ ਹੈ ਤੇ ਜੋ ਸੰਕਲਪ ਕਰਦਾ ਹੈ, ਉਹ ਸਦ ਹੀ=ਸਦਾ ਹੀ ਸਾਚਾ=ਸੱਚਾ ਹੈ। ਜਿਨਿ=ਜਿਸ ਨੇ ਆਪੇ ਆਪੁ=ਆਪਣੇ ਆਪ ਤੋਂ ਹੀ ਜਗਤ ਨੂੰ ਪੈਦਾ ਕੀਤਾ ਹੈ। ਜਦੋਂ ਪ੍ਰਮੇਸ਼ਰ ਨੇ ਇੱਕ ਤੋਂ ਅਨੇਕ ਰੂਪ ਹੋਣਾ ਚਾਹਿਆ ਤਾਂ ਪਹਿਲਾਂ ਪ੍ਰਮੇਸ਼ਰ ਨੇ ਮਾਇਆ ਪੈਦਾ ਕੀਤੀ ਤੇ ਫੇਰ ਮਾਇਆ ਨੇ ਆਪਣੀ ਸ਼ਕਤੀ ਤੋਂ ਤਿੰਨ ਗੁਣ ਪੈਦਾ ਕੀਤੇ। ਜੈਸਾ ਕਿ :

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥** [ਜਪੁਜੀ ਸਾਹਿਬ, ਅੰਗ ੭]

ਜਿਨ੍ਹਾਂ ਦੇ ਨਾਮ—(੧) ਰਜੋ ਗੁਣ, (੨) ਸਤੋ ਗੁਣ, (੩) ਤਮੋ ਗੁਣ। (੧) ਰਜੋ ਗੁਣੀ ਦੇਵਤਾ ਬ੍ਰਹਮਾ, ਜਿਸ ਨੂੰ ਜੀਵਾਂ ਦੇ ਸਰੀਰ ਰਚਨ ਦਾ ਕੰਮ ਸੌਂਪਿਆ। (੨) ਸਤੋ ਗੁਣੀ ਦੇਵਤਾ ਵਿਸ਼ਨੂੰ, ਜਿਸ ਨੂੰ ਸਭਨਾਂ ਜੀਵਾਂ ਨੂੰ ਰਿਜਕ, ਰੋਜ਼ੀ ਦੇਣ ਦਾ ਕੰਮ ਸੌਂਪਿਆ। ਚਾਹੇ ਕੋਈ ਔਖੀ ਤੋਂ ਔਖੀ ਜਗ੍ਹਾ ਪੱਥਰ ਆਦਿਕ ਵਿੱਚ ਜੀਵ ਰਹਿੰਦਾ ਹੈ (ਜਿਵੇਂ ਕਿ ਪੱਥਰ ਦਾ ਕੀੜਾ) ਤਿਸ ਜਗ੍ਹਾ ਹੀ ਇਹ ਵਾਹਿਗੁਰੂ ਦੇ ਹੁਕਮ ਨਾਲ ਰੋਜ਼ੀ ਪਹੁੰਚਾਉਂਦਾ ਹੈ। ਜੈਸਾ ਕਿ :

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥** [ਗੂਜਰੀ ਮਃ ੫, ਅੰਗ ੧੦]

(੩) ਤਮੋ ਗੁਣੀ ਦੇਵਤਾ ਸ਼ਿਵ ਜੀ, ਜਿਸ ਨੂੰ ਜੀਵਾਂ ਦੇ ਸਮੇਟਣ ਦਾ ਅਥਵਾ :—ਲੈਅ ਕਰਨ ਦਾ ਕੰਮ ਸੌਂਪਿਆ ਹੋਇਆ ਹੈ। ਇਹ ਸਭ ਜੀਵਾਂ ਨੂੰ ਸਮੇਟ ਲੈਂਦਾ ਹੈ, ਪਰ ਸਮੇਟਦਾ ਉਦੋਂ ਹੈ, ਜਦੋਂ ਕਿ ਕਿਸੇ ਜੀਵ ਦੀ ਅਵਸਥਾ; ਉਮਰ ਪੂਰੀ ਹੋ ਜਾਂਦੀ ਹੈ ਤੇ ਹੁਕਮ ਮਿਲ ਜਾਂਦਾ ਹੈ। ਇਸ ਪ੍ਰਕਾਰ ਇਹ ਤਿੰਨੇ ਗੁਣ ਤਿੰਨੇ ਦੇਵਤੇ ਵਾਹਿਗੁਰੂ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ। ਇਸ ਪ੍ਰਕਾਰ ਉਹ ਮੇਰਾ ਪ੍ਰਮੇਸ਼ਰ ਮਨ ਬਾਣੀ ਕਰਕੇ ਸੱਚਾ ਹੈ, ਜਿਸ ਨੇ ਆਪਣੇ ਆਪ ਤੋਂ ਸੰਸਾਰ ਨੂੰ ਪੈਦਾ ਕੀਤਾ ਹੈ।

## *ਨਾਨਕ ਸਦਾ ਪਿਰੁ ਰਾਵੇ ਆਪਣਾ; ਜਿਨਿ ਗੁਰ ਚਰਣੀ ਚਿਤੁ ਲਾਇਆ॥੧॥*

ਗੁਰੂ ਜੀ ਕਥਨ ਕਰਦੇ ਹਨ ਕਿ ਉਹ ਇਸਤਰੀ ਸਦਾ ਹੀ ਆਪਣਾ=ਆਪਣੇ ਪਿਰੁ=ਪਤੀ ਪ੍ਰਮੇਸ਼ਰ ਦੇ ਅਨੰਦ ਸੁਖ ਨੂੰ ਰਾਵੇ=ਭੋਗਦੀ, ਭਾਵ ਮਾਣਦੀ ਹੈ, ਜਿਨਿ=ਜਿਸ ਨੇ ਗੁਰਾਂ ਦੇ ਚਰਣੀ=ਚਰਨਾਂ ਵਿੱਚ ਚਿਤੁ ਲਾਇਆ ਹੈ।

ਜਿਸ ਜਿਸ ਨੇ ਆਪਣੇ ਚਿਤ, ਮਨ ਵਿੱਚ ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਓਟ, ਭਾਵ ਆਸਰਾ ਤੱਕਿਆ ਹੈ, ਉਹ ਭਗਤ ਜਨ ਇਸ ਸੰਸਾਰ ਸਮੁੰਦਰ ਤੋਂ ਤਰੇ ਹਨ॥੧॥ ਜੈਸਾ ਕਿ :

**ਚਰਨ ਕਮਲ ਕੀ ਓਟ ਉਧਰੇ ਸਗਲ ਜਨ॥**
**ਸੁਣਿ ਪਰਤਾਪੁ ਗੋਵਿੰਦ ਨਿਰਭਉ ਭਏ ਮਨ॥** [ਜੈਤਸਰੀ ਕੀ ਵਾਰ ਮਃ ੫, ਅੰਗ ੭੦੯]

ਇਸ ਲਈ ਹਮੇਸ਼ਾ ਹੀ ਸਤਿਗੁਰਾਂ ਤੋਂ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਦਾ ਹੀ ਆਸਰਾ ਮੰਗਣਾ ਚਾਹੀਦਾ ਹੈ। ਜੋ ਪ੍ਰਮੇਸ਼ਰ ਸ਼ੁਭ ਗੁਣਾਂ ਦੇ ਖ਼ਜ਼ਾਨੇ ਨੂੰ ਦੇਣ ਵਾਲਾ ਹੈ। ਜੈਸਾ ਕਿ :

੧. **ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ॥** [ਬਿਲਾਵਲ ਮਹਲਾ ੫, ਅੰਗ ੮੧੮]

੨. **ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ॥** [ਬਿਲਾਵਲ ਮਹਲਾ ੫, ਅੰਗ ੮੧੭]

## *ਪਿਰੁ ਪਾਇਅੜਾ ਬਾਲੜੀਏ; ਅਨਦਿਨੁ ਸਹਜੇ ਮਾਤੀ ਰਾਮ॥*

ਹੇ ਭਾਈ ਜਨੋ ! ਜਿਸ ਬਾਲੜੀਏ=ਅਗਿਆਤ, ਬੇ-ਸਮਝ ਜਗਿਆਸੂ ਰੂਪ ਇਸਤਰੀ ਨੇ ਪ੍ਰਮੇਸ਼ਰ ਰੂਪ ਪਿਰੁ=ਪਤੀ ਨੂੰ ਪਾਇਅੜਾ=ਪਾਇਆ ਹੈ, ਉਹ ਅਨਦਿਨੁ=ਰਾਤ ਦਿਨ ਸਹਜੇ=ਸੁਤੇ ਸਿਧ ਰਾਮ=ਰਮੇ ਹੋਏ ਰਾਮ ਵਿੱਚ ਮਾਤੀ=ਮਸਤ ਰਹਿੰਦੀ ਹੈ।

## *ਗੁਰਮਤੀ ਮਨਿ ਅਨਦੁ ਭਇਆ; ਤਿਤੁ ਤਨਿ ਮੈਲੁ ਨ ਰਾਤੀ ਰਾਮ॥*

ਹੇ ਭਾਈ! ਗੁਰਮਤੀ=ਗੁਰਾਂ ਦੀ ਸਿਖਿਆ ਕਰਕੇ ਉਸਦੇ ਮਨ ਵਿੱਚ ਅਨਦੁ=ਅਨੰਦ ਹੋਇਆ ਹੈ ਤੇ ਰਾਮ ਦੀ ਕਿਰਪਾ ਕਰਕੇ ਉਸਦੇ ਤਨਿ=ਸਰੀਰ ਵਿੱਚ ਰਾਤੀ=ਰੱਤੀ ਭਰ ਵੀ ਪਾਪ ਰੂਪ, ਵਾ—ਵਿਕਾਰਾਂ ਰੂਪ ਮੈਲ ਨ=ਨਹੀਂ ਹੈ।

## *ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ;*
## *ਮੇਰਾ ਪ੍ਰਭੁ ਮੇਲਿ ਮਿਲਾਏ॥*

ਉਸਦੇ ਤਨਿ=ਸਰੀਰ ਵਿੱਚ ਰਾਤੀ=ਰੱਤੀ ਭਰ ਵੀ ਮੈਲ ਨਹੀਂ ਹੈ ਤੇ ਹਰਿ=ਹਰੀ ਪ੍ਰਭਿ=ਪ੍ਰਭੂ ਦੇ ਰੰਗ ਵਿੱਚ ਰਾਤੀ=ਮਿਲੀ ਰਹਿੰਦੀ ਹੈ। ਇਸ ਲਈ ਉਸ ਨੂੰ ਮੇਰਾ ਰੱਖਿਅਕ ਪ੍ਰਮੇਸ਼ਰ ਆਪਣੇ ਮੇਲ ਨਾਲ ਮਿਲਾਏ=ਮਿਲਾ ਲੈਂਦਾ ਹੈ।

## *ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ; ਵਿਚਹੁ ਆਪੁ ਗਵਾਏ॥*

ਉਹ ਅਨਦਿਨੁ=ਰਾਤ ਦਿਨ ਆਪਣੇ ਹਰਿ ਪ੍ਰਭੁ=ਹਰੀ ਪ੍ਰਭੂ ਦੇ ਅਨੰਦ ਨੂੰ ਰਾਵੇ=ਭੋਗਦੀ, ਵਾ—ਮਾਣਦੀ ਹੈ ਤੇ ਹਿਰਦੇ ਵਿੱਚੋਂ ਆਪੁ=ਆਪਾ ਭਾਵ ਹੰਕਾਰ ਗੁਆ ਕੇ ਉਸ ਨੇ ਆਪੁ ਗਵਾਏ=ਆਸੁਰੀ ਗੁਣ ਗਵਾਏ ਹਨ।

## *ਗੁਰਮਤਿ ਪਾਇਆ ਸਹਜਿ ਮਿਲਾਇਆ; ਅਪਣੇ ਪ੍ਰੀਤਮ ਰਾਤੀ॥*

ਜਿਸ ਨੇ ਗੁਰਮਤਿ=ਗੁਰ ਸਿਖਿਆ ਨੂੰ ਪਾਉਣਾ ਕੀਤਾ ਹੈ, ਉਸਦਾ ਸਹਜਿ=ਗਿਆਨ ਨਾਲ ਮਿਲਾਇਆ= ਮਿਲਾਪ ਹੋਇਆ ਹੈ, ਗਿਆਨ ਕਰਕੇ ਉਹ ਫਿਰ ਆਪਣੇ ਪ੍ਰੀਤਮ=ਪਿਆਰੇ ਪਤੀ ਨਾਲ ਰਾਤੀ=ਮਿਲੀ ਹੈ।

## *ਨਾਨਕ ਨਾਮੁ ਮਿਲੈ ਵਡਿਆਈ; ਪ੍ਰਭੁ ਰਾਵੇ ਰੰਗਿ ਰਾਤੀ॥੨॥*

ਸਤਿਗੁਰ ਜੀ ਆਖਦੇ ਹਨ ਕਿ ਜਿਸ ਨੂੰ ਨਾਮ ਦੀ ਵਡਿਆਈ ਮਿਲੈ=ਮਿਲੀ ਹੈ, ਉਹ ਨਾਮ ਦੇ ਰੰਗਿ=ਪ੍ਰੇਮ, ਵਾ—ਅਨੰਦ ਵਿੱਚ ਰਾਤੀ=ਮਿਲੀ ਰਹਿੰਦੀ ਹੈ॥੨॥

### *ਪਿਰੁ ਰਾਵੇ ਰੰਗਿ ਰਾਤੜੀਏ; ਪਿਰ ਕਾ ਮਹਲੁ ਤਿਨ੍ ਪਾਇਆ ਰਾਮ ॥*

ਜੋ ਰੰਗਿ=ਪ੍ਰੇਮ ਵਿੱਚ ਰਾਤੜੀਏ=ਰੰਗੀ, ਰੱਤੀ, ਤਦਾਕਾਰ ਹੋਈ ਪਤੀ ਪ੍ਰਮੇਸ਼ਰ ਦੇ ਨਾਮ ਨੂੰ ਰਾਵੇ=ਉਚਾਰਦੀ, **ਵਾ:** ਸਿਮਰਦੀ ਹੈ, ਉਸ ਨੇ ਰਾਮ ਰੂਪ ਪਤੀ ਦਾ ਮਹਲੁ=ਸਰੂਪ ਪਾਇਆ ਹੈ।

### *ਸੋ ਸਹੋ ਅਤਿ ਨਿਰਮਲੁ ਦਾਤਾ; ਜਿਨਿ ਵਿਚਹੁ ਆਪੁ ਗਵਾਇਆ ਰਾਮ ॥*

ਸੋ=ਉਹ ਸਹੋ=ਪਤੀ ਰਾਮ=ਪ੍ਰਮਾਤਮਾ ਅਤਿ=ਵੱਡਾ, **ਵਾ:** ਅਤਸੈ ਕਰਕੇ ਨਿਰਮਲੁ=ਪਵਿੱਤਰ ਤੇ ਦਾਤਾ ਹੈ। ਪਰ ਮਿਲਦਾ ਉਸਨੂੰ ਹੈ ਜਿਨਿ=ਜਿਸ ਨੇ ਅੰਤਹਕਰਨ ਵਿਚਹੁ=ਵਿੱਚੋਂ ਆਪੁ=ਹੰਕਾਰ (ਆਪਾ ਭਾਵ) ਗਵਾਇਆ ਹੈ।

### *ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ;*
### *ਹਰਿ ਕਾਮਣਿ ਮਨਿ ਭਾਣੀ ॥*

ਜਾ=ਜਿਸ ਨੇ ਹਿਰਦੇ ਵਿੱਚੋਂ ਮੋਹ ਨੂੰ ਚੁਕਾਇਆ=ਚੁਕਿਆ, ਭਾਵ ਦੂਰ ਕੀਤਾ ਹੈ। ਉਹ ਕਰਤਬ ਹਰਿ=ਵਾਹਿਗੁਰੂ ਨੂੰ ਭਾਇਆ=ਭਾ ਗਿਆ, ਤਾਂ ਫਿਰ ਇਹ ਜਗਿਆਸੂ ਰੂਪ ਕਾਮਣਿ=ਇਸਤਰੀ ਹਰਿ=ਹਰੀ ਦੇ ਮਨ ਵਿੱਚ ਭਾਣੀ=ਭਾ ਗਈ, ਭਾਵ ਚੰਗੀ ਲੱਗੀ ਹੈ।

### *ਅਨਦਿਨੁ ਗੁਣ ਗਾਵੈ ਨਿਤ ਸਾਚੇ; ਕਥੇ ਅਕਥ ਕਹਾਣੀ ॥*

ਅਨਦਿਨੁ=ਰਾਤ ਦਿਨ ਨਿਤ=ਨਿਤਾ ਪ੍ਰਤੀ ਸਾਚੇ=ਸੱਚੇ ਦੇ ਗੁਣ=ਗੁਣਾਂ ਨੂੰ ਗਾਵੈ=ਗਾਉਂਦੀ ਹੈ ਤੇ ਅਕਥ=ਕਥਨ ਤੋਂ ਰਹਿਤ ਪ੍ਰਭੂ ਦੀ ਕਹਾਣੀ ਨੂੰ ਕਥੇ=ਕਥਨ ਕਰਦੀ ਹੈ।

### *ਜੁਗ ਚਾਰੇ ਸਾਚਾ ਏਕੋ ਵਰਤੈ; ਬਿਨੁ ਗੁਰ ਕਿਨੈ ਨ ਪਾਇਆ ॥*

ਜੁਗ ਚਾਰੇ=ਸਤਿਜੁਗ, ਤ੍ਰੇਤਾ, ਦੁਆਪੁਰ ਤੇ ਕਲਿਜੁਗ ਇਹਨਾਂ ਚਾਰੇ ਜੁਗਾਂ ਵਿੱਚ ਏਕੋ=ਇੱਕ ਸਾਚਾ=ਸੱਚਾ ਵਾਹਿਗੁਰੂ ਵਰਤੈ=ਵਰਤ ਰਿਹਾ ਹੈ, ਪਰ ਬਿਨੁ ਗੁਰ=ਗੁਰਾਂ ਤੋਂ ਬਿਨਾਂ ਪਾਇਆ=ਕਿਸੇ ਨੇ ਭੀ ਨਹੀਂ ਪਾਇਆ।

### *ਨਾਨਕ ਰੰਗਿ ਰਵੈ ਰੰਗਿ ਰਾਤੀ; ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨਿ=ਜਿਸਨੇ ਹਰਿ=ਵਾਹਿਗੁਰੂ ਦੇ ਸੇਤੀ=ਨਾਲ ਚਿਤੁ=ਹਿਰਦੇ ਨੂੰ ਲਾਇਆ=ਲਾਉਣਾ, ਭਾਵ ਜੋੜਨਾ ਕੀਤਾ ਹੈ, ਉਹ ਰੰਗਿ=ਪ੍ਰੇਮ, ਅਨੰਦ ਵਿੱਚ ਰਾਤੀ=ਰੱਤੀ, ਤਦਾਕਾਰ ਹੋਈ ਸੁਆਮੀ ਦੇ ਰੰਗਿ=ਅਨੰਦ ਨੂੰ ਰਵੈ=ਭੋਗਦੀ, **ਵਾ:** ਮਾਣਦੀ ਹੈ ॥੩॥

### *ਕਾਮਣਿ ਮਨਿ ਸੋਹਿਲੜਾ; ਸਾਜਨ ਮਿਲੇ ਪਿਆਰੇ ਰਾਮ ॥*

ਜਿਸ ਨੂੰ ਪਿਆਰੇ ਸਾਜਨ=ਸੱਜਣ ਰਾਮ=ਰਮੇ ਹੋਏ ਰਾਮ ਪ੍ਰਮੇਸ਼ਰ ਜੀ ਮਿਲੇ ਹਨ, ਉਸ ਜਗਿਆਸੂ ਰੂਪ ਇਸਤਰੀ ਦੇ ਮਨ ਵਿੱਚ ਸੋਹਿਲੜਾ=ਅਨੰਦ, ਖੇੜਾ ਹੈ।

### *ਗੁਰਮਤੀ ਮਨੁ ਨਿਰਮਲੁ ਹੋਆ; ਹਰਿ ਰਾਖਿਆ ਉਰਿ ਧਾਰੇ ਰਾਮ ॥*

ਗੁਰ=ਗੁਰਾਂ ਦੀ ਮਤੀ=ਸਿਖਿਆ ਨਾਲ ਮਨ ਨਿਰਮਲੁ=ਮੈਲ ਤੋਂ ਰਹਿਤ, ਭਾਵ ਸ਼ੁਧ ਹੋਇਆ ਹੈ ਅਤੇ ਗੁਰੂ ਦੀ ਮਤ ਨੂੰ ਧਾਰਨ ਕਰਨ ਵਾਲਿਆਂ ਨੇ ਹਰਿ=ਵਾਹਿਗੁਰੂ ਰਾਮ ਨੂੰ ਉਰਿ=ਹਿਰਦੇ ਵਿੱਚ ਧਾਰੇ=ਧਾਰਨ ਕਰਕੇ ਰੱਖਿਆ ਹੈ।

## ਹਰਿ ਰਾਖਿਆ ਉਰਿ ਧਾਰੇ, ਅਪਨਾ ਕਾਰਜੁ ਸਵਾਰੇ; ਗੁਰਮਤੀ ਹਰਿ ਜਾਤਾ ॥

ਜਿਸ ਨੇ, **ਵਾ:** ਜਿਨ੍ਹਾਂ ਨੇ ਹਰਿ=ਵਾਹਿਗੁਰੂ ਨੂੰ ਉਰਿ=ਹਿਰਦੇ ਵਿੱਚ ਧਾਰੇ=ਧਾਰਨ ਕਰ ਰਾਖਿਆ=ਰੱਖਿਆ ਹੈ, ਉਹਨਾਂ ਗੁਰਮਤੀ=ਗੁਰਮਤੀਆਂ ਨੇ, **ਵਾ:** ਗੁਰਮਤੀ=ਗੁਰ ਸਿਖਿਆ ਦੁਆਰਾ ਹਰਿ ਜਾਤਾ=ਹਰੀ ਨੂੰ ਜਾਣਿਆ ਹੈ, ਤੇ ਉਹਨਾ ਨੇ ਆਪਣਾ ਮੋਖਸ਼ ਰੂਪ ਕਾਰਜੁ=ਕੰਮ ਸਵਾਰੇ=ਸਵਾਰ ਲਿਆ ਹੈ।

## ਪ੍ਰੀਤਮਿ ਮੋਹਿ ਲਇਆ ਮਨੁ ਮੇਰਾ; ਪਾਇਆ ਕਰਮ ਬਿਧਾਤਾ ॥

ਜਿਸ ਪ੍ਰੀਤਮਿ=ਪਿਆਰੇ ਨੇ ਮੇਰੇ ਮਨ ਨੂੰ ਮੋਹਿ=ਮੋਹ ਲਿਆ ਹੈ, ਉਸ ਨੇ ਕਰਮ ਬਿਧਾਤਾ=ਫਲ ਪ੍ਰਦਾਤੇ ਪ੍ਰਭੂ ਨੂੰ ਪਾਇਆ=ਪਾ ਲਿਆ ਹੈ। ਪਰਮ ਪ੍ਰੇਮ ਦਾ ਜੋ ਅਸਪਦ ਰੂਪ ਹੈ ਉਸ ਨੂੰ ਪ੍ਰੀਤਮ ਆਖਦੇ ਹਨ।

## ਸਤਿਗੁਰੁ ਸੇਵਿ ਸਦਾ ਸੁਖੁ ਪਾਇਆ; ਹਰਿ ਵਸਿਆ ਮੰਨਿ ਮੁਰਾਰੇ ॥

(ਸਤਿ+ਗੁਰੁ) ਸਤਿ=ਨਾਸ ਤੋਂ ਰਹਿਤ ਗੁਰੁ=ਚੇਤਨ ਸਰੂਪ ਸਤਿਗੁਰਾਂ ਦੀ ਸੇਵਿ=ਸੇਵਾ ਕਰ ਜੋ ਮੁਰਾਰੇ=ਮੁਰ ਦੈਂਤ ਰੂਪ ਅਗਿਆਨ ਦੇ ਵਿਨਾਸ਼ਕ ਹਨ, ਉਹਨਾਂ ਦੀ ਸੇਵਾ ਕਰਨ ਕਰਕੇ ਹਰਿ=ਵਾਹਿਗੁਰੂ ਮੰਨਿ=ਮਨ ਵਿੱਚ ਆ ਕੇ ਵਸਿਆ ਹੈ। ਇਸ ਕਰਕੇ ਸਦਾ ਸੁਖੁ=ਨਿਤ ਸੁਖ ਭਾਵ ਆਤਮਿਕ ਸੁਖ ਪਾਇਆ=ਪਾਉਣਾ ਕੀਤਾ ਹੈ।

## ਨਾਨਕ ਮੇਲਿ ਲਈ ਗੁਰਿ ਅਪੁਨੈ; ਗੁਰ ਕੈ ਸਬਦਿ ਸਵਾਰੇ ॥੪॥੫॥੬॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ ਵੇਲੇ ਗੁਰ ਕੈ=ਗੁਰਾਂ ਦੇ ਸਬਦਿ=ਉਪਦੇਸ਼ ਨੇ (ਮਨ, ਬੁੱਧ, ਚਿਤ, ਅਹੰਕਾਰ) ਰੂਪ ਚਤੁਸ਼ਟੇ ਅੰਤਹਕਰਨ ਨੂੰ ਸਵਾਰੇ=ਸਵਾਰ ਦਿੱਤਾ ਤਾਂ ਗੁਰਿ=ਚੇਤਨ ਸਰੂਪ ਪ੍ਰਮੇਸ਼ਰ ਨੇ ਆਪਣੇ ਨਾਲ ਮੇਲਿ=ਮੇਲ ਲੈਣਾ ਕੀਤਾ॥੪॥੫॥੬॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੯ [ਆਦਿ ਅੰਗ ੭੭੩]

*ਸੂਹੀ ਮਹਲਾ ੪ ॥ ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥ ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥*

## *ਸੂਹੀ ਮਹਲਾ ੪ ॥*

ਇਹ ਸ਼ਬਦ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਸੂਹੀ ਰਾਗਣੀ ਦੇ ਛੰਤਾਂ ਵਿੱਚ ਅੰਕਿਤ ਹੈ। ਇਸ ਲਾਵਾਂ ਰੂਪ ਬਾਣੀ ਦਾ ਸਿੱਖ ਜਗਤ ਨਾਲ ਪ੍ਰਮਾਰਥ ਅਤੇ ਸੰਸਾਰਕ ਕਾਰਜ ਦਾ ਰਿਸ਼ਤਾ ਜੁੜਦਾ ਹੈ। ਦੋਵਾਂ ਕਾਰਜਾਂ ਨੂੰ ਸਫਲ ਕਰਨ ਲਈ ਇਹ ਚਾਰ ਲਾਵਾਂ ਉਚਾਰਨ ਕੀਤੀਆਂ ਹਨ। ਇਨ੍ਹਾਂ ਦੀ ਉਥਾਨਕਾ ਬਾਰੇ ਸੰਪ੍ਰਦਾਈ ਗਿਆਨੀਆਂ ਵਿੱਚ ਥੋੜ੍ਹਾ-ਥੋੜ੍ਹਾ ਭੇਦ ਹੈ, ਪਰ ਸਿਧਾਂਤਕ ਤੌਰ ’ਤੇ ਕੋਈ ਵਖਰੇਵਾਂ ਨਹੀਂ।

**ਉਥਾਨਕਾ**—ਇਕ ਵਾਰ ਐਸਾ ਹੋਇਆ ਕਿ ਇੱਕ ਗ੍ਰਿਹਸਤੀ ਪਰਿਵਾਰ, ਜਿਸ ਦੀ ਲੜਕੀ ਵਿਆਹੁਣ ਯੋਗ ਹੋ ਗਈ, ਤਾਂ ਗ਼ਰੀਬੀ ਦੇ ਕਾਰਨ ਹੋਰਾਂ ਨਾਲੋਂ ਅਧਿਕ ਚਿੰਤਾ ਹੋਈ। ਇਹ ਪੁਰਸ਼ ਬਹੁਤ ਹੀ ਪ੍ਰੇਮ ਭਾਵਨਾ ਵਾਲਾ ਬੰਦਾ ਸੀ। ਪ੍ਰਮੇਸ਼ਰ ਦੀ ਪ੍ਰੇਰਨਾ ਅਨੁਸਾਰ ਇਸ ਨੂੰ ਇੱਕ ਲੜਕੇ ਦੀ ਦੱਸ ਪੈ ਗਈ। ਲੜਕੇ ਦੇ ਮਾਂ-ਬਾਪ ਨਾਲ ਮਿਲ ਕੇ ਆਪਣੀ ਗ਼ਰੀਬੀ ਦੀ ਹਾਲਤ ਦੱਸੀ ਤੇ ਕਿਹਾ ਕਿ ਮੈਂ ਕੇਵਲ ਲੜਕੀ ਹੀ ਦੇ ਸਕਦਾ ਹਾਂ, ਮੇਰੇ ਕੋਲ ਦੇਣ ਨੂੰ ਹੋਰ ਕੁਝ ਨਹੀਂ। ਲੜਕੇ ਦੇ ਮਾਂ-ਬਾਪ ਬੜੇ ਚੰਗੇ ਸੁਭਾਅ ਦੇ ਸਨ, ਉਨ੍ਹਾਂ ਨੂੰ ਦਾਜ-ਦਹੇਜ ਦਾ ਲਾਲਚ ਨਹੀਂ ਸੀ, ਕੇਵਲ ਸੁਸ਼ੀਲ ਕੰਨਿਆ ਚਾਹੀਦੀ ਸੀ। ਉਨ੍ਹਾਂ ਨੂੰ ਯੋਗ ਕੰਨਿਆ ਮਿਲ ਗਈ ਤੇ ਇਨ੍ਹਾਂ ਨੂੰ ਯੋਗ ਵਰ। ਦੋਨਾਂ ਧਿਰਾਂ ਨੇ ਮਿਲ ਕੇ ਵਿਆਹ ਦਾ ਦਿਨ ਮੁਕੱਰਰ ਕਰ ਲਿਆ। ਲੜਕੀ ਦੇ ਪਿਤਾ ਨੇ ਇੱਕ ਫੇਰੇ ਕਰਾਉਣ ਵਾਲੇ ਪ੍ਰੋਹਿਤ ਨੂੰ ਘਰ ਸੱਦ ਕੇ ਬੇਨਤੀ ਕੀਤੀ ਕਿ ਲੜਕੀ ਦਾ ਫਲਾਣੇ ਦਿਨ ਦਾ ਜੋ ਵਿਆਹ ਹੈ, ਉਹ ਮੇਰੇ ਗ਼ਰੀਬ

ਦਾ ਕਾਰਜ ਆਪ ਨੇ ਹੀ ਸੰਪੂਰਨ ਕਰਾਉਣਾ। ਲੜਕੀ ਦਾ ਵਿਆਹ, ਫੇਰੇ ਯੋਗ ਢੰਗ ਨਾਲ ਕਰਵਾ ਦੇਣਾ। ਇਹ ਸੁਣ ਕੇ ਲਾਲਚੀ ਪ੍ਰੋਹਿਤ ਨੇ ਕਿਹਾ ਕਿ ਮੈਂ ੨੫ ਰੁਪਏ ਲਵਾਂਗਾ। ਉਸ ਗ਼ਰੀਬ ਪੁਰਸ਼ ਨੇ ਕਿਹਾ ਕਿ ਪੰਡਿਤ ਜੀ! ਮੈਂ ਗ਼ਰੀਬ ਹਾਂ, ਮੇਰੇ ਕੋਲੋਂ ਕੁਝ ਘੱਟ ਲੈ ਲੈਣੇ। ਪਰ ਪੰਡਿਤ ਕਹਿਣ ਲੱਗਾ ਕਿ ਸਾਡਾ ਫੇਰੇ ਕਰਾਉਣ ਦਾ ਇਤਨਾ ਹੀ ਲਾਗ ਹੁੰਦਾ ਹੈ। ਇਸ ਤੋਂ ਘੱਟ ਅਸੀਂ ਨਹੀਂ ਲੈਂਦੇ। ਅਖ਼ੀਰ ਗ਼ਰੀਬ ਪੁਰਸ਼ ਨੇ ਹਾਂ ਕਰ ਦਿੱਤੀ। ਜਦੋਂ ਵਿਆਹ ਦਾ ਮੁਕੱਰਰ ਕੀਤਾ ਦਿਨ ਆ ਪਹੁੰਚਿਆ ਤੇ ਬਰਾਤ ਬੂਹੇ 'ਤੇ ਆ ਗਈ ਤਾਂ ਫੇਰਿਆਂ ਲਈ ਪ੍ਰੋਹਿਤ ਨੂੰ ਸੱਦਿਆ ਤਾਂ ਉਹ ਆਪਣੀ ਜ਼ਬਾਨ ਤੋਂ ਮੁੱਕਰ ਗਿਆ ਤੇ ਕਹਿਣ ਲੱਗਾ ਕਿ ਮੈਂ ਪੰਜਾਹ ਰੁਪਏ ਲੈ ਕੇ ਫੇਰੇ ਕਰਾਵਾਂਗਾ। ਉਹ ਗ਼ਰੀਬ ਪੁਰਸ਼ ਬਹੁਤ ਕਲਪਿਆ, ਪਰ ਲੋਕਾਂ ਵਿੱਚ ਇਤਨੀ ਹਿੰਮਤ ਨਹੀਂ ਸੀ ਕਿ ਬ੍ਰਾਹਮਣ ਨੂੰ ਕੁਝ ਕਹਿ ਸਕਦੇ, ਕਿਉਂਕਿ ਬ੍ਰਾਹਮਣਾਂ ਨੇ ਲੋਕਾਂ ਨੂੰ ਦਿਮਾਗ਼ੀ ਗ਼ੁਲਾਮੀ ਵਿੱਚ ਜਕੜਿਆ ਹੋਇਆ ਸੀ। ਇਸ ਲਈ ਲੋਕਾਂ ਨੇ ਵੀ ਇਸ ਗ਼ਰੀਬ ਦੀ ਮਦਦ ਨਾ ਕੀਤੀ। ਕੁਦਰਤੀ ਇੱਕ ਗੁਰੂ ਕਾ ਸਿੱਖ ਉਸ ਕਾਰਜ ਵਿੱਚ ਪਹੁੰਚਿਆ ਹੋਇਆ ਸੀ। ਉਸ ਨੇ ਕਿਹਾ ਕਿ ਭਾਈ ਸੋਢੀ ਸੁਲਤਾਨ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਦਰਬਾਰ ਪਹੁੰਚ ਕੇ ਬੇਨਤੀ ਕਰ, ਤੇਰਾ ਕਾਰਜ ਸਤਿਗੁਰੂ ਜੀ ਸੰਪੂਰਨ ਕਰ ਦੇਣਗੇ। ਇਹ ਗ਼ਰੀਬ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਪਹੁੰਚਿਆ ਤੇ ਸਾਰੀ ਵਾਰਤਾ ਕਹਿ ਸੁਣਾਈ ਕਿ ਮਹਾਰਾਜ! ਬ੍ਰਾਹਮਣ ਪੱਚੀ ਰੁਪਏ ਕਹਿ ਕੇ ਪੰਜਾਹ ਮੰਗਦਾ ਹੈ, ਮੈਂ ਤਾਂ ਗ਼ਰੀਬੀ ਕਾਰਨ ਲੜਕੀ ਨੂੰ ਵੀ ਜੋ ਦਾਜ ਦੇਣਾ ਚਾਹੁੰਦਾ ਸੀ, ਨਹੀਂ ਦੇ ਸਕਿਆ। ਬ੍ਰਾਹਮਣ ਨੂੰ ਪੰਜਾਹ ਰੁਪਏ ਕਿਥੋਂ ਦਿਆਂ। (ਇਹ ਉਹ ਸਮਾਂ ਸੀ, ਜਦੋਂ ਇੱਕ ਰੁਪਏ ਦੀ ਮਣ ਕਣਕ ਆ ਜਾਂਦੀ ਸੀ)। ਇਤਨਾ ਕਹਿ ਕੇ ਉਹ ਗ਼ਰੀਬ ਰੋ ਪਿਆ। ਇਹ ਸੁਣ ਕੇ ਸਤਿਗੁਰੂ ਜੀ ਵੈਰਾਗ ਵਿੱਚ ਆਏ ਕਿ ਬ੍ਰਾਹਮਣ ਐਸੇ ਲੁਟੇਰੇ ਹੋ ਗਏ ਹਨ? ਇਸੇ ਲਈ ਮੇਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਕਥਨ ਕੀਤਾ ਹੈ। ਜੈਸਾ ਕਿ :

**ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥**
**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥**

[ਆਸਾ ਮਹਲਾ ੩, ਅੰਗ ੪੩੫]

ਐਸੇ ਬ੍ਰਾਹਮਣਾਂ ਦੇ ਲਾਲਚੀ ਅਤੇ ਦੁਸ਼ਟ ਸੁਭਾਅ ਪ੍ਰਤੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਵੀ ਉਚਾਰਨ ਕੀਤਾ ਹੈ। ਜੈਸਾ ਕਿ :

**ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ਰਹਾਉ॥**

[ਆਸਾ ਮਹਲਾ ੫, ਅੰਗ ੩੭੨]

ਸੋ, ਗੁਰੂ ਰਾਮਦਾਸ ਜੀ ਨੇ ਜਦੋਂ ਸਾਰੀ ਗੱਲ ਸੁਣ ਲਈ ਤਾਂ ਬਾਬਾ ਬੁੱਢਾ ਜੀ, ਭਾਈ ਜੇਠਾ ਜੀ, ਭਾਈ ਪੈੜਾ ਜੀ, ਭਾਈ ਲੰਗਾਹਾ ਜੀ, ਭਾਈ ਗੁਰਦਾਸ ਜੀ ਅਤੇ ਭਾਈ ਸਾਲ੍ਹੋ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਇਹ ਬ੍ਰਾਹਮਣ ਬਹੁਤ ਅਨਰਥ ਕਰ ਰਹੇ ਹਨ। ਇਨ੍ਹਾਂ ਤੋਂ ਲੋਕਾਂ ਦਾ ਖਹਿੜਾ ਛੁਡਾਓ, ਬਲਕਿ ਕਈ ਭੋਲੇ-ਭਾਲੇ ਸਿੱਖ ਵੀ ਇਨ੍ਹਾਂ ਦੇ ਜਾਲ ਵਿੱਚ ਫਸਦੇ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਵਿਆਹ ਵਾਲਾ ਤਰੀਕਾ ਅਜੇ ਬਹੁਤਾ ਪ੍ਰਚਲਿਤ ਨਹੀਂ ਹੋਇਆ। ਸ਼ਬਦ ਦੀਆਂ ਪ੍ਰਕਰਮਾ ਕਰਨ ਦਾ ਲੋਕਾਂ ਵਿੱਚ ਗੁਰੂ ਨਾਨਕ ਦੇ ਬੰਨ੍ਹੇ ਵਿਆਹ ਦੇ ਨਿਯਮ ਨੂੰ ਮੁਕੰਮਲ ਰੂਪ ਦੇਣ ਲਈ ਉਸ ਗ਼ਰੀਬ ਪੁਰਸ਼, ਜਿਸ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਕਾਰਜ ਦੀ ਸੰਪੂਰਨਤਾ ਲਈ ਬੇਨਤੀ ਕੀਤੀ, ਉਥੇ ਸਿੱਖੀ ਦੀ ਜਾਚਨਾ ਵੀ ਕੀਤੀ ਤੇ ਸਿੱਖ ਸਜਿਆ। ਸਿੱਖਾਂ ਦੇ ਕਹਿਣ ਤੋਂ ਕਿ ਸਤਿਗੁਰੂ ਜੀ, ਕੋਈ ਐਸੀ ਬਾਣੀ ਰਚ ਦਿਓ, ਜਿਸ ਨਾਲ ਸਾਡੇ ਬੱਚਿਆਂ ਦੇ ਵਿਆਹ ਵੀ ਹੋਣ ਤੇ ਪ੍ਰਮਾਤਮਾ ਦੇ ਮਿਲਾਪ ਦੀ ਸਿਖਿਆ ਵੀ ਪ੍ਰਾਪਤ ਹੋਵੇ। ਤਾਂ ਸਤਿਗੁਰੂ ਜੀ ਨੇ ਉਸ ਗ਼ਰੀਬ ਸਿੱਖ ਨੂੰ ਕਿਹਾ ਕਿ ਤੁਸੀਂ ਦੋਵੇਂ ਪਰਿਵਾਰ ਲੜਕੇ ਅਤੇ ਲੜਕੀ ਵਾਲੇ ਮੇਰੇ ਕੋਲ ਆ ਜਾਵੋ। ਦੋਵੇਂ ਧਿਰਾਂ ਆਪਣੇ ਬੱਚਿਆਂ ਨੂੰ ਲੈ ਕੇ ਪਹੁੰਚ ਗਈਆਂ। ਸਤਿਗੁਰੂ ਜੀ ਨੇ ਲਾਵਾਂ ਦੀ ਬਾਣੀ ਉਚਾਰਨ ਕੀਤੀ ਤੇ ਗੁਰੂ ਨਾਨਕ ਦੀ ਗੱਦੀ ਦੀਆਂ ਪ੍ਰਕਰਮਾ ਕਰਾ ਕੇ ਗ਼ਰੀਬ ਸਿੱਖ ਦਾ ਕਾਰਜ ਸੰਪੂਰਨ ਕੀਤਾ। ਉਸੇ ਸਮੇਂ ਜਦੋਂ ਇਹ ਸਾਰਾ ਕੌਤਕ ਵਰਤਿਆ ਤਾਂ

ਉਥੇ ਬ੍ਰਹਮ ਗਿਆਨ ਦਾ ਅਧਿਕਾਰੀ ਜਗਿਆਸੂ ਬੈਠਾ ਸੀ। ਉਸ ਨੇ ਬੇਨਤੀ ਕੀਤੀ ਕਿ ਜੀਵ ਰੂਪ ਇਸਤਰੀ ਦਾ ਪਤੀ ਪ੍ਰਮਾਤਮਾ ਨਾਲ ਮਿਲਾਪ ਕਿਵੇਂ ਹੋਵੇ। ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ 'ਤੇ ਇਹ ਅੰਮ੍ਰਿਤ ਬਾਣੀ ਉਚਾਰਨ ਕੀਤੀ, ਜਿਸ ਦਾ ਅੰਤਰੀਵ ਭਾਵ ਜਗਿਆਸੂ ਪ੍ਰਤੀ ਅਤੇ ਬਾਹਰ ਭਾਵ ਗ਼ਰੀਬ ਸਿੱਖ ਦੀ ਪੁਤਰੀ ਦੇ ਵਿਆਹ ਦੇ ਨਾਲ ਹੈ। ਇਥੋਂ ਸਿੱਖਾਂ ਵਿੱਚ ਵਿਆਹ ਵੇਲੇ ਲਾਵਾਂ ਦੀ ਰੀਤ ਪ੍ਰਚਲਿਤ ਹੋਈ। [**ਲਾਵ**—ਲਾਵ ਦੇ ਕਈ ਅਰਥ ਹਨ—੧. ਪ੍ਰਕਰਮਾ, ੨. ਸਿਖਿਆ, ੩. ਭੂਮਿਕਾ, ੪. ਲਗਨ। ਪੰਜਾਬੀ ਵਿੱਚ ਲਾਵ=ਰੱਸੀ ਅਤੇ ਸੰਸਕ੍ਰਿਤ ਵਿੱਚ ਲਾਵ=ਕੱਟਣਾ, ਫੁੱਲ ਦਾ ਤੋੜਨਾ। ਵਿਆਹ ਹੋਣ ਨਾਲ ਲੜਕੀ ਮਾਪਿਆਂ ਤੋਂ ਜੁਦਾ ਹੋ ਜਾਂਦੀ ਹੈ, ਇਸ ਕਰਕੇ ਇਸ ਰਸਮ ਦਾ ਨਾਮ ਲਾਵ ਪੈ ਜਾਣਾ ਅਸਚਰਜ ਨਹੀਂ ਕਿ ਹੁਣ ਲੜਕੀ ਮਾਪਿਆਂ ਤੋਂ ਫੁੱਲ ਵਾਂਗ ਜੁਦਾ ਹੋ ਕੇ ਪਤੀ ਦੀ ਹੋ ਗਈ ਹੈ।] ਲਾਵਾਂ ਦੀ ਕਥਾ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਬਾਹਰ ਚਾਰੇ ਜੁਗਾਂ ਦੀਆਂ ਲਾਵਾਂ ਦਾ ਐਸਾ ਪ੍ਰਮਾਣ ਦਿੱਤਾ ਹੈ। ਜੈਸਾ ਕਿ :

**ਪਹਿਲੀ ਲਾਵ ਸਤਿਜੁਗਿ ਕਹੀ, ਸੀਲ ਸਤ ਸੰਤੋਖ॥**
**ਸਤਿਵਾਦੀ ਰਾਜੇ ਭਏ ਸੁਖੀ ਵਸੈ ਸਭ ਲੋਕ॥**
**ਦੂਜੀ ਲਾਵ ਤ੍ਰੇਤਾ ਕਹੀ ਜਪ ਤਪ ਨੇਮ ਉਦਾਰ॥**
**ਸੀਲਵੰਤ ਰਾਜੇ ਭਏ ਸੁਖੀ ਵਸੈ ਸੰਸਾਰ॥**
**ਤੀਜੀ ਲਾਵ ਦੁਆਪਰ ਕਹੀ ਹੋਮ ਯਗ ਅਰ ਦਾਨ॥**
**ਧਰਮ ਧੁਜ ਰਾਜੇ ਭਏ ਸੁਣਦੇ ਬੇਦ ਪੁਰਾਨ॥**
**ਚਉਥੀ ਲਾਵ ਕਲਜੁਗ ਕਹੀ ਝੂਠ ਕਪਟ ਭਇਓ ਜਾਗ॥**

## *ਹਰਿ ਪਹਿਲੜੀ ਲਾਵ; ਪਰਵਿਰਤੀ ਕਰਮ ਦ੍ਰਿੜਾਇਆ, ਬਲਿ ਰਾਮ ਜੀਉ॥*

ਉਸ ਹਰੀ ਰੂਪ ਪਤੀ ਦੀ ਪ੍ਰਾਪਤੀ ਦੀ ਪਹਿਲੀ ਲਾਵ=ਪ੍ਰਕਰਮਾ (ਆਪਣੇ ਇਸ਼ਟ ਦੇਵ ਦੀ), ਪਹਿਲੀ ਸਿਖਿਆ, ਗਿਆਨ ਦੀਆਂ ਭੂਮਿਕਾ ਵਿੱਚੋਂ ਪਹਿਲੀ ਭੂਮਿਕਾ, ਲਗਨ (ਪਹਿਲਾ ਲਗਾਓ)। ਪਹਿਲੀ ਭੂਮਿਕਾ ਹਰੀ ਪ੍ਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਰੂਪ ਪਹਿਲੜੀ ਲਾਵ=ਸਿਖਿਆ, ਭਾਵ ਗਿਆਨ ਦੀ ਪਹਿਲੀ ਭੂਮਿਕਾ ਜਿਸ ਨੂੰ ਸੁਭ ਇੱਛਾ ਕਿਹਾ ਹੈ, ਪ੍ਰਵਿਰਤੀ ਕਰਮ ਹੈ, ਉਹ ਰਾਮ ਰੂਪ ਸਤਿਗੁਰੂ ਜੀ ਨੇ ਦ੍ਰਿੜ੍ਹ ਕਰਾਇਆ, ਐਸੇ ਸਤਿਗੁਰੂ ਜੀ ਤੋਂ ਮੈਂ ਬਲਿ=ਬਲਿਹਾਰ ਜਾਂਦਾ ਹਾਂ। ਜੈਸਾ ਕਿ :

੧. **ਬਿਖਿਆ ਬਿਖੈ ਭਈ ਦ੍ਵੈਖਤਾ ਗੁਰ ਤੀਰਥ ਅਨੁਰਾਗ॥**
**ਤਾਂ ਤੇ ਸੁਭ ਇਛਾ ਕਹੀ ਕਥਾ ਸ੍ਵਨ ਮਨ ਲਾਗ॥੯॥** [ਵਿਚਾਰ ਮਾਲਾ, ਅਧਿ: ੩]

੨. **ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥**
[ਰਾਮਕਲੀ ਮਹਲਾ ੧, ਅੰਗ ੯੩੨]

ਇਹ ਨਿਸਚੇ ਕਰਕੇ ਵਿਸ਼ਿਆਂ ਦੀ ਤਰਫ਼ੋਂ ਗਿਲਾਨੀ ਕਰਨੀ ਅਤੇ ਸਮਝਣਾ। ਜੈਸਾ ਕਿ :

**ਹਰਿ ਬਿਸਰਤ ਸਦਾ ਖੁਆਰੀ॥** [ਟੋਡੀ ਮਹਲਾ ੫, ਅੰਗ ੭੧੧]

ਹਰ ਪ੍ਰਕਾਰ ਦੇ ਬਿਸ=ਵਿਸ਼ਿਆਂ ਵਿੱਚ ਰਤ=ਪ੍ਰੀਤੀ ਕਰਕੇ ਸਦਾ ਹੀ ਖੁਆਰੀ ਹੁੰਦੀ ਹੈ। ਗੁਰੂ ਦੀ ਸੇਵਾ ਵਿੱਚ ਪ੍ਰੇਮ ਕਰਨਾ ਤੀਰਥ ਯਾਤਰਾ ਵਿਧੀ ਸਹਿਤ ਕਰਨ ਨੂੰ ਮਨ ਦੀ ਸੁਧੀ ਦਾ ਕਾਰਨ ਮੰਨਿਆ ਹੈ, ਪ੍ਰਭੂ ਦੀ ਕਥਾ ਸਭ ਤੋਂ ਉੱਤਮ ਹੈ। ਜੈਸਾ ਕਿ :

੧. **ਨਿਰਗੁਣ ਕਥਾ ਕਥਾ ਹੈ ਹਰਿ ਕੀ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ॥**
[ਗਉੜੀ ਮਹਲਾ ੪, ਅੰਗ ੧੬੪]

੨. **ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥**

[ਗਉੜੀ ਮਹਲਾ ੫, ਅੰਗ ੨੬੫]

ਪ੍ਰਭੂ ਦੀ ਕਥਾ ਸੁਨਣ ਵਿੱਚ ਮਨ ਦਾ ਲਗਾਉਣਾ, ਇਹਨਾਂ ਸਭਨਾਂ ਨੂੰ ਸ਼ੁਭ ਇੱਛਾ ਕਿਹਾ ਹੈ, ਇਸ ਦਾ ਨਾਮ ਪ੍ਰਵਿਰਤੀ ਕਰਮ ਹੈ।

## *ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ; ਪਾਪ ਤਜਾਇਆ ਬਲਿ ਰਾਮ ਜੀਉ॥*

ਬ੍ਰਹਮਾ ਨੇ ਵੀ ਆਪਣੀ ਬੇਦਾਂ ਰੂਪ ਬਾਣੀ ਵਿੱਚ ਕਥਨ ਕੀਤਾ ਹੈ, ਧਰਮ ਨੂੰ ਦ੍ਰਿੜ੍ਹ ਕਰਕੇ ਪਾਪਾਂ ਨੂੰ ਤਜਣਾ ਕਰੋ, ਵਾ—ਸਤਿਗੁਰਾਂ ਨੇ ਬ੍ਰਹਮ ਦੇ ਵੇਦੁ=ਗਿਆਨ ਸੰਬੰਧੀ ਬਾਣੀ ਦੁਆਰਾ ਕਿਹਾ ਕਿ ਨਿਸ਼ਕਾਮ ਕਰਮਾਂ ਰੂਪ ਧਰਮ ਨੂੰ ਦ੍ਰਿੜ੍ਹ ਕਰਕੇ ਪਾਪ ਨੂੰ ਤਜਣਾ ਕਰੋ। **ਵਾ:** ਜੋ ਬ੍ਰਹਮਾ=ਵਿਸਥਾਰ ਪੂਰਬਕ ਗਿਆਨ ਸਰੂਪ ਦੀ ਪ੍ਰਤਿਪਾਦਕ ਬਾਣੀ ਹੈ, ਉਸ ਦੁਆਰਾ ਦੱਸਿਆ ਹੈ ਕਿ ਪਾਪਾਂ ਨੂੰ ਤਿਆਗ ਕੇ ਧਰਮ ਨੂੰ ਦ੍ਰਿੜ੍ਹ ਕਰੋ ਅਤੇ ਰਾਮ=ਰਮੇ ਹੋਏ ਪ੍ਰਮੇਸ਼ਰ ਜੀ ਤੋਂ ਬਲਿਹਾਰ ਜਾਣਾ ਕਰੋ।

## *ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ; ਸਿਮ੍ਰਿਤਿ ਨਾਮੁ ਦ੍ਰਿੜਾਇਆ॥*

ਸ੍ਵੈ ਧਰਮ ਨੂੰ ਦ੍ਰਿੜ੍ਹ ਕਰੋ। ਜੈਸਾ ਕਿ:

**ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥** [ਸੋਰਠਿ ਮਹਲਾ ੫, ਅੰਗ ੬੨੨]

ਅਤੇ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰੋ, ਜਿਸ ਨਾਮ ਨੂੰ ਚਾਰੇ ਬੇਦ, ਛੇ ਸ਼ਾਸ਼ਤ੍ਰ ਅਤੇ ਸਤਾਈ ਸਿਮ੍ਰਿਤੀਆਂ ਨੇ ਵੀ ਦ੍ਰਿੜਾਇਆ=ਪੱਕਾ ਕਰਾਇਆ ਹੈ। ਜੈਸਾ ਕਿ:

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥੧॥**

[ਸੂਹੀ ਮਹਲਾ ੫, ਅੰਗ ੭੬੧]

**ਧਰਮ—**ਧਰਮ ਦੇ ੧੦ ਚਿੰਨ੍ਹ ਕਥਨ ਕੀਤੇ ਹਨ। ਜੈਸਾ ਕਿ:

੧. **ਖਿਮਾ ਅਹਿੰਸਾ ਦਯਾ ਮ੍ਰਿਦ ਸਤ ਬਚਨ ਤਪ ਦਾਨ॥**
**ਸੀਲ ਸੌਚ ਤ੍ਰਿਸਨਾ ਬਿਨਾ ਧਰਮ ਲਿੰਗ ਦਸ ਜਾਨ॥੧੦॥** [ਸਾਰਕੁਤਾਵਲੀ, ਅਧਿ: ੧]

੨. **ਇੰਦ ਬਿਨਾ ਜਿਉਂ ਮੰਦ ਨਿਸਿ, ਮੰਦ ਕੰਜ ਬਿਨ ਤਾਲ॥**
**ਜੀਵ ਮੰਦ ਤਿਉ ਧਰਮ ਬਿਨ ਤਾਂਤੇ ਧਰਮ ਨ ਟਾਲ॥੧੪॥** [ਸਾਰਕੁਤਾਵਲੀ, ਅਧਿ: ੧]

੩. **ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥**

[ਗਉੜੀ ਮਹਲਾ ੫, ਅੰਗ ੨੬੬]

੪. **ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ॥** [ਸਵਈਏ ਮਹਲੇ ਚਉਥੇ ਕੇ, ਅੰਗ ੧੩੯੮]

## *ਸਤਿਗੁਰੁ ਗੁਰੁ ਪੂਰਾ ਆਰਾਧਹੁ; ਸਭਿ ਕਿਲਵਿਖ ਪਾਪ ਗਵਾਇਆ॥*

ਗੁਰੁ=ਪੂਜਨੀਕ ਪੂਰੇ ਸਤਿਗੁਰਾਂ ਨੂੰ ਆਰਾਧਹੁ=ਯਾਦ ਕਰਨਾ ਕਰੋ, **ਵਾ:** ਸਤਿਗੁਰਾਂ ਦੁਆਰੇ ਗੁਰੁ=ਪੂਜਨੀਕ ਪੂਰੇ ਪ੍ਰਮੇਸ਼ਰ ਨੂੰ ਅਰਾਧਨਾ ਕਰੋ, ਜਿਨ੍ਹਾਂ ਨੇ ਆਰਾਧਿਆ ਹੈ, ਉਹਨਾਂ ਨੇ ਚਾਰੇ ਕਿਲਵਿਖ ਅਤੇ ਅਨੰਤ ਹੀ ਪਾਪਾਂ ਨੂੰ ਗਵਾ ਦਿੱਤਾ ਹੈ, ਭਾਵ ਖ਼ਤਮ ਕਰ ਦਿੱਤਾ ਹੈ। [(ਕਿਲ+ਵਿਖ) ਕਿਲ=ਨਿਸਚੇ ਕਰਕੇ ਜੋ ਵਿਖ=ਵਿਹੁ ਵਰਗੇ ਪਾਪ ਹਨ, ਉਹ ਗਵਾ ਦਿੱਤੇ ਹਨ] ਚਾਰ ਕਿਲਵਿਖਾਂ ਦੇ ਹੋਰ ਵੀ ਪ੍ਰਮਾਣ ਆਏ ਹਨ। ਜੈਸਾ ਕਿ:

**ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥** [ਸਿਰੀਰਾਗ ਮਹਲਾ ੫, ਅੰਗ ੭੦]

ਚਾਰ ਕਿਲਵਿਖਾਂ ਦਾ ਵੇਰਵਾ। ਜੈਸਾ ਕਿ :

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥** [ਸਲੋਕ ਮਹਲਾ ੩, ਅੰਗ ੧੪੧੩]

## *ਸਹਜ ਅਨੰਦੁ ਹੋਆ ਵਡਭਾਗੀ; ਮਨਿ ਹਰਿ ਹਰਿ ਮੀਠਾ ਲਾਇਆ ॥*

ਉਸ ਵਡਭਾਗੀ=ਵੱਡੇ ਭਾਗਾਂ ਵਾਲੇ ਜਗਿਆਸੂ ਦੇ ਮਨ ਵਿੱਚ ਸਹਜੇ ਹੀ ਅਨੰਦ ਪ੍ਰਾਪਤ ਹੋਇਆ ਹੈ, ਜਿਸ ਦੇ ਮਨ ਵਿੱਚ ਹਰਿ=ਹਰ ਇੱਕ ਵਿੱਚ ਵਿਆਪਕ ਹਰਿ=ਪ੍ਰਮੇਸ਼ਰ ਦਾ ਨਾਮ ਮਿੱਠਾ ਲਗਿਆ ਹੈ।

## *ਜਨੁ ਕਹੈ ਨਾਨਕੁ ਲਾਵ ਪਹਿਲੀ; ਆਰੰਭੁ ਕਾਜੁ ਰਚਾਇਆ ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਆਤਮਾ-ਪ੍ਰਮਾਤਮਾ ਦੇ ਮਿਲਾਪ ਰੂਪ ਕਾਰਜ ਦੇ ਆਰੰਭ ਵਿੱਚ ਸ਼ੁਭ ਇੱਛਾ ਰੂਪ ਪਹਿਲੀ ਲਾਵ=ਪ੍ਰਕਰਮਾ, ਸਿਖਿਆ, ਭੂਮਿਕਾ ਨੂੰ ਰਚਾਉਣਾ ਕੀਤਾ ਹੈ॥੧॥

## *ਹਰਿ ਦੂਜੜੀ ਲਾਵ; ਸਤਿਗੁਰੁ ਪੁਰਖੁ ਮਿਲਾਇਆ, ਬਲਿ ਰਾਮ ਜੀਉ ॥*

ਬਲਿਹਾਰ ਜਾਣ ਯੋਗ ਰਾਮ=ਪ੍ਰਮੇਸ਼ਰ ਜੀ ਨੇ ਉਸ ਪ੍ਰਮਾਤਮਾ ਦੀ ਦੂਜੜੀ=ਦੂਜੀ ਲਾਵ=ਪ੍ਰਕਰਮਾ, ਸਿਖਿਆ, ਭੂਮਿਕਾ ਜੋ ਸ਼ੁਭ ਵਿਚਾਰ ਹੈ, ਸਤਿਗੁਰ ਪੁਰਖ ਨੇ ਉਸ ਨਾਲ ਮਿਲਾਉਣਾ ਕੀਤਾ ਹੈ। ਜੈਸਾ ਕਿ :

**ਦੂਜੀ ਕਹੀ ਸੁ ਬਿਚਾਰਨਾ ਉਪਜਯੋ ਤੱਤ ਬਿਚਾਰ ॥**
**ਏਕੰਤ ਹ੍ਵੈ ਸੋਧਨ ਲਗਯੋ ਕੋ ਹੰ ਕੋ ਸੰਸਾਰ ॥੧॥** [ਵਿਚਾਰ ਮਾਲਾ, ਅਧਿ: ੩]

ਸ਼ੁਭ ਵਿਚਾਰ ਦੁਆਰਾ ਇਕਾਂਤ ਜਗ੍ਹਾ ਵਿੱਚ ਬੈਠ ਕੇ ਇਸ ਗੱਲ ਨੂੰ ਵਿਚਾਰਨ ਲੱਗ ਪਿਆ ਕਿ ਹੰ=ਮੈਂ ਕੌਣ ਹਾਂ ? ਤੇ ਇਹ ਸੰਸਾਰ ਕੀ ਹੈ ? ਵਿਚਾਰ ਕੇ ਇਹ ਨਿਸਚੇ ਕੀਤਾ ਕਿ ਮੈਂ ਸਰੀਰ ਨਹੀਂ ਹਾਂ, ਕਿਉਂਕਿ ਇਹ ਸਰੀਰ ਮੈਲੇ ਪਾਣੀ ਦਾ ਬੁਦਬੁਦਾ ਹੈ। ਜੈਸਾ ਕਿ :

੧. **ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥** [ਗਉੜੀ ਕਬੀਰ ਜੀ, ਅੰਗ ੩੩੬]

੨. **ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥** [ਸਿਰੀਰਾਗ ਮਹਲਾ ੧, ਅੰਗ ੬੩]

੩. **ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥** [ਵਾਰ ਜੈਤਸਰੀ ਮਃ ੫, ਅੰਗ ੭੦੬]

ਅਤੇ ਸੰਸਾਰ ਵੀ ਧੂੰਏ ਦੇ ਪਹਾੜ ਵਾਂਗ ਨਾਸ਼ਵੰਤ ਹੈ। ਜੈਸਾ ਕਿ :

**ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬੀਚਾਰਿ ॥**
[ਬਸੰਤ ਮਹਲਾ ੯, ਅੰਗ ੧੧੮੬]

## *ਨਿਰਭਉ ਭੈ ਮਨੁ ਹੋਇ; ਹਉਮੈ ਮੈਲੁ ਗਵਾਇਆ, ਬਲਿ ਰਾਮ ਜੀਉ ॥*

ਜਦੋਂ ਸਤਿਗੁਰਾਂ ਦਾ ਭੈਅ ਮਨ ਵਿੱਚ ਧਾਰਨ ਕੀਤਾ ਤਾਂ ਹੋਰ ਭੈਆਂ ਵਲੋਂ ਨਿਰਭਉ ਹੋ ਗਏ ਤੇ ਹੰਗਤਾ, ਮਮਤਾ ਰੂਪ ਮੈਲ ਨੂੰ ਗਵਾ ਦਿੱਤਾ ਹੈ ਰਾਮ=ਪ੍ਰਮੇਸ਼ਰ ਰੂਪ ਸਤਿਗੁਰੂ ਜੀ ਤੋਂ ਮੈਂ ਬਲਿਹਾਰ ਜਾਂਦਾ ਹਾਂ। **ਵਾ:** ਬਲਿਹਾਰ ਜਾਣ ਯੋਗ ਰਾਮ=ਪ੍ਰਮੇਸ਼ਰ ਜੀ ਦੇ ਭੈ=ਡਰ ਧਾਰਨ ਕਰਕੇ ਮਨ ਨਿਰਭਉ ਹੁੰਦਾ ਹੈ। ਗੁਰਮੁਖਾਂ ਨੇ ਪ੍ਰਮੇਸ਼ਰ ਦੇ ਡਰ ਨੂੰ ਧਾਰ ਕੇ ਹਉਮੈ ਦੀ ਮੈਲ ਨੂੰ ਗਵਾਉਣਾ ਕੀਤਾ ਹੈ।

## *ਨਿਰਮਲੁ ਭਉ ਪਾਇਆ, ਹਰਿ ਗੁਣ ਗਾਇਆ; ਹਰਿ ਵੇਖੈ ਰਾਮੁ ਹਦੂਰੇ ॥*

ਨਿਰਮਲੁ=ਮੈਲ ਰਹਿਤ ਪ੍ਰਮਾਤਮਾ ਦੇ ਭੈ=ਡਰ ਨੂੰ ਪਾ ਕੇ ਜਿਸ ਨੇ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ, ਉਸਨੇ ਰਾਮ=ਰਮੇ ਹੋਏ ਹਰਿ=ਪ੍ਰਮੇਸ਼ਰ ਨੂੰ ਹਦੂਰੇ=ਸਨਮੁਖ, ਸਮੀਪ ਦੇਖਿਆ ਹੈ।

## *ਹਰਿ ਆਤਮ ਰਾਮੁ ਪਸਾਰਿਆ ਸੁਆਮੀ; ਸਰਬ ਰਹਿਆ ਭਰਪੂਰੇ ॥*

ਰਾਮੁ=ਰਮੇ ਹੋਏ ਹਰਿ=ਪ੍ਰਮੇਸ਼ਰ ਨੇ ਆਤਮ=ਆਪਣੇ ਆਪ ਤੋਂ ਸੰਸਾਰ ਦਾ ਪਸਾਰਾ ਪਸਾਰਿਆ ਹੈ, ਪੁਨਾ ਉਹ ਸੁਆਮੀ ਸਾਰਿਆਂ ਵਿੱਚ ਭਰਪੂਰੇ=ਪਰੀ-ਪੂਰਨ ਹੋ ਰਿਹਾ ਹੈ।

## *ਅੰਤਰਿ ਬਾਹਰਿ ਹਰਿ ਪ੍ਰਭੁ ਏਕੋ; ਮਿਲਿ ਹਰਿ ਜਨ ਮੰਗਲ ਗਾਏ ॥*

ਸਰੀਰ ਦੇ, **ਅਥਵਾ** ਬ੍ਰਹਿਮੰਡ ਦੇ ਅੰਦਰ ਬਾਹਰ ਜੋ ਇੱਕ ਹਰੀ ਪ੍ਰਭੂ ਹੈ, ਉਸ ਦੇ ਸੰਤ ਜਨਾਂ ਨਾਲ ਮਿਲ ਕੇ ਅਸੀਂ ਉਸਦੇ ਮੰਗਲ=ਖ਼ੁਸ਼ੀ ਦੇ ਗੀਤ, ਭਾਵ ਖ਼ੁਸ਼ੀ ਦੇਣ ਵਾਲੀ ਪ੍ਰਮੇਸ਼ਰ ਦੀ ਬਾਣੀ ਨੂੰ ਗਾਉਣਾ ਕੀਤਾ ਹੈ।

## *ਜਨ ਨਾਨਕ ਦੂਜੀ ਲਾਵ ਚਲਾਈ; ਅਨਹਦ ਸਬਦ ਵਜਾਏ ॥੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਪ੍ਰਮੇਸ਼ਰ ਪਤੀ ਦੀ ਪ੍ਰਾਪਤੀ ਵਾਸਤੇ ਸੁਭ ਵਿਚਾਰਨਾ, ਸ਼ੁਭ ਵਿਚਾਰ ਕਰਨੇ ਰੂਪ ਦੂਜੀ ਲਾਵ=ਪ੍ਰਕਰਮਾ, ਭੂਮਿਕਾ, ਸਿਖਿਆ ਚਲਾਈ=ਚਲਾਉਣਾ ਕੀਤੀ ਹੈ ਤੇ ਅਨਹਦ=ਇੱਕ ਰਸ ਨਾਮ ਰੂਪ ਸ਼ਬਦ ਵਜਾਏ=ਉਚਾਰਨਾ ਕੀਤੇ ॥੨॥

## *ਹਰਿ ਤੀਜੜੀ ਲਾਵ; ਮਨਿ ਚਾਉ ਭਇਆ ਬੈਰਾਗੀਆ, ਬਲਿ ਰਾਮ ਜੀਉ ॥*

ਬਲਿਹਾਰ ਜਾਣ ਯੋਗ ਜੋ ਰਾਮ ਹੈ ਉਸ ਹਰਿ=ਪ੍ਰਮੇਸ਼ਰ ਪਤੀ ਜੀ ਦੀ ਪ੍ਰਾਪਤੀ ਵਾਸਤੇ ਤੀਜੜੀ=ਤੀਜੀ ਲਾਵ=ਪ੍ਰਕਰਮਾ, ਸਿਖਿਆ, ਭੂਮਿਕਾ (ਤਨੂ ਮਾਨਸਾ) ਹੈ। ਇਸ ਕਰਕੇ ਵੈਰਾਗੀਆਂ ਦੀ ਨਿਆਈਂ ਮਨ ਵਿੱਚ ਚਾਉ=ਉਤਸ਼ਾਹ ਪੈਦਾ ਹੋਇਆ ਹੈ।

ਤਨੂ ਮਾਨਸਾ— **ਤਨੂ ਮਾਨਸਾ ਸੁ ਤੀਸਰੀ ਮਨ ਕੋ ਪ੍ਰਤਿਆਹਾਰ ॥**
**ਥਿਰ ਹ੍ਵੈ ਸੁਧ ਸਰੂਪ ਕੀ ਰਾਖੈ ਨਿਤ ਸੰਭਾਰ ॥੧੨॥** [ਵਿਚਾਰ ਮਾਲਾ, ਅਧਿ: ੩]

ਮਨ ਨੂੰ ਪ੍ਰਤਿਆਹਾਰ=ਰੋਕਣਾ, ਰੋਕ ਕੇ ਸੂਖਮ ਕਰਨਾ, ਇਸੇ ਦਾ ਨਾਮ ਤਨੂ ਮਾਨਸਾ ਹੈ।

## *ਸੰਤ ਜਨਾ ਹਰਿ ਮੇਲੁ; ਹਰਿ ਪਾਇਆ ਵਡਭਾਗੀਆ, ਬਲਿ ਰਾਮ ਜੀਉ ॥*

ਹੇ ਭਾਈ ! ਹਰਿ=ਪ੍ਰਮੇਸ਼ਰ ਜੀ ਦੇ ਸੰਤ ਜਨਾਂ ਨਾਲ ਆਪਣੇ ਆਪ ਨੂੰ ਮੇਲਣਾ ਕਰ, ਜਿਨ੍ਹਾਂ ਵਡਭਾਗੀ ਸੰਤਾਂ ਨੇ ਬਲਿਹਾਰ ਜਾਣ ਯੋਗ ਰਾਮ=ਰਮੇ ਹੋਏ ਹਰਿ=ਪ੍ਰਮੇਸ਼ਰ ਨੂੰ ਪਾਇਆ=ਪ੍ਰਾਪਤ ਕੀਤਾ ਹੈ।

## *ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ; ਮੁਖਿ ਬੋਲੀ ਹਰਿ ਬਾਣੀ ॥*

ਜਿਨ੍ਹਾਂ ਸਤ ਪੁਰਸ਼ਾਂ ਨੇ ਨਿਰਮਲੁ=ਮੈਲ ਰਹਿਤ ਸੁਧ ਸਰੂਪ ਹਰਿ=ਪ੍ਰਮੇਸ਼ਰ ਨੂੰ ਪਾਇਆ=ਪ੍ਰਾਪਤ ਕੀਤਾ ਹੈ ਅਤੇ ਹਰਿ=ਪ੍ਰਮਾਤਮਾ ਦੇ ਗੁਣਾਂ ਨੂੰ ਗਾਇਨ ਕੀਤਾ ਹੈ ਅਤੇ ਮੁਖਿ=ਮੂੰਹ ਤੋਂ ਹਰਿ=ਪ੍ਰਮੇਸ਼ਰ ਦੀ ਨਾਮ ਰੂਪ ਬਾਣੀ ਨੂੰ ਬੋਲਣਾ ਕੀਤਾ ਹੈ। ਇਸ ਤਰ੍ਹਾਂ ਦੇ :

## *ਸੰਤ ਜਨਾ ਵਡਭਾਗੀ ਪਾਇਆ; ਹਰਿ ਕਥੀਐ ਅਕਥ ਕਹਾਣੀ ॥*

ਸੰਤ ਜਨਾਂ ਦਾ ਸੰਗ ਵਡਭਾਗੀ ਪੁਰਸ਼ਾਂ ਨੇ ਪਾਇਆ=ਪ੍ਰਾਪਤ ਕੀਤਾ ਹੈ, ਇਸ ਕਰਕੇ ਤੁਸੀਂ ਵੀ ਸਤਿਪੁਰਸ਼ਾਂ ਨਾਲ ਮਿਲ ਕੇ ਅਕੱਥ ਹਰੀ ਦੀ ਕਹਾਣੀ ਨੂੰ ਕਥੀਐ=ਕਥਨ ਕਰੋ।

## *ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ; ਹਰਿ ਜਪੀਐ ਮਸਤਕਿ ਭਾਗੁ ਜੀਉ ॥*

ਜਿਨ੍ਹਾਂ ਨੇ ਹਰਿ=ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਉਹਨਾਂ ਦੇ ਹਿਰਦੇ ਵਿੱਚ ਹਰਿ ਹਰਿ ਨਾਮ ਦੀ ਧੁਨ ਉਪਜੀ=ਪੈਦਾ ਹੋਈ ਹੈ, ਭਾਵ ਬ੍ਰਹਮਾਕਾਰ ਬਿਰਤੀ ਹੋਈ ਹੈ, ਪਰ ਹਰਿ=ਪ੍ਰਮੇਸ਼ਰ ਨੂੰ ਉਹ ਜਪਦਾ ਹੈ, ਜਿਸ ਦੇ ਮਸਤਕ ਦੇ ਭਾਗ ਉਤਮ ਹੋਣ।

## *ਜਨੁ ਨਾਨਕੁ ਬੋਲੇ ਤੀਜੀ ਲਾਵੈ; ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ=ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ 'ਤਨੂ ਮਾਨਸਾ ਰੂਪ' ਤੀਜੀ ਲਾਵੈ=ਤੀਜੀ ਪ੍ਰਕਰਮਾ, **ਵਾ:** ਤੀਜੀ ਸਿਖਿਆ, **ਵਾ:** ਤੀਜੀ ਭੂਮਿਕਾ ਉਚਾਰਨ ਕੀਤੀ ਹੈ, ਜਿਸ ਕਰਕੇ ਮਨ ਵਿੱਚ ਬੈਰਾਗ ਉਪਜੈ=ਪੈਦਾ ਹੋਇਆ ਹੈ ॥੩॥

## *ਹਰਿ ਚਉਥੜੀ ਲਾਵ;*
## *ਮਨਿ ਸਹਜੁ ਭਇਆ ਹਰਿ ਪਾਇਆ, ਬਲਿ ਰਾਮ ਜੀਉ ॥*

ਹਰਿ=ਪ੍ਰਮੇਸ਼ਰ ਪਤੀ ਦੀ ਪ੍ਰਾਪਤੀ ਵਾਸਤੇ ਚਉਥੜੀ ਲਾਵ=ਚੌਥੀ ਪ੍ਰਕਰਮਾ, **ਵਾ:** ਚੌਥੀ ਸਿਖਿਆ, **ਵਾ:** ਚੌਥੀ ਭੂਮਿਕਾ 'ਸੱਤ੍ਵਾਪਦ' ਹੈ, ਅਰਥਾਤ ਤੁਰੀਆ ਪਦ ਹੈ। ਇਸ ਕਰਕੇ ਮਨ ਵਿੱਚ ਪ੍ਰਭੂ ਦਾ ਅਪ੍ਰੋਖ ਸਹਜੁ=ਗਿਆਨ ਹੋ ਗਿਆ ਹੈ, ਉਸ ਗਿਆਨ ਕਰਕੇ ਹੀ ਬਲਿਹਾਰ ਜਾਣ ਯੋਗ ਰਾਮ=ਪ੍ਰਮੇਸ਼ਰ ਜੀ ਨੂੰ ਪਾਇਆ=ਪ੍ਰਾਪਤ ਕਰ ਲਿਆ ਹੈ।

ਸਤ੍ਵਾਪਦ— **ਚਤੁਰਥ ਸਤ੍ਵਾਪਤਿ ਯਿਹ ਅਨਭਵ ਉਦੈ ਅਭੰਗ ॥**
**ਆਤਮ ਜਗੁ ਦਰਸਿਓ ਭਲੇ ਜਿਉ ਮਧ ਸਿੰਧੁ ਤਰੰਗ ॥੧੩॥** [ਵਿਚਾਰ ਮਾਲਾ, ਅਧਿ: ੩]

## *ਗੁਰਮੁਖਿ ਮਿਲਿਆ ਸੁਭਾਇ;*
## *ਹਰਿ ਮਨਿ ਤਨਿ ਮੀਠਾ ਲਾਇਆ, ਬਲਿ ਰਾਮ ਜੀਉ ॥*

ਜਿਸ ਵੇਲੇ ਗੁਰਮੁਖਿ=ਮੁਖੀ ਗੁਰੂ ਸਾਹਿਬ ਨੇ ਬਲਿਹਾਰ ਜਾਣ ਯੋਗ ਰਾਮ=ਪਿਆਰੇ ਹਰਿ=ਪ੍ਰਮੇਸ਼ਰ ਜੀ ਦਾ ਨਾਮ ਮਨ-ਤਨ ਵਿੱਚ ਮੀਠਾ=ਪਿਆਰਾ ਲਗਾਇਆ, ਤਾਂ ਹਰਿ=ਪ੍ਰਮੇਸ਼ਰ ਸੁਭਾਵਿਕ ਹੀ ਆ ਕੇ ਮਿਲ ਪਿਆ।

## *ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ; ਅਨਦਿਨੁ ਹਰਿ ਲਿਵ ਲਾਈ ॥*

ਜਿਸਨੂੰ ਹਰਿ=ਪ੍ਰਮੇਸ਼ਰ ਦਾ ਨਾਮ ਮਿੱਠਾ ਲਗ ਆਇਆ ਹੈ ਤੇ ਅਨਦਿਨੁ=ਰਾਤ ਦਿਨ ਹਰਿ=ਪ੍ਰਮੇਸ਼ਰ ਵਿੱਚ ਬਿਰਤੀ ਜੋੜੀ ਹੈ, ਉਹ ਮੇਰੇ ਪ੍ਰਭੂ ਨੂੰ ਭਾ ਗਿਆ ਹੈ ਅਤੇ

## *ਮਨ ਚਿੰਦਿਆ ਫਲੁ ਪਾਇਆ ਸੁਆਮੀ; ਹਰਿ ਨਾਮਿ ਵਜੀ ਵਾਧਾਈ ॥*

ਉਸਨੇ ਸੁਆਮੀ=ਮਾਲਕ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਮਨ ਚਿੰਦਿਆ=ਮਨ ਇਛਤ ਫਲ ਪਾਇਆ=ਪ੍ਰਾਪਤ ਕਰ ਲਿਆ ਹੈ ਅਤੇ ਨਾਮਿ=ਨਾਮੀ ਹਰੀ ਦੀ ਪ੍ਰਾਪਤੀ ਹੋਣ ਕਰਕੇ ਅਨੰਦ ਦੀ ਵਧਾਈ ਵਜੀ ਹੈ।

## *ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ; ਧਨ ਹਿਰਦੈ ਨਾਮਿ ਵਿਗਾਸੀ ॥*

ਜਿਸ ਵੇਲੇ ਸਤਿਗੁਰਾਂ ਨੇ ਹਰੀ ਪ੍ਰਭੂ ਜੋ ਸਾਰਿਆਂ ਦਾ ਠਾਕੁਰਿ=ਮਾਲਕ ਹੈ, ਉਸਦੀ ਪ੍ਰਾਪਤੀ ਦਾ ਕਾਜੁ=ਕਾਰਜ, ਭਾਵ ਵਿਆਹ ਰਚਾਇਆ ਤਾਂ ਜਗਿਆਸੂ ਰੂਪ ਇਸਤਰੀ ਹਿਰਦੇ ਵਿੱਚ ਨਾਮੀ ਦੇ ਨਾਮ ਨੂੰ ਜਪ ਕੇ ਵਿਗਾਸੀ=ਅਨੰਦ ਸਹਿਤ ਹੋਈ।

## *ਜਨੁ ਨਾਨਕੁ ਬੋਲੇ ਚਉਥੀ ਲਾਵੈ; ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਚਉਥੀ ਲਾਵੈ=ਚੌਥੀ ਪ੍ਰਕਰਮਾ, **ਵਾ:** ਚੌਥੀ ਸਿਖਿਆ, **ਵਾ:** ਚੌਥੀ ਭੂਮਿਕਾ ਜੋ ਤੁਰੀਆ ਪਦ ਹੈ, ਉਸ ਵਿੱਚ ਜਗਿਆਸੂ ਰੂਪ ਇਸਤਰੀ ਨੇ ਅਵਿਨਾਸੀ ਹਰੀ ਪ੍ਰਭੂ ਰੂਪ ਪਤੀ ਨੂੰ ਪਾਇਆ=ਪ੍ਰਾਪਤ ਕਰ ਲਿਆ ਹੈ। ਇਸ ਤਰ੍ਹਾਂ ਚਾਰ ਲਾਵਾਂ ਉਚਾਰ ਕੇ ਸਤਿਗੁਰੂ ਜੀ ਨੇ ਪ੍ਰਤੱਖ ਉਸ ਗ਼ਰੀਬ ਸਿੱਖ ਦੀ ਲੜਕੀ ਦਾ ਵਿਆਹ ਕਰਕੇ, ਸਾਰਿਆਂ ਨੂੰ ਪ੍ਰਸ਼ਾਦ ਦੇ ਕੇ ਘਰ ਨੂੰ ਤੋਰ ਦਿੱਤਾ ਅਤੇ ਜਗਿਆਸੂ ਰੂਪ ਲੜਕੀ ਦਾ ਪ੍ਰਮੇਸ਼ਰ ਰੂਪ ਪਤੀ ਨਾਲ ਵਿਆਹ ਕਰਕੇ, ਭਾਵ ਪ੍ਰਭੂ ਦੀ ਪ੍ਰਾਪਤੀ ਕਰਾ ਕੇ ਉਸ ਨੂੰ ਵੀ ਤੋਰ ਦਿੱਤਾ॥੪॥੨॥

**ਨੋਟ**—ਇਹ ਚਾਰ ਲਾਵਾਂ ਚਾਰ ਅਵਸਥਾ ਵਤ ਹਨ, **ਵਾ:** ਪਹਿਲੀਆਂ ਤਿੰਨ ਸ਼ੁਭ ਇਛਾ, ਸੁਵਿਚਰਨਾ, ਤਨੂ ਮਾਨਸਾ ਹਨ ਤੇ ਬਾਕੀ ਚੌਥੀ ਸਤ੍ਵਾਪਤਿ ਅਤੇ ਤੁਰੀਆ ਵਿੱਚ ਕੋਈ ਭੇਦ ਨਹੀਂ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੫੯ [ਆਦਿ ਅੰਗ ੭੭੫]

***ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥ ਸਬਦ ਘਨੇਰੇ ਹਰਿ ਪ੍ਰਭ ਨੇਰੇ ਤੂ ਕਰਤਾ ਸਭ ਥਾਈ ॥ ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ ॥ ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ ॥ ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥੧॥ ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥ ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ ॥ ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥ ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥ ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ ॥ ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ ॥੨॥ ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥ ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥ ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥ ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥੩॥ ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥ ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥ ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥ ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥ ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥੧॥੪॥***

## ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਇਹ ਮੁਖਵਾਕ ਸੂਹੀ ਰਾਗਣੀ ਦੇ ਛੰਤਾਂ ਵਿੱਚੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਰਾਗ ਦੇ ਤੀਸਰੇ ਸੁਰ ਤਾਲ ਵਿੱਚ ਉਚਾਰਨ ਕੀਤਾ ਹੋਇਆ ਹੈ। ੧=ਅਦੁੱਤੀ ਬ੍ਰਹਮ, ੴ=ਸਰਬ ਕਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਇਹ ਵਸਤੂ ਨਿਰਦੇਸ਼ਕ ਮੰਗਲ ਕਰਕੇ ਸਾਧਾਰਣ ਰੂਪ ਵਿੱਚ ਉਪਦੇਸ਼ ਕਰਦੇ ਹੋਏ ਸੰਤਾਂ ਦੇ ਨਾਲ ਮਿਲਾਪ ਦੀ ਰੀਤ ਕਥਨ ਕਰਦੇ ਹਨ ਤੇ ਪ੍ਰਮੇਸ਼ਰ ਦੇ ਗੁਣ ਗਾਉਣ ਦੀ ਪ੍ਰੇਰਨਾ ਕਰਦੇ ਹੋਏ ਆਖਦੇ ਹਨ ਕਿ ਹੇ ਗੁਰਸਿੱਖ ਪਿਆਰਿਉ !

## ਆਵਹੋ ਸੰਤ ਜਨਹੁ; ਗੁਣ ਗਾਵਹ ਗੋਵਿੰਦ ਕੇਰੇ ਰਾਮ ॥

ਹੇ ਸੰਤ=ਸ਼ਾਂਤ ਆਤਮਾ ਵਾਲੇ ਸੰਤ ਜਨੋ ! ਆਵਹੁ=ਆਉਣਾ ਕਰੋ, ਅਸੀਂ ਆਪਸ ਵਿੱਚ ਰਲ ਕੇ (ਗੋ+ਵਿੰਦ) ਗੋ=ਬੇਦਾ ਕਰਕੇ ਵਿੰਦ=ਜਾਨਣੇ ਯੋਗ ਪ੍ਰਮੇਸ਼ਰ ਕੇਰੇ=ਦੇ ਗੁਣ ਗਾਉਣਾ ਕਰੀਏ। ਜਿਸ ਜਿਸ ਨੇ ਸਤਿਪੁਰਸ਼ਾਂ ਦੀ ਸੰਗਤ ਨਾਲ ਮਿਲ ਕੇ ਵਾਹਿਗੁਰੂ ਦੇ ਗੁਣ ਗਾਉਣਾ ਕੀਤੇ ਹਨ, ਉਹਨਾਂ ਨੂੰ ਇੱਕ ਪ੍ਰਮੇਸ਼ਰ 'ਤੇ ਹੀ ਆਸ, ਭਾਵ ਵਿਸ਼ਵਾਸ ਹੁੰਦਾ ਹੈ, ਦੂਜੇ ਕਿਸੇ ਦੀ ਆਸ ਨਹੀਂ ਰਹਿੰਦੀ। ਜੈਸਾ ਕਿ :

**ਸੰਤ ਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥** [ਸਾਰਗ ਮਹਲਾ ੫, ਅੰਗ ੧੨੨੮]

ਕਿਉਂਕਿ ਉਹਨਾਂ ਨੂੰ ਇਸ ਗੱਲ ਦੀ ਸੋਝੀ, ਗਿਆਤ ਪ੍ਰਾਪਤ ਹੋ ਜਾਂਦੀ ਹੈ ਕਿ ਇੱਕ ਪ੍ਰਮੇਸ਼ਰ ਦੀ ਆਸ ਨੂੰ ਛੱਡ ਕੇ ਦੂਜੇ ਦੀ ਆਸ ਨਿਰਾਸ਼ਾ ਹੀ ਦੇਣ ਵਾਲੀ ਹੈ। ਜਿਵੇਂ ਜਿੰਨੀ ਦੇਰ ਤਕ ਦਰੋਪਤੀ ਨੂੰ ਦਰੋਣਾਚਾਰੀਆ,

ਕ੍ਰਿਪਾਚਾਰੀਆ, ਭਿਸ਼ਮ ਪਿਤਾਮਾ, ਧ੍ਰਿਤਰਾਸ਼ਟਰ ਅਤੇ ਆਪਣੇ ਸੂਰਬੀਰ ਪੰਜ ਪਤੀਆਂ 'ਤੇ ਆਸ ਬੱਝੀ ਰਹੀ ਤਾਂ ਉਨ੍ਹੀ ਦੇਰ ਤਕ ਨਿਰਾਸ਼ਾ ਨੂੰ ਹੀ ਦੇਖਦੀ ਰਹੀ ਤੇ ਜਦੋਂ ਇਹਨਾਂ ਦੂਜਿਆਂ ਦੀ ਆਸ ਨੂੰ ਛੱਡ ਕੇ ਇੱਕ ਪ੍ਰਮੇਸ਼ਰ ਸਰੂਪ ਭਗਵਾਨ ਕ੍ਰਿਸ਼ਨ 'ਤੇ ਆਸਾ ਰੱਖੀ ਤਾਂ ਭਗਵਾਨ ਨੇ ਰੱਖਿਆ ਕੀਤੀ ਤੇ ਬਿਪਤਾ ਤੋਂ ਰਹਿਤ ਕੀਤਾ। ਇਸ ਲਈ ਜੋ ਸੰਤ ਜਨਾਂ ਨਾਲ ਮਿਲ ਕੇ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਨ, ਉਹਨਾਂ ਨੂੰ ਕਿਸੇ ਦੂਜੇ ਦੀ ਆਸ ਨਹੀਂ ਰਹਿੰਦੀ ਤੇ ਨਾ ਹੀ ਉਨ੍ਹਾਂ ਨੂੰ ਮਾਇਆ ਪੋਹ ਸਕਦੀ ਹੈ। ਜੈਸਾ ਕਿ :

**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥** [ਮਾਝ ਮਹਲਾ ੫, ਅੰਗ ੧੩੫]

## *ਗੁਰਮੁਖਿ ਮਿਲਿ ਰਹੀਐ; ਘਰਿ ਵਾਜਹਿ ਸਬਦ ਘਨੇਰੇ ਰਾਮ ॥*

ਉਹਨਾਂ ਗੁਰਮੁਖਾਂ ਨਾਲ ਮਿਲ ਕੇ ਰਹਿਣਾ ਕਰੀਏ, ਜਿਨ੍ਹਾਂ ਦੇ ਘਰਿ=ਹਿਰਦੇ ਵਿੱਚ ਰਾਮ ਦੀ ਪ੍ਰਾਪਤੀ ਕਰਾਉਣ ਵਾਲੇ ਘਨੇਰੇ=ਬਹੁਤ ਸ਼ਬਦ ਵਾਜਹਿ=ਵੱਜ ਰਹੇ ਹਨ, ਭਾਵ ਸ਼ਬਦ ਕੀਰਤਨ ਹੁੰਦਾ ਰਹਿੰਦਾ ਹੈ। ਗੁਰਮੁਖਾਂ ਦੀ ਸੰਗਤ ਨਾਲ ਮਿਲ ਕੇ ਰਹਿਣ ਨਾਲ ਜੰਮਣ ਮਰਨ ਰੂਪ ਫੇਰਾ ਚੁੱਕਿਆ ਜਾਂਦਾ ਹੈ। ਜੈਸਾ ਕਿ :

**ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥** [ਮਾਝ ਮਃ ੩, ਅੰਗ ੧੨੨]

## *ਸਬਦ ਘਨੇਰੇ ਹਰਿ ਪ੍ਰਭ ਨੇਰੇ; ਤੂ ਕਰਤਾ ਸਭ ਥਾਈ ॥*[੧]

(ਪਾਠਾਂਤ੍ਰ 'ਤੇਰੇ')

ਹੇ ਹਰਿ=ਹਰੀ ਪ੍ਰਭ=ਪਰਮੇਸ਼ਰ ਜੀ! ਜਿਨ੍ਹਾਂ ਦੇ ਹਿਰਦੇ ਰੂਪੀ ਘਰ ਵਿੱਚ ਗੁਰੂ ਦੇ ਸਬਦ=ਉਪਦੇਸ਼ ਦੁਆਰਾ ਸੁਣਨ, ਮੰਨਣ, ਨਿਧਿਆਸਣ ਰੂਪੀ **ਵਾ:** ਸਤਿਨਾਮ ਰੂਪੀ ਘਨੇਰੇ=ਘਣੇ ਵਾਜੇ ਵੱਜ ਰਹੇ ਹਨ **ਵਾ** ਜੋ ਤੇਰੀ ਪ੍ਰਾਪਤੀ ਵਾਲੇ ਘਣੇ ਸ਼ਬਦਾਂ ਨੂੰ ਇਕ-ਰਸ ਉਚਾਰਣ ਕਰਦੇ ਹਨ, ਉਹ ਤੇਰੇ ਨੇਰੇ=ਨੇੜੇ ਵੱਜਣ ਲੱਗ ਜਾਂਦੇ ਹਨ **ਵਾ** ਉਹ ਤੇਰੇ=ਤੁਹਾਡੇ ਹੀ ਸੇਵਕ ਬਣ ਜਾਂਦੇ ਹਨ ਅਤੇ ਐਸਾ ਨਿਸ਼ਚਾ ਕਰਦੇ ਹਨ ਕਿ ਹੇ ਕਰਤਾ=ਕਰਤੇ ਪੁਰਖ! ਤੂੰ ਸਾਰੀਆਂ ਥਾਈ=ਥਾਂਵਾਂ, ਜਗ੍ਹਾ ਵਿੱਚ ਪਰੀ ਪੂਰਨ, **ਵਾ:** ਵਿਆਪਕ ਹੈਂ। ਜੈਸਾ ਕਿ :

**ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥** [ਨਟ ਮਹਲਾ ੪, ਅੰਗ ੯੮੨]

ਐਸੀ ਹਰ ਥਾਂ ਬ੍ਰਹਮ ਨੂੰ ਦੇਖਣ ਤੇ ਪਛਾਨਣ ਦੀ ਅਵਸਥਾ ਸਤਿਗੁਰਾਂ ਦੇ ਉਪਦੇਸ਼ ਦੁਆਰਾ ਹੀ ਬਣਦੀ ਹੈ। ਜੈਸਾ ਕਿ :

**ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥**
[ਮਾਰੂ ਮਹਲਾ ੧, ਅੰਗ ੧੦੪੩]

## *ਅਹਿਨਿਸਿ ਜਪੀ ਸਦਾ ਸਾਲਾਹੀ; ਸਾਚ ਸਬਦਿ ਲਿਵ ਲਾਈ ॥*

ਜਿਸ ਨੇ ਸਾਚ=ਸੱਚੇ ਸਬਦਿ=ਉਪਦੇਸ਼ ਵਿੱਚ, **ਵਾ:** ਬ੍ਰਹਮ ਵਿੱਚ ਲਿਵ=ਬਿਰਤੀ ਲਾਈ=ਲਗਾਈ ਹੈ, ਉਹ ਅਹਿਨਿਸਿ=ਦਿਨ ਰਾਤ ਨਾਮ ਜਪੀ=ਜਪਦਾ ਰਹਿੰਦਾ ਹੈ ਤੇ ਸਦਾ ਹੀ ਪ੍ਰਭੂ ਦੀ ਸਾਲਾਹੀ=ਸ਼ਲਾਘਾ ਕਰਦਾ ਰਹਿੰਦਾ ਹੈ। ਸਤਿਗੁਰੂ ਜੀ ਰਾਤ ਦਿਨ ਪ੍ਰਮੇਸ਼ਰ ਦੇ ਨਾਮ ਜਪਣ ਦੀ ਪ੍ਰੇਰਨਾ ਕਰਦੇ ਤੇ ਨਾਮ ਜਪਣ ਦਾ ਮਹਾਤਮ ਦੱਸਦੇ ਹੋਏ ਆਖਦੇ ਹਨ ਕਿ ਜੋ ਅੰਤਹਕਰਨ ਨੂੰ ਜਨਮਾਂ-ਜਨਮਾਤਰਾਂ ਦੀ ਵਿਕਾਰਾਂ ਰੂਪ ਮੈਲ ਲੱਗੀ ਹੋਈ ਹੈ। ਜੈਸਾ ਕਿ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥** [ਸੋਰਠਿ ਕੀ ਵਾਰ ਮਃ ੩, ਅੰਗ ੬੫੧]

੧. ਦਮਦਮਾ ਸਾਹਿਬ ਦਾ ਪਾਠ 'ਹਰਿ ਪ੍ਰਭ ਨੇਰੇ' ਸ਼ੁੱਧ ਹੈ, ਕਈ ਸਰੂਪਾਂ ਵਿੱਚ 'ਹਰਿ ਪ੍ਰਭ ਤੇਰੇ' ਪਾਠ ਵੀ ਆਇਆ ਹੈ, ਜੋ ਭਾਈ ਬੰਨੋ ਵਾਲੀ ਬੀੜ ਵਿੱਚ ਲਿਖਿਆ ਹੋਇਆ ਹੈ।

ਉਸ ਪ੍ਰਮੇਸ਼ਰ ਦੇ ਨਾਮ ਨੂੰ ਜਪਣ ਕਰਕੇ ਇਹ ਮੈਲ ਉਤਰ ਜਾਂਦੀ ਹੈ ਤੇ ਅੰਤਹਕਰਨ ਪਵਿੱਤਰ ਹੋ ਜਾਂਦਾ ਹੈ। ਇਸ ਲਈ :

**ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ॥** [ਰਾਗ ਮਲਾਰ ਮਹਲਾ ੧, ਅੰਗ ੧੨੫੪]

ਉਸ ਪ੍ਰਮੇਸ਼ਰ ਦੇ ਨਾਮ ਨੂੰ ਜਪਣ ਕਰਕੇ ਸਾਰੀਆਂ ਆਸਾਂ ਪੂਰੀਆਂ ਹੁੰਦੀਆਂ ਹਨ, ਇਸ ਕਰਕੇ :

**ਅਨਦਿਨੁ ਨਾਮੁ ਜਪਹੁ ਬਨਵਾਰੀ॥ ਸਭ ਆਸਾ ਮਨਸਾ ਪੂਰੈ ਥਾਰੀ॥** [ਮਾਰੂ ਮਹਲਾ ੪, ਅੰਗ ੧੦੭੦]

ਐਸੇ ਗੁਣਾਂ ਦੇ ਖ਼ਜ਼ਾਨੇ ਰੂਪ ਪ੍ਰਮੇਸ਼ਰ ਦੇ ਜਾਪ ਨੂੰ ਜਪਣਾ ਚਾਹੀਦਾ ਹੈ। ਜੈਸਾ ਕਿ :

**ਅਨਦਿਨੁ ਜਪਉ ਨਾਮ ਗੁਣਤਾਸਿ॥** [ਆਸਾ ਮਹਲਾ ੫, ਅੰਗ ੩੮੯]

ਜੋ ਰਾਤ ਦਿਨ ਸੱਚੇ ਸਬਦ ਵਿੱਚ ਲਿਵ ਵਿਰਤੀ ਲਾਉਂਦੇ ਹਨ, ਉਹਨਾਂ ਦੀ ਸੁਤੇ ਸਿੱਧ ਹੀ ਗਿਆਨ ਵਿੱਚ ਸਮਾਈ ਹੁੰਦੀ ਹੈ। ਜੈਸਾ ਕਿ :

**ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ॥** [ਧਨਾਸਰੀ ਮਃ ੪, ਅੰਗ ੬੯੦]

## *ਅਨਦਿਨੁ ਸਹਜਿ ਰਹੈ ਰੰਗਿ ਰਾਤਾ; ਰਾਮ ਨਾਮੁ ਰਿਦ ਪੂਜਾ॥*

ਉਹ ਪੁਰਸ਼ ਸਹਜਿ=ਸਹਜੇ ਹੀ ਅਨਦਿਨੁ=ਰਾਤ ਦਿਨ ਰੰਗਿ=ਅਨੰਦ ਵਿੱਚ ਰਾਤਾ=ਰੱਤਾ, **ਵਾ:** ਤਦਾਕਾਰ ਰਹਿੰਦਾ ਹੈ ਅਤੇ ਉਸਨੇ ਰਾਮ ਦੇ ਨਾਮ ਨੂੰ ਰਿਦ=ਹਿਰਦੇ ਵਿੱਚ ਧਾਰਿਆ ਹੈ, ਏਹੋ ਹੀ ਉਸਦੀ ਪੂਜਾ ਹੈ। ਜੋ ਗੁਰਮੁਖ ਜਨ ਹਰਿ ਰੰਗ ਵਿੱਚ ਤਦਾਕਾਰ ਹੁੰਦੇ ਹਨ, ਉਹ ਗਿਆਨ ਦੀ ਅਵਸਥਾ ਵਿੱਚ ਮਸਤ ਰਹਿੰਦੇ ਹਨ। ਉਹਨਾਂ ਦੇ ਮਨ ਵਿੱਚ ਪ੍ਰਮੇਸ਼ਰ ਦਾ ਨਾਮ ਰੱਤੀ ਭਰ ਭੀ ਭੁੱਲਦਾ ਨਹੀਂ। ਜੈਸਾ ਕਿ :

**ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ॥** [ਰਾਮਕਲੀ ਮਹਲਾ ੫, ਅੰਗ ੯੨੯]

ਹਰੀ ਦਾ ਨਾਮ ਉਹਨਾਂ ਗੁਰਮੁਖਾਂ ਦੇ ਮਨ ਵਿੱਚ ਹੀ ਭਾਉਂਦਾ ਹੈ, ਜੋ ਰਾਤ ਦਿਨ ਹਰੀ ਦੇ ਪ੍ਰੇਮ ਰੰਗ ਵਿੱਚ ਤਦਾਕਾਰ ਹੋਏ ਹਨ। ਜੈਸਾ ਕਿ :

**ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ॥**

[ਗੂਜਰੀ ਕੀ ਵਾਰ ਸਲੋਕ ਮਃ ੩, ਅੰਗ ੫੧੨]

ਜੋ ਹਰਿ ਰੰਗ ਵਿੱਚ ਤਦਾਕਾਰ ਹੁੰਦਾ ਹੈ ਉਹ ਅਨੰਦ ਨੂੰ ਮਾਣਦਾ ਹੈ ਤੇ ਗੁਰੂ ਸਾਹਿਬ ਉਸ ਤੋਂ ਕੁਰਬਾਣ ਬਲਿਹਾਰ ਜਾਣਾ ਕਰਦੇ ਹਨ। ਜੈਸਾ ਕਿ :

**ਹਰਿ ਰੰਗ ਰੰਗਾ ਸਹਜਿ ਮਾਣੁ॥ ਨਾਨਕ ਦਾਸ ਤਿਸੁ ਜਨ ਕੁਰਬਾਣੁ॥**

[ਬਸੰਤ ਮਹਲਾ ੫, ਅੰਗ ੧੧੮੦]

## *ਨਾਨਕ ਗੁਰਮੁਖਿ ਏਕੁ ਪਛਾਣੈ; ਅਵਰੁ ਨ ਜਾਣੈ ਦੂਜਾ॥੧॥*

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਗੁਰਮੁਖ ਜਨਾਂ ਨੇ ਗੁਰਮੁਖਿ=ਮੁਖੀ ਗੁਰਾਂ ਦੇ ਦੁਆਰੇ 'ਤੇ ਆ ਕੇ ਏਕੁ=ਇੱਕ ਪ੍ਰਮੇਸ਼ਰ ਨੂੰ ਪਛਾਣਿਆ ਹੈ ਅਵਰੁ=ਹੋਰ ਕਿਸੇ ਦੂਜਾ=ਦੂਜੇ ਨੂੰ ਨਹੀਂ ਜਾਣਿਆ॥੧॥

ਜਿਨ੍ਹਾਂ ਨੇ ਸਤਿਗੁਰਾਂ ਦੇ ਦੁਆਰੇ 'ਤੇ ਆ ਕੇ ਸੱਤ ਅਤੇ ਅਸੱਤ ਦੀ ਵਿਚਾਰ ਨੂੰ ਸੁਣਿਆ ਹੈ, ਉਹਨਾਂ ਨੇ ਹੀ ਆਪਣੇ ਸਰੂਪ ਦੀ ਲਖਤਾ ਕੀਤੀ ਹੈ। ਜੈਸਾ ਕਿ :

**ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ॥** [ਤੁਖਾਰੀ ਮਹਲਾ ੧, ਅੰਗ ੧੧੧੨]

ਅਤੇ ਉਹ ਇੱਕ ਪ੍ਰਮੇਸ਼ਰ ਤੋਂ ਬਿਨਾਂ ਕਿਸੇ ਦੂਜੇ ਨੂੰ ਨਹੀਂ ਜਾਣਦੇ। ਜੈਸਾ ਕਿ :

**ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥** [ਮਾਰੂ ਮਹਲਾ ੧, ਅੰਗ ੧੦੩੪]

## *ਸਭ ਮਹਿ ਰਵਿ ਰਹਿਆ; ਸੋ ਪ੍ਰਭੁ ਅੰਤਰਜਾਮੀ ਰਾਮ ॥*

ਜੋ ਰਾਮ=ਰਮਿਆ ਹੋਇਆ ਅੰਤਰਜਾਮੀ=ਅੰਦਰ ਦੀ ਜਾਨਣ ਵਾਲਾ ਸਮਰੱਥ ਪ੍ਰਭੂ ਹੈ, ਸੋ=ਉਹ ਸਭ=ਸਭਨਾਂ ਮਹਿ=ਵਿੱਚ ਰਵਿ=ਮਿਲ ਰਿਹਾ ਹੈ। ਜੋ ਪ੍ਰਮੇਸ਼ਰ ਹਰ ਇੱਕ ਥਾਂ 'ਤੇ ਵਿਆਪਕ ਸਰੂਪ ਹੋ ਰਿਹਾ ਹੈ, ਉਸ ਦੀ ਗਿਆਤ ਸਮਰੱਥ ਗੁਰੂ ਹੀ ਕਰਵਾ ਸਕਦਾ ਹੈ, ਗੁਰੂ ਤੋਂ ਬਿਨਾ ਉਹ ਜਾਣਿਆ ਨਹੀਂ ਜਾਂਦਾ। ਜੈਸਾ ਕਿ :

੧. **ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥** [ਭੈਰਉ ਮਹਲਾ ੩, ਅੰਗ ੧੧੩੨]

੨. **ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥**
[ਭੈਰਉ ਮਹਲਾ ੫, ਅੰਗ ੧੧੪੩]

## *ਗੁਰ ਸਬਦਿ ਰਵੈ ਰਵਿ ਰਹਿਆ; ਸੋ ਪ੍ਰਭੁ ਮੇਰਾ ਸੁਆਮੀ ਰਾਮ ॥*

ਜਿਹੜਾ ਸਤਿਗੁਰਾਂ ਦੇ ਸਬਦਿ=ਉਪਦੇਸ਼ ਨੂੰ ਰਵੈ=ਉਚਾਰਦਾ ਹੈ, ਉਹ ਇਸ ਪ੍ਰਕਾਰ ਨਿਸ਼ਚੇ ਕਰਦਾ ਹੈ ਕਿ ਮੇਰਾ ਰਾਮ ਪ੍ਰਭੁ=ਪ੍ਰਭੂ ਸਾਰਿਆਂ ਵਿੱਚ ਪਰੀ ਪੂਰਨ ਹੋ ਰਿਹਾ ਹੈ। ਜੈਸਾ ਕਿ :

**ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥** [ਬਸੰਤ ਮਹਲਾ ੩, ਅੰਗ ੧੧੭੩]

ਪ੍ਰਮੇਸ਼ਰ ਨੂੰ ਹਰ ਥਾਂ ਪਰੀ ਪੂਰਨ ਸਮਝਣ ਵਾਲੀ ਅਵਸਥਾ ਉਦੋਂ ਬਣਦੀ ਹੈ, ਜਦੋਂ ਸਤਿਗੁਰਾਂ ਦੇ ਉਪਦੇਸ਼ ਦੁਆਰਾ ਅੰਤਹਕਰਨ ਵਿੱਚ ਹਉਮੈ ਦਾ ਨਾਸ ਹੋਵੇ। ਜੈਸਾ ਕਿ :

**ਭਗਤਿ ਕਰੈ ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ ਵਿਚਹੁ ਹਉਮੈ ਖੋਇ ॥**
[ਬਸੰਤ ਮਹਲਾ ੩, ਅੰਗ ੧੧੭੩]

## *ਪ੍ਰਭੁ ਮੇਰਾ ਸੁਆਮੀ ਅੰਤਰਜਾਮੀ; ਘਟਿ ਘਟਿ ਰਵਿਆ ਸੋਈ ॥*

ਮੇਰਾ ਪ੍ਰਭੂ ਸੁਆਮੀ=ਮਾਲਕ ਅੰਤਰਜਾਮੀ=ਹਿਰਦੇ ਦੀ ਜਾਨਣ ਵਾਲਾ ਹੈ, ਉਹ ਘਟਿ ਘਟਿ=ਘਟਾਂ-ਘਟਾਂ ਵਿੱਚ ਰਵਿਆ=ਵਿਆਪਕ ਹੈ। ਜੋ ਪ੍ਰਮੇਸ਼ਰ ਗੁਪਤ ਰੂਪ ਹੋ ਕੇ ਹਰ ਇੱਕ ਥਾਂ 'ਤੇ ਪਰੀਪੂਰਨ ਹੋ ਰਿਹਾ ਹੈ ਤਿਸ ਪ੍ਰਮੇਸ਼ਰ ਦਾ ਨਾਮ ਕਲਿਜੁਗ ਵਿੱਚ ਮੁਕਤੀ ਦਾ ਦਾਤਾ ਹੋ ਕਰਕੇ ਵਰਤਦਾ ਹੈ। ਭਾਵ ਜੋ ਵਾਹਿਗੁਰੂ ਘਟਿ ਘਟਿ ਵਿੱਚ ਵਿਆਪਕ ਹੈ, ਉਸ ਦੇ ਨਾਮ ਨੂੰ ਜਪ ਕਰਕੇ ਹੀ ਮੁਕਤੀ ਦੇ ਦੁਆਰੇ ਨੂੰ ਪਾਈਦਾ ਹੈ। ਜੈਸਾ ਕਿ :

**ਗੁਪਤਾ ਨਾਮੁ ਵਰਤੈ ਵਿਚਿ ਕਲਿਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥**
[ਪ੍ਰਭਾਤੀ ਮਃ ੩, ਅੰਗ ੧੩੩੪]

ਇਸ ਲਈ ਉਸ ਪ੍ਰਮੇਸ਼ਰ ਨੂੰ ਦੂਰ ਨਾ ਜਾਣੀਏ, ਉਹ ਅੰਦਰ ਹੀ ਹੈ, ਲੋੜ ਹੈ ਉਸ ਨੂੰ ਖੋਜਣ ਦੀ। ਜੈਸਾ ਕਿ :

**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥** [ਪ੍ਰਭਾਤੀ ਕਬੀਰ ਜੀ, ਅੰਗ ੧੩੪੯]

ਸਭ ਕੁਝ ਹਿਰਦੇ ਘਰ ਵਿੱਚ ਹੀ ਹੈ। ਜੈਸਾ ਕਿ :

**ਸਭੁ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥**
[ਮਾਝ ਮਹਲਾ ੫, ਅੰਗ ੧੦੨]

ਇਸ ਲਈ ਫ਼ਰੀਦ ਸਾਹਿਬ ਆਖਦੇ ਹਨ। ਜੈਸਾ ਕਿ :

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥** [ਸਲੋਕ ਫਰੀਦ ਜੀ, ਅੰਗ ੧੩੭੮]

ਹਿੰਦ ਕੌਮ ਦੇ ਰੱਖਿਅਕ ਸਤਿਗੁਰੂ ਵੀ ਉਚਾਰਨ ਕਰਦੇ ਹੋਏ ਫੁਲਾਂ ਵਿੱਚ ਵਸ ਰਹੀ ਸੁਗੰਧੀ ਤੇ ਮੁਕਰ=ਸ਼ੀਸ਼ੇ ਵਿੱਚ ਦਿਸ ਰਿਹਾ ਪਰਛਾਵਾਂ, ਐਸੇ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ। ਜੈਸਾ ਕਿ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**
**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥**

[ਧਨਾਸਰੀ ਮਹਲਾ ੯, ਅੰਗ ੬੮੪]

ਸਭ ਕੁਝ ਸਰੂਪ ਘਰ ਵਿੱਚ ਹੀ ਹੈ, ਪਰ ਪ੍ਰਾਪਤ ਵੱਡਿਆਂ ਭਾਗਾਂ ਵਾਲੇ ਪੂਰੇ ਗੁਰੂ ਦੁਆਰਾ ਕਰਦੇ ਹਨ। ਜੈਸਾ ਕਿ :

**ਸਭੁ ਕਿਛੁ ਘਰ ਹੀ ਮਾਹਿ ਹੈ ਵਡਭਾਗੀ ਲੀਤਾ ॥** [ਵਾਰ ਰਾਮਕਲੀ ਮਹਲਾ ੩, ਅੰਗ ੯੫੫]

ਸੋ ਜਿਸ ਜਿਸ ਗੁਰਮੁਖ ਜਨ, ਭਗਤ ਜਨ ਨੇ ਘਟਿ ਘਟਿ ਵਿੱਚ ਪ੍ਰਮੇਸ਼ਰ ਨੂੰ ਦੇਖਣਾ ਕੀਤਾ, ਉਸ ਨੇ ਅਚੱਲ ਪਦਵੀ ਨੂੰ ਪ੍ਰਾਪਤ ਕਰਨਾ ਕੀਤਾ ਜੇ ਧ੍ਰੂ ਭਗਤ ਨੇ ਪ੍ਰਭੂ ਨੂੰ ਘਟਿ-ਘਟਿ ਵਿੱਚ ਵਿਆਪਕ ਵੇਖ ਕੇ ਉਸਦਾ ਚਿੰਤਨ ਕੀਤਾ ਤਾਂ ਪ੍ਰਮੇਸ਼ਰ ਆਪ ਭਗਤ ਨੂੰ ਮਿਲਿਆ। ਜੈਸਾ ਕਿ :

**ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥** [ਬਸੰਤ ਮਹਲਾ ੫, ਅੰਗ ੧੧੯੨]

ਤੇ ਅਚੱਲ ਪਦਵੀ ਬਖ਼ਸ਼ੀ। ਜੈਸਾ ਕਿ :

**ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥** [ਬਸੰਤ ਮਹਲਾ ੫, ਅੰਗ ੧੧੦੫]

ਇਸੇ ਤਰ੍ਹਾਂ ਜੇ ਭਗਤ ਪ੍ਰਹਿਲਾਦ ਨੇ ਘਟਿ-ਘਟਿ ਵਿੱਚ ਤੇ ਤੱਤੇ ਥੰਮ ਵਿੱਚ ਪ੍ਰਮੇਸ਼ਰ ਨੂੰ ਦੇਖਿਆ (ਭਾਵੇਂ ਛੋਟੀ ਉਮਰ ਹੋਣ ਕਰਕੇ ਤੱਤੇ ਲਾਲ ਥੰਮ੍ਹ ਨੂੰ ਦੇਖ ਕੇ ਡੋਲਿਆ ਤਾਂ ਪ੍ਰਮੇਸ਼ਰ ਆਪਣੇ ਭਗਤ ਦੀ ਰੱਖਿਆ ਲਈ ਕੀੜੀ ਦਾ ਰੂਪ ਧਾਰ ਕੇ ਆਇਆ, ਜਿਸ ਨੂੰ ਦੇਖ ਕੇ ਤੱਤੇ ਥੰਮ੍ਹ ਨੂੰ ਗਲਵਕੜੀ ਪਾਈ) ਤਾਂ ਪ੍ਰਮੇਸ਼ਰ ਨੇ ਆਪਣੇ ਭਗਤ ਦੀ ਰੱਖਿਆ, ਨਰਸਿੰਘ ਦਾ ਰੂਪ ਧਾਰ ਕੇ ਕੀਤੀ ਅਤੇ ਦੁਸ਼ਟ ਪਿਤਾ ਹਰਨਾਖ਼ਸ਼ ਦੇ ਪ੍ਰਾਪਤ ਕੀਤੇ ਵਰਾਂ ਨੂੰ ਪੂਰਿਆਂ ਕਰਦਿਆਂ ਉਸ ਨੂੰ ਨੌਂਹਾਂ ਦੇ ਨਾਲ ਮਾਰਨਾ ਕੀਤਾ। ਜੈਸਾ ਕਿ :

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥** [ਆਸਾ ਮਹਲਾ ੪, ਅੰਗ ੪੫੧]

## *ਗੁਰਮਤਿ ਸਚੁ ਪਾਈਐ, ਸਹਜਿ ਸਮਾਈਐ; ਤਿਸੁ ਬਿਨੁ ਅਵਰੁ ਨ ਕੋਈ ॥*

ਤਿਸ ਪ੍ਰਮੇਸ਼ਰ ਨੂੰ ਗੁਰਮਤਿ=ਗੁਰੂ ਦੀ ਸਿਖਿਆ ਦੁਆਰਾ ਸਚੁ=ਨਿਸ਼ਚੇ ਕਰਕੇ ਜਦੋਂ ਪਾਈਐ=ਪਾਈਦਾ ਹੈ, ਉਦੋਂ ਸਹਜਿ=ਗਿਆਨ ਪਦ ਵਿੱਚ ਸਮਾਈਐ=ਸਮਾਉਣਾ ਹੁੰਦਾ ਹੈ ਤੇ ਫਿਰ ਤਿਸੁ=ਤਿਸ ਪ੍ਰਮੇਸ਼ਰ ਤੋਂ ਬਿਨਾਂ ਅਵਰੁ=ਹੋਰ ਕੋਈ ਦਿਖਾਈ ਨਹੀਂ ਦਿੰਦਾ। ਜੈਸਾ ਕਿ :

**ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ...॥** [ਨਟ ਮਃ ੪, ਅੰਗ ੯੮੨]

ਵਾਲੀ ਅਵਸਥਾ ਬਣ ਜਾਂਦੀ ਹੈ।

## ਸਹਜੇ ਗੁਣ ਗਾਵਾ, ਜੇ ਪ੍ਰਭ ਭਾਵਾ; ਆਪੇ ਲਏ ਮਿਲਾਏ ॥

ਸਹਜੇ-ਸਹਜੇ ਗੁਣਾਂ ਨੂੰ ਗਾਉਣਾ ਕਰੇ, ਜੇ ਗੁਣ ਗਾਉਂਦਾ ਪ੍ਰਭੂ ਨੂੰ ਭਾ ਜਾਵੇਗਾ, ਤਾਂ ਉਹ ਪ੍ਰਭੂ ਆਪ ਹੀ ਆਪਣੇ ਨਾਲ ਮਿਲਾ ਲਵੇਗਾ। **ਵਾ:** ਜੇ ਪ੍ਰਭ ਭਾਵਾ=ਜੇ ਪ੍ਰਭੂ ਨੂੰ ਭਾਵਾਂ ਸਹਜੇ ਗੁਣ ਗਾਵਾ=ਤਾਂ ਸੁਤੇ ਸਿਧ ਹੀ ਗੁਣਾਂ ਨੂੰ ਗਾਵਾ=ਗਾਉਣਾ ਕਰਾਂ ਤਾਂ ਪ੍ਰਮੇਸ਼ਰ ਆਪੇ=ਆਪ ਹੀ ਆਪਣੇ ਵਿੱਚ ਮਿਲਾਏ=ਅਭੇਦ ਕਰ ਲਏਗਾ।

## ਨਾਨਕ ਸੋ ਪ੍ਰਭੁ ਸਬਦੇ ਜਾਪੈ;<br>ਅਹਿਨਿਸਿ ਨਾਮੁ ਧਿਆਏ ॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਗੁਰੂ ਦੇ ਸਬਦੇ=ਉਪਦੇਸ਼ ਕਰਕੇ ਜੇ ਇਹ ਜੀਵ ਅਹਿਨਿਸਿ=ਰਾਤ ਦਿਨ ਨਾਮ ਨੂੰ ਧਿਆਏ=ਧਿਆਉਣਾ ਕਰੇ, ਤਾਂ ਸੋ=ਉਹ ਪ੍ਰਭੁ=ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ ॥੨॥

## ਇਹੁ ਜਗੋ ਦੁਤਰੁ; ਮਨਮੁਖੁ ਪਾਰਿ ਨ ਪਾਈ ਰਾਮ ॥

ਹੇ ਭਾਈ! ਇਸ ਜਗੋ=ਸੰਸਾਰ ਸਮੁੰਦਰ ਤੋਂ ਤਰਨਾ ਬਹੁਤ ਦੁਤਰੁ=ਕਠਿਨ ਹੈ। ਮਨਮੁਖ ਪੁਰਸ਼ ਨੇ ਮਨ ਨੂੰ ਮੁੱਖ ਰੱਖਣ ਕਰਕੇ ਇਸ ਸੰਸਾਰ ਤੋਂ ਪਾਰ ਹੋਣ ਦੀ ਜੁਗਤੀ ਨਾ ਪਾਈ=ਪ੍ਰਾਪਤ ਨਹੀਂ ਕੀਤੀ।

## ਅੰਤਰੇ ਹਉਮੈ ਮਮਤਾ; ਕਾਮੁ ਕ੍ਰੋਧੁ ਚਤੁਰਾਈ ਰਾਮ ॥

ਹੇ ਭਾਈ ! ਮਨਮੁਖ ਪੁਰਸ਼ ਕਿਹੋ ਜਿਹਾ ਹੈ ? ਉਸ ਦੇ ਅੰਤਰੇ=ਅੰਤਹਕਰਨ ਵਿੱਚ ਹਉਮੈ, ਭਾਵ ਹੰਗਤਾ ਮਮਤਾ ਹੈ ਅਤੇ ਕਾਮ ਕ੍ਰੋਧ ਅਤੇ ਸੰਸਾਰਕ ਚਤੁਰਾਈ ਵਸ ਰਹੀ ਹੈ।

## ਅੰਤਰਿ ਚਤੁਰਾਈ ਥਾਇ ਨ ਪਾਈ; ਬਿਰਥਾ ਜਨਮੁ ਗਵਾਇਆ ॥

ਉਸ ਦੇ ਅੰਤਰਿ=ਹਿਰਦੇ ਵਿੱਚ ਐਸੀ ਚਤੁਰਾਈ ਹੈ, ਇਸ ਕਰਕੇ ਮਨਮੁਖ ਪੁਰਸ਼ ਦੇ ਕਰਮ ਥਾਇ ਨ ਪਾਈ=ਥਾਂ ਨਹੀਂ ਪੈਂਦੇ ਅਤੇ ਮਨਮੁਖ ਨੇ ਮਨੁੱਖਾ ਜਨਮ ਬਿਰਥਾ=ਵਿਅਰਥ ਹੀ ਗਵਾਇਆ=ਗਵਾਉਣਾ ਕੀਤਾ ਹੈ।

## ਜਮ ਮਗਿ ਦੁਖੁ ਪਾਵੈ ਚੋਟਾ ਖਾਵੈ; ਅੰਤਿ ਗਇਆ ਪਛੁਤਾਇਆ ॥

ਉਹ ਜਮ=ਜਮਾਂ ਦੇ ਮਗਿ=ਰਸਤੇ ਵਿੱਚ ਗਿਆ ਹੋਇਆ ਦੁਖ ਪਾਉਂਦਾ ਹੈ ਤੇ ਜਮਾਂ ਦੀਆਂ ਚੋਟਾਂ ਖਾਵੈ=ਖਾਂਦਾ ਹੈ, ਤੇ ਅੰਤ ਸਮੇਂ ਪਛਤਾਉਂਦਾ ਹੀ ਚਲਾ ਜਾਂਦਾ ਹੈ। ਕਿਉਂਕਿ :

੧. **ਆਵੈ ਅੰਤੁ ਨ ਭਜਿਆ ਜਾਈ॥** [ਭੈਰਉ ਕਬੀਰ ਜੀ, ਅੰਗ ੧੧੫੯]

੨. **ਫਿਰਿ ਪਾਛੈ ਪਛਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥** [ਸਲੋਕ ਕਬੀਰ ਜੀ, ਅੰਗ ੧੩੬੬]

## ਬਿਨੁ ਨਾਵੈ ਕੋ ਬੇਲੀ ਨਾਹੀ; ਪੁਤੁ ਕੁਟੰਬੁ ਸੁਤੁ ਭਾਈ ॥

ਪ੍ਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਨਾ ਪੁਤੁ=ਪੁੱਤਰ ਕੁਟੰਬੁ=ਸਾਕ ਸੰਬੰਧੀ ਤੇ ਸੁਤੁ ਭਾਈ=ਭਰਾ ਦੇ ਸੁਤੁ=ਪੁੱਤਰ, ਭਤੀਜੇ ਆਦਿਕ ਪਰਿਵਾਰ ਵਿੱਚੋਂ ਕੋਈ ਭੀ ਬੇਲੀ=ਸਹਾਇਕ ਨਹੀਂ ਹੁੰਦਾ। ਉਥੇ ਇੱਕ ਪ੍ਰਮੇਸ਼ਰ ਦਾ ਸੱਚਾ ਨਾਮ ਹੀ ਸਹਾਈ ਹੁੰਦਾ ਹੈ। ਜੈਸਾ ਕਿ :

**ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥**
**ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥**
**ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥**
**ਅਨਿਕ ਪੁਨਹ ਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥**
**ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥੧॥**

[ਗਉੜੀ ਸੁਖਮਨੀ ਮਃ ੫, ਅੰਗ ੨੬੪]

ਨਾਮ ਦੀ ਮਹਾਨਤਾ ਸਤਿਗੁਰਾਂ ਨੇ ਇਸ ਪਦ ਵਿੱਚ ਵਿਸਥਾਰ ਪੂਰਵਕ ਦੱਸ ਦਿੱਤੀ ਹੈ। ਜੇ ਭਾਈ ਪਾਰੋ ਜੀ ਨੇ ਨਾਮ ਦੀ ਕਮਾਈ ਕੀਤੀ, ਰੋਮ ਰੋਮ ਵਾਹਿਗੁਰੂ ਮੰਤ੍ਰ ਚਲਣ ਦੀ ਅਵਸਥਾ ਬਣੀ। ਭਾਈ ਸਾਹਿਬ ਦੀ ਅਵਸਥਾ ਦੇਖ ਕੇ ਤੀਸਰੇ ਸਤਿਗੁਰੂ, ਜਿਸ ਨੂੰ ਗੁਰਤਾ ਗੱਦੀ ਦੇਣ ਤੱਕ ਵੀ ਤਿਆਰ ਹੋਏ, ਪਰ ਭਾਈ ਪਾਰੋ ਨੇ ਆਖਿਆ ਕਿ ਸਤਿਗੁਰੂ ਜੀ! ਮੈਨੂੰ ਸਿੱਖੀ ਦੀ ਦਾਤ ਬਖ਼ਸ਼ ਦੇਣਾ ਕਰੋ, ਮੈਂ ਇਸ ਦੇ ਲਾਇਕ ਨਹੀਂ। ਮੈਂ ਸੇਵਕ ਤਾਂ ਆਪ ਜੀ ਦੇ ਚਰਨਾਂ ਵਿੱਚ ਰਹਿਣ ਵਾਲਾ ਹਾਂ। ਤਾਂ ਤੀਜੇ ਸਤਿਗੁਰਾਂ ਨੇ ਸਿੱਖ ਦੀ ਐਸੀ ਭਾਵਨਾ, ਨਿਮਰਤਾ ਵੇਖ, ਪ੍ਰਸੰਨ ਹੋ ਕੇ ਬਚਨ ਕੀਤੇ ਸਨ ਕਿ ਹੁਣ ਤੂੰ ਸਾਡੇ ਵਿੱਚ ਅਭੇਦ ਹੋ ਚੁੱਕਾ ਹੈਂ। ਇਹ ਪੰਜ ਭੌਤਿਕ ਸਰੀਰ ਤਿਆਗ ਕੇ ਸਾਡੇ ਵਾਸਤਵ ਸਰੂਪ ਵਿੱਚ ਮਿਲ, ਆਪਾਂ ਦੋਵੇਂ ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿੱਚ ਬੈਠ ਕੇ ਤਮਾਮ ਜੀਵਾਂ ਦੀ ਕਲਿਆਣ ਕਰੀਏ। ਏਸੇ ਤਰ੍ਹਾਂ ਹੀ ਸਾਰਾ ਕੌਤਕ ਹੋਇਆ ਸੀ। ਨਾਮ ਦੀ ਐਸੀ ਮਹਾਨਤਾ ਹੈ ਕਿ ਜਿਥੇ ਕੋਈ ਸਾਕ-ਸੰਬੰਧੀ, ਮਾਇਆ, ਆਦਿ ਪਦਾਰਥ ਸਹਾਇਕ ਨਹੀਂ, ਉਥੇ ਇੱਕ ਨਾਮ ਹੀ ਸਹਾਈ ਹੁੰਦਾ ਹੈ।

## *ਨਾਨਕ ਮਾਇਆ ਮੋਹੁ ਪਸਾਰਾ; ਆਗੈ ਸਾਥਿ ਨ ਜਾਈ॥੩॥*

ਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਭੀ ਮਾਇਆ ਦੇ ਮੋਹ ਦਾ ਪਸਾਰਾ ਹੈ, ਇਹ ਆਗੈ=ਪ੍ਰਲੋਕ ਵਿੱਚ ਸਾਥਿ=ਨਾਲ ਨ ਜਾਈ=ਨਹੀਂ ਜਾਂਦਾ॥੩॥

## *ਹਉ ਪੂਛਉ ਅਪਨਾ ਸਤਿਗੁਰੁ ਦਾਤਾ; ਕਿਨ ਬਿਧਿ ਦੁਤਰੁ ਤਰੀਐ ਰਾਮ॥*

ਹੇ ਭਾਈ! ਮੈਂ ਆਪਣੇ ਸਤਿਗੁਰੁ=ਨਾਸ ਤੋਂ ਰਹਿਤ ਚੇਤਨ ਸਰੂਪ ਸਤਿਗੁਰ ਦਾਤੇ ਤੋਂ ਪੂਛਉ=ਪੁੱਛਦਾ ਹਾਂ ਕਿ ਹੇ ਰਾਮ ਰੂਪ ਗੁਰੂ ਜੀ! ਇਸ ਦੁਤਰੁ=ਕਠਿਨ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਤਰੀਦਾ ਹੈ। ਅੱਗੇ ਤਰਨ ਦਾ ਢੰਗ ਦਸਦੇ ਹਨ।

## *ਸਤਿਗੁਰ ਭਾਇ ਚਲਹੁ; ਜੀਵਤਿਆ ਇਵ ਮਰੀਐ ਰਾਮ॥*

ਸਤਿਗੁਰਾਂ ਦੀ ਭਾਇ=ਆਗਿਆ ਵਿੱਚ ਚਲਣਾ ਕਰੋ, **ਅਥਵਾ** ਸਤਿਗੁਰਾਂ ਦੇ ਕਹੇ ਅਨੁਸਾਰ ਭਾਇ=ਪ੍ਰੇਮ ਦੇ ਰਾਹ ਉੱਤੇ ਚਲਣਾ ਕਰੋ। ਜੀਵਤ ਭਾਵ ਤੋਂ ਮਰ ਜਾਉ, ਇਵ=ਇਸ ਤਰ੍ਹਾਂ ਕਰਕੇ ਦੁਤਰੁ=ਕਠਿਨ ਸੰਸਾਰ-ਸਮੁੰਦਰ ਤੋਂ ਤਰੀਦਾ ਹੈ।

## *ਜੀਵਤਿਆ ਮਰੀਐ, ਭਉਜਲੁ ਤਰੀਐ; ਗੁਰਮੁਖਿ ਨਾਮਿ ਸਮਾਵੈ॥*

ਜੇ ਜੀਵਤ ਭਾਵ ਤੋਂ ਮਰੀਐ=ਮਰਨਾ ਕਰੀਏ ਤਾਂ ਭੈਅ ਦਾਇਕ ਸੰਸਾਰ-ਸਮੁੰਦਰ ਤੋਂ ਤਰੀਐ=ਤਰੀਦਾ ਹੈ। ਗੁਰਮੁਖ ਜਨ ਨਾਮ ਜਪ ਕੇ ਨਾਮਿ=ਨਾਮੀ ਪ੍ਰਮੇਸ਼ਰ ਵਿੱਚ ਸਮਾਵੈ=ਅਭੇਦ ਹੁੰਦੇ ਹਨ।

## *ਪੂਰਾ ਪੁਰਖੁ ਪਾਇਆ ਵਡਭਾਗੀ; ਸਚਿ ਨਾਮਿ ਲਿਵ ਲਾਵੈ॥*

ਜਿਸ ਵਡਭਾਗੀ ਪੁਰਸ਼ ਨੇ ਪੂਰਾ ਪੁਰਖੁ=ਪੂਰਾ ਗੁਰੂ ਪਾਇਆ ਹੈ, ਉਹ ਸੱਚੇ ਨਾਮਿ=ਨਾਮੀ ਦੇ ਨਾਮ ਵਿੱਚ ਲਿਵ=ਬਿਰਤੀ ਲਗਾਉਂਦਾ ਹੈ।

**ਮਤਿ ਪਰਗਾਸੁ ਭਈ ਮਨੁ ਮਾਨਿਆ; ਰਾਮ ਨਾਮਿ ਵਡਿਆਈ॥**

ਜਦੋਂ ਗੁਰਾਂ ਦੇ ਮਨੁ=ਮੰਤ੍ਰ ਨੂੰ ਮਾਨਿਆ=ਮੰਨਿਆ ਤੇ ਰਾਮ ਦੇ ਨਾਮ ਦੀ ਵਡਿਆਈ ਕੀਤੀ ਤਾਂ ਪ੍ਰਕਾਸ਼ ਵਾਲੀ ਆਤਮ ਵਿਸ਼ੈਨੀ ਬੁੱਧੀ ਪ੍ਰਾਪਤ ਹੋ ਗਈ।

**ਨਾਨਕ ਪ੍ਰਭੁ ਪਾਇਆ, ਸਬਦਿ ਮਿਲਾਇਆ; ਜੋਤੀ ਜੋਤਿ ਮਿਲਾਈ॥੪॥੧॥੪॥**

ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ ਨੇ ਆਪਣੇ ਮਨ ਨੂੰ ਗੁਰ ਸਬਦਿ=ਉਪਦੇਸ਼ ਵਿੱਚ ਮਿਲਾਇਆ ਹੈ, ਉਸ ਨੇ ਪ੍ਰਭੂ ਨੂੰ ਪਾਇਆ ਹੈ ਤੇ ਜੋਤੀ ਪ੍ਰਮਾਤਮਾ ਨੇ ਉਸ ਦੀ ਜੋਤਿ ਨੂੰ ਅੰਤ ਆਪਣੇ ਵਿੱਚ ਮਿਲਾਈ=ਮਿਲਾ ਲਿਆ ਹੈ॥੪॥੧॥੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੦ [ਆਦਿ ਅੰਗ ੭੭੬]

***ਸੂਹੀ ਮਹਲਾ ੪ ਘਰੁ ੫ ੴ ਸਤਿਗੁਰ ਪ੍ਰਸਾਦਿ ॥ ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥ ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥ ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥੧॥ ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥ ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥੨॥ ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥ ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥੩॥ ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥***

## ਸੂਹੀ ਮਹਲਾ ੪ ਘਰੁ ੫ ੴ ਸਤਿਗੁਰ ਪ੍ਰਸਾਦਿ ॥

ਇਹ ਮੁਖਵਾਕ ਸੂਹੀ ਰਾਗਣੀ ਵਿੱਚ ਸਾਹਿਬ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਰਾਗ ਦੇ ਪੰਜਵੇਂ ਸੁਰ ਤਾਲ ਵਿੱਚ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੀ ਰਚਨਾ ਕਰਨ ਤੋਂ ਪਹਿਲਾਂ ਉਸ ਨਿਰੰਕਾਰ, ਪਰੀਪੂਰਨ ਪ੍ਰਮੇਸ਼ਰ ਦਾ ਮੰਗਲ ਕਰਦੇ ਹਨ—੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ।

ਇਸ ਸ਼ਬਦ ਵਿੱਚ ਸਤਿਗੁਰੂ ਜੀ ਨੇ ਜੋ ਸਿਧਾਂਤ ਪ੍ਰਗਟ ਕੀਤਾ ਹੈ, ਆਪਣੀ ਉਸ ਅਵਸਥਾ ਦਾ ਜ਼ਿਕਰ ਕਰਦੇ ਹਨ ਜੋ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਦੀ ਪ੍ਰਾਪਤੀ ਹੋਈ ਤੋਂ ਸੰਸਾਰ ਦੇ ਪਦਾਰਥਾਂ ਵਲੋਂ ਅਤੇ ਸਬੰਧੀਆਂ ਦੇ ਮੋਹ ਤੋਂ ਉਪਰਾਮਤਾ ਪ੍ਰਾਪਤ ਹੋ ਕੇ ਵੈਰਾਗੀ ਦਸ਼ਾ ਵਿੱਚ ਹੋ ਕੇ ਆਪਣੇ ਆਪ ਨੂੰ ਗੁਰੂ ਘਰ ਦਾ ਗੋਲਾ, ਚਾਕਰ, ਦਾਸ ਬਣਾ ਕੇ ਚਾਕਰੀ ਕਰਨੀ ਸ਼ੁਰੂ ਕੀਤੀ, ਜੋ ਮਹਾਨ ਘਾਲਣਾ ਘਾਲੀ ਉਹ ਇਤਿਹਾਸ ਦੇ ਪੰਨਿਆਂ 'ਤੇ ਬੜੇ ਵਿਸਥਾਰ ਨਾਲ ਹੈ। ਇਸ ਸ਼ਾਂਤ ਅਵਸਥਾ ਨੂੰ ਅਨੁਭਵ ਕਰਕੇ ਇੱਕ ਦਿਨ ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ ਸਾਡੇ ਮਨ ਦੀ ਇਹੋ ਜਿਹੀ ਅਵਸਥਾ ਹੈ ਕਿ ਹਰ ਵਕਤ ਹਿਰਦਾ ਅਸ਼ਾਂਤ ਰਹਿੰਦਾ ਹੈ। ਜਦੋਂ ਕਿ ਆਪ ਜੀ ਸਦਾ ਸ਼ਾਂਤ ਚਿੱਤ ਆਨੰਦ ਵਿੱਚ ਰਹਿੰਦੇ ਹੋ ਇਹ ਅਵਸਥਾ ਆਪ ਜੀ ਨੂੰ ਕਿਸ ਤਰ੍ਹਾਂ ਪ੍ਰਾਪਤ ਹੋਈ ਤਾਂ ਸਤਿਗੁਰੂ ਜੀ ਨੇ ਇਹ ਅੰਮ੍ਰਿਤ ਬਚਨ ਉਚਾਰਨ ਕੀਤਾ:

## ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ; ਮੇਰੀ ਤ੍ਰਿਸਨਾ ਬੁਝਿ ਗਈਆਸੇ ॥

ਹੇ ਗੁਰਸਿੱਖ ਪਿਆਰੇ ਸੰਤ ਜਨੋ! ਮੈ=ਮੈਨੂੰ ਪਿਆਰਾ ਗੁਰੁ=ਗੁਰੂ ਅਮਰਦਾਸ ਪੂਰਾ ਗੁਰੂ ਮਿਲਿਆ=ਪ੍ਰਾਪਤ ਹੋਇਆ। ਜਿਸ ਗੁਰੂ ਦੇ ਦਰਸ਼ਨ ਕਰਨ ਅਤੇ ਉਪਦੇਸ਼ ਧਾਰਨ ਕਰਨ ਤੋਂ ਮੇਰੇ ਹਿਰਦੇ ਵਿੱਚ ਜੋ ਤ੍ਰਿਸ਼ਨਾ ਰੂਪ ਅਗਨੀ ਸੀ ਉਹ ਤ੍ਰਿਸ਼ਨਾ ਰੂਪ ਅਗਨੀ ਬੁਝਿ=ਸ਼ਾਂਤ ਹੋ ਗਈ ਆਸੇ=ਹੈ। **ਵਾ:** ਆਸਾ ਤੇ ਤ੍ਰਿਸ਼ਨਾ ਦੋਵੇਂ ਬੁਝ ਗਈਆਂ ਹਨ। ਸੋ ਇਸ ਤੁੱਕ ਵਿੱਚ ਜੋ ਤ੍ਰਿਸ਼ਨਾ ਰੂਪ ਅਗਨੀ ਦਾ ਜ਼ਿਕਰ ਆਇਆ ਹੈ, ਗੁਰਬਾਣੀ ਵਿੱਚ ਹੋਰ ਵੀ ਬਹੁਤ ਸਾਰੇ

ਥਾਵਾਂ 'ਤੇ ਤ੍ਰਿਸ਼ਨਾ ਦੇ ਪ੍ਰਥਾਇ ਸਤਿਗੁਰੂ ਜੀ ਨੇ ਬਹੁਤ ਸਾਰੀਆਂ ਪੰਗਤੀਆਂ ਉਚਾਰਨ ਕੀਤੀਆਂ ਹੋਈਆਂ ਹਨ। ਜੈਸਾ ਕਿ :

**੧. ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ ॥**

[ਸਲੋਕ ਮਃ ੩, ਅੰਗ ੧੪੧੬]

**੨. ਤਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ ॥੧॥ਰਹਾਉ॥**

[ਸੂਹੀ ਮਃ ੪, ਅੰਗ ੭੩੨]

**੩. ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥**
**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥**

[ਧਨਾਸਰੀ ਮਃ ੫, ਅੰਗ ੬੮੨-੮੩]

**੪. ਤ੍ਰਿਸਨਾ ਬੂਝੀ ਅੰਤਰੁ ਠੰਢਾ॥ ਗੁਰਿ ਪੂਰੈ ਲੈ ਤੂਟਾ ਗੰਢਾ॥** [ਮਾਰੂ ਮਃ ੪, ਅੰਗ ੧੦੭੪]

**੫. ਤ੍ਰਿਸਨਾ ਬੂਝੀ ਗੁਰਪ੍ਰਸਾਦਿ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥**

[ਬਸੰਤ ਮਃ ੫, ਅੰਗ ੧੧੮੧]

ਤ੍ਰਿਸਨਾ ਮਨ ਦੀ ਉਸ ਅਵਸਥਾ ਦਾ ਨਾਮ ਹੈ ਜਿਸ ਵਿੱਚ ਪਦਾਰਥ ਪ੍ਰਾਪਤ ਹੋਏ ਤੋਂ ਵੀ ਅਤ੍ਰਿਪਤੀ ਹੋਵੇ, ਭਾਵ ਪਦਾਰਥ ਪ੍ਰਾਪਤ ਹੋਣ ਤੋਂ ਵੀ ਸੰਤੁਸ਼ਟਤਾ ਨਾ ਹੋਣੀ। ਆਸਾ ਉਸਨੂੰ ਕਹਿੰਦੇ ਹਨ ਜੋ ਪਦਾਰਥ ਹੋਣ ਤੋਂ ਪਹਿਲਾਂ ਮਨ ਵਿੱਚ ਪਦਾਰਥ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋਣੀ। ਆਸਾ ਅਤੇ ਤ੍ਰਿਸ਼ਨਾ ਨੂੰ ਗ੍ਰੰਥਾਂ ਵਿੱਚ ਨਦੀਆਂ ਦੇ ਨਾਲ ਵੀ ਤੁਲਨਾ ਦਿੱਤੀ ਹੈ, ਜਿਸ ਵਿੱਚ ਜੀਵ ਰੁੜ੍ਹਿਆ ਜਾਂਦਾ ਗੋਤੇ ਖਾਂਦਾ ਹੋਇਆ ਆਪਣਾ ਜਨਮ ਵਿਅਰਥ ਗਵਾ ਰਿਹਾ ਹੈ। ਗੋਤੇ ਖਾਣੇ ਇਹੀ ਹਨ ਕਿ ਕਦੇ ਮਨ ਵਿੱਚ ਉਪਰਾਮਤਾ ਆ ਜਾਣੀ ਤੇ ਆਸਾ ਤ੍ਰਿਸ਼ਨਾ ਦੀ ਨਦੀ ਵਿੱਚ ਫਿਰ ਰੁੜ੍ਹ ਜਾਣਾ। ਜੈਸਾ ਕਿ :

**ਨਦਿ ਆਸਾ ਸੁਭ ਅਸੁਭ ਤਟ ਭਰੀ ਮਨੋਰਥ ਨੀਰ ॥**
**ਤ੍ਰਿਸ਼ਨਾ ਅਮਿਤ ਤਰੰਗ ਜਿਹ ਭਵਰ ਭਰਮ ਗੰਭੀਰ ॥੧੬॥** [ਵਿਚਾਰ ਮਾਲਾ ਅਧਿ: ੧]

ਮਹਾਤਮਾ ਅਨਾਥ ਪੁਰੀ ਜੀ ਨੇ ਆਸਾ ਰੂਪ ਨਦੀ ਦਾ ਜ਼ਿਕਰ ਕਰਦਿਆਂ ਆਪਣੀ ਰਚਨਾ ਵਿਚਾਰਮਾਲਾ ਵਿੱਚ ਕਥਨ ਕੀਤਾ ਹੈ ਕਿ ਆਸਾ ਰੂਪ ਨਦੀ ਦੇ ਸ਼ੁਭ-ਅਸ਼ੁਭ ਦੋ ਕਿਨਾਰੇ ਹਨ। (ਆਸਾ ਸੁਭ ਅਤੇ ਅਸੁਭ ਦੋ ਤਰ੍ਹਾਂ ਦੀ ਹੈ ਇਸ ਲਈ ਦੋ ਕਿਨਾਰੇ ਕਿਹਾ ਹੈ। ਸੁਭ ਆਸਾ ਸੁਭ ਕਿਨਾਰੇ 'ਤੇ ਲੈ ਜਾਂਦੀ ਹੈ ਤੇ ਅਸ਼ੁਭ ਆਸਾ ਅਸ਼ੁਭ ਕਿਨਾਰੇ ਲੈ ਜਾਂਦੀ ਹੈ) ਮਨੋਰਥ=ਮਨ+ਅਰਥ=ਮਨ ਦੇ ਸੰਕਲਪਾਂ ਰੂਪ ਪਾਣੀ ਨਾਲ ਭਰੀ ਹੋਈ ਹੈ। ਤ੍ਰਿਸ਼ਨਾ ਰੂਪ ਅਮਿਤ=ਮਿਣਤੀ ਤੋਂ ਰਹਿਤ, ਤੋਲਣ ਤੋਂ ਰਹਿਤ ਭਾਵ ਬੇਅੰਤ ਤਰੰਗ ਉੱਠ ਰਹੇ ਹਨ। ਅਤੇ ਭਰਮ ਰੂਪ ਗੰਭੀਰ=ਡੂੰਘੀਆਂ ਭਵਰ=ਭੰਭੀਰੀਆਂ ਹਨ (ਜੋ ਪਾਣੀ ਇੱਕ ਥਾਂ ਘੁੰਮਦਾ ਹੈ ਉਸ ਨੂੰ ਭਵਰ ਕਿਹਾ ਜਾਂਦਾ ਹੈ) ਆਸਾ ਤ੍ਰਿਸ਼ਨਾ ਨੂੰ ਧਰਮ ਗ੍ਰੰਥਾਂ ਵਿੱਚ ਡਾਇਣ ਦਾ ਦਰਜਾ ਵੀ ਦਿੱਤਾ ਹੈ। ਜੈਸਾ ਕਿ :

**ਆਸਾ ਤ੍ਰਿਸ਼ਨਾ ਚਿੰਤ ਬਹੁ ਏ ਡਾਇਣ ਘਰਿ ਮਾਹਿ ॥**
**ਜੀਵਨ ਕਿਹ ਬਿਧਿ ਹੋਇ ਮਮ ਹ੍ਰਿਦੈ ਸਿੰਮ੍ਰਿਤ ਕੋ ਖਾਹਿ ॥੧੪॥** [ਵਿਚਾਰ ਮਾਲਾ ਅਧਿ: ੧]

ਆਸਾ ਅਤੇ ਤ੍ਰਿਸ਼ਨਾ ਕਰਕੇ ਜੋ ਬਹੁਤੇ ਪਦਾਰਥਾਂ ਦੀ ਚਿੰਤਾ ਰਹਿੰਦੀ ਹੈ ਇਹ ਹਿਰਦੇ ਰੂਪੀ ਘਰ ਵਿੱਚ ਡਾਇਣ, ਚੁੜੇਲਾਂ ਚਿੰਬੜੀਆਂ ਹੋਈਆਂ ਹਨ ਜੋ ਹਿਰਦੇ ਵਿੱਚੋਂ ਸ੍ਰੇਸ਼ਟ ਸਿਮ੍ਰਤੀ ਨੂੰ ਖਾਈ ਜਾ ਰਹੀਆਂ ਹਨ ਸੋ ਜੀਵਨ ਕਿਸ ਬਿਧੀ ਨਾਲ ਬਤੀਤ ਹੋਵੇ। ਇਸੇ ਤਰ੍ਹਾਂ ਤ੍ਰਿਸ਼ਨਾ ਨੂੰ ਕਈ ਤਰ੍ਹਾਂ ਦੇ ਨੁਕਸਾਨ ਕਰਨ ਵਾਲੀਆਂ ਵਸਤੂਆਂ ਨਾਲ ਤੋਲਿਆ ਹੈ, ਜੈਸਾ ਕਿ ਉਪਰ ਆਈ ਹੋਈ ਵੀਚਾਰਿ ਕਿ ਆਸਾ ਤ੍ਰਿਸ਼ਨਾ ਨੂੰ ਡਾਇਣ, ਨਦੀ ਅਤੇ ਅਗਨੀ ਆਦਿ

ਨਾਲ ਤੁਲਨਾ ਦਿੱਤੀ ਹੈ। ਨਦੀ ਅਤੇ ਡਾਇਣ ਦੀ ਵਿਆਖਿਆ ਹੋ ਚੁੱਕੀ ਹੈ ਅਤੇ ਅਗਨੀ ਦੀ ਵਿਆਖਿਆ ਇਸ ਪ੍ਰਕਾਰ ਹੈ। ਜੈਸਾ ਕਿ:

**੧. ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ॥**
**ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ॥** [ਵਾਰ ਵਡਹੰਸ ਮः ੩, ਅੰਗ ੫੮੮]

**੨. ਤ੍ਰਿਸਨਾ ਜਲਤ ਜਲੇ ਅਹੰਕਾਰੇ॥ ਗੁਰਿ ਰਾਖੇ ਵਡਭਾਗੀ ਤਾਰੇ॥** [ਬਸੰਤ ਮः ੩, ਅੰਗ ੧੧੭੨]

ਤ੍ਰਿਸ਼ਨਾ ਵਿਰਲੇ ਪੁਰਸ਼ ਦੀ ਹੀ ਬੁਝਦੀ ਹੈ। ਜੈਸਾ ਕਿ:

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥੧॥ਰਹਾਉ॥**
**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨਾ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥੧॥**
**ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ਬੁਰਾ ਭਲਾ ਨਹੀ ਸੁਝੀ ਹੇ॥**
[ਗਉੜੀ ਮः ੫, ਅੰਗ ੨੧੩]

ਮਾਇਆ ਦੀ ਤ੍ਰਿਸ਼ਨਾ ਇਤਨੀ ਪਰਬਲ ਹੈ ਕਿ ਧਨ ਸੈਂਕੜੇ ਤੋਂ ਹਜ਼ਾਰਾਂ, ਲੱਖਾਂ, ਕਰੋੜਾਂ, ਅਰਬਾਂ, ਖਰਬਾਂ ਇਕੱਠਾ ਕਰ ਕੇ ਵੀ ਜੀਵ ਨੂੰ ਤ੍ਰਿਪਤੀ ਨਹੀਂ ਆਉਂਦੀ। ਜੈਸਾ ਕਿ:

**ਸਾਖੀ—ਤ੍ਰਿਸ਼ਨਾਲੂ ਪੁਰਸ਼ ਦੀ—**ਇਕ ਕੋਈ ਤ੍ਰਿਸ਼ਨਾਲੂ ਪੁਰਸ਼ ਪਦਾਰਥ ਪ੍ਰਾਪਤ ਕਰਨ ਦੀ ਇੱਛਾ ਨਾਲ ਥਾਂ-ਥਾਂ ਸਾਧੂ ਸੰਤਾਂ ਕੋਲ ਜਾਂਦਾ ਹੁੰਦਾ ਸੀ। ਇੱਕ ਦਿਨ ਕੋਈ ਸ਼ਿਵ ਉਪਾਸ਼ਕ ਮਹਾਤਮਾ ਮਿਲ ਗਏ ਉਨ੍ਹਾਂ ਨੇ ਕਿਹਾ ਕਿ ਭਾਈ! ਜੇ ਤੈਨੂੰ ਪਦਾਰਥ ਪ੍ਰਾਪਤੀ ਦੀ ਇੱਛਾ ਹੈ ਤਾਂ ਤੇਤੀ ਕਰੋੜ ਦੇਵਤਿਆਂ ਵਿੱਚੋਂ ਮਹਾਂਦੇਵ ਜੀ ਨੂੰ ਭੋਲੇ ਨਾਥ ਕਿਹਾ ਜਾਂਦਾ ਹੈ ਕਿਉਂਕਿ ਇਹ ਬਹੁਤ ਛੇਤੀ ਵਰ ਦਿੰਦੇ ਹਨ, ਤੂੰ ਸ਼ਿਵਜੀ ਦੀ ਉਪਾਸ਼ਨਾ ਕਰ। ਮਹਾਤਮਾ ਤੋਂ ਸਿਖਿਆ ਲੈ ਕੇ ਸ਼ਿਵਜੀ ਦੀ ਉਪਾਸ਼ਨਾ ਆਰੰਭ ਕੀਤੀ ਉਸ ਦੀ ਘਾਲਣਾ ਤੋਂ ਸ਼ਿਵਜੀ ਪ੍ਰਸੰਨ ਹੋ ਕੇ ਪ੍ਰਗਟ ਹੋਏ ਤੇ ਕਿਹਾ ਕਿ ਵਰ ਮੰਗ ਤਾਂ ਤ੍ਰਿਸ਼ਨਾਲੂ ਪੁਰਸ਼ ਨੇ ਕਿਹਾ ਕਿ ਮੈਨੂੰ ਮਾਇਆ ਚਾਹੀਦੀ ਹੈ। ਮਾਇਆ ਪ੍ਰਾਪਤੀ ਦਾ ਵਰ ਦਿਓ ਤਾਂ ਸ਼ਿਵਜੀ ਨੇ ਚਾਰ ਮੋਮਬੱਤੀਆਂ ਦਿੱਤੀਆਂ ਅਤੇ ਕਿਹਾ ਕਿ ਇਨ੍ਹਾਂ ਨੂੰ ਲੈ ਜਾ ਇੱਕ ਬੱਤੀ ਜਗਾ ਕੇ ਪੂਰਬ ਵੱਲ ਜਾਵੀਂ ਜਿਥੇ ਮੋਮਬੱਤੀ ਬੁਝ ਜਾਵੇ ਉਥੋਂ ਧਰਤੀ ਪੁਟਣ ਤੋਂ ਮਾਇਆ ਪ੍ਰਾਪਤ ਹੋਵੇਗੀ ਪਰ ਸੰਤੋਖ ਤੋਂ ਕੰਮ ਲਈਂ ਜੇ ਤ੍ਰਿਪਤੀ ਨਾ ਆਈ ਤਾਂ ਦੂਜੀ ਬੱਤੀ ਜਗਾ ਕੇ ਦੱਖਣ ਵੱਲ ਜਾਈਂ ਜਿਥੇ ਬੱਤੀ ਬੁਝੇ ਉਥੋਂ ਧਰਤੀ ਪੁੱਟ ਕੇ ਮਾਇਆ ਪ੍ਰਾਪਤ ਕਰ ਲਈਂ, ਜੇ ਫਿਰ ਨਾ ਸਰਿਆ ਤਾਂ ਤੀਜੀ ਬੱਤੀ ਜਗਾ ਕੇ ਪੱਛਮ ਵੱਲ ਜਾਵੀਂ ਤੇ ਪਹਿਲਾਂ ਦੀ ਤਰ੍ਹਾਂ ਮਾਇਆ ਪ੍ਰਾਪਤ ਕਰ ਲਵੀਂ ਪਰ ਚੌਥੀ ਬੱਤੀ ਨਾ ਜਗਾਈਂ ਜੇ ਜਗਾ ਕੇ ਗਿਆ ਤਾਂ ਬਿਪਤਾ ਵਿੱਚ ਫਸ ਜਾਵੇਂਗਾ। ਉਹ ਪੁਰਸ਼ ਸ਼ਿਵਜੀ ਨੂੰ ਨਮਸਕਾਰ ਕਰਕੇ ਅਤੇ ਸਤ ਬਚਨ ਕਹਿ ਕੇ ਚਲਿਆ ਗਿਆ। ਕਲਪਨਾ ਵਿੱਚ ਦਿਨ ਮਸਾਂ ਬਤੀਤ ਹੋਇਆ ਸੋਚਦਾ ਹੈ ਕਿ ਦਿਨ ਜਲਦੀ ਛਿਪ ਜਾਏ ਤੇ ਮਾਇਆ ਦੀ ਪ੍ਰਾਪਤੀ ਕਰ ਲਵਾਂ। ਵਾਰ-ਵਾਰ ਸੂਰਜ ਨੂੰ ਦੇਖਦਾ ਹੈ ਆਖ਼ਰ ਸੂਰਜ ਆਪਣੇ ਸਮੇਂ ਅਨੁਸਾਰ ਛਿਪ ਗਿਆ। ਲੋਕਾਂ ਦੀ ਆਵਾਜਾਈ ਦੇ ਟਿਕ-ਟਿਕਾ ਹੋਣ 'ਤੇ ਬੱਤੀ ਜਗਾ ਕੇ ਪੂਰਬ ਵੱਲ ਤੁਰ ਗਿਆ। ਜਿਥੇ ਬੱਤੀ ਬੁਝੀ ਧਰਤੀ ਪੁੱਟਣ ਤੋਂ ਖ਼ਜ਼ਾਨਾ ਲੱਭ ਗਿਆ। ਬਹੁਤ ਖ਼ੁਸ਼ ਹੋਇਆ। ਉਸ ਉੱਤੇ ਉਸੇ ਤਰ੍ਹਾਂ ਮਿੱਟੀ ਪਾ ਦਿੱਤੀ ਫਿਰ ਦੂਜੀ ਬੱਤੀ ਜਗਾ ਕੇ ਪੱਛਮ ਵੱਲ ਤੁਰ ਪਿਆ। ਬੱਤੀ ਬੁਝਣ ਤੋਂ ਧਰਤੀ ਪੁੱਟੀ ਤਾਂ ਚਾਂਦੀ ਤੇ ਰੁਪਈਆਂ ਦਾ ਢੇਰ ਲੱਭ ਪਿਆ। ਉਸ ਉੱਤੇ ਮਿੱਟੀ ਪਾ ਕੇ ਫਿਰ ਤੀਜੀ ਬੱਤੀ ਜਗਾ ਕੇ ਦੱਖਣ ਵਲ ਗਿਆ ਤੇ ਬੱਤੀ ਬੁਝੀ ਤੋਂ ਧਰਤੀ ਪੁੱਟੀ ਤਾਂ ਸੋਨੇ ਦੀਆਂ ਮੋਹਰਾਂ ਦਾ ਖ਼ਜ਼ਾਨਾ ਲੱਭ ਪਿਆ, ਉਸ ਉੱਤੇ ਪਹਿਲਾਂ ਦੀ ਤਰ੍ਹਾਂ ਮਿੱਟੀ ਪਾ ਕੇ ਸੋਚਣ ਲੱਗਾ ਕਿ ਜਿਵੇਂ ਤਾਂਬੇ ਦੇ ਪੈਸੇ, ਚਾਂਦੀ ਦੇ ਰੁਪਏ ਤੇ ਸੋਨੇ ਦੀਆਂ ਮੋਹਰਾਂ ਬੇਅੰਤ ਖ਼ਜ਼ਾਨਾ ਲੱਭਿਆ ਹੈ। ਚੌਥੇ ਥਾਂ ਤੋਂ ਸ਼ਿਵਜੀ ਨੇ ਇਸ ਲਈ ਮਨ੍ਹਾ ਕੀਤਾ ਹੈ ਕਿ ਉਸ ਥਾਂ 'ਤੇ ਹੀਰੇ-ਜਵਾਹਰਾਤਾਂ ਦਾ ਖ਼ਜ਼ਾਨਾ ਹੋਵੇਗਾ। ਇਸੇ ਤ੍ਰਿਸ਼ਨਾ ਦਾ ਨਿਰੂਪਨ ਬਾਣੀ ਵਿੱਚ ਇਸ ਪ੍ਰਕਾਰ ਕੀਤਾ ਹੈ। ਜੈਸਾ ਕਿ:

**ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥**
**ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥**
**ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ॥**
**ਜਨ ਨਾਨਕ ਨਾਮ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ॥** [ਸੂਹੀ ਮਹਲਾ ੪, ਅੰਗ ੭੭੬]

ਇਸ ਤਰ੍ਹਾਂ ਉਹ ਤ੍ਰਿਸ਼ਨਾਲੂ ਚੌਥੇ ਪਾਸੇ ਤੁਰ ਪਿਆ। ਬੱਤੀ ਬੁੱਝਣ ਤੋਂ ਧਰਤੀ ਪੁੱਟੀ ਤਾਂ ਇੱਕ ਦਰਵਾਜ਼ਾ ਨਜ਼ਰ ਆਇਆ। ਉਸ ਨੂੰ ਦੇਖ ਕੇ ਖ਼ੁਸ਼ ਹੋਇਆ ਕਿ ਇਹ ਤਾਂ ਬਹੁਤ ਕੀਮਤੀ ਖ਼ਜ਼ਾਨਾ ਲੱਭ ਪਿਆ ਹੈ। ਦਰਵਾਜ਼ਾ ਖੋਲ੍ਹ ਕੇ ਅੰਦਰ ਵੇਖਿਆ ਹੀਰੇ ਜਵਾਹਰਾਤਾਂ ਦੇ ਢੇਰ ਲੱਗੇ ਹੋਏ ਹਨ। ਉਨ੍ਹਾਂ ਨੂੰ ਦੇਖ ਕੇ ਹੋਰ ਵੀ ਖ਼ੁਸ਼ ਹੋਇਆ। ਬੜੇ ਸੁੰਦਰ ਸੋਨੇ ਦੇ ਤਖ਼ਤਿਆਂ ਵਾਲੇ ਮਕਾਨ ਹਨ। ਜਦੋਂ ਤਖ਼ਤਿਆਂ ਨੂੰ ਧੱਕਾ ਦਿੱਤਾ ਤਾਂ ਉਹ ਖੁਲ੍ਹ ਗਏ। ਕੀ ਵੇਖਿਆ ਕਿ ਇੱਕ ਆਦਮੀ ਸ਼ਤੀਰ ਹੇਠ ਸਿਰ ਦੇ ਕੇ ਖਲੋਤਾ ਹੈ। ਉਸ ਨੂੰ ਪੁੱਛਣ ਲੱਗਾ ਕਿ ਇਥੇ ਹੋਰ ਵੀ ਖ਼ਜ਼ਾਨੇ ਹਨ ? ਉਸ ਨੇ ਕਿਹਾ ਕਿ ਹਾਂ-ਹਾਂ, ਇਥੇ ਤਾਂ ਬੇਅੰਤ ਖ਼ਜ਼ਾਨੇ ਹਨ, ਇਹ ਤਾਂ ਤੂੰ ਕੁਝ ਵੀ ਨਹੀਂ ਵੇਖਿਆ। ਤ੍ਰਿਸ਼ਨਾਲੂ ਕਹਿਣ ਲਗਾ ਕਿ ਭਰਾਵਾ ਜਲਦੀ ਦੱਸ ਖ਼ਜ਼ਾਨੇ ਕਿਥੇ ਹਨ ? ਉਸ ਪੁਰਸ਼ ਨੇ ਕਿਹਾ ਕਿ ਮੇਰੇ ਸਿਰ ਉੱਤੇ ਸ਼ਤੀਰ ਦਾ ਵਜ਼ਨ ਹੈ, ਤੂੰ ਕੁਝ ਸਮੇਂ ਲਈ ਸ਼ਤੀਰ ਦੇ ਹੇਠ ਆਪਣਾ ਸਿਰ ਦੇ ਕੇ ਖੜ੍ਹ ਤੇ ਮੈਂ ਤੈਨੂੰ ਨਿਸ਼ਾਨੀ ਲਾ ਦਿੰਦਾ ਹਾਂ ਕਿ ਇਥੇ-ਇਥੇ ਖ਼ਜ਼ਾਨੇ ਹਨ। ਤ੍ਰਿਸ਼ਨਾਲੂ ਪੁਰਸ਼ ਨੇ ਖ਼ੁਸ਼ ਹੋ ਕੇ ਫਟਾ-ਫਟ ਆਪਣਾ ਸਿਰ ਸ਼ਤੀਰ ਹੇਠ ਦੇ ਦਿੱਤਾ। ਜਦੋਂ ਪੂਰਾ ਵਜ਼ਨ ਉਸਦੇ ਸਿਰ 'ਤੇ ਆ ਗਿਆ ਤੇ ਕਿਸੇ ਪਾਸੇ ਹਿੱਲਣ ਜੋਗਾ ਨਾ ਰਿਹਾ ਤਾਂ ਪਹਿਲਾ ਆਦਮੀ ਜਲਦੀ ਨਾਲ ਬਾਹਰ ਤੁਰ ਪਿਆ। ਇਹ ਵੇਖ ਕੇ ਤ੍ਰਿਸ਼ਨਾਲੂ ਪੁਰਸ਼ ਕਹਿਣ ਲੱਗਾ ਕਿ ਮੈਨੂੰ ਇਥੇ ਫਸਾ ਕੇ ਤੂੰ ਕਿਥੇ ਤੁਰ ਚਲਿਆ ਹੈਂ ? ਤਾਂ ਪਹਿਲੇ ਪੁਰਸ਼ ਨੇ ਕਿਹਾ ਕਿ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੂੰ ਮੈਨੂੰ ਸ਼ਤੀਰ ਹੇਠੋਂ ਕੱਢਿਆ ਹੈ। ਮੈਂ ਵੀ ਤੇਰੀ ਤਰ੍ਹਾਂ ਆ ਕੇ ਫਸਿਆ ਸੀ, ਮੈਨੂੰ ਸ਼ਤੀਰ ਹੇਠ ਦੇਣ ਵਾਲੇ ਨੇ ਦੱਸਿਆ ਸੀ ਕਿ ਤੇਰੇ ਨਾਲੋਂ ਵੱਧ ਤ੍ਰਿਸ਼ਨਾਲੂ ਆ ਕੇ ਕੱਢੇਗਾ। ਸੋ, ਤੂੰ ਆ ਪਹੁੰਚਾ ਹੈਂ, ਜੋ ਤੂੰ ਪਦਾਰਥ ਛੱਡ ਕੇ ਆਇਆ ਹੈਂ, ਉਨ੍ਹਾਂ ਨੂੰ ਮੈਂ ਸਾਭਾਂਗਾ। ਤ੍ਰਿਸ਼ਨਾਲੂ ਕਹਿਣ ਲੱਗਾ ਕਿ ਮੈਨੂੰ ਇਥੋਂ ਕੌਣ ਕੱਢੇਗਾ ? ਤਾਂ ਪਹਿਲੇ ਪੁਰਸ਼ ਨੇ ਕਿਹਾ ਕਿ ਜੋ ਤੇਰੇ ਨਾਲੋਂ ਵੱਧ ਤ੍ਰਿਸ਼ਨਾਲੂ ਆਵੇਗਾ, ਉਹ ਤੈਨੂੰ ਇਥੋਂ ਕੱਢੇਗਾ। ਇਸ ਤਰ੍ਹਾਂ ਪਦਾਰਥਾਂ ਨਾਲ ਕਦੇ ਤ੍ਰਿਸ਼ਨਾ ਦੂਰ ਨਹੀਂ ਹੁੰਦੀ। ਜੈਸਾ ਕਿ :

**ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥ ਹਰਿ ਕਾ ਨਾਮੁ ਜਪਤ ਆਘਾਵੈ॥**

[ਗਉੜੀ ਸੁਖਮਨੀ ਮਃ ੫, ਅੰਗ ੨੬੪]

ਮਾਇਕੀ ਪਦਾਰਥਾਂ ਦਾ ਅਨੇਕ ਕਿਸਮ ਦਾ ਰੰਗ=ਪ੍ਰੇਮ ਤ੍ਰਿਸ਼ਨਾਂ ਦੀ ਅਗਨੀ ਨੂੰ ਬੁਝਣ ਨਹੀਂ ਦਿੰਦਾ, ਸਦਾ ਅਤ੍ਰਿਪਤੀ ਹੀ ਰਹਿੰਦੀ ਹੈ। ਜਦੋਂ ਵੀ ਤ੍ਰਿਪਤੀ ਹੁੰਦੀ ਹੈ ਸਤਿਗੁਰਾਂ ਦੇ ਬਖ਼ਸ਼ਿਸ ਕੀਤੇ ਹੋਏ ਨਾਮ ਦੁਆਰਾ ਹੀ ਹੁੰਦੀ ਹੈ। ਇਸ ਲਈ ਮੁਖਵਾਕ ਦੀ ਪਹਿਲੀ ਤੁਕ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਮੇਰੇ ਸਤਿਗੁਰ ਗੁਰੂ ਅਮਰਦਾਸ ਜੀ ਤੋਂ ਨਾਮ ਮਿਲਣ ਕਰਕੇ ਮੇਰੀ ਆਸਾ, ਤ੍ਰਿਸ਼ਨਾ ਰੂਪ ਅਗਨੀ ਬੁਝ ਗਈ ਹੈ।

## *ਹਉ ਮਨੁ ਤਨੁ ਦੇਵਾ ਸਤਿਗੁਰੈ; ਮੈ ਮੇਲੇ ਪ੍ਰਭ ਗੁਣਤਾਸੇ॥*

ਹਉ=ਮੈਂ ਆਪਣੇ ਮਨ ਅਤੇ ਤਨ ਨੂੰ ਉਨ੍ਹਾਂ ਸਤਿਗੁਰਾਂ ਦੇ ਅੱਗੇ ਭੇਟਾ ਵਜੋਂ ਦੇਵਾ=ਦਿੰਦਾ ਹਾਂ, ਜਿਸ ਗੁਰੂ ਨੇ ਮੈਨੂੰ (ਗੁਣ+ਤਾਸੇ) ਗੁਣ=ਸ਼ੁਭ ਗੁਣਾਂ ਦੇ ਤਾਸੇ=ਖ਼ਜ਼ਾਨੇ ਪ੍ਰਭ=ਵਾਹਿਗੁਰੂ ਨਾਲ ਮੇਲਣਾ ਕੀਤਾ ਹੈ। ਜੈਸਾ ਕਿ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥**

[ਰਾਮਕਲੀ ਮਹਲਾ ੩, ਅੰਗ ੯੧੮]

## ਧਨੁ ਧੰਨੁ ਗੁਰੂ ਵਡ ਪੁਰਖੁ ਹੈ; ਮੈ ਦਸੇ ਹਰਿ ਸਾਬਾਸੇ ॥

ਗੁਰੂ ਸਾਹਿਬ ਜੀ ਜੋ ਵੱਡੇ ਪੁਰਖ ਹਨ, ਜੋ ਮਨ ਕਰਕੇ ਵੀ ਧੰਨਤਾ ਯੋਗ ਹਨ ਤੇ ਬਾਣੀ ਕਰਕੇ ਵੀ ਧੰਨਤਾ ਯੋਗ ਹਨ ਅਤੇ ਮੈਨੂੰ ਸਾਬਾਸੇ=ਧੰਨਤਾ ਯੋਗ ਹਰੀ ਵਾਹਿਗੁਰੂ ਦੀ ਪ੍ਰਾਪਤੀ ਦਾ ਰਸਤਾ ਦਸਦੇ ਹਨ। ਅਥਵਾ ਜਿਨ੍ਹਾਂ ਨੇ ਮੈਨੂੰ ਹਰਿ=ਵਾਹਿਗੁਰੂ ਦੀ ਸਾਬਾਸੇ=ਵਡਿਆਈ ਕਰਨੀ ਦੱਸੀ ਹੈ। ਜੈਸਾ ਕਿ :

**ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥**

[ਵਾਰ ਕਾਨੜਾ ਮਃ ੪, ਅੰਗ ੧੩੧੬]

## ਵਡਭਾਗੀ ਹਰਿ ਪਾਇਆ; ਜਨ ਨਾਨਕ ਨਾਮਿ ਵਿਗਾਸੇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਾਮੀ ਪ੍ਰਮੇਸ਼ਰ ਦੇ ਨਾਮ ਨੂੰ ਜਪ ਕੇ ਜਿਨ੍ਹਾਂ ਨੇ ਹਰਿ=ਵਾਹਿਗੁਰੂ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਉਹ ਹਮੇਸ਼ਾ ਹੀ ਵਿਗਾਸੇ=ਪ੍ਰਸੰਨ ਰਹਿੰਦੇ ਹਨ॥੧॥

## ਗੁਰੁ ਸਜਣੁ ਪਿਆਰਾ ਮੈ ਮਿਲਿਆ; ਹਰਿ ਮਾਰਗੁ ਪੰਥੁ ਦਸਾਹਾ ॥

ਮੈਨੂੰ ਪਿਆਰਾ ਸਤਿਗੁਰੂ ਸੱਜਣ ਮਿਲਿਆ ਹੈ, ਮੈਂ ਪੰਥਾਂ ਵਿੱਚੋਂ ਭਾਵ ਰਸਤਿਆਂ ਵਿੱਚੋਂ ਹਰਿ=ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸ੍ਰੇਸ਼ਟ ਮਾਰਗ ਸਤਿਗੁਰਾਂ ਤੋਂ ਦਸਾਹਾ=ਪੁੱਛਿਆ ਹੈ, **ਅਥਵਾ** ਸਤਿਗੁਰਾਂ ਨੇ ਹਰੀ ਦੀ ਪ੍ਰਾਪਤੀ ਦਾ ਪੰਥੁ=ਖੁੱਲ੍ਹਾ ਰਸਤਾ ਦਸਾਹਾ=ਦੱਸਿਆ ਹੈ।

## ਘਰਿ ਆਵਹੁ ਚਿਰੀ ਵਿਛੁੰਨਿਆ; ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥

ਹੇ ਚਿਰੰਕਾਲਾਂ ਦੇ ਵਿਛੜੇ ਹੋਏ ਪ੍ਰਭੂ! ਆਪ ਮੇਰੇ ਹਿਰਦੇ ਘਰ ਵਿੱਚ ਆ ਕੇ ਸਾਖਿਆਤਕਾਰ ਹੋਵੋ, ਹੇ ਨਾਹਾ=ਸੁਆਮੀ ਪ੍ਰਭੂ! ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਪ੍ਰਭੂ ਮੈਨੂੰ ਮਿਲਣਾ ਕਰੋ।

## ਹਉ ਤੁਝੁ ਬਾਝਹੁ ਖਰੀ ਉਡੀਣੀਆ; ਜਿਉ ਜਲ ਬਿਨੁ ਮੀਨੁ ਮਰਾਹਾ ॥

ਹਉ=ਮੈਂ ਆਪ ਜੀ ਤੋਂ ਬਾਝਹੁ=ਬਿਨਾਂ ਖਰੀ=ਚੰਗੀ ਭਾਵ ਬਹੁਤੀ ਉਡੀਣੀਆ=ਉਦਾਸੀਨ ਹੋ ਰਹੀ ਹਾਂ, **ਅਥਵਾ** ਦੁਖੀ ਹੋ ਰਹੀ ਹਾਂ, **ਵਾ:** ਨਿੰਮੋਝੂਣੀ ਹੋ ਰਹੀ ਹਾਂ ਅਤੇ ਜਿਵੇਂ ਪਾਣੀ ਤੋਂ ਬਿਨਾ ਮੀਨੁ=ਮੱਛੀ ਮਰਾਹਾ=ਮਰਦੀ ਹੈ, ਤਿਵੇਂ ਮੈਂ ਮਰ ਰਹੀ ਹਾਂ।

## ਵਡਭਾਗੀ ਹਰਿ ਧਿਆਇਆ; ਜਨ ਨਾਨਕ ਨਾਮਿ ਸਮਾਹਾ ॥੨॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਵਡਭਾਗੀ=ਵੱਡੇ ਭਾਗਾਂ ਵਾਲਿਆਂ ਨੇ ਹੀ ਹਰਿ=ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ ਅਤੇ ਵਡਭਾਗੀ ਜਨ ਹੀ ਨਾਮ ਦੁਆਰਾ ਪ੍ਰੇਮਸ਼ਰ ਵਿੱਚ ਸਮਾਹਾ=ਸਮਾ ਗਏ, ਭਾਵ ਅਭੇਦ ਹੋਏ ਹਨ॥੨॥

## ਮਨੁ ਦਹ ਦਿਸਿ ਚਲਿ ਚਲਿ ਭਰਮਿਆ; ਮਨਮੁਖ ਭਰਮਿ ਭੁਲਾਇਆ ॥

ਮਨਮੁਖ ਦਾ ਮਨ ਭਰਮ ਦਾ ਭੁਲਾਇਆ ਹੋਇਆ ਚਲਿ=ਭੰਭੀਰੀ ਵਾਂਗ ਚਲਿ=ਚੰਚਲ ਹੋ ਕੇ ਦਸੋ ਦਿਸ਼ਾ ਵਿੱਚ ਭਰਮਦਾ=ਭਟਕਦਾ ਫਿਰਦਾ ਹੈ।

## *ਨਿਤ ਆਸਾ ਮਨਿ ਚਿਤਵੈ; ਮਨ ਤ੍ਰਿਸਨਾ ਭੁਖ ਲਗਾਇਆ ॥*

ਨਿਤ ਹੀ ਮਨ ਵਿੱਚ ਪਦਾਰਥਾਂ ਦੀ ਆਸਾ ਨੂੰ ਚਿਤਵਦਾ ਹੈ, ਮਨ ਵਿੱਚ ਤ੍ਰਿਸ਼ਨਾ ਰੂਪ ਭੁਖ ਨੂੰ ਲਗਾਇਆ ਹੋਇਆ ਹੈ।

## *ਅਨਤਾ ਧਨੁ ਧਰਿ ਦਬਿਆ; ਫਿਰਿ ਬਿਖੁ ਭਾਲਣ ਗਇਆ ॥*

ਅਨਤਾ=ਬਿਅੰਤ ਧਨ ਧਰਿ=ਧਰਤੀ ਵਿੱਚ ਦੱਬਿਆ ਹੋਇਆ ਹੈ, ਪਰ ਫਿਰ ਵੀ ਬਿਖੁ=ਜ਼ਹਿਰ ਰੂਪ ਮਾਇਆ ਨੂੰ ਭਾਲਣ=ਲੱਭਣ ਜਾਂਦਾ ਹੈ, **ਵਾ:** ਬੇਅੰਤ ਲੋਕਾਂ ਦਾ ਬੇਅੰਤ ਧਨ ਧਰਤੀ ਵਿੱਚ ਦੱਬਿਆ ਰਹਿ ਗਿਆ ਤੇ ਉਹ ਮਰ-ਖੱਪ ਗਏ ਹਨ, ਪਰ ਜੀਵ ਫਿਰ ਵੀ ਨਹੀਂ ਸਮਝਦਾ ਤੇ ਬਿਖੁ=ਜ਼ਹਿਰ ਰੂਪ ਧਨ ਨੂੰ ਭਾਲਣ=ਖੋਜਣ ਵਾਸਤੇ ਜਾਂਦਾ ਹੈ। **ਵਾ:** ਅਨੰਤ ਰੂਪ ਪ੍ਰਮੇਸ਼ਰ ਦਾ ਨਾਮ ਧਨ ਸਰੀਰ ਵਿੱਚ ਹੀ ਦੱਬਿਆ ਹੋਇਆ ਹੈ, ਪਰ ਫਿਰ ਵੀ ਇਹ ਵਿਸ਼ਿਆਂ ਰੂਪੀ ਵਿਹੁ ਨੂੰ ਭਾਲਣ ਗਿਆ।

## *ਜਨ ਨਾਨਕ ਨਾਮੁ ਸਲਾਹਿ ਤੂ; ਬਿਨੁ ਨਾਵੈ ਪਚਿ ਪਚਿ ਮੁਇਆ ॥੩॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪੁਰਸ਼! ਤੂੰ ਨਾਮ ਨੂੰ ਸਲਾਹੁਣਾ ਕਰ, ਭਾਵ ਨਾਮ ਦਾ ਚਿੰਤਨ ਕਰ, ਕਿਉਂਕਿ ਨਾਮ ਤੋਂ ਬਿਨਾ ਇਹ ਜੀਵ ਪਚਿ ਪਚਿ=ਸੜ-ਸੜ ਕੇ, **ਵਾ:** ਚੁੜ-ਚੁੜ ਕੇ ਮਰਦਾ ਹੈ॥੩॥

## *ਗੁਰੁ ਸੁੰਦਰੁ ਮੋਹਨੁ ਪਾਇ ਕਰੇ; ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥*

ਜੋ ਸੁੰਦਰ ਸਤਿਗੁਰੂ ਜੀ ਮਨ ਨੂੰ ਮੋਹਣ ਵਾਲੇ ਹਨ, ਤਿੰਨ੍ਹਾਂ ਨੂੰ ਪਾਇ ਕਰੇ=ਪ੍ਰਾਪਤ ਕਰਕੇ, ਭਾਵ ਮਿਲ ਕੇ ਹਰਿ=ਪ੍ਰਮੇਸ਼ਰ ਦੀ ਪ੍ਰੇਮ ਵਾਲੀ ਬਾਣੀ ਰੂਪ ਤੀਰ ਦੁਆਰਾ ਮਨ ਰੂਪੀ ਹਿਰਨ ਨੂੰ ਮਾਰਨਾ ਕੀਤਾ ਹੈ। **ਵਾ:** ਜਿਸ ਵੇਲੇ ਸੁੰਦਰ ਸਤਿਗੁਰਾਂ ਦੀ ਪ੍ਰੇਮ ਬਾਣੀ ਦੁਆਰਾ ਮਨ ਰੂਪੀ ਹਿਰਨ ਨੂੰ ਮਾਰਨਾ ਕੀਤਾ ਤਾਂ ਹਰੀ ਮੋਹਨ ਨੂੰ ਪਾ ਲੈਣਾ ਕੀਤਾ।

## *ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ; ਮਨ ਆਸਾ ਚਿੰਤ ਵਿਸਾਰਿਆ ॥*

ਉਸ ਵੇਲੇ ਮੇਰੇ ਹਿਰਦੇ ਵਿੱਚੋਂ ਸੰਸਾਰਕ ਬੁੱਧੀ ਦੀ ਸੁਧਿ=ਹੋਸ਼, ਗਿਆਤ ਭੁੱਲ ਗਈ ਅਤੇ ਮਨ ਨੇ ਆਸਾ ਅਤੇ ਚਿੰਤਾ ਨੂੰ ਭੁਲਾ ਦਿੱਤਾ।

## *ਮੈ ਅੰਤਰਿ ਵੇਦਨ ਪ੍ਰੇਮ ਕੀ; ਗੁਰ ਦੇਖਤ ਮਨੁ ਸਾਧਾਰਿਆ ॥*

ਮੇਰੇ ਹਿਰਦੇ ਅੰਦਰ ਪ੍ਰੇਮ ਦੀ ਵੇਦਨ=ਪੀੜਾ ਲੱਗ ਰਹੀ ਸੀ। ਸਤਿਗੁਰਾਂ ਨੂੰ ਵੇਖਦਿਆਂ, ਭਾਵ ਦਰਸ਼ਨ ਕਰਦਿਆਂ ਹੀ ਮਨ ਨੂੰ ਧੀਰਜ ਆ ਗਿਆ ਹੈ, **ਵਾ:** ਮਨ ਸਹਿਤ ਆਸਰੇ ਦੇ ਹੋ ਗਿਆ ਹੈ। ਭਾਵ ਹੁਣ ਹਰੀ ਨੂੰ ਪ੍ਰਾਪਤ ਕਰਕੇ ਵਿਯੋਗ ਦੀ ਪੀੜਾ ਮਿਟ ਗਈ ਹੈ।

## *ਵਡਭਾਗੀ ਪ੍ਰਭ ਆਇ ਮਿਲੁ; ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਦਾਸ ਨੂੰ ਆ ਕੇ ਮਿਲਣਾ ਕਰ ਤਾਂ ਹੀ ਮੈਂ ਵਡਭਾਗੀ=ਵੱਡੇ ਭਾਗਾਂ ਵਾਲਾ ਹੋਵਾਂਗਾ, ਮੈਂ ਦਾਸ ਖਿਨੁ ਖਿਨੁ=ਥੋੜ੍ਹੇ-ਥੋੜ੍ਹੇ ਸਮੇਂ ਵਿੱਚ ਹੀ ਆਪ ਜੀ ਤੋਂ ਵਾਰਨੇ ਜਾਂਦਾ ਹਾਂ॥੪॥੧॥੫॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੧ [ਆਦਿ ਅੰਗ ੭੭੭]

*ਸੂਹੀ ਮਹਲਾ ੫ ॥ ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥ ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥ ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥੧॥ ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥ ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥ ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥ ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥ ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥ ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥ ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥ ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥*

## ਸੂਹੀ ਮਹਲਾ ੫ ॥

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੂਹੀ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ। ਇਸ ਮੁਖਵਾਕ ਦੀ ਪਹਿਲੀ ਹੀ ਤੁਕ ਵਿੱਚ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਦਾ ਸਿਧਾਂਤ ਪ੍ਰਗਟ ਕੀਤਾ ਹੈ। ਸਤਿਗੁਰੂ ਜੀ ਪਰਮ ਪਵਿੱਤਰ ਉਪਦੇਸ਼ ਵਿੱਚ ਇਸ ਪ੍ਰਕਾਰ ਵਖਿਆਨ ਕਰਦੇ ਹਨ :

## ਹਰਿ ਚਰਣ ਕਮਲ ਕੀ ਟੇਕ; ਸਤਿਗੁਰਿ ਦਿਤੀ ਤੁਸਿ ਕੈ, ਬਲਿ ਰਾਮ ਜੀਉ ॥

ਹੇ ਭਾਈ! ਬਲਿਹਾਰੇ ਜਾਣ ਯੋਗ ਰਾਮ ਦੇ ਸਰੂਪ ਪੂਰੇ ਸਤਿਗੁਰਾਂ ਨੇ ਤੁਸਿ ਕੈ=ਪ੍ਰਸੰਨ ਹੋ ਕੇ ਹਰੀ ਦੇ ਚਰਣਾਂ ਕਮਲਾਂ ਦੀ ਟੇਕ=ਓਟ, ਭਾਵ ਆਸਰਾ ਦਿੱਤਾ ਹੈ। ਕਿਉਂਕਿ ਚਰਣਾਂ ਕਮਲਾਂ ਦਾ ਆਸਰਾ ਸਤਿਗੁਰੂ ਦੇ ਦਿੱਤੇ ਉਪਦੇਸ਼ ਦੁਆਰਾ ਹੀ ਸਿੱਖ ਨੂੰ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੇ ਚਰਣਾਂ ਕਮਲਾਂ ਦਾ ਆਸਰਾ ਤੱਕਿਆ ਹੈ, ਉਨ੍ਹਾਂ ਦੀ ਰੱਖਿਆ ਪ੍ਰਮੇਸ਼ਰ ਵਲੋਂ ਹੁੰਦੀ ਰਹੀ ਹੈ। ਇਤਿਹਾਸਕ ਤੱਤ ਸਾਹਮਣੇ ਹਨ ਤੇ ਅਨੇਕਾਂ ਹੀ ਚਰਣਾਂ ਕਮਲਾਂ ਦੇ ਪ੍ਰੇਮੀਆਂ ਦੀਆਂ ਸਤਿਜੁਗ ਤੋਂ ਲੈ ਕੇ ਕਲਿਜੁਗ ਦੇ ਸਮੇਂ ਤੱਕ ਧਰਮ ਸ਼ਾਸ਼ਤ੍ਰਾਂ ਵਿੱਚ ਅਨੇਕਾਂ ਸਾਖੀਆਂ ਹਨ। ਇਨ੍ਹਾਂ ਸਾਖੀਆਂ ਵਿੱਚ ਇੱਕ ਦੁਆਪਰ ਜੁਗ ਦੇ ਇਤਿਹਾਸ ਦੀ ਸਾਖੀ ਭੀ ਅੰਕਿਤ ਹੈ।

**ਸਾਖੀ—ਰਾਧਕਾ ਦੁਆਰਾ ਭਗਵਾਨ ਕ੍ਰਿਸ਼ਨ ਦੇ ਚਰਣ ਹਿਰਦੇ ਵਿਚ ਵਸਾਉਣ ਦੀ—**ਦੁਆਪਰ ਜੁਗ ਦੇ ਅਵਤਾਰ ਭਗਵਾਨ ਕ੍ਰਿਸ਼ਨ ਜੀ, ਜੋ ਸੋਲ੍ਹਾ (੧੬) ਕਲਾਂ ਸੰਪੂਰਨ ਅਵਤਾਰ ਮੰਨੇ ਹਨ, ਆਪ ਜੀ ਦੇ ਜੀਵਨ

ਦੇ ਅਨੇਕਾਂ ਕੌਤਕ ਭਗਵਤ ਪੁਰਾਨ ਦੇ ਵਿੱਚ ਅੰਕਿਤ ਹਨ। ਭਗਵਾਨ ਕ੍ਰਿਸ਼ਨ ਜੀ ਦੀਆਂ ਜੋ ਗੋਪੀਆਂ ਸਨ, ਉਨ੍ਹਾਂ ਵਿੱਚੋਂ ਰਾਧਕਾ ਦੀ ਅਵਸਥਾ ਬਾਕੀ ਦੀਆਂ ਗੋਪੀਆਂ ਨਾਲੋਂ ਬਹੁਤ ਉੱਚੀ ਸੀ। ਭਗਵਾਨ ਜੀ 'ਤੇ ਜੋ ਸ਼ਰਧਾ ਰਾਧਕਾ ਨੂੰ ਸੀ, ਉਹ ਬਾਕੀ ਦੀਆਂ ਹੋਰ ਗੋਪੀਆਂ ਵਿੱਚ ਸ਼ਰਧਾ ਨਹੀਂ ਸੀ। ਇਤਨਾ ਹੀ ਫ਼ਰਕ ਸੀ ਕਿ ਬਾਕੀ ਦੀਆਂ ਗੋਪੀਆਂ ਕੇਵਲ ਪਤੀ ਮੰਨਦੀਆਂ ਸਨ ਤੇ ਰਾਧਕਾ ਜਿਥੇ ਪਤੀ ਮੰਨਦੀ ਸੀ, ਉਥੇ ਨਾਲ ਪਤੀ ਪ੍ਰਮਾਤਮਾ ਮੰਨਦੀ ਸੀ, ਕਿਉਂਕਿ ਰਾਧਾ ਲਛਮੀ ਦਾ ਅਵਤਾਰ ਮੰਨੀ ਹੈ ਤੇ ਭਗਵਾਨ ਕ੍ਰਿਸ਼ਨ ਜੀ ਵਿਸ਼ਨੂੰ ਦਾ ਅਵਤਾਰ ਹਨ। ਇਸ ਲਈ ਜੋ ਸੰਬੰਧ ਪਿਛਲਾ ਰਾਧਕਾ ਦਾ ਹੈ, ਉਹ ਬਾਕੀ ਕਿਸੇ ਗੋਪੀ ਦਾ ਨਹੀਂ, ਕਿਉਂਕਿ ਪਿਛਲਾ ਜਨਮ ਦਾ ਪਤੀ-ਪਤਨੀ ਦਾ ਮੁੱਢ ਤੋਂ ਚਲਿਆ ਆ ਰਿਹਾ ਹੈ। ਸੋ ਰਾਧਕਾ ਦੀ ਸੇਵਾ ਭਾਵਨਾ ਤੋਂ ਖ਼ੁਸ਼ ਹੋ ਕੇ ਭਗਵਾਨ ਕ੍ਰਿਸ਼ਨ ਜੀ ਨੇ ਰਾਧਕਾ ਦੇ ਹਿਰਦੇ ਵਿੱਚ ਆਪਣੇ ਚਰਣਾਂ-ਕਮਲਾਂ ਦਾ ਆਸਰਾ ਦੇ ਦਿੱਤਾ। ਰਾਧਕਾ ਦੀ ਬਿਰਤੀ ਹਰ ਸਮੇਂ ਭਗਵਾਨ ਕ੍ਰਿਸ਼ਨ ਜੀ ਦੇ ਚਰਣਾਂ ਵਿੱਚ ਟਿਕੀ ਰਹਿੰਦੀ ਸੀ, ਅਰ ਇਸ ਅਨੰਦ ਦਾ ਜ਼ਿਕਰ ਭਗਤ ਕਬੀਰ ਜੀ ਕਰਦੇ ਹਨ। ਜੈਸਾ ਕਿ :

**ਕਬੀਰ ਚਰਨ ਕਮਲ ਕੀ ਮਉਜ ਕਉ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥** [ਸਲੋਕ ਭਗਤ ਕਬੀਰ ਜੀ, ਅੰਗ ੧੩੭੦]

ਸੋ, ਜਿਸ ਨੇ ਇਹ ਅਨੰਦ ਮਾਣਿਆ ਹੈ, ਇਹ ਗੂੰਗੇ ਦੀ ਮਠਿਆਈ ਦਾ ਸਵਾਦ ਉਹੀ ਜਾਣਦਾ ਹੈ। ਰਾਧਕਾ ਹਰ ਸਮੇਂ ਇਸ ਅਨੰਦ ਵਿੱਚ ਵਿਚਰਦੀ ਸੀ, ਅਤੇ ਰਾਧਕਾ ਦਾ ਭਗਤ ਕਬੀਰ ਜੀ ਤਰ੍ਹਾਂ ਵਿਸ਼ਵਾਸ ਸੀ। ਜੈਸਾ ਕਬੀਰ ਜੀ ਕਥਨ ਕਰਦੇ ਹਨ। ਜੈਸਾ ਕਿ :

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥** [ਸਲੋਕ ਕਬੀਰ ਜੀ, ਅੰਗ ੧੩੭੦]

ਸੋ, ਐਸੀ ਅਸਵਥਾ ਰਾਧਕਾ ਦੀ ਹੋ ਗਈ ਕਿ ਕਈ ਵਾਰ ਖਾਣ-ਪੀਣ ਵਾਲੀ ਵਸਤੂ ਦਾ ਪਤਾ ਨਹੀਂ ਸੀ ਲਗਦਾ ਕਿ ਇਹ ਸਵਾਦ ਹੈ ਜਾਂ ਬੇਸਵਾਦੀ ਹੈ, ਕੌੜੀ ਹੈ ਜਾਂ ਮਿੱਠੀ ਹੈ, ਖਾਣ ਵਾਲੀ ਵਸਤੂ ਗਰਮ ਜਾਂ ਠੰਢੀ ਹੈ ਗੋਪੀਆਂ ਨੂੰ ਭੀ ਇਸ ਗੱਲ ਦਾ ਪਤਾ ਸੀ ਕਿ ਇਸ ਹਾਲਤ ਵਿੱਚ ਇਹ ਕੁਛ ਭੀ ਖਾ ਸਕਦੀ ਹੈ। ਗੋਪੀਆਂ ਦੇ ਮਨ ਵਿੱਚ ਈਰਖਾ ਤਾਂ ਪਹਿਲਾਂ ਹੀ ਸੀ ਕਿ ਭਗਵਾਨ ਕ੍ਰਿਸ਼ਨ ਜੀ ਇਸ ਨੂੰ ਸਾਡੇ ਨਾਲੋਂ ਵੱਧ ਪਿਆਰ ਕਰਦੇ ਹਨ। ਈਰਖਾ ਦੀਆਂ ਭੀ ਅਵਸਥਾਂ ਹਨ। ਪਹਿਲੇ ਦਰਜੇ ਦੀ ਈਰਖਾ ਉਹ ਹੈ ਕਿ ਈਰਖਾ ਕਰਨ ਵਾਲਾ ਈਰਖਾ ਦੇ ਭਾਵ ਨੂੰ ਮਨ ਵਿੱਚ ਦਬਾਅ ਕੇ ਰਖਦਾ ਹੈ ਤੇ ਸ਼ਬਦਾਂ ਰਾਹੀ ਉਸ ਈਰਖਾ ਦੇ ਭਾਵ ਨੂੰ ਕਦੇ ਪ੍ਰਗਟ ਨਹੀਂ ਕਰਦਾ, ਬਲਕਿ ਜੁਬਾਨ ਤੋਂ ਮਿੱਠਾ ਬੋਲਦਾ ਹੈ। ਜੈਸਾ ਕਿ ਗੁਰਬਾਣੀ ਵਿੱਚ ਫ਼ੁਰਮਾਨ ਹੈ :

**ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥**
**ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥** [ਸਲੋਕ ਫਰੀਦ ਜੀ, ਅੰਗ ੧੩੮੦]

ਤੇ ਈਰਖਾ ਦੀ ਦੂਜੀ ਅਵਸਥਾ ਇਹ ਆ ਜਾਂਦੀ ਹੈ ਕਿ ਈਰਖਾ ਕਰਨ ਵਾਲਾ ਈਰਖਾ ਹਿਰਦੇ ਵਿੱਚ ਸੰਭਾਲ ਕੇ ਨਹੀਂ ਰਖਦਾ। ਈਰਖਾ ਸ਼ਬਦਾਂ ਰਾਹੀਂ ਪ੍ਰਗਟ ਹੋ ਜਾਂਦੀ ਹੈ। ਜਿਸ 'ਤੇ ਈਰਖਾ ਕਰਨ ਵਾਲੇ ਦਾ ਪਤਾ ਲੱਗ ਜਾਂਦਾ ਹੈ ਕਿ ਇਹ ਮੇਰੇ ਨਾਲ ਈਰਖਾ ਕਰ ਰਿਹਾ ਹੈ। ਸ਼ਬਦਾਂ ਰਾਹੀਂ ਈਰਖਾ ਪ੍ਰਗਟ ਕਰਨ ਵਾਲਾ ਕਈ ਵਾਰੀ ਸ਼ਬਦਾਂ ਰਾਹੀ ਬਹੁਤ ਅਪਮਾਨ ਭੀ ਕਰ ਦਿੰਦਾ ਹੈ ਅਤੇ ਕਈ ਵਾਰੀ ਵੱਡੇ-ਵੱਡੇ ਕਾਰਜ ਭੀ ਵਿਗਾੜ ਦਿੰਦਾ ਹੈ। ਕਈ ਵਾਰ ਇਹ ਈਰਖਾ ਅਪਮਾਨ ਦਾ ਕਾਰਣ ਬਣੀ ਰਹਿੰਦੀ ਹੈ, ਪਰ ਹੋਰ ਕੁਝ ਨਹੀਂ ਵਿਗਾੜ ਸਕਦੀ। ਤੀਸਰੇ ਦਰਜੇ ਦੀ ਈਰਖਾ ਉਹ ਹੈ ਕਿ ਜਦੋਂ ਵਿਅਕਤੀ ਸਰੀਰਕ ਕ੍ਰਿਆ ਦੁਆਰਾ ਦੂਸਰੇ ਨੂੰ ਨੁਕਸਾਨ ਪਹੁੰਚਾਣ 'ਤੇ ਉਤਰ ਆਉਂਦਾ ਹੈ। ਸੋ ਇਸੇ ਤਰ੍ਹਾਂ ਰਾਧਕਾ ਦੇ ਨਾਲ ਤੀਸਰੇ ਦਰਜੇ ਦੀ ਈਰਖਾ ਹੋਈ ਭਗਵਾਨ ਕ੍ਰਿਸ਼ਨ ਤੋਂ ਡਰਦੀਆਂ ਜ਼ਹਿਰ ਤਾਂ ਨਾ ਦੇ ਸਕੀਆਂ, ਪਰ ਗਰਮ-ਗਰਮ ਰਿੜਦਾ ਦੁੱਧ ਰਾਧਕਾ ਨੂੰ ਉਸ ਮਸਤਾਨੀ ਬਿਰਤੀ ਵਿੱਚ ਪਿਆ ਦਿੱਤਾ। ਚਰਣਾਂ ਕਮਲਾਂ ਦੀ ਮਸਤੀ ਵਿੱਚ ਉਸ ਨੂੰ ਇਹ ਨਾ ਪਤਾ ਲੱਗਿਆ ਕਿ ਦੁੱਧ ਮੇਰਾ ਮੂੰਹ ਤੇ ਮਿਹਦਾ

ਸਾੜ ਦੇਵੇਗਾ। ਇਕੋ ਸਾਹ ਵਿੱਚ ਉਬਲਦਾ-ਉਬਲਦਾ ਰਿਝਦਾ ਦੁੱਧ ਪੀ ਗਈ। ਰਾਧਕਾ ਨੂੰ ਗਰਮ ਦੁੱਧ ਮਹਿਸੂਸ ਨਹੀਂ ਹੋਇਆ, ਕਿਉਂਕਿ ਅੰਦਰ ਚਰਣਾਂ ਕਮਲਾਂ ਦੀ ਟੇਕ ਸੀ। ਭਗਵਾਨ ਕ੍ਰਿਸ਼ਨ ਜੀ ਨੇ ਆਪ ਦਾ ਬਿਰਦ ਸੰਭਾਲਦਿਆਂ ਹੋਇਆਂ ਕੋਈ ਤਕਲੀਫ਼ ਨਹੀਂ ਹੋਣ ਦਿੱਤੀ। ਬਲਕਿ ਆਪਣੇ ਜ਼ਿੰਮੇ ਲੈ ਲਈ ਅਤੇ ਈਰਖਾ ਕਰਨ ਵਾਲੀਆਂ ਗੋਪੀਆਂ ਹੈਰਾਨ ਸਨ ਕਿ ਇਸ ਨੂੰ ਅੱਗ ਵਰਗੇ ਦੁੱਧ ਤੋਂ ਕੋਈ ਤਕਲੀਫ਼ ਨਹੀਂ ਹੋਈ ਤੇ ਜਦੋਂ ਇਕੱਠੀਆਂ ਹੋ ਕੇ ਭਗਵਾਨ ਕ੍ਰਿਸ਼ਨ ਜੀ ਦੇ ਚਰਣ ਪਰਸਨ ਗਈਆਂ ਤਾਂ ਨਮਸਕਾਰ ਕਰਕੇ ਹੈਰਾਨੀ ਨਾਲ ਪੁੱਛਿਆ ਕਿ ਭਗਵਾਨ ਜੀ ! ਤੁਹਾਡੇ ਚਰਣਾਂ ’ਤੇ ਇਹ ਕੀ ਹੋ ਗਿਆ ? ਸਾਰੇ ਛਾਲੇ ਹੀ ਛਾਲੇ ਹੋਏ ਪਏ ਹਨ। ਤਾਂ ਭਗਵਾਨ ਜੀ ਨੇ ਉੱਤਰ ਦਿੱਤਾ ਕਿ ਆਪ ਹੀ ਮੇਰੇ ਚਰਣਾਂ ਨੂੰ ਫੂਕ ਕੇ ਫਿਰ ਪੁਛਦੀਆਂ ਹੋ ? ਗੋਪੀਆਂ ਡਰ ਗਈਆਂ ਅਤੇ ਬੇਨਤੀ ਕਰਨ ਲੱਗੀਆਂ ਕਿ ਭਗਵਾਨ ਇਹ ਕਿਵੇਂ ਹੋ ਸਕਦਾ ਹੈ ? ਤਾਂ ਭਗਵਾਨ ਜੀ ਨੇ ਕਿਹਾ ਕਿ ਗੋਪੀਓ ! ਤੁਸਾਂ ਨੇ ਰਾਤੀਂ ਰਾਧਕਾ ਨੂੰ ਅੱਗ ਵਰਗਾ ਗਰਮ ਦੁੱਧ ਈਰਖਾ ਵਿੱਚ ਪਿਆਇਆ ਹੈ। ਉਸ ਦੁੱਧ ਨੇ ਜੋ ਰਾਧਕਾ ਦੇ ਸਰੀਰ ਨੂੰ ਸਾੜਨਾ ਸੀ ਨਹੀਂ ਸਾੜਿਆ, ਕਿਉਂਕਿ ਰਾਧਕਾ ਦੇ ਹਿਰਦੇ ਵਿੱਚ ਮੇਰੇ ਚਰਣਾਂ ਦਾ ਆਸਰਾ ਹੈ। ਇਸ ਆਸਰੇ ਉਹ ਤਾਂ ਬਚ ਗਈ, ਪਰ ਮੈਂ ਕਿਵੇਂ ਬਚਦਾ। ਉਹ ਸਾਰਾ ਦੁੱਧ ਮੇਰੇ ਚਰਣਾਂ ’ਤੇ ਪਿਆ ਤੇ ਮੇਰੇ ਚਰਨ ਸੜ ਕੇ ਉਹਨਾਂ ’ਤੇ ਛਾਲੇ ਉਭਰ ਆਏ। ਸੋ ਸਾਰੀਆਂ ਗੋਪੀਆਂ ਨੇ ਰਾਧਕਾ ਤੋਂ ਭੀ ਅਤੇ ਭਗਵਾਨ ਕ੍ਰਿਸ਼ਨ ਜੀ ਤੋਂ ਭੀ ਮਾਫ਼ੀ ਮੰਗੀ। ਸੋ ਭਗਵਾਨ ਕ੍ਰਿਸ਼ਨ ਜੀ ਨੇ ਉਪਦੇਸ਼ ਦਿੱਤਾ ਕਿ ਕਦੇ ਕਿਸੇ ਨਾਲ ਈਰਖਾ ਦਵੈਸ਼ ਨਹੀਂ ਕਰੀਦੀ। ਈਰਖਾ ਕਰਨ ਵਾਲੇ ਮਨੁੱਖ ਦਾ ਨੁਕਸਾਨ ਈਰਖਾ ਕਰਦੀ ਹੈ। ਤੁਸੀਂ ਤਾਂ ਉਨ੍ਹਾਂ ਨੀਚ ਪੁਰਸ਼ਾਂ ਵਾਲਾ ਕਰਤਬ ਕੀਤਾ, ਜਿਨ੍ਹਾਂ ਦੀ ਬਾਬਤ ਧਰਮ ਸ਼ਾਸ਼ਤ੍ਰਾਂ ਵਿੱਚ ਲਿਖਿਆ ਹੈ ਕਿ ਜੋ ਪੁਰਸ਼ ਮੁਖ ਤੋਂ ਮਿੱਠਾ ਰਹੇ ਮਨ ਵਿੱਚ ਖੋਟ ਰਖੇ, ਉਹ ਮਿੱਤਰ ਨਹੀਂ ਬਲਕਿ ਸ਼ਤਰੂ ਹੀ ਹੋਇਆ ਕਰਦਾ ਹੈ। ਇਸ ਗੱਲ ਨੂੰ ਚਾਣਕੀਆ ਰਿਸ਼ੀ ਜੀ ਆਪਣੇ ਧਰਮ ਸ਼ਾਸ਼ਤ੍ਰ ਵਿੱਚ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**੧. ਮੁਖ ਮੀਠਾ ਪਾਛੇ ਕੁਟਿਲ ਛਾਡਿ ਦੇਹੁ ਵਹਿ ਮਿਤ੍ਰ ॥**
**ਜਿਉਂ ਬਿਖ ਕੇ ਘਟ ਮੁਖ ਦੁਗਧ ਤਿਉਂ ਤਿਹ ਜਾਨ ਚਰਿਤ੍ਰ ॥**

[ਰਾਜਨੀਤਿਕ ਚਾਣਾਕਾ, ਅਧਿਆਇ ਦੂਜਾ, ਦੋਹਰਾ ੧੧]

**੨. ਬਾਹਰ ਮ੍ਰਿਦੁ ਅੰਤਰ ਕਠਿਨ ਨੀਚ ਪੁਰਖ ਜਿਉਂ ਬੇਰ ॥**

[ਰਾਜਨੀਤਿਕ ਚਾਣਾਕਾ, ਅਧਿਆਇ ਅੱਠਵਾਂ, ਸਲੋਕ ੭]

ਸੋ, ਇਸ ਪ੍ਰਕਾਰ ਜਿਨ੍ਹਾਂ ਦੇ ਹਿਰਦੇ ਵਿੱਚ ਚਰਣਾਂ-ਕਮਲਾਂ ਦੀ ਟੇਕ ਹੈ, ਉਨ੍ਹਾਂ ਦਾ ਕਦੇ ਕੁਛ ਨਹੀਂ ਵਿਗੜਦਾ। ਇਸੇ ਤਰ੍ਹਾਂ ਚਰਣਾਂ ਕਮਲਾਂ ਦੀ ਟੇਕ ਭਾਈ ਗੋਂਦਾ, ਜੋ ਕਾਬਲ ਦੇ ਰਹਿਣ ਵਾਲਾ ਸੀ। ਉਸਨੂੰ ਸਤਿਗੁਰਾਂ ਨੇ ਬਖ਼ਸ਼ੀ ਤੇ ਇੱਕ ਪਹਿਰ ਸਮਾਧੀ ਵਿੱਚ ਬੈਠਾ ਰਿਹਾ ਤੇ ਉਤਨੀ ਦੇਰ ਸਤਿਗੁਰੂ ਜੀ ਉਠ ਨਾ ਸਕੇ। ਸਿੱਖਾਂ ਦੇ ਸ਼ੰਕਾ ਕਰਨ ਤੋਂ ਕਿਹਾ ਸੀ ਕਿ ਭਾਈ ਗੋਂਦਾ ਮੇਰੇ ਚਰਣ ਨਹੀਂ ਛੱਡ ਰਿਹਾ। ਇਸ ਪ੍ਰਕਾਰ ਗੁਰਬਾਣੀ ਵਿੱਚ ਹੋਰ ਭੀ ਪ੍ਰਮਾਣ ਮਿਲਦੇ ਹਨ। ਜੋ ਇਥੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਫ਼ੁਰਮਾਨ ਕਰਦੇ ਹਨ। ਸੋ ਹੁਕਮਨਾਮੇ ਦੀ ਪਹਿਲੀ ਪੰਗਤੀ ’ਤੇ ਲਗਣ ਵਾਲੇ ਪ੍ਰਮਾਣ ਗੁਰਬਾਣੀ ਵਿੱਚ ਵੱਖਰੇ ਵੱਖਰੇ ਥਾਵਾਂ ਤੋਂ ਅਨੇਕਾਂ ਹੀ ਮਿਲਦੇ ਹਨ। ਜੈਸਾ ਕਿ :

**੧. ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥**

[ਗਉੜੀ ਮਹਲਾ ੫, ਅੰਗ ੧੯੪]

**੨. ਚਰਨ ਕਮਲ ਜਨ ਕਾ ਆਧਾਰੁ ॥ ਗੁਣ ਗੋਬਿੰਦ ਰਉਂ ਸਚੁ ਵਾਪਾਰੁ ॥**

[ਗੋਂਡ ਮਹਲਾ ੫, ਅੰਗ ੮੬੯]

ਜੋ ਜਗਿਆਸੂ ਪ੍ਰਮੇਸ਼ਰ ਦੇ ਚਰਣਾਂ ਦਾ ਹਿਰਦੇ ਵਿੱਚ ਧਿਆਨ ਧਰਨ ਵਾਲੇ ਹਨ, ਉਹ ਪ੍ਰਮੇਸ਼ਰ ਦੇ ਦਰਸ਼ਨਾਂ ਤੋਂ ਭੀ ਕੁਰਬਾਨ ਜਾਂਦੇ ਹਨ। ਜੈਸਾ ਕਿ :

**ਦਰਸਨ ਕਉ ਜਾਈਐ ਕੁਰਬਾਨੁ॥ ਚਰਨ ਕਮਲ ਹਿਰਦੈ ਧਰਿ ਧਿਆਨੁ॥**

[ਰਾਮਕਲੀ ਮਹਲਾ ੫, ਅੰਗ ੮੯੭]

ਮੁਖਵਾਕ ਵਿੱਚ ਚਰਣਾਂ ਕਮਲਾਂ ਦੀ ਗੱਲ ਕਥਨ ਕਰਦੇ ਅਗਲੀ ਤੁਕ ਵਿੱਚ ਨਾਮ ਅੰਮ੍ਰਿਤ ਦੇ ਭੰਡਾਰਿਆਂ ਦੀ ਗੱਲ ਕਰਦੇ ਹਨ।

## *ਹਰਿ ਅੰਮ੍ਰਿਤਿ ਭਰੇ ਭੰਡਾਰ; ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥*

ਹਰੀ ਪ੍ਰਮੇਸ਼ਰ ਦੇ ਭੰਡਾਰੇ ਸੰਤਾਂ ਦੇ ਅੰਤਸ਼ਕਰਨ ਹਨ, ਜੋ ਨਾਮ ਅੰਮ੍ਰਿਤ ਨਾਲ ਭਰੇ ਪਏ ਹਨ, ਭਰਪੂਰ ਹੋ ਰਹੇ ਹਨ, **ਵਾ**: ਵੇਦ, ਸ਼ਾਸ਼ਤ੍ਰ ਰੂਪ ਭੰਡਾਰੇ ਅੰਮ੍ਰਿਤ ਨਾਮ ਨਾਲ ਭਰੇ ਪਏ ਹਨ ਅਤੇ ਬਲਿ=ਬਲਿਹਾਰੇ ਜਾਣੇ ਯੋਗ ਜੋ ਰਾਮ=ਰਮਿਆ ਹੋਇਆ ਪ੍ਰਮੇਸ਼ਰ ਹੈ, ਉਸਦੇ ਘਰ ਵਿੱਚ ਹੋਰ ਭੀ ਸਾਰੇ ਪਦਾਰਥ ਹਨ। ਜੈਸਾ ਕਿ:

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥**
**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੋ ਪਾਵਏ॥** [ਰਾਮਕਲੀ ਮਹਲਾ ੩, ਅੰਗ ੯੧੭]

## *ਬਾਬੁਲੁ ਮੇਰਾ ਵਡ ਸਮਰਥਾ; ਕਰਣ ਕਾਰਣ ਪ੍ਰਭੁ ਹਾਰਾ॥*

ਮੇਰਾ ਬਾਬੁਲੁ=ਪਿਤਾ ਪ੍ਰਮੇਸ਼ਰ ਵਡ=ਵੱਡੀ ਸਮਰਥਾ=ਤਾਕਤ ਵਾਲਾ ਹੈ, ਉਹ ਪ੍ਰਭੁ=ਮਾਲਕ, ਪ੍ਰਮੇਸ਼ਰ ਆਪ ਹੀ ਕਰਣ ਕਾਰਣ=ਸਭ ਕਾਰਣਾਂ ਦੇ ਕਰਨ ਹਾਰਾ=ਵਾਲਾ ਹੈ।

## *ਜਿਸੁ ਸਿਮਰਤ ਦੁਖੁ ਕੋਈ ਨ ਲਾਗੈ; ਭਉਜਲੁ ਪਾਰਿ ਉਤਾਰਾ॥*

ਜਿਸ ਵਾਹਿਗੁਰੂ ਦੇ ਸਿਮਰਤ=ਸਿਮਰਨ ਕਰਨ ਨਾਲ ਕੋਈ ਭੀ ਦੁਖੁ ਨਹੀਂ ਲਾਗੈ=ਲਗਦਾ ਅਤੇ ਭਉਜਲੁ=ਸੰਸਾਰ ਸਮੁੰਦਰ ਤੋਂ ਪਾਰਿ ਉਤਾਰਾ=ਪਾਰ ਉਤਾਰਨ ਵਾਲਾ ਹੈ। ਜੈਸਾ ਕਿ:

**ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ॥**
**ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ॥** [ਆਸਾ ਮਹਲਾ ੫, ਅੰਗ ੩੯੮]

## *ਆਦਿ ਜੁਗਾਦਿ ਭਗਤਨ ਕਾ ਰਾਖਾ; ਉਸਤਤਿ ਕਰਿ ਕਰਿ ਜੀਵਾ॥*

ਆਦਿ=ਸੰਸਾਰ ਦੇ ਮੁੱਢ ਭਾਵ ਸੰਸਾਰ ਦੇ ਰਚਨ ਦਾ ਸਮਾਂ ਜੁਗਾਦਿ=ਜਦੋਂ ਜੁਗ ਆਦਿ ਰਚੇ ਗਏ, ਉਸ ਸਮੇਂ ਤੋਂ ਲੈ ਕੇ ਪ੍ਰਮੇਸ਼ਰ ਭਗਤਾਂ ਦਾ ਰਾਖਾ=ਰਖਿਅਕ ਚਲਿਆ ਆਇਆ ਹੈ ਤੇ ਮੈਂ ਉਸ ਦੀ ਉਸਤਤੀ ਕਰ ਕਰ ਕੇ ਜੀਵਾ=ਜਿਉਂਦਾ ਹਾਂ। ਜੈਸਾ ਕਿ:

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥** [ਸੋਰਠਿ ਮਹਲਾ ੩, ਅੰਗ ੬੩੭]

## *ਨਾਨਕ ਨਾਮੁ ਮਹਾ ਰਸੁ ਮੀਠਾ; ਅਨਦਿਨੁ ਮਨਿ ਤਨਿ ਪੀਵਾ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਦਾ ਰਸੁ=ਸੁਆਦ ਮਹਾ=ਵਡਾ ਮੀਠਾ=ਮਿੱਠਾ ਹੈ, ਮੈਂ ਅਨਦਿਨੁ=ਦਿਨ-ਰਾਤ ਪੀਵਾ=ਪੀਂਦਾ ਹਾਂ॥੧॥

## *ਹਰਿ ਆਪੇ ਲਏ ਮਿਲਾਇ; ਕਿਉ ਵੇਛੋੜਾ ਥੀਵਈ, ਬਲਿ ਰਾਮ ਜੀਉ॥*

ਹੇ ਬਲਿਹਾਰ ਜਾਣ ਯੋਗ ਰਾਮ=ਰਮੇ ਹੋਏ ਹਰਿ=ਪ੍ਰਮੇਸ਼ਰ! ਜਿਸ ਨੂੰ ਤੂੰ ਆਪਣੇ ਨਾਲ ਮਿਲਾਇ=ਮੇਲ ਲੈਂਦਾ ਹੈਂ, ਉਸਦਾ ਤੇਰੇ ਨਾਲੋਂ ਫਿਰ ਵਿਛੋੜਾ=ਵਿਛੜਨਾ ਕਿਉ=ਕਿਵੇਂ ਥੀਵਈ=ਹੋਵੇਗਾ, ਭਾਵ ਨਹੀਂ ਹੋਵੇਗਾ।

## ਜਿਸ ਨੋ ਤੇਰੀ ਟੇਕ; ਸੋ ਸਦਾ ਸਦ ਜੀਵਈ, ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣ ਯੋਗ ਰਾਮ! ਜਿਸ ਨੂੰ ਤੇਰੀ ਟੇਕ=ਓਟ ਹੈ, ਉਹ ਸਦਾ ਸਦ=ਹਮੇਸ਼ਾ-ਹਮੇਸ਼ਾ ਹੀ ਜੀਵਈ=ਜਿਉਂਦਾ ਹੈ।

## ਤੇਰੀ ਟੇਕ ਤੁਝੈ ਤੇ ਪਾਈ; ਸਾਚੇ ਸਿਰਜਣਹਾਰਾ ॥

ਹੇ ਸੱਚੇ ਸਿਰਜਣਹਾਰਾ=ਸੰਸਾਰ ਨੂੰ ਪੈਦਾ ਕਰਨ ਵਾਲੇ ਵਾਹਿਗੁਰੂ! ਤੇਰੀ ਟੇਕ=ਓਟ ਤੁਝਹਿ=ਤੇਰੇ ਤੋਂ ਹੀ ਪਾਈ=ਪ੍ਰਾਪਤ ਕੀਤੀ ਜਾਂਦੀ ਹੈ। ਜੈਸਾ ਕਿ :

੧. **ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥**
**ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸੁ ਕਉ ਬਿਪੁ ਨ ਕੋਊ ਭਾਖੈ ॥**
[ਆਸਾ ਮਹਲਾ ੫, ਅੰਗ ੩੮੩]

੨. **ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥** [ਭੈਰਉ ਮਹਲਾ ੫, ਅੰਗ ੧੧੪੭]

੩. **ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥**
**ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥** [ਭੈਰਉ ਮਹਲਾ ੫, ਅੰਗ ੧੧੪੭]

## ਜਿਸ ਤੇ ਖਾਲੀ ਕੋਈ ਨਾਹੀ; ਐਸਾ ਪ੍ਰਭੂ ਹਮਾਰਾ ॥

ਜਿਸ ਆਪ ਜੀ ਤੋਂ ਕੋਈ ਭੀ ਖ਼ਾਲੀ ਨਹੀਂ ਜਾਂਦਾ, ਭਾਵ ਜੋ ਜਿਸ ਵਸਤੂ ਦਾ ਅਧਿਕਾਰੀ ਹੈ, ਸਭ ਨੂੰ ਦਿੰਦਾ ਹੈ, ਪ੍ਰਭੂ ਮਾਲਕ ਐਸਾ ਸਮਰਥ=ਸਰਬ-ਸ਼ਕਤੀਮਾਨ ਹੈ।

## ਸੰਤ ਜਨਾ ਮਿਲਿ ਮੰਗਲੁ ਗਾਇਆ; ਦਿਨੁ ਰੈਨਿ ਆਸ ਤੁਮ੍ਾਰੀ ॥

ਸੰਤ ਜਨਾਂ ਨਾਲ ਮਿਲਿ=ਮਿਲਾਪ ਕਰਕੇ ਮੈਂ ਆਪ ਜੀ ਦਾ ਮੰਗਲ ਰੂਪ ਜਸ ਗਾਇਆ ਹੈ ਅਤੇ ਦਿਨ-ਰਾਤ ਆਪ ਦੀ ਆਸਾ ਲਗ ਰਹੀ ਹੈ, ਕਿਉਂਕਿ ਪ੍ਰਭੂ ਦੇ ਪਿਆਰੇ ਕੇਵਲ ਪ੍ਰਭੂ ਦੀ ਆਸਾ ਕਰਦੇ ਹਨ। ਇਸ ਸਿਧਾਂਤ ਨੂੰ ਲੈ ਕੇ ਇਥੇ ਕਥਨ ਕਰਦੇ ਹਨ।

## ਸਫਲੁ ਦਰਸੁ ਭੇਟਿਆ ਗੁਰੁ ਪੂਰਾ; ਨਾਨਕ ਸਦ ਬਲਿਹਾਰੀ ॥੨॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਪੂਰਿਆਂ ਗੁਰਾਂ ਦੇ ਮਿਲਨ ਕਰਕੇ ਹੇ ਪ੍ਰਮੇਸ਼ਰ! ਆਪ ਜੀ ਦਾ ਦਰਸਨ ਜੋ ਸਫਲੁ=ਸਹਿਤ ਗਿਆਨ ਰੂਪੀ ਫਲ ਦੇ ਹੈ, ਉਹ ਮਿਲ ਗਿਆ ਹੈ, ਮੈਂ ਆਪ ਜੀ ਤੋਂ ਸਦ=ਹਮੇਸ਼ਾ ਹੀ ਬਲਿਹਾਰ ਜਾਂਦਾ ਹਾਂ ॥੨॥

## ਸੰਮ੍ਲਿਆ ਸਚੁ ਥਾਨੁ; ਮਾਨੁ ਮਹਤੁ ਸਚੁ ਪਾਇਆ, ਬਲਿ ਰਾਮ ਜੀਉ ॥

ਬਲਿ=ਬਲਿਹਾਰ ਕੁਰਬਾਨ ਜਾਣੇ ਯੋਗ ਰਮੇ ਹੋਏ ਰਾਮ ਦੇ ਸਚੇ ਥਾਨੁ=ਸਤਿਸੰਗ ਨੂੰ ਸੰਮ੍ਲਿਆ=ਸੰਭਾਲਿਆ ਹੈ। ਤਾਂ ਸਨਮਾਨ, ਮਾਣ ਆਦਰ ਤੇ ਵਿਸ਼ੇਸ਼ ਕਰਕੇ ਮਹਤੁ=ਮਰਤਬਾ (ਅਹੁਦਾ) ਪਾਇਆ=ਪ੍ਰਾਪਤ ਹੋ ਗਿਆ ਹੈ।

## ਸਤਿਗੁਰੁ ਮਿਲਿਆ ਦਇਆਲੁ; ਗੁਣ ਅਬਿਨਾਸੀ ਗਾਇਆ, ਬਲਿ ਰਾਮ ਜੀਉ ॥

ਦਇਆਲੂ ਸਤਿਗੁਰੂ ਮਿਲਿਆ ਤਾਂ ਹੀ ਬਲਿਹਾਰੇ ਜਾਣੇ ਯੋਗ ਰਮੇ ਹੋਏ ਰਾਮ, ਅਬਿਨਾਸੀ=ਨਾਸ ਤੋਂ ਰਹਿਤ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਣਾ ਕੀਤਾ।

## *ਗੁਣ ਗੋਵਿੰਦ ਗਾਉ ਨਿਤ ਨਿਤ; ਪ੍ਰਾਣ ਪ੍ਰੀਤਮ ਸੁਆਮੀਆ ॥*

ਪ੍ਰਾਣਾਂ ਦਾ ਪ੍ਰੀਤਮ=ਪਿਆਰਾ ਜੋ ਸੁਆਮੀਆ=ਮਾਲਕ ਹੈ, ਉਸ ਗੋ=ਬੇਦਾਂ ਕਰਕੇ ਬਿੰਦ=ਜਾਨਣੇ ਯੋਗ ਪ੍ਰਮੇਸ਼ਰ ਦੇ ਗੁਣਾਂ ਨੂੰ ਨਿਤਾ ਪ੍ਰਤੀ, ਹਮੇਸ਼ਾ-ਹਮੇਸ਼ਾ ਗਾਉਂਦਾ ਹਾਂ, ਤੁਸੀਂ ਭੀ ਗਾਉਣਾ ਕਰੋ।

## *ਸੁਭ ਦਿਵਸ ਆਏ, ਗਹਿ ਕੰਠਿ ਲਾਏ; ਮਿਲੇ ਅੰਤਰਜਾਮੀਆ ॥*

ਜਿਸ ਵੇਲੇ ਸੁਭ=ਚੰਗੇ ਦਿਵਸ=ਦਿਨ ਆਏ=ਆ ਗਏ ਤਾਂ ਗਹਿ=ਪਕੜ ਕੇ ਮੈਂ ਜਗਿਆਸੂ ਰੂਪ ਇਸਤਰੀ ਨੂੰ ਕੰਠਿ=ਗਲ ਨਾਲ ਲਾਏ=ਲਗਾਇਆ ਤਾਂ ਅਸੀਂ ਅੰਤਰ=ਹਿਰਦੇ ਦੀ ਜਾਮੀ=ਜਾਨਣ ਵਾਲੇ ਪ੍ਰਭੂ=ਮਾਲਕ ਨਾਲ ਮਿਲੇ=ਮਿਲ ਗਏ।

## *ਸਤੁ ਸੰਤੋਖੁ ਵਜਹਿ ਵਾਜੇ; ਅਨਹਦਾ ਝੁਣਕਾਰੇ ॥*

ਸਤਿ ਸੰਤੋਖ ਦੇ ਸਹਿਤ ਅਨਹਦਾ=ਇੱਕ ਰਸ ਝੁਣਕਾਰੇ=ਰੁਣ ਝਣਕਾਰ ਸੰਗਿਆ ਦੇ ਵਾਜੇ ਵੱਜ ਆਏ, ਭਾਵ ਖ਼ੁਸ਼ੀ ਰੂਪ ਵਾਜੇ ਵੱਜੇ।

## *ਸੁਣਿ ਭੈ ਬਿਨਾਸੇ ਸਗਲ ਨਾਨਕ; ਪ੍ਰਭ ਪੁਰਖ ਕਰਣੈਹਾਰੇ ॥੩॥*

ਗੁਰੂ ਜੀ ਕਥਨ ਕਰਦੇ ਹਨ ਕਿ ਕਰਣੈਹਾਰੇ=ਰਚਣਹਾਰ ਪੁਰਖ=ਪੂਰਨ ਪ੍ਰਭ=ਪ੍ਰਮੇਸ਼ਰ ਦੇ ਜਸ ਨੂੰ ਸੁਣ ਕੇ ਸਾਰੇ ਡਰ ਨਾਸ਼ ਹੋ ਗਏ। **ਅਥਵਾ** ਉਨ੍ਹਾਂ ਵਾਜਿਆਂ ਦੀ ਧੁਨ ਸੁਨਣ ਨਾਲ ਸਾਰੇ ਡਰ ਨਾਸ਼ ਹੋ ਗਏ ਅਤੇ ਪ੍ਰਭੂ ਪੁਰਖ ਨੂੰ ਸਭ ਗੱਲਾਂ ਦੇ ਕਰਨੇ ਵਾਲਾ ਨਿਸ਼ਚੇ ਕਰ ਲਿਆ ਹੈ।

## *ਉਪਜਿਆ ਤਤੁ ਗਿਆਨੁ; ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥*

ਜਿਸ ਵੇਲੇ ਤਤੁ ਗਿਆਨੁ=ਯਥਾਰਥ ਸਰੂਪ ਦਾ ਗਿਆਨ ਉਪਜੈ=ਪੈਦਾ ਹੋਇਆ ਤਾਂ ਪੇਈਐ=ਮਾਤ ਲੋਕ ਪੇਕੇ ਘਰ ਤੇ ਸਾਹੁਰੈ=ਪ੍ਰਲੋਕ ਰੂਪ ਸਾਹੁਰੇ ਘਰ ਵਿੱਚ ਬਲਿਹਾਰ ਜਾਣ ਯੋਗ ਇੱਕ ਰਾਮ ਹਰੀ ਵਾਹਿਗੁਰੂ ਨੂੰ ਵਿਆਪਕ ਦੇਖਿਆ।

## *ਬ੍ਰਹਮੈ ਬ੍ਰਹਮੁ ਮਿਲਿਆ; ਕੋਇ ਨ ਸਾਕੈ ਭਿੰਨ ਕਰਿ, ਬਲਿ ਰਾਮ ਜੀਉ ॥*

ਜਿਸ ਵੇਲੇ ਬ੍ਰਹਮ ਰੂਪ ਹੋ ਕੇ ਬ੍ਰਹਮ ਨਾਲ ਮਿਲਿਆ=ਮਿਲਾਪ ਹੋਇਆ ਤਾਂ ਬਲਿ=ਬਲਿਹਾਰ ਜਾਣੇ ਯੋਗ ਰਾਮ ਤੋਂ ਕੋਈ ਵੀ ਇਸ ਨੂੰ ਭਿੰਨ=ਵੱਖਰਾ ਨਹੀਂ ਕਰ ਸਕਦਾ।

## *ਬਿਸਮੁ ਪੇਖੈ ਬਿਸਮੁ ਸੁਣੀਐ; ਬਿਸਮਾਦੁ ਨਦਰੀ ਆਇਆ ॥*

ਜਿਸਦਾ ਵੇਖਣਾ ਵੀ ਬਿਸਮੁ=ਅਸਚਰਜ ਹੈ, ਜਿਸ ਦਾ ਸੁਨਣਾ ਭੀ ਅਸਚਰਜ ਹੈ, ਉਹ ਅਸਚਰਜ ਰੂਪ ਪ੍ਰਮਾਤਮਾ ਨਦਰੀ=ਦ੍ਰਿਸਟੀ ਵਿੱਚ ਆਇਆ=ਦੇਖਣ ਵਿੱਚ ਆਇਆ ਹੈ, ਭਾਵ ਉਸ ਪ੍ਰਮੇਸ਼ਰ ਦੇ ਦਰਸ਼ਨ ਹੋ ਗਏ।

## *ਜਲਿ ਥਲਿ ਮਹੀਅਲਿ ਪੂਰਨ ਸੁਆਮੀ; ਘਟਿ ਘਟਿ ਰਹਿਆ ਸਮਾਇਆ ॥*

ਉਹ ਸੁਆਮੀ=ਮਾਲਕ ਜਲਿ=ਪਾਣੀ ਵਾਲੀ ਜਗ੍ਹਾ ਥਲਿ=ਖ਼ੁਸ਼ਕ, ਜਿਥੇ ਪਾਣੀ ਨਹੀਂ ਹੈ, (ਮਹੀ+ਅਲਿ) ਮਹੀ=ਧਰਤੀ ਅਲਿ=ਆਕਾਸ ਵਿੱਚ ਪੂਰਨ=ਪਰੀਪੂਰਨ ਹੈ ਅਤੇ ਸਭ ਘਟਿ ਘਟਿ=ਘਟਾਂ ਘਟਾਂ ਵਿੱਚ ਭੀ ਸਮਾਇਆ=ਸਮਾ ਰਿਹਾ ਹੈ। ਜੈਸਾ ਕਿ :

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਣਹਾਰੁ ॥** [ਥਿਤੀ ਗਉੜੀ ਮਹਲਾ ੫, ਅੰਗ ੨੯੬]

## *ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ; ਕੀਮਤਿ ਕਹਣੁ ਨ ਜਾਏ ॥*

ਜਿਸ ਬ੍ਰਹਮ ਦੇ ਅਗਿਆਨ ਤੋਂ ਇਹ ਜੀਵ ਉਪਜਿਆ ਹੈ, ਭਾਵ ਜੀਵ ਰੂਪ ਕਰਕੇ ਮੰਨਿਆ ਗਿਆ ਹੈ, ਉਸੇ ਬ੍ਰਹਮ ਦੇ ਗਿਆਨ ਕਰਕੇ ਜਦੋਂ ਉਸ ਦੇ ਵਿੱਚ ਜਾ ਕੇ ਸਮਾਅ ਗਿਆ ਤਦੋਂ ਉਸਦੀ ਕੀਮਤ ਕਹੀ ਨਹੀਂ ਜਾਂਦੀ।

## *ਜਿਸ ਕੇ ਚਲਤ ਨ ਜਾਹੀ ਲਖਣੇ; ਨਾਨਕ ਤਿਸਹਿ ਧਿਆਏ ॥੪॥੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਦੇ ਚਲਤ=ਕੌਤਕ ਲਖਣੇ=ਜਾਣੇ ਨ=ਨਹੀਂ ਜਾਂਦੇ, ਉਸ ਨੂੰ ਅਸੀਂ ਧਿਆਇ=ਧਿਆਉਂਦੇ ਹਾਂ, **ਅਥਵਾ** ਹੇ ਜਗਿਆਸੂ ਜਨੋਂ! ਤੁਸੀਂ ਉਸਨੂੰ ਧਿਆਉਣਾ ਕਰੋ ॥੪॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੨ [ਆਦਿ ਅੰਗ ੭੭੯]

*ਰਾਗੁ ਸੂਹੀ ਛੰਤ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥ ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥੨॥ ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥ ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥੩॥ ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥ ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥ ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥ ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥ ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥*

## ਰਾਗੁ ਸੂਹੀ ਛੰਤ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਸੂਹੀ ਰਾਗਣੀ ਵਿੱਚ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ, ਰਾਗ ਦੇ ਤੀਸਰੇ ਸੁਰ-ਤਾਲ ਵਿੱਚ ਹੈ। ਅੱਗੇ ਵਸਤੂ ਨਿਰਦੇਸ਼ਕ ਮੰਗਲ ਹੈ। ੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ। ਇਸ ਮੁਖਵਾਕ ਵਿੱਚ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਨ ਦਾ ਭਾਵ ਪ੍ਰਗਟਾਇਆ ਹੈ।

## ਤੂ ਠਾਕੁਰੋ ਬੈਰਾਗਰੋ; ਮੈ ਜੇਹੀ ਘਣ ਚੇਰੀ ਰਾਮ ॥

ਹੇ ਠਾਕੁਰੋ=ਮਾਲਕ ਪ੍ਰਭੂ ! ਤੂੰ (ਬੈਰ+ਆਗਰੋ) ਬੈਰ=ਹੀਰਿਆਂ ਦੀ ਆਗਰੋ=ਖਾਨ ਭਾਵ ਭੰਡਾਰ ਰੂਪ ਹੈਂ, **ਵਾ:** ਹੀਰਿਆਂ ਵਾਂਗ ਅਮੋਲਕ ਹੈਂ। ਹੇ ਰਾਮ ! ਮੇਰੇ ਜੇਹੀਆਂ ਆਪ ਜੀ ਦੀਆਂ ਘਣ=ਬਹੁਤੀਆਂ ਚੇਰੀ=ਦਾਸੀਆਂ ਹਨ। ਇਹ ਅਰਥ ਸੰਪਰਦਾ ਦੇ ਅਨੁਸਾਰ ਹੈ। ਸਿੱਖ ਪੰਥ ਦੇ ਮਹਾਨ ਲਿਖਾਰੀ ਭਾਈ ਵੀਰ ਸਿੰਘ ਜੀ ਨੇ ਆਪਣੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿੱਚ ਦੂਜਾ ਅਰਥ ਇਸ ਤਰ੍ਹਾਂ ਲਿਖਿਆ ਹੈ। ਬੈਰਾਗਰੋ=ਵਿਰਾਗਵਾਨ, ਇਛਾ ਰਹਿਤ, ਜੋ ਕਦੇ ਭੀ ਰਾਗ ਵਿੱਚ ਨਹੀਂ ਆਇਆ, ਸਦਾ ਤੋਂ ਅਚਾਹ, ਹੇ ਰਾਮ ! ਤੂੰ ਸੁਆਮੀ ਹੈਂ, ਇੱਛਾ ਰਹਿਤ ਹੈਂ ਤੇ ਮੇਰੇ ਜੇਹੀਆਂ

ਅਨੇਕਾਂ ਚੇਲੀਆਂ ਹਨ। ਭਾਵ ਇਹ ਹੈ ਕਿ ਇੱਕ ਤੂੰ ਮਾਲਕ, ਦੂਜੇ ਇੱਛਾ ਰਹਿਤ, ਤੀਜੇ ਮੈਂ ਦਾਸੀ (ਰਾਣੀ ਭੀ ਨਹੀਂ), ਫੇਰ ਮੇਰੇ ਵਰਗੀਆਂ ਬੇਅੰਤ ਦਾਸੀਆਂ ਹਨ।

## *ਤੂੰ ਸਾਗਰੋ ਰਤਨਾਗਰੋ; ਹਉ ਸਾਰ ਨ ਜਾਣਾ ਤੇਰੀ ਰਾਮ ॥*

ਹੇ ਰਮੇ ਹੋਏ ਰਾਮ=ਪ੍ਰਮੇਸ਼ਰ ! ਆਪ ਸਾਗਰੋ=ਸਮੁੰਦਰ ਰੂਪ ਹੋ ਅਤੇ ਰਤਨਾਗਰੋ=ਰਤਨਾਂ ਦੀ ਖਾਨ ਰੂਪ ਹੋ, **ਵਾ:** ਸ਼ੁਭ ਗੁਣਾਂ ਰੂਪ ਰਤਨਾਂ ਦੀ ਖਾਨ ਹੋ, **ਅਥਵਾ** ਆਪ ਸਾਗਰੋ=ਸ੍ਰੇਸ਼ਟ ਰਤਨਾਂ ਦੇ ਸਮੁੰਦਰ ਹੋ। ਹਉ=ਮੈਂ ਜਗਿਆਸੂ ਰੂਪ ਇਸਤਰੀ ਤੇਰੀ ਸਾਰ ਨਹੀਂ ਜਾਣਦੀ। ਜੈਸਾ ਕਿ :

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥** [ਸੂਹੀ ਮਹਲਾ ੫, ਅੰਗ ੭੫੦]

## *ਸਾਰ ਨ ਜਾਣਾ, ਤੂ ਵਡ ਦਾਣਾ; ਕਰਿ ਮਿਹਰੰਮਤਿ ਸਾਂਈ ॥*

ਮੈਂ ਤੇਰੀ ਸਾਰ=ਖ਼ਬਰ, ਸੁਧ ਨਹੀਂ ਜਾਣਦੀ, ਤੂੰ ਵੱਡਾ ਦਾਣਾ=ਗਿਆਤਾ ਹੈਂ। ਹੇ ਸਾਂਈ ! ਤੂੰ ਮੇਰੇ ਉਤੇ ਮਿਹਰੰਮਤਿ=ਅਮਿਤ ਮੇਹਰ ਕਰ, ਅਥਵਾ ਦਾਣਾ=ਦਾਨਾ, ਹਿਰਦੇ ਦੇ ਸੰਕਲਪਾਂ ਨੂੰ ਜਾਣਦਾ ਹੈ। ਜੇ ਕਹੇ ਕਿ ਤੇਰਾ ਕੀ ਪ੍ਰਯੋਜਨ ਹੈ ? ਤਿਸ 'ਤੇ ਕਹਿੰਦੇ ਹਨ ਕਿ ਕਰਿ ਮਿਹਰੰਮਤਿ ਸਾਂਈ=ਹੇ ਮਾਲਕ ! ਮੇਰੇ 'ਤੇ ਕਿਰਪਾ ਕਰ, ਤੇਰੀ ਬਿਅੰਤਤਾ ਨੂੰ ਮੈਂ ਜਾਣ ਨਹੀਂ ਸਕਦੀ, ਜੇ ਤੂੰ ਕਿਰਪਾ ਕਰੇਂ, ਤਦ ਹੀ ਜਾਣ ਸਕਦੀ ਹਾਂ। ਜੈਸਾ ਕਿ :

੧. **ਤੂ ਬੇਅੰਤੁ ਅਪਰੰਪਰੁ ਸੁਆਮੀ ਗੁਰ ਕਿਰਪਾ ਕੋਈ ਲਾਖੈ ॥** [ਸਾਰਗ ਮਹਲਾ ੫, ਅੰਗ ੧੨੨੮]

੨. **ਤੂੰ ਵਡਾ ਤੂੰ ਊਚੋ ਊਚਾ ॥ ਤੂੰ ਬਿਅੰਤੁ ਅਤਿ ਮੂਚੋ ਮੂਚਾ ॥** [ਮਾਝ ਮਹਲਾ ੫, ਅੰਗ ੧੩੧]

## *ਕਿਰਪਾ ਕੀਜੈ, ਸਾ ਮਤਿ ਦੀਜੈ; ਆਠ ਪਹਰ ਤੁਧੁ ਧਿਆਈ ॥*

ਹੇ ਵਾਹਿਗੁਰੂ ! ਕਿਰਪਾ ਦ੍ਰਿਸ਼ਟੀ ਕਰਕੇ ਉਹ ਅਕਲ ਦਿਉ, ਜਿਸ ਕਰਕੇ ਆਠ ਪਹਰ=ਅਠੇ ਪਹਿਰ ਤੁਧੁ=ਆਪ ਜੀ ਨੂੰ ਧਿਆਈ=ਧਿਆਉਂਦੀ ਰਹਾਂ।

## *ਗਰਬੁ ਨ ਕੀਜੈ, ਰੇਣ ਹੋਵੀਜੈ; ਤਾ ਗਤਿ ਜੀਅਰੇ ਤੇਰੀ ॥*

ਹੇ ਜੀਵ ! ਗਰਬੁ=ਹੰਕਾਰ ਨਾ ਕੀਜੈ=ਕਰ, ਸਾਰਿਆਂ ਦੀ **ਅਥਵਾ** ਸੰਤ ਜਨਾਂ ਦੀ ਚਰਣਾਂ ਦੀ ਰੇਣ=ਧੂੜ ਹੋਵੀਜੈ=ਹੋਣਾ ਕਰ, ਤਾਂ ਤੇਰੀ ਗਤਿ=ਮੁਕਤੀ ਹੋਵੇਗੀ। **ਅਥਵਾ** ਹੇ ਜੀਵ ! ਹੰਕਾਰ ਨਾ ਕਰ ਤੇ ਚਰਣ ਧੂੜ ਹੋ ਜਾਣਾ ਕਰ ਤਾਂ ਤੈਨੂੰ ਪਰਮਾਤਮਾ ਦੀ ਗਤਿ=ਪ੍ਰਾਪਤੀ ਹੋਵੇਗੀ। ਅਹੰਕਾਰ ਨਵਿਰਤੀ ਲਈ ਸਤਿਗੁਰੂ ਜੀ ਐਸਾ ਫ਼ੁਰਮਾਨ ਦਿੰਦੇ ਹਨ। ਜੈਸਾ ਕਿ :

੧. **ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥**
**ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥੩॥**
[ਰਾਮਕਲੀ ਕੀ ਵਾਰ, ਸਲੋਕ ਮਹਲਾ ੧, ਅੰਗ ੯੫੬]

੨. **ਗਰਬੁ ਮੋਹੁ ਤਜਿ ਹੋਵਉ ਰੇਣ ॥ ਉਨ ਕੈ ਸੰਗਿ ਦੇਖਉ ਪ੍ਰਭੁ ਨੈਣ ॥**
[ਆਸਾ ਮਹਲਾ ੫, ਅੰਗ ੩੯੧]

੩. **ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥**
[ਰਾਮਕਲੀ ਮਹਲਾ ੧, ਅੰਗ ੯੦੪]

## ਸਭ ਊਪਰਿ ਨਾਨਕ ਕਾ ਠਾਕੁਰੁ; ਮੈ ਜੇਹੀ ਘਣ ਚੇਰੀ ਰਾਮ ॥੧॥

ਹੇ ਪ੍ਰਮੇਸ਼ਰ! ਮੈਂ ਦਾਸ ਨਾਨਕ ਦਾ ਤੂੰ ਹੀ ਠਾਕੁਰੁ=ਮਾਲਕ ਸੁਆਮੀ ਹੈਂ ਅਤੇ ਸਾਰਿਆਂ ਤੋਂ ਉੱਚਾ ਹੈਂ। ਹੇ ਰਾਮ! ਮੇਰੇ ਜਿਹੀਆਂ ਆਪ ਜੀ ਦੀਆਂ ਘਣ=ਬਹੁਤੀਆਂ ਚੇਰੀ=ਦਾਸੀਆਂ ਹਨ। ਆਪ ਇਤਨੇ ਵੱਡੇ ਹੋ, ਜਿਸ ਤੇ ਵੱਡਾ ਹੋਰ ਕੋਈ ਭੀ ਨਹੀਂ ਹੈ। ਮੈਂ ਕਿਸੇ ਭੀ ਗਿਣਤੀ ਵਿੱਚ ਨਹੀਂ ਹਾਂ। ਜੈਸਾ ਕਿ:

**ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥** [ਰਾਗ ਸੂਹੀ ਮਹਲਾ ੧, ਅੰਗ ੭੬੨]

## ਤੁਮ੍ ਗਉਹਰ ਅਤਿ ਗਹਿਰ ਗੰਭੀਰਾ; ਤੁਮ ਪਿਰ ਹਮ ਬਹੁਰੀਆ ਰਾਮ ॥

ਹੇ ਪ੍ਰਮੇਸ਼ਰ! ਤੁਮ੍=ਆਪ ਗਉਹਰ=ਮੋਤੀ ਵਾਂਗ ਸ਼ੁਧ ਹੋ ਅਤਿ=ਅਤਸੈ ਕਰਕੇ ਬੜੇ ਗਹਿਰ=ਡੂੰਘੇ ਤੇ ਗੰਭੀਰਾ=ਨਿਰਹਲ ਹੋ, ਹੇ ਰਾਮ=ਪ੍ਰਮੇਸ਼ਰ! ਆਪ ਪਿਰ=ਪਤੀ ਹੋ, ਮੈਂ ਆਪ ਜੀ ਦੀ ਬਹੁਰੀਆ=ਇਸਤਰੀ ਹਾਂ। ਭਾਵ ਮੈਂ ਆਪ ਜੀ ਦੇ ਅਧੀਨ ਹਾਂ।

## ਤੁਮ ਵਡੇ ਵਡੇ ਵਡ ਊਚੇ; ਹਉ ਇਤਨੀਕ ਲਹੁਰੀਆ ਰਾਮ ॥

ਤੁਮ=ਆਪ ਵੱਡੇ ਹੋ, ਵੱਡਿਆਂ ਨਾਲੋਂ ਭੀ ਵੱਡੇ, ਉੱਚੇ ਹੋ, ਅਥਵਾ ਜੀਵਾਂ ਤੋਂ ਵੱਡੇ ਰਾਜੇ, ਰਾਜਿਆਂ ਤੋਂ ਵੱਡੇ ਦੇਵਤੇ, ਦੇਵਤਿਆਂ ਤੋਂ ਵੱਡੇ ਇੰਦਰ ਅਤੇ ਬ੍ਰਹਸਪਤੀ ਆਦਿਕ ਆਪ ਇਨ੍ਹਾਂ ਤੋਂ ਭੀ ਉੱਚੇ ਹੋ। ਹੇ ਰਾਮ=ਪ੍ਰਮੇਸ਼ਰ ਮੈਂ ਇਤਨੀਕ=ਇੰਨੀ ਕੁ ਭਾਵ ਛੋਟੀ ਜਿਹੀ ਆਪ ਜੀ ਦੀ ਲਹੁਰੀਆ=ਦਾਸੀ ਹਾਂ।

## ਹਉ ਕਿਛੁ ਨਾਹੀ, ਏਕੋ ਤੂਹੈ; ਆਪੇ ਆਪਿ ਸੁਜਾਨਾ ॥

ਹਉ=ਮੈਂ ਕੁਝ ਭੀ ਨਹੀਂ ਹਾਂ, ਏਕੋ=ਇੱਕ ਤੂੰ ਹੀ ਹੈਂ। ਤੂਹੈ=ਤੁਸੀਂ ਆਪੇ ਆਪ ਸੁਜਾਨਾ=ਅੰਤਰਜਾਮੀ, ਸ੍ਰੇਸ਼ਟ ਹੋ, **ਵਾ:** ਹੇ ਸੁਜਾਨਾ=ਸ੍ਰੇਸ਼ਟ ਪ੍ਰਭੂ! ਪਿੱਛੇ ਇੱਕ ਆਪ ਸੀ, ਹੁਣ ਭੀ ਤੂੰ ਆਪ ਹੈਂ ਅਤੇ ਅੱਗੇ ਭੀ ਤੂੰ ਆਪ ਹੀ ਹੋਵੇਂਗਾ। ਇਥੇ ਮੇਰਾ ਕੁਝ ਭੀ ਨਹੀਂ ਹੈ ਅਤੇ ਨਾ ਹੀ ਮੈਂ ਕੁਝ ਹਾਂ। ਜੈਸਾ ਕਿ:

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥** [ਬਿਲਾਵਲ ਭਗਤ ਸਧਨਾ ਜੀ, ਅੰਗ ੮੫੮]

ਇਹ ਸਰੀਰ, ਮਾਇਆ ਹਰ ਤਰ੍ਹਾਂ ਦੇ ਰਸ ਇਤਿਆਦਿਕ ਸਭ ਕੁਝ ਤੇਰਾ ਹੀ ਹੈ। ਜੈਸਾ ਕਿ:

**ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ਰਹਾਉ॥**
[ਗਉੜੀ ਕਬੀਰ ਜੀ, ਅੰਗ ੩੩੬]

ਕਬੀਰ ਸਾਹਿਬ ਜੀ ਦੇ ਕਥਨ ਅਨੁਸਾਰ:

੧. **ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥** [ਸਲੋਕ ਕਬੀਰ ਜੀ, ਅੰਗ ੧੩੭੫]

੨. **ਮੈ ਨਾਹੀ ਪ੍ਰਭੁ ਸਭੁ ਕਿਛੁ ਤੇਰਾ ॥**
**ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ਰਹਾਉ॥**
[ਬਿਲਾਵਲ ਮਹਲਾ ੫, ਅੰਗ ੮੨੭]

## ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ; ਸਰਬ ਰੰਗ ਰਸ ਮਾਨਾ ॥

ਹੇ ਰੱਖਿਅਕ ਪ੍ਰਭ=ਪ੍ਰਮੇਸ਼ਰ! ਜੇ ਆਪ ਅੰਮ੍ਰਿਤ ਦ੍ਰਿਸਟਿ, ਭਾਵ ਕਿਰਪਾ ਦੀ ਦ੍ਰਿਸਟਿ=ਨਿਗ੍ਹਾ, ਦ੍ਰਿਸ਼ਟੀ ਨਿਮਖ

ਮਾਤਰ ਭੀ ਮੇਰੇ 'ਤੇ ਕਰੋ ਤਾਂ ਮੈਂ ਜੀਵਾ=ਜੀਵਤ ਹੋ ਜਾਵਾਂ ਅਤੇ ਸਰਬ=ਸਾਰੇ ਰੰਗ=ਅਨੰਦਾਂ ਦਾ ਆਸਰਾ ਰੂਪ ਜੋ ਆਤਮਿਕ ਅਨੰਦ ਹੈ, ਉਸ ਨੂੰ ਮੈਂ ਮਾਨਾ=ਭੋਗਾਂ। ਕਿਉਂਕਿ ਜਿਨ੍ਹਾਂ ਨੇ ਤੇਰੇ ਆਤਮਿਕ ਰਸ ਨੂੰ ਜਾਣਿਆ ਹੈ, ਉਨ੍ਹਾਂ ਨੇ ਸੁਤੇ-ਸਿੱਧ ਹੀ ਤੇਰੇ ਅਨੰਦ ਨੂੰ ਭੋਗਿਆ ਹੈ। ਉਹਨਾਂ ਦਾ ਹੀ ਇਸ ਸੰਸਾਰ 'ਤੇ ਆਉਣਾ ਸਫਲਾ ਹੈ। ਜੈਸਾ ਕਿ :

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥** [ਗਉੜੀ ਬਾਵਨ ਅਖਰੀ, ਅੰਗ ੨੫੨]

ਫਿਰ ਹਮੇਸ਼ਾ ਹੀ ਉਹਨਾਂ ਦੀ ਗਿਆਨ ਦੀ ਅਵਸਥਾ ਵਿੱਚ ਸਮਾਈ, **ਵਾ:** ਗਿਆਨ ਰੂਪ ਪ੍ਰਮੇਸ਼ਰ ਵਿੱਚ ਅਭੇਦਤਾ ਹੋ ਜਾਂਦੀ ਹੈ। ਜੈਸਾ ਕਿ :

**ਆਤਮ ਰਸਿ ਸੁਖਿ ਸਹਜਿ ਸਮਾਵਹਿ ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੭੬]

## *ਚਰਣਹ ਸਰਨੀ ਦਾਸਹ ਦਾਸੀ; ਮਨਿ ਮਉਲੈ ਤਨੁ ਹਰੀਆ ॥*

ਆਪ ਜੀ ਦੇ ਚਰਣਹ=ਚਰਨਾਂ ਦੀ ਸਰਨੀ=ਸ਼ਰਨ ਗ੍ਰਹਿਣ ਕਰਕੇ ਮੈਂ ਦਾਸਹ=ਦਾਸਾਂ ਦੀ ਦਾਸੀ ਹੋਈ ਹਾਂ, ਇਸ ਲਈ ਮਨ ਵੀ ਮਉਲੈ=ਖਿੜ ਪਿਆ ਹੈ ਅਤੇ ਤਨੁ=ਸਰੀਰ ਭੀ ਸ਼ੁਭ ਗੁਣਾਂ ਨਾਲ ਹਰੀਆ=ਹਰਿਆ ਹੋ ਗਿਆ ਹੈ। ਸੋ, ਜਿਸ ਨੇ ਅੰਤਰਜਾਮੀ ਪ੍ਰਮੇਸ਼ਰ ਦੀ ਸ਼ਰਨ ਵਿੱਚ ਆ ਕੇ ਨਾਮ ਰੂਪ ਚਰਨਾਂ ਨੂੰ ਧਿਆਉਣਾ ਕੀਤਾ ਹੈ, ਉਹਨਾਂ ਨੇ ਆਪਣੇ ਆਤਮਿਕ ਸਰੂਪ ਦੀ ਸਾਖਿਆਤਤਾ ਕੀਤੀ ਹੈ। ਜੈਸਾ ਕਿ :

**ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ ॥** [ਧਨਾਸਰੀ ਮਹਲਾ ੫, ਅੰਗ ੬੭੭]

ਸੋ, ਹੁਣ ਆਪ ਜੀ ਦੇ ਚਰਨਾਂ ਦੀ ਸ਼ਰਨ ਤੋਂ ਬਿਨਾਂ ਹੋਰ ਮੇਰਾ ਕੋਈ ਦੂਜਾ ਟਿਕਾਣਾ ਨਹੀਂ। ਜੈਸਾ ਕਿ :

**ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ ॥** [ਕਾਨੜਾ ਮਹਲਾ ੫, ਅੰਗ ੧੩੦੬]

## *ਨਾਨਕ ਠਾਕੁਰੁ ਸਰਬ ਸਮਾਣਾ; ਆਪਨ ਭਾਵਨ ਕਰੀਆ ॥੨॥*

ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਠਾਕੁਰੁ=ਮਾਲਕ ਪ੍ਰਭੂ ! ਤੂੰ ਸਾਰਿਆਂ ਵਿੱਚ ਸਮਾਣਾ=ਸਮਾਇਆ ਹੋਇਆ ਹੈਂ ਅਤੇ ਜੋ ਕੁਝ ਭੀ ਕਰੀਆ=ਕਰਦਾ ਹੈਂ, ਤੂੰ ਆਪਨ=ਆਪਣੀ ਭਾਵਨ=ਮਰਜ਼ੀ ਨਾਲ ਹੀ ਕਰਦਾ ਹੈਂ ॥੨॥ ਜੈਸਾ ਕਿ :

੧. **ਜੋ ਕਿਛੁ ਕੀਆ ਸੋ ਆਪੈ ਆਪੈ ॥** [ਪ੍ਰਭਾਤੀ ਬਾਣੀ ਨਾਮਦੇਵ ਜੀ, ਅੰਗ ੧੩੫੧]

੨. **ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ ॥**
[ਗਉੜੀ ਬੈਰਾਗਣਿ ਮਹਲਾ ੪, ਅੰਗ ੧੬੬]

## *ਤੁਝੁ ਊਪਰਿ ਮੇਰਾ ਹੈ ਮਾਣਾ; ਤੂਹੈ ਮੇਰਾ ਤਾਣਾ ਰਾਮ ॥*

ਹੇ ਰਾਮ ! ਤੁਝੁ=ਤੇਰੇ ਉਪਰ ਮਨ ਕਰਕੇ ਮੇਰਾ ਬਹੁਤ ਸਾਰਾ ਮਾਣ ਹੈ ਅਤੇ ਤਨ ਕਰਕੇ ਤੂੰ ਹੀ ਮੇਰਾ ਤਾਣਾ=ਬਲ ਹੈਂ। ਇਥੇ ਜੋ ਸਤਿਗੁਰੂ ਜੀ ਨੇ ਜਗਿਆਸੂ ਮੁਖ ਦੁਆਰਾ ਮਾਣ ਤੇ ਤਾਣ ਦੀ ਗੱਲ ਕੀਤੀ ਹੈ। ਇਥੇ ਉਸ ਮਾਣ ਦੀ ਗੱਲ ਨਹੀਂ, ਜਿਸ ਹੰਕਾਰ ਦਾ ਗੁਰਬਾਣੀ ਵਿੱਚ ਖੰਡਨ ਹੈ। ਮਾਣ, ਮਾਣ ਵਿੱਚ ਬੜਾ ਅੰਤਰ ਹੁੰਦਾ ਹੈ। ਜੈਸਾ ਕਿ ਹੰਕਾਰ ਵਿੱਚ ਸ਼ੁਧ ਹੰਕਾਰ ਤੇ ਮਲੀਣ ਹੰਕਾਰ ਦੀ ਗੱਲ ਆਉਂਦੀ ਹੈ। ਮਲੀਣ ਹੰਕਾਰ ਜਨਮ-ਮਰਣ ਦੇ ਦੇਣ ਵਾਲਾ ਹੈ। ਜਦੋਂ ਕਿ ਸ਼ੁਧ ਹੰਕਾਰ ਜਨਮ-ਮਰਣ ਦੇ ਮੇਟਣ ਵਾਲਾ ਹੈ। ਇਥੇ ਸ਼ੁਧ ਮਾਣ ਦੀ ਗੱਲ ਹੈ, ਅਸ਼ੁਧ ਮਾਣ ਨਾਸ਼ਵਾਨ ਵਸਤੂਆਂ ਨਾਲ ਜੁੜਿਆ ਹੋਇਆ ਹੈ। ਜਿਵੇਂ ਕਿ ਮਾਇਆ ਸੰਸਾਰ ਦੇ ਅਹੁਦੇ ਪਰਿਵਾਰ ਉਹ ਖ਼ਾਨਦਾਨ

ਆਦਿ ਇਸ ਮਾਣ ਦਾ ਖੰਡਨ ਹੈ, ਪਰ ਜਿਸ ਮਾਣ ਦੀ ਸਤਿਗੁਰੂ ਜੀ ਗੱਲ ਕਰਦੇ ਹਨ, ਉਸ ਦੇ ਬਹੁਤ ਸਾਰੇ ਪ੍ਰਮਾਣ ਗੁਰਬਾਣੀ ਵਿੱਚ ਮਿਲਦੇ ਹਨ। ਜੈਸਾ ਕਿ :

**੧. ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲਾ ॥੧॥** [ਸਾਰਗ ਮਹਲਾ ੫, ਅੰਗ ੧੨੧੧]

**੨. ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥**
[ਸੋਰਠਿ ਮਹਲਾ ੧, ਅੰਗ ੫੯੬]

## *ਸੁਰਤਿ ਮਤਿ ਚਤੁਰਾਈ ਤੇਰੀ; ਤੂ ਜਾਣਾਇਹਿ ਜਾਣਾ ਰਾਮ ॥*

ਵਿਵਹਾਰਕ ਸੁਰਤਿ=ਗਿਆਤ, ਆਤਮ ਵਿਸ਼ੈਣੀ ਮਤਿ=ਬੁਧੀ ਤੇ ਸ਼ਾਸ਼ਤ੍ਰਕ ਚਤੁਰਾਈ, **ਅਥਵਾ** ਸੁਰਤੀਆਂ ਦੇ ਮਤ ਦੀ ਚਤੁਰਾਈ ਸਭ ਤੇਰੀ ਦਿੱਤੀ ਹੋਈ ਹੈ। ਹੇ ਰਾਮ! ਜੇ ਤੂੰ ਜਾਣਾਇਹਿ=ਜਣਾਵੇਂ ਤਾਂ ਹੀ ਤੈਨੂੰ ਕੋਈ ਜਾਣਾ=ਜਾਣ ਸਕਦਾ ਹੈ। ਚਤੁਰਾਈ ਤੇ ਚਤਰ ਦਾ ਇਹ ਭਾਵ ਹੈ। ਜਿਵੇਂ ਧਨ ਤੇ ਧਨੀ ਦਾ ਹੈ। ਜਿਸ ਕੋਲ ਧਨ ਹੋਵੇ, ਉਸ ਨੂੰ ਧਨੀ ਆਖੀਦਾ ਹੈ। ਜਿਸ ਕੋਲ ਚਤੁਰਾਈ ਹੋਵੇ, ਉਸ ਨੂੰ ਚਤੁਰ ਆਖੀਦਾ ਹੈ। ਚਤੁਰ ਦਾ ਭਾਵ ਹੈ—ਬੁਧਵਾਨ ਚਤੁਰਾਈ=ਬੁਧੀਵਾਨੀ।

## *ਸੋਈ ਜਾਣੈ ਸੋਈ ਪਛਾਣੈ; ਜਾ ਕਉ ਨਦਰਿ ਸਿਰੰਦੇ ॥*

ਜਿਸ ਉੱਤੇ ਆਪ ਕ੍ਰਿਪਾ ਦ੍ਰਿਸ਼ਟੀ ਸਿਰੰਦੇ=ਕਰਦੇ ਹੋ, ਸੋਈ=ਉਹੀ ਆਪ ਜੀ ਨੂੰ ਜਾਣੈ=ਜਾਣਦਾ ਹੈ, ਪਛਾਣੈ=ਪਛਾਣਦਾ ਹੈ। **ਅਥਵਾ** ਸੋਈ=ਉਹੀ ਜਾਣੈ=ਗਿਆਤ ਪੂਰਵਕ ਆਪ ਜੀ ਨੂੰ ਪਛਾਣਦਾ ਹੈ, ਵਾ ਉਹੀ ਗੁਰ ਉਪਦੇਸ਼ ਨੂੰ ਜਾਣਦਾ ਹੈ। ਉਹੀ ਨਾਮ ਨੂੰ ਸੁਖ ਰੂਪ ਪਛਾਣਦਾ ਹੈ, ਜਿਸ ਦੇ ਉੱਤੇ ਆਪ ਜੀ ਨਦਰਿ=ਕਿਰਪਾ ਦ੍ਰਿਸ਼ਟੀ ਸਿਰੰਦੇ=ਕਰਦੇ ਹੋ।

## *ਮਨਮੁਖਿ ਭੂਲੀ ਬਹੁਤੀ ਰਾਹੀ; ਫਾਥੀ ਮਾਇਆ ਫੰਦੇ ॥*

ਮਨਮੁਖਤਾ ਵਾਲੀ ਜਗਿਆਸੂ ਰੂਪ ਇਸਤਰੀ ਬਹੁਤੀ=ਬੁਹਤਿਆਂ ਰਾਹੀ=ਰਸਤਿਆਂ ਵਿੱਚ ਭੂਲੀ=ਅਣਜਾਣ ਹੋ ਕੇ ਫਿਰਦੀ ਹੈ ਅਤੇ ਮਾਇਆ ਦੇ ਫਸਾਉਣ ਵਾਲੇ ਫੰਦੇ=ਫੰਧਿਆਂ ਵਿੱਚ ਫਸੀ ਹੋਈ ਹੈ।

## *ਠਾਕੁਰ ਭਾਣੀ ਸਾ ਗੁਣਵੰਤੀ; ਤਿਨ ਹੀ ਸਭ ਰੰਗ ਮਾਣਾ ॥*

ਹੇ ਠਾਕੁਰ=ਸੁਆਮੀ, ਮਾਲਕ! ਜੋ ਆਪ ਜੀ ਨੂੰ ਜਗਿਆਸੂ ਰੂਪ ਇਸਤਰੀ ਭਾਣੀ=ਭਾਈ ਹੈ, ਸਾ=ਉਹੀ ਸ਼ੁਭ ਗੁਣਵੰਤੀ=ਗੁਣਾਂ ਵਾਲੀ ਹੈ ਅਤੇ ਉਸ ਨੇ ਸਭ=ਸਾਰਿਆਂ ਰੰਗ=ਅਨੰਦਾਂ ਨੂੰ ਮਾਣਾ=ਭੋਗਿਆ, ਭਾਵ ਹੰਢਾਇਆ ਹੈ।

## *ਨਾਨਕ ਕੀ ਧਰ ਤੂਹੈ ਠਾਕੁਰ; ਤੂ ਨਾਨਕ ਕਾ ਮਾਣਾ ॥੩॥*

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਠਾਕੁਰ=ਮਾਲਕ! ਮੈਂ ਦਾਸ ਨਾਨਕ ਦੀ ਤੂਹੈ=ਤੂੰ ਹੀ ਧਰ=ਓਟ ਹੈਂ, ਤੇ ਮੈਂ ਦਾਸ ਨਾਨਕ ਦਾ ਮਾਣ ਭੀ ਤੂੰ ਹੀ ਹੈਂ॥੩॥

## *ਹਉ ਵਾਰੀ ਵੰਞਾ ਘੋਲੀ ਵੰਞਾ; ਤੂ ਪਰਬਤੁ ਮੇਰਾ ਓਲ੍ਹਾ ਰਾਮ ॥*

ਮੈਂ ਵਾਰਨੇ ਜਾਂਦੀ ਹਾਂ, ਘੋਲੀ ਵੰਞਾ=ਕੁਰਬਾਨ ਜਾਂਦੀ ਹਾਂ, ਹੇ ਰਾਮ! ਤੂੰ ਸੁਮੇਰ ਪਰਬਤ ਵਾਂਗ ਮੇਰਾ ਓਲ੍ਹਾ=ਆਸਰਾ ਰੂਪ ਹੈਂ। ਜੈਸਾ ਕਿ :

**੧. ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥**

[ਵਡਹੰਸ ਮਹਲਾ ੧, ਘਰ ੧, ਅੰਗ ੫੫੭]

**੨. ਹਉ ਵੰਞਾ ਕੁਰਬਾਣੁ ਸਾਈ ਆਪਣੇ॥ ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥**

[ਆਸਾ ਮਹਲਾ ੫, ਅੰਗ ੩੯੭]

## *ਹਉ ਬਲਿ ਜਾਈ ਲਖ ਲਖ ਲਖ ਬਰੀਆ; ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥*

**ਪਹਿਲਾ ਅਰਥ—**ਹੇ ਲਖ ਸਰੂਪ ਵਾਹਿਗੁਰੂ! ਆਪ ਜੀ ਨੂੰ ਲਖ=ਜਾਣ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿ=ਬਲਿਹਾਰ ਜਾਂਦਾ ਹਾ। **ਦੂਜਾ ਅਰਥ—**ਹੇ ਲਖ ਸਰੂਪ ਪ੍ਰਮੇਸ਼ਰ! ਆਪ ਜੀ ਦੇ ਉਪਕਾਰਾਂ ਨੂੰ ਲਖ=ਜਾਣ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ। **ਅਥਵਾ** ਮਨ ਬਾਣੀ ਸਰੀਰ ਕਰਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ। ਤਿੰਨ ਵਾਰੀ ਲਖ ਪਦ ਆਇਆ ਹੈ, ਉਸ ਤੋਂ ਮਨ ਬਾਣੀ ਸਰੀਰ ਕਰਕੇ ਅਰਥ ਲਾਇਆ ਹੈ। ਹੇ ਰਾਮ=ਪ੍ਰਮੇਸ਼ਰ! ਜਿਸ ਆਪ ਜੀ ਨੇ ਮੇਰੇ ਅੰਦਰੋਂ ਭਰਮ ਦਾ ਪਰਦਾ ਖੋਲ੍ਹ ਦਿੱਤਾ ਹੈ। ਭਰਮ ਦਾ ਇਕ ਐਸਾ ਪਰਦਾ ਹੈ, ਜਿਸ ਨੂੰ ਸਮਰੱਥ ਗੁਰੂ ਹੀ ਖੋਲ੍ਹ ਸਕਦਾ ਹੈ, ਜੋ ਗੁਰੂ ਖ਼ੁਦ ਭਰਮ ਵਿੱਚ ਹੈ, ਉਹ ਕਿਸੇ ਦੇ ਭਰਮ ਦੇ ਪਰਦਿਆਂ ਨੂੰ ਨਹੀਂ ਖੋਲ੍ਹ ਸਕਦਾ ਤੇ ਐਸੇ ਪਾਖੰਡੀ ਗੁਰੂ ਕਹਾਉਣ ਵਾਲੇ ਵਿਅਕਤੀ ਨੂੰ ਕਬੀਰ ਸਾਹਿਬ ਬਾਣੀ ਵਿੱਚ ਲੰਮੇ ਹੱਥੀ ਲੈਂਦੇ ਹਨ। ਜੈਸਾ ਕਿ:

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥੧੦੪॥** [ਸਲੋਕ ਕਬੀਰ ਜੀ, ਅੰਗ ੧੩੬੯-੭੦]

ਸੋ, ਐਸਾ ਭਰਮ ਵਿੱਚ ਭਰਮਣ ਕਰਨ ਵਾਲਾ ਗੁਰੂ ਆਪ ਤਾਂ ਡੁੱਬਦਾ ਹੀ ਹੈ ਤੇ ਨਾਲ ਚੇਲਿਆਂ ਨੂੰ ਭੀ ਰੋੜ੍ਹਦਾ ਹੈ। ਭਰਮ ਦੇ ਪਰਦੇ ਇਕੱਲਾ ਬੇਦ ਨਹੀਂ ਖੋਲ੍ਹ ਸਕਦਾ। ਸਿਧਾਂਤ ਜਾਣੇ ਤੋਂ ਬਿਨਾਂ ਭਰਮ ਵਿੱਚ ਡੁਬ ਕੇ ਚੇਲਿਆਂ ਨੂੰ ਭੀ ਮਿਥਿਆ ਪਦਾਰਥਾਂ ਵਿੱਚ ਰੋੜ੍ਹਦਾ ਹੈ। ਇਸ ਲਈ ਭਰਮ ਦੇ ਪਰਦੇ ਪੂਰਨ ਗੁਰੂ ਹੀ ਖੋਲ੍ਹ ਸਕਦੇ ਹਨ। ਜੈਸਾ ਕਿ:

**੧. ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥**
**ਭ੍ਰਮ ਕਾਟੇ ਗੁਰ ਆਪਣੈ ਪਾਇ ਬਿਸਰਾਮਾ॥** [ਆਸਾ ਮਹਲਾ ੫, ਅੰਗ ੪੦੦]

**੨. ਸਰਬ ਸੁਖਾ ਬਨੇ ਤੇਰੈ ਓਲ੍ਹੈ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥**

[ਆਸਾ ਮਹਲਾ ੫, ਅੰਗ ੩੮੫]

ਭਰਮ ਦੇ ਪਰਦੇ ਪੂਰੇ ਗੁਰੂ ਦੇ ਖੋਲਣ ਦੀ ਵਿਚਾਰ ਇਤਿਹਾਸ ਵਿੱਚ ਥਾਂ-ਥਾਂ ਆਉਂਦੀ ਹੈ, ਜਿਵੇਂ ਕਿ ਭਰਮ ਦਾ ਪਰਦਾ ਸਿਢੌਰੇ ਵਾਲੇ ਪੀਰ ਬੁਧੂ ਸ਼ਾਹ ਦਾ, ਜਿਸ ਨੂੰ ਪਤਾ ਨਹੀਂ ਸੀ ਲਗਦਾ ਕਿ ਜੀਵ ਅਤੇ ਖ਼ੁਦਾ ਦਾ ਮੇਲ ਕਿਵੇਂ ਹੋਵੇ? ਪਉਂਟਾ ਸਾਹਿਬ ਇਹ ਵਾਰਤਾ ਹੋਈ ਸੀ। ਸਤਿਗੁਰਾਂ ਨੇ ਭਰਮ ਦਾ ਪਰਦਾ ਖੋਲ੍ਹ ਕੇ ਪੀਰ ਬੁਧੂ ਸ਼ਾਹ ਨੂੰ ਬ੍ਰਹਮ ਗਿਆਨ ਕਰਾ ਦਿੱਤਾ ਸੀ। ਇਉਂ ਭਰਮ ਦਾ ਪਰਦਾ ਗੁਰੂ ਗੋਬਿੰਦ ਸਿੰਘ ਜੀ ਨੇ ਖੋਲ੍ਹ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਧਾਂ ਦੇ ਭਰਮ ਦੇ ਪਰਦੇ ਖੋਲ੍ਹੇ। ਸੰਤੋਖੇ ਰਿਖੀ ਦੇ ਭਰਮ ਦਾ ਪਰਦਾ ਗੁਰੂ ਅਰਜਨ ਦੇਵ ਜੀ ਨੇ ਖੋਲ੍ਹਿਆ। ਹੋਰ ਅਨੇਕਾਂ ਪ੍ਰਮਾਣ ਤੇ ਸਾਖੀਆਂ ਦਿੱਤੀਆਂ ਜਾ ਸਕਦੀਆਂ ਹਨ, ਜੋ ਕੇਵਲ ਭਰਮ ਦੇ ਪ੍ਰਥਾਇ ਹੀ ਹਨ।

## *ਮਿਟੇ ਅੰਧਾਰੇ ਤਜੇ ਬਿਕਾਰੇ; ਠਾਕੁਰ ਸਿਉ ਮਨੁ ਮਾਨਾ॥*

ਹੇ ਠਾਕੁਰ=ਪ੍ਰਮੇਸ਼ਰ! ਜਿਸ ਵੇਲੇ ਆਪ ਜੀ ਨਾਲ ਮੇਰਾ ਮਨ ਮਾਨਾ=ਮੰਨ ਗਿਆ ਤੇ ਬਿਕਾਰੇ=ਵਿਸ਼ੇ ਵਿਕਾਰ ਤਜੇ=ਤਿਆਗ ਦਿੱਤੇ ਤਾਂ ਅਗਿਆਨਤਾ ਦੇ ਸਾਰੇ ਅੰਧਾਰੇ=ਹਨ੍ਹੇਰੇ ਮਿਟੇ=ਮਿਟ ਗਏ।

## ਪ੍ਰਭ ਜੀ ਭਾਣੀ ਭਈ ਨਿਕਾਣੀ; ਸਫਲ ਜਨਮੁ ਪਰਵਾਨਾ ॥

ਹੇ ਪ੍ਰਭੂ! ਜਿਸ ਵੇਲੇ ਆਪ ਜੀ ਨੂੰ ਜੀਵ ਰੂਪ ਇਸਤਰੀ ਭਾਣੀ=ਚੰਗੀ ਲਗੀ ਤਾਂ ਜਮਾਂ ਦੀ ਕਾਨ ਕਨੌੜ ਤੋਂ ਨਿਕਾਣੀ=ਰਹਿਤ ਹੋ ਗਈ, **ਅਥਵਾ** ਬੇਪਰਵਾਹ, ਕਿਸੇ ਦੇ ਦਬ-ਦਬਾਅ ਤੋਂ ਰਹਿਤ ਹੋਣ ਨੂੰ ਨਿਕਾਣੀ ਕਿਹਾ ਹੈ, ਤਾਂ ਹੀ ਪਰਵਾਨਾ=ਪ੍ਰਮਾਣਨੀਕ ਮਨੁੱਖਾ ਜਨਮ ਸਫਲ ਹੋ ਗਿਆ ਹੈ। ਗਿਆਨ ਰੂਪ ਫਲ ਦੇ ਸਹਿਤ ਹੋਣ ਨੂੰ ਸਫਲਾ ਕਿਹਾ ਹੈ।

## ਭਈ ਅਮੋਲੀ ਭਾਰਾ ਤੋਲੀ; ਮੁਕਤਿ ਜੁਗਤਿ ਦਰੁ ਖੋਲ੍ਹਾ ॥

ਭਾਰਾ=ਭਾਰੇ ਤੋਲੀ=ਤੋਲਣ ਵਾਲਾ, **ਅਥਵਾ** ਦੇਸ਼ ਕਾਲ ਵਸਤੂ ਤੋਂ ਰਹਿਤ ਜੋ ਪ੍ਰਮਾਤਮਾ ਹੈ, ਉਸ ਨੂੰ ਪਾ ਕੇ ਅਮੋਲੀ=ਮੁੱਲ ਰਹਿਤ ਹੋ ਗਈ ਹਾਂ। ਮੁਕਤੀ ਵਿੱਚ ਜੁਗਤਿ=ਜੁੜਨ ਦਾ ਗਿਆਨ ਰੂਪ ਦਰੁ=ਦਰਵਾਜ਼ਾ ਖੋਲ੍ਹਾ=ਖੁੱਲ੍ਹ ਗਿਆ ਹੈ। **ਅਥਵਾ** ਮੁਕਤੀ ਦਾ ਗਿਆਨ ਰੂਪੀ ਦਰੁ=ਦਰਵਾਜ਼ਾ ਗੁਰਾਂ ਨੇ ਜੁਗਤੀ ਦੁਆਰਾ ਖੋਲ੍ਹ ਦਿੱਤਾ ਹੈ। ਇਸੇ ਲਈ ਮੁਕਤੀ ਦੀ ਜੁਗਤੀ ਗੁਰੂ ਦੇ ਕੋਲ ਹੋਰ ਭੀ ਧਰਮ ਸ਼ਾਸ਼ਤ੍ਰ ਨਿਰੂਪਣ ਕਰਦੇ ਹਨ। ਇਥੇ ਭੀ ਸਤਿਗੁਰੂ ਜੀ ਨੇ ਉਹੀ ਸਿਧਾਂਤ ਪ੍ਰਗਟ ਕੀਤਾ ਹੈ।

## ਕਹੁ ਨਾਨਕ ਹਉ ਨਿਰਭਉ ਹੋਈ; ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਉ=ਮੈਂ ਨਿਰਭਉ=ਡਰ ਰਹਿਤ, ਭਾਵ ਭੈਅ ਰਹਿਤ ਹੋ ਗਈ ਹਾਂ, ਹੁਣ ਜੰਮਣ ਤੇ ਮਰਣ ਦਾ ਡਰ ਨਹੀਂ ਰਿਹਾ, ਕਿਉਂਕਿ ਉਹ ਪ੍ਰਭੁ=ਮਾਲਕ ਮੇਰਾ ਆਸਰਾ ਹੋ ਗਿਆ ਹੈ ॥੪॥੧॥੪॥ ਜੈਸਾ ਕਿ :

੧. **ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥**

[ਰਾਗ ਵਡਹੰਸੁ ਮਹਲਾ ੫, ਅੰਗ ੫੭੭]

੨. **ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥**

[ਸੋਰਠਿ ਮਹਲਾ ੫, ਅੰਗ ੬੦੯]

੩. **ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ ॥**

[ਸਾਰਗ ਮਹਲਾ ੫, ਅੰਗ ੧੨੧੦]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੩ [ਆਦਿ ਅੰਗ ੭੮੦]

*ਸੂਹੀ ਮਹਲਾ ੫ ॥ ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥੧॥ ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥੨॥ ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮਪਦ ਪਾਏ ਰਾਮ ॥ ਪਰਮਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥੩॥ ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥ ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥*

## ਸੂਹੀ ਮਹਲਾ ੫ ॥

ਸੂਹੀ ਰਾਗਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਹੈ। ਜਿਸ ਦੀਆਂ ਪਹਿਲੀਆਂ ਤੁਕਾਂ ਵਿੱਚ ਹੀ ਗੁਰੂ ਭਾਵਨਾ ਪ੍ਰਗਟ ਕੀਤੀ ਹੈ।

## ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ; ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥

ਮੇਰਾ ਸਤਿਗੁਰੂ ਪੁਰਖੁ=ਵਿਆਪਕ ਨਿਰਾਕਾਰ ਦਾ ਸਰੂਪ ਸਾਜਨੁ=ਸੱਜਣ ਹੈ। ਰਾਮ=ਹੇ ਭਾਈ! ਉਸ ਤੋਂ ਬਿਨੁ=ਬਿਨਾਂ ਮੈਂ ਅਵਰੁ=ਹੋਰ ਕਿਸੇ ਨੂੰ ਨਹੀਂ ਜਾਣਿਆ। ਸੋ, ਲੋਕ-ਪ੍ਰਲੋਕ ਵਿੱਚ ਸਤਿਗੁਰੂ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ। ਉਹੀ ਸੱਚਾ ਮਿੱਤਰ ਹੈ। ਜੈਸਾ ਕਿ :

**ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥** [ਮਾਰੂ ਮਹਲਾ ੧, ਅੰਗ ੧੦੩੧]

## ਮਾਤ ਪਿਤਾ ਭਾਈ ਸੁਤ ਬੰਧਪ; ਜੀਅ ਪ੍ਰਾਣ ਮਨਿ ਭਾਣਾ ਰਾਮ ॥

ਹੇ ਰਾਮ=ਭਾਈ! ਮਾਤ=ਮਾਂ, ਪਿਤਾ=ਪਿਓ, ਭਾਈ=ਭਰਾ, ਸੁਤ=ਪੁੱਤਰ, ਬੰਧਪ=ਸੰਬੰਧੀ, ਜੀਅ=ਜੀਵ-ਆਤਮਾ ਤੇ ਪ੍ਰਾਣ ਜਿਸ ਦੇ ਸਿਰ ਤੇ ਸਰੀਰ ਜਿਊਂਦਾ ਹੈ ਇਤਿਆਦਿਕ ਸਾਰਿਆਂ ਵਿੱਚੋਂ ਮੇਰੇ ਮਨ ਵਿੱਚ ਸਤਿਗੁਰੂ ਦਾ ਪ੍ਰੇਮ ਹੀ ਭਾਣਾ=ਭਾਇਆ ਹੈ। ਜੈਸਾ ਕਿ :

੧. **ਸਾਜਨੁ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਣ ਅਧਾਰੀ॥**

[ਸਵੱਈਏ ਮੁਖਵਾਕ ਮਹਲਾ ੫, ਅੰਗ ੧੩੮੯]

੨. **ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ॥੧॥ਰਹਾਉ॥**

[ਸਾਰਗ ਮਹਲਾ ੫, ਅੰਗ ੧੨੨੬]

੩. **ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥**

[ਮਾਝ ਮਹਲਾ ੫, ਅੰਗ ੧੦੩]

## *ਜੀਉ ਪਿੰਡੁ ਸਭੁ ਤਿਸ ਕਾ ਦੀਆ; ਸਰਬ ਗੁਣਾ ਭਰਪੂਰੇ॥*

ਜੀਉ=ਜੀਵ-ਆਤਮਾ, ਪਿੰਡੁ=ਸਰੀਰ, ਪ੍ਰਾਣ ਆਦਿਕ ਸਭ ਕੁਝ ਉਸ ਪ੍ਰਮੇਸ਼ਰ ਦਾ ਹੀ ਦੀਆ=ਦਿੱਤਾ ਹੋਇਆ ਹੈ। ਉਹ ਪ੍ਰਮੇਸ਼ਰ ਸਰਬ=ਸਾਰਿਆਂ ਗੁਣਾਂ ਵਿੱਚ ਭਰਪੂਰੇ=ਭਰਪੂਰ ਹੋ ਰਿਹਾ ਹੈ।

## *ਅੰਤਰਜਾਮੀ ਸੋ ਪ੍ਰਭੁ ਮੇਰਾ; ਸਰਬ ਰਹਿਆ ਭਰਪੂਰੇ॥*

ਸੋ=ਉਹ ਮੇਰਾ ਪ੍ਰਭੁ=ਮਾਲਕ (ਅੰਤਰ+ਜਾਮੀ) ਅੰਤਰ=ਹਿਰਦੇ ਦੀ ਜਾਮੀ=ਜਾਨਣ ਵਾਲਾ ਹੈ। ਅਤੇ ਸਾਰਿਆਂ ਵਿੱਚ ਭਰਪੂਰੇ=ਪਰੀਪੂਰਨ ਹੋ ਰਿਹਾ ਹੈ। ਭਾਵ ਵਿਆਪਕ ਸਰੂਪ ਹੋ ਰਿਹਾ ਹੈ। ਜਿਸਦੀ ਸੱਤਾ ਸਾਰਿਆਂ ਵਿੱਚ ਸਮਾਈ ਹੋਈ ਹੈ।

## *ਤਾ ਕੀ ਸਰਣਿ ਸਰਬ ਸੁਖ ਪਾਏ; ਹੋਏ ਸਰਬ ਕਲਿਆਣਾ॥*

ਉਸੇ ਵਾਹਿਗੁਰੂ ਦੀ ਸਰਣ ਵਿੱਚੋਂ ਮੈਂ ਸਰਬ=ਸਾਰੇ ਸੁਖ ਪਾਏ=ਪ੍ਰਾਪਤ ਕੀਤੇ ਹਨ। ਅਤੇ ਸਾਰੇ ਸੰਬੰਧੀ ਭੀ ਕਲਿਆਣਾ=ਸੁਖੀ ਹੋਏ ਹਨ।

## *ਸਦਾ ਸਦਾ ਪ੍ਰਭ ਕਉ ਬਲਿਹਾਰੈ; ਨਾਨਕ ਸਦ ਕੁਰਬਾਣਾ॥੧॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਸ ਪ੍ਰਭ=ਪ੍ਰਮੇਸ਼ਰ ਕਉ=ਤੋਂ ਮੈਂ ਸਦਾ ਸਦਾ=ਨਿਤ ਨਿਤ ਕੁਰਬਾਣਾ=ਕੁਰਬਾਨ ਜਾਂਦਾ ਹਾਂ॥੧॥

## *ਐਸਾ ਗੁਰੁ ਵਡਭਾਗੀ ਪਾਈਐ; ਜਿਤੁ ਮਿਲਿਐ ਪ੍ਰਭੁ ਜਾਪੈ ਰਾਮ॥*

ਹੇ ਰਾਮ=ਭਾਈ! ਅਜਿਹਾ ਗੁਰੂ ਵੱਡੇ ਭਾਗਾਂ ਨਾਲ ਪਾਈਐ=ਪਾਈਦਾ ਹੈ ਜਿਤੁ=ਜਿਸ ਗੁਰੂ ਦੇ ਮਿਲਿਆਂ ਰਾਮ ਪ੍ਰਭੂ ਜਾਪੈ=ਜਾਣਿਆ ਜਾਵੇ। ਜੈਸਾ ਕਿ :

੧. **ਭੂਲੇ ਮਾਰਗੁ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥੧॥**

[ਬਿਲਾਵਲੁ ਮਹਲਾ ੫, ਅੰਗ ੮੦੩]

੨. **ਐਸਾ ਗੁਰੁ ਪਾਈਐ ਵਡਭਾਗੀ॥ ਜਿਸੁ ਮਿਲਤੇ ਰਾਮ ਲਿਵ ਲਾਗੀ॥੩॥**

[ਪ੍ਰਭਾਤੀ ਮਹਲਾ ੫, ਅੰਗ ੧੩੩੯]

## *ਜਨਮ ਜਨਮ ਕੇ ਕਿਲਵਿਖ ਉਤਰਹਿ; ਹਰਿ ਸੰਤ ਧੂੜੀ ਨਿਤ ਨਾਪੈ ਰਾਮ॥*

ਹਰਿ=ਹਰੀ, ਰਾਮ ਇਹ ਦੋਨੋਂ ਹੀ ਪ੍ਰਮੇਸ਼ਰ ਦੇ ਨਾਮ ਹਨ, ਭਾਵ ਹਰੀ ਰਾਮ ਦੇ ਸੰਤਾਂ ਦੀ ਚਰਣ ਧੂੜੀ ਵਿੱਚ ਨਿਤ=ਹਮੇਸ਼ਾ ਹੀ ਨਾਪੈ=ਇਸ਼ਨਾਨ ਕਰਨ ਨਾਲ ਜਨਮ ਜਨਮ=ਜਨਮਾਂ-ਜਨਮਾਂ ਦੇ ਕੀਤੇ ਹੋਏ ਕਿਲਵਿਖ=ਪਾਪ

ਉਤਰਹਿ=ਉਤਰ ਜਾਂਦੇ ਹਨ, ਭਾਵ ਲਹਿ ਜਾਂਦੇ ਹਨ **ਵਾ:** (ਕਿਲ+ਵਿਖ) ਕਿਲ=ਨਿਸ਼ਚੇ ਕਰਕੇ ਵਿਖ=ਵਿਹੁ ਵਰਗੇ ਭਾਵ ਦੁਖ ਦਾਇਕ ਜੋ ਪਾਪ ਹਨ, ਉਹ ਸੰਤ ਧੂੜੀ ਵਿੱਚ ਇਸ਼ਨਾਨ ਕਰਨ 'ਤੇ ਲਹਿ ਜਾਂਦੇ ਹਨ। ਭਾਵ ਕਿ ਸੰਤਾਂ ਅੱਗੇ ਆਪਣਾ ਆਪਾ ਖੋਹ ਕੇ ਨਿਮਰਤਾ ਧਾਰਨ ਕਰਨੀ, ਇਹੀ ਸੰਤਾਂ ਦੀ ਚਰਨ ਧੂੜ ਵਿੱਚ ਇਸ਼ਨਾਨ ਕਰਨਾ ਹੈ। ਜੈਸਾ ਕਿ :

੧. **ਸੇਵਉ ਸਾਧ ਸੰਤ ਚਰਨੇਰੈ ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥**
[ਕਾਨੜਾ ਮਹਲਾ ੫, ਅੰਗ ੧੩੦੪]

੨. **ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥**
[ਮਲਾਰ ਮਹਲਾ ੪, ਅੰਗ ੧੨੬੩]

੩. **ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤੁ ਪੁਨੀਤਾ ਰਾਮ ॥**
[ਬਿਹਾਗੜਾ ਮਹਲਾ ੫, ਅੰਗ ੫੪੩]

## *ਹਰਿ ਧੂੜੀ ਨਾਈਐ, ਪ੍ਰਭੂ ਧਿਆਈਐ; ਬਾਹੁੜਿ ਜੋਨਿ ਨ ਆਈਐ ॥*

ਹਰੀ ਪ੍ਰਮੇਸ਼ਰ ਦੇ ਸੰਤਾਂ ਦੀ ਚਰਣ ਧੂੜੀ ਵਿੱਚ ਇਸ਼ਨਾਨ ਕਰਨ ਨਾਲ ਅਤੇ ਪ੍ਰਭੂ ਦੇ ਧਿਆਈਐ=ਧਿਆਉਣ ਕਰਕੇ ਬਹੁੜਿ=ਮੁੜ ਕੇ ਜੋਨਿ=ਚੁਰਾਸੀ ਲੱਖ ਜੂਨੀਆਂ ਵਿੱਚ ਨ=ਨਹੀਂ ਆਈਐ=ਆਉਣਾ ਪੈਂਦਾ।

## *ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ; ਮਨਿ ਚਿੰਦਿਆ ਫਲੁ ਪਾਈਐ ॥*

ਗੁਰਾਂ ਦੇ ਚਰਣੀ=ਚਰਨਾਂ ਨਾਲ ਲਾਗੇ=ਜੁੜ ਕੇ ਭਰਮ ਤੇ ਭਉ=ਡਰ ਭਾਗੇ=ਦੌੜ ਜਾਂਦੇ ਹਨ ਅਤੇ ਮਨ ਚਿੰਦਿਆ=ਮਨ ਇੱਛਤ ਫਲ ਨੂੰ ਪਾਈਐ=ਪਾ ਲਈਦਾ ਹੈ। ਜੈਸਾ ਕਿ :

੧. **ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥** [ਰਾਗ ਸੂਹੀ ਮਹਲਾ ੫, ਅੰਗ ੭੭੮]

੨. **ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪੁ ਮਿਟਾਇਆ ਆਪੈ ॥** [ਆਸਾ ਮਹਲਾ ੫, ਅੰਗ ੪੫੩]

## *ਹਰਿ ਗੁਣ ਨਿਤ ਗਾਏ, ਨਾਮੁ ਧਿਆਏ; ਫਿਰਿ ਸੋਗੁ ਨਾਹੀ ਸੰਤਾਪੈ ॥*

ਜਿਸ ਪੁਰਸ਼ ਨੇ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਨਿਤ=ਹਮੇਸ਼ਾ ਗਾਉਣਾ ਕੀਤਾ ਅਤੇ ਨਾਮ ਨੂੰ ਧਿਆਏ=ਧਿਆਉਣਾ ਕੀਤਾ ਹੈ। ਉਸ ਨੂੰ ਫਿਰ ਸੋਗੁ=ਗਮ, ਫ਼ਿਕਰ ਅਤੇ ਸੰਤਾਪੈ=ਸੰਤਾਪ ਨਹੀਂ ਹੁੰਦਾ।

## *ਨਾਨਕ ਸੋ ਪ੍ਰਭੁ ਜੀਅ ਕਾ ਦਾਤਾ; ਪੂਰਾ ਜਿਸੁ ਪਰਤਾਪੈ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪ੍ਰਭੂ ਸਾਰਿਆਂ ਜੀਅ=ਜੀਵਾਂ ਨੂੰ ਦਾਤਾ=ਦਾਤਾਂ ਦੇਣ ਵਾਲਾ ਹੈ, ਜਿਸਦਾ ਪਰਤਾਪੈ=ਪ੍ਰਤਾਪ ਸਭ ਜਗ੍ਹਾ ਪੂਰਾ ਹੈ ॥੨॥

## *ਹਰਿ ਹਰੇ ਹਰਿ ਗੁਣ ਨਿਧੇ; ਹਰਿ ਸੰਤਨ ਕੈ ਵਸਿ ਆਏ ਰਾਮ ॥*

ਜੀਵਾਂ ਨੂੰ ਹਰੇ=ਹਰਾ ਭਰਾ ਕਰਨ ਵਾਲਾ ਜੋ ਹਰਿ=ਹਰੀ, ਹਰਿ=ਤਮਾਮ ਗੁਣਾਂ ਦੀ ਨਿਧੇ=ਨਿਧੀ ਰੂਪ ਹੈ, ਉਹ ਹਰੀ ਰਾਮ ਸੰਤਾਂ ਮਹਾਂਪੁਰਸ਼ਾਂ ਦੇ ਉਪਦੇਸ਼ ਭਾਵ ਸਿਖਿਆ ਕਰਕੇ ਵਸ ਵਿੱਚ ਆਏ=ਆਉਂਦਾ ਹੈ।

## *ਸੰਤ ਚਰਣ ਗੁਰ ਸੇਵਾ ਲਾਗੇ; ਤਿਨੀ ਪਰਮਪਦ ਪਾਏ ਰਾਮ ॥*

ਹੇ ਰਾਮ=ਭਾਈ ! ਜੋ ਪੁਰਸ਼ ਸੰਤਾਂ ਦੀ ਚਰਣੀ ਪੈ ਕੇ ਗੁਰੂ ਦੀ ਸੇਵਾ ਵਿੱਚ ਲੱਗੇ ਹਨ, ਉਨ੍ਹਾਂ ਨੇ ਪਰਮਪਦ=ਵੱਡੀ

ਪਦਵੀ, ਭਾਵ ਮੋਕਸ਼ ਰੂਪ ਪਦਵੀ, ਵਾ—ਪ੍ਰਮਾਤਮਾ ਨੂੰ ਪ੍ਰਾਪਤ ਕਰਨ ਵਾਲੀ ਪਦਵੀ ਪਾਇ=ਪਾਉਣਾ ਕੀਤੀ ਹੈ। ਇਸੇ ਲਈ ਗੁਰੂ ਘਰ ਵਿੱਚ ਸ਼ਾਂਤ ਆਤਮਾ ਸੰਤ ਜਨ ਅਤੇ ਗੁਰੂ ਸਾਹਿਬ ਜੀ ਦਾ ਅਲੱਗ-ਅਲੱਗ ਕਥਨ ਆਉਂਦਾ ਹੈ। ਸੰਤ ਗੁਰੂ ਨਾਲ ਜੋੜਨ ਵਾਲੇ ਹਨ। ਗੁਰੂ ਘਰ ਵਿੱਚ ਇਹ ਮਰਿਆਦਾ ਹੈ ਕਿ ਗੁਰੂ ਨਾਲ ਜੋੜੇ, ਜੋ ਆਪਣੇ ਨਾਲ ਜੋੜਦਾ ਹੈ। ਗੁਰੂ ਘਰ ਵਿੱਚ ਉਸ ਨੂੰ ਸੰਤ ਨਹੀਂ ਕਿਹਾ ਜਾਂਦਾ ਅਤੇ ਉਸਦਾ ਕੋਈ ਸਤਿਕਾਰ ਨਹੀਂ, ਜੋ ਗੁਰੂ ਨਾਲ ਜੋੜੇ ਉਸੇ ਦਾ ਸਤਿਕਾਰ ਹੈ। ਹੋਰ ਮੱਤਾਂ ਵਿੱਚ ਸੰਤ ਨੂੰ ਹੀ ਗੁਰੂ ਮੰਨਿਆ ਹੈ, ਪਰ ਸਿੱਖ ਮਤ ਵਿੱਚ ਗੁਰੂ ਅਲੱਗ ਸ਼ਕਤੀ, ਮੋਕਸ਼ ਦੇਣ ਵਾਲੀ ਹੈ ਅਤੇ ਸੰਤ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ ਵਾਲੇ ਵਿਅਕਤੀ ਹਨ। ਸੰਤ ਵਜ਼ੀਰ ਹਨ ਗੁਰੂ ਗ੍ਰੰਥ ਸਾਹਿਬ ਜੀ ਪਾਤਿਸ਼ਾਹ ਹਨ। ਸੋ, ਸੰਤਾਂ ਤੋਂ ਪ੍ਰੇਰਨਾ ਲੈ ਕੇ ਗੁਰੂ ਸੇਵਾ ਵਿੱਚ ਲਗਣਾ ਹੀ ਪਰਮ ਪਦਵੀ ਦੇ ਪ੍ਰਾਪਤ ਕਰਨੇ ਦਾ ਰਾਹ ਹੈ।

## *ਪਰਮਪਦੁ ਪਾਇਆ ਆਪੁ ਮਿਟਾਇਆ; ਹਰਿ ਪੂਰਨ ਕਿਰਪਾ ਧਾਰੀ ॥*

ਜਿਨ੍ਹਾਂ ਨੇ ਆਪਾ ਭਾਵ ਹੰਕਾਰ ਨੂੰ ਮਿਟਾਇਆ=ਮੇਟ ਕੇ ਪਰਮ ਪਦਵੀ, ਭਾਵ ਵੱਡੀ ਪਦਵੀ ਨੂੰ ਪਾਇਆ ਹੈ, ਉਨ੍ਹਾਂ ਤੇ ਹਰੀ ਪ੍ਰਮੇਸ਼ਰ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ। ਅਥਵਾ ਜਿਨ੍ਹਾਂ ਨੇ ਆਪਣਾ ਆਪਾ ਭਾਵ ਹੰਕਾਰ ਮਿਟਾਇਆ ਹੈ, ਉਨ੍ਹਾਂ ’ਤੇ ਹਰੀ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ। ਜਿਸ ਕ੍ਰਿਪਾ ਦ੍ਰਿਸ਼ਟੀ ਨਾਲ ਪਰਮ ਪਦਵੀ ਮੋਕਸ਼ ਨੂੰ ਪ੍ਰਾਪਤ ਕੀਤਾ ਹੈ। ਜਿਵੇਂ ਕਿ ਧ੍ਰੂ ਨੂੰ ਨਾ ਟਲਣ ਵਾਲੀ ਅਟਲ ਪਦਵੀ ਮਿਲ ਗਈ, ਜਿਸ ਨੇ ਬਚਪਨ ਵਿੱਚ ਹੀ ਪੰਜ ਵਰ੍ਹਿਆਂ ਦੀ ਉਮਰ ਵਿੱਚ ਆਪਾ ਭਾਵ ਮਿਟਾ ਕੇ ਹਰੀ ਪ੍ਰਮੇਸ਼ਰ ਨੂੰ ਪ੍ਰਾਪਤ ਕੀਤਾ ਤੇ ਹਰੀ ਦੀ ਕਿਰਪਾ ਨਾਲ ਅਟੱਲ ਪਦਵੀ ’ਤੇ ਸੁਸ਼ੋਭਿਤ ਹੋਇਆ।

**ਸਾਖੀ—ਭਾਈ ਦਇਆ ਸਿੰਘ ਆਦਿਕ ਪੰਜ ਪਿਆਰਿਆਂ ਦੀ—**ਜਿਸ ਪ੍ਰਕਾਰ ਭਾਈ ਦਇਆ ਸਿੰਘ ਆਦਿਕ ਪੰਜ ਪਿਆਰਿਆਂ ਦਾ ਪ੍ਰਸੰਗ ਖ਼ਾਲਸੇ ਦੀ ਸਿਰਜਣਾ ਦਾ ਮੁੱਢ ਰੂਪ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੫੬ ਬਿ: ਦੀ ਵਿਸਾਖੀ ਨੂੰ ਇੱਕ ਭਾਰੀ ਵੱਡਾ ਦਰਬਾਰ ਕਰਕੇ ਦੇਸ਼ਾਂ-ਪ੍ਰਦੇਸ਼ਾਂ ਤੋਂ ਹੁਕਮਨਾਮੇ ਭੇਜ ਕੇ ਸੰਗਤਾਂ ਨੂੰ ਸੱਦ ਕੇ ਕੇਸਗੜ੍ਹ ਸਾਹਿਬ ਵਾਲੀ ਜਗ੍ਹਾ ੮੦ ਹਜ਼ਾਰ ਦੇ ਇਕੱਠ ਵਿੱਚ ਪਰਖਣਾ ਕੀਤੀ। ਮਿਆਨ ’ਚੋਂ ਕ੍ਰਿਪਾਨ ਕੱਢ ਕੇ ਉੱਚੇ ਵੰਗਾਰ ਕੇ ਕਿਹਾ ਸੀ ਕਿ ਮੈਨੂੰ ਇੱਕ ਸੀਸ ਦੀ ਲੋੜ ਹੈ। ਇਸਦਾ ਮਤਲਬ ਸੀ ਕਿ ਮਰਜੀਵੜਿਆਂ ਦਾ ਪੰਥ ਸਾਜਣਾ ਹੈ। ਜਿਸ ਨੂੰ ਦੇਹ ਨਾਲ ਮੋਹ ਨਹੀਂ ਸੀਸ ਦੇਣ ਲਈ ਉਹੀ ਉਠੇਗਾ, ਉਹੀ ਪਰਿਵਾਰ ਦੇ ਮੋਹ ਤੋਂ ਉਪਰ ਉਠਿਆ ਹੋਵੇਗਾ। ਜਿਸ ਦਾ ਦੇਹ ਨਾਲ ਪਿਆਰ ਹੈ, ਉਸਦਾ ਸੰਬੰਧੀਆਂ ਨਾਲ ਭੀ ਪਿਆਰ ਹੋਏਗਾ। ਜਿਸ ਦਾ ਸੰਬੰਧੀਆਂ ਅਤੇ ਦੇਹ ਨਾਲ ਪਿਆਰ ਹੋਏਗਾ, ਇਸ ਮੋਹ ਦੇ ਚਿੱਕੜ ਵਿੱਚ ਫਸਿਆ ਹੋਇਆ ਗੁਰੂ ਪ੍ਰਮੇਸ਼ਰ ਵੱਲ ਮਨ ਬੁੱਧ ਰੂਪ ਕਦਮਾਂ ਨਾਲ ਭਗਤੀ ਮਾਰਗ ਤੇ ਨਹੀਂ ਚੱਲ ਸਕੇਗਾ। ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਫ਼ੁਰਮਾਨ ਹੈ। ਜੈਸਾ ਕਿ :

**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥**
**ਪੰਕ ਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥** [ਆਸਾ ਮਹਲਾ ੧, ਅੰਗ ੧੨]

ਸੋ, ਸਤਿਗੁਰੂ ਜੀ ਨੇ ਸੋਚਿਆ ਕਿ ਅੱਜ ਪਰਖਨਾ ਕਰਨੀ ਹੈ ਕਿ ਦੇਹ, ਸੰਬੰਧੀਆਂ ਅਤੇ ਪਦਾਰਥਾਂ ਦੇ ਪਿਆਰੇ ਕੌਣ ਹਨ, ਮੈਨੂੰ ਪਿਆਰ ਕਰਨ ਵਾਲੇ ਕਿਹੜੇ ਹਨ। ਅੱਜ ਇਹ ਨਿਰਣਾ ਹੋ ਹੀ ਜਾਣਾ ਚਾਹੀਦਾ ਹੈ। ਸਤਿਗੁਰਾਂ ਨੇ ਉੱਚੀ ਆਵਾਜ਼ ਦਿੱਤੀ ਕਿ "ਏ ਮੇਰੇ ਕਹਾਉਣ ਵਾਲਿਓ ! ਮੇਰੇ ਨਾਲ ਪਿਆਰ ਕਰਨ ਵਾਲਿਓ ! ਜੇ ਮੇਰੇ ਨਾਲ ਪਿਆਰ ਹੈ ਤਾਂ ਮੇਰਾ ਬਚਨ ਮੰਨ ਕੇ ਮੇਰੀ ਕ੍ਰਿਪਾਨ ਜੋ ਖ਼ੂਨ ਮੰਗ ਰਹੀ ਹੈ, ਕੋਈ ਉਠੇ ਤੇ ਸੀਸ ਭੇਟ ਕਰ ਦੇਵੇ।" ਹੁਣ ਕੌਣ ਉਠੇ ? ਉਹੀ ਉਠ ਸਕਦਾ ਸੀ, ਜਿਸ ਨੇ ਤਨ, ਮਨ, ਧਨ ਸਹੀ ਅਰਥਾਂ ਵਿੱਚ ਗੁਰੂ ਨੂੰ ਸੌਂਪਿਆ ਹੋਇਆ ਸੀ, ਜਿਨ੍ਹਾਂ ਨੇ ਰਸਮੀ ਤੌਰ ’ਤੇ ਹੀ ਤਨ, ਮਨ, ਧਨ ਗੁਰੂ ਦਾ ਕਹਿਣ ਮਾਤਰ ਮੰਨਿਆ ਹੋਇਆ ਸੀ, ਉਨ੍ਹਾਂ ਦੀ ਗਿਣਤੀ ਜ਼ਿਆਦਾ ਸੀ। ੮੦ ਹਜ਼ਾਰ ਵਿੱਚੋਂ ਇਕੱਲਾ ਭਾਈ ਦਇਆ ਸਿੰਘ ਉਠਿਆ, ਹੁਕਮ ਮੰਨਿਆ। ਜੈਸਾ ਕਿ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥**

[ਰਾਮਕਲੀ ਮਹਲਾ ੩, ਅੰਗ ੯੧੮]

ਸੋ, ਭਾਈ ਦਇਆ ਸਿੰਘ ਜੀ ਨੇ ਆਪਣਾ ਸੀਸ ਭੇਟ ਕਰ ਦਿੱਤਾ। ਦੂਜੀ ਆਵਾਜ਼ ਭਾਈ ਧਰਮ ਸਿੰਘ, ਤੀਜੀ ਆਵਾਜ਼ ਭਾਈ ਹਿੰਮਤ ਸਿੰਘ, ਚੌਥੀ ਆਵਾਜ਼ ਭਾਈ ਮੋਹਕਮ ਸਿੰਘ ਤੇ ਪੰਜਵੀਂ ਆਵਾਜ਼ ਭਾਈ ਸਾਹਿਬ ਸਿੰਘ ਜੀ, ਜਿਨ੍ਹਾਂ ਨੇ ਆਪਣਾ ਆਪ ਤਜਿਆ ਹੋਇਆ ਸੀ, ਗੁਰੂ ਨੂੰ ਸਮਰਪਿਤ ਸਨ ਤੇ ਸੰਬੰਧੀਆਂ ਨਾਲ ਪਿਆਰ ਟੁੱਟ ਚੁੱਕਾ ਸੀ। ਜਦੋਂ ਇਹ ਪਰਖਣਾ ਵਿੱਚ ਪੂਰੇ ਉਤਰੇ ਤਾਂ ਸਤਿਗੁਰੂ ਜੀ ਨੇ ਸਰਬ ਲੋਹ ਦਾ ਖੰਡਾ ਬਾਟਾ ਲੈ ਕੇ ਅੰਮ੍ਰਿਤ ਬਾਣੀਆਂ ਦੁਆਰਾ ਅਮਰ ਸ਼ਕਤੀ ਵਾਲਾ, ਅਮਰ ਜੀਵਨ ਦੇਣ ਵਾਲਾ, ਖੰਡੇ ਬਾਟੇ ਦੁਆਰਾ ਅੰਮ੍ਰਿਤ ਤਿਆਰ ਕੀਤਾ। ਜਿਸ ਅੰਮ੍ਰਿਤ ਦੁਆਰਾ ਪੰਜੇ ਸਿੱਖਾਂ ਦੇ ਜੋ ਸਿਰ-ਧੜ ਅਲੱਗ ਕਰ ਦਿੱਤੇ ਗਏ ਸਨ। ਸਿਰ ਧੜਾਂ ਨੂੰ ਇਕੱਠੇ ਕਰ ਕੇ ਉਪਰ ਕਫ਼ਨਾਂ ਦੀ ਤਰ੍ਹਾਂ ਚਿੱਟੇ ਕਪੜੇ ਪਾਏ ਹੋਏ ਸਨ, ਜਦੋਂ ਮਿਰਤਕ ਸਿੱਖ ਦੇ ਮੁਖ ਵਿੱਚ ਅੰਮ੍ਰਿਤ ਦਾ ਚੂਲਾ ਪਾ ਕੇ ਕਿਹਾ ਕਿ ਸਿੱਖਾ ਬੋਲ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ, ਤਾਂ ਇਤਨਾ ਕਹਿਣ ਦੀ ਦੇਰ ਸੀ ਕਿ ਮਿਰਤਕ ਸਿੱਖ ਵਿੱਚ ਸਵਾਸ ਪਰਤ ਆਏ। ਅਬੂਉਲਤਰਾਨੀ, ਜੋ ਔਰੰਗਜ਼ੇਬ ਦਾ ਸੂਹੀਆ ਸੀ, ਦੀ ਰਿਪੋਰਟ ਅਨੁਸਾਰ ਉਸੇ ਵੇਲੇ ਮਰਿਆ ਸਿੱਖ ਉਠ ਕੇ ਬੈਠਾ ਹੋ ਗਿਆ ਤੇ ਨਾਲੇ ਫ਼ਤਹਿ ਦਾ ਜਵਾਬ ਦਿੱਤਾ। ਇਸੇ ਤਰ੍ਹਾਂ ਬਾਕੀ ਦੇ ਸਿੱਖ ਵੀ ਜੀਵਤ ਹੋਏ, ਜਿਸ ਤੋਂ ਪ੍ਰਭਾਵਿਤ ਹੋ ਕੇ ਇਸ ਮੁਲਮਾਨ ਨੇ ਆਪ ਭੀ ਅੰਮ੍ਰਿਤ ਦੀ ਜਾਚਨਾ ਕੀਤੀ ਸੀ। ਅੰਮ੍ਰਿਤ ਛਕਣ ਉਪਰੰਤ ਜਿਸ ਦਾ ਨਾਂ ਅਜਮੇਰ ਸਿੰਘ ਰੱਖਿਆ ਗਿਆ। ਉਹ ਲਿਖਦੇ ਹਨ ਕਿ ਪੰਜੇ ਸਿੱਖਾਂ ਦੇ ਸੋਹਣੇ ਸ਼ਸਤਰ-ਵਸਤਰ ਸਜਾ ਕੇ ਗੁਰੂ ਜੀ ਨੇ ਭਰੀ ਸੰਗਤ ਵਿੱਚ ਕਿਹਾ, "ਏ ਮੇਰੇ ਪਿਆਰੇ ਹਨ।" ਜਿਨ੍ਹਾਂ ਨੇ ਮੇਰਾ ਬਚਨ ਮੰਨ ਕੇ ਮੇਰੇ ਨਾਲ ਪਿਆਰ ਦਾ ਸਬੂਤ ਦਿੱਤਾ। ਸਾਬਤ ਕਰ ਦਿੱਤਾ ਕਿ ਸਾਨੂੰ ਗੁਰੂ ਨਾਲੋਂ ਹੋਰ ਕੋਈ ਚੀਜ਼ ਪਿਆਰੀ ਨਹੀਂ। ਇਸ ਲਈ ਗੁਰੂ ਦੇ ਨਾਲ ਪਿਆਰ ਕਰਨ ਕਰਕੇ ਇਹ ਪੰਜੇ ਅੱਜ ਗੁਰੂ ਦੇ ਪੰਜ ਪਿਆਰੇ ਹੋਏ। ਇਹ ਪਰਮ ਪਦਵੀ ਨੂੰ ਪ੍ਰਾਪਤ ਹੋਏ, ਕਿਉਂਕਿ ਇਨ੍ਹਾਂ ਨੇ ਆਪਣਾ-ਆਪਾ ਮਿਟਾ ਕੇ ਪਰਮ ਪਦਵੀ ਪਾਈ ਹੈ। ਇਨ੍ਹਾਂ ਉੱਤੇ ਪੂਰਨ ਪ੍ਰਮੇਸ਼ਰ ਦੀ ਕ੍ਰਿਪਾ ਹੋ ਗਈ ਹੈ। ਸੋ, ਇਹ ਸਦਾ ਲਈ ਮੈਨੂੰ ਪਿਆਰੇ ਹੋ ਗਏ। ਸੋ, ਸੰਸਾਰ ਵਿੱਚ ਇਨ੍ਹਾਂ ਦੀ ਹਮੇਸ਼ਾ ਸਿੱਖ ਜਗਤ ਵਿੱਚ ਗੁਰੂ ਦੀ ਤਰ੍ਹਾਂ ਪੂਜਾ ਹੁੰਦੀ ਰਹੇਗੀ। ਗੁਰੂ ਜੀ ਨੇ ਕਿਹਾ ਕਿ ਮੈਂ ਇਨ੍ਹਾਂ ਨੂੰ ਸਭ ਤੋਂ ਵੱਡੀ ਪਦਵੀ ਦਿੱਤੀ। ਸੋ, ਇਸ ਸਾਖੀ ਦੁਆਰਾ ਗੁਰੂ ਅਰਜਨ ਸਾਹਿਬ ਜੀ ਦੇ ਆਏ ਮੁਖਵਾਕ ਦੀ ਪੰਗਤੀ ਦਾ ਅਰਥ ਸਿੱਧ ਹੋਇਆ ਕਿ ਜਿਨ੍ਹਾਂ ਨੇ ਆਪਾ ਮਿਟਾਇਆ ਹੈ, ਉਨ੍ਹਾਂ ਨੇ ਪਰਮ ਪਦਵੀ ਨੂੰ ਪਾਇਆ ਹੈ। ਉਨ੍ਹਾਂ ਉੱਤੇ ਹੀ ਪੂਰਨ ਕ੍ਰਿਪਾ ਹੋਈ ਹੈ। ਜੈਸਾ ਕਿ :

**੧. ਹਉ ਹਉ ਕਰਤ ਨਹੀ ਸਚੁ ਪਾਈਐ॥ ਹਉਮੈ ਜਾਇ ਪਰਮ ਪਦੁ ਪਾਈਐ॥੧॥**

[ਗਉੜੀ ਮਹਲਾ ੧, ਅੰਗ ੨੨੬]

**੨. ਰਹੈ ਨਿਰਾਲਮੁ ਏਕਾ ਸਚੁ ਕਰਣੀ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ॥**

[ਗਉੜੀ ਮਹਲਾ ੧, ਅੰਗ ੨੨੭]

## *ਸਫਲ ਜਨਮੁ ਹੋਆ ਭਉ ਭਾਗਾ; ਹਰਿ ਭੇਟਿਆ ਏਕੁ ਮੁਰਾਰੀ ॥*

ਇੱਕ ਹਰੀ ਮੁਰਾਰੀ=ਮੁਰ ਦੈਂਤ ਦੇ ਮਾਰਨ ਵਾਲੇ ਪ੍ਰਭੂ ਨੂੰ ਮਿਲਣ ਕਰਕੇ ਮਨੁੱਖਾ ਜਨਮ ਸਫਲ ਹੋ ਗਿਆ ਹੈ ਤੇ ਜਮਾਂ ਦਾ ਭਉ=ਡਰ ਭਾਗਾ=ਭੱਜ ਗਿਆ ਹੈ।

## *ਜਿਸ ਕਾ ਸਾ ਤਿਨ ਹੀ ਮੇਲਿ ਲੀਆ; ਜੋਤੀ ਜੋਤਿ ਸਮਾਇਆ ॥*

ਇਸ ਜੀਵ ਦਾ ਜੋ ਨਿਜ ਸਰੂਪ ਸੀ, ਉਸ ਪ੍ਰਮਾਤਮਾ ਨੇ ਆਪਣੇ ਨਾਲ ਮੇਲਣਾ ਕੀਤਾ ਤੇ ਅੰਤ ਨੂੰ ਜੋਤੀ=ਪ੍ਰਮਾਤਮਾ ਵਿੱਚ ਜੋਤਿ ਸਮਾ ਗਈ।

## *ਨਾਨਕ ਨਾਮੁ ਨਿਰੰਜਨ ਜਪੀਐ; ਮਿਲਿ ਸਤਿਗੁਰ ਸੁਖੁ ਪਾਇਆ ॥੩॥*

ਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਨਾਲ ਮਿਲ ਕੇ ਨਿਰੰਜਨ=ਮਾਇਆ ਦੀ ਮੈਲ ਤੋਂ ਰਹਿਤ ਪ੍ਰਮੇਸ਼ਰ ਦੇ ਨਾਮ ਨੂੰ ਜਪਣਾ ਕਰੀਏ। ਜਿਸ ਨੇ ਗੁਰਾਂ ਨਾਲ ਮਿਲ ਕੇ ਨਾਮ ਜਪਿਆ ਹੈ, ਉਸਨੇ ਸਦੀਵੀ ਸੁਖ ਪ੍ਰਾਪਤ ਕੀਤਾ ਹੈ ॥੩॥

## *ਗਾਉ ਮੰਗਲੋ ਨਿਤ ਹਰਿ ਜਨਹੁ; ਪੁੰਨੀ ਇਛ ਸਬਾਈ ਰਾਮ ॥*

ਹੇ ਹਰੀ ਦੇ ਪ੍ਰੇਮੀ ਜਨੋ ! ਨਿਤ ਹੀ ਹਰੀ ਦੇ ਮੰਗਲ ਰੂਪ ਜਸ, ਸਿਫਤਿ-ਸਾਲਾਹ ਨੂੰ ਗਾਉਣਾ ਕਰੋ, ਜੋ ਗਾਉਂਦੇ ਹਨ, ਉਨ੍ਹਾਂ ਦੀ ਰਾਮ ਨੇ ਸਾਰੀ ਇੱਛਾ ਪੁੰਨੀ=ਪੂਰੀ ਕੀਤੀ ਹੈ।

## *ਰੰਗਿ ਰਤੇ ਅਪੁਨੇ ਸੁਆਮੀ ਸੇਤੀ; ਮਰੈ ਨ ਆਵੈ ਜਾਈ ਰਾਮ ॥*

ਜੋ ਜਨ ਆਪਣੇ ਸੁਆਮੀ ਦੇ ਰੰਗ ਸੇਤੀ=ਪ੍ਰੇਮ ਨਾਲ ਰਤੇ ਗਏ ਹਨ, ਰਾਮ=ਹੇ ਭਾਈ ! ਉਹ ਮਰ ਕੇ ਆਉਂਦੇ ਜਾਂਦੇ ਨਹੀਂ ਹਨ।

## *ਅਬਿਨਾਸੀ ਪਾਇਆ ਨਾਮੁ ਧਿਆਇਆ; ਸਗਲ ਮਨੋਰਥ ਪਾਏ ॥*

ਜਦੋਂ ਨਾਮ ਨੂੰ ਧਿਆਉਣਾ ਕੀਤਾ ਤਾਂ ਅਬਿਨਾਸੀ=ਨਾਸ਼ ਤੋਂ ਰਹਿਤ ਪ੍ਰਮੇਸ਼ਰ ਨੂੰ ਪਾਇਆ ਅਤੇ ਮਨ ਦੇ ਸਾਰੇ ਮਨੋਰਥ=ਸੰਕਲਪ, ਇਛਾਵਾਂ ਪੂਰੀਆਂ ਹੋ ਗਈਆਂ।

## *ਸਾਂਤਿ ਸਹਜ ਆਨੰਦ ਘਨੇਰੇ; ਗੁਰ ਚਰਣੀ ਮਨੁ ਲਾਏ ॥*

ਜਿਨ੍ਹਾਂ ਨੇ ਆਪਣੇ ਮਨ ਤੇ ਇੰਦ੍ਰਿਆਂ ਨੂੰ ਗੁਰ ਚਰਨਾਂ ਵਿੱਚ ਲਾਉਣਾ ਕੀਤਾ, ਉਨ੍ਹਾਂ ਨੇ ਸ਼ਾਂਤੀ ਤੇ ਸਹਜ=ਗਿਆਨ ਨੂੰ ਪਾ ਕੇ ਘਨੇਰੇ=ਵੱਡੇ ਅਨੰਦ ਨੂੰ ਪ੍ਰਾਪਤ ਕੀਤਾ।

## *ਪੂਰਿ ਰਹਿਆ ਘਟਿ ਘਟਿ ਅਬਿਨਾਸੀ; ਥਾਨ ਥਨੰਤਰਿ ਸਾਈ ॥*

ਤੇ ਉਨ੍ਹਾਂ ਨੇ ਇਸ ਤਰ੍ਹਾਂ ਨਿਸ਼ਚੇ ਕੀਤਾ ਕਿ ਉਹ ਅਬਿਨਾਸੀ=ਨਾਸ਼ ਤੋਂ ਰਹਿਤ ਪ੍ਰਮਾਤਮਾ ਘਟਾਂ ਘਟਾਂ ਵਿੱਚ ਪੂਰਿ=ਵਿਆਪਕ ਹੋ ਰਿਹਾ ਹੈ ਅਤੇ ਥਾਨ ਥਨੰਤਰਿ=ਜਗ੍ਹਾਂ-ਜਗ੍ਹਾਂ ਦੇ ਅੰਤਰਿ=ਵਿੱਚ, ਭਾਵ ਹਰ ਇਕ ਥਾਂ ਦੇ ਉੱਤੇ ਉਹ ਸਾਈ=ਹਰੀ-ਪ੍ਰਮੇਸ਼ਰ ਹੈ।

## *ਕਹੁ ਨਾਨਕ ਕਾਰਜ ਸਗਲੇ ਪੂਰੇ; ਗੁਰ ਚਰਣੀ ਮਨੁ ਲਾਈ ॥੪॥੨॥੫॥*

ਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਦੇ ਚਰਣਾਂ ਨਾਲ ਜਿਸ ਨੇ ਮਨ ਨੂੰ ਲਾਇਆ ਹੈ ਉਸ ਦੇ ਸਗਲੇ=ਸਾਰੇ ਕੰਮ ਪੂਰੇ ਹੋ ਗਏ ਹਨ ॥੪॥੨॥੫॥ ਜੈਸਾ ਕਿ :

**ਕਾਰਜ ਸਭੁ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥** [ਮਾਝ ਮਹਲਾ ੫, ਅੰਗ ੧੩੨]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੬੪ [ਆਦਿ ਅੰਗ ੭੮੧]

*ਸੂਹੀ ਮਹਲਾ ੫ ॥ ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ ਹਰਿ ਗੁਣ ਗਾਇ ਪਰਮਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥ ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥ ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥ ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥ ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥ ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥ ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥ ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥ ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥ ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥ ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥ ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥ ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥ ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥ ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥ ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥ ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥*

## *ਸੂਹੀ ਮਹਲਾ ੫ ॥*

ਸੂਹੀ ਰਾਗਣੀ ਵਿੱਚ ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਦੀ ਉਥਾਨਕਾ ਇਸ ਪ੍ਰਕਾਰ ਹੈ।

**ਉਥਾਨਕਾ—**ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਦੀ ਸੰਪੂਰਨਤਾ ਕਰ ਚੁੱਕੇ, ਕਿਉਂਕਿ ਚੌਥੇ ਪਾਤਸ਼ਾਹ ਸੋਢੀ ਸੁਲਤਾਨ ਪਿਤਾ ਗੁਰੂ ਰਾਮਦਾਸ ਜੀ ਨੇ ਗੁਰਤਾ ਗੱਦੀ ਗੁਰੂ ਅਰਜਨ ਸਾਹਿਬ ਜੀ ਨੂੰ ਦੇਣ ਸਮੇਂ ਇਹ ਬਚਨ ਕੀਤਾ ਸੀ ਕਿ ਹੇ ਪੁੱਤਰ! ਹਰਿਮੰਦਰ ਸਾਹਿਬ ਨੂੰ ਮੇਰਾ ਸਰੂਪ ਜਾਣ ਕੇ ਸੇਵਾ ਕਰਨੀ। ਜਲਦੀ ਤੋਂ ਜਲਦੀ ਸੇਵਾ ਨੇਪਰੇ ਚਾੜ੍ਹਨੀ। ਸੋ, ਇਸ ਬਚਨ ਨੂੰ ਲੈ ਕੇ ਸਤਿਗੁਰੂ ਜੀ ਨੇ ਇਹ ਸੇਵਾ ਸੰਪੂਰਨ ਕਰ ਦਿੱਤੀ। ਸੰਪੂਰਨਤਾ 'ਤੇ ਬੜੀਆਂ ਖ਼ੁਸ਼ੀਆਂ ਸਿੱਖ ਸੰਗਤਾਂ ਨੂੰ ਦੇਸਾਂ-ਪ੍ਰਦੇਸਾਂ ਵਿੱਚ ਹੋਈਆਂ। ਗੁਰੂ ਸਾਹਿਬ ਜੀ ਬੜੇ ਪ੍ਰਸੰਨ ਚਿਤ ਬੈਠੇ ਸਨ ਤਾਂ ਸਿੱਖਾਂ ਨੇ ਬੇਨਤੀ ਰੂਪ ਪ੍ਰਸ਼ਨ ਕੀਤਾ ਕਿ ਇਹ ਹਰਿਮੰਦਰ ਸਾਹਿਬ ਆਪ ਜੀ ਨੇ ਕਿਉਂ ਬਣਾਇਆ ਹੈ, ਇਸ ਦੇ ਬਣਾਉਣ ਦਾ ਕੀ ਪ੍ਰਯੋਜਨ ਹੈ? ਇਸ ਦਾ ਉਤਰ ਸਤਿਗੁਰੂ ਜੀ ਨੇ ਇਸ ਮੁਖਵਾਕ ਦੀ ਪਹਿਲੀ ਤੁਕ ਵਿੱਚ ਦੇਣਾ ਕੀਤਾ ਤੇ ਸਾਰਾ ਸ਼ਬਦ ਉਚਾਰਨ ਹੋਇਆ। ਸਤਿਗੁਰੂ ਜੀ ਨੇ ਫ਼ੁਰਮਾਇਆ :

### *ਹਰਿ ਜਪੇ ਹਰਿ ਮੰਦਰੁ ਸਾਜਿਆ; ਸੰਤ ਭਗਤ ਗੁਣ ਗਾਵਹਿ ਰਾਮ ॥*

ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਨਾਮ ਜਪੇ=ਜਪਣ ਵਾਸਤੇ ਇਹ ਹਰਿਮੰਦਰ ਸਾਜਿਆ=ਬਣਾਇਆ ਹੈ, ਇਸ

ਹਰਿਮੰਦਰ ਵਿੱਚ ਬੈਠ ਕੇ ਸੰਤ=ਸ਼ਾਂਤ-ਆਤਮਾ ਭਗਤ=ਭਗਤੀ ਕਰਨ ਵਾਲੇ ਗੁਰਮੁਖ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਗੁਣ ਗਾਵਹਿ=ਗਾਉਣਗੇ, **ਅਥਵਾ** ਹਰੀ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਸਤਿਸੰਗਤ ਰੂਪ ਹਰਿਮੰਦਰ ਸਾਜਿਆ= ਬਣਾਇਆ ਹੈ। ਇਸ ਵਿੱਚ ਸੰਤ ਮਹਾਂਪੁਰਸ਼, ਭਗਤ, ਜਗਿਆਸੂ ਰਾਮ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਨ।

## *ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ; ਸਗਲੇ ਪਾਪ ਤਜਾਵਹਿ ਰਾਮ ॥*

ਇਸ ਹਰਿਮੰਦਰ ਸਾਹਿਬ ਵਿੱਚ ਅਪਨਾ=ਆਪਣੇ ਪ੍ਰਭੂ ਸੁਆਮੀ ਭਾਵ ਮਾਲਕ ਪ੍ਰਮੇਸ਼ਰ ਦੇ ਸਿਮਰਨ ਨੂੰ ਸਿਮਰ ਕੇ, ਭਾਵ ਯਾਦ ਕਰਕੇ ਸਗਲੇ=ਸਾਰੇ ਪਾਪ=ਅਪਰਾਧਾਂ ਨੂੰ ਤਜਾਵਹਿ=ਤਿਆਗਣਗੇ, ਭਾਵ ਦੂਰ ਕਰ ਲੈਣਗੇ। ਜੈਸਾ ਕਿ :

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**
**ਕਲਿ ਕਲੇਸ ਤਨ ਮਾਹਿ ਮਿਟਾਵਉ ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੬੨]

ਸੋ, ਸਿਮਰਨ ਦੀ ਐਸੀ ਸ਼ਕਤੀ ਹੈ, ਜਿਸ ਨੂੰ ਸਿਮਰ ਕੇ ਪੰਜ ਪ੍ਰਕਾਰ ਦੇ ਕਲੇਸ਼ ਤਨ 'ਚੋਂ ਮਿਟ ਜਾਂਦੇ ਹਨ। ਤੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਜੈਸਾ ਕਿ :

**ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥੩॥**
[ਰਾਮਕਲੀ ਮਹਲਾ ੫, ਅੰਗ ੯੦੦]

## *ਹਰਿ ਗੁਣ ਗਾਇ ਪਰਮਪਦੁ ਪਾਇਆ; ਪ੍ਰਭ ਕੀ ਊਤਮ ਬਾਣੀ ॥*

ਪ੍ਰਭੂ ਪ੍ਰਮੇਸ਼ਰ ਵਾਹਿਗੁਰੂ ਦੀ ਊਤਮ=ਸ੍ਰੇਸ਼ਟ ਨਾਮ ਰੂਪੀ ਬਾਣੀ ਨੂੰ ਸੁਣ ਕੇ ਅਤੇ ਹਰੀ ਪ੍ਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਸ਼ਾਂਤ ਆਤਮਾ ਸੰਤ ਜਨ ਤੇ ਭਗਤ ਜਨਾਂ ਨੇ ਪਰਮ=ਵੱਡੀ ਕੈਵਲ ਮੋਖ ਰੂਪੀ ਪਦ=ਪਦਵੀ ਨੂੰ ਪਾਇਆ ਹੈ।

## *ਸਹਜ ਕਥਾ ਪ੍ਰਭ ਕੀ ਅਤਿ ਮੀਠੀ; ਕਥੀ ਅਕਥ ਕਹਾਣੀ ॥*

ਸਹਜ=ਸ਼ਾਂਤ ਸਰੂਪ ਪ੍ਰਭ=ਵਾਹਿਗੁਰੂ ਦੀ ਜੋ ਕਥਾ=ਵਿਆਖਿਆ ਹੈ, ਉਹ ਅਤਿ=ਬਹੁਤੀ ਮੀਠੀ=ਮਿਠੀ ਹੈ। ਉਹ ਅਕਥ=ਜੋ ਕਥਨੀ ਵਿੱਚ ਨਾ ਆਵੇ, ਭਾਵ ਜੋ ਕਥਨੀ ਦਾ ਵਿਸ਼ਾ ਨਹੀਂ, ਐਸੇ ਅਕਥ ਵਾਹਿਗੁਰੂ ਦੀ ਕਹਾਣੀ=ਕਥਾ ਸੰਤਾਂ ਭਗਤਾਂ ਨੇ ਇਥੇ ਬੈਠ ਕੇ ਕਥੀ=ਕਥਨ ਕੀਤੀ ਹੈ ਤੇ ਅੱਗੇ ਕਥਨ ਕਰਨਗੇ। ਜੈਸਾ ਕਿ :

੧. **ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ਰਹਾਉ॥**
[ਗਉੜੀ ਮਹਲਾ ੫, ਅੰਗ ੧੮੬]

੨. **ਸਹਜ ਕੀ ਅਕਥ ਕਥਾ ਹੈ ਨਿਰਾਰੀ ॥**
**ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥**
[ਗਉੜੀ ਬੈਰਾਗਣ ਕਬੀਰ ਜੀ, ਅੰਗ ੩੩੩]

## *ਭਲਾ ਸੰਜੋਗੁ ਮੂਰਤੁ ਪਲੁ ਸਾਚਾ; ਅਬਿਚਲ ਨੀਵ ਰਖਾਈ ॥*

ਉਹ ਸੰਜੋਗ ਤੇ ਮੂਰਤੁ=ਮਹੂਰਤ ਭਲਾ=ਚੰਗਾ ਸੀ, ਉਹ ਪਲ ਭੀ ਸੱਚਾ ਸੀ, ਜਿਸ ਵੇਲੇ ਹਰਿਮੰਦਰ ਸਾਹਿਬ ਜੀ ਦੀ ਅਬਿਚਲ=ਨਾ ਚਲਾਏਵਾਨ ਹੋਣ ਵਾਲੀ ਨੀਂਹ ਰੱਖੀ ਸੀ, **ਅਥਵਾ** ਉਹ ਸੰਜੋਗ ਤੇ ਮਹੂਰਤ ਚੰਗਾ ਸੀ। ਉਹ ਪਲ ਭੀ ਚੰਗਾ ਸੀ, ਜਿਸ ਵੇਲੇ ਬ੍ਰਹਮ ਰੂਪ ਕਿਲ੍ਹੇ ਦੇ ਉਸਾਰਨ ਲਈ ਸ਼ਰਧਾ ਰੂਪ ਅਬਿਚਲ=ਨਾ ਚਲਣ ਵਾਲੀ ਨੀਵ=ਨੀਂਹ ਰੱਖੀ। ਜੈਸਾ ਕਿ :

**੧. ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥**

[ਗੂਜਰੀ ਮਹਲਾ ੫, ਅੰਗ ੫੦੦]

**੨. ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ॥**
**ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਹੀ॥**

[ਸਾਰਗ ਮਹਲਾ ੫, ਅੰਗ ੧੨੨੬]

ਸੋ, ਐਸੇ ਘਰ ਦੀ ਵਡਿਆਈ ਕਰਦੇ ਹੋਏ ਸਤਿਗੁਰੂ ਜੀ ਨੇ ਗੁਰੂ ਰਾਮਦਾਸ ਜੀ ਦੀ ਨਗਰੀ ਅਬਿਚਲ ਦਸਦੇ ਹੋਏ, ਇਸ ਵਿੱਚ ਵਸਣ ਵਾਲਿਆਂ ਪ੍ਰਤੀ ਭੀ ਕਿਹਾ ਹੈ ਕਿ ਉਹ ਵਸਦੇ ਹਨ, ਜਿਨ੍ਹਾਂ ਨੇ ਪੂਰੇ ਗੁਰਾਂ ਨੂੰ ਸੇਵਨਾ ਕੀਤਾ ਹੈ। ਜੈਸਾ ਕਿ:

**ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥**
**ਅਬਿਚਲ ਨਗਰੀ ਨਾਨਕ ਦੇਵ॥੮॥੧॥** [ਆਸਾ ਮਹਲਾ ੫, ਅੰਗ ੪੩੦]

## *ਜਨ ਨਾਨਕ ਪ੍ਰਭ ਭਏ ਦਇਆਲਾ; ਸਰਬ ਕਲਾ ਬਣਿ ਆਈ॥੧॥*

ਸੋ, ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ ਵੇਲੇ ਪ੍ਰਭ=ਮਾਲਕ ਪ੍ਰਭੂ ਜੀ ਦਇਆਲਾ=ਦਿਆਲੂ ਭਏ=ਹੋਏ ਤਾਂ ਸਰਬ=ਸਾਰੀਆਂ ਕਲਾ=ਸ਼ਕਤੀਆਂ ਬਣਿ ਆਈ=ਬਣ ਆਈਆਂ। ਭਾਵ ਹਰ ਪ੍ਰਕਾਰ ਦੀ ਸਮਰੱਥਾ ਬਣ ਆਈ॥੧॥

## *ਆਨੰਦਾ ਵਜਹਿ ਨਿਤ ਵਾਜੇ; ਪਾਰਬ੍ਰਹਮੁ ਮਨਿ ਵੂਠਾ ਰਾਮ॥*

ਤੇ ਅਨੰਦ-ਦਾਇਕ ਵਾਜੇ ਵਜ ਰਹੇ ਹਨ ਤੇ ਰਾਮ=ਰਮਿਆ ਹੋਇਆ ਪ੍ਰਮੇਸ਼ਰ ਪਾਰਬ੍ਰਹਮੁ=ਜਿਸ ਬ੍ਰਹਮ ਦਾ ਕੋਈ ਪਾਰ-ਉਤਾਰਾ ਨਹੀਂ, ਉਹ ਮਨ ਵਿੱਚ ਵੂਠਾ=ਵਸ ਗਿਆ ਹੈ।

## *ਗੁਰਮੁਖੇ ਸਚੁ ਕਰਣੀ ਸਾਰੀ; ਬਿਨਸੇ ਭ੍ਰਮ ਭੈ ਝੂਠਾ ਰਾਮ॥*

ਗੁਰਮੁਖਾਂ ਦੀ ਸਾਰੀ ਕਰਣੀ ਸਚੀ ਹੈ, ਰਾਮ ਦਾ ਨਾਮ ਜਪਣ ਕਰਕੇ ਪੰਜ ਪ੍ਰਕਾਰ ਦਾ ਭਰਮ ਤੇ ਸੱਤ ਪ੍ਰਕਾਰ ਦਾ ਭੈ=ਡਰ ਝੂਠਾ=ਝੂਠ ਬੋਲਣ ਦਾ ਸੁਭਾਵ ਬਿਨਸੇ=ਵਿਸ਼ੇਸ਼ ਕਰਕੇ ਨਾਸ਼ ਹੋ ਗਿਆ ਹੈ। ਕਰਣੀ ਤੋਂ ਭਾਵ ਕਰਤਵ ਹੈ ਗੁਰਮੁਖਾਂ ਦਾ ਸਚਾ ਕਰਤਵ ਆਪ ਨਾਮ ਜਪਣ ਤੇ ਹੋਰਨਾਂ ਨੂੰ ਜਪਾਉਣਾ, ਆਪ ਭਲਾ ਕਰਨਾ ਤੇ ਹੋਰਨਾਂ ਤੋਂ ਭਲਾ ਕਰਾਉਣਾ, ਪ੍ਰਮੇਸ਼ਰ ਦੇ ਗਿਆਨ ਦਾ ਆਪ ਅਨੰਦ ਮਾਨਣਾ ਹੋਰਨਾਂ ਨੂੰ ਪ੍ਰਮੇਸ਼ਰ ਦੇ ਗਿਆਨ ਦਾ ਅਨੰਦ ਵਰਤਾਉਣਾ ਹੈ। ਜੈਸਾ ਕਿ:

**੧. ਗੁਰਮੁਖਿ ਸਾਚੀ ਕਾਰ ਕਮਾਇ॥ ਗੁਰਮੁਖਿ ਸਾਚੇ ਮਨੁ ਪਤੀਆਇ॥**

[ਰਾਮਕਲੀ ਮਹਲਾ ੧, ਸਿਧ ਗੋਸਟਿ, ਅੰਗ ੯੪੨]

**੨. ਗੁਰਮੁਖਿ ਸਚੁ ਬੈਣੀ ਗੁਰਮਖਿ ਸਚੁ ਨੈਣੀ॥ ਗੁਰਮੁਖਿ ਸਚੁ ਕਮਾਵੈ ਕਰਣੀ॥**
**ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥** [ਮਾਰੂ ਮਹਲਾ ੩, ਅੰਗ ੧੦੫੮]

**੩. ਗੁਰਮਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ॥** [ਮਾਰੂ ਮਹਲਾ ੩, ਅੰਗ ੧੦੫੮]

## *ਅਨਹਦ ਬਾਣੀ ਗੁਰਮੁਖਿ ਵਖਾਣੀ; ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥*

ਇਕ-ਰਸ ਨਾਮ ਬਾਣੀ ਗੁਰਮੁਖਾਂ ਨੇ ਕਥਨ ਕੀਤੀ ਹੈ, ਉਨ੍ਹਾਂ ਦੁਆਰੇ ਪ੍ਰਮੇਸ਼ਰ ਦੇ ਜਸ ਨੂੰ ਸੁਣ-ਸੁਣ ਕੇ ਮੇਰਾ ਤਨ ਅਤੇ ਮਨ ਸ਼ੁਭ ਗੁਣਾਂ ਕਰਕੇ ਹਰਿਆ ਹੋਇਆ ਹੈ, ਭਾਵ ਅਨੰਦ ਸਹਿਤ ਹੋਇਆ ਹੈ।

**ਅਥਵਾ** ਇਸ ਹਰਿਮੰਦਰ ਸਾਹਿਬ ਵਿੱਚ ਗੁਰਮੁਖ ਲੋਕ ਇੱਕ ਰਸ ਮੁਖੀ ਗੁਰਾਂ ਦੀ ਬਾਣੀ ਨੂੰ ਕਥਨ ਕਰਨਗੇ, ਜਿਸ ਜਸ ਰੂਪ ਬਾਣੀ ਨੂੰ ਸੁਣਨ ਵਾਲਿਆਂ ਦਾ ਮਨ ਤਨ ਹਰਿਆ ਹੋਵੇਗਾ। ਜੈਸਾ ਕਿ :

**ਅਨਹਦ ਬਾਣੀ ਗੁਰਮੁਖਿ ਜਾਣੀ ਵਿਰਲੋ ਕੋ ਅਰਥਾਵੈ ॥**

[ਰਾਮਕਲੀ ਮਹਲਾ ੧, ਸਿਧ ਗੋਸਟਿ, ਅੰਗ ੯੪੫]

## *ਸਰਬ ਸੁਖਾ ਤਿਸ ਹੀ ਬਣਿ ਆਏ; ਜੋ ਪ੍ਰਭਿ ਅਪਨਾ ਕਰਿਆ ॥*

ਉਸ ਨੂੰ ਇਹ ਸਰਬ=ਸਾਰੇ ਸੁਖਾ=ਸੁਖ ਬਣ ਆਏ ਹਨ, ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਬਣਾਉਣਾ ਕੀਤਾ ਹੈ।

## *ਘਰ ਮਹਿ ਨਵ ਨਿਧਿ ਭਰੇ ਭੰਡਾਰਾ; ਰਾਮ ਨਾਮਿ ਰੰਗੁ ਲਾਗਾ ॥*

ਉਸਦੇ ਘਰ ਵਿੱਚ ਨੌ ਨਿੱਧੀਆਂ—ਪਦਮਾਂ, ਮਹਾਂਪਦਮ, ਮਕਰ, ਕਸਪ, ਮੁਕੰਦ, ਕੁੰਦ, ਨੀਲ, ਸੰਖ, ਖ਼ਰਬ ਦੇ ਭੰਡਾਰੇ ਭਰੇ ਹੋਏ ਹਨ। ਜਿਸ ਦਾ ਰਾਮ ਨਾਮ ਵਿੱਚ ਰੰਗੁ=ਪ੍ਰੇਮ ਲਗਾ ਹੈ। ਭਾਵੇਂ ਰਿੱਧੀਆਂ ਹਨ, ਭਾਵੇਂ ਸਿੱਧੀਆਂ ਹਨ, ਇਹ ਸਭ ਨਾਮ ਦੇ ਅਧੀਨ ਹਨ। ਜੈਸਾ ਕਿ :

੧. **ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥**

[ਰਾਗ ਸੋਰਠਿ ਵਾਰ ਮਹਲੇ ੪ ਕੀ, ਅੰਗ ੬੪੯]

੨. **ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥** [ਧਨਾਸਰੀ ਮਹਲਾ ੫, ਅੰਗ ੬੭੯]

## *ਨਾਨਕ ਜਨ ਪ੍ਰਭੁ ਕਦੇ ਨ ਵਿਸਰੈ; ਪੂਰਨ ਜਾ ਕੇ ਭਾਗਾ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦੇ ਭਾਗ ਪੂਰਨ ਹਨ, ਉਸ ਜਨ=ਸੇਵਕ ਨੂੰ ਪ੍ਰਭੁ=ਵਾਹਿਗੁਰੂ-ਪ੍ਰਮਾਤਮਾ ਕਦੇ ਵੀ ਵਿਸਰੈ=ਭੁੱਲਦਾ ਨਹੀਂ ਹੈ॥੨॥

## *ਛਾਇਆ ਪ੍ਰਭਿ ਛਤ੍ਰਪਤਿ ਕੀਨੀ; ਸਗਲੀ ਤਪਤਿ ਬਿਨਾਸੀ ਰਾਮ ॥*

ਛਤ੍ਰਪਤੀ ਪ੍ਰਮਾਤਮਾ ਨੇ ਆਪ ਹੀ ਹਰਿਮੰਦਰ ਸਾਹਿਬ ਨੂੰ ਛਾਇਆ=ਬਣਾਇਆ ਹੈ, **ਅਥਵਾ** ਛਤ੍ਰਪਤਿ, ਭਾਵ ਜੋ ਛਤ੍ਰ ਦਾ ਮਾਲਕ ਹੈ, ਜਿਸ ਦੇ ਛਤ੍ਰ ਨੂੰ ਦੂਸਰਾ ਕੋਈ ਛੇੜ ਨਹੀਂ ਸਕਦਾ। ਉਸ ਛਤ੍ਰਪਤੀ ਪ੍ਰਮਾਤਮਾ ਨੇ ਆਪ ਹੀ ਸ਼ਾਂਤੀ ਰੂਪ ਛਾਇਆ ਕੀਤੀ ਹੈ, ਰਾਮ ਨੇ ਸਾਰੀ ਈਰਖਾ ਦਵੈਸ਼ ਦੀ ਤਪਤਿ=ਤਪਸ਼ ਬਿਨਾਸੀ=ਨਾਸ਼ ਕਰ ਦਿੱਤੀ ਹੈ।

## *ਦੂਖ ਪਾਪ ਕਾ ਡੇਰਾ ਢਾਠਾ; ਕਾਰਜੁ ਆਇਆ ਰਾਸੀ ਰਾਮ ॥*

ਦੂਖ=ਦੁਖਾਂ ਪਾਪ=ਪਾਪਾਂ ਕਾ=ਦਾ ਡੇਰਾ=ਅਸਥਾਨ, ਜਗ੍ਹਾ ਢਾਠਾ=ਢਹਿ ਗਿਆ ਹੈ, ਰਾਮ ਨਾਮ ਦੇ ਜਪਣ ਕਰਕੇ ਸਾਰਾ ਕਾਰਜ ਰਾਸ ਆ ਗਿਆ ਹੈ, ਭਾਵ ਸਫਲਾ ਹੋ ਗਿਆ ਹੈ।

ਅਥਵਾ ਦੁਖਾਂ ਅਤੇ ਪਾਪਾਂ ਦਾ ਜੋ ਡੇਰਾ=ਅਗਿਆਨ ਸੀ, ਹਿਰਦੇ ਦੇ ਅੰਦਰ ਉਹ ਡੇਰਾ ਢਾਠਾ=ਢਹਿ ਗਿਆ, ਭਾਵ ਅਗਿਆਨ ਨਾਸ਼ ਹੋ ਗਿਆ ਹੈ। ਰਾਮ ਦੀ ਪ੍ਰਾਪਤੀ ਰੂਪੀ ਕਾਰਜ ਰਾਸ ਆ ਗਿਆ ਹੈ, **ਵਾ:** ਮੁਕਤੀ ਰੂਪੀ ਕਾਰਜ ਰਾਸ ਆ ਗਿਆ ਹੈ। ਜਿਵੇਂ ਕਿ ਹਰ ਇੱਕ ਜੀਵ ਦਾ ਕੋਈ ਨਾ ਕੋਈ ਟਿਕਾਣਾ ਹੁੰਦਾ ਹੈ, ਜਿਥੇ ਕੋਈ ਰਹਿ ਰਿਹਾ ਹੈ, ਇਥੋਂ ਤਕ ਕਿ ਪਸ਼ੂ ਪੰਛੀ ਭੀ ਰਹਿਣ ਲਈ ਟਿਕਾਣਾ ਬਣਾ ਕੇ ਰਹਿੰਦੇ ਹਨ ਤੇ ਇਸੇ ਤਰ੍ਹਾਂ ਦੁਖਾਂ ਔਰ ਪਾਪਾਂ ਨੇ ਡੇਰਾ=ਨਿਵਾਸ ਸਥਾਨ ਅਗਿਆਨ ਬਣਾਇਆ ਹੋਇਆ ਹੈ, ਅਗਿਆਨ ਹੀ ਦੁਖਾਂ, ਪਾਪਾਂ ਦਾ ਨਿਵਾਸ ਸਥਾਨ ਹੈ। ਜੈਸਾ ਕਿ :

੧. **ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥** [ਸੋਰਠਿ ਮਹਲਾ ੫, ਅੰਗ ੬੨੭]

੨. **ਦੁਖੁ ਨਾਠਾ ਸੁਖੁ ਘਰ ਮਹਿ ਆਇਆ॥ ਸੰਤ ਪ੍ਰਸਾਦਿ ਕਮਲੁ ਬਿਗਸਾਇਆ॥** [ਰਾਮਕਲੀ ਮਹਲਾ ੫, ਅੰਗ ੮੯੧]

## *ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ; ਸਾਚੁ ਧਰਮੁ ਪੁੰਨੁ ਫਲਿਆ॥*

ਹਰੀ ਪ੍ਰਭੂ ਦਾ ਫ਼ੁਰਮਾਇਆ ਹੋਇਆ ਹੁਕਮ ਮੰਨਿਆ ਤਾਂ ਅਵਿਦਿਆ ਰੂਪ ਬਲਾਇਆ=ਬਲਾ, **ਵਾ:** ਵਿਘਨ ਰੂਪੀ ਬਲਾ ਮਿਟੀ=ਦੂਰ ਹੋ ਗਈ। ਸੱਚੇ ਧਰਮ ਤੇ ਪੁੰਨਾਂ ਦਾ ਫਲ ਫਲੀਭੂਤ ਹੋ ਗਿਆ ਹੈ।

## *ਸੋ ਪ੍ਰਭੁ ਅਪੁਨਾ ਸਦਾ ਧਿਆਈਐ; ਸੋਵਤ ਬੈਸਤ ਖਲਿਆ॥*

ਸੋ ਉਸ ਆਪਣੇ ਪ੍ਰਭੂ ਮਾਲਕ ਨੂੰ ਸਦਾ=ਹਮੇਸ਼ਾਂ ਹੀ ਧਿਆਈਐ=ਧਿਆਉਣਾ ਕਰੋ, ਸੋਵਤ=ਸੁਤਿਆਂ ਬੈਸਤ=ਬੈਠਿਆਂ ਖਲਿਆ=ਖਲੋਤਿਆਂ ਇਸ ਦਾ ਭਾਵ ਕਿ ਕਦੇ ਭੀ ਪ੍ਰਮੇਸ਼ਰ ਭੁਲੇ ਨਾ ਸਿਮਰਨ ਕਰਨ ਵਾਲੇ ਦੀ ਐਸੀ ਤੀਬਰ ਇੱਛਾ ਹੋਣੀ ਚਾਹੀਦੀ ਹੈ। ਇਸ ਭਾਵਨਾ ਦੀਆਂ ਹੋਰ ਤੁਕਾਂ ਭੀ ਸਤਿਗੁਰਾਂ ਨੇ ਉਚਾਰਨ ਕੀਤੀਆਂ ਹਨ। ਜੈਸਾ ਕਿ :

੧. **ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥** [ਬਿਲਾਵਲੁ ਮਹਲਾ ੫, ਅੰਗ ੮੧੦]

੨. **ਜਿਨਿ ਤੇਰੀ ਮਨ ਬਨਤ ਬਨਾਈ॥ ਊਠਤ ਬੈਠਤ ਸਦ ਤਿਸਹਿ ਧਿਆਈ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੭੦]

੩. **ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੮੬]

੪. **ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥** [ਰਾਗ ਬਿਲਾਵਲੁ ਮਹਲਾ ੫, ਅੰਗ ੮੨੦]

੫. **ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ॥੧॥ਰਹਾਉ॥** [ਕਾਨੜਾ ਮਹਲਾ ੫, ਅੰਗ ੧੨੯੮]

## *ਗੁਣ ਨਿਧਾਨ ਸੁਖ ਸਾਗਰ ਸੁਆਮੀ; ਜਲਿ ਥਲਿ ਮਹੀਅਲਿ ਸੋਈ॥*

ਸ਼ੁਭ ਗੁਣਾਂ ਦਾ ਨਿਧਾਨ=ਖ਼ਜ਼ਾਨਾ ਅਤੇ ਸੁਖਾਂ ਦਾ ਸਾਗਰ=ਸਮੁੰਦਰ ਸੁਆਮੀ=ਮਾਲਕ ਜੋ ਪ੍ਰਮੇਸ਼ਰ ਹੈ। ਉਹ ਜਲਿ=ਪਾਣੀ ਵਾਲੀ ਜਗ੍ਹਾ ਥਲਿ=ਖ਼ੁਸ਼ਕ ਜਗ੍ਹਾ ਮਹੀ=ਧਰਤੀ ਅਲਿ=ਆਕਾਸ਼ ਵਿੱਚ ਪੂਰਨ ਹੈ। ਜੈਸਾ ਕਿ :

**ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ॥** [ਸੋਰਠਿ ਮਹਲਾ ੫, ਅੰਗ ੬੧੦]

## *ਜਨ ਨਾਨਕ ਪ੍ਰਭ ਕੀ ਸਰਣਾਈ; ਤਿਸੁ ਬਿਨੁ ਅਵਰੁ ਨ ਕੋਈ॥੩॥*

ਮੈਂ ਜਨ=ਦਾਸ ਨੇ ਉਸ ਪ੍ਰਭੂ ਦੀ ਸ਼ਰਣ ਲਈ ਹੈ, ਕਿਉਂਕਿ ਉਸ ਤੋਂ ਬਿਨਾਂ ਅਵਰੁ=ਹੋਰ ਕੋਈ ਰਖਿਅਕ ਨਹੀਂ ਹੈ॥੩॥ ਜੈਸਾ ਕਿ :

੧. **ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥੧੬॥** [ਰਾਮਕਲੀ ਮਹਲਾ ੩, ਅੰਗ ੯੧੨]

੨. **ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥੩॥**

[ਮਾਝ ਮਹਲਾ ੫, ਅੰਗ ੧੦੬]

## *ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ; ਪ੍ਰਭ ਪਰਸੇ ਹਰਿ ਰਾਇਆ ਰਾਮ ॥*

ਮੇਰਾ ਘਰ=ਗੁਰੂ ਕੇ ਮਹਿਲ ਸ਼ੋਭਨੀਕ ਬਣਿਆ ਹੈ। ਬਨੁ=ਗੁਰੂ ਕਾ ਬਾਗ਼ ਤਾਲੁ=ਅੰਮ੍ਰਿਤ ਸਰੋਵਰ ਇਹ ਸ਼ੋਭਨੀਕ ਬਣਿਆ ਹੈ। ਜੈਸਾ ਕਿ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥**
**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥** [ਫੁਨਹੇ ਮਹਲਾ ੫, ਅੰਗ ੧੩੬੨]

**ਅਥਵਾ** ਮੇਰਾ ਘਰੁ=ਸਰੀਰ ਸਫਲਾ ਬਣ ਗਿਆ ਹੈ। ਸ਼ੁਭ ਗੁਣਾਂ ਰੂਪ ਬਨੁ=ਬਗ਼ੀਚਾ ਤਾਲੁ=ਹਿਰਦਾ ਭਾਵ ਅੰਤਹਕਰਨ ਪ੍ਰੇਮ ਸਹਿਤ ਸੁੰਦਰ ਬਣ ਗਿਆ ਹੈ। ਜਿਸ ਵੇਲੇ ਹਰੀ ਪ੍ਰਭੂ ਰਾਜਾ ਰੂਪੀ ਰਾਮ ਦੇ ਚਰਣ ਪਰਸਨਾ ਕੀਤੇ।

## *ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ; ਗੁਣ ਮੰਗਲ ਹਰਿ ਗਾਇਆ ਰਾਮ ॥*

ਹਰਿ=ਹਰੀ ਪ੍ਰਮੇਸ਼ਰ ਰਾਮ ਦੇ ਮੰਗਲਦਾਇਕ ਗੁਣਾਂ ਦਾ ਜਸ ਗਾਉਣੇ ਕਰਕੇ ਮੇਰਾ ਮਨ ਸ਼ੋਭਨੀਕ ਹੋਇਆ ਹੈ ਅਤੇ ਸ਼ੁਭ ਗੁਣਾਂ ਰੂਪੀ ਮਿੱਤਰ ਸਜਨ ਸਰਸੇ=ਅਧਿਕ ਹੋਏ ਹਨ, **ਵਾ:** ਪਰਤੱਖ ਮਿੱਤਰ (ਸ+ਰਸੇ) ਸ=ਸਹਿਤ ਰਸੇ=ਅਨੰਦ ਦੇ ਹੋਏ ਹਨ।

## *ਗੁਣ ਗਾਇ ਪ੍ਰਭੂ ਧਿਆਇ ਸਾਚਾ; ਸਗਲ ਇਛਾ ਪਾਈਆ ॥*

ਸਾਚਾ=ਸੱਚੇ ਪ੍ਰਭੂ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਅਤੇ ਉਸ ਨੂੰ ਧਿਆ ਕੇ ਸਾਰੀਆਂ ਇੱਛਾਵਾਂ ਪਾਈਆ=ਪ੍ਰਾਪਤ ਕੀਤੀਆਂ ਹਨ।

## *ਗੁਰ ਚਰਣ ਲਾਗੇ ਸਦਾ ਜਾਗੇ; ਮਨਿ ਵਜੀਆ ਵਾਧਾਈਆ ॥*

ਗੁਰੂ ਦੇ ਚਰਣੀ ਲਗ ਕੇ ਸਦਾ=ਹਮੇਸ਼ਾਂ ਹੀ ਗਿਆਨ ਜਾਗ੍ਰਿਤ ਵਿੱਚ ਜਾਗੇ ਤਾਂ ਮਨ ਵਿੱਚ ਅਨੰਦ ਦੀਆਂ ਵਧਾਈਆਂ ਵਜੀਆਂ। ਜੈਸਾ ਕਿ :

੧. **ਗੁਰ ਚਰਣ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥** [ਰਾਮਕਲੀ ਮਹਲਾ ੩, ਅੰਗ ੯੨੧]

੨. **ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥**

[ਕਾਨੜਾ ਮਹਲਾ ੪, ਅੰਗ ੧੩੦੮]

## *ਕਰੀ ਨਦਰਿ ਸੁਆਮੀ ਸੁਖਹ ਗਾਮੀ; ਹਲਤੁ ਪਲਤੁ ਸਵਾਰਿਆ ॥*

(ਸੁਖਹ+ਗਾਮੀ) ਸੁਖਹ=ਸੁਖਾਂ ਵਿੱਚ ਗਾਮੀ=ਗਵਨ ਕਰਾਉਣ ਵਾਲੇ ਸੁਆਮੀ=ਮਾਲਕ ਨੇ ਜਦੋਂ ਕਿਰਪਾ ਦੀ ਨਦਰਿ=ਦ੍ਰਿਸ਼ਟੀ ਕੀਤੀ ਤਾਂ ਉਸ ਕ੍ਰਿਪਾ ਦ੍ਰਿਸ਼ਟੀ ਨੇ ਮੇਰਾ ਹਲਤੁ ਪਲਤੁ=ਲੋਕ-ਪ੍ਰਲੋਕ ਸਵਾਰ ਦਿੱਤਾ। ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਠੱਗਾਂ ਦੇ ਪਿੰਡ ਠੱਗਾਂ ਨੂੰ ਤਾਰਨ ਲਈ ਉਪਦੇਸ਼ ਦੇਣ ਲਈ ਪਹੁੰਚੇ ਸਨ ਤਾਂ ਠੱਗਾਂ ਨੇ ਸਤਿਗੁਰੂ ਜੀ ਤੇ ਭਾਈ ਮਰਦਾਨੇ ਤੇ ਬਾਲੇ ਨੂੰ ਪਿੰਡ ਤੋਂ ਬਾਹਰ ਰਸਤੇ ਵਿੱਚ ਆ ਕੇ ਘੇਰ ਲਿਆ ਸੀ। ਗੁਰੂ ਜੀ ਨੇ ਇੱਕ ਪਾਪੀ ਪੁਰਸ਼ ਦੇ ਮਚਦੇ ਸਿਵੇ ਵੱਲ ਇਸ਼ਾਰਾ ਕਰਕੇ ਅਗਨੀ ਲਿਆਉਣ ਲਈ ਕਿਹਾ ਸੀ। ਜਦੋਂ ਠੱਗ

ਅੱਗ ਲੈਣ ਲਈ ਪਹੁੰਚੇ ਸਨ ਤਾਂ ਦੋ ਧਿਰਾਂ ਵਿਚਕਾਰ ਹੋ ਰਿਹਾ ਝਗੜਾ ਸੁਣ ਕੇ ਹੈਰਾਨ ਹੋ ਗਏ ਸਨ ਕਿ ਇੱਕ ਪਾਸੇ ਜਮ ਗਨ ਹਨ ਤੇ ਇੱਕ ਪਾਸੇ ਦੇਵ ਗਨ ਹਨ। ਆਪਣੇ-ਆਪਣੇ ਅਧਿਕਾਰ ਤੇ ਝਗੜਾ ਹੋ ਰਿਹਾ ਸੀ। ਆਖ਼ਰ ਦੇਵਗਨਾਂ ਨੇ ਸਿੱਧ ਕਰ ਦਿੱਤਾ ਸੀ ਕਿ ਭਾਵੇਂ ਇਹ ਮਹਾਨ ਪਾਪੀ ਸੀ, ਪਰ ਇਸ ਵੇਲੇ ਸ੍ਰਿਸ਼ਟੀ ਦੇ ਮਾਲਕ ਜੋ ਮਨੁੱਖ ਰੂਪ ਵਿੱਚ ਆਏ ਹੋਏ ਹਨ, ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਪੈ ਚੁੱਕੀ ਹੈ। ਜੈਸਾ ਕਿ :

**ਨਾਨਕ ਨਦਰੀ ਨਦਰਿ ਨਿਹਾਲ ॥੩੮॥** [ਜਪੁਜੀ ਸਾਹਿਬ, ਅੰਗ ੮]

ਸੋ, ਐਸੀ ਕਿਰਪਾ ਦ੍ਰਿਸ਼ਟੀ ਨਾਲ ਉਸ ਪਾਪੀ ਦਾ ਭੀ ਹਲਤ ਪਲਤ ਸਵਾਰਿਆ ਗਿਆ ਸੀ, ਇਸ ਲਈ ਗੁਰੂ ਅਰਜਨ ਸਾਹਿਬ ਜੀ ਨੇ ਇਥੇ ਕਿਰਪਾ ਦ੍ਰਿਸ਼ਟੀ ਦਾ ਪ੍ਰਤਾਪ ਦਰਸਾਇਆ ਹੈ। ਜੈਸਾ ਕਿ :

੧. **ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥**
**ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥** [ਪ੍ਰਭਾਤੀ ਮਹਲਾ ੫, ਅੰਗ ੧੩੩੮]

੨. **ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥** [ਮਾਝ ਮਹਲਾ ੫, ਅੰਗ ੧੩੬]

੩. **ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ ॥** [ਸੋਰਠਿ ਮਹਲਾ ੫, ਅੰਗ ੬੪੧]

## *ਬਿਨਵੰਤਿ ਨਾਨਕ ਨਿਤ ਨਾਮੁ ਜਪੀਐ;*
## *ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥*

ਸਤਿਗੁਰੂ ਜੀ ਬਿਨਵੰਤਿ=ਬੇਨਤੀ ਪੂਰਬਕ ਕਥਨ ਕਰਦੇ ਹਨ ਕਿ ਉਸ ਵਾਹਿਗੁਰੂ ਦਾ ਨਾਮ ਨਿਤ=ਹਮੇਸ਼ਾਂ ਹੀ ਜਪੀਏ, ਜਿਸ ਨੇ ਆਪਣੀ ਸ਼ਕਤੀ ਨਾਲ ਪਾਣੀ ਦੇ ਬੁਦਬੁਦੇ ਤੋਂ ਪਿੰਡੁ=ਸਰੀਰ ਧਾਰਿਆ=ਧਾਰ ਕੇ ਭਾਵ ਬਣਾ ਕੇ ਵਿਚੇ ਜੀਵ ਟਿਕਾਇਆ ਹੈ ॥੪॥੪॥੭॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੯੫ [ਆਦਿ ਅੰਗ ੭੮੩]

*ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥ ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥*

## *ਸੂਹੀ ਮਹਲਾ ੫ ॥*

ਸੂਹੀ ਰਾਗਣੀ ਦੇ ਅੰਦਰ ਗੁਰੂ ਅਰਜਨ ਸਾਹਿਬ ਦਾ ਇਹ ਮੁਖਵਾਕ ਉਚਾਰਨ ਕੀਤਾ ਹੋਇਆ ਹੈ, ਜਿਸ ਦੀ ਉਥਾਨਕਾ ਇਸ ਪ੍ਰਕਾਰ ਹੈ:

**ਉਥਾਨਕਾ—**ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ, ਜਦੋਂ ਅੰਮ੍ਰਿਤਸਰ ਸਰੋਵਰ ਦੀ ਖ਼ੁਦਵਾਈ ਸਿੱਖਾਂ ਪਾਸੋਂ ਕਰਵਾ ਰਹੇ ਸਨ ਤੇ ਖੋਦਦਿਆਂ-ਖੋਦਦਿਆਂ ਉਹ ਪਵਿੱਤਰ ਜਗ੍ਹਾ ਉਪਰ ਪਹੁੰਚੇ, ਜਿਸ ਨੂੰ ਅੱਜ ਕੱਲ੍ਹ ਹਰਿ ਕੀ ਪਉੜੀ ਕਿਹਾ ਜਾਂਦਾ ਹੈ। ਧਰਤੀ ਦਾ ਤਲ ਇਤਨਾ ਕਰੜਾ ਸੀ ਕਿ ਸਿੱਖਾਂ ਪਾਸੋਂ ਮਿੱਟੀ ਪੁੱਟੀ ਨਾ ਜਾਵੇ। ਮਿੱਟੀ ਪੁੱਟਣ ਵਾਲੇ ਜੋ ਔਜ਼ਾਰ ਸਨ—ਗੈਂਤੀਆਂ, ਕਹੀਆਂ, ਮਾਰ ਮਾਰ ਕੇ ਸਿੱਖ ਥੱਕ ਗਏ। ਕਹੀਆਂ ਦੇ ਮੂੰਹ ਮੁੜ ਗਏ ਤੇ ਸਿੱਖਾਂ ਦੇ ਹੱਥਾਂ ਵਿੱਚ ਛਾਲੇ ਪੈ ਗਏ। ਜਦੋਂ ਬੇ-ਵਾਹ ਹੋ ਗਈ ਤਾਂ ਸਤਿਗੁਰੂ ਜੀ ਪਾਸ ਆ ਕੇ ਬੇਨਤੀ ਕਰਨ ਲੱਗੇ ਕਿ ਫਲਾਣੀ ਜਗ੍ਹਾ ਮਿੱਟੀ ਪੁੱਟੀ ਨਹੀਂ ਜਾਂਦੀ। ਗੁਰੂ ਸਾਹਿਬ ਨੇ ਕਿਹਾ ਕਿ ਹੁਣ ਰਹਿਣ ਦਿਓ। ਕੱਲ੍ਹ ਨੂੰ ਦੀਵਾਨ ਦੀ ਸਮਾਪਤੀ ਤੋਂ ਬਾਅਦ ਖ਼ੁਦਵਾਈ ਸ਼ੁਰੂ ਕਰਨੀ। ਅਗਲੀ ਸਵੇਰ ਸਤਿਗੁਰਾਂ ਦਾ ਸੁੰਦਰ ਦੀਵਾਨ ਸੁਸ਼ੋਭਿਤ ਹੋ ਰਿਹਾ ਸੀ, ਗੁਰੂ ਅਰਜਨ ਸਾਹਿਬ ਜੀ ਲਾਚੀਬੇਰ ਹੇਠ ਬੈਠੇ ਸਿੱਖ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ। ਅੰਮ੍ਰਿਤ ਸਰੋਵਰ ਦੇ ਦੁਆਲੇ ਤਿੰਨ ਬੇਰੀਆਂ ਅੱਜ ਵੀ ਪੁਰਾਤਨ ਇਤਿਹਾਸ ਦੀ ਸ਼ਾਖ ਭਰ ਰਹੀਆਂ ਹਨ। ਇੱਕ ਬੇਰੀ ਦਾ ਨਾਮ ਦੁਖ ਭੰਜਨੀ ਬੇਰੀ ਹੈ, ਜਿਥੇ ਬੀਬੀ ਰਜਨੀ ਦਾ ਪਿੰਗਲਾ ਪਤੀ ਸਵੱਛ ਹੋਇਆ ਸੀ। ਦੂਜੀ ਬੇਰੀ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਦਰਸਾ ਰਹੀ ਹੈ, ਜਿਥੇ ਬਾਬਾ ਬੁੱਢਾ ਜੀ ਬੈਠ ਕੇ ਸੇਵਾ ਕਰਵਾ ਰਹੇ ਸਨ। ਤੀਜੀ ਬੇਰੀ ਜਿਥੇ ਗੁਰੂ ਅਰਜਨ ਸਾਹਿਬ ਜੀ ਬੈਠ ਕੇ ਸੇਵਾ ਕਰਵਾਇਆ ਕਰਦੇ ਸਨ, ਜਿਸ ਦਾ ਨਾਮ ਲਾਚੀ

ਬੇਰ ਹੈ। ਸਤਿਗੁਰੂ ਜੀ ਸਿੱਖਾਂ ਨੂੰ ਪ੍ਰਮੇਸ਼ਰ ਦੀ ਸਿਫ਼ਤਿ-ਸਾਲਾਹ ਦੇ ਬਚਨ ਸੁਣਾ ਰਹੇ ਸਨ ਤੇ ਉਧਰ ਭਗਵਾਨ ਜੀ ਨੇ ਆਪਣਾ ਕੰਮ ਸਮਝ ਕੇ ਸਭ ਦੇਵਤਿਆਂ ਨੂੰ ਨਾਲ ਲੈ ਕੇ ਸਿੱਖਾਂ ਦੇ ਰੂਪ ਵਿੱਚ ਆ ਕੇ ਸੇਵਾ ਆਰੰਭ ਕਰ ਦਿੱਤੀ। ਭਗਵਾਨ ਜੀ ਨੇ ਗੈਂਤੀ ਨਾਲ ਹਰਿ ਕੀ ਪਉੜੀ ਵਾਲੀ ਜਗ੍ਹਾ ਆਪ ਪੁੱਟੀ। ਭਗਵਾਨ ਸ਼ਿਵਜੀ ਨੇ ਕਹੀ ਨਾਲ ਟੋਕਰੀਆਂ ਭਰੀਆਂ ਤੇ ਬ੍ਰਹਮਾ ਜੀ ਸਭ ਦੇਵਤਿਆਂ ਸਮੇਤ ਚੁੱਕ-ਚੁੱਕ ਕੇ ਬਾਹਰ ਸੁਟਦੇ ਗਏ ਤੇ ਨਾਲ ਸਤਿਨਾਮ-ਵਾਹਿਗੁਰੂ ਦੀ ਧੁਨ ਉਚਾਰਦੇ ਜਾਂਦੇ ਹਨ। ਸਤਿਨਾਮ ਦੀ ਧੁਨ ਸੁਣ ਕੇ ਮਿੱਠੀ ਰਸੀਲੀ ਆਵਾਜ਼ ਵਿੱਚ ਸਤਿਗੁਰੂ ਜੀ ਦਾ ਧਿਆਨ ਸਤਿਨਾਮ-ਵਾਹਿਗੁਰੂ ਕਹਿਣ ਵਾਲਿਆਂ ਵਿੱਚ ਪਿਆ ਤਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਪੁੱਛ ਕੇ ਆਓ, ਇਹ ਸੰਗਤ ਕਿਸ ਇਲਾਕੇ ਦੀ ਸੇਵਾ ਕਰ ਰਹੀ ਹੈ। ਸਿੱਖਾਂ ਨੇ ਬਹੁਤ ਸਾਰਿਆਂ ਸੇਵਾ ਕਰਨ ਵਾਲਿਆਂ ਤੋਂ ਪੁੱਛਿਆ, ਪਰ ਕਿਸੇ ਨੇ ਵੀ ਕੁਝ ਨਾ ਦੱਸਿਆ। ਕਿਉਂਕਿ ਦੇਵਤਿਆਂ ਸਾਹਮਣੇ ਇੱਕ ਧਰਮ ਸੰਕਟ ਸੀ, ਜੇ ਉਹ ਝੂਠ ਬੋਲਦੇ ਹਨ ਕਿ ਅਸੀਂ ਫਲਾਣੀ ਜਗ੍ਹਾਂ ਤੋਂ ਆਏ ਹਾਂ, ਤਾਂ ਝੂਠ ਬੋਲਣ ਦਾ ਪਾਪ ਹੁੰਦਾ ਸੀ। ਜੇ ਸੱਚ ਦੱਸਦੇ ਹਨ ਤਾਂ ਇਹ ਗੁਝਾ ਭੇਦ ਪ੍ਰਗਟ ਹੁੰਦਾ ਹੈ। ਭਗਵਾਨ ਵਿਸ਼ਨੂੰ ਜੀ ਦੇ ਇਸ਼ਾਰੇ ’ਤੇ ਪੁੱਛਣ ਵਾਲਿਆਂ ਨੂੰ ਭੀ ਸਤਿਨਾਮ-ਵਾਹਿਗੁਰੂ ਦੀ ਧੁਨ ਹੀ ਸੁਣਾਈ। ਸੋ, ਇਸ ਤਰੀਕੇ ਨਾਲ ਦੋਨੋਂ ਪੱਖ ਰਹਿ ਗਏ। ਝੂਠ ਬੋਲਣ ਤੋਂ ਭੀ ਬਚ ਗਏ ਤੇ ਰੱਬੀ ਭੇਦ ਭੀ ਪ੍ਰਗਟ ਨਹੀਂ ਹੋਇਆ। ਸਿੱਖਾਂ ਨੇ ਜਾ ਕੇ ਕਿਹਾ ਕਿ ਗੁਰੂ ਜੀ! ਪਤਾ ਨਹੀਂ ਕੈਸੇ ਸਿੱਖ ਹਨ। ਸਤਿਨਾਮ ਅਤੇ ਸੇਵਾ ਵਿੱਚ ਮਸਤ ਹਨ। ਬੜਾ ਪੁੱਛਿਆ, ਪਰ ਉਹ ਤਾਂ ਬੋਲਦੇ ਹੀ ਨਹੀਂ। ਉਸ ਵੇਲੇ ਗੁਰੂ ਜੀ ਨੇ ਅੰਤ੍ਰੀਵ ਨੇਤਰਾਂ ਦੁਆਰਾ ਦੇਖਣਾ ਕੀਤਾ। ਦੇਖਿਆ ਤਾਂ ਪ੍ਰਮੇਸ਼ਰ ਆਪ ਭਗਵਾਨ ਵਿਸ਼ਨੂੰ ਜੀ ਸਮੇਤ ਸਾਰੇ ਦੇਵਤਿਆਂ ਨੂੰ ਨਾਲ ਲੈ ਕੇ ਸੇਵਾ ਕਰ ਰਹੇ ਹਨ। ਜਦੋਂ ਇਹ ਕਾਰਜ ਸੰਪੂਰਨ ਹੋ ਗਿਆ ਤਾਂ ਕਿ ਸਿੱਖਾਂ ਨੂੰ ਓਲ੍ਹਾ ਨਾ ਰਹੇ ਕਿ ਇਹ ਕਾਰਜ ਕਿਸ ਨੇ ਕੀਤਾ ਹੈ। ਉਸ ਵਾਹਿਗੁਰੂ ਦੇ ਸ਼ੁਕਰਾਨੇ ਵਿੱਚ ਇਹ ਸ਼ਬਦ ਉਚਾਰਿਆ ਅਤੇ ਦੱਸਿਆ ਕਿ ਭਾਈ ਉਹ ਕਿਸੇ ਇਲਾਕੇ ਦੇ ਸਿੱਖ ਨਹੀਂ ਸਨ, ਬਲਕਿ ਸਾਰੇ ਸ੍ਰਿਸ਼ਟੀ ਦੇ ਰੋਜ਼ੀ ਦਾਤਾ, ਸਾਰੀ ਸ੍ਰਿਸ਼ਟੀ ਦੇ ਭਾਂਡੇ ਘੜ੍ਹਨ ਵਾਲੇ, ਸਾਰੀ ਸ੍ਰਿਸ਼ਟੀ ਦੀ ਲਾਇਤਾ ਕਰਨ ਵਾਲੇ, ਤਿੰਨ ਦੇਵਤੇ ਗੁਰੂ ਨਾਨਕ ਘਰ ਦੀ ਸੇਵਾ ਕਰਨ ਅਤੇ ਅੜੇ ਹੋਏ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੇਰੀ ਦਾਸ ਦੀ ਮਦਦ ਕਰਨ ਲਈ ਪ੍ਰਮੇਸ਼ਰ ਭਗਵਾਨ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਅਤੇ ਸਾਰੇ ਦੇਵਤਿਆਂ ਸਮੇਤ ਇਹ ਕਾਰਜ ਸੰਪੂਰਨ ਕਰਨ ਲਈ ਆਏ ਸੰਸਾਰ ਨੂੰ ਇਹ ਗਿਆਨ ਦੇਣ ਲਈ ਕਿ ਸੰਸਾਰ ਦੇ ਸਾਰਿਆਂ ਤੀਰਥਾਂ ਤੋਂ ਉੱਤਮ ਤੀਰਥ ਹੈ। ਰਬ ਦਾ ਆਪਣਾ ਘਰ ਹੈ। ਜਿਥੇ ਸੰਸਾਰ ਦੇ ਸਾਰੇ ਲੋਕ ਆਪਣੇ ਹੱਥੀਂ ਸੇਵਾ ਕਰਕੇ ਜਨਮ ਸਫਲਾ ਕਰਨ, ਜਿਵੇਂ ਦੇਵਤਿਆਂ ਨੇ ਕੀਤਾ ਹੈ। ਇਹ ਸਮਝਾਉਣ ਲਈ ਭਗਵਾਨ ਜੀ ਨੇ ਆਪਣੇ ਹੱਥੀਂ ਸੇਵਾ ਕੀਤੀ। ਉਸ ਪ੍ਰਥਾਇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕੀਤਾ। ਇਹ ਮੁਖਵਾਕ ਇਸ ਕਰਕੇ ਵੀ ਹੋਰ ਮੁਖਵਾਕਾਂ ਨਾਲੋਂ ਮਹਾਨਤਾ ਰੱਖਦਾ ਹੈ, ਕਿਉਂਕਿ ਇਸ ਨਾਲ ਇਤਿਹਾਸ ਦਾ ਇਹ ਪੱਖ ਵੀ ਜੁੜਦਾ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਭਾਈ ਗੁਰਦਾਸ ਤੋਂ ਲਾ ਕੇ ਸੰਪੂਰਨ ਕਰਵਾਇਆ, ਸੰਮਤ ੧੬੬੧ ਬਿਕ੍ਰਮੀ ਭਾਦਰੋਂ ਸੁਦੀ ਏਕਮ ਨੂੰ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਦਰ ਕਰਵਾਇਆ ਤੇ ਬਾਬਾ ਬੁੱਢਾ ਸਾਹਿਬ ਨੂੰ ਮੁੱਖ ਗ੍ਰੰਥੀ ਥਾਪਿਆ। ਹੁਕਮ ਹੋਇਆ ਕਿ ਮੁਖਵਾਕ ਸੁਨਾਉਣਾ ਕਰੋ ਤਾਂ ਪਹਿਲਾਂ ਇਹੀ ਮੁਖਵਾਕ ਆਇਆ ਸੀ। ਗੁਰੂ ਅਰਜਨ ਸਾਹਿਬ ਜੀ ਪ੍ਰਮੇਸ਼ਰ ਜੀ ਦਾ ਸ਼ੁਕਰਾਨਾ ਕਰਦੇ ਹੋਏ ਇਸ ਤਰ੍ਹਾਂ ਆਖਦੇ ਹਨ:

***ਸੰਤਾ ਕੇ ਕਾਰਜਿ ਆਪਿ ਖਲੋਇਆ; ਹਰਿ ਕੰਮੁ ਕਰਾਵਣਿ ਆਇਆ ਰਾਮ ॥***

ਸੰਤਾ=ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਜੀ ਦੇ ਕਾਰਜ=ਕੰਮ ਕਰਨ ਵਿੱਚ ਹਰੀ ਪ੍ਰਮੇਸ਼ਰ ਆਪ ਆ ਕੇ ਖਲੋਇਆ=ਖੜ੍ਹਿਆ ਹੈ ਹਰਿ ਕੀ ਪਉੜੀ ਦੇ ਕੜ ਤੋੜਨ ਦਾ ਜੋ ਕੰਮ ਸੀ। ਇਹ ਹਰੀ ਨੇ ਆਪ ਕੀਤਾ, **ਵਾ:** ਤਾਲ ਵਿੱਚੋਂ ਗਾਰ ਕੱਢਣ ਦਾ ਜੋ ਕੰਮ ਸੀ ਉਸ ਦੇ ਕਰਾਉਣ ਨੂੰ ਰਾਮ ਆਪ ਦੇਵਤਿਆਂ ਨੂੰ ਨਾਲ ਲੈ ਕੇ ਆਇਆ। ਜੈਸਾ ਕਿ:

੧. **ਕਾਰਜ ਆਪਿ ਸਵਾਰਿਅਨੁ ਸੋ ਪ੍ਰਭ ਸਦਾ ਸਭਾਲਿ ॥** [ਰਾਮਕਲੀ ਕੀ ਵਾਰ ਮਹਲਾ ੫, ਅੰਗ ੯੫੭]

੨. **ਸਤਿਗੁਰ ਅਪੁਨੇ ਸੁਣੀ ਅਰਦਾਸਿ॥ ਕਾਰਜੁ ਆਇਆ ਸਗਲਾ ਰਾਸਿ॥**
[ਭੈਰਉ ਮਹਲਾ ੫, ਅੰਗ ੧੧੫੨]

## *ਧਰਤਿ ਸੁਹਾਵੀ ਤਾਲੁ ਸੁਹਾਵਾ; ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*

ਚਾਰੇ ਤਰਫ ਅੰਮ੍ਰਿਤਸਰ ਸਾਹਿਬ ਦੀ ਧਰਤਿ=ਧਰਤੀ ਸੁਹਾਵੀ=ਸ਼ੋਭਨੀਕ ਹੋਈ ਹੈ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਤਾਲੁ=ਸਰਵੋਰ ਭੀ ਸ਼ੋਭਨੀਕ ਹੋਇਆ ਹੈ। ਰਾਮ=ਰਮੇ ਹੋਏ ਪ੍ਰਮੇਸ਼ਰ ਦੀ ਕਿਰਪਾ ਨਾਲ ਇਸ ਤਲਾਅ ਵਿੱਚ ਜਲ ਅੰਮ੍ਰਿਤ ਰੂਪ ਹੋ ਕਰਕੇ ਛਾਇਆ=ਇਸਥਿਤ ਹੋਇਆ ਹੈ। ਜੈਸਾ ਕਿ :

੧. **ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ॥**
**ਭਉ ਨਾਠਾ ਭ੍ਰਮ ਮਿਟਿ ਗਇਆ ਰਵਿਆ ਨਿਤ ਰਾਮ॥੧॥** [ਬਿਲਾਵਲੁ ਮਹਲਾ ੫, ਅੰਗ ੮੧੯]

੨. **ਧਰਤਿ ਸੁਹਾਵੜੀ ਅਕਾਸੁ ਸੁਹੰਦਾ ਜਪੰਦਿਆ ਹਰਿ ਨਾਉ॥**
[ਸਾਰਗ ਕੀ ਵਾਰ ਮਹਲਾ ੩, ਅੰਗ ੧੨੪੭]

## *ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ; ਸਗਲ ਮਨੋਰਥ ਪੂਰੇ॥*

ਇਸ ਤਲਾਅ ਵਿੱਚ ਜਲ ਅੰਮ੍ਰਿਤ ਰੂਪ ਹੋ ਕੇ ਛਾਇਆ=ਇਸਥਿਤ ਹੋਇਆ ਹੈ ਪੂਰਨ ਪ੍ਰਮੇਸ਼ਰ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪੂਰਨ ਹੀ ਸਾਜੁ=ਸਾਜਣਾ ਕਰਵਾਇਆ ਹੈ ਤੇ ਮੇਰੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ ਭਾਵ ਇਹ ਦ੍ਰਿੜ੍ਹ ਸੰਕਲਪ ਸੀ ਕਿ ਹਰਿਮੰਦਰ ਸਾਹਿਬ ਦੀ ਅਤੇ ਸਰੋਵਰ ਦੀ ਸੇਵਾ ਸੰਪੂਰਨ ਹੋਵੇ, ਸੋ ਹੋ ਗਈ। ਜੈਸਾ ਕਿ :

੧. **ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ॥** [ਸੋਰਠਿ ਮਹਲਾ ੫, ਅੰਗ ੬੨੫]

੨. **ਗੁਰ ਕਾ ਸਬਦੁ ਰਿਦੇ ਮਹਿ ਚੀਨ੍ਾ॥ ਸਗਲ ਮਨੋਰਥ ਪੂਰਨ ਆਸੀਨਾ॥੧॥**
[ਬਿਲਾਵਲੁ ਮਹਲਾ ੫, ਅੰਗ ੮੦੪]

੩. **ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਏ ਦੁਖਾਲਾ ਜੀਉ॥** [ਮਾਝ ਮਹਲਾ ੫, ਅੰਗ ੧੦੬]

## *ਜੈ ਜੈ ਕਾਰੁ ਭਇਆ ਜਗ ਅੰਤਰਿ; ਲਾਥੇ ਸਗਲ ਵਿਸੂਰੇ॥*

ਸ੍ਰੀ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਪੂਰੀ ਤਿਆਰੀ ਹੋਣ ਕਰਕੇ ਇਸ ਕਾਰਜ ਦੀ ਸੰਪੂਰਨਤਾ ਤੇ ਸਾਰੇ ਸੰਸਾਰ ਵਿੱਚ ਜੈ ਜੈ ਕਾਰ ਜਸ ਰੂਪ ਧੁਨੀਆਂ ਹੋ ਰਹੀਆਂ ਹਨ ਅਤੇ ਸਗਲ=ਸਾਰੇ ਵਿਸੂਰੇ=ਝੋਰੇ ਲਹਿ ਗਏ ਹਨ। ਜੈਸਾ ਕਿ :

੧. **ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਨ ਤਰਨ॥੧॥ਰਹਾਉ॥**
[ਬਿਲਾਵਲੁ ਮਹਲਾ ੫, ਅੰਗ ੮੨੭]

੨. **ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪ੍ਰਾਰਬਹਮੁ ਰਖਵਾਲਾ॥**
[ਸੋਰਠਿ ਮਹਲਾ ੫, ਅੰਗ ੬੧੯]

੩. **ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ॥** [ਸੋਰਠਿ ਮਹਲਾ ੫, ਅੰਗ ੬੩੦]

੪. **ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥**
[ਸਵਯੇ ਮਹਲੇ ਪੰਜਵੇਂ ਕੇ, ਅੰਗ ੧੪੦੭]

## ਪੂਰਨ ਪੁਰਖ ਅਚੁਤ ਅਬਿਨਾਸੀ; ਜਸੁ ਵੇਦ ਪੁਰਾਣੀ ਗਾਇਆ ॥

ਜੋ ਸਾਰਿਆਂ ਵਿੱਚ ਪੂਰਨ=ਪਰੀਪੂਰਨ ਅਕਾਲ ਪੁਰਖ ਅਬਿਨਾਸੀ=ਨਾਸ਼ ਤੋਂ ਰਹਿਤ ਤੇ ਅਚੁਤ=ਅਗਿੜ, ਨਾ ਡਿਗਣ ਵਾਲਾ, ਜਿਸ ਦੇ ਜਸ ਨੂੰ ਚਾਰੇ ਵੇਦਾਂ ਤੇ ਪੁਰਾਣੀ=ਪੁਰਾਣਾਂ ਨੇ ਗਾਇਆ=ਗਾਉਣਾ ਕੀਤਾ ਹੈ। ਜੈਸਾ ਕਿ :

**੧. ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ॥**

[ਮਾਰੂ ਮਹਲਾ ੪, ਅੰਗ ੯੯੫]

**੨. ਬੇਦ ਪੁਰਾਣ ਜਾਸ ਗੁਨ ਗਾਵਤ ਤਾ ਕਉ ਨਾਮੁ ਹੀਐ ਮੋ ਧਰੁ ਰੇ॥**

[ਗਉੜੀ ਮਹਲਾ ੯, ਅੰਗ ੨੨੦]

## ਅਪਨਾ ਬਿਰਦੁ ਰਖਿਆ ਪਰਮੇਸਰਿ; ਨਾਨਕ ਨਾਮੁ ਧਿਆਇਆ ॥੧॥

ਉਸ ਪਰਮੇਸਰਿ=ਪਰਮ-ਈਸ਼ਵਰ ਭਾਵ ਵੱਡੇ ਮਾਲਕ ਨੇ ਆਪਣਾ ਬਿਰਦੁ=ਧਰਮ ਜਾਣ ਕੇ ਰਖਿਆ=ਰਖਸ਼ਾ ਕੀਤੀ ਹੈ। ਅਸਾਂ ਨੇ ਉਸ ਦੇ ਨਾਮ ਨੂੰ ਧਿਆਇਆ=ਧਿਆਉਣਾ ਕੀਤਾ ਹੈ॥੧॥ ਜੈਸਾ ਕਿ :

**੧. ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ॥**
**ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ॥** [ਸੋਰਠਿ ਮਹਲਾ ੫, ਅੰਗ ੬੧੯]

**੨. ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

[ਬਿਹਾਗੜਾ ਮਹਲਾ ੫, ਅੰਗ ੫੪੪]

**ਨੋਟ :—ਮੁਖਵਾਕ ਦੀਆਂ ਉਪਰਲੀਆਂ ਤੁਕਾਂ ਦਾ ਦੂਜਾ ਅਰਥ—**ਸੰਤਾਂ ਦੇ ਕਾਰਜ ਵਿੱਚ ਹਰੀ ਪ੍ਰਮੇਸ਼ਰ ਆਪ ਆ ਕੇ ਖਲੋਂਦਾ ਹੈ ਅਤੇ ਸਾਧਨਾ ਰੂਪੀ ਕੰਮ ਕਰਨ ਵਿੱਚ ਹਰੀ ਆਪ ਆਉਂਦਾ ਹੈ। ਸਤਿਸੰਗਤ ਰੂਪ ਧਰਤੀ, **ਵਾ:** ਸੰਤਾਂ ਦੀ ਬੁਧ ਰੂਪ ਧਰਤੀ ਸ਼ੁਭ ਗੁਣਾਂ ਸਹਿਤ ਸ਼ੋਭਨੀਕ ਹੋਈ ਹੈ। ਤਾਲੁ=ਹਿਰਦਾ ਰੂਪ ਤਾਲ ਸ਼ਾਂਤੀ ਦੇ ਸਹਿਤ ਸ਼ੋਭਨੀਕ ਹੋਇਆ ਹੈ। ਸੰਤਾਂ ਦੇ ਹਿਰਦੇ ਰੂਪੀ ਤਾਲ ਸਰੋਵਰ ਵਿੱਚ ਰਾਮ ਦਾ ਨਾਮ ਰੂਪੀ ਪੂਰਣ ਅੰਮ੍ਰਿਤ ਜਲ ਛਾਇਆ=ਇਸਥਿਤ ਹੋਇਆ ਹੈ। ਸਾਧਨਾ ਦਾ ਸਾਜ=ਸਾਜਨਾ ਪੂਰਨ ਕਰਵਾਇਆ ਹੈ, ਭਾਵ ਸਾਧਨ ਸੰਪੰਨ ਹੋਏ ਹਨ ਤੇ ਮਨ ਦੇ ਸਾਰੇ ਮਨੋਰਥ=ਸੰਕਲਪ ਪੂਰੇ ਹੋ ਗਏ ਹਨ। ਸਾਰੇ ਸੰਸਾਰ ਵਿੱਚ ਸੰਤਾਂ ਦਾ ਜੈ ਜੈ ਕਾਰ ਹੋ ਰਿਹਾ ਹੈ, ਭਾਵ ਧੰਨ-ਧੰਨ ਹੋ ਰਹੀ ਹੈ। ਮਨ ਦੇ ਸਾਰੇ ਵਿਸੂਰੇ=ਝੋਰੇ ਲਹਿ ਗਏ ਹਨ। ਸਾਰਿਆਂ ਵਿੱਚ ਪੂਰਨ ਪੁਰਖ ਜੋ ਅਬਿਨਾਸੀ ਅਚੁਤ=ਅਗਿੜ, ਨਾ ਡਿਗਣ ਵਾਲਾ, ਜਿਸ ਦਾ ਜਸ ਵੇਦਾਂ ਪੁਰਾਣਾਂ ਨੇ ਗਾਇਆ ਹੈ, ਉਸ ਪ੍ਰਮੇਸ਼ਰ ਨੇ ਆਪਣਾ ਬਿਰਦੁ=ਧਰਮ ਰੱਖਦਿਆਂ ਹੋਇਆ ਸੰਤਾਂ ਦੀ ਸਹਾਇਤਾ ਕੀਤੀ ਹੈ। ਉਨ੍ਹਾਂ ਸੰਤਾਂ ਦੀ ਸਹਾਇਤਾ ਕੀਤੀ ਹੈ, ਜਿਨ੍ਹਾਂ ਨੇ ਉਸ ਦੇ ਨਾਮ ਨੂੰ ਧਿਆਇਆ ਹੈ॥੧॥

## ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ; ਤੋਟਿ ਨ ਆਵੈ ਕਾਈ ਰਾਮ ॥

ਨੌ ਨਿੱਧੀਆਂ ਅਠਾਰਾਂ ਸਿੱਧੀਆਂ ਅਤੇ ਰਿੱਧੀਆਂ ਆਦਿਕ। ਨੌ ਤਰ੍ਹਾਂ ਦੀ ਧਨ ਰਾਸ਼ੀ ਨੌ ਨਿਧਾਂ ਹਨ। ਅਠਾਰਾਂ ਪ੍ਰਕਾਰ ਦੀ ਸ਼ਕਤੀ ਅਠਾਰਾਂ ਸਿੱਧੀਆਂ ਹਨ। ਰਿਧੀਆਂ ਉਸ ਨੂੰ ਕਹਿੰਦੇ ਹਨ ਕਈ ਪ੍ਰਕਾਰ ਦੇ ਭੋਜਨ ਪਦਾਰਥ ਜੋ ਸੇਰ ਭਰ ਰਾਸ਼ਨ ਪਕਾ ਕੇ ਹਜ਼ਾਰਾਂ ਨੂੰ ਵਰਤਾ ਦੇਣਾ ਨਾ ਮੁਕਣਾ, ਇਸ ਦਾ ਨਾਮ ਰਿਧੀ ਹੈ। ਸੋ, ਨੌ ਨਿਧੀਆਂ, ਅਠਾਰਾਂ ਸਿੱਧੀਆਂ ਅਤੇ ਬੇਅੰਤ ਪਦਾਰਥ ਵਾਹਿਗੁਰੂ ਦੇ ਦਿੱਤੇ ਹਨ, ਜਿਸ ਕਰਕੇ ਕਾਈ=ਕਿਸੇ ਵਸਤੂ ਦੀ ਤੋਟਿ=ਘਾਟ ਨਹੀਂ ਆਉਂਦੀ।

## ਖਾਤ ਖਰਚਤ ਬਿਲਛਤ ਸੁਖੁ ਪਾਇਆ; ਕਰਤੇ ਕੀ ਦਾਤਿ ਸਵਾਈ ਰਾਮ ॥

ਆਪ ਖਾਂਦਿਆਂ ਤੇ ਸੰਬੰਧੀਆਂ ਵਾਸਤੇ ਖਰਚਤ=ਖ਼ਰਚਦਿਆਂ ਬਿਲਛਤ=ਆਮ-ਖ਼ਾਸ ਨੂੰ ਦੇਂਦਿਆਂ ਹੋਇਆਂ ਅਸਾਂ ਨੇ ਸੁਖ ਪਾਇਆ ਹੈ। ਕਰਤੇ=ਪ੍ਰਮੇਸ਼ਰ ਦੀ ਦਾਤ ਸਵਾਈ=ਅਧਿਕ ਹੁੰਦੀ ਗਈ ਹੈ।

## ਦਾਤਿ ਸਵਾਈ ਨਿਖੁਟਿ ਨ ਜਾਈ; ਅੰਤਰਜਾਮੀ ਪਾਇਆ ॥

ਉਸਦੀ ਦਾਤ ਸਵਾਈ=ਅਧਿਕ ਹੈ ਨਿਖੁਟਿ=ਮੁਕ ਨਹੀਂ ਜਾਂਦੀ (ਅੰਤਰ+ਜਾਮੀ) ਅੰਤਰ=ਹਿਰਦੇ ਦੀ ਜਾਮੀ=ਜਾਨਣ ਵਾਲੇ ਪ੍ਰਮਾਤਮਾ ਨੇ ਸੰਕਲਪ ਹੀ ਐਸਾ ਪਾਇਆ ਹੈ।

## ਕੋਟਿ ਬਿਘਨ ਸਗਲੇ ਉਠਿ ਨਾਠੇ; ਦੂਖੁ ਨ ਨੇੜੈ ਆਇਆ ॥

ਜੋ ਕ੍ਰੋੜਾਂ ਬਿਘਨ ਸਨ ਉਹ ਸਾਰੇ ਉਠਿ ਨਾਠੇ=ਉਠ ਕੇ ਨੱਸ ਗਏ, **ਵਾ:** ਕ੍ਰੋੜਾਂ ਬਿਘਨਾਂ ਨੇ ਪਾਉਣ ਵਾਲੇ, ਜੋ ਵਿਸ਼ੇ ਸਨ, ਉਹ ਉਠ ਕੇ ਨੱਸ ਗਏ, ਭਾਵ ਦੂਰ ਹੋ ਗਏ। ਹੁਣ ਕੋਈ ਦੁਖ ਨੇੜੇ ਨਹੀਂ ਆਉਂਦਾ।

## ਸਾਂਤਿ ਸਹਜ ਆਨੰਦ ਘਨੇਰੇ; ਬਿਨਸੀ ਭੂਖ ਸਬਾਈ ॥

ਸੁਤੇ ਸਿਧ ਸ਼ਾਂਤੀ ਪੂਰਵਕ ਘਨੇਰੇ=ਬਹੁਤੇ ਸਹਜ=ਅਨੰਦ ਪ੍ਰਾਪਤ ਹੋਏ ਹਨ। ਪਦਾਰਥਾਂ ਦੀ ਸਾਰੀ ਭੁਖ ਬਿਨਾਸੀ=ਵਿਸ਼ੇਸ਼ ਕਰਕੇ ਨਾਸ਼ ਹੋ ਗਈ ਹੈ।

## ਨਾਨਕ ਗੁਣ ਗਾਵਹਿ ਸੁਆਮੀ ਕੇ; ਅਚਰਜੁ ਜਿਸੁ ਵਡਿਆਈ ਰਾਮ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਸੁਆਮੀ ਦੇ ਗੁਣ ਅਸੀਂ ਗਾਉਂਦੇ ਹਾਂ, ਜਿਸ ਦੀ ਵਡਿਆਈ ਅਚਰਜੁ=ਅਸਚਰਜ ਰੂਪ ਹੈ॥੨॥

## ਜਿਸ ਕਾ ਕਾਰਜੁ ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ ਰਾਮ ॥

ਜਿਸ ਪ੍ਰਮਾਤਮਾ ਦਾ ਇਹ ਕਾਰਜੁ=ਕੰਮ ਸੀ, ਉਸੇ ਰਾਮ ਨੇ ਆਪ ਆ ਕੇ ਸੰਪੂਰਨ ਕੀਤਾ ਹੈ, ਇਹ ਮਾਨਸੁ=ਮਨੁੱਖ ਵੇਚਾਰਾ ਕੀ ਹੈ। ਜੋ ਕੋਈ ਕਾਰਜ ਪੂਰਾ ਕਰ ਸਕੇ।

## ਭਗਤ ਸੋਹਨਿ ਹਰਿ ਕੇ ਗੁਣ ਗਾਵਹਿ; ਸਦਾ ਕਰਹਿ ਜੈਕਾਰਾ ਰਾਮ ॥

ਅੰਮ੍ਰਿਤਸਰ, **ਅਥਵਾ** ਸਤਿਸੰਗਤ ਵਿੱਚ ਹਰੀ ਗੁਣ ਗਾਉਂਦੇ ਹੋਏ ਭਗਤ ਸ਼ੋਭਨੀਕ ਹੋ ਰਹੇ ਹਨ। ਰਾਮ ਦੇ ਜੈਕਾਰਿਆਂ ਨੂੰ ਸਦਾ ਉਚਾਰਨ ਕਰਦੇ ਹਨ।

## ਗੁਣ ਗਾਇ ਗੋਬਿੰਦ ਅਨਦ ਉਪਜੇ; ਸਾਧਸੰਗਤਿ ਸੰਗਿ ਬਨੀ ॥

ਗੋਬਿੰਦ ਦੇ ਗੁਣ ਗਾਉਣ ਕਰਕੇ ਗੁਰਸਿੱਖਾਂ ਨੂੰ ਅਨੰਦ ਉਤਪੰਨ ਹੁੰਦਾ ਹੈ ਅਤੇ ਸਾਧਸੰਗਤਿ ਨਾਲ ਗੁਰਸਿੱਖ ਭਗਤਾਂ ਦੀ ਪ੍ਰੀਤੀ ਬਣੀ ਰਹਿੰਦੀ ਹੈ। ਜੈਸਾ ਕਿ :

੧. **ਗੁਣ ਨਿਧਾਨ ਗੁਣ ਤਿਨਹੀ ਗਾਏ ਜਾ ਕਉ ਕਿਰਪਾ ਧਾਰੀ ॥**
**ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥** [ਟੋਡੀ ਮਹਲਾ ੫, ਅੰਗ ੭੧੨]

੨. **ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥** [ਸਿਰੀਰਾਗੁ ਮਹਲਾ ੫, ਅੰਗ ੪੮]

ਇਸ ਲਈ ਨਿਤ ਹੀ ਪ੍ਰਮੇਸ਼ਰ ਦੇ ਗੁਣ ਗਾਉਣ ਦੀ ਸਤਿਗੁਰੂ ਜੀ ਪ੍ਰੇਰਨਾ ਕਰਦੇ ਹਨ। ਜੈਸਾ ਕਿ :

**ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥** [ਰਾਗ ਸੂਹੀ ਮਹਲਾ ੫, ਅੰਗ ੭੭੮]

## *ਜਿਨਿ ਉਦਮੁ ਕੀਆ ਤਾਲ ਕੇਰਾ; ਤਿਸ ਕੀ ਉਪਮਾ ਕਿਆ ਗਨੀ ॥*

**ਪਹਿਲਾ ਅਰਥ**—ਜਿਸ ਸਤਿਗੁਰੂ ਅਮਰਦਾਸ ਜੀ ਨੇ ਇਸ ਤਾਲ=ਤਲਾਬ ਦੇ ਬਣਾਉਣ ਦਾ ਉਦਮ ਕੀਆ=ਕੀਤਾ ਹੈ, ਜਿਨ੍ਹਾਂ ਨੇ ਆਪਣੀ ਆਗਿਆ ਦੇ ਕੇ ਗੋਇੰਦਵਾਲ ਤੋਂ ਚੌਥੇ ਪਾਤਸ਼ਾਹ ਸੋਢੀ ਸੁਲਤਾਨ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਭੇਜਿਆ ਹੈ। ਤਿਸ ਗੁਰੂ ਅਮਰਦਾਸ ਜੀ ਦੀ ਉਪਮਾ=ਵਡਿਆਈ ਕੀ ਗਨੀ=ਗਿਨਣਾ ਕਰੀਏ ਭਾਵ ਉਨ੍ਹਾਂ ਦੀ ਬੇਅੰਤ ਵਡਿਆਈ ਹੈ।

**ਦੂਜਾ ਅਰਥ**—ਜਿਸ ਗੁਰੂ ਰਾਮਦਾਸ ਜੀ ਨੇ ਇਸ ਸਰੋਵਰ ਦੇ ਬਣਾਉਣ ਵਿੱਚ ਉਦਮ ਕੀਤਾ ਸੀ, ਉਸ ਗੁਰੂ ਰਾਮਦਾਸ ਜੀ ਦੀ ਕੀ ਉਪਮਾ ਗਿਣੀਏ।

**ਤੀਜਾ ਅਰਥ**—ਜਿਸ ਪ੍ਰਮਾਤਮਾ ਨੇ ਵਿਸ਼ਨੂੰ ਆਦਿਕ ਸਹਿਤ ਆ ਕੇ ਹਰਿ ਕੀ ਪਉੜੀ ਦਾ ਕੜ ਤੋੜ ਕੇ ਇਸ ਸਰੋਵਰ ਬਨਾਉਣ ਦਾ ਉਦਮ ਕੀਤਾ ਹੈ, ਉਸ ਪ੍ਰਮਾਤਮਾ ਦੀ ਉਪਮਾ ਕੀ ਗਿਣੀਏ।

**ਚੌਥਾ ਅਰਥ**—ਜਿਸ ਗੁਰੂ ਨਾਨਕ ਜੀ ਨੇ ਸਰੋਵਰ ਬਨਾਉਣ ਦਾ ਉਦਮ ਪਹਿਲੇ ਹੀ ਕੀਤਾ ਸੀ, ਜਦੋਂ ਮਰਦਾਨੇ ਤੋਂ ਕੀਰਤਨ ਸੁਣ ਕੇ ਅੰਮ੍ਰਿਤ ਰੂਪ ਹੋ ਗਏ ਸਨ, ਉਹ ਇਹੋ ਅਸਥਾਨ ਸੀ। ਜਦੋਂ ਮਰਦਾਨੇ ਨੇ ਕੀਰਤਨ ਦਾ ਭੋਗ ਪਾਇਆ, ਅੱਖਾਂ ਖੋਲ੍ਹੀਆਂ ਤਾਂ ਤੱਕਿਆ ਕਿ ਗੁਰੂ ਨਾਨਕ ਦੇਵ ਜੀ ਦਾ ਸਰੂਪ ਨਹੀਂ ਹੈ, ਜਿਥੇ ਬੈਠੇ ਸਨ ਉਥੇ ਉਹੀ ਸਰੂਪ ਅੰਮ੍ਰਿਤ ਰੂਪ ਹੋਇਆ ਪਿਆ ਹੈ। ਉਸੇ ਵੇਲੇ ਅਰਦਾਸ ਕੀਤੀ ਕਿ ਪਾਤਸ਼ਾਹ ! ਕਿਰਪਾ ਕਰਕੇ ਦਰਸ਼ਨ ਦਿਓ। ਬੇਨਤੀ ਸੁਣ ਕੇ ਪ੍ਰਗਟ ਹੋਏ, ਉਹ ਅੰਮ੍ਰਿਤ ਅਲੋਪ ਕਰ ਲਿਆ। ਉਸ ਵੇਲੇ ਭਾਈ ਬਾਲੇ ਨੇ ਬੇਨਤੀ ਕੀਤੀ ਕਿ ਅੰਮ੍ਰਿਤ ਰਹਿਣ ਦੇਣਾ ਸੀ, ਕਈਆਂ ਦਾ ਭਲਾ ਹੁੰਦਾ। ਤਾਂ ਸਤਿਗੁਰੂ ਜੀ ਨੇ ਭਵਿੱਖਤ ਬਚਨ ਕੀਤਾ ਕਿ ਭਾਈ ਬਾਲਾ ! ਇਸ ਅੰਮ੍ਰਿਤ ਨੂੰ ਚੌਥੇ ਸਰੂਪ ਵਿੱਚ ਪ੍ਰਗਟ ਕਰਾਂਗੇ, ਇਥੇ ਬੜਾ ਭਾਰੀ ਸਰੋਵਰ ਬਣੇਗਾ। ਇਸ ਵਜ੍ਹਾ ਕਰਕੇ ਗੁਰੂ ਨਾਨਕ ਦੇਵ ਜੀ ਨੇ ਉਦਮ ਕੀਤਾ ਹੈ, ਉਨ੍ਹਾਂ ਦੀ ਕੀ ਉਪਮਾ ਕਰੀਏ ਭਾਵ ਉਨ੍ਹਾਂ ਦੀ ਉਪਮਾ ਕਹਿਣੇ ਕਥਨ ਵਿੱਚ ਨਹੀਂ ਆਉਂਦੀ।

## *ਅਠਸਠਿ ਤੀਰਥ ਪੁੰਨ ਕਿਰਿਆ; ਮਹਾ ਨਿਰਮਲ ਚਾਰਾ ॥*

ਇਸ ਸਰੋਵਰ ਵਿੱਚ ਜਿਸ ਨੇ ਇਸ਼ਨਾਨ ਕੀਤਾ ਹੈ, ਅਥਵਾ ਸਤਿਸੰਗਤ ਵਿੱਚ ਜਿਸ ਨੇ ਨਿਵਾਸ ਕੀਤਾ ਹੈ, ਉਸਨੂੰ ਅਠਾਹਠ ਤੀਰਥਾਂ ਪਰ ਇਸ਼ਨਾਨ ਕਰਨ ਦਾ ਫਲ ਅਤੇ ਪੁੰਨ ਕਰਮਾਂ ਦੇ ਕਿਰਿਆ=ਕਰਨ ਦਾ ਫਲ ਅਤੇ ਮਹਾਂ ਨਿਰਮਲ ਚਾਰਾ=ਕਰਤਬਾਂ ਦਾ ਫਲ ਪ੍ਰਾਪਤ ਹੁੰਦਾ ਹੈ।

## *ਪਤਿਤ ਪਾਵਨੁ ਬਿਰਦੁ ਸੁਆਮੀ; ਨਾਨਕ ਸਬਦ ਅਧਾਰਾ ॥੩॥*

ਪਤਿਤ=ਪਾਪੀਆਂ ਨੂੰ ਪਾਵਨੁ=ਪਵਿੱਤਰ ਕਰਨ ਦਾ ਜਿਸ ਸੁਆਮੀ=ਮਾਲਕ ਦਾ ਬਿਰਦੁ=ਧਰਮ ਹੈ, ਗੁਰੂ ਜੀ ਉਚਾਰਨ ਕਰਦੇ ਹਨ ਕਿ ਅਸਾਂ ਨੇ ਗੁਰ ਸਬਦ ਦੁਆਰਾ ਉਸ ਬ੍ਰਹਮ ਦਾ ਅਧਾਰਾ=ਆਸਰਾ ਲੈਣਾ ਕੀਤਾ ਹੈ ॥੩॥

## *ਗੁਣ ਨਿਧਾਨ ਮੇਰਾ ਪ੍ਰਭੁ ਕਰਤਾ; ਉਸਤਤਿ ਕਉਨੁ ਕਰੀਜੈ ਰਾਮ ॥*

ਉਹ ਮੇਰਾ ਪ੍ਰਭੁ=ਰਖਿਅਕ ਪ੍ਰਮੇਸ਼ਰ ਸ੍ਰਿਸ਼ਟੀ ਨੂੰ ਕਰਤਾ=ਰਚਨ ਵਾਲਾ ਸ਼ੁਭ ਗੁਣਾਂ ਦਾ ਨਿਧਾਨਾ=ਖ਼ਜ਼ਾਨਾ ਹੈ, ਉਸ ਰਮੇ ਹੋਏ ਰਾਮ=ਪ੍ਰਮੇਸ਼ਰ ਦੀ ਉਸਤਤਿ=ਉਸਤਤੀ, ਵਡਿਆਈ ਕਉਨੁ=ਕਿਸ ਤਰ੍ਹਾਂ ਕਰੀਜੈ=ਕਰਨਾ ਕਰੀਏ।

## ਸੰਤਾ ਕੀ ਬੇਨੰਤੀ ਸੁਆਮੀ; ਨਾਮੁ ਮਹਾ ਰਸੁ ਦੀਜੈ ਰਾਮ ॥

ਜੋ ਸੰਤਾ=ਸਤਿਪੁਰਸ਼ਾਂ ਦੀ ਕੀਤੀ ਹੋਈ ਬੇਨੰਤੀ=ਬੇਨਤੀ ਨੂੰ ਪ੍ਰਵਾਨ ਕਰਦਾ ਹੈ, ਉਸ ਸੁਆਮੀ=ਮਾਲਕ ਅੱਗੇ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਰਾਮ=ਪ੍ਰਮੇਸ਼ਰ ! ਨਾਮ ਰੂਪ ਮਹਾ ਰਸੁ=ਵਡਾ ਆਤਮਿਕ ਰਸ ਮੈਨੂੰ ਦੀਜੈ=ਦੇਣਾ ਕਰੋ।

## ਨਾਮੁ ਦੀਜੈ ਦਾਨੁ ਕੀਜੈ; ਬਿਸਰੁ ਨਾਹੀ ਇਕ ਖਿਨੋ ॥

ਨਾਮ ਦੀਜੈ=ਦੇਣਾ ਕਰੋ, ਐਸੇ ਨਾਮ ਦਾ ਦਾਨ ਹੀ ਕੀਜੈ=ਕਰ ਦੇਣਾ ਕਰੋ, ਇੱਕ ਖਿਨੋ=ਨਿਮਖ ਭਰ ਭੀ ਆਪ ਬਿਸਰੁ=ਵਿਸਰੋ ਨਾ, ਭਾਵ ਭੁਲੋ ਨਾ।

## ਗੁਣ ਗੋਪਾਲ ਉਚਰੁ ਰਸਨਾ; ਸਦਾ ਗਾਈਐ ਅਨਦਿਨੋ ॥

ਹੇ ਭਾਈ ! ਇਸ ਰਸਨਾ=ਜਿਹਬਾ ਨਾਲ ਗੋਪਾਲ ਦੇ ਗੁਣਾਂ ਨੂੰ ਉਚਰੁ=ਉਚਾਰਨਾ ਕਰ ਅਤੇ ਸਦੀਵ ਕਾਲ ਅਨਦਿਨੋ=ਰਾਤ-ਦਿਨ ਰਾਗ=ਪ੍ਰੇਮ ਵਿੱਚ ਮਨ ਨੂੰ ਪਾ ਕੇ ਗੁਣ ਗਾਉਣਾ ਕਰੋ।

## ਜਿਸੁ ਪ੍ਰੀਤਿ ਲਾਗੀ ਨਾਮ ਸੇਤੀ; ਮਨੁ ਤਨੁ ਅੰਮ੍ਰਿਤ ਭੀਜੈ ॥

ਜਿਸੁ=ਜਿਸ ਦੀ ਨਾਮ ਸੇਤੀ=ਨਾਲ ਪ੍ਰੀਤਿ=ਪ੍ਰੀਤੀ ਲਾਗੀ=ਲਗੀ ਹੈ, ਉਸਦਾ ਮਨ ਤੇ ਤਨ ਨਾਮ-ਅੰਮ੍ਰਿਤ ਵਿੱਚ ਭੀਜੈ=ਭਿਜ ਗਿਆ ਹੈ।

## ਬਿਨਵੰਤਿ ਨਾਨਕ ਇਛ ਪੁੰਨੀ; ਪੇਖਿ ਦਰਸਨੁ ਜੀਜੈ ॥੪॥੭॥੧੦॥

ਸਤਿਗੁਰੂ ਜੀ ਬਿਨਵੰਤਿ=ਬੇਨਤੀ ਪੂਰਬਕ ਉਚਾਰਨ ਕਰਦੇ ਹਨ ਕਿ ਮੇਰੀ ਇਛ=ਇਛਾ ਪੁੰਨੀ=ਪੂਰਨ ਹੋਈ ਹੈ, ਪ੍ਰਮਾਤਮਾ ਦੇ ਦਰਸ਼ਨ ਨੂੰ ਦੇਖ ਕੇ ਜੀਜੈ=ਜਿਉਂਦਾ ਹਾਂ॥੪॥੭॥੧੦॥ ਜੈਸਾ ਕਿ :

**ਦਰਸਨੁ ਪੇਖਤ ਮੈ ਜੀਓ ॥ ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥**

[ਆਸਾ ਮਹਲਾ ੫, ਅੰਗ ੩੮੨]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੬ [ਆਦਿ ਅੰਗ ੭੮੫]

*ਸਲੋਕੁ ਮਃ ੩ ॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥ ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥ ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥ ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥ ਮਃ ੩ ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥ ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥ ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥ ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥ ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥*

## *ਸਲੋਕੁ ਮਃ ੩ ॥*

ਸੂਹੀ ਦੀ ਵਾਰ ਵਿੱਚ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਅੰਮ੍ਰਿਤ ਬਚਨ ਉਚਾਰਿਆ ਹੈ, ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਜਿਸ ਵਿੱਚ ਪਾਖੰਡ ਕਰਮ ਕਰਨ ਵਾਲੀ ਜੀਵ ਰੂਪ ਇਸਤਰੀ ਨੂੰ ਉਪਦੇਸ਼ ਦੇਂਦੇ ਹੋਏ ਫ਼ੁਰਮਾਨ ਕਰਦੇ ਹਨ :

## *ਸੂਹਬ ਤਾ ਸੋਹਾਗਣੀ; ਜਾ ਮੰਨਿ ਲੈਹਿ ਸਚੁ ਨਾਉ ॥*

ਹੇ (ਸਕਾਮ ਕਰਮ ਰੂਪ) ਸੂਹਬ=ਸੂਹੇ ਵੇਸ, ਲਿਬਾਸ ਵਾਲੀਏ, **ਵਾ:** ਸੂਹੇ ਭਾਵ ਪਾਖੰਡ ਰੂਪ ਵੇਸ ਵਾਲੀਏ ਤੂੰ ਤਦ ਸੁਹਾਗਣੀ ਹੈ, ਭਾਵ ਤਾਂ ਸੁਹਾਗਵੰਤੀ ਹੈ, ਜਦੋਂ ਸੱਚੇ ਪ੍ਰਮਾਤਮਾ ਦਾ ਨਾਉ=ਨਾਮ ਮੰਨ ਲਵੇ।

## *ਸਤਿਗੁਰੁ ਅਪਣਾ ਮਨਾਇ ਲੈ, ਰੂਪੁ ਚੜੀ ਤਾ ਅਗਲਾ; ਦੂਜਾ ਨਾਹੀ ਥਾਉ ॥*

ਆਪਣੇ ਸਤਿਗੁਰੂ ਨੂੰ ਮਨਾ ਲੈ ਭਾਵ ਖ਼ੁਸ਼ ਕਰ ਲੈ ਤਾ=ਤਦੋਂ (ਸ਼ੌਕ ਅਵਸਥਾ ਰੂਪ) ਅਗਲਾ=ਬਹੁਤਾ ਰੂਪ ਚੜੀ=ਚੜ੍ਹੇਗਾ, ਗੁਰੂ ਤੋਂ ਬਿਨਾਂ ਇਸ ਰੰਗ ਨੂੰ ਚਾੜ੍ਹਨ ਲਈ ਹੋਰ ਕੋਈ ਦੂਜਾ ਥਾਉ ਨਹੀਂ ਹੈ।

## *ਐਸਾ ਸੀਗਾਰੁ ਬਣਾਇ ਤੂ, ਮੈਲਾ ਕਦੇ ਨ ਹੋਵਈ; ਅਹਿਨਿਸਿ ਲਾਗੈ ਭਾਉ ॥*

ਤੂੰ ਅਜਿਹਾ ਸ਼ੁਭ ਗੁਣਾਂ ਦਾ ਸ਼ਿੰਗਾਰ ਬਨਾਉਣਾ ਕਰ, ਜੋ ਕਦੇ ਭੀ ਮੈਲਾ ਨਾ ਹੋਵੇ ਤਾਂ ਤੇਰਾ ਅਹਿਨਿਸਿ=ਦਿਨ-ਰਾਤ ਪ੍ਰਮੇਸ਼ਰ ਨਾਲ ਭਾਉ=ਪ੍ਰੇਮ ਲੱਗੇਗਾ। ਜੈਸਾ ਕਿ :

੧. **ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥**
**ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥** [ਬਿਲਾਵਲ ਮਹਲਾ ੫, ਅੰਗ ੮੧੨]

੨. **ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥**
**ਤਾ ਸੁਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥**
[ਤਿਲੰਗ ਮਹਲਾ ੧, ਅੰਗ ੭੨੨]

੩. **ਸਤੁ ਸੀਗਾਰੁ ਭਾਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥**
**ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥ ਧਨ ਸਭ ਸੁਖ ਪਾਵੈ ਜਾ ਪਿਰੁ ਘਰਿ ਆਵੈ॥੨॥**
**ਗੁਣ ਕਾਮਣਿ ਕਰਿ ਕੰਤੁ ਰੀਝਾਇਆ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥**
[ਸੂਹੀ ਮਹਲਾ ੫, ਅੰਗ ੭੩੭]

੪. **ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ॥**
[ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੨੦]

ਸੋ, ਇਸ ਪ੍ਰਕਾਰ ਅੰਤ੍ਰੀਵ ਗੁਣਾਂ ਦਾ ਸ਼ਿੰਗਾਰ ਕਰਨ ਦੀ ਆਗਿਆ ਦਿੱਤੀ ਹੈ। ਜੋ ਦਿਖਾਵੇ ਵਾਲੇ ਕਰਮ ਕਰਨੇ ਹਨ, ਉਨ੍ਹਾਂ ਦਾ ਖੰਡਨ ਕਰਦਿਆਂ ਹੋਇਆਂ ਉਸ ਔਰਤ ਨਾਲ ਤੁਲਨਾ ਦਿੱਤੀ ਹੈ, ਜਿਸ ਨੇ ਆਪਣੇ ਸਰੀਰ 'ਤੇ ਸੋਲਾਂ ਸ਼ਿੰਗਾਰ ਕੀਤੇ ਹੋਣ। ਅੱਖਾਂ ਵਿੱਚ ਸੁਰਮਾ ਵੀ ਪਾਇਆ ਹੋਵੇ। ਜੇ ਘਰ ਪਤੀ ਨਹੀਂ ਆਇਆ ਤਾਂ ਸਰੀਰ 'ਤੇ ਕੀਤਾ ਸਾਰਾ ਸ਼ਿੰਗਾਰ ਵਿਅਰਥ ਹੈ। ਜੈਸਾ ਕਿ ਫ਼ੁਰਮਾਨ ਹੈ।

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥ ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥ ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥੩॥**
[ਫੁਨਹੇ ਮਹਲਾ ੫, ਅੰਗ ੧੩੬੧]

ਜਿਵੇਂ ਸੰਸਾਰਿਕ ਔਰਤ ਦਾ ਪਤੀ ਤੋਂ ਬਿਨਾਂ ਇਹ ਸ਼ਿੰਗਾਰ ਵਿਅਰਥ ਹੈ, ਇਸ ਤਰ੍ਹਾਂ ਪਤੀ ਰੂਪ ਪ੍ਰਮਾਤਮਾ ਦੇ ਹਿਰਦੇ ਰੂਪ ਘਰ ਵਿੱਚ ਆਉਣ ਤੋਂ ਬਿਨਾਂ ਕੀਤਾ ਜਪ-ਤਪ ਰੂਪ, **ਵਾ:** ਭੇਖ ਰੂਪ ਸ਼ਿੰਗਾਰ ਵਿਅਰਥ ਹੈ। ਇਸੇ ਲਈ ਫ਼ੁਰਮਾਨ ਕੀਤਾ ਹੈ। ਜੈਸਾ ਕਿ:

**ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥**
**ਮਤੁ ਸੇਜੈ ਕੰਤੁ ਨਾ ਆਵਈ ਏਵੈ ਬਿਰਥਾ ਜਾਇ॥** [ਸੂਹੀ ਕੀ ਵਾਰ ਮਹਲਾ ੩, ਅੰਗ ੭੮੮]

ਸੋ, ਗੁਰਮਤਿ ਸਿਧਾਂਤ ਵਿੱਚ ਉਨ੍ਹਾਂ ਔਰਤਾਂ ਨੂੰ ਭੀ ਉਪਦੇਸ਼ ਦਿੱਤਾ ਹੈ, ਜਿਹੜੀਆਂ ਕੇਵਲ ਲੋਕਾਂ ਨੂੰ ਮੋਹਿਤ ਕਰਨ ਵਾਸਤੇ ਦਿਖਾਵੇ ਮਾਤਰ ਸ਼ਿੰਗਾਰ ਕਰਦੀਆਂ ਹਨ। ਐਸੀਆਂ ਔਰਤਾਂ ਦੀ ਗਿਣਤੀ ੧੦੦ ਵਿੱਚੋਂ ੯੯ ਫ਼ੀਸਦੀ ਹੈ। ਪਰ ਕੋਈ ਇੱਕ ਫ਼ੀਸਦੀ ਔਰਤ ਹੈ, ਜੋ ਕੇਵਲ ਪਤੀ ਨੂੰ ਪ੍ਰਸੰਨ ਕਰਨ ਲਈ ਸ਼ਿੰਗਾਰ ਲਾਉਂਦੀ ਹੈ। ਸ਼ਿੰਗਾਰ ਦਾ ਐਸਾ ਭੈੜਾ ਰਿਵਾਜ਼ ਸੰਸਾਰ ਵਿੱਚ ਚਲਿਆ ਹੈ ਕਿ ਵਿਧਵਾ ਹੋਈਆਂ ਔਰਤਾਂ ਭੀ ਸ਼ਿੰਗਾਰ ਕਰੀ ਜਾਂਦੀਆਂ ਹਨ। ਸ਼ਿੰਗਾਰ ਉਹ ਹੀ ਸਫਲਾ ਹੈ, ਜਿਸ ਵਿੱਚ ਪਤੀ ਦੀ ਪ੍ਰਸੰਨਤਾ ਹੋਵੇ। ਜਦੋਂ ਪਤੀ ਦੀ ਪ੍ਰਾਪਤੀ ਹੀ ਨਹੀਂ ਤਾਂ ਸ਼ਿੰਗਾਰ ਕਾਹਦਾ। ਸ਼ਿੰਗਾਰ ਤਾਂ ਭਾਵੇਂ ਕੁਆਰੀ ਲੜਕੀ ਭੀ ਕਰ ਸਕਦੀ ਹੈ, ਪਰ ਪਤੀ ਦੀ ਪ੍ਰਾਪਤੀ ਨਾ ਹੋਣ ਕਰਕੇ ਅਨੰਦ ਨਹੀਂ ਮਾਣ ਸਕਦੀ। ਜੈਸਾ ਕਿ:

**ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥**
[ਸੂਹੀ ਕਬੀਰ ਜੀ, ਅੰਗ ੭੯੨]

ਸੋ, ਇਸੇ ਤਰ੍ਹਾਂ ਕੁਆਰੀ ਕੰਨਿਆ ਦੀ ਨਿਆਈਂ ਉਹ ਜਗਿਆਸੂ ਰੂਪ ਔਰਤਾਂ ਹਨ, ਜਿਹੜੀਆਂ ਨੇ ਲਿਬਾਸ ਤਾਂ ਸੰਤ ਰੂਪ ਸੁਹਾਗਨਾਂ ਵਾਲਾ ਪਹਿਨਿਆ ਹੋਇਆ ਹੈ, ਪਰ ਪਤੀ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਨਾ ਹੋਣ ਕਰਕੇ ਆਤਮਿਕ ਅਨੰਦ ਪ੍ਰਾਪਤ ਨਹੀਂ ਹੁੰਦਾ। ਐਸੀਆਂ ਮਨਮੁਖ ਇਸਤਰੀਆਂ ਨੂੰ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਪ੍ਰਾਪਤ ਨਹੀਂ ਹੋਇਆ, ਜਨਮ ਵਿਅਰਥ ਜਾ ਰਿਹਾ ਹੈ। ਜੈਸਾ ਕਿ:

**ਮਨਿਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥**
**ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥**
**ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥**
[ਰਾਮਕਲੀ ਕੀ ਵਾਰ ਮਹਲਾ ੩, ਅੰਗ ੯੫੦]

ਸੋ, ਐਸਾ ਸ਼ਿੰਗਾਰ ਕਰਨ ਦੀ ਆਗਿਆ ਹੈ, ਜਿਹੜਾ ਕਦੇ ਭੀ ਮੈਲਾ ਨਹੀਂ ਹੁੰਦਾ। ਬਾਹਰਲਾ ਸ਼ਿੰਗਾਰ ਗੁਰਸਿੱਖ ਬੀਬੀਆਂ ਨੂੰ ਵਿਵਰਜਿਤ ਕੀਤਾ ਹੈ, ਬਲਕਿ ਅੰਤ੍ਰੀਵ ਸ਼ੁਭ ਗੁਣਾਂ ਰੂਪ ਗਹਿਣੇ ਇਸ ਪ੍ਰਕਾਰ ਬਖ਼ਸ਼ੇ ਹਨ। ਜੈਸਾ ਕਿ :

**ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥**
**ਲਾਲ ਬਹੁ ਗੁਣਿ ਕਾਮਣਿ ਮੋਹੀ ॥**
**ਤੇਰੇ ਗੁਣ ਹੋਹਿ ਨ ਅਵਰੀ ॥੧॥ਰਹਾਉ॥**
**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥**
**ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥**
**ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥**
**ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥੩॥**
**ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥**

[ਆਸਾ ਘਰੁ ੬, ਮਹਲਾ ੧, ਅੰਗ ੩੫੯]

ਵਾਹਿਗੁਰੂ ਪਤੀ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸੰਤ ਰੂਪ ਸੁਹਾਗਨਾਂ ਕੋਲ ਜਾ ਕੇ ਪੁੱਛੀਏ ਕਿ ਤੁਸੀਂ ਕਿਹੜਿਆਂ ਗੁਣਾਂ ਨਾਲ ਪ੍ਰਮਾਤਮਾ ਦੇ ਮਿਲਾਪ ਦਾ ਅਨੰਦ ਮਾਣਿਆ ਹੈ। ਜੈਸਾ ਕਿ :

**ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀਂ ॥**
**ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥**
**ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥** [ਸਿਰੀਰਾਗੁ ਮਹਲਾ ੧, ਅੰਗ ੧੭]

**ਸਾਖੀ ਫ਼ਰੀਦ ਜੀ ਦੀ, ਪਤੀ ਪ੍ਰਮਾਤਮਾ ਪ੍ਰਾਪਤ ਕਰਨ ਦਾ ਉਪਦੇਸ਼—**ਬਾਬਾ ਫ਼ਰੀਦ ਸਾਹਿਬ ਦੇ ਕੋਲ ਇੱਕ ਜਗਿਆਸੂ ਸਿਖਿਆ ਲੈਣ ਲਈ ਆਇਆ। ਜਿਸ ਨੇ ਆ ਕੇ ਫ਼ਰੀਦ ਸਾਹਿਬ ਨੂੰ ਪੁੱਛਿਆ ਕਿ ਕਿਹੜੇ ਗੁਣਾਂ ਨਾਲ ਪਤੀ ਪ੍ਰਮਾਤਮਾ ਵਸ ਆਉਂਦਾ ਹੈ। ਫ਼ਰੀਦ ਸਾਹਿਬ ਅਜੇ ਗੱਲ ਸ਼ੁਰੂ ਹੀ ਕਰ ਰਹੇ ਸਨ ਕਿ ਇਤਨੇ ਨੂੰ ਇੱਕ ਬੀਬੀ ਬੜੀ ਕਾਹਲੀ-ਕਾਹਲੀ ਤੁਰਦੀ ਹੋਈ ਆਈ, ਫ਼ਰੀਦ ਸਾਹਿਬ ਦੇ ਕੋਲ ਪਹੁੰਚ ਕੇ ਮੱਥਾ ਟੇਕਿਆ, ਬੇਨਤੀ ਕਰਨ ਲੱਗੀ ਕਿ ਹੇ ਮਹਾਤਮਾ ਫ਼ਰੀਦ ਜੀ! ਕੋਈ ਐਸਾ ਟੂਣਾ ਜਾਦੂ ਜਾਂ ਤਵੀਤ ਕਰ ਕੇ ਦਿਓ, ਜਿਸ ਨਾਲ ਮੈਂ ਆਪਣੇ ਪਤੀ ਨੂੰ ਵਸ ਵਿੱਚ ਕਰ ਲਵਾਂ। ਇਹ ਗੱਲ ਸੁਣ ਕੇ ਫ਼ਰੀਦ ਸਾਹਿਬ ਜੀ ਥੋੜ੍ਹਾ ਜਿਹਾ ਮੁਸਕਰਾਏ ਅਤੇ ਜਗਿਆਸੂ ਨੂੰ ਕਹਿਣ ਲੱਗੇ ਕਿ ਤੁਹਾਡੇ ਦੋਹਾਂ ਦਾ ਮਸਲਾ ਇਕੋ ਹੀ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਤੂੰ ਖ਼ੁਦਾ ਰੂਪ ਪਤੀ ਨੂੰ ਵਸ ਕਰਨਾ ਚਾਹੁੰਦਾ ਹੈ ਤੇ ਇਹ ਆਪਣੇ ਪ੍ਰਤੱਖ ਪਤੀ ਨੂੰ ਵਸ ਕਰਨਾ ਚਾਹੁੰਦੀ ਹੈ। ਉਸ ਬੀਬੀ ਪ੍ਰਤੀ ਜੋ ਫ਼ਰੀਦ ਸਾਹਿਬ ਨੇ ਸਿੱਖਿਆ ਦਿੱਤੀ, ਉਹੀ ਅੰਤ੍ਰੀਵ ਭਾਵ ਵਿੱਚ ਜਗਿਆਸੂ ਪ੍ਰਤੀ ਹੈ। ਸੋ, ਫ਼ਰੀਦ ਜੀ ਕਹਿਣ ਲੱਗੇ ਕਿ ਹੇ ਬੀਬੀ! ਐਸੀ ਭਾਵਨਾ ਦੇ ਨਾਲ ਮੈਂ ਸਹਿਮਤ ਨਹੀਂ, ਕਿਉਂਕਿ ਜਦੋਂ ਕਿਸੇ ਦੇ ਮਨ ਵਿੱਚ ਕਿਸੇ ਨੂੰ ਵਸ ਕਰਨ ਦਾ ਭਾਵ ਪੈਦਾ ਹੁੰਦਾ ਹੈ ਤਾਂ ਇਸ ਦਾ ਸਿੱਧਾ ਸੰਬੰਧ ਹਉਮੈ ਨਾਲ ਹੈ। ਜਿਨ੍ਹਾਂ ਇਸਤਰੀਆਂ ਦੇ ਮਨ ਵਿੱਚ ਪਤੀ ਨੂੰ ਵਸ ਕਰਨ ਦੀ ਭਾਵਨਾ ਹੈ, ਉਨ੍ਹਾਂ ਦੇ ਪਤੀ ਕਦੇ ਉਨ੍ਹਾਂ ਦੇ ਵਸ ਨਹੀਂ ਹੋਣਗੇ। ਲੱਖਾਂ ਟੂਣੇ ਤੇ ਜਾਦੂ ਕਰ ਲੈਣ। ਐਸੇ ਪਾਖੰਡੀ ਭੇਖੀ ਸੰਤਾਂ ਨਾਲ ਭੀ ਮੈਂ ਸਹਿਮਤ ਨਹੀਂ ਹਾਂ, ਜੋ ਆਪਣੀ ਪੂਜਾ ਦੇ ਲਾਲਚ ਵਿੱਚ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ, ਉਹ ਖ਼ੁਦਾ ਦੀ ਬੰਦਗੀ ਤੋਂ ਵਾਂਝੇ ਹਨ। ਫ਼ਰੀਦ ਜੀ ਕਹਿਣ ਲੱਗੇ ਕਿ ਹੇ ਬੀਬਾ! ਪਤੀ ਨੂੰ ਵਸ ਕਰਨ ਦੀ ਜੁਗਤੀ ਇਸੇ ਵਿੱਚ ਹੈ ਕਿ ਪਤੀ ਨੂੰ ਵਸ ਕਰਨ ਦੀ ਇੱਛਾ ਤਿਆਗ ਦੇ, ਆਪ ਪਤੀ ਦੇ ਵਸ ਵਿੱਚ ਹੋਣ ਦੀ ਇੱਛਾ ਪੈਦਾ ਕਰ। ਪਤੀ ਉਨ੍ਹਾਂ ਦੇ ਵਸ ਹੁੰਦਾ ਹੈ, ਜੋ ਪਤੀ ਦੇ ਵਸ

ਵਿੱਚ, ਭਾਵ ਪਤੀ ਦੀ ਆਗਿਆ ਵਿੱਚ ਚੱਲਣ। ਪਤੀ ਦੇ ਵਸ ਕਰਨ ਦੀ ਭਾਵਨਾ ਨੇ ਕਿੰਨੀਆਂ ਬੀਬੀਆਂ ਦੇ ਪਤੀ ਜਾਦੂ, ਟੂਣਿਆਂ ਦੁਆਰਾ ਪਾਗਲ ਕਰ ਦਿੱਤੇ ਹਨ। ਘਰ ਵਸਣ ਦੀ ਥਾਂ ਉੱਜੜ ਗਏ ਹਨ। ਸੋ ਫ਼ਰੀਦ ਜੀ ਨੇ ਬਾਣੀ ਉਚਾਰਨ ਕਰਕੇ ਉਪਦੇਸ਼ ਦਿੱਤਾ। ਜੈਸਾ ਕਿ :

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥** [ਸਲੋਕ ਫਰੀਦ ਜੀ, ਅੰਗ ੧੩੮੪]

ਉਹ ਕਿਹੜੇ ਅਖਰ ਅਤੇ ਉਹ ਕਿਹੜੇ ਗੁਣ ਧਾਰਨ ਕਰਨ ਯੋਗ ਹਨ, ਕਿਹੜੀਆਂ ਮਣੀਆਂ ਦਾ ਹਾਰ ਪਹਿਨੇ, ਅਥਵਾ :—ਕਿਹੜੇ ਮੰਤ੍ਰ ਦਾ ਜਾਪ ਕਰਨ ਨਾਲ ਵਸ ਆਵੇ, ਕਿਹੜਾ ਲਿਬਾਸ ਧਾਰਨ ਕਰਾਂ, ਜਿਸ ਕਰਕੇ ਮੇਰਾ ਪਤੀ ਵਸ ਆਵੇ। ਸੋ, ਇਸ ਸਲੋਕ ਵਿੱਚ ਉਸ ਬੀਬੀ ਦੀ ਭਾਵਨਾ ਪ੍ਰਗਟ ਕਰਦੇ ਉਸ ਦਾ ਉਤਰ ਦਿੰਦੇ ਹਨ। ਜੈਸਾ ਕਿ :

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥੧੨੭॥** [ਸਲੋਕ ਫਰੀਦ ਜੀ, ਅੰਗ ੧੩੮੪]

ਫ਼ਰੀਦ ਜੀ ਨੇ ਉਤਰ ਦਿੱਤਾ ਕਿ ਨਿਮਰਤਾ ਧਾਰਨ ਰੂਪ ਅੱਖਰ ਪੜ੍ਹਣਾ ਹੈ ਖਵਣੁ=ਖਿਮਾ ਕਰਕੇ ਖੋਟੇ ਬਚਨਾਂ ਨੂੰ ਸਹਾਰਨਾ ਇਹੀ ਗੁਣ ਹੈ। ਜੀਭ ਨਾਲ ਮਿੱਠਾ ਅਤੇ ਨਿਮਰਤਾ ਦਾ ਬਚਨ ਬੋਲਣਾ ਇਹ ਮਣੀਆਂ ਰੂਪ ਅਮੋਲਕ, ਵਾ—ਸ਼ਿਰੋਮਣੀ ਮੰਤ੍ਰ ਹੈ। ਇਹ ਤਿੰਨ ਗੁਣਾਂ ਰੂਪ ਵੇਸ-ਲਿਬਾਸ ਨੂੰ ਧਾਰਨ ਕਰਨਾ ਕਰ, ਤਾਂ ਪਤੀ ਤੇਰੇ ਵਸ ਆ ਜਾਵੇਗਾ। ਇਹੀ ਉਪਦੇਸ਼ ਜਗਿਆਸੂ ਨੂੰ ਦਿੱਤਾ ਅੰਤ੍ਰੀਵ ਭਾਵ ਵਿੱਚ **ਅਰਥ ਦੂਜਾ—**ਜਗਿਆਸੂ ਨੇ ਪੁੱਛਿਆ ਸੀ ਕਿ ਮੈਂ ਕਿਹੜੇ ਅੱਖਰ ਪੜ੍ਹਾਂ, ਕਿਹੜੇ ਗੁਣਾਂ ਨੂੰ ਧਾਰਨ ਕਰਾਂ, ਸਾਰਿਆਂ ਦਾ ਸ਼ਿਰੋਮਣੀ ਜਾਂ ਸਰਬ ਮਣੀਆਂ ਰਤਨਾਂ ਦੀ ਤਰ੍ਹਾਂ ਪ੍ਰਕਾਸ਼ਕ ਮੰਤ੍ਰ ਕਿਹੜਾ ਹੈ, ਜਿਸਦਾ ਮੈਂ ਜਾਪ ਕਰਾਂ, ਕਿਹੜਾ ਐਸਾ ਉਤਮ ਭੇਸ ਹੈ, ਲਿਬਾਸ ਹੈ, ਜਿਸਨੂੰ ਮੈਂ ਧਾਰਨ ਕਰਾਂ, ਜਿਸ 'ਤੇ ਮੇਰਾ ਪਤੀ ਪ੍ਰਮਾਤਮਾ ਵਸ ਆਵੇ ? ਨਿਮਰਤਾ ਧਾਰਨ ਕਰਨੇ ਰੂਪ ਅੱਖਰ ਪੜ੍ਹਨਾ ਕਰ। ਖਵਣੁ=ਖਿਮਾ ਕਰਨਾ, ਖੋਟੇ ਬਚਨ ਸੁਣ ਕੇ ਖਿਮਾ ਰੱਖਣੀ, ਖੋਟੇ ਬਚਨਾਂ ਨੂੰ ਸਹਾਰਨਾ ਇਹੀ ਗੁਣ ਹੈ। ਜਿਹਬਾ ਦੇ ਨਾਲ ਵਾਹਿਗੁਰੂ ਨਾਮ ਮੰਤ੍ਰ ਦਾ ਉਚਾਰਨ ਕਰਨਾ, ਇਹ ਮਣੀਆਂ ਰੂਪ ਸ਼ਿਰੋਮਣੀ ਮੰਤ੍ਰ ਹੈ, ਵਾ—ਮਣੀਆਂ ਦੀ ਨਿਆਈਂ ਸ਼ਿਰੋਮਣੀ ਮੰਤ੍ਰ ਹੈ। ਹੇ ਜਗਿਆਸੂ ਰੂਪ ਭੈਣੇ ! ਜਦੋਂ ਤਿੰਨ ਗੁਣਾਂ ਦੇ ਧਾਰਨ ਰੂਪ ਲਿਬਾਸ ਨੂੰ ਧਾਰਨ ਕਰੇਂਗੀ ਤਾਂ ਪਤੀ ਪ੍ਰਮਾਤਮਾ ਤੇਰੇ ਵਸ ਵਿੱਚ ਆ ਜਾਵੇਗਾ।

ਸਤਿਗੁਰੂ ਗੁਰੂ ਅਮਰਦਾਸ ਜੀ ਨੇ ਮੁਖਵਾਕ ਦੀ ਤੁਕ ਵਿੱਚ ਐਸਾ ਉਚਾਰਨ ਕੀਤਾ ਹੈ ਕਿ ਐਸਾ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਬਨਾਉਣਾ ਕਰ, ਜਿਸ ਕਰਕੇ ਤੈਨੂੰ ਵਿਸ਼ਿਆਂ ਰੂਪੀ ਮੈਲ ਕਦੇ ਭੀ ਨਾ ਲੱਗੇਗੀ ਤੇ ਦਿਨ-ਰਾਤ ਪ੍ਰਮਾਤਮਾ ਵਿੱਚ ਪ੍ਰੇਮ ਲੱਗਾ ਰਹੇਗਾ।

## *ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ;*
## *ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥*

ਕਿਸੇ ਜਗਿਆਸੂ ਨੇ ਸਵਾਲ ਕੀਤਾ ਸੀ ਕਿ ਸੁਹਾਗਣ ਇਸਤਰੀ ਦਾ ਕੀ ਚਿੰਨ੍ਹ ਹੈ ? ਇਹ ਉਪਰਲੀ ਅੱਧੀ ਤੁਕ ਵਿੱਚ ਆਏ ਹੋਏ ਪ੍ਰਸ਼ਨ ਦਾ ਕਥਨ ਕੀਤਾ ਹੈ। ਹੁਣ ਅੱਧੀ ਤੁਕ ਵਿੱਚ ਜੋ ਸਤਿਗੁਰਾਂ ਨੇ ਉਤਰ ਦਿੱਤਾ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸਦੇ ਅੰਤਸ਼ਕਰਣ ਵਿੱਚ ਸੱਚ ਹੈ। ਤੇ ਮੂੰਹ ਦੇ ਉੱਤੇ ਸ਼ੁਭ ਗੁਣਾ ਦਾ ਉਜਾਲਾ ਹੈ, **ਵਾ:** ਅਉਗੁਣਾਂ ਰੂਪ ਕੋਈ ਦਾਗ ਨਹੀਂ ਲੱਗਿਆ ਹੋਇਆ ਉਜਲਾ=ਸ਼ੁਧ ਹੈ ਤੇ ਖਸਮੈ=ਮਾਲਕ ਦੇ ਹੁਕਮ ਵਿੱਚ ਸਮਾਈ ਰਹਿੰਦੀ ਹੈ। ਭਾਵ ਭਾਣੇ ਵਿੱਚ ਚਲਦੀ ਹੈ। ਉਹ ਸੁਹਾਗਣ ਇਸਤਰੀ ਹੈ। ਸੁਹਾਗਣੀ ਤੇ ਹੋਰ ਭੀ ਪ੍ਰਮਾਣ ਗੁਰਬਾਣੀ ਵਿੱਚ ਮਿਲਦੇ ਹਨ। ਜੈਸਾ ਕਿ :

**ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥**
**ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥੨॥** [ਆਸਾ ਮਹਲਾ ੩, ਅੰਗ ੪੨੬]

ਸੋ, ਇਸੇ ਸ਼ਬਦ ਵਿੱਚ ਸੁਹਾਗਣੀ ਤੇ ਅਗਲੀਆਂ ਤੁਕਾਂ ਵਿੱਚ ਕਥਨ ਕੀਤਾ ਹੈ। ਜੈਸਾ ਕਿ :

**ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥੨॥**
**ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥** [ਆਸਾ ਮਹਲਾ ੩, ਅੰਗ ੪੨੬]

## *ਮਃ ੩ ॥ ਲੋਕਾ ਵੇ ਹਉ ਸੂਹਵੀ; ਸੂਹਾ ਵੇਸੁ ਕਰੀ ॥*

ਲੋਕਾ ਵੇ=ਹੇ ਲੋਕੋ ! ਹਉ=ਮੈਂ ਸੂਹਵੀ=ਪਾਖੰਡਣ ਹਾਂ, ਕਿਉਂਕਿ ਪਦਾਰਥਾਂ ਵਾਸਤੇ ਮੈਂ ਸੂਹਾ=ਪਾਖੰਡ ਕਰਨ ਵਾਲਾ ਵੇਸ ਕਰਦੀ ਹਾਂ। ਜਿਸ ਪਾਖੰਡ ਭੇਖ ਦੁਆਰਾ ਉਹ ਰਖਿਅਕ ਪ੍ਰਮੇਸ਼ਰ ਕਦੇ ਵੀ ਪ੍ਰਾਪਤ ਨਹੀਂ ਹੁੰਦਾ, ਇਹ ਸਤਿਗੁਰਾਂ ਦੀ ਸੱਚੀ ਸਿਖਿਆ ਹੈ। ਜੈਸਾ ਕਿ :

੧. **ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥** [ਡਖਣੇ ਮਹਲਾ ੫, ਅੰਗ ੧੦੯੯]

੨. **ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥**
**ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥** [ਸਿਰੀਰਾਗੁ ਮਹਲਾ ੩, ਅੰਗ ੨੬]

੩. **ਪਾਖੰਡਿ ਪ੍ਰੇਮ ਨ ਪਾਈਐ ਖੋਟਾ ਪਾਜੁ ਖੁਆਰ ॥੧॥** [ਸਿਰੀਰਾਗ ਮਹਲਾ ੧, ਅੰਗ ੫੪]

੪. **ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥**
[ਵਾਰ ਬਿਲਾਵਲ ਮਹਲਾ ੩, ਅੰਗ ੮੪੯]

੫. **ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥** [ਆਸਾ ਮਹਲਾ ੩, ਅੰਗ ੪੪੦]

## *ਵੇਸੀ ਸਹੁ ਨ ਪਾਈਐ; ਕਰਿ ਕਰਿ ਵੇਸ ਰਹੀ ॥*

ਵੇਸੀ=ਭੇਖਾਂ ਦੇ ਧਾਰਨ ਕਰਕੇ ਸਹੁ=ਪਤੀ, ਪ੍ਰਮਾਤਮਾ ਨ=ਨਹੀਂ ਪਾਈਐ=ਪਾਈਦਾ ਜਗਿਆਸੂ ਮੁਖ ਦੁਆਰਾ ਕਹਿ ਰਹੇ ਹਨ ਕਿ ਮੈਂ ਬਹੁਤ ਵੇਸ ਰਹੀ=ਲਿਬਾਸ ਧਾਰਨ ਕਰ-ਕਰ ਕੇ ਥੱਕ ਰਹੀ ਹਾਂ।

## *ਨਾਨਕ ਤਿਨੀ ਸਹੁ ਪਾਇਆ; ਜਿਨੀ ਗੁਰ ਕੀ ਸਿਖ ਸੁਣੀ ॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਨੇ ਸਹੁ=ਪਤੀ ਵਾਹਿਗੁਰੂ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਜਿਨ੍ਹਾਂ ਨੇ ਪ੍ਰੇਮ ਦੇ ਨਾਲ ਸਿਖ=ਸਿਖਿਆ ਨੂੰ ਸੁਣੀ=ਸੁਣਨਾ ਕੀਤਾ ਹੈ, ਕਿਉਂਕਿ ਪ੍ਰਮੇਸ਼ਰ ਦਾ ਪਾਉਣਾ ਗੁਰੂ ਸਿਖਿਆ ਦੁਆਰਾ ਹੀ ਹੈ। ਆਪਣੇ ਆਪ ਕੋਈ ਨਹੀਂ ਪਾ ਸਕਿਆ, ਜਿਸ ਨੇ ਵੀ ਪਾਇਆ ਗੁਰੂ ਦੁਆਰਾ ਹੀ ਪਾਇਆ ਹੈ। ਸੁਖਦੇਵ ਮੁਨੀ ਵਰਗੇ ਜੋ ਜਨਮ ਤੋਂ ਮਹਾਨ ਤਪੱਸਵੀ ਸੀ, ਜਦੋਂ ਆਪਣੇ ਪਿਤਾ ਨਾਲ ਪ੍ਰਮਾਤਮਾ ਦੇ ਪਾਉਣ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਮਿਥਲਾਪੁਰੀ ਦੇ ਰਾਜਾ ਜਨਕ, ਜੋ ਬ੍ਰਹਮ ਗਿਆਨੀ ਸਨ, ਉਨ੍ਹਾਂ ਦੇ ਕੋਲ ਭੇਜਿਆ। ਪਹਿਲਾਂ ਕਸੌਟੀ ਨਾ ਸਹਾਰ ਸਕਿਆ, ਗੁਰੂ 'ਤੇ ਸ਼ੰਕਾ ਕਰਕੇ ਮੁੜ ਆਇਆ ਸੀ। ਫਿਰ ਨਾਰਦ ਮੁਨੀ ਦੇ ਤਰਕ ਕਰਨ ਤੋਂ ਅਤੇ ਰਿਸ਼ੀ ਵਿਆਸ ਜੀ ਦੇ ਉਪਦੇਸ਼ ਦੇਣ ਤੋਂ ੧੨ ਸਾਲ ਜੂਠੀਆਂ ਪਤਲਾਂ ਸਿਰ ਵਿੱਚ ਪੈਂਦੀਆਂ ਰਹੀਆਂ, ਹੇਠਾਂ ਖੜ੍ਹਾ ਰਿਹਾ ਸੀ। ਜਦੋਂ ਪੂਰਨ ਰੂਪ ਵਿੱਚ ਹਉਮੈ ਨਿਕਲ ਗਈ ਤਾਂ ਗੁਰੂ ਦੇ ਦਿੱਤੇ ਗਿਆਨ ਦੁਆਰਾ ਪ੍ਰਮਾਤਮਾ ਪਤੀ ਦੀ ਪ੍ਰਾਪਤੀ ਹੋਈ। ਇਸੇ ਤਰ੍ਹਾਂ ਮਹਾਰਾਜੇ ਜਨਕ ਨੂੰ ਆਪਣੇ ਗੁਰੂ ਅਸ਼ਟਾਵੱਕਰ ਦੁਆਰਾ ਪ੍ਰਾਪਤੀ ਹੋਈ ਸੀ।

## *ਜੋ ਤਿਸੁ ਭਾਵੈ ਸੋ ਥੀਐ; ਇਨ ਬਿਧਿ ਕੰਤ ਮਿਲੀ ॥੨॥*

ਜੋ ਤਿਸੁ=ਉਸ ਪ੍ਰਭੂ ਨੂੰ ਭਾਵੈ=ਭਾਉਂਦਾ ਹੈਂ, ਸੋ=ਉਹ ਕੁਝ ਥੀਐ=ਹੁੰਦਾ ਹੈ। ਇਨ=ਇਸ ਬਿਧੀ=ਵਿਧੀ-ਤਰੀਕੇ ਦੁਆਰਾ, ਭਾਵ ਇਸ ਤਰ੍ਹਾਂ ਦਾ ਨਿਸਚਾ ਹੋਣ ਕਰਕੇ ਕੰਤ=ਵਾਹਿਗੁਰੂ ਪ੍ਰਮਾਤਮਾ ਮਿਲਦਾ ਹੈ॥੨॥

## *ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ; ਬਹੁ ਭਿਤਿ ਸੰਸਾਰਾ ॥*

ਹੇ ਹੁਕਮੀ=ਹੁਕਮ ਦੇ ਕਰਨ ਵਾਲੇ ਵਾਹਿਗੁਰੂ ! ਤੂੰ ਆਪ ਹੀ ਸ੍ਰਿਸ਼ਟੀ ਬਣਾਈ ਹੈ ਅਤੇ ਆਪ ਹੀ ਬਹੁ=ਬਹੁਤ ਤਰ੍ਹਾਂ ਕਰਕੇ ਸੰਸਾਰ ਨੂੰ ਭਿਤਿ=ਖੁਰਾਕ, ਭਾਵ ਚੋਗਾ ਦੇ ਰਿਹਾ ਹੈਂ। ਜੈਸਾ ਕਿ :

**੧. ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥**

[ਮਾਰੂ ਸੋਲਹੇ ਮਹਲਾ ੩, ਅੰਗ ੧੦੪੩]

**੨. ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥**

[ਗੂਜਰੀ ਕੀ ਵਾਰ ਮਹਲਾ ੩, ਅੰਗ ੫੦੯]

## *ਤੇਰਾ ਹੁਕਮੁ ਨ ਜਾਪੀ ਕੇਤੜਾ; ਸਚੇ ਅਲਖ ਅਪਾਰਾ ॥*

ਹੇ ਸਚੇ=ਸੱਚ ਸਰੂਪ ਅਲਖ= ਲਖਣ ਤੋਂ ਰਹਿਤ ਅਪਾਰਾ=ਪਾਰਾਵਾਰ ਤੋਂ ਰਹਿਤ ਵਾਹਿਗੁਰੂ ! ਤੇਰਾ ਹੁਕਮ ਜਾਣਿਆ ਨਹੀਂ ਜਾਂਦਾ, ਜੋ ਕਿਡਾ ਕੁ ਹੈ। ਜੈਸਾ ਕਿ :

**ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਇ ॥**
**ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਇ ॥੨॥** [ਆਸਾ ਮਹਲਾ ੫, ਅੰਗ ੩੯੬]

## *ਇਕਨਾ ਨੋ ਤੂ ਮੇਲਿ ਲੈਹਿ; ਗੁਰ ਸਬਦਿ ਬੀਚਾਰਾ ॥*

ਇਕਨਾ ਗੁਰਮੁਖਾਂ ਨੂੰ ਗੁਰ ਸ਼ਬਦ ਦੀ ਵੀਚਾਰ ਵਿੱਚ ਲਗਾ ਕੇ ਭਾਵ ਸ਼ਬਦ ਦੇ ਅਭਿਆਸ ਵਿੱਚ ਲਗਾ ਕੇ ਆਪਣੇ ਨਾਲ ਮੇਲਿ ਲੈਹਿ=ਮੇਲ ਲੈਂਦਾ ਹੈਂ।

## *ਸਚਿ ਰਤੇ ਸੇ ਨਿਰਮਲੇ; ਹਉਮੈ ਤਜਿ ਵਿਕਾਰਾ ॥*

ਹਉਮੈ ਆਦਿਕ ਵਿਕਾਰਾਂ ਨੂੰ ਤਜਿ=ਤਿਆਗ ਕੇ ਜੋ ਸਚਿ=ਸੱਚ ਸਰੂਪ ਵਿੱਚ ਰਤੇ=ਪ੍ਰੀਤਵਾਨ ਹੋਏ ਹਨ, ਉਹ ਨਿਰਮਲੇ=ਮੈਲ ਤੋਂ ਰਹਿਤ ਸ਼ੁਧ ਸਰੂਪ ਹੋ ਗਏ ਹਨ। ਜੈਸਾ ਕਿ :

**ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥** [ਆਸਾ ਮਹਲਾ ੩, ਅੰਗ ੪੨੬]

## *ਜਿਸੁ ਤੂ ਮੇਲਹਿ ਸੋ ਤੁਧੁ ਮਿਲੈ; ਸੋਈ ਸਚਿਆਰਾ ॥੨॥*

ਜਿਸ ਨੂੰ ਤੂੰ ਆਪਣੇ ਨਾਲ ਮੇਲਿ ਲੈਹਿ=ਮੇਲ ਲੈਂਦਾ ਹੈਂ, ਉਹੀ ਤੈਨੂੰ ਮਿਲਦਾ ਹੈ, ਉਹ ਸਚਿਆਰਾ=ਸੱਚ ਸਰੂਪ ਹੋ ਜਾਂਦਾ ਹੈ॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੭ [ਆਦਿ ਅੰਗ ੭੮੭]

***ਸਲੋਕੁ ਮਃ ੨ ॥ ਜਿਨ੍ੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥ ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥ ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥ ਮਃ ੨ ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥ ਮਃ ੨ ॥ ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥ ਪਉੜੀ ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥ ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥ ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥ ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥ ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥੭॥***

## ਸਲੋਕੁ ਮਃ ੨ ॥

ਸੂਹੀ ਦੀ ਵਾਰ ਵਿੱਚ ਇਹ ਸ਼ਬਦ ਗੁਰੂ ਅੰਗਦ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ। ਗੁਰੂ ਅੰਗਦ ਸਾਹਿਬ ਜੀ ਨੂੰ ਇੱਕ ਵਾਰ ਸਿੱਖਾਂ ਨੇ ਪੁੱਛਣਾ ਕੀਤਾ ਕਿ ਸੰਸਾਰ ਤੋਂ ਚਲਣ ਦੀ ਸਾਰ ਕਿਸ ਨੇ ਜਾਣੀ ਹੈ, ਕਿਉਂਕਿ ਮਰ ਜਾਣ ਦੀ ਗੱਲ ਤਾਂ ਹਰ ਕੋਈ ਹੀ ਕਰਦਾ ਹੈ, ਕਿਵੇਂ ਪਤਾ ਲੱਗੇ ਕਿ ਕਿਸ ਨੇ ਇਹ ਗੱਲ ਨਿਸ਼ਚੇ ਨਾਲ ਜਾਣੀ ਹੈ ਕਿ ਉਪਰੋਂ ਹੀ ਕਹਿੰਦਾ ਹੈ।

## ਜਿਨ੍ੀ ਚਲਣੁ ਜਾਣਿਆ; ਸੇ ਕਿਉ ਕਰਹਿ ਵਿਥਾਰ ॥

ਜਿਨੀ=ਜਿਨ੍ਹਾਂ ਪੁਰਸ਼ਾਂ ਨੇ ਸੰਸਾਰ ਤੋਂ ਚਲਣੁ=ਚਲੇ ਜਾਣ ਦੀ ਗੱਲ ਨੂੰ ਜਾਣਿਆ ਹੈ, ਉਹਨਾਂ ਦੀ ਇਹ ਨਿਸ਼ਾਨੀ, ਪਹਿਚਾਣ ਹੈ ਕਿ ਉਹਨਾ ਦੀ ਬਿਰਤੀ ਕਦੇ ਵੀ ਪਦਾਰਥਾਂ ਦੇ ਵਿਥਾਰ=ਵਿਸਥਾਰ, ਫੈਲਾਅ ਵਿੱਚ ਨਹੀਂ ਵਸਦੀ।

## ਚਲਣ ਸਾਰ ਨ ਜਾਣਨੀ; ਕਾਜ ਸਵਾਰਣਹਾਰ ॥੧॥

ਜੋ ਪੁਰਸ਼ ਸੰਸਾਰ ਤੋਂ ਚਲਣ=ਚੱਲਣੇ ਦੀ, ਭਾਵ ਮਰਨੇ ਦੀ ਸਾਰ ਨਹੀਂ ਜਾਣਦੇ, ਜਿਨ੍ਹਾਂ ਨੂੰ ਮਰਨਾ ਵਿਸਰ ਚੁੱਕਾ ਹੈ, ਉਹ ਸੰਸਾਰੀ ਕੰਮਾਂ ਧੰਧਿਆਂ, **ਵਾ:** ਆਪਣੇ ਗ੍ਰਹਿਸਥ ਦੇ ਪਰਿਵਾਰ ਦੇ ਸਵਾਰਣਹਾਰ=ਸਵਾਰਨੇ ਵਾਲੇ ਹੋ ਰਹੇ ਹਨ, ਉਹਨਾਂ ਦੇ ਮਨ ਵਿੱਚ ਇਹੋ ਹੀ ਤ੍ਰਿਸ਼ਨਾ ਰਹਿੰਦੀ ਹੈ ਕਿ ਮੈਂ ਆਹ ਭੀ ਕੰਮ ਸਵਾਰ ਲਵਾਂ, ਆਹ ਭੀ ਸਵਾਰ ਲਵਾਂ। ਜਿਨ੍ਹਾਂ ਨੇ ਚੱਲਣ ਦੀ ਖ਼ਬਰ ਨੂੰ ਨਹੀਂ ਜਾਣਿਆ, ਉਨ੍ਹਾਂ ਨੇ ਆਪਣੇ ਹਿਰਦੇ ਵਿੱਚ ਕਾਮ, ਕ੍ਰੋਧ, ਆਦਿ ਦੀ ਜ਼ਹਿਰ ਨੂੰ ਵਧਾਇਆ ਹੈ। ਜੈਸਾ ਕਿ :

**ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥** [ਮਾਝ ਕੀ ਵਾਰ, ਮਹਲਾ ੧, ਅੰਗ ੧੪੫]

ਜਿਨ੍ਹਾਂ ਨੇ ਚਲਣ ਨੂੰ ਸਹੀ ਰੂਪ ਵਿੱਚ ਜਾਣਿਆ ਹੈ, ਉਨ੍ਹਾਂ ਦੀ ਬਾਬਤ ਤਾਂ ਇਸ ਪ੍ਰਕਾਰ ਕਥਨ ਕੀਤਾ ਹੈ। ਜੈਸਾ ਕਿ :

੧. **ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥**
[ਵਡਹੰਸ ਮਹਲਾ ੩, ਅੰਗ ੫੮੪]

੨. **ਚਲੇ ਚਲਣਹਾਰ ਵਾਟ ਵਟਾਇਆ ॥ ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥**
[ਆਸਾ ਮਹਲਾ ੧, ਅੰਗ ੪੧੯]

ਸੋ, ਇਸ ਸੰਸਾਰ ਵਿੱਚ ਅਨੇਕਾਂ ਐਸੇ ਬਾਦਸ਼ਾਹ ਹੋ ਗੁਜ਼ਰੇ ਹਨ, ਜਿਨ੍ਹਾਂ ਦਾ ਨਾਮ ਸੰਸਾਰ ਦੇ ਵੱਡੇ ਧਨੀਆਂ ਵਿੱਚ ਗਿਣਿਆਂ ਜਾਂਦਾ ਸੀ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਚਲਣ ਦੀ ਸਾਰ ਨਹੀਂ ਜਾਣੀ, ਅੰਤ ਨੂੰ ਪਛਤਾਉਂਦੇ ਤੁਰੇ ਹਨ। ਜੈਸਾ ਕਿ ਸਿਕੰਦਰੇ ਆਜ਼ਮ ਜਦੋਂ ਮਰਣ ਲੱਗਾ ਤਾਂ ਉਸ ਨੇ ਇਹ ਕਿਹਾ ਸੀ ਕਿ ਜਦੋਂ ਮੇਰਾ ਜਨਾਜ਼ਾ ਨਿਕਲੇ, ਮੇਰੇ ਹੱਥ ਕੱਫ਼ਨ ਤੋਂ ਬਾਹਰ ਲਟਕਾ ਦਿੱਤੇ ਜਾਣ ਤਾਂ ਕਿ ਲੋਕੀ ਦੇਖ ਲੈਣ ਕਿ ਇਤਨਾ ਵੱਡਾ ਸਮਰਾਟ ਸੰਸਾਰ ਤੋਂ ਖ਼ਾਲੀ ਹੱਥ ਜਾ ਰਿਹਾ ਹੈ। ਲੋਕੀ ਆਪਣੇ ਅਮੋਲਕ ਜਨਮ ਨੂੰ ਸੰਭਾਲਣ ਦੀ ਸਿਖਿਆ ਲੈਣ, ਮੇਰੀ ਮਿਰਤਕ ਦੇਹ ਲੋਕਾਂ ਲਈ ਸਿਖਿਆ ਬਣ ਜਾਏ। ਮੈਂ ਇਨ੍ਹਾਂ ਹੱਥਾਂ ਨਾਲ ਆਪਣੇ ਰਾਜ-ਕਾਜ ਦੇ ਕੰਮਾਂ ਨੂੰ ਸਵਾਰਦਾ ਰਿਹਾ ਹਾਂ, ਪਰ ਚਲਣ ਦੀ ਖ਼ਬਰ ਨਹੀਂ ਜਾਣੀ। ਪਰ ਹੁਣ ਮੌਤ ਬੂਹੇ 'ਤੇ ਖੜ੍ਹੀ ਹੈ, ਹੁਣ ਇਸ ਪਛਤਾਵੇ ਦੇ ਨਾਲ ਮੇਰਾ ਕੁਝ ਨਹੀਂ ਬਣ ਸਕਦਾ। ਸੋ, ਕਬੀਰ ਸਾਹਿਬ ਜੀ ਨੇ ਕਥਨ ਕੀਤਾ ਹੈ ਕਿ ਇਹ ਜੀਵ ਸਾਰੀ ਉਮਰ ਮਾਇਆ ਨੂੰ ਜੋੜਦਾ ਰਿਹਾ, ਕਉਡੀ-ਕਉਡੀ ਜੋੜ ਕੇ ਲੱਖਾਂ-ਕ੍ਰੋੜਾਂ ਜੋੜ ਲਏ, ਪਰ ਚਲਦੀ ਵਾਰ ਕੁਝ ਨਹੀਂ ਮਿਲਿਆ। ਜੈਸਾ ਕਿ :

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥**
**ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥੧੪੪॥**

[ਸਲੋਕ ਭਗਤ ਕਬੀਰ ਜੀ, ਅੰਗ ੧੩੭੨]

ਵੱਡੇ-ਵੱਡੇ ਬਾਦਸ਼ਾਹਾਂ ਦੇ ਪ੍ਰਮਾਣ ਸਾਹਮਣੇ ਪਏ ਹਨ, ਜਿਵੇਂ ਕਿ ਰਾਵਣ ਦੀ ਬਾਬਤ ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਆਇਆ ਹੈ। ਜੈਸਾ ਕਿ :

**ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਣੁ ਕਿਆ ਲੇ ਗਇਆ ॥੩॥**

[ਭੈਰਉ ਬਾਣੀ ਭਗਤਾਂ ਕੀ ਕਬੀਰ ਜੀ, ਅੰਗ ੧੧੫੮]

ਸੋ, ਇਸੇ ਤਰ੍ਹਾਂ ਦਾ ਸਿਧਾਂਤ ਪੰਡਿਤ ਗੁਲਾਬ ਸਿੰਘ ਜੀ ਨੇ "ਭਾਵਰਸਾਮ੍ਰਿਤ" ਵਿੱਚ ਕਥਨ ਕੀਤਾ ਹੈ। ਜੈਸਾ ਕਿ :

**ਜਿਨ ਕੇ ਰਥ ਨੇਮ ਦਰਾਰਨ ਕੇ, ਸਤ ਸਾਗਰ ਹੈਂ ਅਬ ਲੌ ਜਗ ਮਾਂਹੀ ॥**
**ਜਿਨ ਚਾਪਨ ਗੋਸ਼ਨ ਕੇ ਬਲ ਤੇ, ਸਭ ਸੈਲ ਬਟੋਰ ਧਰੇ ਧਰ ਮਾਂਹੀ ॥**
**ਸੁਰ ਰਾਜ ਡਰੇ ਜਿਨ ਕੇ ਬਲ ਤੇ, ਯਮਰਾਜ ਜਿਤੇ ਜਿਹਨੈ ਜਗ ਮਾਂਹੀ ॥**
**ਮਨ, ਤੇ ਜਗ ਭੀਤਰ ਨਾਹਿ ਰਹੇ, ਅਬ ਔਰ ਰਹੇ ਕਹੁ ਕੋ ਜਗ ਮਾਂਹੀ ॥੯੮॥** [ਭਾਵਰਸਾਮ੍ਰਿਤ]

ਪੰਡਿਤ ਗੁਲਾਬ ਸਿੰਘ ਜੀ ਨੇ ਇਥੇ ਉਨ੍ਹਾਂ ਮਹਾਨ ਪੁਰਸ਼ਾਂ ਦਾ ਕਥਨ ਕੀਤਾ ਹੈ, ਜਿਨ੍ਹਾਂ ਦਾ ਜਸ ਵੇਦਾਂ, ਗ੍ਰੰਥਾਂ, ਧਰਮ ਸ਼ਾਸ਼ਤ੍ਰਾਂ ਵਿੱਚ ਪੜ੍ਹਿਆ ਸੁਣਿਆ ਜਾਂਦਾ ਹੈ। ਮਾਨਧਾਤਾ ਰਾਜਾ ਹੋਇਆ, ਪੌਰਾਣਿਕ ਕਥਾ ਹੈ ਕਿ ਜਿਸ ਦੇ ਰਥ ਦੇ ਪਹੀਆਂ ਨਾਲ ਧਰਤੀ ਦਾ ਪੜ ਪਾਟ ਗਿਆ ਅਤੇ ਸੰਸਾਰ ਵਿੱਚ ਸੱਤ ਸਮੁੰਦਰ ਨਜ਼ਰ ਆ ਰਹੇ ਹਨ। ਦੂਸਰਾ ਪਿਰਥੂ ਰਾਜਾ ਹੋਇਆ, ਜਿਸ ਨੇ ਧਨੁਸ਼-ਬਾਨ ਦੇ ਜ਼ੋਰ ਨਾਲ ਸਾਰੇ ਪਹਾੜਾਂ ਨੂੰ ਇੱਕ ਜਗ੍ਹਾ ਇਕੱਠਾ ਕੀਤਾ। ਐਸੀ ਪੌਰਾਣਿਕ ਕਥਾ ਹੈ। ਜਿਨ੍ਹਾਂ ਦੇ ਕੋਲੋਂ ਸਵਰਗ ਦਾ ਰਾਜਾ ਇੰਦਰ ਡਰਦਾ ਸੀ, ਅਥਵਾ ਜਿਸ ਰਾਵਣ ਨੇ ਦੇਵਤਿਆਂ ਨੂੰ ਕੈਦ ਵਿੱਚ ਰੱਖਿਆ ਤੇ ਕਾਲ ਪਾਵੇ ਨਾਲ ਬੰਨ੍ਹਿਆ। ਹੇ ਮਨ! ਉਹ ਭੀ ਜਗ ਵਿੱਚ ਨਹੀਂ ਰਹੇ ਤੇ ਹੁਣ ਹੋਰ ਸੰਸਾਰ ਵਿੱਚ ਕਿਹੜਾ ਰਹੇਗਾ। ਸੋ, ਇਸੇ ਪ੍ਰਕਰਣ ਨਾਲ ਮਿਲਦੀ ਵਿਚਾਰ ਦਸਮ ਗ੍ਰੰਥ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੰਮ੍ਰਿਤ ਸਵੱਯੀਆਂ ਦੇ ਦੂਜੇ ਸ੍ਵਯੇ ਵਿੱਚ ਉਚਾਰਨ ਕੀਤੀ ਹੈ। ਜੈਸਾ ਕਿ :

**ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥**
**ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕਉ ਜਾਤ ਨਿਵਾਰੇ ॥**

**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥**
**ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਇ ਪਧਾਰੇ ॥੨॥** [ਦਸਮ ਗ੍ਰੰਥ, ਅੰਗ ੧੩]

ਜੀਵ ਦੀ ਐਸੀ ਹਾਲਤ ਹੋ ਰਹੀ ਹੈ। ਗ੍ਰੰਥਾਂ ਦੁਆਰਾ ਸੁਣ ਭੀ ਰਿਹਾ ਹੈ ਅਤੇ ਅੱਖਾਂ ਦੁਆਰਾ ਸੰਸਾਰ ਤੋਂ ਮਰਦਿਆਂ ਨੂੰ ਦੇਖ ਭੀ ਰਿਹਾ ਹੈ, ਪਰ ਆਪਣੇ ਮਰਨ 'ਤੇ ਵਿਸ਼ਵਾਸ ਨਹੀਂ ਬੱਝਦਾ। ਮਰਨਾ ਵਿਸਰਣ ਕਰਕੇ ਹੀ ਪ੍ਰਮਾਤਮਾ ਵਿਸਰਿਆ ਹੋਇਆ ਹੈ। ਖਾਣ-ਪੀਣ, ਸੌਣ, ਹੱਸਣ ਦੇ ਲਾਲਚ ਵਿੱਚ ਲੱਗ ਕੇ ਮਰਨਾਂ ਵਿਸਰ ਚੁੱਕਾ ਹੈ। ਜੈਸਾ ਕਿ :

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਿਆ ਹੈ ਮਰਣਾ ॥**
**ਖਸਮ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥**
[ਰਾਗ ਮਲਾਰ ਚਉਪਦੇ ਮਹਲਾ ੧, ਅੰਗ ੧੨੫੪]

**ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਤੇ ਬਿਰਧ ਬਾਬੇ ਦੀ—**ਜਿਨ੍ਹਾਂ ਨੇ ਚਲਣ ਦੀ ਸਾਰ ਨੂੰ ਨਹੀਂ ਜਾਣਿਆ, ਐਸੇ ਬੇਅੰਤ ਪੁਰਸ਼ਾਂ ਦੇ ਪ੍ਰਮਾਣ ਇਤਿਹਾਸ ਵਿੱਚ ਮਿਲਦੇ ਹਨ। ਜੈਸੇ ਕਿ ਇੱਕ ਬਿਰਧ ਪੁਰਸ਼ ਪਰਿਵਾਰ ਦੇ ਕੰਮ-ਧੰਧਿਆਂ ਵਿੱਚ ਇਤਨਾ ਗਲਤਾਨ ਸੀ ਕਿ ਸਾਰੀ ਜ਼ਿੰਦਗੀ ਲੰਘ ਗਈ, ਘਰ ਦੇ ਕੰਮ ਸਵਾਰਦਾ ਰਿਹਾ। ਅਮੋਲਕ ਮਿਲੀ ਹੋਈ ਮਨੁੱਖਾ ਦੇਹੀ ਦਾ ਸਮਾਂ ਪਰਿਵਾਰ ਦੇ ਕੰਮਾਂ ਵਿੱਚ ਹੀ ਬਤੀਤ ਕਰ ਦਿੱਤਾ। ਅਚਾਨਕ ਇੱਕ ਵਾਰੀ ਜਗਤ ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਿਚਰਦੇ ਹੋਏ ਸੰਸਾਰ ਦੇ ਭਲੇ ਹਿਤ ਨਗਰਾਂ ਸ਼ਹਿਰਾਂ ਜੰਗਲ ਬੀਆਬਾਨ, ਸਮੁੰਦਰਾਂ ਆਦਿ ਵਿੱਚ ਘੁੰਮਦੇ ਹੋਏ ਇੱਕ ਨਗਰੀ ਦੇ ਨੇੜੇ ਪਹੁੰਚੇ। ਮਰਦਾਨੇ ਨੇ ਗੁਰੂ ਬਾਬੇ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਭੁੱਖ ਬੜੀ ਸਤਾ ਰਹੀ ਹੈ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਕਰਤਾਰ ਭਲੀ ਕਰੇਗਾ। ਸਾਹਮਣੇ ਖੂਹ ਵੱਗ ਰਿਹਾ ਹੈ ਤੇ ਜਲ ਛਕ ਕੇ ਕੁਝ ਆਰਾਮ ਕਰ ਲਈਏ। ਮਰਦਾਨਿਆਂ ਰੋਟੀ ਦੀ ਬਹੁਤੀ ਫ਼ਿਕਰ ਨਾ ਕਰਿਆ ਕਰ। ਇਹ ਕਰਤਾਰ ਦਾ ਫ਼ਰਜ਼ ਹੈ, ਜੋ ਪੱਥਰਾਂ ਵਿੱਚ ਕੀੜਿਆਂ ਨੂੰ ਭੀ ਦਿੰਦਾ ਹੈ। ਜਲ ਛਕਿਆ ਤੂਤਾਂ ਦੀ ਸੰਘਣੀ ਛਾਂ ਹੇਠ ਬੈਠ ਕੇ ਆਰਾਮ ਕੀਤਾ। ਇਤਨੇ ਸਮੇਂ ਨੂੰ ਉਸ ਬਿਰਧ ਪੁਰਸ਼, ਜੋ ਖੇਤ ਵਿੱਚ ਕੰਮ ਕਰ ਰਿਹਾ ਸੀ, ਦੀ ਰੋਟੀ ਆ ਗਈ। ਉਸ ਬਜ਼ੁਰਗ ਨੇ ਮਹਾਤਮਾ ਸਮਝ ਕੇ ਗੁਰੂ ਸਾਹਿਬ ਜੀ ਨੂੰ ਪ੍ਰਸ਼ਾਦਾ ਛਕਾਇਆ। ਸਤਿਗੁਰੂ ਜੀ ਨੇ ਕਿਹਾ ਕਿ ਭਾਈ ! ਜਿਸਦਾ ਖਾਈਏ, ਉਸਦਾ ਕੁਝ ਭਲਾ ਭੀ ਕਰਨਾ ਚਾਹੀਦਾ ਹੈ। ਤੂੰ ਸਾਨੂੰ ਸਾਧੂ ਜਾਣ ਕੇ ਸੇਵਾ ਕੀਤੀ ਹੈ, ਇਸਦੇ ਬਦਲੇ ਅਸੀਂ ਤੈਨੂੰ ਮੁਕਤੀ ਦੇਣਾ ਚਾਹੁੰਦੇ ਹਾ। ਇਹ ਗੱਲ ਸੁਣ ਕੇ ਉਸ ਪੁਰਸ਼ ਨੇ ਕਿਹਾ ਕਿ ਮਹਾਰਾਜ ਜੀ ! ਜੇ ਆਪ ਜੀ ਨੇ ਮੈਨੂੰ ਮੁਕਤੀ ਦੇ ਦਿੱਤੀ ਤਾਂ ਬਹੁਤ ਸਾਰੇ ਅਧੂਰੇ ਕੰਮ ਜੋ ਮੇਰੇ ਤੋਂ ਬਿਨਾਂ ਪੂਰੇ ਨਹੀਂ ਹੋਣੇ, ਵਿਚਕਾਰ ਰਹਿ ਜਾਣਗੇ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਇਹ ਕੰਮ ਤਾਂ ਅੱਜ ਤਕ ਕਿਸੇ ਤੋਂ ਪੂਰੇ ਨਹੀਂ ਹੋਏ, ਅਧੂਰੇ ਹੀ ਰਹੇ ਹਨ। ਪਰ ਇਹ ਬਜ਼ੁਰਗ ਸੰਸਾਰ ਤੋਂ ਚਲਣ ਦੀ ਖ਼ਬਰ ਨੂੰ ਨਹੀਂ ਸੀ ਜਾਣਦਾ। ਥੋੜ੍ਹ ਸਮੇਂ ਤੋਂ ਬਾਅਦ ਸਤਿਗੁਰਾਂ ਦਾਂ ਫਿਰ ਚੱਕਰ ਲਗਿਆ। ਉਸੇ ਖੂਹ 'ਤੇ ਬੈਠੇ, ਪੁੱਛਿਆ ਕਿ ਮਰਦਾਨਿਆ ! ਇਥੇ ਬਿਰਧ ਪੁਰਸ਼ ਨੇ ਪ੍ਰਸ਼ਾਦਾ ਛਕਾਇਆ ਸੀ, ਉਸਦਾ ਕਰਜ਼ਾ ਆਪਣੇ ਜ਼ਿੰਮੇ ਹੈਂ, ਉਸ ਦਾ ਪਤਾ ਕਰੀਏ। ਮਰਦਾਨੇ ਨੇ ਉਹਦੇ ਪੁੱਤਰਾਂ ਨੂੰ ਪੁੱਛਿਆ ਕਿ ਉਹ ਬਜ਼ੁਰਗ ਕਿੱਥੇ ਹੈ ? ਕਹਿਣ ਲੱਗੇ ਕਿ ਉਸ ਨੂੰ ਤਾਂ ਮਰੇ ਨੂੰ ਕਿਤਨੀ ਦੇਰ ਹੋ ਗਈ ਹੈ, ਉਹ ਤਾਂ ਸੰਸਾਰ ਤੋਂ ਕਦੋਂ ਦਾ ਚੱਲ ਵਸਿਆ। ਲੜਕੇ ਦਾ ਹੱਲ ਜੋੜਿਆ ਹੋਇਆ ਸੀ, ਇੱਕ ਨਵੀਂ ਉਮਰ ਦਾ ਬਲਦ ਜੋ ਖ਼ੁਰਾਕਾਂ ਦੇ-ਦੇ ਕੇ ਪਾਲਿਆ ਸੀ, ਉਸ 'ਤੇ ਪੰਜਾਲੀ ਦਿੱਤੀ ਹੋਈ ਦੇਖ ਕੇ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਤੁਸੀਂ ਪਰ੍ਹੇ ਹਟ ਜਾਓ, ਮੈਂ ਤੁਹਾਡੇ ਇਸ ਬਲਦ ਨਾਲ ਗੱਲ ਕਰਨੀ ਚਾਹੁੰਦਾ ਹਾਂ। ਸਤਿਗੁਰੂ ਜੀ ਨੇ ਉਸਦੀ ਆਤਮਾ ਨੂੰ ਜਗਾਇਆ ਤੇ ਕਿਹਾ ਕਿ ਜੇ ਉਦੋਂ ਮੁਕਤੀ ਲੈ ਲੈਂਦਾ ਤਾਂ ਕਾਹਨੂੰ ਬਲਦ ਬਣ ਕੇ ਪੰਜਾਲੀਆਂ ਚੁੱਕੀ ਫਿਰਦਾ। ਕਿਹਾ ਕਿ ਤੈਨੂੰ ਹੁਣ ਮੁਕਤੀ ਦੇ ਦੇਈਏ। ਤਾਂ ਉਸਨੇ ਆਪਣੀ ਆਤਮਾ ਤੋਂ ਆਵਾਜ਼ ਦਿੱਤੀ ਤੇ ਨਾਲੇ ਸਿਰ ਮਾਰਿਆ ਕਿਹਾ ਕਿ ਮਹਾਰਾਜ ! ਮੇਰੇ ਪੁੱਤਰਾਂ ਨੂੰ ਬੜਾ ਘਾਟਾ ਪੈ ਜਾਵੇਗਾ, ਦੁਗਣਾ ਖ਼ਰਚਾ ਮੇਰੇ ਪੁੱਤਰਾਂ ਨੂੰ ਪੈ ਜਾਵੇਗਾ। ਮੇਰੀ ਕਿਤਨੀ ਕੀਮਤ ਹੈ ਇਤਨੀ ਕੀਮਤ ਦਾ ਹੋਰ ਬਲਦ ਲੈ ਕੇ ਆਉਣਗੇ। ਹੁਣ ਮੈਨੂੰ ਬਲਦ

ਬਣ ਕੇ ਹੀ ਕੰਮ ਸਵਾਰਣ ਦਿਓ। ਕੁਝ ਚਿਰ ਬਾਅਦ ਸਤਿਗੁਰੂ ਜੀ ਫਿਰ ਆਏ। ਫਿਰ ਉਹ ਬਲਦ ਦੀ ਜੂਨ ਤੋਂ ਛੁਟ ਕੇ ਕੁੱਤੇ ਦੀ ਜੂਨ ਵਿੱਚ ਪਿਆ ਹੋਇਆ ਸੀ। ਸਤਿਗੁਰਾਂ ਨੇ ਉਸ ਨੂੰ ਲੱਭਿਆ, ਪਹਿਚਾਣਿਆ ਅਤੇ ਉਸਦੀ ਆਤਮਾ ਨੂੰ ਜਗਾ ਕੇ ਕਿਹਾ ਕਿ ਭਾਈ! ਹੁਣ ਤਾਂ ਤੂੰ ਬੜੀ ਨਿਖਿਧ ਜੂਨ ਵਿੱਚ ਪਿਆ ਹੈਂ, ਤੇਰੀ ਕੀ ਹਾਲਤ ਹੋ ਰਹੀ ਹੈ। ਕਦੇ ਘਰ ਦੇ ਰੋਟੀ ਪਾਉਂਦੇ ਹਨ ਤੇ ਕਦੇ ਡੰਡੇ ਮਾਰਦੇ ਹਨ। ਹੁਣ ਤੈਨੂੰ ਮੁਕਤ ਕਰ ਦੇਈਏ। ਹੁਣ ਤਾਂ ਬਥੇਰੇ ਘਰ ਦੇ ਕਾਰਜ ਸਵਾਰ ਲਏ। ਐਸੇ ਦ੍ਰਿੜ੍ਹ ਪੱਕੇ ਸੰਸਕਾਰ ਘਰ ਦੇ ਕਾਰਜ ਸੰਵਾਰਨ ਦੇ ਬਣੇ ਹੋਏ ਸਨ। ਕਹਿਣ ਲਗਾ ਕਿ ਜੀ ਭਾਵੇਂ ਮੇਰੇ ਘਰ ਦੇ ਮੇਰਾ ਨਿਰਾਦਰ ਹੀ ਕਰਦੇ ਹਨ, ਇਨ੍ਹਾਂ ਨੂੰ ਕੀ ਪਤਾ ਕਿ ਸਾਡਾ ਬਜ਼ੁਰਗ ਹੈ। ਕੁੱਤਾ ਜਾਣ ਕੇ ਮਾਰਦੇ ਹਨ, ਸਾਰੇ ਦਿਨ ਦੇ ਕੰਮ ਕਰਕੇ ਥੱਕੇ ਟੁੱਟੇ ਆਉਂਦੇ ਹਨ, ਜੇ ਤੁਸੀਂ ਮੈਨੂੰ ਮੁਕਤ ਕਰ ਦਿੱਤਾ ਤਾਂ ਸਾਰੀ ਉਮਰ ਦਾ ਜੋੜਿਆ ਧਨ ਚੋਰ ਲੁੱਟ ਕੇ ਲੈ ਜਾਣਗੇ। ਮੈਂ ਰਾਖੀ ਕਰਦਾ ਹਾਂ, ਧਨ ਬਚਿਆ ਹੋਇਆ ਹੈ। ਮੈਨੂੰ ਅਜੇ ਪਰਿਵਾਰ ਦਾ ਕੁਝ ਸਮਾਂ ਹੋਰ ਕੰਮ ਸਵਾਰ ਲੈਣ ਦੇਣ ਦਿਓ, ਕਿਉਂਕਿ ਇਹ ਕੰਮ ਮੇਰੇ ਤੋਂ ਬਿਨਾ ਹੋਰ ਕਿਸੇ ਦੇ ਕਰਨ ਵਾਲਾ ਨਹੀਂ। ਕੁੱਤੇ ਦੀ ਜੂਨ ਵਿੱਚੋਂ ਮਰ ਕੇ ਧਨ ਦੀ ਵਾਸ਼ਨਾ ਦੇ ਕਾਰਣ ਸੱਪ ਦੀ ਜੂਨ ਵਿੱਚ ਚਲਾ ਗਿਆ। ਸੱਪ ਬਣ ਕੇ ਧਨ ਦੇ ਦੁਆਲੇ ਘੁੰਮਦਾ ਰਿਹਾ। ਇੱਕ ਦਿਨ ਨਿੱਕੇ ਬੱਚੇ ਨੂੰ ਘਰ ਵਿੱਚ ਸੁਲਾ ਕੇ ਬੀਬੀ ਕਿਤੇ ਬਾਹਰ ਰੋਟੀ ਲੈ ਕੇ ਗਈ। ਪਿੱਛੋਂ ਬੱਚਾ ਜਾਗ ਕੇ ਰੋਣ ਲੱਗਾ। ਮਮਤਾ ਦੇ ਮਾਰੇ ਹੋਏ ਨੂੰ ਸੱਪ ਦੀ ਜੂਨ ਵਿੱਚ ਪਿਛਲੇ ਸੰਸਕਾਰ ਜਾਗੇ। ਇਹ ਨਹੀਂ ਸੋਚਿਆ ਕਿ ਮੇਰਾ ਸਰੀਰ ਹੁਣ ਸੱਪ ਦਾ ਹੈ। ਮੇਰੇ ਤੋਂ ਇਸਨੂੰ ਜ਼ਹਿਰ ਚੜ੍ਹ ਜਾਏਗਾ। ਬੱਚੇ ਨੂੰ ਖਿਡਾਉਣ ਲਈ ਪੰਗੂੜੇ ਵੱਲ ਵਧਿਆ, ਇਤਨੇ ਨੂੰ ਬੀਬੀ ਨੇ ਬਾਹਰੋਂ ਆ ਕੇ ਦਰਵਾਜ਼ਾ ਖੋਲ੍ਹਿਆ ਤਾਂ ਰੋਲਾ ਪਾਇਆ ਕਿ ਸੱਪ ਤੋਂ ਮੇਰੇ ਬੱਚੇ ਨੂੰ ਬਚਾਓ। ਲੋਕ ਇਕੱਠੇ ਹੋਏ। ਐਸਾ ਡੰਡਾ ਮਾਰਿਆ ਕਿ ਸਿਰੀ ਫਿੰਹ ਕੇ ਰੱਖ ਦਿੱਤੀ। ਇਥੋਂ ਛੁਟਕਾਰਾ ਪਾ ਕੇ ਉਨ੍ਹਾਂ ਦੇ ਘਰ ਦੇ ਪਿਛਵਾੜੇ ਕੀੜਾ ਬਣ ਕੇ ਦੁਖ ਭੋਗ ਰਿਹਾ ਸੀ। ਤਾਰਨਹਾਰ ਸਤਿਗੁਰੂ ਜੀ ਆ ਗਏ। ਉਸ ਗੰਦੇ ਨਾਲੇ ਕੋਲ ਬੈਠ ਕੇ ਕਹਿਣ ਲੱਗੇ ਕਿ ਮਰਦਾਨਿਆ! ਇਸ ਨਾਲੀ ਵਿੱਚ ਉਹ ਜੋ ਕਿਰਮ ਚੱਕਰ ਕੱਟ ਰਿਹਾ ਹੈ, ਇਸ ਨੂੰ ਨਾਲੀ 'ਚੋਂ ਬਾਹਰ ਕੱਢ। ਮਰਦਾਨੇ ਨੇ ਕਿਹਾ ਕਿ ਮਹਾਰਾਜ! ਗੰਦੀ ਨਾਲੀ ਵਿੱਚ ਹੱਥ ਪਵਾਉਂਦੇ ਹੋ, ਇਸਦਾ ਕੀ ਪ੍ਰਯੋਜਨ ਹੈ। ਸਤਿਗੁਰੂ ਜੀ ਨੇ ਕਿਹਾ ਕਿ ਮਰਦਾਨਿਆ! ਜਦੋਂ ਕਿਸੇ ਦਾ ਭਲਾ ਕਰਨਾ ਹੋਵੇ, ਉਦੋਂ ਬੜੀਆਂ ਮੁਸ਼ਕਲਾਂ ਉਠਾਣੀਆਂ ਪੈਂਦੀਆਂ ਹਨ। ਇਹ ਤਾਂ ਮਾਮੂਲੀ ਜਿਹੀ ਗੱਲ ਹੈ। ਸਾਧੂ ਬਣ ਕੇ ਲੋਕਾਂ ਦੇ ਘਰਾਂ ਦੀਆਂ ਰੋਟੀਆਂ ਖਾਣੀਆਂ ਸੌਖੀਆਂ ਹਨ, ਪਰ ਲੋਕਾਂ ਦਾ ਉਧਾਰ ਕਰਨਾ ਔਖੀ ਬਾਤ ਹੈ। ਸੋ, ਇਸਦੇ ਘਰ ਦਾ ਭਾਈ ਪ੍ਰਸਾਦਾ ਛਕਿਆ ਸੀ, ਇਸਦਾ ਭਲਾ ਜ਼ਰੂਰ ਕਰਨਾ ਹੈ। ਸਤਿਨਾਮ ਕਹਿ ਕੇ ਜਲ ਦਾ ਛਿੱਟਾ ਮਾਰਿਆ ਤਾਂ ਉਸਦੀ ਆਤਮਾ ਜਾਗ ਉੱਠੀ। ਕੁਰਲਾਅ ਉਠਿਆ। ਮਹਾਰਾਜ ਕਹਿੰਦੇ ਕਿ ਭਾਈ ਜੇ ਪਹਿਲਾ ਬਚਨ ਮੰਨ ਲੈਂਦਾ, ਨਾ ਤੂੰ ਇਤਨਾ ਦੁਖੀ ਹੁੰਦਾ ਤੇ ਨਾ ਸਾਨੂੰ ਇਤਨੀ ਵਾਰ ਇਥੇ ਆਉਣਾ ਪੈਂਦਾ। ਤੂੰ ਸੰਸਾਰ ਤੋਂ ਚਲਣ ਦੀ ਸਾਰ ਨਹੀਂ ਜਾਣੀ, ਇਸ ਲਈ ਸੰਸਾਰ ਦੇ ਕਾਜ ਸਵਾਰਨ ਵਿੱਚ ਹੀ ਕਈ ਜਨਮ ਲਗਾ ਦਿੱਤੇ। ਸੋ, ਸਤਿਗੁਰੂ ਜੀ ਨੇ ਉਸਦਾ ਉਧਾਰ ਕਰ ਕੇ ਸੱਚਖੰਡ ਭੇਜ ਦਿੱਤਾ। ਇਸ ਲਈ ਸਤਿਗੁਰੂ ਜੀ ਨੇ ਹੁਕਮਨਾਮੇ ਦੀ ਦੂਸਰੀ ਤੁਕ ਵਿੱਚ ਜੀਵ ਦੀ ਹਾਲਤ ਕਥਨ ਕੀਤੀ ਹੈ ਕਿ ਜਿਸਨੇ ਸੰਸਾਰ ਤੋਂ ਜਾਣ ਦੀ ਖ਼ਬਰ ਨਹੀਂ ਜਾਣੀ, ਉਹ ਘਰ ਦੇ ਕਾਜ ਸਵਾਰਨ ਵਾਲਾ ਹੋ ਰਿਹਾ ਹੈ।

### *ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ; ਭਲਕੇ ਚਲਣੁ ਹੋਇ ॥*

ਕਿ ਜਿਵੇਂ ਕੋਈ ਮੂਰਖ ਪੁਰਸ਼ ਇੱਕ ਰਾਤ ਵਾਸਤੇ ਬਾਹਰ ਜਾਂਦਾ ਹੈ ਤਾਂ ਉਥੇ ਜਾ ਕੇ ਧਨ ਇਕੱਠਾ ਕਰਨ ਲੱਗ ਜਾਵੇ, ਭਲਕੇ=ਸਵੇਰ ਹੋਣ ਨਾਲ ਉਥੋਂ ਚੱਲ ਪੈਣਾ ਹੋਵੇ, ਅਰ ਉਥੋਂ ਕੁਝ ਨਾਲ ਲਿਜਾਣ ਦਾ ਹੁਕਮ ਨਾ ਹੋਵੇ, ਉਸ ਵੇਲੇ ਉਸਦੀ ਇਹ ਹਾਲਤ ਹੁੰਦੀ ਹੈ ਕਿ :

### *ਨਾਨਕ ਨਾਲਿ ਨ ਚਲਈ; ਫਿਰਿ ਪਛੁਤਾਵਾ ਹੋਇ ॥੨॥*

ਉਹ ਧਨ ਪਦਾਰਥ ਨਾਲ ਨ ਚਲਈ=ਨਹੀਂ ਚਲਦਾ, ਫਿਰ ਉਸ ਨੂੰ ਪਛਤਾਵਾ ਹੁੰਦਾ ਹੈ ਕਿ ਮੈਂ ਇਕੱਠਾ

ਕਿਸ ਲਈ ਕੀਤਾ, ਜਦੋਂ ਨਾਲ ਨਹੀਂ ਜਾਣਾ। ਸੋ, ਇਸੇ ਤਰ੍ਹਾਂ ਜੀਵ ਅਵਸਥਾ ਰੂਪੀ ਰਾਤ ਦੇ ਵਾਸਤੇ ਧਨ=ਮਾਇਆ ਨੂੰ ਸੰਚੀਐ=ਇੱਕਠਾ ਕਰਦਾ ਹੈ ਕਾਲ ਰੂਪੀ ਦਿਨ ਚੜਨੇ ਕਰਕੇ ਜੀਵ ਦਾ ਚਲਣ ਹੋਇ=ਇਥੋਂ ਤੁਰਨਾ ਹੋ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਪਦਾਰਥ ਅੰਤ ਨੂੰ ਜੀਵ ਦੇ ਨਾਲ ਨਹੀਂ ਚਲਦੇ। ਇਸ ਕਰਕੇ ਮੁੜ ਕੇ ਇਸਨੂੰ ਪਛਤਾਉਣਾ ਹੀ ਪੈਂਦਾ ਹੈ॥੨॥ ਜੈਸਾ ਕਿ :

**ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥**
**ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ॥** [ਸਿਰੀਰਾਗ ਮਹਲਾ ੫, ਅੰਗ ੫੦]

## *ਮਃ ੨॥ ਬਧਾ ਚਟੀ ਜੋ ਭਰੇ; ਨਾ ਗੁਣੁ ਨਾ ਉਪਕਾਰੁ॥*

ਜੋ ਪੁਰਸ਼ ਮੋਹ ਦਾ ਬਧਾ=ਬੰਨ੍ਹਿਆ ਹੋਇਆ ਚੱਟੀ ਭਰਦਾ ਹੈ, ਭਾਵ ਇਸਤਰੀ-ਪੁੱਤਰ ਆਦਿਕ ਸੰਬੰਧੀਆਂ ਨੂੰ ਧਨ ਲਿਆ ਕੇ ਦਿੰਦਾ ਹੈ, ਪਰ ਉਹ ਸੰਬੰਧੀ ਇਸ ਜੀਵ ਦਾ ਨਾ ਕੋਈ ਗੁਣ, ਨਾ ਕੋਈ ਉਪਕਾਰੁ=ਭਲਾ ਸਮਝਦੇ ਹਨ, ਸਗੋਂ ਇਹ ਗੱਲ ਸਮਝਦੇ ਹਨ ਕਿ ਇਹ ਤਾਂ ਸਾਨੂੰ ਆਪਣੇ ਸੁਖ ਲਈ ਖੱਟੀ ਖੱਟ ਕੇ ਲਿਆ ਕੇ ਦਿੰਦਾ ਹੈ, **ਅਥਵਾ** ਜੋ ਪੁਰਸ਼ ਰੋਗ ਦਾ ਬਧਾ=ਬੰਨ੍ਹਿਆ ਹੋਇਆ ਦਾਨ ਦੀ ਚੱਟੀ ਭਰਦਾ ਹੈ, ਭਾਵ ਜਦੋਂ ਕੋਈ ਦੁਖ ਆ ਬਣਦਾ ਹੈ ਤਾਂ ਦਾਨ ਪੁੰਨ ਕਰਦਾ ਹੈ, ਉਸ ਕਰਕੇ ਨਾ=ਪੁਰਸ਼ ਨੂੰ ਰੋਗ ਦੀ ਨਿਵਰਤੀ ਰੂਪ ਗੁਣੁ=ਲਾਭ ਤਾਂ ਹੋ ਜਾਂਦਾ ਹੈ, ਲੇਕਿਨ ਪਰਉਪਕਾਰ ਕੋਈ ਨਹੀਂ ਹੁੰਦਾ।

## *ਸੇਤੀ ਖੁਸੀ ਸਵਾਰੀਐ; ਨਾਨਕ ਕਾਰਜੁ ਸਾਰੁ॥੩॥*

ਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਖ਼ੁਸ਼ੀ ਦੇ ਸੇਤੀ=ਨਾਲ ਨਿਸ਼ਕਾਮ ਹੋ ਕੇ ਦਾਨ ਪੁੰਨ ਕਰੇ ਤਾਂ ਆਪਣੇ ਮੁਕਤੀ ਰੂਪੀ ਕਾਰਜ ਨੂੰ ਸਾਰੁ=ਸਵਾਰ ਲੈਂਦਾ ਹੈ। ਜੋ ਖ਼ੁਸ਼ੀ ਦੇ ਨਾਲ ਕੰਮ ਸਵਾਰਨਾ ਹੈ, ਉਹ ਕਾਰਜੁ=ਕੰਮ ਸ੍ਰੇਸ਼ਟ ਹੈ॥੩॥

## *ਮਃ ੨॥ ਮਨਹਠਿ ਤਰਫ ਨ ਜਿਪਈ; ਜੇ ਬਹੁਤਾ ਘਾਲੇ॥*

ਆਪਣੇ ਆਪ ਮਨ ਦੇ ਹਠ ਕਰਕੇ ਜੇ ਕੋਈ ਬਹੁਤ ਤਪ ਘਾਲੇ=ਕਮਾਵੇ ਤਾਂ ਕਾਮ ਆਦਿਕਾਂ ਦੀ ਤਰਫ ਨ ਜਿਪਈ=ਜਿਤੀ ਨਹੀਂ ਜਾਂਦੀ, **ਅਥਵਾ** ਪ੍ਰਮੇਸ਼ਰ ਦੀ ਤਰਫ਼ ਜਿਪਈ=ਜਾਣੀ ਨਹੀਂ ਜਾਂਦੀ। [ਤਰਫ=ਪਾਸਾ]

## *ਤਰਫ ਜਿਣੈ ਸਤਭਾਉ ਦੇ; ਜਨ ਨਾਨਕ ਸਬਦੁ ਵੀਚਾਰੇ॥੪॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਹੜਾ ਜਗਿਆਸੂ ਆਪਣੇ ਗੁਰਾਂ ਦੇ ਉਪਦੇਸ਼ ਨੂੰ ਵੀਚਾਰੇ=ਵਿਚਾਰ ਕੇ ਸਤ=ਸਤ ਚਿਤ ਅਨੰਦ ਸਰੂਪ ਪ੍ਰਮੇਸ਼ਰ ਵਿੱਚ ਭਾਉ=ਪ੍ਰੇਮ ਕਰਨਾ ਦੇਵੇ ਤਾਂ ਕਾਮ ਆਦਿਕਾਂ ਦੀ ਤਰਫ ਨੂੰ ਜਿਣੈ=ਜਿੱਤ ਲੈਂਦਾ ਹੈ, **ਅਥਵਾ** ਪ੍ਰਮੇਸ਼ਰ ਦੀ ਤਰਫ਼ ਨੂੰ ਜਿਣੈ=ਜਾਣ ਲੈਂਦਾ ਹੈ॥੪॥

## *ਪਉੜੀ॥ ਕਰਤੈ ਕਾਰਣੁ ਜਿਨਿ ਕੀਆ; ਸੋ ਜਾਣੈ ਸੋਈ॥*

ਜਿਸ ਕਰਤੇ ਪੁਰਖ ਪ੍ਰਮੇਸ਼ਰ ਨੇ ਇਹ ਕਾਰਣੁ=ਪਰਪੰਚ ਕੀਤਾ ਹੈ, ਉਸ ਨੂੰ ਉਹ ਪ੍ਰਮੇਸ਼ਰ ਆਪ ਹੀ ਜਾਣਦਾ ਹੈ।

## *ਆਪੇ ਸ੍ਰਿਸਟਿ ਉਪਾਈਅਨੁ; ਆਪੇ ਫੁਨਿ ਗੋਈ॥*

ਉਸਨੇ ਆਪ ਹੀ ਸ੍ਰਿਸਟਿ=ਦੁਨੀਆ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਫੁਨਿ=ਫੁਨਾਂ ਗੋਈ=ਬੁਲਾਈ, ਮਿਲਾਈ ਛਪਾਈ ਹੈ, ਭਾਵ ਆਪ ਹੀ ਸ੍ਰਿਸ਼ਟੀ ਦਾ ਨਾਸ਼ ਕਰਨਾ ਕੀਤਾ ਹੈ।

## *ਜੁਗ ਚਾਰੇ ਸਭ ਭਵਿ ਥਕੀ; ਕਿਨਿ ਕੀਮਤਿ ਹੋਈ ॥*

ਚਾਰੇ ਜੁਗਾਂ ਵਿੱਚ ਸਾਰੀ ਦੁਨੀਆ ਭਵਿ=ਫਿਰ ਕੇ ਥੱਕ ਗਈ ਹੈ, ਪਰ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਕਿਸ ਤੋਂ ਹੋਈ ਹੈ ? ਭਾਵ ਕਿਸੇ ਤੋਂ ਨਹੀਂ ਹੋਈ।

## *ਸਤਿਗੁਰਿ ਏਕੁ ਵਿਖਾਲਿਆ; ਮਨਿ ਤਨਿ ਸੁਖੁ ਹੋਈ ॥*

ਸਤਿਗੁਰਾਂ ਨੇ ਜਿਨ੍ਹਾਂ ਪੁਰਸ਼ਾਂ ਨੂੰ ਇੱਕ ਪ੍ਰਮੇਸ਼ਰ ਵਿਖਾਲਿਆ=ਦਿਖਾਇਆ ਹੈ, ਭਾਵ ਪ੍ਰਮੇਸ਼ਰ ਦੀ ਸਿਖਿਆਤਤਾ ਕਰਾ ਦਿੱਤੀ ਹੈ, ਉਸਦੇ ਮਨ ਤਨ ਵਿੱਚ ਸੁਖ ਦੀ ਪ੍ਰਾਪਤੀ ਹੋਈ ਹੈ, ਕਿਉਂਕਿ ਪ੍ਰਮਾਤਮਾ ਦੀ ਪ੍ਰਾਪਤੀ ਵਰਗਾ ਸੰਸਾਰ ਵਿੱਚ ਹੋਰ ਕੋਈ ਭੀ ਸੁਖ ਨਹੀਂ ਹੈ।

## *ਗੁਰਮੁਖਿ ਸਦਾ ਸਲਾਹੀਐ; ਕਰਤਾ ਕਰੇ ਸੁ ਹੋਈ ॥੭॥*

ਗੁਰਮੁਖ ਜਨ ਸਦਾ ਹੀ ਉਸਦੀ ਸਲਾਹੀਐ=ਸ਼ਲਾਘਾ ਕਰਦਾ ਹੋਇਆ, ਇਸ ਪ੍ਰਕਾਰ ਮਹਿਸੂਸ ਕਰਦਾ ਹੈ ਕਿ ਕਰਤਾ ਪੁਰਖ ਵਾਹਿਗੁਰੂ ਜੋ ਕੁਛ ਕਰਦਾ ਹੈ, ਉਹੀ ਕੁਝ ਹੁੰਦਾ ਹੈ। ਉਸਦੇ ਹੁਕਮ ਤੋਂ ਬਿਨਾਂ ਕੁਝ ਭੀ ਨਹੀਂ ਹੁੰਦਾ ॥੭॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੬੮ [ਆਦਿ ਅੰਗ ੭੮੯]

**ਸਲੋਕ ਮਃ ੧ ॥ ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥ ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥ ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥੧॥ ਮਃ ੧ ॥ ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥ ਪਉੜੀ ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥**

## ਸਲੋਕ ਮਃ ੧ ॥

ਸੂਹੀ ਦੀ ਵਾਰ ਵਿੱਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਜੋ ਮੁਖਵਾਕ ਵਿੱਚ ਵਿਚਾਰਿਆ ਜਾ ਰਿਹਾ ਹੈ, ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ :

**ਦੁਇ ਦੀਵੇ; ਚਉਦਹ ਹਟਨਾਲੇ ॥ ਜੇਤੇ ਜੀਅ; ਤੇਤੇ ਵਣਜਾਰੇ ॥**
**ਖੁਲ੍ਹੇ ਹਟ; ਹੋਆ ਵਾਪਾਰੁ ॥ ਜੋ ਪਹੁਚੈ; ਸੋ ਚਲਣਹਾਰੁ ॥**
**ਧਰਮੁ ਦਲਾਲੁ; ਪਾਏ ਨੀਸਾਣੁ ॥**

ਸੋ ਪਹਿਲੇ ਅਰਥ ਵਿੱਚ ਬ੍ਰਹਿਮੰਡ ਦੀ ਰਚਨਾ ਸਮੱਸਟੀ ਰੂਪ ਕਰਕੇ ਕਥਨ ਕੀਤੀ ਹੈ। ਦੁਇ=ਦੋ ਭਾਵ ਸੂਰਜ, ਚੰਦਰਮਾ ਰੂਪ ਦੀਵੇ ਪੈਦਾ ਕੀਤੇ ਹਨ। ਚੌਦਾਂ ਲੋਕ ਹਟਨਾਲੇ=ਬਜ਼ਾਰ ਹਨ। ਜੇਤੇ=ਜਿਤਨੇ ਕੁ ਜੀਅ=ਜੀਵ ਹਨ। ਤੇਤੇ=ਤਿਤਨੇ ਸਭ ਵਣਜਾਰੇ=ਵਣਜ ਕਰਨ ਵਾਲੇ ਹਨ। ਸੰਸਾਰ ਰੂਪ ਹੱਟ ਖੁਲ੍ਹਿਆ ਹੋਇਆ ਹੈ। ਤੇ ਪ੍ਰਤੱਖ ਵਪਾਰ ਹੋ ਰਿਹਾ ਹੈ, ਜੋ ਸੰਸਾਰ ਵਿੱਚ ਪਹੁੰਚਿਆ ਹੈ। ਸੋ=ਉਹ ਚਲਣਹਾਰੁ=ਚਲੇ ਜਾਣ ਵਾਲਾ ਹੈ। ਭਾਵ ਨਾਸ਼ ਹੋ ਜਾਣ ਵਾਲਾ ਹੈ। ਧਰਮੁ=ਧਰਮਰਾਜ ਦਲਾਲੁ=ਦਲਾਲੀ ਕਰਨ ਵਾਲਾ, ਦੋ ਧਿਰਾਂ ਦੇ ਵਿਚਕਾਰ ਚੀਜ਼ ਦੀ ਖ਼ਰੀਦੋ-ਫ਼ਰੋਖ਼ਤ ਦੀ ਵਿਧੀ ਬਣਾਉਣ ਵਾਲਾ, ਸੋ ਧਰਮਰਾਜ ਦਲਾਲ ਹੈ। ਇਹ ਸਭ ਉੱਤੇ ਨੀਸਾਣੁ=ਨਿਸ਼ਾਨੀਆਂ ਪਾਉਂਦਾ ਹੈ, ਭਾਵ ਚਿੰਨ੍ਹ ਲਾਉਣ ਵਾਲਾ ਹੈ ਕਿ ਇਹ ਪਾਪੀ ਹੈ ਤੇ ਇਹ ਪੁੰਨੀ ਹੈ। ਜੈਸਾ ਕਿ :

੧. **ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥** [ਰਾਮਕਲੀ ਕਬੀਰ ਜੀ, ਅੰਗ ੯੭੨]

੨. **ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥** [ਰਾਮਕਲੀ ਕੀ ਵਾਰ ਮਃ ੩, ਅੰਗ ੯੪੭]

੩. **ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥** [ਮਾਰੂ ਮਹਲਾ ੧, ਅੰਗ ੧੦੩੩]

**ਦੂਜਾ ਅਰਥ**—ਵਿਅਸ਼ਟੀ ਰੂਪ ਕਰਕੇ ਦੋਨੋਂ ਨੇਤਰ ਸੱਜੇ ਖੱਬੇ ਇਹ ਦੋ ਦੀਵੇ ਕੀਤੇ ਹਨ। ਪੰਜ ਕਰਮ ਇੰਦ੍ਰੀਆਂ, ਪੰਜ ਗਿਆਨ ਇੰਦ੍ਰੀਆਂ ਇਹ ਦਸ ਇੰਦ੍ਰੇ ਤੇ ਚੰਤੁਸ਼ਟੈ ਅੰਤਹਕਰਨ ਭਾਵ ਮਨ, ਬੁਧ, ਚਿਤ, ਅਹੰਕਾਰ ਇਹ ਚੌਦਾਂ ਇੰਦਰੇ ਹਟਨਾਲੇ=ਬਜ਼ਾਰ ਹਨ। ਜਿਤਨੇ ਜੀਵ ਹਨ, ਇਹ ਵਣਜ ਕਰਨ ਵਾਲੇ ਵਣਜਾਰੇ ਹਨ। ਸਰੀਰਾਂ ਰੂਪੀ ਹੱਟ ਖੁਲ੍ਹੇ ਹੋਏ ਹਨ, ਇਸ ਵਿੱਚ ਚੰਗੇ ਮੰਦੇ ਕਰਮਾਂ ਦਾ ਵਾਪਾਰ ਹੋ ਰਿਹਾ ਹੈ। ਸੋ, ਇਹਨਾਂ ਸਰੀਰਾਂ ਵਿੱਚ ਜੋ ਭੀ ਪਹੁੰਚਿਆ ਹੈ, ਉਹ ਚਲਣੇ ਵਾਲਾ ਭਾਵ ਮਰ ਜਾਣ ਵਾਲਾ ਹੀ ਸਮਝੋ।

ਉਪਰੋਕਤ ਤੁਕ ਵਿੱਚ ਪਹਿਲਾ ਅਰਥ ਕਰਦਿਆਂ ਜੋ ਚੰਦ ਸੂਰਜ ਦੀਵਿਆਂ ਦੀ ਗੱਲ ਕੀਤੀ ਹੈ, ਇਸਦਾ ਇੱਕ ਪ੍ਰਮਾਣ ਚਾਣਕੀਆ ਰਿਸ਼ੀ ਦੇ ਧਰਮ ਸ਼ਾਸ਼ਤ੍ਰ ਵਿੱਚ ਆਉਂਦਾ। ਜੈਸਾ ਕਿ :

**ਦਿਨ ਕਾ ਦੀਪਕ ਸੂਰ ਹੈ ਨਿਸ ਕਾ ਦੀਪਕ ਚੰਦ॥**
**ਦੀਪਕ ਧਰਮ ਤ੍ਰਿਲੋਕ ਕਾ ਕੁਲ ਕਾ ਦੀਪ ਸੁਨੰਦ॥** [ਅਧਿਆਇ ੮, ਦੋਹਰਾ ੯]

ਪ੍ਰਮੇਸ਼ਰ ਨੇ ਸੰਸਾਰ ਨੂੰ ਚਾਨਣਾ ਦੇਣ ਲਈ ਦਿਨ ਦਾ ਦੀਵਾ ਸੂਰਜ ਕੀਤਾ ਹੈ ਤੇ ਰਾਤ ਦਾ ਦੀਵਾ ਚੰਦ੍ਰਮਾ। ਮਨੁੱਖ ਨੇ ਅੰਧਕਾਰ ਤੋਂ ਛੁਟਕਾਰਾ ਪਾਉਣ ਲਈ ਬੜੇ ਯਤਨ ਕੀਤੇ ਹਨ। ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤਕ ਉਜਾਲਾ ਕਰਨ ਲਈ ਬੜੇ ਤਰੱਕੀ ਵਾਲੇ ਸਾਧਨ ਹੋ ਚੁੱਕੇ ਹਨ। ਵਿਗਿਆਨਕ ਤਰੀਕਿਆਂ ਦੁਆਰਾ ਬੜਾ ਕੁਝ ਕੀਤਾ ਜਾ ਰਿਹਾ ਹੈ। ਪੁਰਾਣੇ ਸਮੇਂ ਵਿੱਚ ਆਟੇ ਅਤੇ ਮਿੱਟੀ ਦੇ ਦੀਵੇ ਬਣਾਏ ਜਾਂਦੇ, ਜਿਨ੍ਹਾਂ ਵਿੱਚ ਰੂੰ ਦੀ ਬੱਤੀ ਵੱਟ ਕੇ ਪਾਈ ਜਾਂਦੀ। ਤੇਲ ਤੇ ਘਿਉ ਦੀ ਮਦਦ ਨਾਲ ਦੀਵਾ ਤਿਆਰ ਕਰਕੇ ਦੀਵੇ ਤੋਂ ਚਾਨਣਾ ਲਿਆ ਜਾਂਦਾ। ਫਿਰ ਲੋਹੇ ਦੇ ਦੀਵੇ ਤਿਆਰ ਹੋਣ ਲੱਗੇ, ਜਿਨ੍ਹਾਂ ਵਿੱਚ ਮਿੱਟੀ ਦਾ ਤੇਲ ਪੈਂਦਾ ਅਤੇ ਫਿਰ ਹੌਲੀ-ਹੌਲੀ ਬਿਜਲੀ ਦੀ ਕਾਢ ਨਿਕਲੀ। ਟਿਊਬਾਂ, ਬੱਲਬ, ਸਰਚ ਲਾਈਟਾਂ ਆਦਿ ਅੱਜ ਚਾਨਣੇ ਦੇ ਸਾਧਨ ਬਣੇ ਹੋਏ ਹਨ। ਮਨੁੱਖ ਦੇ ਸਿਰ ਤੋੜ ਯਤਨ ਕਰਨ ਦੇ ਨਾਲ ਭੀ ਪੂਰੀ ਕਾਮਯਾਬੀ ਪ੍ਰਾਪਤ ਨਹੀਂ ਹੋਈ। ਦੀਵੇ ਦੀ ਬੱਤੀ ਜਾਂ ਤੇਲ ਖ਼ਤਮ ਹੋ ਜਾਣਾ, ਇਹਨਾਂ ਕਰਕੇ ਮਨੁੱਖ ਨੂੰ ਆਮ ਕਰਕੇ ਥੋੜ੍ਹੇ ਸਮੇਂ ਲਈ ਚਾਨਣਾ ਮਿਲ ਜਾਂਦਾ ਹੈ। ਗੈਸ ਦਾ ਦੀਵਾ ਹੈ ਤਾਂ ਇਹ ਗੈਸ ਮੁੱਕ ਜਾਂਦੀ ਹੈ। ਜੇ ਬਿਜਲੀ ਦਾ ਚਾਨਣਾ ਹੈ ਤਾਂ ਕਿੰਨੀ-ਕਿੰਨੀ ਦੇਰ ਤਕ ਇਸ ਵਿੱਚ ਨੁਕਸ ਪੈ ਕੇ ਮਨੁੱਖ ਨੂੰ ਚਾਨਣਾ ਪ੍ਰਾਪਤ ਨਹੀਂ ਹੁੰਦਾ, ਕਿਉਂਕਿ ਇਹ ਚਾਨਣੇ ਦੇ ਸਾਧਨ ਮਨੁੱਖ ਨੇ ਪੈਦਾ ਕੀਤੇ ਹਨ। ਜੋ ਚਾਨਣ ਦੇ ਸਾਧਨ ਪ੍ਰਮੇਸ਼ਰ ਨੇ ਪੈਦਾ ਕੀਤੇ ਹਨ, ਉਹਨਾਂ ਵਿੱਚ ਇਤਨਾ ਕੁ ਫ਼ਰਕ ਹੈ ਕਿ ਪ੍ਰਮਾਤਮਾ ਦੇ ਬਣਾਏ ਚਾਨਣ ਦੇ ਸਾਧਨ ਸੂਰਜ ਅਤੇ ਚੰਦ੍ਰਮਾ ਰੂਪ ਦੀਵੇ, ਜਿਨ੍ਹਾਂ ਵਿੱਚ ਨਾ ਤੇਲ ਪਾਉਣਾ ਪੈਂਦਾ ਹੈ ਤੇ ਨਾ ਬੱਤੀ ਪਾਉਣੀ ਪੈਂਦੀ ਹੈ। ਪ੍ਰਮਾਤਮਾ ਦੀ ਸੱਤਾ ਨਾਲ ਸੰਸਾਰ ਨੂੰ ਚਾਨਣਾ ਦਿੰਦੇ ਹਨ। ਸੂਰਜ ਦਿਨ ਦਾ ਦੀਵਾ ਤੇ ਚੰਦ੍ਰਮਾ ਰਾਤ ਦਾ ਦੀਵਾ ਹੈ। ਦੋ ਦੀਵੇ ਕੁਦਰਤ ਦੇ ਪੈਦਾ ਕੀਤੇ ਇਹ ਹਨ ਤੇ ਤੀਸਰਾ ਦੀਵਾ ਧਰਮ ਸ਼ਾਸ਼ਤ੍ਰ ਅਨੁਸਾਰ ਖ਼ਾਨਦਾਨ ਨੂੰ ਉਜਾਲਾ ਕਰਨ ਵਾਲਾ ਕੁਲ ਦਾ ਦੀਵਾ ਸੁਨੰਦ=ਸ੍ਰੇਸ਼ਟ ਪੁੱਤਰ ਹੈ। ਸੋ, ਚੌਥਾ ਦੀਵਾ ਧਰਮ ਸ਼ਾਸ਼ਤ੍ਰ ਅਨੁਸਾਰ ਧਰਮ ਹੈ, ਧਰਮ ਰੂਪੀ ਦੀਵੇ ਦਾ ਚਾਨਣਾ ਤਿੰਨਾਂ ਲੋਕਾਂ ਵਿੱਚ ਹੈ। ਸੂਰਜ ਤੇ ਚੰਦ੍ਰਮਾ ਕੇਵਲ ਇੱਕ ਬ੍ਰਹਿਮੰਡ ਵਿੱਚ ਚਾਨਣਾ ਦੇ ਸਕਦੇ ਹਨ। ਇਹਨਾਂ ਦਾ ਚਾਨਣਾ ਇੱਕ ਲੋਕ ਤਕ ਸੀਮਿਤ ਹੈ, ਪਰ ਧਰਮ ਦਾ ਚਾਨਣਾ ਅਸੀਮਿਤ ਹੈ। ਇਹ ਧਰਮ ਰੂਪ ਦੀਵਾ ਤਿੰਨਾ ਲੋਕਾਂ ਵਿੱਚ ਚਾਨਣਾ ਕਰਨ ਵਾਲਾ ਹੈ।

**ਤੀਜਾ ਅਰਥ—ਦੁਇ ਦੀਵੇ ਚਉਦਹ ਹਟਨਾਲੇ॥** ਵੈਰਾਗ ਵਿਵੇਕ ਰੂਪ ਦੋ ਦੀਵੇ ਹਨ ਤੇ ਚੌਦਾਂ ਇੰਦ੍ਰੀਆਂ ਦਾ ਦਮਨ ਕਰਨ ਰੂਪ ਹਟਨਾਲੇ=ਬਜ਼ਾਰ ਹਨ। **ਜੇਤੇ ਜੀਅ ਤੇਤੇ ਵਣਜਾਰੇ॥** ਜਿਤਨੇ ਕੁ ਜੀਵ ਸੂਖਮ, ਅਸਥੂਲ ਉਤਮ, ਮੱਧਮ, ਪਾਪੀ, ਪੁੰਨੀ ਸਭ ਨੂੰ ਉਸ ਦੇ ਨਾਮ ਦੇ ਵਣਜਾਰੇ ਬਣਨਾ ਚਾਹੀਦਾ ਹੈ। **ਖੁਲੇ੍ ਹਟ ਹੋਆ ਵਾਪਾਰੁ॥** ਸਤਿਸੰਗ ਰੂਪ ਹੱਟ ਖੁੱਲ੍ਹ ਰਿਹਾ ਹੈ। ਜੀਵ ਈਸ਼ ਦੀ ਏਕਤਾ ਰੂਪ ਵਣਜ ਹੋ ਰਿਹਾ ਹੈ, **ਵਾ:** ਪ੍ਰਮੇਸ਼ਰ ਦੇ ਨਾਮ ਦਾ ਸਤਿਸੰਗ ਰੂਪ ਹੱਟ 'ਤੇ ਵਾਪਾਰ ਹੋ ਰਿਹਾ ਹੈ, **ਵਾ:** ਸ਼ੁਭ ਗੁਣਾਂ ਰੂਪੀ ਵਸਤੂ ਦਾ ਸਤਿਸੰਗਤ ਰੂਪ ਹੱਟ 'ਤੇ ਵਾਪਾਰ ਹੋ ਰਿਹਾ ਹੈ। ਜਿਨ੍ਹਾਂ ਦੇ ਪੰਜੇ ਕੋਸ਼ਾਂ ਦੇ ਤਖ਼ਤੇ ਖੁਲੇ੍=ਖੁਲ੍ਹ ਗਏ, ਹਟ=ਹੱਟ ਗਏ, **ਵਾ:** ਕਰਤਾ ਭੋਗਤਾ ਦੇ ਦਰਵਾਜ਼ੇ ਹਟ ਗਏ। ਉਹ ਭਗਤੀ ਦਾ ਵਪਾਰ ਗੁਰਾਂ ਪਾਸੋਂ ਪ੍ਰਾਪਤ ਕਰਦੇ ਹਨ। **ਜੋ ਪਹੁਚੈ ਸੋ ਚਲਣਹਾਰੁ॥** ਜੋ ਸਾਧ ਸੰਗਤ ਵਿੱਚ ਪਹੁੰਚੈ=ਪਹੁੰਚ ਗਿਆ ਹੈ, ਉਸ ਨੇ ਆਪਣੇ ਆਪ ਨੂੰ ਸੰਸਾਰ ਤੋਂ ਚਲੇ ਜਾਣ ਵਾਲਾ ਨਿਸਚੇ ਕੀਤਾ ਹੈ ਕਿ ਇਥੇ ਸਦਾ ਨਹੀਂ ਰਹਿਣਾ। ਜੈਸਾ ਕਿ :

**ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥**
[ਸੂਹੀ ਰਵਿਦਾਸ ਜੀ, ਅੰਗ ੭੯੩]

**ਵਾ:** ਜਿਸ ਦੀ ਬਿਰਤੀ ਗਿਆਨ ਵਿੱਚ ਪਹੁੰਚ ਗਈ ਹੈ, ਸੋ ਸਰੂਪ ਵਿੱਚ ਚੱਲਣ ਵਾਲਾ ਹੋਇਆ ਹੈ। **ਧਰਮੁ**

**ਦਲਾਲੁ ਪਾਏ ਨੀਸਾਣੁ ॥** ਜਿਨ੍ਹਾਂ ਨੇ ਸਤਿ, ਸੰਤੋਖ, ਦਇਆ, ਧਰਮਾਦਿ ਸ਼ੁਭ ਗੁਣਾਂ ਦੀ ਦਲਾਲਗੀ ਦਾ ਟੋਂਬੂ ਪਾਇਆ ਹੈ। ਉਹ ਪ੍ਰਮਾਤਮਾ ਦੇ ਦਰ 'ਤੇ ਪਹੁੰਚਣ ਵਾਲਾ ਹੋ ਰਿਹਾ ਹੈ, **ਵਾ:** ਜਿਨ੍ਹਾਂ ਦੇ ਧਰਮ ਰੂਪ ਸਤਿਗੁਰੂ ਜੀ ਦਲਾਲ ਹੋਏ ਹਨ, ਜੋ ਨਾਮ ਦਾ ਨੀਸਾਣੁ=ਚਿੰਨ੍ਹ ਪਾਉਂਦੇ ਹਨ ਸੋ=ਉਹ ਪ੍ਰਮਾਤਮਾ ਦੀ ਭਗਤੀ ਰੂਪ ਰਾਹ 'ਤੇ ਚਲਣ ਵਾਲੇ ਹੋ ਕੇ ਪਹੁਚੈ=ਪ੍ਰਮਾਤਮਾ ਦੇ ਦਰ ਤੇ ਪ੍ਰਾਪਤ ਹੋ ਗਏ ਹਨ, ਭਾਵ ਮੰਜ਼ਿਲ ਮਖਸੂਦ 'ਤੇ ਪਹੁੰਚ ਗਏ ਹਨ। ਸੋ, ਐਸਾ ਸ਼ੁਭ ਗੁਣਾਂ ਦਾ ਵਣਜ ਕਰਨ ਵਾਲਿਆਂ ਪ੍ਰਤੀ ਗੁਰਬਾਣੀ ਵਿੱਚ ਕਈ ਥਾਂਵਾਂ 'ਤੇ ਪ੍ਰਮਾਣ ਆਏ ਹਨ। ਜੈਸਾ ਕਿ :

੧. **ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥**
**ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥**
**ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥**
**ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥**
**ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ਰਹਾਉ॥**
**ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥**
**ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥**
**ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥** [ਸਿਰੀਰਾਗੁ ਮਹਲਾ ੧, ਅੰਗ ੨੨-੨੩]

੨. **ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥੩੯॥**
[ਰਾਮਕਲੀ ਮਃ ੧, ਸਿਧ ਗੋਸਟਿ, ਅੰਗ ੯੪੨]

੩. **ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥**
**ਵਣਜਾਰੇ ਸਿਖ ਆਵਦੇ ਸਬਦਿ ਲੰਘਾਵਣਹਾਰੁ ॥** [ਗਉੜੀ ਕੀ ਵਾਰ, ਮਹਲਾ ੪, ਅੰਗ ੩੧੩]

੪. **ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥**
**ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥੧੭॥**
[ਸਲੋਕ ਵਾਰਾਂ ਤੇ ਵਧੀਕ ਮਃ ੫, ਅੰਗ ੧੪੨੬]

੫. **ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**
**ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥** [ਵਾਰ ਸੋਰਠਿ ਮਹਲਾ ੩, ਅੰਗ ੬੪੬]

੬. **ਸਚਾ ਸਉਦਾ ਸਚੁ ਵਾਪਾਰਾ ॥ ਨਾ ਤਿਥੈ ਭਰਮੁ ਨ ਦੂਜਾ ਪਾਸਾਰਾ ॥**
[ਮਾਰੂ ਮਹਲਾ ੩, ਅੰਗ ੧੦੫੦]

## *ਨਾਨਕ ਨਾਮੁ; ਲਾਹਾ ਪਰਵਾਣੁ ॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਕਰਕੇ ਪਰਵਾਣੁ=ਪ੍ਰਮਾਣਨੀਕ ਲਾਹਾ=ਲਾਭ ਪ੍ਰਾਪਤ ਹੁੰਦਾ ਹੈ।

## *ਘਰਿ ਆਏ; ਵਜੀ ਵਾਧਾਈ ॥*

ਅੰਤਰਮੁਖ ਬਿਰਤੀ ਕਰਨ ਰੂਪ ਜਦੋਂ ਘਰ ਵਿੱਚ ਆਏ ਤਾਂ ਅਨੰਦ ਦੀ ਵਧਾਈ ਵਜੀ=ਪ੍ਰਗਟ ਹੋਈ, **ਅਥਵਾ** ਸਤਿਸੰਗ ਰੂਪੀ ਘਰ ਵਿੱਚ ਆਏ ਤਾਂ ਪ੍ਰਮਾਤਮਾ ਦੇ ਜਸ ਕਰਨ ਰੂਪ ਅਨੰਦ ਦੀ ਵਧਾਈ ਬੁੱਧ ਵਿੱਚ ਵਜੀ=ਪ੍ਰਗਟ ਹੋਈ। **ਵਾ:** ਸਰੂਪ ਘਰ ਵਿੱਚ ਆਏ ਤਾਂ ਅਨੰਦ ਦੀ ਵਧਾਈ ਪ੍ਰਗਟ ਹੋਈ।

## ਸਚ ਨਾਮ ਕੀ ਮਿਲੀ ਵਡਿਆਈ ॥੧॥

ਗੁਰਮੁਖਾਂ ਨੂੰ ਸੱਚੇ ਪ੍ਰਮੇਸ਼ਰ ਦੇ ਨਾਮ ਜਪਣ ਦੀ ਸੱਚੀ ਵਡਿਆਈ ਮਿਲੀ ਹੈ॥੧॥ ਜੈਸਾ ਕਿ :

**੧. ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥**
**ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥** [ਵਾਰ ਸਾਰੰਗ ਮਹਲਾ ੨, ਅੰਗ ੧੨੩੮]

**੨. ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥** [ਮਾਰੂ ਮਹਲਾ ੧, ਅੰਗ ੧੦੨੩]

**ਪਹਿਲਾ ਪ੍ਰਸ਼ਨ**—ਜੇਕਰ ਸੰਤਾਂ ਨੂੰ ਕੁਸੰਗਤ ਦਾ ਸੰਗ ਹੋ ਜਾਵੇ ਤਾਂ ਖੋਟਾ ਰੰਗ ਚੜ੍ਹਦਾ ਹੈ ਜਾਂ ਨਹੀਂ ?
**ਦੂਜਾ ਪ੍ਰਸ਼ਨ**—ਜੇਕਰ ਦੁਸ਼ਟ ਪੁਰਸ਼ਾਂ ਨੂੰ ਸੰਤਾਂ ਦਾ ਸੰਗ ਹੋ ਜਾਵੇ ਤਾਂ ਉਨ੍ਹਾਂ ਨੂੰ ਅਸਰ ਹੁੰਦਾ ਹੈ ਜਾਂ ਨਹੀਂ ?
ਇਹ ਪ੍ਰਸ਼ਨ ਗੁਰੂ ਨਾਨਕ ਦੇਵ ਜੀ ਨੂੰ ਕੁਝ ਜਗਿਆਸੂ ਗੁਰਸਿੱਖਾਂ ਨੇ ਕੀਤਾ ਸੀ ਤਾਂ ਉੱਤਰ ਵਿੱਚ ਸਤਿਗੁਰੂ ਜੀ ਨੇ ਅੰਮ੍ਰਿਤ ਬਚਨ ਉਚਾਰਿਆ।

## ਮਃ ੧ ॥ ਰਾਤੀ ਹੋਵਨਿ ਕਾਲੀਆ; ਸੁਪੇਦਾ ਸੇ ਵੰਨ ॥

ਜਿਵੇਂ ਮੱਸਿਆ ਦੀਆਂ ਰਾਤੀ=ਰਾਤਾਂ ਕਾਲੀਆਂ ਹੋਵਨਿ=ਹੁੰਦੀਆਂ ਹਨ ਤੇ ਸੁਪੇਦਾ=ਚਿੱਟੀਆਂ, ਉਜਲ ਚੀਜ਼ਾਂ ਦਾ ਸੇ=ਓਹੀ ਵੰਨਿ=ਰੰਗ ਰਹਿੰਦਾ ਹੈ, ਭਾਵ ਉਨ੍ਹਾਂ ਦਾ ਰੰਗ ਕਾਲੀਆਂ ਰਾਤਾਂ ਬਦਲ ਕੇ ਕਾਲਾ ਨਹੀਂ ਕਰ ਦਿੰਦੀਆਂ।

## ਦਿਹੁ ਬਗਾ ਤਪੈ ਘਣਾ; ਕਾਲਿਆ ਕਾਲੇ ਵੰਨ ॥

ਜਿਵੇਂ ਜੇਠ ਹਾੜ੍ਹ ਵਿੱਚ ਦਿਹੁ=ਦਿਨ ਬਗਾ=ਚਿੱਟਾ ਘਣਾ=ਬਹੁਤਾ ਤਪੈ=ਤਪਦਾ ਹੈ ਤੇ ਇਹ ਕਾਲੀਆਂ ਚੀਜ਼ਾਂ ਦਾ ਕਾਲਾ ਹੀ ਵੰਨ=ਰੰਗ ਰਹਿੰਦਾ ਹੈ। ਦਿਨ ਦਾ ਚਿੱਟਾ ਰੰਗ ਕਾਲੀਆਂ ਚੀਜ਼ਾਂ ਨੂੰ ਚਿੱਟਾ ਨਹੀਂ ਬਣਾ ਸਕਦਾ। ਜੈਸਾ ਕਿ :

**੧. ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ ॥**
**ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ ॥੧੦॥**
[ਸਲੋਕ ਭਗਤ ਕਬੀਰ ਜੀ ਕੇ, ਅੰਗ ੧੩੬੫]

**੨. ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥** [ਸਲੋਕ ਕਬੀਰ ਜੀ, ਅੰਗ ੧੩੬੯]

ਇਸੇ ਤਰ੍ਹਾਂ ਤਿਨ੍ਹਾਂ ਦੁਸ਼ਟਾਂ ਦੀਆਂ ਅਵਸਥਾ ਰੂਪ ਰਾਤਾਂ ਪਾਪਾਂ ਕਰਕੇ ਤੇ ਵਿਕਾਰਾਂ ਕਰਕੇ ਕਾਲੀਆਂ ਹਨ ਤੇ ਜੇਕਰ ਉਨ੍ਹਾਂ ਦਾ ਸੰਗ ਹੋ ਭੀ ਜਾਵੇ ਤਾਂ ਸੁਪੇਦਾ=ਚਿਟੇ ਸਾਫ਼ ਅੰਤਹਕਰਨ ਵਾਲੇ ਜੋ ਮਹਾਂਪੁਰਸ਼ ਹਨ, ਉਨ੍ਹਾਂ ਦਾ ਸੇ=ਉਹੀ ਵੰਨ=ਰੰਗ ਰਹਿੰਦਾ ਹੈ। ਜੈਸਾ ਕਿ :

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥** [ਸਲੋਕ ਕਬੀਰ ਜੀ, ਅੰਗ ੧੩੭੩]

ਅਤੇ ਬੱਗੇ ਦਿਨ ਵਾਂਗ ਜੋ ਸਤਿਸੰਗਤ ਹੈ ਘਣਾ=ਬਹੁਤਾ ਚਾਨਣਾ ਦੇ ਰਹੀ, ਭਾਵ ਤੇਜ਼ ਦੇ ਸਹਿਤ ਹੈ, ਪਰ ਤਾਂ ਭੀ ਕਾਲੇ=ਪਾਪ ਆਤਮਾ, ਪਾਪ ਕਰਨ ਵਾਲੇ ਕਾਲੇ ਦਿਲ ਵਾਲਿਆਂ ਦਾ ਕਾਲਾ ਹੀ ਵੰਨਿ=ਰੰਗ ਰਹਿੰਦਾ ਹੈ। ਇਸ ਕਰਕੇ ਕਬੀਰ ਜੀ ਨੇ ਇੱਕ ਥਾਂ ਹੋਰ ਮੱਖੀ ਨਾਲ ਤੁਲਨਾ ਦੇ ਕੇ ਪਾਪੀ ਪੁਰਸ਼ਾਂ ਨੂੰ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥**
**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੬੮॥** [ਸਲੋਕ ਕਬੀਰ ਜੀ, ਅੰਗ ੧੩੬੮]

ਜਿਵੇਂ ਮੱਖੀ ਨੂੰ ਅਤਿ ਦਰਜੇ ਦੀ ਸੁਗੰਧੀ ਵਾਲਾ ਚੰਦਨ ਚੰਗਾ ਨਹੀਂ ਲੱਗਦਾ, ਉਸ ਨੂੰ ਪਰਹਰੈ=ਤਿਆਗ ਦਿੰਦੀ ਹੈ। ਜਿਥੇ ਦੁਰਗੰਧੀ ਹੈ ਉਥੇ ਮੱਖੀ ਜਾ ਪਹੁੰਚਦੀ ਹੈ। ਇਸੇ ਤਰ੍ਹਾਂ ਪਾਪੀ ਵਿਸ਼ਈ ਪੁਰਸ਼ ਜਿਥੋਂ ਵਿਸ਼ਿਆਂ ਦੀ ਦੁਰਗੰਧੀ ਆਵੇ ਉਥੇ ਹੀ ਪਾਪ ਕਰਮ ਕਰਨ ਲਈ, **ਵਾ:** ਵਿਸ਼ਾ ਭੋਗਣ ਲਈ ਪਹੁੰਚ ਜਾਂਦੇ ਹਨ। ਉਨ੍ਹਾਂ ਦਾ ਜੀਵਨ ਇੱਕ ਗੰਦੇ ਦੀ ਮੱਖੀ ਦੀ ਨਿਆਈਂ ਹੀ ਹੈ।

***ਮਃ ੧ ॥ ਰਾਤੀ ਹੋਵਨਿ ਕਾਲੀਆ; ਸੁਪੇਦਾ ਸੇਵੰਨਿ ॥***
***ਦਿਹੁ ਬਗਾ ਤਪੈ ਘਣਾ; ਕਾਲਿਆ ਕਾਲੇ ਵੰਨ ॥***

**ਤੀਜਾ ਅਰਥ—**ਚਾਹੇ ਰਾਤੀ ਹੋਵਨਿ ਕਾਲੀਆ=ਕਲਿਜੁਗ ਸਮਾਂ ਵੀ ਪ੍ਰਾਪਤ ਹੋਵੇ ਤਾਂ ਭੀ ਸੁਪੇਦਾ=ਮਹਾਤਮਾ ਦਾ ਉਹੀ ਵੰਨਿ=ਰੰਗ ਰਹਿੰਦਾ ਹੈ। ਚਾਹੇ ਸਤਿਜੁਗ, ਤ੍ਰੇਤਾ, ਦੁਆਪਰ ਦਾ ਸਮਾਂ ਚਿੱਟੇ ਦਿਨਾਂ ਦੀ ਤਰ੍ਹਾਂ ਹੋਵੇ ਤਾਂ ਭੀ ਕਾਲੇ ਪਾਪੀਆਂ ਦੇ ਕਾਲੇ ਵੰਨ=ਰੰਗ ਰਹਿੰਦੇ ਹਨ, ਜਿਵੇਂ ਰਾਜੇ ਅੰਗ ਦੇ ਪੁੱਤਰ ਬੇਣ ਆਦਿਕ ਰਾਜਿਆਂ ਦੇ ਮਨ ਪਾਪੀ ਹੀ ਰਹੇ।

## *ਅੰਧੇ ਅਕਲੀ ਬਾਹਰੇ; ਮੂਰਖ ਅੰਧ ਗਿਆਨੁ ॥*

ਅੰਧੇ=ਅਗਿਆਨੀ ਸੰਸਾਰਿਕ ਅਕਲ ਤੋਂ ਭੀ ਬਾਹਰੇ=ਬਾਝ ਹਨ, ਮੂਰਖ ਲੋਕ ਸਰੂਪ ਗਿਆਨ ਤੋਂ ਭੀ ਅੰਧ=ਅੰਨ੍ਹੇ ਹਨ। ਜੈਸਾ ਕਿ :

੧. **ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜੋ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥**
[ਸਲੋਕ ਭਗਤ ਕਬੀਰ ਜੀ, ਅੰਗ ੧੩੭੨]

੨. **ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥**
**ਬਿਨੁ ਗੁਰ ਪੰਥੁ ਨ ਸੁਝਈ ਕਿਤੁ ਬਿਧਿ ਨਿਰਬਹੀਐ ॥੨॥** [ਗਉੜੀ ਮਹਲਾ ੧, ਅੰਗ ੨੨੯]

## *ਨਾਨਕ ਨਦਰੀ ਬਾਹਰੇ; ਕਬਹਿ ਨ ਪਾਵਹਿ ਮਾਨੁ ॥੨॥*

ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਪੁਰਸ਼ ਨਦਰੀ=ਪ੍ਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਤੋਂ ਬਾਹਰੇ=ਖ਼ਾਲੀ ਹਨ, **ਵਾ:** ਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਾਹਰੇ ਹਨ, ਉਹ ਕਦੀ ਭੀ ਮਾਨ ਨਹੀਂ ਪਾਉਂਦੇ, ਉਨ੍ਹਾਂ ਦਾ ਹਮੇਸ਼ਾ ਹੀ ਅਪਮਾਨ ਹੁੰਦਾ ਹੈ। ਜੈਸਾ ਕਿ ਇਤਿਹਾਸ ਵਿੱਚ ਪ੍ਰਮਾਣ ਮਿਲਦਾ ਹੈ ॥੨॥

**ਸਾਖੀ ਦੁਨੀਚੰਦ ਦੀ—**ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੁਰਕਾਂ ਨਾਲ ਵੱਡਾ ਜੰਗ ਹੋ ਰਿਹਾ ਸੀ ਤਾਂ ਕੇਸਰੀ ਚੰਦ ਨੇ ਮਸਤ ਹਾਥੀ ਸ਼ਰਾਬ ਪਿਲਾ ਕੇ, ਮੱਥੇ ਅੱਗੇ ਤਵੇ ਬੰਨ੍ਹ ਕੇ, ਸੁੰਡ ਵਿੱਚ ਦੋ ਗਜ਼ ਦੀ ਲੰਮੀ ਤਲਵਾਰ ਫੜਾ ਦਿੱਤੀ ਕਿ ਲੋਹਗੜ੍ਹ ਦੇ ਕਿਲ੍ਹੇ ਦੇ ਦਰਵਾਜ਼ਿਆਂ ਨੂੰ ਇਹ ਤੋੜੇਗਾ। ਤਾਂ ਸਿੱਖਾਂ ਵਿੱਚ ਬਹੁਤ ਚਿੰਤਾ ਹੋਈ। ਕੁਦਰਤੀ ਭਾਈ ਸਾਲੋ ਦਾ ਪੋਤਰਾ ਦੁਨੀਚੰਦ ਹਾਥੀ ਦੀ ਤਰ੍ਹਾਂ ਝੂਲਦਾ ਆ ਰਿਹਾ ਸੀ, ਜੋ ਬਹੁਤ ਵੱਡੇ ਕੱਦ ਵਾਲਾ ਸੀ, ਜਿਸ ਨੂੰ ਦੇਖ ਕੇ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਆਹ ਗੁਰੂ ਘਰ ਦਾ ਹਾਥੀ ਆ ਗਿਆ ਹੈ, ਹਾਥੀ ਨਾਲ ਹਾਥੀ ਮੁਕਾਬਲਾ ਕਰੇਗਾ। ਇਹ ਪੰਜ ਸੌ ਮਝੈਲ ਜਵਾਨਾਂ ਦਾ ਸਰਦਾਰ ਸੀ। ਖ਼ਾਲਸੇ ਦੇ ਦਲ ਵਿੱਚ ਇਹ ਧੁੰਮ ਪੈ ਗਈ ਕਿ ਮਸਤ ਹਾਥੀ ਦਾ ਮੁਕਾਬਲਾ ਕੱਲ੍ਹ ਨੂੰ ਦੁਨੀਚੰਦ ਕਰੇਗਾ। ਦੁਨੀਚੰਦ ਦੇ ਮੂੰਹ 'ਤੇ ਪਿਲੱਤਣ ਛਾ ਗਈ ਤੇ ਨੱਠਣ ਲਈ ਤਿਆਰ ਹੋ ਗਿਆ। ਭਾਈ ਦਇਆ ਸਿੰਘ ਕੋਲ ਜਾ ਕੇ ਕਹਿਣ ਲੱਗਾ ਕਿ ਗੁਰੂ ਜੀ ਨੂੰ ਸਮਝਾਵੋ, ਕਿਤੇ ਹਾਥੀਆਂ ਦੇ ਮੁਕਾਬਲੇ ਬੰਦੇ ਥੋੜ੍ਹਾ ਕਰਿਆ ਕਰਦੇ ਹਨ, ਇਹ ਕਿਧਰ ਦਾ ਨਿਆਂ ਹੈ ਕਿ ਮਸਤ ਹਾਥੀ ਨਾਲ ਬੰਦਾ ਲੜੇ। ਨਾ ਸੁਣਿਆ ਨਾ ਦੇਖਿਆ। ਪਤਾ ਨਹੀਂ ਕਿਹੜੇ ਸਿੱਖ ਨੇ ਗੁਰੂ ਜੀ ਦੇ ਕੰਨ ਭਰ ਦਿੱਤੇ

ਹਨ ਕਿ ਹਾਥੀ ਨੂੰ ਇਸ ਨਾਲ ਲੜਾਵੋ। ਮੇਰੇ ਮਰਨ ਦੀ ਕੋਈ ਗੱਲ ਨਹੀਂ, ਭਾਈ ਦਇਆ ਸਿੰਘ ਕੱਲ੍ਹ ਨੂੰ ਵਾਰੀ ਤੁਹਾਡੀ ਵੀ ਆਵੇਗੀ। ਭਾਈ ਦਇਆ ਸਿੰਘ ਨੇ ਬੜਾ ਸਮਝਾਇਆ ਕਿ ਤੂੰ ਡਰ ਨਾ, ਜੇ ਗੁਰੂ ਜੀ ਹਾਥੀ ਦਾ ਮੁਕਾਬਲਾ ਕਰਾਉਣ ਲੱਗੇ ਹਨ ਤਾਂ ਤੈਨੂੰ ਬਲ ਵੀ ਸ਼ੇਰ ਦਾ ਦੇ ਕੇ ਭੇਜਣਗੇ। ਕਹਿਣ ਲਗਾ ਕਿ ਇਹ ਸ਼ੇਰ ਦਾ ਬਲ ਕਿਸੇ ਹੋਰ ਨੂੰ ਹੀ ਦੇਣ, ਮੈਂ ਅਜਾਂਈ ਮੌਤ ਨਹੀਂ ਮਰਨਾ। ਤੇ ਅਖ਼ੀਰ ਮਾਝੇ ਦੇ ਸਿੰਘਾਂ ਨੂੰ ਨਾਲ ਲੈ ਕੇ ਨੱਠਿਆ। ਅੱਧੀ ਰਾਤ ਕਿਲ੍ਹੇ ਦੀ ਕੰਧ ਨੂੰ ਰੱਸਾ ਬੰਨ੍ਹ ਕੇ ਸਾਥੀ ਉਤਰੇ, ਜਦੋਂ ਦੁਨੀਚੰਦ ਉਤਰਨ ਲੱਗਾ ਤਾਂ ਰੱਸਾ ਟੁੱਟ ਕੇ ਡਿਗ ਪਿਆ ਤੇ ਲੱਤ ਟੁੱਟ ਗਈ। ਸਾਥੀਆਂ ਨੇ ਮੰਜੇ 'ਤੇ ਪਾ ਕੇ ਮਜੀਠੇ ਪਿੰਡ ਮਾਝੇ ਵਿੱਚ ਜਿਥੇ ਹੁਣ ਉਸਦੀ ਸਮਾਧ ਹੈ, ਜਾ ਠਹਿਰੇ। ਪਤਾ ਲਗਣ ਤੋਂ ਗੁਰੂ ਜੀ ਨੇ ਬਚਨ ਕੀਤਾ ਕਿ (ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ) ਭਾਈ ਸਿੱਖੋ! ਜਿਸ ਮੌਤ ਤੋਂ ਡਰਦਾ ਦੁਨੀਚੰਦ ਨੱਠਾ ਹੈ, ਉਹ ਕਾਲ ਦੇ ਮੂੰਹ ਚਲਾ ਜਾਏਗਾ। ਜਿਹੜੀ ਲੜਾਈ ਤੋਂ ਡਰਦੇ ਮਝੈਲ ਖਿਸਕੇ ਹਨ, ਇਹ ਹਮੇਸ਼ਾ ਹੀ ਲੜਦੇ ਰਹਿਣਗੇ। ਅਖ਼ੀਰ ਨੂੰ ਦੁਨੀਚੰਦ ਸੱਪ ਲੜ ਕੇ ਮਰ ਗਿਆ। ਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਾਹਰ ਜਾਣ ਕਰਕੇ ਕਦੇ ਕਿਸੇ ਨੂੰ ਮਾਣ ਨਹੀਂ ਮਿਲਦਾ, ਜਿਹੜਾ ਮਾਣ ਦੁਨੀਚੰਦ ਨੂੰ ਮਿਲਣਾ ਸੀ, ਉਹ ਨਦਰ ਤੋਂ ਬਾਹਰ ਹੋਣ ਕਰਕੇ ਨਹੀਂ ਮਿਲਿਆ। ਬਲਕਿ ਭਾਈ ਬਚਿੱਤਰ ਸਿੰਘ ਨੂੰ ਮਿਲਿਆ, ਦੁਨੀਚੰਦ ਨੂੰ ਅਪਮਾਨ ਮਿਲਿਆ ਤੇ ਮਿਲਦਾ ਰਹੇਗਾ।

## *ਪਉੜੀ ॥ ਕਾਇਆ ਕੋਟੁ ਰਚਾਇਆ; ਹਰਿ ਸਚੈ ਆਪੇ ॥*

ਹਰੀ ਪ੍ਰਮੇਸ਼ਰ ਸੱਚੇ ਵਾਹਿਗੁਰੂ ਨੇ ਆਪ ਹੀ ਸਰੀਰ ਰੂਪੀ ਕੋਟੁ=ਕਿਲ੍ਹਾ ਰਚਾਇਆ=ਬਣਾਇਆ ਹੈ।

## *ਇਕਿ ਦੂਜੈ ਭਾਇ ਖੁਆਇਅਨੁ; ਹਉਮੈ ਵਿਚਿ ਵਿਆਪੇ ॥*

ਇੱਕ ਦੂਜੈ=ਦਵੈਸ਼ ਭਾਇ=ਭਾਵਨਾ ਵਾਲਿਆਂ ਨੂੰ ਆਪਣੇ ਵੱਲੋਂ ਖੁਆਇਅਨੁ=ਭੁਲਾ ਦਿੱਤਾ ਹੈ ਹਉਮੈ ਦੇ ਵਿੱਚ ਵਿਆਪੇ=ਲੱਗਣ ਕਰਕੇ ਖੁਆਇਅਨੁ=ਖਜਲ ਖੁਆਰ ਹੋ ਰਹੇ ਹਨ।

## *ਇਹੁ ਮਾਨਸ ਜਨਮੁ ਦੁਲੰਭੁ ਸਾ; ਮਨਮੁਖ ਸੰਤਾਪੇ ॥*

ਇਹ ਮਨੁੱਖਾ ਜਨਮ ਦੁਲੰਭੁ=ਬੜੇ ਮੁਸ਼ਕਲ ਨਾਲ ਲੱਭਣ ਵਾਲਾ, ਭਾਵ ਪ੍ਰਾਪਤ ਹੋਣ ਵਾਲਾ ਹੈ ਪਰ ਸਾ=ਇਸ ਮਨੁੱਖ ਜਨਮ ਵਿੱਚ ਹੀ ਮਨਮੁਖ ਪੁਰਸ਼ (ਸੰ+ਤਾਪੇ) ਸੰ=ਭਲੀ ਪ੍ਰਕਾਰ ਤਾਪੇ=ਤਪ ਰਹੇ ਹਨ, ਭਾਵ ਦੁਖੀ ਹੋ ਰਹੇ ਹਨ।

## *ਜਿਸੁ ਆਪਿ ਬੁਝਾਏ ਸੋ ਬੁਝਸੀ; ਜਿਸੁ ਸਤਿਗੁਰੁ ਥਾਪੇ ॥*

ਜਿਸਨੂੰ ਸੋ=ਉਹ ਪ੍ਰਮੇਸ਼ਰ ਆਪ ਬੁਝਾਏ=ਸਮਝਾਉਂਦਾ ਹੈ ਸੋਈ ਬੁਝਸੀ=ਸਮਝਦਾ ਹੈ, ਪਰ ਸਮਝਾਉਂਦਾ ਉਸ ਨੂੰ ਹੈ, ਜਿਸ ਨੂੰ ਸਤਿਗੁਰੂ ਦੇਵ ਜੀ ਸਰੂਪ ਵਿੱਚ ਥਾਪਦੇ ਹਨ। ਭਾਵ ਇਸਥਿਤ ਕਰਦੇ ਹਨ।

## *ਸਭੁ ਜਗੁ ਖੇਲੁ ਰਚਾਇਓਨੁ; ਸਭ ਵਰਤੈ ਆਪੇ ॥੧੩॥*

ਜਗਤ ਦੇ ਸਾਰੇ ਖੇਲ ਨੂੰ ਰਚਾਇਓਨੁ=ਰਚਾ ਕੇ ਫਿਰ ਆਪ ਹੀ ਸਾਰਿਆਂ ਵਿੱਚ ਵਰਤ ਰਿਹਾ ਹੈ॥੧੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੬੯ [ਆਦਿ ਅੰਗ ੭੯੦]

**ਸਲੋਕ ਮਃ ੧ ॥ ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥ ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥ ਮਃ ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥ ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥ ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥੨॥ ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥**

## ਸਲੋਕ ਮਃ ੧ ॥

ਇਹ ਮੁਖਵਾਕ ਸੂਹੀ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਜਿਸ ਦੀ ਉਥਾਨਕਾ ਇਸ ਪ੍ਰਕਾਰ ਹੈ। ਇੱਕ ਵਾਰ ਸਤਿਗੁਰੂ ਜੀ ਸੰਗਤ ਵਿੱਚ ਬੈਠੇ ਹੋਏ ਸਨ ਤੇ ਸਿੱਖਾਂ ਨੇ ਬੇਨਤੀ ਕੀਤੀ ਕਿ ਜਿਸ ਕਲਿਜੁਗ ਦੀਆਂ ਗੱਲਾਂ ਸਾਰਾ ਸੰਸਾਰ ਕਰਦਾ ਹੈ। ਆਪ ਉਸ ਕਲਿਜੁਗ ਦੇ ਕੁਝ ਚਿੰਨ੍ਹ, ਨਿਸ਼ਾਨੀਆਂ, ਲੱਛਣ ਦੱਸੋ। ਉਸ ਵੇਲੇ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ।

## ਚੋਰਾ ਜਾਰਾ ਰੰਡੀਆ; ਕੁਟਣੀਆ ਦੀਬਾਣੁ ॥

ਚੋਰੀ ਦੇ ਕਰਨ ਵਾਲੇ ਜੋ ਚੋਰ ਹਨ, ਇਸਤਰੀਆਂ ਦੇ ਜੋ ਯਾਰ ਹਨ, ਰੰਡੀਆਂ ਇਸਤਰੀਆਂ ਤੇ ਫੱਫੇ ਕੁਟਣੀਆਂ ਦੀ ਕਲਿਜੁਗ ਵਿੱਚ ਦੀਬਾਣੁ=ਸਭਾ ਲੱਗੇਗੀ, ਇਹ ਕਲਿਜੁਗ ਵਿੱਚ ਪ੍ਰਧਾਨ ਹੋਣਗੇ। ਕੁਟਣੀਆਂ ਤੋਂ ਭਾਵ ਵਿਭਚਾਰ ਕਰਾਉਣ ਵਾਲੀ ਦੂਤੀ ਦਾ ਹੈ।

**ਦੂਜਾ ਅਰਥ—**ਚੋਰਾ ਤੋਂ ਭਾਵ ਨਾਮ ਤੋਂ ਚਿੱਤ ਚਰਾਉਣ ਵਾਲੇ ਜਾਰਾ ਤੋਂ ਭਾਵ ਦੇਵੀ-ਦੇਵਤਿਆਂ ਦੀ ਉਪਾਸ਼ਨਾ ਕਰਨ ਵਾਲੇ, ਰੰਡੀਆ ਤੋਂ ਭਾਵ ਅਨੀਸ਼ਰਵਾਦੀ, ਜੋ ਪ੍ਰਮੇਸ਼ਰ ਨੂੰ ਨਹੀਂ ਮੰਨਦੇ ਅਤੇ ਕੁਟਣੀਆ ਤੋਂ ਭਾਵ ਪ੍ਰਮੇਸ਼ਰ ਦੀ ਭਗਤੀ ਤੋਂ ਹਟਾ ਕੇ ਭੂਤਾਂ-ਪ੍ਰੇਤਾਂ ਦੀ ਉਪਾਸ਼ਨਾ ਵਿੱਚ ਜੋ ਲਾਉਂਦੇ ਹਨ, ਵਾ—ਸੰਸਾਰ ਵੱਲ ਲਾਉਂਦੇ ਹਨ, ਕਲਿਜੁਗ ਵਿੱਚ ਇਨ੍ਹਾਂ ਦੀ ਪ੍ਰਧਾਨਤਾ ਹੋਣ ਕਰਕੇ ਇਨ੍ਹਾਂ ਦੀ ਸਭਾ ਜੁੜੇਗੀ। ਜੈਸਾ ਕਿ :

**ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥** [ਵਾਰ ਆਸਾ ਮਹਲਾ ੧, ਅੰਗ ੪੬੬]

## ਵੇਦੀਨਾ ਕੀ ਦੋਸਤੀ; ਵੇਦੀਨਾ ਕਾ ਖਾਣੁ ॥

ਕਲਿਜੁਗ ਦੇ ਵਿੱਚ (ਵੇ+ਦੀਨਾ) ਵੇ=ਰਹਿਤ ਦੀਨਾ=ਧਰਮ, ਭਾਵ ਅਧਰਮੀਆਂ ਦੀ ਦੋਸਤੀ=ਮਿੱਤਰਤਾ ਹੋਵੇਗੀ। ਵੇਦੀਨਾ=ਬੇਧਰਮੀਆਂ ਨਾਲ ਮਿਲ ਕੇ ਬੇਧਰਮੀਆਂ ਦਾ ਹੀ ਖਾਣਾ ਖਾਇਆ ਕਰਨਗੇ। **ਅਥਵਾ** ਜੋ ਦੇਹ ਨੂੰ ਸੱਤ ਮੰਨਣ ਵਾਲੇ ਹਨ ਅਤੇ ਸਰੂਪ ਦੇ ਧਰਮ ਤੋਂ ਰਹਿਤ ਹਨ, ਉਨ੍ਹਾਂ ਨਾਲ ਦੋਸਤੀ ਕਰਿਆ ਕਰਨਗੇ ਅਤੇ ਦੇਹ ਅਭਿਮਾਨੀਆਂ ਦਾ ਖਾਣਾ ਖਾਇਆ ਕਰਨਗੇ, ਭਾਵ ਮਿਲਾਪ ਧਾਰਨਗੇ। ਜੈਸਾ ਕਿ :

**ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥**

[ਵਾਰ ਰਾਮਕਲੀ ਮਹਲਾ ੫, ਅੰਗ ੯੬੦]

## *ਸਿਫਤੀ ਸਾਰ ਨ ਜਾਣਨੀ; ਸਦਾ ਵਸੈ ਸੈਤਾਨੁ ॥*

ਸਿਫਤੀ ਰੂਪ ਜੋ ਪ੍ਰਮਾਤਮਾ ਹੈ, ਉਸਦੀ ਸਿਫਤ ਦੀ ਸਾਰ=ਸੰਭਾਲ ਨਹੀਂ ਜਾਣਨਗੇ ਅਤੇ ਸਦਾ ਹੀ ਸੈਤਾਨੁ=ਕਾਮ ਆਦਿਕਾਂ ਦੀ ਸੰਗਤ ਵਿੱਚ ਰਲ ਕੇ ਵਸੈ=ਵਸਣਗੇ।

**ਸੈਤਾਨੁ—**ਬਾਈਬਲ ਅਤੇ ਕੁਰਾਨ ਵਿੱਚ ਇਹ ਇੱਕ ਫ਼ਰਿਸ਼ਤਾ ਦੱਸਿਆ ਹੈ, ਜੋ ਆਦਮੀ ਨੂੰ ਬਦੀ ਵੱਲ ਪ੍ਰੇਰਦਾ ਹੈ। ਇਸੇ ਨੇ ਆਦਮ ਨੂੰ ਧੋਖਾ ਦੇ ਕੇ ਵਰਜਿਤ ਫਲ ਖਵਾਇਆ ਸੀ। ਕੁਰਾਨ ਅਨੁਸਾਰ ਸ਼ੈਤਾਨ ਕੇਵਲ ਅਗਨਿ ਤੱਤ ਤੋਂ ਬਣਿਆ ਹੈ। ਜਦ ਖ਼ੁਦਾ ਨੇ ਆਦਮ ਨੂੰ ਮਿੱਟੀ ਤੋਂ ਰੱਚ ਕੇ ਫ਼ਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਸਾਰੇ ਆਦਮ ਅੱਗੇ ਸਿੱਜਦਾ ਕਰੋ, ਤਦ ਸਭ ਨੇ ਹੁਕਮ ਦੀ ਤਾਮੀਲ ਕੀਤੀ, ਪਰ ਸ਼ੈਤਾਨ ਨੇ ਆਗਿਆ ਨਹੀਂ ਮੰਨੀ। ਜਦ ਖ਼ੁਦਾ ਨੇ ਇਸ ਦਾ ਕਾਰਣ ਪੁੱਛਿਆ, ਤਦ ਸ਼ੈਤਾਨ ਨੇ ਉੱਤਰ ਦਿੱਤਾ ਕਿ ਮੈਂ ਅਗਨਿ ਤੋਂ ਬਣਿਆ ਹਾਂ, ਪਰ ਆਦਮ ਮਿੱਟੀ ਤੋਂ, ਇਸ ਲਈ ਉਹ ਮੈਥੋਂ ਘਟੀਆ ਹੈ। ਇਸ ਪਰ ਖ਼ੁਦਾ ਨੇ ਸ਼ੈਤਾਨ ਨੂੰ ਮਲਊਨ (ਧਿਕ੍ਰਿਤ) ਠਹਿਰਾਇਆ ਅਰ ਬਹਿਸ਼ਤ ਵਿੱਚੋਂ ਨਿਕਲ ਜਾਣ ਦਾ ਹੁਕਮ ਦਿੱਤਾ। ਸ਼ੈਤਾਨ ਨੇ ਰੰਜ ਵਿੱਚ ਆ ਕੇ ਖ਼ੁਦਾ ਨੂੰ ਆਖਿਆ ਕਿ ਅੱਛਾ! ਮੇਰੇ ਨਾਲ ਤਾਂ ਇਹ ਸਲੂਕ ਹੋਇਆ ਹੈ, ਪਰ ਮੈਂ ਭੀ ਆਦਮ ਦੀ ਔਲਾਦ ਨੂੰ ਤੇਰੇ ਵੱਲ ਨਹੀਂ ਆਉਣ ਦੇਵਾਂਗਾ। ਆਦਮ ਤੇਰੇ ਸ਼ੁਕਰਗੁਜ਼ਾਰ ਨਹੀਂ ਹੋਣਗੇ [ਦੇਖੋ ਕੁਰਾਨ ਸੂਰਤ ਅਰਾਫ਼, ਆਯਤ ੧੧ ਤੋਂ ੧੭]। ਸ਼ੈਤਾਨ ਦੇ ਹੋਰ ਭੀ ਅਰਥ ਹਨ—ਪਾਮਰ, ਕੁਕਰਮੀ, ਫ਼ਸਾਦੀ, ਉਪਦ੍ਰਵੀ। ਕਾਮ, ਜਿਸ ਦੇ ਬਾਣ ਸ਼ਿਤ (ਤਿਖੇ) ਹਨ। ਜੈਸਾ ਕਿ :

**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**

[ਤਿਲੰਗ ਮਹਲਾ ੧, ਅੰਗ ੭੨੨]

ਕਾਜੀ ਅਤੇ ਪੁਰੋਹਿਤ ਦਾ ਕਾਰਜ ਵੀ ਕਾਮ ਕਰ ਰਿਹਾ ਹੈ। ਸੋ, ਇਹ ਕਲਿਜੁਗ ਦੇ ਲੱਛਣ ਹਨ। ਇੱਕ ਜਗ੍ਹਾ ਹੋਰ ਭੀ ਸਤਿਗੁਰੂ ਜੀ ਕਲਿਜੁਗ ਦੇ ਲੱਛਣ ਦੱਸਦੇ ਹੋਏ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥** [ਰਾਮਕਲੀ ਮਹਲਾ ੧, ਅੰਗ ੯੦੨]

ਮਰਦਾਨੇ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ! ਜੇ ਇਨ੍ਹਾਂ ਨੂੰ ਇਸ ਬੁਰੇ ਪਾਸੇ ਤੋਂ ਹਟਾ ਦੇਈਏ ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ :

## *ਗਦਹੁ ਚੰਦਨਿ ਖਉਲੀਐ; ਭੀ ਸਾਹੂ ਸਿਉ ਪਾਣੁ ॥*

ਜਿਵੇਂ ਗਦਹੁ=ਗਧੇ ਨੂੰ ਚੰਦਨ ਖਉਲੀਐ=ਰਗੜ ਕੇ ਲਗਾਈਏ, ਭਾਵ ਉਸ 'ਤੇ ਲੇਪ ਕਰ ਦੇਈਏ ਤਾਂ ਭੀ ਉਸਦੀ ਪ੍ਰੀਤੀ ਸਾਹੂ=ਸੁਆਹ ਸਿਉ=ਦੇ ਪਾਣੁ=ਪਾਉਣ ਨਾਲ ਹੀ ਰਹੇਗੀ। ਤਿਵੇਂ ਗਧੇ ਵਾਂਗ ਮੂਰਖ, ਕਾਮੀ ਜੀਵ ਨੂੰ ਜੇਕਰ ਚੰਦਨਿ=ਵੈਰਾਗ ਦੇ ਬਚਨ ਖਉਲੀਐ=ਧਾਰਨ ਕਰਾਵੇ, ਭਾਵ ਸੁਣਾਈਏ ਤਾਂ ਭੀ ਉਹ ਜੀਵ ਵਿਸ਼ੇ ਵਿਕਾਰਾਂ ਰੂਪ ਸੁਆਹ ਨਾਲ ਹੀ ਪ੍ਰੀਤੀ ਨੂੰ ਪਾਉਣਾ ਕਰਦਾ ਹੈ। ਜੈਸਾ ਕਿ :

**੧. ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥**

[ਸੁਖਮਨੀ ਮਹਲਾ ੫, ਅੰਗ ੨੬੭]

**੨. ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥**
**ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥**

[ਧਨਾਸਰੀ ਮਹਲਾ ੫, ਅੰਗ ੬੭੩]

ਅੱਗੇ ਸਤਿਗੁਰੂ ਜੀ ਇੱਕ ਜੁਲਾਹੇ ਦੀ ਸਾਖੀ ਦੁਆਰਾ ਦ੍ਰਿਸ਼ਟਾਂਤ ਦੇ ਕੇ ਬਾਹਜ਼ ਭਾਵ ਸਮਝਾਉਂਦੇ ਹਨ।

**ਸਾਖੀ ਜੁਲਾਹੇ ਦੀ ਝੂਠ ਦੀ ਪੱਗ ਬਣਾਉਣ ਦੀ**—ਇਕ ਵਾਰ ਕਾਲ ਪੈ ਗਿਆ। ਇੱਕ ਜੁਲਾਹਾ, ਜੋ ਬੜਾ ਚੁਸਤ ਤੇ ਚਲਾਕ ਸੀ, ਉਸਨੇ ਆਪਣੇ ਮਨ ਵਿੱਚ ਸੋਚਿਆ ਕਿ ਇੱਕ ਤਾਂ ਪਹਿਲਾਂ ਹੀ ਗ਼ਰੀਬੀ ਬਹੁਤ ਸੀ, ਇੱਕ ਕਾਲ ਪੈ ਗਿਆ ਹੈ ਕਿ ਕੋਈ ਠੱਗੀ ਮਾਰਨ ਦੀ ਵਿਉਂਤ ਬਣਾਈ ਜਾਵੇ। ਇਹ ਸੋਚ ਕੇ ਮਾੜੇ ਪੁਰਸ਼ ਨੂੰ ਨਹੀਂ ਠੱਗਣਾ, ਠੱਗਣਾ ਹੈ ਤਾਂ ਧਨਾਢ ਜਾਂ ਰਾਜੇ ਨੂੰ। ਇਹ ਗੱਲ ਸੋਚ ਕੇ ਆਪਣੇ ਪਿੰਡ ਤੋਂ ਚੱਲ ਪਿਆ। ਅੱਗੇ ਰਾਜੇ ਦੇ ਸ਼ਹਿਰ ਅੰਦਰ ਵੜ ਕੇ ਰਾਜੇ ਦਾ ਪਤਾ ਕੀਤਾ ਕਿ ਕਿਹੋ ਜਿਹੇ ਸੁਭਾਅ ਦਾ ਹੈ। ਰਾਜਾ ਬੜਾ ਸ਼ਰਾਬੀ ਸੀ। ਜੁਲਾਹੇ ਨੇ ਵਜ਼ੀਰ ਨੂੰ ਵੱਢੀ ਦੇ ਕੇ ਆਪਣੇ ਹੱਥ ਵਿੱਚ ਕਰ ਲਿਆ ਤੇ ਆਖਿਆ ਕਿ ਮੇਰੀ ਰਾਜੇ ਨਾਲ ਮੁਲਾਕਾਤ ਕਰਾ ਦਿਓ। ਤਾਂ ਵਜ਼ੀਰ ਉਸਨੂੰ ਰਾਜੇ ਪਾਸ ਲੈ ਗਿਆ। ਠੱਗ ਲੋਕ ਜ਼ਬਾਨ ਦੇ ਬੜੇ ਮਿੱਠੇ ਹੁੰਦੇ ਹਨ। ਮਿੱਠੀ ਜ਼ਬਾਨ ਨਾਲ ਲੱਗਾ ਰਾਜੇ ਦੀ ਉਸਤਤ ਕਰਨ। ਉਹ ਸ਼ਰਾਬੀ ਰਾਜੇ ਨੂੰ ਕਹਿਣ ਲੱਗਾ ਕਿ ਤੁਸੀਂ ਬੜੇ ਧਰਮਾਤਮਾ ਹੋ, ਬੜੇ ਸਦਾਚਾਰੀ ਹੋ, ਵਡਿਆਈ ਇੱਕ ਐਸੀ ਵਸਤੂ ਹੈ ਜੋ ਵੱਡੇ ਪੁਰਸ਼ ਨੂੰ ਛੋਟੇ ਦੇ ਅਧੀਨ ਕਰ ਦਿੰਦੀ ਹੈ ਤੇ ਉਪਮਾ ਸੁਣ ਕੇ ਰਾਜਾ ਖ਼ੁਸ਼ ਹੋ ਗਿਆ। ਜੁਲਾਹੇ ਨੇ ਸੋਚਿਆ ਕਿ ਹੁਣ ਦਾਅ ਲੱਗ ਜਾਏਗਾ। ਰਾਜੇ ਨੂੰ ਕਹਿਣ ਲੱਗਾ ਕਿ ਬਾਦਸ਼ਾਹ ਬੜੀ ਦੇਰ ਦੀ ਮੇਰੇ ਮਨ ਦੀ ਇੱਕ ਰੀਝ ਹੈ ਕਿ ਇੱਕ ਪੱਗ ਬਣਾ ਕੇ ਆਪ ਦੇ ਸਿਰ ’ਤੇ ਬੰਨ੍ਹਾਵਾਂ, ਜਿਸ ਵਰਗੀ ਪੱਗ ਕਿਸੇ ਦੇ ਸਿਰ ’ਤੇ ਨਾ ਹੋਵੇ। ਪਰ ਬਾਦਸ਼ਾਹ ਕੀ ਕਰਾਂ ਗ਼ਰੀਬੀ ਨੇ ਬੜਾ ਤੰਗ ਕਰ ਰੱਖਿਆ ਹੈ। ਇਹ ਮੇਰੀ ਭਾਵਨਾ ਪਤਾ ਨਹੀਂ ਕਿਸ ਜਨਮ ਵਿੱਚ ਪੂਰੀ ਹੋਵੇਗੀ। ਪ੍ਰਮਾਤਮਾ ਨੇ ਏਡਾ ਵੱਡਾ ਹੁਨਰ ਦਿੱਤਾ, ਪਰ ਕੀ ਕਹਾਂ ਰੱਬ ਨੂੰ, ਜਿਸ ਨੇ ਚਾਰ ਪੈਸੇ ਨਾ ਦਿੱਤੇ ਕਿ ਮੈਂ ਆਪਣੇ ਬਾਦਸ਼ਾਹ ਨੂੰ ਮਨ ਭਾਉਂਦੀ ਪੱਗ ਬੰਨ੍ਹਾ ਦਿੰਦਾ। ਸ਼ਰਾਬੀ ਬਾਦਸ਼ਾਹ ਬੋਲਿਆ ਕਿ ਜੁਲਾਹਿਆ! ਪੈਸਿਆਂ ਦਾ ਕੀ ਘਾਟਾ ਹੈ, ਤੂੰ ਪੱਗ ਤਿਆਰ ਕਰ। ਜੁਲਾਹੇ ਨੇ ਕਿਹਾ ਕਿ ਜੀ ਮੈਂ ਪੱਗ ਦਾ ਤਾਂ ਪੈਸਾ ਲੈਣਾ ਹੀ ਕੁਝ ਨਹੀਂ, ਬਸ ਸੇਵਾ ਹੀ ਕਰਨੀ ਚਾਹੁੰਦਾ ਹਾਂ। ਮੈਨੂੰ ਤਾਂ ਬੱਸ ਸੰਦਾਂ ਦੇ ਖ਼ਰੀਦਣ ਵਾਸਤੇ ਕੁਝ ਪੈਸਾ ਚਾਹੀਦਾ ਹੈ। ਬਾਦਸ਼ਾਹ ਨੇ ਹੁਕਮ ਦੇ ਕੇ ੧੦੦੦ ਰੁਪਏ ਜੁਲਾਹੇ ਨੂੰ ਦਿਵਾ ਦਿੱਤੇ ਤੇ ਪੈਸੇ ਲੈ ਕੇ ਘਰ ਆ ਗਿਆ। ਆਰਾਮ ਨਾਲ ਖਾਂਦਾ-ਪੀਂਦਾ ਰਿਹਾ। ਸੰਦ ਕਿਹੜੇ ਨੇ ਖ਼ਰੀਦਣੇ ਸੀ। ਸੋ, ਇਉਂ ਪੱਗ ਬਣਾਉਣ ਦੀ ਸਾਰੀ ਸਮੱਗਰੀ ਦੇ ਪੈਸੇ ਲੈ ਕੇ ਘਰ ਬੈਠ ਗਿਆ ਤੇ ਅਨੰਦ ਮਾਣਦਾ ਰਿਹਾ ਤੇ ਇੱਕ ਦਿਨ ਖ਼ਜ਼ਾਨਚੀ ਨੇ ਯਾਦ ਕਰਾਇਆ ਕਿ ਜੁਲਾਹਾ ਪੱਗ ਬਣਾਉਣ ਲਈ ਪੈਸੇ ਲੈ ਗਿਆ ਸੀ। ਰਾਜੇ ਨੇ ਕਿਹਾ ਕਿ ਜਾ ਕੇ ਪੁੱਛ ਕੇ ਆਓ ਕਿ ਪੱਗ ਬਣਾਈ ਹੈ ਜਾਂ ਨਹੀਂ। ਜੁਲਾਹਾ ਰਾਜੇ ਦਾ ਨੌਕਰ ਆਇਆ ਦੇਖ ਕੇ ਚਰਖਾ ਫੇਰਨ ਲੱਗ ਪਿਆ। ਖ਼ਾਲੀ ਹੀ ਹੱਥਾਂ ਨਾਲ ਕੱਤਣ ਵਾਂਗੂੰ ਕਿਰਿਆ ਕਰਨ ਲੱਗ ਪਿਆ। ਬਾਦਸ਼ਾਹ ਦੇ ਨੌਕਰ ਨੇ ਪੁੱਛਿਆ ਕਿ ਪੱਗ ਬਣਾਈ ਹੈ ਜਾਂ ਨਹੀਂ। ਤਾਂ ਕਹਿਣ ਲੱਗਾ ਕਿ ਅਜੇ ਤਾਂ ਮੈਂ ਕੱਤ ਰਿਹਾ ਹਾਂ, ਪਰ ਇਹ ਸੂਤ ਉਸਨੂੰ ਦਿਖੇਗਾ, ਜਿਹੜਾ ਆਪਣੇ ਮਾਂ-ਬਾਪ ਦਾ ਹੋਵੇਗਾ। ਇਹ ਹਰਾਮ ਦੇ ਨੂੰ ਨਹੀਂ ਦਿਖੇਗਾ, ਇਹ ਕੋਈ ਮਾਮੂਲੀ ਸੂਤ ਨਹੀਂ ਹੈ। ਕਿਉਂਕਿ ਇਹ ਸੂਤ ਦੀ ਪੱਗ ਬਣਨੀ ਹੈ, ਉਹ ਵੀ ਬਾਦਸ਼ਾਹ ਦੀ। ਉਸ ਨੌਕਰ ਨੇ ਜਾ ਕੇ ਰਾਜੇ ਨੂੰ ਕਿਹਾ ਕਿ ਅਜੇ ਤਾਂ ਸੂਤ ਕਤਿਆ ਜਾ ਰਿਹਾ ਹੈ। ਮੈਂ ਦੇਖ ਕੇ ਆਇਆ ਹਾਂ, ਸੂਤ ਬਹੁਤ ਵਧੀਆ ਹੈ। ਕੁਝ ਦਿਨਾਂ ਬਾਅਦ ਰਾਜੇ ਨੇ ਦੂਜੇ ਨੌਕਰ ਨੂੰ ਭੇਜਿਆ। ਨੌਕਰ ਨੂੰ ਆਉਂਦਿਆ ਵੇਖ ਕੇ ਇਸ ਚਲਾਕ ਜੁਲਾਹੇ ਨੇ ਕਾਨੇ ਗੱਡ ਲਏ। ਤਾਣੀ ਦੇ ਤਣਨੇ ਵਾਂਗੂੰ ਖ਼ਾਲੀ ਹੱਥ ਮਾਰੀ ਜਾਵੇ। ਰਾਜੇ ਦੇ ਨੌਕਰ ਨੇ ਆ ਕੇ ਆਖਿਆ ਕਿ ਪੱਗ ਤਿਆਰ ਨਹੀਂ ਹੋਈ? ਤਾਂ ਉਸ ਨੇ ਕਿਹਾ ਕਿ ਦਿਸਦਾ ਨਹੀਂ, ਤਾਣੀ ਤਾਂ ਤਣੀ ਜਾ ਰਿਹਾ ਹਾਂ, ਰਾਜੇ ਦੀ ਪੱਗ ਦੀ ਇਹ ਤਾਣੀ ਹੈ, ਪਰ ਇਹ ਸੂਤ ਉਸਨੂੰ ਦਿਖੇਗਾ, ਜੋ ਆਪਣੇ ਮਾਂ-ਬਾਪ ਦਾ ਹੋਵੇਗਾ, ਤਾਂ ਉਸਨੇ ਸ਼ਰਮ ਦੇ ਮਾਰੇ ਨੇ ਕਹਿ ਦਿੱਤਾ ਕਿ ਤਾਣੀ ਤਾਂ ਬਹੁਤ ਵਧੀਆ ਹੈ। ਇਸ ਨੇ ਜਾ ਕੇ ਦੱਸਿਆ ਕਿ ਤਾਣੀ ਤਣੀ ਜਾ ਰਹੀ ਹੈ, ਪੱਗ ਛੇਤੀ ਤਿਆਰ ਹੋ ਜਾਵੇਗੀ। ਫਿਰ ਰਾਜੇ ਨੇ ਤੀਸਰੇ ਨੌਕਰ ਨੂੰ ਭੇਜਿਆ ਤੇ ਜਦੋਂ ਉਸਨੇ ਨੌਕਰ ਆਉਂਦਾ ਵੇਖਿਆ ਤਾਂ ਗਜ ਲਾ ਕੇ ਕੱਛਣ (ਮਿਣਨ) ਲੱਗ ਪਿਆ। ਜੁਲਾਹਾ ਇਤਨਾ ਚਲਾਕ ਉਹ ਹਰੇਕ ਨੂੰ ਕਹਿ ਦਿਆ ਕਰੇ ਕਿ ਦਿਸੇਗਾ ਉਸਨੂੰ ਜੋ ਮਾਂ-ਪਿਉ ਦਾ ਹੋਵੇਗਾ। ਇੱਕ ਦਿਨ ਜੁਲਾਹਾ ਆਪ ਹੀ ਰਾਜੇ ਪਾਸ ਜਾ ਖੜ੍ਹਾ ਹੋਇਆ। ਜਾ ਕੇ ਕਹਿਣ ਲੱਗਾ ਕਿ ਪੱਗ

ਤਾਂ ਤਿਆਰ ਹੋ ਗਈ ਹੈ, ਪਰ ਉਸਦੇ ਰੱਖਣ ਵਾਸਤੇ ਪਿਟਾਰੀ ਚਾਹੀਦੀ ਹੈ। ਜਿਸਦੇ ਨਾਲ ਮੋਤੀ ਵਗ਼ੈਰਾ ਲਗੇ ਹੋਣ, ਉਸਦੇ ਵਿੱਚ ਆਪ ਦੀ ਪੱਗ ਪਾ ਕੇ ਲਿਆਵਾਂਗਾ। ਕਿਉਂਕਿ ਪੱਗ ਸਲਤਨਤ ਦੇ ਬਾਦਸ਼ਾਹ ਦੀ ਹੈ, ਦੂਸਰਾ ਪੱਗ ਇੱਜ਼ਤ ਦਾ ਪ੍ਰਤੀਕ ਹੈ। ਇਸ ਲਈ ਰਾਜੇ ਦੀ ਇੱਜ਼ਤ ਸਾਰਿਆਂ ਨਾਲੋਂ ਵੱਡੀ ਹੋਣ ਕਰਕੇ ਉਸੇ ਮਰਿਆਦਾ ਨਾਲ ਪੱਗ ਲਿਆਉਣੀ ਹੈ। ਜਿਸਦੇ ਨਾਲ ਬਾਦਸ਼ਾਹ ਦੀ ਸ਼ੋਭਾ ਵਧੇ। ਰਾਜੇ ਨੇ ਪਿਟਾਰੀ ਵਾਸਤੇ ਹੋਰ ਪੈਸੇ ਦੇਣਾ ਕੀਤੇ ਤੇ ਉਨ੍ਹਾਂ ਨਾਲ ਬੜੀ ਐਸ਼ ਕੀਤੀ। ਇੱਕ ਦਿਨ ਪਿਟਾਰੀ ਲੈ ਕੇ ਉਸ ਉੱਤੇ ਚੰਗੇ-ਚੰਗੇ ਰੇਸ਼ਮੀ ਰੁਮਾਲ ਲਪੇਟ ਕੇ ਵਾਜੇ ਵਜਾਉਂਦਾ ਹੋਇਆ ਕੁਝ ਹੋਰ ਠੱਗ ਜੁਲਾਹਿਆਂ ਨੂੰ ਨਾਲ ਲੈ ਕੇ ਜਲੂਸ ਦੀ ਸ਼ਕਲ ਵਿੱਚ ਰਾਜੇ ਦੇ ਦਰਬਾਰ ਵਿੱਚ ਆ ਗਿਆ। ਤੇ ਦੇਖਣ ਵਾਸਤੇ ਬੜੀ ਭਾਰੀ ਸਭਾ ਇਕੱਠੀ ਹੋ ਗਈ। ਸਭਾ ਦੇ ਵਿੱਚ ਪਿਟਾਰੀ ਰੱਖੀ ਗਈ ਤੇ ਰੁਮਾਲ ਖੋਲ੍ਹਣ ਤੋਂ ਪਹਿਲਾਂ ਇੱਕ ਗੱਲ ਆਖੀ ਕਿ ਇਹ ਪੱਗ ਉਸਨੂੰ ਨਜ਼ਰ ਆਵੇਗੀ, ਜੋ ਆਪਣੇ ਮਾਂ-ਪਿਉ ਦਾ ਹੋਵੇਗਾ। ਇਹ ਗੱਲ ਸੁਣ ਕੇ ਸਾਰੇ ਡਰ ਗਏ। ਸਭ ਤੋਂ ਪਹਿਲਾਂ ਵਜ਼ੀਰ ਨੇ ਪਿਟਾਰੀ ਖੋਲੀ ਪੱਗ ਹੋਵੇ ਤਾਂ ਨਿਗਾਹ ਆਵੇ। ਪਿਟਾਰੀ ਖ਼ਾਲੀ ਸੀ, ਵਜ਼ੀਰ ਅਸਚਰਜ ਹੋ ਗਿਆ ਤੇ ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਪੱਗ ਨਹੀਂ ਹੈ ਤਾਂ ਮੈਂ ਹਰਾਮ ਦਾ ਬਣਦਾ ਹਾਂ, ਸਾਰੇ ਲੋਕੀ ਆਖਣਗੇ ਕਿ ਵਜ਼ੀਰ ਹਰਾਮ ਦਾ ਹੈ। ਤਦ ਵਜ਼ੀਰ ਨੇ ਆਖਿਆ ਕਿ ਪੱਗ ਬੜੀ ਸੁੰਦਰ ਹੈ, ਇਹ ਜੁਲਾਹਾ ਤਾਂ ਬੜਾ ਕਾਰੀਗਰ ਨਿਕਲਿਆ। ਵਜ਼ੀਰ ਦੇ ਮਗਰ ਲੱਗ ਕੇ ਬਾਦਸ਼ਾਹ ਭੀ ਆਖਣ ਲੱਗਾ ਕਿ ਪੱਗ ਬੜੀ ਸੁੰਦਰ ਹੈ। ਬਾਦਸ਼ਾਹ ਦਾ ਸਿਰ ਨੰਗਾ ਕਰ ਕੇ ਬਾਦਸ਼ਾਹ ਦੇ ਮੂਹਰੇ ਸ਼ੀਸ਼ਾ ਲੈ ਕੇ ਖੜ੍ਹ ਗਿਆ ਤੇ ਕਹਿਣ ਲੱਗਾ ਕਿ ਤੁਸੀਂ ਪੱਗ ਸਜਾਓ, ਮੈਂ ਸ਼ੀਸ਼ਾ ਲੈ ਕੇ ਖੜ੍ਹਦਾ ਹਾਂ। ਹੁਣ ਬਾਦਸ਼ਾਹ ਸਾਹਮਣੇ ਇਹ ਮੁਸੀਬਤ ਖੜ੍ਹੀ ਹੋ ਗਈ ਕਿ ਜੇ ਪੱਗ ਹੋਵੇ ਤਾਂ ਬੰਨੇ, ਪੱਗ ਹੈ ਕੋਈ ਨਹੀਂ। ਆਖ਼ਰ ਝੂਠੀ ਮਿੱਠੀ ਦੇ ਪੰਜ-ਸੱਤ ਗੇੜ ਸਿਰ ਉਪਰ ਦੀ ਬਾਦਸ਼ਾਹ ਨੇ ਦਿੱਤੇ। ਪੱਗ ਬੰਨਣ ਦੀ ਸ਼ਕਲ ਲੋਕਾਂ ਦੇ ਸਾਹਮਣੇ ਝੂਠ ਦੀ ਦਿਖਾਈ ਚਲਾਕ ਜੁਲਾਹਾ ਸ਼ੀਸ਼ਾ ਪਰੇ ਕਰ ਕੇ ਲੋਕਾਂ ਨੂੰ ਪੁੱਛਦਾ ਕਿ ਤੁਹਾਨੂੰ ਬਾਦਸ਼ਾਹ ਦੀ ਪੱਗ ਕਿਹੋ ਜਿਹੀ ਲਗਦੀ ਹੈ। ਤਾਂ ਸਾਰੇ ਲੋਕਾਂ ਨੇ ਕਿਹਾ ਕਿ ਪੱਗ ਬੜੀ ਸੁੰਦਰ ਹੈ, ਹਰਾਮਦਾ ਕਿਹੜਾ ਬਣੇ ? ਇੱਕ ਜੁਲਾਹਾ ਸਾਰਿਆਂ ਨੂੰ ਬੁੱਧੂ ਬਣਾ ਗਿਆ। ਐਸਾ ਆਪਣਾ ਝੂਠ ਦਾ ਜਾਲ ਵਿਛਾਇਆ ਕਿਸੇ ਨੂੰ ਕੋਈ ਸਮਝ ਨਹੀਂ ਆਉਣ ਦਿੱਤੀ। ਹੁਣ ਸਾਰੇ ਪ੍ਰਸੰਗ ਦਾ ਗੁਰੂ ਜੀ ਦੋ ਤੁਕਾਂ ਵਿੱਚ ਸਿਧਾਂਤ ਵਰਣਨ ਕਰਦੇ ਹਨ।

***ਨਾਨਕ ਕੂੜੈ ਕਤਿਐ; ਕੂੜਾ ਤਣੀਐ ਤਾਣੁ ॥***
***ਕੂੜਾ ਕਪੜੁ ਕਛੀਐ; ਕੂੜਾ ਪੈਨਣੁ ਮਾਣੁ ॥੧॥***

ਜੁਲਾਹੇ ਨੇ ਜਿਹੜਾ ਕਿਹਾ ਸੀ ਕਿ ਮੈਂ ਸੂਤ ਕੱਤ ਰਿਹਾ ਹਾਂ; ਇਹ ਵੀ ਝੂਠ ਹੈ। ਫਿਰ ਉਸਨੇ ਕਿਹਾ ਸੀ ਕਿ ਮੈਂ ਤਾਣਾ ਤਣ ਰਿਹਾ ਹਾਂ; ਇਹ ਵੀ ਝੂਠ ਹੈ। ਫਿਰ ਉਸ ਨੇ ਕਿਹਾ ਕਿ ਮੈਂ ਕਪੜੇ ਨੂੰ ਕੱਛ ਲਾ ਰਿਹਾ ਹਾਂ; ਇਹ ਵੀ ਝੂਠ ਹੈ। ਦਸਤਾਰ ਬੰਨਣ ਦਾ ਜਿਹੜਾ ਅਨੰਦ ਰਾਜੇ ਨੇ ਮਾਣਿਆ ਉਹ ਵੀ ਝੂਠਾ ਹੈ।

**ਦੂਸਰਾ ਅਰਥ**—ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਗੁਰ ਉਪਦੇਸ਼ ਗ੍ਰਹਿਣ ਕੀਤੇ ਤੋਂ ਬਿਨਾਂ ਹੀ ਜੋ ਜਗਿਆਸੂ ਕਹਿੰਦਾ ਹੈ ਕਿ ਮੈਂ ਕਤਿਐ ਭਾਵ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੀ ਨਵਿਰਤੀ ਕੀਤੀ ਹੈ, ਇਹ ਵੀ ਝੂਠ ਹੈ। "ਕੂੜਾ ਤਣੀਐ ਤਾਣ" ਭਾਵ ਜਿਹੜਾ ਆਖਦਾ ਹੈ ਕਿ ਮੈਂ ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੀ ਨਵਿਰਤੀ ਕਰ ਲਈ ਹੈ; ਇਹ ਵੀ ਝੂਠ ਹੈ। "ਕੂੜਾ ਕਪੜੁ ਕਛੀਐ" ਭਾਵ ਜਿਹੜਾ ਆਖਦਾ ਹੈ ਕਿ ਮੈਂ ਬ੍ਰਹਮ ਗਿਆਨ ਦੇ ਸਹਿਤ ਹੋ ਕੇ ਅਵਰਨ ਦੂਰ ਕੀਤਾ ਹੈ; ਇਹ ਵੀ ਝੂਠ ਹੈ। "ਕੂੜਾ ਪੈਨਣੁ ਮਾਣ" ਭਾਵ ਜੋ ਆਖਦਾ ਹੈ ਕਿ ਮੈਂ ਹੁਣ ਆਤਮਿਕ ਅਨੰਦ ਨੂੰ ਮਾਣਿਆ ਹੈ ਇਹ ਵੀ ਉਸ ਦਾ ਝੂਠ ਹੈ।

**ਤੀਸਰਾ ਅਰਥ**—ਸਤਿਗੁਰੂ ਜੀ ਕਥਨ ਕਰਦੇ ਹਨ ਕਿ "ਕੂੜੈ ਕਤਿਐ" ਭਾਵ ਜਿਹੜਾ ਆਖਦਾ ਹੈ ਕਿ ਮੈਂ ਸ੍ਰਵਣ ਕੀਤਾ ਹੈ ਇਹ ਵੀ ਝੂਠ ਹੈ। "ਕੂੜਾ ਤਣੀਐ ਤਾਣੁ" ਭਾਵ ਜਿਹੜਾ ਕਹਿੰਦਾ ਹੈ ਕਿ ਮੈਂ ਮੰਨਣ ਕਰ ਲਿਆ ਹੈ, ਇਹ ਵੀ ਝੂਠ ਹੈ। "ਕੂੜਾ ਕਪੜ ਕਛੀਐ" ਭਾਵ ਜੋ ਆਖਦਾ ਹੈ ਕਿ ਮੈਂ ਨਿਧਿਆਸਣ ਕਰ ਲਿਆ ਹੈ ਇਹ

ਭੀ ਝੂਠ ਹੈ। "ਕੂੜਾ ਪੈਨਣੁ ਮਾਣੁ" ਭਾਵ ਜੋ ਕਹਿੰਦਾ ਹੈ ਕਿ ਤਤ-ਤੂੰ ਦਾ ਸੋਧਨ ਕਰਕੇ ਮੈਨੂੰ ਸਾਖਿਆਤ ਕਾਰੀ ਹੋਈ ਹੈ, ਇਹ ਭੀ ਝੂਠ ਹੈ।

## *ਮਃ ੧ ॥ ਬਾਂਗਾ ਬੁਰਗੂ ਸਿੰਙੀਆ; ਨਾਲੇ ਮਿਲੀ ਕਲਾਣ ॥*

ਬਾਂਗਾ ਦੇਣ ਵਾਲੇ ਮੁੱਲਾਂ ਤੇ ਨਿਆਂ ਦੇ ਕਰਨ ਵਾਲੇ ਬੁਰਗੂ=ਕਾਜ਼ੀ ਸਿੰਙੀਆ=ਨਰਸਿੰਗੇ ਵਜਾਉਣ ਵਾਲੇ ਜੋਗੀ ਕਲਾਣ=ਕਲਿਆਨਾ ਦੇ ਉਚਾਰਨ ਕਰਨ ਵਾਲੇ ਡੂਮ, ਇਹ ਭੀ ਸਾਰੇ ਚੋਰਾਂ, ਜਾਰਾ, ਰੰਡੀਆਂ ਦੇ ਨਾਲ ਮਿਲੀ=ਮਿਲ ਰਹੇ ਹਨ। ਤੇ ਝੂਠੀਆਂ ਹੀ ਸਿਫਤਾਂ ਕਰਨ ਵਾਲੇ ਹੋ ਰਹੇ ਹਨ।

## *ਇਕਿ ਦਾਤੇ ਇਕਿ ਮੰਗਤੇ; ਨਾਮੁ ਤੇਰਾ ਪਰਵਾਣੁ ॥*

ਸੰਸਾਰ ਵਿੱਚ ਇੱਕ ਤਾਂ ਦਾਤੇ ਦਾਤਾਂ ਦੇ ਦੇਣ ਵਾਲੇ ਅਤੇ ਇੱਕ ਮੰਗਤੇ ਪੈਦਾ ਕੀਤੇ ਹਨ, ਪਰ ਇਨ੍ਹਾਂ ਸਾਰਿਆਂ ਵਿੱਚੋਂ ਤੇਰਾ=ਇੱਕ ਤਿਸ ਪ੍ਰਮੇਸ਼ਰ ਦਾ ਨਾਮ ਜਪਣ ਵਾਲਾ ਹੀ ਪ੍ਰਮਾਨੀਕ ਹੈ। ਜੈਸਾ ਕਿ :

**ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥**
**ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ ॥** [ਵਾਰ ਮਲਾਰ ਮਹਲਾ ੧, ਅੰਗ ੧੨੮੩]

## *ਨਾਨਕ ਜਿਨ੍ਹੀ ਸੁਣਿ ਕੈ ਮੰਨਿਆ; ਹਉ ਤਿਨਾ ਵਿਟਹੁ ਕੁਰਬਾਣੁ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਸੁਣ ਕੇ ਮੰਨਣਾ ਕੀਤਾ ਹੈ, ਮੈਂ ਉਨ੍ਹਾਂ ਦੇ ਵਿਟਹੁ=ਉਪਰੋਂ ਕੁਰਬਾਣੁ=ਬਲਿਹਾਰ ਜਾਂਦਾ ਹਾਂ ॥੨॥ ਜੈਸਾ ਕਿ :

**ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥** [ਸਿਰੀਰਾਗੁ ਮਹਲਾ ੧, ਅੰਗ ੫੫]

## *ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ; ਕੂੜੋ ਹੋਇ ਗਇਆ ॥*

ਮਾਇਆ ਦਾ ਮੋਹ ਸਭੁ=ਸਾਰਾ ਕੂੜੁ=ਝੂਠ ਰੂਪ ਹੈ, ਤਿਸਦੇ ਵਿੱਚ ਲੱਗਣ ਵਾਲਾ ਪੁਰਸ਼ ਭੀ ਕੂੜੋ=ਝੂਠਾ ਹੋ ਗਿਆ ਹੈ। ਜੈਸਾ ਕਿ :

**੧. ਮਾਈ ਮਾਇਆ ਛਲੁ ॥**
**ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥**
[ਟੋਡੀ ਮਹਲਾ ੫, ਅੰਗ ੭੧੭]

**੨. ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥** [ਬਿਹਾਗੜਾ ਮਹਲਾ ੫ ਛੰਤੁ, ਅੰਗ ੫੪੮]

## *ਹਉਮੈ ਝਗੜਾ ਪਾਇਓਨੁ; ਝਗੜੈ ਜਗੁ ਮੁਇਆ ॥*

ਜੀਵਾਂ ਨੇ ਆਪਣੇ ਗਲ ਵਿੱਚ ਹਉਮੈਂ ਦਾ ਝਗੜਾ ਪਾਇਆ ਹੈ, ਇਸ ਝਗੜੈ=ਕਲੇਸ਼ ਦੇ ਵਿੱਚ ਹੀ ਜਗ ਮੁਇਆ=ਮਰ ਰਿਹਾ ਹੈ। ਜੈਸਾ ਕਿ :

**ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥**
[ਗਉੜੀ ਵਾਰ ਸਲੋਕ ਮਹਲਾ ੪, ਅੰਗ ੩੧੬]

## *ਗੁਰਮੁਖਿ ਝਗੜੁ ਚੁਕਾਇਓਨੁ; ਇਕੋ ਰਵਿ ਰਹਿਆ ॥*

ਗੁਰਮੁਖਾਂ ਨੇ ਇਕੋ=ਇੱਕ ਪ੍ਰਮੇਸ਼ਰ ਨੂੰ ਸਾਰੇ ਰਵਿ=ਮਿਲ ਰਿਹਾ ਨਿਸ਼ਚੇ ਕਰਕੇ ਹਉਮੈ ਦਾ ਝਗੜੁ=ਕਲੇਸ਼ ਚੁਕਾਇਓਨੁ=ਚੁਕ ਦਿੱਤਾ ਹੈ। ਜੈਸਾ ਕਿ :

**ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥**

[ਰਾਗ ਪ੍ਰਭਾਤੀ ਮਹਲਾ ੧, ਅੰਗ ੧੩੪੪]

## *ਸਭੁ ਆਤਮ ਰਾਮੁ ਪਛਾਣਿਆ; ਭਉਜਲੁ ਤਰਿ ਗਇਆ ॥*

ਜਿਸਨੇ ਆਤਮ ਰਾਮ ਨੂੰ ਸਾਰਿਆਂ ਵਿੱਚ ਵਿਆਪਕ ਰੂਪ ਕਰਕੇ ਪਛਾਣਿਆ ਹੈ, ਉਹ ਭਉਜਲੁ=ਸੰਸਾਰ ਸਮੁੰਦਰ ਤੋਂ ਤਰ ਗਿਆ ਹੈ। ਜੈਸਾ ਕਿ :

**ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥** [ਸਿਰੀਰਾਗੁ ਮਹਲਾ ੩, ਅੰਗ ੩੯]

## *ਜੋਤਿ ਸਮਾਣੀ ਜੋਤਿ ਵਿਚਿ; ਹਰਿ ਨਾਮਿ ਸਮਇਆ ॥੧੪॥*

ਜੋ ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਨਾਮ ਜਪਣ ਵਿੱਚ ਸਮਾਇਆ ਹੈ, ਭਾਵ ਜਿਸਦੀ ਬਿਰਤੀ ਨਾਮ ਵਿੱਚ ਸਮਾਈ ਹੈ, ਉਸਦੀ ਜੋਤਿ, ਜੋਤੀ ਵਾਹਿਗੁਰੂ ਪ੍ਰਮੇਸ਼ਰ ਵਿੱਚ ਸਮਾਅ ਗਈ, ਭਾਵ ਜੀਵ ਈਸ਼ ਦੀ ਏਕਤਾ ਹੋ ਗਈ ਹੈ। ਪ੍ਰਮੇਸ਼ਰ ਦੀ ਸਿਖਿਆਤਤਾ ਹੋ ਗਈ ਹੈ॥੧੪॥ ਜੈਸਾ ਕਿ :

੧. **ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥** [ਤੁਖਾਰੀ ਮਹਲਾ ੧, ਅੰਗ ੧੧੧੧]

੨. **ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥**

[ਰਾਮਕਲੀ ਕੀ ਵਾਰ ਰਾਇ ਬਲਵੰਡ, ਅੰਗ ੯੬੭]

ਵਾਹਿਗੁਰੂ ਜੀ ਕੀ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੦ [ਆਦਿ ਅੰਗ ੭੯੧]

***ਸਲੋਕ ਮः ੨ ॥ ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥ ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥ ਮः ੨ ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥ ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥੨॥ ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥ ਜੋ ਤੇਰੀ ਸਰਣਾਗਤੀ ਤਿਨ੍ ਲੈਹਿ ਛਡਾਈ ॥ ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥੨੦॥੧॥***

## *ਸਲੋਕ ਮः ੨ ॥*

ਸੂਹੀ ਦੀ ਵਾਰ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ, ਇਹ ਅੰਮ੍ਰਿਤ ਬਚਨ ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ।

**ਉਥਾਨਕਾ—**ਜਿਸ ਵਕਤ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਕੇ ਬੇਅੰਤ ਘਾਲਣਾ ਘਾਲੀ, ਆਪ ਇਤਨੇ ਆਗਿਆਕਾਰ ਸਨ ਕਿ ਜੋ ਸਤਿਗੁਰੂ ਜੀ ਸੁਭਾਵਿਕ ਬਚਨ ਕਹਿੰਦੇ, ਉਸ ਨੂੰ ਵੀ ਪੂਰਨ ਰੂਪ ਵਿੱਚ ਮੰਨਿਆ ਕਰਦੇ ਸਨ। ਸਤਿਗੁਰੂ ਜੀ ਦੀ ਆਗਿਆ ਹੋਈ ਕਿ ਪੁਰਖਾ! ਤੂੰ ਹੁਣ ਖਡੂਰ ਸਾਹਿਬ ਦੇ ਵਿੱਚ ਰਹਿ। ਖਡੂਰ ਸਾਹਿਬ ਵਿੱਚ ਰਹਿੰਦਿਆਂ ਇੱਕ ਦਿਨ ਪ੍ਰੇਮ ਦੀ ਐਸੀ ਖਿੱਚ ਪਈ, ਜਦੋਂ ਦਰਸ਼ਨ ਕਰਨ ਲਈ ਗਏ ਤਾਂ ਦਰਸ਼ਨ ਕਰਕੇ ਫਿਰ ਖਡੂਰ ਸਾਹਿਬ ਆ ਗਏ। ਪ੍ਰੇਮ ਦੇ ਖਿੱਚੇ ਇੱਕ ਵਾਰੀ ਗੁਰੂ ਨਾਨਕ ਦੇਵ ਤਪਿਆਣੇ ਸਾਹਿਬ ਵਾਲੀ ਜਗ੍ਹਾ ਪਹੁੰਚੇ, ਬੈਠ ਗਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਰਸ਼ਨ ਕੀਤੇ, ਗਦ ਗਦ ਹੋਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਪੁਰਖਾ! ਇਥੇ ਹੀ ਬੈਠਣਾ ਕਰ ਤਾਂ ਕਿਤਨੀ ਦੇਰ ਉਥੇ ਹੀ ਬੈਠੇ ਰਹੇ, ਗੁਰੂ ਨਾਨਕ ਸਾਹਿਬ ਜੀ ਆਏ ਤੇ ਕਿਹਾ ਕਿ ਪੁਰਖਾ! ਅਸੀਂ ਤਾਂ ਤੈਨੂੰ ਸੁਤੇ ਹੀ ਕਿਹਾ ਸੀ ਤੇ ਤੂੰ ਇੱਕ ਥਾਂ ਹੀ ਸਮਾਧੀ ਲਾ ਬੈਠਾ ਹੈਂ ਤੇ ਪ੍ਰੇਮ ਵੇਖ ਕੇ ਕਰਤਾਰਪੁਰ ਸਾਹਿਬ ਨਾਲ ਹੀ ਲੈ ਗਏ ਤਾਂ ਉਸ ਵੇਲੇ ਦੀ ਜੋ ਅਵਸਥਾ ਸੀ। ਗੁਰਤਾ ਗੱਦੀ ਤੇ ਬੈਠ ਕੇ ਇੱਕ ਦਿਨ ਉਸੇ ਸਿਮ੍ਰਤੀ ਨੂੰ ਵਿਚਾਰ ਕੇ ਆਪਣੀ ਪਿਛਲੀ ਅਵਸਥਾ ਦਾ ਅੰਮ੍ਰਿਤ ਮਈ ਬਾਣੀ ਵਿੱਚ ਨਿਰੂਪਣ ਕੀਤਾ।

## *ਕਿਸ ਹੀ ਕੋਈ ਕੋਇ; ਮੰਞੁ ਨਿਮਾਣੀ ਇਕੁ ਤੂ ॥*

ਹੇ ਪ੍ਰਮੇਸ਼ਰ ਸਰੂਪ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ! ਕਿਸੇ ਨੂੰ ਤਾਂ ਆਸਰਾ ਆਪਣੇ ਮਾਤਾ ਅਤੇ ਪਿਤਾ ਦਾ ਹੈ। ਕਿਸੇ ਨੂੰ ਹੋਰ ਸੰਬੰਧੀਆਂ ਦਾ ਆਸਰਾ ਹੈ। ਮੰਞੁ=ਮੈਂ ਨਿਮਾਣੀ ਦਾ ਇੱਕ ਤੂੰ ਹੀ ਆਸਰਾ ਰੂਪ ਹੈਂ। **ਅਥਵਾ** ਕੋਈ ਦੇਹ ਦੀ ਹੰਗਤਾ ਕਰਦਾ ਹੈ, ਕੋਈ ਸਾਧਨਾਂ ਦੀ, ਕੋਈ ਉਪਾਸ਼ਨਾ ਦੀ ਹੰਗਤਾ ਕਰਦਾ ਹੈ, ਅਤੇ ਕੋਈ ਮਨ ਬੁੱਧੀ ਦੇ ਬਲ ਦਾ ਹੰਕਾਰ ਕਰਦਾ ਹੈ, **ਅਥਵਾ** ਕੋਈ ਕਾਰਨ, ਸੂਖਮ, ਅਸਥੂਲ ਸਰੀਰ ਦੀ ਹੰਗਤਾ ਕਰਦਾ ਹੈ। ਮੈਨੂੰ ਤੇਰੇ ਇੱਕ ਨਾਮ ਦਾ ਹੀ ਆਸਰਾ ਹੈ। ਜੈਸਾ ਕਿ:

੧. **ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥**
**ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥** [ਸਿਰੀਰਾਗੁ ਮਹਲਾ ੧, ਅੰਗ ੬੧]

੨. **ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥**
**ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥**
[ਸਿਰੀਰਾਗੁ ਮਹਲਾ ੪, ਅੰਗ ੩੯]

**੩. ਕਿਸੁ ਆਗੈ ਪ੍ਰਭ ਤੁਧੁ ਸਾਲਾਹੀ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ॥**

[ਧਨਾਸਰੀ ਮਹਲਾ ੧, ਅੰਗ ੬੮੬]

**੪. ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥**
**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥੫॥**

[ਸਲੋਕ ਭਗਤ ਫਰੀਦ ਜੀ ਕੇ, ਅੰਗ ੧੩੭੮]

ਸੋ, ਇਸ ਤਰ੍ਹਾਂ ਦੀ ਭਾਵਨਾ ਜਗਿਆਸੂ ਰੂਪ ਇਸਤਰੀ ਦੀ ਆਪਣੇ ਸੁਆਮੀ ਗੁਰਦੇਵ ਵਾਸਤੇ ਹੈ ਕਿ ਹੇ ਪ੍ਰਮੇਸ਼ਰ! ਜੇ ਮੇਰੇ ਕੋਲੋਂ ਹਮੇਸ਼ਾ ਭੁੱਲਾਂ ਚੁੱਕਾਂ ਹੁੰਦੀਆਂ ਹਨ, ਪਰ ਹਾਂ ਤਾਂ ਮੈਂ ਫਿਰ ਵੀ ਤੇਰੀ, ਜਿਨ੍ਹਾਂ ਦਾ ਪ੍ਰੇਮ ਆਪ ਨੂੰ ਛੱਡ ਕੇ ਦੂਜਿਆਂ ਨਾਲ ਲੱਗਿਆ ਹੈ, ਉਹ ਵਿਛੋੜੇ ਵਿੱਚ ਝੁਰ-ਝੁਰ ਕੇ ਮਰਦੀਆਂ ਹਨ। ਜੈਸਾ ਕਿ:

**ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ॥**
**ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ॥੧॥** [ਸੂਹੀ ਮਹਲਾ ੫, ਅੰਗ ੭੯੧]

ਸੋ, ਜਿਨ੍ਹਾਂ ਨੇ ਇਸ ਤੁਕ ਦੇ ਅਨੁਸਾਰ ਕੇਵਲ ਭਰੋਸਾ ਇੱਕ ਗੁਰੂ 'ਤੇ ਰੱਖਿਆ ਹੈ ਤੇ ਉਨ੍ਹਾਂ ਦੀ ਰੱਖਿਆ ਭੀ ਗੁਰੂ ਪ੍ਰਮੇਸ਼ਰ ਕਰਦਾ ਹੈ। ਜਿਵੇਂ ਇਤਿਹਾਸ ਵਿੱਚ ਬੇਅੰਤ ਸਾਖੀਆਂ ਆਉਂਦੀਆਂ ਹਨ। ਕਉਡੇ ਰਾਖਸ਼ ਨੇ ਭਾਈ ਮਰਦਾਨੇ ਨੂੰ ਫੜਿਆ ਤਾਂ ਭਾਈ ਮਰਦਾਨੇ ਨੇ ਪੁਕਾਰ ਕੀਤੀ ਕਿ ਮੇਰਾ ਤਾਂ ਹੋਰ ਕੋਈ ਨਹੀਂ ਹੈ, ਤਾਂ ਉਸ ਵੇਲੇ ਗੁਰੂ ਨਾਨਕ ਸਾਹਿਬ ਮਹਾਰਾਜ ਨੇ ਤਪਦਾ ਕੜਾਹਾ ਠੰਡਾ ਕਰ ਦਿੱਤਾ ਤੇ ਭਾਈ ਮਰਦਾਨੇ ਦੀ ਰੱਖਿਆ ਕੀਤੀ। ਇਸੇ ਤਰ੍ਹਾਂ ਹੋਰ ਬੇਅੰਤ ਸਾਖੀਆਂ ਆਉਂਦੀਆਂ ਹਨ।

**ਸਾਖੀ ਭਾਈ ਬੇਅੰਤ ਸਿੰਘ ਜੀ ਦੀ**—ਤਕਰੀਬਨ ਸੰਨ ੧੯੧੦-੧੧ ਈ: ਦੀ ਬੜੀ ਨੇੜੇ ਦੀ ਘਟਨਾ ਸਿੱਖ ਜਗਤ ਵਿੱਚ ਪ੍ਰਸਿੱਧ ਹੈ ਕਿ ਗੁਰੂ ਕਿਵੇਂ ਹਾਜ਼ਰ ਹੋ ਕੇ ਸਿੱਖਾਂ ਦੇ ਕਾਰਜ ਕਰਦਾ ਹੈ। ਇੱਕ ਅੰਮ੍ਰਿਤਧਾਰੀ ਸਿੰਘ ਬੜੇ ਸਾਧੂ ਸੁਭਾਅ ਦਾ ਪਿਸ਼ਾਵਰ ਵਾਸੀ ਸ਼ਰਧਾਲੂ ਸਿੱਖ ਸੀ। ਰਿਸ਼ਤੇਦਾਰੀ ਵਿੱਚ ਕਿਤੇ ਵਿਆਹ ਦਾ ਸਮਾਗਮ ਸੀ। ਰਾਹ ਵਿੱਚ ਬੜਾ ਬਿਖੜਾ ਤੇ ਕਠਿਨ ਰਸਤਾ ਸੀ ਅਤੇ ਜਾਣ ਵਾਸਤੇ ਇੱਕ ਘੋੜੇ ਵਾਲੇ ਨੇ ਘੋੜੇ ਦੀ ਮਜ਼ਦੂਰੀ ਘੱਟ ਤੋਂ ਘੱਟ ਲੈ ਕੇ ਉਸਦਾ ਟਾਂਗਾ ਲੈ ਜਾਣ ਵਾਸਤੇ ਭਾਈ ਜੀ ਨੂੰ ਪ੍ਰੇਰਿਆ। ਪਰ ਭਾਈ ਬੇਅੰਤ ਸਿੰਘ ਦਾ ਘੋੜੇ ਵਾਲੇ 'ਤੇ ਮਨ ਨਹੀਂ ਸੀ ਮੰਨਦਾ। ਭਾਈ ਸਾਹਿਬ ਦੀ ਆਤਮਾ ਕਹਿ ਰਹੀ ਸੀ ਕਿ ਇਹ ਬੰਦਾ ਬੇਈਮਾਨ ਹੈ, ਪਰ ਉਸ ਪਠਾਣ ਨੇ ਕਿਹਾ ਕਿ ਸਿੱਖਾ ਸਾਰੇ ਪਠਾਣ ਇਕੋ ਜਿਹੇ ਨਹੀਂ ਹੁੰਦੇ। ਪਠਾਣ ਨੇ ਆਪਣੀ ਬੇਈਮਾਨੀ ਦੇ ਭਾਵ ਨੂੰ ਹਿਰਦੇ ਵਿੱਚ ਛੁਪਾ ਕੇ ਸਿੱਖ ਨੂੰ ਸ਼ਬਦਾਂ ਰਾਹੀਂ ਐਸਾ ਭਰੋਸਾ ਦਿੱਤਾ ਕਿ ਤੂੰ ਮੇਰੇ 'ਤੇ ਭਰੋਸਾ ਭਾਵੇਂ ਨਾ ਕਰ, ਕਮ-ਸੇ-ਕਮ ਆਪਣੇ ਗੁਰੂ 'ਤੇ ਭਰੋਸਾ ਤਾਂ ਕਰ। ਮੈਂ ਤੇਰੇ ਗੁਰੂ ਨੂੰ ਜਾਮਨ ਦੇ ਕੇ ਅਰ ਖ਼ੁਦਾ ਨੂੰ ਹਾਜ਼ਰ ਸਮਝ ਕੇ ਵਾਅਦਾ ਕਰਦਾ ਹਾਂ ਕਿ ਤੇਰੇ ਨਾਲ ਕੋਈ ਧੋਖਾ ਨਹੀਂ ਹੋਵੇਗਾ। ਤਾਂ ਭਾਈ ਬੇਅੰਤ ਸਿੰਘ ਨੇ ਗੁਰੂ ਜਾਮਨ ਸੁਣਦਿਆਂ ਹੀ ਪਠਾਣ 'ਤੇ ਭਰੋਸਾ ਕੀਤਾ, ਗੁਰਬਾਣੀ ਦੀ ਤੁਕ ਯਾਦ ਆਈ। ਜੈਸਾ ਕਿ:

**ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥** [ਸੋਰਠ ਮਹਲਾ ੫, ਅੰਗ ੬੨੩]

ਸੋਚਦਿਆਂ ਹੀ ਪਠਾਣ ਨਾਲ ਜਾਣ ਦਾ ਇਰਾਦਾ ਕਰ ਲਿਆ। ਆਪਣੀ ਸਿੰਘਣੀ ਦਇਆ ਕੌਰ ਸਮੇਤ ਤਾਂਗੇ ਵਿੱਚ ਬੈਠ ਗਏ। ਪਠਾਣ ਦਾ ਮਨ ਤਾਂ ਪਹਿਲਾਂ ਹੀ ਬੇਈਮਾਨ ਸੀ। ਸੋਚਦਾ ਸੀ ਕਿ ਕਿਤੇ ਦਾਅ ਲੱਗੇ, ਪਰ ਪਠਾਣ ਇਹ ਵੀ ਸੋਚਦਾ ਸੀ ਕਿ ਇਹ ਦੋ ਹਨ, ਮੈਂ ਇਕੱਲਾ ਹਾਂ। ਭਾਵੇਂ ਪਠਾਣ ਦੇ ਕੋਲ ਲੱਕ ਨਾਲ ਬੰਨਿਆ ਇੱਕ ਛੁਰਾ ਸੀ, ਪਰ ਉਹ ਇਹ ਭੀ ਸੋਚਦਾ ਸੀ ਕਿ ਇਨ੍ਹਾਂ ਦੋਨਾਂ ਦੇ ਭੀ ਗਾਤਰੇ ਕ੍ਰਿਪਾਨਾਂ ਹਨ। ਅਖ਼ੀਰ ਸ਼ਾਮ ਦਾ ਸਮਾਂ ਹੋ ਆਇਆ। ਰਹਿਰਾਸ ਦਾ ਸਮਾਂ ਹੋਣ ਤੋਂ ਸਿੰਘ ਜੀ ਨੇ ਇੱਕ ਨਦੀ ਦੇ ਕਿਨਾਰੇ ਰਮਨੀਕ ਜਗ੍ਹਾ ਦੇਖ ਕੇ ਪੰਜ ਇਸ਼ਨਾਨਾ ਕੀਤਾ। ਰਹਿਰਾਸ ਦਾ ਪਾਠ ਬੜੇ ਪ੍ਰੇਮ ਨਾਲ ਕਰਨ ਲੱਗਾ। ਸਿੰਘਣੀ ਭੀ ਪ੍ਰੇਮ ਨਾਲ ਰਹਿਰਾਸ ਸੁਨਣ ਲੱਗੀ। ਦੋਨਾਂ ਦਾ ਧਿਆਨ ਬਾਣੀ ਦੇ ਅਰਥਾਂ ਵਿੱਚ ਟਿਕਿਆ ਹੋਇਆ ਸੀ। ਬੜਾ ਰਸ ਲੈ ਲੈ ਕੇ ਸਿੰਘ

ਜੀ ਬਾਣੀ ਪੜ੍ਹ ਰਹੇ ਸਨ ਤੇ ਉਹੀ ਰਸ ਸਿੰਘਣੀ ਕੰਨਾਂ ਦੁਆਰਾ ਬਾਣੀ ਤੋਂ ਪ੍ਰਾਪਤ ਕਰ ਰਹੀ ਸੀ। ਬੇਈਮਾਨ ਪਠਾਣ ਨੇ ਸੋਚਿਆ ਕਿ ਇਸ ਤੋਂ ਚੰਗਾ ਸਮਾਂ ਹੋਰ ਨਹੀਂ ਮਿਲ ਸਕਦਾ। ਐਸੀ ਸੁੰਦਰ ਔਰਤ ਮਿਲਣੀ ਬੜੀ ਕਠਿਨ ਹੈ ਔਰ ਕੀਮਤੀ ਵਸਤਰ ਅਤੇ ਨਗਦੀ ਭੀ ਬਹੁਤ ਲਗਦੀ ਹੈ। ਇਹ ਸੋਚ ਕੇ ਬੇਈਮਾਨ ਪਠਾਣ ਨੇ ਲੱਕ ਤੋਂ ਛੁਰਾ ਖੋਲ੍ਹਿਆ। ਸਿੰਘ ਜੀ ਤੇ ਸਿੰਘਣੀ ਦੇ ਨੇਤਰ ਬੰਦ ਸਨ। ਉਸ ਨੇ ਚੁੱਪ ਚਪੀਤਿਆਂ ਸਿੰਘ ਜੀ ਦੇ ਵੱਖੀ ਵਿੱਚ ਛੁਰਾ ਮਾਰ ਦਿੱਤਾ। ਜਦੋਂ ਸਿੰਘਣੀ ਦੇ ਨੇਤਰ ਖੁਲ੍ਹੇ ਤਾਂ ਭਾਈ ਬੇਅੰਤ ਸਿੰਘ ਸਰੀਰ ਤਿਆਗ ਰਿਹਾ ਸੀ ਤੇ ਪਠਾਣ ਕਹਿਣ ਲੱਗਾ ਕਿ ਹੁਣ ਤੈਨੂੰ ਮੇਰੇ ਕੋਲੋਂ ਕੋਈ ਨਹੀਂ ਬਚਾ ਸਕਦਾ। ਪਠਾਣ ਬੇਪਰਵਾਹ ਹੋ ਕੇ ਦੇਖੀ ਜਾ ਰਿਹਾ ਸੀ ਔਰ ਸੋਚਦਾ ਸੀ ਕਿ ਹੁਣ ਇਹ ਮੇਰੇ ਪੰਜੇ 'ਚੋਂ ਬਾਹਰ ਨਹੀਂ ਜਾ ਸਕਦੀ ਤਾਂ ਦਇਆ ਕੌਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰ ਕੇ ਕਿਹਾ ਕਿ ਹੇ ਸਤਿਗੁਰੂ ਜੀ! ਅਸੀਂ ਤਾਂ ਆਪ ਜੀ ਦੀ ਜਾਮਨੀ 'ਤੇ ਭਰੋਸਾ ਕਰਕੇ ਤੁਰੇ ਸੀ, ਹੁਣ ਇਸ ਘੋਰ ਜੰਗਲ ਵਿੱਚ ਬਿਪਤਾ ਦੇ ਸਮੇਂ ਮੇਰਾ ਕੋਈ ਨਹੀਂ। ਮੇਰਾ ਪਤੀ ਤਾਂ ਇਸ ਨੇ ਮਾਰ ਦਿੱਤਾ ਹੈ, ਭਾਵੇਂ ਦੁਖ ਤਾਂ ਪਤੀ ਵਿਛੋੜੇ ਦਾ ਭੀ ਬਹੁਤ ਵੱਡਾ ਹੈ, ਪਰ ਸਤਿਗੁਰੂ ਜੀ ਮੈਂ ਤੁਹਾਡੀ ਧਰਮ ਦੀ ਪੁਤਰੀ ਅਤੇ ਨਿਮਾਣੀ ਹਾਂ, ਹੁਣ ਦ੍ਰੋਪਤਾ ਦੀ ਤਰ੍ਹਾਂ ਮੇਰੇ ਧਰਮ ਦੀ ਰਾਖੀ ਕਰੋ। ਇਹ ਮੇਰਾ ਧਰਮ ਭੰਗ ਕਰਨ ਲੱਗਾ ਹੈ। ਪਠਾਣ ਹੱਸੀ ਜਾਏ ਤੇ ਕਹੀ ਜਾਏ ਕਿ ਕਿਥੇ ਹੈ ਗੁਰੂ ਤੇਰਾ? ਹੁਣ ਤਾਂ ਮੈਂ ਹੀ ਤੇਰਾ ਸਭ ਕੁਝ ਹਾਂ। ਪਰ ਜਦੋਂ ਇੱਕ ਮਨ ਹੋ ਕੇ ਅਰਦਾਸ ਕੀਤੀ, ਜਿਵੇਂ ਸਤਿਗੁਰੂ ਜੀ ਦਾ ਫ਼ੁਰਮਾਨ ਹੈ। ਜੈਸਾ ਕਿ:

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥** [ਬਿਲਾਵਲੁ ਮਹਲਾ ੫, ਅੰਗ ੮੧੯]

ਜਨ ਬਣਨਾ ਹੀ ਔਖਾ ਹੈ, ਪਰ ਅਰਦਾਸ ਸੁਨਣ ਵਾਲਾ ਪ੍ਰਮੇਸ਼ਰ ਤੁਰੰਤ ਹਾਜ਼ਰ ਹੁੰਦਾ ਆਇਆ ਹੈ, ਅਰਸ਼ਾਂ ਦਾ ਮਾਲਕ ਤੁਰੰਤ ਫ਼ਰਸ਼ 'ਤੇ ਆ ਜਾਂਦਾ ਹੈ, ਪਲਾਂ ਵਿੱਚ ਹੀ ਘੋੜਿਆਂ ਦੇ ਪੈਰਾਂ ਦੀ ਆਵਾਜ਼ ਆਈ ਤੇ ਐਸੇ ਜ਼ੋਰ ਦੀ ਗ਼ੈਬੀ ਸ਼ਕਤੀ ਨੇ ਪਠਾਣ ਨੂੰ ਪਟਕਾ ਕੇ ਪੱਥਰ ਨਾਲ ਮਾਰਿਆ ਕਿ ਪਠਾਣ ਦੀ ਤੁਰੰਤ ਮੌਤ ਹੋ ਗਈ। ਬੀਬੀ ਅਜੇ ਭੀ ਦ੍ਰੋਪਤੀ ਦੀ ਤਰ੍ਹਾਂ ਇੱਕ ਮਨ ਹੋ ਕੇ ਅਰਦਾਸ ਕਰੀ ਜਾ ਰਹੀ ਹੈ ਅਤੇ ਜਿਨ੍ਹਾਂ ਜਿਨ੍ਹਾਂ ਦੀ ਰੱਖਿਆ ਕੀਤੀ, ਉਨ੍ਹਾਂ ਉਨ੍ਹਾਂ ਦੇ ਨਾਮ ਲੈ ਕੇ ਗੁਰਬਾਣੀ ਦੁਆਰਾ ਕਹੀ ਜਾ ਰਹੀ ਹੈ। ਜੈਸਾ ਕਿ:

**ਅਬ ਰਾਖਹੁ ਦਾਸ ਭਾਟ ਕੀ ਲਾਜ॥**
**ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥**
**ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥**
**ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥**
**ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥੪॥੧੨॥**
[ਸਵਈਏ ਮਹਲੇ ਚਉਥੇ ਕੇ ੪, ਅੰਗ ੧੪੦੦]

ਤੇ ਇਸ ਪ੍ਰਕਾਰ ਦੀ ਅਰਦਾਸ ਮਨਜ਼ੂਰ ਹੋਈ। ਉਸ ਦੁਸ਼ਟ ਤੋਂ ਸਤਿਗੁਰੂ ਜੀ ਨੇ ਆਪਣੀ ਸਿੱਖ ਪੁੱਤਰੀ ਦੀ ਇੱਜ਼ਤ ਬਚਾਈ ਤੇ ਆਵਾਜ਼ ਦੇ ਕੇ ਕਿਹਾ, "ਪੁੱਤਰੀ ਨੇਤਰ ਖੋਲ੍ਹ, ਜਿਸ ਨੂੰ ਤੂੰ ਯਾਦ ਕਰ ਰਹੀ ਹੈਂ, ਉਹ ਤਾਂ ਤੇਰੇ ਸਾਹਮਣੇ ਖੜ੍ਹਾ ਹੈ।" ਨੇਤਰ ਖੋਲੇ ਤਾਂ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਕੀਤੇ। ਚਰਨ ਫੜ ਕੇ ਕਹਿਣ ਲੱਗੀ ਕਿ ਇਸ ਬਿਪਤਾ ਦੇ ਸਮੇਂ ਮੇਰੀ ਨਿਮਾਣੀ ਦਾ ਹੋਰ ਕੋਈ ਨਹੀਂ ਸੀ। ਆਪ ਜੀ ਦੀ ਕਿਰਪਾ ਨਾਲ ਮੇਰਾ ਧਰਮ ਤੇ ਇਜ਼ਤ ਬਚ ਗਈ। ਅੱਖਾਂ ਵਿੱਚ ਪ੍ਰੇਮ ਦੇ ਹੰਝੂ ਭਰੇ ਹੋਏ ਸਨ ਤੇ ਆਪਣੇ ਮ੍ਰਿਤੂ ਹੋਏ ਪਤੀ ਵੱਲ ਵੇਖ ਕੇ ਕਹਿਣ ਲੱਗੀ ਕਿ ਮਹਾਰਾਜ ਮੇਰੇ ਪਤੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣਾ ਤੇ ਮੈਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣਾ ਤੇ ਹੁਣ ਮੈਂ ਪੇਕੇ ਘਰ ਵਿਆਹ ਵਿੱਚ ਸ਼ਾਮਿਲ ਹੋਣ ਲਈ ਕਿਸ ਨਾਲ ਜਾਵਾਂਗੀ? ਤਾਂ ਸਤਿਗੁਰੂ ਜੀ ਨੇ ਭਾਈ ਬੇਅੰਤ ਸਿੰਘ ਜੀ ਦੇ ਸਿਰ 'ਤੇ ਹੱਥ ਰੱਖਿਆ ਤਾਂ ਉਸੇ ਵੇਲੇ ਗੁਰਬਾਣੀ ਦੇ ਅੰਮ੍ਰਿਤ ਬਚਨ ਅਨੁਸਾਰ:

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥** [ਸੋਰਠਿ ਮਹਲਾ ੫, ਅੰਗ ੬੧੪]

ਉਸ ਵੇਲੇ ਭਾਈ ਬੇਅੰਤ ਸਿੰਘ ਜਿਵੇਂ ਕੁਝ ਭੀ ਨਹੀਂ ਹੋਇਆ ਜਾਂ ਸੁਪਨੇ ਵਿੱਚ ਹੀ ਸਭ ਕੁਝ ਹੋਇਆ ਹੋਵੇ, ਉਠ ਕੇ ਖੜ੍ਹੇ ਹੋ ਗਏ। ਜ਼ਖ਼ਮ ਭੀ ਤੁਰੰਤ ਹੀ ਸਤਿਗੁਰੂ ਦੀ ਕਿਰਪਾ ਨਾਲ ਠੀਕ ਹੋ ਗਏ ਤੇ ਉਸੇ ਪਠਾਣ ਦੇ ਤਾਂਗੇ 'ਤੇ ਬੈਠ ਕੇ ਵਿਆਹ ਵਿੱਚ ਸ਼ਾਮਿਲ ਹੋਏ। ਤਾਂਗਾ ਆਪ ਚਲਾਇਆ, ਕਿਉਂਕਿ ਪਠਾਣ ਮਰ ਚੁੱਕਾ ਸੀ ਤੇ ਜਾ ਕੇ ਸਾਰੇ ਸੰਬੰਧੀਆਂ ਨੂੰ ਸਤਿਗੁਰੂ ਜੀ ਦੀ ਇਹ ਅਨੌਖੀ ਕਥਾ ਸੁਣਾਈ ਤੇ ਪੰਜਾ ਸਾਹਿਬ, ਨਨਕਾਣਾ ਸਾਹਿਬ ਆਦਿਕ ਵੱਡੇ ਇਕੱਠਾਂ ਵਿੱਚ ਭਾਈ ਬੇਅੰਤ ਸਿੰਘ ਪਠਾਣ ਦੇ ਮਾਰੇ ਛੁਰੇ ਦਾ, ਵੱਖੀ 'ਤੇ ਨਿਸ਼ਾਨ ਦਿਖਾਇਆ ਕਰਦਾ ਸੀ ਕਿ ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਡੀ ਰੱਖਿਆ ਕੀਤੀ। ਇਸੇ ਤਰ੍ਹਾਂ ਦੀ ਦੂਜੀ ਸਾਖੀ, ਜੋ ਇਸ ਤੋਂ ਭੀ ਬਹੁਤ ਨੇੜੇ ਤਕਰੀਬਨ ੧੯੪੦-੪੧ ਦੀ ਹੈ।

**ਸਾਖੀ ਇਕ ਬੀਬੀ ਦੇ ਪੁੱਤਰ ਦੀ ਰੱਖਿਆ ਸਤਿਗੁਰੂ ਜੀ ਨੇ ਕੀਤੀ**—ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਅਸਥਾਨ 'ਤੇ ਰੌਣਕ ਤਾਂ ਭਾਵੇਂ ਹਰ ਵੇਲੇ ਬਣੀ ਰਹਿੰਦੀ ਸੀ, ਪਰ ਗਰਮੀਆਂ ਦੀ ਰੁੱਤੇ ਹੋਰ ਭੀ ਜ਼ਿਆਦਾ ਸੰਗਤਾਂ ਇਕੱਠੀਆਂ ਹੁੰਦੀਆਂ ਸਨ। ਇੱਕ ਬੀਬੀ ਜਿਸ ਦੇ ਘਰ ਪੁੱਤਰ ਨਹੀਂ ਸੀ, ਉਸਨੇ ਗੁਰੂ ਨਾਨਕ ਸਾਹਿਬ ਜੀ ਦਾ ਧਿਆਨ ਧਰ ਕੇ ਸੁਖਣਾ ਸੁਖੀ ਕਿ ਐਂਤਕੀ ਵਾਰ ਮੇਰੇ ਲੜਕਾ ਹੋਵੇ ਤਾਂ ਕਿਸੇ ਪੂਰਨਮਾਸ਼ੀ ਨੂੰ ਇਥੇ ਪਹੁੰਚ ਕੇ ਰੈਣ ਸਬਾਈ ਕੀਰਤਨ ਵਿੱਚ ਸ਼ਾਮਿਲ ਹੋਵਾਂਗੀ। ਗੁਰੂ ਜੀ ਨੇ ਇੱਛਾ ਪੂਰੀ ਕੀਤੀ ਤੇ ਬੀਬੀ ਦੇ ਅੰਦਰ ਬੜੀ ਪ੍ਰੇਮ ਦੀ ਖਿੱਚ ਪੈਦਾ ਹੋਈ ਸੋਚਦੀ ਰਹੀ ਕਿ ਮੈਂ ਆਪਣੇ ਪੁੱਤਰ ਨੂੰ ਪੰਜਾ ਸਾਹਿਬ ਮੱਥਾ ਟਿਕਾ ਕੇ ਲਿਆਵਾਂ। ਪੂਰਨਮਾਸ਼ੀ ਆਈ ਤੇ ਆਪਣੇ ਨਗਰ ਤੋਂ ਰੇਲ ਗੱਡੀ ਵਿੱਚ ਬੈਠ ਕੇ ਜਾ ਰਹੀ ਸੀ। ਪੰਜਾ ਸਾਹਿਬ ਦੇ ਸਟੇਸ਼ਨ 'ਤੇ ਉਤਰਨਾ ਸੀ, ਧਿਆਨ ਨਾ ਰਿਹਾ ਤੇ ਗੱਡੀ ਚੱਲ ਪਈ। ਅਗਲੇ ਸਟੇਸ਼ਨ 'ਤੇ ਜਾ ਕੇ ਪੁੱਛਿਆ ਕਿ ਭਾਈ ਪੰਜਾ ਸਾਹਿਬ ਦਾ ਸਟੇਸ਼ਨ ਆ ਗਿਆ ਹੈ ? ਤਾਂ ਲੋਕਾਂ ਨੇ ਕਿਹਾ ਕਿ ਮਾਈ! ਉਹ ਤਾਂ ਪਿੱਛੇ ਰਹਿ ਗਿਆ ਹੈ। ਸਟੇਸ਼ਨ 'ਤੇ ਉਤਰੀ ਤੇ ਸਟੇਸ਼ਨ ਮਾਸਟਰ ਨੂੰ ਪੁੱਛਿਆ ਕਿ ਹੁਣ ਪੰਜਾ ਸਾਹਿਬ ਗੱਡੀ ਕਦੋਂ ਜਾਏਗੀ ਤੇ ਆਪਣਾ ਸਾਰਾ ਹਾਲ ਸੁਣਾਇਆ ਕਿ ਮੈਂ ਪੂਰਨਮਾਸ਼ੀ ਦੀ ਰਾਤ ਰੈਣ ਸਬਾਈ ਕੀਰਤਨ ਵਿੱਚ ਪਹੁੰਚਣਾ ਹੈ। ਸਟੇਸ਼ਨ ਮਾਸਟਰ ਇੱਕ ਗੁਰਸਿੱਖ ਬੰਦਾ ਸੀ। ਬੀਬੀ ਦਾ ਸਿਦਕ ਪ੍ਰੇਮ ਦੇਖਿਆ ਕਿ ਬੜੀ ਚਿੰਤਾਤੁਰ ਹੈ, ਪੂਰਨਮਾਸ਼ੀ 'ਤੇ ਪਹੁੰਚਣ ਲਈ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰਦੀ ਹੈ ਕਿ ਮੈਨੂੰ ਅਨਜਾਣ ਨੂੰ ਬਖ਼ਸ਼ ਲਵੋ। ਸਟੇਸ਼ਨ ਮਾਸਟਰ ਨੇ ਇੱਕ ਤਾਂਗੇ ਵਾਲੇ ਨੂੰ ਕਿਹਾ ਕਿ ਭਾਈ! ਇਸ ਬੀਬੀ ਨੂੰ ਪੰਜਾ ਸਾਹਿਬ ਪਹੁੰਚਾ ਦੇ ਤੇ ਕਿਹਾ ਕਿ ਕਿਰਾਏ ਤੋਂ ਇਲਾਵਾ ਮੈਂ ਤੈਨੂੰ ਇਨਾਮ ਭੀ ਦਿਆਂਗਾ। ਸਟੇਸ਼ਨ ਮਾਸਟਰ ਨੂੰ ਭਰੋਸਾ ਸੀ ਕਿ ਤਾਂਗੇ ਵਾਲੇ ਹਰ ਰੋਜ਼ ਸਾਡੀਆਂ ਮਿੰਨਤਾਂ ਕਰਦੇ ਰਹਿੰਦੇ ਹਨ ਤੇ ਸਾਡੇ ਤੋਂ ਡਰ ਭੈਅ ਭੀ ਕਰਦੇ ਹਨ। ਤਾਂਗੇ ਵਾਲੇ ਨੇ ਅੱਛਾ ਜੀ ਕਹਿ ਕੇ ਦੋਵਾਂ ਮਾਂ-ਪੁੱਤਰ ਨੂੰ ਤਾਂਗੇ 'ਤੇ ਬਿਠਾਇਆ। ਸਮਾਂ ਤ੍ਰਿਕਾਲਾਂ ਦਾ ਕੁਝ ਕੁ ਦਿਨ ਸੀ, ਉਸਦਾ ਮਨ ਬੇਈਮਾਨ ਹੋ ਗਿਆ। ਰਾਹ ਤੋਂ ਤਾਂਗਾ ਇੱਕ ਪਾਸੇ ਖੜਾ ਕਰਕੇ ਦੇਖਿਆ ਕਿ ਆਵਾਜਾਈ ਕੋਈ ਨਹੀਂ ਹੈ। ਉਸ ਪਠਾਣ ਨੇ ਬੀਬੀ ਦੇ ਛੋਟੇ ਬੱਚੇ ਨੂੰ ਜ਼ਬਰਦਸਤੀ ਖੋਹ ਲਿਆ। ਜਦੋਂ ਬੱਚੇ ਨੂੰ ਪੱਥਰ 'ਤੇ ਪਟਕਾ ਕੇ ਮਾਰਨ ਲੱਗਾ, ਤਦ ਬੀਬੀ ਰੋਂਦੀ ਮਗਰ ਨੱਠੀ ਆਈ। ਉਸ ਪਾਪੀ ਨੇ ਬੱਚੇ ਨੂੰ ਛੱਡ ਕੇ ਪਹਿਲਾਂ ਉਸ ਬੀਬੀ ਨੂੰ ਤਾਂਗੇ ਨਾਲ ਬੰਨ੍ਹ ਦਿੱਤਾ। ਜਦੋਂ ਉਸ ਬੱਚੇ ਨੂੰ ਦੁਬਾਰੇ ਮਾਰਨ ਲੱਗਾ, ਬੱਚੇ ਨੂੰ ਹੱਥ ਪਾਇਆ ਹੀ ਸੀ। ਬੀਬੀ ਨੇ ਨੇਤਰ ਬੰਦ ਕਰਕੇ ਗੁਰੂ ਨਾਨਕ ਦੇਵ ਜੀ ਦੀ ਅਰਾਧਨਾ ਕੀਤੀ ਕਿ ਮਹਾਰਾਜ! ਮੇਰੇ ਬੱਚੇ ਦੀ ਰੱਖਿਆ ਕਰੋ ਅਤੇ ਮੇਰਾ ਧਰਮ ਬਚਾਓ। ਗੁਰੂ ਨੇ ਐਸੀ ਕਿਰਪਾ ਕੀਤੀ ਕਿ ਉਧਰ ਜਦੋਂ ਪਠਾਣ ਨੇ ਪੱਥਰ ਨੂੰ ਹੱਥ ਪਾਇਆ, ਇੱਕ ਬੜੇ ਭਾਰੀ ਸੱਪ ਨੇ ਤੁਰੰਤ ਡੰਗ ਮਾਰ ਕੇ ਮਾਰ ਦਿੱਤਾ। ਬੀਬੀ ਦੀ ਅਰਦਾਸ ਸੁਣੀ ਗਈ। ਇੱਕ ਫ਼ੌਜੀ ਟਰੱਕ, ਸਿੱਖ ਡਰਾਈਵਰ ਲਈ ਆਉਂਦਾ ਸੀ ਤੇ ਪੰਜੇ ਸਾਹਿਬ ਤੋਂ ਲੰਘ ਕੇ ਰਾਵਲਪਿੰਡੀ ਜਾਣਾ ਸੀ। ਉਸ ਨੇ ਗੱਡੀ ਦੀ ਰੌਸ਼ਨੀ ਨਾਲ ਦੂਰੋਂ ਦੇਖਿਆ ਕਿ ਤਾਂਗੇ ਨਾਲ ਬੀਬੀ ਬੰਨ੍ਹੀ ਹੋਈ ਹੈ। ਗੱਡੀ ਖੜ੍ਹੀ ਕੀਤੀ ਤੇ ਕੋਲ ਜਾ ਕੇ ਪੁੱਛਿਆ। ਸਾਰਾ ਹਾਲ ਮਾਲੂਮ ਹੋਇਆ। ਫ਼ੌਜੀ ਡਰਾਇਵਰ ਨੇ ਦੇਖਿਆ ਕਿ ਪਠਾਣ ਮੋਇਆ ਪਿਆ ਹੈ ਤੇ ਬੱਚਾ ਹੋ ਰਿਹਾ ਹੈ। ਕੁੱਝ ਵਿੱਥ ਪਰ ਸੱਪ ਭੀ ਹੈ, ਜਿਉਂ ਹੀ ਫ਼ੌਜੀ ਬੈਟਰੀ ਲੈ ਕੇ ਵਧਿਆ, ਸੱਪ ਹੋਰ ਪਰੇ ਚਲਾ ਗਿਆ। ਬੱਚੇ ਨੂੰ ਸੰਭਾਲਿਆ ਤੇ ਬੀਬੀ ਦੇ ਰੱਸੇ ਖੋਲ੍ਹੇ, ਰੱਸੇ ਖੋਲ੍ਹ ਕੇ ਟਰੱਕ ਵਿੱਚ ਬਿਠਾਇਆ ਤੇ ਪੰਜਾ ਸਾਹਿਬ ਪਹੁੰਚਿਆ ਤੇ ਸਾਰੀ ਵਾਰਤਾ ਭਰੀ ਸੰਗਤ ਵਿੱਚ ਦੱਸੀ ਤੇ ਸਾਰੀ

ਸੰਗਤ ਨੇ ਗੁਰੂ ਨਾਨਕ ਜੀ ਦੀ ਜੈ-ਜੈਕਾਰ ਕੀਤੀ ਤੇ ਇਸ ਪ੍ਰਕਾਰ ਜਿਸ ਦੇ ਮਨ ਵਿੱਚ ਭਾਵਨਾ ਹੈ ਕਿ ਮੇਰਾ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ, ਉਸਦਾ ਪ੍ਰਮੇਸ਼ਰ ਆਪ ਬਣਦਾ ਹੈ।

## *ਕਿਉ ਨ ਮਰੀਜੈ ਰੋਇ; ਜਾ ਲਗੁ ਚਿਤਿ ਨ ਆਵਹੀ ॥੧॥*

ਉਤਨਾ ਚਿਰ ਰੋ ਰੋ ਕੇ ਮਰ ਕਿਉਂ ਨਾ ਜਾਈਏ, ਜਦੋਂ ਤਕ ਕਿ ਤੂੰ ਚੇਤੇ ਨਹੀਂ ਆਉਂਦਾ। ਭਾਵ ਵਾਹਿਗੁਰੂ ਦੇ ਪ੍ਰੇਮੀ ਉਸਦੀ ਯਾਦ ਤੋਂ ਬਿਨਾਂ ਇੱਕ ਛਿਨ ਮਾਤਰ ਵੀ ਨਹੀਂ ਰਹਿ ਸਕਦੇ, ਕਿਉਂਕਿ ਉਸ ਪ੍ਰਭੂ ਦੇ ਵਿਜੋਗ ਵਿੱਚ ਹਰ ਵੇਲੇ ਵਿਲਕਦੇ ਰਹਿੰਦੇ ਹਨ॥੧॥ ਜੈਸਾ ਕਿ :

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥** [ਵਾਰ ਸਿਰੀਰਾਗ ਮਃ ੨, ਅੰਗ ੮੩]

## *ਮਃ ੨ ॥ ਜਾਂ ਸੁਖੁ ਤਾ ਸਹੁ ਰਾਵਿਓ; ਦੁਖਿ ਭੀ ਸੰਮ੍ਾਲਿਓਇ ॥*
## *ਨਾਨਕੁ ਕਹੈ ਸਿਆਣੀਏ; ਇਉ ਕੰਤ ਮਿਲਾਵਾ ਹੋਇ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸਿਆਣੀਏ ! ਜਦੋਂ ਸਰੀਰ ਨੂੰ ਸੁਖ ਹੋਵੇ, ਤਦ ਵੀ ਸਹੁ=ਪਤੀ ਪ੍ਰਮਾਤਮਾ ਦੇ ਨਾਮ ਨੂੰ ਰਾਵਿਓ=ਉਚਾਰਨਾ ਕਰ ਅਤੇ ਜੇ ਦੁਖ ਹੋਵੇ ਤਾਂ ਵੀ ਪ੍ਰਮੇਸ਼ਰ ਨੂੰ ਯਾਦ ਕਰ ਤਾਂ ਇਉ=ਇਸ ਤਰ੍ਹਾਂ ਕੰਤ=ਪਤੀ ਪ੍ਰਮਾਤਮਾ ਦਾ ਮਿਲਾਵਾ=ਮਿਲਾਪ ਹੋਇ=ਹੁੰਦਾ ਹੈ, ਭਾਵ ਗੁਰੂ ਜੀ ਸੁਘੜ ਤੇ ਸਿਆਣੀ ਜਗਿਆਸੂ ਰੂਪ ਇਸਤਰੀ ਨੂੰ ਪ੍ਰਭੂ ਦੇ ਮਿਲਨ ਦਾ ਢੰਗ ਦੱਸਦੇ ਹਨ ਕਿ ਜੇ ਸੁਖ ਪ੍ਰਾਪਤ ਹੋਵੇ ਤਾਂ ਸੁਖ ਵਿੱਚ ਭੁਲ ਨਾ ਜਾਣਾ ਤੇ ਸ਼ੁਕਰਾਨੇ ਵਿੱਚ ਯਾਦ ਰੱਖਣਾ, ਜੇ ਦੁਖ ਮਿਲੇ ਤਾਂ ਭੀ ਭਾਣਾ ਮਿੱਠਾ ਮੰਨ ਕੇ ਯਾਦ ਰੱਖਣਾ॥੨॥ ਜੈਸਾ ਕਿ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥** [ਸੂਹੀ ਮਹਲਾ ੪, ਅੰਗ ੭੫੭]

## *ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ; ਵਡੀ ਤੇਰੀ ਵਡਿਆਈ ॥*

ਹੇ ਪ੍ਰਮੇਸ਼ਰ ! ਮੈਂ ਕਿਰਮ ਜੰਤੁ=ਛੋਟਾ ਜਿਹਾ ਜੀਵ ਤੇਰੀ ਕੀ ਸ਼ਲਾਘਾ ਕਰਾਂ ? ਕਿਉਂਕਿ ਤੇਰੀ ਵਡਿਆਈ ਸਭ ਤੋਂ ਵੱਡੀ ਹੈ।

## *ਤੂ ਅਗਮ ਦਇਆਲੁ ਅਗੰਮੁ ਹੈ; ਆਪਿ ਲੈਹਿ ਮਿਲਾਈ ॥*

ਹੇ ਦਿਆਲੂ ਪ੍ਰਮਾਤਮਾ ! ਤੂੰ ਅਗੰਮ ਤੋਂ ਅਗੰਮ ਹੈਂ, ਆਪਣਿਆਂ ਦਾਸਾਂ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈ।

## *ਮੈ ਤੁਝ ਬਿਨੁ ਬੇਲੀ ਕੋ ਨਹੀ; ਤੂ ਅੰਤਿ ਸਖਾਈ ॥*

ਹੇ ਪ੍ਰਮੇਸ਼ਰ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਬੇਲੀ=ਸਾਥੀ, ਹਿਤੂ ਨਹੀਂ ਹੈ, ਤੂੰ ਹੀ ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ ਸਹਾਈ=ਸਹਾਇਤਾ ਕਰਨ ਵਾਲਾ ਹੈਂ।

## *ਜੋ ਤੇਰੀ ਸਰਣਾਗਤੀ; ਤਿਨ੍ ਲੈਹਿ ਛਡਾਈ ॥*

ਜੋ ਪੁਰਸ਼ ਤੇਰੀ (ਸਰਣ+ਆਗਤੀ) ਸਰਣ=ਸ਼ਰਨ ਵਿੱਚ ਆਗਤੀ=ਆਉਂਦਾ ਹੈ ਤੂੰ ਉਸ ਨੂੰ ਜਮਾਂ ਤੋਂ ਛੁਡਾ ਲੈਂਦਾ ਹੈਂ।

## ਨਾਨਕ ਵੇਪਰਵਾਹੁ ਹੈ; ਤਿਸੁ ਤਿਲੁ ਨ ਤਮਾਈ ॥੨੦॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ! ਤੂੰ ਬੇਪਰਵਾਹ ਹੈਂ, ਤਿਸੁ=ਆਪ ਜੀ ਨੂੰ ਤਿਲ ਮਾਤਰ ਵੀ ਤਮਾਈ=ਤਮਾ, ਖਾਹਿਸ਼, ਇੱਛਾ ਨਹੀਂ ਹੈ, **ਵਾ:** ਆਪ ਜੀ ਨੂੰ ਤਿਲ ਮਾਤਰ ਵੀ ਤਮੋ ਗੁਣ ਨਹੀਂ ਹੈ। ਭਾਵ ਪ੍ਰਭੂ ਇੱਛਾ ਰਹਿਤ ਅਤੇ ਵੇਪਰਵਾਹ ਹੈ, ਪਰ ਜਦੋਂ ਕੋਈ ਜਗਿਆਸੂ ਸਾਰੀਆਂ ਆਸਾਂ ਉਮੀਦਾਂ ਛੱਡ ਕੇ ਉਸ ਦੇ ਦਰ 'ਤੇ ਢਹਿ ਪਵੇ ਅਤੇ ਦੁਖੀ ਹੋ ਕੇ ਆਪਣੇ ਆਪ ਨੂੰ ਬੇ-ਸਹਾਰਾ ਸਮਝ ਕੇ ਕਿ ਪ੍ਰਲੋਕ ਦੇ ਵਿੱਚ ਕੋਈ ਵੀ ਮਿੱਤਰ ਨਹੀਂ, ਉਸ ਪ੍ਰਮਾਤਮਾ ਨੂੰ ਬੇਨਤੀਆਂ ਕਰੇ ਤਾਂ ਫਿਰ ਉਹ ਪ੍ਰਮੇਸ਼ਰ ਕਰਮਾਂ ਅਤੇ ਜਮਾਂ ਦੀ ਪਕੜ ਤੋਂ ਬਚਾ ਲੈਂਦਾ ਹੈ ॥੨੦॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੧ [ਆਦਿ ਅੰਗ ੭੯੩]

**ਸੂਹੀ ॥ ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥ ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ਰਹਾਉ॥ ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰਿ ਹਾਟੁ ਚਲਾਵੈ ॥ ਕਰਿ ਬੰਦਿਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥ ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥ ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥**

## ਸੂਹੀ ॥

ਸੂਹੀ ਰਾਗਣੀ ਵਿੱਚ ਭਗਤ ਰਵਿਦਾਸ ਜੀ ਮਾਇਆ ਦੀ ਪਕੜ ਵਿੱਚ ਜਕੜੇ ਹੋਏ ਸੰਸਾਰੀ ਲੋਕਾਂ ਨੂੰ ਮੌਤ ਯਾਦ ਕਰਵਾ ਕੇ ਪ੍ਰਮੇਸ਼ਰ ਵਾਹਿਗੁਰੂ ਦੇ ਨਾਮ ਨਾਲ ਜੋੜ ਰਹੇ ਹਨ। ਵੈਰਾਗ ਦੇ ਪੈਦਾ ਕਰਨ ਵਾਲੇ ਸਿਧਾਂਤ ਨੂੰ ਆਪਣੇ ਇਸ ਸ਼ਬਦ ਰਾਹੀਂ ਪ੍ਰਗਟ ਕਰਦੇ ਹਨ, ਕਿਉਂਕਿ ਬਿਨਾਂ ਵੈਰਾਗ ਤੋਂ ਇਹ ਪ੍ਰਬਲ ਮਾਇਆ ਖਹਿੜਾ ਨਹੀਂ ਛੱਡਦੀ। ਜੈਸਾ ਕਿ :

**ਬਿਨੁ ਬੈਰਾਗ ਨ ਛੂਟਸਿ ਮਾਇਆ ॥** [ਗਉੜੀ ਕਬੀਰ ਜੀ, ਅੰਗ ੩੨੯]

ਇਸ ਲਈ ਜਿਤਨੇ ਵੀ ਭਗਤੀ ਕਰਨ ਵਾਲੇ ਸਤਿਪੁਰਸ਼ ਹੋਏ ਹਨ, ਸਭ ਨੇ ਜੀਵਨ ਵਿੱਚ ਵੈਰਾਗ ਦਾ ਸਹਾਰਾ ਲਿਆ ਹੈ, ਕਿਉਂਕਿ ਵੈਰਾਗ ਤੋਂ ਬਿਨਾਂ ਤਿਆਗ ਨਹੀਂ ਹੋ ਸਕਦਾ। ਤਿਆਗ ਤੋਂ ਬਿਨਾਂ ਪ੍ਰਮਾਰਥ ਵਿੱਚ ਕਾਮਯਾਬੀ ਨਹੀਂ ਹੈ। ਗਿਆਨ ਦੇ ਚਾਰ ਸਾਧਨ—ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਹਨ। ਇਨ੍ਹਾਂ ਵਿੱਚ ਪਹਿਲਾ ਥਾਂ ਵੈਰਾਗ ਦਾ ਹੀ ਆਇਆ ਹੈ। ਵੈ+ਰਾਗ, ਵੈ=ਤਿਆਗ, ਰਾਗ=ਪ੍ਰੇਮ, ਜਿਥੇ ਸੰਸਾਰ ਦੇ ਸੰਬੰਧੀਆਂ ਅਤੇ ਪਦਾਰਥਾਂ ਦੇ ਪ੍ਰੇਮ ਦਾ ਤਿਆਗ ਹੋ ਜਾਵੇ, ਉਸ ਨੂੰ ਵੈਰਾਗ ਕਹਿੰਦੇ ਹਨ। ਸੋ, ਵੈਰਾਗ ਪੈਦਾ ਕਰਨ ਵਾਲੀ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਜ਼ਿਆਦਾ ਹੈ। ਹਰ ਇੱਕ ਜੀਵ ਨੂੰ ਅਗਿਆਨ ਦੇ ਕਾਰਨ ਇਹ ਭੁਲੇਖਾ ਬਣਿਆ ਰਹਿੰਦਾ ਹੈ ਕਿ ਜਿਥੇ ਮੈਂ ਰਹਿ ਰਿਹਾ ਹਾਂ, ਇਹ ਮੇਰਾ ਟਿਕਾਣਾ ਹਮੇਸ਼ਾ ਲਈ ਹੈ। ਸੰਸਾਰ ਤੋਂ ਚਲੇ ਜਾਣ ਦੀ ਸੋਝੀ ਨਾ ਹੋਣ ਕਰਕੇ ਐਸਾ ਵਿਸ਼ਵਾਸ ਬਣਿਆ ਹੋਇਆ ਹੈ। ਹੁਣ ਸੰਸਾਰ ਤੋਂ ਜਾਣ ਦੀ ਸੋਝੀ ਦੇਣ ਵਾਸਤੇ ਭਗਤ ਜੀ ਆਪਣੀ ਰਸਨਾ ਤੋਂ ਅੰਮ੍ਰਿਤ ਮਈ ਬਾਣੀ ਦਾ ਉਚਾਰਨ ਕਰਦੇ ਹਨ :

## ਜੋ ਦਿਨ ਆਵਹਿ; ਸੋ ਦਿਨ ਜਾਹੀ ॥

ਜੋ ਵੀ ਦਿਨ ਆਵਹਿ=ਆ ਰਿਹਾ ਹੈ, ਭਾਵ ਚੜ੍ਹ ਰਿਹਾ ਹੈ ਉਹ ਦਿਨ ਜਾਹੀ=ਬਤੀਤ ਹੋ ਜਾਂਦਾ ਹੈ। ਜਿਵੇਂ ਦਿਨ ਆਉਂਦੇ ਅਤੇ ਜਾਂਦੇ ਰਹਿੰਦੇ ਹਨ, ਇਸੇ ਤਰ੍ਹਾਂ ਸਰੀਰ ਵੀ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਹੇ ਜੀਵ! ਤੂੰ ਵੀਚਾਰ ਕੇ ਦੇਖ, ਦਿਨ-ਦਿਨ ਕਰਕੇ ਤੇਰੀ ਉਮਰ ਘਟਦੀ ਜਾ ਰਹੀ ਹੈ। ਜੈਸਾ ਕਿ :

**ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥**
**ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥** [ਸਿਰੀਰਾਗੁ ਮਹਲਾ ੪, ਅੰਗ ੪੧]

**ਦ੍ਰਿਸ਼ਟਾਂਤ—ਚੂਹੇ ਤੇ ਚੂਹੀ ਦਾ—**ਸੋ ਇਸੇ ਪ੍ਰਕਾਰ ਇੱਕ ਜੀਵ ਜੰਗਲ ਵਿੱਚ ਘੁੰਮਦਾ ਹੋਇਆ, ਅਚਾਨਕ ਬਿਪਤਾ ਵਿੱਚ ਫਸ ਗਿਆ। ਜਿਥੇ ਅਨੇਕਾਂ ਮੁਸੀਬਤਾਂ ਉਸ ਦੇ ਗਲ ਆ ਪਈਆਂ। ਇੱਕ ਪਾਸੇ ਫਾਹੀਆਂ ਸਨ, ਦੂਜੇ ਪਾਸੇ ਜੰਗਲ ਵਿੱਚ ਅੱਗ ਲੱਗੀ ਹੋਈ ਸੀ, ਤੀਜੇ ਪਾਸੇ ਇੱਕ ਡੈਣ ਲੰਮੀਆਂ ਭੁਜਾਵਾਂ ਕਰਕੇ ਖੜ੍ਹੀ ਹੈ, ਚੌਥੇ

ਪਾਸੇ ਇੱਕ ਭੁੱਖਾ ਸ਼ੇਰ ਖੜ੍ਹਾ ਹੈ। ਉਹ ਵਿਚਾਰਾ ਜੀਵ ਬਿਪਤਾ ਦਾ ਮਾਰਿਆ ਘਬਰਾ ਕੇ ਜੰਗਲ ਵਿੱਚ ਹੀ ਚੱਕਰ ਕੱਟੀ ਜਾ ਰਿਹਾ ਹੈ। ਇੱਕ ਬੋਹੜ ਦੀ ਲੰਮੀ ਦਾੜ੍ਹੀ (ਜੜ੍ਹ) ਖੂਹ ਵਿੱਚ ਲਮਕਦੀ ਦੇਖੀ। ਝਟਪਟ ਹੀ ਉਸ ਜੜ੍ਹ ਨੂੰ ਫੜ ਕੇ ਖੂਹ ਵਿੱਚ ਲਮਕ ਗਿਆ। ਜਦ ਹੇਠਾਂ ਨਿਗਾਹ ਮਾਰੀ ਤਾਂ ਵੱਡਾ ਸੱਪ (ਅਸਰਾਲ) ਮੂੰਹ ਅੱਡੀ ਫੁੰਕਾਰੇ ਮਾਰ ਰਿਹਾ ਹੈ, ਉਪਰ ਨਿਗਾਹ ਕੀਤੀ ਤਾਂ ਉੱਤੇ ਇੱਕ ਮਸਤ ਹਾਥੀ ਆ ਗਿਆ। ਜਿਸ ਜੜ੍ਹ ਨਾਲ ਲਮਕਦਾ ਸੀ, ਉਸ ਨਾਲ ਮਾਖਿਓ ਲੱਗਾ ਸੀ। ਲਮਕਣ ਨਾਲ ਹਿੱਲ ਕੇ ਮਾਖਿਓ ਦਾ ਸ਼ਹਿਦ ਉਸਦੇ ਮੂੰਹ ਵਿੱਚ ਚੋਣ ਲੱਗ ਪਿਆ। ਫੇਰ ਕੀ ਦੇਖਦਾ, ਦੋ ਚੂਹੇ ਚਿੱਟਾ ਤੇ ਕਾਲਾ ਉਸ ਜੜ੍ਹ ਨੂੰ ਕੱਟ ਰਹੇ ਹਨ, ਪਰੰਤੂ ਕੀ ਕਰਦਾ ? ਇਹ ਸਭ ਕੁਝ ਜਾਣਦਾ ਹੋਇਆ ਵੀ ਉਸ ਸ਼ਹਿਦ ਦੇ ਮਿੱਠੇ ਰਸ ਵਿੱਚ ਸਭ ਕੁਝ ਭੁੱਲ ਗਿਆ। ਆਖ਼ਰ ਚੂਹਿਆਂ ਨੇ ਜੜ੍ਹ ਕੱਟ ਦਿੱਤੀ ਤੇ ਜੀਵ ਵਿਚਾਰਾ ਭਿਆਨਕ ਸੱਪ ਦੇ ਮੂੰਹ ਵਿੱਚ ਜਾ ਪਿਆ। **ਅੰਤਰੀਵ ਭਾਵ**—ਇਸੇ ਤਰ੍ਹਾਂ ਜੀਵ ਸੰਸਾਰ ਉਜਾੜ ਵਿੱਚ ਆਇਆ ਹੈ। ਸੰਸਾਰ ਨੂੰ ਉਜਾੜ ਗੁਰਬਾਣੀ ਵਿੱਚ ਇਸ ਪ੍ਰਕਾਰ ਲਿਖਿਆ ਹੈ। ਜੈਸਾ ਕਿ :

**ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥** [ਸਹਸਕ੍ਰਿਤੀ ਮਹਲਾ ੫, ਅੰਗ ੧੩੫੯]

ਇੱਕ ਪਾਸੇ ਵਾਸ਼ਨਾ ਦੀਆਂ ਫਾਹੀਆਂ ਲੱਗੀਆਂ ਹੋਈਆਂ ਹਨ, ਜੈਸਾ ਕਿ ਭਾਈ ਗੁਰਦਾਸ ਜੀ ਕਥਨ ਕਰਦੇ ਹਨ। ਜੈਸਾ ਕਿ :

**ਜੁਗਿ ਜੁਗਿ ਮੇਰੁ ਸਰੀਰ ਕਾ ਵਾਸਨਾ ਬਧਾ ਆਵੈ ਜਾਵੈ ॥**

[ਭਾਈ ਗੁਰਦਾਸ ਜੀ, ਵਾਰ ਪਹਿਲੀ, ਪਉੜੀ ੧੫]

ਦੂਜੇ ਪਾਸੇ ਤ੍ਰਿਸ਼ਨਾ ਦੀ ਅੱਗ ਮੱਚ ਰਹੀ ਹੈ। ਜੈਸਾ ਕਿ :

**ਤ੍ਰਿਸਨਾ ਅਗਨਿ ਜਲੈ ਸੰਸਾਰਾ ॥** [ਮਾਰੂ ਮਹਲਾ ੩, ਅੰਗ ੧੦੪੪]

ਤੀਜੇ ਪਾਸੇ ਬਿਰਧ ਅਵਸਥਾ ਰੂਪ ਡੈਣ ਲੰਮੀਆਂ ਬਾਹਾਂ ਕਰਕੇ ਜੁਆਨੀਆਂ ਰੂਪ ਡਾਹਣੇ ਭੰਨੀ ਆ ਰਹੀ ਹੈ। ਜੈਸਾ ਕਿ :

**ਸਿਰੁ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ ॥** [ਸਲੋਕ ਮਹਲਾ ੯, ਅੰਗ ੧੪੨੮]

ਚੌਥੇ ਪਾਸੇ ਹੰਕਾਰ ਰੂਪੀ ਸ਼ੇਰ ਗਰਜ਼ ਰਿਹਾ ਹੈ। ਗ੍ਰਿਹਸਤ ਬੋਹੜ ਦਾ ਦਰਖ਼ਤ ਹੈ, ਉਮਰ ਇਸਦੀ ਜੜ੍ਹ ਹੈ, ਖੂਹ ਸਰੀਰ ਹੈ, ਵਰਸ ਵਰ੍ਹਾ ਰੂਪੀ ਹਾਥੀ ਹੈ, ਦਿਨ-ਰਾਤ, ਦਿਨ ਚਿੱਟੇ ਰੰਗ ਦਾ ਚੂਹਾ ਹੈ, ਰਾਤ ਕਾਲੇ ਰੰਗ ਦੀ ਚੂਹੀ ਹੈ, ਜੋ ਉਮਰ ਰੂਪ ਜੜ੍ਹ ਨੂੰ ਕੱਟੀ ਜਾ ਰਹੇ ਹਨ। ਜੈਸਾ ਕਿ :

**ਅਨਦਿਨੁ ਮੂਸਾ ਲਾਜੁ ਟੁਕਾਈ ॥ ਗਿਰਤ ਕੂਪ ਮਹਿ ਖਾਹਿ ਮਿਠਾਈ ॥੧॥**

[ਆਸਾ ਮਹਲਾ ੫, ਅੰਗ ੩੯੦]

ਮਾਇਆ ਰੂਪ ਮਖਿਆਲ ਹੈ, ਵਿਸ਼ੇ ਸੁਖ ਸ਼ਹਿਦ ਹੈ, ਜਿਸਦੇ ਭੋਗਣ ਵਿੱਚ ਜੀਵ ਲੱਗਾ ਹੋਇਆ ਹੈ ਤੇ ਕਾਲ ਰੂਪ ਸੱਪ ਹੈ, ਜਦ ਉਮਰ ਰੂਪੀ ਜੜ੍ਹ ਕੱਟੀ ਗਈ ਤਾਂ ਡਿੱਗ ਕੇ ਕਾਲ ਦੇ ਮੂੰਹ ਵਿੱਚ ਹੀ ਜੀਵ ਜਾ ਪੈਂਦਾ ਹੈ, ਉਹ ਆਪਣਾ ਕੁਝ ਨਹੀਂ ਸਵਾਰ ਸਕਦਾ। ਇਹ ਸਾਰਾ ਅਲੰਕਾਰ ਮਹਾਂਭਾਰਤ ਵਿੱਚ ਅੰਕਿਤ ਹੈ। ਸੋ, ਇਸ ਪ੍ਰਕਾਰ ਦਿਨ-ਰਾਤ ਕਰਕੇ ਉਮਰ ਘਟਦੀ ਜਾ ਰਹੀ ਹੈ। ਜੈਸਾ ਕਿ :

੧. **ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥**

[ਆਸਾ ਮਹਲਾ ੫, ਅੰਗ ੩੭੫]

੨. **ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥**
**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥**

[ਧਨਾਸਰੀ ਕਬੀਰ ਜੀ, ਅੰਗ ੬੯੧-੯੨]

## ਕਰਨਾ ਕੂਚੁ; ਰਹਨੁ ਥਿਰੁ ਨਾਹੀ ॥

ਜੋ ਵੀ ਜੀਵ ਸੰਸਾਰ ਵਿੱਚ ਆਇਆ ਹੈ, ਉਸਨੇ ਹੀ ਕੂਚੁ=ਚਲਾਣਾ ਕਰ ਜਾਣਾ ਹੈ, ਕਿਸੇ ਨੇ ਵੀ ਥਿਰੁ=ਸਥਿਰ ਨਹੀਂ ਰਹਿਣਾ। ਜੇ ਇਥੇ ਕੋਈ ਸਥਿਰ ਰਹਿਣ ਵਾਲੀ ਸ਼ਕਤੀ ਹੈ, ਉਹ ਕੇਵਲ ਕਰਤਾਰ, ਪ੍ਰਮੇਸ਼ਰ ਹੀ ਹੈ, ਜੋ ਸਦਾ ਅਮਰ ਹੈ। ਜੈਸਾ ਕਿ :

੧. **ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥** [ਸਿਰੀਰਾਗੁ ਮਹਲਾ ੧, ਅੰਗ ੬੩]

੨. **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥**
**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥**
[ਵਾਰ ਆਸਾ ਮਹਲਾ ੧, ਅੰਗ ੪੭੪]

੩. **ਜੋ ਆਇਆ ਸੋ ਸਭੁ ਕੋ ਜਾਸੀ ॥ ਦੂਜੈ ਭਾਇ ਬਾਧਾ ਜਮ ਫਾਸੀ ॥**
[ਮਾਰੂ ਮਹਲਾ ੩, ਅੰਗ ੧੦੪੭]

੪. **ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥**
[ਸੂਹੀ ਮਹਲਾ ੫, ਅੰਗ ੭੪੦]

੫. **ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥** [ਆਸਾ ਫਰੀਦ ਜੀ, ਅੰਗ ੪੮੮]

੬. **ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥**
[ਗਉੜੀ ਮਹਲਾ ੧, ਅੰਗ ੨੨੭]

## ਸੰਗੁ ਚਲਤ ਹੈ; ਹਮ ਭੀ ਚਲਨਾ ॥

ਸਾਡੇ ਸੰਗੁ=ਸਾਥੀ ਚਲਤ=ਚਲੇ ਜਾ ਰਹੇ ਹਨ, ਅਥਵਾ :—ਚਲੇ ਗਏ ਹਨ, ਉਨ੍ਹਾਂ ਦੀ ਨਿਆਈਂ ਅਸੀਂ ਭੀ=ਵੀ ਚਲੇ ਜਾਣਾ ਹੈ। ਜੈਸਾ ਕਿ :

੧. **ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥**
**ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥** [ਸਲੋਕ ਫਰੀਦ ਜੀ, ਅੰਗ ੧੩੮੧]

੨. **ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥ ॥**
**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘਨਾਥ ॥** [ਸਲੋਕ ਮਹਲਾ ੯, ਅੰਗ ੧੪੨੯]

੩. **ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਵੇਸਾ ॥**
[ਮਾਰੂ ਮਹਲਾ ੫, ਅੰਗ ੧੦੨੦]

## ਦੂਰਿ ਗਵਨੁ; ਸਿਰ ਊਪਰਿ ਮਰਨਾ ॥੧॥

ਜਿਸ ਮੌਤ ਦਾ ਗਵਨ ਤੁਸੀਂ ਦੂਰ ਸਮਝ ਰਹੇ ਹੋ, ਉਹ ਮਰਨਾ ਸਿਰ 'ਤੇ ਖੜ੍ਹਾ ਹੈ, ਵਾ—ਜਿਸ ਵੇਲੇ ਮਰਨਾ ਸਿਰ 'ਤੇ ਆਇਆ ਤਾਂ ਦੂਰ ਗਵਨ ਕਰਨਾ ਪਵੇਗਾ, ਕਿਉਂਕਿ ਪ੍ਰਲੋਕ ਦਾ ਪੈਂਡਾ ਧਰਮ ਸ਼ਾਸ਼ਤ੍ਰ ਵਿੱਚ ਇੱਕ ਸਾਲ ਭਰ ਦਾ ਲਿਖਿਆ ਹੈ ਤੇ ਨਾਲ ਹੀ ਧਰਮ ਰਾਜ ਦੀ ਪੁਰੀ ਦੀਆਂ ਕੋਹਾਂ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ ॥੧॥ ਜੈਸਾ ਕਿ :

**ਸਹਸ ਛਿਆਸੀ ਜੋਜਨ ਭੂਰੀ ॥ ਮਿਰਤ ਲੋਕ ਤੇ ਯਮਪੁਰ ਦੂਰੀ ॥**
**ਆਠ ਹੈਂ ਠੌਰ ਮਗ ਮੈ ਭਾਰੀ ॥ ਘੋਰ ਕਸਟ ਪਾਵੈ ਨਰ ਨਾਰੀ ॥** [ਗਰੁੜ ਪੁਰਾਣ]

ਪਰ ਗੁਰਮਤਿ ਵਿੱਚ ਗਿਣਤੀ ਦੀਆਂ ਕੋਹਾਂ 'ਤੇ ਵਿਸ਼ਵਾਸ ਨਹੀਂ ਕੀਤਾ ਗਿਆ। ਉਪਰੋਕਤ ਵਿਚਾਰ ਵਿੱਚ ਜੋ ਛਿਆਸੀ ਹਜ਼ਾਰ ਜੋਜਨ ਦੀ ਗੱਲ ਆਈ ਹੈ। ਇੱਕ ਜੋਜਨ ਚਾਰ ਕੋਹ ਦਾ ਹੁੰਦਾ ਹੈ। ਇਸ ਲਿਹਾਜ਼ਨ ੩,੪੪,੦੦੦ ਕੋਹਾਂ ਬਣਦੀਆਂ ਹਨ, ਪਰ ਗੁਰਮਤਿ ਵਿੱਚ ਅਗੰਮੀ ਬਚਨ ਗੁਰਬਾਣੀ ਵਿੱਚ ਹੈ। ਜੈਸਾ ਕਿ :

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੬੪]

ਸਤਿਗੁਰੂ ਜੀ ਨੇ ਦੱਸਿਆ ਹੈ ਕਿ ਪ੍ਰਲੋਕ ਦਾ ਪੈਂਡਾ ਇਤਨੀ ਦੂਰ ਹੈ ਕਿ ਉਸਦੀਆਂ ਕੋਹਾਂ ਗਿਣੀਆਂ ਨਹੀਂ ਜਾਂਦੀਆਂ। ਇਸ ਲਈ ਕਿਹਾ ਹੈ ਕਿ ਹੇ ਜੀਵ! ਮਰਨਾ ਤੇਰੇ ਸਰੀਰ ਉੱਪਰ ਆ ਗਿਆ ਹੈ, ਜਾਣਾ ਤਾਂ ਉਸ ਮਾਰਗ 'ਤੇ ਹੈ, ਜਿਸ ਦੀਆਂ ਕੋਹਾਂ ਨਹੀਂ ਗਿਣੀਆਂ ਜਾਂਦੀਆਂ, ਪਰ ਤੇਰੇ ਕੋਲ ਹਰੀ ਦੇ ਨਾਮ ਦਾ ਤੋਸਾ ਚਾਹੀਦਾ ਹੈ, ਭਾਵ ਖ਼ਜ਼ਾਨਾ ਚਾਹੀਦਾ ਹੈ, ਜੋ ਤੇਰੀ ਪੈਰ-ਪੈਰ 'ਤੇ ਮਦਦ ਕਰੇ। ਜੈਸਾ ਕਿ :

**ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੬੪]

ਸੋ, ਇਸ ਪ੍ਰਕਾਰ ਸਾਰੇ ਸੰਸਾਰ ਦੇ ਲੋਕ ਚਲੇ ਜਾਣਗੇ। ਜੈਸਾ ਕਿ :

**ਗਵਨੁ ਕਰੈਗੋ ਸਗਲੋ ਲੋਗਾ ॥੪॥** [ਗਉੜੀ ਮਹਲਾ ੫, ਅੰਗ ੨੩੭]

**ਦੂਜਾ ਅਰਥ**—ਪ੍ਰਲੋਕ ਦਾ ਪੈਂਡਾ ਦੂਰ ਹੈ, ਜਿਥੇ ਗਵਨ ਕਰਨਾ ਹੈ, ਵਾ—ਊਪਰਿ=ਜਦੋਂ ਦੁਨੀਆ ਵਲੋਂ ਉਪਰਾਮ ਹੋ ਕੇ ਸਿਰ=ਸ਼ਿਰੋਮਣੀ ਪ੍ਰਮੇਸ਼ਰ ਵੱਲ ਗਵਨ ਕਰੇਂਗਾ, ਭਾਵ ਚੱਲੇਂਗਾ, ਤਾਂ ਮਰਨਾ ਦੂਰ ਹੋ ਜਾਵੇਗਾ ਨਹੀਂ ਤਾਂ ਚੌਰਾਸੀ ਵਿੱਚ ਗਵਨੁ=ਜਾਣਾ ਹੋਵੇਗਾ।

## *ਕਿਆ ਤੂ ਸੋਇਆ; ਜਾਗੁ ਇਆਨਾ ॥*

ਹੇ ਇਆਨਾ=ਅਗਿਆਤ ਜੀਵ! ਤੂੰ ਕੀ ਅਵਿਦਿਆ ਰੂਪ ਨੀਂਦ ਵਿੱਚ ਸੁੱਤਾ ਹੋਇਆ ਹੈਂ? ਵਾਹਿਗੁਰੂ ਦੇ ਭਜਨ ਸਿਮਰਨ ਦੁਆਰਾ ਗਿਆਨ ਰੂਪ ਜਾਗੁ=ਜਾਗ੍ਰਿਤ ਵਿੱਚ ਜਾਗਣਾ ਕਰ। ਜੈਸਾ ਕਿ :

੧. **ਜਾਗੁ ਰੇ ਮਨ ਜਾਗਨਹਾਰੇ ॥**
**ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥**
[ਆਸਾ ਮਹਲਾ ੫, ਅੰਗ ੩੮੭]

੨. **ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥** [ਆਸਾ ਮਹਲਾ ੧, ਅੰਗ ੪੧੮]

੩. **ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥** [ਤਿਲੰਗ ਮਹਲਾ ੯, ਅੰਗ ੭੨੬]

੪. **ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥** [ਬਿਲਾਵਲ ਮਹਲਾ ੧, ਅੰਗ ੮੪੪]

੫. **ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**
**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**
[ਰਾਮਕਲੀ ਮਹਲਾ ੩, ਅੰਗ ੯੨੦]

## *ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ਰਹਾਉ॥*

ਤੈ=ਤੂੰ ਝੂਠੇ ਜੀਵਨ ਨੂੰ ਜਗਿ=ਜਗਤ ਵਿੱਚ ਸੱਚ ਕਰਕੇ ਜਾਨਾ=ਜਾਣਿਆ ਹੈ ਇਹ ਤੇਰਾ ਅਗਿਆਨ ਹੈ, ਜਿਸ ਕਰਕੇ ਤੇਰੀ ਬੁੱਧ ਵਿੱਚ ਵਿਪਰਜੈ ਗਿਆਨ ਹੋ ਰਿਹਾ ਹੈ। ਝੂਠੇ ਜਗ ਨੂੰ ਸੱਚਾ ਸਮਝ ਕੇ ਇਸ ਵਿੱਚ ਤੇਰੀ ਰੁਚੀ ਹੋ ਰਹੀ ਹੈ ॥੧॥ਰਹਾਉ॥ ਜੈਸਾ ਕਿ :

੧. **ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥** [ਟੋਡੀ ਮਹਲਾ ੯, ਅੰਗ ੭੧੮]

**੨. ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥** [ਜੈਤਸਰੀ ਕੀ ਵਾਰ, ਮਹਲਾ ੫, ਅੰਗ ੭੦੭]

**੩. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥** [ਸਲੋਕ ਮਹਲਾ ੯, ਅੰਗ ੧੪੨੯]

ਸੋ, ਜਿਵੇਂ ਇਨਸਾਨ ਨੂੰ ਪ੍ਰਤੱਖ ਨੀਂਦ ਰਾਤਰੀ ਦੇ ਸਮੇਂ ਆਈ ਹੋਈ ਵਿੱਚ ਕਈ ਪ੍ਰਕਾਰ ਦੇ ਸੁਪਨੇ ਆਉਂਦੇ ਹਨ, ਉਸ ਸਮੇਂ ਉਹ ਸੁਪਨੇ ਨੂੰ ਸੱਤ ਮੰਨ ਕੇ ਸਾਰਾ ਵਿਵਹਾਰ ਕਰਦਾ ਹੈ। ਸੁਪਨੇ ਦੇ ਸੰਬੰਧੀਆਂ ਨਾਲ ਮਿਲਣਾ- ਵਿਛੜਣਾ, ਆਉਣਾ-ਜਾਣਾ, ਸੁਖੀ-ਦੁਖੀ, ਆਪਣੇ ਆਪ ਨੂੰ ਬਹੁਤ ਪ੍ਰਕਾਰ ਕਰਕੇ ਵੇਖਦਾ ਹੈ। ਕਈ ਵਾਰੀ ਸੁਪਨੇ ਵਿੱਚ ਭਿਖਾਰੀ ਰਾਜਾ ਬਣ ਜਾਂਦਾ ਹੈ ਤੇ ਰਾਜਾ ਸੁਪਨੇ ਵਿੱਚ ਭਿਖਾਰੀ ਬਣ ਜਾਂਦਾ ਹੈ। ਪਰ ਜਦੋਂ ਨੇਤਰ ਖੋਲ੍ਹਦਾ ਤੇ ਜਾਗ੍ਰਿਤ ਅਵਸਥਾ ਵਿੱਚ ਆਉਂਦਾ ਤਾਂ ਝੂਠੇ ਸੁਪਨੇ ਦੀਆਂ ਗੱਲਾਂ ਕਰਕੇ ਹੱਸਦਾ ਹੈ। ਨੀਂਦ, ਨੀਂਦ ਹੈ ਸਿਰਫ਼ ਫ਼ਰਕ ਇਸ ਦੀ ਕਿਸਮ ਵਿੱਚ ਹੈ। ਇੱਕ ਤਰ੍ਹਾਂ ਜੀਵ ਜਾਗਦਾ ਹੋਇਆ ਭੀ ਸੁੱਤਾ ਪਿਆ ਹੈ। ਪ੍ਰਤੱਖ ਨੀਂਦ ਤਾਂ ਭਾਵੇਂ ਨਹੀਂ, ਪਰ ਅਵਿਦਿਆ ਰੂਪ ਨੀਂਦ ਦੇ ਕਾਰਣ ਸੰਸਾਰ ਸੁਪਨਾ ਆਇਆ ਹੋਇਆ ਹੈ। ਜਦੋਂ ਕੋਈ ਗਿਆਨ ਅਵਸਥਾ ਵਿੱਚ ਜਾਗਦਾ ਹੈ, ਉਦੋਂ ਸੰਸਾਰ ਸੁਪਨੇ ਦੀ ਸੋਝੀ ਪੈਂਦੀ ਹੈ ਕਿ ਇਹ ਸਭ ਕੁਝ ਸੁਪਨੇ ਦੀ ਤਰ੍ਹਾਂ ਹੀ ਮਿਥਿਆ ਹੈ। ਜੈਸਾ ਕਿ :

**੧. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ॥੫੦॥** [ਸਲੋਕ ਮਹਲਾ ੯, ਅੰਗ ੧੪੨੯]

**੨. ਇਹੁ ਸੁਪਨਾ ਸੋਵਤ ਨਹੀ ਜਾਨੈ॥ ਅਚੇਤ ਬਿਵਸਥਾ ਮਹਿ ਲਪਟਾਨੈ॥੧॥ਰਹਾਉ॥**
[ਸੂਹੀ ਮਹਲਾ ੫, ਅੰਗ ੭੪੦]

ਸੋ, ਜਿਵੇਂ ਸੁਪਨੇ ਵਿੱਚ ਜਾਗ੍ਰਿਤ ਪਦਾਰਥਾਂ ਦਾ ਅਭਾਵ ਹੈ, ਜਾਗ੍ਰਿਤ ਅਵਸਥਾ ਵਿੱਚ ਸੁਪਨ ਪਦਾਰਥਾਂ ਦਾ ਅਭਾਵ ਹੈ। ਇਸੇ ਤਰ੍ਹਾਂ ਗਿਆਨ ਅਵਸਥਾ ਵਿੱਚ ਇਨ੍ਹਾਂ ਦੋਵਾਂ ਦਾ ਅਭਾਵ ਹੈ। ਅਭਾਵ ਤੋਂ ਭਾਵ ਨਾ ਪ੍ਰਤੀਤ ਹੋਣਾ। ਸੋ, ਐਸੀ ਅਵਸਥਾ ਵਿੱਚ ਵਿਚਰਨ ਵਾਲੇ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ।

ਸੋ, ਇਥੇ ਭਗਤ ਰਵਿਦਾਸ ਜੀ ਬ੍ਰਹਮ ਗਿਆਨ ਦੁਆਰਾ ਸੰਸਾਰ ਦੇ ਅਗਿਆਨ ਨੂੰ ਦੂਰ ਕਰ ਰਹੇ ਹਨ ਕਿ ਤੂੰ ਅਗਿਆਨ ਦੇ ਵਸ ਸੁਪਨੇ ਵਰਗੇ ਜੀਵਨ ਨੂੰ ਸੱਚ ਕਰਕੇ ਜਾਣਿਆ ਹੈ।

## *ਜਿਨਿ ਜੀਉ ਦੀਆ; ਸੁ ਰਿਜਕੁ ਅੰਬਰਾਵੈ॥*

ਜਿਸ ਪ੍ਰਮਾਤਮਾ ਨੇ ਜੀਉ=ਜੀਵਨ ਦਿੱਤਾ ਹੈ, ਵਾ—ਜਿਸ ਨੇ ਦੇਹ ਵਿੱਚ ਜੀਵ ਨੂੰ ਇਸਥਿਤ ਕਰ ਦਿੱਤਾ ਹੈ ਉਹੀ ਸਾਰਿਆਂ ਨੂੰ ਰਿਜਕੁ=ਰੋਜੀ, ਭਾਵ ਖਾਣ-ਪੀਣ ਦੇ ਪਦਾਰਥ ਅੰਬਰਾਵੈ=ਪਹੁੰਚਾਉਂਦਾ ਹੈ। ਰਿਜਕ ਦੇਣ ਦੀ ਵਾਹਿਗੁਰੂ ਪ੍ਰਮੇਸ਼ਰ ਦੀ ਐਸੀ ਸ਼ਕਤੀ ਹੈ ਕਿ ਉਸ ਥਾਂ ਵੀ ਰਿਜਕ ਦਿੰਦਾ ਹੈ, ਜਿਥੇ ਪਹੁੰਚਣਾ ਬੜਾ ਕਠਿਨ ਹੈ। ਜਿਵੇਂ ਕਿ ਪੱਥਰਾਂ ਦੀ ਖ਼ੁਸ਼ਕ ਸਿਲ੍ਹਾ ਵਿੱਚ ਜੀਵ ਪੈਦਾ ਕਰਕੇ ਉਨ੍ਹਾਂ ਦੀ ਰੋਜੀ ਦਾ ਪ੍ਰਬੰਧ ਇਸ ਪ੍ਰਕਾਰ ਕੀਤਾ ਹੈ, ਜਿਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**੧. ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰ ਧਰਿਆ॥**
[ਗੂਜਰੀ ਮਹਲਾ ੫, ਅੰਗ ੧੦]

**੨. ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾਚੋ ਮਾਰਗੁ ਨਾਹੀ॥**
**ਕਹਿ ਧੰਨਾ ਪੂਰਨ ਤਾਹੂ ਕਉ ਮਤ ਰੇ ਜੀਅ ਡਰਾਂਹੀ॥** [ਆਸਾ ਧੰਨਾ ਜੀ, ਅੰਗ ੪੮੮]

**੩. ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥**
**ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ॥੬॥**
[ਮਾਰੂ ਸੋਲਹੇ ਮਹਲਾ ੪, ਅੰਗ ੧੦੭੦]

੪. **ਰਿਜਕੁ ਸੰਮਾਹੇ ਜਲਿ ਥਲਿ ਮੀਤ॥ ਸੋ ਹਰਿ ਸੇਵਹੁ ਨੀਤਾ ਨੀਤ॥੨॥**
[ਪ੍ਰਭਾਤੀ ਮਹਲਾ ੫, ਅੰਗ ੧੩੩੭]

੫. **ਰਿਜਕੁ ਸੰਮਾਹੇ ਸਭਸੈ ਕਿਆ ਮਾਨਸੁ ਡੋਲੈ॥** [ਡਖਣੇ ਮਹਲਾ ੫, ਅੰਗ ੧੧੦੨]

ਸੋ, ਸੰਸਾਰ ਦੇ ਜੀਵ ਬਾਅਦ ਵਿੱਚ ਪੈਦਾ ਕੀਤੇ ਹਨ, ਪਹਿਲਾਂ ਰਿਜਕ ਪੈਦਾ ਕੀਤਾ ਹੈ। ਜੈਸਾ ਕਿ:

**ਪਹਿਲੋਦੇ ਤੈਂ ਰਿਜਕੁ ਸਮਾਹਾ॥ ਪਿਛੋਦੇ ਤੈਂ ਜੰਤੁ ਉਪਾਹਾ॥**
**ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ॥** [ਮਾਝ ਮਹਲਾ ੫, ਅੰਗ ੧੩੦]

## *ਸਭ ਘਟ ਭੀਤਰਿ; ਹਾਟੁ ਚਲਾਵੈ॥*

ਸਾਖੀ ਰੂਪ ਹੋ ਕੇ ਘਟ=ਸਰੀਰਾਂ ਦੇ ਵਿੱਚ ਸਾਰੀਆਂ ਹਾਟੁ=ਇੰਦ੍ਰੀਆਂ ਨੂੰ ਚਲਾ ਰਿਹਾ ਹੈ, ਵਾ—ਹਿਰਦੇ ਰੂਪੀ ਹੱਟ ਨੂੰ ਚਲਾ ਰਿਹਾ ਹੈ।

## *ਕਰਿ ਬੰਦਿਗੀ; ਛਾਡਿ ਮੈ ਮੇਰਾ॥*

ਹੇ ਪ੍ਰਾਣੀ! ਤੂੰ ਮੈ ਮੇਰਾ=ਮੈਂ ਮੇਰੀ ਭਾਵ ਹੰਗਤਾ-ਮਮਤਾ ਨੂੰ ਛੱਡ ਕੇ ਵਾਹਿਗੁਰੂ ਦੀ ਬੰਦਗੀ ਕਰ। ਜੈਸਾ ਕਿ:

੧. **ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥** [ਸਿਰੀਰਾਗੁ ਮਹਲਾ ੫, ਅੰਗ ੫੦]

੨. **ਬੰਦਉ ਹੋਇ ਬੰਦਗੀ ਗਹੈ॥ ਬੰਦਕ ਹੋਇ ਬੰਧ ਸੁਧਿ ਲਹੈ॥** [ਗਉੜੀ ਕਬੀਰ ਜੀ, ਅੰਗ ੩੪੨]

੩. **ਕਰਿ ਬੰਦੇ ਤੂ ਬੰਦਗੀ ਜਿਚਰੁ ਘਟਿ ਮਹਿ ਸਾਹੁ॥੩॥** [ਤਿਲੰਗ ਮਹਲਾ ੫, ਅੰਗ ੭੨੪]

੪. **ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ॥**
[ਆਸਾ ਫਰੀਦ ਜੀ, ਅੰਗ ੪੮੮]

## *ਹਿਰਦੈ ਨਾਮੁ; ਸਮ੍ਹਾਰਿ ਸਵੇਰਾ॥੨॥*

ਆਪਣੇ ਹਿਰਦੇ ਵਿੱਚ ਨਾਮ ਨੂੰ ਸਮ੍ਹਾਰਿ=ਯਾਦ ਕਰ ਸਵੇਰਾ=ਅੰਮ੍ਰਿਤ ਵੇਲੇ ਉਠ ਕੇ ਆਪਣੇ ਮਨ ਵਿੱਚ ਨਾਮ ਨੂੰ ਯਾਦ ਕਰ ਵਾ ਸਵੇਰਾ=ਸੀਘਰ ਭਾਵ ਜਲਦੀ, ਵਾ (ਸ+ਵੇਰਾ) ਸ=ਸ੍ਰੇਸ਼ਟ ਮਨੁੱਖਾ ਜਨਮ ਦਾ ਵੇਰਾ=ਵੇਲਾ ਪ੍ਰਾਪਤ ਹੋਇਆ ਹੈ, ਉਸ ਵਿੱਚ ਪ੍ਰਮਾਤਮਾ ਦੇ ਨਾਮ ਨੂੰ ਯਾਦ ਕਰ॥੨॥ ਜੈਸਾ ਕਿ:

**ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥** [ਸੋਰਠਿ ਕਬੀਰ ਜੀ, ਅੰਗ ੬੫੬]

## *ਜਨਮੁ ਸਿਰਾਨੋ; ਪੰਥੁ ਨ ਸਵਾਰਾ॥*

ਤੇਰਾ ਮਨੁੱਖਾ ਜਨਮ ਨਿਸਫਲ ਹੀ ਸਿਰਾਨੋ=ਬਤੀਤ ਹੋ ਰਿਹਾ ਹੈ, ਪਰ ਤੂੰ ਅਗਲਾ ਪ੍ਰਲੋਕ ਦਾ ਪੰਥੁ=ਰਸਤਾ ਨਹੀਂ ਸਵਾਰਿਆ। ਪ੍ਰਲੋਕ ਦਾ ਰਸਤਾ ਜਪ, ਤਪ, ਪੂਜਾ, ਪਾਠ, ਪਰਉਪਕਾਰ, ਸਤਿਸੰਗ, ਬੰਦਗੀ ਕਰਕੇ ਸਵਾਰਨਾ ਸੀ, ਸੋ ਤੂੰ ਨਹੀਂ ਕੀਤਾ। ਜੈਸਾ ਕਿ:

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥** [ਸੂਹੀ ਸੇਖ ਫਰੀਦ ਜੀ, ਅੰਗ ੭੯੪]

## *ਸਾਂਝ ਪਰੀ; ਦਹ ਦਿਸ ਅੰਧਿਆਰਾ॥*

ਜਿਵੇਂ ਇਹ ਨਿਯਮ ਹੈ ਕਿ ਜਿਸ ਵੇਲੇ ਸਾਂਝ=ਸ਼ਾਮ ਪੈਂਦੀ ਹੈ ਤਾਂ ਦਹ ਦਿਸਿ=ਦਸਾਂ ਦਸ਼ਾਵਾਂ ਵਿੱਚ

ਅੰਧਿਆਰਾ=ਅੰਧਕਾਰ ਹੀ ਛਾ ਜਾਂਦਾ ਹੈ, ਇਸੇ ਪ੍ਰਕਾਰ ਜਦੋਂ ਬਿਰਧ ਅਵਸਥਾ ਰੂਪੀ ਸੰਧਿਆ ਪੈ ਗਈ ਤਾਂ ਦਹ ਦਿਸਿ=ਦਸਾਂ ਇੰਦ੍ਰਿਆਂ ਵਿੱਚ ਜੜ੍ਹਤਾ ਰੂਪ ਹਨ੍ਹੇਰਾ ਫੈਲ ਜਾਵੇਗਾ। ਉਸ ਵੇਲੇ ਤੇਰੇ ਪਾਸੋਂ ਕੁਝ ਭੀ ਨਹੀਂ ਹੋਵੇਗਾ, **ਵਾ**: ਮੌਤ ਰੂਪੀ ਸਾਂਝ=ਸੰਧਿਆ, ਰਾਤ ਪੈਣ ਤੋਂ ਦਸਾਂ ਇੰਦ੍ਰਿਆਂ ਦੀ ਤਰਫ਼ੋ ਅੰਧੇਰਾ ਪੈ ਜਾਵੇਗਾ ਭਾਵ ਕੋਈ ਵੀ ਇੰਦ੍ਰਾ ਕੰਮ ਨਹੀਂ ਕਰੇਗਾ।

## *ਕਹਿ ਰਵਿਦਾਸ; ਨਿਦਾਨਿ ਦਿਵਾਨੇ ॥*

ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਨਿਦਾਨਿ=ਮੂਰਖ, ਬੇਸਮਝ ਦਿਵਾਨੇ=ਝੱਲੇ ਜੀਵ! ਵਾ ਨਿਦਾਨਿ=ਅੰਤ ਦੇ ਸਮੇਂ ਵੱਲੋਂ ਅਨਜਾਣ, ਬੇਸਮਝ ਪੁਰਖਾ

## *ਚੇਤਸਿ ਨਾਹੀ; ਦੁਨੀਆ ਫਨ ਖਾਨੇ ॥੩॥੨॥*

ਤੂੰ ਅਕਾਲ ਪੁਰਖ ਵਾਹਿਗੁਰੂ ਨੂੰ ਚੇਤਸਿ=ਚੇਤੇ ਨਹੀਂ ਕਰਦਾ, ਜਿਸ ਦੁਨੀਆ ਵਿੱਚ ਲੱਗ ਰਿਹਾ ਹੈਂ, ਇਹ ਫ਼ਨਾਹ ਦਾ ਘਰ ਹੈ, **ਵਾ**: ਫ਼ਨਾਹ ਦਾ ਖ਼ਾਨਾ, ਜੋ ਇਹ ਦੁਨੀਆ ਹੈ, ਇਸ ਵਿੱਚ ਤੂੰ ਪ੍ਰਮਾਤਮਾ ਨੂੰ ਯਾਦ ਨਹੀਂ ਕਰਦਾ॥੩॥੨॥ ਜੈਸਾ ਕਿ:

**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥** [ਤਿਲੰਗ ਮਹਲਾ ੧, ਅੰਗ ੭੨੧]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੨ [ਆਦਿ ਅੰਗ ੭੯੫]

***ਬਿਲਾਵਲੁ ਮਹਲਾ ੧ ॥ ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥੧॥ ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥੧॥ਰਹਾਉ॥ ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥ ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥ ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥ ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥***

## ਬਿਲਾਵਲੁ ਮਹਲਾ ੧ ॥

ਬਿਲਾਵਲ ਰਾਗ ਵਿੱਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਬਚਨ, ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ।

## ਆਪੇ ਸਬਦੁ; ਆਪੇ ਨੀਸਾਨੁ ॥

ਹੇ ਪ੍ਰਮੇਸ਼ਰ ਵਾਹਿਗੁਰੂ ! ਤੂੰ ਆਪੇ=ਆਪ ਹੀ ਸਬਦੁ=ਬ੍ਰਹਮ ਰੂਪ ਹੈਂ ਤੇ ਆਪ ਹੀ ਸਰਗੁਣ ਸਰੂਪ ਹੋ ਕੇ ਸਾਰੇ ਨੀਸਾਨੁ=ਪ੍ਰਗਟ ਰੂਪ ਹੈਂ। ਵਾ—ਆਪ ਹੀ ਸਬਦੁ=ਬ੍ਰਹਮ ਰੂਪ ਹੈਂ ਤੇ ਆਪੇ ਹੀ ਨੀਸਾਨੁ=ਲਖ ਰੂਪ ਹੈਂ, ਵਾ—ਆਪ ਹੀ ਸਬਦੁ=ਨਾਮ ਰੂਪ ਹੈਂ ਅਤੇ ਆਪ ਹੀ ਨੀਸਾਨੁ=ਨਾਮੀ ਰੂਪ ਹੈਂ, ਵਾ—ਸਬਦੁ=ਬੇਦ ਰੂਪ ਵੀ ਆਪ ਹੀ ਹੈਂ ਅਤੇ ਨੀਸਾਨੁ=ਚਿੰਨ੍ਹ, ਬੇਦ ਦੇ ਖਟ ਅੰਗ ਭੀ ਆਪ ਹੀ ਹੈ, ਵਾ—ਸਬਦੁ=ਉਪਦੇਸ ਰੂਪ ਭੀ ਆਪ ਹੀ ਹੈਂ ਅਤੇ ਸਿੱਖ ਦਾ ਹਿਰਦਾ ਨੀਸਾਣ ਰੂਪ ਭੀ ਆਪ ਹੀ ਹੈ, ਵਾ—ਆਪ ਹੀ ਸਬਦੁ=ਹੁਕਮ ਰੂਪ ਤੇ ਆਪ ਹੀ ਨੀਸਾਨੁ=ਟੋਂਬੂ ਰੂਪ ਹੈਂ।

## ਆਪੇ ਸੁਰਤਾ; ਆਪੇ ਜਾਨੁ ॥

ਹੇ ਪ੍ਰਮੇਸ਼ਰ ! ਤੂੰ ਆਪ ਹੀ ਸੁਰਤਾ=ਬੇਦ ਪਾਠੀ ਹੈਂ, ਵਾ ਸੁਰਤਾ=ਗਿਆਨ ਗੇ ਰੂਪ ਹੈਂ, **ਵਾ**: ਸੁਰਤਾ=ਸ੍ਰੇਸ਼ਟ ਪ੍ਰੀਤੀ ਦੇ ਕਰਨ ਵਾਲਾ ਹੈਂ ਤੇ ਆਪ ਹੀ ਸਭ ਗੱਲਾਂ ਦੇ ਜਾਨੁ=ਜਾਨਣ ਵਾਲਾ ਹੋ ਰਿਹਾ ਹੈਂ, ਭਾਵ ਕਿ ਅੰਤਰਜਾਮੀ ਹੈਂ। ਜੈਸਾ ਕਿ :

੧. **ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥** [ਆਸਾ ਮਹਲਾ ੫, ਅੰਗ ੩੮੧]

੨. **ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥** [ਰਾਮਕਲੀ ਮਹਲਾ ੧, ਅੰਗ ੯੪੦]

੩. **ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥** [ਪ੍ਰਭਾਤੀ ਮਹਲਾ ੧, ਅੰਗ ੧੩੪੫]

## ਆਪੇ ਕਰਿ ਕਰਿ; ਵੇਖੈ ਤਾਣੁ ॥

ਤੂੰ ਆਪ ਹੀ ਆਪਣੇ ਤਾਣੁ=ਬਲ ਕਰ ਕੇ ਜੀਵਾਂ ਦੀ ਕਰਿ=ਉਤਪਤੀ ਕਰਦਾ ਹੈਂ ਤੇ ਆਪ ਹੀ ਵੇਖੈ=ਵੇਖਦਾ ਭਾਵ ਪਾਲਣਾ ਕਰਦਾ ਹੈਂ, ਆਪ ਹੀ ਜੀਵਾਂ ਦੇ ਕਰਤਬਾਂ ਨੂੰ ਵੇਖਦਾ ਹੈਂ। ਜੈਸਾ ਕਿ :

੧. **ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ॥** [ਮਾਰੂ ਕੀ ਵਾਰ, ਮਹਲਾ ੩, ਅੰਗ ੧੦੯੪]

੨. **ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥**
**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥** [ਜਪੁਜੀ ਸਾਹਿਬ, ਅੰਗ ੬]

੩. **ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥** [ਜਪੁਜੀ ਸਾਹਿਬ, ਅੰਗ ੭]

੪. **ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ॥੪॥** [ਮਾਰੂ ਮਹਲਾ ੩, ਅੰਗ ੧੦੫੫]

੫. **ਆਪੇ ਕਰਤਾ ਕਰਿ ਕਰਿ ਵੇਖੈ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ॥**
[ਮਾਰੂ ਮਹਲਾ ੩, ਅੰਗ ੧੦੪੭]

੬. **ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ॥** [ਮਾਰੂ ਮਹਲਾ ੧, ਅੰਗ ੧੦੩੨]

## *ਤੂ ਦਾਤਾ; ਨਾਮੁ ਪਰਵਾਣੁ॥੧॥*

ਤੂੰ ਆਪ ਹੀ ਸਾਰੇ ਜੀਵਾਂ ਦਾ ਦਾਤਾ ਹੈਂ ਤੇ ਆਪ ਜੀ ਦਾ ਨਾਮ ਹੀ ਜੀਵਾਂ ਨੂੰ ਪਰਵਾਣੁ=ਪ੍ਰਵਾਣਨੀਕ ਕਰਨ ਵਾਲਾ ਹੈ, ਅਥਵਾ :—ਜਿਨ੍ਹਾਂ ਨੇ ਨਾਮ ਜਪਿਆ ਹੈ, ਉਹ ਸੰਸਾਰ ਦੇ ਵਿੱਚ ਪ੍ਰਮਾਣਨੀਕ ਹੋ ਗਏ ਹਨ। ਸੰਸਾਰ ਨੇ ਉਨ੍ਹਾਂ ਨੂੰ ਸੰਤ, ਭਗਤ, ਗੁਰਮੁਖ, ਰੱਬ ਦੇ ਪਿਆਰੇ ਰੂਪ ਕਰਕੇ ਪ੍ਰਮਾਣਨੀਕ ਕੀਤਾ ਹੈ ਅਤੇ ਸੰਸਾਰ ਦੇ ਚੱਕਰਵਰਤੀ ਵੱਡੇ-ਵੱਡੇ ਰਾਜਿਆਂ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਕਰਕੇ ਹੀ ਪ੍ਰਮਾਣਨੀਕ ਕੀਤਾ ਹੈ, ਕਿਉਂਕਿ ਇਹ ਸਭ ਨਾਮ ਦੀਆਂ ਬਰਕਤਾਂ ਹਨ ਅਤੇ ਦਾਤਾਂ ਦੇ ਦੇਣ ਵਾਲਾ ਸਾਰੇ ਜੀਵਾਂ ਦਾ ਇੱਕ ਪ੍ਰਮੇਸ਼ਰ ਹੀ ਦਾਤਾ ਹੈ। ਜੈਸਾ ਕਿ :

੧. **ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥** [ਸਿਰੀਰਾਗੁ ਮਹਲਾ ੩, ਅੰਗ ੬੮]

੨. **ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥** [ਸੋਰਠਿ ਕੀ ਵਾਰ ਮਹਲਾ ੪, ਅੰਗ ੬੫੨]

ਹੇ ਪ੍ਰਮੇਸ਼ਰ ! ਤੂੰ ਸਾਰਿਆਂ ਜੀਵਾਂ ਦਾ ਦਾਤਾ ਹੈਂ, ਕਿਰਪਾ ਕਰਕੇ ਮੇਰੇ ਮਨ ਵਿੱਚ ਵਸ। ਇਸ ਤਰ੍ਹਾਂ ਦੀ ਭਾਵਨਾ ਸਤਿਗੁਰੂ ਜੀ ਪ੍ਰਗਟ ਕਰਦੇ ਕਹਿੰਦੇ ਹਨ। ਜੈਸਾ ਕਿ :

੧. **ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ॥** [ਗੂਜਰੀ ਮਹਲਾ ੫, ਅੰਗ ੪੯੯]

੨. **ਤੂ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ ਦਾਤਿ ਸਮਾਰਿ ਕਰੇ॥੨॥**
[ਮਾਰੂ ਮਹਲਾ ੧, ਅੰਗ ੧੦੧੩]

੩. **ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ॥** [ਵਾਰ ਸਾਰੰਗ ਮਹਲਾ ੪, ਅੰਗ ੧੨੪੪]

ਉਹ ਐਸਾ ਪ੍ਰਮੇਸ਼ਰ ਵਾਹਿਗੁਰੂ ਹੈ, ਜਿਸਦੇ ਭੰਡਾਰਿਆਂ ਵਿੱਚ ਕਦੇ ਤੋਟ ਨਹੀਂ ਆਉਂਦੀ। ਸੂਖਮ ਜੰਤਾਂ ਤੋਂ ਲੈ ਕੇ ਅਸਥੂਲ ਦੇਹਾਂ ਵਾਲੇ ਜੀਵ ਸਭ ਨੂੰ ਹੀ ਰੋਜੀ ਦੇ ਰਿਹਾ ਹੈ। ਜੈਸਾ ਕਿ :

**ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥**
**ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥** [ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭]

## *ਐਸਾ ਨਾਮੁ; ਨਿਰੰਜਨ ਦੇਉ॥*

ਹੇ ਪ੍ਰਮੇਸ਼ਰ ! ਆਪ ਜੀ ਦਾ ਨਾਮ ਐਸਾ=ਇਹੋ ਜਿਹਾ ਹੈ ਕਿ ਜੋ ਜਪਣ ਵਾਲਿਆਂ ਦੇ ਹਿਰਦੇ ਵਿੱਚ ਦੇਉ=ਪ੍ਰਕਾਸ਼ ਕਰਨ ਵਾਲਾ ਹੈ, ਤੇਰੇ ਅਨੰਤ ਨਾਮਾਂ ਵਿੱਚ ਇੱਕ ਤੇਰਾ ਨਾਮ ਨਿਰੰਜਨ ਪਿਆ ਹੋਇਆ ਹੈ **ਵਾ** (ਨਿਰ+ਅੰਜਨ) ਅੰਜਨ ਨਾਮ ਸੁਰਮੇ ਦਾ ਹੈ ਤੇ ਸੁਰਮੇ ਤੋਂ ਕਾਲਖ ਦਾ ਭਾਵ ਲੈ ਕੇ ਜਿਸ ਵਿੱਚ ਮਾਇਆ ਰੂਪ ਕਾਲਖ ਨਹੀਂ, ਕਿਉਂਕਿ

ਮਾਇਆ ਦਾ ਰੂਪ ਕਾਲਾ ਮੰਨਿਆ ਹੈ, ਜੋ ਹਿਰਦੇ ਨੂੰ ਕਾਲਾ ਕਰ ਦਿੰਦੀ ਹੈ। ਨਿਰ=ਰਹਿਤ, ਕਾਲਖ ਰਹਿਤ ਹੋਵੇ, ਸੋ ਕਹੀਏ ਨਿਰੰਜਨ। ਜੈਸਾ ਕਿ :

੧. **ਨਾਮ ਨਿਰੰਜਨ ਮਨ ਮਹਿ ਲਏ॥** [ਭੈਰਉ ਮਹਲਾ ੫, ਅੰਗ ੧੧੪੯]

੨. **ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥** [ਵਡਹੰਸ ਮਹਲਾ ੩, ਅੰਗ ੫੮੫]

੩. **ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥** [ਮਾਝ ਮਹਲਾ ੩, ਅੰਗ ੧੧੨]

੪. **ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥** [ਸਾਰਗੁ ਦੀ ਵਾਰ ਮਹਲਾ ੨, ਅੰਗ ੧੨੩੯]

੫. **ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥**
**ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥**
**ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥**
**ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥**
**ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ॥੧੩॥**
[ਸਾਰਗੁ ਕੀ ਵਾਰ ਮਹਲਾ ੧, ਅੰਗ ੧੨੪੨]

## *ਹਉ ਜਾਚਿਕੁ; ਤੂ ਅਲਖ ਅਭੇਉ ॥੧॥ਰਹਾਉ॥*

ਹੇ ਸ਼ੁਧ ਸਰੂਪ ਵਾਹਿਗੁਰੂ! ਤੂੰ ਅਲਖ=ਲਖਣ ਤੋਂ ਰਹਿਤ ਹੈਂ, ਜਿਸ ਨੂੰ ਮਨ, ਬੁੱਧ ਜਾਣ ਨਹੀਂ ਸਕਦੇ ਅਭੇਉ=ਭੇਦਾਂ ਤੋਂ ਰਹਿਤ ਹੈਂ, ਭਾਵ ਤੇਰੇ ਵਿੱਚ ਕੋਈ ਭਰਮ ਭੇਦ ਨਹੀਂ ਹੈ। ਹੇ ਵਾਹਿਗੁਰੂ! ਮੈਂ ਤੇਰੇ ਦਰ ਦਾ ਜਾਚਿਕੁ=ਮੰਗਤਾ ਹਾਂ॥੧॥ਰਹਾਉ॥ ਜੈਸਾ ਕਿ :

੧. **ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥**
**ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥** [ਵਾਰ ਗਉੜੀ ਮਹਲਾ ੫, ਅੰਗ ੩੨੦]

੨. **ਹਮ ਜਾਚਿਕ ਦੀਨ ਪ੍ਰਭ ਤੇਰਿਆ ਮੁਖਿ ਦੀਜੈ ਅੰਮ੍ਰਿਤ ਬਾਣੀ॥** [ਮਾਰੂ ਮਹਲਾ ੪, ਅੰਗ ੯੯੭]

੩. **ਜਾਚਿਕੁ ਮੰਗੈ ਨਿਤ ਨਾਮ ਸਾਹਿਬੁ ਕਰੇ ਕਬੂਲੁ॥** [ਵਾਰ ਗਉੜੀ ਮਹਲਾ ੫, ਅੰਗ ੩੨੩]

੪. **ਜਾਚਕ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੮੯]

## *ਮਾਇਆ ਮੋਹੁ; ਧਰਕਟੀ ਨਾਰਿ॥*

ਸਭ ਦੇ ਮਨ ਨੂੰ ਮੋਹਿਤ ਕਰਨ ਵਾਲੀ ਮਾਇਆ ਰੂਪ ਨਾਰਿ=ਇਸਤਰੀ ਧਰਕਟੀ=ਛੁੱਟੜ ਹੈ। ਜਿਸ ਦੀ ਪਤੀ ਰੂਪ ਧਿਰ ਕੱਟੀ ਗਈ ਹੈ, ਮਾਇਆ ਨੂੰ ਐਸੀ ਵਿਭਚਾਰਨ ਇਸ ਲਈ ਕਿਹਾ ਹੈ, ਕਿਉਂਕਿ ਕਦੇ ਕਿਸੇ ਪਾਸ ਤੇ ਕਦੇ ਕਿਸੇ ਪਾਸ ਚਲੀ ਜਾਂਦੀ ਹੈ, ਇਸਦਾ ਇੱਕ ਖਸਮ ਨਹੀਂ ਹੈ। ਜੈਸਾ ਕਿ :

**ਖਸਮੁ ਮਰੈ ਤਉ ਨਾਰਿ ਨ ਰੋਵੈ॥ ਉਸੁ ਰਖਵਾਰਾ ਅਉਰੋ ਹੋਵੈ॥** [ਗੋਂਡ ਕਬੀਰ ਜੀ, ਅੰਗ ੮੭੧]

ਜਦੋਂ ਇੱਕ ਮਾਲਕ ਮਰ ਜਾਂਦਾ ਹੈ ਤਾਂ ਉਹ ਮਾਇਆ ਰੂਪ ਇਸਤਰੀ ਰੋਂਦੀ ਨਹੀਂ ਹੈ, ਕਿਉਂਕਿ ਉਸਦਾ ਰਾਖਾ ਕੋਈ ਹੋਰ ਹੋ ਜਾਂਦਾ ਹੈ। ਇਸ ਲਈ ਇਸ ਨੂੰ ਵਿਭਚਾਰਨੀ ਕਿਹਾ ਹੈ। ਇਹ ਖੋਟੇ ਮਨ ਵਾਲੀ ਘਰ-ਘਰ ਵਿੱਚ ਫਿਰ ਰਹੀ ਹੈ, ਜਿਵੇਂ ਧਰਕਟੀ ਨਾਰ। ਜੈਸਾ ਕਿ :

**ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥** [ਵਾਰ ਸੋਰਠਿ ਮਹਲਾ ੩, ਅੰਗ ੬੫੧]

ਧਰਕਟ=ਵਿਭਚਾਰਨ, ਬੁਰੇ ਆਚਰਣ ਵਾਲੀ ਇਸਤਰੀ।

## *ਭੂੰਡੀ ਕਾਮਣਿ; ਕਾਮਣਿਆਰਿ ॥*

ਸੋ ਭੂੰਡੀ=ਭੈੜੀ ਭਾਵ ਖੋਟੀ ਮਾਇਆ ਰੂਪ ਕਾਮਣਿ=ਇਸਤਰੀ ਕਾਮਣਿਆਰਿ=ਟੂਣੇ ਕਰਨ ਵਾਲੀ ਹੈ, ਭਾਵ ਉਹ ਛਲ ਰੂਪ ਸਾਰਿਆਂ ਨੂੰ ਆਪਣੇ ਵਸ ਕਰ ਲੈਂਦੀ ਹੈ।

## *ਰਾਜੁ ਰੂਪੁ ਝੂਠਾ ਦਿਨ ਚਾਰਿ ॥*

ਰਾਜਿਆਂ ਦਾ ਜੋ ਰਾਜ ਹੈ ਇਹ ਚਾਰ ਕੁ ਦਿਨ ਰਹਿਣ ਕਰਕੇ ਇਸਦੇ ਸੁਖ ਰੂਪੁ=ਸੁੰਦਰ ਰੂਪ ਦਾ ਜੋ ਅਨੰਦ ਆ ਰਿਹਾ ਹੈ ਇਹ ਝੂਠਾ=ਨਾਸ਼ਵਾਨ ਹੈ, ਜੋ ਇਸ ਵਿੱਚ ਲੱਗ ਜਾਏ, ਉਸਦਾ ਮਨੁੱਖਾ ਸਰੀਰ ਦਾ ਸਮਾਂ ਜੋ ਕੀਮਤੀ ਹੈ, ਇਹ ਵੀ ਝੂਠੇ ਰੂਪ ਵਿੱਚ ਬਦਲ ਕੇ ਝੂਠਾ ਹੋ ਜਾਂਦਾ ਹੈ। ਇਸਨੂੰ ਗੁਰੂ ਅਰਜਨ ਸਾਹਿਬ ਜੀ ਛਲ ਰੂਪ ਕਰਕੇ ਵਰਣਨ ਕਰਦੇ ਹਨ। ਜੈਸਾ ਕਿ :

੧. **ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥**
[ਵਾਰ ਜੈਤਸਰੀ ਮਹਲਾ ੫, ਅੰਗ ੭੦੮]

੨. **ਰਾਜ ਰੰਗ ਰੂਪ ਸਭਿ ਕੂਰ ॥ ਨਾਮ ਬਿਨਾ ਹੋਇ ਜਾਸੀ ਧੂਰ ॥੨॥**
[ਰਾਮਕਲੀ ਮਹਲਾ ੫, ਅੰਗ ੮੮੮]

੩. **ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥**
**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥** [ਵਾਰ ਆਸਾ ਮਹਲਾ ੧, ਅੰਗ ੪੭੦]

੪. **ਰਾਜੁ ਮਾਲੁ ਝੂਠੀ ਸਭ ਮਾਇਆ ॥** [ਭੈਰਉ ਮਹਲਾ ੩, ਅੰਗ ੧੧੫੫]

੫. **ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥** [ਆਸਾ ਮਹਲਾ ੫, ਅੰਗ ੩੯੮]

## *ਨਾਮੁ ਮਿਲੈ; ਚਾਨਣੁ ਅੰਧਿਆਰਿ ॥੨॥*

ਵਾਹਿਗੁਰੂ ਦਾ ਨਾਮ ਮਿਲਣ ਕਰਕੇ ਅਗਿਆਨ ਰੂਪ ਅੰਧਕਾਰ ਵਿੱਚ ਗਿਆਨ ਦਾ ਚਾਨਣੁ=ਪ੍ਰਕਾਸ਼ ਹੁੰਦਾ ਹੈ ॥੨॥

## *ਚਖਿ ਛੋਡੀ; ਸਹਸਾ ਨਹੀ ਕੋਇ ॥*

ਮਾਇਆ ਚੱਖ ਕੇ ਛੱਡੀ ਹੈ, ਵਾ—ਚਖਿ=ਦੇਖ ਕੇ ਛੱਡੀ ਹੈ, ਹੁਣ ਕੋਈ ਭਰਮ ਨਹੀਂ ਹੈ, ਚਖ ਕੇ ਛਡਣਾ ਏਹੀ ਹੈ ਜੋ ਮਿਥਿਆ ਨਿਸ਼ਚੇ ਕੀਤਾ ਹੈ, ਮਾਇਆ ਅਨਰਵਚਨੀ ਹੈ। ਅਨਰਵਚਨੀ ਜੋ ਹੋਰ ਦੀ ਹੋਰ ਰੂਪ ਹੋ ਜਾਵੇ, ਸਦਾ ਇੱਕ ਰੂਪ ਨਾ ਰਹੇ। ਜਿਸ ਨੂੰ ਨਾ ਸੱਤ ਅਤੇ ਨਾ ਅਸੱਤ, ਨਾ ਹੀ ਸੱਤ-ਅਸੱਤ ਦੋਨੋਂ ਰੂਪ ਜੋ ਨੌ ਜੁਗਤਾਂ ਨੂੰ ਨਾ ਸਹਾਰੇ। [ਦੇਖੋ ਵੇਦਾਂਤ ਸ਼ਾਸ਼ਤ੍ਰ]।

## *ਬਾਪੁ ਦਿਸੈ; ਵੇਜਾਤਿ ਨ ਹੋਇ ॥*

ਜਿਸਦਾ ਪਿਤਾ ਪ੍ਰਤੱਖ ਸਾਹਮਣੇ ਦਿਖਦਾ ਹੋਵੇ, ਉਹ ਪਿਤਾ (ਵੇ+ਜਾਤਿ) ਦੀ ਜਾਤ ਤੋਂ ਵੇ=ਰਹਿਤ ਨਹੀਂ ਹੁੰਦਾ, ਇਸੇ ਤਰ੍ਹਾਂ ਜਿਸਦਾ ਗੁਰੂ ਰੂਪੀ ਪਿਤਾ ਦਿੱਸਦਾ ਹੈ, ਉਹ ਪੁਰਸ਼ ਵੇਜਾਤਿ=ਨਿਗੁਰਾ ਨਹੀਂ ਹੁੰਦਾ।

**ਦੂਸਰਾ ਅਰਥ**—ਜਿਸਦਾ ਗੁਰੂ ਰੂਪੀ ਪਿਤਾ ਦਿਸਦਾ ਹੈ, ਉਹ ਗੁਰਸਿੱਖ ਵੇਜਾਤਿ=ਕਿਸੇ ਦੇਵੀ, ਦੇਵਤਿਆਂ

ਦਾ ਉਪਾਸ਼ਕ ਨਹੀਂ ਕਹਾ ਸਕਦਾ, ਵਾ—ਜਿਸਦਾ ਬਾਪੁ=ਪ੍ਰਮੇਸ਼ਰ ਦਿਸਦਾ ਹੈ ਭਾਵ ਜਿਸਦੀ ਪ੍ਰਮੇਸ਼ਰ ਵਿੱਚ ਆਸਤਕ ਭਾਵਨਾ ਹੈ, ਉਹ ਵੇਜਾਤਿ=ਨਾਸਤਕ ਨਹੀਂ ਹੁੰਦਾ।

***ਏਕੇ ਕਉ; ਨਾਹੀ ਭਉ ਕੋਇ ॥***
***ਕਰਤਾ ਕਰੇ; ਕਰਾਵੈ ਸੋਇ ॥੩॥***

ਜੋ ਸਤਿਪੁਰਸ਼ ਇੱਕ ਪ੍ਰਮਾਤਮਾ ਨੂੰ ਸਿਮਰ ਕੇ ਇੱਕ ਰੂਪ ਹੋਇਆ ਹੈ, ਉਹ ਸਤਿਪੁਰਸ਼ ਕਉ=ਨੂੰ ਕਿਸੇ ਦਾ ਵੀ ਕੋਈ ਭਉ=ਡਰ ਨਹੀਂ ਹੁੰਦਾ। ਕਿਉਂਕਿ ਉਸਦਾ ਐਸਾ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਕਰਤਾ ਪੁਰਖ ਪ੍ਰਮੇਸ਼ਰ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ ॥੩॥

**ਸਾਖੀ—ਸਰਮੱਦ ਫ਼ਕੀਰ ਦੀ—**ਇਕ ਫ਼ਕੀਰ, ਜੋ ਫ਼ਾਰਸ ਦੇ ਕਾਸ਼ਾਨ ਨਗਰ ਦਾ ਵਸਨੀਕ ਯਹੂਦੀ ਸੀ, ਇਹ ਨਾਮ ਮਾਤਰ ਨੂੰ ਮੁਸਲਮਾਨ ਭੀ ਸੀ, ਦਰਅਸਲ ਵੇਦਾਂਤੀਆਂ ਦੀ ਸੰਗਤ ਕਰਕੇ ਕੁਰਾਨ ਅਤੇ ਪੈਗ਼ੰਬਰ 'ਤੇ ਤਰਕ ਕਰਦਾ ਸੀ। ਔਰੰਗਜ਼ੇਬ ਦੇ ਭਰਾ ਦਾਰਾ ਸ਼ਿਕੋਹ ਨਾਲ ਇਸਦੀ ਖ਼ਾਸ ਮਿੱਤਰਤਾ ਸੀ। ਇਸਦੇ ਮਾਤਾ-ਪਿਤਾ ਵੱਡੇ ਸ਼ਾਹੂਕਾਰ ਸਨ। ਇਹ ਇਕਲੌਤਾ ਪੁੱਤਰ ਸੀ, ਇਸ ਲਈ ਬੜੇ ਚਾਵਾਂ ਤੇ ਲਾਡਾਂ ਨਾਲ ਮਾਤਾ-ਪਿਤਾ ਨੇ ਪਾਲਿਆ ਸੀ। ਜਦੋਂ ੨੦ ਕੁ ਵਰ੍ਹਿਆ ਦੀ ਜਵਾਨ ਉਮਰ ਵਿੱਚ ਹੋਇਆ ਤਾਂ ਉਦੋਂ ਮਾਤਾ-ਪਿਤਾ ਪ੍ਰਲੋਕ ਗਵਨ ਕਰ ਗਏ। ਪੈਸਾ ਕੋਲ ਬਹੁਤ ਸੀ, ਪੂਰਬਲੇ ਭਾਗ ਜਾਗੇ ਸਾਧੂਆਂ, ਵੇਦਾਂਤੀਆਂ ਦੀ ਸੰਗਤ ਵਿੱਚ ਆ ਗਿਆ। ਸਾਧੂਆਂ, ਮਹਾਤਮਾ ਵਾਸਤੇ ਮਕਾਨ ਬਣਾ ਦਿੱਤੇ ਤੇ ਉਨ੍ਹਾਂ ਦੇ ਖਾਣ-ਪੀਣ ਲੰਗਰ ਦਾ ਪ੍ਰਬੰਧ ਕਰਕੇ ਗਰਮੀਆਂ ਵਿੱਚ ਪੱਖਾ ਝੱਲਣਾ ਤੇ ਮੁੱਠੀ-ਚਾਪੀ ਆਦਿ ਦੀ ਸੇਵਾ ਕਰਦਾ ਤੇ ਹਰੇਕ ਸੰਤ ਨੂੰ ਵਿਦਾ ਕਰਨ ਲਈ ਨਾਲ ਜਾਂਦਾ ਤੇ ਸੀਸ ਨਿਵਾ ਕੇ ਹੱਥ ਜੋੜ ਕੇ ਕਹਿੰਦਾ ਕਿ ਮੈਨੂੰ ਖ਼ੁਦਾ ਦਾ ਰਸਤਾ ਦੱਸ ਦਿਓ। ਇੱਕ ਪੂਰਨ ਫ਼ਕੀਰ ਪੈਰਾਂ ਤੋਂ ਨੰਗਾ ਦੇਖ ਕੇ ਜੋੜਾ ਪਹਿਨਾਇਆ, ਜਦੋਂ ਉਸ ਨੂੰ ਖ਼ੁਦਾ ਦੇ ਮਿਲਨ ਦੀ ਜੁਗਤ ਪੁੱਛੀ ਤੇ ਉਸ ਫ਼ਕੀਰ ਨੇ ਕਿਹਾ ਕਿ ਇਥੇ ਹੀ ਖੜ੍ਹ ਮੈਂ ਮੁੜ ਕੇ ਆਉਂਦਾ ਹਾਂ। ਫ਼ਕੀਰ ਇੱਕ ਦੋ ਦਿਨ ਜਾਣ ਕੇ ਨਹੀਂ ਆਇਆ ਤਾਂ ਸਰਮੱਦ ਬਚਨ ਮੰਨ ਕੇ ਉਥੇ ਹੀ ਖੜ੍ਹਾ ਰਿਹਾ। ਭਾਵੇਂ ਖੜਨ ਦੀ ਬਹੁਤ ਤਕਲੀਫ਼ ਹੋਈ, ਜਦੋਂ ਮਹਾਤਮਾ ਦੋ-ਤਿੰਨ ਦਿਨਾਂ ਬਾਅਦ ਪਰਤੇ, ਇਹ ਉਥੇ ਹੀ ਖੜ੍ਹਾ ਮਿਲਿਆ। ਉਹ ਫ਼ਕੀਰ ਦੇਖ ਕੇ ਬੜਾ ਪ੍ਰਸੰਨ ਹੋਇਆ, ਅਧਿਕਾਰੀ ਦੇਖ ਕੇ ਖ਼ੁਦਾ ਦੇ ਮਿਲਣ ਲਈ ਨਿਰਹੰਕਾਰ, ਪ੍ਰੇਮਾ ਭਗਤੀ ਦਾ ਰਸਤਾ ਦੱਸ ਕੇ ਖ਼ੁਦਾ ਨਾਲ ਮੇਲ ਕਰਾ ਦਿੱਤਾ। ਇਹ ਖ਼ੁਦਾ ਦੀ ਮਸਤੀ ਵਿੱਚ ਹਰ ਵੇਲੇ ਮਸਤ ਰਹਿਣ ਲੱਗਾ। ਇਸ ਪ੍ਰਕਾਰ ਦੇਸ ਰਟਨ ਕਰਦੇ ਹੋਏ ਦਿੱਲੀ ਵਿੱਚ ਆ ਗਿਆ। ਪ੍ਰਮਾਤਮਾ ਦੇ ਰੰਗ ਵਿੱਚ ਸੁਤੰਤਰ ਵਿਚਰਿਆ ਕਰੇ, ਦਿਨ ਪ੍ਰਤਿ ਇਸਦੀ ਬਿਰਤੀ ਰੂੜ੍ਹ ਹੋ ਗਈ ਤੇ ਮਨ ਦੀ ਇਕਾਗਰਤਾ ਕਾਰਣ ਰਿੱਧੀਆਂ-ਸਿੱਧੀਆਂ ਇਸ ਕੋਲ ਆ ਗਈਆਂ। ਪਰ ਇਹ ਖ਼ੁਦਾ ਦਾ ਹੀ ਪ੍ਰੇਮ ਕਰਦਾ ਸੀ, ਕਿਸੇ ਰਿੱਧੀ-ਸਿੱਧੀ ਨੂੰ ਵਰਤਦਾ ਨਹੀਂ ਸੀ। ਇਸਦੀ ਬਿਰਤੀ ਵਿੱਚ ਰਾਜਾ ਤੇ ਕੰਗਾਲ ਇੱਕ ਰੂਪ ਦਿਸਦੇ ਸਨ। ਜੈਸਾ ਕਿ :

**ਸ਼ਾਹਿ ਰੰਕ ਏਕ ਕਰਿ ਜਾਨਾ। ਰਿਦੇ ਅਨੰਦਰਤ ਮਨ ਮਸਤਾਨਾ ॥੨੦॥**

[ਸ੍ਰੀ ਗੁਰ ਪ੍ਰਤਾਪ, ਰਾਸ ੯, ਅੰਸੂ ੨੧]

ਇੱਕ ਦਿਨ ਇਹ ਆਪਣੀ ਬਿਰਤੀ ਮੁਤਾਬਕ ਅਲਫ਼ ਨੰਗਾ ਖੜਾ ਸੀ, ਉਪਰੋਂ ਔਰੰਗਜ਼ੇਬ ਦੀ ਸਵਾਰੀ ਆ ਰਹੀ ਸੀ। ਔਰੰਗੇ ਦੇ ਸਿਪਾਹੀ ਲੋਕਾਂ ਨੂੰ ਪਰੇ ਹਟਾ ਰਹੇ ਸਨ, ਜਦੋਂ ਉਨ੍ਹਾਂ ਦੇ ਇਹ ਨੰਗਾ ਫ਼ਕੀਰ ਨਿਗ੍ਹਾ ਪਿਆ, ਉਸ ਨੂੰ ਪਰੇ ਹਟਣ ਲਈ ਕਿਹਾ ਤੇ ਇਤਨੇ ਨੂੰ ਔਰੰਗਜ਼ੇਬ ਦੀ ਸਵਾਰੀ ਨੇੜੇ ਆ ਗਈ। ਬਾਦਸ਼ਾਹ ਨੇ ਦੇਖ ਕੇ ਇਸ ਨੂੰ ਦੋ ਗਜ ਕਪੜਾ ਨੰਗ ਢਕਣ ਲਈ ਦਿੱਤਾ। ਇਸਨੇ ਕੱਪੜਾ ਲੈ ਕੇ ਸਿਰ 'ਤੇ ਬੰਨ੍ਹ ਲਿਆ ਅਰ ਉਥੇ ਹੀ ਖੜ੍ਹਾ ਰਿਹਾ। ਬਾਦਸ਼ਾਹ ਬਾਜ਼ਾਰ ਦਾ ਚੱਕਰ ਲਾ ਕੇ ਜਦੋਂ ਵਾਪਸ ਆਇਆ ਤਾਂ ਸਰਮੱਦ ਨੰਗਾ ਖੜ੍ਹਾ ਮਿਲਿਆ ਤਾਂ ਬਾਦਸ਼ਾਹ ਕ੍ਰੋਧ ਵਿੱਚ ਬੋਲਿਆ ਕਿ ਤੂੰ ਸਾਰਿਆਂ ਦਾ ਡਰ ਤਿਆਗ ਕੇ ਖੋਟੀ ਚਾਲ ਚੱਲਦੈਂ। ਜੈਸਾ ਕਿ :

**ਡਰ ਕੋ ਪਰਿਹਰਿ ਕਰਿ ਉਰ ਭਾਯੋ। ਕਯੋਂ ਕੁਚਾਲ ਕਰਿਬੇ ਚਿਤ ਲਾਯੋ॥...੩੪॥**

[ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੯, ਅੰਸੂ ੨੧]

ਸਰਮੱਦ ਨੇ ਉਤਰ ਦਿੱਤਾ ਕਿ ਬਾਦਸ਼ਾਹ ਤੂੰ ਤਾਂ ਬੁੱਧਹੀਨ ਹੈਂ, ਐਸਾ ਵੇਪਰਵਾਹ ਸੀ ਕਿ ਬਾਦਸ਼ਾਹ ਨੂੰ ਨੌਕਰਾਂ ਦੀ ਤਰ੍ਹਾਂ ਤਾੜਨਾ ਕਰਕੇ ਕਹਿਣ ਲੱਗਾ। ਜੈਸਾ ਕਿ :

**ਇਸੀ ਅਕਲ ਤੇ ਕਰਿ ਪਤਿਸ਼ਾਹਿਤ॥...੩੫॥** [ਸ੍ਰੀ ਗੁਰ ਪ੍ਰਤਾਪ ਸੂਰਜ]

ਇਸੇ ਅਕਲ 'ਤੇ ਬਾਦਸ਼ਾਹੀ ਕਰਦਾ ਹੈਂ ? ਮੇਰੇ ਤੋਂ ਉਲਟੀ ਸ਼ਕਤੀ ਦੇ ਸ਼ਬਦ ਕਹਿ ਰਿਹਾ ਹੈਂ। ਤੇਰੀ ਬਖ਼ਸ਼ਿਸ਼ ਦਾ ਵਸਤਰ ਆਪਣੇ ਗੰਦੇ ਥਾਂ ਪੇਸ਼ਾਬ ਵਾਲੀ ਥਾਂ ਨਾ ਲਾ ਕੇ ਸਿਰ ਪਰ ਧਰਿਆ ਹੈ, ਤੈਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਸੀ ਕਿ ਤੇਰੀ ਬਖ਼ਸ਼ਿਸ ਗੰਦੇ ਥਾਂ ਨਾ ਲਾ ਕੇ ਸਿਰ ਪਰ ਧਰੀ ਹੈ। ਔਰੰਗਜ਼ੇਬ ਸੁਣ ਕੇ ਸੜ ਬਲ ਕੇ ਕੋਲਾ ਹੋ ਗਿਆ ਤੇ ਕੋਈ ਉਤਰ ਨਹੀਂ ਆਇਆ। ਔਰੰਗਜ਼ੇਬ ਦੇ ਮਨ ਵਿੱਚ ਉਸੇ ਦਿਨ ਤੋਂ ਦਰਵੇਸ਼ ਪ੍ਰਤਿ ਈਰਖਾ ਪੈਦਾ ਹੋ ਗਈ। ਉਧਰ ਦਰਵੇਸ਼ ਦੀ ਖ਼ੁਦਾ ਨਾਲ ਲਿਵ ਲੱਗੀ ਰਹੇ, ਇਹ ਕਦੇ-ਕਦੇ ਸੁਖਾ ਪਾਨ ਕਰਦਾ ਸੀ। ਭੰਗ ਪੀਣ ਦੇ ਦੋਸ਼ ਵਿੱਚ ਇਸਨੂੰ ਗ੍ਰਿਫ਼ਤਾਰ ਕੀਤਾ, ਥੋੜ੍ਹੇ ਸਮੇਂ ਬਾਅਦ ਛੱਡ ਦਿੱਤਾ। ਫਿਰ ਇੱਕ ਦਿਨ ਨਿਮਾਜੀ ਨਮਾਜ ਪੜ੍ਹ ਰਹੇ ਸਨ, ਇਹ ਮਸੀਤ ਦੇ ਅੰਦਰ ਨਾ ਵੜਿਆ ਅਤੇ ਮਸਤ ਸੁਭਾਅ ਅਨੁਸਾਰ ਖੜ੍ਹਾ ਰਿਹਾ ਤੇ ਜਦੋਂ ਕਾਜ਼ੀ ਨੇ ਕਿਹਾ ਕਿ ਤੂੰ ਨਮਾਜ ਮਸੀਤ ਵਿੱਚ ਆ ਕੇ ਕਿਉਂ ਨਾ ਪੜ੍ਹੀ ? ਤਾਂ ਕਹਿੰਦਾ ਕਿ ਖ਼ੁਦਾ ਤਾਂ ਮੇਰੇ ਪੈਰਾਂ ਵਿੱਚ ਖੜ੍ਹਾ ਹੈ। ਕਿਉਂਕਿ ਉਸ ਜੁਮੇ ਵਾਲੇ ਦਿਨ ਬਾਦਸ਼ਾਹ ਖ਼ੁਦ ਪਹੁੰਚਿਆ ਹੋਇਆ ਸੀ। ਬਾਦਸ਼ਾਹ ਨੂੰ ਸਰਮੱਦ ਨਾਲ ਭਾਰੀ ਈਰਖਾ ਸੀ ਕਿਉਂਕਿ ਉਹ ਦਾਰਾ ਸ਼ਿਕੋਹ ਨੂੰ ਬਾਦਸ਼ਾਹ ਹੋਣ ਦਾ ਬਚਨ ਕਈ ਵਾਰੀ ਕਰਿਆ ਕਰਦਾ ਸੀ। ਲੋਕਾਂ ਨੇ ਕਿਹਾ ਕਿ ਬਾਦਸ਼ਾਹ ਤੈਨੂੰ ਮਰਵਾ ਦੇਵੇਗਾ। ਉਸਦਾ ਉੱਤਰ ਸਰਮੱਦ ਨੇ ਇਉਂ ਦਿੱਤਾ :

**ਕਹਿ ਸਰਮੱਦ ਕਛੁ ਨਹੀ ਹਮਾਰਾ। ਕਹਾ ਸ਼ਾਹੁ ਕਰਿ ਸਕਹਿ ਬਿਗਾਰਾ।**
**ਤਨ ਆਦਿਕ ਕੀ ਮਮਤਾ ਨਾਸੀ। ਦੰਡ ਉਚਿਤ ਕਛੁ ਰਖਹਿੰ ਨ ਪਾਸੀ॥੩੩॥**

[ਸ੍ਰੀ ਗੁਰ ਪ੍ਰਤਾਪ, ਅੰਸੂ ੨੨]

ਕਿਉਂਕਿ ਇੱਕ ਨੂੰ ਮੰਨਣ ਵਾਲਾ ਡਰ ਵੀ ਇੱਕ ਦਾ ਹੀ ਮੰਨਿਆ ਕਰਦਾ ਹੈ, ਦੂਸਰੇ ਦਾ ਨਹੀਂ। ਜੈਸਾ ਕਿ :

**ਸੰਤਨ ਅਵਰ ਨ ਕਾਹੂ ਜਾਨੀ॥ ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕਉ ਪਾਖੁ ਸੁਆਮੀ॥**

[ਟੋਡੀ ਮਹਲਾ ੫, ਅੰਗ ੭੧੧]

ਸੋ ਕਰੜੀ ਸਜ਼ਾ ਦੇ ਕੇ ਔਰੰਗਜ਼ੇਬ ਨੇ ਬੜੀ ਪਰਖਣਾ ਕੀਤੀ, ਪਰ ਉਸਦੀ ਬਿਰਤੀ ਇੱਕ ਰਸ ਰਹੀ। ਜੈਸਾ ਕਿ :

**੧. ਨਹੀਂ ਖੇਦ ਕੋ ਮਨ ਮਹਿਂ ਠਾਨਾ। ਆਤਮ ਗਯਾਨ ਮਹਿਦ ਸੁਖਵਾਨਾ।**
**ਜਿਮ ਛੂਟਯੋ ਤਿਮ ਬੰਧਨ ਮਾਂਹਿ। ਕਹੈ ਨਿਸੰਗ ਤ੍ਰਾਸ ਕਿਸ ਨਾਂਹਿ॥੩੮॥**
**ਤੁਰਕ ਕ੍ਰੂਰ ਬਹੁ ਦੇਤਿ ਸਜ਼ਾਇ। ਨਹਿਂ ਮਨ ਗਨਹਿ ਏਕ ਲਿਵਲਾਇ॥੩੯॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੯, ਅੰਸੂ ੨੩]

**੨. ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥**

[ਭੈਰਉ ਕਬੀਰ ਜੀ, ਅੰਗ ੧੧੬੨]

ਸੋ ਇਉਂ ਭਾਵੇਂ ਕਰੜੀ ਸਜ਼ਾ ਤੋਂ ਬਾਅਦ ਔਰੰਗਜ਼ੇਬ ਨੇ ਈਰਖਾ ਵਿੱਚ ਆ ਕੇ ਸਰਮੱਦ ਨੂੰ ਕਤਲ ਕਰ ਦਿੱਤਾ, ਪਰ ਇਹ ਉਸੇ ਅਵਸਥਾ ਵਿੱਚ ਰਿਹਾ। ਜਿਵੇਂ ਮੁਖਵਾਕ ਦੀ ਆਈ ਤੁਕ "ਏਕੋ ਕਉ ਨਾਹੀ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥੩॥" ਇਸ ਤੁਕ ਦੇ ਆਏ ਸਿਧਾਂਤ ਨੂੰ ਸਰਮੱਦ ਦੀ ਸਾਖੀ ਸਪੱਸ਼ਟ ਕਰਦੀ ਹੈ।

## ਸਬਦਿ ਮੁਏ; ਮਨੁ ਮਨ ਤੇ ਮਾਰਿਆ ॥

ਗੁਰ ਸਬਦ ਕਰਕੇ ਭਾਵ ਗੁਰੂ ਦੇ ਉਪਦੇਸ਼ ਦੁਆਰਾ ਜਿਸ ਨੇ ਜੀਵਤ ਭਾਵ ਤੋਂ ਮੁਏ=ਮਰਨਾ ਕੀਤਾ ਹੈ, ਭਾਵ ਹੰਗਤਾ ਨੂੰ ਮਾਰ ਲਿਆ ਹੈ, ਉਨ੍ਹਾਂ ਨੇ ਆਪਣੇ ਮਨ ਨੂੰ ਸੰਸਾਰ ਦੀ ਮਨੌਤ ਵਲੋਂ ਮਾਰਿਆ ਹੈ। ਵਾ—ਮੈਂ, ਮੇਰੀ ਦੀ ਮਨੌਤ ਤੋਂ ਮਾਰਿਆ ਹੈ।

## ਠਾਕਿ ਰਹੇ; ਮਨੁ ਸਾਚੈ ਧਾਰਿਆ ॥

ਅੰਤਸ਼ਕਰਨ ਵਿੱਚ ਸੱਚ ਧਾਰ ਕੇ ਮਨ ਸੰਸਾਰ ਵਲੋਂ ਠਾਕਿ=ਰੋਕ ਰਖਿਆ ਹੈ। ਵਾ—ਗੁਰਾਂ ਦੇ ਮਨੁ=ਮੰਤ੍ਰ ਕਰਕੇ ਜਿਸਨੇ ਆਪਣੇ ਮਨ ਨੂੰ ਮਾਰਿਆ ਹੈ, ਉਸਦੇ ਸਬਦਿ=ਉਪਦੇਸ਼ ਕਰਕੇ ਜਗਿਆਸੂ ਜੀਵਤ ਭਾਵ ਤੋਂ ਮਰੇ ਹਨ। ਮਨ ਨੂੰ ਸੰਕਲਪਾਂ ਵਲੋਂ ਰੋਕ ਕੇ ਰਖਿਆ ਹੈ ਅਤੇ ਸੱਚ ਵਿੱਚ ਟਿਕਾਇਆ ਹੈ।

## ਅਵਰੁ ਨ ਸੂਝੈ; ਗੁਰ ਕਉ ਵਾਰਿਆ ॥
## ਨਾਨਕ ਨਾਮਿ ਰਤੇ; ਨਿਸਤਾਰਿਆ ॥੪॥੩॥

ਸੰਸਾਰ ਤੋਂ ਤਾਰਨ ਵਾਲਾ ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਸੁਝਦਾ ਨਹੀਂ ਹੈ, ਇਸ ਲਈ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਨਾਮੀ ਦੇ ਨਾਮ ਵਿੱਚ ਰਤੇ=ਲੀਨ ਹੋਏ ਹਨ, ਉਨ੍ਹਾਂ ਨੂੰ ਪ੍ਰਮੇਸ਼ਰ ਨੇ ਸੰਸਾਰ ਸਮੁੰਦਰ ਤੋਂ ਨਿਸਤਾਰਿਆ=ਤਾਰ ਦਿੱਤਾ ਹੈ॥੪॥੩॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੩ [ਆਦਿ ਅੰਗ ੭੯੭]

*ਬਿਲਾਵਲੁ ਮਹਲਾ ੩ ॥ ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥ ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥*

## ਬਿਲਾਵਲੁ ਮਹਲਾ ੩ ॥

ਬਿਲਾਵਲ ਰਾਗ ਵਿੱਚ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਬਚਨ ਸੁਸ਼ੋਭਿਤ ਹੈ। ਜਿਸ ਵਿੱਚ ਉਸ ਨਿਰ ਆਕਾਰ ਵਾਹਿਗੁਰੂ ਦੀ ਉਪਮਾ ਕਰਦੇ ਹੋਏ ਸ਼ੰਕਾਵਾਦੀਆਂ ਦੀ ਇਹ ਸ਼ੰਕਾ ਨਿਵਿਰਤ ਕਰਨ ਲਈ ਕਿ ਜਗਤ ਕਿਸ ਨੇ ਬਣਾਇਆ ਹੈ ? ਦਾ ਉੱਤਰ ਪਹਿਲੀ ਹੀ ਤੁਕ ਵਿੱਚ ਨਿਰੂਪਣ ਕੀਤਾ ਹੈ। ਕਿਉਂਕਿ ਦੁਨੀਆ ਭਰ ਦੇ ਧਰਮ ਸ਼ਾਸ਼ਤ੍ਰਾਂ ਵਿੱਚ ਸ੍ਰਿਸ਼ਟੀ ਦੇ ਰਚਨ ਵਿੱਚ ਬਹੁਪੱਖੀ ਵਿਚਾਰ ਦੇਖੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਭੀ ਸ੍ਰਿਸ਼ਟੀ ਦੀ ਰਚਨਾ ਵਿੱਚ ਜੋ ਉੱਤਰ ਦਿੱਤਾ, ਉਹ ਜਪੁਜੀ ਸਾਹਿਬ ਵਿੱਚ ਅੰਕਿਤ ਹੈ, ਜੋ ਸਿੱਧਾਂ ਨਾਲ ਸੁਮੇਰ ਪਰਬਤ 'ਤੇ ਭਾਰੀ ਗੋਸਟ ਹੋਈ ਤਾਂ ਹਜ਼ੂਰ ਨੇ ਫ਼ੁਰਮਾਨ ਕੀਤਾ ਸੀ। ਜੈਸਾ ਕਿ :

**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥** [ਜਪੁਜੀ ਸਾਹਿਬ, ਅੰਗ ੩]

ਜਿਵੇਂ ਪ੍ਰਮਾਤਮਾ ਨੂੰ ਜਾਨਣਾ ਅਤਿਅੰਤ ਕਠਿਨ ਬਾਤ ਹੈ, ਇਸੇ ਤਰ੍ਹਾਂ ਪ੍ਰਮਾਤਮਾ ਦੀ ਕਿਰਤ ਜੋ ਸੰਸਾਰ ਹੈ, ਇਸ ਨੂੰ ਜਾਨਣਾ ਭੀ ਉਸੇ ਤਰ੍ਹਾਂ ਦੀ ਅਤਿਅੰਤ ਕਠਿਨ ਬਾਤ ਹੈ। ਇਸ ਲਈ ਸਤਿਗੁਰੂ ਜੀ ਨੇ ਪਹਿਲੇ ਜਾਮੇ ਵਿੱਚ ਹੀ ਇਹ ਸਿਧਾਂਤ ਸ਼ੰਕਾਵਾਦੀ ਸਿੱਧਾਂ ਦੇ ਉਤਰ ਵਿੱਚ ਜਪੁਜੀ ਸਾਹਿਬ ਵਿੱਚ ਫ਼ੁਰਮਾਨ ਕੀਤਾ। ਜੈਸਾ ਕਿ :

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥** [ਜਪੁਜੀ ਸਾਹਿਬ, ਅੰਗ ੪]

ਇਸੇ ਸਿਧਾਂਤ ਨੂੰ ਤੀਸਰੇ ਸਰੂਪ ਵਿੱਚ ਸਤਿਗੁਰੂ ਜੀ ਇਉਂ ਪ੍ਰਗਟ ਕਰਦੇ ਹਨ :

## ਪੂਰਾ ਥਾਟੁ ਬਣਾਇਆ ਪੂਰੈ; ਵੇਖਹੁ ਏਕ ਸਮਾਨਾ ॥

ਪੂਰੇ ਪ੍ਰਮੇਸ਼ਰ ਵਾਹਿਗੁਰੂ ਨੇ ਸੰਸਾਰ ਰੂਪੀ ਪੂਰਾ ਹੀ ਥਾਟੁ=ਬਣਾਓ, ਬਣਾਇਆ ਹੈ। ਵੇਖਹੁ=ਵੇਖਣਾ ਕਰੋ, ਭਾਵ ਗਿਆਨ ਦ੍ਰਿਸ਼ਟੀ ਦੁਆਰਾ ਦੇਖਣਾ ਕਰੋ ਕਿ ਇੱਕ ਵਾਹਿਗੁਰੂ ਹੀ ਸਾਰੀ ਸ੍ਰਿਸ਼ਟੀ ਨੂੰ ਰਚ ਕੇ, ਇਸ ਵਿੱਚ ਸਮਾਨਾ=ਸਮਾਅ ਰਿਹਾ ਹੈ। ਥਾਟੁ ਤੋਂ ਭਾਵ ਬਣਾਵਟ-ਰਚਨਾ। ਜੈਸਾ ਕਿ :

੧. **ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥** [ਵਾਰ ਸੂਹੀ ਮਹਲਾ ੫, ਅੰਗ ੭੮੯]

੨. **ਏਕ ਅਨੇਕ ਵਿਆਪਕ ਪੂਰਕ ਜਤ ਦੇਖਉ ਤਤ ਸੋਈ ॥** [ਆਸਾ ਨਾਮਦੇਵ ਜੀ, ਅੰਗ ੪੮੫]

੩. **ਏਕੋ ਏਕੁ ਰਵਿਆ ਸਭ ਅੰਤਰਿ ਸਭਨਾ ਜੀਆ ਕਾ ਆਧਾਰੀ ਹੇ ॥** [ਮਾਰੂ ਮਹਲਾ ੩, ਅੰਗ ੧੦੫੧]

## ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ; ਮਤੁ ਕੋ ਧਰਹੁ ਗੁਮਾਨਾ ॥੧॥

ਇਸ ਪਰਪੰਚ=ਜਗਤ ਵਿੱਚ ਸਾਚੇ=ਸੱਚੇ ਨਾਮ ਦੀ ਹੀ ਵਡਿਆਈ ਹੈ, ਧਨ ਪਦਾਰਥਾਂ ਦੇ ਹੰਕਾਰ ਨੂੰ ਕੋਈ ਮਤੁ=ਮਤਾਂ ਭਾਵ ਨਾ ਧਰਹੁ=ਧਾਰਨ ਕਰੋ। ਭਾਵ ਕਿਸੇ ਵੀ ਪਦਾਰਥ ਦਾ ਹੰਕਾਰ ਨਾ ਕਰੋ। ਇਹ ਮਾਇਕੀ ਪਦਾਰਥ ਉਸ ਪ੍ਰਮੇਸ਼ਰ ਵਾਹਿਗੁਰੂ ਦੀ ਹੀ ਰਚਨਾ ਹੈ। ਪਦਾਰਥਾਂ ਦੁਆਰਾ ਜੋ ਵਡਿਆਈ ਪ੍ਰਾਪਤ ਹੋਵੇ, ਉਹ ਵਡਿਆਈ ਝੂਠੀ ਹੈ, ਬਨਾਉਟੀ ਹੈ, ਅਲਪ ਕਾਲ ਲਈ ਹੈ, ਜੋ ਵਡਿਆਈ ਨਾਮ ਜਪ ਕੇ ਪ੍ਰਾਪਤ ਹੋਵੇ, ਉਹ ਸੱਚੀ ਵਡਿਆਈ ਹੈ, ਕਿਉਂਕਿ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਜੋ ਭਗਤੀ ਦਾ ਮਾਰਗ ਹੈ, ਇਸ 'ਤੇ ਚਲਣ ਵਾਲਿਆਂ ਦੀ ਵਡਿਆਈ, ਉਸਤਤ ਸੱਚੀ ਹੈ॥੧॥ ਜੈਸਾ ਕਿ :

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥** [ਬਾਰਹਮਾਹਾ ਮਾਝ ਮਹਲਾ ੫, ਅੰਗ ੧੩੬]

ਪਰਪੰਚ ਤੋਂ ਭਾਵ ਪਰ=ਵਿਸ਼ੇਸ਼ ਕਰਕੇ ਪੰਚ=ਪੰਜ ਚੀਜ਼ਾਂ ਦਾ ਜੋ ਬਣਿਆ ਹੋਵੇ ਸੋ ਕਹੀਏ ਪਰਪੰਚ। ਪਰਪੰਚ ਦਾ ਦੂਜਾ ਭਾਵ ਛਲ ਭੀ ਹੈ, ਕਿਉਂਕਿ ਸੰਸਾਰ ਛਲ ਰੂਪ ਹੋਣ ਕਰਕੇ ਭੀ ਇਸ ਨੂੰ ਪਰਪੰਚ ਕਹਿੰਦੇ ਹਨ। ਤੇ ਪੰਜ ਵਸਤੂਆਂ ਨਾਮ, ਰੂਪ, ਅਸਤੀ, ਭਰੰਤੀ, ਪ੍ਰੇਯ ਭਾਵ ਸਤ, ਚੇਤਨ, ਅਨੰਦ ਤਿੰਨ ਅੰਸ਼ਾਂ ਬ੍ਰਹਮ ਦੀਆਂ, ਦੋ ਅੰਸ਼ਾਂ ਨਾਮ ਅਤੇ ਰੂਪ ਮਾਇਆ ਦੀਆਂ ਹਨ। ਇਹ ਤਿੰਨ ਅਤੇ ਦੋ ਨੂੰ ਰਲਾ ਕੇ ਪੰਜ ਚੀਜ਼ਾਂ ਦਾ ਵਿਸ਼ੇਸ਼ ਕਰਕੇ ਸੰਸਾਰ ਬਣਿਆ ਹੈ। ਇਸ ਲਈ ਜਿਹੜੇ ਗੁਰਬਾਣੀ ਵਿੱਚ, ਧਰਮ ਸ਼ਾਸ਼ਤ੍ਰਾਂ ਵਿੱਚ ਪ੍ਰਮਾਣ ਸੱਚ ਰੂਪ ਕਰਕੇ ਸੰਸਾਰ ਨੂੰ ਵਰਣਨ ਕਰਦੇ ਹਨ, ਅਤੇ ਕਈ ਜਗ੍ਹਾ ਇਸੇ ਸੰਸਾਰ ਨੂੰ ਝੂਠ ਰੂਪ ਕਰਕੇ ਵਰਨਣ ਕਰਦੇ ਹਨ। ਇਸ ਦਾ ਭਾਵ ਇਹ ਹੈ ਕਿ ਜੋ ਅੰਸ਼ਾਂ ਮਾਇਆ ਦੀਆਂ ਹਨ, ਉਹ ਝੂਠ ਰੂਪ ਤੇ ਜੋ ਬ੍ਰਹਮ ਦੀਆਂ ਹਨ ਉਹ ਸੱਚ ਰੂਪ ਹਨ।

ਸੋ, ਇਸ ਪਰਪੰਚ=ਜਗਤ ਵਿੱਚ ਸੱਚੀ ਵਡਿਆਈ ਕੇਵਲ ਨਾਮ ਜਪਣ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ, ਇਸ ਲਈ ਨਾਮ ਪ੍ਰਥਾਇ ਗੁਰਬਾਣੀ ਵਿੱਚ ਬੇਅੰਤ ਪ੍ਰਮਾਣ ਮਿਲਦੇ ਹਨ। ਜੈਸਾ ਕਿ :

੧. **ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥** [ਧਨਾਸਰੀ ਮਹਲਾ ੪, ਅੰਗ ੬੯੦]

੨. **ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥** [ਆਸਾ ਮਹਲਾ ੩, ਅੰਗ ੪੨੯]

੩. **ਨਾਮੇ ਨਾਮਿ ਮਿਲੈ ਵਡਿਆਈ ਸਹਜਿ ਰਹੈ ਰੰਗਿ ਰਾਤਾ ਹੇ ॥੨॥**

[ਮਾਰੂ ਮਹਲਾ ੩, ਅੰਗ ੧੦੫੨]

੪. **ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥** [ਭੈਰਉ ਮਹਲਾ ੩, ਅੰਗ ੧੧੩੧]

## ਸਤਿਗੁਰ ਕੀ ਜਿਸ ਨੋ ਮਤਿ ਆਵੈ; ਸੋ ਸਤਿਗੁਰ ਮਾਹਿ ਸਮਾਨਾ ॥

ਸਤਿਗੁਰੂ ਜੀ ਦੀ ਬਖ਼ਸ਼ਿਸ਼ ਦੁਆਰਾ ਜਿਸ ਨੂੰ ਮਤਿ=ਅਕਲ, ਸ਼ੁਭ ਸਿਖਿਆ ਆਵੈ=ਪ੍ਰਾਪਤ ਹੋ ਆਉਂਦੀ ਹੈ, ਸੋ=ਉਹ ਸਿੱਖ ਸਤਿਗੁਰਾਂ ਦੇ ਹੁਕਮ ਵਿੱਚ ਸਮਾਉਂਦਾ ਹੈ।

**ਦੂਜਾ ਅਰਥ**—ਜਿਸਨੂੰ ਸਤਿਗੁਰਾਂ ਦੀ ਸਿਖਿਆ ਆਪਣੇ ਅੰਤਸ਼ਕਰਣ ਵਿੱਚ ਆ ਕੇ ਪ੍ਰਾਪਤ ਹੁੰਦੀ ਹੈ, ਉਹ ਸਤਿ=ਤ੍ਰੈਕਾਲ ਆਬਾਧ ਰੂਪ ਭਾਵ ਜਿਸਦਾ ਤਿੰਨਾਂ ਕਾਲਾਂ ਵਿੱਚ ਨਾਸ਼ ਨਹੀਂ ਹੁੰਦਾ, ਉਸ ਗੁਰ=ਚੇਤਨ ਵਾਹਿਗੁਰੂ ਵਿੱਚ ਸਮਾਨਾ=ਅਭੇਦ ਹੋ ਜਾਂਦਾ ਹੈ। ਜੈਸਾ ਕਿ :

**ਗੁਰ ਕੀ ਮਤਿ ਜੀਇ ਆਈ ਕਾਰਿ ॥੧॥** [ਗਉੜੀ ਮਹਲਾ ੧, ਅੰਗ ੨੨੧]

ਸੋ, ਇਸ ਕਰਕੇ ਜੀਵ ਨੂੰ ਗੁਰੂ ਦੀ ਮੱਤ ਲੈਣ ਦੀ ਸਿਖਿਆ ਦੀ ਗੁਰਬਾਣੀ ਵਿੱਚ ਥਾਂ-ਥਾਂ ਪ੍ਰੇਰਣਾ ਕੀਤੀ ਹੈ, ਕਿਉਂਕਿ ਗੁਰੂ ਦੀ ਸਿਖਿਆ ਵਿੱਚ ਦੋ ਗੱਲਾਂ ਪ੍ਰਮੁੱਖ ਹਨ—ਨਾਮ ਅਤੇ ਗਿਆਨ। ਜਿਸ ਭਗਤੀ ਤੋਂ ਬਿਨਾਂ ਸਾਰਾ ਸੰਸਾਰ ਡੁੱਬ ਰਿਹਾ ਹੈ। ਜੈਸਾ ਕਿ :

**ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥**

[ਗਉੜੀ ਸੁਖਮਨੀ ਮਹਲਾ ੫, ਅੰਗ ੨੮੮]

ਸੋ, ਇਸ ਲਈ ਗੁਰੂ ਅਮਰਦਾਸ ਜੀ ਮੁਖਵਾਕ ਦੀ ਉਪਰੋਕਤ ਤੁਕ ਵਿੱਚ ਸਤਿਗੁਰੂ ਦੀ ਸਿਖਿਆ ਦਾ ਜ਼ਿਕਰ ਕਰਦੇ ਹਨ ਕਿ ਜਿਸ ਨੂੰ ਸਤਿਗੁਰੂ ਦੀ ਸਿਖਿਆ ਪ੍ਰਾਪਤ ਹੋ ਜਾਵੇ, ਉਹ ਜੰਮਣ-ਮਰਣ ਤੋਂ ਰਹਿਤ ਹੋ ਕੇ ਸਤਿਗੁਰੂ ਵਿੱਚ ਸਮਾਅ ਜਾਂਦਾ ਹੈ। ਇਸੇ ਸਿਧਾਂਤ ਪਰ ਇਤਿਹਾਸ ਵਿੱਚ ਇੱਕ ਸਾਖੀ ਭਾਈ ਪਾਰੋ ਜੀ ਦੀ ਇਸ ਪ੍ਰਕਾਰ ਮਿਲਦੀ ਹੈ।

**ਸਾਖੀ—ਭਾਈ ਪਾਰੋ ਜੀ ਦੀ—**ਭਾਈ ਪਾਰੋ ਜੁਲਕਾ ਖੱਤ੍ਰੀਆਂ ਦੀ ਵੰਸ਼ ਵਿੱਚ ਡੱਲੇ ਗ੍ਰਾਮ ਦੇ ਵਸਣ ਵਾਲਾ ਗੁਰੂ ਅੰਗਦ ਦੇਵ ਜੀ ਦਾ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਗੁਰੂ ਵਲੋਂ ਪਰਮਹੰਸ ਦੀ ਪਦਵੀ ਪ੍ਰਾਪਤ ਹੋਈ। ਜੈਸਾ ਕਿ :

**ਅੰਤਰਯਾਮੀ ਗੁਰ ਨੇ ਜਾਨਾ। 'ਪਰਮ ਹੰਸ' ਤਿਸ ਨਾਮ ਬਖਾਨਾ।**
**ਪੂਰਨ ਗਯਾਨ ਰਿਦੇ ਹੁਇ ਆਵਾ। ਏਕ ਰੂਪ ਸਭਿ ਜਗ ਦ੍ਰਿਸ਼ਟਾਵਾ॥੮॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭]

ਸੋ, ਐਸੀ ਕਿਰਪਾ ਕਰਕੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪਨਾ ਕੀਤਾ ਅਤੇ ਮੰਜੀ ਬਖ਼ਸ਼ੀ ਹੁਕਮ ਕੀਤਾ ਕਿ ਜੋ ਗਿਆਨ ਭਾਈ ਪਾਰੋ ਤੂੰ ਪ੍ਰਾਪਤ ਕੀਤਾ ਹੈ, ਉਹ ਸੰਸਾਰ ਵਿੱਚ ਵੰਡ, ਕਿਉਂਕਿ ਗੁਰਮਤਿ ਵਿੱਚ ਨਾਮ ਜਪਣ ਦੇ ਨਾਲ ਜਪਾਉਣ ਦੀ ਵੀਚਾਰ ਬਰਾਬਰ ਚਲੀ ਆ ਰਹੀ ਹੈ। ਸੋ, ਗਿਆਨ ਪ੍ਰਾਪਤ ਕਰਨ ਦੇ ਨਾਲ ਗਿਆਨ ਪ੍ਰਾਪਤ ਕਰਾਉਣ ਦੀ ਗੱਲ ਵੀ ਬਰਾਬਰ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਭਾਈ ਨਰੈਣ ਦਾਸ, ਇਸੇ ਭਾਈ ਪਾਰੋ ਦੀ ਵੰਸ਼ ਵਿੱਚੋਂ ਸੀ। ਸਭ ਤੋਂ ਪਹਿਲਾਂ ਵਿਸਾਖੀ ਦਾ ਮੇਲਾ ਗੁਰੂ ਅਮਰਦਾਸ ਜੀ ਤੋਂ ਆਗਿਆ ਲੈ ਕੇ ਇਹੀ ਭਾਈ ਪਾਰੋ ਹੈ, ਜਿਸਨੇ ਪ੍ਰਚਲਿਤ ਕਰਵਾਇਆ। ਇਸ ਤੋਂ ਪਹਿਲਾਂ ਕੋਈ ਖ਼ਾਸ ਮੇਲਾ ਨਹੀਂ ਸੀ ਗੁਰੂ ਘਰ ਵਿੱਚ ਭਰਦਾ। ਸਾਲ ਬਾਅਦ ਸੰਗਤਾਂ ਦੇ ਭਾਰੀ ਇਕੱਠ ਇਸੇ ਭਾਈ ਪਾਰੋ ਜੀ ਦੀ ਪ੍ਰੇਰਨਾ ਨਾਲ ਹੋਣ ਲੱਗੇ। ਸੋ ਡੱਲੇ ਗ੍ਰਾਮ ਵਿੱਚ ਰਹਿੰਦਿਆਂ ਸਤਿਗੁਰਾਂ ਦੇ ਦਰਸ਼ਨਾਂ ਨੂੰ ਨਿਯਮ ਨਾਲ ਜਾਇਆ ਕਰਦੇ, ਘਾਲਣਾ ਘਾਲਦਿਆਂ ਬਿਰਧ ਅਵਸਥਾ ਹੋ ਆਈ। ਰਿੱਧੀਆਂ-ਸਿੱਧੀਆਂ ਹਾਜ਼ਰ ਸਨ, ਪਰ ਉਨ੍ਹਾਂ ਵੱਲ ਕਦੇ ਭਾਈ ਸਾਹਿਬ ਰੁਚੀ ਨਹੀਂ ਸਨ ਕਰਦੇ। ਨਾਮ ਵਿੱਚ ਹੀ ਬਿਰਤੀ ਜੁੜੀ ਰਹਿੰਦੀ। ਇਨ੍ਹਾਂ ਦੇ ਸਰੀਰ ਦੀ ਬਿਰਧ ਹਾਲਤ ਨੂੰ ਵੇਖ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਭਾਈ ਸਾਹਿਬ ਘੋੜੀ ਉੱਤੇ ਚੜ੍ਹ ਕੇ ਆਇਆ ਕਰੋ। ਤੁਹਾਡਾ ਸਰੀਰ ਬਹੁਤ ਬਿਰਧ ਹੋ ਚੁੱਕਾ ਹੈ। ਸੋ, ਭਾਈ ਸਾਹਿਬ ਘੋੜੀ 'ਤੇ ਦਰਸ਼ਨ ਕਰਨ ਲਈ ਆਉਣ ਲੱਗੇ। ਇੱਕ ਦਿਨ ਭਾਈ ਸਾਹਿਬ ਨੇ ਦੇਖਿਆ ਕਿ ਘੋੜੀ ਦੇ ਪੈਰਾਂ ਹੇਠ ਆ ਕੇ ਬਹੁਤ ਸਾਰੇ ਕੀੜੇ ਮਰਦੇ ਹਨ। ਆਪਣੇ ਦਇਆਵਾਨ ਸੁਭਾਵ ਦੇ ਅਨੁਸਾਰ। ਜੈਸਾ ਕਿ :

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥** [ਮਾਂਝ ਮਹਲਾ ੫, ਅੰਗ ੧੩੬]

ਭਾਈ ਸਾਹਿਬ ਨੇ ਕੀੜਿਆਂ ਨੂੰ ਬਚਾਉਣ ਦੀ ਖਾਤਰ ਘੋੜੀ ਨੂੰ ਹੁਕਮ ਦਿੱਤਾ ਕਿ ਹੁਣ ਤੂੰ ਜ਼ਮੀਨ 'ਤੇ ਨਹੀਂ ਆਕਾਸ਼ ਮਾਰਗ ਰਾਹੀਂ ਚੱਲਣਾ ਕਰ। ਭਾਵੇਂ ਇਹੋ ਜਿਹੀਆਂ ਕਰਾਮਾਤਾਂ ਤੋਂ ਭਾਈ ਸਾਹਿਬ ਜੀ ਬਹੁਤ ਸੰਕੋਚ ਕਰਦੇ ਸਨ, ਪਰ ਦਇਆਵਾਨ ਸੁਭਾਅ ਨੇ ਮਜਬੂਰ ਕਰ ਦਿੱਤਾ। ਸੋ ਐਸੀ ਕਰਾਮਾਤ ਪ੍ਰਗਟ ਹੋ ਗਈ। ਜੈਸਾ ਕਿ :

**ਇਕ ਦਿਨ ਚਢਯੋ ਤੁਰੰਗਨਿ ਆਵੈ। ਨਹਿਂ ਅਵਨੀ ਪਰ ਪਾਇਂ ਟਿਕਾਵੈ।**
**ਗਤਿ ਬਿਹੰਗ ਕੀ ਬੜਵਾ ਚਾਲਹਿ। ਕਰਾਮਾਤ ਕੇ ਸਹਿਤ ਬਿਸਾਲਹਿ॥੧੨॥**

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭]

ਸੋ, ਉਧਰ ਭਾਈ ਪਾਰੋ ਜੀ ਜਦੋਂ ਆਕਾਸ਼ ਮਾਰਗ ਨੂੰ ਜਾ ਰਹੇ ਸਨ। ਦਿੱਲੀ ਤੋਂ ਨਵਾਬ ਹਾਥੀ ਦੀ ਸਵਾਰੀ 'ਤੇ ਬੈਠਾ ਆ ਰਿਹਾ ਸੀ, ਦੇਖ ਕੇ ਬੜਾ ਅਸਚਰਜ ਹੋ ਗਿਆ। ਬੜੀ ਜਲਦੀ ਭਾਈ ਸਾਹਿਬ ਦੇ ਅੱਗੇ ਜਾ ਖੜਿਆ ਤੇ ਦਰਸ਼ਨ ਦੇਣ ਲਈ ਬੇਨਤੀ ਕੀਤੀ ਕਿ ਸਤਿਪੁਰਸ਼ੋ ਮੈਨੂੰ ਦਰਸ਼ਨ ਦਿਓ। ਇਤਨਾ ਪ੍ਰਭਾਵਿਤ ਹੋਇਆ ਕਿ ਭਾਈ ਪਾਰੋ ਦੇ ਪੈਰਾਂ 'ਤੇ ਆਪਣਾ ਸਿਰ ਰੱਖ ਕੇ ਕਿਹਾ ਕਿ ਮੇਰੇ 'ਤੇ ਕਿਰਪਾ ਕਰੋ। ਜਦੋਂ ਭਾਈ ਪਾਰੋ ਨੇ ਕਿਰਪਾ ਦ੍ਰਿਸ਼ਟੀ ਕੀਤੀ, ਮਨ ਵਿੱਚੋਂ ਸਾਰੇ ਵਿਕਾਰ ਖ਼ਤਮ ਹੋ ਗਏ ਤੇ ਹਿਰਦੇ ਵਿੱਚ ਪ੍ਰਮੇਸ਼ਰ ਦਾ ਪਿਆਰ ਜਾਗਿਆ। ਜੋ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ। ਜੈਸਾ ਕਿ :

**ਅਧਿਕ ਰਿਦੈ ਤਿਹ ਪ੍ਰੇਮ ਪ੍ਰਕਾਸ਼ਾ। ਮਨ ਤੇ ਭਯੋ ਬਿਕਾਰ ਬਿਨਾਸ਼ਾ॥**
**ਹਾਥ ਜੋੜਿ ਕੈ ਤਾਂਹਿ ਉਚਾਰਾ। ਅਹੋ ਵਲੀ! ਕਯਾ ਨਾਮ ਤੁਮਾਰਾ ?॥੧੫॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭]

ਤਾਂ ਭਾਈ ਪਾਰੋ ਜੀ ਨੂੰ ਕਿਹਾ ਕਿ ਤੁਹਾਡਾ ਨਾਮ ਕੀ ਹੈ। ਤਾਂ ਭਾਈ ਸਾਹਿਬ ਨੇ ਕਿਹਾ ਕਿ ਮੇਰਾ ਨਾਮ ਪਾਰੋ ਹੈ, ਗੁਰੂ ਦਰਸ਼ਨਾ ਲਈ ਗੋਇੰਦਵਾਲ ਜਾ ਰਿਹਾ ਹਾਂ। ਨਵਾਬ ਨੇ ਸੁਣ ਕੇ ਮਨ ਵਿੱਚ ਭਰੋਸਾ ਧਾਰ ਕੇ ਕਿਹਾ ਕਿ ਜਿਥੇ ਤੁਹਾਡਾ ਪੀਰ ਮੁਰਸ਼ਦ ਹੈ, ਮੈਨੂੰ ਵੀ ਨਾਲ ਲੈ ਚੱਲੋ ਤੇ ਦਰਸ਼ਨ ਕਰਵਾ ਦਿਓ। ਧੰਨ ਹੈ ਉਹ ਗੁਰੂ ਜਿਸਦੇ ਤੁਸੀਂ ਸਿੱਖ ਹੋ। ਤੇ ਭਾਈ ਪਾਰੋ ਜੀ ਨੇ ਕਿਹਾ ਕਿ ਜੇ ਗੁਰੂ ਦੇ ਦਰਸ਼ਨਾਂ ਲਈ ਜਾਣਾ ਹੈ ਤਾਂ ਇਹ ਪਾਤਿਸਾਹੀ ਮਾਣ ਤਿਆਗ ਕੇ ਨਿਮਾਣੇ ਹੋ ਕੇ ਚੱਲੋ, ਗੁਰੂ ਨਿਮਾਣਿਆਂ ਦਾ ਮਾਣ ਹੈ। ਨਵਾਬ ਨੇ ਆਪਣੇ ਪੁੱਤਰ ਨੂੰ ਫ਼ੌਜ ਦੀ ਕਮਾਂਡ ਸੰਭਾਲ ਕੇ ਸ਼ਰਧਾ ਸਹਿਤ ਭਾਈ ਪਾਰੋ ਜੀ ਦੇ ਨਾਲ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਬੜੇ ਪ੍ਰਸੰਨ ਹੋਏ, ਆਪਣੀ ਰਸਨਾ ਤੋਂ ਕਿਹਾ। ਜੈਸਾ ਕਿ :

**ਪਾਰੋ ਧੰਨ ਧੰਨ ਉਪਕਾਰੀ। ਤਰਹੁ ਆਪ ਅਪਰਨ ਦੇ ਤਾਰੀ॥...੨੧॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭]

ਭਾਈ ਪਾਰੋ ਜੀ ਨੇ ਸਾਰਾ ਪ੍ਰਸੰਗ ਕਹਿ ਸੁਣਾਇਆ ਕਿ ਨਵਾਬ ਆਪ ਜੀ ਦੀ ਬਖ਼ਸ਼ੀ ਹੋਈ ਸ਼ਕਤੀ ਤੋਂ ਪ੍ਰਭਾਵਿਤ ਹੋਇਆ, ਜਦੋਂ ਘੋੜੀ ਆਕਾਸ਼ ਮਾਰਗ ਨੂੰ ਜਾਂਦੀ ਵੇਖੀ। ਤਾਂ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਭਾਈ ਪਾਰੋ! ਮੇਰੇ ਪਾਸ ਆਉਣਾ ਕਰੋ। ਭਾਈ ਪਾਰੋ ਜੀ ਨੂੰ ਇਕੱਲਿਆਂ ਨੂੰ ਕੋਲ ਬਿਠਾ ਕੇ ਇਕਾਂਤ ਵਿੱਚ ਬਚਨ ਕਰਨ ਲੱਗੇ ਕਿ ਭਾਈ ਪਾਰੋ! ਹੁਣ ਆਪਣਾ ਦੋਹਾਂ ਦਾ ਅੰਦਰੋਂ ਇੱਕ ਸਰੂਪ ਹੋ ਗਿਆ ਹੈ, ਹੁਣ ਆਪਾਂ ਦੋ ਸਰੀਰ ਰੱਖ ਕੇ ਕੀ ਕਰਨੇ ਹਨ? ਮੇਰੇ ਮਨ ਵਿੱਚ ਐਸੀ ਵਿਚਾਰ ਆਈ ਹੈ ਕਿ ਮੈਂ ਆਪਣਾ ਸਰੀਰ ਤਿਆਗ ਕੇ ਜਗਤ ਦੇ ਰਹਿੰਦੇ ਕੰਮ ਤੇਰੇ ਸਰੀਰ ਵਿੱਚ ਬੈਠ ਕੇ ਕਰਾਂ ਤੇ ਆਪਣੇ ਥਾਂ 'ਤੇ ਤੈਨੂੰ ਗੁਰੂ ਬਣਾਂ ਦਿਆਂ। ਜੈਸਾ ਕਿ :

**ਮਨ ਮੇਰੇ ਮਹਿਂ ਅਬ ਇਮ ਆਵੈ। ਗੁਰਤਾ ਗਾਦੀ ਤੋਹਿ ਬਿਠਾਵੈਂ॥੩॥**

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੬]

ਸੋ, ਇਉਂ ਗੁਰਤਾ ਗੱਦੀ ਪ੍ਰਾਪਤ ਕਰਕੇ ਸੰਸਾਰ ਉੱਤੇ ਪਰਉਪਕਾਰ ਕਰੋ। ਇਹ ਸੁਣ ਕੇ ਭਾਈ ਪਾਰੋ ਜੀ ਨੇ ਹੱਥ ਜੋੜ ਲਏ, ਬੈਰਾਗ ਵਿੱਚ ਨੇਤਰ ਭਰ ਕੇ ਕਹਿਣ ਲੱਗੇ। ਜੈਸਾ ਕਿ :

**ਕਰ ਜੋਰੇ ਪਾਰੋ ਪਗ ਪਰਯੋ॥ 'ਤ੍ਰਾਹਿ ਤ੍ਰਾਹਿ ਕਰਿ ਬਚਨ ਉਚਰਯੋ॥੫॥**
**ਪ੍ਰਭੁ ਜੀ ਗੁਰਸਿੱਖੀ ਮੁਝਿ ਭਾਵੈ। ਗੁਰਿਆਈ ਸਤਿਗੁਰਹਿਂ ਸੁਹਾਵੈ।**
**ਮੁਝ ਪਰ ਕ੍ਰਿਪਾ ਦ੍ਰਿਸ਼ਟਿ ਕਹੁ ਧਰੀਐ। ਗੁਰ ਸਿਖੀ ਪਦ ਬਖ਼ਸ਼ਨ ਕਰੀਐ॥੬॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੬]

ਇਹ ਕਹਿ ਕੇ ਭਾਈ ਪਾਰੋ ਨੇ ਗੁਰੂ ਦੇ ਚਰਨ ਫੜ ਲਏ ਤੇ ਕਿਹਾ ਕਿ ਮਹਾਰਾਜ! ਮੈਨੂੰ ਬਖ਼ਸ਼ ਲੈਣਾ, ਮੈਂ ਆਪ ਜੀ ਦੀ ਆਗਿਆ ਮੋੜੀ ਹੈ। ਇਹ ਬੇਨਤੀ ਸੁਣ ਕੇ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਜੇ ਤੇਰਾ ਸਿੱਖੀ 'ਤੇ ਹੀ ਮਨ ਮੰਨਿਆ ਹੈ ਤਾਂ ਜਲਦੀ ਆਪਣੇ ਘਰ ਜਾਵੋ, ਆਪਣਾ ਸਰੀਰ ਤਿਆਗ ਦਿਓ। ਦੇਰ ਨਹੀਂ ਕਰਨੀ, ਮੈਂ ਤਾਂ ਸੋਚਿਆ ਸੀ ਕਿ ਮੈਂ ਸਰੀਰ ਤਿਆਗ ਕੇ ਤੇਰੇ ਸਰੀਰ ਵਿੱਚ ਸਮਾਵਾ, ਪਰ ਜੇ ਤੈਨੂੰ ਐਸਾ ਪਸੰਦ ਨਹੀਂ ਹੈ ਤਾਂ ਹੁਣ ਤੂੰ ਸਰੀਰ ਤਿਆਗ ਕੇ ਮੇਰੇ ਵਿੱਚ ਸਮਾਅ ਜਾ। ਜੈਸਾ ਕਿ :

**ਜੇ ਕਰ ਸਿੱਖੀ ਮਹਿਂ ਮਨ ਮਾਨਾ॥੭॥**
**ਸਦਨ ਆਪਨੇ ਅਬਿ ਚਲ ਜਾਵਹੁ। ਤਨ ਤਜਾਗਹੁ, ਨਹਿਂ ਬਿਲਮ ਲਗਾਵਹੁ॥**
**ਮਮ ਚਰਨਨ ਮਹਿਂ ਤੇਰੀ ਪ੍ਰੀਤਿ। ਮੋ ਮਹਿਂ ਮਿਲੋ ਆਨੁ ਸਿਖ ਮੀਤ॥੮॥**

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੬]

ਸੋ, ਇਹ ਸੁਣ ਕੇ ਭਾਈ ਪਾਰੋ ਜੀ ਆਪਣੇ ਨਿਵਾਸ 'ਤੇ ਪਹੁੰਚੇ। ਘਰ ਦਾ ਸਾਰਾ ਪਦਾਰਥ ਅਧਿਕਾਰੀਆਂ ਨੂੰ ਵੰਡ ਦਿੱਤਾ। ਇੱਕ ਘੋੜੀ, ਸੁੰਦਰ ਵਸਤਰ, ਮਾਇਆ ਆਦਿ ਵਸਤਾਂ ਇਹ ਕਹਿ ਕੇ ਦਿੱਤੀਆਂ ਕਿ ਗੁਰੂ ਨੂੰ ਸੌਂਪ ਦੇਣੀਆਂ। ਸੋ ਇਉਂ ਕਹਿ ਕੇ ਜਿਵੇਂ ਹਾਥੀ ਫੁਲਾਂ ਦੀ ਮਾਲਾ ਲਾਹ ਕੇ ਸੁੱਟ ਦਿੰਦਾ ਹੈ, ਸਰੀਰ ਤਿਆਗ ਗਏ। ਅਤੇ ਸਤਿਗੁਰੂ ਜੀ ਦੇ ਸਰੂਪ ਵਿੱਚ ਸਮਾਅ ਗਏ। ਸਤਿਗੁਰੂ ਜੀ ਦੇ ਹੁਕਮ ਵਿੱਚ ਗੁਰੂ ਪੁੱਤਰ ਮੋਹਰੀ ਜੀ ਨੇ ਛੇ ਸਿੱਖਾਂ ਨੂੰ ਨਾਲ ਲਿਜਾ ਕੇ ਭਾਈ ਸਾਹਿਬ ਦੀ ਸਾਰੀ ਅੰਤਿਮ ਕਿਰਿਆ ਕਰਵਾਈ। ਘੋੜੀ, ਵਸਤਰ ਤੇ ਮਾਇਆ ਭਾਈ ਪਾਰੋ ਦੀ ਭੇਟਾ ਗੁਰੂ ਚਰਨਾਂ ਵਿੱਚ ਲਿਆ ਰੱਖੀ, ਜੋ ਗੁਰੂ ਸਾਹਿਬ ਜੀ ਨੇ ਆਪਣੇ ਪੂਰਨ ਸੇਵਕ ਗੁਰੂ ਰਾਮਦਾਸ ਜੀ ਨੂੰ ਅਰਪਣ ਕੀਤੀਆਂ। ਇਉਂ ਭਾਈ ਪਾਰੋ ਦੀ ਸਾਖੀ ਦਾ ਸਿਧਾਂਤ "ਸਤਿਗੁਰ ਜੀ ਜਿਸਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥" ਦੀ ਤੁਕ ਦਾ ਅਰਥ ਸਪੱਸ਼ਟ ਕਰਦਾ ਹੈ।

## *ਇਹ ਬਾਣੀ ਜੋ ਜੀਅਹੁ ਜਾਣੈ; ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥*

ਇਸ ਗੁਰਬਾਣੀ ਨੂੰ, ਵਾ—ਉਪਦੇਸ਼ ਰੂਪ ਬਾਣੀ ਨੂੰ ਜੋ ਆਪਣੇ ਮਨ ਤੋਂ ਜਾਣਦਾ ਹੈ, ਉਸ ਦਾ ਅੰਤਸ਼ਕਰਣ ਹਰੀ, ਵਾਹਿਗੁਰੂ ਪ੍ਰਮੇਸ਼ਰ ਦੇ ਨਾਮ ਨੂੰ ਰਵੈ=ਉਚਰਦਾ ਹੈ। ਵਾ—ਉਸਨੇ ਹਿਰਦੇ ਵਿੱਚ ਹਰੀ ਨਾਮ ਨੂੰ ਉਚਾਰਨ ਕੀਤਾ ਹੈ॥੧॥ਰਹਾਉ॥ ਜੈਸਾ ਕਿ :

**੧. ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮ ਪਾਇਦਾ॥੩॥**

[ਮਾਰੂ ਮਹਲਾ ੩, ਅੰਗ ੧੦੬੬]

**੨. ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥**

[ਗੂਜਰੀ ਮਹਲਾ ੪, ਅੰਗ ੪੯੪]

**੩. ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥**

[ਗੂਜਰੀ ਮਹਲਾ ੪, ਅੰਗ ੪੯੪]

**੪. ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥੧੪॥**

[ਮਾਰੂ ਮਹਲਾ ੧, ਅੰਗ ੧੦੨੮]

**੫. ਗੁਰ ਕੀ ਬਾਣੀ ਨਾਮਿ ਵਜਾਏ॥ ਨਾਨਕ ਮਹਲੁ ਸਬਦਿ ਘਰੁ ਪਾਏ॥**

[ਆਸਾ ਮਹਲਾ ੩, ਅੰਗ ੩੬੨]

## ਚਹੁ ਜੁਗਾ ਕਾ ਹੁਣਿ ਨਿਬੇੜਾ; ਨਰ ਮਨੁਖਾ ਨੋ ਏਕੁ ਨਿਧਾਨਾ ॥

ਹੁਣ ਚਹੁ=ਚਾਰੇ ਜੁਗਾਂ ਦਾ ਨਿਬੇੜਾ=ਫੈਸਲਾ ਕਰਨ ਲਈ ਨਰ=ਪੁਰਸ਼ਾਂ ਨੂੰ ਮਨੁਖਾ=ਇਸਤਰੀਆਂ ਨੂੰ ਏਕੁ=ਇੱਕ ਨਾਮ ਰੂਪ ਨਿਧਾਨਾ=ਖ਼ਜ਼ਾਨਾ ਮਿਲਿਆ ਹੈ। ਸੰਸਕ੍ਰਿਤ ਵਿੱਚ ਮਾਨੁੱਖਜੀ ਤੋਂ ਮਨੁਖਾ-ਇਸਤਰੀ ਪਦ ਹੈ। ਮਨੁੱਖ ਦੇ ਘਰਵਾਲੀ ਮਨੁੱਖਾ ਭਾਵ ਇਸਤਰੀ ਹੈ। ਜੋ ਮਨੁੱਖ ਨੇ ਖਾ=ਧਾਰਨ ਕੀਤੀ ਹੋਵੇ, ਸੋ ਕਹੀਏ ਮਨੁੱਖਾ ਭਾਵ ਇਸਤਰੀ। **ਨੋਟ** :—ਮਨੁਖਾ ਪਾਠ ਨੂੰ ਅੱਧਕ ਰਹਿਤ ਭਾਵ ਪੋਲਾ ਉਚਾਰਨ ਕਰਨਾ।

## ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ; ਕਲਿ ਮਹਿ ਕੀਰਤਿ ਹਰਿ ਨਾਮਾ ॥੨॥

ਜੋ ਜਤ (ਸਤਿ) ਸੰਜਮ ਆਦਿਕ ਸਾਧਨਾਂ ਦਾ ਕਰਨਾ ਹੈ ਤੇ ਤੀਰਥ ਇਸ਼ਨਾਨ ਕਰਨੇ ਹਨ, ਇਹ ਤਾਂ ਉਨ੍ਹਾਂ ਪਿਛਲਿਆਂ ਜੁਗਾਂ ਦਾ ਧਰਮ ਹੈ ਕਲਿ=ਕਲਿਜੁਗ ਮਹਿ=ਵਿੱਚ ਹਰਿ=ਹਰੀ ਵਾਹਿਗੁਰੂ ਪ੍ਰਮੇਸ਼ਰ ਦਾ ਕੀਰਤਿ=ਕੀਰਤਨ ਕਰਨਾ ਹੀ ਸਭ ਤੋਂ ਸ੍ਰੇਸ਼ਟ ਸਾਧਨ ਹੈ॥੨॥ ਜੈਸਾ ਕਿ :

੧. **ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥** [ਵਾਰ ਰਾਮਕਲੀ ਮਹਲਾ ੫, ਅੰਗ ੯੬੨]

੨. **ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥** [ਬਸੰਤ ਮਹਲਾ ੫, ਅੰਗ ੧੧੮੫]

## ਜੁਗਿ ਜੁਗਿ ਆਪੋ ਆਪਣਾ ਧਰਮੁ ਹੈ; ਸੋਧਿ ਦੇਖਹੁ ਬੇਦ ਪੁਰਾਨਾ ॥

ਜੁਗਾਂ ਜੁਗਾਂ ਵਿੱਚ ਆਪੋ ਆਪਣਾ ਧਰਮ ਹੀ ਸ੍ਰੇਸ਼ਟ ਮੰਨਿਆ ਹੈ, ਬੇਸ਼ਕ ਚਾਰ ਬੇਦਾਂ ਅਤੇ ਅਠਾਰਾਂ ਪੁਰਾਣਾਂ ਨੂੰ ਸੋਧਿ=ਵੀਚਾਰ ਕੇ ਦੇਖ ਲਵੋ। ਜੈਸਾ ਕਿ :

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮੁ ਅਧਾਰ ॥** [ਗਉੜੀ ਰਵਿਦਾਸ ਜੀ, ਅੰਗ ੩੪੬]

## ਗੁਰਮੁਖਿ ਜਿਨੀ ਧਿਆਇਆ ਹਰਿ ਹਰਿ; ਜਗਿ ਤੇ ਪੂਰੇ ਪਰਵਾਨਾ ॥੩॥

ਜਿਨ੍ਹਾਂ ਨੇ ਗੁਰੂ ਦੇ ਮੁਖ ਤੋਂ ਉਪਦੇਸ਼ ਸ੍ਰਵਣ ਕਰਕੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ ਉਹ ਪੂਰੇ ਪੁਰਖ ਸੰਸਾਰ ਵਿੱਚ ਵਾਹਿਗੁਰੂ ਨੇ ਪ੍ਰਮਾਣਨੀਕ ਕੀਤੇ ਹਨ॥੩॥

## ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ; ਚੂਕੈ ਮਨਿ ਅਭਿਮਾਨਾ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਜਗਿਆਸੂ ਸੱਚੇ ਨਾਮ ਨਾਲ ਪ੍ਰੀਤ ਲਗਾਵੇ ਤਾਂ ਮਨ ਤੋਂ ਦੇਹ ਆਦਿਕਾਂ ਦਾ ਅਭਿਮਾਨ ਚੂਕੈ=ਦੂਰ ਹੁੰਦਾ ਹੈ।

## ਕਹਤ ਸੁਣਤ ਸਭੇ ਸੁਖ ਪਾਵਹਿ; ਮਾਨਤ ਪਾਹਿ ਨਿਧਾਨਾ ॥੪॥੪॥

ਨਾਮ ਨੂੰ ਕਹਿਣ ਵਾਲੇ, ਭਾਵ ਜਪਣ ਵਾਲੇ ਅਤੇ ਸੁਣਨ ਵਾਲੇ ਸੰਪੂਰਨ ਸੁਖ=ਅਨੰਦ ਨੂੰ ਪਾਉਂਦੇ ਹਨ ਅਤੇ ਨਾਮ ਨੂੰ ਮੰਨਣ ਵਾਲੇ ਨਿਧੀਆਂ ਦੇ ਖ਼ਜ਼ਾਨੇ ਪ੍ਰਮੇਸ਼ਰ ਨੂੰ ਪਾਹਿ=ਪ੍ਰਾਪਤ ਕਰਦੇ ਹਨ॥੪॥੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੪ [ਆਦਿ ਅੰਗ ੭੯੯]

***ਬਿਲਾਵਲੁ ਮਹਲਾ ੪ ॥ ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥ ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥ ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥ ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ਰਹਾਉ॥ ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥ ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥ ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥ ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥ ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥***

## ***ਬਿਲਾਵਲੁ ਮਹਲਾ ੪ ॥***

ਬਿਲਾਵਲ ਰਾਗ ਵਿੱਚ ਸਤਿਗੁਰੂ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਰੂਪ ਉਪਦੇਸ਼ ਹੈ। ਜਿਸ ਵਿੱਚ ਸਿੱਖ ਸੰਗਤਾਂ ਦੇ ਕਲਿਆਣ ਵਾਸਤੇ ਕਥਾ ਦੀ ਪ੍ਰੇਰਨਾ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ :

## ***ਆਵਹੁ ਸੰਤ ਮਿਲਹੁ ਮੇਰੇ ਭਾਈ; ਮਿਲਿ ਹਰਿ ਹਰਿ ਕਥਾ ਕਰਹੁ ॥***

ਹੇ ਮੇਰੇ ਭਾਈ ਸੰਤ ਜਨਹੁ ! ਸਤਿਸੰਗਤ ਵਿੱਚ ਆਵਹੁ=ਆਉਣਾ ਕਰੋ। ਜਿਸ ਵਿੱਚ ਸੰਤ=ਸ਼ਾਂਤ ਆਤਮਾ ਕਮਾਈ ਵਾਲੇ ਗੁਰਸਿੱਖ ਸੁਸ਼ੋਭਿਤ ਹਨ। ਉਨ੍ਹਾਂ ਨਾਲ ਮਿਲਹੁ=ਮਿਲਾਪ ਕਰਕੇ ਗੁਰੂ ਦੀ ਬਾਣੀ ਵਿੱਚ ਮਨ ਨੂੰ ਮਿਲਿ=ਮਿਲਾ ਕੇ ਭਾਈ=ਪ੍ਰੇਮ ਪੂਰਵਕ ਹਰੀ ਪ੍ਰਮੇਸ਼ਰ ਵਾਹਿਗੁਰੂ ਦੀ ਹਰ ਤਰ੍ਹਾਂ ਕਰਕੇ ਸੁਖੀ ਕਰਨ ਵਾਲੀ ਕਥਾ ਕਰਨਾ ਕਰਹੁ=ਕਰੋ। ਕਿਉਂਕਿ ਗੁਰਮਤਿ ਵਿੱਚ ਸਰਬ-ਸ੍ਰੇਸ਼ਟ ਕਰਮ ਪ੍ਰਮੇਸ਼ਰ ਵਾਹਿਗੁਰੂ ਦੀ ਕਥਾ ਹੈ। ਕਥਾ ਅਤੇ ਕੀਰਤਨ ਨੂੰ ਗੁਰੂ ਘਰ ਵਿੱਚ ਪ੍ਰਧਾਨ ਕਰਮ ਮੰਨਿਆ ਹੈ। ਕਿਉਂਕਿ ਜਿਤਨੀ ਜਲਦੀ ਮਨ ਕਥਾ ਕੀਰਤਨ ਵਿੱਚ ਇਕਾਗਰ ਹੁੰਦਾ ਹੈ, ਉਤਨਾ ਜਲਦੀ ਹੋਰ ਕਿਸੇ ਕਰਮ ਵਿੱਚ ਨਹੀਂ ਹੁੰਦਾ। ਜਨਮਾਂ ਜਨਮਾਂਤਰਾਂ ਦੀ ਮੈਲ ਜੋ ਪਾਪਾਂ ਦੀ ਮਨ ਨੂੰ ਲੱਗੀ ਹੁੰਦੀ ਹੈ ਉਹ ਕਥਾ ਕੀਰਤਨ ਦਾ ਸਾਬਣ ਹੀ ਮਨ ਦੀ ਮੈਲ ਨੂੰ ਲਾਹੁਣ ਵਾਲਾ ਹੈ। ਜੈਸਾ ਕਿ ਸਤਿਗੁਰੂ ਜੀ ਉਚਾਰਨ ਕਰਦੇ ਹਨ।

**ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥** [ਗਉੜੀ ਮਹਲਾ ੫, ਅੰਗ ੧੭੮]

ਪ੍ਰਮੇਸ਼ਰ ਵਾਹਿਗੁਰੂ ਦੇ ਗੁਣ ਗਾਉਣ ਨਾਲ ਨਾਸਤਕ ਭਾਵਨਾ ਵਿੱਚ ਸੁੱਕਿਆ ਹੋਇਆ ਮਨ ਪ੍ਰਮਾਤਮਾ ਦੀ ਭਗਤੀ ਵਿੱਚ ਹਰਿਆ ਹੋ ਜਾਂਦਾ ਹੈ ਭਾਵ ਸ਼ੁਭ ਗੁਣਾਂ ਦੀ ਹਰਿਆਵਲਤਾ ਜੀਵ ਵਿੱਚ ਆ ਜਾਂਦੀ ਹੈ ਅਤੇ ਜਨਮਾਂ-ਜਨਮਾਂਤਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਜੈਸਾ ਕਿ :

**ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ ਮਲੁ ਸਗਲੀ ਖੋਵੈ ॥** [ਮਾਂਝ ਮਹਲਾ ੫, ਅੰਗ ੧੦੪]

ਸੋ ਇੱਕ ਜਗ੍ਹਾਂ ਮਹਾਰਾਜ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਸੰਤ ਰੂਪ ਸਖੀਓ। ਸਤਿਸੰਗਤ ਦੇ ਮੇਲ ਵਿੱਚ ਆਪਣੇ-ਆਪ ਨੂੰ ਮਿਲਾ ਕੇ ਕਥਾ ਦੁਆਰਾ ਨਾਮ ਦਾ ਲਾਹਾ ਪ੍ਰਾਪਤ ਕਰੋ। ਜੈਸਾ ਕਿ :

**ਆਉ ਸਖੀ ਹਰਿ ਮੇਲਿ ਮਿਲਾਹਾ ॥ ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥**

[ਜੈਤਸਰੀ ਮਹਲਾ ੪, ਅੰਗ ੬੯੮]

ਕੰਨਾਂ ਦੇ ਨਾਲ ਜਿਨ੍ਹਾਂ ਨੇ ਵਾਹਿਗੁਰੂ ਦੀ ਕਥਾ ਸੁਣੀ ਹੈ ਉਸ ਕਥਾ ਦੇ ਪ੍ਰਤਾਪ ਨਾਲ ਉਨ੍ਹਾਂ ਦੇ ਮਨ ਨੂੰ ਅਨੰਦ ਪ੍ਰਾਪਤ ਹੋਇਆ ਹੈ। ਦੁੱਖ ਅਤੇ ਰੋਗ ਭਾਵ ਦੁੱਖ ਜੰਮਣ ਮਰਣ ਦਾ ਤੇ ਰੋਗ ਹਉਮੈ ਦਾ ਇਸ ਦੀ ਨਿਵਰਤੀ ਹੋ ਜਾਂਦੀ ਹੈ। ਜੈਸਾ ਕਿ :

**੧. ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥ ਜਾਸੁ ਸੁਨੀ ਮਨਿ ਹੋਏ ਅਨੰਦਾ ਦੂਖ ਰੋਗ ਮਨ ਸਗਲੇ ਲਥਾ॥**

[ਆਸਾ ਮਹਲਾ ੫, ਅੰਗ ੩੮੬]

**੨. ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ॥** [ਸੂਹੀ ਮਹਲਾ ੫, ਅੰਗ ੭੮੧]

ਇਸ ਕਰਕੇ ਸਤਿਗੁਰੂ ਜੀ ਨੇ ਕਥਾ ਦਾ ਮਹਾਤਮ ਸਾਰਿਆਂ ਸਾਧਨਾਂ ਤੋਂ ਉੱਤਮ ਸਾਧਨ ਮੰਨਿਆ ਹੈ। ਜੈਸਾ ਕਿ :

**ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥**

[ਗਉੜੀ ਮਹਲਾ ੫, ਅੰਗ ੨੬੫]

ਗਿਆਨ ਪ੍ਰਾਪਤੀ ਦੇ ਸਾਧਨਾਂ ਵਿੱਚੋਂ ਵਾ ਸ਼ੁਭ ਗੁਣਾਂ ਦੇ ਪੈਦਾ ਕਰਨ ਵਾਲੇ ਸਾਰੇ ਸਾਧਨਾਂ ਵਿੱਚੋਂ ਕਥਾ ਸਾਰਿਆਂ ਤੋਂ ਉੱਤਮ ਸਾਧਨ ਹੈ। ਇਸ ਲਈ ਗੁਰੂ ਰਾਮਦਾਸ ਜੀ ਨੇ ਮੁਖਵਾਕ ਦੀ ਪਹਿਲੀ ਤੁਕ ਵਿੱਚ ਕਥਾ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਹੈ। ਕਥਾ ਭਾਵੇਂ ਨਿਰਗੁਣ ਬ੍ਰਹਮ ਦੀ ਹੈ ਭਾਵੇਂ ਸਰਗੁਣ ਬ੍ਰਹਮ ਦੀ ਹੈ। ਸੋ ਕਥਾ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਵਿੱਚ ਜੋੜਦੀ ਹੈ। ਹਿਰਦੇ ਵਿੱਚ ਵੈਰਾਗ ਬਿਬੇਕ ਤਿਆਗ ਦੀ ਭਾਵਨਾ ਜਾਗ੍ਰਿਤ ਕਰਕੇ ਸੰਸਾਰ ਵਲੋਂ ਜੀਵ ਦਾ ਮੋਹ ਤੋੜ ਕੇ ਪ੍ਰਮਾਤਮਾ ਵਿੱਚ ਜੋੜਨ ਵਾਲੀ ਹੈ।

## *ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ; ਖੇਵਟੁ ਗੁਰ ਸਬਦਿ ਤਰਹੁ ॥੧॥*

ਕਲਜੁਗ ਦੇ ਸਮੇਂ ਵਿੱਚ ਹਰਿ ਹਰਿ ਦਾ ਨਾਮ ਬੋਹਿਥੁ=ਜਹਾਜ਼ ਰੂਪ ਹੈ ਤੇ ਗੁਰੂ ਖੇਵਟੁ=ਮਲਾਹ ਰੂਪ ਹੈ। ਸੰਸਾਰ ਸਮੁੰਦਰ ਰੂਪ ਹੈ ਤੇ ਪਦਾਰਥ ਪਾਣੀ ਰੂਪ ਹਨ, ਤ੍ਰਿਸ਼ਨਾ ਇਸ ਪਾਣੀ ਦੀਆਂ ਲਹਿਰਾਂ ਹਨ, ਮਨ ਦੇ ਫੁਰਨੇ ਤਰੰਗ ਰੂਪ ਹਨ, ਭਰਮ ਦੀਆਂ ਘੁੰਮਣ-ਘੇਰੀਆਂ ਕਾਮ, ਕ੍ਰੋਧ, ਜਲ, ਜੰਤੂ ਹਨ ਸੋ ਐਸੇ ਸੰਸਾਰ-ਸਮੁੰਦਰ ਵਿੱਚ ਗੁਰੂ ਮਲਾਹ ਰੂਪ ਹੋ ਕਰਕੇ ਸਬਦਿ=ਉਪਦੇਸ਼ ਦੇ ਕਰਕੇ ਸੰਸਾਰ-ਸਮੁੰਦਰ ਤੋਂ ਤਾਰਨਾ ਕਰਦੇ ਹਨ। ਵਾ—ਇਸ ਤਰੀਕੇ ਨਾਲ ਤਰਹੁ=ਤਰਨਾ ਕਰੋ॥੧॥ ਜੈਸਾ ਕਿ :

**ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ॥**

[ਸੋਰਠਿ ਮਹਲਾ ੩, ਅੰਗ ੬੦੩]

## *ਮੇਰੇ ਮਨ; ਹਰਿ ਗੁਣ ਹਰਿ ਉਚਰਹੁ ॥*

ਹੇ ਮੇਰੇ ਮਨ ਵਾ ਪਿਆਰੇ ਹਰ ਵੇਲੇ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਉਚਾਰਨ ਕਰੋ। ਜੈਸਾ ਕਿ :

**ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ॥** [ਸੂਹੀ ਮਹਲਾ ੪, ਅੰਗ ੭੩੧]

## *ਮਸਤਕਿ ਲਿਖਤ ਲਿਖੇ ਗੁਨ ਗਾਏ; ਮਿਲਿ ਸੰਗਤਿ ਪਾਰਿ ਪਰਹੁ ॥੧॥ਰਹਾਉ॥*

ਮਸਤਕਿ=ਮੱਥੇ ਪਰ ਚੰਗੇ ਲੇਖਾਂ ਦੇ ਲਿਖੇ ਅਨੁਸਾਰ ਹੀ ਵਾਹਿਗੁਰੂ ਪ੍ਰਮੇਸ਼ਰ ਦੇ ਗੁਨ ਗਾਏ=ਉਚਾਰਨ ਕੀਤੇ ਜਾਂਦੇ ਹਨ ਇਸ ਕਰਕੇ ਸਤਿਸੰਗਤ ਨਾਲ ਮਿਲਕੇ ਸੰਸਾਰ-ਸਮੁੰਦਰ ਤੋਂ ਪਾਰਿ ਪਰਹੁ=ਉਤਰਨਾ ਕਰੋ। ਜੈਸਾ ਕਿ :

੧. **ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ॥**
**ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥** [ਟੋਡੀ ਮਹਲਾ ੫, ਅੰਗ ੭੧੨]

੨. **ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਾਰਿ॥੧॥**
[ਭੈਰਉ ਮਹਲਾ ੪, ਅੰਗ ੧੧੩੪-੩੫]

੩. **ਸਚੁ ਨਾਮੁ ਕਰਤਾ ਪੁਰਖੁ ਇਹ ਰਤਨਾ ਖਾਣੀ॥**
**ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪ੍ਰਾਣੀ॥** [ਵਾਰ ਗਉੜੀ ਮਹਲਾ ੫, ਅੰਗ ੩੧੯]

## *ਕਾਇਆ ਨਗਰ ਮਹਿ ਰਾਮ ਰਸੁ ਊਤਮੁ; ਕਿਉ ਪਾਈਐ ਉਪਦੇਸੁ ਜਨ ਕਰਹੁ॥*

ਇਸ ਕਾਇਆ=ਸਰੀਰ ਰੂਪ ਨਗਰ ਵਿੱਚ ਜੋ ਉੱਤਮ ਵਾਹਿਗੁਰੂ ਦੇ ਨਾਮ ਦਾ ਰਸ ਵੱਸ ਰਿਹਾ ਹੈ ਉਹ ਕਿਵੇਂ ਪਾਈਦਾ ਹੈ? ਇਹ ਪ੍ਰਸ਼ਨ ਜਗਿਆਸੂ ਮੁਖ ਦੁਆਰਾ ਕਥਨ ਕੀਤਾ ਹੈ ਕਿ ਹੇ ਸੰਤ ਜਨਹੁ! ਮੈਂ ਦਾਸ ਨੂੰ ਉਪਦੇਸ਼ ਦੇਣਾ ਕਰੋ ਇਸ ਪ੍ਰਸ਼ਨ ਦਾ ਉੱਤਰ ਜੋ ਬਾਣੀ ਵਿੱਚ ਦਿੱਤਾ ਹੈ ਮੂਲ ਦੀ ਅਗਲੀ ਪੰਗਤੀ ਵਿੱਚ ਆਵੇਗਾ। ਪਹਿਲਾਂ ਇਸ ਤੁਕ 'ਤੇ ਲੱਗਣ ਵਾਲੇ ਪ੍ਰਮਾਣ ਦਿੱਤੇ ਜਾਂਦੇ ਹਨ। ਜੈਸਾ ਕਿ:

੧. **ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ॥**
[ਪ੍ਰਭਾਤੀ ਮਹਲਾ ੪, ਅੰਗ ੧੩੩੬]

੨. **ਕਾਇਆ ਨਗਰਿ ਹਰਿ ਵਸਿਓ ਮਤਿ ਗੁਰਮਤਿ ਹਰਿ ਹਰਿ ਸਹੇ॥**
[ਪ੍ਰਭਾਤੀ ਮਹਲਾ ੪, ਅੰਗ ੧੩੩੬]

੩. **ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ॥**
[ਬੈਰਾੜੀ ਮਹਲਾ ੪, ਅੰਗ ੭੨੦]

੪. **ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ॥**
**ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ॥**
[ਗੂਜਰੀ ਕੀ ਵਾਰ ਮਹਲਾ ੩, ਅੰਗ ੫੧੪]

੫. **ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥**
**ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥**
[ਸੂਹੀ ਮਹਲਾ ੩, ਅੰਗ ੭੫੪]

ਇਸ ਕਾਇਆ=ਸਰੀਰ ਦੇ ਅੰਦਰ ਵਾਹਿਗੁਰੂ ਪ੍ਰਮੇਸ਼ਰ ਨੇ ਸੂਖ਼ਮ ਰੂਪ ਕਰਕੇ ਪੂਰੇ ਬ੍ਰਹਿਮੰਡ ਦੀ ਬਣਤ ਬਣਾਈ ਹੋਈ ਹੈ। ਹੋਰ ਤਾਂ ਕੀ ਜਗਤ ਦਾ ਜੀਵਨ ਰੂਪ ਪ੍ਰਮੇਸ਼ਰ ਇਸ ਸਰੀਰ ਦੇ ਵਿੱਚ ਆਪ ਵੱਸ ਰਿਹਾ ਹੈ। ਜੋ ਹਮੇਸ਼ਾ ਹੀ ਅਨੰਦ ਸਰੂਪ ਹੈ ਚੇਤੇ ਕਰਨ ਵਾਲਿਆਂ ਨੂੰ ਅਨੰਦ ਦੇਣ ਵਾਲਾ ਹੈ। ਨਾਮ ਦੁਆਰਾ ਚਿੰਤਨ ਕਰਨ ਤੋਂ ਉਸਦਾ ਰਸ, ਅਨੰਦ ਪ੍ਰਾਪਤ ਹੁੰਦਾ ਹੈ। ਜਗਿਆਸੂ ਨੂੰ ਇਤਨਾ ਗਿਆਨ ਪ੍ਰਾਪਤ ਹੁੰਦਿਆਂ ਹੀ ਕਿ ਸਰੀਰ ਰੂਪ ਨਗਰੀ ਵਿੱਚ ਪ੍ਰਮੇਸ਼ਰ ਦਾ ਨਾਮ ਰਸ ਵੱਸ ਰਿਹਾ ਹੈ। ਕਿਵੇਂ ਪ੍ਰਾਪਤ ਹੋਵੇ ਦਾ ਪ੍ਰਸ਼ਨ ਉੱਠਦਾ ਹੈ, ਜਿਸ ਦਾ ਉੱਤਰ ਸਤਿਗੁਰੂ ਜੀ ਅਗਲੀ ਤੁਕ ਵਿੱਚ ਦਿੰਦੇ ਹਨ:

## *ਸਤਿਗੁਰੁ ਸੇਵਿ ਸਫਲ ਹਰਿ ਦਰਸਨੁ; ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ॥੨॥*

ਮਹਾਂਪੁਰਸ਼ਾਂ ਵਲੋਂ ਉੱਤਰ ਸਤਿਗੁਰੂ ਜੀ ਨੇ ਕਥਨ ਕੀਤਾ ਹਰਿ=ਵਾਹਿਗੁਰੂ ਦੇ ਸਰੂਪ ਸਤਿਗੁਰੂ ਜੀ ਦਾ ਦਰਸ਼ਨ ਸਫਲ=ਸਹਿਤ ਫਲ ਦੇ ਭਾਵ ਗਿਆਨ ਰੂਪ ਫਲ ਦੇ ਦੇਣ ਵਾਲਾ ਹੈ। **ਵਾ:** ਸੇਵਿ ਸਫਲ=ਤਿਸ ਸਤਿਗੁਰਾਂ ਦੀ

ਸੇਵਾ ਭੀ ਸਹਿਤ ਫਲ ਦੇ ਹੈ। ਸੋ ਇਸੇ ਲਈ ਹੇ ਜਗਿਆਸੂ ਗੁਰਾਂ ਦੀ ਸੇਵਾ ਕਰਨੀ ਕਰੋ ਅਤੇ ਗੁਰਾਂ ਨਾਲ ਮਿਲ ਕੇ ਨਾਮ ਦਾ ਰਸ ਰੂਪ ਅੰਮ੍ਰਿਤ ਪੀਅਹੁ=ਪੀਣਾ ਕਰੋ ॥੨॥

## *ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ; ਹਰਿ ਸੰਤਹੁ ਚਾਖਿ ਦਿਖਹੁ ॥*

ਪ੍ਰਮੇਸ਼ਰ ਵਾਹਿਗੁਰੂ ਦਾ ਹਰਿ ਹਰਿ ਨਾਮ ਸਿਮਰਨ ਮਿੱਠਾ ਅੰਮ੍ਰਿਤ ਰੂਪ ਹੈ। ਹਰੀ ਦੇ ਸੰਤਾਂ ਪਾਸੋਂ ਚੱਖ ਕੇ ਦਿਖਹੁ=ਦੇਖ ਲਉ। ਭਾਵ ਅਨੰਦ ਮਾਣ ਕੇ ਵੇਖ ਲਓ। ਕਿਉਂਕਿ ਇਹ ਅਨੰਦ ਜਿਸ ਨੇ ਚਾਖਿ=ਚੱਖਣਾ ਕੀਤਾ ਕੀਤਾ, ਉਸੇ ਨੂੰ ਹੀ ਆਉਂਦਾ ਹੈ।

ਇਹ ਗੂੰਗੇ ਦੀ ਮਠਿਆਈ ਵਾਲੀ ਵਾਰਤਾ ਹੈ ਜਿਵੇਂ ਗੂੰਗੇ ਪੁਰਸ਼ ਕੋਲ ਜੁਬਾਨ ਨਾ ਹੋਣ ਕਰਕੇ ਉਹ ਗੁੜ ਦੀ ਵਿਆਖਿਆ ਨਹੀਂ ਕਰ ਸਕਦਾ ਇਸੇ ਤਰ੍ਹਾਂ ਨਾਮ ਦਾ ਰਸ ਚੱਖਣ ਵਾਲਾ ਉਸ ਦੀ ਵਿਆਖਿਆ ਨਹੀਂ ਕਰ ਸਕਦਾ। ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥** [ਗਉੜੀ ਕਬੀਰ ਜੀ, ਅੰਗ ੩੩੪]

ਨਾਮ ਨੂੰ ਉਪਰੋਕਤ ਤੁਕ ਵਿੱਚ ਅੰਮ੍ਰਿਤ ਰੂਪ ਕਰਕੇ ਵਰਣਨ ਕੀਤਾ ਹੈ। ਜਿਸਦੇ ਗੁਰਬਾਣੀ ਵਿੱਚ ਹੋਰ ਭੀ ਬਹੁਤ ਸਾਰੇ ਪ੍ਰਮਾਣ ਹਨ। ਜੈਸਾ ਕਿ :

੧. **ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥** [ਵਾਰ ਮਲਾਰ ਮਹਲਾ ੩, ਅੰਗ ੧੨੮੩]

੨. **ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥**
**ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥** [ਵਾਰ ਸਾਰੰਗ ਮਹਲਾ ੩, ਅੰਗ ੧੨੫੦]

## *ਗੁਰਮਤਿ ਹਰਿ ਰਸੁ ਮੀਠਾ ਲਾਗਾ; ਤਿਨ ਬਿਸਰੇ ਸਭਿ ਬਿਖ ਰਸਹੁ ॥੩॥*

ਜਿਨ੍ਹਾਂ ਜਗਿਆਸੂ ਜਨਾ ਨੂੰ ਗੁਰ=ਗੁਰੂ ਮਤਿ=ਸਿਖਿਆ, ਗੁਰੂ ਦੀ ਸਿੱਖਿਆ ਦੁਆਰਾ ਨਾਮ ਦਾ ਰਸ ਮਿੱਠਾ ਲਗਿਆ ਹੈ। ਉਨ੍ਹਾਂ ਨੂੰ ਹੋਰ ਸੰਸਾਰ ਦੇ ਸਾਰੇ ਵਿਸ਼ੇ ਰਸ ਬਿਸਰੇ=ਭੁੱਲ ਗਏ ਹਨ ॥੩॥ ਜੈਸਾ ਕਿ :

੧. **ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥**
[ਕਾਨੜਾ ਮਹਲਾ ੪, ਅੰਗ ੧੩੦੮]

੨. **ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥**
[ਮਾਝ ਮਹਲਾ ੪, ਅੰਗ ੯੫]

ਇਉ ਗੁਰੂ ਦੀ ਮਤ ਅਨੁਸਾਰ ਜਿਨ੍ਹਾਂ ਨੂੰ ਨਾਮ ਦਾ ਰਸ ਆਇਆ ਹੈ ਉਸ ਦੇ ਜੀਵਨ ਵਿੱਚ ਹੋਰ ਸਾਰੇ ਰਸ ਜੋ ਇੰਦ੍ਰਿਆਂ ਦੇ ਸਨ ਵਿਸਰ ਗਏ ਹਨ ਭਾਵ ਭੁੱਲ ਗਏ ਹਨ ਜੋ ਵਿਸ਼ਿਆਂ ਦੇ ਰਸ ਹਨ, ਇਹ ਵਿਹੁ ਦੇ ਸਮਾਨ ਹਨ, ਮਿੱਠੇ ਇਸ ਲਈ ਲੱਗਦੇ ਹਨ ਜਿਵੇਂ ਕੁਝ ਜ਼ਹਿਰਾਂ ਮਿੱਠੀਆਂ ਤੇ ਕੁਝ ਜ਼ਹਿਰਾਂ ਕੌੜੀਆਂ ਹਨ। ਇਸੇ ਤਰ੍ਹਾਂ ਜਿਵੇਂ ਵਿਸ਼ਿਆਂ ਦੀ ਜ਼ਹਿਰ ਹੈ, ਇਸ ਨੂੰ ਮਿੱਠੀ ਜ਼ਹਿਰ ਕਿਹਾ ਜਾਂਦਾ ਹੈ। ਜ਼ਹਿਰ ਤਾਂ ਜ਼ਹਿਰ ਹੈ ਭਾਵੇਂ ਤਾਸੀਰ ਕੌੜੀ ਭਾਵੇਂ ਮਿੱਠੀ ਹੋਵੇ ਉਸ ਨੇ ਕੰਮ ਜ਼ਹਿਰ ਦਾ ਹੀ ਕਰਨਾ ਹੈ। ਇਸ ਲਈ ਸਤਿਗੁਰੂ ਜੀ ਨੇ ਵਿਸ਼ਿਆਂ ਨੂੰ ਮਿੱਠੀ ਜ਼ਹਿਰ ਕਿਹਾ ਹੈ। ਜੋ ਖਾਣ ਵਿੱਚ ਸਵਾਦ ਹੋਵੇ, ਪਰ ਹੋਵੇ ਜਾਨ ਲੇਵਾ, ਉਸ ਨੂੰ ਮਿੱਠੀ ਜ਼ਹਿਰ ਕਿਹਾ ਜਾਂਦਾ ਹੈ। ਜੋ ਇਥੇ ਸਤਿਗੁਰੂ ਜੀ ਨੇ ਇਹ ਵਰਣਨ ਕੀਤਾ ਹੈ ਕਿ ਜਦੋਂ ਨਾਮ ਦਾ ਮਿੱਠਾ ਰਸ ਆਉਣ ਲੱਗ ਜਾਂਦਾ ਹੈ ਫਿਰ ਸੰਸਾਰ ਦੇ ਵਿਸ਼ੇ ਰਸ ਫਿੱਕੇ ਪੈ ਜਾਂਦੇ ਹਨ, ਉਨ੍ਹਾਂ ਤੋਂ ਕੋਈ ਰਸ ਨਹੀਂ ਆਉਂਦਾ। ਇਸੇ ਸਿਧਾਂਤ ਪਰ ਕਿਤਨੀਆਂ ਹੀ ਸਾਖੀਆਂ ਦੇ ਪ੍ਰਮਾਣ ਦਿੱਤੇ ਜਾ ਸਕਦੇ ਹਨ। ਇਥੇ ਉਨ੍ਹਾਂ ਅਨੇਕਾਂ ਪ੍ਰਮਾਣਾਂ ਵਿੱਚੋਂ ਇੱਕ ਸਾਖੀ ਦਾ ਪ੍ਰਮਾਣ ਦਿੱਤਾ ਜਾਂਦਾ ਹੈ।

**ਸਾਖੀ—ਅਨੂਪ ਕੌਰ ਦੀ—**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਭਰ ਜੁਆਨੀ ਵਿੱਚ ਸਨ ਸਤਿਗੁਰੂ ਜੀ ਦੇ ਸੁੰਦਰ ਚਿਹਰੇ ਦਾ ਪ੍ਰਭਾਵ ਹਰ ਇੱਕ ਦੇ ਉੱਤੇ ਪੈਂਦਾ ਸੀ। ਪਰ ਜੋ ਮਲੀਨ ਅੰਤਸ਼-ਕਰਣ ਵਾਲੇ ਲੋਕ ਹਨ ਉਹ ਕਦੇ ਗੁਰੂ, ਪੀਰਾਂ ਨੂੰ ਭੀ ਬਖ਼ਸ਼ਦੇ ਨਹੀਂ ਹਨ। ਇੱਕ ਅਨੂਪ ਕੌਰ ਨਾਮ ਦੀ ਔਰਤ ਮੰਦ ਵਾਸ਼ਨਾ ਵਾਲੀ ਜਿਸ ਦੇ ਮਨ ਵਿੱਚ ਵਿਸ਼ਿਆਂ ਨੇ ਇਤਨਾ ਬਲ ਪਾਇਆ ਕਿ ਉਹ ਇਹ ਭੀ ਨਾ ਸੋਚ ਸਕੀ ਕਿ ਇਹ ਸਮਰਥ ਗੁਰੂ ਸਰਵਸ਼ਕਤੀਮਾਨ ਪ੍ਰਮੇਸ਼ਰ ਸਰੂਪ ਹੈ। ਮੈਂ ਇਸ ਕੋਲੋਂ ਮੁਕਤੀ ਦਾ ਰਸਤਾ ਪੁੱਛ ਕੇ ਬਾਕੀ ਸਿੱਖਾਂ ਦੀ ਤਰ੍ਹਾਂ ਜੰਮਣ-ਮਰਣ ਤੋਂ ਮੁਕਤ ਹੋਵਾਂ ਪਰ ਇਸ ਤੋਂ ਉਲਟ ਇੱਕ ਝੂਠ ਦਾ ਜਾਲ ਬਣਾਇਆ ਸਤਿਗੁਰੂ ਜੀ ਨੂੰ ਸਿੱਖਾਂ ਸਮੇਤ ਪਰਸ਼ਾਦੇ ਦੇ ਬਹਾਨੇ ਆਪਣੇ ਘਰ ਸੱਦਿਆ। ਬੜੇ ਸਵਾਦਿਸ਼ਟ ਭੋਜਨ ਤਿਆਰ ਕਰਕੇ ਲੰਗਰ ਵਰਤਣਾ ਸ਼ੁਰੂ ਹੋਇਆ ਅਤੇ ਕੁਝ ਸਿੰਘਾਂ ਸਮੇਤ ਸਤਿਗੁਰੂ ਜੀ ਨੇ ਲੰਗਰ ਛਕਿਆ, ਲੰਗਰ ਛਕ ਕੇ ਗੁਰਮਤਿ ਮਰਿਯਾਦਾ ਅਨੁਸਾਰ ਸਿੱਖ ਨੇ ਚੂਲਾ ਪੜ੍ਹਿਆ ਭੋਜਨ ਛਕਣ ਤੋਂ ਬਾਅਦ ਕੀਤੀ ਅਰਦਾਸ ਨੂੰ ਚੂਲਾ ਕਹਿ ਦਿੰਦੇ ਹਨ। ਸਿੱਖ ਨੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ ਜਿਸ ਭਾਵਨਾ ਨੂੰ ਮੁੱਖ ਰੱਖ ਕੇ ਇਸ ਬੀਬੀ ਨੇ ਭੋਜਨ ਛਕਾਇਆ ਹੈ ਸੋ ਭਾਵਨਾ ਪੂਰਨ ਕਰਨੀ। ਅਰਦਾਸ ਤੋਂ ਉਪਰੰਤ ਅਨੂਪ ਕੌਰ ਨੇ ਹੱਥ ਜੋੜ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੀ ਇੱਕ ਜ਼ਰੂਰੀ ਬੇਨਤੀ ਹੈ ਜੋ ਮੈਂ ਸਿੱਖਾਂ ਦੇ ਸਾਹਮਣੇ ਨਹੀਂ ਕਹਿ ਸਕਦੀ ਇਸ ਲਈ ਦੂਸਰੇ ਕਮਰੇ ਵਿੱਚ ਆ ਕੇ ਮੇਰੀ ਇਹ ਬੇਨਤੀ ਸੁਣੋ। ਸੁਤੇ ਸਿੱਧ ਸਤਿਗੁਰੂ ਜੀ ਉਸਦੀ ਗੱਲ ਸੁਨਣ ਲਈ ਜਿਉਂ ਹੀ ਦੂਜੇ ਕਮਰੇ ਵਿੱਚ ਗਏ ਤਾਂ ਉਹ ਝੱਟ ਹੀ ਦਰਵਾਜ਼ਾ ਬੰਦ ਕਰਕੇ ਸਤਿਗੁਰੂ ਜੀ ਨੂੰ ਮੰਦ ਵਾਸ਼ਨਾ ਪ੍ਰਗਟ ਕਰਕੇ ਦਿਖਾਉਣ ਲੱਗੀ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਬੀਬੀ ਇਹ ਕੀ ਕਰ ਰਹੀਂ ਹੈਂ ? ਤੇਰੀ ਮੱਤ ਠੀਕ ਹੈ ? ਇਹ ਨਰਕਾਂ ਨੂੰ ਜਾਣ ਵਾਲਾ ਕਰਮ ਹੈ, ਜਿਸ ਦੀ ਸਜ਼ਾ ਦਰਗਾਹ ਵਿੱਚ ਤੱਤਿਆਂ ਥੰਮਾਂ ਦੇ ਨਾਲ ਬੰਨ੍ਹ ਕੇ ਦਿੱਤੀ ਜਾਂਦੀ ਹੈ, ਅੱਗੋਂ ਅਨੂਪ ਕੌਰ ਨੇ ਕਿਹਾ ਕਿ ਤੁਹਾਡੇ ਸਿੱਖ ਨੇ ਅਰਦਾਸ ਕੀਤੀ ਹੈ ਕਿ ਜੋ ਭਾਵਨਾ ਲੰਗਰ ਛਕਾਉਣ ਦੀ ਇਸ ਬੀਬੀ ਦੀ ਹੋਵੇ, ਗੁਰੂ ਪੂਰੀ ਕਰੇ ਸੋ ਮੇਰੀ ਭਾਵਨਾ ਤਾਂ ਆਪ ਜੈਸਾ ਪੁੱਤਰ ਪੈਦਾ ਕਰਨ ਦੀ ਹੈ ਤੁਹਾਡੇ ਜੈਸਾ ਪੁੱਤਰ ਤੁਹਾਡੇ ਸੰਜੋਗ ਤੋਂ ਹੀ ਹੋ ਸਕਦਾ ਹੈ। ਗੁਰੂ ਜੀ ਨੇ ਕਿਹਾ, "ਗੁਰੂ ਕਿਸੇ ਦੀਆਂ ਮੰਦੀਆਂ ਵਾਸ਼ਨਾ ਨਹੀਂ ਪੂਰੀਆਂ ਕਰਦੇ ਹੁੰਦੇ" ਅਨੂਪ ਕੌਰ ਨੇ ਕਿਹਾ ਜੇ ਤੁਸੀਂ ਮੇਰੇ ਨਾਲ ਸਹਿਮਤ ਨਾ ਹੋਏ ਮੈਨੂੰ ਤਾਂ ਦੁਨੀਆ ਵਿੱਚ ਕਿੰਨੇ ਕੁ ਲੋਕ ਜਾਣਦੇ ਹਨ, ਤੁਸੀਂ ਆਪਣੇ ਵੱਲ ਵੇਖੋ, ਸਾਰਾ ਸੰਸਾਰ ਤੁਹਾਨੂੰ ਗੁਰੂ ਕਹਿ ਰਿਹਾ ਹੈ, ਮੇਰੇ ਇੱਕ ਸ਼ਬਦ ਕਹਿਣ ਦੇ ਨਾਲ ਤੁਹਾਡੀ ਇਜ਼ਤ ਮਿੱਟੀ ਵਿੱਚ ਰੁਲ ਜਾਏਗੀ ਜਦੋਂ ਮੈਂ ਲੋਕਾਂ ਵਿੱਚ ਇਹ ਰੌਲਾ ਪਾਇਆ ਕਿ ਗੁਰੂ ਨੇ ਮੇਰੀ ਬਾਂਹ ਫੜ ਲਈ ਲੋਕਾਂ ਵਿੱਚ ਜਿਥੇ ਤੁਹਾਡਾ ਜਸ ਹੋ ਰਿਹਾ ਹੈ ਉਥੇ ਅਪਜਸ ਹੋਵੇਗਾ। ਸ਼ੇਰਦਿਲ ਸਤਿਗੁਰੂ ਜੀ ਬੋਲੇ ਕਿ ਅਨੂਪ ਕੌਰ ਪਹਿਲੀ ਤਾਂ ਗੱਲ ਤੂੰ ਇਸ ਗੱਲ ਵਿੱਚ ਕਾਮਯਾਬ ਨਹੀਂ ਹੋ ਸਕੇਂਗੀ, ਕਿਉਂਕਿ ਸੰਸਾਰ ਜਾਣਦਾ ਹੈ ਕਿ ਗੁਰੂ ਕਦੇ ਝੂਠ ਨਹੀਂ ਬੋਲਦਾ। ਮੇਰੇ 'ਤੇ ਭਰੋਸਾ ਰੱਖਣ ਵਾਲੇ, ਤੇਰੀ ਝੂਠੀ ਗੱਲ 'ਤੇ ਭਰੋਸਾ ਨਹੀਂ ਕਰਨਗੇ ਪਰ ਜੇ ਸਾਰਾ ਸੰਸਾਰ ਇੱਕ ਪਾਸੇ ਹੋ ਕੇ ਮੇਰਾ ਅਪਜਸ ਕਰੇਗਾ, ਇਹ ਮੈਂ ਸਹਿਨ ਕਰਨ ਸਕਦਾ ਹਾਂ ਪਰ ਧਰਮ ਤੋਂ ਬੇਮੁਖ ਹੋਣਾ ਇਹ ਗੁਰੂ ਸੁਭਾਅ ਤੋਂ ਉਲਟ ਤਾਂ ਹੈ ਹੀ ਇਹ ਤਾਂ ਸਿੱਖ ਸੁਭਾਅ ਤੋਂ ਵੀ ਉਲਟ ਹੈ। ਮੇਰਾ ਅਕਾਲ ਪੁਰਖ ਤਾਂ ਜਾਣਦਾ ਹੈ ਕਿ ਸੱਚ ਮੇਰੇ ਕੋਲ ਹੈ ਜਾਂ ਤੇਰੇ ਕੋਲ ਇਸ ਲਈ ਮੈਂ ਅਕਾਲ ਪੁਰਖ ਦੇ ਭਰੋਸੇ ਦ੍ਰਿੜ੍ਹ ਇਰਾਦੇ ਨਾਲ ਨਿਰਸੰਦੇਹ ਮੈਂ ਤੈਨੂੰ ਕਹਿੰਦਾ ਹਾਂ ਕਿ ਲੋਕਾਂ ਦੇ ਅਪਜਸ ਨਾਲੋਂ ਮੈਨੂੰ ਆਪਣਾ ਧਰਮ ਪਿਆਰਾ ਹੈ। ਜਿਸ ਦਾ ਗੁਰੂ ਹੋ ਕੇ ਜੀਵਨ ਉੱਚਾ ਨਾ ਹੋਵੇ ਤਾਂ ਸਿੱਖਾਂ ਦਾ ਜੀਵਨ ਕਿਥੋਂ ਉੱਚਾ ਹੋਵੇਗਾ। ਰਹੀ ਗੱਲ ਮੇਰੇ ਜੈਸਾ ਪੁੱਤਰ ਪੈਦਾ ਕਰਨ ਦੀ ਇਹ ਤਾਂ ਮਾਤਾ ਗੁਜਰ ਕੌਰ ਹੀ ਪੈਦਾ ਕਰ ਸਕਦੀ ਸੀ। ਮੇਰੇ ਜੈਸਾ ਹੋਰ ਕੋਈ ਅਕਾਲ ਪੁਰਖ ਨੇ ਪੈਦਾ ਨਹੀਂ ਕੀਤਾ ਸੋ ਅੱਜ ਤੋਂ ਬਾਅਦ ਮੈਨੂੰ ਆਪਣਾ ਧਰਮ ਦਾ ਪੁੱਤਰ ਸਵੀਕਾਰ ਕਰਕੇ ਆਪਣਾ ਪਰਲੋਕ ਸਵਾਰ ਸਤਿਗੁਰਾਂ ਨੇ ਐਸੀ ਕਿਰਪਾ ਕੀਤੀ ਕਿ ਉਸਦੀ ਵਿਸ਼ੇ ਵਾਸ਼ਨਾ ਖ਼ਤਮ ਕਰਕੇ ਨਾਮ ਵਿੱਚ ਬਿਰਤੀ ਟਿਕਾ ਦਿੱਤੀ, ਗੁਰੂ ਦੀ ਕ੍ਰਿਪਾ ਦੁਆਰਾ ਉਸ ਨੂੰ ਨਾਮ ਇਤਨਾ ਮਿੱਠਾ ਲੱਗਣ ਲੱਗਾ ਕਿ ਵਿਹੁ ਵਰਗੇ ਵਿਸ਼ੇ ਰਸ ਸਾਰੇ ਵਿਸਰ ਗਏ ਜੈਸਾ ਮੁਖਵਾਕ ਦੀ ਉਪਰੋਕਤ ਤੁਕ ਵਿੱਚ ਸਿਧਾਂਤ ਆਇਆ ਹੈ ਉਹ ਇਸ ਸਾਖੀ ਦੁਆਰਾ ਵੀ ਸਿੱਧ ਹੁੰਦਾ ਹੈ।

## ਰਾਮ ਨਾਮੁ ਰਸੁ ਰਾਮ ਰਸਾਇਣੁ; ਹਰਿ ਸੇਵਹੁ ਸੰਤ ਜਨਹੁ ॥

ਰਸਾਂ ਵਿੱਚੋਂ ਰਮੇ ਹੋਏ ਪ੍ਰਮੇਸ਼ਰ ਦੇ ਨਾਮ ਦਾ ਰਸ ਰਸਾਇਣ ਰੂਪ ਹੈ ਇਸ ਲਈ ਉਹਨੂੰ ਰਸਾਇਣ ਰੂਪ ਕਿਹਾ ਹੈ। ਉਸ ਦੀ ਪ੍ਰਾਪਤੀ ਲਈ ਹਰੀ ਦੇ ਸੰਤ ਜਨਾਂ ਨੂੰ ਸੇਵਹੁ=ਸੇਵਣਾ ਕਰੋ। **ਅਥਵਾ** ਹੇ ਸੰਤ ਜਨਹੁ! ਉਸ ਹਰੀ ਨੂੰ ਸੇਵਨਾ ਕਰੋ। ਜੈਸਾ ਕਿ :

੧. **ਰਾਮ ਰਸਾਇਣਿ ਇਹੁ ਮਨੁ ਮਾਤਾ॥ ਸਰਬ ਰਸਾਇਣੁ ਗੁਰਮੁਖਿ ਜਾਤਾ॥**

[ਆਸਾ ਮਹਲਾ ੧, ਅੰਗ ੪੧੫]

੨. **ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ॥**

[ਪ੍ਰਭਾਤੀ ਮਹਲਾ ੪, ਅੰਗ ੧੩੩੭]

## ਚਾਰਿ ਪਦਾਰਥ ਚਾਰੇ ਪਾਏ; ਗੁਰਮਤਿ ਨਾਨਕ ਹਰਿ ਭਜਹੁ ॥੪॥੪॥

ਸਤਿਗੁਰੂ ਜੀ ਕਥਨ ਕਰਦੇ ਹਨ, (ਧਰਮ, ਅਰਥ, ਕਾਮ ਮੋਖ ਰੂਪ) ਚਾਰ ਪਦਾਰਥ ਹਨ ਜੇਕਰ ਚਾਰੇ ਪਦਾਰਥਾਂ ਨੂੰ ਪ੍ਰਾਪਤ ਕਰਨਾ ਚਾਹੰਦੇ ਹੋ ਤਾਂ ਗੁਰੂ ਦੀ ਮਤਿ=ਸਿੱਖਿਆ ਦੁਆਰਾ ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਭਜਨ, ਸਿਮਰਨ ਕਰੋ ਅਥਵਾ ਚਾਰਿ=ਸੁੰਦਰ, ਚਾਰੇ ਪਦਾਰਥ ਉਨ੍ਹਾਂ ਨੇ ਪ੍ਰਾਪਤ ਕਰ ਲਏ ਹਨ ਜਿਨ੍ਹਾਂ ਨੇ ਗੁਰਮਤਿ ਅਨੁਸਾਰ ਵਾਹਿਗੁਰੂ ਦਾ ਨਾਮ ਜਪਿਆ। **ਵਾ:** ਗੁਰਮੁਖਾਂ ਨੇ ਚਾਰ ਤੇ ਚਾਰ ਅੱਠ ਪਦਾਰਥ ਪਾਏ ਹਨ, ਧਰਮ, ਅਰਥ, ਕਾਮ, ਮੋਖ ਅਤੇ ਜਨਮ ਪਦਾਰਥ, ਨਾਮ ਪਦਾਰਥ, ਪ੍ਰੇਮ ਪਦਾਰਥ, ਗਿਆਨ ਪਦਾਰਥ ਪ੍ਰਾਪਤ ਕੀਤੇ ਹਨ॥੪॥੪॥ ਜੈਸਾ ਕਿ :

੧. **ਅਰਥ ਧਰਮ ਕਾਮ ਮੋਖ ਦਾ ਦਾਤਾ॥**
**ਪੂਰੀ ਭਈ ਸਿਮਰਿ ਸਿਮਰਿ ਬਿਧਾਤਾ॥੩॥** [ਬਿਲਾਵਲੁ ਮਹਲਾ ੫, ਅੰਗ ੮੦੫-੮੦੬]

੨. **ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ॥**
**ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ॥੧॥ਰਹਾਉ॥**

[ਕਲਿਆਨ ਮਹਲਾ ੪, ਅੰਗ ੧੩੨੦]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੫ [ਆਦਿ ਅੰਗ ੮੦੧]

*ਬਿਲਾਵਲੁ ਮਹਲਾ ੫ ॥ ਸਰਬ ਕਲਿਆਣ ਕੀਏ ਗੁਰਦੇਵ ॥ ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥ ਧਰਤਿ ਪੁਨੀਤ ਭਈ ਗੁਨ ਗਾਏ ॥ ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ਰਹਾਉ॥ ਸਭਨੀ ਥਾਂਈ ਰਵਿਆ ਆਪਿ ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥ ਗੁਰਪਰਸਾਦਿ ਨ ਹੋਇ ਸੰਤਾਪੁ ॥੨॥ ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰਬਿਘਨ ਹੋਇ ਸਭ ਥਾਂਈ ਵੂਠੇ ॥ ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ ਜਿਥੈ ਕਿਥੈ ਦੀਸਹਿ ਨਾਲੇ ॥ ਨਾਨਕ ਦਾਸ ਖਸਮਿ ਪ੍ਰਤਿਪਾਲੇ ॥੪॥੨॥*

## ਬਿਲਾਵਲੁ ਮਹਲਾ ੫ ॥

ਇਹ ਅੰਮ੍ਰਿਤ ਬਚਨ ਗੁਰੂ ਨਾਨਕ ਸਾਹਿਬ ਜੀ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਬਿਲਾਵਲੁ ਰਾਗ ਵਿੱਚ ਉਚਾਰਨ ਕੀਤਾ ਹੋਇਆ ਹੈ, ਇਹ ਸ਼ਬਦ ਸਤਿਗੁਰਾਂ ਨੇ ਉਸ ਪ੍ਰਮੇਸ਼ਰ ਦੀ ਬਿਅੰਤਤਾ ਨੂੰ ਕਥਨ ਕਰਦੇ ਹੋਏ ਅਤੇ ਉਸ ਦੇ ਸ਼ੁਕਰਾਨੇ ਵਜੋਂ ਉਚਾਰਨ ਕੀਤਾ ਹੈ।

## ਸਰਬ ਕਲਿਆਣ ਕੀਏ; ਗੁਰਦੇਵ ॥

ਗੁਰਦੇਵ=ਪ੍ਰਕਾਸ਼ ਸਰੂਪ ਸਤਿਗੁਰਾਂ ਨੇ ਉਸ ਸੇਵਕ ਨੂੰ ਸਰਬ=ਸਾਰੇ ਕਲਿਆਣ=ਸੁੱਖ ਪ੍ਰਾਪਤ ਕਰਾ ਦਿੱਤੇ ਹਨ ਕਿਸਨੂੰ ? ਜਿਸਦੇ ਹਿਰਦੇ ਵਿੱਚ ਖਟ ਭਗਾਂ ਸਪੰਨ ਪ੍ਰਮੇਸ਼ਰ ਦਾ ਨਾਮ ਵਸਿਆ ਹੈ। ਜੈਸਾ ਕਿ :

**ਸਰਬ ਕਲਿਆਣ ਸੁਖ ਸਹਜ ਨਿਧਾਨ॥ ਜਾ ਕੈ ਰਿਦੈ ਵਸਹਿ ਭਗਵਾਨ॥੨॥**

[ਗਉੜੀ ਮਹਲਾ ੫, ਅੰਗ ੧੯੫]

ਸਾਰੇ ਹੀ ਸੁੱਖ ਮਨ ਵਿੱਚ ਉਦੋਂ ਪੈਦਾ ਹੁੰਦੇ ਹਨ ਜਦੋਂ ਗੁਰੂ ਨਾਨਕ ਪ੍ਰਸੰਨ ਹੋ ਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਇਸ ਰਸਨਾ ਦੁਆਰਾ ਗਵਾਉਣਾ ਕਰਦਾ ਹੈ। ਜੈਸਾ ਕਿ :

**ਸਰਬ ਕਲਿਆਣ ਸੂਖ ਮਨਿ ਵੂਠੇ॥ ਹਰਿ ਗੁਣ ਗਾਏ ਗੁਰ ਨਾਨਕ ਤੂਠੇ॥**

[ਪ੍ਰਭਾਤੀ ਮਹਲਾ ੫, ਅੰਗ ੧੩੪੧]

ਸਾਰੇ ਸੁੱਖਾਂ ਦੀ ਪ੍ਰਾਪਤੀ ਇੱਕ ਪ੍ਰਮੇਸ਼ਰ ਦੇ ਨਾਮ ਦੁਆਰਾ ਹੁੰਦੀ ਹੈ। ਜੈਸਾ ਕਿ :

**ਸਰਬ ਕਲਿਆਣ ਸੂਖ ਨਿਧਿ ਨਾਮੁ॥ ਬੂਡਤ ਜਾਤੁ ਪਾਏ ਬਿਸ੍ਰਾਮੁ॥**

[ਗਉੜੀ ਸੁਖਮਨੀ ਮਹਲਾ ੫, ਅੰਗ ੨੯੦]

ਇਸ ਮੁਖਵਾਕ ਦੀ ਅਗਲੀ ਤੁਕ ਵਿੱਚ ਸਾਰੇ ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਸਤਿਗੁਰੂ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ।

## ਸੇਵਕੁ; ਅਪਨੀ ਲਾਇਓ ਸੇਵ ॥

ਜਿਸ ਸੇਵਕ ਨੂੰ ਪ੍ਰਮੇਸ਼ਰ ਨੇ ਵਾ ਗੁਰੂ ਜੀ ਨੇ ਆਪਣੀ ਸੇਵਾ ਵਿੱਚ ਲਾਇਓ=ਲਗਾਉਣਾ ਕੀਤਾ ਹੈ। ਉਨ੍ਹਾਂ ਨੂੰ ਆਪ ਹੀ ਲੋਕ-ਪ੍ਰਲੋਕ ਵਿੱਚ ਮਾਣ, ਵਡਿਆਈ ਦਿਵਾਉਂਦਾ ਹੈ। ਜੈਸਾ ਕਿ :

**੧. ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਣੁ॥** [ਸੋਰਠਿ ਮਹਲਾ ੪, ਅੰਗ ੬੦੬]

**੨. ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥** [ਸੋਰਠਿ ਕੀ ਵਾਰ ਮਹਲਾ ੪, ਅੰਗ ੬੫੩]

ਜਿਹੜਾ ਕੋਈ ਸਿੱਖ ਸੱਚੇ ਸਤਿਗੁਰਾਂ ਦੀ ਸੇਵਾ ਕਰਦਾ ਹੈ ਉਹ ਸਾਰੇ ਹੀ ਆਪਣੇ ਕਾਰਜ ਸਵਾਰਦਾ ਹੋਇਆ ਇਸ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ। ਜੈਸਾ ਕਿ :

**ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥**
**ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥**

[ਵਾਰ ਗਉੜੀ ਮ: ੪, ਅੰਗ ੩੦੭]

ਜੇ ਸਤਿਗੁਰਾਂ ਨੇ ਆਪਾਂ ਨੂੰ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ ਤਾਂ ਪਹਿਲਾਂ ਆਪ ਸੇਵਾ ਕਰਕੇ ਵਿਖਾਈ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਦੇ ਹਜ਼ੂਰ (ਬਾਬੇ ਲਹਿਣੇ) ਗੁਰੂ ਅੰਗਦ ਦੇਵ ਜੀ ਨੇ ਸੇਵਾ ਕਰਕੇ ਦਿਖਾਈ ਤੇ ਉਹਨਾਂ ਦੇ ਹਜ਼ੂਰ ਗੁਰੂ ਅਮਰਦਾਸ ਜੀ ਤੇ ਉਹਨਾਂ ਦੇ ਹਜ਼ੂਰ ਗੁਰੂ ਰਾਮਦਾਸ ਜੀ ਆਦਿ ਸਤਿਗੁਰਾਂ ਨੇ ਸੇਵਾ ਕਰਕੇ ਵਿਖਾਈ ਇਸੀ ਵਾਸਤੇ ਸਤਿਗੁਰਾਂ ਨੇ ਸੇਵਾ ਦੀ ਬਾਬਤ ਗੁਰਬਾਣੀ ਵਿੱਚ ਹੁਕਮ ਕੀਤਾ ਹੈ। ਜੈਸਾ ਕਿ :

**ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਾਈਐ ॥੩॥**

[ਗੋਂਡ ਮ: ੪, ਅੰਗ ੮੬੧]

ਸੇਵਾ ਦੀ ਮਹਾਨਤਾ ਦੱਸਦੇ ਹੋਏ ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਕਥਨ ਕਰਦੇ ਹੋਏ ਸੇਵਾ ਕਰਨ ਦੀ ਪ੍ਰੇਰਨਾ ਦਿੰਦੇ ਹਨ। ਜੈਸਾ ਕਿ :

**੧. ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ ॥**
**ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਂਮ੍ਰਿਤੁ ਪਾਵੈ ॥**
**ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ ॥**
**ਨਮਸਕਾਰ ਡੰਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ ॥**
**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ ॥** [ਵਾਰ ੬, ਪਉੜੀ ੧੨]

**੨. ਗੁਰਸਿਖਾ ਗੁਰਸਿਖ ਸੇਵਾ ਲਾਇਆ ॥ ਸਾਧ ਸੰਗਤਿ ਕਰ ਸੇਵ ਸੁਖ ਫਲੁ ਪਾਇਆ ॥**
**ਤਪੜੁ ਝਾੜਿ ਵਿਛਾਇ ਧੂੜੀ ਨਾਇਆ ॥ ਕੋਰੇ ਮਟ ਅਣਾਇ ਨੀਰੁ ਭਰਾਇਆ ॥**
**ਆਣਿ ਮਹਾ ਪਰਸਾਦੁ ਵੰਡਿ ਖੁਆਇਆ ॥੧੦॥** [ਵਾਰ ੨੦, ਪਉੜੀ ੧੦]

ਭਾਈ ਗੁਰਦਾਸ ਜੀ ਸਾਧਸੰਗਤਿ ਤੇ ਗੁਰੂ ਦੀ ਸੇਵਾ ਦੀਆਂ ਵਡਿਆਈਆਂ ਤੇ ਫਲ ਦੱਸਦੇ ਹੋਏ ਆਪਣੀ ਲੇਖਨੀ ਵਿੱਚ ਇਉਂ ਲਿਖਦੇ ਹਨ। ਜੈਸਾ ਕਿ :

**ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ ॥**

ਲੱਖਾਂ ਹੀ ਇੰਦਰਪੁਰੀਆਂ ਦੇ ਰਾਜ-ਸੁੱਖ ਬਰਾਬਰ ਸਾਧਸੰਗਤਿ ਵਾ ਗੁਰ ਸੰਗਤਿ ਦਾ ਪਾਣੀ ਭਰਣਾ ਹੈ। ਜੈਸਾ ਕਿ :

**ਲਖ ਸੁਰਗ ਸਿਰਤਾਜ ਗਲਾ ਪੀਹਾਵਣੀ ॥**

ਲੱਖਾਂ ਹੀ ਸਵਰਗਾਂ ਦੇ ਸੁੱਖ ਨਾਲੋਂ ਸ਼ਰੋਮਣੀ ਸੁੱਖ ਸਾਧਸੰਗਤਿ ਦੇ ਅਨਾਜ ਪੀਹਣ ਦੇ ਵਿੱਚ ਹੈ। ਜੈਸਾ ਕਿ :

**ਰਿਧਿ ਸਿਧਿ ਨਿਧਿ ਲਖ ਸਾਜ ਚੁਲਿ ਝੁਕਾਵਣੀ ॥**

ਲੱਖਾਂ ਹੀ ਰਿੱਧੀਆਂ ਸਿੱਧੀਆਂ ਨਿਧੀਆਂ ਦੇ ਬਰਾਬਰ ਸਾਧਸੰਗਤਿ ਦੇ ਪ੍ਰਸ਼ਾਦੇ ਤਿਆਰ ਕਰਨ ਵਾਲੇ ਚੁਲ੍ਹਿਆਂ ਵਿੱਚ ਲੱਕੜਾਂ ਲਾਉਣ ਕਰਕੇ ਸੁੱਖ ਹੁੰਦਾ ਹੈ। ਜੈਸਾ ਕਿ :

**ਸਾਧ ਗਰੀਬ ਨਿਵਾਜ ਗਰੀਬੀ ਆਵਣੀ॥**

ਕਿਉਂਕਿ ਗ਼ਰੀਬੀ ਦੇ ਵਡਿਆਉਣ ਵਾਲੇ ਸੰਤਾਂ ਦੇ ਸੰਗ ਕਰਕੇ ਗ਼ਰੀਬੀ ਆਉਂਦੀ ਹੈ ਤੇ ਗ਼ਰੀਬੀ ਵਿੱਚ ਸਭ ਸੁੱਖ ਹਨ। ਜੈਸਾ ਕਿ :

**ਅਨਹਦਿ ਸਬਦਿ ਅਗਾਜ ਬਾਣੀ ਗਾਵਣੀ॥੧੮॥** [ਭਾਈ ਗੁਰਦਾਸ ਵਾਰ ੧੪, ਪਉੜੀ ੧੮]

ਇੱਕ ਰਸ ਬਾਣੀ ਗਾਉਣ ਕਰਕੇ ਬ੍ਰਹਮ ਗਿਆਨ ਪ੍ਰਗਟ ਹੁੰਦਾ ਹੈ। ਇਸ ਸਿਧਾਂਤ ਦੀ ਪੁਸ਼ਟੀ ਸਤਿਗੁਰੂ ਜੀ ਗੁਰਬਾਣੀ ਵਿੱਚ ਕਰਦੇ ਹਨ। ਜੈਸਾ ਕਿ :

੧. **ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥** [ਆਸਾ ਮਃ ੩, ਪੰਨਾ ੪੨੩]

੨. **ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ॥੧੨॥** [ਸਿਰੀਰਾਗੁ ਮਃ ੧, ਅੰਗ ੭੨]

**ਗਿਆਨ ਰਤਨਾਵਲੀ ਵਿੱਚੋਂ**—ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਸੇਵਕ ਭਾਈ ਮਰਦਾਨੇ ਨੇ ਅਪਣੀ ਨੂੰਹ ਨੂੰ ਲਾਗੇ ਬੁਲਾ ਕੇ ਇਹ ਉਪਦੇਸ਼ ਦਿੱਤਾ ਤੇ ਕਿਹਾ ਕਿ ਪੁਤ੍ਰੀ! ਤੂੰ ਇਹ ਤਿੰਨ ਸ੍ਰੇਸ਼ਟ ਕਰਮ ਜ਼ਰੂਰ ਕਰ ਜੇ ਤੂੰ ਇਹਨਾਂ ਤਿੰਨਾਂ ਗੱਲਾਂ ਨੂੰ ਧਾਰਨ ਕਰ ਲਏਂਗੀ ਤਾਂ ਤੈਨੂੰ ਕਦੇ ਵੀ ਲੋਕ-ਪ੍ਰਲੋਕ ਵਿੱਚ ਦੁੱਖ ਦੀ ਪ੍ਰਾਪਤੀ ਨਹੀਂ ਹੋਵੇਗੀ ਉਹ ਤਿੰਨ ਬਚਨ ਕਿਹੜੇ ਸਨ ਕਿ ਸਿਰ ਤੇ ਕੇਸ ਰੱਖਣੇ ਤੇ ਕੇਸਾਂ ਦੀ ਸੰਭਾਲ ਕਰਨੀ, ਪਿਛਲ ਰਾਤੀ ਸਤਿਨਾਮ ਦਾ ਜਾਪ ਕਰਨਾ ਤੇ ਤੀਸਰੀ ਇਹ ਕਿ ਆਉਂਦੀ ਜਾਂਦੀ ਸਾਧਸੰਗਤਿ ਦੀ ਸੇਵਾ ਕਰਨੀ।

ਜਨਮ ਸਾਖੀ ਭਾਈ ਬਾਲੇ ਵਾਲੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ ਕਿ ਜੋ ਧਰਮਸਾਲ ਵਿੱਚ ਆ ਕੇ ਝਾੜੂ, ਸੂਹਨੀ ਆਦਿ ਦੀ ਕੋਈ ਸੇਵਾ ਕਰੇਗਾ ਉਸ ਦਾ ਮਨ ਨਿਰਮਲ ਹੋਵੇਗਾ ਪਾਪ ਦੂਰ ਹੋਣਗੇ ਅੰਤ ਸਮੇਂ ਸਦਿ ਗਤੀ ਦਾ ਅਧਿਕਾਰੀ ਹੋਵੇਗਾ। ਇਸੇ ਪ੍ਰਕਾਰ ਇਤਿਹਾਸ ਵਿੱਚ ਵੀ ਪ੍ਰਮਾਨ ਮਿਲਦਾ ਹੈ। ਜੈਸਾ ਕਿ :

**ਸੁਨ ਸਿਖਾ ਗੁਰਮਤ ਇਹ ਸਾਰ॥ ਸਤਿ ਸੰਗਤ ਕੀ ਸੇਵ ਉਦਾਰ॥**

ਸੋ ਇਹਨਾਂ ਉਪਰ ਦਿੱਤੇ ਗੁਰੂ ਜੀ ਦੇ ਉਪਦੇਸ਼ ਤਥਾ ਭਾਈ ਗੁਰਦਾਸ ਜੀ ਦੇ ਸ਼ਬਦਾਂ ਤੇ ਇਤਿਹਾਸਕ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਜੀਵ ਦੁਨੀਆ ਵਿੱਚ ਆ ਕੇ ਸੇਵਾ ਕਰਕੇ ਹੀ ਪਵਿੱਤਰ ਹੋ ਸਕਦਾ ਹੈ ਤੇ ਜਨਮ ਮਰਨ ਤੋਂ ਰਹਿਤ ਹੋ ਸਕਦਾ ਹੈ, ਇਸ ਲਈ ਦੁਨੀਆ ਵਿੱਚ ਆ ਕੇ ਸੇਵਾ ਕਰਨੀ ਬੜੀ ਜ਼ਰੂਰੀ ਹੈ ਕਿਉਂਕਿ ਸਤਿਗੁਰੂ ਜੀ ਦੱਸਦੇ ਹਨ। ਜੈਸਾ ਕਿ :

**ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥੪॥੩੩॥** [ਸਿਰੀਰਾਗੁ ਮਹਲਾ ੧, ਅੰਗ ੨੬]

ਸੇਵਾ ਕੀਤੀ ਹੋਈ ਉਸ ਦੀ ਥਾਂ ਪੈਂਦੀ ਹੈ ਜੋ ਸੇਵਾ ਨੂੰ ਚਿਤ ਲਾ ਕੇ ਭਾਵ ਪ੍ਰੇਮ ਭਾਵਨਾ ਨਾਲ ਕਰਦਾ ਹੈ। ਜੈਸਾ ਕਿ :

**ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥**
**ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥** [ਵਾਰ ਸੋਰਠਿ ਮਃ, ਅੰਗ ੬੪੪]

ਸੇਵਾ ਦੋ ਪ੍ਰਕਾਰ ਦੀ ਹੈ—੧. ਸਕਾਮ ਸੇਵਾ ੨. ਨਿਸ਼ਕਾਮ ਸੇਵਾ।

ਗੁਰੂ ਘਰ ਵਿੱਚ ਇਹ ਦੋਨੋਂ ਹੀ ਪ੍ਰਕਾਰ ਦੀ ਸੇਵਾ ਪ੍ਰਵਾਨਨੀਕ ਹੈ, ਕਿਉਂਕਿ ਜੇ ਸਿੱਖ ਨੇ ਕੁਝ ਮੰਗਣਾ ਹੈ ਤਾਂ ਸਮਰਥ ਗੁਰੂ ਕੋਲੋਂ ਹੀ ਮੰਗਣਾ ਹੈ ਦੇਹਾਂ ਪਿੱਛੇ ਨਹੀਂ ਭਾਉਂਦੇ ਫਿਰਨਾ ਪ੍ਰਮੇਸ਼ਰ ਸਰੂਪ ਪੂਰੇ ਸਤਿਗੁਰੂ ਇੱਛਾ ਪੂਰਕ ਹਨ। ਜੈਸਾ ਕਿ :

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾਕੈ ਵਸਿ ਹੈ ਕਾਮਧੇਨਾ ॥**

ਇਸ ਲਈ

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥**

[ਧਨਾਸਰੀ ਮਃ ੪, ਅੰਗ ੬੬੯]

ਸਕਾਮ ਸੇਵਾ—ਜੋ ਕਿਸੇ ਕਾਮਨਾ ਨੂੰ ਮੁੱਖ ਰੱਖ ਕੇ ਕੀਤੀ ਜਾਵੇ।

ਨਿਸ਼ਕਾਮ ਸੇਵਾ—ਜੋ ਕਾਮਨਾ ਤੋਂ ਨਿਸ=ਰਹਿਤ ਹੋ ਕੇ ਕੀਤੀ ਜਾਵੇ।

ਸਕਾਮ ਸੇਵਾ ਕਰਨ ਨਾਲ ਇੱਛਾ ਪੂਰੀ ਹੋਵੇਗੀ ਪਰ ਅੰਤਹਕਰਨ ਦੀ ਸੁੱਧੀ ਨਹੀਂ ਹੋਵੇਗੀ ਇਸ ਲਈ ਨਿਸ਼ਕਾਮ ਸੇਵਾ, ਸਕਾਮ ਸੇਵਾ ਦੇ ਮੁਕਾਬਲੇ ਉੱਤਮ ਹੈ ਨਿਸ਼ਕਾਮ ਸੇਵਾ ਅੰਤਹ ਕਰਨ ਨੂੰ ਸ਼ੁੱਧ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੀ ਹੈ ਜਿਵੇਂ ਸਤਿਗੁਰੂ ਜੀ ਉਚਾਰਨ ਕਰਦੇ ਹਨ। ਜੈਸਾ ਕਿ :

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥**

[ਗਉੜੀ ਸੁਖਮਨੀ ਮਃ ੫, ਅੰਗ ੨੮੬]

ਸੋ ਜਿਸ ਨੂੰ ਪ੍ਰਮੇਸ਼ਰ ਨੇ ਪੂਰੇ ਸਤਿਗੁਰੂ ਦੀ ਸੇਵਾ ਕਰਨ ਵਿੱਚ ਲਾਇਆ ਹੈ ਉਸ ਨੂੰ ਕੋਈ ਵੀ ਦੁੱਖ ਨਹੀਂ ਲਗਦਾ।

## *ਬਿਘਨੁ ਨ ਲਾਗੈ; ਜਪਿ ਅਲਖ ਅਭੇਵ ॥੧॥*

ਅਲਖ=ਲਖਨ ਤੋਂ ਰਹਿਤ ਅਭੇਵ=ਭੇਦ ਤੋਂ ਰਹਿਤ ਪ੍ਰਮੇਸ਼ਰ ਦੇ ਨਾਮ ਨੂੰ ਜਿਨ੍ਹਾਂ ਨੇ ਜਪਿ=ਜਪਿਆ ਹੈ ਉਹਨਾਂ ਨੂੰ ਕੋਈ ਭੀ ਬਿਘਨੁ=ਕਸ਼ਟ ਨ ਲਾਗੈ=ਨਹੀਂ ਲਗਦਾ। ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਨਾਮ ਮਨ ਵਿੱਚ ਦ੍ਰਿੜਾਇਆ ਹੈ ਉਸ ਦੇ ਸਾਰੇ ਹੀ ਦੁੱਖ ਨਾਸ ਹੋ ਜਾਂਦੇ ਹਨ ॥੧॥ ਜੈਸਾ ਕਿ :

**ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥**

[ਸੋਰਠਿ ਮਹਲਾ ੫, ਅੰਗ ੬੨੨]

## *ਧਰਤਿ ਪੁਨੀਤ ਭਈ; ਗੁਨ ਗਾਏ ॥*

ਜਿਥੇ ਬੈਠ ਕੇ ਪ੍ਰਮੇਸ਼ਰ ਦੇ ਪਿਆਰਿਆਂ ਨੇ ਪ੍ਰਮੇਸ਼ਰ ਦੇ ਗੁਣ ਗਾਏ ਹਨ ਉਹ ਪ੍ਰਤੱਖ ਧਰਤੀ, ਵਾ—ਬੁੱਧੀ ਰੂਪ ਧਰਤੀ ਪੁਨੀਤ=ਪਵਿੱਤਰ ਹੋਈ ਹੈ। ਜੈਸਾ ਕਿ :

**ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥**
**ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸਹਿ ਸਭੁ ਮੰਦਾ ॥** [ਵਾਰ ਗਉੜੀ ਮਹਲਾ ੫, ਅੰਗ ੩੧੯]

## *ਦੁਰਤੁ ਗਇਆ; ਹਰਿ ਨਾਮੁ ਧਿਆਏ ॥੧॥ਰਹਾਉ॥*

ਦੁਰਤੁ=ਪਾਪ ਗਇਆ=ਨਾਸ਼ ਹੋ ਗਏ ਜਿਸਨੇ ਹਰੀ ਪ੍ਰਮੇਸ਼ਰ ਵਾਹਿਗੁਰੂ ਦਾ ਨਾਮ ਧਿਆਉਣਾ ਕੀਤਾ ਹੈ। ਪ੍ਰਮੇਸ਼ਰ ਦਾ ਨਾਮ ਪਾਪ ਨਾਸ਼ਕ ਹੈ। ਹਰੀ ਪ੍ਰਮੇਸ਼ਰ ਵਾਹਿਗੁਰੂ ਨੇ ਆਪ ਹੀ ਕਿਰਪਾ ਕਰਕੇ ਦੁਰਤੁ ਗਵਾਉਣਾ ਕੀਤਾ ਹੈ ॥੧॥ਰਹਾਉ॥ ਜੈਸਾ ਕਿ :

**੧. ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ ॥**

[ਸੋਰਠਿ ਮਹਲਾ ੫, ਅੰਗ ੬੨੦]

**੨. ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥੧॥**

[ਆਸਾ ਮਹਲਾ ੫, ਅੰਗ ੪੩੦]

## *ਸਭਨੀ ਥਾਂਈ ਰਵਿਆ ਆਪਿ ॥*

ਸੋ ਸਭਨੀ=ਸਾਰਿਆਂ ਥਾਂਈ=ਅਸਥਾਨਾਂ ਦੇ ਵਿੱਚ ਆਪ ਰਵਿਆ=ਵਿਆਪਕ ਹੋ ਰਿਹਾ ਹੈ। ਕੋਈ ਐਸੀ ਜਗ੍ਹਾ ਨਹੀਂ ਜਿਥੇ ਪ੍ਰਮੇਸ਼ਰ ਦਾ ਵਾਸਾ ਨਹੀਂ। ਜੈਸਾ ਕਿ :

**੧. ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ॥੩॥**

[ਧਨਾਸਰੀ ਮਹਲਾ ੫, ਅੰਗ ੬੭੦]

**੨. ਘਟਿ ਘਟਿ ਰਵਿ ਰਹਿਆ ਬਨਵਾਰੀ॥** [ਮਾਰੂ ਮਹਲਾ ੧, ਅੰਗ ੧੦੪੦]

**੩. ਘਟਿ ਘਟਿ ਰਵਿ ਰਹਿਆ ਸਭਿ ਥਾਈ ਪੂਰਨ ਪੁਰਖੁ ਬਿਧਾਤਾ॥**

[ਆਸਾ ਮਹਲਾ ੫, ਅੰਗ ੪੫੩]

**੪. ਜਲਿ ਥਲਿ ਪੂਰਨ ਅੰਤਰਜਾਮੀ॥ ਘਟਿ ਘਟਿ ਰਵਿਆ ਅਛਲ ਸੁਆਮੀ॥**

[ਮਾਰੂ ਮਹਲਾ ੫, ਅੰਗ ੧੦੮੦]

## *ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ ॥*

ਆਦਿ=ਮੁੱਢ ਜੁਗਾਦਿ=ਜਦੋਂ ਜੁਗ ਆਦਿ ਰਚੇ ਗਏ ਸਤਯੁਗ, ਤ੍ਰੇਤਾ, ਦੁਆਪਰ, ਕਲਯੁਗ ਜਾ ਕਾ=ਜਿਸ ਵਾਹਿਗੁਰੂ ਦਾ ਵਡ=ਵੱਡਾ ਪਰਤਾਪੁ=ਤੇਜ਼ ਭਾਵ ਉਸ ਵਾਹਿਗੁਰੂ ਦਾ ਆਦਿ ਜੁਗਾਦਿ ਤੋਂ ਹੀ ਵੱਡਾ ਤੇਜ਼ ਪ੍ਰਤਾਪ ਹੈ। ਆਦਿ ਤੋਂ ਭਾਵ ਸੰਸਾਰ ਦਾ ਮੁੱਢ ਜਿਥੋਂ ਸੰਸਾਰ ਦੀ ਸ਼ੁਰੂਆਤ ਹੋਈ ਉਸ ਵੇਲੇ ਤੋਂ ਜਦੋਂ ਜੁਗ ਆਦਿ ਰਚੇ ਗਏ, ਉਸਦਾ ਭਾਰੀ ਪ੍ਰਤਾਪ ਹੈ। ਇਥੇ ਪ੍ਰਮੇਸ਼ਰ ਦਾ ਆਦਿ ਨਹੀਂ ਸਮਝਣਾ ਪ੍ਰਮੇਸ਼ਰ ਆਦਿ, ਅੰਤ ਦੋਨਾਂ ਉਪਾਧੀਆਂ ਤੋਂ ਰਹਿਤ ਹੈ। ਜਿਸ ਦਾ ਆਦਿ ਸਿੱਧ ਹੋ ਜਾਏ ਉਸ ਦਾ ਅੰਤ ਤਾਂ ਆਪ ਹੀ ਸਿੱਧ ਹੋ ਜਾਂਦਾ ਹੈ, ਜਿਸ ਚੀਜ਼ ਦਾ ਆਦਿ ਹੈ ਉਸਦਾ ਅੰਤ ਭੀ ਹੈ। ਸੰਸਾਰ ਦਾ ਆਦਿ ਹੈ ਔਰ ਸੰਸਾਰ ਦਾ ਅੰਤ ਭੀ ਹੈ। ਪ੍ਰਮੇਸ਼ਰ ਆਦਿ, ਅੰਤ ਤੋਂ ਰਹਿਤ ਹੈ।

## *ਗੁਰਪਰਸਾਦਿ ਨ ਹੋਇ ਸੰਤਾਪੁ ॥੨॥*

ਗੁਰਪਰਸਾਦਿ=ਸਤਿਗੁਰਾਂ ਦੀ ਕਿਰਪਾ ਕਰਕੇ ਤਿਸ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਨੂੰ ਜਾਨਣ ਕਰਕੇ ਜਨਮ-ਮਰਣ ਆਦਿ ਸੰਤਾਪ ਕਦੇ ਨਹੀਂ ਹੁੰਦਾ, ਭਾਵ ਜਨਮ-ਮਰਣ ਤੋਂ ਰਹਿਤ ਹੋ ਗਏ। ਕਿਉਂਕਿ ਗੁਰੂ ਦੀ ਕਿਰਪਾ ਦੁਆਰਾ ਅਗਿਆਨਤਾ ਦੇ ਅੰਧਕਾਰ ਵਿੱਚ ਗਿਆਨ ਰੂਪ ਚਾਨਣਾ ਪ੍ਰਾਪਤ ਹੋਇਆ ਜਿਸ ਗਿਆਨ ਦੁਆਰਾ ਅਗਿਆਨ ਦੀਆਂ ਠੋਕਰਾਂ ਮਿਟ ਜਾਂਦੀਆਂ ਹਨ॥੨॥ ਜੈਸਾ ਕਿ :

**੧. ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ॥੭॥**

[ਮਾਝ ਮਹਲਾ ੩, ਅੰਗ ੧੨੯]

**੨. ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ॥੩॥**

[ਸੋਰਠਿ ਮਹਲਾ ੫, ਅੰਗ ੬੧੦]

## *ਗੁਰ ਕੇ ਚਰਨ; ਲਗੇ ਮਨਿ ਮੀਠੇ ॥*

ਗੁਰ ਕੇ=ਸਤਿਗੁਰਾਂ ਦੇ ਚਰਨ ਕਮਲ ਜਿਸਦੇ ਮਨ ਦੇ ਵਿੱਚ ਮੀਠੇ=ਪਿਆਰੇ ਲੱਗੇ ਹਨ।

## ਨਿਰਬਿਘਨ ਹੋਇ; ਸਭ ਥਾਂਈ ਵੂਠੇ ॥

ਸੋ ਜਨ ਸਭ=ਸਾਰੇ ਥਾਂਈ=ਅਸਥਾਨਾਂ ਵਿੱਚ ਨਿਰਬਿਘਨ=ਬਿਘਨ ਤੋਂ ਰਹਿਤ ਹੋ ਕੇ ਵਸੇ ਹਨ। ਭਾਵ ਉਨ੍ਹਾਂ ਨੂੰ ਕਿਸੇ ਥਾਂ ਵੀ ਕੋਈ ਬਿਘਨ ਨਹੀਂ ਲੱਗਦਾ ਜਿਥੇ ਮਰਜ਼ੀ ਜਾ ਕੇ ਵਸਣ। ਗੁਰੂ ਦੇ ਚਰਣਾਂ ਦੇ ਪ੍ਰਤਾਪ ਕਰਕੇ ਸਾਰੀ ਜਗ੍ਹਾ ਹੀ ਉਨ੍ਹਾਂ ਲਈ ਸ਼ੋਭਨੀਕ ਹੈ। ਜੈਸਾ ਕਿ :

**ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥**
[ਟੋਡੀ ਮਹਲਾ ੫, ਅੰਕ ੭੧੭]

ਸੋ ਜਿਨ੍ਹਾਂ ਦਾ ਗੁਰੂ ਨਾਲ ਪਿਆਰ ਹੈ ਉਨ੍ਹਾਂ ਨੂੰ ਗੁਰੂ ਦੇ ਚਰਨ ਸਾਰੀਆਂ ਵਸਤੂਆਂ ਤੋਂ ਮੀਠੇ=ਪਿਆਰੇ ਲੱਗੇ ਹਨ। ਭਾਈ ਗੋਂਦਾ ਸਿੱਖ ਕਾਬਿਲ, ਕੰਧਾਰ ਵਿੱਚ ਬੈਠਾ ਸੀ, ਸਮਾਧੀ ਵਿੱਚ ਗੁਰੂ ਦੇ ਚਰਨਾਂ ਦਾ ਰਸ ਲੈ ਰਿਹਾ ਸੀ ਇਸ ਮਿਠਾਸ ਵਿੱਚ ਭਾਈ ਗੋਂਦੇ ਨੂੰ ਸਮੇਂ ਦਾ ਗਿਆਨ ਭੀ ਭੁੱਲ ਗਿਆ ਸੀ ਕਿ ਕਿਤਨਾ ਕੁ ਸਮਾਂ ਹੋ ਗਿਆ। ਸਿੱਖ ਨੂੰ ਇਹ ਰਸ ਨਿਰੰਤਰ ਦੇਣ ਵਾਸਤੇ ਕਿਤਨੀ ਦੇਰ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਜੀ ਨੇ ਚੌਂਕੜਾ ਨਹੀਂ ਸੀ ਖੋਲ੍ਹਿਆ। ਜਾਣਦੇ ਸਨ ਕਿ ਮੇਰੇ ਸਿੱਖ ਨੂੰ ਜੋ ਮਿਠਾਸ ਮੇਰੇ ਚਰਨਾਂ ਦੀ ਆ ਰਹੀ ਹੈ, ਉਸ ਦਾ ਰਸ ਟੁੱਟ ਨਾ ਜਾਏ। ਸੋ ਇਨ੍ਹਾਂ ਚਰਨਾ, ਕਮਲਾਂ ਦੀ ਮਿਠਾਸ ਦਾ ਰਸ ਜਿਨ੍ਹਾਂ ਨੂੰ ਵੀ ਆਇਆ ਹੈ ਉਸ ਰਸ ਨੂੰ ਤਾਂ ਕੇਵਲ ਓਹੀ ਜਾਣਦੇ ਹਨ ਪ੍ਰਮੇਸ਼ਰ ਦੇ ਚਰਨਾਂ-ਕਮਲਾਂ ਦੇ ਪਿਆਰ ਦੀ ਮਸਤੀ ਵਿੱਚ ਆ ਕੇ ਕਬੀਰ ਸਾਹਿਬ ਜੀ ਨੇ ਭੀ ਐਸਾ ਕਿਹਾ ਹੈ। ਜੈਸਾ ਕਿ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥** [ਸਲੋਕ ਕਬੀਰ ਜੀ, ਅੰਗ ੧੩੭੦]

ਇੱਕ ਜਗ੍ਹਾ ਚਰਨਾਂ ਕਮਲਾਂ ਦੀ ਮੌਜ ਦੀ ਗੱਲ ਕਰਦਿਆਂ ਕਬੀਰ ਸਾਹਿਬ ਕਹਿ ਰਹੇ ਹਨ ਕਿ ਮੈਂ ਨਰਕਾਂ ਤੇ ਸੁਰਗਾਂ ਤੋਂ ਰਹਿ ਚੁਕਾ ਹਾਂ ਇਹ ਸਾਰੀ ਕਿਰਪਾ ਮੇਰੇ ਗੁਰੂ ਦੀ ਹੈ। ਹੁਣ ਚਰਨਾਂ, ਕਮਲਾਂ ਵਿੱਚ ਸਦਾ ਰਹਾਂਗਾ। ਜੈਸਾ ਕਿ :

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥** [ਸਲੋਕ ਕਬੀਰ ਜੀ ਅੰਗ ੧੩੭੦]

## ਸਭਿ ਸੁਖ ਪਾਏ; ਸਤਿਗੁਰ ਤੂਠੇ ॥੩॥

ਜਿਨ੍ਹਾਂ ਉਪਰ ਸਤਿਗੁਰੂ ਤੂਠੇ=ਪ੍ਰਸੰਨ ਹੋਏ ਹਨ ਉਨ੍ਹਾਂ ਨੇ ਸਭਿ=ਸਾਰੇ ਸੁੱਖ ਪਾਏ=ਪ੍ਰਾਪਤ ਕਰ ਲਏ ਹਨ। ਕਿਉਂਕਿ ਸਾਰੇ ਸੁੱਖ ਸਤਿਗੁਰਾਂ ਦੀ ਪ੍ਰਸੰਨਤਾ ਵਿੱਚ ਹਨ॥੩॥ ਜੈਸਾ ਕਿ :

**ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥** [ਸਿਰੀਰਾਗੁ ਮਹਲਾ ੫, ਅੰਗ ੪੪]

ਸੋ ਜਿਵੇਂ ਸਤਿਗੁਰੂ ਹਰਿਰਾਇ ਜੀ ਮਾਲਵੇ ਨੂੰ ਭਾਗ ਲਾਉਂਦੇ ਹੋਏ ਜਦ ਇੱਕ ਜਗ੍ਹਾ ਨਿਵਾਸ ਕਰਕੇ ਬੈਠੇ ਤਾਂ ਟਪਰੀ ਵਾਸਾਂ ਦੇ ਰੂਪ ਵਿੱਚ ਗ਼ਰੀਬੀ ਦੀ ਹਾਲਤ ਦੇ ਮਾਰੇ ਹੋਏ ਫੂਲਕਿਆਂ ਦਾ ਵਡੇਰਾ ਭਾਈ ਕਾਲਾ ਅਪਣੇ ਯਤੀਮ ਭਤੀਜਿਆਂ ਨੂੰ ਲੈ ਕੇ ਜਿਨ੍ਹਾਂ ਦੇ ਮਾਂ-ਪਿਉ ਮਰ ਚੁੱਕੇ ਸਨ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਤਾਂ ਅਚਾਨਕ ਬੱਚੇ ਨੇ ਢਿੱਡ ਤੇ ਹੱਥ ਮਾਰਿਆ ਤਾਂ ਸਤਿਗੁਰੂ ਜੀ ਨੇ ਪੁੱਛਿਆ ਕਾਲਿਆ ਇਹ ਬੱਚਾ ਪੇਟ 'ਤੇ ਹੱਥ ਕਿਉਂ ਮਾਰ ਰਿਹਾ ਹੈ ? ਤਾਂ ਕਾਲੇ ਨੇ ਕਿਹਾ ਕਿ ਮਹਾਰਾਜ ਪੇਟ ਤੋਂ ਭੁੱਖਾ ਹੈ, ਢਿੱਡ ਵਜਾ ਕੇ ਭੁੱਖ ਜ਼ਾਹਰ ਕਰ ਰਿਹਾ ਹੈ। ਤਾਂ ਸਤਿਗੁਰੂ ਜੀ ਨੇ ਐਸੀ ਕਿਰਪਾ ਦ੍ਰਿਸ਼ਟੀ ਕੀਤੀ ਸੁਭਾਵਕ ਹੀ ਬਚਨ ਕੀਤਾ ਇਹ ਤਾਂ ਹੋਰਨਾਂ

ਦਾ ਪੇਟ ਭਰਨ ਵਾਲਾ ਹੋਵੇਗਾ। ਇਸ ਦਾ ਨਾਮ ਕੀ ਹੈ? ਕਾਲੇ ਨੇ ਕਿਹਾ ਜੀ ਇਸ ਨਾਮ ਫੂਲਾ ਹੈ ਸਤਿਗੁਰੂ ਨੇ ਕਿਹਾ ਫੂਲਿਆ ਬਹੁਤ ਫੂਲੇਂਗਾ ਭਾਵ, ਰਾਜ ਭਾਗ ਦਾ ਮਾਲਕ ਹੋਵੇਂਗਾ ਸੋ ਸਤਿਗੁਰਾਂ ਦੀ ਪ੍ਰਸੰਨਤਾ ਨਾਲ ਟਪਰੀ ਵਾਸਾਂ ਤੋਂ ਰਾਜ ਭਾਗ ਦੇ ਮਾਲਕ ਬਣਾ ਦਿੱਤਾ। ਕਿਉਂਕਿ ਸਾਰੇ ਸੁੱਖ ਸਤਿਗੁਰਾਂ ਦੀ ਪ੍ਰਸੰਨਤਾ ਵਿੱਚ ਹਨ।

੧. **ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥** [ਸੋਰਠਿ ਮਹਲਾ ੫, ਅੰਗ ੬੩੦]

੨. **ਸਭ ਤੇ ਵਡ ਸਮਰਥ ਗੁਰਦੇਵ॥ ਸਭਿ ਸੁਖ ਪਾਈ ਤਿਸਕੀ ਸੇਵ॥**
[ਭੈਰਉ ਮਹਲਾ ੫, ਅੰਗ ੧੧੫੨]

## *ਪਾਰਬ੍ਰਹਮ ਪ੍ਰਭ; ਭਏ ਰਖਵਾਲੇ ॥*

ਉਨ੍ਹਾਂ ਸੰਤ ਜਨਾਂ ਦੇ ਪਾਰਬ੍ਰਹਮ ਪ੍ਰਭੂ ਆਪ ਹੀ ਰਖਵਾਲੇ=ਰਖਿਆ ਕਰਨ ਵਾਲੇ ਹੋਏ ਹਨ।

## *ਜਿਥੈ ਕਿਥੈ; ਦੀਸਹਿ ਨਾਲੇ ॥*

ਜਿਥੈ ਕਿਥੈ=ਜਹਾਂ ਕਹਾਂ ਉਨ੍ਹਾਂ ਨੂੰ ਆਪਣਾ ਸੁਆਮੀ, ਮਾਲਕ ਅੰਗ-ਸੰਗ ਦ੍ਰਿਸ਼ਟੀ ਆ ਰਿਹਾ ਹੈ, ਉਨ੍ਹਾਂ ਦਾ ਐਸਾ ਵਿਸ਼ਵਾਸ ਹੈ।

## *ਨਾਨਕ ਦਾਸ; ਖਸਮਿ ਪ੍ਰਤਿਪਾਲੇ ॥੪॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਖਸਮਿ=ਮਾਲਕ ਨੇ ਆਪਣੇ ਦਾਸ ਦੇ ਪ੍ਰਤਿ=ਤਾਂਈ ਪਾਲੇ=ਪਾਲਣਾ ਕੀਤਾ ਹੈ ਭਾਵ ਪ੍ਰਮੇਸ਼ਰ ਆਪਣੇ ਦਾਸਾਂ ਦੀ ਹਰ ਪ੍ਰਕਾਰ ਕਰਕੇ ਰੱਖਿਆ ਕਰਦਾ ਹੈ॥੪॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੬ [ਆਦਿ ਅੰਗ ੮੦੧-੮੦੨]

***ਬਿਲਾਵਲੁ ਮਹਲਾ ੫ ॥ ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ ਮੋਹਿ ਅਨਾਥ ਤੁਮਰੀ ਸਰਣਾਈ ॥ ਕਰਿ ਕਿਰਪਾ ਹਰਿ ਚਰਨ ਧਿਆਈ ॥੧॥ ਦਇਆ ਕਰਹੁ ਬਸਹੁ ਮਨਿ ਆਇ ॥ ਮੋਹਿ ਨਿਰਗੁਨ ਲੀਜੈ ਲੜਿ ਲਾਇ ॥ਰਹਾਉ॥ ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ ਹਰਿ ਸੇਵਕ ਨਾਹੀ ਜਮ ਪੀੜ ॥ ਸਰਬ ਦੂਖ ਹਰਿ ਸਿਮਰਤ ਨਸੇ ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥੨॥ ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ ਬਿਸਰਤ ਨਾਮੁ ਹੋਵਤ ਤਨੁ ਛਾਰੁ ॥ ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥ ਹਰਿ ਬਿਸਰਤ ਸਭ ਕਾ ਮੁਹਤਾਜ ॥੩॥ ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥ ਮਨ ਤਨ ਅੰਤਰਿ ਹਰਿ ਹਰਿ ਮੰਤ ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥***

## *ਬਿਲਾਵਲੁ ਮਹਲਾ ੫ ॥*

ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਇਹ ਮੁਖਵਾਕ ਬਿਲਾਵਲ ਰਾਗ ਵਿੱਚ ਅੰਕਿਤ ਹੈ ਜਿਸ ਪ੍ਰਮੇਸ਼ਰ ਨੂੰ ਸੁੱਖਾਂ ਦਾ ਖ਼ਜ਼ਾਨਾ ਅਣਗਿਣਤ ਗੁਣਾਂ ਵਾਲਾ ਵਰਣਨ ਕਰਦੇ ਹਨ ਤੇ ਜਗਿਆਸੂ ਮੁਖ ਦੁਆਰਾ ਆਪਣੇ ਆਪ ਨੂੰ ਅਨਾਥ ਮੰਨ ਕੇ ਬੇਨਤੀ ਕਰਦੇ ਹਨ ਕਿ ਕਿਰਪਾ ਕਰਕੇ ਮੇਰੇ ਹਿਰਦੇ ਵਿੱਚ ਵੱਸ ਜਾਓ, ਮੈਂ ਗੁਣਾਂ ਤੋਂ ਰਹਿਤ ਹਾਂ ਕਿਉਂਕਿ ਪ੍ਰਮਾਤਮਾ ਨੂੰ ਚੇਤੇ ਕਰਨ ਨਾਲ ਸਾਰੀਆਂ ਭੀੜਾਂ (ਮੁਸ਼ਕਲਾਂ) ਦੂਰ ਹੋ ਜਾਂਦੀਆਂ ਹਨ। ਜੋ ਪ੍ਰਮਾਤਮਾ ਦੇ ਸੇਵਕ ਹੋ ਜਾਂਦੇ ਹਨ ਉਨ੍ਹਾਂ ਨੂੰ ਜਮਾਂ ਦੀ ਪੀੜ ਨਹੀਂ ਹੁੰਦੀ। ਨਾਮ ਸਿਮਰਣ ਨਾਲ ਸਾਰੇ ਦੁੱਖ ਨੱਸ ਜਾਂਦੇ ਹਨ। ਸਿਮਰਨ ਕਰਨ ਵਾਲਿਆਂ ਦੇ ਸਦਾ ਹੀ ਪ੍ਰਭੂ ਅੰਗ ਸੰਗ ਵੱਸਦਾ ਹੈ। ਪ੍ਰਭੂ ਦਾ ਨਾਮ ਮਨ, ਤਨ ਵਿੱਚ ਆਸਰਾ ਬਣ ਜਾਂਦਾ ਹੈ। ਪ੍ਰਭੂ ਦਾ ਪਿਆਰਾ ਐਸਾ ਮਹਿਸੂਸ ਕਰਦਾ ਹੈ ਕਿ ਪ੍ਰਭੂ ਦੇ ਵਿਸਰਨ ਨਾਲ ਤਨ ਖੇਹ ਰੂਪ ਹੈ। ਜਿਨ੍ਹਾਂ ਨੂੰ ਵਾਹਿਗੁਰੂ ਚੇਤੇ ਆਵੇ ਉਨ੍ਹਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਨਾਮ ਨੂੰ ਵਿਸਾਰ ਕੇ ਸਭ ਦੀ ਅਧੀਨਗੀ ਹੋ ਜਾਂਦੀ ਹੈ। ਜਿਨ੍ਹਾਂ ਦੀ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਲੱਗੀ ਹੈ, ਉਨ੍ਹਾਂ ਦੀ ਸਾਰੀ ਭੈੜੀ ਮੱਤ ਦੂਰ ਹੋ ਗਈ ਜਿਨ੍ਹਾਂ ਦੇ ਮਨ, ਤਨ ਵਿੱਚ ਪ੍ਰਮਾਤਮਾ ਦਾ ਨਾਮ ਮੰਤਰ ਹੈ ਉਨ੍ਹਾਂ ਦੇ ਪ੍ਰਤੱਖ ਘਰਾਂ ਵਿੱਚ, ਵਾ—ਉਨ੍ਹਾਂ ਦੇ ਅੰਤਸਕਰਣ ਰੂਪੀ ਘਰ ਵਿੱਚ ਖ਼ੁਸ਼ੀ, ਖੇੜਾ ਬਣਿਆ ਰਹਿੰਦਾ ਹੈ। ਸੋ ਐਸਾ ਸੰਮਿਲਤ ਭਾਵ, ਇਸ ਮੁਖਵਾਕ ਵਿੱਚ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ ਤੇ ਉਸ ਦੀਆਂ ਸਾਰੀਆਂ ਤੁਕਾਂ ਦਾ ਸੰਖੇਪ ਰੂਪ ਲਿਆ ਹੈ। ਹੁਣ ਮੁਖਵਾਕ ਦੀ ਪਹਿਲੀ ਤੁਕ ਵਿੱਚ ਜਗਿਆਸੂ ਮੁਖ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## *ਸੁਖ ਨਿਧਾਨ; ਪ੍ਰੀਤਮ ਪ੍ਰਭ ਮੇਰੇ ॥*

ਹੇ ਮੇਰੇ ਪ੍ਰੀਤਮ ਪ੍ਰਭ=ਮਾਲਕ ! ਤੂੰ ਸੁੱਖਾਂ ਦਾ ਨਿਧਾਨ=ਖ਼ਜ਼ਾਨਾ ਹੈਂ। ਭਾਵ, ਹੇ ਮੇਰੇ ਮਾਲਕ ! ਤੇਰੇ ਵਿੱਚ ਦੁੱਖ ਨਾਂ ਦੀ ਕੋਈ ਚੀਜ਼ ਨਹੀਂ ਹੈ ਤੂੰ ਸੰਪੂਰਨ ਰੂਪ ਵਿੱਚ ਸੁੱਖ ਸਰੂਪ ਹੈਂ। ਅਤੇ ਤੇਰਾ ਨਾਮ ਭੀ ਸੁੱਖ ਰੂਪ ਹੈ। ਜੋ ਤੇਰੇ ਨਾਲ ਜੁੜਨ ਵਾਲੇ ਹਨ ਉਹ ਵੀ ਜੁੜਨ ਤੋਂ ਸੁੱਖ ਅਨੁਭਵ ਕਰਦੇ ਹਨ। ਜੈਸਾ ਕਿ :

੧. **ਸੁਖ ਨਿਧਾਨ ਨਾਨਕ ਪ੍ਰਭੁ ਮੇਰਾ ਸਾਧਸੰਗਿ ਧਨ ਮਾਲ ॥** [ਸਾਰਗ ਮਹਲਾ ੫, ਅੰਗ ੧੨੨੨]

੨. **ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥** [ਵਾਰ ਗਉੜੀ ਮਹਲਾ ੫, ਅੰਗ ੩੧੯]

੩. **ਸੁਖ ਨਿਧਾਨ ਹਰਿ ਅਲਖ ਸੁਆਮੀ ॥** [ਗਉੜੀ ਮਹਲਾ ੫, ਅੰਗ ੧੯੪]

## ਅਗਨਤ ਗੁਣ; ਠਾਕੁਰ ਪ੍ਰਭ ਤੇਰੇ ॥

ਹੇ ਠਾਕੁਰ=ਮਾਲਕ ਪ੍ਰਭ=ਪ੍ਰਮੇਸ਼ਰ ! ਤੇਰੇ ਵਿੱਚ ਗੁਣ=ਖੂਬੀਆਂ ਭਾਵ ਸ੍ਰੇਸ਼ਟ ਖੂਬੀਆਂ ਅਗਨਤ=ਗਿਣਤੀ ਤੋਂ ਰਹਿਤ, ਬਿਅੰਤ ਹਨ। ਜੈਸਾ ਕਿ :

**੧. ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥** [ਆਸਾ ਮਹਲਾ ੫, ਅੰਗ ੪੫੮]

**੨. ਆਇ ਨ ਜਾਵੈ ਨਿਹਚਲੁ ਧਨੀ ॥ ਬਿਅੰਤ ਗੁਣਾਂ ਤਾ ਕੇ ਕੇਤਕ ਗਨੀ ॥** [ਗੋਂਡ ਮਹਲਾ ੫, ਅੰਗ ੮੬੨]

**੩. ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥** [ਆਸਾ ਮਹਲਾ ੫, ਅੰਗ ੪੫੩]

**੪. ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥** [ਗਉੜੀ ਮਹਲਾ ੫, ਅੰਗ ੨੪੮]

## ਮੋਹਿ ਅਨਾਥ; ਤੁਮਰੀ ਸਰਣਾਈ ॥

ਹੇ ਵਾਹਿਗੁਰੂ ! ਮੈਂ ਅਨਾਥ=ਯਤੀਮ, ਸੁਆਮੀ ਤੋਂ ਰਹਿਤ ਹਾਂ, ਭਾਵ ਜਿਸਦਾ ਕੋਈ ਰੱਖਿਆ ਕਰਨ ਵਾਲਾ ਮਾਲਕ ਨਹੀਂ। ਦੁਖੀ ਹੋ ਕੇ ਤੁਮਰੀ=ਤੁਹਾਡੀ ਸਰਨਾਈ=ਸਰਣ ਗ੍ਰਹਿਣ ਕੀਤੀ ਹੈ।

## ਕਰਿ ਕਿਰਪਾ; ਹਰਿ ਚਰਨ ਧਿਆਈ ॥੧॥

ਹੇ ਹਰਿ=ਹਰੀ ਵਾਹਿਗੁਰੂ ! ਮੇਰੇ ਉੱਤੇ ਇਹ ਕਿਰਪਾ ਕਰੋ ਕਿ ਮੈਂ ਆਪ ਜੀ ਦੇ ਚਰਨਾਂ ਦਾ ਧਿਆਈ=ਧਿਆਉਣ ਵਾਲਾ ਹੋਵਾਂ ॥੧॥ ਜੈਸਾ ਕਿ :

**੧. ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਹ ॥**
**ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥** [ਜੈਤਸਰੀ ਮਹਲਾ ੫, ਅੰਗ ੭੦੨]

**੨. ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥** [ਕਾਨੜਾ ਮਹਲਾ ੫, ਅੰਗ ੧੩੦੧]

ਸੋ ਜਗਿਆਸੂ ਰੂਪ ਇਸਤਰੀ ਦੀ ਇਹ ਜੋਦੜੀ ਹੈ ਕਿ ਮੈਂ ਗ਼ਰੀਬ, ਮਾਣ ਤੋਂ ਰਹਿਤ ਨਿਮਾਣੀ ਹਾਂ ਜਦੋਂ ਪ੍ਰਮੇਸ਼ਰ ਨੇ ਮੇਰੀ ਬੁੱਧ ਰੂਪ ਬਾਂਹ ਸੰਸਾਰ ਦੇ ਪਦਾਰਥਾਂ ਵਿੱਚ ਡੁੱਬਦੀ ਹੋਈ ਪਕੜ ਲਈ। ਤਾਂ ਉਸ ਸਮੇਂ ਪਤੀ ਪ੍ਰਮੇਸ਼ਰ ਦੀ ਅਭੇਦਤਾ ਰੂਪ ਪਤੀ ਬ੍ਰਹਮ ਦੀ ਰਾਣੀ ਹੋ ਗਈ। ਜੈਸਾ ਕਿ :

**ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥** [ਆਸਾ ਮਹਲਾ ੫, ਅੰਗ ੩੯੪]

## ਦਇਆ ਕਰਹੁ; ਬਸਹੁ ਮਨਿ ਆਇ ॥
## ਮੋਹਿ ਨਿਰਗੁਨ; ਲੀਜੈ ਲੜਿ ਲਾਇ ॥ਰਹਾਉ॥

ਹੇ ਵਾਹਿਗੁਰੂ ! ਦਇਆ ਦ੍ਰਿਸ਼ਟੀ ਕਰਹੁ=ਕਰਕੇ ਮੇਰੇ ਮਨ ਵਿੱਚ ਆ ਕਰਕੇ ਬਸਹੁ=ਵੱਸ ਜਾਓ। ਜੋ ਹਿਰਦੇ ਵਿੱਚ ਪ੍ਰਵੇਸ਼ ਕਰਨਾ, ਇਹੀ ਉਸ ਵਾਹਿਗੁਰੂ ਦਾ ਆਉਣਾ ਹੈ। ਹਿਰਦੇ ਵਿੱਚ ਵਸਾਉਣਾ ਮੇਰੇ ਵੱਸ ਨਹੀਂ। ਤੂੰ ਆਪ ਹੀ ਕਿਰਪਾ ਕਰਕੇ ਮੇਰੇ ਹਿਰਦੇ ਵਿੱਚ ਵਸਣਾ ਕਰ। ਮੋਹਿ=ਮੈਂ ਨਿਰਗੁਨ=ਗੁਣਾਂ ਤੋਂ ਰਹਿਤ ਭਾਵ ਗੁਣਾਂ ਤੋਂ ਹੀਣੇ ਨੂੰ ਆਪਣੇ ਨਾਮ ਰੂਪ ਪੱਲੇ ਦੇ ਨਾਲ ਲਗਾ ਲੈਣਾ ਕਰੋ। ਜੈਸਾ ਕਿ :

**ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥** [ਗਉੜੀ ਮਹਲਾ ੪, ਅੰਗ ੧੭੩]

## ਪ੍ਰਭੁ ਚਿਤਿ ਆਵੈ; ਤਾ ਕੈਸੀ ਭੀੜ ॥

ਉਹ ਪ੍ਰਭੁ=ਵਾਹਿਗੁਰੂ ਪ੍ਰਮੇਸ਼ਰ ਚਿਤਿ=ਚੇਤੇ ਆਵੇ ਭਾਵ ਯਾਦ ਆਵੇ ਤਾਂ ਫਿਰ ਕੈਸੀ=ਕਿਹੋ ਜਿਹੀ ਭੀੜ=ਬਿਪਤਾ ਹੈ, **ਅਥਵਾ** ਕਾਮ, ਕ੍ਰੋਧ ਆਦਿਕ ਦੀ ਭੀੜ ਵਿੱਚ ਜੇ ਉਹ ਚੇਤੇ ਆ ਜਾਵੇ ਤਾਂ ਇਸ ਭੀੜ=ਬਿਪਤਾ ਵਿੱਚ ਜੀਵ ਦੀ ਰੱਖਿਆ ਹੁੰਦੀ ਹੈ। ਜੈਸਾ ਕਿ :

**ਪ੍ਰਭ ਚਿਤਿ ਆਏ ਸਭੁ ਦੁਖੁ ਜਾਇ॥ ਭੈ ਸਭ ਬਿਨਸਹਿ ਹਰਿ ਕੈ ਨਾਇ॥**

[ਗਉੜੀ ਮਹਲਾ ੫, ਅੰਗ ੧੮੪]

ਇਸੇ ਸਿਧਾਂਤ ਦੇ ਲੱਗਣ ਵਾਲੀ ਇੱਕ ਸਾਖੀ ਜੋ ਹੁਣ ਦੇ ਸਮੇਂ ਵਿੱਚ ਵਰਤੀ, ਕੋਈ ਬਹੁਤ ਲੰਮਾਂ ਸਮਾਂ ਨਹੀਂ ਹੈ। ਸੰਨ ੧੯੪੭ ਦੀ ਗੱਲ ਹੈ।

**ਸਾਖੀ—ਇਕ ਮੁਸਲਮਾਨ ਦੇ ਗੁਰੂ ਉੱਤੇ ਭਰੋਸਾ ਰੱਖਣ ਦੀ—**ਜਿਸ ਵੇਲੇ ਭਾਰਤ ਦੇਸ਼ ਦੇ ਸਮੇਂ ਨੇ ਕਰਵਟ ਲਈ ਹਿੰਦੁਸਤਾਨ ਤੇ ਪਾਕਿਸਤਾਨ ਦੇ ਰੂਪ ਵਿੱਚ ਬਦਲ ਗਿਆ। ਦੇਸ਼ਾਂ ਦੀਆਂ ਹੱਦਾਂ ਮਿਣੀਆਂ ਗਈਆਂ ਲੋਕੀ ਆਪਣੇ ਘਰ-ਬਾਰ ਛੱਡ ਕੇ ਆਪਣੇ-ਆਪਣੇ ਦੇਸ਼ ਨੂੰ ਪਰਤਣ ਲੱਗੇ ਉਸ ਵੇਲੇ ਬਿਅੰਤ ਘਟਨਾਵਾਂ ਦਿਲ ਕੰਬਾਊ ਵਰਤੀਆਂ ਕਿਉਂਕਿ ਬਹੁਤ ਸਾਰੇ ਲੁਟੇਰੇ ਲੋਕ ਬੇਗੁਨਾਹ ਲੋਕਾਂ ਦੀਆ ਜਾਨਾਂ ਲੈਣ ਲੱਗੇ ਭਾਵੇਂ ਉੱਤੇ ਪਾਕਿਸਤਾਨ ਤੋਂ ਹਿੰਦੁਸਤਾਨ ਆਉਣ ਵਾਲੇ ਹਿੰਦੂ ਸਿੱਖ ਸਨ, ਭਾਵੇਂ ਹਿੰਦੁਸਤਾਨ ਤੋਂ ਪਾਕਿਸਤਾਨ ਜਾਣ ਵਾਲੇ ਮੁਸਲਮਾਨ ਦੋਨਾਂ ਪਾਸਿਆਂ ਤੋਂ ਵੱਡੇ-ਵੱਡੇ ਜ਼ੁਲਮ ਹੋਏ। ਜੋ ਕਹਿਣ ਸੁਨਣ ਲਿਖਣ ਵਿੱਚ ਨਹੀਂ ਆ ਸਕਦੇ। ਅਨੇਕਾਂ ਦੀਆਂ ਜਾਨਾਂ ਦੀ ਰੱਖਿਆ ਰੱਬੀ ਤਾਕਤ ਨਾਲ ਹੋਈ ਉਨ੍ਹਾਂ ਵਿੱਚ ਇੱਕ ਮੁਸਲਮਾਨ ਪਰਿਵਾਰ ਦੀ ਜਿਸ ਢੰਗ ਨਾਲ ਰੱਖਿਆ ਹੋਈ ਉਹ ਇੱਕ ਬੜੀ ਦਿਲਚਸਪ ਕਹਾਣੀ ਹੈ। ਇਹ ਮੁਸਲਮਾਨ ਪਰਿਵਾਰ ਪੰਜਾਬ ਦੀ ਧਰਤੀ ਦੇ ਰਹਿਣ ਵਾਲਾ ਅਮੀਰ ਅਤੇ ਇੱਜ਼ਤਦਾਰ ਪਰਿਵਾਰ ਸੀ। ਇਸ ਬਿਪਤਾ ਵਿੱਚ ਆਪਣੇ ਹੀ ਘਰ ਵਿੱਚ ਸਹਿਮਿਆ ਅਤੇ ਡਰਿਆ ਹੋਇਆ ਆਪਣੇ ਖ਼ੁਦਾ ਨੂੰ ਚੇਤੇ ਕਰੀ ਜਾ ਰਿਹਾ ਸੀ ਕਿ ਹੇ ਖ਼ੁਦਾ! ਮੇਰੇ ਪਰਿਵਾਰ ਦੀ ਰੱਖਿਆ ਕਰੋ। ਮੈਂ ਇਥੋਂ ਲੱਗੇ ਹੋਏ ਕੈਂਪ ਵਿੱਚ ਜਾਣਾ ਚਾਹੁੰਦਾ ਹਾਂ ਕਿਉਂਕਿ ਦੋਹਾਂ ਦੇਸ਼ਾਂ ਦੇ ਲੱਗੇ ਫ਼ੌਜੀ ਕੈਂਪਾਂ ਵਿੱਚ ਹੀ ਜਾਣਾ ਔਖਾ ਹੁੰਦਾ ਸੀ ਉਥੋਂ ਅੱਗੇ ਫਿਰ ਫ਼ੌਜ ਦੀ ਜ਼ਿੰਮੇਵਾਰੀ ਹੁੰਦੀ ਸੀ ਕੈਂਪ ਵਿੱਚ ਜਾ ਕੇ ਕੋਈ ਖ਼ਤਰਾ ਨਹੀਂ ਸੀ ਰਹਿੰਦਾ। ਇਸ ਮੁਸਲਮਾਨ ਪਰਿਵਾਰ ਦੇ ਆਗੂ ਨੇ ਇਹ ਸੋਚਿਆ ਕਿ ਹੁਣ ਘਰ ਵਿੱਚ ਰਿਹਾ ਵੀ ਮੇਰਾ ਪਰਿਵਾਰ ਖ਼ਤਰੇ ਤੋਂ ਖ਼ਾਲੀ ਨਹੀਂ। ਜੇ ਮੈਂ ਇਥੋਂ ਪਰਿਵਾਰ ਨੂੰ ਲੈ ਕੇ ਫ਼ੌਜੀ ਕੈਂਪ ਵਿੱਚ ਜਾਂਦਾ ਹਾਂ ਤਾਂ ਰਸਤੇ ਵਿੱਚ ਮੇਰੇ ਪਰਿਵਾਰ ਦੀ ਜਾਨ ਭੀ ਜਾ ਸਕਦੀ ਹੈ ਧਨ, ਮਾਲ ਦੀ ਤਾਂ ਗੱਲ ਹੀ ਕੋਈ ਖ਼ਾਸ ਨਹੀਂ ਔਰ ਮੇਰੀਆਂ ਨੌਜਵਾਨ ਧੀਆਂ ਦੀ ਜਿਨ੍ਹਾਂ ਨੇ ਕਦੇ ਪਰਾਏ ਮਰਦ ਦਾ ਚਿਹਰਾ ਤੱਕ ਕੇ ਨਹੀਂ ਦੇਖਿਆ, ਉਨ੍ਹਾਂ ਦੀ ਬੇਇਜ਼ਤੀ ਭੀ ਹੋ ਸਕਦੀ ਹੈ, ਸੁੰਦਰ ਸਰੂਪ ਜਾਣ ਕੇ ਮੇਰੀਆਂ ਬੇਟੀਆਂ ਨੂੰ ਮੇਰੇ ਕੋਲੋਂ ਖੋਹਿਆ ਭੀ ਜਾ ਸਕਦਾ ਹੈ। ਮੇਰਾ ਪਰਿਵਾਰ ਹੁਣ ਅੱਜ ਆਟੇ ਦੇ ਦੀਵੇ ਦੀ ਨਿਆਈਂ ਹੈ, ਆਟੇ ਦੇ ਦੀਵੇ ਨੂੰ ਘਰ ਵਿੱਚ ਚੂਹੇ ਤੇ ਬਾਹਰ ਕਾਂ ਪੈਂਦੇ ਹਨ ਐਸੇ ਬਿਪਤਾ ਵਿੱਚ ਉਸਨੂੰ ਖ਼ੁਦਾ ਚੇਤੇ ਆਇਆ ਤੇ ਨਾਲ ਹੀ ਖ਼ੁਦਾ ਦਾ ਸਰਗੁਣ ਸਰੂਪ ਗੁਰੂ ਗੋਬਿੰਦ ਸਿੰਘ ਜੀ ਚੇਤੇ ਆਏ। ਮਨ ਵਿੱਚ ਗੁਰੂ ਜੀ ਦਾ ਧਿਆਨ ਆਉਂਦਿਆਂ ਹੀ ਪੁਰਾਣੀਆਂ ਸਾਂਝਾਂ ਯਾਦ ਆ ਗਈਆਂ ਕਿ ਸਾਡੇ ਬਜ਼ੁਰਗਾਂ ਨਾਲ ਗੁਰੂ ਘਰ ਦੀ ਪਹਿਲਾਂ ਤੋਂ ਸਾਂਝ ਚਲੀ ਆ ਰਹੀ ਹੈ ਕੁਝ ਮੂਰਖਾਂ ਨੇ ਭਾਵੇਂ ਉਹ ਸਾਡੇ ਹੀ ਕਹਾਉਣ ਵਾਲੇ ਸਨ, ਇਸਲਾਮ ਵਿਰੁੱਧ ਗ਼ਲਤ ਕਰਮ ਭੀ ਕੀਤੇ। ਜਿਨ੍ਹਾਂ ਦੀ ਸਾਡੇ ਧਰਮ ਵਿੱਚ ਆਗਿਆ ਨਹੀਂ ਸੀ। ਜੈਸਾ ਕਿ ਗੁਰੂ ਸਾਹਿਬ ਦੇ ਬੱਚਿਆਂ ਨੂੰ ਨਿਰਦੋਸ਼ ਕਤਲ ਕਰਨਾ ਹੈ। ਇਤਿਆਦਿਕ ਹੋਰ ਵੀ ਬਹੁਤ ਸਾਰੇ ਕੁਕਰਮ ਸਾਡੇ ਹੋਣ ਵਾਲਿਆਂ ਨੇ ਕੀਤੇ, ਪਰ ਇਸ ਦੇ ਨਾਲ ਹੀ ਗੁਰੂ ਨਾਨਕ ਤੋਂ ਲੈ ਕੇ ਪੁਰਾਣੀ ਸਾਂਝ ਸਾਡੀ ਸਿੱਖ ਧਰਮ ਨਾਲ ਚੱਲੀ ਆ ਰਹੀ ਹੈ। ਗੁਰੂ ਨਾਨਕ ਦੇ ਅਨੇਕਾਂ ਸਿੱਖਾਂ ਵਿੱਚੋਂ ਦੋ ਸਿੱਖ ਜੋ ਬਹੁਤ ਪ੍ਰਸਿੱਧ ਭਾਈ ਬਾਲਾ ਤੇ ਮਰਦਾਨਾ ਹੋਏ ਹਨ ਉਨ੍ਹਾਂ ਵਿੱਚ ਮਰਦਾਨਾ ਸਾਡਾ ਹੀ ਮੁਸਲਮਾਨ ਭਰਾ ਸੀ। ਫਿਰ ਗੁਰੂ ਕਾ ਸਿੱਖ ਰਾਇ ਬੁਲਾਰ ਹੋਇਆ ਉਹ

ਭੀ ਸਾਡਾ ਹੀ ਸੀ। ਸ਼ਾਹ ਹੁਸੈਨ ਤੀਸਰੇ ਪਾਤਿਸ਼ਾਹ ਦਾ ਸਿੱਖ ਉਹ ਭੀ ਸਾਡਾ ਹੀ ਸੀ। ਫਿਰ ਸਿੱਖਾਂ ਦੇ ਸਭ ਤੋਂ ਵੱਡੇ ਪੂਜ ਅਸਥਾਨ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਾਲਾ ਪੀਰ ਮੀਆਂ ਮੀਰ ਉਹ ਭੀ ਸਾਡਾ ਹੀ ਸੀ। ਪੀਰ ਬੁੱਧੂਸ਼ਾਹ, ਉਹ ਭੀ ਸਾਡਾ ਹੀ ਸੀ। ਗਨੀ ਖ਼ਾਂ, ਨਬੀ ਖ਼ਾਂ ਪਠਾਣ ਗੁਰੂ ਗੋਬਿੰਦ ਸਿੰਘ ਜੀ ਤੇਰੇ ਮੰਜੇ ਨੂੰ ਆਪਣੇ ਕੰਨ੍ਹੇ ਦੇਣ ਵਾਲੇ ਉਹ ਭੀ ਸਾਡੇ ਹੀ ਸਨ। ਇਨ੍ਹਾਂ ਸਾਡੇ ਬਜ਼ੁਰਗਾਂ ਦੀਆਂ ਪੁਰਾਣੀਆਂ ਸਾਂਝਾਂ ਹਨ। ਹੇ ਮੇਰੇ ਗੁਰੂ ਜੀ! ਤੇਰੇ ਘਰ ਨਾਲ ਚੱਲੀਆਂ ਆ ਰਹੀਆਂ ਹਨ। ਭਾਵੇਂ ਮੈਂ ਉਨ੍ਹਾਂ ਵਰਗਾ ਮਹਾਨ ਤਾਂ ਨਹੀਂ ਪਰ ਮੈਨੂੰ ਇਹ ਭਰੋਸਾ ਹੈ ਕਿ ਤੇਰੇ ਦਰ ਹਿੰਦੂ, ਮੁਸਲਮਾਨ ਦਾ ਲੇਖਾ-ਜੋਖਾ ਨਹੀਂ ਤੂੰ ਪ੍ਰੇਮ ਵੇਖਦਾ ਹੈਂ। ਪੁਰਾਣੀਆਂ ਸਾਂਝਾਂ ਸਾਡੇ ਬਜ਼ੁਰਗਾਂ ਦੀਆਂ ਮੇਰੇ ਹਿਰਦੇ ਨੂੰ ਪੱਕਾ ਕਰ ਰਹੀਆਂ ਹਨ ਮੈਂ ਅੱਜ ਆਪਣੇ ਪਰਿਵਾਰ ਨੂੰ ਤੇਰੀ ਜ਼ਿੰਮੇਵਾਰੀ ਦੇ ਭਰੋਸੇ, ਘਰ ਤੋਂ ਲੈ ਕੇ ਤੁਰਨ ਲੱਗਿਆਂ ਹਾਂ ਹੁਣ ਤੇਰੀ ਮਰਜ਼ੀ ਭਾਵੇਂ ਰੱਖਿਆ ਕਰ ਭਾਵੇਂ ਨਾ ਇਹ ਸੋਚ ਕੇ ਇੱਕ ਮਨ ਅਰਦਾਸ ਕਰਕੇ ਆਪਣੇ ਪਰਿਵਾਰ ਨੂੰ ਲੈ ਕੇ ਤੁਰਿਆ। ਘਰ ਤੋਂ ਥੋੜ੍ਹੀ ਦੂਰ ਅਜੇ ਬਾਹਰ ਗਿਆ ਹੀ ਸੀ ਦੂਰ ਤੋਂ ਇੱਕ ਘੋੜ ਸਵਾਰ ਜਿਸ ਦੇ ਵਸਤਰ ਨੀਲੇ ਸਨ ਔਰ ਹੱਥ ਵਿੱਚ ਬਰਛਾ ਸੀ, ਗਾਤਰੇ ਕਿਰਪਾਨ ਪੂਰੇ ਸਿੱਖੀ ਪਹਿਰਾਵੇ ਵਿੱਚ ਨੇੜੇ ਆਉਂਦਾ ਨਜ਼ਰ ਆਇਆ। ਪਹਿਲਾਂ ਤਾਂ ਸ਼ਸ਼ਤ੍ਰਧਾਰੀ ਸਿੱਖ ਨੂੰ ਦੇਖ ਕੇ ਸਹਿਮਿਆਂ, ਕਿਉਂਕਿ ਲੋਕਾਂ ਵਿੱਚ ਇਹ ਗ਼ਲਤ ਪ੍ਰਚਾਰ ਸੀ ਕਿ ਸਿੱਖ ਮੁਸਲਮਾਨਾਂ ਨੂੰ ਮਾਰਦੇ ਹਨ। ਜਦੋਂ ਕਿ ਸਿੱਖ ਕੇਵਲ ਜ਼ੁਲਮ ਕਰਨ ਵਾਲੇ ਨੂੰ ਹੀ ਮਾਰਦੇ ਹਨ। ਡਰ ਦੇ ਕਾਰਣ ਇੱਕ ਵਾਰੀ ਤਾਂ ਪਰਿਵਾਰ ਦੇ ਚਿਹਰੇ ਦਾ ਰੰਗ ਉੱਡ ਗਿਆ। ਜਿਉਂ ਹੀ ਸਿੱਖ ਨੇੜੇ ਆਇਆ ਭੈ ਅਤੇ ਭਰਮ ਦੂਰ ਹੋ ਕੇ ਇੱਕ ਅਜੀਬ ਕਿਸਮ ਦਾ ਆਨੰਦ ਪ੍ਰਾਪਤ ਹੋਇਆ ਜੋ ਆਨੰਦ ਕਦੇ ਨਿਮਾਜਾਂ ਪੜ੍ਹਨ ਤੋਂ ਭੀ ਨਹੀਂ ਸੀ ਪ੍ਰਾਪਤ ਹੋਇਆ। ਸਿੱਖ ਸਮਝ ਕੇ ਪਰਿਵਾਰ ਦੇ ਆਗੂ ਅਤੇ ਪਰਿਵਾਰ ਨੇ ਹੱਥ ਜੋੜ ਕੇ ਕਿਹਾ ਕਿ ਸਿੱਖਾ! ਅੱਜ ਅਸੀਂ ਬੜੀ ਭੀੜ ਵਿੱਚ ਹਾਂ ਤੁਹਾਡੀ ਤੇ ਸਾਡੀ ਪੁਰਾਣੀ ਸਾਂਝ ਚਲੀ ਆ ਰਹੀ ਹੈ ਕਿਰਪਾ ਕਰਕੇ ਸਾਨੂੰ ਫ਼ੌਜ ਦੇ ਕੈਂਪ ਤਕ ਛੱਡਣ ਦੀ ਖੇਚਲ ਕਰ। ਤਾਂ ਅੱਗੋਂ ਮਿੱਠੇ ਅਤੇ ਪਿਆਰੇ ਸੁਖਦਾਇਕ ਬਚਨ ਦੁਆਰਾ ਸਿੱਖੀ ਸਰੂਪ ਵਾਲਾ ਵਿਅਕਤੀ ਬੋਲਿਆ। ਜੈਸਾ ਕਿ :

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥**
**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥** [ਸੂਹੀ ਮਹਲਾ ੫, ਅੰਗ ੭੮੪]

ਕਿਉਂਕਿ ਪ੍ਰਮੇਸ਼ਰ ਭਾਵੇਂ ਕਿਸੇ ਰੂਪ ਵਿੱਚ ਆਵੇ ਉਹ ਆਵਾਜ਼ ਤੋਂ ਪਹਿਚਾਨਿਆ ਜਾਂਦਾ ਹੈ ਜਿਵੇਂ ਨਾਮਦੇਵ ਜੀ ਨੇ ਮਿੱਠੇ ਬਚਨ ਬੋਲਣ ਤੋਂ ਹੀ ਮਹਿਸੂਸ ਕੀਤਾ ਸੀ ਕਿ ਇਹ ਮਿੱਠੀ ਆਵਾਜ਼ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਦੀ ਨਹੀਂ ਹੋ ਸਕਦੀ। ਪਰ ਇਸ ਮੁਸਲਮਾਨ ਨੂੰ ਬਿਪਤਾ ਦੇ ਕਾਰਨ ਇਹ ਸਮਝ ਨਹੀਂ ਆਈ ਕਿ ਇਹ ਪ੍ਰਮਾਤਮਾ ਭੀ ਹੋ ਸਕਦਾ ਹੈ। ਇੱਕ ਸਿੱਖ ਹੀ ਸਮਝਦਾ ਰਿਹਾ ਉਸ ਘੋੜੇ ਵਾਲੇ ਨੂਰਾਨੀ ਪੁਰਖ ਨੇ ਕਿਹਾ ਕਿ ਭਾਈ ਮੈਂ ਤਾਂ ਆਇਆ ਹੀ ਇਸ ਕਾਰਜ ਲਈ ਹਾਂ ਕਿ ਤੇਰੀ ਰੱਖਿਆ ਕਰਾਂ, ਘੋੜੇ ਵਾਲਾ ਨਾਲ ਲੈ ਕੇ ਤੁਰ ਪਿਆ। ਰਸਤੇ ਵਿੱਚ ਪ੍ਰੇਮ ਦੀਆਂ ਗੱਲਾਂ ਮੁਸਲਮਾਨ ਨੇ ਤੋਰੀਆਂ ਕਿ ਸਿੱਖਾ, "ਅਸੀਂ ਸਾਰੇ ਪਰਿਵਾਰ ਨੇ ਤੁਹਾਡੇ ਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ ਸੀ ਕਿ ਤੇਰੀ ਜਾਮਨੀ ਤੇ ਚੱਲੇ ਹਾਂ, ਬਲਿਹਾਰ ਜਾਈਏ ਤੁਹਾਡੇ ਗੁਰੂ ਤੋਂ ਜਿਸਨੇ ਤੁਹਾਨੂੰ ਪ੍ਰੇਰਿਆ। ਅੱਗੋਂ ਘੋੜੇ ਵਾਲਾ ਸਿੱਖ ਰੂਪ ਵਿੱਚ ਬੋਲਿਆ ਕਿ ਗੁਰੂ ਐਸਾ ਹੀ ਸਮਰਥ ਹੈ ਜਿਸ ਨੇ ਮੇਰੇ ਮਨ ਨੂੰ ਪ੍ਰੇਰਕੇ ਤੁਹਾਡੇ ਕੋਲ ਲੈ ਆਂਦਾ। ਰਸਤੇ ਵਿੱਚ ਇੱਕ ਦੋ ਜਥੇ ਹਮਲਾਵਰ ਹੋ ਕੇ ਜਦੋਂ ਨੇੜੇ ਆਏ ਤਾਂ ਇਸ ਘੋੜੇ ਵਾਲੇ ਨੇ ਕਿਹਾ ਕਿ ਖ਼ਾਲਸਾ ਜੀ ਇਹ ਮੇਰੇ ਖ਼ਾਸ ਬੰਦੇ ਹਨ ਇਹਨਾਂ ਵੱਲ ਬੁਰੀ ਨਜ਼ਰ ਨਾਲ ਭੀ ਨਹੀਂ ਤੱਕਣਾ ਇਹ ਕਹਿ ਕੇ ਅੱਗੇ ਤੁਰੇ ਜਿਥੇ ਫ਼ੌਜੀ ਕੈਂਪ ਸੀ ਉਸ ਦੇ ਨੇੜੇ ਪਹੁੰਚ ਕੇ ਕਹਿਣ ਲੱਗੇ ਲੈ ਭਾਈ ਆਪਣਾ ਸਮਾਨ ਸਾਂਭ। ਜਦੋਂ ਉਹ ਪਰਿਵਾਰ ਤੇ ਸਮਾਨ ਦੀ ਸੰਭਾਲਣਾ ਕਰਕੇ ਸਿੱਖ ਦਾ ਧੰਨਵਾਦ ਕਰਨ ਲਈ ਪਿੱਛੇ ਮੁੜ ਕੇ ਵੇਖਣ ਲੱਗਾ ਤਾਂ ਉਥੇ ਨਾ ਘੋੜਾ ਤੇ ਨਾ ਹੀ ਘੋੜੇ ਵਾਲਾ ਸੀ। ਮਾਇਆ ਦਾ ਪਰਦਾ ਲਹਿਣ ਤੋਂ ਸਮਝ ਆਈ ਕਿ ਇਹ ਤਾਂ ਆਪਣੀ ਜਾਮਨੀ ਪੂਰੀ ਕਰਨ ਵਾਲਾ ਸਿੱਖਾਂ ਦਾ ਦਸਵਾਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਆਪ ਹੀ ਸਿੱਖ ਰੂਪ ਵਿੱਚ ਆ ਕੇ ਮੇਰੇ ਪਰਿਵਾਰ ਦੀ ਰੱਖਿਆ ਕਰ ਗਿਆ ਹੈ। ਇਹ ਮੁਸਲਮਾਨ ਜਿੰਨਾਂ ਚਿਰ ਜਿਉਂਦਾ ਰਿਹਾ, ਬੜੇ

ਮਾਣ ਨਾਲ ਗੁਰੂ ਸਾਹਿਬ ਜੀ ਦੀ ਇਸ ਜਾਮਨੀ ਦੀ ਗੱਲ ਕਰਦਿਆਂ ਅੱਖਾਂ ਵਿੱਚ ਅੰਸੂ ਭਰ ਆਉਂਦਾ ਸੀ ਸੋ ਇਹ ਸਭ ਕੁਝ ਵਾਹਿਗੁਰੂ ਦੇ ਚੇਤੇ ਆਉਣ ਦੀ ਬਰਕਤ ਹੈ, ਜਿਸਨੂੰ ਵੀ ਚੇਤੇ ਆਇਆ ਉਸ ਦੀ ਹੀ ਭੀੜ ਭਾਵ ਬਿਪਤਾ ਖ਼ਤਮ ਕਰ ਦਿੱਤੀ। ਉਪਰੋਕਤ ਤੁਕ ਵਿੱਚ ਇਹ ਸਿਧਾਂਤ ਆਇਆ ਹੈ ਜਿਸਨੂੰ ਸਾਖੀ ਰੂਪ ਵਿੱਚ ਪ੍ਰਮਾਨ ਦੇ ਤੌਰ ਤੇ ਵਰਤਿਆ ਹੈ। ਭਾਵ ਸਾਖੀ ਦੁਆਰਾ ਗੁਰੂ ਅਰਜਨ ਸਾਹਿਬ ਦੀ ਇਸ ਤੁਕ ਦਾ ਅਰਥ ਸਪਸ਼ਟ ਹੁੰਦਾ ਹੈ ਕਿ 'ਪ੍ਰਭੁ ਚਿਤਿ ਆਵੈ ਤਾਂ ਕੈਸੀ ਭੀੜ॥'

## *ਹਰਿ ਸੇਵਕ; ਨਾਹੀ ਜਮ ਪੀੜ॥*

ਹਰੀ ਪ੍ਰਮੇਸ਼ਰ ਵਾਹਿਗੁਰੂ ਦੀ ਸੇਵਾ ਕਰਨ ਵਾਲਾ ਜੋ ਸੇਵਕ ਹੈ ਉਸ ਨੂੰ ਜਮਾਂ ਦੀ ਪੀੜਾ ਨਹੀਂ ਹੋ ਸਕਦੀ, ਜਮ ਜੋ ਸਭ ਦੇ ਲਈ ਹੀ ਦੁਖਦਾਇਕ ਹੈ ਸਭ ਨੂੰ ਹੀ ਦੁੱਖ-ਪੀੜ ਦੇਣ ਵਾਲਾ ਹੈ। ਨਾਮ ਦੀਆਂ ਐਸੀਆਂ ਬਰਕਤਾਂ ਹਨ। ਜੈਸਾ ਕਿ :

੧. **ਜਾ ਕਾ ਸਬਦੁ ਸੁਨਤ ਸੁਖ ਸਾਰੇ॥ ਜਾ ਕੀ ਟਹਲ ਜਮਦੂਤ ਬਿਦਾਰੇ॥੨॥**
[ਸੂਹੀ ਮਹਲਾ ੫, ਅੰਗ ੭੩੯]

੨. **ਜਿਸੁ ਸਿਮਰਤ ਦੁਖ ਡੇਰਾ ਢਹੈ॥ ਜਿਸੁ ਸਿਮਰਤ ਜਮੁ ਕਿਛੂ ਨ ਕਹੈ॥**
[ਗਉੜੀ ਮਹਲਾ ੫, ਅੰਗ ੧੮੨]

੩. **ਊਠਤ ਸੋਵਤ ਹਰਿ ਸੰਗਿ ਪਹਰੂਆ॥ ਜਾ ਕੈ ਸਿਮਰਣਿ ਜਮ ਨਹੀ ਡਰੂਆ॥**
[ਗਉੜੀ ਮਹਲਾ ੫, ਅੰਗ ੧੯੬]

੪. **ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥੨॥**
[ਆਸਾ ਮਹਲਾ ੫, ਅੰਗ ੩੯੩]

੫. **ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ॥**
[ਆਸਾ ਮਹਲਾ ੫, ਅੰਗ ੩੮੨]

੬. **ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ॥**
[ਧਨਾਸਰੀ ਮਹਲਾ ੫, ਅੰਗ ੬੭੯]

੭. **ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ॥** [ਗਉੜੀ ਕੀ ਵਾਰ ਮਹਲਾ ੫, ਅੰਗ ੩੨੦]

## *ਸਰਬ ਦੂਖ; ਹਰਿ ਸਿਮਰਤ ਨਸੇ॥*
## *ਜਾ ਕੈ ਸੰਗਿ; ਸਦਾ ਪ੍ਰਭੁ ਬਸੈ॥੨॥*

ਹਰੀ ਪ੍ਰਮੇਸ਼ਰ ਵਾਹਿਗੁਰੂ ਦੇ ਸਿਮਰਤ=ਸਿਮਰਨ ਕਰਕੇ ਸਰਬ=ਸਾਰੇ ਦੂਖ=ਦੁੱਖ ਨਸੇ=ਨੱਸ ਜਾਂਦੇ ਹਨ। ਜਿਸ ਨਾਮ ਦੇ ਸੰਗ ਕਰਕੇ ਸਦਾ=ਹਮੇਸ਼ਾ ਹੀ ਪ੍ਰਭੁ=ਪ੍ਰਮੇਸ਼ਰ ਹਿਰਦੇ ਵਿੱਚ ਬਸੈ=ਵਸਦਾ ਹੈ **ਅਥਵਾ** ਜਿਨ੍ਹਾਂ ਸੰਤਾਂ ਦੇ ਸੰਗਿ=ਨਾਲ ਸੰਗੀ ਹੋ ਕੇ ਪ੍ਰਭੂ ਵੱਸਦਾ ਹੈ, ਉਨ੍ਹਾਂ ਸੰਤਾਂ ਦੇ ਨਾਲ ਮਿਲਕੇ ਹਰੀ ਪ੍ਰਮੇਸ਼ਰ ਨੂੰ ਸਿਮਰਤ=ਸਿਮਰ ਕੇ ਸਾਰੇ ਦੁਖ ਨਸੇ=ਨੱਸ ਜਾਂਦੇ ਹਨ॥੨॥

## *ਪ੍ਰਭ ਕਾ ਨਾਮੁ; ਮਨਿ ਤਨਿ ਆਧਾਰੁ॥*
## *ਬਿਸਰਤ ਨਾਮੁ; ਹੋਵਤ ਤਨੁ ਛਾਰੁ॥*

ਪ੍ਰਮੇਸ਼ਰ ਦਾ ਨਾਮ ਮਨ ਤੇ ਤਨ ਦਾ ਆਧਾਰੁ=ਆਸਰਾ ਰੂਪ ਹੈ ਅਤੇ ਨਾਮ ਦੇ ਭੁੱਲ ਜਾਣ ਕਰਕੇ ਸਰੀਰ ਖੇਹ ਰੂਪ ਹੋ ਜਾਂਦਾ ਹੈ। ਵਾ—ਤਨ ਤੇ ਵਿਸ਼ਿਆਂ ਰੂਪ ਛਾਰੁ=ਖੇਹ ਪੈ ਜਾਂਦੀ ਹੈ।

## ਪ੍ਰਭ ਚਿਤਿ ਆਏ; ਪੂਰਨ ਸਭ ਕਾਜ ॥
## ਹਰਿ ਬਿਸਰਤ; ਸਭ ਕਾ ਮੁਹਤਾਜ ॥੩॥

ਪ੍ਰਭੂ ਵਾਹਿਗੁਰੂ ਦਾ ਚਿੰਤਨ ਐਸੀ ਸ਼ਕਤੀ ਵਾਲਾ ਹੈ ਜਿਸਨੂੰ ਵਾਹਿਗੁਰੂ ਚਿਤਿ=ਚੇਤੇ ਆ ਜਾਏ ਉਸ ਮਨੁੱਖ ਦੇ ਸਾਰੇ ਕਾਜ=ਕੰਮ ਪੂਰਨ=ਸੰਪੂਰਨ ਹੋ ਜਾਂਦੇ ਹਨ ਭਾਵ ਕੋਈ ਕਾਰਜ ਅਧੂਰਾ ਨਹੀਂ ਰਹਿੰਦਾ ਪਰ ਇਸ ਦੇ ਨਾਲ ਹੀ ਹਰੀ ਪ੍ਰਮੇਸ਼ਰ ਦੇ ਬਿਸਰਤ=ਬਿਸਰਦਿਆਂ, ਭੁੱਲਦਿਆਂ ਸਭ=ਸਾਰਿਆਂ ਕਾ=ਦਾ ਮੁਹਤਾਜ=ਮੁਥਾਜ ਭਾਵ ਲੋੜਵੰਦ, ਸਭ ਦੀ ਅਧੀਨਗੀ ਕਰਨ ਵਾਲਾ ਹੋ ਜਾਂਦਾ ਹੈ॥੩॥

## ਚਰਨ ਕਮਲ ਸੰਗਿ; ਲਾਗੀ ਪ੍ਰੀਤਿ ॥
## ਬਿਸਰਿ ਗਈ; ਸਭ ਦੁਰਮਤਿ ਰੀਤਿ ॥

ਵਾਹਿਗੁਰੂ ਦੇ ਚਰਨ ਕਮਲ ਸੰਗਿ=ਨਾਲ ਜਿਸਦੀ ਪ੍ਰੀਤਿ=ਪ੍ਰੀਤਿ ਲਾਗੀ=ਲੱਗ ਗਈ ਹੈ ਉਸਦੇ ਅੰਤਸ਼ਕਰਣ ਵਿੱਚੋਂ (ਦੁਰ+ਮਤਿ) ਦੁਰ=ਭੈੜੀ ਮਤ, ਖੋਟੀ ਮਤ ਵਾਲੀ ਸਾਰੀ ਰੀਤਿ=ਰੀਤੀ ਬਿਸਰਿ ਗਈ=ਭੁੱਲ ਗਈ ਹੈ।

## ਮਨ ਤਨ ਅੰਤਰਿ; ਹਰਿ ਹਰਿ ਮੰਤ ॥

ਜਿਨਾਂ ਦੇ ਮਨ ਅਤੇ ਤਨ ਵਿੱਚ ਹਰਿ=ਵਾਹਿਗੁਰੂ ਜੋ ਸਭ ਨੂੰ ਹਰੇ ਭਰੇ ਰੱਖਣ ਵਾਲਾ ਪ੍ਰਮੇਸ਼ਰ ਹੈ ਉਹਦਾ ਮੰਤ=ਮੰਤ੍ਰ ਭਾਵ ਨਾਮ ਮੰਤ੍ਰ ਵਸਦਾ ਹੈ ਉਸਦੀ ਅਵਸਥਾ ਅਗਲੀ ਤੁਕ ਵਿੱਚ ਕਥਨ ਕਰਦੇ ਹਨ।

## ਨਾਨਕ ਭਗਤਨ ਕੈ ਘਰਿ; ਸਦਾ ਅਨੰਦ ॥੪॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਉਨ੍ਹਾਂ ਭਗਤਾਂ ਦੇ ਭਾਵ ਭਗਤੀ ਕਰਨ ਵਾਲਿਆਂ ਦੇ ਹਿਰਦੇ ਰੂਪੀ ਘਰ ਵਿੱਚ ਸਦਾ=ਹਮੇਸ਼ਾ ਹੀ ਅਨੰਦ=ਸੁੱਖ ਬਣਿਆ ਰਹਿੰਦਾ ਹੈ॥੪॥੩॥ ਜੈਸਾ ਕਿ :

**ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ ॥ ੨੯॥**

[ਸੋਰਠਿ ਕੀ ਵਾਰ ਮਹਲਾ ੪, ਅੰਗ ੬੫੩]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੭ [ਆਦਿ ਅੰਗ ੮੦੩]

*ਬਿਲਾਵਲੁ ਮਹਲਾ ੫ ॥ ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥੧॥ ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ਰਹਾਉ॥ ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥ ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥*

## *ਬਿਲਾਵਲੁ ਮਹਲਾ ੫ ॥*

ਇਹ ਸ਼ਬਦ ਰਾਗ ਬਿਲਾਵਲ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ। ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਇਸ ਸ਼ਬਦ ਦੀਆਂ ਪਹਿਲੀਆਂ ਤੁਕਾਂ ਵਿੱਚ ਹੀ ਪੂਰਨ ਗਿਆਨਵਾਨ ਗੁਰੂ ਦੀ ਉਪਮਾ ਕੀਤੀ ਹੈ ਅਤੇ ਨਾਲ ਹੀ ਇਹ ਦਰਸਾਇਆ ਹੈ ਕਿ ਇਹੋ ਜਿਹਾ ਗੁਰੂ ਵੱਡਿਆਂ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ। ਸੋ, ਗੁਰੂ ਦੀ ਉਪਮਾ ਅਤੇ ਪ੍ਰਾਪਤੀ ਦਾ ਸਮਿਲਤ ਭਾਵ ਸਤਿਗੁਰੂ ਜੀ ਇਸ ਪ੍ਰਕਾਰ ਉਚਾਰਨ ਕਰਦੇ ਹਨ।

## *ਭੂਲੇ ਮਾਰਗੁ; ਜਿਨਹਿ ਬਤਾਇਆ ॥<br>ਐਸਾ ਗੁਰੁ; ਵਡਭਾਗੀ ਪਾਇਆ ॥੧॥*

ਸਰੂਪ ਤੋਂ ਭੁੱਲੇ ਹੋਏ ਜੀਵ ਨੂੰ ਜਿਸ ਗੁਰੂ ਨੇ ਗਿਆਨ ਦਾ ਰਾਹ ਬਤਾਇਆ=ਦੱਸਿਆ ਹੈ, ਐਸਾ=ਇਹੋ ਜਿਹਾ ਗੁਰੁ=ਸਤਿਗੁਰੂ ਵਡਭਾਗੀ=ਵੱਡੇ ਭਾਗਾਂ ਨਾਲ ਪਾਇਆ=ਪ੍ਰਾਪਤ ਹੋਇਆ ਹੈ ॥੧॥ਰਹਾਉ॥

ਸੋ, ਇਹ ਪੰਗਤੀਆਂ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਯਾਦ ਵਿੱਚ, ਵਾ—ਪਹਿਲੇ ਚਹੁੰ ਗੁਰੂਆਂ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੀ ਵਡਿਆਈ ਕਰਦਿਆਂ ਹੋਇਆਂ ਕਿ ਇਹੋ ਜਿਹੇ ਪੂਰਨ ਗੁਰੂ ਵਡਿਆਂ ਭਾਗਾਂ ਵਾਲੇ ਗੁਰਸਿੱਖਾਂ ਨੇ ਪ੍ਰਾਪਤ ਕੀਤੇ ਹਨ। ਮੈਨੂੰ ਐਸਾ ਸਮਰੱਥ ਗੁਰੂ, ਗੁਰੂ ਰਾਮਦਾਸ ਜੀ ਮਿਲਿਆ ਹੈ, ਗੁਰੂ ਦੀ ਉਪਮਾ ਸਤੇ ਬਲਵੰਡੇ ਗੁਰੂ ਘਰ ਦੇ ਕੀਰਤਨੀਏ ਜੋ ਆਪਣੇ ਸਹੀ ਮਾਰਗ ਤੋਂ ਭੁੱਲ ਚੁੱਕੇ ਸਨ। ਸਹੀ ਮਾਰਗ 'ਤੇ ਆ ਕੇ ਗੁਰੂ ਦੀ ਉਪਮਾ ਕਰਦੇ ਹੋਏ ਕਹਿੰਦੇ ਹਨ। ਜੈਸਾ ਕਿ :

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥**
**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥**
**ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥**
**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥**
**ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥**
**ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥**
**ਗੁਰੁ ਡਿਠਾ ਤਾ ਮਨੁ ਸਾਧਾਰਿਆ ॥੭॥** [ਵਾਰ ਰਾਮਕਲੀ ਸਤਾ ਬਲਵੰਡਾ, ਅੰਗ ੯੬੮]

ਸੋ, ਇੱਕ ਵਾਰੀ ਤਾਂ ਇਨ੍ਹਾਂ ਮਰਾਸੀਆਂ ਨੂੰ ਗੁਰਮਤਿ ਦਾ ਰਾਹ ਭੁੱਲ ਚੁੱਕਾ ਸੀ। ਭੁੱਲ ਕੇ ਅਜਿਹੇ ਰਸਤੇ ਪੈ ਚੁੱਕੇ ਸਨ ਕਿ ਬੇਮੁਖ ਹੋ ਕੇ ਗੁਰੂ ਘਰ ਦੀ ਨਿੰਦਾ ਕਰਨ ਲੱਗ ਪਏ ਸਨ। ਜਿਸਦਾ ਫਲ ਕੋੜ੍ਹ (ਸਰੀਰ 'ਤੇ ਕੁਸ਼ਟ ਰੋਗ) ਹੋ ਗਿਆ ਸੀ। ਭਾਈ ਲੱਧੇ ਪਰਉਪਕਾਰੀ ਨੇ ਮੁੜ ਕੇ ਗੁਰ ਚਰਨਾਂ ਵਿੱਚ ਲਿਆਂਦੇ ਤੇ ਗੁਰੂ ਨੇ ਕਿਰਪਾ ਕਰਕੇ ਗਿਆਨ ਦੇ ਕੇ ਫੇਰ ਭਗਤੀ ਦੇ ਰਸਤੇ ਉਨ੍ਹਾਂ ਨੂੰ ਪਾਉਣਾ ਕੀਤਾ ਸੀ। ਸੋ, ਧੰਨਤਾ ਦੇ ਯੋਗ ਐਸੇ ਗੁਰੂ ਸਾਹਿਬਾਨ ਹਨ, ਜੋ ਰਾਹੋਂ ਭੁੱਲੇ ਸੰਸਾਰ ਦੇ ਵਿਅਕਤੀਆਂ ਨੂੰ, **ਵਾ:** ਸਿਖਿਆ ਲੈਣ ਵਾਲੇ ਸਿੱਖਾਂ ਨੂੰ ਭਗਤੀ ਅਤੇ ਗਿਆਨ ਦੇ ਮਾਰਗ ਪਾਉਂਦੇ ਹਨ। ਜਿਵੇਂ ਕਿ ਬਾਣੀ ਵਿੱਚ ਫ਼ੁਰਮਾਨ ਆਉਂਦਾ ਹੈ ਕਿ ਜਿਹੜੇ ਸਿੱਖ ਭਗਤੀ ਮਾਰਗ ਦੇ ਰਸਤੇ ਤੋਂ ਭਟਕ ਚੁੱਕੇ ਹਨ, ਇਹ ਰਾਹ ਛੱਡ ਕੇ ਸੰਸਾਰ ਉਜਾੜ ਵਿੱਚ ਭੁੱਲੇ ਹੋਏ ਹਨ। ਅਨੇਕਾਂ ਪ੍ਰਕਾਰ ਦੇ ਜੰਮਣ-ਮਰਨ ਆਦਿ ਦੁਖਾਂ ਨੂੰ ਸਹਾਰਦੇ ਹਨ। ਸੋ ਗੁਰੂ ਕਿਰਪਾ ਕਰਕੇ ਸਹੀ ਮਾਰਗ ਦੱਸਦਾ ਹੈ। ਜੈਸਾ ਕਿ :

**ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥** [ਮਾਰੂ ਮਹਲਾ ੧, ਅੰਗ ੧੦੩੨]

ਸੋ, ਇਸ ਪ੍ਰਕਾਰ ਭਗਤੀ ਮਾਰਗ ਤੋਂ ਭੁਲੇ ਹੋਇਆਂ ਨੂੰ ਰਾਹ ਪਾਉਣ ਵੇਲੇ ਉਨ੍ਹਾਂ ਦੇ ਗੁਣ, ਔਗੁਣਾਂ ਦੀ ਵਿਚਾਰ ਸਤਿਗੁਰੂ ਜੀ ਨਹੀਂ ਕਰਦੇ, ਉਨ੍ਹਾਂ ਨੂੰ ਭਗਤੀ ਮਾਰਗ ਦਾ ਰਾਹ ਦਿਖਾ ਦਿੰਦੇ ਹਨ। ਜੈਸਾ ਕਿ :

੧. **ਭੂਲਾ ਮਾਰਗਿ ਪਾਇਓਨੁ ਗੁਨ ਅਵਗੁਣ ਨ ਬੀਚਾਰਿ ॥** [ਸਿਰੀਰਾਗ ਮਹਲਾ ੫, ਅੰਗ ੪੯]

੨. **ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥** [ਬਿਲਾਵਲ ਮਹਲਾ ੫, ਅੰਗ ੮੧੦]

ਸੋ, ਗੁਰੂ ਦੀ ਕਿਸੇ ਪ੍ਰਕਾਰ, ਕੋਈ ਪ੍ਰਾਪਤੀ ਦੀ ਕੀਮਤ ਕਹੀ ਨਹੀਂ ਜਾਂਦੀ। ਜਿਸਨੇ ਭੁੱਲੇ ਹੋਏ ਜੀਵ ਨੂੰ ਵਾਹਿਗੁਰੂ ਦੀ ਪ੍ਰਾਪਤੀ ਦੇ ਰਾਹ ਦਾ ਭੇਦ ਦੱਸਿਆ। ਤੇ ਐਸੇ ਗੁਰੂ ਦੇ ਚਰਨੀਂ ਲਗਣਾ ਸਿੱਖ ਲਈ ਕਲਿਆਣਕਾਰੀ ਹੈ। ਬਾਣੀ ਵਿੱਚ ਇਉਂ ਫ਼ੁਰਮਾਨ ਕੀਤਾ ਹੈ। ਜੈਸਾ ਕਿ :

੧. **ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥**
**ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥** [ਮਾਰੂ ਮਹਲਾ ੧, ਅੰਗ ੧੦੧੦]

੨. **ਅਗਮੁ ਅਗੋਚਰੁ ਗੁਰੂ ਦਿਖਾਇਆ ॥ ਭੂਲਾ ਮਾਰਗਿ ਸਤਿਗੁਰਿ ਪਾਇਆ ॥**
[ਮਾਰੂ ਮਹਲਾ ੫, ਅੰਗ ੧੦੭੫]

੩. **ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥**
[ਗੌਂਡ ਮਹਲਾ ੫, ਅੰਗ ੮੬੪]

ਸੋ, ਮੁਖਵਾਕ ਦੀ ਪਹਿਲੀ ਤੁਕ ਵਿੱਚ ਜੋ ਮਾਰਗ ਦੀ ਗੱਲ ਆਈ ਹੈ, ਦੋ ਚੀਜ਼ਾਂ ਹਨ। ਮਾਰਗ ਅਤੇ ਮੰਜ਼ਿਲ। ਜਿਨ੍ਹਾਂ ਦਾ ਆਪਸ ਵਿੱਚ ਬੜਾ ਨੇੜੇ ਦਾ ਰਿਸ਼ਤਾ ਹੈ। ਮੰਜ਼ਿਲ ਕਿਸੇ ਪ੍ਰਕਾਰ ਦੀ ਵੀ ਹੋਵੇ। ਮੰਜ਼ਿਲ, ਮੰਜ਼ਿਲ ਹੈ। ਜਿਹੋ ਜਿਹੀ ਮੰਜ਼ਿਲ ਉਸੇ ਤਰ੍ਹਾਂ ਦਾ ਮਾਰਗ ਹੋਇਆ ਕਰਦਾ ਹੈ। ਮਾਰਗ ਹੀ ਐਸੀ ਸ਼ਕਤੀ ਹੈ, ਜੋ ਮੰਜ਼ਿਲ 'ਤੇ ਪਹੁੰਚਾਉਂਦੀ ਹੈ। ਜੋ ਮਾਰਗ 'ਤੇ ਨਹੀਂ ਆਇਆ, ਉਹ ਮੰਜ਼ਿਲ 'ਤੇ ਨਹੀਂ ਪਹੁੰਚ ਸਕੇਗਾ। ਕੁਝ ਲੋਕ ਮਾਰਗ 'ਤੇ ਆ ਕੇ ਹੀ ਭਟਕ ਜਾਂਦੇ ਹਨ, ਮਾਰਗ ਖੋਇਆ ਜਾਂਦਾ ਹੈ। ਜਿਨ੍ਹਾਂ ਦਾ ਮਾਰਗ ਖੋਇਆ ਜਾਏ, ਉਨ੍ਹਾਂ ਦੀ ਮੰਜ਼ਿਲ ਪਹਿਲਾਂ ਗੁਆਚ ਜਾਂਦੀ ਹੈ। ਮਾਰਗ ਬਿਨਾਂ, ਮੰਜ਼ਿਲ ਨਹੀਂ ਪ੍ਰਾਪਤ ਹੁੰਦੀ। ਮੰਜ਼ਿਲ ਸੰਸਾਰਕ ਹੋਵੇ ਤਾਂ ਮਾਰਗ ਭੀ ਸੰਸਾਰੀ ਹੋਵੇਗਾ। ਮੰਜ਼ਿਲ ਰੂਹਾਨੀਅਤ ਹੋਵੇ ਤਾਂ ਮਾਰਗ ਭੀ ਰੂਹਾਨੀਅਤ ਹੋਵੇਗਾ। ਮੰਜ਼ਿਲ 'ਤੇ ਪਹੁੰਚਣ ਲਈ ਮਾਰਗ ਦੇ ਹੋਰ ਭੀ ਨਿਯਮ ਹਨ। ਕਈ ਮਾਰਗ ਪਹੁੰਚਦੇ ਤਾਂ ਮੰਜ਼ਿਲ 'ਤੇ ਹੀ ਹੁੰਦੇ ਹਨ, ਪਰ ਮਾਰਗ ਖ਼ਤਰਨਾਕ ਹੁੰਦੇ ਹਨ। ਜਿਸਦੇ ਕਾਰਨ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਪਾਂਧੀ ਆਪਣੀ ਜਾਨ ਗੁਆ ਬੈਠਦਾ ਹੈ। ਨਾ ਮੰਜ਼ਿਲ ਮਿਲੀ, ਨਾ ਮਾਰਗ ਰਿਹਾ। ਕੁਝ ਮਾਰਗ ਐਸੇ ਹਨ, ਜਿਨ੍ਹਾਂ ਵਿੱਚ ਮਾਰਗ ਉੱਤੇ ਤੁਰਨ ਵਾਲੇ ਨੂੰ ਠੋਕਰਾਂ ਹੀ ਠੋਕਰਾਂ ਹਨ। ਮਾਰਗ ਦੀਆਂ ਘੁੰਮਣਘੇਰੀਆਂ, ਉਤਰਾਈਆਂ, ਚੜ੍ਹਾਈਆਂ ਹਜ਼ਾਰਾਂ ਮੁਸ਼ਕਲਾਂ ਮੰਜ਼ਿਲ 'ਤੇ ਪਹੁੰਚਣ

ਵਾਲੇ ਨੂੰ ਬੜਾ ਦੁਖੀ ਕਰਦੀਆਂ ਹਨ। ਸੋ, ਮਾਰਗ 'ਤੇ ਕੋਈ ਤਾਂ ਹੀ ਸੌਖਾ ਜਾ ਸਕਦਾ ਹੈ, ਜੇ ਮਾਰਗ ਪੱਧਰਾ ਹੋਵੇ ਤੇ ਮਾਰਗ ਸਿੱਧਾ ਹੋਵੇ ਤੇ ਕੋਈ ਵਿੱਚ ਖ਼ਤਰਾ ਨਾ ਹੋਵੇ, ਉਸ ਨੂੰ ਗੁਰਮਤਿ ਬੋਲੀ ਵਿੱਚ :

**ਸਤਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ॥**

[ਭਾ: ਗੁਰਦਾਸ ਜੀ, ਵਾਰ ੫, ਪਉੜੀ ੧੩]

ਕਹਿੰਦੇ ਹਨ। ਸੋ, ਚਲਣ ਵਾਲੇ ਦੇ ਪੈਰ ਠੀਕ ਹੋਣ, ਜਿਨ੍ਹਾਂ ਨਾਲ ਉਹ ਮੰਜ਼ਿਲ ਤੈਅ ਕਰ ਸਕੇ। ਜੇ ਪੈਰ ਨਹੀਂ ਤਾਂ ਭੀ ਮੰਜ਼ਿਲ ਤੈਅ ਨਹੀਂ ਹੋ ਸਕੇਗੀ। ਜੇ ਪੈਰ ਹਨ, ਮਾਰਗ ਵਿੱਚ ਅੰਧਕਾਰ ਹੈ ਤਾਂ ਭੀ ਮੰਜ਼ਿਲ 'ਤੇ ਪਹੁੰਚਣਾ ਮੁਸ਼ਕਲ ਹੈ। ਜੇ ਮਾਰਗ ਵਿੱਚ ਚਾਨਣਾ ਹੈ, ਮਾਰਗ 'ਤੇ ਚਲਣ ਵਾਲੇ ਕੋਲ ਨੇਤਰ ਨਹੀਂ ਹਨ ਤਾਂ ਭੀ ਗੱਲ ਉਥੇ ਦੀ ਉਥੇ ਹੀ ਹੈ। ਚਾਨਣਾ ਹੁੰਦੇ ਹੋਏ ਭੀ ਅੰਧਕਾਰ ਹੈ। ਸੋ, ਇਸ ਲਈ ਆਪਣੇ ਨੇਤਰ, ਆਪਣੇ ਚਰਣ, ਮਾਰਗ ਦਾ ਚਾਨਣਾ, ਮਾਰਗ ਦੀ ਸਵੱਛਤਾ ਇਹ ਸਭ ਕੁਝ ਹੋਵੇ ਤਾਂ ਮੰਜ਼ਿਲ 'ਤੇ ਪਹੁੰਚਣ ਵਾਲੇ ਨੂੰ ਕੋਈ ਭੀ ਮੁਸ਼ਕਲ ਨਹੀਂ ਹੁੰਦੀ। ਸੋ, ਰੂਹਾਨੀਅਤ ਵਿੱਚ ਪ੍ਰਭੂ ਦੀ ਪ੍ਰਾਪਤੀ ਇੱਕ ਮੰਜ਼ਿਲ ਹੈ। ਜਿਸਦੇ ਪ੍ਰਾਪਤ ਕਰਨ ਲਈ ਭਾਵ ਮੰਜ਼ਿਲ 'ਤੇ ਪਹੁੰਚਣ ਲਈ ਭਗਤੀ ਦਾ ਮਾਰਗ ਹੈ। ਭਗਤੀ 'ਚੋਂ ਹੀ ਦੂਸਰਾ ਮਾਰਗ ਗਿਆਨ ਦਾ ਮਾਰਗ ਨਿਕਲੇਗਾ। ਜੋ ਵਾਹਿਗੁਰੂ ਪ੍ਰਾਪਤੀ ਰੂਪ ਮੰਜ਼ਿਲ 'ਤੇ ਪਹੁੰਚਾਉਣ ਵਾਲਾ ਹੈ, ਪਰ ਇਸ ਭਗਤੀ ਦੇ ਮਾਰਗ 'ਤੇ ਕੋਈ ਤਾਂ ਹੀ ਚੱਲ ਸਕਦਾ ਹੈ, ਜਿਸ ਕੋਲ ਸ਼ਰਧਾ ਦੇ ਪੈਰ ਹੋਣ, ਬੈਰਾਗ, ਬਿਬੇਕ ਦੇ ਨੇਤਰ ਹੋਣ ਅਤੇ ਭਗਤੀ ਮਾਰਗ 'ਤੇ ਗੁਰਬਾਣੀ ਦਾ ਚਾਨਣਾ ਹੋਵੇ, ਜੈਸਾ ਕਿ ਫ਼ੁਰਮਾਨ ਹੈ।

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥** [ਸਿਰੀਰਾਗੁ ਮਹਲਾ ੩, ਅੰਗ ੬੭]

ਸੋ ਇਉਂ ਗੁਰਬਾਣੀ ਦਾ ਚਾਨਣਾ ਲੈ ਕੇ ਭਗਤੀ ਮਾਰਗ 'ਤੇ ਚਲਣਾ ਇਹ ਗੁਰਮੁਖ ਗਾਡੀ ਰਾਹ ਦਰਸਾਇਆ ਹੈ। ਸੋ ਜਿਹੜੇ ਇਸ ਰਾਹ ਤੋਂ ਭਟਕ ਚੁੱਕੇ ਸਨ, ਗੁਰੂ ਸਹਿਬਾਨਾਂ ਨੇ ਦਸ ਜਾਮੇ ਧਾਰ ਕੇ ਵੱਖਰੇ-ਵੱਖਰੇ ਸਮੇਂ ਵਿੱਚ ਅਨੰਤ ਲੋਕਾਂ ਨੂੰ ਇਸ ਮਾਰਗ 'ਤੇ ਲਿਆਂਦਾ। ਭਾਵੇਂ ਉਹ ਸਿੱਧ, ਜੋਗੀ, ਨਾਥ, ਪੀਰ ਸਨ ਅਤੇ ਭਾਵੇਂ ਧਰਮ ਦੇ ਆਗੂ ਬ੍ਰਾਹਮਣ ਜਾਂ ਰਾਜੇ ਲੋਕ। ਇਨ੍ਹਾਂ ਬੇਅੰਤ ਸਾਖੀਆਂ ਵਿੱਚੋਂ ਇੱਕ ਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿੱਚੋਂ ਇਥੇ ਪ੍ਰਮਾਣ ਵਜੋਂ ਦਿੱਤੀ ਜਾਂਦੀ ਹੈ।

**ਸਾਖੀ—ਬੰਦਾ ਸਿੰਘ ਬਹਾਦਰ ਦੀ—**ਜਿਸ ਵੇਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ-ਪਿਤਾ ਤੇ ਚਾਰੇ ਸਾਹਿਬਜ਼ਾਦੇ ਵਾਰ ਕੇ ਦੱਖਣ ਦੀ ਧਰਤੀ ਵਿੱਚ ਅਨੇਕਾਂ ਜੀਵਾਂ ਨੂੰ ਤਾਰਦੇ ਹੋਏ ਪਹੁੰਚੇ ਤਾਂ ਰਸਤੇ ਵਿੱਚ ਪਤਾ ਲੱਗਿਆ ਕਿ ਗੋਦਾਵਰੀ ਦੇ ਕੰਢੇ ਇਹ ਕਰਾਮਾਤੀ ਫ਼ਕੀਰ ਰਹਿੰਦਾ ਹੈ। ਜੋ ਆਏ ਸਾਧੂ ਮਹਾਤਮਾ ਦਾ ਬੜਾ ਤ੍ਰਿਸ਼ਕਾਰ, ਭਾਵ ਨਿਰਾਦਰ ਕਰਦਾ ਹੈ। ਇਹ ਸਾਰੀ ਗੱਲ ਮਹੰਤ ਜੈਤ ਰਾਮ ਨੇ ਦੱਸੀ। ਗੁਰੂ ਜੀ ਨੇ ਕਿਹਾ ਕਿ ਮਹੰਤ ਜੀ ! ਅਸੀਂ ਵਿਗੜੇ ਹੋਏ ਲੋਕਾਂ ਨੂੰ ਸੁਧਾਰਨ ਲਈ ਹੀ ਅਵਤਾਰ ਧਾਰਿਆ ਹੈ। ਤੂੰ ਚਿੰਤਾ ਨਾ ਕਰ, ਅਸੀਂ ਉਸ ਨੂੰ ਸਹੀ ਬੰਦਗੀ ਦੇ ਮਾਰਗ 'ਤੇ ਲਿਆਵਾਂਗੇ। ਸੋ ਇਉਂ ਸਤਿਗੁਰੂ ਜੀ ਜਦੋਂ ਗੋਦਾਵਰੀ ਦੇ ਕੰਢੇ 'ਤੇ ਪਹੁੰਚੇ ਤਾਂ ਉਸ ਵੇਲੇ ਇਹ ਜੋਗੀ ਮਾਧੋ ਦਾਸ ਜੰਗਲ ਵਿੱਚ ਬੈਠਾ ਸੀ। ਸਤਿਗੁਰੂ ਜੀ ਇਸਦੇ ਉਸ ਕਰਾਮਾਤੀ ਪਲੰਘੇ 'ਤੇ ਬੈਠੇ, ਜਿਸ ਨੂੰ ਇਹ ਬੀਰਾਂ ਦੇ ਬਲ ਨਾਲ ਉਡਾ ਕੇ ਸਾਧੂ, ਸੰਤਾਂ ਦਾ ਨਿਰਾਦਰ ਕਰਦਾ ਸੀ। ਇਹਦੇ ਚੇਲਿਆਂ ਨੇ ਜਾ ਕੇ ਦੱਸਿਆ ਕਿ ਕੋਈ ਪ੍ਰਭਾਵਸ਼ਾਲੀ ਸ਼ਕਤੀ ਵਾਲਾ, ਜਿਸਦੀ ਪਾਤਸ਼ਾਹ ਵਰਗੀ ਸ਼ੋਭਾ ਸ਼ਾਹੀ ਲਿਬਾਸ ਹੈ, ਤੁਹਾਡੇ ਪਲੰਘੇ 'ਤੇ ਆ ਬੈਠਾ ਹੈ ਤੇ ਸਾਡੀ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਉਹਦੇ ਸਿੱਖ ਮਨਮਾਨੀਆਂ ਕਰ ਰਹੇ ਹਨ। ਇਸਨੇ ਆਪਣੇ ਬੀਰਾਂ ਨੂੰ ਹੁਕਮ ਕੀਤਾ ਕਿ ਆਕਾਸ਼ ਵਿੱਚ ਲਿਜਾ ਕੇ ਮੰਜਾ ਮੂਧਾ ਮਾਰ ਦੇਵੋ। ਬੀਰਾਂ ਨੇ ਜਾ ਕੇ ਮੰਜੇ ਨੂੰ ਚੁੱਕਣਾ ਚਾਹਿਆ, ਪਰ ਮੰਜਾਂ ਚੁੱਕਿਆ ਨਹੀਂ ਗਿਆ। ਥੋੜ੍ਹਾ ਜਿਹਾ ਹਿੱਲਿਆ, ਸਤਿਗੁਰੂ ਜੀ ਨੇ ਥੋੜ੍ਹੀ ਜਿਹੀ ਦ੍ਰਿਸ਼ਟੀ ਕੀਤੀ, ਪਲੰਘੇ ਨੂੰ ਕਿਹਾ ਕਿ ਟਿਕਿਆ ਰਹੋ। ਪਲੰਘ ਟਿਕਿਆ ਰਿਹਾ। ਮਾਧੋ ਦਾਸ ਦੀਆਂ ਗ਼ੈਬੀ ਸ਼ਕਤੀਆਂ ਨੇ ਜਦੋਂ ਜਵਾਬ ਦੇ ਦਿੱਤਾ ਤਾਂ ਪ੍ਰਭਾਵਿਤ ਹੋ ਕੇ ਹੰਕਾਰ ਵਿੱਚ ਤੁਰਿਆ ਕਿ ਮੈਂ ਚੱਲ ਕੇ ਦੇਖਦਾ ਹਾਂ ਕਿ ਕਿਸਨੇ ਐਡੀ ਹਿੰਮਤ ਕੀਤੀ

ਹੈ। ਜਦੋਂ ਗੁਰੂ ਜੀ ਦੇ ਨੇੜੇ ਪਹੁੰਚਿਆ, ਹਿਰਦੇ ਦੀ ਸ਼ਾਂਤੀ ਪ੍ਰਾਪਤ ਹੋ ਗਈ। ਸਤਿਗੁਰਾਂ ਦੇ ਚਰਨ ਫੜ ਕੇ ਬੇਨਤੀ ਕਰਨ ਲੱਗਾ ਕਿ ਮੈਨੂੰ ਬਖ਼ਸ਼ ਦੇਵੋ। ਸਤਿਗੁਰਾਂ ਨੇ ਪੁੱਛਿਆ ਕਿ ਤੂੰ ਕੌਣ ਹੈ ? ਇਸ ਨੇ ਕਿਹਾ ਕਿ ਜੀ ! ਮੈਂ ਤੁਹਾਡਾ ਬੰਦਾ ਹਾ। ਸਤਿਗੁਰੂ ਜੀ ਨੇ ਕਿਹਾ ਕਿ ਜੇ ਬੰਦਾ ਹੈ ਤਾਂ ਬੰਦਿਆਂ ਵਾਲੇ ਕਰਮ ਕਰ। ਬੰਦਾ ਤਾਂ ਉਹ ਹੁੰਦਾ ਜੋ ਬੰਦਗੀ ਕਰੇ। ਜੋ ਬੰਦਗੀ ਨਹੀਂ ਕਰਦਾ, ਉਸ ਨੂੰ ਬੰਦਾ ਕਹਾਉਣ ਦਾ ਕੀ ਹੱਕ ਹੈ। ਤੈਨੂੰ ਪ੍ਰਮੇਸ਼ਰ ਨੇ ਸੋਹਣਾ ਸਰੀਰ ਦਿੱਤਾ ਹੈ, ਪਿੰਡੇ ਨੂੰ ਸਵਾਹ ਮਲ ਕੇ ਆਪਣੀ ਹਾਲਤ ਵਿਗਾੜੀ ਬੈਠਾ ਹੈਂ। ਜੈਸਾ ਕਿ :

**੧. ਬੰਦਉ ਹੋਇ ਬੰਦਗੀ ਗਹੈ ॥ ਬੰਦਕ ਹੋਇ ਬੰਧ ਸੁਧਿ ਲਹੈ ॥੨੯॥**

[ਬਾਵਨ ਅਖਰੀ ਕਬੀਰ ਜੀ, ਅੰਗ ੩੪੧]

**੨. ਬੰਦੇ ਬੰਦਗੀ ਇਕਤੀਆਰ ॥** [ਗਉੜੀ ਕਬੀਰ ਜੀ, ਅੰਗ ੩੩੮]

ਸੋ, ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਅਨੁਸਾਰ ਬੰਦਗੀ ਦਾ ਅਸਲੀ ਰਾਹ ਦੱਸਿਆ ਭਗਤੀ ਮਾਰਗ ’ਤੇ ਉਸ ਭੁੱਲੇ ਹੋਏ ਨੂੰ ਲਿਆਂਦਾ। ਫਿਰ ਭਾਈ ਦਇਆ ਸਿੰਘ ਤੋਂ ਗੁਰੂ ਸਾਹਿਬ ਦੀ ਸਾਰੀ ਵਿਥਿਆ ਸੁਣੀ। ਜਿਵੇਂ ਸਾਹਿਬਜ਼ਾਦੇ ਸ਼ਹੀਦ ਹੋਏ, ਕਥਾ ਸੁਣਦਿਆਂ ਨੇਤਰਾਂ ਤੋਂ ਜਲ ਵਹਿ ਤੁਰਿਆ ਤੇ ਬੈਰਾਗ ਵਿੱਚ ਆਇਆ। ਸਤਿਗੁਰਾਂ ਨੇ ਪੰਜ ਤੀਰ ਬਖ਼ਸ਼ ਕੇ ਥਾਪੜਾ ਦਿੱਤਾ ਤੇ ਬੰਦੇ ਦੀ ਕਮਾਂਡ ਹੇਠ ਲੜ ਕੇ ਸਿੱਖਾਂ ਨੇ ਸਾਰਾ ਪੰਜਾਬ ਸਰ (ਜਿੱਤਣਾ) ਕੀਤਾ। ਤੇ ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਾ ਕੇ ਭਗਤੀ ਦਾ ਸਹੀ ਮਾਰਗ ਦਰਸਾਇਆ। ਜਿਸ ਮਾਰਗ ਤੋਂ ਇਹ ਭਟਕ ਚੁੱਕਾ ਸੀ। ਇਸ ਕਰਕੇ ਗੁਰੂ ਅਰਜਨ ਸਾਹਿਬ ਜੀ, ਜੋ ਪਹਿਲੀ ਤੁਕ ਵਿੱਚ ਸਿਧਾਂਤ ਦਿੰਦੇ ਹਨ ਕਿ ਭੁੱਲੇ ਹੋਏ ਨੂੰ ਮਾਰਗ ਪਾਉਣ ਵਾਲਾ ਗੁਰੂ ਵਡਿਆਂ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਬੰਦਾ ਸਿੰਘ ਬਹਾਦਰ ਦੇ ਭਾਗ ਵੱਡੇ ਸਨ, ਜਿਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਵਰਗਾ ਗੁਰੂ ਪ੍ਰਾਪਤ ਹੋਇਆ। ਜਿਨ੍ਹਾਂ ਨੇ ਭਗਤੀ ਤੋਂ ਭੁੱਲੇ ਹੋਏ ਨੂੰ ਮਾਰਗ ਪਾ ਦਿੱਤਾ। ਪ੍ਰਤਾਪ ਤਾਂ ਸਤਿਗੁਰੂ ਜੀ ਦਾ ਪਹਿਲਾਂ ਹੀ ਜਾਣ ਚੁੱਕਾ ਸੀ, ਪਰ ਜਦੋਂ ਸਤਿਗੁਰੂ ਜੀ ਨੇ ਪੁੱਛਿਆ ਕਿ ਤੇਰਾ ਗੁਰੂ ਕੌਣ ਹੈ ? ਇਸ ਨੇ ਆਪਣੇ ਗੁਰੂ ਦਾ ਨਾਮ ਦੱਸਿਆ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੂੰ ਜਾਣਦਾ ਹੈਂ ਤੇਰਾ ਗੁਰੂ ਇਸ ਵੇਲੇ ਕਿਥੇ ਹੈ ? ਤਾਂ ਉਸਨੇ ਕਿਹਾ ਕਿ ਜੀ ਮੈਂ ਨਹੀਂ ਜਾਣਦਾ। ਮੈਨੂੰ ਤਾਂ ਇਤਨਾ ਪਤਾ ਹੈ ਕਿ ਉਹ ਬੈਕੁੰਠ ਵਿੱਚ ਹੋਵੇਗਾ। ਸਾਹਮਣੇ ਇੱਕ ਪਕਿਆ ਹੋਇਆ ਫਲ ਸਤਿਗੁਰੂ ਜੀ ਨੇ ਇਹਨੂੰ ਕਹਿਕੇ ਤੁੜਵਾਇਆ, ਜੋ ਪੱਕ ਕੇ ਲਾਲ ਹੋਇਆ ਹੋਇਆ ਸੀ। ਜਦੋਂ ਇਸ ਨੂੰ ਫੋਲ ਕੇ ਦੇਖਿਆ ਤਾਂ ਵਿੱਚ ਇੱਕ ਕੀੜਾ ਨਜ਼ਰ ਆਇਆ। ਸਤਿਗੁਰੂ ਜੀ ਨੇ ਕਿਹਾ ਕਿ ਇਹ ਤੇਰਾ ਗੁਰੂ ਸੀ, ਜੋ ਇਸ ਵੇਲੇ ਕੀੜੇ ਦੀ ਜੂਨ ਵਿੱਚ ਪਿਆ ਹੈ। ਇਸਨੇ ਤੈਨੂੰ ਕੀ ਮਾਰਗ ਪਾਉਣਾ ਸੀ, ਜਿਹੜਾ ਖ਼ੁਦ ਹੀ ਮਾਰਗ ਤੋਂ ਭਟਕਿਆ ਸੀ। ਬੰਦਾ ਸਿੰਘ ਬਹਾਦਰ ਦੇ ਮਨ ਵਿੱਚ ਆਪਣੇ ਗੁਰੂ ਦਾ ਪਿਛਲਾ ਪ੍ਰੇਮ ਜਾਗਿਆ ਤੇ ਆਪਣੇ ਗੁਰੂ ’ਤੇ ਤਰਸ ਆਇਆ ਕਿ ਮੈਨੂੰ ਤਾਂ ਭੁੱਲੇ ਨੂੰ ਮਾਰਗ ਪਾਇਆ ਹੀ ਹੈ, ਮੇਰੇ ਗੁਰੂ ’ਤੇ ਕਿਰਪਾ ਹੋਵੇ, ਐਸੀ ਬੇਨਤੀ ਸਤਿਗੁਰੂ ਜੀ ਨੂੰ ਕੀਤੀ। ਸੋ, ਸਤਿਗੁਰੂ ਜੀ ਨੇ ਉਸ ਕੀੜੇ ਨੂੰ ਦਿਖਾ ਕੇ ਬੰਦੇ ਨੂੰ ਕਿਹਾ ਕਿ ਤੂੰ ਆਪਣੇ ਗੁਰੂ ਦਾ ਨਾਮ ਲੈ ਕੇ ਉੱਚੀ ਪੁਕਾਰ ਕਰ, ਮੈਂ ਇਸਦੀ ਆਤਮਾ ਨੂੰ ਜਗਾਉਂਦਾ ਹਾਂ। ਤੈਨੂੰ ਨਿਸ਼ਚਾ ਹੋ ਜਾਵੇ ਕਿ ਗੁਰੂ ਨੇ ਸੱਤ ਕਿਹਾ ਹੈ। ਉਸਨੇ ਜਦੋਂ ਗੁਰੂ ਦਾ ਨਾਮ ਲੈ ਕੇ ਉਚੀ ਧੁਨ ਨਾਲ ਪੁਕਾਰਿਆ ਤਾਂ ਉਸ ਕੀੜੇ ਨੇ ਆਪਣੀ ਜੁਬਾਨ ਨਾਲ ਕ੍ਰਿਰ-ਕ੍ਰਿਰ ਦੀ ਆਵਾਜ਼ ਉਚਾਰਨ ਕੀਤੀ, ਜਿਸ ’ਤੇ ਬੰਦੇ ਨੂੰ ਨਿਸ਼ਚਾ ਹੋਇਆ। ਜੈਸਾ ਕਿ :

**ਧੁਨਿ ਊਚੀ ਲੇ ਨਾਮ ਗੁਹਾਰਾ। ਕੀਰੇ ਕਿਰਰ ਕਿਰਰ ਉੱਚਾਰਾ।**
**ਜਾਨਿ ਲੀਨਿ ਨਿਸ਼ਚੇ ਗੁਰ ਮੇਰੋ। ਕਹਾਂ ਭਈ ਗਤਿ ! ਬਿਸਮ ਬਡੇਰੋ ॥੩੨॥**
**ਸ਼੍ਰੀ ਗੁਰ ਭਨਯੋਂ ‘ਚਿੰਤ ਕਯਾ ਕੀਜੈ। ਸ਼ੇਸ਼ ਕਰਮ ਇਸ ਕੋ ਲਖਿ ਲੀਜੈ।**
**ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ। ਬਹੁਰ ਨਹੀ ਅਪ ਗਤਿ ਅਸ ਜਾਵੈ’ ॥੩੩॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੫]

ਸੋ, ਇਉਂ ਸਤਿਗੁਰੂ ਜੀ ਨੇ ਭਗਤੀ ਤੋਂ ਭੁੱਲੇ ਹੋਏ ਮਾਧੋਦਾਸ ਤੇ ਉਸਦੇ ਗੁਰੂ ਨੂੰ ਸਹੀ ਰਾਹ ਪਾਇਆ। ਜੈਸਾ ਕਿ :

**ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥**
**ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥੧॥** [ਆਸਾ ਮਹਲਾ ੩, ਅੰਗ ੪੪੦]

ਜੋ ਸਿਧਾਂਤ ਗੁਰੂ ਅਰਜਨ ਸਾਹਿਬ ਜੀ ਨੇ ਪਹਿਲੀ ਤੁਕ ਵਿੱਚ ਦਿੱਤਾ ਹੈ, ਉਸਦੀ ਪੁਸ਼ਟੀ ਇਤਿਹਾਸਕ ਸਾਖੀ ਦੁਆਰਾ ਕੀਤੀ ਹੈ। ਜੈਸਾ ਕਿ :

**ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥** [ਰਾਮਕਲੀ ਮਹਲਾ ੩, ਅੰਗ ੯੧੯]

## *ਸਿਮਰਿ ਮਨਾ; ਰਾਮ ਨਾਮੁ ਚਿਤਾਰੇ ॥*
## *ਬਸਿ ਰਹੇ ਹਿਰਦੈ; ਗੁਰ ਚਰਨ ਪਿਆਰੇ ॥੧॥ਰਹਾਉ॥*

ਹੇ ਮਨ ! ਸਿਮਰਿ=ਸਿਮਰਨੇ ਯੋਗ ਰਾਮ=ਰਮੇ ਹੋਏ ਪ੍ਰਮੇਸ਼ਰ ਦਾ ਜੋ ਨਾਮ ਹੈ, ਉਸਨੂੰ ਚਿਤਾਰੇ=ਚਿਤਾਰਨਾ ਕਰ, ਭਾਵ ਚੇਤੇ ਕਰ। ਉਸਦਾ ਚਿੰਤਨ ਕਰ। ਪਿਆਰੇ ਗੁਰਾਂ ਦੇ ਚਰਣ-ਕਮਲ ਮੇਰੇ ਹਿਰਦੇ=ਅੰਤਸ਼ਕਰਨ ਵਿੱਚ ਵਸ ਰਹੇ ਹਨ ॥੧॥ਰਹਾਉ॥

## *ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥*
## *ਬੰਧਨ ਕਾਟਿ; ਮੁਕਤਿ ਗੁਰਿ ਕੀਨਾ ॥੨॥*

ਪੰਜੇ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੇ ਮਨ ਨੂੰ ਆਪਣੇ ਵਿੱਚ ਲੀਨਾ=ਲੀਨ ਕਰ ਲਿਆ ਸੀ, ਗੁਰਿ=ਸਤਿਗੁਰੂ ਜੀ ਨੇ ਮੋਹ ਆਦਿਕ ਦੇ ਬੰਧਨ ਕਾਟਿ=ਕੱਟ ਕੇ ਮੁਕਤ ਕਰ ਦਿੱਤਾ, ਭਾਵ ਇਨ੍ਹਾਂ ਦੇ ਬੰਧਨ ਖੁੱਲ੍ਹ ਗਏ। ਪਹਿਲਾਂ ਮਨ ਇਨ੍ਹਾਂ ਦੇ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਸੀ, ਹੁਣ ਗੁਰੂ ਦੀ ਕਿਰਪਾ ਨਾਲ ਬੰਧਨ ਰਹਿਤ ਹੋ ਗਿਆ, ਭਾਵ ਸੁਤੰਤਰ ਹੋ ਗਿਆ ॥੨॥ ਜੈਸਾ ਕਿ :

੧. **ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥**
[ਆਸਾ ਮਹਲਾ ੫, ਅੰਗ ੪੩੧]

੨. **ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੬੯]

੩. **ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥**
[ਮਾਝ ਮਹਲਾ ੫, ਅੰਗ ੧੦੮]

੪. **ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥**
**ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥**
**ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥**
**ਭਵਸਾਗਰੁ ਬੰਧਿਅਉ ਸਿਖ ਤਾਰੇ ਸੁ ਪ੍ਰਸੰਨੈ ॥** [ਸਵੱਈਏ ਮਹਲੇ ਚਉਥੇ ਕੇ, ਅੰਗ ੧੪੦੬]

ਸੋ, ਇਸ ਤਰੀਕੇ ਨਾਲ ਗੁਰੂ ਜੀ ਇਨ੍ਹਾਂ ਪੰਜਾਂ ਨੂੰ ਵਸ ਕਰਦਿਆਂ ਮੋਹ ਰੂਪੀ ਮਲਿ=ਪਹਿਲਵਾਨ ਨੂੰ ਆਪਣੇ ਬਿਵਸਿ=ਵਿਸ਼ੇਸ਼ ਕਰਕੇ ਵਸ ਕਰ ਲਿਆ ਹੈ ਅਤੇ ਕਾਮ ਨੂੰ ਸੰਕਲਪਾਂ ਰੂਪੀ ਕੇਸਾਂ ਤੋਂ ਪਕੜ ਕੇ ਪਛਾੜਨਾ ਕੀਤਾ

ਹੈ। ਕ੍ਰੋਧ ਜੋ ਪਰਚੰਡਿ=ਤੀਖਣ ਹੈ ਤੇ ਉਸਨੂੰ ਖੰਡਿ=ਟੁਕੜੇ ਟੁਕੜੇ ਕਰ ਦਿੱਤਾ ਹੈ ਅਤੇ ਲੋਭ ਨੂੰ ਨਿਰਾਦਰ, **ਵਾ:** ਅਪਮਾਨ ਕਰਕੇ ਹੰਕਾਰ ਦੇ ਸਹਿਤ ਝਾੜ ਦਿੱਤਾ ਹੈ, ਭਾਵ ਸਰਬ ਵਿਕਾਰਾਂ ਨੂੰ ਦੂਰ ਕਰ ਦਿੱਤਾ ਹੈ। ਜਨਮੁ ਔਰ ਕਾਲੁ=ਮ੍ਰਿਤੂ ਆਪ ਜੀ ਦੇ ਅੱਗੇ ਹੱਥ ਜੋੜ ਕੇ ਖੜ੍ਹੇ ਰਹਿੰਦੇ ਹਨ, ਜੋ ਆਪ ਜੀ ਦਾ ਹੁਕਮ ਹੁੰਦਾ ਹੈ, ਸੋਈ ਮੰਨਦੇ ਹਨ। ਸੰਸਾਰ ਸਮੁੰਦਰ ਤਰਨੇ ਨੂੰ ਆਪ ਜੀ ਨੇ ਵਾਹਿਗੁਰੂ ਨਾਮ ਦਾ ਪੁਲ ਬੰਨ੍ਹਿਆ ਹੈ। ਸੋ, ਆਪ ਜੀ ਨੇ ਪ੍ਰਸੰਨ ਹੋ ਕੇ ਸਿੱਖਾਂ ਨੂੰ ਤਾਰਿਆ ਹੈ। ਇਉਂ ਸਿੱਖਾਂ ਨੂੰ ਬੰਧਨ ਰਹਿਤ ਕੀਤਾ ਹੈ। ਜੈਸਾ ਕਿ :

**ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥**
**ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥** [ਸਵੱਈਏ ਮਹਲਾ ਤੀਜੇ ਕੇ, ਅੰਗ ੧੩੯੬]

## *ਦੁਖ ਸੁਖ ਕਰਤ; ਜਨਮਿ ਫੁਨਿ ਮੂਆ ॥*

ਸੁਖਾਂ-ਦੁਖਾਂ ਨੂੰ ਧਾਰਨ ਕਰਦਾ ਹੋਇਆ ਫੁਨਿ=ਪੁਨਾ ਜਨਮਿ=ਜੰਮਦਾ ਮੂਆ=ਮਰਦਾ ਸੀ। ਜੈਸਾ ਕਿ :

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੂਨਿ ਭਰਮਈ ਹੈ ॥** [ਗੂਜਰੀ ਕਬੀਰ ਜੀ, ਅੰਗ ੫੨੪]

## *ਚਰਨ ਕਮਲ ਗੁਰਿ; ਆਸ੍ਰਮੁ ਦੀਆ ॥੩॥*

ਪਰ ਗੁਰਾਂ ਨੇ ਚਰਨਾਂ ਕਮਲਾਂ ਦਾ ਆਸ੍ਰਮੁ=ਆਸਰਾ ਦੇ ਦਿੱਤਾ ਹੈ, **ਅਥਵਾ** ਵਾਹਿਗੁਰੂ ਦੇ ਚਰਨਾਂ ਕਮਲਾਂ ਵਿੱਚ ਆਸ੍ਰਮੁ=ਅਸਥਾਨ ਬਣਾ ਦਿੱਤਾ ਹੈ॥੩॥ ਜੈਸਾ ਕਿ :

**ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥** [ਬਿਲਾਵਲੁ ਮਹਲਾ ੫, ਅੰਗ ੮੧੭]

## *ਅਗਨਿ ਸਾਗਰ; ਬੂਡਤ ਸੰਸਾਰਾ ॥*
## *ਨਾਨਕ ਬਾਹ ਪਕਰਿ; ਸਤਿਗੁਰਿ ਨਿਸਤਾਰਾ ॥੪॥੩॥੮॥*

ਜੋ ਅਗਨਿ=ਅਗਨੀ ਦੇ ਸਾਗਰ=ਸਮੁੰਦਰ ਸੰਸਾਰ ਵਿੱਚ ਬੂਡਤ=ਡੁਬਦਾ ਜਾਂਦਾ ਸੀ, **ਅਥਵਾ** ਸਾਰਾ ਸੰਸਾਰ ਤ੍ਰਿਸ਼ਨਾ ਰੂਪ ਅੱਗ ਦੇ ਸਮੁੰਦਰ ਵਿੱਚ ਡੁੱਬ ਰਿਹਾ ਸੀ, ਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰੂ ਜੀ ਨੇ ਜੀਵਾਂ ਦੀ ਬੁੱਧ ਰੂਪ ਬਾਹ=ਭੁਜਾ ਤੋਂ ਪਕੜ ਕੇ (ਨਿਸ+ਤਾਰਾ) ਨਿਸ ਭਾਵ ਪ੍ਰਪੰਚ ਤੋਂ ਤਾਰਾ=ਤਾਰ ਦਿੱਤਾ ਹੈ, ਭਾਵ ਡੁੱਬਣ ਨਹੀਂ ਦਿੱਤਾ॥੪॥੩॥੮॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੮ [ਆਦਿ ਅੰਗ ੮੦੫]

***ਬਿਲਾਵਲੁ ਮਹਲਾ ੫ ॥ ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥ ਸੂਖ ਸਹਜ ਆਨੰਦ ਘਣੇ ॥ ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ਰਹਾਉ॥ ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ ਭਏ ਮਨੋਰਥ ਸੋ ਪ੍ਰਭੁ ਜਾਪੇ ॥੨॥ ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥ ਸਾਧਸੰਗਿ ਨਾਨਕਿ ਰੰਗੁ ਮਾਣਿਆ ॥ ਘਰਿ ਆਇਆ ਪੂਰੈ ਗੁਰਿ ਆਣਿਆ ॥੪॥੧੨॥੧੭॥***

## ਬਿਲਾਵਲੁ ਮਹਲਾ ੫ ॥

ਬਿਲਾਵਲ ਰਾਗ ਵਿੱਚ ਇਹ ਮੁਖਵਾਕ ਗੁਰੂ ਅਰਜਨ ਸਾਹਿਬ ਜੀ ਉਚਾਰਨ ਕਰਦੇ ਹਨ। ਜਿਸ ਮੁਖਵਾਕ ਦੀ ਪਹਿਲੀ ਤੁਕ ਵਿੱਚ ਹੀ ਸੰਸਾਰ ਦੇ ਸੰਬੰਧੀਆਂ ਦੇ ਸਹਾਰੇ ਝੂਠੇ ਦਰਸਾ ਕੇ ਪਾਰਬ੍ਰਹਮ ਪ੍ਰਮੇਸ਼ਰ ਦਾ ਸੱਚਾ ਸਹਾਰਾ ਦਰਸਾ ਰਹੇ ਹਨ।

## ਮਾਤ ਪਿਤਾ ਸੁਤ ਬੰਧਪ ਭਾਈ ॥
## ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮਾਤ=ਮਾਤਾ ਪਿਤਾ=ਬਾਪ ਸੁਤ=ਪੁੱਤਰ ਬੰਧਪ=ਸੰਬੰਧੀ ਤੇ ਭਾਈ=ਭਰਾ। ਇਨ੍ਹਾਂ ਵਿੱਚੋਂ ਕੋਈ ਵੀ ਅੰਤ ਦੇ ਸਮੇਂ ਸਹਾਇਕ ਨਹੀਂ ਹੈ। ਅੰਤ ਨੂੰ ਇੱਕ ਪਾਰਬ੍ਰਹਮ ਪ੍ਰਮੇਸ਼ਰ ਹੀ ਸਹਾਇਤਾ ਕਰਨ ਵਾਲਾ ਹੋਆ=ਹੋ ਰਿਹਾ ਹੈ ॥੧॥ ਜੈਸਾ ਕਿ :

੧. **ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥** [ਗਉੜੀ ਮਹਲਾ ੫, ਅੰਗ ੨੬੪]

੨. **ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥੧॥** [ਗਉੜੀ ਮਹਲਾ ੫, ਅੰਗ ੧੮੮]

੩. **ਹਰਿ ਬਿਨੁ ਤੇਰੋ ਕੋ ਨ ਸਹਾਈ ॥
ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥੧॥ਰਹਾਉ॥** [ਸਾਰਗ ਮਹਲਾ ੯, ਅੰਗ ੧੨੩੧]

੪. **ਕਾ ਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥** [ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੩]

੫. **ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ ॥
ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਹਤੇ ॥** [ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੩]

ਸੋ, ਇਸ ਲਈ ਇਨ੍ਹਾਂ ਝੂਠੇ ਸੰਬੰਧੀਆਂ ਦੀ ਹਾਲਤ ਦਸਦੇ ਹੋਏ ਗੁਰੂ ਤੇਗ ਬਹਾਦਰ ਜੀ ਕਥਨ ਕਰਦੇ ਹਨ ਕਿ ਸੰਸਾਰ ਵਿੱਚ ਇਨ੍ਹਾਂ ਦੀ ਪ੍ਰੀਤੀ ਝੂਠੀ ਔਰ ਨਾਸ਼ਵਾਨ ਹੈ। ਜੈਸਾ ਕਿ :

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ਰਹਾਉ॥**
[ਦੇਵਗੰਧਾਰੀ ਮਹਲਾ ੯, ਅੰਗ ੫੩੬]

ਇਹ ਸੰਬੰਧੀਆਂ ਦਾ ਜੀਵਤ ਕਾਲ ਤੱਕ ਵਿਵਹਾਰ ਹੈ, ਸਰੀਰ ਦੇ ਅੰਤ ਹੁੰਦਿਆਂ ਹੀ ਕਿਸੇ ਦਾ ਕੋਈ ਕੁਝ ਨਹੀਂ ਸਵਾਰ ਸਕਦਾ, ਇਹ ਸਭ ਸੰਸਾਰਕ ਰਿਸ਼ਤੇ ਆਪਣੇ ਮਤਲਬ ਦੇ ਹਨ। ਜੈਸਾ ਕਿ :

**ਸਭ ਕਿਛੁ ਜੀਵਤ ਕੋ ਬਿਵਹਾਰ ॥**
**ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ਰਹਾਉ॥**

[ਦੇਵਗੰਧਾਰੀ ਮਹਲਾ ੯, ਅੰਗ ੫੩੬]

**ਦੂਜਾ ਅਰਥ—**

***ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥***

ਗੁਰ ਪ੍ਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਮਾ, ਪਿਓ, ਪੁੱਤਰ, ਸੰਬੰਧੀ, ਭਰਾ ਆਦਿਕ ਸੰਬੰਧੀਆਂ ਵਾਂਗ ਸਾਡਾ ਪਾਰਬ੍ਰਹਮ ਹੀ ਸਹਾਈ ਹੋਆ=ਹੋਇਆ ਹੈ। **ਅਥਵਾ** ਗੁਰੂ ਨਾਨਕ ਦੀ ਕਿਰਪਾ ਨਾਲ ਪਾਰਬ੍ਰਹਮ ਮੇਰਾ ਸਹਾਈ ਹੋਇਆ ਹੈ। ਹੁਣ ਮੇਰੀ ਮਾਤ=ਮਾਤਾ ਪਿਤਾ=ਪਿਓ ਸੁਤ=ਪੁੱਤਰ ਬੰਧਪ=ਸਬੰਧੀ ਭਾਈ=ਭਰਾ ਸਭ ਕੁਝ ਉਹੀ ਹੈ। ਜੈਸਾ ਕਿ :

**੧. ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

[ਮਾਝ ਮਹਲਾ ੫, ਅੰਗ ੧੦੩]

**੨. ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖ ਦਾਤਾ ॥**
**ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥੧॥**

[ਭੈਰਉ ਮਹਲਾ ੫, ਅੰਗ ੧੧੪੪]

ਸੋ, ਜਗਿਆਸੂ ਦੀ ਇਹ ਭਾਵਨਾ ਹੈ ਕਿ ਹੇ ਪ੍ਰਮੇਸ਼ਰ ਅਸੀਂ ਆਪ ਜੀ ਦੇ ਬਾਲਕ ਹਾਂ, ਸਾਡੇ ਲਈ ਹੋਰ ਕੋਈ ਟਿਕਾਣਾ ਨਹੀਂ। ਅਨੇਕਾਂ ਬਾਰ ਭੁੱਲ ਕਰੀਏ ਤਾਂ ਭੀ ਆਪ ਜੀ ਦੇ ਹੀ ਹਾਂ। ਜੈਸਾ ਕਿ :

**ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥**
**ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ ॥੧॥ਰਹਾਉ॥**

[ਮਲਾਰ ਮਹਲਾ ੫, ਅੰਗ ੧੨੬੬]

ਹੇ ਪ੍ਰਮੇਸ਼ਰ! ਜਿਸਦਾ ਪਿਤਾ ਤੂੰ ਹੋ ਗਿਆ ਹੈਂ, ਉਸ ਬਾਰਿਕ ਰੂਪ ਸੰਤ, ਭਗਤ ਨੂੰ ਸੰਸਾਰ ਦੇ ਪਦਾਰਥਾਂ ਦੀ ਕੋਈ ਭੁੱਖ ਨਹੀਂ ਰਹਿੰਦੀ। ਨੌ ਨਿਧੀਆਂ ਤੇ ਅਠਾਰਾਂ ਸਿੱਧੀਆਂ ਤਾਂ ਤੇਰੇ ਨਾਮ ਤੋਂ ਹੀ ਪ੍ਰਾਪਤ ਹੋ ਜਾਂਦੀਆਂ ਹਨ। ਜਦੋਂ ਨਾਮ ਦਾ ਰਸ ਆਉਣ ਲੱਗ ਜਾਂਦਾ ਹੈ, ਫਿਰ ਰਿੱਧੀਆਂ ਸਿੱਧੀਆਂ ਦਾ ਅਵਰਾ ਸਾਦ ਚੰਗਾ ਨਹੀਂ ਲਗਦਾ। ਇਸ ਲਈ ਹੇ ਪਿਤਾ ਰੂਪ ਪ੍ਰਮੇਸ਼ਰ! ਮੈਂ ਬਾਲਕ ਆਪ ਜੀ ਦਾ ਕੇਵਲ ਨਾਮ ਹੀ ਮੰਗਦਾ ਹਾਂ। ਜੈਸਾ ਕਿ :

**ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥**
**ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥੩॥** [ਮਲਾਰ ਮਹਲਾ ੫, ਅੰਗ ੧੨੬੬]

ਸੋ ਇਸ ਕਰਕੇ ਤੇਰੇ ਘਰ ਵਿੱਚ ਨੌ ਨਿਧੀਆਂ ਤੇ ਅਠਾਰਾਂ ਸਿੱਧੀਆਂ ਹਨ, ਜੈਸੀ ਵੀ ਕੋਈ ਇੱਛਾ ਕਰਦਾ ਹੈ। ਸੋ ਮਨ ਬਾਂਛਤ ਫਲ ਪ੍ਰਾਪਤ ਕਰ ਲੈਂਦਾ ਹੈ। ਜੈਸਾ ਕਿ :

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**
**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥** [ਰਾਮਕਲੀ ਮਹਲਾ ੩, ਅੰਗ ੯੧੭]

## ਸੂਖ ਸਹਜ; ਆਨੰਦ ਘਣੇ ॥

ਉਸ ਵਾਹਿਗੁਰੂ ਦੀ ਕਿਰਪਾ ਨਾਲ ਸੂਖ=ਸੁੱਖ, ਸਹਜ=ਸ਼ਾਂਤੀ, ਵਾ—ਸਹਜ=ਗਿਆਨ, ਵਾ—ਸਹਜ=ਸਹਜੇ ਹੀ ਘਣੇ=ਬਹੁਤੇ ਅਨੰਦ ਪ੍ਰਾਪਤ ਹੋਏ ਹਨ। ਜੈਸਾ ਕਿ :

੧. **ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹਿ ਵਖਾਣਿ ॥**
[ਬਿਲਾਵਲੁ ਮਹਲਾ ੫, ਅੰਗ ੮੨੬]

੨. **ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥** [ਸੋਰਠਿ ਮਹਲਾ ੫, ਅੰਗ ੬੩੦]

੩. **ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥** [ਆਸਾ ਮਹਲਾ ੫, ਅੰਗ ੪੦੦]

੪. **ਸੂਖ ਸਹਜ ਆਨੰਦੁ ਘਨਾ ॥**
**ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ਰਹਾਉ॥**
[ਆਸਾ ਮਹਲਾ ੫, ਅੰਗ ੩੮੭]

## ਗੁਰੁ ਪੂਰਾ ਪੂਰੀ ਜਾ ਕੀ ਬਾਣੀ;
## ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ਰਹਾਉ॥

ਮੇਰਾ ਗੁਰੂ ਪੂਰਾ ਹੈ ਜਾ ਕੀ=ਜਿਸ ਦੀ ਬਾਣੀ ਵੀ ਪੂਰੀ ਹੈ ਅਨਿਕ=ਅਨੇਕ ਗੁਣ ਹਨ, ਜਾ ਕੇ=ਜਿਸਦੇ ਗੁਣ ਜਾਹਿ ਨ ਗਣੇ=ਗਿਣੇ ਨਹੀਂ ਜਾਂਦੇ, ਕਿਉਂਕਿ ਮੇਰੀ ਜਿਹਬਾ ਇੱਕ ਹੈ ਤੇ ਤੇਰੇ ਗੁਣ ਬਿਅੰਤ ਹਨ। ਜੈਸਾ ਕਿ :

**ਜਿਹਵਾ ਏਕ ਕਵਨ ਗੁਨ ਕਹੀਐ ॥**
**ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥** [ਧਨਾਸਰੀ ਮਹਲਾ ੫, ਅੰਗ ੬੭੪]

ਹੇ ਸਤਿਗੁਰੂ ! ਤੇਰੇ ਕਿਹੜੇ-ਕਿਹੜੇ ਗੁਣ ਇਸ ਰਸਨਾ ਦੁਆਰਾ ਕਹਿ ਕੇ ਗਾਵਾਂ, ਕਿਉਂਕਿ ਤੂੰ ਤਾਂ ਗੁਣਾਂ ਦਾ ਖ਼ਜ਼ਾਨਾ ਰੂਪ ਹੈ। ਜੈਸਾ ਕਿ :

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥**
[ਸੂਹੀ ਮਹਲਾ ੪, ਅੰਗ ੭੩੫]

ਇਸ ਲਈ ਹੇ ਪ੍ਰਮੇਸ਼ਰ ਸਰੂਪ ਸਤਿਗੁਰੂ ! ਤੇਰੇ ਗੁਣਾਂ ਦੀ ਮਹਿਮਾ ਨੂੰ ਵੀ ਮੈਂ ਕਥਨ ਨਹੀਂ ਕਰ ਸਕਦਾ। ਜੈਸਾ ਕਿ :

**ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥** [ਸੂਹੀ ਮਹਲਾ ੪, ਅੰਗ ੭੩੫]

ਇਸੇ ਸਿਧਾਂਤ ਦੀ ਵਿਆਖਿਆ ਕਰਦੇ ਦਸਵੇਂ ਸਤਿਗੁਰੂ ਬਚਿੱਤਰ ਨਾਟਕ ਨਾਮੀ ਬਾਣੀ ਵਿੱਚ ਕਥਨ ਕਰਦੇ ਹਨ। ਜੈਸਾ ਕਿ :

**ਸੇਸ ਨਾਗ ਸਿਰ ਸਹਸ ਬਨਾਈ ॥ ਦ੍ਵੈ ਸਹੰਸ ਰਸਨਾਹ ਸੁਹਾਈ ॥**
**ਰਟਤ ਅਬ ਲਗੇ ਨਾਮ ਅਪਾਰਾ ॥ ਤੁਮਰੋ ਤਊ ਨ ਪਾਵਤ ਪਾਰਾ ॥** [ਬਚਿੱਤ੍ਰ ਨਾਟਕ]

ਇਸੇ ਵਿਚਾਰ ਨੂੰ ਕਥਨ ਕਰਦੇ ਪੰਜਵੇਂ ਸਤਿਗੁਰੂ ਜੀ ਆਖਦੇ ਹਨ ਕਿ ਮੇਰੀ ਇੱਕ ਜੀਭ ਹੈ ਤੇਰੇ ਗੁਣ ਬਿਅੰਤ ਹਨ ਤੇਰੇ ਗੁਣਾਂ ਨੂੰ ਕਿਵੇਂ ਕਥਨ ਕਰੇ, ਤੇਰੇ ਗੁਣਾਂ ਦੀ ਵਿਆਖਿਆ ਤਾਂ ਹਜ਼ਾਰ ਫ਼ਨਾਂ ਵਾਲਾ ਸ਼ੇਸ਼ਨਾਗ ਜਿਸ ਦੀ ਦੋ ਹਜ਼ਾਰ ਜੀਭ ਹੈ, ਉਹ ਭੀ ਨਹੀਂ ਕਰ ਸਕਿਆ। ਜੈਸਾ ਕਿ :

**ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥**
**ਨਵਤਨ ਨਾਮ ਜਪੈ ਦਿਨ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥**

[ਮਾਰੂ ਮਹਲਾ ੫, ਅੰਗ ੧੦੮੩]

ਦੂਸਰੇ ਪਾਸੇ ਪੰਜਵੇਂ ਸਤਿਗੁਰੂ ਪ੍ਰਮੇਸ਼ਰ ਦੀ ਬਿਅੰਤਤਾ ਕਥਨ ਕਰਦੇ ਹੋਏ ਆਖਦੇ ਹਨ ਕਿ ਇੱਕ ਸ਼ੇਸ਼ਨਾਗ ਦੀ ਗੱਲ ਨਹੀਂ, ਅਨੇਕਾਂ ਹੀ ਸ਼ੇਸ਼ਨਾਗ ਨਿਤ ਹੀ ਨਵੇਂ ਤੋਂ ਨਵੇਂ ਨਾਵਾਂ ਨੂੰ ਉਚਾਰਨ ਕਰਦੇ ਹਨ, ਪਰ ਉਹਨਾਂ ਨੇ ਭੀ ਪ੍ਰਮੇਸ਼ਰ ਦਾ ਅੰਤ ਨਹੀਂ ਪਾਇਆ। ਜੈਸਾ ਕਿ :

**ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਾਰਬ੍ਰਹਮੁ ਕਾ ਅੰਤੁ ਨ ਤੇਹਿ ॥੭॥**

[ਸਾਰਗ ਮਹਲਾ ੫, ਅੰਗ ੧੨੩੬]

ਉਸ ਪ੍ਰਮੇਸ਼ਰ ਦੇ ਗੁਣਾਂ ਦੀ ਮਹਿਮਾ ਇਤਨੀ ਬਿਅੰਤ ਹੈ ਕਿ ਚਾਰੇ ਬੇਦ, ਬ੍ਰਹਮਾ ਅਤੇ ਰਾਮ ਕ੍ਰਿਸ਼ਨ ਆਦਿ ਅਵਤਾਰ ਭੀ ਅੰਤ ਨਹੀਂ ਪਾ ਸਕੇ। ਇਸੇ ਲਈ ਸਰਬ ਦਾ ਪ੍ਰੇਰਕ ਜੋ ਪਾਰਬ੍ਰਹਮ ਹੈ, ਸੋ ਸਦਾ ਹੀ ਬੇਅੰਤ ਹੈਂ। ਜੈਸਾ ਕਿ :

**ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥**
**ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥** [ਰਾਮਕਲੀ ਮਹਲਾ ੫, ਅੰਗ ੮੯੪]

ਇਸ ਲਈ ਤੇਰੇ ਗੁਣ ਕਥਨ ਨਹੀਂ ਕੀਤੇ ਜਾ ਸਕਦੇ।

## *ਸਗਲ ਸਰੰਜਾਮ; ਕਰੇ ਪ੍ਰਭੁ ਆਪੇ ॥*

ਪ੍ਰਭੁ=ਰੱਖਿਅਕ ਪ੍ਰਮੇਸ਼ਰ ਨੇ ਸਗਲ=ਸਾਰੇ ਆਪੇ=ਆਪ ਹੀ ਸਰੰਜਾਮ=ਉਦਮ ਕਰੇ=ਕੀਤੇ ਹਨ। ਹੇ ਸਰਬ ਦੇ ਹਿਰਦੇ ਦੀ ਜਾਨਣ ਵਾਲੇ ਮੇਰੇ ਸੁਆਮੀ ! ਸਾਡੇ ਉੱਤੇ ਐਸੀ ਕਿਰਪਾ ਕਰ ਕਿ ਸਾਨੂੰ ਆਪਣਾ ਸਿਮਰਨ ਕਰਨ ਲਈ ਉਦਮ ਵਾਲੀ ਮਤ, ਬੁੱਧੀ ਦੇਣਾ ਕਰ, ਕਿਉਂਕਿ ਜਿਸ ਪ੍ਰਕਾਰ ਤੂੰ ਸਾਨੂੰ ਜੀਵਾਂ ਨੂੰ ਪ੍ਰੇਰਦਾ ਹੈਂ, ਤਿਸੀ ਪ੍ਰਕਾਰ ਅਸੀਂ ਕਰਨਾ ਹੈ। ਜੈਸਾ ਕਿ :

**੧. ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥**

[ਬਿਲਾਵਲੁ ਮਹਲਾ ੪, ਅੰਗ ੭੯੮]

**੨. ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥** [ਆਸਾ ਮਹਲਾ ੫, ਅੰਗ ੪੦੫]

**੩. ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥** [ਆਸਾ ਮਹਲਾ ੫, ਅੰਗ ੩੯੯]

ਸਤਿਗੁਰੂ ਜੀ ਉਦਮ ਕਰਨ ਦੀ ਪ੍ਰੇਰਨਾ ਕਰਦੇ ਹੋਏ ਆਖਦੇ ਹਨ ਕਿ ਵੱਡੇ ਭਾਗਾਂ ਵਾਲੇ ਗੁਰਮੁਖ ਜਨੋ, ਅੰਮ੍ਰਿਤ ਵੇਲੇ ਉਠਣ ਦਾ ਉਦਮ ਕਰੋ ਤੇ ਪ੍ਰਮੇਸ਼ਰ ਦੇ ਨਾਮ ਨੂੰ ਸਿਮਰੋ। ਜਿਸ ਦਾ ਸਿਮਰਨ ਕਰਕੇ ਦੁਖ, ਦਰਦ ਤੇ ਭਰਮ ਨਾਸ ਹੋ ਜਾਂਦੇ ਹਨ ਤੇ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਜੈਸਾ ਕਿ :

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥**

[ਆਸਾ ਮਹਲਾ ੫, ਅੰਗ ੪੫੬]

## *ਭਏ ਮਨੋਰਥ; ਸੋ ਪ੍ਰਭੁ ਜਾਪੇ ॥੨॥*

ਉਸ ਪ੍ਰਭੁ=ਵਾਹਿਗੁਰੂ ਨੂੰ ਜਾਪੇ=ਜਪਣ ਕਰਕੇ ਸਾਰੇ ਮਨੋਰਥ ਪੂਰਨ ਹੁੰਦੇ ਹਨ। ਮਨੋਰਥ=ਮਨ ਦਾ ਸੰਕਲਪ।

ਵਾਹਿਗੁਰੂ ਪ੍ਰਮੇਸ਼ਰ ਦੇ ਜਾਪ ਦੀਆਂ ਬਿਅੰਤ ਬਰਕਤਾਂ ਹਨ ਤੇ ਜਪਣ ਵਾਲੇ ਦੀਆਂ ਸਾਰੀਆਂ ਲੋੜਾਂ, ਇਛਾਵਾਂ ਪ੍ਰਮੇਸ਼ਰ ਆਪ ਪੂਰੀਆਂ ਕਰ ਦਿੰਦਾ ਹੈ। ਜੈਸਾ ਕਿ :

**੧. ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥**
[ਧਨਾਸਰੀ ਮਹਲਾ ੪, ਅੰਗ ੬੬੯]

**੨. ਸਗਲ ਮਨੋਰਥ ਪੂਰਨ ਕਾਮ ॥ ਭਗਤ ਅਪੁਨੇ ਕਉ ਦੇਵਹੁ ਨਾਮ ॥੧॥**
[ਭੈਰਉ ਮਹਲਾ ੫, ਅੰਗ ੧੧੪੬]

## *ਅਰਥ ਧਰਮ; ਕਾਮ ਮੋਖ ਕਾ ਦਾਤਾ ॥*
## *ਪੂਰੀ ਭਈ; ਸਿਮਰਿ ਸਿਮਰਿ ਬਿਧਾਤਾ ॥੩॥*

ਧਰਮ, ਅਰਥ, ਕਾਮ ਅਤੇ ਮੋਖ ਦਾ ਦਾਤਾ ਜੋ ਬਿਧਾਤਾ=ਫਲ ਪ੍ਰਦਾਤਾ ਪ੍ਰਮੇਸ਼ਰ ਹੈ, ਉਸਨੂੰ ਸਿਮਰਦਿਆਂ-ਸਿਮਰਦਿਆਂ ਜਾਂ ਉਸਦੇ ਸਿਮਰਨ ਨੂੰ ਸਿਮਰਦਿਆਂ ਸਾਡੀ ਅਵਸਥਾ ਪੂਰੀ ਹੋਈ ਹੈ, ਵਾ—ਮਨ ਦੀ ਇੱਛਾ, ਵਾਸ਼ਨਾ ਪੂਰੀ ਹੋਈ ਹੈ। ਜਿਸਨੇ ਵੀ ਪ੍ਰਮੇਸ਼ਰ ਦਾ ਸਿਮਰਨ ਕੀਤਾ ਹੈ, ਉਸਨੂੰ ਚਾਰੇ ਪਦਾਰਥ ਸੁਤੇ ਸਿੱਧ ਹੀ ਪ੍ਰਾਪਤ ਹੋਏ ਹਨ। ਜੈਸਾ ਕਿ :

**੧. ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥** [ਬਿਲਾਵਲੁ ਮਹਲਾ ੪, ਅੰਗ ੮੦੦]

**੨. ਪ੍ਰਭੁ ਅਬਿਨਾਸੀ ਹਉ ਤਿਸਕੀ ਦਾਸੀ ਮਰੈ ਨ ਆਵੈ ਜਾਏ ॥**
**ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥** [ਸੂਹੀ ਮਹਲਾ ੫, ਅੰਗ ੭੮੫]

**੩. ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥**
**ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥੧॥** [ਰਾਮਕਲੀ ਮਹਲਾ ੫, ਅੰਗ ੯੨੭]

**੪. ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥** [ਬਿਲਾਵਲੁ ਮਹਲਾ ੫, ਅੰਗ ੮੧੬]

**ਸਾਖੀ—ਇਕ ਮਾਈ ਦੇ ਪ੍ਰਮੇਸ਼ਰ ਨੂੰ ਸਿਮਰਨ ਦੀ—**ਇਕ ਬੜੀ ਗ਼ਰੀਬ ਇਸਤਰੀ, ਜਿਸਦਾ ਜੁਆਨ ਅਵਸਥਾ ਵਿੱਚ ਪਤੀ ਮ੍ਰਿਤੂ ਨੂੰ ਪ੍ਰਾਪਤ ਹੋ ਗਿਆ ਸੀ, ਉਸ ਵੇਲੇ ਇਸਦੀ ਗੋਦ ਵਿੱਚ ਇੱਕ ਬੱਚਾ ਸੀ। ਪਤੀ ਦੀ ਮੌਤ ਦਾ ਦੁਖ ਬੱਚੇ ਵੱਲ ਵੇਖ ਕੇ ਬਰਦਾਸ਼ਤ ਕੀਤਾ। ਸਮਾਂ ਗੁਜ਼ਰਦਾ ਗਿਆ। ਉਸੇ ਨਗਰ ਦੇ ਨੇੜੇ ਇੱਕ ਬੜੇ ਬੀਤਰਾਗ ਮਹਾਂਪੁਰਸ਼ ਰਿਹਾ ਕਰਦੇ ਸਨ। ਉਨ੍ਹਾਂ ਮਹਾਂਪੁਰਸ਼ਾ ਦੀ ਸੰਗਤ ਕਰਨੀ ਸ਼ੁਰੂ ਕੀਤੀ। ਜਿਥੋਂ ਇਸ ਮਾਤਾ ਨੂੰ ਹਿਰਦੇ ਦੀ ਸ਼ਾਂਤੀ ਆਉਣੀ ਸ਼ੁਰੂ ਹੋਈ। ਸਤਿਸੰਗ ਕਰਦਿਆਂ-ਕਰਦਿਆਂ ਹਿਰਦੇ ਦੀ ਮੈਲ ਉਤਰਨੀ ਸ਼ੁਰੂ ਹੋਈ। ਮਨ ਇਕਾਗਰ ਰਹਿਣ ਲੱਗਾ। ਮਨੁੱਖਾ ਸਰੀਰ ਦੇ ਪ੍ਰਾਪਤ ਕਰਨ ਦਾ ਮਨੋਰਥ ਸਮਝ ਆਇਆ। ਫੇਰ ਇਸਨੇ ਆਪਣੇ ਪੁੱਤਰ ਦਾ ਭਲਾ ਭੀ ਕਰਨਾ ਚਾਹਿਆ, ਉਸ ਨੂੰ ਭੀ ਸਤਿਸੰਗਤ ਵਿੱਚ ਨਾਲ ਲਿਜਾਇਆ ਕਰੇ। ਮਹਾਂਪੁਰਸ਼ਾਂ ਨੇ ਦੋਹਾਂ ਮਾਂ-ਪੁੱਤਾਂ ਨੂੰ ਗ਼ਰੀਬ ਔਰ ਬੇਸਹਾਰਾ ਜਾਣ ਕੇ ਬੜੇ ਧੀਰਜਤਾ ਦੇ ਬਚਨ ਸੁਣਾ ਕੇ ਪ੍ਰਮੇਸ਼ਰ ਦੀ ਭਗਤੀ ਵੱਲ ਪ੍ਰੇਰਿਆ। ਤੇ ਦੋਹਾਂ ਨੂੰ ਨਾਮ ਸਿਮਰਨ ਦਾ ਜਾਪ ਦਿੱਤਾ। ਹਰ ਵਕਤ ਮਾਂ-ਪੁੱਤ ਨਾਮ ਜਪਣ ਲੱਗੇ ਤੇ ਪ੍ਰਮੇਸ਼ਰ 'ਤੇ ਭਰੋਸਾ ਰੱਖਣ ਲੱਗੇ, ਕਿਉਂਕਿ ਨਾਮ ਜਪਾਉਣ ਦੀ ਡਿਊਟੀ ਗੁਰੂ ਜੀ ਦੱਸਦੇ ਹਨ ਕਿ ਮਹਾਂਪੁਰਸ਼ਾਂ ਦੀ ਹੀ ਹੈ। ਜੈਸਾ ਕਿ :

**ਜਿਸੁ ਵਖਰੁ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥**
**ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥**
[ਗਉੜੀ ਮਹਲਾ ੫, ਅੰਗ ੨੮੩]

ਜਦੋਂ ਇਹ ਬੱਚਾ ਜਵਾਨ ਹੋਇਆ ਤਾਂ ਲੱਕੜਾਂ ਕੱਟ ਕੇ ਬਜ਼ਾਰ ਵੇਚਦਾ ਤੇ ਮਾਤਾ ਲੋਕਾਂ ਦੇ ਘਰਾਂ ਵਿੱਚ ਮਿਹਨਤ ਮਜ਼ਦੂਰੀ ਕਰਦੀ ਇਸ ਪ੍ਰਕਾਰ ਉਹ ਗੁਜ਼ਾਰਾ ਕਰ ਰਹੇ ਸਨ। ਇਉਂ ਗ਼ਰੀਬੀ ਦੀ ਹਾਲਤ ਵਿੱਚ ਧਰਮ ਕਿਰਤ ਤੋਂ ਵਿਹਲੇ ਹੋ ਕੇ ਬਹੁਤ ਸਮਾਂ ਸਿਮਰਨ ਵਿੱਚ ਲੱਗੇ ਰਹਿੰਦੇ। ਮਹਾਂਪੁਰਸ਼ਾਂ ਦਾ ਬਚਨ ਕਮਾਇਆ ਕਿ ਸੁਾਸ ਵਿਅਰਥ ਨਹੀਂ ਜਾਣ ਦੇਣਾ। ਇੱਕ ਦਿਨ ਇਹ ਲੜਕਾ ਜੰਗਲ ਵਿੱਚ ਲੱਕੜਾਂ ਕੱਟ ਰਿਹਾ ਸੀ, ਉਧਰੋਂ ਇਸ ਦੇਸ਼ ਦਾ ਬਾਦਸ਼ਾਹ ਆਪਣੇ ਜੋਤਸ਼ੀ ਤੇ ਮੰਤਰੀਆਂ ਦੇ ਨਾਲ ਘੁੰਮਣ ਵਾਸਤੇ ਆਇਆ ਹੋਇਆ ਸੀ। ਇੱਕ ਜੋਤਸ਼ੀ ਬਾਦਸ਼ਾਹ ਕੋਲੋਂ ਸੁਤੇ ਸਿੱਧ ਇਸ ਲੜਕੇ ਦੇ ਕੋਲ ਆ ਖੜਾ। ਜਿਸ ਦੀ ਮਥੇ ਦੀ ਰੇਖਾ ਵੇਖੀ ਆਪਣੇ ਜੋਤਿਸ਼ ਦੇ ਹਿਸਾਬ ਨਾਲ ਵੇਖਿਆ ਕਿ ਇਹ ਤਾਂ ਅੱਜ ਤੋਂ ਤੀਸਰੇ ਦਿਨ ਨੂੰ ਬਾਦਸ਼ਾਹ ਦਾ ਜਵਾਈ ਬਣਨ ਵਾਲਾ ਹੈ। ਪੁੱਛਿਆ ਕਿ ਕਾਕਾ ਤੁਸੀਂ ਕਿੰਨੇ ਕੁ ਅਮੀਰ ਹੋ ? ਸੰਬੰਧੀ ਕਿੱਡੇ ਕੁ ਉੱਚੇ ਖ਼ਾਨਦਾਨ ਦੇ ਹਨ ? ਲੜਕਾ ਕਹਿਣ ਲੱਗਾ ਕਿ ਅਸੀਂ ਅਮੀਰ ਹੁੰਦੇ ਤਾਂ ਮੈਂ ਲਕੜਾਂ ਹੀ ਕੱਟਦਾ ? ਤੁਸੀਂ ਮੇਰੇ ਅਮੀਰ ਹੋਣ ਦਾ ਕਿਵੇਂ ਅਨੁਮਾਨ ਲਗਾ ਲਿਆ ? ਮੈਂ ਤਾਂ ਇੱਕ ਬਹੁਤ ਗ਼ਰੀਬ ਘਰ ਦਾ ਬੱਚਾ ਹਾਂ। ਪਿਤਾ ਮਰ ਚੁੱਕਾ ਹੈ। ਮਾਤਾ ਲੋਕਾਂ ਦੇ ਘਰਾਂ ਵਿੱਚ ਮਜ਼ਦੂਰੀ ਕਰ ਕੇ ਤੇ ਮੈਂ ਲੱਕੜਾ ਕੱਟ ਕੇ ਗੁਜ਼ਾਰਾ ਕਰਦਾ ਹਾਂ। ਜੋਤਸ਼ੀ ਸੋਚਣ ਲੱਗਾ ਕਿ ਵਾਕਈ ਪ੍ਰਮੇਸ਼ਰ ਦੀ ਬਿਅੰਤਤਾ ਨੂੰ ਕੋਈ ਨਹੀਂ ਜਾਣ ਸਕਦਾ। ਜੈਸਾ ਕਿ ਗੁਰਬਾਣੀ ਵਿੱਚ ਲਿਖਿਆ ਹੈ।

**ਹਰਿ ਕੀ ਗਤਿ ਨਹਿ ਕੋਊ ਜਾਨੈ॥**
**ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥੧॥ਰਹਾਉ॥**

[ਬਿਹਾਗੜਾ ਮਹਲਾ ੯, ਅੰਗ ੫੩੭]

ਇਤਨੇ ਸਮੇਂ ਨੂੰ ਰਾਜੇ ਨੇ ਜੋਤਸ਼ੀ ਨੂੰ ਯਾਦ ਕੀਤਾ। ਵਜ਼ੀਰ ਨੇ ਕਿਹਾ ਕਿ ਉਹ ਸਾਹਮਣੇ ਲੜਕੇ ਨਾਲ ਗੱਲਾਂ ਕਰ ਰਿਹਾ ਹੈ। ਬਾਦਸ਼ਾਹ ਨੇ ਸੁਨੇਹਾ ਭੇਜ ਕੇ ਬੁਲਾਇਆ, ਅਤੇ ਪੁੱਛਿਆ ਕਿ ਲੜਕੇ ਨਾਲ ਕੀ ਗੱਲਾਂ ਕਰਦੇ ਸੀ ? ਜੋਤਸ਼ੀ ਨੇ ਕਿਹਾ ਕਿ ਮੈਂ ਪ੍ਰਮੇਸ਼ਰ ਦੀ ਲ੍ਹੀਲਾ ਵੇਖ ਰਿਹਾ ਸੀ ਕਿ ਪ੍ਰਮੇਸ਼ਰ ਕੀ ਨਹੀਂ ਕਰ ਸਕਦਾ ? ਰਾਜੇ ਨੇ ਹੈਰਾਨ ਹੋ ਕੇ ਪੁੱਛਿਆ ਕਿ ਐਸੀ ਕੀ ਗੱਲ ਹੈ ? ਜੋਤਸ਼ੀ ਨੇ ਕਿਹਾ ਕਿ ਰਾਜਨ ਤੇਰੇ ਤੋਂ ਸਹਿਨ ਨਹੀਂ ਹੋਵੇਗੀ, ਐਸੀ ਹੀ ਗੱਲ ਹੈ। ਬਾਦਸ਼ਾਹ ਨੇ ਜਿੱਦ ਪੈ ਕੇ ਪੁੱਛਿਆ ਤੇ ਜੋਤਸ਼ੀ ਨੇ ਦੱਸਿਆ ਕਿ ਇਹ ਨਿਰਧਨ ਮਾਈ ਦਾ ਲੜਕਾ, ਜੋ ਅੱਜ ਲੱਕੜਹਾਰੇ ਦੇ ਰੂਪ ਵਿੱਚ ਹੈ, ਅੱਜ ਤੋਂ ਤੀਸਰੇ ਦਿਨ ਨੂੰ ਇਹ ਲੜਕਾ ਆਪ ਜੀ ਦਾ ਜਵਾਈ ਬਣੇਗਾ ਔਰ ਰਾਜ ਗੱਦੀ ਪਰ ਬੈਠੇਗਾ। ਇਹ ਗੱਲ ਸੁਣਦੇ ਸਾਰ ਹੀ ਰਾਜੇ ਨੂੰ ਬੜਾ ਕ੍ਰੋਧ ਜਾਗਿਆ ਅਤੇ ਕਹਿਣ ਲੱਗਾ ਕਿ ਬ੍ਰਹਮਾ ਨੂੰ ਕੌਣ ਅਕਲ ਵਾਲਾ ਕਹੇਗਾ ? ਜਿਸਨੇ ਰਾਜੇ ਦੀ ਲੜਕੀ ਦਾ ਇੱਕ ਗ਼ਰੀਬ ਲੜਕੇ ਨਾਲ ਲੇਖ ਲਿਖ ਦਿੱਤਾ। ਕ੍ਰੋਧ ਵਿੱਚ ਆ ਕੇ ਤਲਵਾਰ ਦੇ ਮੁੱਠੇ 'ਤੇ ਹੱਥ ਗਿਆ ਤੇ ਕਹਿਣ ਲੱਗਾ ਕਿ ਮੈਂ ਹੁਣੇ ਹੀ ਇਸ ਨੂੰ ਕਤਲ ਕਰ ਦਿੰਦਾ ਹਾਂ, ਫੇਰ ਦੇਖਦਾ ਹਾਂ ਜਵਾਈ ਕਿਵੇਂ ਬਣੇਗਾ ? ਵਜ਼ੀਰ ਨੇ ਕਿਹਾ ਕਿ ਨਿਰ-ਅਪਰਾਧ ਬਾਲਕ ਨੂੰ ਮਾਰਨ ਨਾਲ ਤੁਹਾਡਾ ਅਪਜਸ ਫੈਲ ਜਾਏਗਾ। ਬਾਦਸ਼ਾਹ ਨੂੰ ਚਾਹੀਦਾ ਹੈ ਕਿ ਜਿਸ ਨੂੰ ਮਾਰਨਾ ਹੋਵੇ, ਉਸਦਾ ਅਪਰਾਧ ਪਹਿਲਾਂ ਲੋਕਾਂ ਵਿੱਚ ਉਜਾਗਰ ਕਰੇ। ਆਪਾਂ ਇਸ ਨੂੰ ਕਾਨੂੰਨ ਦੇ ਸ਼ਿੰਕਜੇ ਨਾਲ ਪਕੜਦੇ ਹਾਂ। ਵਜ਼ੀਰ ਸਿਪਾਹੀਆਂ ਨੂੰ ਲੈ ਕੇ ਲੜਕੇ ਕੋਲ ਗਿਆ ਤੇ ਕਿਹਾ ਕਿ ਕਾਕਾ ਕਿਤਨੀ ਦੇਰ ਤੋਂ ਲਕੜਾਂ ਕੱਟ ਰਿਹਾ ਹੈਂ ? ਲੜਕੇ ਨੇ ਉੱਤਰ ਦਿੱਤਾ ਕਿ ਜੀ ਦੋ ਸਾਲ ਤੋਂ ਕੱਟ ਰਿਹਾ ਹਾਂ। ਉਸਨੇ ਕਿਹਾ ਕਿ ਇਹ ਸਰਕਾਰੀ ਜੰਗਲ ਸੀ, ਤੂੰ ਕਿਸਨੂੰ ਪੁੱਛ ਕੇ ਲੱਕੜਾਂ ਕੱਟੀਆਂ ਹਨ ? ਸਰਕਾਰੀ ਜੰਗਲ ਕੱਟਣ ਦੇ ਅਪਰਾਧ ਵਿੱਚ ਤੈਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਰ ੨੫ ਮੋਹਰਾਂ ਦੰਡ ਲਗਾਈਆਂ ਜਾਂਦੀਆਂ ਹਨ। ਸਵੇਰ ਹੁੰਦਿਆਂ ਹੀ ੨੫ ਮੋਹਰਾਂ ਨਹੀਂ ਦਏਂਗਾ ਤਾਂ ਤੈਨੂੰ ਕਤਲ ਕੀਤਾ ਜਾਏਗਾ। ਸਿਪਾਹੀਆਂ ਦੇ ਨਾਲ ਹੱਥਕੜੀ ਲਗਾ ਕੇ ਉਸ ਦੀ ਮਾਤਾ ਪਾਸ ਭੇਜਿਆ। ਅਤੇ ਰਾਜਾ ਜੋਤਸ਼ੀ ਦੇ ਨਾਲ ਆਪਣੇ ਮਹਿਲਾਂ ਵਿੱਚ ਆਇਆ। ਸਿਪਾਹੀਆਂ ਨੇ ਟੁੱਟੀ ਹੋਈ ਛੰਨ ਵੇਖ ਕੇ ਰਾਜਾ ਨੂੰ ਸੁਣਾਇਆ ਕਿ ਇਸ ਕੋਲ ੨੫ ਮੋਹਰਾਂ ਕਿਥੇ ? ੨੫ ਧੇਲੇ ਵੀ ਨਹੀਂ ਲਗਦੇ। ਪੁੱਤਰ ਦੇ ਛੁਡਾਉਣ ਲਈ ਮਾਂ ਘਰ ਘਰ ਘੁੰਮੀ ਪਰ ਕਿਸੇ ਨੇ ਕੋਈ ਸਹਾਰਾ ਨਾ ਦਿੱਤਾ। ਮਾਂ-ਪੁੱਤਰ ਦਾ ਅੰਨ ਜਲ ਛੁਟ ਗਿਆ। ਸੰਤਾਂ ਦੇ ਪਾਸ

ਗਈ, ਸੰਤਾਂ ਨੇ ਧੀਰਜ ਦਿੱਤਾ ਕਿ ਮਾਂ-ਪੁਤ ਉਸ ਪ੍ਰਮੇਸ਼ਰ ਦਾ ਚਿੰਤਨ ਕਰੋ, ਜੋ ਬਿਪਤਾ ਦੇ ਵਿੱਚ ਸਹਾਇਤਾ ਕਰਨ ਵਾਲਾ ਹੈ, ਜਿਵੇਂ ਪ੍ਰਹਿਲਾਦ, ਦ੍ਰੋਪਤਾ ਤੇ ਤੰਦੂਏ ਤੋਂ ਹਾਥੀ ਦੀ ਰੱਖਿਆ ਕੀਤੀ। ਇਸੇ ਤਰ੍ਹਾਂ ਤੁਹਾਡੀ ਵੀ ਕਰੇਗਾ। ਮਾਈ ਨੇ ਇਕਾਗਰ ਚਿੱਤ ਹੋ ਕੇ ਪ੍ਰਮੇਸ਼ਰ ਦਾ ਚਿੰਤਨ ਕੀਤਾ। ਕਦੇ-ਕਦੇ ਪੁੱਤਰ ਦਾ ਖ਼ਿਆਲ ਆ ਕੇ ਡੋਲ ਜਾਂਦੀ ਸੀ। ਅਕਾਸ਼ਬਾਣੀ ਹੋਈ ਕਿ ਸੰਤਾਂ ਦੇ ਬਚਨਾਂ 'ਤੇ ਭਰੋਸਾ ਰੱਖ। ਫਿਰ ਮਾਈ ਨੂੰ ਪੱਕਾ ਨਿਸ਼ਚਾ ਹੋ ਗਿਆ, ਪਰ ਉਸਦਾ ਪੁੱਤਰ ਮਨ ਕਰਕੇ ਡੋਲਦਾ ਸੀ। ਸਵੇਰ ਹੁੰਦਿਆਂ ਹੀ ਪੁਲਸ ਨੇ ਘਰ ਨੂੰ ਘੇਰਾ ਪਾਇਆ। ਪੁੱਤਰ ਨੇ ਘਘਿਆਕੇ ਕਿਹਾ ਕਿ ਮਾਤਾ ਛੁਡਾ। ਸਿਪਾਹੀਆਂ ਨੇ ਕਿਹਾ ਕਿ ੨੫ ਮੋਹਰਾਂ ਦਿਓ, ਨਹੀਂ ਤਾਂ ਤੇਰੇ ਪੁੱਤਰ ਨੂੰ ਕਤਲ ਕਰਨ ਦਾ ਹੁਕਮ ਬਾਦਸ਼ਾਹ ਵਲੋਂ ਹੋ ਗਿਆ ਹੈ। ਜਦੋਂ ਬੇਚੈਨ ਹੋ ਕੇ ਅੰਦਰ ਗਈ, ਹੇ ਭਗਵਾਨ! ਮੇਰੇ ਪੁੱਤਰ ਦੀ ਰਖਿਆ ਕਰ। ਯਾਦ ਕਰਨ ਦੀ ਦੇਰ ਸੀ ਕਿ ਭਗਵਾਨ ਦੇ ਦਰਸ਼ਨ ਹੋਏ, ਕੀਮਤੀ ਲਾਲਾਂ ਦੀ ਥੈਲੀ ਦਾ ਮੂੰਹ ਖੋਲ੍ਹ ਦਿੱਤਾ। ਮੋਹਰਾਂ ਦੀ ਥਾਂ 'ਤੇ ੨੫ ਕੀਮਤੀ ਲਾਲ ਦਿੱਤੇ, ਜਿਨ੍ਹਾਂ ਦੇ ਨਾਲ ਦਾ ਬਾਦਸ਼ਾਹ ਕੋਲ ਇੱਕ ਭੀ ਲਾਲ ਨਹੀਂ ਸੀ। ਜਿਸ ਤੋਂ ਬਾਦਸ਼ਾਹ ਨੇ ਪ੍ਰਭਾਵਿਤ ਹੋ ਕੇ ਆਪਣੀ ਲੜਕੀ ਦਾ ਵਿਆਹ ਇਸ ਨਾਲ ਕੀਤਾ ਤੇ ਦਾਜ ਵਿੱਚ ਰਾਜ ਗੱਦੀ ਦਿੱਤੀ। ਸੋ, ਇਉਂ ਪ੍ਰਮਾਤਮਾ ਨੂੰ ਸਿਮਰ ਕੇ ਮਨ ਦੀ ਇੱਛਾ ਪੂਰੀ ਹੋਈ।

***ਸਾਧਸੰਗਿ; ਨਾਨਕਿ ਰੰਗੁ ਮਾਣਿਆ ॥***
***ਘਰਿ ਆਇਆ; ਪੂਰੈ ਗੁਰਿ ਆਣਿਆ ॥੪॥੧੨॥੧੭॥***

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਸਾਧਸੰਗਿ=ਸਤਿਸੰਗਤ ਨਾਲ ਮਿਲ ਕੇ ਨਾਮ ਦਾ ਅਨੰਦ ਮਾਣਿਆ ਹੈ। ਜਦੋਂ ਪੂਰਿਆਂ ਗੁਰਾਂ ਨੇ ਲਿਆਂਦਾ ਤਾਂ ਹੀ ਸਰੂਪ ਰੂਪੀ ਘਰ ਵਿੱਚ ਆਇਆ॥੪॥੧੨॥੧੭॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੭੯ [ਆਦਿ ਅੰਗ ੮੦੭]

***ਬਿਲਾਵਲੁ ਮਹਲਾ ੫ ॥ ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ੍ ॥ਰਹਾਉ॥ ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥੧॥ ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥ ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥੨॥੧੨॥੩੦॥***

## ***ਬਿਲਾਵਲੁ ਮਹਲਾ ੫ ॥***

ਰਾਗ ਬਿਲਾਵਲ ਵਿੱਚ ਗੁਰੂ ਅਰਜਨ ਸਾਹਿਬ ਜੀ ਅੰਮ੍ਰਿਤਮਈ ਉਪਦੇਸ਼ ਬਖ਼ਸ਼ਿਸ਼ ਕਰ ਰਹੇ ਹਨ।

## ***ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥***

ਸਹਜ ਸਮਾਧਿ=ਨਿਰ-ਵਿਕਲਪ ਸਮਾਧੀ ਨੂੰ ਸਹਜ ਸਮਾਧਿ ਕਿਹਾ ਹੈ। ਨਿਰ-ਵਿਕਲਪ ਸਮਾਧੀ ਦਾ ਅਨੰਦ= ਰਸ ਜੋ ਸੂਖ=ਸੁਖਦਾਇਕ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਾਨੂੰ ਪੂਰਿਆਂ ਗੁਰਾਂ, ਗੁਰੂ ਰਾਮਦਾਸ ਜੀ ਨੇ ਦਿੱਤਾ ਹੈ।

ਗੁਰਬਾਣੀ ਵਿੱਚ ਸਹਜ ਸਮਾਧਿ ਪਦ ਬਹੁਤ ਵਾਰ ਆਉਂਦਾ ਹੈ। ਸਮਾਧੀ ਦੋ ਤਰ੍ਹਾਂ ਦੀ ਮੰਨੀ ਜਾਂਦੀ ਹੈ। ਇੱਕ ਸਮਾਧੀ ਉਹ ਹੈ, ਜਿਸ ਵਿੱਚ ਸੰਕਲਪ ਬਣਿਆ ਰਹਿੰਦਾ ਹੈ, ਉਸ ਨੂੰ ਸਾ-ਵਿਕਲਪ ਸਮਾਧੀ ਕਹਿੰਦੇ ਹਨ। ਦੂਸਰੀ ਹੈ ਨਿਰ-ਵਿਕਲਪ ਸਮਾਧੀ, ਇਸ ਨੂੰ ਹੀ ਦੂਸਰੇ ਅੱਖਰਾਂ ਵਿੱਚ ਸਹਜ ਸਮਾਧਿ ਕਿਹਾ ਜਾਂਦਾ ਹੈ। ਸੋ ਗੁਰੂ ਘਰ ਵਿੱਚ ਜੋ ਯੋਗੀਆਂ ਦੇ ਮੱਤ ਵਿੱਚ ਹਠ ਯੋਗ ਵਾਲੀ ਦਸਮ ਦੁਆਰ ਸੁਆਸ ਚੜ੍ਹਾ ਕੇ ਦਸਮ ਦੁਆਰ ਦੀ ਸਮਾਧੀ ਲਗਾਈ ਜਾਂਦੀ ਹੈ, ਉਸਦਾ ਖੰਡਨ ਕੀਤਾ ਹੈ ਅਤੇ ਉਸ ਦੇ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਪ੍ਰਭਾਵ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਸਿਰਫ਼ ਫ਼ਰਕ ਇਤਨਾ ਕੁ ਹੈ ਕਿ ਜਿਤਨਾ ਚਿਰ ਯੋਗੀ ਦਸਮ ਦੁਆਰ ਪ੍ਰਾਣ ਠਹਿਰਾ ਕੇ ਯੋਗਾਨੰਦ ਲੈਂਦਾ ਹੈ, ਪ੍ਰਾਣ ਕਿਰਿਆ ਸ਼ੁਰੂ ਨਹੀਂ ਹੁੰਦੀ, ਉਤਨੀ ਦੇਰ ਤਾਂ ਇਨ੍ਹਾਂ ਪੰਜਾਂ ਤੋਂ ਰਾਹਤ ਮਿਲੀ ਰਹਿੰਦੀ ਹੈ, ਪਰ ਜਦੋਂ ਮੁੜ ਕੇ ਫੇਰ ਸੁਆਸ ਕਿਰਿਆ ਚਲਦੀ ਹੈ, ਪ੍ਰਾਣ ਦਸਮ ਦੁਆਰ ਤੋਂ ਯੋਗੀ ਹੇਠਾਂ ਉਤਾਰ ਲੈਂਦੇ ਹਨ ਤਾਂ ਵਿਸ਼ੇ ਵਿਕਾਰ ਉਸੇ ਤਰ੍ਹਾਂ ਤੰਗ ਕਰਦੇ ਰਹਿੰਦੇ ਹਨ। ਇਸ ਲਈ ਇਸਦਾ ਖੰਡਨ ਕਰਦਿਆਂ ਗੁਰੂ ਅਰਜਨ ਸਾਹਿਬ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥**
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥** [ਸੋਰਠਿ ਮਹਲਾ ੫, ਅੰਗ ੬੪੧]

ਸੋ, ਇਹ ਤਜਰਬਾ ਦਸਮ ਦੁਆਰ ਤੇ ਸਹਜ ਸਮਾਧੀ ਦਾ ਪ੍ਰਤੱਖ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸੰਤੋਖੇ ਰਿਸ਼ੀ ਤੋਂ ਸਿੱਖਾਂ ਨੇ ਪ੍ਰਤੱਖ ਵੇਖਿਆ ਸੀ, ਜੋ ਤ੍ਰੇਤੇ ਯੁੱਗ ਦਾ ਬੈਠਾ ਰਿਸ਼ੀ ਮਿੱਟੀ ਹੇਠ ਦੀ ਉਸਨੇ ਆਪਣੀ ਸਾਰੀ ਹਾਲਤ ਦੱਸੀ ਸੀ ਕਿ ਮੈਨੂੰ ਵਿਸ਼ੇ ਵਾਸ਼ਨਾ ਉਸ ਵੇਲੇ ਤੰਗ ਕਰਦੀ ਸੀ, ਜਦੋਂ ਮੈਂ ਦਸਮ ਦੁਆਰ ਤੋਂ ਸਮਾਧੀ ਖੋਲ੍ਹ ਲੈਂਦਾ ਸੀ ਤਾਂ ਸਿੱਖਾਂ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਜੇ ਧਰਤੀ ਦੀ ਤਹਿ ਵਿੱਚ ਰਹਿਣ ਵਾਲੇ, ਐਡੀ ਵੱਡੀ ਉਮਰ ਵਾਲੇ ਯੋਗੀ ਦਾ ਇਹ ਹਾਲ ਹੈ, ਜੋ ਸੰਸਾਰ ਦੇ ਪਦਾਰਥਾਂ ਤੋਂ ਭੀ ਦੂਰ ਸੀ, ਸਾਡਾ ਕੀ ਬਣੇਗਾ ? ਜੋ ਇੰਨੇ ਪਦਾਰਥਾਂ ਦੇ ਵਿੱਚ ਧਰਤੀ ਦੇ ਉੱਤੇ ਵਸਣ ਵਾਲੇ ਹਾਂ। ਯੋਗੀ ਤਾਂ ਪਦਾਰਥ ਦੇਖਣ ਅਤੇ ਸੁਣਨ ਤੋਂ ਰਹਿਤ ਸੀ, ਸਾਡਾ ਕਿਵੇਂ ਛੁਟਕਾਰਾ ਹੋਵੇਗਾ ? ਤਾਂ ਸਤਿਗੁਰੂ ਜੀ ਨੇ ਦੋ ਤਰੀਕੇ ਦੱਸੇ ਹਨ ਕਿ ਜਿੰਨੀ

ਦੇਰ ਤਕ ਸਹਜ ਸਮਾਧਿ ਦਾ ਅਨੰਦ ਨਹੀਂ ਆਉਂਦਾ, ਉਤਨੀ ਦੇਰ ਤੱਕ ਇਕੱਲੇ ਕਦੇ ਨਾ ਰਹਿਣਾ। ਕਮਾਈ ਵਾਲੇ, ਨਾਮ ਅਭਿਆਸੀ, ਬਾਣੀ ਪੜ੍ਹਨ ਵਾਲੇ ਗੁਰਸਿੱਖਾਂ ਦੀ ਸੰਗਤ ਵਿੱਚ ਹਮੇਸ਼ਾ ਰਹਿਣਾ। ਤੁਹਾਡੇ ਬਚਾਅ ਵਾਸਤੇ ਸੰਗਤ ਕਿਲ੍ਹੇ ਦੀ ਨਿਆਈਂ ਅੰਤਰੀਵ ਦੁਸ਼ਮਣਾਂ ਤੋਂ ਰੱਖਿਆ ਕਰੇਗੀ। ਸਤਿਸੰਗਤ ਦੇ ਕਿਲ੍ਹੇ ਵਿੱਚ ਰਹਿੰਦਿਆਂ-ਰਹਿੰਦਿਆਂ ਨਾਮ ਅਭਿਆਸ ਕਰਦਿਆਂ-ਕਰਦਿਆਂ ਜਦੋਂ ਨਾਮ 'ਚੋਂ ਰਸ ਆਉਣ ਲੱਗ ਜਾਏਗਾ ਤਾਂ ਸੰਸਾਰ ਦੇ ਤਮਾਮ ਫ਼ੁਰਨੇ ਮਿਟ ਕੇ, ਜਦੋਂ ਸਹਜ ਸਮਾਧੀ ਲੱਗ ਗਈ, ਫੇਰ ਤੁਹਾਨੂੰ ਵਿਸ਼ੇ ਵਿਕਾਰਾਂ ਦੇ ਤੰਗ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਸਹਜ ਸਮਾਧਿ ਦਾ ਸੁਖ ਕੋਈ ਆਪਣੇ ਆਪ ਨਹੀਂ ਲੈ ਸਕਦਾ, ਬਲਕਿ ਇਹ ਸੁਖ ਤਾਂ ਸਮਰੱਥ ਗੁਰੂ ਦੀ ਦਾਤ ਹੈ।

**ਦੂਜਾ ਅਰਥ—**

***ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥***

ਹਰ ਵੇਲੇ ਬ੍ਰਹਮ ਵਿੱਚ ਇਸਥਿਤ ਰਹਿਣਾ ਸਰਬ ਕਿਰਿਆ ਦੇ ਅਭਿਮਾਨ ਤੋਂ ਰਹਿਤ ਪਦ ਦੇ ਅਨੰਦ ਦਾ ਸੁਖ ਪੂਰੇ ਸਤਿਗੁਰਾਂ ਨੇ ਦੇਣਾ ਕੀਤਾ ਹੈ। ਜੈਸਾ ਕਿ :

**ਪੂਰਨ ਤ੍ਰਿਪਤਿ ਅਘਾਏ ॥ ਸਹਜ ਸਮਾਧਿ ਸੁਭਾਏ ॥**
**ਹਰਿ ਭੰਡਾਰੁ ਹਾਥਿ ਆਇਆ ॥ ਨਾਨਕ ਗੁਰ ਤੇ ਪਾਇਆ ॥** [ਮਾਰੂ ਮਹਲਾ ੫, ਅੰਗ ੧੦੦੬]

ਸੋ, ਇਹ ਸਭ ਕੁਝ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਸੋ ਇਹ ਰੱਬੀ ਭੰਡਾਰਾ ਪ੍ਰਾਪਤ ਹੋਣ 'ਤੇ ਜਿਸ ਵਿੱਚ ਅਨੰਦ ਹੀ ਅਨੰਦ ਹੈ। ਸੋ, ਇਸ ਰਸ ਨੂੰ ਉਹੀ ਜਾਣ ਸਕਦਾ ਹੈ, ਜਿਸਦੀ ਵਾਹਿਗੁਰੂ ਦੇ ਨਾਮ ਨਾਲ ਲਿਵ, ਬਿਰਤੀ ਜੁੜ ਚੁੱਕੀ ਹੈ। ਜੈਸਾ ਕਿ :

**ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥** [ਮਾਝ ਮਹਲਾ ੫, ਅੰਗ ੧੦੬]

ਵਡਿਆਂ ਭਾਗਾਂ ਨਾਲ ਜਿਨ੍ਹਾਂ ਦੀ ਲਿਵ ਪ੍ਰਮਾਤਮਾ ਦੇ ਨਾਮ ਨਾਲ ਲੱਗੀ ਹੈ, ਉਹ ਸਾਰੀਆਂ ਉਪਾਧੀਆਂ ਤੋਂ ਰਹਿਤ ਹੋਏ ਹਨ। ਜੈਸਾ ਕਿ :

**ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥**
**ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥** [ਮਾਰੂ ਰਵਿਦਾਸ ਜੀ, ਅੰਗ ੧੧੦੬]

ਗੁਰੂ ਦੀ ਕਿਰਪਾ ਨਾਲ ਜਦੋਂ ਪ੍ਰਮੇਸ਼ਰ ਵਾਹਿਗੁਰੂ ਦੇ ਗੁਣ ਗਾਏ ਤਾਂ ਸਹਜ ਸਮਾਧੀ ਦਾ ਅਨੰਦ ਪ੍ਰਾਪਤ ਹੋ ਜਾਂਦਾ ਹੈ। ਜੈਸਾ ਕਿ :

**ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ ॥੪॥੬॥** [ਕਾਨੜਾ ਮਹਲਾ ੫, ਅੰਗ ੧੨੯੯]

ਉਹ ਜਗਿਆਸੂ ਫਿਰ ਇਉਂ ਮਹਿਸੂਸ ਕਰਦੇ ਹਨ। ਜੈਸਾ ਕਿ :

**ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥**
**ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥** [ਸਾਰਗ ਮਹਲਾ ੧, ਅੰਗ ੧੨੩੨]

## ***ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ੍ ॥ਰਹਾਉ॥***

ਜੋ ਸਦਾ=ਹਮੇਸ਼ਾ ਸੰਗਿ=ਸਾਥੀ ਸਹਾਈ=ਸਹਾਇਤਾ ਕਰਨ ਵਾਲਾ ਜਾਂ ਸੰਗਿ=ਨਾਲ, ਨਿਕਟ ਪ੍ਰਭੂ=ਵਾਹਿਗੁਰੂ ਹੈ ਉਸ ਦੇ ਅੰਮ੍ਰਿਤ ਗੁਣ=ਮੁਕਤੀ ਰੂਪ ਗੁਣਾਂ ਨੂੰ ਚੀਨ੍=ਜਾਣਿਆ ਹੈ। ਵਾਹਿਗੁਰੂ ਆਪ ਅੰਮ੍ਰਿਤ ਸਰੂਪ ਹੈ, ਉਸਦੇ ਗੁਣ ਭੀ ਅੰਮ੍ਰਿਤ ਸਰੂਪ ਹਨ। ਜੀਵ ਨੂੰ ਮੁਕਤੀ ਪ੍ਰਾਪਤ ਹੋਣੀ, ਇਹ ਉਸਦਾ ਅੰਮ੍ਰਿਤ ਗੁਣ ਹੈ। ਭਾਵ ਜੀਵ ਨੂੰ ਜੰਮਣ-ਮਰਨ ਤੋਂ ਰਹਿਤ ਕਰ ਦੇਣਾ ਇਹੀ ਅੰਮ੍ਰਿਤ ਗੁਣ ਵਾਹਿਗੁਰੂ ਦੇ ਵਿੱਚ ਹੈ। ਜੈਸਾ ਕਿ :

**੧. ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥** [ਆਸਾ ਮਹਲਾ ੫, ਅੰਗ ੩੯੭]

**੨. ਸੰਗਿ ਤੇਰੈ ਹਰਿ ਬਸਤ ਨੀਤਿ ॥ ਨਿਸ ਬਾਸੁਰ ਭਜੁ ਤਾਹਿ ਮੀਤਿ ॥੨॥**
[ਬਸੰਤ ਮਹਲਾ ੯, ਅੰਗ ੧੧੮੭]

**੩. ਸੋ ਸਾਹਿਬੁ ਰਹਿਆ ਭਰਪੂਰਿ ॥ ਸਦਾ ਸੰਗਿ ਨਾਹੀ ਹਰਿ ਦੂਰਿ ॥੨॥**
[ਗਉੜੀ ਕਬੀਰ ਜੀ, ਅੰਗ ੩੩੦]

## *ਜੈ ਜੈ ਕਾਰੁ ਜਗਤ੍ਰ ਮਹਿ; ਲੋਚਹਿ ਸਭਿ ਜੀਆ ॥*

ਸਾਰੇ ਜਗਤ੍ਰ=ਸੰਸਾਰ ਵਿੱਚ ਵਾਹਿਗੁਰੂ ਦੇ ਗੁਣ ਗਾਉਣ ਕਰਕੇ ਨਾਮ ਚਿੰਤਨ ਕਰਕੇ ਜੈ ਜੈ ਕਾਰ ਹੋ ਰਹੀ ਹੈ। ਅਤੇ ਸਭਿ=ਸਾਰੇ ਜੀਆ=ਜੀਵ ਲੋਚਹਿ=ਲੋਚਦੇ ਹਨ, ਭਾਵ ਦਰਸ਼ਨ ਕਰਨਾ ਚਾਹੁੰਦੇ ਹਨ। ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਹੇ ਵਾਹਿਗੁਰੂ ਪ੍ਰਮੇਸ਼ਰ! ਤੇਰੀ ਕੈਸੀ ਵਡਿਆਈ ਹੈ, ਮੈਨੂੰ ਕੋਈ ਨਹੀਂ ਸੀ ਜਾਣਦਾ, ਅੱਜ ਸਾਰਾ ਜਗਤ ਜੈ ਜੈ ਕਾਰੁ=ਧੰਨ ਧੰਨ ਕਰ ਰਿਹਾ ਹੈ। ਸਾਰੇ ਜੀਵ ਹੁਣ ਗੁਰੂ ਸਰੂਪ ਜਾਣ ਕੇ, ਗੁਰੂ ਨਾਨਕ ਦੀ ਗੱਦੀ ਦਾ ਵਾਰਸ ਜਾਣ ਕੇ ਦਰਸ਼ਨ ਕਰਨਾ ਲੋਚਹਿ=ਲੋਚਦੇ ਹਨ। ਜੈ ਸ਼ਬਦ ਦਾ ਅਰਥ ਜਿੱਤ ਹੋਇਆ ਕਰਦਾ ਹੈ। ਜ਼ਿਆਦਾ ਤਰ ਇਹੀ ਅਰਥ ਲਿਆ ਜਾਂਦਾ ਹੈ, ਪਰ ਇਸਦਾ ਅਰਥ ਗੁਰੂ ਘਰ ਦੇ ਵਿਦਵਾਨਾਂ ਨੇ ਨਮਸ਼ਕਾਰ ਭੀ ਕੀਤਾ ਹੈ, ਅਤੇ ਢੁਕਵਾਂ ਹੈ। ਜੈਸਾ ਕਿ :

**੧. ਜੈ ਜੈ ਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ ॥**
[ਮਲਾਰ ਮਹਲਾ ੫, ਅੰਗ ੧੨੭੦]

**੨. ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥** [ਧਨਾਸਰੀ ਮਹਲਾ ੫, ਅੰਗ ੬੭੮]

## *ਸੁਪ੍ਰਸੰਨ ਭਏ ਸਤਿਗੁਰ ਪ੍ਰਭੂ; ਕਛੁ ਬਿਘਨੁ ਨ ਥੀਆ ॥੧॥*

ਪ੍ਰਭੂ=ਪ੍ਰਮੇਸ਼ਰ ਵਾਹਿਗੁਰੂ ਦੇ ਸਰਗੁਣ ਸਰੂਪ ਸਤਿਗੁਰਾਂ ਦੇ ਪ੍ਰਸੰਨ ਹੋਣ ਕਰਕੇ ਜਾਂ ਸਤਿਗੁਰੂ ਤੇ ਪ੍ਰਭੂ ਦੇ ਪ੍ਰਸੰਨ ਹੋਣ ਕਰਕੇ ਸਾਨੂੰ ਹੁਣ ਕੁਝ ਬਿਘਨ ਨਹੀਂ ਥੀਆ=ਹੋਵੇਗਾ। ਬਿਘਨ ਤੋਂ ਭਾਵ ਰੁਕਾਵਟ, ਜਿਸ ਕਾਰਜ ਵਿੱਚ ਰੁਕਾਵਟ ਹੋਵੇ, ਉਸ ਨੂੰ ਕਾਰਜ ਦਾ ਬਿਘਨ ਮੰਨਿਆ ਜਾਂਦਾ ਹੈ। ਸੋ ਬਿਘਨਾਂ ਨੂੰ ਨਾਸ਼ ਕਰਨ ਵਾਲੀ ਸ਼ਕਤੀ ਪ੍ਰਮੇਸ਼ਰ ਦਾ ਨਾਮ ਹੈ, ਪ੍ਰਮੇਸ਼ਰ ਆਪ ਹੈ ਪ੍ਰਮੇਸ਼ਰ ਦਾ ਸਰੂਪ ਸਤਿਗੁਰੂ ਜੀ ਹਨ। ਸੋ ਇੱਕ ਜਗ੍ਹਾ ਸਤਿਗੁਰੂ ਜੀ ਬਾਣੀ ਵਿੱਚ ਐਸਾ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**੧. ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥**
[ਸੋਰਠਿ ਮਹਲਾ ੫, ਅੰਗ ੬੨੨]

**੨. ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ ॥** [ਸੋਰਠਿ ਮਹਲਾ ੫, ਅੰਗ ੬੧੬]

ਜਿਸਦੀ ਗੁਰੂ ਦੇ ਪਾਸ ਅਰਦਾਸ ਹੈ, ਉਸਨੂੰ ਕੋਈ ਭੀ ਬਿਘਨ ਕਿਸੇ ਵੀ ਕਾਰਜ ਵਿੱਚ ਨਹੀਂ ਵਿਆਪਦਾ। ਜੈਸਾ ਕਿ :

**ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥**
**ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥** [ਬਿਲਾਵਲੁ ਮਹਲਾ ੫, ਅੰਗ ੮੧੬]

## *ਜਾ ਕਾ ਅੰਗੁ ਦਇਆਲ ਪ੍ਰਭ; ਤਾ ਕੇ ਸਭ ਦਾਸ ॥*

ਉਹ ਦਇਆਲ=ਦਇਆ ਦਾ ਆਲਾ ਭਾਵ ਘਰ, ਪ੍ਰਮੇਸ਼ਰ ਵਾਹਿਗੁਰੂ ਜਿਸਦਾ ਅੰਗੁ=ਪੱਖ ਕਰਦਾ ਹੈ ਤਾ

ਕੇ=ਉਸਦੇ ਸਭ=ਸਾਰੇ ਜੀਵ ਦਾਸ=ਸੇਵਕ ਹੋ ਜਾਂਦੇ ਹਨ, ਭਾਵ ਸਭ ਉਸਦੇ ਸੇਵਾ ਕਰਨ ਵਾਲੇ ਚਾਕਰ ਹੋ ਜਾਂਦੇ ਹਨ। ਸੰਸਾਰੀ ਜੀਵਾਂ ਦੀ ਤਾਂ ਕੀ ਗੱਲ ਹੈ, ਉਨ੍ਹਾਂ ਦੀ ਸੇਵਾ ਵਿੱਚ ਤਾਂ ਜਲ, ਜੰਤੂ, ਪਸ਼ੂ, ਪੰਛੀ ਭੀ ਦਾਸ ਹੋ ਜਾਂਦੇ ਹਨ।

**ਸਾਖੀ—ਅਧਮ ਬਾਦਸ਼ਾਹ ਦੀ—**ਇਕ ਅਧਮ ਨਾਮ ਦਾ ਬਾਦਸ਼ਾਹ ਹੋਇਆ ਹੈ, ਉਹ ਆਪਣੀ ਸੌਣ ਵਾਲੀ ਸੇਜਾ ਉੱਤੇ ਹਰ ਰੋਜ਼ ਗਰਮੀ ਦੀ ਮੌਸਮ ਵਿੱਚ ਗੁਲਾਬ, ਚਮੇਲੀ ਆਦਿਕ ਫੁਲਾਂ ਨੂੰ ਵਿਛਾ ਕੇ ਸੌਂਦਾ ਹੁੰਦਾ ਸੀ। ਇੱਕ ਦਿਨ ਸੇਜਾ ਉੱਤੇ ਫੁੱਲ ਵਿਛਾਉਣ ਵਾਲੀ ਦਾਸੀ ਨੇ ਮਨ ਵਿੱਚ ਵਿਚਾਰਿਆ ਕਿ ਰਾਜਾ ਹਮੇਸ਼ਾ ਹੀ ਇਸ ਸੇਜਾ ਦਾ ਸੁਖ ਲੈਂਦਾ ਹੈ, ਇਸ ਉੱਤੇ ਪੈ ਕੇ ਸਰੀਰ ਨੂੰ ਕਿਤਨਾ ਸੁਖ ਆਰਾਮ ਹੋਵੇਗਾ। ਇਸ ਭਾਵਨਾ ਨੇ ਉਸ ਦੇ ਮਨ ਵਿੱਚ ਸੇਜਾ 'ਤੇ ਸੁਖ ਲੈਣ ਦੀ ਭਾਵਨਾ ਜਾਗ੍ਰਿਤ ਕਰ ਦਿੱਤੀ। ਦਾਸੀ ਕੁਝ ਸਮੇਂ ਵਾਸਤੇ ਸੇਜਾ 'ਤੇ ਪੈ ਗਈ। ਕੰਮ-ਕਾਰ ਤੋਂ ਥੱਕੀ ਦੂਜਾ ਆਰਾਮਦਾਇਕ ਸੇਜਾ ਪੈਂਦਿਆਂ ਹੀ ਥੋੜ੍ਹੇ ਸਮੇਂ ਵਿੱਚ ਹੀ ਉਸਨੂੰ ਨੀਂਦ ਆ ਗਈ। ਦਾਸੀ ਤਾਂ ਇਹ ਸੋਚ ਕੇ ਪਈ ਸੀ ਕਿ ਕਿਹੜਾ ਕੋਈ ਦੇਖਦਾ ਹੈ, ਪਰ ਅਚਾਨਕ ਰਾਜਾ ਜੀ ਆ ਗਏ। ਆਪਣੀ ਦਾਸੀ ਨੂੰ ਸੇਜਾ ਉੱਤੇ ਪਈ ਦੇਖ ਕੇ ਕ੍ਰੋਧ ਵੱਸ ਹੋ ਗਏ, ਕ੍ਰੋਧ ਵੱਸ ਹੋ ਕੇ ਹੱਥ ਵਿੱਚ ਬੈਂਤ ਪਕੜੀ, ਦਾਸੀ ਨੂੰ ਬੈਂਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਬੈਂਤਾਂ ਦੀ ਪੀੜਾ ਨਾਲ ਦਾਸੀ ਕੁਰਲਾ ਉੱਠੀ, ਅੱਖਾਂ ਵਿੱਚ ਅੱਥਰੂ ਭਰ ਕੇ ਰੋਂਦੀ-ਰੋਂਦੀ ਖਿੜ-ਖਿੜ ਕਰਕੇ ਕਮਲਿਆਂ ਵਾਂਗੂੰ ਹੱਸ ਪਈ। ਇਹ ਕੌਤਕ ਦੇਖ ਕੇ ਰਾਜੇ ਨੇ ਦਾਸੀ ਨੂੰ ਪੁੱਛਿਆ ਕਿ ਤੇਰਾ ਰੋਣ ਤਾਂ ਨਿਰਸੰਦੇਹ ਸੱਚ ਹੈ, ਕਿਉਂਕਿ ਮੈਂ ਤੈਨੂੰ ਕੁਟਿਆ ਤੇ ਤੂੰ ਰੋਈ, ਪਰ ਰੋਣ ਦੇ ਵਿੱਚ ਹਾਸਾ ਤਾਂ ਇਸ ਤਰ੍ਹਾਂ ਨਹੀਂ ਆਇਆ ਕਰਦਾ, ਜਿਵੇਂ ਤੂੰ ਹੱਸੀ ਹੈ, ਇਸਦਾ ਕਾਰਣ ਕੀ ਹੈ ? ਰਾਜੇ ਦੀ ਗੱਲ ਸੁਣ ਕੇ ਦਾਸੀ ਚੁੱਪ ਹੋ ਗਈ, ਉਸਦੀ ਗੱਲ ਦਾ ਉੱਤਰ ਨਾ ਦਿੱਤਾ। ਰਾਜੇ ਨੇ ਆਪਣਾ ਰੁਖ ਬਦਲ ਲਿਆ। ਇਸ ਗੱਲ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਦਾਸੀ ਨੂੰ ਪ੍ਰੇਮ ਨਾਲ ਪੁੱਛਿਆ ਤਾਂ ਦਾਸੀ ਨੇ ਕਿਹਾ ਕਿ ਰਾਜਨ ਸੱਚ ਦੀ ਤਾਸੀਰ ਬੜੀ ਕੌੜੀ ਹੋਇਆ ਕਰਦੀ ਹੈ। ਪਹਿਲਾਂ ਵਚਨ ਦੇ ਕੇ ਮੇਰੇ ਹੱਸਣ ਦਾ ਕਾਰਣ ਜੋ ਇੱਕ ਸੱਚਾਈ ਹੈ, ਸੁਣ ਕੇ ਮੈਨੂੰ ਹੋਰ ਤਾਂ ਸਜ਼ਾ ਨਹੀਂ ਦੇਵੇਂਗਾ ? ਰਾਜੇ ਨੇ ਕਿਹਾ ਕਿ ਹਾਂ, ਮੈਂ ਵਚਨ ਦਿੰਦਾ ਹਾਂ, ਤੂੰ ਹੱਸਣ ਦਾ ਕਾਰਨ ਦੱਸ। ਕਹਿਣ ਲੱਗੀ ਕਿ ਹੇ ਰਾਜਨ ! ਮੈਂ ਇਸ ਸੇਜਾ ਉਪਰ ਇੱਕ, ਦੋ ਘੜੀਆਂ ਜਾਂ ਅੱਧੀ ਘੜੀ ਸੁੱਤੀ ਹਾਂ, ਇਸ ਦਾ ਫਲ ਮੈਨੂੰ ਇਹ ਹੋਇਆ ਕਿ ਇੱਕ ਘੜੀ ਦੇ ਸੁਖ ਆਰਾਮ ਨੇ ਇਤਨੀਆਂ ਬੈਂਤਾਂ ਮਰਾ ਦਿੱਤੀਆਂ ਹਨ। ਬਾਦਸ਼ਾਹ ਮੈਂ ਤੁਹਾਡੇ ਵੱਲ ਵੇਖ ਕੇ ਹੱਸੀ ਹਾਂ ਕਿ ਤੁਸੀਂ ਹਰ ਰੋਜ਼ ਇਸ ਸੇਜਾ 'ਤੇ ਸੌਂਦੇ ਹੋ, ਤੁਹਾਡਾ ਕੀ ਹਾਲ ਹੋਵੇਗਾ ? ਇਹ ਗੱਲ ਸੁਣਦਿਆਂ ਹੀ ਬਾਦਸ਼ਾਹ ਦਾ ਪਿਛਲਾ ਪੂਰਬਲਾ ਕੋਈ ਐਸਾ ਭਾਗ ਜਾਗਿਆ ਕਿ ਇਹ ਬੋਲੀ ਹਿਰਦੇ ਨੂੰ ਬੇਧ ਗਈ ਤੇ ਬੈਰਾਗ ਦੀ ਹਨੇਰੀ ਉਠ ਖੜੀ। ਜੋ ਰਾਜ ਭਾਗ ਦੇ ਲਾਲਚ ਨੂੰ ਉਡਾ ਕੇ ਲੈ ਗਈ ਤੇ ਤੁਰੰਤ ਆਪਣਾ ਰਾਜ ਹੱਕ-ਹਕੂਕ ਸਭ ਕੁਝ ਪੁੱਤਰ ਨੂੰ ਸੌਂਪ ਕੇ ਜੰਗਲ ਨੂੰ ਤੁਰਿਆ। ਤੁਰਨ ਤੋਂ ਪਹਿਲਾਂ ਸੋਚਿਆ, ਚਲੋ ਸੇਜਾ ਤਾਂ ਨਹੀਂ ਸਿਰਹਾਣੇ ਤੋਂ ਬਿਨਾਂ ਨੀਂਦ ਨਹੀਂ ਆਵੇਗੀ। ਇੱਕ ਸਿਰਹਾਣਾ ਕੱਛ ਵਿੱਚ ਦੇ ਲਿਆ, ਇੱਕ ਦਾਤਨ, ਇੱਕ ਲੋਟਾ, ਇਹ ਤਿੰਨੇ ਚੀਜ਼ਾਂ ਲੈ ਕੇ ਘਰ ਤੋਂ ਤੁਰ ਪਿਆ। ਅਜੇ ਥੋੜ੍ਹੀ ਦੂਰ ਹੀ ਗਿਆ ਸੀ ਕਿ ਇੱਕ ਜ਼ਿਮੀਦਾਰ ਕੰਮ-ਕਾਰ ਤੋਂ ਥੱਕ ਕੇ ਸਿਰ ਹੇਠ ਬਾਂਹ ਰੱਖ ਕੇ ਸੁੱਤਾ ਦੇਖਿਆ ਤੇ ਕਿਹਾ ਕਿ ਮਨਾਂ ਕਿਸ ਤਰ੍ਹਾਂ ਦਾ ਤਿਆਗ ਹੈ ਕਿ ਸਿਰਹਾਣਾ ਚੁੱਕੀ ਫਿਰਦਾ ਹੈਂ। ਜੇ ਇਸ ਜ਼ਿਮੀਦਾਰ ਨੂੰ ਸਿਰਹਾਣੇ ਤੋਂ ਬਿਨਾਂ ਨੀਂਦ ਆ ਸਕਦੀ ਹੈ ਤਾਂ ਮੈਨੂੰ ਵੀ ਆਵੇਗੀ। ਉਹ ਸਿਰਹਾਣਾ ਕਿਸੇ ਲੋੜਵੰਦ ਨੂੰ ਦੇ ਦਿੱਤਾ। ਰਸਤੇ ਵਿੱਚ ਰਾਤ ਗੁਜ਼ਾਰੀ। ਇੱਕ ਫ਼ਕੀਰ ਸਵੇਰ ਵੇਲੇ ਹੱਥ ਮੂੰਹ ਧੋਂਦਾ ਦੇਖਿਆ, ਜਿਸ ਪਾਸ ਦਾਤਣ ਵੀ ਕੋਈ ਨਹੀਂ, ਉਹ ਆਪਣੀ ਹੀ ਉਂਗਲ ਦੇ ਨਾਲ ਦੰਦਾਂ ਦੀ ਮੈਲ ਨੂੰ ਸਾਫ਼ ਕਰ ਰਿਹਾ ਸੀ। ਉਸੇ ਵੇਲੇ ਦਾਤਣ ਦਾ ਭੀ ਤਿਆਗ ਕਰ ਦਿੱਤਾ ਕਿ ਇਸਦੇ ਬਿਨਾਂ ਭੀ ਸਰ ਸਕਦਾ ਹੈ। ਹੁਣ ਰਾਜੇ ਕੋਲ ਨਾਲ ਲਿਆਂਦੀਆਂ ਵਸਤੂਆਂ ਵਿੱਚੋਂ ਕੇਵਲ ਲੋਟਾ ਰਹਿ ਗਿਆ। ਦੋ ਵਸਤੂਆਂ ਤਿਆਗ ਦਿੱਤੀਆਂ ਤੇ ਸੋਚਿਆ ਕਿ ਇਸਦੇ ਬਿਨਾਂ ਤਾਂ ਸਰ ਨਹੀਂ ਸਕਦਾ। ਪਿਆਸ ਲੱਗੀ ਪਾਣੀ ਪੀਣ ਦੀ ਇੱਛਾ ਨਾਲ ਜਦੋਂ ਖੂਹ 'ਤੇ ਪਹੁੰਚਿਆ ਤਾਂ ਇੱਕ ਫ਼ਕੀਰ ਇਸ ਤੋਂ ਵੀ ਪਹਿਲਾਂ ਪਾਣੀ ਪੀਣ ਲਈ ਪਹੁੰਚਿਆ ਹੋਇਆ ਸੀ। ਪਰ ਜਿਸਦੇ ਕੋਲ ਕੋਈ ਵੀ

ਪਾਤਰ ਨਹੀਂ ਸੀ, ਉਹ ਬੁਕ ਭਰ ਭਰ ਕੇ ਪਾਣੀ ਹੱਥਾਂ ਨਾਲ ਪੀ ਰਿਹਾ ਸੀ। ਇਸ ਨੂੰ ਦੇਖ ਕੇ ਉਹਨੇ ਲੋਟੇ ਦਾ ਭੀ ਤਿਆਗ ਕਰ ਦਿੱਤਾ ਤੇ ਵਾਧੂ ਸਮਝ ਕੇ ਇਹ ਭੀ ਲੋੜਵੰਦ ਨੂੰ ਦੇ ਦਿੱਤਾ। ਤੇ ਹੁਣ ਪੂਰਨ ਵਿਰਕਤ ਹੋ ਕੇ ਨਦੀ ਦੇ ਕੰਢੇ ਜਾ ਬੈਠਾ। ਪਦਾਰਥਾਂ ਦੀ ਤਾਂ ਇੱਛਾ ਕੋਈ ਨਾ ਰਹੀ, ਸੰਬੰਧੀਆਂ ਦਾ ਮੋਹ ਨਾ ਰਿਹਾ। ਹੁਣ ਇਕੋ ਕੰਮ ਰਹਿ ਗਿਆ ਕਿ ਮੇਰਾ ਇੱਕ ਵੀ ਸੁਆਸ ਵਿਅਰਥ ਨਾ ਜਾਏ ਤੇ ਫਿਰ ਹੌਲੀ-ਹੌਲੀ ਮਨ ਪ੍ਰਮੇਸ਼ਰ ਦੇ ਨਾਮ ਰਸ ਵਿੱਚ ਐਸਾ ਭਿੱਜਾ ਕਿ ਕਈ-ਕਈ ਦਿਨ ਦੀ ਸਮਾਧੀ ਲੱਗਣ ਲੱਗੀ। ਸੋ ਕਿਸੇ ਸਮੇਂ ਅਧਮ ਬਾਦਸ਼ਾਹ ਨੂੰ ਫ਼ਕੀਰੀ ਦੇ ਲਿਬਾਸ ਵਿੱਚ ਕਿਸੇ ਨੇ ਦੇਖ ਕੇ ਉਸਦੇ ਪੁੱਤਰ ਨੂੰ ਰਾਜ ਭਵਨਾ ਵਿੱਚ ਜਾ ਕੇ ਕਿਹਾ ਕਿ ਤੂੰ ਚੰਗਾ ਪੁੱਤਰ ਹੈਂ ? ਆਪ ਤਾਂ ਰਾਜ-ਭਾਗ ਦਾ ਅਨੰਦ ਲੈ ਰਿਹਾ ਹੈਂ ਤੇ ਪਿਤਾ ਜੰਗਲਾਂ ਵਿੱਚ ਨਾ ਵਸਤਰ, ਨਾ ਮਕਾਨ ਇਸ ਹਾਲਤ ਵਿੱਚ ਹੈ। ਇਹ ਸੁਣ ਕੇ ਬਾਦਸ਼ਾਹ ਦੇ ਪੁੱਤਰ ਨੂੰ ਬੜੀ ਸ਼ਰਮ ਆਈ ਤੇ ਪਿਤਾ ਨੂੰ ਲੈਣ ਵਾਸਤੇ ਤੁਰ ਪਿਆ। ਕਈ ਲੇਖਕਾਂ ਨੇ ਇਹ ਭੀ ਲਿਖਿਆ ਕਿ ਇਸਨੂੰ ਆਪ ਹੀ ਖ਼ਿਆਲ ਆਇਆ ਕਿ ਮੈਂ ਆਪ ਤਾਂ ਰਾਜ-ਭਾਗ ਦਾ ਅਨੰਦ ਲੈ ਰਿਹਾ ਹਾਂ, ਮੇਰਾ ਪਿਤਾ ਜੰਗਲਾਂ ਵਿੱਚ ਦੁਖੀ ਹੋ ਰਿਹਾ ਹੋਵੇਗਾ। ਉਸਨੇ ਸੋਚਿਆ ਕਿ ਭਜਨ ਹੀ ਕਰਨਾ, ਇਥੇ ਮਹਿਲਾਂ ਵਿੱਚ ਕਰ ਲਵੇਗਾ, ਕੁਝ ਭੀ ਹੋਵੇ, ਪਰ ਸੈਨਾ ਲੈ ਕੇ ਲੈਣ ਗਿਆ। ਪਹੁੰਚ ਕੇ ਨਮਸਕਾਰ ਕੀਤੀ, ਬਾਦਸ਼ਾਹ ਦੀ ਸਰੀਰਕ ਹਾਲਤ ਦੇਖ ਕੇ ਸਹਿਜ਼ਾਦਾ ਰੋ ਪਿਆ ਕਿ ਐਡਾ ਵੱਡਾ ਸਮਰਾਟ ਰਾਜਾ ਹੁੰਦਿਆਂ ਮੇਰਾ ਪਿਤਾ ਫਟੀ ਹੋਈ ਗੋਦੜੀ ਨੂੰ ਸੂਈ ਦੇ ਨਾਲ ਆਪ ਹੀ ਟਾਕੀ ਲਾ ਰਿਹਾ ਹੈ। ਕਿਹਾ ਕਿ ਪਿਤਾ ਜੀ ! ਐਡਾ ਵੱਡਾ ਰਾਜ ਛੱਡ ਕੇ ਕਿਸ ਬਿਪਤਾ ਵਿੱਚ ਪੈ ਗਏ ਕਿ ਪਹਿਨਣ ਵਾਸਤੇ ਕੱਪੜੇ ਭੀ ਸਾਬਤ ਨਹੀਂ, ਆਪ ਚੱਲ ਕੇ ਰਾਜ-ਭਵਨਾਂ ਵਿੱਚ ਸਿਮਰਨ ਕਰੋ। ਇਹ ਸੁਣ ਕੇ ਅਧਮ ਬਾਦਸ਼ਾਹ ਨੇ ਕਿਹਾ ਕਿ ਪੁੱਤਰ ! ਅਸਲੀ ਰਾਜ ਤਾਂ ਪ੍ਰਾਪਤ ਹੀ ਹੁਣ ਹੋਇਆ ਹੈ, ਉਹ ਰਾਜ ਤਾਂ ਝੂਠਾ ਸੀ। ਪਰ ਜੋ ਹੁਣ ਰਾਜ ਪ੍ਰਾਪਤ ਹੈ, ਇਹ ਅਬਿਨਾਸੀ ਹੈ। ਪੁੱਤਰ ਨੇ ਕਿਹਾ ਕਿ ਪਹਿਲਾਂ ਇੰਨੇ ਲੋਕਾਂ ’ਤੇ ਹਕੂਮਤ ਸੀ, ਹੁਣ ਕੌਣ ਹੈ ਤੁਹਾਡਾ ਹੁਕਮ ਮੰਨਣ ਵਾਲਾ ? ਤਾਂ ਅਧਮ ਬਾਦਸ਼ਾਹ ਨੇ ਕਿਹਾ ਕਿ ਅੱਗੇ ਤਾਂ ਕੇਵਲ ਮੇਰੇ ਰਾਜ ਦੀ ਪਰਜਾ ਹੀ ਹੁਕਮ ਮੰਨਦੀ ਸੀ, ਜਦ ਤੋਂ ਮੈਂ ਪ੍ਰਮੇਸ਼ਰ ਦਾ ਹੁਕਮ ਮੰਨਣ ਲੱਗ ਪਿਆ ਤਾਂ ਹੁਣ ਤਾਂ ਮੇਰਾ ਹੁਕਮ ਪੂਰੇ ਸੰਸਾਰ ਦੇ ਜੀਵਾਂ ’ਤੇ ਹੋ ਗਿਆ ਹੈ। ਹੁਣ ਤੇ ਪਸ਼ੂ, ਪੰਛੀ, ਜੰਗਲੀ ਜੀਵ, ਜਲ-ਜੰਤੂ ਜਿਸ ਨੂੰ ਭੀ ਹੁਕਮ ਕਰਦਾ ਹਾਂ, ਉਹੀ ਹੁਕਮ ਮੰਨਦੇ ਹਨ। ਤੂੰ ਸੱਚੀ ਤੇ ਝੂਠੀ ਬਾਦਸ਼ਾਹੀ ਦਾ ਨਿਰਣਾ ਚਾਹੁੰਦਾ ਹੈਂ ? ਇਹ ਗੱਲ ਕਰਦਿਆਂ ਹੀ ਪੁੱਤਰ ਤੋਂ ਅੱਖ ਬਚਾਅ ਕੇ ਸੂਈ ਦਰਿਆ ਵਿੱਚ ਸੁੱਟ ਦਿੱਤੀ ਅਤੇ ਕਿਹਾ ਕਿ ਪੁੱਤਰ ਬਾਕੀ ਗੱਲਾਂ ਬਾਅਦ ਵਿੱਚ ਕਰਾਂਗੇ, ਪਹਿਲਾਂ ਮੇਰੀ ਸੂਈ ਕਿਸੇ ਨੌਕਰ ਤੋਂ ਦਰਿਆ ਵਿੱਚੋਂ ਕਢਵਾ ਦੇ। ਸਹਿਜ਼ਾਦੇ ਨੇ ਕਿਹਾ ਕਿ ਪਿਤਾ ਜੀ ਘਰ ਚਲੋ, ਸੂਈਆਂ ਦਾ ਕੋਈ ਘਾਟਾ ਹੈ ? ਡਿਗ ਪਈ ਤਾਂ ਡਿਗੀ ਰਹਿਣ ਦਿਓ। ਅਧਮ ਬਾਦਸ਼ਾਹ ਨੇ ਕਿਹਾ ਕਿ ਨਹੀਂ ਪੁੱਤਰ ਇਸ ਸੂਹੀ ਨਾਲ ਮੇਰਾ ਬੜਾ ਪਿਆਰ ਹੈ, ਇਸਨੂੰ ਮੈਂ ਕਿਸੇ ਕੀਮਤ ’ਤੇ ਨਹੀਂ ਛੱਡ ਸਕਦਾ। ਹੁਣ ਦਰਿਆ ਵਿੱਚੋਂ ਸੂਈ ਦਾ ਲੱਭਣਾ ਬੜਾ ਕਠਿਨ ਕੰਮ ਸੀ। ਪਰ ਪਿਤਾ ਦੇ ਇਸ ਹੱਠੇ ਨੂੰ ਵੇਖ ਕੇ ਪੁੱਤਰ ਨੇ ਸਾਰੀ ਸੈਨਾ ਸੂਈ ਲੱਭਣ ਲਈ ਲਾ ਦਿੱਤੀ। ਜਦੋਂ ਸੂਈ ਨਾ ਲੱਭਦੀ ਵੇਖੀ ਤਾਂ ਇਨਾਮ ਰੱਖਿਆ। ਸੂਈ ਲੱਭਣ ਵਾਲਿਆਂ ਇਸ ਲਾਲਚ ਵਿੱਚ ਆ ਕੇ ਕਈਆਂ ਨੇ ਡੁਬਕੀਆਂ ਲਾਈਆਂ, ਪਰ ਕਿਸੇ ਨੂੰ ਸੂਈ ਨਾ ਲੱਭੀ। ਨਿਰਾਸ਼ ਹੋ ਕੇ ਕਹਿਣ ਲੱਗਾ ਕਿ ਪਿਤਾ ਜੀ ਸੂਈ ਤਾਂ ਲੱਭਦੀ ਨਹੀਂ। ਤਾਂ ਅਧਮ ਬਾਦਸ਼ਾਹ ਨੇ ਕਿਹਾ ਕਿ ਹੁਣ ਮੈਂ ਯਤਨ ਕਰਕੇ ਵੇਖਦਾ ਹਾਂ, ਸੂਈ ਤਾਂ ਲਭਣੀ ਪਏਗੀ ਤੇ ਅਧਮ ਬਾਦਸ਼ਾਹ ਨੇ ਦਰਿਆ ਦੇ ਕੰਢੇ ’ਤੇ ਖੜ ਕੇ ਇੱਕ ਆਵਾਜ਼ ਦਿੱਤੀ ਕਿ ਹੇ ਪਾਣੀ ਵਿੱਚ ਰਹਿਣ ਵਾਲੀਓ ਮੱਛੀਓ ! ਮੇਰੀ ਸੂਈ ਜਲਦੀ ਲੱਭ ਕੇ ਲਿਆਓ, ਮੈਂ ਗੋਦੜੀ ਸਿਊਣੀ ਹੈ। ਇਹ ਸੁਣਦੇ ਹੀ ਮੱਛੀਆਂ ਖ਼ੁਸ਼ੀ ਵਿੱਚ ਦੌੜ ਪਈਆਂ। ਇੱਕ ਮੱਛੀ ਨੇ ਤੁਰੰਤ ਮੂੰਹ ਵਿੱਚ ਸੂਈ ਪਕੜ ਕੇ ਬਾਦਸ਼ਾਹ ਨੂੰ ਸੌਂਪ ਦਿੱਤੀ। ਇਹ ਕੌਤਕ ਦੇਖ ਕੇ ਸਾਰੇ ਹੈਰਾਨ ਹੋ ਗਏ। ਤਾਂ ਬਾਦਸ਼ਾਹ ਨੇ ਕਿਹਾ ਕਿ ਦੱਸ ਪੁੱਤਰ ਅਸਲ ਬਾਦਸ਼ਾਹ ਕੌਣ ਹੈ, ਤੂੰ ਜਾਂ ਮੈਂ ? ਤੂੰ ਤਾਂ ਹੁਕਮ ਕੇਵਲ ਮਨੁੱਖਾਂ ’ਤੇ ਹੀ ਕਰ ਰਿਹਾ ਹੈਂ, ਮੇਰਾ ਹੁਕਮ ਮਨੁੱਖ, ਦੇਵਤਾ, ਪਸ਼ੂ-ਪੰਛੀ ਸਾਰੇ ਮੰਨਦੇ ਹਨ, ਜਿਸ ਨੂੰ ਵੀ ਹੁਕਮ ਕਰਾਂ, ਮੇਰਾ ਹੁਕਮ ਕੋਈ ਨਹੀਂ ਮੋੜਦਾ, ਕਿਉਂਕਿ ਮੈਂ ਆਪਣੇ ਪ੍ਰਮੇਸ਼ਰ ਦਾ ਹੁਕਮ ਮੰਨਦਾ ਹਾਂ। ਤੂੰ

ਘਰ ਨੂੰ ਜਾਹ, ਜਾ ਕੇ ਆਪਣਾ ਰਾਜ-ਭਾਗ ਸੰਭਾਲ, ਧਰਮ ਦਾ ਰਾਜ ਕਰ, ਕਿਸੇ ਨੂੰ ਦੁਖ ਨਾ ਦੇਈਂ, ਪ੍ਰਮੇਸ਼ਰ ਨੂੰ ਯਾਦ ਕਰਿਆ ਕਰੀਂ, ਉਸਦੇ ਹੁਕਮ ਵਿੱਚ ਚਲਣਾ ਕਰ ਅਤੇ ਉਸਦਾ ਨਾਮ ਜਪਣ ਵਾਲਾ ਮਨੁੱਖ ਰਾਜਿਆਂ ਦਾ ਵੱਡਾ ਰਾਜਾ ਹੈ। ਜੈਸਾ ਕਿ :

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥** [ਭੈਰਉ ਮਹਲਾ ੫, ਅੰਗ ੧੧੫੫]

ਭਾਵ ਨਾਮ ਜਪਣ ਵਾਲੇ ਦੇ ਪੱਖ ਵਿੱਚ ਪ੍ਰਮੇਸ਼ਰ ਹੋ ਜਾਂਦਾ ਹੈ, ਜਿਸਦੇ ਪੱਖ ਵਿੱਚ ਪ੍ਰਮੇਸ਼ਰ ਹੁੰਦਾ ਹੈ, ਉਹਦੇ ਸਾਰੇ ਦਾਸ ਬਣ ਜਾਂਦੇ ਹਨ। ਜੈਸਾ ਕਿ ਮੁਖਵਾਕ ਦੀ ਉਪਰੋਕਤ ਤੁਕ ਵਿੱਚ ਸਿਧਾਂਤ ਦਿੱਤਾ ਹੈ।

## *ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥੨॥੧੨॥੩੦॥*

ਸਦਾ ਸਦਾ=ਹਮੇਸ਼ਾਂ-ਹਮੇਸ਼ਾਂ ਭੂਤਕਾਲ, ਭਵਿੱਖਤ ਕਾਲ, ਵਰਤਮਾਨ ਸਾਰਿਆਂ ਸਮਿਆਂ ਦੀਆਂ ਵਡਿਆਈਆਂ ਗੁਰੂ ਨਾਨਕ ਸਾਹਿਬ ਦੇ ਪਾਸ ਹਨ। ਜੋ ਗੁਰੂ ਦਾ ਬਣਦਾ ਹੈ, ਉਸਨੂੰ ਇਹ ਵਡਿਆਈਆਂ ਪ੍ਰਾਪਤ ਹੋ ਜਾਂਦੀਆਂ ਹਨ ॥੨॥੧੨॥੩੦॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੦ [ਆਦਿ ਅੰਗ ੮੦੯]

*ਬਿਲਾਵਲੁ ਮਹਲਾ ੫ ॥ ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ਰਹਾਉ॥ ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥ ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥*

## *ਬਿਲਾਵਲੁ ਮਹਲਾ ੫ ॥*

ਇਹ ਸ਼ਬਦ ਜੋ ਮੁਖਵਾਕ ਰੂਪ ਵਿੱਚ ਆਇਆ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਬਿਲਾਵਲ ਵਿੱਚ ਉਚਾਰਨ ਕੀਤਾ ਹੋਇਆ ਹੈ, ਜਿਸਦੀ ਉਥਾਨਕਾ ਸੰਪ੍ਰਦਾਈ ਗਿਆਨੀਆਂ ਵਿੱਚ ਇਸ ਪ੍ਰਕਾਰ ਮੰਨੀ ਹੈ।

**ਉਥਾਨਕਾ—**ਇਕ ਵਾਰ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਸ੍ਰੀ ਅੰਮ੍ਰਿਤਸਰ ਸਾਹਿਬ ਸੰਗਤ ਜੁੜੀ ਬੈਠੀ ਸੀ। ਨਿਤ ਦੇ ਸੁਭਾਅ ਅਨੁਸਾਰ ਪ੍ਰਮਾਰਥੀ ਬਚਨ ਸੁਨਣ ਵਾਸਤੇ ਕੋਈ ਨਾ ਕੋਈ ਵਿਚਾਰ ਰੂਹਾਨੀਅਤ ਦੀ ਚਲਦੀ ਰਹਿੰਦੀ ਸੀ ਤੇ ਸਿੱਖ ਪ੍ਰਸ਼ਨ ਕਰਦੇ ਤੇ ਸਤਿਗੁਰੂ ਜੀ ਉਨ੍ਹਾਂ ਦਾ ਉੱਤਰ ਦਿੰਦੇ। ਅੱਜ ਸੰਗਤ ਵਿੱਚੋਂ ਇੱਕ ਸਿੱਖ ਨੇ ਖੜ੍ਹਾ ਹੋ ਕੇ ਗਲ ਵਿੱਚ ਪੱਲਾ ਪਾ ਕੇ ਸਿਰ ਨਿਵਾ ਕੇ ਪਿਆਰ ਸਹਿਤ ਇੱਕ ਪ੍ਰਸ਼ਨ ਬੇਨਤੀ ਰੂਪ ਵਿੱਚ ਕੀਤਾ ਕਿ ਗ਼ਰੀਬ ਨਿਵਾਜ਼ ਸਤਿਗੁਰੂ ਜੀਉ ! ਸਤਿਸੰਗਤ ਕਰਨ ਦਾ ਕੀ ਫਲ ਹੁੰਦਾ ਹੈ ? ਕਿਉਂਕਿ ਸਤਿਗੁਰੂ ਜੀ ਹਮੇਸ਼ਾ ਸਿੱਖਾਂ ਨੂੰ ਸਤਿਸੰਗਤ ਕਰਨ ਦੀ ਪ੍ਰੇਰਨਾ ਦਿਆ ਕਰਦੇ ਸਨ। ਹਰ ਕਾਰਜ ਕਰਨ ਦੇ ਆਰੰਭ ਵਿੱਚ ਉਸ ਕਾਰਜ ਦਾ ਕਰਮ ਫਲ ਕੀ ਹੈ ? ਹਰ ਮਨੁੱਖ ਦੇ ਮਨ ਵਿੱਚ ਐਸੀ ਜਾਣਨ ਦੀ ਇੱਛਾ ਹੋਇਆ ਹੀ ਕਰਦੀ ਹੈ। ਸਤਿਸੰਗਤ ਜੋ ਰੂਹਾਨੀਅਤ ਕਾਰਜ ਹੈ, ਇਸਦਾ ਰੂਹਾਨੀਅਤ ਫਲ ਜਾਨਣ ਲਈ ਉਪਰੋਕਤ ਪ੍ਰਸ਼ਨ ਇਸ ਭਾਵਨਾ ਦੁਆਰਾ ਸਤਿਗੁਰੂ ਜੀ ਨੂੰ ਜਦੋਂ ਕੀਤਾ ਤਾਂ ਸੁਣ ਕੇ ਕਿਹਾ : [ਮੁਖਵਾਕ ਦਾ ਅਨਵੇ ਰੀਤ ਅਨੁਸਾਰ ਅਰਥ ਸ਼ੁਰੂ ਹੁੰਦਾ ਹੈ।]

***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥***

ਹੇ ਮੇਰੇ ਮੀਤਾ=ਮਿਤ੍ਰ ਗੁਰਸਿੱਖ ਪਿਆਰਿਓ ! ਸਾਧੂ=ਮਹਾਂਪੁਰਸ਼ਾਂ ਦੀ ਸੰਗ=ਸੰਗਤ ਕਰਨ ਦੀ ਮਹਿਮਾ ਨੂੰ ਸੁਨਹੁ=ਸੁਨਣਾ ਕਰੋ। ਸਾਧੂਆਂ ਦੀ ਸਤਿਸੰਗਤ ਕਰਨ ਦੇ ਨਾਲ

## *ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*

ਪ੍ਰਤੱਖ ਪਿੰਗਲਾ ਸੰਸਾਰ ਦੇ ਵੱਡੇ-ਵੱਡੇ ਪਰਬੱਤਾਂ ਤੋਂ ਪਾਰ ਹੋ ਜਾਂਦਾ ਹੈ ਅਤੇ ਇਸ ਤੇ ਕਿਤਨੇ ਹੀ ਸਾਖੀਆਂ ਦੇ ਪ੍ਰਮਾਣ ਲਾਏ ਜਾ ਸਕਦੇ ਹਨ। ਖਲ=ਮੂਰਖ ਪੁਰਸ਼ ਚਤੁਰ=ਬੁਧੀਵਾਨ ਸ੍ਰੇਸ਼ਟ ਬਚਨਾਂ ਦੇ ਉਚਾਰਨ ਕਰਨ ਵਾਲਾ ਬਕੀਤਾ=ਬਕਤਾ ਹੋ ਜਾਂਦਾ ਹੈ। **ਅੰਤ੍ਰੀਵ—**ਇਸੇ ਤਰ੍ਹਾਂ ਸਾਧਨਾ ਰੂਪ **ਵਾ:** ਨਿਸ਼ਕਾਮ ਕਰਮਾਂ ਰੂਪੀ, **ਵਾ:** ਭੈ ਰੂਪ ਚਰਨਾਂ ਤੋਂ ਜੋ ਪਿੰਗਲਾ ਪੁਰਸ਼ (ਜਗਿਆਸੂ) ਹੈ, ਉਹ ਸੰਸਾਰ, ਹੰਕਾਰ ਤੇ ਅਗਿਆਨ ਰੂਪ ਪਰਬਤ ਤੋਂ ਪਾਰ ਉਤਰ ਜਾਂਦਾ ਹੈ। ਅਤੇ ਖਲ=ਪ੍ਰਮਾਰਥ ਤੋਂ ਮੂਰਖ, **ਵਾ:** ਪ੍ਰੀਤੀ ਰੂਪ ਜੀਭ ਤੋਂ ਰਹਿਤ ਜੋ ਖਲ=ਮੂਰਖ ਹੈ, ਉਹ ਚਤੁਰ ਬੁੱਧੀ ਕਰਕੇ ਚਾਰੇ ਬੇਦਾਂ ਦਾ ਬਕਤਾ, ਭਾਵ ਚਾਰੇ ਬੇਦਾਂ ਦਾ ਟੀਕਾ ਕਰਨ ਵਾਲਾ ਹੋ ਜਾਂਦਾ ਹੈ। ਇਸੇ ਸਿਧਾਂਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥** [ਸ੍ਰੀ ਦਸਮ ਗ੍ਰੰਥ, ਪੰਨਾ ੪੭]

ਭਾਈ ਸੰਤੋਖ ਸਿੰਘ ਜੀ ਨੇ ਵੀ ਕਥਨ ਕੀਤਾ ਹੈ। ਜੈਸਾ ਕਿ :

**ਪਿੰਗਲ ਪਰਬਤ ਪਰ ਚਢੈ, ਗੁੰਗ ਹੋਇ ਬਾਚਾਲ॥**
**ਕਾਇਰ ਹ੍ਵੈ ਭਟ ਜੈ ਧਰੈ, ਕਰੈ ਜਿ ਕ੍ਰਿਪਾ ਕ੍ਰਿਪਾਲ॥੧॥** [ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ, ਅਧਿ: ੧੨]

ਸੋ, ਇਥੇ ਪਿੰਗਲੇ ਦਾ ਪਰਬੱਤ ਪਰ ਚੜ੍ਹਨਾ ਅਤੇ ਮੂਰਖ ਦਾ ਚਾਰ ਬੇਦਾਂ ਦਾ ਬਕਤਾ ਬਣਨਾ ਇਹ ਸਮਿਲਤ ਭਾਵ ਇਸ ਮੁਖਵਾਕ ਦੀ ਪਹਿਲੀ ਤੁਕ ਵਿੱਚ ਦੋ ਤਰ੍ਹਾਂ, ਵਾ—ਦੋ ਵੱਖਰੀਆਂ-ਵੱਖਰੀਆਂ ਇਹ ਘਟਨਾਵਾਂ ਹਨ। ਪਿੰਗਲੇ ਦਾ ਪਰਬੱਤ ਪਰ ਚੜ੍ਹਨਾ ਇਹ ਇੱਕ ਵੱਖਰੀ ਘਟਨਾ ਹੈ ਅਤੇ ਮੂਰਖ ਦਾ ਚਾਰ ਬੇਦਾਂ ਦਾ ਬਕਤਾ ਬਣਨਾ ਅਤੇ ਦੋਹਾਂ ਘਟਨਾਵਾਂ ਦੇ ਵਿੱਚ ਮਹੱਤਤਾ ਸਤਿਸੰਗਤ ਦੀ ਇੱਕ ਵਿਸ਼ੇ ਨਾਲ ਸਬੰਧਿਤ ਹੈ ਕਿ ਸਾਧੂਆਂ ਦੀ ਸੰਗਤ ਨਾਲ ਐਸਾ ਹੋ ਜਾਂਦਾ ਹੈ। ਅੰਤ੍ਰੀਵ ਅਰਥ ਹੋ ਚੁੱਕੇ ਹਨ। ਬਾਹਝ ਅਰਥਾਂ ਵਿੱਚ ਪਿੰਗਲੇ ਦੇ ਪਰਬੱਤ ਪਰ ਚੜ੍ਹਨ ਦੀ ਉਦਾਹਰਣਾਂ ਸਾਖੀ ਵਜੋਂ ਦਿੱਤੀ ਜਾਂਦੀ ਹੈ।

**ਸਾਖੀ—ਇਕ ਪਿੰਗਲੇ ਪੁਰਸ਼ ਦੀ—**ਅੱਜ ਤੋਂ ਕੋਈ ਵੀਹ ਕੁ ਵਰ੍ਹੇ ਦੀ ਪੁਰਾਣੀ ਘਟਨਾ ਹੈ। ਸੰਤ ਬਾਬਾ ਪੂਰਨ ਦਾਸ ਜੀ ਸ਼ੇਖ਼ੂਪੁਰ ਵਾਲੇ, ਜੋ ਬੜੇ ਬੀਤ ਰਾਗ ਮਹਾਨ ਤਪੱਸਵੀ ਮਹਾਂਪੁਰਸ਼ ਹੋਏ ਹਨ, ਉਨ੍ਹਾਂ ਦਾ ਸੁਭਾਅ ਪੈਦਲ ਯਾਤਰਾ ਕਰਨ ਦਾ ਇਤਨਾ ਪਰਪੱਕ ਸੀ ਕਿ ਹਿੰਦੁਸਤਾਨ ਦੇ ਲਗਭਗ ਸਾਰੇ ਤੀਰਥ ਪੈਦਲ ਚੱਲ ਕੇ ਯਾਤਰਾ ਕੀਤੀ। ਹੇਮਕੁੰਟ ਸਾਹਿਬ ਦੀ ਯਾਤਰਾ ਨੂੰ ਜਾ ਰਹੇ ਸਨ। ਇੱਕ ਪਿੰਗਲੇ ਪੁਰਸ਼ ਨੂੰ ਕੁਝ ਗੁਰਸਿੱਖ ਪਿਠ ’ਤੇ ਬਿਠਾ ਕੇ ਲਈ ਜਾ ਰਹੇ ਸਨ। ਮਹਾਂਪੁਰਸ਼ਾਂ ਨੇ ਖ਼ੁਸ਼ ਹੋ ਕੇ ਕਿਹਾ ਕਿ ਭਾਈ ਬੜਾ ਨੇਕ ਕਰਮ ਕਰ ਰਹੇ ਹੋ। ਉਨ੍ਹਾਂ ਨੇ ਉੱਤਰ ਦਿੱਤਾ ਕਿ ਬਾਬਾ ਜੀ! ਇਹ ਸਾਡਾ ਸੰਬੰਧੀ ਜਾਂ ਰਿਸ਼ਤੇਦਾਰ ਨਹੀਂ ਹੈ, ਬਲਕਿ ਸਾਡੀ ਜਾਣ-ਪਹਿਚਾਣ ਵਾਲਾ ਭੀ ਨਹੀਂ ਹੈ। ਅਸੀਂ ਸਾਰੇ ਗੁਰਸਿੱਖ ਬਾਣੀ ਪੜ੍ਹਨ ਵਾਲੇ ਸਤਿਸੰਗੀ ਜਥੇ ਨੂੰ ਵੇਖ ਕੇ ਇਸਨੇ ਕਿਹਾ ਕਿ ਜੇ ਮੈਂ ਪਿੰਗਲਾ ਨਾ ਹੁੰਦਾ ਤਾਂ ਮੈਂ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਤਪਸਥਾਨ ਦੇ ਦਰਸ਼ਨ ਕਰਦਾ। ਇਹ ਗੱਲ ਸੁਣ ਕੇ ਸਾਨੂੰ ਇਸ ’ਤੇ ਦਇਆ ਆ ਗਈ ਤੇ ਅਸੀਂ ਇਸ ਨੂੰ ਵਾਰੀ-ਵਾਰੀ ਮੋਢੇ ’ਤੇ ਚੁੱਕ ਕੇ ਸਤਿਗੁਰਾਂ ਦੇ ਤਪ-ਅਸਥਾਨ ਦੇ ਦਰਸ਼ਨ ਕਰਾਏ ਹਨ। ਹੁਣ ਅਸੀਂ ਇਸ ਨੂੰ ਵਾਪਿਸ ਲਈ ਜਾ ਰਹੇ ਹਾਂ। ਤਾਂ ਮਹਾਂਪੁਰਸ਼ਾ ਨੇ ਇਹ ਤੁਕ ਬੋਲੀ “**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥**” ਸੋ ਮਹਾਂਪੁਰਸ਼ਾ ਨੇ ਕਿਹਾ ਕਿ ਇਹ ਸਾਰੀ ਮਹਿਮਾ ਸਾਧੂਆਂ ਦੀ ਸੰਗਤ ਦੀ ਹੈ, ਇਸ ਕਰਕੇ ਗੁਰੂ ਅਰਜਨ ਸਾਹਿਬ ਜੀ ਨੇ ਕਿਹਾ “**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥**” ਜਿਸ ਸਤਿਸੰਗਤ ਦੀ ਸ਼ਕਤੀ ਦੇ ਨਾਲ ਇਹ ਪਿੰਗਲਾ ਵੱਡੇ ਵੱਡੇ ਪਹਾੜਾਂ ਨੂੰ ਪਾਰ ਕਰ ਗਿਆ। **ਦੂਸਰਾ ਪੱਖ ਹੈ—“ਖਲ ਚਤੁਰ ਬਕੀਤਾ॥**” ਕਿ ਮੂਰਖ ਨੂੰ ਚਾਰ ਬੇਦਾਂ ਦਾ ਬਕਤਾ ਬਣਾਉਣਾ। ਸਾਧੂਆਂ, ਗੁਰਸਿੱਖਾਂ ਤੇ ਗੁਰੂ ਸਾਹਿਬਾਨਾਂ ਦੀ ਕਿਰਪਾ ਹੋ ਜਾਏ, ਮੂਰਖ ਚਾਰ ਬੇਦਾਂ ਦੇ ਬਕਤੇ ਬਣ ਜਾਂਦੇ ਹਨ।

**ਸਾਖੀ—ਛੱਜੂ ਝੀਵਰ ਦੀ—**ਜਿਸ ਵੇਲੇ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਿੱਲੀ ਨੂੰ ਜਾ ਰਹੇ ਸਨ। ਜਦੋਂ ਸਤਿਗੁਰੂ ਜੀ ਨਗਰ ਪੰਜੋਖਰੇ ਪਹੁੰਚੇ, ਉਥੇ ਨਗਰ ਤੋਂ ਬਾਹਰ-ਬਾਹਰ ਉਤਾਰਾ ਕੀਤਾ। ਉਥੇ ਇੱਕ ਵਿਦਿਆ ਅਭਿਮਾਨੀ ਪੰਡਿਤ, ਜਿਹੜਾ ਆਪਣੇ ਸਮਾਨ ਦੂਸਰੇ ਨੂੰ ਨਹੀਂ ਸੀ ਗਿਣਦਾ, ਜਿਸ ਵਿੱਚ ਦੋ ਅਭਿਮਾਨ ਇਕੱਠੇ ਸਨ, ਇੱਕ ਤਾਂ ਵਿਦਿਆ ਦਾ ਅਭਿਮਾਨ, ਦੂਜਾ ਜਾਤੀ ਅਭਿਮਾਨ ਕਿ ਮੈਂ ਬ੍ਰਾਹਮਣ ਹਾਂ। ਸੁਭਾਵਿਕ ਹੀ ਉਥੇ ਆ ਪਹੁੰਚਿਆ, ਜਿਥੇ ਸਤਿਗੁਰੂ ਜੀ ਦਾ ਡੇਰਾ ਲਗਿਆ ਹੋਇਆ ਸੀ। ਉਸ ਨੇ ਇੱਕ ਸਿੱਖ ਨੂੰ ਪੁੱਛਿਆ ਕਿ ਇਥੇ ਕੌਣ ਉਤਰਿਆ ਹੈ? ਕਿਥੋਂ ਆਇਆ ਹੈ? ਕਿਥੇ ਜਾ ਰਿਹੈ? ਇਸਦਾ ਨਾਮ ਕੀ ਹੈ? ਜੈਸਾ ਕਿ :

**ਕਹਯੋ ਸਿਖ ਨੇ ‘ਸਤਿਗੁਰ ਅਹੈਂ। ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ।**
**ਸ੍ਰੀ ਨਾਨਕ ਗਾਦੀ ਪਰ ਥਿਤ ਹੈਂ। ਹਰਿ ਅਵਤਰੇ ਸ਼ੁਭਤਿ ਸਮ ਚਿਤ ਹੈਂ॥੧੧॥’**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੯]

ਸੁਣ ਕੇ ਪੰਡਿਤ ਸਤਿਗੁਰਾਂ ਦੀ ਵਡਿਆਈ ਸਹਿਣ ਨਾ ਕਰ ਸਕਿਆ। ਮਨ ਵਿੱਚ ਖੁਨਸਿਆ, ਹੰਕਾਰ ਦਾ ਅੰਨ੍ਹਾ ਕੀਤਾ ਹੋਇਆ ਕਹਿੰਦਾ ਕਿ ਦੁਆਪਰ ਵਿੱਚ ਈਸ਼ਵਰ ਅਵਤਾਰ ਭਗਵਾਨ ਜੀ ਹੋਏ ਹਨ, ਸਾਰਾ ਜਗ ਜਾਣਦਾ ਹੈ। ਨਾਮ ਭਗਵਾਨ ਕ੍ਰਿਸ਼ਨ ਤੋਂ ਵੀ ਵੱਡਾ ਰਖਾਇਆ ਹੈ। ਉਨ੍ਹਾਂ ਦਾ ਨਾ ਨਾਮ ਸ੍ਰੀ ਕ੍ਰਿਸ਼ਨ ਤੇ ਇਨ੍ਹਾਂ ਦਾ ਨਾਮ ਸ੍ਰੀ ਹਰਿਕ੍ਰਿਸ਼ਨ। ਭਗਵਾਨ ਕ੍ਰਿਸ਼ਨ ਨੇ ਗੀਤਾ ਨਾਮ ਦਾ ਗ੍ਰੰਥ ਬਣਾਇਆ ਹੈ, ਜਿਸ ਨੂੰ ਪੜ੍ਹ-ਸੁਣ ਕੇ ਲੋਕ ਗਿਆਨ ਦੇ ਰਸਤੇ ਚਲਦੇ ਹਨ। ਗੀਤਾ ਦੇ ਸਲੋਕ ਬੜੇ ਮਹਾਨ ਅਰਥ ਵਾਲੇ ਹਨ। ਬ੍ਰਾਹਮਣ ਸਿੱਖ ਨੂੰ ਕਹਿਣ ਲੱਗਾ ਕਿ ਵੱਡੇ-ਵੱਡੇ ਨਾਮ ਧਰਾਉਣੇ ਸੌਖੇ ਹਨ, ਭਗਵਾਨ ਕ੍ਰਿਸ਼ਨ ਦੇ ਉਚਾਰਨ ਕੀਤੇ ਗੀਤਾ ਦੇ ਸਲੋਕ, ਉਨ੍ਹਾਂ ਦੇ ਅਰਥ ਹੀ ਕਰਕੇ ਵਿਖਾ ਦੇਣ, ਫੇਰ ਮੈਂ ਮੰਨ ਜਾਵਾਂਗਾ ਕਿ ਇਨ੍ਹਾਂ ਦਾ ਧਰਾਇਆ ਨਾਮ ਸਾਰਥ ਹੈ। ਨਹੀਂ ਤਾਂ ਨਾਮ ਧਰਾਉਣਾ ਝੂਠ ਹੀ ਹੈ। ਇਹ ਸੁਣ ਕੇ ਸਿੱਖ ਨੇ ਕਿਹਾ ਕਿ ਤੂੰ ਇਥੇ ਹੀ ਖੜਾ ਰਹਿ, ਮੈਂ ਹੁਣੇ ਹੀ ਸਤਿਗੁਰੂ ਜੀ ਤੋਂ ਉਤਰ ਲੈ ਕੇ ਆਉਂਦਾ ਹਾਂ। ਗੁਰੂ ਸਮਰੱਥ ਹੈ, ਤੇਰਾ ਉਤਰ ਜ਼ਰੂਰ ਦੇਵੇਗਾ। ਇਹ ਕਹਿ ਕੇ ਸਿੱਖ ਗੁਰੂ ਜੀ ਪਾਸ ਗਿਆ, ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੰਕਾਰੀ ਬ੍ਰਾਹਮਣ ਆਪ ਜੀ 'ਤੇ ਸ਼ੰਕਾ ਕਰ ਰਿਹਾ ਹੈ। ਕਹਿੰਦਾ ਹੈ ਕਿ ਗੀਤਾ ਦੇ ਅਰਥ ਹੀ ਕਰਕੇ ਵਿਖਾ ਦੇਣ। ਮੁਸਕਰਾਉਂਦੇ ਹੋਏ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਬ੍ਰਾਹਮਣ ਨਿਸ਼ਰਧਕ ਹੈ, ਜੇ ਉਤਰ ਚਾਹੁੰਦਾ ਹੈ ਤਾਂ ਮੇਰੇ ਕੋਲ ਆ ਕੇ ਉਤਰ ਲਵੇ। ਜਿਵੇਂ ਚਾਹੁੰਦਾ ਹੈ ਉਸੇ ਤਰ੍ਹਾਂ ਉਤਰ ਦੇ ਦਿਆਂਗੇ। ਇਹਦੇ ਬੁੱਧ ਰੂਪ ਨੇਤਰਾਂ ਵਿੱਚ ਹੰਕਾਰ ਦਾ ਮੋਤੀਆ ਉਤਰਿਆ ਹੋਇਆ ਹੈ। ਇਸਦੀ ਦਵਾਈ ਗਿਆਨ ਦਾ ਸੁਰਮਾ ਪਾ ਕੇ ਬੁਧ ਰੂਪ ਨੇਤਰਾਂ 'ਚੋਂ ਹੰਕਾਰ ਦਾ ਮੋਤੀਆ ਦੂਰ ਕਰਨਾ ਹੈ। ਸਿੱਖ ਨੇ ਬ੍ਰਾਹਮਣ ਨੂੰ ਜਾ ਕੇ ਕਿਹਾ ਕਿ ਗੁਰੂ ਜੀ ਕੋਲ ਜਾ ਕੇ ਆਪਣਾ ਉਤਰ ਲੈ ਲਵੋ। ਉਤਸ਼ਾਹ ਨਾਲ ਚੱਲਿਆ, ਹੰਕਾਰ ਵਿੱਚ ਜਾ ਕੇ ਕੋਲ ਬੈਠ ਗਿਆ। ਇਸ ਨੂੰ ਦੇਖ ਕੇ ਸਤਿਗੁਰੂ ਜੀ ਬੋਲੇ ਕਿ ਹੇ ਬ੍ਰਾਹਮਣ ! ਕੀ ਜਾਣਨਾ ਚਾਹੁੰਦਾ ਹੈਂ ? ਬ੍ਰਾਹਮਣ ਨੇ ਉਹੀ ਗੱਲ ਦੁਹਰਾਈ ਕਿ ਦੁਆਪਰ ਵਿੱਚ ਭਗਵਾਨ ਕ੍ਰਿਸ਼ਨ ਜੀ ਅਵਤਾਰ ਹੋਏ ਹਨ, ਉਨ੍ਹਾ ਨੇ ਗੀਤਾ ਰਚੀ ਹੈ, ਤੁਸੀਂ ਆਪਣਾ ਨਾਮ ਭਗਵਾਨ ਕ੍ਰਿਸ਼ਨ ਤੋਂ ਵੱਡਾ ਹਰਿਕ੍ਰਿਸ਼ਨ ਰਖਾਇਆ ਹੈ। ਸੋ ਭਗਵਾਨ ਜੀ ਦੇ ਉਚਾਰਨ ਕੀਤੇ ਗੀਤਾ ਦੇ ਸਲੋਕਾਂ ਦੇ ਅਰਥ ਕਰ ਕੇ ਵਿਖਾ ਦਿਓ ਤਾਂ ਮੈਂ ਸਮਝਾਂਗਾਂ ਕਿ ਤੁਹਾਡਾ ਹਰਿਕ੍ਰਿਸ਼ਨ ਨਾਮ ਧਰਾਇਆ ਸਫਲਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਕਿਹਾ ਕਿ ਜੇ ਅਸੀਂ ਤੈਨੂੰ ਗੀਤਾ ਦੇ ਅਰਥ ਕਰਕੇ ਸੁਣਾ ਦਿੱਤੇ ਤਾਂ ਤੇਰਾ ਸੰਸਾ ਨਵਿਰਤ ਨਹੀਂ ਹੋਵੇਗਾ, ਫੇਰ ਤੇਰੇ ਮਨ ਵਿੱਚ ਇਹ ਸੰਸਾ ਹੋਵੇਗਾ ਕਿ ਗੁਰੂ ਦੇ ਪੁੱਤਰ ਸਨ, ਕਿਸੇ ਵਿਦਵਾਨ ਬ੍ਰਾਹਮਣ ਤੋਂ ਗੀਤਾ ਬਚਪਨ ਵਿੱਚ ਹੀ ਪੜ੍ਹ ਲਈ ਹੋਵੇਗੀ। ਇਸ ਲਈ ਹੇ ਬ੍ਰਾਹਮਣ ! ਜੇ ਤਸੱਲੀ ਬਖ਼ਸ਼ ਉਤਰ ਚਾਹੁੰਦਾ ਹੈ ਤਾਂ ਆਪਣੇ ਨਗਰ 'ਚੋਂ ਕੋਈ ਮੂਰਖ ਪੁਰਸ਼ ਲੱਭ ਕੇ ਲਿਆ, ਜਿਸ ਨੂੰ ਤੂੰ ਜਾਣਦਾ ਹੋਵੇਂ ਕਿ ਇਹ ਅਨਪੜ੍ਹ ਤੇ ਮੂਰਖ ਹੈ। ਇਹ ਸੁਣ ਕੇ ਬ੍ਰਾਹਮਣ ਆਪਣੇ ਨਗਰ ਵਿੱਚ ਗਿਆ। ਇੱਕ ਝੀਵਰ, ਛੱਜੂ ਨਾਮ ਦਾ ਦੇਖਿਆ, ਜਿਹੜਾ ਘਰ-ਘਰ ਵਿੱਚ ਪਾਣੀ ਢੋਣ ਦਾ ਕੰਮ ਕਰ ਰਿਹਾ ਸੀ, ਜਿਸ ਨੂੰ ਲੋਕ ਮਹਾਂਮੂਰਖ ਸਮਝਦੇ ਸਨ। ਤਨ 'ਤੇ ਬਸਤਰ ਪਾਟੇ ਹੋਏ ਸਨ। ਉਸਨੇ ਆਪ ਤਾਂ ਕੀ ਪੜ੍ਹਨਾ ਸੀ, ਕਦੇ ਕਿਸੇ ਪੜ੍ਹਦੇ ਨੂੰ ਭੀ ਨਹੀਂ ਦੇਖਿਆ ਸੀ। ਪਸ਼ੂਆਂ ਦੀ ਤਰ੍ਹਾਂ ਇਸਦੀ ਬਿਰਤੀ ਸੀ। ਰੰਗ ਦਾ ਕਾਲਾ, ਜ਼ੁਬਾਨ ਤੋਂ ਗੂੰਗਾ। ਕੰਨਾਂ ਤੋਂ ਬਹਿਰਾ, ਕੇਵਲ ਇਸ਼ਾਰਾ ਥੋੜ੍ਹਾ ਬਹੁਤ ਸਮਝਦਾ ਸੀ। ਬ੍ਰਾਹਮਣ ਨੇ ਇਸ਼ਾਰਾ ਕੀਤਾ ਕਿ ਕੁਝ ਸਮਾਂ ਮੇਰੇ ਨਾਲ ਚੱਲ ਸਤਿਗੁਰੂ ਜੀ ਕੋਲ ਲਿਜਾ ਕੇ ਬਿਠਾ ਦਿੱਤਾ। ਚਿੱਤ ਦੇ ਵਿੱਚ ਪ੍ਰਸ਼ਨ ਗੂੜ੍ਹੇ ਸੋਚ ਲਏ ਅਤੇ ਸੋਚਿਆ ਕਿ ਇਹ ਤਾਂ ਕੋਈ ਉਤਰ ਵਿਦਵਾਨ ਜਲਦੀ ਬੋਲੇ ਤੋਂ ਭੀ ਨਹੀਂ ਦੇ ਸਕਦਾ। ਗੁਰੂ ਹਰਿਕ੍ਰਿਸ਼ਨ ਜੀ ਨੇ ਉਸਦੇ ਮਨ ਦੀ ਜਾਣ ਕੇ ਉਸ ਮੂਰਖ ਝੀਵਰ ਦੇ ਸਿਰ 'ਤੇ ਸੋਟੀ ਰੱਖ ਦਿੱਤੀ ਅਤੇ ਹੁਕਮ ਕੀਤਾ ਕਿ ਪੰਡਤ ਦੇ ਸਵਾਲਾਂ ਦਾ ਉਤਰ ਦਿਓ। ਇਹ ਬਚਨ ਕਹਿਣ ਦੀ ਦੇਰ ਸੀ ਕਿ ਕੰਨਾਂ ਨੂੰ ਆਵਾਜ਼ ਸੁਣਨ ਲੱਗ ਪਈ, ਜੀਭ ਦਾ ਗੂੰਗਾਪਨ ਦੂਰ ਹੋ ਗਿਆ। ਚਾਰੇ ਬੇਦਾਂ ਦਾ ਬਕਤਾ ਗੁਰੂ ਜੀ ਨੇ ਬਣਾ ਦਿੱਤਾ ਅਤੇ ਉਸਨੇ ਕਿਹਾ ਕਿ ਹੇ ਬ੍ਰਾਹਮਣ ! ਕਿਹੜਾ ਸ਼ਾਸ਼ਤ੍ਰ ਪੜ੍ਹਿਆ ਹੈਂ, ਜਿਸਦੇ ਅਨੁਸਾਰ ਤੈਨੂੰ ਉੱਤਰ ਦਿਆਂ। ਬੋਲ ਹਿੰਦੀ ਵਿੱਚ ਉਤਰ ਦਿਆਂ ਜਾਂ ਸੰਸਕ੍ਰਿਤ ਵਿੱਚ। ਜੈਸਾ ਕਿ :

**ਦੋਹਰਾ॥ ਸ਼ਾਸਤ੍ਰੱਗਜ ਧੀਵਰ ਬਨਯੋ ਸੁਰਬਾਨੀ ਕਹਿ ਤਾਂਹਿ॥**
**ਕਸਮਿਨ ਸ਼ਾਸਤ੍ਰ ਪ੍ਰਬ੍ਰਿਤਿ ਦਿਜ। ਕਹੁ ਪੂਰਬ ਮੁਝ ਪਾਹਿ॥੩੯॥**

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮]

ਸੋ, ਇਸ ਪ੍ਰਕਾਰ ਸੰਸਕ੍ਰਿਤ ਬੋਲਿਆ, ਜਿਤਨੇ ਸੰਸੇ ਸਨ ਬ੍ਰਾਹਮਣ ਦੇ ਚਿਤ ਵਿੱਚ ਸਾਰਿਆਂ ਦੇ ਉਤਰ ਦੇ ਦਿੱਤੇ। ਦਸ ਕੁ ਸ਼ੰਕੇ ਬ੍ਰਾਹਮਣ ਦੇ ਹਿਰਦੇ ਵਿੱਚ ਸੀ, ਉਸਨੇ ੨੦ ਦਾ ਉਤਰ ਦਿੱਤਾ। ਇਹ ਦੇਖ ਕੇ ਬ੍ਰਾਹਮਣ ਹੈਰਾਨ ਹੋ ਗਿਆ, ਚੁੱਪ ਹੀ ਕਰ ਗਿਆ। ਵਿਦਿਆ ਦਾ ਜਿੰਨਾ ਮਨ ਵਿੱਚ ਹੰਕਾਰ ਸੀ, ਸਾਰਾ ਉਤਰ ਗਿਆ। ਕੋਈ ਪੂਰਬਲਾ ਭਾਗ ਜਾਗਿਆ ਤੇ ਨਿਮ੍ਰਤਾ ਮਨ ਵਿੱਚ ਆ ਗਈ। ਹੱਥ ਜੋੜ ਲਏ ਤੇ ਲੰਮਾ ਪੈ ਕੇ ਡੰਡਉਤ ਕੀਤੀ ਕਿ ਮਹਾਰਾਜ! ਤੁਹਾਡੀ ਮਹਿਮਾ ਅਪਾਰ ਹੈ। ਜੈਸਾ ਕਿ:

**ਬੋਲਯੋ ਮਹਿਮਾ ਲਖੀ ਅਨੂਪ॥ ਸ਼੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ॥੪੪॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮]

ਮਹਾਰਾਜ ਮੇਰੇ ਸੰਕੇ ਖ਼ਤਮ ਹੋ ਗਏ। ਹੁਣ ਕਿਰਪਾ ਕਰਕੇ ਮੈਨੂੰ ਆਪਣਾ ਸਿੱਖ ਬਣਾ ਲਓ। ਚਰਨਾਮ੍ਰਿਤ ਦੇ ਕੇ ਸਤਿਗੁਰੂ ਜੀ ਨੇ ਸਿੱਖ ਬਣਾਇਆ। ਭਗਤੀ ਅਤੇ ਗਿਆਨ ਦੇ ਮਾਰਗ ਪਾ ਦਿੱਤਾ ਅਤੇ ਆਪ ਬ੍ਰਾਹਮਣ ਲੋਕਾਂ ਨੂੰ ਕਿਹਾ ਕਰਦਾ ਸੀ ਕਿ ਜੋ ਵੱਡੇ ਗੁਰੂ ਸ੍ਰੀ ਅਰਜਨ ਦੇਵ ਜੀ ਦਾ ਬਚਨ ਹੈ। "**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥**" ਜੈਸਾ ਕਿ:

**ਜਿਉ ਅੰਧੁਲੇ ਪੇਖਤ ਹੋਇ ਅਨੰਦ॥ ਗੂੰਗਾ ਬਕਤ ਗਾਵੈ ਬਹੁ ਛੰਦ॥**
**ਪਿੰਗੁਲ ਪਰਬਤ ਪਰਤੇ ਪਾਰਿ॥ ਹਰਿ ਕੈ ਨਾਮਿ ਸਗਲ ਉਧਾਰਿ॥੪॥**

[ਰਾਮਕਲੀ ਮਹਲਾ ੫, ਅੰਗ ੯੧੪]

## *ਅੰਧੁਲੇ ਤ੍ਰਿਭਵਣ ਸੁਝਿਆ; ਗੁਰ ਭੇਟਿ ਪੁਨੀਤਾ॥੧॥*

ਪੁਨੀਤਾ=ਪਵਿੱਤਰ ਸੁਧ ਸਰੂਪ ਵਾਲੇ ਗੁਰਾਂ ਦੇ ਮਿਲਣ ਕਰਕੇ ਪ੍ਰਤੱਖ ਅੰਨ੍ਹੇ ਪੁਰਸ਼ ਨੂੰ ਸੁਝਿਆ=ਦਿਖਣ ਲੱਗ ਜਾਂਦਾ ਹੈ, ਭਾਵ ਸੁਜਾਖਾ ਹੋ ਜਾਂਦਾ ਹੈ। ਇਹ ਗੱਲ ਤ੍ਰਿਭਵਣ=ਤਿੰਨਾਂ ਲੋਕਾਂ ਵਿੱਚ ਪ੍ਰਸਿੱਧ ਹੈ ਕਿ ਸਤਿਗੁਰੂ ਦੀ ਐਸੀ ਸਮਰੱਥਾ ਹੈ।

**ਦੂਜਾ ਅਰਥ**—ਅੰਧੁਲੇ=ਜਿਨ੍ਹਾਂ ਕੋਲ ਗਿਆਨ, ਬੈਰਾਗ ਰੂਪ ਅੱਖਾਂ ਨਹੀਂ ਹਨ, ਉਨ੍ਹਾਂ ਪੁਰਸ਼ਾਂ ਨੂੰ ਤਿੰਨਾਂ ਭਵਨਾਂ ਦੀ ਅੰਤਰਜਾਤਮਾ ਭਾਵ ਸੁਝ ਆ ਜਾਂਦੀ ਹੈ, ਵਾ—ਤਿੰਨੇ ਭਵਨ ਮਿਥਿਆ ਰੂਪ ਕਰਕੇ ਸੁਝਦੇ ਹਨ, ਅਥਵਾ:—ਤਿੰਨੇ ਭਵਨ ਬ੍ਰਹਮ ਰੂਪ ਕਰਕੇ ਸੁਝ ਆਉਂਦੇ ਹਨ ਭਾਵ ਤਿੰਨੇ ਲੋਕਾਂ ਦੇ ਵਿੱਚ ਬ੍ਰਹਮ ਦੀ ਵਿਆਪਕਤਾ ਦੇਖ ਸਕਦੇ ਹਨ॥੧॥

## *ਮਹਿਮਾ ਸਾਧੂ ਸੰਗ ਕੀ; ਸੁਨਹੁ ਮੇਰੇ ਮੀਤਾ॥*

ਹੇ ਮੇਰੇ ਮੀਤਾ=ਮਿਤ੍ਰੋ! ਸਾਧੂਆਂ ਦੀ ਸੰਗਤ ਦੀ ਮਹਿਮਾ ਸੁਣੋ। ਅਗਲੀ ਤੁਕ ਵਿੱਚ ਦੱਸਦੇ ਹਨ।

## *ਮੈਲੁ ਖੋਈ ਕੋਟਿ ਅਘ ਹਰੇ; ਨਿਰਮਲ ਭਏ ਚੀਤਾ॥੧॥ਰਹਾਉ॥*

ਸਾਧੂਆਂ ਦੀ ਸੰਗਤ ਕਰਕੇ ਰਾਗ, ਦਵੈਸ਼ ਰੂਪੀ ਮੈਲ ਖੋਈ=ਨਾਸ਼ ਹੋ ਜਾਂਦੀ ਹੈ ਕੋਟਿ=ਕ੍ਰੋੜਾਂ ਅਘ=ਪਾਪ ਹਰੇ=ਦੂਰ ਹੋ ਜਾਂਦੇ ਹਨ। ਅਤੇ ਮਨ, ਬੁੱਧ, ਚਿੱਤ ਆਦਿਕ ਸਭ ਨਿਰਮਲ ਭਏ=ਹੋ ਜਾਂਦੇ ਹਨ॥੧॥ਰਹਾਉ॥ ਜੈਸਾ ਕਿ:

੧. **ਸਾਧ ਸੰਗਿ ਪਾਪਾ ਮਲੁ ਖੋਵੈ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੭੪]

੨. **ਸਾਧ ਕੈ ਸੰਗਿ ਮੁਖ ਊਜਲ ਹੋਤ॥ ਸਾਧ ਸੰਗਿ ਮਲੁ ਸਗਲੀ ਖੋਤ॥**

[ਗਉੜੀ ਸੁਖਮਨੀ ਮਹਲਾ ੫, ਅੰਗ ੨੭੧]

**੩. ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥** [ਸੋਰਠਿ ਮਹਲਾ ੫, ਅੰਗ ੬੨੫]

## *ਐਸੀ ਭਗਤਿ ਗੋਵਿੰਦ ਕੀ; ਕੀਟਿ ਹਸਤੀ ਜੀਤਾ॥*

(ਗੋ+ਵਿੰਦ)ਗੋ=ਬੇਦਾਂ ਕਰਕੇ ਵਿੰਦ=ਜਾਣਨੇਯੋਗ ਪ੍ਰਮੇਸ਼ਰ ਦੀ ਐਸੀ=ਇਹੋ ਜਿਹੀ ਭਗਤੀ ਹੈ, ਜਿਸਦੀ ਮਦਦ ਨਾਲ ਪ੍ਰਤੱਖ ਕੀਟਿ=ਕੀੜੇ ਨੇ ਹਾਥੀ ਨੂੰ ਜਿੱਤ ਲਿਆ। ਜੈਸਾ ਕਿ :

**੧. ਕਰਤਾ ਰਾਖੈ ਕੀਤਾ ਕਉਨੁ॥ ਕੀਰੀ ਜੀਤੋ ਸਗਲਾ ਭਵਨੁ॥** [ਰਾਮਕਲੀ ਮਹਲਾ ੫, ਅੰਗ ੮੮੮]

**੨. ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥** [ਵਾਰ ਮਾਝ ਮਹਲਾ ੧, ਅੰਗ ੧੪੪]

**੩. ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥**
[ਗਉੜੀ ਮਹਲਾ ੫, ਅੰਗ ੨੮੫]

**ਦੂਜਾ ਅਰਥ—**ਗੋਵਿੰਦ ਪ੍ਰਮੇਸ਼ਰ ਦੀ ਐਸੀ ਭਗਤੀ ਹੈ, ਗ਼ਰੀਬ ਘਰਾਣਿਆਂ ਵਿੱਚ ਪੈਦਾ ਹੋ ਕੇ ਭਗਤੀ ਕਰਨ ਵਾਲਿਆਂ ਨੇ ਬੜੇ ਬੜੇ ਰਾਜਿਆਂ ਨੂੰ ਜਿੱਤ ਲਿਆ, **ਵਾ:** ਆਪਣੇ ਪੈਰੀਂ ਪਾ ਲਿਆ, **ਵਾ:** ਬ੍ਰਹਮਾ ਕਾਰ ਬਿਰਤੀ ਰੂਪ ਕੀੜੀ ਨੇ ਮਨ ਰੂਪੀ ਹਾਥੀ ਨੂੰ ਜਿਤ ਲਿਆ, **ਵਾ:** ਕੀੜੀ ਵਤ ਬਿਬੇਕ ਨੇ ਅਗਿਆਨ ਰੂਪ ਹਾਥੀ ਨੂੰ ਜਿਤ ਲਿਆ।

## *ਜੋ ਜੋ ਕੀਨੋ ਆਪਨੋ; ਤਿਸੁ ਅਭੈ ਦਾਨੁ ਦੀਤਾ॥੨॥*

ਜਿਸ ਜਿਸ ਨੂੰ ਵਾਹਿਗੁਰੂ ਨੇ ਆਪਨਾ ਦਾਸ ਬਣਾਉਣਾ ਕੀਤਾ ਹੈ ਭਾਵ ਆਪਣਾ ਦਾਸ ਬਣਾ ਲਿਆ ਹੈ, ਤਿਸੁ=ਉਸਨੂੰ ਅਭੈ=ਨਿਰਭੈਤਾ ਦਾ ਦਾਨ ਦਿੱਤਾ ਹੈ॥੨॥ ਜੈਸਾ ਕਿ :

**੧. ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ॥** [ਮਾਰੂ ਮਹਲਾ ੫, ਅੰਗ ੧੦੦੦]

**੨. ਚਰਨ ਕਮਲ ਦੀ ਓਟ ਉਧਰੇ ਸਗਲ ਜਨ॥**
**ਸੁਣਿ ਪ੍ਰਤਾਪ ਗੋਵਿੰਦ ਨਿਰਭਉ ਭਏ ਮਨ॥** [ਵਾਰ ਜੈਤਸਰੀ ਮਹਲਾ ੫, ਅੰਗ ੭੦੯]

## *ਸਿੰਘੁ ਬਿਲਾਈ ਹੋਇ ਗਇਓ; ਤ੍ਰਿਣੁ ਮੇਰੁ ਦਿਖੀਤਾ॥*

ਪ੍ਰਤੱਖ ਸਿੰਘੁ=ਸ਼ੇਰ ਬਿਲਾਈ=ਬਿੱਲੀ ਵਾਂਗ ਭੈਅ ਮੰਨਣ ਵਾਲਾ ਹੋ ਗਿਆ ਤ੍ਰਿਣੁ=ਘਾਹ ਸੁਮੇਰ ਪਰਬੱਤ ਦੇ ਬਰਾਬਰ ਦਿਖਣ ਲੱਗ ਪਿਆ। ਇਸੇ ਤਰ੍ਹਾਂ ਜੋ ਹੰਕਾਰੀ ਪੁਰਸ਼ ਸੀ ਉਹ ਸਾਧੂਆਂ ਦੀ ਸੰਗਤ ਕਰਕੇ ਬਿੱਲੀ ਦੀ ਤਰ੍ਹਾਂ ਨਿੰਮ੍ਰਤਾ ਵਾਲਾ ਹੋ ਗਿਆ, **ਅਥਵਾ** ਕ੍ਰੋਧ, **ਵਾ:** ਹੰਕਾਰ ਰੂਪੀ ਸ਼ੇਰ ਬਿੱਲੀ ਦੀ ਨਿਆਈਂ ਤੁਛ ਹੋ ਗਿਆ। **ਵਾ:** ਬਿੱਲੀ ਤੋਂ ਸ਼ੇਰ ਹੋ ਗਿਆ ਭਾਵ ਜੀਵ ਤੋਂ ਬ੍ਰਹਮ ਹੋ ਗਿਆ। **ਵਾ:** ਸਿੰਘੁ ਭਾਵ ਦੇਹ ਅਭਿਮਾਨ, **ਵਾ:** ਕਾਲ ਰੂਪੀ ਸ਼ੇਰ ਬਿੱਲੀ ਦੀ ਨਿਆਈਂ ਕਮਜ਼ੋਰ ਹੋ ਗਿਆ। ਮੇਰੁ=ਸੁਮੇਰ ਪਰਬਤ ਸਮਾਨ ਜੋ ਸੰਸਾਰ ਦਿਖਾਈ ਦਿੰਦਾ ਸੀ, ਉਹ ਤ੍ਰਿਣੁ=ਕੱਖ ਸਮਾਨ ਤੁਛ ਦਿਖਾਈ ਦੇਣ ਲੱਗ ਪਿਆ, **ਵਾ:** ਜੋ ਤ੍ਰਿਣ ਸਮਾਨ ਮਨ ਡੋਲਦਾ ਫਿਰਦਾ ਸੀ, ਉਹ ਸੁਮੇਰ ਪਰਬੱਤ ਵਾਂਗ ਅਚੱਲ ਹੋ ਗਿਆ, **ਵਾ:** ਜੋ ਜੀਵ ਤ੍ਰਿਣੁ=ਕੱਖ ਦੀ ਨਿਆਈਂ ਆਪਣੇ ਆਪ ਨੂੰ ਛੋਟਾ, ਕਮਜ਼ੋਰ, ਕਰਤਾ ਭੋਗਤਾ ਮੰਨਦਾ ਸੀ, ਉਹ ਮੇਰੁ=ਸੁਮੇਰ ਪਰਬੱਤ ਰੂਪ ਅਚੱਲ ਬ੍ਰਹਮ ਦਾ ਰੂਪ ਹੀ ਦੇਖਣ ਵਿੱਚ ਆ ਗਿਆ ਭਾਵ ਬ੍ਰਹਮ ਰੂਪ ਹੀ ਹੋ ਗਿਆ।

## *ਸੂਮੁ ਕਰਤੇ ਦਮ ਆਢ ਕਉ; ਤੇ ਗਨੀ ਧਨੀਤਾ॥੩॥*

ਜੋ ਦਮ ਆਢ=ਅੱਧੀ ਦਮੜੀ (ਦਮ) ਪੈਸੇ ਦਾ ਅਠਤਾਲੀਵਾਂ ਹਿੱਸਾ ਭਾਵ ਜੋ ਕੌਡੀ-ਕੌਡੀ ਵਾਸਤੇ ਸੂਮੁ=ਕਸ਼ਟ ਸਹਾਰਦੇ ਸਨ, ਉਹ ਹੁਣ ਧਨੀਤਾ=ਧਨਾਢ ਗਨੀ=ਗਿਣੇ ਜਾਂਦੇ ਹਨ, **ਵਾ:** ਜੋ ਸਕਾਮੀ ਪੁਰਸ਼ ਰਿੱਧੀਆਂ-ਸਿੱਧੀਆਂ,

**ਵਾ**: ਕਾਮਨਾ ਰੂਪ ਅੱਧੀ ਦਮੜੀ ਵਾਸਤੇ ਕਸ਼ਟ ਸਹਾਰਦੇ ਸਨ। ਉਹ ਹੁਣ ਨਿਸਕਾਮੀ ਹੋ ਕੇ ਨਾਮ ਧਨ ਵਾਲੇ, **ਵਾ**: ਆਤਮਾ ਦੀ ਪ੍ਰਾਪਤੀ ਰੂਪ ਧਨ ਵਾਲੇ ਹੋ ਗਏ ਹਨ। ਜਿਸ ਤਰ੍ਹਾਂ ਨਾਮਦੇਵ ਜੀ ਬਾਰੇ ਫ਼ੁਰਮਾਨ ਆਇਆ ਹੈ। ਜੈਸਾ ਕਿ :

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥**
**ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ਰਹਾਉ॥** [ਆਸਾ ਮਹਲਾ ੫, ਅੰਗ ੪੮੭]

## *ਕਵਨ ਵਡਾਈ ਕਹਿ ਸਕਉ; ਬੇਅੰਤ ਗੁਨੀਤਾ॥*

ਪ੍ਰਮੇਸ਼ਰ ਦੇ ਪਿਆਰੇ ਸੰਤਾਂ ਵਿੱਚ ਬੇਅੰਤ ਗੁਨੀਤਾ=ਗੁਣ ਹਨ, ਮੈਂ ਕਿਸ ਤਰ੍ਹਾਂ ਵਡਿਆਈ ਕਹਿ ਸਕਦਾ ਹਾਂ ਭਾਵ ਸਤਿਪੁਰਸ਼ਾਂ ਦੇ ਬੇਅੰਤ ਗੁਣ ਕਥਨੀ ਵਿੱਚ ਨਹੀਂ ਆ ਸਕਦੇ। ਜੈਸਾ ਕਿ :

**ਸਲੋਕੁ॥ ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥**
**ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥੧॥**
[ਗਉੜੀ ਮਹਲਾ ੫, ਅੰਗ ੨੭੧]

## *ਕਰਿ ਕਿਰਪਾ ਮੋਹਿ ਨਾਮੁ ਦੇਹੁ; ਨਾਨਕ ਦਰ ਸਰੀਤਾ॥੪॥੭॥੩੭॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਦਾ ਦਾਨ ਦੇਣਾ ਕਰੋ, ਮੈਂ ਆਪ ਜੀ ਦੇ ਦਰ ਦਾ ਸਰੀਤਾ=ਗੋਲਾ ਹਾਂ। **ਵਾ**: ਦਰਸ਼ਨ ਦੇਣਾ ਹੀ ਆਪ ਜੀ ਦੀ ਰੀਤੀ ਹੈ। **ਵਾ**: ਮੈਂ ਆਪ ਜੀ ਦੇ ਦਰ ਦਾ ਸਰੀਤਾ=ਕੂਕਰ ਹਾਂ, **ਵਾ**: ਮੈਂ ਸੁਭ ਗੁਣਾਂ ਤੋਂ ਰੀਤਾ=ਖ਼ਾਲੀ ਹਾਂ, ਮੈਨੂੰ ਦਰਸ=ਦਰਸ਼ਨ ਦੇਣਾ ਕਰੋ॥੪॥੭॥੨੭॥

**ਨੋਟ** :—ਮੁਖ ਪਾਠ ਪਹਿਲਾ (ਦਰ ਸਰੀਤਾ) ਹੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕਾ ਫ਼ਤਹਿ॥

ਮੁਖਵਾਕ ਨੰਬਰ ੧੮੧ [ਆਦਿ ਅੰਗ ੮੧੧]

***ਬਿਲਾਵਲੁ ਮਹਲਾ ੫ ॥ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥ ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ ॥੧॥ਰਹਾਉ॥ ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥੨॥ ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥ ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥ ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥***

## *ਬਿਲਾਵਲੁ ਮਹਲਾ ੫ ॥*

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਪਰਮ ਪਵਿੱਤਰ ਉਪਦੇਸ਼ ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਜਿਸ ਵਿੱਚ ਜਗਿਆਸੂ ਨੂੰ ਸੇਵਾ ਕਰਨ ਲਈ ਉਤਸ਼ਾਹਿਤ ਕਰਦੇ ਹੋਏ ਫ਼ੁਰਮਾਨ ਕਰਦੇ ਹਨ।

## *ਪਾਣੀ ਪਖਾ ਪੀਸੁ ਦਾਸ ਕੈ; ਤਬ ਹੋਹਿ ਨਿਹਾਲੁ ॥*

ਵਾਹਿਗੁਰੂ ਦੇ ਦਾਸਾਂ ਕੋਲ ਜਾ ਕੇ ਜਲ ਢੋਣ ਦੀ ਸੇਵਾ ਕਰਨੀ, ਪੱਖਾ ਝੱਲਣਾ, ਪੀਸੁ=ਚੱਕੀ ਵਿੱਚ ਦਾਣੇ ਪੀਹ ਕੇ ਲੰਗਰ ਲਈ ਆਟਾ ਤਿਆਰ ਕਰਨਾ, ਭਾਵ ਸਭ ਤਰ੍ਹਾਂ ਦੀ ਸੇਵਾ ਕਰਕੇ ਨਿਹਾਲ ਹੋਹਿ=ਹੋਵੇਂਗਾ। ਸੋ ਇਸ ਤੁਕ ਵਿੱਚ ਨਿਸ਼ਕਾਮ ਸੇਵਾ ਕਰਕੇ ਅੰਤਸ਼ਕਰਣ ਦੀ ਸ਼ੁਧੀ ਦਾ ਜੋ ਸਾਧਨ ਹੈ, ਜਗਿਆਸੂ ਨੂੰ ਉਸਦੀ ਪ੍ਰੇਰਨਾ ਕੀਤੀ ਹੈ। ਗੁਰਬਾਣੀ ਵਿੱਚ ਇਸ ਦੇ ਹੋਰ ਭੀ ਪ੍ਰਮਾਣ ਮਿਲਦੇ ਹਨ। ਜੈਸਾ ਕਿ :

੧. **ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥**
**ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥** [ਗੂਜਰੀ ਮਹਲਾ ੫, ਅੰਗ ੫੧੮]

੨. **ਪਖਾ ਫੇਰੀ ਪਾਣੀ ਢੋਵਾ ਹਰਿਜਨ ਕੈ ਪੀਸਣੁ ਪੀਸਿ ਕਮਾਵਾ ॥**
**ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥** [ਸੂਹੀ ਮਹਲਾ ੫, ਅੰਗ ੭੪੯]

੩. **ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥** [ਧਨਾਸਰੀ ਮਹਲਾ ੫, ਅੰਗ ੬੭੩]

੪. **ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥** [ਆਸਾ ਮਹਲਾ ੫, ਅੰਗ ੩੯੧]

੫. **ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥** [ਮਾਰੂ ਮਹਲਾ ੫, ਅੰਗ ੧੦੭੮]

੬. **ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥** [ਮਾਝ ਮਹਲਾ ੫, ਅੰਗ ੧੦੧]

੭. **ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ ॥**
**ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਂਮਤੁ ਪਾਵੈ ॥** [ਭਾ: ਗੁਰਦਾਸ ਜੀ, ਵਾਰ ੬, ਪਉੜੀ ੧੨]

ਸੋ, ਗੁਰਮਤਿ ਦੇ ਸਿਧਾਂਤ ਅਨੁਸਾਰ ਸੇਵਾ ਸਿੱਖੀ ਦਾ ਇੱਕ ਬੜਾ ਜ਼ਰੂਰੀ ਅੰਗ ਹੈ। ਜਿਸਦਾ ਇਹ ਅੰਗ ਕਮਜ਼ੋਰ ਹੋਵੇ, ਉਤਨਾ ਹੀ ਉਹ ਗੁਰਸਿੱਖੀ ਵਿੱਚ ਕਮਜ਼ੋਰ ਸਮਝਿਆ ਜਾਂਦਾ ਹੈ। ਇਸ ਧਰਤੀ 'ਤੇ ਜੇ ਪ੍ਰਮੇਸ਼ਰ ਭੀ ਮਨੁੱਖੀ

ਜਾਮੇ ਵਿੱਚ ਸਰਗੁਣ ਸਰੂਪ ਧਾਰਨ ਕਰਕੇ ਆਇਆ, ਭਾਵੇਂ ਉਹ ਅਵਤਾਰਾਂ ਦੇ ਰੂਪ ਵਿੱਚ ਆਇਆ, ਭਾਵੇਂ ਗੁਰੂ-ਪੀਰਾਂ ਦੇ, ਸਭ ਦੇ ਜੀਵਨ ਵਿੱਚ ਸੇਵਾ ਦਾ ਇੱਕ ਪੱਖ ਬੜਾ ਨਿਰਾਲਾ ਨਜ਼ਰ ਆ ਰਿਹਾ ਹੈ। ਤ੍ਰੇਤੇ ਯੁੱਗ ਵਿੱਚ ਰਾਮ ਰੂਪ ਹੋ ਕਰਕੇ ਗੁਰੂ-ਕੁਲ ਵਿੱਚ ਇੱਕ ਆਮ ਸਾਧਾਰਣ ਬੱਚਿਆਂ ਦੀ ਤਰ੍ਹਾਂ ਲੱਕੜਾਂ ਢੋਣ, ਪਾਣੀ ਭਰਨ ਤੇ ਪੱਖਾ ਝੱਲਣ ਨਾਨ੍ਹਾ ਪ੍ਰਕਾਰ ਦੀ ਸੇਵਾ ਵਿਦਿਆ ਕਾਲ ਵਿੱਚ ਕਰਦੇ ਰਹੇ। ਜੇ ਦੁਆਪਰ ਦੇ ਜੁਗ ਵਿਚ ਭਗਵਾਨ ਕ੍ਰਿਸ਼ਨ ਰੂਪ ਹੋ ਕਰਕੇ ਆਏ। ਵਿਦਿਆ ਕਾਲ ਵਿਚ ਗੁਰ-ਭਾਈਆਂ ਨਾਲ ਮਿਲ ਕੇ ਗੁਰ ਸੇਵਾ ਕਰਦੇ ਰਹੇ ਅਤੇ ਫਿਰ ਇਸੇ ਸੁਭਾਅ ਅਨੁਸਾਰ ਪਾਂਡਵਾਂ ਦੇ ਯੱਗ ਵੇਲੇ ਜਦੋਂ ਜ਼ੁੰਮੇਵਾਰੀਆਂ ਵੱਖਰੀਆਂ-ਵੱਖਰੀਆਂ ਵੰਡੀਆਂ ਤਾਂ ਭਗਵਾਨ ਕ੍ਰਿਸ਼ਨ ਜੀ ਨੇ ਮੰਗ ਕੇ ਇਹ ਸੇਵਾ ਲਈ ਕਿ ਜਦੋਂ ਰਾਜ ਭਵਨ ਵਿੱਚ ਮਹਾਂਪੁਰਸ਼ ਆਉਣ ਤਾਂ ਉਹਨਾਂ ਦੇ ਚਰਣ ਧੋਣ ਦੀ ਅਤੇ ਆਪਣੇ ਪੀਤੰਬਰ ਨਾਲ ਚਰਣਾਂ ਨੂੰ ਸਾਫ਼ ਕਰਨ ਦੀ ਸੇਵਾ ਆਪਣੇ ਜ਼ਿੰਮੇ ਲੈ ਕੇ ਨਿਭਾਈ ਤੇ ਸਾਧੂਆਂ ਦੀਆਂ ਜੂਠੀਆਂ ਪੱਤਲਾਂ ਆਪਣੇ ਹੱਥਾਂ ਨਾਲ ਚੁੱਕੀਆਂ। ਸੋ, ਇਹ ਸਭ ਕੁਝ ਇਸ ਲਈ ਸੀ ਕਿ ਪਰਮਾਰਥ ਦੇ ਰਸਤੇ 'ਤੇ ਚੱਲਣ ਵਾਲੇ ਲੋਕ ਆਪਣੇ ਮੁੱਢਲੇ ਜੀਵਨ ਵਿੱਚ ਕਮਜ਼ੋਰ ਨਾ ਹੋ ਜਾਣ। ਉਨ੍ਹਾਂ ਨੂੰ ਪਤਾ ਹੋਵੇ ਕਿ ਸੇਵਾ ਕਿਤਨੀ ਮਹਾਨ ਹੈ, ਉਸਨੂੰ ਅਵਤਾਰ ਭੀ ਕਰਦੇ ਰਹੇ ਹਨ। ਸੋ, ਸਤਿਗੁਰੂ ਜੀ ਦਾ ਇਸੇ ਲਈ ਫ਼ੁਰਮਾਨ ਹੈ। ਜੈਸਾ ਕਿ :

**ਹਸਤ ਚਰਨ ਸੰਤ ਟਹਲ ਕਮਾਈਐ ॥** [ ਥਿਤੀ ਗਉੜੀ ਮਹਲਾ ੫, ਅੰਗ ੨੯੯]

ਸੋ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨਾਂ ਦੇ ਜੀਵਨ ਵਿੱਚ ਸੇਵਾ ਦੀ ਗੱਲ ਪ੍ਰਧਾਨ ਮੰਨੀ ਹੈ। ਅੱਠ ਦਿਨ ਦੇ ਭੁੱਖੇ ਸਾਧੂਆਂ ਨੂੰ ਲੰਗਰ ਦੇ ਕੇ ਤ੍ਰਿਪਤ ਕਰਨ ਨਾਲ, ਭਾਵੇਂ ਪਿਤਾ ਤੋਂ ਚਪੇੜਾਂ ਭੀ ਖਾਣੀਆਂ ਪਈਆਂ, ਪਰ ਸੇਵਾ ਦਾ ਸੁਭਾਵ ਨਹੀਂ ਛਡਿਆ। ਆਪਣੇ ਗੁਰਸਿੱਖਾਂ ਨੂੰ ਸਤਿਪੁਰਸ਼ਾਂ ਦੀ ਸੇਵਾ ਵੱਲ ਪ੍ਰੇਰਿਆ ਤੇ ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਆਪਣੇ ਹੱਥੀਂ ਨਾਨ੍ਹਾ ਪ੍ਰਕਾਰ ਦੀ ਸੇਵਾ ਨਿਭਾਉਂਦੇ ਰਹੇ। ਸੇਵਾ ਕਾਲ ਦਾ ਜੀਵਨ, ਇਤਿਹਾਸ ਵਿੱਚ ਪੜ੍ਹ ਕੇ ਦੇਖੋ ਜਲ ਢੋਣਾ, ਲੰਗਰ ਦੇ ਲਈ ਕਰਤਾਰਪੁਰ ਸਾਹਿਬ, ਰਾਵੀ ਤੋਂ ਜਲ ਲਿਆਇਆ ਕਰਦੇ ਸਨ। ਗਰਮੀ ਦੀ ਰੁੱਤ ਵਿੱਚ ਪੱਖਾ ਝਲਣਾ, ਦਾਣੇ ਪੀਸ ਕੇ ਲੰਗਰ ਲਈ ਆਟਾ ਤਿਆਰ ਕਰਨਾ, ਫਿਰ ਨਿਹਾਲ, ਭਾਵ ਦੁਖਾਂ ਤੋਂ ਰਹਿਤ ਪਦਵੀ 'ਤੇ ਪਹੁੰਚੇ, ਗੁਰਤਾ ਗੱਦੀ ਦੇ ਮਾਲਕ ਬਣ ਗਏ। ਫਿਰ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਜਲ ਢੋਣ, ਪੱਖਾ ਝੱਲਣ ਤੇ ਚੱਕੀ ਵਿੱਚ ਦਾਣੇ ਪੀਸਣ ਬਿਰਧ ਅਵਸਥਾ ਦੀ ਇਹ ਸੇਵਾ ਦੇ ਚਿੰਨ੍ਹ ਅੱਜ ਵੀ ਮੌਜੂਦ ਹਨ, ਜੋ ੭੨ ਸਾਲ ਦੀ ਉਮਰ ਵਿੱਚ ਬਿਆਸਾ ਨਦੀ ਤੋਂ ਪਾਣੀ ਆਪਣੇ ਗੁਰਦੇਵ ਗੁਰੂ ਅੰਗਦ ਦੇਵ ਜੀ, ਤੇ ਲੰਗਰ ਵਾਸਤੇ ਲੈ ਕੇ ਆਇਆ ਕਰਦੇ ਸਨ। ਤਬ ਹੋਹਿ ਨਿਹਾਲੁ=ਨਿਹਾਲ ਪਦਵੀ 'ਤੇ ਸੁਸ਼ੋਭਿਤ ਹੋਏ। ਜੇ ਇਸੇ ਪੱਖ ਦੀਆਂ ਸਾਖੀਆਂ ਗੁਰਸਿੱਖ ਪ੍ਰਣਾਲੀ ਵਿੱਚ ਲਈਏ ਤਾਂ ਕੋਈ ਗਿਣਤੀ ਹੀ ਨਹੀਂ। ਭਾਈ ਮੰਝ ਵਰਗਿਆਂ ਦੀ ਸੇਵਾ ਜਗਤ ਪ੍ਰਸਿੱਧ ਗਾਥਾ ਹੈ ਅਤੇ ਅਨੇਕਾਂ ਸਿੱਖ ਜਗਤ ਦੇ ਮਹਾਂਪੁਰਸ਼ ਜਿਨ੍ਹਾਂ ਵਿੱਚ ਸੰਤ ਗਿਆਨੀ ਸੁੰਦਰ ਸਿੰਘ ਜੀ ਦੀ ਉਨ੍ਹਾਂ ਦੇ ਗੁਰਸਿੱਖੀ ਜੀਵਨ ਦੇ, ਮੁੱਢ ਦੀ ਇੱਕ ਕਥਾ ਮਿਲਦੀ ਹੈ।

**ਸਾਖੀ—ਸੰਤ ਗਿਆਨੀ ਸੁੰਦਰ ਸਿੰਘ ਜੀ ਦੀ—**ਭਿੰਡਰਾਂਵਾਲੇ ਮਹਾਂਪੁਰਸ਼ ਸੰਤ ਗਿਆਨੀ ਸੁੰਦਰ ਸਿੰਘ ਜੀ, ਜਿਨ੍ਹਾਂ ਦਾ ਜਨਮ ਸੰਤ ਬਾਬਾ ਖ਼ਜ਼ਾਨ ਸਿੰਘ ਜੀ ਦੇ ਘਰ ਭਿੰਡਰਕਲਾਂ ਵਿਖੇ ਹੋਇਆ। ਬਾਬਾ ਖ਼ਜ਼ਾਨ ਸਿੰਘ ਜੀ ਨੇ ੩੬ ਲੱਖ ਮੂਲਮੰਤ੍ਰ ਗਿਣ ਕੇ ਕੀਤਾ ਅਤੇ ੭ ਸਾਲ ਵਿੱਚ ਸਵਾ ਲੱਖ ਪਾਠ ਜਪੁਜੀ ਸਾਹਿਬ ਦਾ ਆਪਣੀ ਧਰਮ ਕਿਰਤ ਕਰਦਿਆਂ ਹੋਇਆ ਕੀਤਾ। ਸੋ, ਆਪਣੇ ਪੁੱਤਰ ਨੂੰ ਬੰਦਗੀ ਵਾਲੇ ਮਹਾਂਪੁਰਸ਼ ਬਨਾਉਣ ਦੇ ਨਾਲ-ਨਾਲ ਇੱਕ ਮਹਾਨ ਵਿਦਵਾਨ ਬਣਾਉਣ ਦੀ ਇੱਛਾ ਲੈ ਕੇ ਸੰਤ ਗਿਆਨੀ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਕੋਲ ਪਹੁੰਚੇ ਤੇ ਆਪਣੇ ਪੁੱਤਰ ਨੂੰ ਸੌਂਪ ਕੇ ਵਾਪਿਸ ਆਏ। ਭਾਵੇਂ ਉਸ ਵੇਲੇ ਸੰਤ ਗਿਆਨੀ ਸੁੰਦਰ ਸਿੰਘ ਜੀ ਹੋਰ ਬਹੁਤ ਸਾਰੇ ਗ੍ਰੰਥ ਅਧਿਐਨ ਕਰ ਚੁੱਕੇ ਸਨ, ਪਰ ਗੁਰੂ ਘਰ ਦੀ ਮਹਾਨ ਵਿਦਿਆ ਮੁਰਾਲੇ ਵਾਲੇ ਸੰਤਾਂ ਕੋਲੋਂ ਅਧਿਐਨ ਕਰਨੀ ਸ਼ੁਰੂ ਕੀਤੀ। ਵਿਦਿਆ ਅਧਿਐਨ ਦੇ ਨਾਲ-ਨਾਲ ਜਦੋਂ ਸੰਤ ਸੁੰਦਰ ਸਿੰਘ ਜੀ ਨੇ ਦੇਖਿਆ ਕਿ ਵਿਦਿਆ ਪੜ੍ਹਾਉਣ ਵਾਲੇ ਮਹਾਂਪੁਰਸ਼ ਸੇਵਾ ਦੀ ਮਹਾਨ ਘਾਲਣਾ ਘਾਲ ਰਹੇ ਹਨ। ਬੜੇ ਹੈਰਾਨ ਹੋਏ ਕਿ ਸਵੇਰੇ ਇੱਕ ਵਜੇ

ਉਠਦੇ ਹਨ। ਸੋ ਆਪਣੀ ਕਿਰਿਆ ਜੰਗਲ ਆਦਿ ਦੀ ਕਰਕੇ ਇਸ਼ਨਾਨ ਕਰਣ ਤੋਂ ਉਪਰੰਤ ਇੱਕ ਵੱਡਾ ਹੌਦ ਪਾਣੀ ਦਾ ਚੁਭੱਚਾ ਆਪ ਹਲਟੀ ਗੇੜ ਕੇ ਭਰਦੇ ਹਨ। ਫੇਰ ਗੁਰਦੁਆਰੇ ਦੀ ਸਾਰੀ ਵਿਛਾਈ ਝਾੜ ਕੇ ਸਫ਼ਾਈ ਕਰਣ ਤੋਂ ਉਪਰੰਤ ਫਿਰ ਪੰਜ ਇਸ਼ਨਾਨਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੰਦੇ ਹਨ ਤੇ ਫਿਰ ਸਿੰਘਾਂ ਨੂੰ ਉਠਾ ਕੇ ਇਸ਼ਨਾਨ ਕਰਨ ਦੀ ਪ੍ਰੇਰਨਾ ਕਰਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਕਰਦੇ ਹਨ। ਨਿਤਨੇਮ ਤੋਂ ਉਪਰੰਤ ਜਥੇ ਦੇ ਸਿੰਘ ਜਦੋਂ ਆਸਾ ਦੀ ਵਾਰ ਦਾ ਕੀਰਤਨ ਕਰਨ ਲਈ ਦਰਬਾਰ ਸਾਹਿਬ ਵਿੱਚ ਹਾਜ਼ਰ ਹੋ ਜਾਂਦੇ ਹਨ ਤਾਂ ਫਿਰ ਮਹਾਂਪੁਰਸ਼ ਲੰਗਰ ਵਿੱਚ ਪਹੁੰਚ ਕੇ ਦਾਣੇ ਚੱਕੀ ਵਿੱਚ ਪਾ ਕੇ ਜਿਤਨਾ ਲੰਗਰ ਵਿੱਚ ਹਰ ਰੋਜ਼ ਦਾ ਦਾ ਆਟਾ ਲਗਦਾ ਸੀ, ਉਹ ਤਿਆਰ ਕਰਦੇ ਤੇ ਉਧਰ ਆਸਾ ਦੀ ਵਾਰ ਦਾ ਭੋਗ ਪੈਂਦਾ। ਇਧਰ ਚੱਕੀ ਦੀ ਸੇਵਾ ਪੂਰੀ ਕਰਨ ਤੋਂ ਉਪਰੰਤ ਫੇਰ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੇ ਤੇ ਸਿੰਘਾਂ ਨੂੰ ਅਰਥ ਪੜ੍ਹਾਉਂਦੇ, ਉਸ ਤੋਂ ਉਪਰੰਤ ਸਿੰਘਾਂ ਨੂੰ ਸੰਥਿਆ ਕਰਾ ਕੇ ਸਵੇਰ ਦਾ ਲੰਗਰ ਆਦਿ ਛੱਕ ਕੇ ਥੋੜ੍ਹਾ ਜਿਹਾ ਆਰਾਮ ਕਰਕੇ ਫੇਰ ਜੰਗਲ ਵਿੱਚ ਇਕਾਂਤ ਕਈ ਘੰਟੇ ਤਕ ਸਮਾਧੀ ਸਥਿਰ ਰਹਿੰਦੇ। ਵਾਪਸ ਆ ਕੇ ਇਤਿਹਾਸ ਦੀ ਕਥਾ; ਸ਼ਾਮ ਨੂੰ ਰਹਿਰਾਸ ਤੇ ਸ਼ਾਮ ਦਾ ਲੰਗਰ ਵਰਤਣ ਤੋਂ ਉਪਰੰਤ ਬਰਤਨਾਂ ਦੀ ਸੇਵਾ-ਸੰਭਾਲ ਕਰ ਕਰਾ ਕੇ ਦਸ ਵਜੇ ਆਰਾਮ ਕਰਦੇ ਤਿੰਨ ਘੰਟੇ ਆਰਾਮ ਕਰਨ ਤੋਂ ਉਪਰੰਤ ਫਿਰ ਉਹੀ ਨਿਤਨੇਮ ਸ਼ੁਰੂ ਹੋ ਜਾਂਦਾ। ਇਹ ਸਭ ਕੁਝ ਦੇਖ ਕੇ ਸੰਤ ਸੁੰਦਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਮਹਾਂਪੁਰਸ਼ਾਂ ਨੂੰ ਬੇਨਤੀ ਕਰਕੇ ਪਾਣੀ ਭਰਨ ਦੀ ਸੇਵਾ ਆਪਣੇ ਜ਼ਿੰਮੇ ਲਈ। ਫੇਰ ਇੱਕ-ਇੱਕ ਕਰਕੇ ਗੁਰਦੁਆਰੇ ਸਾਹਿਬ ਦੀ ਸਫ਼ਾਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ ਸੇਵਾ, ਚੱਕੀ ਪੀਸਣ, ਗਰਮੀ ਦੀ ਰੁੱਤ ਵਿੱਚ ਪੱਖਾ ਝੱਲਣ ਜੋ ਮੰਗ-ਮੰਗ ਕੇ ਸਾਰੀਆਂ ਸੇਵਾ ਆਪਣੇ ਜ਼ਿੰਮੇ ਲੈ ਲਈਆਂ ਤਾਂ ਸੰਤ ਗਿਆਨੀ ਬਿਸ਼ਨ ਸਿੰਘ ਜੀ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਨੇ ਬਚਨ ਕੀਤਾ। ਕਹਿਣ ਲੱਗੇ ਕਿ ਗਿਆਨੀ ਸਿੰਘਾ ਤੂੰ ਮੇਰੇ ਕੋਲ ਕੁਛ ਨਹੀਂ ਛੱਡੇਗਾ। ਮੇਰਾ ਤਾਂ ਸਭ ਕੁਛ ਲੈ ਲਿਆ ਹੈ, ਮੈਂ ਤੇਰੇ 'ਤੇ ਬੜਾ ਪ੍ਰਸੰਨ ਹਾਂ। ਗੁਰੂ ਤੈਨੂੰ ਨਿਹਾਲ ਕਰੇਗਾ, ਕਿਉਂਕਿ ਤੂੰ ਗੁਰੂ ਅਰਜਨ ਸਾਹਿਬ ਜੀ ਦਾ ਇਹ ਬਚਨ ਮੰਨਿਆ ਕਿ "**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**" [ਅੰਗ ੯੧੧] ਸੋ ਇਹ ਕਹਿ ਕੇ ਮਹਾਂਪੁਰਸ਼ ਬਹੁਤਾ ਇਕਾਂਤ ਵਿੱਚ ਰਹਿਣ ਲੱਗੇ। ਸੰਤ ਬਾਬਾ ਬਿਸ਼ਨ ਸਿੰਘ ਜੀ ਇਤਨੇ ਸਾਦਗੀ ਵਿੱਚ ਰਿਹਾ ਕਰਦੇ ਸਨ ਕਿ ਪਾਣੀ ਭਰਣ ਲਈ ਗੜਵਾ ਰੱਖਣ ਦੀ ਥਾਂ ਇੱਕ ਟਿੰਡ ਰੱਖੀ ਹੋਈ ਸੀ। ਪਾਣੀ ਦੀ ਟਿੰਡ ਭਰ ਕੇ ਇਕਾਂਤ ਜੰਗਲ ਵਿੱਚ ਬੈਠੇ ਸਨ ਤੇ ਗਰਮੀ ਦੀ ਰੁੱਤ ਸੀ। ਸਿਮਰਨ ਭਜਨ ਦਾ ਅਨੰਦ ਲੈਂਦੇ ਪਾਣੀ ਦੀ ਪਿਆਸ ਲੱਗੀ, ਪਰ ਨਾਮ ਜਪਣ ਦੇ ਲਾਲਚ ਵਿੱਚ ਜਲ ਨਹੀਂ ਛੱਕ ਰਹੇ। ਬਾਰ-ਬਾਰ ਮਨ ਵਿੱਚ ਕਲਪਨਾ ਪਾਣੀ ਪੀਣ ਦੀ ਉਠਦੀ ਰਹੀ। ਥੋੜ੍ਹਾ ਜਿਹਾ ਨਾਮ ਸਿਮਰਨ ਦਾ ਰੰਗ ਫਿਕਾ ਪਿਆ, ਮਨ ਨੂੰ ਬੜਾ ਸਮਝਾਇਆ ਕਿ ਪਾਣੀ ਤੇਰੇ ਕੋਲ ਹੈ ਅਤੇ ਤੇਰੇ ਵਾਸਤੇ ਹੀ ਹੈ। ਪਰ ਫਿਰ ਭੀ ਮਨ ਵਿੱਚ ਪਾਣੀ ਦਾ ਫੁਰਨਾ ਉਠਦਾ ਰਿਹਾ। ਇੱਕ ਐਸਾ ਹਵਾ ਦਾ ਬੁਲਾ ਆਇਆ ਕਿ ਮਹਾਂਪੁਰਸ਼ਾ ਦੀ ਪਾਣੀ ਵਾਲੀ ਟਿੰਡ ਰੁੜ੍ਹ ਗਈ। ਆਪਣੇ ਮਨ ਨੂੰ ਕਹਿਣ ਲੱਗੇ ਕਿ ਹੁਣ ਦਸ ਕਿੰਨੇ ਚਿਰ ਦਾ ਦੁਖੀ ਕਰਦਾ ਸੀ ਕਿ ਹੁਣ ਭੀ ਤਾਂ ਸਰੇਗਾ। ਉਧਰ ਸੰਤ ਗਿਆਨੀ ਸੁੰਦਰ ਸਿੰਘ ਜੀ ਨੂੰ ਡੇਰੇ ਵਿੱਚ ਅਨੁਭਵ ਹੋਇਆ ਕਿ ਮਹਾਂਪੁਰਸ਼ ਪਾਣੀ ਦੇ ਪਿਆਸੇ ਹਨ। ਉਨ੍ਹਾਂ ਦਾ ਪਾਣੀ ਵਾਲਾ ਬਰਤਨ ਰੁੜ੍ਹ ਗਿਆ ਹੈ। ਉਹ ਡੇਰੇ ਤੋਂ ਜਲ ਲੈ ਕੇ ਜੰਗਲ ਵਿੱਚ ਹਾਜ਼ਰ ਹੋ ਗਏ। ਮਹਾਂਪੁਰਸ਼ਾ ਨੇ ਜਲ ਛਕਿਆ ਤੇ ਕਹਿਣ ਲੱਗੇ ਕਿ ਹੁਣ ਤੂੰ ਹਰ ਪ੍ਰਕਾਰ ਕਰਕੇ ਯੋਗ ਹੋ ਗਿਆ ਹੈਂ, ਸੇਵਾ ਦੀਆਂ ਬਰਕਤਾਂ ਨਾਲ ਰਿੱਧੀਆਂ-ਸਿੱਧੀਆਂ ਤੇਰੇ ਕੋਲ ਹਾਜ਼ਰ ਹੋ ਗਈਆਂ, ਜਿਸ ਦੁਆਰਾ ਤੈਨੂੰ ਮੇਰੀ ਪਾਣੀ ਵਾਲੀ ਟਿੰਡ ਡੁਲ੍ਹੀ ਦਾ ਪਤਾ ਲੱਗਿਆ। ਇਹ ਸਭ ਕੁਝ ਤੂੰ ਸੇਵਾ ਸਿਮਰਨ ਦੀਆਂ ਬਰਕਤਾਂ ਦੁਆਰਾ ਪ੍ਰਾਪਤ ਕੀਤਾ। ਸੋ ਹੁਣ ਮੈਂ ਆਪਣੀ ਕਮਾਈ ਵਿੱਚੋਂ ਤੈਨੂੰ ਗੁਰੂ ਸਾਹਿਬ ਦੇ ਪ੍ਰਤੱਖ ਦਰਸ਼ਨ ਕਰਾਉਣ ਲੱਗਾ ਹਾਂ। ਇਹ ਕਹਿ ਕੇ ਗੁਰੂ ਨਾਨਕ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਗੁਰੂ ਜੀ ਇਸ ਸੇਵਕ ਨੂੰ ਦਰਸ਼ਨ ਬਖ਼ਸ਼ੋ, ਜਿਸਨੇ ਪਾਣੀ, ਪੱਖਾ ਅਤੇ ਪੀਸਣ ਦੀ ਸੇਵਾ ਨਿਭਾਈ। ਇਸ ਨੂੰ ਨਿਹਾਲ ਕਰੋ। ਉਸੇ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋਏ। ਜਿਸ ਦਰਸ਼ਨਾਂ ਨੇ ਸੰਤ ਗਿਆਨੀ ਸੁੰਦਰ ਸਿੰਘ ਜੀ ਨੂੰ ਨਿਹਾਲ ਕਰ ਦਿੱਤਾ। ਇਸ ਲਈ ਗੁਰੂ ਅਰਜਨ ਸਾਹਿਬ ਜੀ ਪਾਣੀ, ਪੱਖਾ, ਚੱਕੀ ਪੀਸ ਕੇ ਨਿਹਾਲ ਹੋਣ ਦੀ ਗੱਲ ਮੁਖਵਾਕ

ਦੀ ਪਹਿਲੀ ਤੁਕ ਵਿੱਚ ਉਚਾਰਨ ਕਰਦੇ ਹਨ। ਸੋ, ਦੂਜਾ ਪੱਖ ਸੰਸਾਰ ਦੀ ਵਡਿਆਈ ਦਾ ਲੈ ਕੇ ਉਪਦੇਸ਼ ਦੇ ਰਹੇ ਹਨ ਕਿ ਸੇਵਾ ਦੇ ਮੁਕਾਬਲੇ ਵਿੱਚ ਕੋਈ ਰਾਜ ਦਾ ਸੁਖ ਭੀ ਨਹੀਂ ਹੋ ਸਕਦਾ।

## *ਰਾਜ ਮਿਲਖ ਸਿਕਦਾਰੀਆ; ਅਗਨੀ ਮਹਿ ਜਾਲੁ ॥੧॥*

ਬਲਕਿ ਪ੍ਰਤੱਖ ਰਾਜ-ਭਾਗ ਮਿਲਖ=ਜਗੀਰਾਂ ਸਿਕਦਾਰੀਆ=ਸਰਦਾਰੀਆਂ, ਨੰਬਰਦਾਰੀਆਂ, ਠਾਣੇਦਾਰੀਆਂ, ਪ੍ਰਤੱਖ ਅੱਗ ਵਿੱਚ, ਅਥਵਾ :—ਬ੍ਰਹਮ ਅਭਿਆਸ ਰੂਪ ਅੱਗ ਵਿੱਚ ਜਾਲੁ=ਸਾੜ੍ਹਨਾ ਕਰ, ਕਿਉਂਕਿ ਇਨ੍ਹਾਂ ਵਿੱਚ ਲੱਗ ਕੇ ਨਾਮ ਨਾਲੋਂ ਵਿਸਰਨਾ ਹੁੰਦਾ ਹੈ॥੧॥ ਜੈਸਾ ਕਿ :

੧. **ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥**
**ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥** [ਰਾਗ ਬਿਲਾਵਲੁ ਮਹਲਾ ੫, ਅੰਗ ੮੦੮]

੨. **ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥**
**ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥**
[ਵਾਰ ਮਲਾਰ ਕੀ ਮਹਲਾ ੧, ਅੰਗ ੧੨੯੦]

ਕਿਉਂਕਿ ਜਿਹੜਾ ਸੁਖ ਸੇਵਾ ਵਿੱਚ ਹੈ, ਉਹ ਰਾਜ ਵਿੱਚ ਨਹੀਂ ਹੋ ਸਕਦਾ। ਜੈਸਾ ਕਿ :

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ਰਹਾਉ॥**
[ਗਉੜੀ ਕਬੀਰ ਜੀ, ਅੰਗ ੩੩੬]

ਸੋ, ਰਾਜਸੀ ਲੋਕਾਂ ਦਾ ਤਿਆਗ ਕਰਨਾ ਦੱਸ ਕੇ ਅਗਲੀ ਤੁਕ ਵਿੱਚ ਫ਼ੁਰਮਾਨ ਕਰਦੇ ਹਨ :

## *ਸੰਤ ਜਨਾ ਕਾ ਛੋਹਰਾ; ਤਿਸੁ ਚਰਣੀ ਲਾਗਿ ॥*

ਸੰਤਾਂ ਮਹਾਂਪੁਰਸ਼ਾਂ ਦਾ ਜੋ ਛੋਹਰਾ=ਦਾਸ ਹੈ, ਉਸਦੀ ਚਰਨੀ ਲਾਗਿ=ਲਗਣਾ ਕਰ।

## *ਮਾਇਆਧਾਰੀ ਛਤ੍ਰਪਤਿ; ਤਿਨ੍ ਛੋਡਉ ਤਿਆਗਿ ॥੧॥ਰਹਾਉ॥*

ਜੋ ਮਾਇਆਧਾਰੀ=ਮਾਇਆ ਦੇ ਧਾਰਨ ਕਰਨ ਵਾਲਾ, ਜਿਸਦੀ ਮਾਇਆ ਧਾਰਨ ਕੀਤੀ ਹੋਈ ਹੈ ਛਤ੍ਰਪਤਿ=ਜੋ ਰਾਜੇ ਲੋਕ ਹਨ। ਛਤ੍ਰਪਤੀ ਰਾਜੇ ਤਿਨ੍=ਉਨ੍ਹਾਂ ਨੂੰ ਤਿਆਗ ਦੇਵੋ ਭਾਵ ਸੰਤਾਂ ਦਾ ਜੋ ਸੇਵਕ ਹੈ, ਉਸਦੇ ਚਰਨੀ ਲੱਗਣ ਨਾਲ ਤੁਹਾਨੂੰ ਨਿਮਰਤਾ ਅਤੇ ਭਗਤੀ ਦਾ ਲਾਭ ਪ੍ਰਾਪਤ ਹੋਵੇਗਾ। ਮਾਇਆਧਾਰੀ ਰਾਜਸੀ ਲੋਕਾਂ ਨਾਲ ਜੁੜਨ ਕਰਕੇ ਬਿਰਤੀ ਵਿੱਚ ਉਨ੍ਹਾਂ ਵਰਗੇ ਸੰਸਕਾਰ ਪੈਦਾ ਹੋ ਜਾਣਗੇ, ਇਸ ਲਈ ਉਨ੍ਹਾਂ ਦੇ ਤਿਆਗ ਦੀ ਗੱਲ ਕਹੀ ਹੈ।

## *ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ ॥*

ਸੰਤਾਂ ਮਹਾਂਪੁਰਸ਼ਾ ਦਾ ਜੋ ਰੂਖਾ ਦਾਣਾ ਹੈ ਭਾਵ ਅਣ-ਚੋਪੜਿਆ ਥੰਧੇ ਤੋਂ ਰਹਿਤ ਰੁੱਖਾ ਪ੍ਰਸਾਦਾ ਹੈ ਸੋ=ਉਹ ਸਰਬ=ਸਾਰੀਆਂ ਨਿਧਾਨਾ=ਨਿਧੀਆਂ ਦਾ ਖ਼ਜ਼ਾਨਾ ਹੈ ਭਾਵ ਅੰਮ੍ਰਿਤ ਸਮਾਨ ਹੈ। ਸੋ ਇਸੇ ਲਈ ਫ਼ਰੀਦ ਸਾਹਿਬ ਨੇ ਭੀ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥** [ਸਲੋਕ ਫਰੀਦ ਜੀ, ਅੰਗ ੧੩੭੯]

## *ਗ੍ਰਿਹਿ ਸਾਕਤ ਛਤੀਹ ਪ੍ਰਕਾਰ; ਤੇ ਬਿਖੂ ਸਮਾਨ ॥੨॥*

ਸਾਕਤ ਮਨਮੁਖ ਜੋ ਕਠੋਰ ਚਿਤ ਵਾਲੇ ਹਨ, ਉਨ੍ਹਾਂ ਦੇ ਘਰ ਵਿੱਚ ਜੋ ੩੬ ਪ੍ਰਕਾਰ ਦੇ ਭੋਜਨ ਹਨ, ਉਹ

ਬਿਖੁ=ਜ਼ਹਿਰ ਦੇ ਸਮਾਨ ਹਨ॥੨॥ ਇਸੇ ਲਈ ਗੁਰੂ ਸਾਹਿਬ ਜੀ ਨੇ ਇੱਕ ਜਗ੍ਹਾ ਹੋਰ ਭੀ ਐਸਾ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ॥** [ਸਲੋਕ ਮਹਲਾ ੪, ਅੰਗ ੧੨੪੬]

ਇਤਿਹਾਸ ਵਿੱਚ ਭੀ ਬੜੇ ਵਿਸਥਾਰ ਵਾਲੀ ਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ ਮਿਲਦੀ ਹੈ।

**ਸਾਖੀ—ਭਾਈ ਲਾਲੋ ਦੀ—**ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਐਮਨਾਬਾਦ ਭਾਈ ਲਾਲੋ ਤਰਖਾਣ ਦੇ ਘਰ ਠਹਿਰੇ। ਲੋਕਾਂ ਨੇ ਬੜੇ ਮਿਹਣੇ ਮਾਰੇ ਕਿ ਕੁਰਾਹੀਆ ਸ਼ੂਦਰਾਂ ਦੇ ਘਰ ਭੋਜਨ ਖਾਣ ਵਾਲਾ ਧਰਮ ਵਿਰੁੱਧ ਚਲਣ ਵਾਲਾ ਹੈ। ਉਹਨਾਂ ਹੀ ਦਿਨਾਂ ਵਿੱਚ ਮਲਕ ਭਾਗੋ ਨੇ ਬ੍ਰਹਮ ਭੋਜ ਮਾਲੂ ਪੂੜੇ, ਖੀਰ-ਕੜਾਹ ਆਦਿ ਬਣਾ ਕੇ ਲੋਕਾਂ ਦੀ ਸ਼ੁਹਰਤ ਪ੍ਰਾਪਤ ਕਰਨ ਲਈ ਸਾਧੂਆਂ ਬ੍ਰਾਹਮਣਾਂ ਨੂੰ ਇਸਦੇ ਨੌਕਰ ਲਿਆ-ਲਿਆ ਕੇ ਭੋਜਨ ਛਕਾ ਰਹੇ ਸਨ। ਜਦੋਂ ਪਤਾ ਲਗਿਆ ਕਿ ਲਾਲੋ ਤਰਖਾਣ ਦੇ ਘਰ ਜੋ ਫ਼ਕੀਰ ਠਹਿਰੇ ਹੋਏ ਹਨ, ਉਹ ਨਹੀਂ ਆਏ ਤਾਂ ਆਪਣੇ ਨੌਕਰ ਭੇਜ ਕੇ ਬੁਲਵਾਇਆ, ਮਹਾਰਾਜ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਮਲਕ ਭਾਗੋ ਨੇ ਸਖ਼ਤੀ ਨਾਲ ਲਿਆਉਣ ਦਾ ਹੁਕਮ ਦਿੱਤਾ। ਗੁਰੂ ਜੀ ਨਿਰੰਕਾਰ ਦੀ ਰਜਾ ਸਮਝ ਕੇ ਬ੍ਰਹਮ ਭੋਜ ਵਾਲੀ ਜਗ੍ਹਾ ਪਹੁੰਚੇ। ਮਲਕ ਭਾਗੋ ਨੇ ਕਿਹਾ ਕਿ ਆਉਣ ਤੋਂ ਇਨਕਾਰੀ ਕਿਉਂ ਸੀ ? ਤਾਂ ਮਹਾਰਾਜ ਨੇ ਕਿਹਾ ਕਿ ਤੇਰੇ ਕੋਲ ਇੰਨੇ ਬ੍ਰਾਹਮਣ ਅਤੇ ਫ਼ਕੀਰ ਭੋਜਨ ਛਕਣ ਲਈ ਪਹੁੰਚੇ ਹੋਏ ਹਨ, ਇੱਕ ਦੇ ਨਾ ਆਉਣ ਨਾਲ ਕੀ ਫ਼ਰਕ ਸੀ। ਹੁਣ ਭੀ ਮੈਂ ਤੇਰੇ ਹੁਕਮ ਨਾਲ ਨਹੀਂ, ਨਿਰੰਕਾਰ ਦੇ ਹੁਕਮ ਨਾਲ ਆਇਆ ਹਾਂ। ਮਲਕ ਭਾਗੋ ਨੇ ਕਿਹਾ ਕਿ ਜਦੋਂ ਸਾਰੇ ਆਉਣ ਇੱਕ ਇਨਕਾਰ ਕਿਉਂ ਕਰੇ ਕਿ ਮੈਂ ਨਹੀਂ ਜਾਂਦਾ। ਮਹਾਰਾਜ ਨੇ ਕਿਹਾ ਕਿ ਅੰਨ੍ਹੇ ਪੁਰਸ਼ ਦਾ ਕੀ ਕਸੂਰ ਹੈ, ਜਿਥੇ ਕੋਈ ਮਰਜ਼ੀ ਲੈ ਤੁਰੇ, ਉਸ ਨੂੰ ਖੂਹ-ਖਾਤਾ ਨਹੀਂ ਦਿਸਿਆ ਕਰਦਾ। ਪਰ ਜਿਸ ਦੇ ਨੇਤਰ ਹੋਣ ਉਹ ਕਿਸੇ ਦੇ ਕਹੇ ਤੋਂ ਖੂਹ ਵਿੱਚ ਨਹੀਂ ਡਿਗਦਾ, ਤੂੰ ਇਹ ਭੋਜਨ ਨਹੀਂ ਛਕਾ ਰਿਹਾ, ਇਨ੍ਹਾਂ ਫ਼ਕੀਰਾਂ ਨੂੰ ਖੂਹ ਵਿੱਚ ਸੁੱਟ ਰਿਹਾ ਹੈਂ, ਤੂੰ ਜੋ ਮਾਲੂ ਪੂੜਿਆਂ ਦਾ ਹੰਕਾਰ ਕਰਦਾ ਹੈਂ, ਭਾਈ ਲਾਲੋ ਦੇ ਪਿਆਰ ਦੇ ਭੋਜਨ ਨੂੰ ਤਰਖਾਣ ਦੀ ਸੁੱਕੀ ਰੋਟੀ ਦੱਸ ਕੇ ਇੱਕ ਕਿਰਤੀ ਦੀ ਕਿਰਤ ਤੇ ਪਿਆਰ ਦਾ ਮਜ਼ਾਕ ਉਡਾ ਰਿਹਾ ਹੈਂ। ਉਸ ਦੀ ਰੋਟੀ ਵਿੱਚ ਧਰਮ ਕਿਰਤ ਦੇ ਦੁੱਧ ਦੀ ਤਾਸੀਰ ਹੈ ਅਤੇ ਤੇਰੀ ਰੋਟੀ ਵਿੱਚ ਲੋਕਾਂ ਦਾ ਖ਼ੂਨ ਇਕੱਠਾ ਕੀਤਾ ਹੋਇਆ ਹੈ। ਮਲਕ ਦੇ ਹੰਕਾਰ ਵਿੱਚ ਕਹਿਣ ਤੋਂ ਗੁਰਾਂ ਨੇ ਲੋਕਾਂ ਦੇ ਸਾਹਮਣੇ ਨਿਰਣਾ ਕਰਕੇ ਇਉਂ ਦਿਖਾਇਆ। ਜੈਸਾ ਕਿ :

੧. **ਦੋਹਰਾ॥ ਬਾਂਵੇਂ ਕਰ ਮਹਿਂ ਪੂਪ ਲੈ ਦਾਹਨ ਟੁਕਰਾ ਧਾਰਿ॥**
**ਹਾਥ ਭ਼ਪੀੜੇ ਜੁਗਲ ਜਬ ਹੇਰਤਿ ਲੋਕ ਅਪਾਰ॥੪੮॥**

[ਸ੍ਰੀ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਧ ੩੯]

੨. **ਚੌਪਈ॥ ਦੂਹੂੰ ਹਾਥ ਤੇ ਨਿਕਸੀਧਾਰਾ॥ ਬਹੁ ਲੋਕਨ ਕੀ ਸਭਾ ਮਝਾਰਾ॥**
**ਇਕ ਤੇ ਦੂਧ ਰਕਤ ਇਕ ਨਿਸਰੀ॥ ਗੰਗ ਸਰੁਸਤੀ ਸੀ ਤਹਿਂ ਪਸਰੀ॥੪੯॥**

ਸੋ ਇਸ ਤਰ੍ਹਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿੱਚ ਦੁੱਧ ਦੀ ਧਾਰਾ ਤੇ ਮਲਕ ਭਾਗੋ ਦੀ ਰੋਟੀ ਵਿੱਚੋਂ ਖ਼ੂਨ ਦੀ ਧਾਰਾ ਵਿਖਾਈ। ਜੈਸਾ ਕਿ :

**ਤਪਿਯਨ ਤਪ ਛੀਜਹਿ ਇਹ ਖਾਏ॥ ਧਯਾਨੀ ਧਯਾਨ ਨ ਲਗਹਿ ਲਗਾਏ॥**
**ਖਾਵਤਿ ਮਨ ਕੋ ਕਰਤਿ ਮਲੀਨਾ॥ ਹਰਿ ਜਸੁ ਰੰਗ ਨ ਚਢਹਿ ਨਵੀਨਾ॥੫੫॥**

[ਸ੍ਰੀ ਨਾਨਕ ਪ੍ਰਕਾਸ਼, ਅਧਿ: ੩੯]

## *ਭਗਤ ਜਨਾ ਕਾ ਲੂਗਰਾ; ਓਢਿ ਨਗਨ ਨ ਹੋਈ॥*

ਵਾਹਿਗੁਰੂ ਦੇ ਜੋ ਭਗਤ ਜਨਾ=ਪਿਆਰੇ ਹਨ, ਉਨ੍ਹਾਂ ਦਾ ਲੂਗਰਾ=ਭੂਰੇ ਦਾ ਟੋਟਾ, ਕੰਬਲ ਦਾ ਟੋਟਾ ਉਸ

ਦੇ ਓਢਿ=ਪਹਿਨਣ ਨਾਲ ਨਗਨ=ਬੇਪੱਤ ਭਾਵ ਇਜ਼ਤ ਤੋਂ ਰਹਿਤ ਨਹੀਂ ਹੋਈਦਾ ਭਾਵ ਇਜ਼ਤ ਦੇ ਸਹਿਤ ਹੈ। ਇਸ ਤੋਂ ਉਲਟ :

## ਸਾਕਤ ਸਿਰਪਾਉ ਰੇਸਮੀ; ਪਹਿਰਤ ਪਤਿ ਖੋਈ ॥੩॥

ਸਾਕਤ=ਕਠੋਰ ਚਿਤ ਦਾ ਦਿੱਤਾ ਹੋਇਆ ਸਿਰੋਪਾਉ=ਵਡਿਆਈ ਦਾ ਪ੍ਰਤੀਕ ਵਸਤਰ, ਭਾਵੇਂ ਰੇਸ਼ਮੀ ਭੀ ਹੈ, ਉਸਦੇ ਪਹਿਰਤ=ਪਹਿਨਣੇ ਨਾਲ ਪਤਿ=ਆਬਰੋ, ਇਜ਼ਤ ਖੋਈ=ਨਾਸ਼ ਹੋ ਜਾਂਦੀ ਹੈ। ਜਿਵੇਂ ਪਤੀਬਰਤਾ ਔਰਤ ਭਾਵੇਂ ਟਾਕੀਆਂ ਵਾਲੇ ਵਸਤਰ ਪਾ ਕੇ ਫਿਰੇ ਉਸਦੀ ਅਤੇ ਉਸਦੇ ਗੁਣਾ ਦੀ ਸ਼ੋਭਾ ਸਾਰੇ ਕਰਦੇ ਹਨ। ਅਤੇ ਉਸਦੇ ਮੁਕਾਬਲੇ ਵੇਸ਼ਵਾ ਔਰਤ ਨੇ ਭਾਵੇਂ ਰੇਸ਼ਮੀ ਵਸਤਰ ਪਹਿਨੇ ਹੋਣ ਤਾਂ ਭੀ ਉਸਦੀ ਇੱਜ਼ਤ ਕੋਈ ਨਹੀਂ ਕਰਦਾ। ਇਸ ਲਈ ਸੋਭਾ ਵਸਤਰਾਂ ਨਾਲ ਨਹੀਂ, ਚੰਗੇ ਕਰਮਾਂ ਨਾਲ ਹੈ॥੩॥

## ਸਾਕਤ ਸਿਉ ਮੁਖਿ ਜੋਰਿਐ; ਅਧ ਵੀਚਹੁ ਟੂਟੈ ॥

ਮਨਮੁਖਾਂ ਨਾਲ ਮੁਖਿ=ਮੂੰਹ ਜੋੜਨ ਭਾਵ ਪ੍ਰੀਤੀ ਕਰਨ ਨਾਲ ਪ੍ਰੀਤੀ ਅਧ ਵੀਚਹੁ=ਅੱਧ ਵਿਚਕਾਰੋ ਟੁੱਟ ਜਾਂਦੀ ਹੈ। ਪੂਰੀ ਨਹੀਂ ਨਿਭਦੀ।

## ਹਰਿਜਨ ਕੀ ਸੇਵਾ, ਜੋ ਕਰੇ; ਇਤ ਊਤਹਿ ਛੂਟੈ ॥੪॥

ਜੋ ਪੁਰਸ਼ ਹਰਿ ਜਨ=ਹਰੀ ਦੇ ਜਨ, ਸੰਤ ਜਨਾਂ ਦੀ ਸੇਵਾ ਕਰਦਾ ਹੈ, ਉਸ ਦਾ ਇਤ=ਇਸ ਸੰਸਾਰ ਦੇ ਦੁਖ ਅਤੇ ਊਤਹਿ=ਪ੍ਰਲੋਕ ਦੇ ਦੁਖਾਂ ਤੋਂ ਛੁਟਕਾਰਾ ਹੋ ਜਾਂਦਾ ਹੈ॥੪॥

## ਸਭ ਕਿਛੁ ਤੁਮ੍ ਹੀ ਤੇ ਹੋਆ; ਆਪਿ ਬਣਤ ਬਣਾਈ ॥

ਹੇ ਵਾਹਿਗੁਰੂ ! ਜੋ ਵੀ ਕੁਝ ਸੰਸਾਰ ਵਿੱਚ ਪੈਦਾ ਹੋਇਆ ਦਿਖਦਾ ਹੈ, ਸੋ ਸਭ ਕੁਝ ਤੁਮ੍ ਹੀ ਤੇ=ਆਪ ਜੀ ਤੋਂ ਹੀ ਹੋਆ=ਪੈਦਾ ਹੋਇਆ ਹੈ। ਤੁਸੀਂ ਆਪ ਹੀ ਸਾਰੇ ਸੰਸਾਰ ਦੀ ਬਣਤ=ਬਨਾਵਟ ਬਣਾਈ=ਬਨਾਉਣਾ ਕੀਤੀ ਹੈ।

## ਦਰਸਨੁ ਭੇਟਤ ਸਾਧ ਕਾ; ਨਾਨਕ ਗੁਣ ਗਾਈ ॥੫॥੧੪॥੪੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦ ਸਾਧ=ਸੰਤਾਂ, ਮਹਾਂਪੁਰਸ਼ਾਂ ਦੇ ਦਰਸਨੁ=ਦੀਦਾਰ ਭੇਟਤ=ਮਿਲਣ ਭਾਵ ਸੰਤਾਂ ਦੀ ਸੰਗਤ ਨਾਲ ਮਿਲਾਪ ਹੋਵੇ, ਤਦ ਹੀ ਹੇ ਵਾਹਿਗੁਰੂ ! ਆਪ ਜੀ ਦੇ ਗੁਣਗਾਈ=ਗੁਣਾਂ ਦਾ ਗਾਉਣਾ ਹੁੰਦਾ ਹੈ। ਭਾਵ ਰੱਬੀ ਪਿਆਰਿਆਂ ਨਾਲ ਮਿਲ ਕੇ ਹੀ ਤੈਨੂੰ ਚੇਤੇ ਕੀਤਾ ਜਾ ਸਕਦਾ ਹੈ, ਵਾ—ਤੇਰੇ ਗੁਣ ਗਾਏ ਜਾ ਸਕਦੇ ਹਨ॥੫॥੧੪॥੪੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੨ [ਆਦਿ ਅੰਗ ੮੧੧-੧੨]

***ਬਿਲਾਵਲੁ ਮਹਲਾ ੫ ॥ ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥ ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥ ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ਰਹਾਉ॥ ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥ ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ ॥੨॥ ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥***

## *ਬਿਲਾਵਲੁ ਮਹਲਾ ੫ ॥*

ਇਹ ਅੰਮ੍ਰਿਤ ਬਚਨ ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਉਚਾਰਨ ਕਰਦੇ ਹਨ। ਇਸ ਮੁਖਵਾਕ ਦੀ ਪਹਿਲੀ ਤੁਕ ਵਿੱਚ ਗੁਰੂ ਜੀ ਗਿਆਨ ਇੰਦ੍ਰਿਆਂ ਨੂੰ ਸਫਲ ਕਰਨ ਦੀ ਜੁਗਤੀ ਦੱਸਦੇ ਹੋਏ ਕਥਨ ਕਰਦੇ ਹਨ :

## *ਸ੍ਰਵਨੀ ਸੁਨਉ ਹਰਿ ਹਰਿ ਹਰੇ; ਠਾਕੁਰ ਜਸੁ ਗਾਵਉ ॥*

ਸਤਿਗੁਰੂ ਜੀ ਕਥਨ ਕਰਦੇ ਹਨ ਕੰਨਾਂ ਨਾਲ ਹਰਿ ਹਰਿ=ਹਰੀ ਪ੍ਰਮਾਤਮਾ ਦਾ ਨਾਮ ਸ੍ਰਵਣ ਕਰਾਂ ਤੇ ਬਾਣੀ ਦੁਆਰਾ ਹਰੀ ਜਸ ਨੂੰ ਗਾਉਣਾ ਕਰਾਂ। ਕਿਉਂਕਿ ਸ੍ਰਵਣ ਇੰਦ੍ਰੇ ਤਦ ਹੀ ਸਫਲ ਹਨ ਜੇਕਰ ਇਨਾਂ ਦੇ ਨਾਲ ਉਸ ਵਾਹਿਗੁਰੂ ਦਾ ਜਸ ਸ੍ਰਵਣ ਕੀਤਾ ਜਾਵੇ।

ਹਰੀ ਪ੍ਰਮਾਤਮਾ ਦਾ ਜਸ ਸ੍ਰਵਣ ਕਰਨ ਤੋਂ ਬਿਨਾਂ ਭਾਈ ਗੁਰਦਾਸ ਜੀ ਉਸਨੂੰ ਧ੍ਰਿਗ ਕਥਨ ਕਰਦੇ ਹਨ। ਜੈਸਾ ਕਿ :

**ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ ॥** [ਭਾਈ ਗੁਰਦਾਸ ਜੀ ਵਾਰ ੨੭, ਪਉੜੀ ੧੦]

ਇਸ ਵਾਸਤੇ ਸਤਿਗੁਰੂ ਜੀ ਕੰਨਾਂ ਨਾਲ ਜਸ ਸ੍ਰਵਣ ਕਰਨਾ, ਰਸਨਾ ਨਾਲ ਗਾਉਣ ਦਾ ਉਪਦੇਸ਼ ਕਰ ਰਹੇ ਹਨ। ਜੈਸਾ ਕਿ :

੧. **ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥** [ਸੋਰਠਿ ਮਹਲਾ ੫, ਅੰਗ ੬੧੧]

੨. **ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥** [ਸੋਰਠਿ ਮਹਲਾ ੯, ਅੰਗ ੬੩੧]

੩. **ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥** [ਮਾਰੂ ਮਹਲਾ ੧, ਅੰਗ ੧੦੪੧]

੪. **ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥**
**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥** [ਵਾਰ ਗੂਜਰੀ ਮਹਲਾ ੫, ਅੰਗ ੫੧੭]

## *ਸੰਤ ਚਰਣ ਕਰ ਸੀਸੁ ਧਰਿ; ਹਰਿ ਨਾਮੁ ਧਿਆਵਉ ॥੧॥*

ਪੁਨਾ ਤੇਰੇ ਸੰਤ ਜਨਾਂ ਦੇ ਚਰਣਾਂ 'ਤੇ ਦੋਵੇਂ ਹੱਥ ਤੇ ਆਪਣਾ ਸੀਸੁ=ਸਿਰ ਰੱਖਕੇ ਹਰੀ ਦਾ ਨਾਮ ਸਿਮਰਦਾ ਰਹਾਂ ॥੧॥ ਜੈਸਾ ਕਿ :

**੧. ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥੧॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੮੪]

**੨. ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥**
**ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥੧॥** [ਰਾਗੁ ਸੂਹੀ ਮਹਲਾ ੫, ਅੰਗ ੭੪੫]

## *ਕਰਿ ਕਿਰਪਾ ਦਇਆਲ ਪ੍ਰਭ; ਇਹ ਨਿਧਿ ਸਿਧਿ ਪਾਵਉ ॥*

ਹੇ ਦਇਆਲੂ ਪ੍ਰਭੂ ਜੀ! ਮੇਰੇ ਉਪਰ ਕਿਰਪਾ ਕਰੋ ਜਿਸ ਕਰਕੇ ਮੈਂ ਇਹ ਨਿਧੀ-ਸਿਧੀ ਪਾ ਲਵਾਂ ਕਿ:

## *ਸੰਤ ਜਨਾ ਕੀ ਰੇਣੁਕਾ; ਲੈ ਮਾਥੈ ਲਾਵਉ ॥੧॥ਰਹਾਉ॥*

ਸੰਤ ਜਨਾਂ ਦੇ ਚਰਨਾਂ ਦੀ ਰੇਣੁਕਾ=ਧੂੜੀ ਲੈ ਕੇ ਆਪਣੇ ਮੱਥੇ ਉਪਰ ਲਾਵਾਂ ॥੧॥ਰਹਾਉ॥ ਜੈਸਾ ਕਿ:

**੧. ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥**
[ਵਾਰ ਆਸਾ ਮਃ ੧, ਅੰਗ ੪੬੮]

**੨. ਦਾਨੁ ਦੇਇ ਸਾਧੂ ਕੀ ਧੂਰਾ ॥੧॥** [ਵਡਹੰਸੁ ਮਹਲਾ ੫, ਅੰਗ ੫੬੩]

**੩. ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥** [ਟੋਡੀ ਮਹਲਾ ੫, ਅੰਗ ੭੧੨]

ਚਰਨ ਧੂੜੀ ਦਾ ਮਹਾਤਮ ਕਿਤਨੇ ਹੀ ਧਰਮ ਸ਼ਾਸਤਰਾਂ ਤੇ ਗੁਰਬਾਣੀ ਵਿੱਚ ਦਰਸਾਇਆ ਹੈ। ਚਰਨ ਧੂੜੀ ਦੀਆਂ ਕਿਤਨੀਆਂ ਹੀ ਸਾਖੀਆਂ ਹਨ ਜੋ ਚਰਣ ਧੂੜੀ ਦੀ ਮਹੱਤਤਾ ਨੂੰ ਦਰਸਾਉਂਦੀਆਂ ਹਨ ਜੈਸਾ ਕਿ ਸ਼ਿਵਜੀ ਭਗਵਾਨ ਦਾ ਕਿਸੇ ਤਪੱਸਵੀ ਮਹਾਤਮਾਂ ਦੇ ਤਪ ਅਸਥਾਨ 'ਤੇ ਜਿਥੇ ਸੌ ਸਾਲ ਬੈਠ ਕੇ ਤਪ ਕੀਤਾ ਸੀ ਮੱਥੇ ਟੇਕਣਾ, ਤੇ ਚਰਣ ਧੂੜ ਮੱਥੇ ਨੂੰ ਲਾਉਣੀ ਤੇ ਪਾਰਵਤੀ ਦੇ ਪੁੱਛਣ 'ਤੇ ਕਮਾਈ ਵਾਲੇ ਮਹਾਂ ਪੁਰਸ਼ਾਂ ਦੀ ਚਰਨ ਧੂੜ ਦਾ ਪਰਤਾਪ ਅਠਾਹਠ ਤੀਰਥਾਂ ਤੋਂ ਵੱਧ ਦੱਸਿਆ ਸੀ ਕਿ ਮੰਦੀ ਰੇਖਾ ਨੂੰ ਮੇਟਣ ਵਾਲੀ ਸ਼ਕਤੀ ਚਰਣ ਧੂੜ ਦੀ ਹੈ। ਇਸੇ ਤਰ੍ਹਾਂ ਦਾ ਇਤਿਹਾਸ ਵਿੱਚ ਇੱਕ ਜ਼ਿਕਰ ਸ਼ਹੀਦ ਭਾਈ ਸੁਬੇਗ ਸਿੰਘ ਜੀ ਦਾ ਆਉਂਦਾ ਹੈ।

**ਸਾਖੀ—ਭਾਈ ਸੁਬੇਗ ਸਿੰਘ ਤੇ ਸ਼ਾਹਬਾਜ ਸਿੰਘ—**ਭਾਈ ਸੁਬੇਗ ਸਿੰਘ ਜਿਸਨੇ ਸਿੰਘਾਂ ਅਤੇ ਸਰਕਾਰ ਦੇ ਵਿਚਾਲੇ ਪੈ ਕੇ ਸੁਲਾਹ ਕਰਾਉਣ ਵਿੱਚ ਬੜੀ ਅਹਿਮ ਭੂਮਿਕਾ ਨਿਭਾਈ ਸਰਕਾਰੀ ਅਹੁਦੇ 'ਤੇ ਹੁੰਦਿਆਂ ਹੋਇਆਂ ਦਸ ਤਰ੍ਹਾਂ ਦੀ ਸਜ਼ਾ ਨਾਲ ਮਾਰਨ ਦੀ ਘਟਾ ਕੇ ਤਿੰਨ ਤਰ੍ਹਾਂ ਦੀ ਸਜ਼ਾ ਰੱਖੀ ਜਦ ਤੋਂ ਭਾਈ ਸਾਹਿਬ ਕੋਟਵਾਲ ਬਣੇ ਜੋ ਬੇਅੰਤ ਸਿੰਘਾਂ ਦੇ ਸਿਰ ਕੰਧਾਂ 'ਤੇ ਕਿੰਗਰਿਆਂ ਵਾਗੂੰ ਚਿਣ ਕੇ ਰੱਖੇ ਜਾਂਦੇ ਸਨ ਕੁਝ ਖ਼ੂਹ ਵਿੱਚ ਸੁੱਟੇ ਜਾਂਦੇ ਸਭ ਕਢਵਾ ਕੇ ਸਸਕਾਰ ਕਰਵਾਇਆ ਅਤੇ ਸ਼ਹਿਰ ਵਿੱਚ ਜੋ ਪ੍ਰਗਟ ਗਊਆਂ ਕਤਲ ਕੀਤੀਆਂ ਜਾਂਦੀਆਂ ਉਹ ਪਰਦੇ ਵਿੱਚ ਕਰਵਾ ਦਿੱਤੀਆਂ। ਸੰਖ ਵੱਜਣ ਦੀ ਤੇ ਪੋਥੀ ਪੁਰਾਣ ਪੜ੍ਹਨ ਦੀ ਬੰਧਸ਼ ਛੁਟਾ ਦਿੱਤੀ। ਹਿੰਦੂ ਦੀ ਬਹੂ-ਬੇਟੀ ਨੂੰ ਮੁਸਲਮਾਨ ਜਬਰਦਸਤੀ ਆਪਣੇ ਘਰ ਰੱਖਦੇ ਸਨ, ਸੋ ਹਟਾ ਦਿੱਤਾ। ਇਹੋ ਜਿਹੀਆਂ ਹੋਰ ਭੈੜੀਆਂ ਰਸਮਾਂ ਬੰਦ ਕਰਵਾ ਕੇ ਚੰਗੇ-ਚੰਗੇ ਕੰਮ ਕਰਕੇ ਜਸ ਪਾਇਆ, ਜਦੋਂ ਸੂਬਾ ਖ਼ਾਨ ਬਹਾਦਰ ਮਰ ਗਿਆ ਤਾਂ ਉਸ ਦਾ ਬੇਟਾ ਵਿਜੈ ਖ਼ਾਂ ਸੰਨ ੧੮੦੩ ਬਿ: ਨੂੰ ਲਾਹੌਰ ਦਾ ਸੂਬਾ ਬਣਿਆ। ਫਿਰ ਵੀ ਇੱਕ ਸਾਲ ਕੋਤਵਾਲੀ ਸੁਬੇਗ ਸਿੰਘ ਕੋਲ ਰਹੀ ਤੇ ਕਾਜ਼ੀਆਂ, ਮੁਲਾਣਿਆਂ ਨੇ ਅਨੇਕਾਂ ਝੂਠੀਆਂ-ਸੱਚੀਆਂ ਤੋਹਮਤਾਂ ਲਗਾ ਕੇ ਸੁਬੇਗ ਸਿੰਘ ਨੂੰ ਜੇਲ੍ਹਖਾਨੇ ਭੇਜ ਦਿੱਤਾ। ਉਨ੍ਹਾਂ ਹੀ ਦਿਨਾਂ ਵਿੱਚ ਉਸ ਦਾ ਬੇਟਾ ਸ਼ਾਹਬਾਜ਼ ਸਿੰਘ, ਜਿਸ ਦੀ ੨੦ ਕੁ ਵਰ੍ਹਿਆਂ ਦੀ ਉਮਰ ਸੀ, ਫ਼ਾਰਸੀ ਦਾ ਚੰਗਾ ਵਿਦਵਾਨ ਬਣ ਚੁੱਕਾ ਸੀ। ਇੱਕ ਦਿਨ ਉਸ ਦੀ ਕਿਸੇ ਮੌਲਵੀ ਨਾਲ ਮਜ਼ਹਬ ਧਰਮ ਦੇ ਬਾਬਤ ਚਰਚਾ ਹੋਈ ਤਾਂ ਸ਼ਾਹਬਾਜ਼ ਸਿੰਘ ਨੇ ਉਸਨੂੰ ਜਿੱਤ ਲਿਆ, ਮੌਲਵੀ ਨੇ ਗ਼ੁੱਸਾ ਖਾ ਕੇ ਨਵਾਬ ਵਿਜੈ ਖ਼ਾਂ ਪਾਸ ਚੁਗ਼ਲੀ ਕੀਤੀ। ਨਵਾਬ ਨੇ ਸਾਹਬਾਜ਼ ਸਿੰਘ ਨੂੰ ਕਚਹਿਰੀ ਵਿੱਚ ਬੁਲਾਇਆ। ਸਿੰਘ ਦੇ ਪੁੱਤਰ ਨੇ ਜਾ ਕੇ ਫ਼ਤਹਿ ਬੁਲਾਈ ਮੁਸਲਮਾਨ ਸੜ੍ਹ-ਬਲ ਕੇ ਕੋਲੇ ਹੋ ਗਏ। ਨਵਾਬ ਦੇ ਕਹਿਣ ਤੋਂ ਕਾਜ਼ੀ ਨੇ ਇਕ ਤਾਂ

ਮੌਲਵੀ ਦੇ ਸਾਹਮਣੇ ਮਜ਼ਹਬ ਇਸਲਾਮ ਦੀ ਹੱਤਕ ਕਰਨ ਦਾ ਗ਼ੁਨਾਹ ਦੂਜਾ ਕਚਹਿਰੀ ਵਿੱਚ ਫ਼ਤਹਿ ਬੁਲਾਉਣ ਦੇ ਕਾਰਣ ਹਕੂਮਤ ਦੀ ਨਿਰਾਦਰੀ ਦਾ ਗ਼ੁਨਾਹ। ਇਹ ਦੋ ਗ਼ੁਨਾਹ ਸਿੰਘ ਦੇ ਜ਼ਿੰਮੇ ਥਾਪ ਕੇ ਇਹ ਫਤਵਾ ਦਿਵਾ ਦਿੱਤਾ ਕਿ ਸ਼ਾਹਬਾਜ਼ ਸਿੰਘ ਮੁਸਲਮਾਨ ਹੋਣਾ ਮੰਨ ਲਏ ਜਾਂ ਕਤਲ ਹੋਵੇ। ਇਹ ਖ਼ਬਰ ਸੁਣ ਕੇ ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਵੱਡੇ ਵੱਡੇ ਲੋਕਾਂ ਨਵਾਬ ਪਾਸ ਜਾ ਕੇ ਸ਼ਾਹਬਾਜ਼ ਸਿੰਘ ਦੇ ਬਚਾਓ ਵਾਸਤੇ ਅਨੇਕਾਂ ਉਪਾਅ ਕੀਤੇ ਪਰ ਉਸ ਪਾਪੀ ਨੇ ਇੱਕ ਨਾ ਮੰਨੀ, ਫੇਰ ਸਭ ਨੇ ਮਿਲ ਕੇ ਸਿੰਘ ਦੇ ਪੁੱਤਰ ਨੂੰ ਆਖਿਆ ਕਿ ਤੂੰ ਮੁਸਲਮਾਨ ਹੋ ਜਾ ਤੇਰੀ ਜਾਨ ਬਚ ਜਾਏਗੀ, ਸ਼ਾਹਬਾਜ਼ ਸਿੰਘ ਨੇ ਸੁਣ ਕੇ ਕਿਹਾ ਕਿ ਜਦੋਂ ਧਰਮ ਰੱਖਿਆ ਵਾਸਤੇ ਗੁਰੂ ਸਾਹਿਬਾਨਾਂ ਨੇ ਸੀਸ ਦਿੱਤੇ, ਧਰਮ ਲਈ ਗੁਰੂ ਸਾਹਿਬ ਦੇ ਬੱਚੇ ਨੀਹਾਂ ਵਿੱਚ ਖੜ ਗਏ, ਭਾਈ ਮਨੀ ਸਿੰਘ ਭਾਈ ਤਾਰੂ ਸਿੰਘ ਆਦਿਕ ਬੇਅੰਤ ਸਿੰਘ ਧਰਮ ਰੱਖ ਕੇ ਸ਼ਹੀਦੀਆਂ ਪਾ ਗਏ ਤਾਂ ਕੀ ਮੈਂ ਉਸ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ, ਜਿਸ ਦਾ ਉਹਨਾਂ ਨੇ ਛਕਿਆ ਸੀ ? ਇਹ ਸੁਣਦੇ ਸਾਰੇ ਧੰਨ-ਧੰਨ ਦੀ ਆਵਾਜ਼ ਮੂੰਹੋਂ ਕਹਿਣ ਲੱਗੇ, ਜਦੋਂ ਭਾਈ ਸੁਬੇਗ ਸਿੰਘ ਨੂੰ ਜੇਲਖ਼ਾਨੇ ਵਿੱਚ ਇਸ ਕਹਾਣੀ ਦਾ ਪਤਾ ਲੱਗਾ ਤਾਂ ਪੁਤਰ ਦੇ ਸਿਦਕ ਲਈ ਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਕੇ ਸਿਦਕ ਦਾ ਦਾਨ ਮੰਗਿਆ ਨਵਾਬ ਨੇ ਸੁਬੇਗ ਸਿੰਘ ਨੂੰ ਬੁਲਾ ਕੇ ਆਖਿਆ ਕਿ ਆਪਣੇ ਪੁੱਤਰ ਨੂੰ ਸਮਝਾ, ਅਨੇਕਾਂ ਤਰ੍ਹਾਂ ਦੇ ਸਵਾਲ-ਜਵਾਬ ਹੁੰਦੇ ਰਹੇ। ਅਖ਼ੀਰ ਨੂੰ ਪਿਓ-ਪੁੱਤਰ ਨੂੰ ਅਨੇਕਾਂ ਤਰ੍ਹਾਂ ਦੇ ਤਸੀਹੇ ਦੇਣੇ ਸ਼ੁਰੂ ਕੀਤੇ ਸ਼ਾਹਬਾਜ਼ ਸਿੰਘ ਨੂੰ ਬਿਹੋਸ਼ੀ ਦੀ ਹਾਲਤ ਵਿੱਚ ਜਦੋਂ ਉਹ ਕਹਿ ਰਹੇ ਸਨ ਕਿ ਮੁਸਲਮਾਨ ਬਣੇਗਾ ਤਾਂ ਮੁੱਖੋਂ ਆਵਾਜ਼ ਨਿਕਲੀ ਜਿਸਨੂੰ ਦੀਨ ਕਬੂਲਣਾ ਸਮਝ ਕੇ ਬੜੀ ਖ਼ੁਸ਼ੀ ਮਨਾਈ ਅਤੇ ਕੁਝ ਮਨ ਵਿੱਚ ਸ਼ਾਹਬਾਜ਼ ਸਿੰਘ ਦੇ ਢਲਿਆਈ ਵੀ ਆਈ। ਜਦੋਂ ਸੂਬੇ ਨੇ ਸੁਬੇਗ ਸਿੰਘ ਨੂੰ ਕਿਹਾ ਕਿ ਹੁਣ ਤੂੰ ਭੀ ਮੰਨ ਜਾ, ਤੇਰਾ ਪੁਤ੍ਰ ਤਾਂ ਦੀਨ ਵਿੱਚ ਆਉਣਾ ਮੰਨ ਗਿਆ ਹੈ ਤਾਂ ਉਸ ਨੇ ਕਿਹਾ ਕਿ ਮੇਰੇ ਪਾਸ ਬੁਲਾਓ ਤਾਂ ਸੂਬੇ ਨੇ ਹੁਕਮ ਦੇ ਕੇ ਪਿਓ-ਪੁੱਤਾਂ ਨੂੰ ਇੱਕੱਠੇ ਕੀਤਾ ਇਸ ਲਈ ਕਿ ਹੁਣ ਪਿਓ ਭੀ ਦੀਨ ਵਿੱਚ ਆਉਣਾ ਮੰਨ ਜਾਵੇਗਾ ਜਦੋਂ ਸ਼ਾਹਬਾਜ਼ ਸਿੰਘ ਆਪਣੇ ਪਿਤਾ ਦੇ ਪਾਸ ਆਇਆ ਤਾਂ ਆਪਣੇ ਨਾਮ, ਸਿਮਰਨ, ਸਿਦਕ, ਭਰੋਸੇ ਦੀ ਕਮਾਈ ਨਾਲ ਮੱਥੇ ਵੱਲ ਵੇਖ ਕੇ ਸਮਝ ਗਿਆ ਕਿ ਇਸਦੇ ਮੱਥੇ ਦਾ ਲੇਖ ਕੋਈ ਪਹਿਲੇ ਜਨਮ ਦਾ ਮੰਦਾ ਪਿਆ ਹੋਇਆ ਹੈ ਸੋਚਿਆ ਕੋਈ ਗੁਰਸਿੱਖ, ਕਮਾਈ ਵਾਲਾ ਮਹਾਂਪੁਰਸ਼ ਇਥੇ ਹੁੰਦਾ ਤਾਂ ਉਸਦੀ ਚਰਣ-ਧੂੜ ਲੈ ਕੇ ਇਸਦੀ ਮੰਦ ਰੇਖਾ ਮਿਟਾ ਦਿੱਤੀ ਜਾਂਦੀ ਪਰ ਹੁਣ ਮਜਬੂਰੀ ਹੈ ਇਥੇ ਗੁਰਸਿੱਖ ਹੋਰ ਕੋਈ ਮਿਲ ਨਹੀਂ ਸਕਦਾ ਇਹ ਸੋਚਦਿਆਂ ਹੀ ਕਿ ਮੈਂ ਆਪਣਾ ਤਨ, ਮਨ, ਧਨ ਤਿੰਨੇ ਚੀਜ਼ਾਂ ਗੁਰੂ ਨੂੰ ਸੌਂਪੀਆਂ ਹੋਈਆਂ ਹਨ ਫਿਰ ਇਹ ਚਰਨ ਧੂੜ ਕਿਹੜਾ ਮੇਰੀ ਹੈ। ਇਹ ਵੀ ਗੁਰੂ ਦੀ ਹੈ ਜਦੋਂ ਮੈਂ ਗੁਰੂ ਦਾ ਹਾਂ ਇਹ ਸੋਚਦੇ ਆਪਣੇ ਹੀ ਚਰਣਾਂ ਦੀ ਧੂੜ ਆਪਣੇ ਹੱਥਾਂ ਨਾਲ ਲਾ ਕੇ ਆਪਣੇ ਪੁੱਤਰ ਸ਼ਾਹਬਾਜ਼ ਸਿੰਘ ਦੇ ਮੱਥੇ ਨੂੰ ਲਾ ਦਿੱਤੀ ਅਤੇ ਮੁਖੋਂ ਕਿਹਾ ਕਿ ਪੁੱਤਰ ਕਹੋ ਵਾਹਿਗੁਰੂ ਉਸਨੇ ਵਾਹਿਗੁਰੂ ਕਿਹਾ। ਨਵਾਬ ਦੇ ਵੇਖਦਿਆਂ ਵੇਖਦਿਆਂ ਐਸਾ ਕੌਤਕ ਵਰਤਿਆ ਜਦੋਂ ਭਾਈ ਸਾਹਿਬ ਨੇ ਪੁੱਛਿਆ ਕਿ ਪੁੱਤਰ ! ਤੂੰ ਮੁਸਲਮਾਨ ਬਣਨਾ ਕਬੂਲ ਕਰ ਲਿਆ ਹੈ ? ਤਾਂ ਅੱਗੋਂ ਸ਼ਾਹਬਾਜ਼ ਸਿੰਘ ਨੇ ਉੱਚੀ ਦੇ ਕੇ ਜੈਕਾਰਾ ਬੁਲਾਇਆ ਅਤੇ ਕਿਹਾ ਕਿ ਕੋਈ ਸਿੰਘ ਦਾ ਬੇਟਾ ਹੋ ਕੇ ਫਿਰ ਅੰਮ੍ਰਿਤਧਾਰੀ ਹੋਵੇ ਉਹ ਕਿਵੇਂ ਇਨ੍ਹਾਂ ਝੂਠਿਆਂ ਦਾ ਦੀਨ ਕਬੂਲ ਕਰ ਸਕਦਾ ਹੈ। ਨਵਾਬ ਸੁਣ ਕੇ ਦੰਗ ਰਹਿ ਗਿਆ ਅਤੇ ਸਿੱਖ ਦੀ ਪ੍ਰਤੱਖ ਕਰਾਮਾਤ ਵੇਖ ਕਰਕੇ ਕਿ ਆਪਣੀ ਹੀ ਚਰਨ-ਧੂੜ ਨਾਲ ਕਿਵੇਂ ਲੇਖ ਮਿਟਾ ਕੇ ਰੱਖ ਦਿੱਤਾ। ਦੋਹਾਂ ਪਿਓ-ਪੁੱਤਰ ਨੂੰ ਚਰਖੜੀ 'ਤੇ ਚਾੜਨ ਦਾ ਹੁਕਮ ਦਿੱਤਾ, ਚਰਖੜੀ 'ਤੇ ਬੰਦ ਬੰਦ ਮਰੋੜੇ ਖਾ-ਖਾ ਕੇ ਕੜ-ਕੜ ਕਰਕੇ ਹੱਡ ਟੁੱਟਣ ਲੱਗੇ। ਨਾੜੀਆਂ ਤੜਫਨ ਲੱਗੀਆਂ, ਅੱਖਾਂ ਬਾਹਰ ਆ ਗਈਆਂ। ਇਤਨੀ ਤਕਲੀਫ਼ ਵਿੱਚ ਭੀ ਮੁਖੋਂ ਹਾਏ ਨਹੀਂ ਨਿਕਲੀ। ਦੋ ਘੜੀਆਂ ਪਿੱਛੋਂ ਉਤਾਰ ਕੇ ਸਿੰਘਾਂ ਦੇ ਹੋਸ਼ ਵਿੱਚ ਆਉਣ ਤੋਂ ਦੀਨ ਮੰਨਣ ਲਈ ਕਿਹਾ ਪਰ ਇਨ੍ਹਾਂ ਨੇ ਆਪਣੇ ਧਰਮ ਦੀ ਦ੍ਰਿੜ੍ਹਤਾ ਦਿਖਾਈ ਸੂਬੇ ਨੂੰ ਭੀ ਮੰਦਾ ਬਚਨ ਨਹੀਂ ਕਿਹਾ ਬਲਕਿ ਮੁਖੋਂ ਇਹ ਕਿਹਾ। ਜੈਸਾ ਕਿ :

**ਧੰਨ ਘੜੀ, ਧੰਨ ਚਰਖੜੀ, ਧੰਨ ਅਦਲ ਤੁਮਾਰਾ॥**
**ਨਿਜ ਧਰਮ ਹੇਤ ਜਿੰਦ ਵਾਰਨੀ, ਗੁਰ ਕਹੇ ਹਮਾਰਾ॥**

ਇਹਨਾਂ ਦੇ ਸ਼ਹੀਦ ਹੋਣ ਦਾ ਸੰਨ ੧੮੦੨ ਭੀ ਮਿਲਦਾ ਹੈ ਅਤੇ ੧੮੦੩ ਭੀ ਲਿਖਿਆ ਔਰ ਸ਼ਾਹਬਾਜ਼ ਸਿੰਘ ਦੀ ਉਮਰ ਦਾ ਅੰਤਰਾ ਹੈ। ਗਿਆਨੀ ਗਿਆਨ ਸਿੰਘ ਨੇ ੨੦ ਸਾਲ, ਕੁਝ ਗ੍ਰੰਥਾਂ ਨੇ ੧੮ ਸਾਲ ਲਿਖੀ ਹੈ। ਇਹ ਸਾਖੀ ਦਾ ਇਹ ਭਾਵ ਹੈ ਕਿ ਕਮਾਈ ਵਾਲੇ ਸਤਪੁਰਸ਼ਾਂ ਦੇ ਚਰਣਾਂ ਦੇ ਨਾਲ ਲੱਗੇ ਹੋਏ ਕਿਣਕਿਆਂ ਵਿੱਚ ਭੀ ਐਡੀਆਂ ਵੱਡੀਆਂ ਬਰਕਤਾਂ ਹੁੰਦੀਆਂ ਹਨ ਕਿ ਕਿਸੇ ਦੀ ਮੰਦੀ ਰੇਖਾ ਮੇਟਣ ਨੂੰ ਸਮਰਥ ਇਹੀ ਚਰਨ ਧੂੜ ਹੈ ਇਸੇ ਲਈ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥** [ਸਲੋਕ ਮਹਲਾ ੪, ਅੰਗ ੧੪੨੪]

## *ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥*

ਨੀਚ=ਨੀਵਾਂ, ਨੀਵੇਂ ਤੋਂ ਨੀਵਾਂ ਅਤਿ ਨੀਵਾਂ ਹੋ ਕਰਕੇ ਸੰਤ ਜਨਾਂ ਨੂੰ ਬੇਨਤੀ ਕਰਕੇ ਬੁਲਾਵਉ=ਬੁਲਾਉਣਾ ਕਰਾਂ। ਵਾ—ਨੀਚ ਤੇ=ਦੇਹ ਅਭਿਮਾਨ ਤੋਂ ਨੀਵੇਂ ਹੋ ਕੇ, ਨੀਚੁ=ਵਿਦਯਾ ਦੇ ਅਭਿਮਾਨ ਤੋਂ ਰਹਿਤ ਹੋ ਕੇ, ਅਤਿ ਨੀਚੁ ਹੋਇ=ਦੈਵੀ ਗੁਣਾਂ ਦੇ ਅਤਿ ਮਾਨ ਤੋਂ ਨੀਵੇਂ ਹੋ ਕੇ, ਵਾ—ਮਨ ਬਾਣੀ ਸਰੀਰ ਕਰਕੇ ਨੀਵੇਂ ਹੋ ਕੇ ਬੇਨਤੀ ਕਰਕੇ ਬੁਲਾਉਣਾ ਕਰਾਂ।

## *ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ ॥੨॥*

ਸੋ ਐਸੇ ਸਤਿਪੁਰਸ਼ਾਂ ਦੇ ਚਰਣਾਂ ਨੂੰ ਮਲੋਵਾ=ਪਲੋਸਣਾ ਕਰਾਂ ਆਪ ਤਿਆਗਿ ਤੋਂ ਭਾਵ ਹੰਕਾਰ ਦਾ ਤਿਆਗ ਕਰਕੇ ਸੰਤਾਂ, ਮਹਾਂ-ਪੁਰਸ਼ਾਂ ਦੀ ਸੰਗਿ=ਸੰਗਤ ਵਿੱਚ ਮੈਂ ਸਮਾਵਉ=ਸਮਾ ਜਾਵਾਂ। ਭਾਵ ਚਰਣ ਪੂਜਣ ਕਰਕੇ ਹੰਕਾਰ ਦਾ ਤਿਆਗ ਹੁੰਦਾ ਹੈ ਕਿਉਂਕਿ ਜਦੋਂ ਕੋਈ ਸਤਪੁਰਸ਼ਾਂ ਅੱਗੇ ਨਿਵਦਾ ਹੈ ਤਾਂ ਹੰਕਾਰ ਦਾ ਤਿਆਗ ਹੋ ਕੇ ਹੀ ਨਿਵ ਸਕਦਾ ਹੈ। ਸੰਤਾਂ ਦੀ ਸੰਗਤਿ ਕਰਕੇ ਗੁਰੂ ਦੇ ਉਪਦੇਸ਼ ਵਿੱਚ ਸਮਾਵਉ=ਸਮਾਉਣਾ ਹੁੰਦਾ ਹੈ।

੧. **ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥** [ਸੋਰਠਿ ਮਹਲਾ ੫, ਅੰਗ ੬੧੨]

੨. **ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥**
[ਮਾਝ ਮਹਲਾ ੪, ਅੰਗ ੯੬]

## *ਸਾਸਿ ਸਾਸਿ ਨਹ ਵੀਸਰੈ; ਅਨ ਕਤਹਿ ਨ ਧਾਵਉ ॥*

ਸਾਧੂਆਂ ਦੀ ਸੰਗਤਿ ਦੇ ਮਿਲਾਪ ਕਰਕੇ ਹੇ ਵਾਹਿਗੁਰੂ! ਤੇਰਾ ਸਾਸਿ-ਸਾਸਿ=ਸੁਆਸ-ਸੁਆਸ ਨਾਮ ਨ ਵੀਸਰੈ=ਨਾ ਭੁੱਲੇ। ਹੇ ਵਾਹਿਗੁਰੂ! ਤੈਨੂੰ ਛੱਡ ਕੇ ਅਨ=ਹੋਰ ਕਤਹਿ=ਕਿਸੇ ਪਾਸੇ ਨ ਧਾਵਉ=ਦੌੜਨਾ ਕਰਾਂ ਹਰ ਸਵਾਸ ਦੇ ਨਾਲ ਤੇਰਾ ਨਾਮ ਹੀ ਚਿੰਤਨ ਹੋਵੇ। ਜੈਸਾ ਕਿ :

੧. **ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥** [ਨਟ ਮਹਲਾ ੪, ਅੰਗ ੯੮੦]

੨. **ਸਾਸਿ ਸਾਸਿ ਅਰਾਧਿ ਹਰਿ ਹਰਿ ਲਹਿ ਜਾਇ ਮਨ ਕੀ ਚਿੰਦ ॥੧॥**
[ਗੂਜਰੀ ਮਹਲਾ ੫, ਅੰਗ ੫੦੧]

੩. **ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥**
[ਗਉੜੀ ਮਹਲਾ ੫, ਅੰਗ ੨੯੫]

੪. **ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ ॥**
**ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥**
[ਦੇਵਗੰਧਾਰੀ ਮਹਲਾ ੫, ਅੰਗ ੫੩੩]

**੫. ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥** [ਸੂਹੀ ਮਹਲਾ ੫, ਅੰਗ ੭੪੫]

**੬. ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ॥**
[ਆਸਾ ਮਹਲਾ ੫, ਅੰਗ ੪੫੬]

## *ਸਫਲ ਦਰਸਨ ਗੁਰੁ ਭੇਟੀਐ; ਮਾਨੁ ਮੋਹੁ ਮਿਟਾਵਉ ॥੩॥*

ਜਿਸ ਗੁਰੂ ਦਾ ਦਰਸ਼ਨ ਸਫਲ=ਗਿਆਨ ਫਲ ਦੇ ਸਹਿਤ ਹੈ ਐਸੇ ਗੁਰੂ ਦੇ ਭੇਟੀਐ=ਮਿਲਾਪ ਤੋਂ ਮਾਨੁ=ਹੰਕਾਰ, ਮੋਹ ਆਦਿਕ ਬਿਕਾਰ ਮਿਟਾਵਉ=ਮਿਟਾਉਣਾ ਕਰੋ। ਜੈਸਾ ਕਿ :

**੧. ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾਂ ਮਨਿ ਤਨਿ ਹਰਿ ਹਰਿ ਧਿਆਇਆ॥**
[ਸੂਹੀ ਮਹਲਾ ੫, ਅੰਗ ੭੪੭]

**੨. ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥** [ਸੂਹੀ ਮਹਲਾ ੫, ਅੰਗ ੭੭੯]

**੩. ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥**
[ਬਿਲਾਵਲੁ ਮਹਲਾ ੫, ਅੰਗ ੮੦੮]

ਪੂਰਨ ਸਤਿਗੁਰਾਂ ਦੇ ਮਿਲਾਪ ਤੋਂ ਅਭਿਮਾਨੀਆਂ ਦੇ ਅਭਿਮਾਨ ਦੂਰ ਹੋ ਜਾਂਦੇ ਹਨ, ਮੋਹ ਜਾਲ ਵਿੱਚ ਫਸੇ ਹੋਏ ਜੀਵ, ਮੋਹ ਜਾਲ ਤੋਂ ਸੁਤੰਤਰ ਹੋ ਜਾਂਦੇ ਹਨ। ਮੁਖਵਾਕ ਦੀ ਉਪਰੋਕਤ ਤੁਕ ਵਿੱਚ ਜੋ ਮੋਹ ਤੇ ਮਾਨ ਦੇ ਮਿਟਾਉਣ ਦੀ ਗੱਲ ਆਈ ਹੈ ਗੁਰੂ ਅੰਗਦ ਸਾਹਿਬ ਜੀ ਦੇ ਵੇਲੇ ਦੀ ਐਸੀ ਇੱਕ ਇਤਿਹਾਸਕ ਘਟਨਾ ਹੈ।

**ਸਾਖੀ—ਹਮਾਯੂੰ ਬਾਦਸ਼ਾਹ ਦਾ ਮਾਨ ਤੋੜਨ ਦੀ—**ਬਾਬਰ ਤੋਂ ਬਾਅਦ ਦਿੱਲੀ ਦੇ ਤਖ਼ਤ ’ਤੇ ਹਮਾਯੂੰ ਬਾਦਸ਼ਾਹ ਬੈਠਿਆ। ਲੋਧੀ ਪਠਾਨਾਂ ਤੋਂ ਬਾਅਦ ਰਾਜ ਮੁਗ਼ਲਾਂ ਦੇ ਹੱਥ ਆਉਣ ਦਾ ਕਾਰਣ ਬਾਬਰ ਨੂੰ ਸੱਤ ਪੀੜ੍ਹੀਆਂ ਬਾਦਸ਼ਾਹੀ ਗੁਰੂ ਨਾਨਕ ਦੀ ਬਖ਼ਸ਼ੀ ਹੋਈ ਸੀ। ਪਰ ਐਸਾ ਭਾਣਾ ਵਰਤਿਆ ਕਿ ਦੂਜੀ ਪੀੜ੍ਹੀ ਵਿੱਚ ਹੀ ਰਾਜ ਸ਼ੇਰ ਸ਼ਾਹ ਸੂਰੀ ਪਠਾਣ ਦੇ ਹੱਥ ਆਇਆ। ਹਮਾਯੂੰ ਹਾਰ ਖਾ ਕੇ ਰਾਜ-ਭਾਗ ਤੋਂ ਨਿਰਾਸ਼ ਹੋ ਕੇ ਇਹ ਸੰਸੇ ਦੀ ਨਵਿਰਤੀ ਕਰਨ ਲਈ ਕਿ ਗੁਰੂ ਨਾਨਕ ਦੇਵ ਜੀ ਨੇ ਸੱਤ ਪੀੜ੍ਹੀਆਂ ਦੀ ਬਾਦਸ਼ਾਹੀ ਸਾਡੇ ਬਜ਼ੁਰਗਾਂ ਨੂੰ ਬਖ਼ਸ਼ੀ ਤੇ ਐਸੇ ਨਾਨਕ ਸ਼ਾਹ ਦਰਵੇਸ਼ ਦੇ ਬਚਨ ਪੂਰੇ ਕਿਉਂ ਨਹੀਂ ਹੋਏ। ਪਤਾ ਲੱਗਿਆ ਉਨ੍ਹਾਂ ਦੀ ਗੱਦੀ ’ਦੇ ਦੂਸਰੇ ਜਾਮੇ ਵਿੱਚ ਗੁਰੂ ਅੰਗਦ ਸਾਹਿਬ ਜੀ ਖਡੂਰ ਸਾਹਿਬ ਬਿਰਾਜਮਾਨ ਹਨ। ਸ਼ੰਕਾ ਮਿਟਾਉਣ ਲਈ ਖਡੂਰ ਸਾਹਿਬ ਪਹੁੰਚਿਆਂ ਤੇ ਜਿਸ ਮੌਕੇ ਹਮਾਯੂੰ ਖਡੂਰ ਸਾਹਿਬ ਦਰਸ਼ਨ ਕਰਨ ਲਈ ਪਹੁੰਚਿਆਂ ਤਾਂ ਸਤਿਗੁਰੂ ਆਪਣੇ ਸੁਭਾਅ ਅਨੁਸਾਰ ਜੋ ਕਾਫੀ-ਕਾਫੀ ਸਮਾਂ ਨਿੱਕੇ ਨਿੱਕੇ ਬੱਚੇ ਇਕੱਠੇ ਕਰਕੇ ਉਨ੍ਹਾਂ ਨਾਲ ਖੇਡਿਆ ਕਰਦੇ ਸਨ। ਸਤਿਗੁਰੂ ਜੀ ਆਪਣੇ ਬੇਪਰਵਾਹੀ ਰੰਗ ਵਿੱਚ ਆਨੰਦ ਲੈਂਦੇ ਰਹੇ। ਹਮਾਯੂੰ, ਜਿਸ ਦਾ ਸੁਭਾਅ ਮਾਨ ਕਰਾਉਣ ਦਾ ਪੱਕਿਆ ਹੋਇਆ ਸੀ, ਜਦੋਂ ਗੁਰੂ ਦਰਬਾਰ ਵਿੱਚ ਇਸਦਾ ਕੋਈ ਮਾਨ-ਸਤਿਕਾਰ ਨਾ ਹੋਇਆ ਤਾਂ ਥੋੜ੍ਹਾ ਚਿਰ ਠਹਿਰ ਕੇ ਕ੍ਰੋਧ ਵਿੱਚ ਬੇਵੱਸ ਹੋ ਕੇ ਇਸਦਾ ਆਪਣੀ ਤਲਵਾਰ ਦੇ ਮੁੱਠ ’ਤੇ ਹੱਥ ਗਿਆ ਅਤੇ ਕਹਿਣ ਲੱਗਾ ਕਿ ਇਹ ਕੈਸਾ ਗੁਰੂ ਹੈ ? ਜੋ ਬੱਚਿਆਂ ਦੀ ਖੇਡ ਵਿੱਚ ਚਲ ਕੇ ਆਏ ਇੱਕ ਬਾਦਸ਼ਾਹ ਦੀ ਪਰਵਾਹ ਨਹੀਂ ਕਰ ਰਿਹਾ ਇਹ ਸੋਚਦੇ ਕਿ ਸਿਰ ਧੜ ਵੱਖਰਾ ਕਰ ਦਿਆਂ। ਅਭਿਮਾਨ ਵਿੱਚ ਆ ਕੇ ਤਲਵਾਰ ਕੱਢਣ ਲੱਗਾ ਪਰ ਹੱਥ ਮੁੱਠੇ ਦੇ ਵਿੱਚ ਹੀ ਜਕੜਿਆ ਗਿਆ। ਬਥੇਰਾ ਜਤਨ ਕੀਤਾ ਪਰ ਤਲਵਾਰ ਮਿਆਨ ਤੋਂ ਬਾਹਰ ਨਹੀਂ ਆਈ, ਗੁਰੂ ਅੰਗਦ ਸਾਹਿਬ ਜੀ ਨੇ ਨੇਤ੍ਰ ਉਪਰ ਚੁੱਕੇ ਤੇ ਕਿਹਾ ਕਿ ਬਾਦਸ਼ਾਹ ਤਲਵਾਰ ਕਿਉਂ ਨਹੀਂ ਕੱਢਦਾ ? ਕੈਸਾ ਬਾਦਸ਼ਾਹ ਹੈਂ, ਜਿਥੇ ਤਲਵਾਰ ਦੀ ਲੋੜ ਸੀ ਉਥੋਂ ਕਾਇਰ ਹੋ ਕੇ ਭੱਜ ਆਇਆ ਹੈਂ। ਤੇ ਫ਼ਕੀਰਾਂ ਨੂੰ ਤਲਵਾਰ ਦਾ ਭੈਅ ਦੇਣ ਲੱਗਾ ਹੈਂ। ਯਾਦ ਰੱਖ ਇਹ ਗੁਰੂ ਨਾਨਕ ਦੀ ਗੱਦੀ ਹੈ ਇੱਕ ਅਕਾਲ ਪੁਰਖ ਦੇ ਭੈਅ ਤੋਂ ਬਿਨਾਂ ਕਿਸੇ ਦਾ ਭੈਅ ਸਵੀਕਾਰ ਨਹੀਂ ਕੀਤਾ ਜਾਂਦਾ। ਜਦੋਂ ਹਮਾਯੂੰ ਨੇ ਸਰਨਾਗਤ ਹੋਣਾ ਕੀਤਾ ਤੇ ਕਿਹਾ ਕਿ ਮਹਾਰਾਜ ਬਖ਼ਸ਼ ਲਓ ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ ਤਾਂ ਮਹਾਰਾਜ ਨੇ ਕਿਰਪਾ ਦ੍ਰਿਸ਼ਟੀ ਕਰਕੇ ਤਲਵਾਰ ਦੇ ਮੁੱਠੇ ਵਿੱਚ ਫਸਿਆ ਹੱਥ ਸੁਤੰਤਰ

ਕੀਤਾ। ਹਮਾਯੂੰ ਨੇ ਕਿਹਾ ਕਿ ਮਹਾਰਾਜ ਮੇਰੇ ਰਾਜ ਦੀ ਦੁਆ ਕਰੋ, ਤੁਹਾਡੇ ਵੱਡਿਆਂ ਦਾ ਸੱਤ ਪੀੜੀਆਂ ਬਾਦਸ਼ਾਹੀ ਦਾ ਵਰ ਸੀ ਜੋ ਮੇਰੇ ਹੱਥੋਂ ਜਾਂਦਾ ਰਿਹਾ, ਮਹਾਰਾਜ ਨੇ ਕਿਹਾ, "ਜੇ ਗੁਰੂ ਨਾਨਕ ਦੀ ਗੱਦੀ ਤੇ ਤਲਵਾਰ ਦਾ ਜ਼ੋਰ ਨਾ ਵਿਖਾਉਂਦਾ ਤਾਂ ਰਾਜ ਹੁਣੇ ਹੀ ਪ੍ਰਾਪਤ ਹੋ ਜਾਂਦਾ ਪਰ ਹੁਣ ਸਮਾਂ ਲੱਗੇਗਾ, ਹਿੰਮਤ ਨਾ ਹਾਰੀਂ, ਫ਼ੌਜ ਇਕੱਠੀ ਕਰਕੇ ਹੱਲਾ ਮਾਰਣਾ, ਰਾਜ ਪ੍ਰਾਪਤ ਹੋ ਜਾਏਗਾ। ਇਉਂ ਗੁਰੂ ਸਾਹਿਬ ਦੇ ਬਚਨ ਅਨੁਸਾਰ 15 ਸਾਲ ਬਾਅਦ ਰਾਜ ਪ੍ਰਾਪਤ ਹੋਇਆ। ਇਉਂ ਸਤਿਗੁਰਾਂ ਦਾ ਦਰਸ਼ਨ ਮਾਨੀਆ ਦਾ ਮਾਨ ਤੋੜਨ ਵਾਲਾ ਹੈ ਜਿਹਨਾਂ ਨੇ ਹਮਾਯੂੰ ਵਰਗਿਆਂ ਦਾ ਮਾਨ ਤੋੜਕੇ ਨਿਰ ਅਭਿਮਾਨ ਕੀਤਾ।

## ਸਤੁ ਸੰਤੋਖੁ ਦਇਆ ਧਰਮੁ; ਸੀਗਾਰੁ ਬਨਾਵਉ ॥

ਸੱਤ ਅਤੇ ਸੰਤੋਖ, ਦਇਆ, ਧਰਮ, ਆਦਿ ਸ਼ੁਭ ਗੁਣਾਂ ਦੇ ਧਾਰਨ ਕਰਨ ਦਾ ਸ਼ਿੰਗਾਰ ਬਨਾਉਣਾ ਕਰੋ।

## ਸਫਲ ਸੁਹਾਗਣਿ ਨਾਨਕਾ; ਅਪੁਨੇ ਪ੍ਰਭ ਭਾਵਉ ॥੪॥੧੫॥੪੫॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੇ ਆਪਣੇ ਸੁਆਮੀ, ਮਾਲਕ ਪ੍ਰਮੇਸ਼ਰ ਨੂੰ ਭਾਅ ਜਾਈਏ ਅਰਥਾਤ ਪਸੰਦ ਆ ਜਾਈਏ ਤਾਂ ਸਫਲ ਸੁਹਾਗਨ ਵਾਲਾ ਜੀਵਨ ਪ੍ਰਾਪਤ ਹੋ ਜਾਂਦਾ ਹੈ॥੪॥੧੫॥੪੫॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੩ [ਆਦਿ ਅੰਗ ੮੧੩]

***ਬਿਲਾਵਲੁ ਮਹਲਾ ੫ ॥ ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥ ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥ ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥੧॥ਰਹਾਉ॥ ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥ ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥ ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥੪॥੨੨॥੫੨॥***

## ਬਿਲਾਵਲੁ ਮਹਲਾ ੫ ॥

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਅੰਮ੍ਰਿਤ ਬਚਨ ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਸੱਚੇ ਪਾਤਸ਼ਾਹ ਜੀ ! ਇਸ ਸੰਸਾਰ-ਸਮੁੰਦਰ ਤੋਂ ਕਿਹੜੇ ਢੰਗ ਨਾਲ ਤਰ ਸਕਦੇ ਹਾਂ ? ਅਤੇ ਜੋ ਪਹਿਲਾਂ ਤਰੇ ਹਨ, ਉਹ ਕਿਵੇਂ ਤਰੇ ਹਨ ? ਇਹ ਬਖ਼ਸ਼ਿਸ਼ ਕਰੋ। ਤਾਂ ਸਤਿਗੁਰੂ ਜੀ ਨੇ ਆਪਣੀ ਰਸਨਾਂ ਤੋਂ ਉਚਾਰਨ ਕੀਤਾ।

## ਇਹੁ ਸਾਗਰੁ ਸੋਈ ਤਰੈ; ਜੋ ਹਰਿ ਗੁਣ ਗਾਏ ॥

ਇਹੁ ਸਾਗਰੁ=ਸਮੁੰਦਰ ਭਾਵ ਸੰਸਾਰ ਜੋ ਸਮੁੰਦਰ ਦੀ ਨਿਆਈਂ ਹੈ। ਇਸ ਤੋਂ ਸੋਈ=ਓਹੀ ਤਰਦਾ ਹੈ ਜੋ ਹਰੀ ਪ੍ਰਮੇਸ਼ਰ ਵਾਹਿਗੁਰੂ ਦੇ ਗੁਣਾਂ ਨੂੰ ਗਾਉਂਦਾ ਹੈ। ਸੰਸਾਰ ਸਮੁੰਦਰ ਤੋਂ ਤਰਨ ਲਈ ਵਾਹਿਗੁਰੂ ਦਾ ਜਸ ਕਰਨਾ। ਵਾਹਿਗੁਰੂ ਦਾ ਜਸ ਕਰਨ ਲਈ ਦੋ ਤਰ੍ਹਾਂ ਦੇ ਤਰੀਕੇ ਗੁਰਮਤਿ ਵਿੱਚ ਪ੍ਰਮਾਣਿਤ ਹਨ। ਇੱਕ ਤਰੀਕਾ ਹੈ ਕਥਾ ਤੇ ਦੂਸਰਾ ਹੈ ਕੀਰਤਨ। ਕਲਯੁੱਗ ਦੇ ਵਿੱਚ ਵਾਹਿਗੁਰੂ ਦੇ ਗੁਣ ਗਾਉਣ ਦਾ ਸਭ ਤੋਂ ਵੱਡਾ ਪੁੰਨ ਕਥਨ ਕੀਤਾ ਹੈ। ਜੈਸਾ ਕਿ :

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥** [ਵਾਰ ਰਾਮਕਲੀ ਮਹਲਾ ੫, ਅੰਗ ੯੬੨]

ਕਲਯੁਗ ਦਾ ਪ੍ਰਧਾਨ ਕਰਮ ਕੀਰਤਨ ਹੈ ਜਿਸ ਦੁਆਰਾ ਵਾਹਿਗੁਰੂ ਦਾ ਪ੍ਰੇਮ ਜਾਗ੍ਰਿਤ ਹੋ ਕੇ ਅੰਤਸ਼ਕਰਣ ਦੀ ਸ਼ੁੱਧਤਾ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਜੀ ਦਾ ਗੁਰਮੁਖਾਂ ਨੂੰ ਧਿਆਨ ਲਾ ਕੇ ਜਪਣ ਦਾ ਹੁਕਮ ਹੈ ਅਤੇ ਨਾਲ ਹੀ ਗੁਰਸਿੱਖਾਂ ਨੂੰ ਕੀਰਤਨ ਦੀ ਪ੍ਰਧਾਨਤਾ ਦਰਸਾਉਂਦੇ ਹੋਏ ਕਥਨ ਕਰਦੇ ਹਨ। ਜੈਸਾ ਕਿ :

**ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥**
**ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹਿ ਪਤਿ ਸਿਉ ਜਾਇਦਾ ॥੬॥**

[ਮਾਰੂ ਮਹਲਾ ੫, ਅੰਗ ੧੦੭੫]

ਸੋ ਇਸ ਲਈ ਸੰਸਾਰ ਸਮੁੰਦਰ ਤੋਂ ਤਰਨ ਲਈ ਵਾਹਿਗੁਰੂ ਦੇ ਗੁਣ ਭਾਵੇਂ ਕਥਾ ਵਿੱਚ ਗਾ ਲਵੋ ਤੇ ਭਾਵੇਂ ਕੀਰਤਨ ਵਿੱਚ। ਜੈਸਾ ਕਿ :

**੧. ਜਪਿ ਮਨ ਨਾਮੁ ਹਰਿ ਸਰਣੀ ॥ ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥**

[ਗੂਜਰੀ ਮਹਲਾ ੧, ਅੰਗ ੫੦੫]

੨. **ਗੁਨ ਗਾਇ ਸੁਨਿ ਲਿਖਿ ਦੇਇ॥ ਸੋ ਸਰਬ ਫਲ ਹਰਿ ਲੇਇ॥**
**ਕੁਲ ਸਮੂਹ ਕਰਤ ਉਧਾਰੁ॥ ਸੰਸਾਰੁ ਉਤਰਸਿ ਪਾਰਿ॥** [ਬਿਲਾਵਲੁ ਮਹਲਾ ੫, ਅੰਗ ੮੩੮]

੩. **ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ॥** [ਧਨਾਸਰੀ ਮਹਲਾ ੫, ਅੰਗ ੬੯੧]

੪. **ਸਾਗਰੁ ਤਰੀਐ ਨਾਮ ਕੈ ਰੰਗਿ॥ ਗੁਣ ਗਾਵੈ ਨਾਨਕੁ ਸਾਧਸੰਗਿ॥੩॥**
[ਭੈਰਉ ਮਹਲਾ ੫, ਅੰਗ ੧੧੫੦]

੫. **ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ॥** [ਆਸਾ ਮਹਲਾ ੫, ਅੰਗ ੪੫੬]

੬. **ਸੰਸਾਰੁ ਸਾਗਰੁ ਤਿਨੀ ਤਰਿਆ ਜਿਨੀ ਏਕੁ ਧਿਆਇਆ॥** [ਆਸਾ ਮਹਲਾ ੫, ਅੰਗ ੪੬੧]

## *ਸਾਧਸੰਗਤਿ ਕੈ ਸੰਗਿ ਵਸੈ; ਵਡਭਾਗੀ ਪਾਏ॥੧॥*

ਸਾਧਸੰਗਤਿ ਕੈ=ਦੇ ਸੰਗ ਵਿੱਚ ਵਸੈ=ਵਸਣਾ ਕੋਈ ਵਿਰਲਾ ਵਡਭਾਗੀ=ਵੱਡੇ ਭਾਗਾਂ ਵਾਲਾ ਪੁਰਸ਼ ਹੀ ਪਾਏ=ਪ੍ਰਾਪਤ ਕਰਦਾ ਹੈ॥੧॥

ਸੋ ਸੰਸਾਰ ਦੇ ਵਿੱਚ ਬਹੁਤ ਸਾਰੇ ਸੰਸਾਰਿਕ ਬਿਰਤੀ ਵਾਲੇ ਉਸਨੂੰ ਭੀ ਵੱਡੇ ਭਾਗਾਂ ਵਾਲਾ ਕਹਿੰਦੇ ਹਨ ਜਿਸ ਨੂੰ ਸੰਸਾਰ ਦੀ ਕੋਈ ਵਡਿਆਈ ਮਿਲ ਜਾਏ, ਕੋਈ ਸੰਸਾਰ ਦਾ ਅਹੁਦਾ ਮਿਲ ਜਾਏ, ਕਿਸੇ ਨੂੰ ਮਕਾਨ ਚੰਗਾ ਮਿਲ ਜਾਏ, ਉਸਨੂੰ ਭੀ ਲੋਕ ਵੱਡੇ ਭਾਗਾਂ ਵਾਲਾ ਕਹਿ ਦਿੰਦੇ ਹਨ। ਧਨ ਪਦਾਰਥ ਮਾਇਆ, ਵਾ—ਪੁੱਤਰ ਦੀ ਪ੍ਰਾਪਤੀ ਆਦਿਕ ਮਿਲਣ ਤੋਂ ਵੀ ਅਗਿਆਨੀ ਲੋਕ ਇਹ ਸ਼ਬਦ ਵਰਤ ਲੈਂਦੇ ਹਨ ਕਿ ਬਈ ਇਹ ਵੱਡੇ ਭਾਗਾਂ ਵਾਲਾ ਹੈ ਪਰ ਪ੍ਰਮਾਰਥ ਵਿੱਚ ਇਨਾਂ ਚੀਜ਼ਾਂ ਦੀ ਫੁਟੀ ਕੌਡੀ ਕੀਮਤ ਨਹੀਂ ਹੈ। ਕਿਉਂਕਿ ਇਹ ਸਭ ਨਾਸ਼ਵਾਨ ਹਨ। ਇਸ ਲਈ ਮਿਥਿਆ ਪਦਾਰਥਾਂ ਦਾ ਮਿਲਣਾ ਭਾਗਾਂ ਦੀ ਨਿਸ਼ਾਨੀ ਤਾਂ ਹੋ ਸਕਦੀ ਹੈ, ਪਰ ਵੱਡੇ ਭਾਗਾਂ ਦੀ ਨਹੀਂ। ਵੱਡਾ ਸਭ ਤੋਂ ਪ੍ਰਮੇਸ਼ਰ ਹੈ ਤੇ ਵੱਡਾ ਹੀ ਉਸ ਦਾ ਨਾਮ ਹੈ ਤੇ ਜਿਥੇ ਨਾਮ ਦੀ ਪ੍ਰਾਪਤੀ ਦਾ ਪ੍ਰੇਮ ਜਾਗਣਾ ਹੈ, ਉਸ ਜਗ੍ਹਾ ਨੂੰ ਸਤਸੰਗਤਿ ਕਿਹਾ ਜਾਂਦਾ ਹੈ। ਪ੍ਰਮੇਸ਼ਰ ਸੱਤ ਹੈ, ਉਸਦਾ ਨਾਮ ਸੱਤ ਹੈ, ਉਸਦੀ ਪ੍ਰਾਪਤੀ ਕਰਾਉਣ ਵਾਲੀ ਸਾਧਸੰਗਤਿ ਸੱਤ ਹੈ। ਇਸ ਲਈ ਸਤਿਗੁਰੂ ਜੀ ਨੇ ਸਤਸੰਗਤਿ ਦੀ ਪ੍ਰਾਪਤੀ ਵਾਲਿਆਂ ਨੂੰ ਹੀ ਵੱਡੇ ਭਾਗਾਂ ਵਾਲੇ ਕਹਿ ਕੇ ਨਿਵਾਜਿਆ ਹੈ। ਸਤਸੰਗਤਿ ਹੀ ਸਭ ਤੋਂ ਵੱਡਾ ਕਰਮ ਹੈ। ਇਹ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਸੋ ਦੂਸਰਾ ਭਾਵ ਇਸ ਦਾ ਇਹ ਵੀ ਹੈ ਕਿ ਸਾਧਸੰਗਤਿ ਦੇ ਸੰਗ ਵਸਣ ਕਰਕੇ ਭਾਵ ਸਾਧਸੰਗਤਿ ਕਰਦਿਆਂ ਕਰਦਿਆਂ ਜੀਵ ਦਾ (ਵਡ+ਭਾਗੀ) ਵਡ=ਵੱਡਾ ਪਣ ਭਾਗੀ=ਭੱਜ ਜਾਂਦਾ ਹੈ। ਵੱਡਾ ਪਣ ਕੀ ਹੈ ? ਅਭਿਮਾਨ ਹਿਰਦੇ 'ਚੋਂ ਦੂਰ ਦੌੜ ਜਾਂਦਾ ਹੈ ਅਤੇ ਪ੍ਰਮੇਸ਼ਰ ਦੀ ਪਾਏ=ਪ੍ਰਾਪਤੀ ਹੋ ਜਾਂਦੀ ਹੈ। ਜੈਸਾ ਕਿ :

੧. **ਵਡਭਾਗੀ ਸਾਧਸੰਗੁ ਪ੍ਰਾਪਤਿ ਤਿਨ ਭੇਟਤ ਦੁਰਮਤਿ ਖੋਈ॥**
**ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥**
[ਸੋਰਠਿ ਮਹਲਾ ੫, ਅੰਗ ੬੧੭-੧੮]

੨. **ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗਹੀਣ ਭ੍ਰਮਿ ਚੋਟਾ ਖਾਵਹਿ॥**
**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥**
[ਮਾਝ ਮਹਲਾ ੪, ਅੰਗ ੯੫]

੩. **ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ॥ ਵਡੈ ਭਾਗਿ ਸਾਧੂ ਸੰਗੁ ਪਾਵੈ॥੧॥ਰਹਾਉ॥**
[ਗਉੜੀ ਮਹਲਾ ੫, ਅੰਗ ੧੮੯]

## *ਸੁਣਿ ਸੁਣਿ ਜੀਵੈ ਦਾਸੁ ਤੁਮ੍; ਬਾਣੀ ਜਨ ਆਖੀ॥*

ਜੋ ਭਗਤ ਜਨਾਂ ਨੇ ਉਪਦੇਸੁ ਰੂਪ ਬਾਣੀ ਆਖੀ=ਕਹੀ ਹੈ ਉਚਾਰਨ ਕੀਤੀ ਹੈ। ਉਹ ਤੁਮ੍=ਤੁਹਾਡੇ ਦਾਸੁ=ਸੇਵਕ

ਸੁਣਿ=ਕੰਨਾ ਦੁਆਰਾ ਸੁਣਿ=ਸੁਣ ਕੇ ਜੀਵਨ ਪ੍ਰਾਪਤ ਕਰਦੇ ਹਨ। ਵਾ—ਸੁਣ ਸੁਣ ਕੇ ਜਿਊਂਦੇ ਹਨ। ਗੁਰੂ ਸਾਹਿਬ ਜੀ ਇਥੇ ਇਹ ਭਾਵ ਪ੍ਰਗਟ ਕਰਦੇ ਹਨ ਕਿ ਸਾਡੇ ਵੱਡੇ ਗੁਰੂ ਸਾਹਿਬਾਨ, ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਸਾਹਿਬ ਜੀ ਨੇ ਜਨ=ਦਾਸ, ਸੇਵਕ ਰੂਪ ਹੋ ਕੇ ਆਪਣੇ ਆਪ ਨੂੰ ਪ੍ਰਮੇਸ਼ਰ ਦੇ ਦਾਸ ਮੰਨ ਕੇ ਬਾਣੀ ਦਾ ਉਚਾਰਨ ਕੀਤਾ ਹੈ ਅਤੇ ਜੋ ਭਗਤ ਬਾਣੀ ਹੈ, ਇਹ ਵੀ ਭਗਤਾਂ ਨੇ ਦਾਸਾ ਭਾਵ ਵਿੱਚ ਉਚਾਰਨ ਕੀਤੀ ਹੈ, ਇਸ ਲਈ ਇਹ ਸਾਰੀ ਬਾਣੀ ਜਨ ਰੂਪ ਹੋ ਕਰਕੇ ਆਖੀ ਹੋਈ ਹੈ। ਇਸ ਦਾ ਸੁਨਣਾ ਜਗਿਆਸੂਆਂ ਦਾ ਸੰਸਾਰ ਤੋਂ ਤਰਣ ਦਾ ਕਾਰਣ ਹੈ। ਇਸ ਲਈ ਇਥੇ ਪ੍ਰੇਰਨਾ ਦਿੱਤੀ ਹੈ। ਜੈਸਾ ਕਿ :

੧. **ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥**

[ਗੂਜਰੀ ਮਹਲਾ ੪, ਅੰਗ ੪੯੪]

੨. **ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥**

[ਮਾਝ ਮਹਲਾ ੫, ਅੰਗ ੧੦੩]

੩. **ਅੰਮ੍ਰਿਤ ਬਾਣੀ ਸੁਣਤ ਨਿਹਾਲ ॥ ਬਿਨਸਿ ਗਏ ਬਿਖਿਆ ਜੰਜਾਲ ॥੧॥**

[ਪ੍ਰਭਾਤੀ ਮਹਲਾ ੫, ਅੰਗ ੧੩੪੦]

੪. **ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥** [ਮਾਰੂ ਮਹਲਾ ੫, ਅੰਗ ੧੦੭੬]

੫. **ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ਰਹਾਉ॥**

[ਧਨਾਸਰੀ ਮਹਲਾ ੩, ਅੰਗ ੬੬੫]

## *ਪ੍ਰਗਟ ਭਈ ਸਭ ਲੋਅ ਮਹਿ; ਸੇਵਕ ਕੀ ਰਾਖੀ ॥੧॥ਰਹਾਉ॥*

ਇਹ ਗੱਲ ਸਾਰੇ ਲੋਅ=ਲੋਕਾਂ ਵਿੱਚ ਭਾਵ ਤਿੰਨੇ ਲੋਕਾਂ ਵਿੱਚ ਪ੍ਰਗਟ=ਉਜਾਗਰ ਭਈ=ਹੋਈ ਹੈ। ਕਿ ਹੇ ਵਾਹਿਗੁਰੂ ! ਤੁਸੀਂ ਸੇਵਕ=ਦਾਸ ਦੀ ਪੈਜ, ਇੱਜ਼ਤ ਰਾਖੀ=ਰੱਖੀ ਹੈ। ਵਾ—ਤੁਹਾਡੇ ਸੇਵਕ ਦੀ ਇੱਜ਼ਤ ਸਾਰੇ ਸੰਸਾਰ ਵਿੱਚ ਪ੍ਰਗਟ ਹੋਈ ਹੈ। ਸੋ ਇਸ ਤੇ ਅਨੇਕਾਂ ਸਾਖੀਆਂ ਦੇ ਪ੍ਰਮਾਣ ਹਨ। ਜਿਸ ਵਿੱਚੋਂ ਇੱਕ ਪ੍ਰਮਾਣ, ਇਸ ਸਿਧਾਂਤ ਦੇ ਨਾਲ ਢੁਕਦਾ ਇਸ ਪ੍ਰਕਾਰ ਹੈ।

**ਸਾਖੀ—ਪਤੰਗ ਤੇ ਜਮਾਲ ਦੀ—**ਲਾਹੌਰ ਸ਼ਹਿਰ ਵਿੱਚ ਇੱਕ ਪਦਾਰਥ ਵਾਲਾ ਅਮੀਰ ਪੁਰਸ਼ ਰਿਹਾ ਕਰਦਾ। ਜਿਸਦਾ ਨਾਮ ਪਤੰਗ ਸੀ। ਇਹ ਬਹੁਤ ਹੀ ਇਮਾਨਦਾਰ, ਧਰਮਾਤਮਾ ਪੁਰਸ਼ ਸੀ, ਇਸ ਕੋਲ ਲੋਕਾਂ ਦੀਆਂ ਅਮਾਨਤਾਂ ਧਨ, ਗਹਿਣੇ ਆਦਿ ਰੱਖੀਆਂ ਜਾਂਦੀਆਂ ਸਨ। ਇਹ ਮਿੱਠਾ ਬੋਲਣ ਵਾਲਾ ਤੇ ਇਨਸਾਫ਼ ਪਸੰਦ ਸੀ। ਸਰਕਾਰੇ ਦਰਬਾਰੇ ਭੀ ਇਸਦਾ ਬੜਾ ਮਾਨ-ਸਨਮਾਨ ਸੀ ਜਿਸ ਵੇਲੇ ਅਦਾਲਤ ਵਿੱਚ ਜਾਂਦਾ ਤਾਂ ਇਸਨੂੰ ਕੁਰਸੀ 'ਤੇ ਬਿਠਾਇਆ ਜਾਂਦਾ ਸੀ। ਇਸ ਦੀ ਸੱਚਾਈ ਤੇ ਇਮਾਨਦਾਰੀ ਦੀ ਧੁੰਮ ਸਾਰੇ ਸ਼ਹਿਰ ਵਿੱਚ ਪਈ ਹੋਈ ਸੀ। ਸਭ ਨੂੰ ਸਮ ਦ੍ਰਿਸ਼ਟੀ ਨਾਲ ਵੇਖਦਾ ਸੀ, ਅਮਾਨਤ ਰੱਖਣ ਵਾਲਾ ਚਾਹੇ ਬਾਲ, ਜਵਾਨ ਜਾਂ ਬਿਰਧ। ਗ਼ਰੀਬ ਜਾਂ ਅਮੀਰ ਆ ਜਾਵੇ ਨਾ ਝੂਠ ਬੋਲਦਾ ਸੀ ਤੇ ਨਾ ਹੀ ਘੱਟ ਤੋਲਦਾ ਸੀ। ਲਾਹੌਰ ਸ਼ਹਿਰ ਵਿੱਚ ਹੀ ਇੱਕ ਜਮਾਲ ਨਾਮੀ ਪਠਾਨ ਰਹਿੰਦਾ ਸੀ। ਉਸਨੂੰ ਇੱਕ ਦਿਨ ਅਚਾਨਕ ਹੀ ਪਿਸ਼ਾਵਰ ਜ਼ਰੂਰੀ ਕੰਮ ਲਈ ਜਾਣਾ ਪੈ ਗਿਆ। ਉਸ ਪਾਸ ਸੱਤ ਸੌ ਮੋਹਰਾਂ ਸਨ, ਸੋਚਿਆ ਜੇ ਮੈਂ ਮਾਲ ਨਾਲ ਲੈ ਕੇ ਜਾਂਦਾ ਹਾਂ ਤਾਂ ਰਸਤੇ ਵਿੱਚ ਡਾਕੂਆਂ ਦਾ ਡਰ ਹੈ। ਕਿਤੇ ਧਨ ਦੇ ਨਾਲ ਜਾਨ ਦਾ ਨੁਕਸਾਨ ਨਾ ਹੋ ਜਾਵੇ। ਇਹ ਸੋਚਕੇ ਉਸ ਇਮਾਨਦਾਰ ਪਤੰਗ ਸ਼ਾਹੂਕਾਰ ਦੇ ਕੋਲ ਮੋਹਰਾਂ ਰੱਖਣ ਲਈ ਚਲਾ ਗਿਆ। ਕਿਹਾ "ਪਤੰਗ ਜੀ ! ਜੇ ਘਰ ਰੱਖਦਾ ਹਾਂ ਤਾਂ ਚੋਰਾਂ ਦਾ ਡਰ ਹੈ ਜੇ ਨਾਲ ਲੈ ਕੇ ਜਾਂਦਾ ਹਾਂ ਤਾਂ ਡਾਕੂਆਂ ਦਾ ਡਰ ਹੈ। ਮੈਂ ਤੁਹਾਡੇ ਕੋਲ ਇਹ ਅਮਾਨਤ ਰੱਖਦਾ ਹਾਂ ਇਹ ਸੰਭਾਲ ਲੈਣੀ। ਪਿੱਛੇ ਆਪਣੇ ਘਰ ਚਲਿਆ ਹਾਂ ਤੇ ਵਾਪਿਸ ਆ ਕੇ ਲੈ ਲਵਾਂਗਾ। ਇੰਨੀ ਗੱਲ ਕਹਿ ਕੇ ਆਪਣੇ ਘਰ ਚਲਾ ਗਿਆ। ਜਦੋਂ ਸੱਤ ਅੱਠ ਮਹੀਨੇ ਪਿੱਛੋਂ ਜਮਾਲ ਨੇ ਵਾਪਿਸ ਆ ਕੇ ੭੦੦ (ਸੱਤ ਸੌ) ਮੋਹਰ ਦੀ ਮੰਗ ਕੀਤੀ ਤਾਂ ਪਤੰਗ ਨੇ ਸਾਰੇ ਕਾਗਜ਼

ਦੇਖ-ਭਾਲ ਕੇ ਕਿਹਾ ਕਿ ਤੁਹਾਨੂੰ ਭੁਲੇਖਾ ਲੱਗਾ ਹੈ ਤੁਸੀਂ ਮੇਰੇ ਕੋਲ ਪੈਸੇ ਜਮ੍ਹਾ ਨਹੀਂ ਕਰਵਾਏ। ਜਮਾਲ ਨੇ ਬੜੇ ਠਰੰਮੇ ਨਾਲ ਰੁਮਾਲ ਦੀਆਂ ਨਿਸ਼ਾਨੀਆਂ ਦੱਸੀਆਂ, ਲਾਗੇ ਬੈਠੇ ਹੋਏ ਆਦਮੀਆਂ ਦਾ ਚੇਤਾ ਕਰਵਾਇਆ, ਪਰ ਸੇਠ ਪਤੰਗ ਨੇ ਫਿਰ ਪਹਿਲੇ ਵਾਕ ਦੁਹਰਾ ਦਿੱਤੇ।

ਜਮਾਲ ਨੇ ਗ਼ੁੱਸੇ ਵਿੱਚ ਆ ਕੇ ਨਾ-ਵਰਤਣ ਵਾਲੇ ਸ਼ਬਦ ਵਰਤੇ ਉਹਦਾ ਸ਼ਬਦਾਂ ਵਿੱਚ ਬਹੁਤ ਨਿਰਾਦਰ ਕੀਤਾ। ਸੇਠ ਨੇ ਦੂਜੀ ਵਾਰ ਫੇਰ ਤਸੱਲੀ ਨਾਲ ਕਾਗਜ਼ ਦੇਖਣਾ ਕੀਤੇ ਤੇ ਕਿਹਾ ਕਿ ਤੁਹਾਡੀ ਕੋਈ ਰਕਮ ਮੇਰੇ ਕੋਲ ਜਮ੍ਹਾਂ ਨਹੀਂ ਹੈ। ਜਮਾਲ ਨੇ ਜਾ ਕੇ ਅਦਾਲਤ ਵਿੱਚ ਮੁਕੱਦਮਾ ਕਰ ਦਿੱਤਾ। ਦੋਹਾਂ ਪਾਸਿਆਂ ਤੋਂ ਗਵਾਹੀਆਂ ਭੁਗਤੀਆਂ। ਹਾਕਮ ਨੂੰ ਦੋਵੇਂ ਸੱਚੇ ਜਾਪੇ ਤੇ ਉਨ੍ਹਾਂ ਨੂੰ ਕਿਹਾ ਕਿ ਮੈਂ ਤੁਹਾਡੀ ਦੋਹਾਂ ਦੀ ਸੱਚਾਈ ਦੀ ਪ੍ਰੀਖਿਆ ਤੇਲ ਕੇ ਗਰਮ ਕੜਾਹੇ ਵਿੱਚ ਹੱਥ ਪੁਆ ਕੇ ਕਰਨੀ ਹੈ। ਇਸ ਪਰਖ ਲਈ ਦੋਵੇਂ ਹੀ ਤਿਆਰ ਹੋ ਗਏ। ਪਤੰਗ ਨੂੰ ਆਪਣੇ ਸੱਚੇ ਹੋਣ ਦਾ ਬੜਾ ਭਰੋਸਾ ਸੀ ਅਤੇ ਜਮਾਲ ਨੂੰ ਆਪਣੀ ਸੱਚਾਈ ’ਤੇ ਬੜਾ ਮਾਣ ਸੀ। ਦੋਵੇਂ ਇੱਕ ਦੂਜੇ ਨੂੰ ਬੜੇ ਧਿਆਨ ਨਾਲ ਦੇਖ ਰਹੇ ਸਨ। ਜਦੋਂ ਤੇਲ ਵਿੱਚ ਦੋਹਾਂ ਨੇ ਹੱਥ ਪਾਏ ਤਾਂ ਜਮਾਲ ਦਾ ਹੱਥ ਸੜ ਗਿਆ ਪਰ ਪਤੰਗ ਦੇ ਹੱਥ ਨੂੰ ਆਂਚ ਨਾਲ ਲੱਗੀ। ਜਮਾਲ ਬੜਾ ਬੇਚੈਨ ਹੋ ਗਿਆ, ਉਸ ਦਾ ਈਮਾਨ ਸੱਚ ਤੋਂ ਦੂਰ ਚਲਾ ਗਿਆ। ਪਤੰਗ ਨੇ ਵਾਪਸ ਆ ਕੇ ਫਿਰ ਅਮਾਨਤ ਰੱਖਣ ਵਾਲੇ ਟਿਕਾਣੇ ਬੜੇ ਧਿਆਨ ਨਾਲ ਦੇਖੇ ਅਤੇ ਸੋਚਿਆ ਕਿ ਝੂਠਾ ਬੰਦਾ ਇਤਨਾ ਵੱਡਾ ਦਾਅਵਾ ਨਹੀਂ ਕਰ ਸਕਦਾ, ਜਦੋਂ ਸਾਰੀ ਰਕਮ ਦੀ ਗਿਣਤੀ ਕੀਤੀ ਤਾਂ ਸੱਤ ਸੌ ਮੋਹਰਾਂ ਵੱਧ ਨਿਕਲੀਆਂ। ਉਸੇ ਵੇਲੇ ਮੋਹਰਾਂ ਲੈ ਕੇ ਆਪਣੇ ਨੇਕ ਸੁਭਾਅ ਅਨੁਸਾਰ ਪਸ਼ਚਾਤਾਪ ਕਰਦਾ ਹੋਇਆ ਜਮਾਲ ਦੇ ਘਰ ਪਹੁੰਚਿਆਂ ਅਤੇ ਕਹਿਣ ਲੱਗਾ ਕਿ ਭਾਈ ! ਤੂੰ ਸੱਚਾ ਹੈਂ ਤੇਰੀਆਂ ਮੋਹਰਾਂ ਲੱਭ ਪਈਆਂ ਹਨ ਤਾਂ ਜਮਾਲ ਕਹਿਣ ਲੱਗਾ ਕਿ ਇਹ ਕੈਸਾ ਕਲਯੁਗ ਹੈ ਕਿ ਸੱਚਿਆਂ ਦੇ ਹੱਥ ਸੜਨ ਅਤੇ ਝੂਠਿਆਂ ਦੇ ਹੱਥ ਨੂੰ ਕੋਈ ਸੇਕ ਵੀ ਨਾ ਲੱਗੇ। ਕਿਉਂਕਿ ਪਠਾਨ ਨੂੰ ਪੈਸਿਆਂ ਤੋਂ ਜ਼ਿਆਦਾ ਗ਼ਮ ਆਪਣੀ ਹੋਈ ਬੇਇਜ਼ਤੀ ਦਾ ਸੀ। ਇਸ ਲਈ ਉਹ ਬਹੁਤ ਬੁਰੇ ਭਲੇ ਸ਼ਬਦ ਬੋਲ ਰਿਹਾ ਸੀ। ਪਤੰਗ ਨੇ ਪਿਆਰ ਨਾਲ ਕਿਹਾ ਕਿ ਇਹ ਸਭ ਕੁਝ ਮੇਰੇ ਕੋਲੋਂ ਭੁੱਲ ਵਿੱਚ ਹੋਇਆ ਹੈ ਇਸ ਦਾ ਕਾਰਨ ਜਦੋਂ ਤੂੰ ਆਇਆ ਸੀ ਤਾਂ ਉਸ ਸਮੇਂ ਅਮਾਨਤੀਆਂ ਦੀ ਬਹੁਤੀ ਭੀੜ ਹੋਣ ਕਰਕੇ ਮੈਂ ਤੇਰੀ ਰਕਮ ਵਹੀ ਵਿੱਚ ਦਰਜ ਨਾ ਕਰ ਸਕਿਆ। ਕਾਹਲ ਹੋਣ ਕਰਕੇ ਤੂੰ ਮੇਰੇ ’ਤੇ ਵਿਸ਼ਵਾਸ ਕਰਕੇ ਰਕਮ ਨੂੰ ਬਿਨਾਂ ਲਿਖਾਏ ਹੀ ਚਲਿਆ ਗਿਆ ਤੇ ਮੈਨੂੰ ਰੋਜ਼-ਨਾਮਚੇ ਵਿੱਚ ਲਿਖਣੀ ਯਾਦ ਨਾ ਰਹੀ। ਇਸ ਲਈ ਦਿਲੋਂ ਮੈਂ ਭੀ ਸੱਚਾ ਸੀ, ਮੇਰੀ ਲਜਿਆ ਤਾਂ ਮੇਰੇ ਅੰਤਰਜਾਮੀ ਗੁਰੂ ਨੇ ਰੱਖ ਲਈ। ਕਿਉਂਕਿ ਮੈਂ ਆਪਣੇ ਗੁਰੂ ਦਾ ਸਿਮਰਨ ਕਰਕੇ ਬੇਨਤੀ ਕਰਕੇ ਤੇਲ ਦੇ ਗਰਮ ਕੜਾਹੇ ਵਿੱਚ ਹੱਥ ਪਾਇਆ ਸੀ ਕਿ ਸਤਿਗੁਰੂ ਜੀ ਮੇਰੀ ਲਜਿਆ ਰੱਖਣੀ ਤੇ ਸਤਿਗੁਰਾਂ ਨੇ ਆਪਣਾ ਸੇਵਕ ਜਾਣ ਕੇ ਮੇਰੀ ਲਜਿਆ ਰੱਖੀ ਹੈ। ਇਹ ਗੱਲ ਸੁਣ ਕੇ ਪਠਾਨ ਜਮਾਲ ਦੇ ਮਨ ਵਿੱਚ ਸਤਿਗੁਰੂ ਵਾਸਤੇ ਸ਼ਰਧਾ ਪੈਦਾ ਹੋ ਗਈ ਤੇ ਕਹਿਣ ਲੱਗਾ ਸੇਠ ਜੀ ! ਮੈਂ ਤੁਹਾਡੇ ਪੀਰ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਜਮਾਲ ਦਾ ਨਿਸ਼ਚਾ ਦੇਖਕੇ ਸ਼ਾਹੂਕਾਰ ਪਤੰਗ ਉਸਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਾ। ਉਸ ਵੇਲੇ ਗੁਰੂ ਅਰਜਨ ਸਾਹਿਬ ਜੀ ਮੰਜੀ ਸਾਹਿਬ ਵਾਲੇ ਅਸਥਾਨ ’ਤੇ ਦੀਵਾਨ ਵਿੱਚ ਸ਼ੁਸ਼ੋਭਿਤ ਸਨ, ਇਨ੍ਹਾਂ ਦੋਹਾਂ ਨੇ ਬੜੇ ਸਤਿਕਾਰ ਨਾਲ ਮੱਥਾ ਟੇਕਿਆ। ਸਤਿਗੁਰੂ ਜੀ ਨੇ ਅਸ਼ੀਰਵਾਦ ਦੇ ਕੇ ਪੁੱਛਿਆ ਹੇ ਭਾਈ ! ਤੁਸੀਂ ਕਿਵੇਂ ਆਏ ਹੋ ਤਾਂ ਜਮਾਲ ਨੇ ਉਸੇ ਵੇਲੇ ਆਪਣੇ ਨਾਲ ਬੀਤੀ ਹੋਈ ਸਾਰੀ ਵਾਰਤਾ ਕਹਿ ਸੁਣਾਈ ਤੇ ਪੁੱਛਣ ਲੱਗਾ ਕਿ ਗ਼ਰੀਬ ਨਿਵਾਜ ਸਤਿਗੁਰੂ ਜੀਓ ! ਜਦੋਂ ਕਿ ਮੈਂ ਸੱਚਾ ਸੀ ਤਾਂ ਮੇਰਾ ਹੱਥ ਤੱਤੇ ਤੇਲ ਵਿੱਚ ਕਿਵੇਂ ਸੜ ਗਿਆ ਅਤੇ ਪਤੰਗ ਝੂਠਾ ਹੋਣ ਦੇ ਬਾਵਜੂਦ ਵੀ ਬਚ ਗਿਆ। ਕਿਰਪਾ ਕਰਕੇ ਇਸ ਦਾ ਕਾਰਨ ਦੱਸੋ ? ਉਸਨੂੰ ਵਿਸ਼ਵਾਸ ਕਰਾਉਣ ਲਈ ਸਤਿਗੁਰੂ ਨੇ ਕਿਹਾ ਭਾਈ, ਤੁਸੀਂ ਦੋਵੇਂ ਹੀ ਸੱਚੇ ਸੀ। ਤੂੰ ਇਸ ਲਈ ਸੱਚਾ ਸੀ ਕਿ ਅਮਾਨਤ ਇਸ ਕੋਲ ਰੱਖ ਕੇ ਗਿਆ ਇਹ ਇਸ ਲਈ ਸੱਚਾ ਸੀ ਇਸ ਨੇ ਲਾਲਚ ਵੱਸ ਹੋ ਕੇ, ਜਾਣ-ਬੁੱਝ ਕੇ ਐਸਾ ਨਹੀਂ ਕੀਤਾ। ਬਲਕਿ ਭੁੱਲ ਦੇ ਕਾਰਣ ਇਸ ਕੋਲੋਂ ਐਸਾ ਹੋਇਆ ਪਰ ਇਸਦੇ ਮਨ ਵਿੱਚ ਪੂਰਨ ਨਿਸ਼ਚਾ ਗੁਰੂ ਘਰ ਦਾ ਹੋਣ ਕਰਕੇ ਸਾਨੂੰ ਯਾਦ ਕੀਤਾ, ਅਸੀਂ ਆਪਣਾ ਧਰਮ ਸਮਝ ਕੇ ਇਸ ਦੀ ਰੱਖਿਆ ਕੀਤੀ। ਤੇ

ਤੂੰ ਉਤਨੇ ਸਮੇਂ ਵਿੱਚ ਹੀ ਪਤਾ ਨਹੀਂ ਕਿੰਨੇ ਪੀਰ-ਫ਼ਕੀਰ ਮਨਾਉਣਾ ਕੀਤੇ ਤੇ ਉਨ੍ਹਾਂ ਨੂੰ ਯਾਦ ਕੀਤਾ ਤੇ ਤੇਰਾ ਕਿਸੇ ’ਤੇ ਅਟੱਲ ਨਿਸ਼ਚਾ ਨਾ ਹੋਣ ਕਰਕੇ ਕਿਸੇ ਨੇ ਤੇਰੀ ਰੱਖਿਆ ਨਹੀਂ ਕੀਤੀ ਤੇ ਤੇਰਾ ਹੱਥ ਸੜ ਗਿਆ। ਗੁਰੂ ਜੀ ਨੇ ਕਿਹਾ ਕਿ ਪ੍ਰੇਮੀਆ! ਸਿਦਕ ਦੇ ਬਹੁਤੇ ਪੈਰ ਨਹੀਂ ਹੁੰਦੇ, ਸਿਦਕ ਦੀਆਂ ਬਹੁਤੀਆਂ ਅੱਖਾਂ ਨਹੀਂ ਹੁੰਦੀਆਂ, ਸਿਦਕ ਦੇ ਬਹੁਤੇ ਘਰ ਨਹੀਂ ਹੁੰਦੇ। ਸਿਦਕੀ ਕੇਵਲ ਇੱਕ ਨੂੰ ਮੰਨਣ ਵਾਲੇ ਹੁੰਦੇ ਹਨ। ਪਤੰਗ ਦੀ ਸ਼ਰਧਾ ਨੇ ਇਸਨੂੰ ਸੇਕ ਨਹੀਂ ਲੱਗਣ ਦਿੱਤਾ। ਤੇਰੀ ਬੇ-ਭਰੋਸਗੀ ਨੇ ਤੇਰਾ ਹੱਥ ਸਾੜ ਦਿੱਤਾ ਹੈ। ਕੋਈ ਦੇਵੀ ਦੇਵਤਾ, ਪੀਰ-ਫ਼ਕੀਰ ਤੇ ਗੁਰੂ ਪ੍ਰਮੇਸ਼ਰ ਉਤਨਾ ਕੁਝ ਨਹੀਂ ਕਰਦਾ, ਜਿੰਨੀ ਆਪਣੀ ਸ਼ਰਧਾ ਕੰਮ ਕਰਦੀ ਹੈ। ਇਹ ਸੁਣ ਕੇ ਗੁਰੂ ਦਾ ਸਿਦਕੀ ਸਿੱਖ ਬਣ ਗਿਆ। ਸਤਿਗੁਰੂ ਜੀ ਦਾ ਮੁਰੀਦ ਬਣ ਗਿਆ। ਉਸ ਦਿਨ ਤੋਂ ਦੋਵੇਂ ਗੁਰਭਾਈ ਬਣ ਕੇ, ਗੁਰੂ ਘਰ ਦਾ ਜਸ ਫੈਲਾਉਂਦੇ ਰਹੇ। ਸੋ ਇਹ ਗੱਲ ਸਾਰੇ ਲੋਕਾਂ ਵਿੱਚ ਪ੍ਰਗਟ ਹੋਈ ਕਿ ਆਪਣੇ ਸੇਵਕ ਪਤੰਗ ਦੀ ਗੁਰੂ ਸਾਹਿਬ ਨੇ ਰੱਖਿਆ ਕੀਤੀ। ਜੈਸਾ ਕਿ :

**ਮਗਨੁ ਭਇਓ ਪ੍ਰਿਅ ਸਿਉ ਪ੍ਰੇਮ ਸੂਧ ਨ ਸਿਮਰਤ ਅੰਗ ॥**
**ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥੧੧॥** [ਚਉਬੋਲੇ ਮਹਲਾ ੫, ਅੰਗ ੧੩੬੪]

## *ਅਗਨਿ ਸਾਗਰ ਤੇ ਕਾਢਿਆ; ਪ੍ਰਭਿ ਜਲਨਿ ਬੁਝਾਈ ॥*

ਤ੍ਰਿਸ਼ਨਾ, ਈਰਖਾ, ਕ੍ਰੋਧ ਰੂਪੀ ਅਗਨਿ=ਅੱਗ ਦੇ ਸੰਸਾਰ ਰੂਪੀ ਸਾਗਰ=ਸਮੁੰਦਰ ਤੇ=ਤੋਂ ਕਾਢਿਆ=ਕੱਢ ਲਿਆ ਹੈ ਪ੍ਰਭਿ=ਪ੍ਰਮੇਸ਼ਰ ਨੇ ਤ੍ਰਿਸਨਾ ਰੂਪੀ ਅੱਗ ਕਰਕੇ ਜੋ ਜਲਨਿ=ਸੜ੍ਹਨਾ ਹੋ ਰਿਹਾ ਸੀ, ਉਹ ਤ੍ਰਿਸਨਾ ਦੀ ਅੱਗ ਬੁਝਾਈ=ਬੁਝਾ ਦਿੱਤੀ ਹੈ। ਜੈਸਾ ਕਿ :

੧. **ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥**
[ਬਿਲਾਵਲੁ ਮਹਲਾ ੫, ਅੰਗ ੮੦੪]

੨. **ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥੨॥**
[ਗਉੜੀ ਮਹਲਾ ੫, ਅੰਗ ੧੯੧]

## *ਅੰਮ੍ਰਿਤ ਨਾਮੁ ਜਲੁ ਸੰਚਿਆ; ਗੁਰ ਭਏ ਸਹਾਈ ॥੨॥*

ਜਦੋਂ ਸਤਿਗੁਰੂ ਜੀ ਆਪ ਸਹਾਈ ਹੋਏ ਤਾਂ ਉਹਨਾਂ ਨੇ ਨਾਮ ਅੰਮ੍ਰਿਤ ਰੂਪ ਜਲ ਅੰਤਸ਼ਕਰਨ ਵਿੱਚ ਸਿੰਚ ਦਿੱਤਾ ਭਾਵ ਛਿੜਕ ਦਿੱਤਾ ॥੨॥

## *ਜਨਮ ਮਰਣ ਦੁਖ ਕਾਟਿਆ; ਸੁਖ ਕਾ ਥਾਨੁ ਪਾਇਆ ॥*

ਸਤਿਗੁਰਾਂ ਦੁਆਰਾ ਪ੍ਰਾਪਤ ਹੋਏ ਨਾਮ ਕਰਕੇ ਜਨਮ ਮਰਣ ਦਾ ਦੁੱਖ ਕੱਟਿਆ ਗਿਆ ਹੈ ਅਤੇ ਸੁੱਖ ਦਾ ਥਾਨੁ=ਅਸਥਾਨ ਭਾਵ ਨਿੱਜ ਸਰੂਪ ਪਾਇਆ=ਪ੍ਰਾਪਤ ਕਰ ਲਿਆ ਹੈ। ਜੈਸਾ ਕਿ :

੧. **ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ ॥** [ਵਾਰ ਬਿਲਾਵਲੁ ਮਃ ੩, ਅੰਗ ੮੪੯]

੨. **ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ॥੧॥** [ਆਸਾ ਮਹਲਾ ੫, ਅੰਗ ੪੩੧]

## *ਕਾਟੀ ਸਿਲਕ ਭ੍ਰਮ ਮੋਹ ਕੀ; ਅਪਨੇ ਪ੍ਰਭ ਭਾਇਆ ॥੩॥*

ਜੋ ਜਗਿਆਸੂ ਆਪਣੇ ਪ੍ਰਭੂ ਨੂੰ ਭਾ ਗਏ ਹਨ, ਪ੍ਰਮੇਸ਼ਰ ਨੇ ਉਨ੍ਹਾਂ ਦੀ ਭਰਮ ਅਤੇ ਮੋਹ ਦੀ ਸਿਲਕ=ਫਾਹੀ ਕੱਟ ਦਿੱਤੀ ਹੈ। ਜੈਸਾ ਕਿ :

**੧. ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥**
[ਮਾਝ ਮਹਲਾ ੫, ਅੰਗ ੧੦੧]

**੨. ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ॥** [ਵਾਰ ਜੈਤਸਰੀ ਮਃ ੫, ਅੰਗ ੭੧੦]

## *ਮਤ ਕੋਈ ਜਾਣਹੁ ਅਵਰੁ ਕਛੁ; ਸਭ ਪ੍ਰਭ ਕੈ ਹਾਥਿ॥*

ਅਵਰੁ=ਹੋਰ ਕਿਸੇ ਨੂੰ ਦਾਤਾ ਮਤਾਂ ਜਾਣੋ ਭਾਵ ਹੋਰ ਕਿਸੇ ਨੂੰ ਦਾਤਾਂ ਦੇਣ ਵਾਲਾ ਨਾਂ ਜਾਣੋ ਕਿਉਂਕਿ ਸਭ ਕੁਝ ਪ੍ਰਭ=ਮਾਲਕ ਪ੍ਰਮੇਸ਼ਰ ਦੇ ਹੱਥ ਵਿੱਚ ਹੈ।

## *ਸਰਬ ਸੂਖ ਨਾਨਕ ਪਾਏ; ਸੰਗਿ ਸੰਤਨ ਸਾਥਿ॥੪॥੨੨॥੫੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਸੰਤਾਂ ਦੇ ਸੰਗ ਦੇ ਸਾਥੀ ਹੋ ਕੇ ਅਸੀਂ ਸਾਰੇ ਸੁੱਖ ਪ੍ਰਾਪਤ ਕਰ ਲਏ ਹਨ॥੪॥੨੨॥੫੨॥ ਜੈਸਾ ਕਿ :

**ਸਾਧਸੰਗਿ ਪ੍ਰਭ ਦੇਹੁ ਨਿਵਾਸ॥ ਸਰਬ ਸੂਖ ਨਾਨਕ ਪਰਗਾਸ॥੮॥੨੦॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੯੦]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੪ [ਆਦਿ ਅੰਗ ੮੧੫]

***ਬਿਲਾਵਲੁ ਮਹਲਾ ੫ ॥ ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧॥ ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥ ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧॥ਰਹਾਉ॥ ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥ ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥੩॥ ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥ ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥***

## ਬਿਲਾਵਲੁ ਮਹਲਾ ੫ ॥

ਇਹ ਅੰਮ੍ਰਿਤ ਬਚਨ ਗੁਰੂ ਅਰਜਨ ਸਾਹਿਬ ਜੀ ਦਾ ਬਿਲਾਵਲ ਰਾਗ ਵਿੱਚ ਅੰਕਿਤ ਹੈ। ਮੁਖਵਾਕ ਦੀਆਂ ਪਹਿਲੀਆਂ ਤੁਕਾਂ ਵਿੱਚ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਜੋ ਸ੍ਰੇਸ਼ਟ ਉਦਮ ਹੈ। ਉਸ ਦੀ ਸ਼ਲਾਘਾ ਕਰਦੇ ਹੋਏ ਕਲਿਆਣਕਾਰੀ ਉਦਮ ਦੀ ਪ੍ਰੇਰਨਾ ਕਰਦੇ ਫ਼ੁਰਮਾਉਂਦੇ ਹਨ।

## ਉਦਮੁ ਕਰਤ ਆਨਦੁ ਭਇਆ; ਸਿਮਰਤ ਸੁਖ ਸਾਰੁ ॥

ਸਾਧ ਸੰਗਤ ਦਾ ਉਦਮ ਕਰਦਿਆਂ ਹੋਇਆ, ਭਾਵ ਜਦੋਂ ਉਦਮ ਕਰਕੇ ਸਾਧ ਸੰਗਤ ਵਿੱਚ ਆਏ ਤਾਂ ਮਨ ਵਿੱਚ ਆਨਦੁ=ਅਨੰਦ ਪ੍ਰਾਪਤ ਹੋਇਆ ਅਤੇ ਨਾਮ ਦਾ ਸਿਮਰਤ=ਸਿਮਰਨ ਕਰਦਿਆਂ ਸੁਖ=ਸੁਖਾਂ ਦਾ ਸਾਰੁ=ਨਿਚੋੜ ਭਾਵ ਸਭ ਤੋਂ ਵੱਡਾ ਸੁਖ ਪ੍ਰਾਪਤ ਭਇਆ=ਹੋਇਆ। ਕਿਉਂਕਿ ਨਾਮ ਦਾ ਸੁਖ ਸਦੀਵ ਕਾਲ ਹੈ, ਜਦੋਂ ਕਿ ਪਦਾਰਥਾਂ ਦੇ ਸੁਖ ਵਿਸ਼ਿਆਂ ਦੇ ਸੁਖ ਅਲਪ ਕਾਲ ਲਈ ਹਨ। [**ਉਦਮੁ—**ਸੰਸਕ੍ਰਿਤ=ਉਦਯਮ, ਜਤਨ, ਕੋਸ਼ਿਸ਼, ਆਲਸ ਦੇ ਉਲਟਾ।] ਸੋ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਆਲਸ ਤੋਂ ਰਹਿਤ ਹੋ ਕੇ ਹਰਿ ਹਰਿ ਪ੍ਰਮੇਸ਼ਰ ਦਾ ਸਿਮਰਨ ਕਰੋ। ਜੈਸਾ ਕਿ :

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥**

[ਆਸਾ ਮਹਲਾ ੫, ਅੰਗ ੪੫੬]

ਉਦਮ ਕਰਕੇ ਜਿਹੜਾ ਵਾਹਿਗੁਰੂ ਦਾ ਨਾਮ ਜਪਣਾ ਹੈ, ਇਹੀ ਸੱਚੇ ਨਾਮ ਰੂਪੀ ਧਨ ਦੀ ਖੱਟੀ ਹੈ। ਜੋ ਸਾਧੂਆਂ ਦੀ ਸੰਗਤ ਵਿੱਚ ਪ੍ਰਮੇਸ਼ਰ ਨੂੰ ਯਾਦ ਕਰਨਾ ਹੈ, ਇਹ ਜਨਮਾਂ-ਜਨਮਾਂਤਰਾਂ ਦੀ ਪਾਪਾਂ ਰੂਪੀ ਮੈਲ ਨੂੰ ਕੱਟਣ ਦਾ ਇੱਕ ਆਪਣੀ ਕਿਸਮ ਦਾ ਹੀ ਨਾਮ ਰੂਪ ਸਾਬਣ ਹੈ। ਜੈਸਾ ਕਿ :

**ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥**
**ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥** [ਸਿਰੀਰਾਗੁ ਮਹਲਾ ੫, ਅੰਗ ੪੮]

ਹੇ ਵਾਹਿਗੁਰੂ ! ਸਾਡੇ ਕੋਲੋਂ ਉਹ ਉਦਮ ਕਰਾਉਣਾ, ਜਿਸ ਉਦਮ ਵਿੱਚ ਆਪ ਜੀ ਨੇ ਗੁਣਾਂ ਦਾ ਹੀ ਗਾਇਨ ਕਰੀਏ ਅਤੇ, ਆਪ ਜੀ ਦੇ ਸਾਧੂਆਂ ਨਾਲ ਮਿਲ ਕੇ ਤੁਹਾਡਾ ਜਸ ਕਰਨਾ ਕਰੀਏ। ਜੈਸਾ ਕਿ :

**੧. ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥**
**ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥** [ਮਾਝ ਮਹਲਾ ੫, ਅੰਗ ੧੩੭]

੨. **ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥**
**ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥** [ਆਸਾ ਮਹਲਾ ੫, ਅੰਗ ੪੦੫]

੩. **ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥**
[ਵਾਰ ਗੂਜਰੀ ਮਹਲਾ ੫, ਅੰਗ ੫੨੨]

ਸੋ, ਉਦਮ ਦੇ ਬਾਰੇ ਧਰਮ ਸ਼ਾਸ਼ਤ੍ਰ ਵਿੱਚ ਐਸਾ ਵਰਣਨ ਕੀਤਾ ਹੈ ਕਿ ਉਦਮ ਦੋ ਪ੍ਰਕਾਰ ਹੈ—ਇਕ ਸ੍ਰੇਸ਼ਟ ਤੇ ਇੱਕ ਖੋਟਾ। ਇਸੇ ਤਰ੍ਹਾਂ ਆਲਸ ਭੀ ਦੋ ਕਿਸਮ ਦਾ ਹੈ—ਇਕ ਖੋਟਾ ਤੇ ਇੱਕ ਸ੍ਰੇਸ਼ਟ। ਇਹ ਦੋਵੇਂ ਹੀ ਮਿੱਤਰ ਤੇ ਸ਼ਤਰੂ ਵਰਣਨ ਕੀਤੇ ਹਨ। ਜੈਸਾ ਕਿ :

**ਉੱਦਮ ਉੱਤਮ ਮਿੱਤ੍ਰ ਵਤ, ਭਯੋ ਸੁ ਸ਼ੱਤ੍ਰ ਸਮਾਨ ॥**
**ਆਲਸ ਸ਼ੱਤ੍ਰੂ ਮਿਤ੍ਰ ਜਿਉਂ, ਉਭੈ ਵਿਪਰਜੈ ਗਜਾਨ ॥** [ਸਾਰੁਕਤਾਵਲੀ, ਅਧਿਆਇ ੮, ਸਲੋਕ ੩]

ਇਹਨਾਂ ਦੋਨਾ ਪੰਗਤੀਆਂ ਦਾ ਅਰਥ ਇਸ ਪ੍ਰਕਾਰ ਹੈ ਕਿ ਉਤਮ-ਉਦਮ ਜੈਸਾ ਕਿ ਪੁੰਨ ਕਰਮ ਲਈ ਤੀਰਥ ਯਾਤਰਾ, ਗੁਰੂ ਧਾਮਾਂ ਦੇ ਦਰਸ਼ਨ, ਸਤਿਸੰਗਤ ਵਿੱਚ ਜਾਣਾ ਇਹ ਉੱਤਮ ਉੱਦਮ ਮਿੱਤਰ ਦੀ ਨਿਆਈਂ ਹੈ ਅਤੇ ਜਿਹੜਾ ਉੱਦਮ ਜੀਵ ਹਿੰਸਾ ਕਰਨ ਲਈ ਚੋਰੀ ਯਾਰੀ ਲਈ ਕਰਨਾ ਹੈ, ਹੈ ਤਾਂ ਇਹ ਭੀ ਉੱਦਮ ਪਰ ਖੋਟਾ ਉੱਦਮ ਹੈ। ਇਹ ਸ਼ਤਰੂ ਕਹੀਏ ਦੁਸ਼ਮਣ ਦੀ ਨਿਆਈਂ ਹੈ। ਇਸ ਤਰ੍ਹਾਂ ਆਲਸ ਭੀ ਦੋ ਤਰ੍ਹਾਂ ਦਾ—ਇਕ ਆਲਸ ਮਿੱਤਰ ਤੇ ਇੱਕ ਆਲਸ ਦੁਸ਼ਮਣ। ਜਿਹੜਾ ਬੁਰੇ ਕੰਮਾਂ ਤੋਂ ਆਲਸ ਕਰਨਾ ਹੈ, ਇਹ ਮਿੱਤਰ ਦੀ ਨਿਆਈਂ ਆਲਸ ਹੈ। ਜਿਹੜਾ ਸਤਿਸੰਗਤ ਕਰਨ, ਅੰਮ੍ਰਿਤ ਵੇਲੇ ਉਠਣ, ਨਾਮ ਜਪਣ, ਬਾਣੀ ਪੜ੍ਹਨ, ਸੇਵਾ ਕਰਨ ਆਦਿ ਤੋਂ ਆਲਸ ਕਰਨਾ ਹੈ, ਇਹ ਦੁਸ਼ਮਣ ਦੀ ਨਿਆਈਂ ਹੈ। ਸੋ, ਇਸ ਕਰਕੇ ਭਾਵੇਂ ਜੋ ਕੁਝ ਭੀ ਹੋ ਰਿਹਾ ਹੈ, ਪ੍ਰਮੇਸ਼ਰ ਦੇ ਹੁਕਮ ਵਿੱਚ ਹੀ ਹੋ ਰਿਹਾ ਹੈ। ਪ੍ਰਮਾਤਮਾ ਦੀ ਇੱਛਾ ਨੂੰ ਮੁਖ ਰੱਖ ਕੇ ਕਦੇ ਭੀ ਉੱਦਮ ਨਾ ਤਿਆਗੇ, ਕਿਉਂਕਿ ਸ੍ਰੇਸ਼ਟ ਉੱਦਮ ਤਿਆਗਣੇ ਯੋਗ ਵਸਤੂ ਨਹੀਂ। ਅੱਜ ਤਕ ਉੱਦਮ ਤੋਂ ਬਿਨਾਂ ਕਦੇ ਕਿਸੇ ਨੂੰ ਤਿਲਾਂ ਵਿੱਚੋਂ ਤੇਲ ਭੀ ਪ੍ਰਾਪਤ ਨਹੀਂ ਹੋਇਆ, ਰੱਬ ਤਾਂ ਪ੍ਰਾਪਤ ਹੀ ਕੀ ਹੋਣਾ ਹੈ ? ਜੈਸਾ ਕਿ :

**ਦੋਹਰਾ ॥ ਦੈਵ ਚਿਤਵਨੀ ਧਾਰ ਕਰ, ਉੱਦਮ ਤਜਾਗੈ ਨਾਹਿ ॥**
**ਬਿਨ ਉਦਮ ਕਹ ਕੌਨ ਕੋ, ਮਿਲੈ ਤੇਲ ਤਿਲ ਮਾਹਿ ॥੭॥**
[ਸਾਰੁਕਤਾਵਲੀ, ਅਧਿਆਇ ੮, ਸਲੋਕ ੭]

ਸੋ, ਇਉਂ ਉੱਤਮ ਉੱਦਮ ਨੂੰ ਮਿੱਤਰ ਬਣਾ ਕੇ ਤੇ ਖੋਟੇ ਉੱਦਮ ਨੂੰ ਤਿਆਗ ਕੇ ਭਾਵ ਉਸ ਤੋਂ ਆਲਸ ਕਰਕੇ ਜੀਵ ਸ਼ੁਭ ਗੁਣਾਂ ਦੀ ਪ੍ਰਾਪਤੀ ਕਰ ਸਕਦਾ ਹੈ। ਖੋਟੇ ਉੱਦਮ ਦੇ ਤਿਆਗ ਵਿੱਚ ਸਤਿਗੁਰੂ ਜੀ ਕਹਿੰਦੇ ਹਨ ਕਿ ਸ੍ਰੇਸ਼ਟ ਉੱਦਮ ਦਾ ਜੋ ਆਲਸ ਸੀ, ਉਹ ਤਨ ਤੋਂ ਦੂਰ ਹੋ ਕੇ ਪ੍ਰਮੇਸ਼ਰ ਦੇ ਨਾਲ ਮਨ ਲੱਗ ਗਿਆ। ਜੈਸਾ ਕਿ :

**ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ਰਹਾਉ॥**
[ਧਨਾਸਰੀ ਮਹਲਾ ੫, ਅੰਗ ੬੮੨]

ਜਿਹੜਾ ਚੰਗੇ ਕਰਮਾਂ ਵਲੋਂ ਆਲਸ ਕਰਦਾ ਹੈ, ਉਸ ਨੂੰ ਗਾਫ਼ਿਲ ਕਹਿ ਕੇ ਸੰਬੋਧਨ ਕਰਦੇ ਹਨ। ਜੋ ਬੁਰਾਈਆਂ ਦਾ ਉੱਦਮ ਕਰਨ ਵਾਲਾ ਹੈ, ਉਸ ਨੂੰ ਅੱਜ-ਕੱਲ੍ਹ ਵਿੱਚ ਹੀ ਜਮਾਂ ਦੀ ਫਾਹੀ ਪੈਣ ਵਾਲੀ ਕਥਨ ਕੀਤਾ ਹੈ। ਜੈਸਾ ਕਿ :

**ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥**
**ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥੧॥** [ਵਾਰ ਗੂਜਰੀ ਮਹਲਾ ੫, ਅੰਗ ੫੧੮]

ਇਸ ਪ੍ਰਮਾਣ ਵਿੱਚ ਕਥਨ ਹੈ ਕਿ ਜੀਵ ਚੰਗਿਆਈਆਂ ਵਲੋਂ ਆਲਕੁ=ਆਲਸ ਕਰਦਾ ਹੈ ਤੇ ਬੁਰਾਈ ਵਿੱਚ ਸੇਰੁ=ਬਹਾਦਰ, ਦਲੇਰ ਹੋ ਰਿਹਾ ਹੈ ਤੇ ਦੂਸਰਾ ਭਾਵ ਸ਼ੇਰ ਵਿੱਚ ਉੱਦਮ ਦਾ ਗੁਣ ਹੈ ਤੇ ਗਿੱਦੜ ਵਿੱਚ ਆਲਸ ਦਾ ਅਉਗਣ ਹੈ। ਸ਼ੇਰ ਆਪ ਉਦਮ ਕਰਕੇ ਸ਼ਿਕਾਰ ਮਾਰਦਾ ਹੈ, ਗਿੱਦੜ ਆਲਸ ਕਰਕੇ ਮਰਿਆ ਹੋਇਆ ਖਾਣ ਦੀ ਇੱਛਾ ਰੱਖਦਾ ਹੈ। ਸ਼ੇਰ ਵਿੱਚ ਸੂਰਬੀਰਤਾ ਦਾ ਗੁਣ ਹੈ ਤੇ ਗਿੱਦੜ ਵਿੱਚ ਕਾਇਰਤਾ ਦਾ ਔਗੁਣ ਹੈ। ਸ਼ੇਰ ਤਾਕਤ ਦਾ ਪ੍ਰਤੀਕ ਹੈ, ਗਿੱਦੜ ਕਮਜ਼ੋਰੀ ਦਾ, ਇਸਦਾ ਭਾਵ ਬਣਿਆ ਕਿ ਚੰਗਿਆਈਆਂ ਵਿੱਚ ਤਾਂ ਤੂੰ ਗਿੱਦੜ ਵਾਂਗ ਕਮਜ਼ੋਰ ਹੋ ਰਿਹਾ ਹੈਂ ਤੇ ਬੁਰਿਆਈਆਂ ਵਿੱਚ ਸ਼ੇਰ ਦੀ ਨਿਆਈਂ ਤਾਕਤਵਰ ਬਹਾਦਰ ਹੋ ਰਿਹਾ ਹੈਂ। ਜੈਸਾ ਕਿ :

**੧. ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥** [ਮਾਰੂ ਮਹਲਾ ੧, ਅੰਗ ੧੦੧੧]

**੨. ਸੰਤ ਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ॥** [ਮਾਝ ਮਹਲਾ ੫, ਅੰਗ ੧੦੮]

## *ਜਪਿ ਜਪਿ ਨਾਮੁ ਗੋਬਿੰਦ ਕਾ; ਪੂਰਨ ਬੀਚਾਰੁ ॥੧॥*

ਗੋਬਿੰਦ ਪ੍ਰਮੇਸ਼ਰ ਦਾ ਨਾਮ ਜਪਿ ਜਪਿ=ਜਪਦਿਆਂ-ਜਪਦਿਆਂ ਹਿਰਦੇ 'ਚੋਂ ਜੋ ਵੀਚਾਰ ਵਿੱਚ ਅਧੂਰਾਪਣ ਸੀ, ਉਹ ਖ਼ਤਮ ਹੋ ਗਿਆ ਤੇ ਵੀਚਾਰ ਵਿੱਚ ਪੂਰਨ=ਸੰਪੂਰਨਤਾ ਪ੍ਰਾਪਤ ਹੋ ਗਈ, ਕਿਉਂਕਿ ਨਾਮ ਸਿਮਰਨ ਦੇ ਨਾਲ ਹਿਰਦੇ ਵਿੱਚ ਗਿਆਨ ਪੈਦਾ ਹੁੰਦਾ ਹੈ। ਜਿਵੇਂ ਪ੍ਰਮੇਸ਼ਰ ਪੂਰਨ ਹੈ, ਇਸੇ ਤਰ੍ਹਾਂ ਉਸਦਾ ਗਿਆਨ ਵੀਚਾਰ ਵੀ ਪੂਰਨ ਹੈ। ਨਾਮ ਦਾ ਜਾਪ ਕਰਦਿਆਂ ਪਹਿਲਾਂ ਪੂਰਨ ਬੀਚਾਰੁ=ਗਿਆਨ ਪ੍ਰਾਪਤ ਹੁੰਦਾ ਹੈ ਤੇ ਫਿਰ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸੋ ਇਸ ਲਈ ਹਿਰਦੇ ਵਿੱਚ ਨਿਰੰਕਾਰ ਦੇ ਵਸਾਉਣ ਨਾਲੋਂ ਕੋਈ ਵੀਚਾਰ ਵੱਡੀ ਨਹੀਂ ਹੈ॥੧॥ ਜੈਸਾ ਕਿ :

**ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥** [ਗਉੜੀ ਮਹਲਾ ੫, ਅੰਗ ੨੯੨]

## *ਚਰਨ ਕਮਲ ਗੁਰ ਕੇ ਜਪਤ; ਹਰਿ ਜਪਿ ਹਉ ਜੀਵਾ॥*

ਪਾਪਾਂ ਦੇ ਜਪਤ ਕਰਨ ਵਾਲੇ ਜੋ ਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਚਰਨ ਕਮਲ ਜਪ ਕੇ ਭਾਵ ਚਰਨਾਂ-ਕਮਲਾਂ ਦਾ ਆਰਾਧਨ ਕਰਕੇ, **ਵਾ:** ਚਰਨਾਂ ਕਮਲਾਂ ਦਾ ਧਿਆਨ ਧਰ ਕੇ, ਹਰੀ ਵਾਹਿਗੁਰੂ ਦੇ ਨਾਮ ਨੂੰ ਜਪ ਕਰਕੇ ਮੈਨੂੰ ਜੀਵਾ=ਜੀਵਨ ਪ੍ਰਾਪਤ ਹੋਇਆ ਹੈ। ਜੈਸਾ ਕਿ :

**ਚਰਨ ਕਮਲ ਗੁਰ ਕੇ ਮਨਿ ਵੂਠੇ॥ ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥** [ਪ੍ਰਭਾਤੀ ਮਹਲਾ ੫, ਅੰਗ ੧੩੪੦]

## *ਪਾਰਬ੍ਰਹਮੁ ਆਰਾਧਤੇ; ਮੁਖਿ ਅੰਮ੍ਰਿਤੁ ਪੀਵਾ॥੧॥ਰਹਾਉ॥*

ਪਾਰਬ੍ਰਹਮੁ=ਜਿਸ ਬ੍ਰਹਮ ਦਾ ਪਾਰ-ਉਰਾਰ ਨਹੀਂ ਉਸਨੂੰ ਆਰਾਧਤੇ=ਅਰਾਧਨ ਕਰਨੇ ਕਰਕੇ ਵਾਹਿਗੁਰੂ ਦੇ ਜਸ ਰੂਪ ਅੰਮ੍ਰਿਤ ਨੂੰ ਮੁਖਿ=ਮੂੰਹ ਨਾਲ ਪੀਵਾ=ਪੀਣਾ ਕੀਤਾ ਹੈ॥੧॥ਰਹਾਉ॥ ਜੈਸਾ ਕਿ :

**ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ॥੨॥** [ਗਉੜੀ ਮਹਲਾ ੫, ਅੰਗ ੨੧੮]

## *ਜੀਅ ਜੰਤ ਸਭਿ ਸੁਖਿ ਬਸੇ; ਸਭ ਕੈ ਮਨਿ ਲੋਚ॥*

ਸਾਰਿਆਂ ਸੰਤਾਂ ਦੇ ਮਨ ਵਿੱਚ ਇਹੋ ਲੋਚ=ਇੱਛਾ ਹੈ ਕਿ ਸਾਰੇ ਜੀਅ=ਅਸਥੂਲ ਜੀਵ, ਜੰਤ=ਸੂਖਮ ਜੀਵ,

ਵਾ ਜੀਵ ਅਰਥਾਤ ਜਿਨ੍ਹਾਂ ਦੇ ਵਿੱਚ ਹੱਡੀਆਂ ਹਨ, ਜੰਤ ਭਾਵ ਜਿਹੜੇ ਹੱਡੀਆਂ ਤੋਂ ਰਹਿਤ ਹਨ। ਹੱਡੀਆਂ ਵਾਲੇ ਅਸਥੂਲ ਬਿਨਾਂ ਹੱਡੀਆਂ ਤੋਂ ਸੂਖਮ। ਭਾਵੇਂ ਜੀਵ ਹਨ ਤੇ ਭਾਵੇਂ ਜੰਤ ਹਨ। ਸਤਿਪੁਰਸ਼ਾਂ ਦੀ ਇਹੋ ਇੱਛਾ ਹੁੰਦੀ ਹੈ ਕਿ ਉਹ ਸੁਖਿ=ਸੁਖੀ ਬਸੇ=ਵਸਣ। ਜੈਸਾ ਕਿ :

**੧. ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ॥**

[ਸੂਹੀ ਮਹਲਾ ੫, ਅੰਗ ੭੮੩]

**੨. ਜੀਅ ਜੰਤ ਸਗਲ ਸੁਖੁ ਪਾਇਆ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ॥੨॥੩੨॥**

[ਆਸਾ ਮਹਲਾ ੫, ਅੰਗ ੩੭੮]

## *ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥੨॥*

ਸਤਿਪੁਰਸ਼ ਨਿਤ=ਹਮੇਸ਼ਾ ਹੀ (ਪਰ+ਉਪਕਾਰੁ) ਪਰ=ਪਰਾਏ ਦੇ ਉਪਕਾਰੁ=ਭਲੇ ਨੂੰ ਚਿਤਵਤੇ=ਚਿਤਵਨੀ ਕਰਦੇ ਰਹਿੰਦੇ ਹਨ। ਨਾਹੀ=ਨਹੀਂ ਕਛੁ=ਕੁਝ ਵੀ ਪੋਚੁ=ਨੀਚ ਕਰਮ ਭਾਵ ਕਦੇ ਨੀਚ ਕਰਮ ਵਿੱਚ ਪ੍ਰਵਿਰਤ ਨਹੀਂ ਹੁੰਦੇ। ਸਤਿਪੁਰਸ਼ਾਂ ਦੇ ਨਿਤ ਜੀਵਨ ਦੀ ਨਿਤ ਭਲਾਈ ਵਾਲੀ ਕਰਨੀ ਹੋਇਆ ਕਰਦੀ ਹੈ, ਉਹ ਹਰ ਵਕਤ ਦੂਸਰੇ ਦੇ ਭਲੇ ਵਿੱਚ ਅਨੰਦ ਮਹਿਸੂਸ ਕਰਦੇ ਹਨ। ਸਤਿਪੁਰਸ਼ਾਂ ਤੇ ਸਾਕਤ ਪੁਰਸ਼ਾਂ ਦਾ ਇਤਨਾ ਹੀ ਫ਼ਰਕ ਹੈ। ਕਠੋਰ ਚਿਤ ਸਾਕਤ ਪੁਰਸ਼ ਦੂਸਰੇ ਦਾ ਬੁਰਾ ਕਰਕੇ ਅਨੰਦ ਮਹਿਸੂਸ ਕਰਦੇ ਹਨ। ਗੁਰੂ ਸਾਹਿਬਾਂ ਨੇ ਸਿੱਖ ਦੀ ਸੋਚ ਵਿੱਚ ਸਰਬੱਤ ਦੇ ਭਲੇ ਦੀ ਸੋਚ ਕੁਟ-ਕੁਟ ਕੇ ਭਰੀ ਹੈ। ਇਸੇ ਲਈ ਸਿੱਖ ਜਨਮ-ਮਰਨ ਤੋਂ ਰਹਿਤ ਪਰਉਪਕਾਰੀ ਜ਼ਿੰਦਗੀ ਜੀਂਵਦੇ ਹਨ॥੨॥ ਜੈਸਾ ਕਿ :

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥** [ਸੂਹੀ ਮਹਲਾ ੫, ਅੰਗ ੭੪੯]

ਭਲਾ ਕਰਮ ਕਰਨ ਤੋਂ ਤਾਂ ਪੁੰਨ ਕਰਮ ਬਣਦਾ ਹੀ ਹੈ, ਪਰ ਕਲਿਜੁਗ ਦੀ ਵਿਸ਼ੇਸ਼ਤਾ ਦੱਸਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਿਜੁਗ ਦੇ ਵਿੱਚ ਜੇ ਕੋਈ ਭਲਾ ਕਰਮ ਚਿਤਵਦਾ ਵੀ ਹੈ ਤਾਂ ਉਸਦਾ ਭੀ ਪੁੰਨ ਫਲ ਮਿਲਦਾ ਹੈ ਅਤੇ ਪਾਪ ਦਾ ਫਲ ਪਾਪ ਕਿਰਿਆ ਕਰਨ ਤੋਂ ਲਗਦਾ ਹੈ। ਜੈਸਾ ਕਿ :

**੧. ਕਲਿਜੁਗਿ ਚਿਤਵੈ ਪੁੰਨ ਫਲ ਪਾਪਹੁ ਲੇਪੁ ਅਧਰਮ ਕਮਾਏ॥**

[ਭਾ: ਗੁਰਦਾਸ ਜੀ, ਵਾਰ ੨੩, ਪਉੜੀ ੧੭]

**੨. ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੬੩]

**੩. ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੭੩]

ਸੋ, ਬਾਣੀ ਦੇ ਇਸ ਪ੍ਰਕਾਰ ਕਥਨ ਅਨੁਸਾਰ ਧਰਮੀ ਪੁਰਸ਼ ਹਮੇਸ਼ਾਂ ਪਰਉਪਕਾਰ ਕਰਦੇ ਹਨ। **ਪਰਉਪਕਾਰ**—ਸੰਗਯਾ=ਪਰੋਪਕਾਰ, ਦੂਸਰੇ ਦੇ ਭਲੇ ਦਾ ਕੰਮ, ਦੂਜੇ ਦੀ ਉਪਕਾਰ ਦੀ ਕ੍ਰਿਆ ਕਿਸੇ ਗ਼ਰੀਬ ਅਨਾਥ ਦਾ ਕੰਮ ਵਿਗੜਦਾ ਦੇਖ ਕੇ ਜਾਂ ਦੁਖੀ ਦੇਖ ਕੇ ਆਪਣਾ ਕੰਮ ਛੱਡ ਕੇ ਉਸਦਾ ਕੰਮ ਸਵਾਰ ਦੇਣ ਦਾ ਨਾਂ ਵੀ ਪਰਉਪਕਾਰ ਹੈ। ਹਰ ਇੱਕ ਇਨਸਾਨ ਵਾਸਤੇ ਪਰਉਪਕਾਰ ਕਰਨਾ ਬਹੁਤ ਜ਼ਰੂਰੀ ਹੈ ? ਹਰ ਇੱਕ ਨੂੰ ਪਰਉਪਕਾਰ ਕਰਨਾ ਇਸ ਲਈ ਜ਼ਰੂਰੀ ਹੈ ਕਿ ਮਨੁੱਖ ਦੇ ਹਿਰਦੇ ਵਿੱਚ ਇੱਕ ਦਇਆ ਦਾ ਗੁਣ ਵਸਦਾ ਹੈ, ਜਿਸ ਗੁਣ ਦੇ ਹੋਣ ਕਰਕੇ ਹੀ ਧਰਮ ਹਿਰਦੇ ਵਿੱਚ ਵਸਦਾ ਹੈ। ਜੈਸਾ ਕਿ :

**ਧੌਲੁ ਧਰਮੁ ਦਇਆ ਕਾ ਪੂਤੁ॥** [ਜਪੁਜੀ ਸਾਹਿਬ, ਅੰਗ ੩]

ਕਵੀ ਤੁਲਸੀ ਦਾਸ ਜੀ ਭੀ ਇਸ ਗੱਲ ਨੂੰ ਸਿੱਧ ਕਰਦੇ ਹਨ। ਜੈਸਾ ਕਿ :

**ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ॥**
**ਤੁਲਸੀ ਦਇਆ ਨ ਛੋਡੀਐ ਜਬ ਲਗ ਘਟ ਮਹਿ ਪ੍ਰਾਨ॥**

ਸੋ ਧਰਮੀ ਆਦਮੀ ਸਦਾ ਚਾਹੁੰਦਾ ਹੈ ਕਿ ਮੈਂ ਅਨਾਥਾਂ, ਗ਼ਰੀਬਾਂ, ਦੁਖੀ ਪੁਰਸ਼ਾਂ 'ਤੇ ਉਪਕਾਰ ਕਰਾਂ, ਕਿਉਂਕਿ ਜਿਥੇ ਇਹ ਵੀਚਾਰ ਨਹੀਂ, ਉਹ ਹਿਰਦਾ ਚੰਡਾਲ ਤੇ ਨਿਰਦਈ ਰੂਪ ਹੈ। ਪਰ ਜਿਥੇ ਸ੍ਰੇਸ਼ਟ ਵੀਚਾਰ ਹੈ ਕਿ ਵਾਹਿਗੁਰੂ ਵੀ ਦੀਨਾਂ ਦਾ ਨਾਥ, ਭਾਵ ਮਾਲਕ ਹੈ ਤੇ ਦੀਨਾਂ ਦੀ ਮਦਦ ਕਰਦਾ ਹੈ। ਅਸੀਂ ਉਸ ਦੀ ਅੰਸ ਹਾਂ। ਜੈਸਾ ਕਿ :

**ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥**

[ਗੋਂਡ ਕਬੀਰ ਜੀ, ਅੰਗ ੮੭੧]

ਇਸ ਵਾਸਤੇ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਭੀ ਗ਼ਰੀਬਾਂ, ਅਨਾਥਾਂ, ਲੋੜਵੰਦਾਂ ਤੇ ਪਰਉਕਾਰ ਕਰੀਏ। ਪਰਉਪਕਾਰ ਦੀਆਂ ਮੂਲ ਰੂਪ ਵਿੱਚ ਦੋ ਕਿਸਮਾਂ ਹਨ—(੧) ਦੁਨਿਆਵੀ ਪਰਉਪਕਾਰ (੨) ਪ੍ਰਮਾਰਥਕ ਉਪਕਾਰ।

(੧) **ਦੁਨਿਆਵੀ—**ਦੁਨਿਆਵੀ ਪਰਉਪਕਾਰ ਇਹ ਹੈ ਕਿ ਜਿਵੇਂ ਨੰਗੇ ਨੂੰ ਕਪੜਾ ਦੇਣਾ, ਭੁਖੇ ਨੂੰ ਰੋਟੀ ਦੇਣੀ, ਪੈਰੋਂ ਨੰਗੇ ਨੂੰ ਜੁਤੀ ਦੇਣੀ, ਧਨ ਹੀਣ ਨੂੰ ਕਿਸੇ ਕਾਰਜ ਲਈ ਧਨ ਦੀ ਮਦਦ ਦੇਣੀ। ਜਿਵੇਂ

**ਸਾਖੀ—ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਦੁਆਰਾ ਦੂਸਰੇ ਸਿੱਖ 'ਤੇ ਪਰਉਪਕਾਰ ਕਰਨ ਦੀ—**ਗੁਰੂ ਨਾਨਕ ਦੇਵ ਜੀ ਦਾ ਇੱਕ ਸਿੱਖ ਲਾਹੌਰ ਵਿੱਚ ਰਹਿੰਦਾ ਸੀ ਤੇ ਉਥੇ ਹੀ ਇੱਕ ਹੋਰ ਗੁਰੂ ਦਾ ਸਿੱਖ ਰਹਿੰਦਾ, ਜੋ ਬਹੁਤ ਗ਼ਰੀਬ ਸੀ। ਗ਼ਰੀਬ ਸਿੱਖ ਦੀ ਇੱਕ ਲੜਕੀ ਸੀ, ਜੋ ਵਿਆਹੁਣ ਜੋਗ ਹੋ ਗਈ, ਪਰ ਲੜਕੀ ਦਾ ਵਿਆਹ ਕਰਨ ਵਾਸਤੇ ਘਰ ਵਿੱਚ ਕੋਈ ਵੀ ਰੁਪਿਆ ਪੈਸਾ ਜਮਾਂ ਨਹੀਂ ਸੀ, ਪਰੰਤੂ ਕੁਝ ਖੱਦਰ ਘਰ ਪਿਆ ਸੀ, ਗ਼ਰੀਬ ਸਿੱਖ ਖੱਦਰ ਲੈ ਕੇ ਸ਼ਾਹੂਕਾਰ (ਜੋ ਗੁਰੂ ਦਾ ਸਿੱਖ ਸੀ) ਦੀ ਦੁਕਾਨ 'ਤੇ ਗਿਆ ਤੇ ਖੱਦਰ ਵੇਚਣ ਲਈ ਅਰਜ ਕੀਤੀ। ਖੱਦਰ ਬਿਲਕੁਲ ਥੋੜ੍ਹੇ ਪੈਸਿਆਂ ਦਾ ਸੀ, ਪਰ ਗੁਰੂ ਨਾਨਕ ਦੇਵ ਜੀ ਦੇ ਉਸ ਪਰਉਪਕਾਰੀ ਅਮੀਰ ਸ਼ਾਹੂਕਾਰ ਸਿੱਖ ਨੇ ਪਰਉਪਕਾਰ ਕਰਨ ਵਾਸਤੇ ਉਸ ਥੋੜ੍ਹੇ ਖੱਦਰ ਦੇ ਬਦਲੇ ਬਹੁਤ ਰੁਪਿਆ ਦੇ ਦਿੱਤਾ, ਜਿਸ ਰੁਪਏ ਨਾਲ ਉਹ ਆਪਣੀ ਲੜਕੀ ਦੇ ਵਿਆਹ ਦਾ ਖ਼ਰਚ ਪੂਰਾ ਕਰ ਸਕੇ। ਐਹੋ ਜਿਹੇ ਕਾਰਜ ਸਵਾਰਨ ਦਾ ਨਾਮ ਦੁਨਿਆਵੀ ਪਰਉਪਕਾਰ ਹੈ। ਦੁਨਿਆਵੀ ਪਰਉਪਕਾਰ ਕਰਦਿਆਂ ਹੋਇਆਂ ਹੀ ਪ੍ਰਮਾਰਥਕ ਪਰਉਪਕਾਰ ਹੋ ਸਕਦਾ ਹੈ।

(੨) **ਪ੍ਰਮਾਰਥਕ ਪਰਉਪਕਾਰ—**ਇਹ ਪ੍ਰਮਾਰਥਕ ਪਰਉਪਕਾਰ ਦੁਨੀਆ 'ਤੇ ਸਤਿਗੁਰੂ ਜੀ ਨੇ ਕੀਤੇ ਹਨ। ਵੀਚਾਰ ਕਰਕੇ ਦੇਖੀਏ ਕਿ ਇੱਕ ਉਹ ਸਮਾਂ ਸੀ, ਜਿਸ ਵਕਤ ਦੁਨੀਆ ਪ੍ਰਮੇਸ਼ਰ ਵੱਲੋਂ ਭੁੱਲ ਕੇ ਤੇ ਅਨੇਕਾਂ ਰੱਬ ਬਣਾ ਕੇ ਪੂਜਾ ਕਰ ਰਹੀ ਸੀ, ਬਲਕਿ ਪਾਖੰਡੀ ਲੋਕ ਆਪ ਹੀ ਰੱਬ ਬਣ ਬੈਠੇ ਸਨ ਤੇ ਆਪੋ ਵਿੱਚ ਜਿਥੇ ਕਿਥੇ ਚੁਗਲੀ, ਦਵੈਸ਼ ਭਾਵਨਾ ਆਦਿ ਹੀ ਫੈਲੀ ਹੋਈ ਸੀ, ਜਿਵੇਂ ਸਤਿਗੁਰਾਂ ਨੇ ਮਾਝ ਰਾਗ ਦੀ ਵਾਰ ਵਿੱਚ ਦੱਸਿਆ ਹੈ। ਜੈਸਾ ਕਿ :

**ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥** [ਵਾਰ ਮਾਝ ਮਃ ੧, ਅੰਗ ੧੪੫]

ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਵੀ ਆਪਣੀ ਰਚਨਾ ਵਿੱਚ ਇਸ ਪ੍ਰਕਾਰ ਦਸਦੇ ਹਨ। ਜੈਸਾ ਕਿ :

**ਕਲਿਜੁਗਿ ਬੌਧੁ ਅਉਤਾਰੁ ਹੈ ਬੋਧੁ ਅਬੋਧੁ ਨ ਦ੍ਰਿਸਟੀ ਆਵੈ॥**
**ਕੋਇ ਨ ਕਿਸੈ ਵਰਜਈ ਸੋਈ ਕਰੈ ਜੋਈ ਮਨਿ ਭਾਵੈ॥**
**ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ॥**
**ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ॥**
**ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥**
**ਕੋਈ ਪੂਜੇ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ॥**

**ਪਉਣੁ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ॥**
**ਫੋਕਟਿ ਧਰਮੀ ਭਰਮਿ ਭੁਲਾਵੈ॥੧੮॥** [ਭਾ: ਗੁਰਦਾਸ ਜੀ, ਵਾਰ ੧, ਪਉੜੀ ੧੮]

ਇਹੋ ਜਿਹਾ ਹਾਲ ਉਸ ਵਕਤ ਦੁਨੀਆ ਦਾ ਹੋ ਰਿਹਾ ਸੀ, ਧਰਤੀ ਪਾਪਾਂ ਨਾਲ ਡੋਲ ਰਹੀ ਸੀ। ਸੋ ਧਰਤੀ ਨੇ ਡਾਂਵਾਂਡੋਲ ਹੋ ਕੇ ਤੇ ਰੋ-ਰੋ ਕੇ ਨਿਰੰਕਾਰ ਦੇ ਚਰਨਾਂ ਵਿੱਚ ਪੁਕਾਰ ਕੀਤੀ। ਧਰਤੀ ਦੀ ਪੁਕਾਰ ਸੁਣ ਕੇ ਪ੍ਰਮੇਸ਼ਰ ਆਪ ਨਿਰਗੁਣ ਤੋਂ ਸਰਗੁਣ ਸਰੂਪ ਧਾਰ ਕੇ ਗੁਰੂ ਨਾਨਕ ਦੇ ਰੂਪ ਵਿੱਚ ਆਇਆ। ਜੈਸਾ ਕਿ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥** [ਸਵਈਏ ਮਃ ੩ ਕੇ, ਅੰਗ ੧੩੯੫]

ਭਾਈ ਗੁਰਦਾਸ ਅਨੁਸਾਰ :

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਹਿ ਪਠਾਇਆ॥**
[ਭਾ: ਗੁਰਦਾਸ ਵਾਰ ੧, ਪਉੜੀ ੨੩]

ਸੋ, ਇਹ ਹਾਲ ਸੰਸਾਰ ਦਾ ਵੇਖ ਕੇ ਸਤਿਗੁਰਾਂ ਨੇ ਸਾਰੀ ਦੁਨੀਆਂ 'ਤੇ ਚੱਕਰ ਲਗਾ ਕੇ ਸਤਿਨਾਮ ਦਾ ਉਪਦੇਸ਼ ਦਿੱਤਾ ਤੇ ਮੁਰਦਾ ਰੂਹਾਂ ਨੂੰ ਰੂਹਾਨੀਅਤ ਤਾਕਤ ਬਖ਼ਸ਼ੀ ਤੇ ਰੱਬ ਦੇ ਪਿਆਰੇ ਬੰਦੇ ਬਣਾ ਦਿੱਤਾ। ਇਹ ਪ੍ਰਮਾਰਥਕ ਪ੍ਰਾਪਤੀ ਦਾ ਪਰਉਪਕਾਰ ਗੁਰੂ ਨਾਨਕ ਦੇਵ ਜੀ ਨੇ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਇਤਿਹਾਸ ਲਿਖਾ ਕੇ ਸਿੱਖ ਪੰਥ ਦੇ ਮਹਿਲ ਦੀ ਨੀਂਹ ਪੱਕੀ ਕੀਤੀ, ਗੁਰੂ ਅਮਰਦਾਸ ਜੀ ਨੇ ਜਾਤੀ ਦਾ ਭੇਦ ਭਾਵ ਦੂਰ ਕੀਤਾ ਤੇ ਕਿਹਾ। ਜੈਸਾ ਕਿ :

**ਜਾਤਿ ਕਾ ਗਰਬੁ ਨ ਕਰੀਅਹੁ ਕੋਈ॥** [ਭੈਰਉ ਮਃ ੩, ਅੰਗ ੧੧੨੭]

ਜਾਤ ਭੇਦ ਮਿਟਾ ਕੇ ਚੌਹਾਂ ਵਰਨਾਂ ਦਾ ਲੰਗਰ ਇਕੱਠਾ ਕੀਤਾ, ਤਾਂ ਜੋ ਦਵੈਸ਼ ਆਦਿ ਦਿਲ ਵਿਚੋਂ ਦੂਰ ਹੋ ਕੇ ਭ੍ਰਾਤਰੀ ਭਾਵ ਵਧੇ। ਚੌਥੇ ਸਤਿਗੁਰਾਂ ਨੇ ਅੰਮ੍ਰਿਤ ਦਾ ਤਾਲ ਲਵਾਇਆ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਨਾਮ ਦਾ ਜਹਾਜ਼ ਤਿਆਰ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਭਗਤੀ ਰਸ ਦੇ ਨਾਲ-ਨਾਲ ਬੀਰ ਰਸ ਦੀ ਸਿਖਿਆ ਬਖ਼ਸ਼ੀ ਤੇ ਸ਼ਸ਼ਤਰ ਵਿਦਿਆ ਸਿੱਖਾਈ। ਸਤਵੇਂ ਸਤਿਗੁਰਾਂ ਨੇ ਸਿੱਖਾਂ ਨੂੰ ਰਾਜ ਬਖ਼ਸ਼ਿਆ। ਅਠਵੇਂ ਸਤਿਗੁਰਾਂ ਨੇ ਮੂਰਖ ਨੂੰ ਪੰਡਿਤ ਬਣਾਇਆ ਤੇ ਹੰਕਾਰੀ ਬ੍ਰਾਹਮਣ ਦਾ ਹੰਕਾਰ ਦੂਰ ਕਰ ਕੇ ਸਿੱਖ ਬਣਾਇਆ ਤੇ ਧਰਮ ਦੀ ਸ਼ਾਨ ਕਾਇਮ ਕਰਨ ਕੀਰਤਪੁਰ ਜਾ ਕੇ ਜੋਤੀ ਜੋਤਿ ਸਮਾਏ। ਗੁਰੂ ਤੇਗ ਬਹਾਦਰ ਜੀ ਨੇ ਹਿੰਦ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕੀਤਾ। ਦਸਵੇਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਖ਼ਾਤਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ਤੇ ਬੇਅੰਤ ਉਪਕਾਰ ਕੀਤੇ ਹਨ।

ਇਹ ਸਤਿਗੁਰਾਂ ਦੇ ਉਪਕਾਰ ਕੇਵਲ ਬੋਹਲ ਵਿੱਚੋਂ ਦਾਣੇ ਵਤ ਹੀ ਹਨ, ਗੁਰੂ ਜੀ ਨੇ ਇਸ ਸੰਸਾਰ 'ਤੇ ਬੇਅੰਤ ਉਪਕਾਰ ਕੀਤੇ, ਜਿਨ੍ਹਾਂ ਦਾ ਵਰਨਣ ਜਿਹਬਾ ਕਰ ਨਹੀਂ ਸਕਦੀ ਤੇ ਲੇਖਣੀ ਲਿਖ ਨਹੀਂ ਸਕਦੀ। ਸੋ, ਸਤਿਗੁਰਾਂ ਦੇ ਸਾਜੇ ਨਿਵਾਜੇ ਪੰਥ ਨੇ ਵੀ ਅੱਜ ਤਾਂਈ ਬੇਅੰਤ ਉਪਕਾਰ ਕੀਤੇ ਹਨ, ਜਿਨ੍ਹਾਂ ਦਾ ਵਿਸਥਾਰ ਪੂਰਵਕ ਵਰਨਣ 'ਪੰਥ ਪ੍ਰਕਾਸ਼', 'ਤਵਾਰੀਖ਼ ਗੁਰੂ ਖ਼ਾਲਸਾ' ਆਦਿ ਗ੍ਰੰਥਾਂ ਵਿੱਚ ਹੈ। ਸੋ, ਪਰਉਪਕਾਰ ਕਰਨਾ ਬੜਾ ਚੰਗਾ ਗੁਣ ਹੈ। ਸੋ ਹਰ ਇੱਕ ਜੀਵ ਦਾ ਫ਼ਰਜ਼ ਹੈ ਕਿ ਵਿਤ ਅਨੁਸਾਰ ਯਥਾਯੋਗ ਪਰਉਪਕਾਰ ਕਰਨ ਲਈ ਸਦਾ ਹੀ ਤਤਪਰ ਰਹੇ।

## *ਧੰਨੁ ਸੁ ਥਾਨੁ ਬਸੰਤ ਧੰਨੁ; ਜਹ ਜਪੀਐ ਨਾਮੁ॥*

ਉਹ ਸਤਸੰਗਤ ਰੂਪੀ ਥਾਨੁ=ਅਸਥਾਨ ਧੰਨੁ=ਧੰਨਤਾ ਦੇ ਯੋਗ ਹੈ। (ਬ+ਸੰਤ) ਬ=ਬਸਦੇ ਸੰਤੁ=ਸੰਤ ਜਨ, ਜਿਥੇ ਧੰਨੁ=ਧੰਨਤਾ ਯੋਗ ਸੰਤ ਵਸਦੇ ਹਨ ਅਤੇ ਜਹ=ਜਿਥੇ ਪ੍ਰਮੇਸ਼ਰ ਦਾ ਨਾਮ ਜਪੀਐ=ਜਪਿਆ ਜਾਂਦਾ ਹੈ।

## *ਕਥਾ ਕੀਰਤਨੁ ਹਰਿ ਅਤਿ ਘਨਾ; ਸੁਖ ਸਹਜ ਬਿਸ੍ਰਾਮੁ॥੩॥*

ਜਿਸ ਸਤਿਸੰਗਿ ਵਿੱਚ ਅਤਿ=ਅਤਸੈ ਕਰਕੇ ਭਾਵ ਬਹੁਤੀ ਕਥਾ ਹੋ ਰਹੀ ਹੈ ਅਤੇ ਹਰਿ=ਵਾਹਿਗੁਰੂ ਦਾ

ਕੀਰਤਨ ਭੀ ਘਨਾ=ਬਹੁਤ ਹੋ ਰਿਹਾ ਹੈ। ਉਸ ਸਤਿਸੰਗ ਵਿੱਚ ਜਾਣ ਕਰਕੇ ਸੁਖ ਸਹਜ=ਅਚੁਤ ਸੁਖ ਵਿੱਚ ਬਿਸ੍ਰਾਮੁ=ਇਸਥਤੀ ਹੁੰਦੀ ਹੈ॥੩॥

### *ਮਨ ਤੇ ਕਦੇ ਨ ਵੀਸਰੈ; ਅਨਾਥ ਕੋ ਨਾਥ॥*

ਅਨਾਥ=ਅਨਾਥਾਂ ਦਾ ਨਾਥ=ਸੁਆਮੀ ਮਾਲਕ ਪ੍ਮਾਤਮਾ ਮੇਰੇ ਮਨ ਤੇ=ਵਿੱਚੋਂ ਕਦੇ ਭੀ ਵੀਸਰੈ=ਭੁਲਦਾ ਨਹੀਂ।

### *ਨਾਨਕ ਪ੍ਰਭ ਸਰਣਾਗਤੀ; ਜਾ ਕੈ ਸਭੁ ਕਿਛੁ ਹਾਥ॥੪॥੨੯॥੫੯॥*

ਨਾਨਕ=ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਉਸ ਪ੍ਭ=ਰੱਖਿਅਕ ਪ੍ਮੇਸ਼ਰ ਦੀ (ਸਰਣ+ਆਗਤੀ) ਸ਼ਰਨ ਵਿੱਚ ਆਗਤੀ=ਆਇਆਂ ਹਾਂ। ਸਿੱਖਾਂ ਨੇ ਪ੍ਸ਼ਨ ਕੀਤਾ ਕਿ ਉਹ ਪ੍ਮੇਸ਼ਰ ਕਿਹੋ ਜਿਹਾ ਹੈ। ਸਤਿਗੁਰਾਂ ਕਿਹਾ ਕਿ ਜਿਸ ਦੇ ਸਭ ਕਿਛੁ=ਸਭ ਕੁਝ ਆਪਣੇ ਹਾਥ=ਹੱਥ ਵਿੱਚ ਹੈ॥੪॥੨੯॥੫੯॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੫ [ਆਦਿ ਅੰਗ ੮੧੭]

**ਬਿਲਾਵਲੁ ਮਹਲਾ ੫ ॥ ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥ ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ਰਹਾਉ॥ ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥ ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥੪॥੬੮॥**

## ਬਿਲਾਵਲੁ ਮਹਲਾ ੫ ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਵਿੱਚ ਸ਼ਸ਼ੋਭਿਤ ਹੈ। ਸ਼ਬਦ ਦੇ ਸ਼ੁਰੂ ਵਿੱਚ ਸਾਧ ਸੰਗਤ ਨਾਲ ਮਿਲ ਕੇ ਵਾਹਿਗੁਰੂ ਦੇ ਅਰਾਧਨ ਦਾ ਉਤਸ਼ਾਹ ਪੈਦਾ ਕਰਦੇ ਹੋਏ ਫ਼ੁਰਮਾਨ ਕਰਦੇ ਹਨ।

## ਮਨਿ ਤਨਿ ਪ੍ਰਭੁ ਆਰਾਧੀਐ; ਮਿਲਿ ਸਾਧ ਸਮਾਗੈ ॥

ਸਾਧ=ਸ੍ਰੇਸ਼ਟ ਗੁਣਾਂ ਵਾਲੇ ਮਹਾਂਪੁਰਸ਼ਾਂ ਦੇ ਸਮਾਗੈ=ਸਮਾਗਮ ਵਿੱਚ ਮਿਲਿ=ਮਿਲਾਪ ਕਰਕੇ ਤਨਿ=ਸਰੀਰ ਕਰਕੇ ਸੇਵਾ ਕਰੀਏ ਅਤੇ ਮਨ ਕਰਕੇ ਵਾਹਿਗੁਰੂ ਨੂੰ ਆਰਾਧੀਐ=ਸਿਮਰਨਾ ਕਰੀਏ। ਸੋ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਪ੍ਰਮੇਸ਼ਰ ਦੇ ਆਰਾਧਣ ਦੇ ਨਾਲ ਜੰਮਣ-ਮਰਣ ਆਦਿ ਦੇ ਬੰਧਨ ਛੁੱਟ ਜਾਂਦੇ ਹਨ। ਜੈਸਾ ਕਿ :

**੧. ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ ਜਾ ਕੈ ਸੰਗਿ ਤੇਰੇ ਬੰਧਨ ਛੂਟੈ ॥੨॥**

[ਧਨਾਸਰੀ ਮਹਲਾ ੫, ਅੰਗ ੬੭੮]

**੨. ਸੋ ਹਰਿ ਭਜਨੁ ਸਾਧ ਕੈ ਸੰਗਿ ॥ ਮਨੁ ਤਨੁ ਰਾਪੈ ਹਰਿ ਕੈ ਰੰਗਿ ॥੩॥**

[ਰਾਮਕਲੀ ਮਹਲਾ ੫, ਅੰਗ ੮੯੧]

**੩. ਮਿਲਿ ਸਾਧਸੰਗਿ ਹਰਿ ਧਿਆਇਆ ॥**
**ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ ॥ਰਹਾਉ॥**

[ਸੋਰਠਿ ਮਹਲਾ ੫, ਅੰਗ ੬੨੭]

## ਉਚਰਤ ਗੁਨ ਗੋਪਾਲ ਜਸੁ; ਦੂਰ ਤੇ ਜਮੁ ਭਾਗੈ ॥੧॥

(ਗੋ+ਪਾਲ) ਗੋ=ਧਰਤੀ ਦੀ ਪਾਲ=ਪਾਲਣਾ ਕਰਨ ਵਾਲੇ ਵਾਹਿਗੁਰੂ ਪ੍ਰਮੇਸ਼ਰ ਦੇ ਜਸ ਰੂਪ ਗੁਨ=ਗੁਣਾਂ ਨੂੰ ਉਚਰਤ=ਉਚਾਰਨ ਕਰਦਿਆਂ ਜਮ ਜੋ ਜੀਵਾਂ ਨੂੰ ਦੁਖ ਦੇਣ ਵਾਲਾ ਹੈ, ਉਹ ਦੂਰ ਤੋਂ ਹੀ ਭਾਗੈ=ਭੱਜ ਜਾਂਦਾ ਹੈ, ਭਾਵ ਦੌੜ ਜਾਂਦਾ ਹੈ। ਵਾਹਿਗੁਰੂ ਪ੍ਰਮੇਸ਼ਰ ਦੇ ਨਾਮ ਦੀਆਂ ਐਸੀਆਂ ਬਰਕਤਾਂ ਹਨ, ਨਾਮ ਦਾ ਪ੍ਰਤਾਪ ਦੇਖ ਕੇ ਧਰਮ ਰਾਜ ਦੇ ਜਮਦੂਤ ਨੇੜੇ ਨਹੀਂ ਆਉਂਦੇ॥੧॥ ਜੈਸਾ ਕਿ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥**

[ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੬]

ਸੋ, ਧਰਮਰਾਜ ਦੀ ਇਹ ਜਮਦੂਤਾਂ ਨੂੰ ਹਦਾਇਤ ਹੈ ਕਿ ਜਿਥੇ ਗੋਬਿੰਦ ਦਾ ਭਜਨ ਕਰਨ ਵਾਲੇ, ਵਾਹਿਗੁਰੂ ਦਾ ਕੀਰਤਨ ਕਰਨ ਵਾਲੇ ਸਾਧੂ ਇਕੱਤਰ ਹੋਣ, ਮਿਲ ਕੇ ਵਾਹਿਗੁਰੂ ਦਾ ਜਸ ਗਾਉਣ, ਹੇ ਜਮਦੂਤੋ ! ਤੁਸੀਂ ਉਨ੍ਹਾਂ ਦੇ ਨੇੜੇ ਨਹੀਂ ਜਾਣਾ। ਅਗਰ ਨੇੜੇ ਗਏ ਬੱਧੀਦੇ ਮਰ ਜਾਉਗੇ। ਨਾ ਤੁਹਾਡਾ, ਨਾ ਮੇਰਾ ਛੁਟਕਾਰਾ ਹੋਵੇਗਾ।

**ਸਾਖੀ—ਇੱਕ ਸ਼ਾਹੂਕਾਰ ਪਠਾਣ ਤੇ ਸਿੱਖ ਦੀ ਜਮਾਂ ਤੋਂ ਛੁਡਾਉਣ ਦੀ—**ਇਕ ਵਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਨਗਰ ਤੋਂ ਬਾਹਰ ਥੇਹ ਉੱਤੇ ਆਸਣ ਲਗਾ ਕੇ ਬੈਠੇ ਸਨ। ਰਾਤ ਕੱਟੀ ਸਵੇਰ ਵੇਲੇ ਇਸ਼ਨਾਨ ਕਰਕੇ ਵਾਹਿਗੁਰੂ ਦੀ ਜਸ ਰੂਪ ਬਾਣੀ ਦਾ ਕੀਰਤਨ ਕੀਤਾ। ਇੱਕ ਪੁਰਸ਼, ਜਿਸ ਨੂੰ ਪ੍ਰਮਾਤਮਾ ਦੇ ਦਰ ਦਾ ਕੋਈ ਗਿਆਨ ਨਹੀਂ ਸੀ। ਜਾਇਜ਼-ਨਾਜਾਇਜ਼ ਤਰੀਕਿਆਂ ਨਾਲ ਮਾਇਆ ਹੀ ਇਕੱਤਰ ਕਰ ਰਿਹਾ ਸੀ ਅਤੇ ਪਰਿਵਾਰ ਦੀ ਪਾਲਣ-ਪੋਸ਼ਣ ਨੂੰ ਹੀ ਜੀਵਨ ਸਮਝਿਆ ਹੋਇਆ ਸੀ। ਖਾਣ-ਪੀਣ, ਪਹਿਨਣ, ਭੋਗਣ ਦੇ ਵਿੱਚ ਲੱਗ ਕੇ ਅਮੋਲਕ ਮਨੁੱਖਾ ਸਰੀਰ ਨੂੰ ਗਵਾਈ ਜਾ ਰਿਹਾ ਸੀ। ਅੱਜ ਅਚਾਨਕ ਗੁਰੂ ਦੀ ਰਸਨਾ ਤੋਂ ਕੀਰਤਨ ਸ੍ਵਣ ਕੀਤਾ, ਜਿਸਦਾ ਬੜਾ ਸਰਲ ਜਿਹਾ ਭਾਵ ਸੁਣਿਆ ਕਿ ਇਹ ਜੀਵ ਭੋਗਾਂ ਨੂੰ ਭੋਗ ਕੇ ਦਰਗਾਹ ਵਿੱਚ ਜਾਵੇਗਾ, ਸਰੀਰ ਦੀ ਭਸਮ ਹੋ ਜਾਵੇਗੀ। ਜੀਵ ਆਤਮਾ ਰੂਪ ਭੌਰਾ ਪ੍ਰਲੋਕ ਵਿੱਚ ਲੇਖਾ ਦੇਣ ਲਈ ਜਾਏਗਾ। ਦੁਨੀਆ ਵਿੱਚ ਜੋ ਵੱਡੇ ਵੱਡੇ ਅਮੀਰ ਦਿਸ ਰਹੇ ਹਨ। ਵੱਡੇ ਵੱਡੇ ਦੁਨੀਆਦਾਰਾਂ ਦੇ ਗਲ ਵਿੱਚ ਸੰਗਲ ਪਾ ਕੇ ਜਮਦੂਤ ਤੋਰਨਗੇ। ਜੀਵਨ ਭਰ ਦੇ ਕੀਤੇ ਕਰਮਾਂ ਦਾ ਹਿਸਾਬ ਹੋਏਗਾ। ਲੇਖਾ ਕਰਕੇ ਧਰਮਰਾਜ ਸਭ ਸਮਝਾ ਦਏਗਾ ਕਿ ਤੂੰ ਕਿਤਨੇ ਗ਼ਲਤ ਕੰਮ ਕਰਦਾ ਰਿਹਾਂ ਹੈਂ। ਜਮਾਂ ਦੀ ਮਾਰ ਇਤਨੀ ਪਏਗੀ ਕਿ ਪੈਂਦੀਆਂ ਨੂੰ ਕੋਈ ਥਾਂ ਨਹੀਂ ਰਹੇਗਾ। ਜੀਵ ਰੋਵੇਗਾ ਸਜ਼ਾ ਦੇਣ ਵਾਲੇ ਦੂਤ ਕਹਿਣਗੇ ਕਿ ਹੁਣ ਤੇਰੇ ਰੋਣ ਨੂੰ ਕੋਈ ਨਹੀਂ ਸੁਣੇਗਾ। ਜੀਵ ਰੋ ਰੋ ਕੇ ਕਹੇਗਾ ਕਿ ਮੈਂ ਅੰਧੇ ਅਗਿਆਨੀ ਨੇ ਅਮੋਲਕ ਜਨਮ ਐਵੇਂ ਹੀ ਖੋਇਆ ਹੈ। ਇਸ ਭਾਵ ਨੂੰ ਸਤਿਗੁਰੂ ਜੀ ਨੇ ਸੁਰ-ਤਾਲ ਵਿੱਚ ਗਾਵਿਆ, ਜਿਸ ਨੂੰ ਸੁਣ ਕੇ ਦੂਰ-ਦੂਰ ਤਕ ਵਾਤਾਵਰਣ ਸ਼ਾਂਤ ਹੋ ਗਿਆ। ਜੈਸਾ ਕਿ :

**ਪਉੜੀ॥ ਆਪੀਨੈ੍ ਭੋਗ ਭੋਗਿ ਕੈ ਹੋਇ ਭਸ ਮੜਿ ਭਉਰੁ ਸਿਧਾਇਆ॥**
**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥**
**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥**
**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥**
**ਮਨਿ ਅੰਧੈ ਜਨਮੁ ਗਵਾਇਆ॥੩॥** [ਪਉੜੀ ਆਸਾ ਦੀ ਵਾਰ ਮਹਲਾ ੧, ਅੰਗ ੪੬੪]

ਉਸ ਵਿਅਕਤੀ ਦੀ ਕੁਝ ਤਾਂ ਮਨ ਦੀ ਮੈਲ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਲਹਿ ਗਈ ਤੇ ਬਾਣੀ ਸੁਣ ਕੇ ਤਾਂ ਮਨ ਇਤਨਾ ਇਕਾਗਰ ਹੋ ਗਿਆ ਕਿ ਸਤਿਗੁਰੂ ਜੀ ਦੇ ਚਰਨ ਫੜ ਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ਮੈਨੂੰ ਪ੍ਰਲੋਕ ਦੇ ਦੁਖਾਂ ਤੋਂ ਬਚਾਓ, ਮੈਂ ਤੇ ਅਨਜਾਣ-ਪੁਣੇ ਵਿੱਚ ਬੜੇ ਪਾਪ ਕਰ ਬੈਠਾ ਹਾਂ। ਸਤਿਗੁਰੂ ਜੀ ਨੇ ਚਰਨ ਪਾਹੁਲ ਦੇ ਕੇ ਸਿੱਖ ਬਣਾਇਆ ਅਤੇ ਉਪਦੇਸ਼ ਦਿੱਤਾ ਕਿ ਸੱਚੀ-ਸੁੱਚੀ ਕਿਰਤ ਜਿਸ ਤੋਂ ਕਿਸੇ ਦਾ ਨੁਕਸਾਨ ਨਾ ਹੋਵੇ, ਬਸ ਉਸਦੇ ਵਿੱਚ ਹੀ ਗੁਜ਼ਾਰਾ ਕਰਨਾ, ਗ਼ਰੀਬੀ-ਅਮੀਰੀ ਦਾ ਖ਼ਿਆਲ ਨਹੀਂ ਕਰਨਾ। ਸਿਮਰਨ ਤੋਂ ਬਿਨਾਂ ਕੋਈ ਸੁਆਸ ਵਿਅਰਥ ਨਹੀਂ ਜਾਣ ਦੇਣਾ। ਝੂਠ ਨਹੀਂ ਬੋਲਣਾ, ਸਰਬੱਤ ਦਾ ਭਲਾ ਮੰਗਣਾ, ਪ੍ਰਮੇਸ਼ਰ ਦੀ ਸ੍ਰਿਸ਼ਟੀ ਜਾਣ ਕੇ ਸਭ ਨਾਲ ਪਿਆਰ ਕਰਨਾ। ਇਹ ਉਪਦੇਸ਼ ਲੈ ਕੇ ਕਮਾਈ ਕਰਨ ਲੱਗਾ। ਸਤਿਗੁਰੂ ਜੀ ਇਸ ਨੂੰ ਤਾਰ ਕੇ ਅੱਗੇ ਚਲੇ ਗਏ। ਪਰ ਇਸ 'ਤੇ ਐਸੀ ਕਿਰਪਾ ਕਰ ਗਏ ਕਿ ਥੋੜ੍ਹੇ ਦਿਨਾਂ ਵਿੱਚ ਹੀ ਬਿਰਤੀ ਦਾ ਬੜਾ ਚੜ੍ਹਾਅ ਹੋ ਗਿਆ। ਜੋ ਲੋਕਾਂ ਦਾ ਧਨ ਇਕੱਠਾ ਕੀਤਾ ਹੋਇਆ ਸੀ, ਸਭ ਗ਼ਰੀਬਾਂ ਨੂੰ ਲੁਟਾ ਦਿੱਤਾ। ਵਹੁਟੀ ਰੁਸ ਕੇ ਪੇਕੇ ਜਾ ਬੈਠੀ, ਕਿਉਂਕਿ ਸੰਸਾਰੀ ਜੀਵਾਂ ਨੂੰ ਇਹੋ ਜਿਹਾ ਸੁਭਾਅ ਕਦੇ ਪਸੰਦ ਨਹੀਂ ਆਇਆ। ਇਹ ਪ੍ਰਮੇਸ਼ਰ ਦੀ ਰਜ਼ਾ ਵਿੱਚ ਨਿੱਤ ਦੀ ਮਜਦੂਰੀ ਕਰਕੇ ਗੁਜ਼ਾਰਾ ਕਰਨ ਲੱਗਾ। ਪੈਸੇ ਜੋੜਨ ਦੀ ਬਿਰਤੀ ਉੱਕਾ ਹੀ ਖ਼ਤਮ ਹੋ ਗਈ। ਮਜਦੂਰੀ ਦਾ ਇੱਕ ਟਕਾ ਲਿਆ ਕਰਦਾ ਸੀ। ਟਕੇ ਦਾ ਅਰਥ ਭਾਵ ਰੁਪਇਆ ਭੀ ਹੁੰਦਾ ਹੈ, ਪਰ ਟਕੇ ਦਾ ਅਰਥ 'ਮਹਾਨ ਕੋਸ਼' ਦੇ ਅਨੁਸਾਰ ਦੋ ਪੈਸੇ ਭੀ ਕੀਤਾ ਹੈ। ਉਸ ਵੇਲੇ ਦੋ ਪੈਸੇ ਮਜਦੂਰੀ ਹੋਇਆ ਕਰਦੀ ਸੀ। ਬਸ ਉਸ ਵਿੱਚ ਹੀ ਨਿਤ ਦੀ ਗੁਜ਼ਰਾਨ ਕਰਦਾ। ਇਸਦੀ ਬਿਰਤੀ ਐਸੀ ਹੋ ਗਈ ਕਿ ਨਾਮ ਤੋਂ ਬਿਨਾਂ ਕੁਛ ਭੀ ਚੰਗਾ ਨਹੀਂ ਸੀ ਲਗਦਾ। ਜਿਸ ਦੇ ਮਜਦੂਰੀ ਕਰਨ ਲਈ ਜਾਂਦਾ, ਪਹਿਲਾਂ ਇਹ ਇੱਕ ਗੱਲ ਦਾ ਇਕਰਾਰ ਕਰਾ ਲੈਂਦਾ ਕਿ ਭਾਵੇਂ ਪ੍ਰਮੇਸ਼ਰ ਦੇ ਜਸ ਮਹਿਮਾ ਦੀ ਵੀਚਾਰ ਸੁਣਾਈ ਜਾਂ ਮੇਰੇ ਕੋਲੋਂ ਸੁਣੀ, ਤਾਂ ਮਜਦੂਰੀ ਕਰਾਂਗਾ। ਇਸ ਸੁਭਾਅ

ਅਨੁਸਾਰ ਵਰਤਦਾ ਰਿਹਾ। ਕਈ ਵਾਰ ਸਾਰੀ-ਸਾਰੀ ਰਾਤ ਚੌਂਕੜਾ ਮਾਰ ਕੇ ਸਿਮਰਨ ਦਾ ਰਸ ਲੈਂਦਾ। ਇੱਕ ਵਾਰ ਸਰਕਾਰੀ ਮਾਮਲਾ ਉਗਰਾਉਣ ਲਈ ਇੱਕ ਸਰਕਾਰੀ ਅਹੁਦੇਦਾਰ ਇਥੇ ਪਹੁੰਚਿਆ ਹੋਇਆ ਸੀ। ਉਸਦੇ ਘਰ ਕੋਈ ਐਸਾ ਜ਼ਰੂਰੀ ਕੰਮ ਪੈ ਗਿਆ। ਤੁਰੰਤ ਪਹੁੰਚਣ ਦਾ ਸੁਨੇਹਾ ਮਿਲਿਆ। ਇਸ ਸਰਕਾਰੀ ਅਹੁਦੇਦਾਰ ਨੇ ਸੁਨੇਹਾ ਮਿਲਦਿਆਂ ਹੀ ਨੰਬਰਦਾਰ ਨੂੰ ਬੁਲਾਇਆ। ਸ਼ਾਮ ਦਾ ਵਕਤ ਸੀ, ਕਿਹਾ ਕਿ ਨੰਬਰਦਾਰ ਜੀ! ਮੈਂ ਤੁਰੰਤ ਹੁਣੇ ਹੀ ਵਾਪਿਸ ਜਾਣਾ ਹੈ, ਮੇਰੇ ਕੋਲ ਥੋੜ੍ਹਾ ਜਿਹਾ ਭਾਰ ਹੈ, ਇੱਕ ਮਜਦੂਰ ਦੀ ਲੋੜ ਹੈ, ਕੋਈ ਪਿੰਡ ਵਿੱਚੋਂ ਮਜਦੂਰ ਲੱਭ ਕੇ ਦਿਓ। ਨੰਬਰਦਾਰ ਨੇ ਕਿਹਾ ਕਿ ਰਾਤ ਨੂੰ ਹੋਰ ਕਿਸੇ ਨੇ ਨਹੀਂ ਜਾਣਾ। ਸਾਡੇ ਪਿੰਡ ਇੱਕ ਗੁਰੂ ਦਾ ਸਿੱਖ ਰਹਿੰਦਾ ਹੈ, ਉਸਨੂੰ ਪੁੱਛ ਕੇ ਵੇਖ ਲੈਂਦਾ ਹਾਂ। ਨੰਬਰਦਾਰ ਉਸ ਨੂੰ ਲੈ ਕੇ ਸਿੱਖ ਦੇ ਘਰ ਪਹੁੰਚਿਆ। ਸਿੱਖ ਦਰਵਾਜ਼ਾ ਬੰਦ ਕਰਕੇ ਪ੍ਰਮੇਸ਼ਰ ਦਾ ਸਿਮਰਨ ਕਰ ਰਿਹਾ ਸੀ। ਨੰਬਰਦਾਰ ਦੀ ਆਵਾਜ਼ ਸੁਣ ਕੇ ਦਰਵਾਜ਼ਾ ਖੋਲ੍ਹਿਆ। ਨੰਬਰਦਾਰ ਨੇ ਸਾਰੀ ਵਾਰਤਾ ਕਹਿ ਸੁਣਾਈ ਕਿ ਸੇਠ ਜੀ ਦਾ ਸਾਮਾਨ ਪਹੁੰਚਾਉਣ ਦੀ ਮਜਦੂਰੀ ਲਈ ਤੁਹਾਨੂੰ ਕਹਿਣ ਆਏ ਹਾਂ, ਦਸੋ ਮਜਦੂਰੀ ਕਰਨੀ ਹੈ ? ਸਿੱਖ ਨੇ ਕਿਹਾ ਕਿ ਮੈਨੂੰ ਮਜਦੂਰੀ ਦੀ ਤਾਂ ਬਹੁਤੀ ਕੋਈ ਲੋੜ ਨਹੀਂ। ਨੰਬਰਦਾਰ ਨੇ ਕਿਹਾ ਕਿ ਮੇਰੇ ਕਰਕੇ ਇਸਦਾ ਭਾਰ ਉਠਾਉਣ ਦੀ ਮਜਦੂਰੀ ਜ਼ਰੂਰ ਕਰੋ। ਸਿੱਖ ਕਹਿਣ ਲੱਗਾ ਕਿ ਫੇਰ ਮੇਰੀ ਇਹ ਸ਼ਰਤ ਹੈ ਕਿ ਮੈਂ ਰਸਤੇ ਵਿੱਚ ਕੋਈ ਦੁਨਿਆਵੀ ਗੱਲ ਨਹੀਂ ਕਰਨ ਦੇਣੀ ਜਾਂ ਤਾਂ ਮੇਰੇ ਕੋਲੋਂ ਰੱਬ ਦੀ ਸੁਣੇ ਜਾਂ ਆਪ ਸੁਣਾਵੇ। ਇਹ ਸ਼ਰਤ ਮਨਜੂਰ ਕੀਤੀ ਗਈ। ਤੇ ਸਿੱਖ ਇਹ ਸੋਚ ਕੇ ਕਿ ਸੌਂ ਕੇ ਵੀ ਰਾਤ ਲੰਘ ਜਾਏਗੀ, ਜੇ ਜਾਗਦੇ ਰਹਾਂਗੇ, ਸਿਮਰਨ ਵੱਧ ਹੋ ਜਾਏਗਾ। ਇਹ ਸੋਚ ਕੇ ਉਸਦਾ ਭਾਰ ਚੁੱਕ ਕੇ ਤੁਰ ਪਿਆ। ਹੁਣ ਉਸ ਸ਼ਾਹੂਕਾਰ ਨੂੰ ਤਾਂ ਕੋਈ ਰੱਬ ਦੀ ਗੱਲ ਉਕਾ ਹੀ ਆਉਂਦੀ ਨਹੀਂ ਸੀ, ਕੀਤੇ ਇਕਰਾਰ ਦੇ ਕਾਰਣ ਸਿੱਖ ਤੋਂ ਸਾਰੇ ਰਸਤੇ ਸੁਣਦਾ ਗਿਆ। ਜਦੋਂ ਆਪਣੇ ਸਹੀ ਟਿਕਾਣੇ ’ਤੇ ਪਹੁੰਚਿਆ ਬਣਦੀ ਮਜਦੂਰੀ ਦੇ ਦਿੱਤੀ। ਸਾਧੂ ਸੁਭਾਅ ਜਾਣ ਕੇ ਦੁੱਧ ਪਾਣੀ ਛਕਾਇਆ। ਜਦੋਂ ਸਿੱਖ ਮੁੜਨ ਲੱਗਾ, ਇਸਨੇ ਪੁੱਛਿਆ ਕਿ ਸੇਠ ਜੀ! ਤੁਹਾਡੀ ਉਮਰ ਕਿੰਨੀ ਹੈ ? ਪਹਿਲਾਂ ਤਾਂ ਉਹ ਸੇਠ ਹੈਰਾਨ ਭੀ ਹੋਇਆ ਕਿ ਮੇਰੀ ਉਮਰ ਪੁੱਛਣ ਦੀ ਕੀ ਲੋੜ ਪੈ ਗਈ ? ਤਾਂ ਉਸਨੇ ਦੱਸਿਆ ਕਿ ਮੇਰੀ ੬੦ ਵਰ੍ਹਿਆਂ ਦੀ ਉਮਰ ਹੋ ਗਈ ਹੈ। ਤਾਂ ਸਿੱਖ ਨੇ ਕਿਹਾ ਕਿ ਸੇਠ ਜੀ! ਤੁਹਾਡੀ ਤਾਂ ਪ੍ਰਲੋਕ ਵਿੱਚ ਸਾਰੀ ਉਮਰ ਦੀ ਹੀ ਗ਼ੈਰ-ਹਾਜ਼ਰੀ ਹੈ। ਉਮਰ ਤਾਂ ਤੁਹਾਡੀ ਸਾਰੀ ਵਿਅਰਥ ਨਿਕਲ ਗਈ, ਪਰ ਹੁਣ ਇੱਕ ਗੱਲ ਦਾ ਖ਼ਿਆਲ ਰਖਿਓ ਕਿ ਤੁਹਾਡੀ ਸੰਸਾਰੀ ਜ਼ਿੰਦਗੀ ਸਾਲਾਂ ਜਾਂ ਮਹੀਨਿਆਂ ਦੀ ਨਹੀਂ ਰਹਿੰਦੀ, ਕੇਵਲ ਅੱਠ ਦਿਨਾਂ ਦੀ ਰਹਿੰਦੀ ਹੈ ਅਤੇ ਮੇਰੀ ਭੀ ਉਮਰ ਸੰਸਾਰ ਵਿੱਚੋਂ ਮੁੱਕ ਚੁੱਕੀ ਹੈ। ਮੈਂ ਤਾਂ ਤੁਹਾਡੇ ਨਾਲੋਂ ਭੀ ਕੁਝ ਦਿਨ ਪਹਿਲਾਂ ਜਾ ਰਿਹਾ ਹਾਂ। ਜਦੋਂ ਤੁਹਾਨੂੰ ਧਰਮਰਾਜ ਦੇ ਦੂਤ ਪਕੜ ਕੇ ਧਰਮਰਾਜ ਦੇ ਪੇਸ਼ ਕਰਨ, ਤੁਹਾਡਾ ਜ਼ਿੰਦਗੀ ਦਾ ਹਿਸਾਬ ਹੋਵੇਗਾ। ਉਥੇ ਤੁਹਾਡੀ ਚਾਰ ਘੜੀ ਅੱਜ ਦੀ ਕੀਤੀ ਸਤਿਸੰਗ ਦੀ ਹਾਜ਼ਰੀ ਲੱਗੀ ਹੋਵੇਗੀ। ਉਸਦੇ ਬਦਲੇ ਧਰਮਰਾਜ ਪੁੱਛੇਗਾ ਕਿ ਤੁਹਾਨੂੰ ਬੈਕੁੰਠ ਦਾ ਸੁਖ ਪਹਿਲਾਂ ਚਾਹੀਦੈ ਜਾਂ ਪਾਪ ਕਰਮ ਦਾ ਫਲ ਨਰਕ ਪਹਿਲਾਂ ਚਾਹੀਦੈ। ਸਿੱਖ ਨੇ ਕਿਹਾ ਕਿ ਸੇਠ ਜੀ! ਉਥੇ ਚੁਕ ਨਾ ਜਾਣਾ। ਕਹਿ ਦੇਣਾ ਕਿ ਪਹਿਲਾਂ ਚਾਰ ਘੜੀ ਸਤਿਸੰਗ ਦੇ ਬਦਲੇ ਜਿਤਨਾ ਬੈਕੁੰਠ ਦਾ ਸੁਖ ਬਣਦੈ ਇਹ ਪਹਿਲਾਂ ਦੇ ਦਿਓ ਤੇ ਅੱਗੇ ਮੈਂ ਬੈਠਾ ਹੋਵਾਂਗਾ, ਤੈਨੂੰ ਸੰਭਾਲ ਲਵਾਂਗਾ। ਐਸਾ ਹੀ ਹੋਇਆ। ਅੱਠਵੇਂ ਦਿਨ ਸ਼ਾਹੂਕਾਰ ਦੀ ਮੌਤ ਹੋ ਗਈ। ਜਮਦੂਤ ਇਸਨੂੰ ਪਕੜ ਕੇ ਧਰਮਰਾਜ ਦੇ ਲੈ ਗਏ। ਉਥੇ ਜ਼ਿੰਦਗੀ ਦਾ ਹਿਸਾਬ-ਕਿਤਾਬ ਹੋਇਆ। ਧਰਮਰਾਜ ਨੇ ਪੁੱਛਿਆ ਕਿ ਦਸੋ ਪਾਪਾਂ ਦਾ ਫਲ ਨਰਕ ਪਹਿਲਾਂ ਦੇਈਏ ਜਾਂ ਚਾਰ ਘੜੀ ਸਤਿਸੰਗ ਕੀਤੀ ਦਾ ਫਲ ਬੈਕੁੰਠ ਸੁਖ ਪਹਿਲਾਂ ਦੇਈਏ। ਉਸੇ ਵੇਲੇ ਸਿੱਖ ਦਾ ਬਚਨ ਯਾਦ ਆ ਗਿਆ। ਕਹਿਣ ਲੱਗਾ ਕਿ ਜੀ! ਮੈਨੂੰ ਪਹਿਲਾਂ ਸਤਿਸੰਗ ਦਾ ਫਲ ਦਿਓ, ਮੁੜਕੇ ਤਾਂ ਫਿਰ ਸਾਰੀ ਉਮਰ ਨਰਕ ਵਿੱਚ ਹੀ ਰਹਿਣਾ ਹੈ ਅਤੇ ਨਾਲੇ ਸੇਠ ਪਛਤਾਵੇ ਕਿ ਜੇ ਸਤਿਸੰਗ ਦੇ ਮਹਾਤਮ ਦਾ ਪਹਿਲਾਂ ਪਤਾ ਲੱਗ ਜਾਂਦਾ ਤਾਂ ਸਾਰੀ ਉਮਰ ਹੀ ਸਤਿਸੰਗ ਕਰਿਆ ਕਰਦੇ। ਕਿ ਸਦਾ ਲਈ ਬੈਕੁੰਠ ਵਾਸੀ ਬਣ ਜਾਂਦੇ। ਧਰਮਰਾਜ ਦੇ ਦੂਤਾਂ ਨੇ ਬੈਕੁੰਠ ਦੇ ਦਰਵਾਜ਼ੇ ਅੱਗੇ, ਇਸਦੇ ਬੰਧਨ ਖੋਲ੍ਹ ਦਿੱਤੇ ਤੇ ਕਿਹਾ ਕਿ ਉਹ ਸਾਹਮਣੇ ਚਲਾ ਜਾ ਤੇ ਇਤਨੇ ਸਮੇਂ ਬਾਅਦ ਆਪਣੇ-ਆਪ ਬਾਹਰ ਆ ਜਾਈਂ, ਨਹੀਂ ਤਾਂ ਬਹੁਤ ਕਰੜੀ ਸਜ਼ਾ ਦਿੱਤੀ ਜਾਏਗੀ। ਅੰਦਰ ਗਿਆ, ਜਿਥੇ ਰੱਬ ਦੇ ਪਿਆਰੇ ਭਗਤ, ਭਗਤੀ ਕਰਕੇ ਬਿਰਾਜੇ ਹੋਏ ਸਨ, ਮਹਾਨ ਸੁਖ

ਅਨੁਭਵ ਕੀਤਾ, ਜੀਅ ਕੀਤਾ ਕਿ ਇਹ ਸੁਖ ਹਮੇਸ਼ਾ ਹੀ ਬਣਿਆ ਰਹਿੰਦਾ, ਕਿੰਨਾ ਚੰਗਾ ਸੀ। ਅੱਗੇ ਉਹ ਸਿੱਖ ਮਿਲਿਆ, ਉਸਨੇ ਪਿਆਰ ਸਤਿਕਾਰ ਨਾਲ ਇਸਨੂੰ ਬਿਠਾਇਆ। ਇਹ ਬਾਰ ਬਾਰ ਪਿੱਛਾ ਮੁੜ ਕੇ ਵੇਖੇ। ਸਿੱਖ ਨੇ ਪੁੱਛਿਆ ਕਿ ਸੇਠ ਜੀ! ਬਾਹਰ ਨੂੰ ਕੀ ਵੇਖੀ ਜਾ ਰਹੇ ਹੋ ? ਉਸ ਨੇ ਰੋਂਦੇ ਹੋਏ ਕਿਹਾ ਕਿ ਮੇਰੀ ਮੰਦ ਕਿਸਮਤ, ਸਾਰੀ ਉਮਰ ਪਾਪ ਕਰਮ ਕਰਦਾ ਰਿਹਾ ਹਾਂ, ਤੁਹਾਡੇ ਨਾਲ ਚਾਰ ਘੜੀਆਂ ਬਤੀਤ ਕੀਤੀਆਂ ਦਾ ਫਲ, ਬੈਕੁੰਠ ਦਾ ਸੁਖ ਭੋਗ ਲਿਆ ਹੈ, ਦੂਤਾਂ ਨੇ ਕਿਹਾ ਸੀ ਜੇ ਨਾ ਸਮੇਂ ਨਾਲ ਪਹੁੰਚਿਆ ਤਾਂ ਤੈਨੂੰ ਕਰੜੀ ਸਜ਼ਾ ਦਿੱਤੀ ਜਾਏਗੀ। ਅੱਗੋਂ ਸਿੱਖ ਨੇ ਕਿਹਾ ਕਿ ਇਥੇ ਧਰਮਰਾਜ ਦੇ ਦੂਤਾਂ ਨੇ ਤਾਂ ਆਉਣਾ ਹੀ ਕੀ ਹੈ, ਖ਼ੁਦ ਧਰਮਰਾਜਾ ਭੀ ਨਹੀਂ ਆ ਸਕਦਾ। ਜਮਦੂਤ ਦੂਰ ਤੋਂ ਹੀ ਦੌੜ ਗਏ, ਕਿਉਂਕਿ ਸਾਧੂਆਂ ਨਾਲ ਮਿਲ ਕੇ ਗੁਣ ਗਾਇਨ ਕੀਤੇ ਸਨ। ਸੋ ਦੂਤਾਂ ਨੇ ਜਾ ਕੇ ਧਰਮਰਾਜ ਨੂੰ ਕਿਹਾ ਕਿ ਕੱਲ੍ਹ ਨੂੰ ਕੋਈ ਇਸੇ ਤਰ੍ਹਾਂ ਫੇਰ ਧੋਖਾ ਦੇਵੇਗਾ, ਸਾਨੂੰ ਹੁਕਮ ਕਰੋ ਅਸੀਂ ਉਸ ਨੂੰ ਅੰਦਰੋਂ ਫੜ ਕੇ ਲੈ ਆਈਏ ਤਾਂ ਧਰਮਰਾਜ ਨੇ ਕਿਹਾ ਕਿ ਦੇਖਿਓ ਕੋਈ ਐਸੀ ਗ਼ਲਤੀ ਨਾ ਕਰ ਬੈਠਿਓ, ਬੱਧੀਦੇ ਮਰ ਜਾਓਗੇ। ਨਾ ਤੁਹਾਡਾ ਤੇ ਨਾ ਮੇਰਾ ਛੁਟਕਾਰਾ ਹੋਵੇਗਾ। ਇਸ ਲਈ ਗੁਰੂ ਅਰਜਨ ਸਾਹਿਬ ਜੀ ਨੇ ਪ੍ਰਮੇਸ਼ਰ ਦੇ ਜਸ ਕਰਨ ਵਾਲਿਆਂ ਦਾ ਪ੍ਰਤਾਪ ਦੱਸਿਆ ਹੈ ਕਿ ਦੂਰ ਤੋਂ ਹੀ ਜਮ ਦੌੜ ਜਾਂਦੇ ਹਨ, ਜਮਦੂਤ ਉਨ੍ਹਾਂ ਦੇ ਨੇੜੇ ਆਉਣ ਦਾ ਹੌਂਸਲਾ ਨਹੀਂ ਕਰ ਸਕਦੇ। ਜੈਸਾ ਕਿ :

੧. **ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥**
**ਜਮ ਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥** [ਬਿਲਾਵਲੁ ਮਹਲਾ ੫, ਅੰਗ ੮੧੮]

੨. **ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥**
**ਧਰਮਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥**
[ਨਟ ਮਹਲਾ ੪, ਅੰਗ ੯੮੦]

੩. **ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥**
**ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥** [ਸੋਰਠਿ ਮਹਲਾ ੫, ਅੰਗ ੬੨੬]

## *ਰਾਮ ਨਾਮੁ ਜੋ ਜਨੁ ਜਪੈ; ਅਨਦਿਨੁ ਸਦ ਜਾਗੈ ॥*

ਜੋ ਪੁਰਸ਼ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਨਾਮ ਨੂੰ ਜਪੈ=ਜਪਦਾ ਹੈ, ਉਹ ਜਨੁ=ਸੇਵਕ ਅਨਦਿਨੁ=ਰਾਤ-ਦਿਨ ਗਿਆਨ ਜਾਗ੍ਰਿਤ ਵਿੱਚ ਸਦ=ਹਮੇਸ਼ਾ ਜਾਗੈ=ਜਾਗਦਾ ਹੈ। **ਅਥਵਾ** ਭਾਵੇਂ ਰਾਤ ਹੈ, ਭਾਵੇਂ ਦਿਨ ਹੈ, ਉਹ ਸਦਾ ਹੀ ਜਾਗੈ=ਜਾਗਦਾ ਭਾਵ ਵਿਕਾਰਾਂ ਵਲੋਂ ਸਾਵਧਾਨ ਰਹਿੰਦਾ ਹੈ।

## *ਤੰਤੁ ਮੰਤੁ ਨਹ ਜੋਹਈ; ਤਿਤੁ ਚਾਖੁ ਨ ਲਾਗੈ ॥੧॥ਰਹਾਉ॥*

ਤਾਂਤਰਿਕ ਵਿਦਿਆ ਵਿੱਚ ਇਹ ਤਿੰਨ ਤਰ੍ਹਾਂ ਦੇ ਜੰਤ੍ਰ, ਮੰਤ੍ਰ ਤੇ ਤੰਤ੍ਰ ਕਰਨ ਵਾਲੇ ਮਦਾਰੀ ਪੁਰਸ਼ ਉਸ ਵੱਲ ਜੋਹਈ=ਦੇਖ ਨਹੀਂ ਸਕਦੇ। **ਵਾ:** ਤਿਤੁ=ਉਸ ਨੂੰ ਚਾਖੁ=ਖੋਟੀ ਦ੍ਰਿਸ਼ਟੀ ਨਹੀਂ ਲਗਦੀ, ਭਾਵ ਨਜ਼ਰ ਨਹੀਂ ਲਗਦੀ, **ਵਾ:** ਉਸਨੂੰ ਪ੍ਰਤੱਖ ਚਾਖੁ=ਡੈਣ, **ਵਾ:** ਮਾਇਆ ਰੂਪੀ ਡੈਣ ਭੀ ਨਹੀਂ ਲਗਦੀ, ਕਿਉਂਕਿ ਰਾਮ ਦੇ ਨਾਮ ਵਿੱਚ ਜਗਾਉਣ ਦੀਆਂ ਬਰਕਤਾਂ ਹਨ। ਜੈਸਾ ਕਿ :

**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥** [ਸੂਹੀ ਮਹਲਾ ੧, ਅੰਗ ੭੬੬]

ਸੋ, ਜਿਨ੍ਹਾਂ ਦੇ ਮਨ ਵਿੱਚ ਪ੍ਰਮੇਸ਼ਰ ਦੀ ਬੰਦਗੀ ਹੈ, ਉਨ੍ਹਾਂ ਨੂੰ ਜੰਤ੍ਰ, ਮੰਤ੍ਰ, ਤੰਤ੍ਰ ਉਨ੍ਹਾਂ ਦਾ ਕੁਝ ਭੀ ਨਹੀਂ ਕਰ ਸਕਦੇ। ਜਿਵੇਂ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇੱਕ ਅਜਿਹੇ ਸਿੱਖ ਦਾ ਕਥਨ ਕੀਤਾ ਹੈ ਕਿ ਜੋ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਕੁਰਹਿਤਾਂ ਤੋਂ ਬਚਿਆ ਹੋਇਆ ਸਿੰਘ ਸੀ।

**ਸਾਖੀ—ਇੱਕ ਸਿੰਘ ਦੁਆਰਾ ਮੰਤ੍ਰ ਸ਼ਕਤੀ ਨਸ਼ਟ ਕਰਨ ਦੀ—**ਇਕ ਸਿੰਘ ਮੂਲ ਮੰਤ੍ਰ ਦਾ ਅਭਿਆਸੀ, ਦੂਜਾ ਰਹਿਤ ਵਿੱਚ ਤਿਆਰ-ਬਰ-ਤਿਆਰ ਸਿੰਘ ਸੀ। ਇੱਕ ਮੰਨਿਆ-ਪ੍ਰਮੰਨਿਆ ਜਾਦੂਗਰ ਜਿਸਨੇ ਲੋਕਾਂ ਦੇ ਸਾਹਮਣੇ ਇੱਕ ਕੱਚਾ ਧਾਗਾ ਫੜਨ ਲਈ ਲੋਕਾਂ ਨੂੰ ਕਿਹਾ, ਪਰ ਡਰਦਾ ਕੋਈ ਭੀ ਨਾ ਫੜੇ। ਉਸ ਅੰਮ੍ਰਿਤਧਾਰੀ ਸਿੰਘ ਨੇ ਧਾਗਾ ਫੜਿਆ ਤੇ ਮੂਲ ਮੰਤ੍ਰ ਦਾ ਪਾਠ ਕਰਨ ਲੱਗ ਪਿਆ। ਜਦੋਂ ਉਸ ਨੇ ਮੰਤ੍ਰ ਪੜ੍ਹਿਆ, ਉਸ ਮੰਤ੍ਰ ਸ਼ਕਤੀ ਨਾਲ ਮਦਾਰੀ ਵਾਲੇ ਪਾਸੇ ਤੋਂ ਅੱਗ ਨਿਕਲੀ, ਜੋ ਅੱਧ ਵਿਚਕਾਰੋਂ ਮੁੜ ਕੇ ਉਲਟਾ ਮਦਾਰੀ 'ਤੇ ਜਾ ਪਈ। ਮਦਾਰੀ ਬੇਹੋਸ਼ ਹੋ ਗਿਆ ਅਤੇ ਜਦੋਂ ਹੋਸ਼ ਪਰਤੀ ਤੇ ਸਿੱਖ ਦੇ ਅੱਗੇ ਹੱਥ ਜੋੜ ਕੇ ਕਹਿਣ ਲੱਗਾ ਕਿ ਕਮ-ਸੇ-ਕਮ ਮੈਨੂੰ ਦੱਸ ਤਾਂ ਦਿੰਦਾ ਕਿ ਮੈਂ ਭੀ ਜਾਦੂਗਰ ਹਾਂ। ਸਿੱਖ ਨੇ ਕਿਹਾ ਕਿ ਮੈਂ ਜਾਦੂਗਰ ਨਹੀਂ ਹਾਂ। ਮਦਾਰੀ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ। ਮੇਰਾ ਮੰਤ੍ਰ ਕੋਈ ਮਾਮੂਲੀ ਮੰਤ੍ਰ ਨਹੀਂ, ਇਸ ਦੀ ਕਾਟ ਤਾਂ ਕੋਈ ਵੱਡਾ ਮੰਤ੍ਰ ਹੀ ਕਰ ਸਕਦਾ ਸੀ। ਕਿਹੜਾ ਮੰਤ੍ਰ ਹੈ ਤੇਰੇ ਕੋਲ ? ਸਿੱਖ ਨੇ ਕਿਹਾ ਕਿ ਇਹ ਮੰਤ੍ਰ ਸਾਰਿਆਂ ਤੋਂ ਸ਼੍ਰੋਮਣ, ਇਸ ਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ, ਇਸ ਦੀ ਸ਼ਕਤੀ ਦੇ ਨਾਲ ਮੈਂ ਤੇਰੇ ਮੰਤ੍ਰ ਨੂੰ ਮੋੜਿਆ ਹੈ। ਜੈਸਾ ਕਿ :

**ਸਤਿਗੁਰ ਸਬਦ ਸੁਰਤਿ ਲਿਵ ਮੂਲਮੰਤ੍ਰ, ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ॥**

[ਭਾ: ਗੁਰਦਾਸ ਜੀ, ਕਬਿੱਤ ੧੮੩]

## *ਕਾਮ ਕ੍ਰੋਧ ਮਦ ਮਾਨ ਮੋਹ; ਬਿਨਸੇ ਅਨਰਾਗੈ॥*

ਕਾਮ, ਕ੍ਰੋਧ, ਮਦ=ਹੰਕਾਰ, ਮਾਨ, ਮੋਹ ਅਤੇ ਅਨਰਾਗੈ=ਰਾਗ, ਦਵੈਸ਼ ਭੀ ਨਾਸ਼ ਹੋ ਜਾਂਦੇ ਹਨ। ਐਸੀ ਨਾਮ ਸਿਮਰਨ ਦੀ ਸ਼ਕਤੀ ਹੈ। ਜੈਸਾ ਕਿ :

੧. **ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ॥੨॥** [ਗੂਜਰੀ ਮਹਲਾ ੫, ਅੰਗ ੫੦੧]

੨. **ਹਰਿ ਕੋ ਨਾਮੁ ਜਪੀਐ ਨੀਤ॥ ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ॥੧॥ਰਹਾਉ॥**

[ਪ੍ਰਭਾਤੀ ਮਹਲਾ ੫, ਅੰਗ ੧੩੪੧]

## *ਆਨੰਦ ਮਗਨ ਰਸਿ ਰਾਮ ਰੰਗਿ; ਨਾਨਕ ਸਰਨਾਗੈ॥੨॥੪॥੯੮॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੀ ਸਰਨਾਗੈ=ਸ਼ਰਨ ਵਿੱਚ ਆ ਕੇ ਜਿਨ੍ਹਾਂ ਨੇ ਰਾਮ ਵਿੱਚ ਰੰਗਿ=ਪ੍ਰੇਮ ਕੀਤਾ ਹੈ, ਉਹ ਅਨੰਦ ਰਸ ਵਿੱਚ ਮਗਨ=ਮਸਤ ਰਹਿੰਦੇ ਹਨ॥੨॥੪॥੯੮॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੬ [ਆਦਿ ਅੰਗ ੮੧੯]

*ਬਿਲਾਵਲੁ ਮਹਲਾ ੫ ॥ ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥੧॥ਰਹਾਉ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥੨॥੧੬॥੮੦॥*

## *ਬਿਲਾਵਲੁ ਮਹਲਾ ੫ ॥*

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ, ਇਹ ਸ਼ਬਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਥਾਇ ਹੈ। ਜੋ ਮੁਖਵਾਕ ਦੀ ਪਹਿਲੀ ਤੁਕ ਵਿੱਚ ਹੀ ਇਸ ਭਾਵ ਨੂੰ ਪ੍ਰਗਟ ਕਰਦੇ ਹਨ। ਇਸ ਸ਼ਬਦ ਦਾ ਦੂਸਰਾ ਭਾਵ ਜਗਿਆਸੂ ਪ੍ਰਤੀ ਉਚਾਰਨ ਹੈ। ਜੋ ਦੂਸਰੇ ਅਰਥ ਵਿੱਚ ਸਮਝਣਾ। ਪਹਿਲਾਂ ਇਸ ਸ਼ਬਦ ਦਾ ਬਾਹਰ ਅਰਥ ਜਿਸਦਾ ਇਤਿਹਾਸ ਦੇ ਨਾਲ ਗਹਿਰਾ ਸੰਬੰਧ ਹੈ, ਉਸਦੀ ਵੀਚਾਰ ਕਰਦੇ ਹਾਂ।

## *ਅਪਣੇ ਬਾਲਕ ਆਪਿ ਰਖਿਅਨੁ; ਪਾਰਬ੍ਰਹਮ ਗੁਰਦੇਵ ॥*

ਪਾਰਬ੍ਰਹਮ ਪ੍ਰਮੇਸ਼ਰ ਦੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਜੋ ਮੇਰੇ ਗੁਰਦੇਵ, ਭਾਵ ਸਤਿਗੁਰੂ ਜੀ ਹਨ, ਨੇ ਆਪਣੀ ਦਾਤ, ਆਪਣਾ ਬਾਲਕ=ਬੱਚਾ ਸਮਝ ਕੇ ਸਾਹਿਬਜ਼ਾਦੇ ਹਰਿਗੋਬਿੰਦ ਦੀ ਰਖਿਅਨੁ=ਰੱਖਿਆ ਕੀਤੀ ਹੈ।

**ਸਾਖੀ—ਪ੍ਰਿਥੀ ਚੰਦ ਦੇ ਵਿਰੋਧ ਦੀ—**ਜਿਸ ਵੇਲੇ ਗੁਰੂ ਅਰਜਨ ਸਾਹਿਬ ਜੀ ਗੁਰਤਾ ਗੱਦੀ 'ਤੇ ਬਿਰਾਜੇ ਸਨ, ਵਿਰੋਧਤਾ ਤਾਂ ਭਾਵੇਂ ਪ੍ਰਿਥੀ ਚੰਦ ਉਦੋਂ ਦਾ ਹੀ ਕਰਦਾ ਸੀ, ਪਰ ਗੁਰਤਾ ਗੱਦੀ ਵੇਲੇ ਇਤਨਾ ਈਰਖਾ ਵਿੱਚ ਸੜ-ਬਲ ਗਿਆ ਸੀ, ਕਿ ਉਸ ਨੇ ਭਰੀ ਸੰਗਤ ਵਿੱਚ ਆਪਣੇ ਪਿਤਾ ਗੁਰੂ ਰਾਮਦਾਸ ਜੀ ਦਾ ਕੇਵਲ ਵਿਰੋਧ ਹੀ ਨਹੀਂ ਕੀਤਾ, ਬਲਕਿ ਅਪਮਾਨ-ਜਨਕ ਸ਼ਬਦ ਭੀ ਵਰਤੇ। ਕ੍ਰੋਧ ਵਸ ਹੋ ਕੇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਨੂੰ ਭੀ ਬਹੁਤ ਅਯੋਗ ਸ਼ਬਦ ਵਰਤੇ। ਜਦੋਂ ਆਪ ਤੋਂ ਵੱਡੇ ਗੁਰਸਿੱਖਾਂ ਤੇ ਆਪਣੇ ਪਿਤਾ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਲਈ ਪ੍ਰਿਥੀ ਚੰਦ ਨਿਰਾਦਰ ਦੇ ਸ਼ਬਦ ਬੋਲ ਸਕਦਾ ਹੈ, ਗੁਰੂ ਅਰਜਨ ਸਾਹਿਬ ਤਾਂ ਉਮਰ ਵਿੱਚ ਛੋਟੇ ਸਨ। ਉਨ੍ਹਾਂ ਦਾ ਵਿਰੋਧ ਕਰਨਾ ਤਾਂ ਇਸ ਲਈ ਸੌਖੀ ਬਾਤ ਸੀ। ਇਸ ਤੋਂ ਉਲਟ ਗੁਰੂ ਅਰਜਨ ਸਾਹਿਬ ਪ੍ਰਿਥੀ ਚੰਦ ਨੂੰ ਵੱਡਾ ਭਰਾ ਸਮਝ ਕੇ ਸਤਿਕਾਰ ਭੀ ਕਰਦੇ ਅਤੇ ਉਸਦੇ ਪੁੱਤਰ ਮਿਹਰਵਾਨ ਨੂੰ ਭਰਾ ਦੀ ਅੰਸ਼ ਸਮਝ ਕੇ ਪੁੱਤਰਾਂ ਦੀ ਤਰ੍ਹਾਂ ਪਿਆਰ ਦਿੰਦੇ। ਚਮਾਸੇ ਦੀ ਰੁੱਤ ਲੰਘੀ ਤਾਂ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਮਾਤਾ ਗੰਗਾ ਜੀ ਗੁਰੂ ਘਰ ਦੇ ਕੀਮਤੀ ਵਸਤਰ ਰੇਸ਼ਮ, ਪਸ਼ਮੀਨੇ ਦੇ ਬਣੇ ਹੋਏ ਕੀੜਾ ਲਗਣ ਤੋਂ ਧੁੱਪੇ ਸੁਕਾ ਰਹੇ ਸਨ, ਜਿਸ ਨੂੰ ਦੇਖ ਕੇ ਕਰਮ ਕੌਰ ਪ੍ਰਿਥੀ ਚੰਦ ਦੀ ਘਰਵਾਲੀ ਨੇ ਪ੍ਰਿਥੀ ਚੰਦ ਨੂੰ ਕੌੜੇ-ਫਿਕੇ ਸ਼ਬਦ ਕਹੇ ਕਿ ਜੇ ਤੂੰ ਲਾਇਕ ਹੁੰਦਾ ਤਾਂ ਆਪ ਸਾਰੇ ਜਗਤ ਦਾ ਗੁਰੂ ਬਣਦਾ, ਜਿਹੜੇ ਪਦਾਰਥ ਸ਼ਰੀਕਾਂ ਦੇ ਘਰ ਵੇਖਦੇ ਹਾਂ, ਇਹ ਆਪਣੇ ਘਰ ਹੁੰਦੇ। ਇਹ ਵਾਰਤਾ ਹੁੰਦੀ ਨੂੰ ਇੱਕ ਗੁਰੂ ਘਰ ਦੀ ਦਾਸੀ ਨੇ ਸੁਣ ਲਿਆ। ਅਥਵਾ ਮਾਤਾ ਨੇ ਭੀ ਕੰਨਾਂ ਨਾਲ ਸੁਣ ਲਿਆ। ਪ੍ਰਿਥੀ ਚੰਦ ਨੇ ਜੋ ਉਤਰ ਦਿੱਤਾ, ਉਹ ਮਾਤਾ ਗੰਗਾ ਜੀ ਦੇ ਸਹਿਨ ਕਰਨ ਵਾਲਾ ਨਹੀਂ ਸੀ। ਪ੍ਰਿਥੀ ਚੰਦ ਨੇ ਕਿਹਾ ਕਿ ਕੀ ਹੋ ਗਿਆ ਜੇ ਗੁਰਤਾ ਗੱਦੀ ਨਹੀਂ ਮਿਲੀ ? ਮੇਰੇ ਭਰਾ ਦੇ ਘਰ ਕਿਹੜਾ ਕੋਈ ਸੰਤਾਨ ਹੋਣੀ ਹੈ, ਮੈਨੂੰ ਗੱਦੀ ਨਹੀਂ ਮਿਲੀ ਤਾਂ ਕੀ ਅੱਗੇ ਮੇਰੇ ਪੁੱਤਰ ਮਿਹਰਵਾਨ ਨੂੰ ਤਾਂ ਸਭ ਕੁਝ ਮਿਲੇਗਾ। ਤੂੰ ਚਿੰਤਾ ਨਾ ਕਰ ਆਪਣੇ ਸ਼ਰੀਕਾਂ ਨੇ ਸੰਸਾਰ ਤੋਂ ਔਤਰੇ ਹੀ ਚਲੇ ਜਾਣਾ ਹੈ। ਇਹ ਸੁਣ ਕੇ ਮਾਤਾ ਗੰਗਾ ਜੀ ਨੇ ਪੁੱਤਰ ਪ੍ਰਾਪਤੀ ਲਈ ਗੁਰੂ ਅਰਜਨ ਸਾਹਿਬ ਜੀ ਨੂੰ ਬੇਨਤੀ ਕੀਤੀ। ਜੋ ਲੰਮਾ ਇਤਿਹਾਸ ਹੋਣ ਕਰਕੇ ਇਥੇ ਸਾਰਾ ਨਹੀਂ ਦਿੱਤਾ। ਕੇਵਲ ਟੂਕ ਮਾਤਰ

ਇਤਿਹਾਸਕ ਘਟਨਾ ਨੂੰ ਚੇਤੇ ਕਰਾਇਆ ਹੈ। ਮਾਤਾ ਗੰਗਾ ਗੁਰੂ ਅਰਜਨ ਸਾਹਿਬ ਜੀ ਦੇ ਕਹਿਣ ਤੋਂ ਬਾਬਾ ਬੁੱਢਾ ਸਾਹਿਬ ਜੀ ਦੇ ਕੋਲੋਂ ਪੁੱਤਰ ਪ੍ਰਾਪਤੀ ਦਾ ਵਰ ਲੈ ਕੇ ਆਏ। ਜਦੋਂ ਸਾਲ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋ ਗਿਆ ਤਾਂ ਪ੍ਰਿਥੀ ਚੰਦ ਦੇ ਘਰ ਵਿੱਚ ਫਿਰ ਬੜਾ ਕਲੇਸ਼ ਪਿਆ। ਪ੍ਰਿਥੀਏ ਦੀ ਘਰ ਵਾਲੀ ਨੇ ਕਿਹਾ ਕਿ ਤੂੰ ਕਹਿੰਦਾ ਸੀ ਕਿ ਸੰਸਾਰ 'ਚੋਂ ਮੇਰਾ ਭਰਾ ਔਤਰਾ ਹੀ ਜਾਵੇਗਾ ਤੇ ਹੁਣ ਦਸ ਤੇਰਾ ਇਹ ਵਿਸ਼ਵਾਸ ਕਿਥੇ ਗਿਆ ? ਸ਼ਰੀਕਾਂ ਦੇ ਘਰ ਪੁੱਤਰ ਜੰਮਿਆ ਹੈ ਤਾਂ ਪ੍ਰਿਥੀ ਚੰਦ ਨੇ ਉੱਤਰ ਦਿੱਤਾ ਕਿ ਔਲਾਦ ਇਹਨਾਂ ਦੇ ਕਿਥੇ ਹੋਣੀ ਸੀ, ਇਹ ਗੁਰੂ ਨਾਨਕ ਦੇ ਪੁਰਾਣੇ ਸਿੱਖ ਬਾਬਾ ਬੁੱਢਾ ਸਾਹਿਬ ਦੇ ਬਚਨ ਕਰਕੇ ਹੋ ਗਿਆ ਹੈ। ਪਰ ਇਹ ਬਾਲਕ ਕਦੇ ਵੀ ਜਵਾਨ ਨਹੀਂ ਹੋਵੇਗਾ, ਨਾ ਹੀ ਇਹ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਬਣ ਸਕੇਗਾ। ਕਰਮ ਕੌਰ ਨੇ ਕਿਹਾ ਕਿ ਕਿਵੇਂ ? ਤਾਂ ਇਸ ਨੇ ਆਪਣੀ ਕੁਟਿਲ ਨੀਤੀ ਜ਼ਾਹਿਰ ਕਰਦਿਆਂ ਹੋਇਆ ਕਿਹਾ ਕਿ ਇਸ ਨੂੰ ਬਚਪਨ ਵਿੱਚ ਹੀ ਮਾਰ ਦਿੱਤਾ ਜਾਵੇਗਾ। ਹੁਣ ਪ੍ਰਿਥੀ ਚੰਦ ਨੇ ਸਭ ਤੋਂ ਪਹਿਲਾਂ ਜਾਦੂ-ਟੂਣੇ ਕਰਨ ਵਾਲੇ ਜੋਗੀਆਂ, ਪੀਰਾਂ, ਦੁਸ਼ਟ-ਪੁਰਸ਼ਾਂ ਤੋਂ ਜੰਤ੍ਰ-ਮੰਤ੍ਰ ਕਰਾਏ, ਪਰ ਜਦੋਂ ਇਹਨਾਂ ਤੋਂ ਕੁਝ ਨਾ ਵਿਗਾੜ ਹੋਇਆ ਤਾਂ ਇੱਕ ਸੋਭੀ ਨਾਮ ਕਰਕੇ ਦਾਈ, ਜੋ ਮਾਤਾ ਗੰਗਾ ਜੀ ਪਾਸ ਜਾਇਆ ਕਰਦੀ ਸੀ। ਉਸ ਨੂੰ ਬਹੁਤ ਸਾਰਾ ਧਨ ਦਾ ਲਾਲਚ ਦੇ ਕੇ ਸਾਹਿਬਜ਼ਾਦੇ ਨੂੰ ਮਾਰਨ ਲਈ ਭੇਜਿਆ। ਭਾਈ ਸੰਤੋਖ ਸਿੰਘ ਜੀ ਨੇ ਦਾਈ ਨੂੰ ਸੌ ਰੁਪਇਆ ਦੇ ਕੇ ਭੇਜਣ ਦੀ ਗੱਲ ਇਹਿਤਾਸ ਵਿੱਚ ਲਿਖੀ ਹੈ, ਅਤੇ ਦਰੁਸਤ ਹੈ ਕਿ ਉਦੋਂ ਦਾ ਸੌ ਰੁਪਇਆ ਬਹੁਤ ਵੱਡੀ ਕੀਮਤ ਰੱਖਦਾ ਸੀ। ਜਦੋਂ ਸਾਹਿਬਜ਼ਾਦੇ ਨੂੰ ਮਾਰਨ ਦੀਆਂ ਯੋਜਨਾ ਬਣਾਈਆਂ ਜਾ ਰਹੀਆਂ ਸਨ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਤਾ ਦਾ ਦੁੱਧ ਪੀਣਾ ਤਿਆਗ ਦਿੱਤਾ। ਮਾਤਾ ਗੰਗਾ ਜੀ ਬਹੁਤ ਚਿੰਤਤ ਸਨ। ਦਾਈ ਢੁਕਵਾਂ ਸਮਾਂ ਜਾਣ ਦੇ ਮਾਤਾ ਗੰਗਾ ਜੀ ਕੋਲ ਜਾ ਬੈਠੀ, ਜੋ ਆਪਣੇ ਅਸਥਨਾਂ ਨੂੰ ਵਧੀਆ ਕਿਸਮ ਦੀ ਜ਼ਹਿਰ ਲਾ ਕੇ ਮਾਰਨ ਦੇ ਇਰਾਦੇ ਨਾਲ ਮਾਤਾ ਗੰਗਾ ਜੀ ਨੂੰ ਭਰਮਾਉਣ ਲੱਗੀ ਕਿ ਮਾਤਾ ਚਿੰਤਾ ਕਿਉਂ ਕਰਦੀ ਹੈਂ, ਅਕਸਰ ਬਾਲਕ ਢਿਲੇ-ਮੱਠੇ ਹੋ ਹੀ ਜਾਇਆ ਕਰਦੇ ਹਨ। ਮਾਤਾ ਜੀ ਨੇ ਕਿਹਾ ਕਿ ਚਾਰ ਦਿਨ ਤੋਂ ਦੁੱਧ ਨਹੀਂ ਪੀਤਾ। ਇਸ ਲਈ ਚਿੰਤਾ ਤਾਂ ਪੁੱਤਰ ਦੀ ਮਾਤਾ ਲਈ ਹੋਣੀ ਇੱਕ ਕੁਦਰਤੀ ਬਾਤ ਹੈ। ਤੇ ਇਹ ਸੋਭੀ ਨਾਮ ਵਾਲੀ ਦਾਈ ਨੇ ਕਿਹਾ ਕਿ ਮਾਤਾ ਮੈਂ ਕਿਸੇ ਭਾਗਾਂ ਵਾਲੇ ਦੇ ਘਰ ਜਾਂਦੀ ਹਾਂ। ਲੋਕਾਂ ਵਿੱਚ ਮੇਰੀ ਇਹ ਗੱਲ ਪ੍ਰਸਿੱਧ ਹੈ ਕਿ ਜੋ ਬੱਚਾ ਮੇਰਾ ਅਸਥਨ ਚੁੰਘ ਲਵੇ, ਉਸ ਨੂੰ ਕੋਈ ਬਿਮਾਰੀ ਨਹੀਂ ਲਗਦੀ, ਲੰਮੀ ਉਮਰ ਵਾਲਾ ਹੁੰਦਾ ਹੈ। ਭੋਲੇ ਸੁਭਾਅ ਵਿੱਚ ਮਾਤਾ ਭਰਮ ਗਈ, ਇਸ ਦਾਈ ਨੇ ਕਿਹਾ ਕਿ ਲੋਕੀਂ ਮੇਰੇ ਮਗਰ-ਮਗਰ ਫਿਰਦੇ ਹਨ ਕਿ ਸਾਡੇ ਬੱਚਿਆਂ ਨੂੰ ਇੱਕ ਵਾਰੀ ਦੁਧ ਚੁੰਘਾ, ਪਰ ਮੈਂ ਕਿਸੇ ਵਿਰਲੇ ਦੇ ਹੀ ਜਾਂਦੀ ਹਾਂ। ਤੁਹਾਡੇ ਘਰ ਚੱਲ ਕੇ ਆਪ ਆਈ ਹਾਂ। ਮਾਤਾ ਗੰਗਾ ਜੀ ਨੇ ਖ਼ੁਸ਼ ਹੋ ਕੇ ਸਾਹਿਬਜ਼ਾਦੇ ਨੂੰ ਦਾਈ ਦੇ ਹੱਥ ਫੜਾ ਦਿੱਤਾ। ਉਸ ਵੇਲੇ ਸੰਸਾਰਿਕ ਮਰਿਆਦਾ ਨੂੰ ਮੁਖ ਰੱਖਦਿਆਂ ਬੱਚਿਆਂ ਵਾਲੀ ਹਰਕਤ ਨਾਲ ਦਾਈ ਦੇ ਹੱਥ ਜਾਣ ਤੋਂ ਇਨਕਾਰ ਕੀਤਾ, ਪਰ ਮਾਤਾ ਜੀ ਨਹੀਂ ਸਮਝੇ। ਦਾਈ ਨੇ ਕੁੱਛੜ ਵਿੱਚ ਲੈ ਕੇ ਆਪਣਾ ਅਸਥਨ ਨੰਗਾ ਕੀਤਾ। ਇੱਕ ਹੱਥ ਗੀਚੀ ਪਿੱਛੇ ਪਾ ਕੇ ਦੂਜੇ ਹੱਥ ਨਾਲ ਅਸਥਨ ਮੂੰਹ ਵਿੱਚ ਦੇਣ ਲੱਗੀ। ਉਸ ਵੇਲੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੇ ਮੂੰਹ ਦੂਜੇ ਪਾਸੇ ਨੂੰ ਕੀਤਾ, ਪਰ ਇਹ ਜ਼ਬਰਦਸਤੀ ਜਦੋਂ ਮੂੰਹ ਵਿੱਚ ਅਸਥਨ ਦੇਣ ਲੱਗੀ ਤਾਂ ਉਸ ਵੇਲੇ ਸਤਿਗੁਰੂ ਜੀ ਨੇ ਇਹ ਸੋਚ ਕੇ ਕਿ ਮੇਰਾ ਅਵਤਾਰ ਹੀ ਦੁਸ਼ਟਾਂ ਦੇ ਖ਼ਤਮ ਕਰਨ ਲਈ ਹੋਇਆ ਹੈ, ਭਾਵੇਂ ਇਹ ਕਾਰਜ ਵੱਡੇ ਹੋ ਕੇ ਕਰਨ ਦੇ ਸਨ। ਪਰ ਦੁਸ਼ਮਨ ਨੇ ਬਚਪਨ ਵਿੱਚ ਹੀ ਕਰਨ ਲਈ ਮਜਬੂਰ ਕਰ ਦਿੱਤਾ। ਗੁਰੂ ਜੀ ਦਾ ਇੱਕ ਹੱਥ ਜੋ ਹੇਠਾਂ ਲਮਕ ਰਿਹਾ ਸੀ, ਦਾਈ ਦੀ ਗੁੱਤ ਨੂੰ ਉਸ ਹੱਥ ਦਾ ਲਪੇਟ ਪਾ ਲਿਆ, ਦੂਜੇ ਹੱਥ ਦੇ ਨਾਲ ਅਸਥਨ ਨੂੰ ਇਤਨਾ ਜ਼ੋਰ ਦੀ ਘੁੱਟਿਆ ਕਿ ਜਿਤਨੀ ਦੇਰ ਤੱਕ ਪ੍ਰਾਣ ਨਹੀਂ ਨਿਕਲ ਗਏ, ਉਤਨੀ ਦੇਰ ਤਕ ਛੱਡਿਆ ਨਹੀਂ, ਜਿਵੇਂ ਭਗਵਾਨ ਕ੍ਰਿਸ਼ਨ ਜੀ ਨੇ ਪੂਤਨਾ ਦਾ ਉਧਾਰ ਕੀਤਾ ਸੀ, ਉਸੇ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਲਿਜੁਗ ਦੇ ਵਿੱਚ ਇਹ ਪੂਤਨਾ ਵਰਗੀ ਦਾਈ ਦਾ ਉਧਾਰ ਕਰਨਾ ਕੀਤਾ। ਬੇਹੋਸ਼ ਹੋ ਕੇ ਦੜੱਮ ਦੇ ਕੇ ਧਰਤੀ 'ਤੇ ਡਿੱਗ ਪਈ। ਗੁਰੂ ਹਰਿਗੋਬਿੰਦ ਸਾਹਿਬ ਜੀ ਉਸੇ ਤਰ੍ਹਾਂ ਛਾਤੀ 'ਤੇ ਲਿਪਟੇ ਹੋਏ ਸਨ। ਦਾਈ ਦੇ ਇੱਕ ਹੱਥ ਗੁੱਤ ਤੇ ਦੂਜਾ ਛਾਤੀ ਨੂੰ ਪਾਇਆ ਹੋਇਆ ਸੀ। ਪਹਿਲੀ

ਜਿਤ ਦੁਸ਼ਮਨਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਾਈ ਤੇ ਮਾਤਾ ਗੰਗਾ ਜੀ ਘਬਰਾ ਕੇ ਗੁਰੂ ਘਰ ਦੀਆਂ ਦਾਸੀਆਂ ਨੂੰ ਨਾਲ ਲੈ ਕੇ ਜਦੋਂ ਚੁੱਕਣ ਲਗੇ ਤਾਂ ਮਜ਼ਬੂਤ ਹੱਥਾਂ ਨਾਲ ਪਕੜੀ ਹੋਈ ਦਾਈ ਨੂੰ ਮਾਤਾ ਛੁਡਾ ਨਾ ਸਕੀ। ਜਲਦੀ ਸੁਨੇਹਾ ਗੁਰੂ ਅਰਜਨ ਸਾਹਿਬ ਜੀ ਪਾਸ ਭਿਜਵਾਇਆ। ਪਿਤਾ ਗੁਰੂ ਦੇ ਆਉਣ ਤੋਂ ਪਹਿਲਾਂ ਆਪਣੇ ਹੱਥ ਢਿਲੇ ਛੱਡ ਦਿੱਤੇ। ਮਾਤਾ ਦੀ ਗੋਦ ਵਿੱਚ ਜਾ ਕੇ ਮਾਤਾ ਨੂੰ ਸੁਖ ਦਿੱਤਾ, ਜੋ ਚਾਰ ਦਿਨਾਂ ਤੋਂ ਦੁੱਧ ਨਹੀਂ ਸੀ ਚੁੰਘਿਆ, ਉਹ ਦੁਸ਼ਮਨ ਨੂੰ ਫ਼ਤਹਿ ਕਰਕੇ ਮਾਤਾ ਦੇ ਅਸਥਨਾਂ ਦਾ ਦੁੱਧ ਪੀਣਾ ਕੀਤਾ। ਜਦੋਂ ਗੁਰੂ ਅਰਜਨ ਸਾਹਿਬ ਜੀ ਆਏ ਸਤਿਗੁਰੂ ਨੇ ਆ ਕੇ ਦਾਈ ਦੀ ਆਤਮਾ ਨੂੰ ਚੇਤਨਤਾ ਬਖ਼ਸ਼ੀ। ਇਸ ਨੇ ਦਿਬ ਰੂਪ ਧਾਰਨ ਕਰਕੇ ਕਿਹਾ ਕਿ ਮੇਰੇ ਕੋਲੋਂ ਕੋਈ ਨਾ ਡਰੋ, ਮੈਂ ਪ੍ਰਿਥੀਏ ਦੀ ਭੇਜੀ, ਆਈ ਤਾਂ ਸਾਹਿਬਜ਼ਾਦੇ ਨੂੰ ਮਾਰਨ ਸੀ, ਪਰ ਇਸ ਬਹਾਨੇ ਮੇਰਾ ਉਧਾਰ ਹੋਇਆ ਹੈ। ਗੁਰੂ ਅਰਜਨ ਸਾਹਿਬ ਜੀ ਨੇ ਸਿੱਖਾਂ ਦੀ ਤਸੱਲੀ ਵਾਸਤੇ ਵਾਰਤਾ ਪੁੱਛੀ ਤਾਂ ਇਸਨੇ ਪਿਛਲੇ ਜਨਮ ਦੀ ਗਾਥਾ ਕਹਿ ਸੁਣਾਈ ਕਿ ਮਹਾਰਾਜ ਮੈਂ ਸੱਵਰਗ ਦੀ ਅਪੱਛਰਾ ਸੀ। ਨਿਰਤ ਕਲਾ ਅਤੇ ਸੰਗੀਤ ਕਲਾ ਵਿੱਚ ਬੜੀ ਨਿਪੁੰਨ ਸੀ, ਤੀਸਰਾ ਮੇਰਾ ਸਰੂਪ ਅਤਿਅੰਤ ਸੁੰਦਰ ਸੀ। ਇਨ੍ਹਾਂ ਤਿੰਨਾਂ ਚੀਜ਼ਾਂ ਦਾ ਮੈਨੂੰ ਬੜਾ ਹੰਕਾਰ ਸੀ। ਇੱਕ ਦਿਨ ਦੇਵ ਸਭਾ ਵਿੱਚ ਦੇਵਤਿਆਂ ਦੇ ਗੁਰੂ ਬ੍ਰਿਹਸਪਤ ਜੀ ਆਏ, ਜਿਨ੍ਹਾਂ ਦੇ ਆਉਣ 'ਤੇ ਸਭ ਨੇ ਸਤਿਕਾਰ ਕੀਤਾ, ਉਥਾਨ ਕਰਮ ਕੀਤਾ, ਭਾਵ ਉਠ ਕੇ ਖੜ੍ਹੇ ਹੋਏ। ਮੈਨੂੰ ਮੇਰੇ ਰੂਪ ਤੇ ਗੁਣ ਦੇ ਹੰਕਾਰ ਨੇ ਐਸਾ ਨਾ ਕਰਨ ਦਿੱਤਾ। ਜਿਸ 'ਤੇ ਦੇਵ ਗੁਰੂ ਬ੍ਰਿਹਸਪਤ ਦੀ ਕ੍ਰੋਪੀ ਦਾ ਸ਼ਿਕਾਰ ਹੋ ਗਈ। ਬ੍ਰਿਹਸ਼ਪਤ ਜੀ ਬੋਲੇ ਕਿ ਤੂੰ ਸਵਰਗ ਪੁਰੀ ਦੇ ਵਿੱਚ ਰਹਿਣ ਦੇ ਲਾਇਕ ਨਹੀਂ। ਮਾਤ ਲੋਕ ਵਿੱਚ ਜਾ ਕੇ ਮਦਰ ਦੇਸ਼ ਵਿੱਚ ਜੰਮੀ ਜਾ ਅਤੇ ਮਰੀ ਜਾ ਅਤੇ ਨੀਚ ਕਰਮ ਵਿੱਚ ਪਰਵਿਰਤ ਹੋ। ਇਹ ਸੁਣਦਿਆਂ ਮੈਂ ਗੁਰਦੇਵ ਦੇ ਚਰਨ ਫੜੇ ਤੇ ਉਨ੍ਹਾਂ ਨੇ ਸਰਣਾਗਤ ਆਈ ਜਾਣ ਕੇ ਦਇਆ ਦੇ ਘਰ ਵਿੱਚ ਆ ਕੇ ਕਿਹਾ ਕਿ ਹੁਣ ਤਾਂ ਸਰਾਪ ਹੋ ਚੁੱਕਾ ਹੈ ਇਹ ਮਿਟੇਗਾ ਨਹੀਂ। ਮੇਰੇ ਬੇਨਤੀ ਕਰਨ ਤੋਂ ਕਿ ਮੇਰਾ ਉਧਾਰ ਕਦੋਂ ਹੋਵੇਗਾ। ਗੁਰੂ ਨੇ ਕਿਰਪਾ ਕਰਕੇ ਦੱਸਿਆ ਕਿ ਕਲਿਜੁਗ ਦੇ ਅਵਤਾਰ ਗੁਰੂ ਨਾਨਕ ਹੋਣਗੇ, ਉਨ੍ਹਾਂ ਦੇ ਪੰਜਵੇਂ ਸਰੂਪ ਗੁਰੂ ਅਰਜਨ ਸਾਹਿਬ ਜੀ ਦੇ ਘਰ ਪੁੱਤਰ ਰੂਪ ਵਿੱਚ ਪ੍ਰਮੇਸ਼ਰ ਤੇਰਾ ਉਧਾਰ ਕਰੇਗਾ। ਸੋ, ਉਹ ਸਮਾਂ ਆਣ ਪਹੁੰਚਾ ਹੈ, ਮੈਂ ਹੁਣ ਸਿੱਧੀ ਸਵਰਗ ਪੁਰੀ ਵਿੱਚ, ਜਿਥੋਂ ਵਿਛੜ ਕੇ ਆਈ ਹਾਂ, ਉਥੇ ਜਾਵਾਂਗੀ। ਜੋ ਮੇਰੇ ਅਸਥਨਾਂ ਨੂੰ ਗੁਰੂ ਦਾ ਮੁਖ ਲੱਗਿਐ ਮੈਨੂੰ ਆਪਣੀ ਮਾਂ ਤੁਲ ਸਮਝ ਕੇ ਮੇਰਾ ਉਧਾਰ ਕੀਤਾ ਹੈ। ਕਿਉਂਕਿ ਬ੍ਰਿਹਸਪਤ ਨੇ ਜੋ ਕਿਹਾ ਸੀ। ਜੈਸਾ ਕਿ :

**ਲੇਹੁ ਅਵਤਾਰ ਗੁਰੂ ਨਿਰੰਕਾਰੀ॥ ਤਿਨ ਕੇ ਮੁਖਿ ਤੁਮ ਅਸਥਨ ਧਾਰੀ॥**
**ਤੁਮਰੇ ਪ੍ਰਾਨ ਤਬੈ ਵਹੁ ਹਰੈ॥ ਸਰਾਪ ਕਾਟ ਕਰਿ ਮੁਕਤਿ ਸੁ ਕਰੈ॥੩੯॥**
**ਇਹ ਸੁ ਮੁਕਤਿ ਭਈ ਸੁਨਿ ਮਾਤਾ॥ ਗਈ ਬੈਕੁੰਠ ਧਰਿ ਸੁੰਦ੍ਰ ਗਾਤਾ॥**
**ਹੌਂ ਅਸਥਨ ਇਨ ਕਾ ਮੁਖਿ ਲਯੋ॥ ਜਾਨਿ ਮਾਤ ਸਮ ਨਿਜ ਪਦੁ ਦਯੋ॥੪੦॥**

ਸੋ ਇਹ ਸੁਣ ਕੇ ਮਾਤਾ ਗੰਗਾ ਜੀ ਨੇ ਕਿ ਦਾਈ ਨੂੰ ਮੁਕਤ ਕਰ ਦਿੱਤਾ ਹੈ। ਮਾਤਾ ਗੰਗਾ ਜੀ ਨੂੰ ਇਤਨੀ ਸ਼ਰਧਾ ਆ ਗਈ ਤੇ ਕਹਿਣ ਲੱਗੀ ਕਿ ਹੇ ਪ੍ਰਭੂ ! ਮੇਰੀ ਭੁੱਲ ਬਖ਼ਸ਼ ਦੇਣੀ ਕਿ ਮੈਂ ਆਪ ਨੂੰ ਪੁੱਤਰ ਕਰਕੇ ਮੰਨਿਆ। ਜੈਸਾ ਕਿ :

**ਦੋਹਰਾ॥ ਮਾਤ ਗੰਗ ਯੌਂ ਸੁਨਤ ਹੀ ਉਸਤਤਿ ਕੀਨ ਅਪਾਰ॥**
**ਮਮ ਸੁਤ ਕਰਿ ਜਾਨੋ ਪ੍ਰਭੂ ਬਖ਼ਸ਼ੋ ਭੂਲ ਹਮਾਰ॥੪੧॥**
**ਸਵੱਯਾ॥ ਬਾਲ ਕੋ ਰੂਪ ਧਰਯੋ ਹਮਰੈ ਗ੍ਰਿਹਿ, ਤੋਹਿ ਸਭੀ ਜਗੁ ਨੇਤਿ ਬਤਾਵੈ॥**
**ਸ਼ੰਕਰ ਔਰ ਚਤੁਰਾਨਨ ਢੂੰਢਤ, ਔਰ ਤਪੀ ਬਹੁ ਧਯਾਨ ਲਗਾਵੈ॥**
**ਨਾਰਦ ਸਾਰਦ ਖੋਜ ਥਕੇ ਸਭਿ ਮਰਮ ਤੁਮ੍ਾਰ ਕੋਊ ਨਹਿ ਪਾਵੈ॥**
**ਸੋ ਤੁਮ ਬਾਲਕ ਰੂਪ ਬਨਾਇ, ਸੁ ਦੇਖਤ ਹੌਂ ਮਮ ਗੋਦ ਸੁਹਾਵੈ॥੪੨॥**

[ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ੨]

ਉਸ ਵੇਲੇ ਗੁਰੂ ਸਾਹਿਬ ਜੀ ਨੇ ਇਹ ਸੋਚ ਕੇ ਕਿ ਮਾਤਾ ਦੇ ਮਨ ਵਿੱਚ ਗਯਾਨ ਪੈਦਾ ਹੋ ਗਿਆ ਤਾਂ ਮੁਸਕਰਾ ਕੇ ਐਸੀ ਮੋਹ ਦੀ ਕਨਾਤ ਤਾਣ ਦਿੱਤੀ ਕਿ ਮੁੜ ਕੇ ਮਾਤਾ ਫਿਰ ਪੁੱਤਰ ਸਮਝ ਕੇ ਪਾਲਦੀ ਰਹੀ। ਇਥੋਂ ਦਾਈ ਤੋਂ ਰੱਖਿਆ ਹੋਈ ਤੇ ਫਿਰ ਸਪੇਰੇ ਨੂੰ ਲੋਭ ਦੇ ਕੇ ਭੇਜਿਆ। ਇਸੇ ਤਰ੍ਹਾਂ ਪਿਛਲੇ ਜਨਮ ਦਾ ਹੰਕਾਰੀ ਤਪੱਸਵੀ ਨਾਰਦ ਦੇ ਸਰਾਪ ਕਰਕੇ ਜੋ ਸੱਪ ਬਣਿਆ ਸੀ, ਉਸਦਾ ਉਧਾਰ ਕੀਤਾ, ਫਿਰ ਦੂਨੀ ਚੰਦ ਬ੍ਰਾਹਮਣ ਜੋ ਗੁਰੂ ਘਰ ਦਾ ਰਸੋਈਆ ਸੀ, ਪ੍ਰਿਥੀ ਚੰਦ ਨੇ ਪੰਜ ਸੌ ਰੁਪਇਆ ਦੇ ਕਰਕੇ ਸਾਹਿਬਜ਼ਾਦੇ ਨੂੰ ਮਾਰਨ ਦਾ ਪਿਛਲਾ ਚਾਰਾ ਕੀਤਾ। ਦਹੀਂ ਵਿੱਚ ਸੰਖੀਆ ਮਲਾ ਕੇ ਕੋਠੇ 'ਤੇ ਚੜ੍ਹ ਕੇ ਦੇਣ ਲੱਗਾ ਤਾਂ ਗੁਰੂ ਜੀ ਨੇ ਬੱਚਿਆਂ ਦੀ ਹਰਕਤ ਚੀਕ ਮਾਰ ਕੇ ਮਾਤਾ ਨੂੰ ਕੋਲ ਬੁਲਾ ਲਿਆ ਤਾਂ ਗੁਰੂ ਅਰਜਨ ਸਾਹਿਬ ਜੀ ਨੇ ਦਹੀਂ ਕੁੱਤੇ ਨੂੰ ਖਵਾ ਕੇ ਉਸ ਦਾ ਪਾਜ ਨੰਗਾ ਕੀਤਾ। ਜੋ ਦੁਸ਼ਟ ਬ੍ਰਾਹਮਣ ਸੂਲ ਹੋ ਕੇ ਮਰਿਆ, ਮਾਤਾ ਗੰਗਾ ਜੀ ਦੇ ਕਹਿਣ ਤੋਂ ਉਸ ਨੂੰ ਦੁਬਾਰੇ ਜੀਵਨ ਦਿੱਤਾ। ਸੋ, ਇਉਂ ਦਾਈ, ਸਪੇਰਾ ਤੇ ਬ੍ਰਾਹਮਣ ਔਰ ਸੀਤਲਾ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ ਕਿ ਬਾਲਕ ਹਰਿਗੋਬਿੰਦ ਜੀ ਦੀ ਰੱਖਿਆ ਹੋਈ। ਅਨੇਕਾਂ ਸ਼ਬਦਾਂ ਵਿੱਚ ਇਸੇ ਤੁਕ ਨਾਲ ਮਿਲਦੇ ਪ੍ਰਮਾਣ ਪ੍ਰਾਪਤ ਹੁੰਦੇ ਹਨ। ਜੈਸਾ ਕਿ :

**੧. ਕਰਿ ਕਿਰਪਾ ਸੁਖ ਅਨਦ ਕਰੇਇ॥ ਬਾਲਕ ਰਾਖਿ ਲੀਏ ਗੁਰਦੇਵਿ॥**

[ਗੌਂਡ ਮਹਲਾ ੫, ਅੰਗ ੮੬੬]

**੨. ਰੋਗ ਮਿਟਾਏ ਪ੍ਰਭੂ ਆਪਿ॥ ਬਾਲਕ ਰਾਖੇ ਅਪਨੇ ਕਰ ਥਾਪਿ॥੧॥**

[ਬਸੰਤੁ ਮਹਲਾ ੫, ਅੰਗ ੧੧੮੪]

**ਦੂਜਾ ਅਰਥ**—ਜਗਿਆਸੂ ਪ੍ਰਤੀ ਕਿ ਜਗਿਆਸੂ ਰੂਪ ਬਾਲਕ ਦੀ ਕਾਮ, ਕ੍ਰੋਧ ਆਦਿਕ ਦੁਸ਼ਮਨਾਂ ਤੋਂ ਪਾਰਬ੍ਰਹਮ ਪ੍ਰਮੇਸ਼ਰ ਦੇ ਸਰੂਪ ਗੁਰਦੇਵ ਗੁਰੂ ਨਾਨਕ ਨੇ ਆਪ ਰਖਿਅਨੁ=ਰੱਖਿਆ ਕੀਤੀ ਹੈ।

## *ਸੁਖ ਸਾਂਤਿ ਸਹਜ ਆਨਦ ਭਏ; ਪੂਰਨ ਭਈ ਸੇਵ ॥੧॥ਰਹਾਉ॥*

ਹੁਣ ਸੁਖ ਸ਼ਾਂਤੀ ਸਹਜ=ਸੁਤੇ ਸਿਧ ਹੀ ਪ੍ਰਤੱਖ ਘਰ ਵਿੱਚ ਹੋ ਗਈ, ਅਥਵਾ :—ਜਗਿਆਸੂ ਨੂੰ ਸਹਜ=ਗਿਆਨ ਦੀ ਪ੍ਰਾਪਤੀ ਕਰ ਕੇ ਆਨਦ=ਅਨੰਦ ਪ੍ਰਾਪਤ ਹੋਇਆ ਹੈ। ਤਨ ਕਰਕੇ ਸੁਖ ਤੇ ਮਨ ਕਰਕੇ ਸ਼ਾਂਤੀ ਸਹਜ ਆਤਮਿਕ ਅਨੰਦ ਅਤੇ ਸਾਰੇ ਦੈਵੀ ਗੁਣ ਭਏ=ਪ੍ਰਾਪਤ ਹੋਏ ਹਨ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵ=ਸੇਵਾ ਪੂਰਨ=ਸੰਪੂਰਨ ਭਈ=ਹੋ ਗਈ ਹੈ॥੧॥ਰਹਾਉ॥ ਜੈਸਾ ਕਿ :

**ਸਾਂਤਿ ਸਹਜੁ ਅਨਦੁ ਘਣਾ ਪੂਰਨ ਭਈ ਆਸ॥** [ਬਿਲਾਵਲੁ ਮਹਲਾ ੫, ਅੰਗ ੮੧੯]

## *ਭਗਤ ਜਨਾ ਕੀ ਬੇਨਤੀ; ਸੁਣੀ ਪ੍ਰਭਿ ਆਪਿ ॥*

ਸੋ ਆਪਣੇ ਭਗਤੀ ਕਰਨ ਵਾਲੇ ਭਗਤ ਜਨਾ=ਦਾਸਾਂ ਕੀ=ਦੀ ਬੇਨਤੀ=ਪ੍ਰਾਰਥਨਾ ਪ੍ਰਭਿ=ਮਾਲਕ ਵਾਹਿਗੁਰੂ ਨੇ ਆਪ ਹੀ ਸੁਣੀ=ਸੁਨਣਾ ਕੀਤੀ ਹੈ।

## *ਰੋਗ ਮਿਟਾਇ ਜੀਵਾਲਿਅਨੁ; ਜਾ ਕਾ ਵਡ ਪਰਤਾਪੁ ॥੧॥*

ਜਿਸ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵਡ=ਵੱਡਾ ਹੈ, ਉਸ ਵਾਹਿਗੁਰੂ ਨੇ ਰੋਗ=ਦੁਖ ਸਾਹਿਬਜ਼ਾਦੇ ਦਾ ਸੀਤਲਾ ਆਦਿ ਦਾ ਦੂਰ ਕਰਕੇ ਜੀਵਾਲਿਅਨੁ=ਜੀਅ ਦਾਨ ਦਿੱਤਾ ਹੈ। **ਅਥਵਾ** ਜਗਿਆਸੂ ਦੇ ਹਿਰਦੇ ਵਿੱਚੋਂ ਹਉਮੈਂ ਰੂਪੀ ਰੋਗ ਮਿਟਾਇ=ਮੇਟ ਕੇ ਜੀਵਾਲਿਅਨੁ=ਅਮਰ ਜੀਵਨ ਵਿੱਚ ਜਿਉਂਦਾ ਕਰ ਦਿੱਤਾ ਹੈ, ਇਹ ਸਭ ਕੁਝ ਉਸ ਨੇ ਕੀਤਾ, ਜਿਸ ਵਾਹਿਗੁਰੂ ਦਾ ਸਾਰਿਆਂ ਤੋਂ ਵੱਡਾ ਪ੍ਰਤਾਪ ਹੈ॥੧॥ ਜੈਸਾ ਕਿ :

**ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥**
**ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ ॥** [ਬਿਲਾਵਲੁ ਮਹਲਾ ੫, ਅੰਗ ੮੧੯]

## *ਦੋਖ ਹਮਾਰੇ ਬਖਸਿਅਨੁ; ਅਪਣੀ ਕਲ ਧਾਰੀ ॥*

ਆਪਣੀ ਕਲ=ਸ਼ਕਤੀ, **ਵਾ**: ਕਲ=ਪ੍ਰਸੰਨਤਾ ਧਾਰੀ=ਧਾਰ ਕੇ ਸਾਡੇ ਦੋਖ=ਕਾਮ, ਕ੍ਰੋਧ ਆਦਿ ਦੋਖ ਬਖਸਿਅਨੁ=ਬਖ਼ਸ਼ ਦਿੱਤੇ ਹਨ।

## *ਮਨ ਬਾਂਛਤ ਫਲ ਦਿਤਿਅਨੁ; ਨਾਨਕ ਬਲਿਹਾਰੀ ॥੨॥੧੬॥੮੦॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੇ ਪਰਿਵਾਰ ਨੂੰ ਭਾਵ ਮੇਰੇ ਮਹਿਲ ਗੰਗਾ ਜੀ ਨੂੰ ਮਨ ਦੀ ਬਾਂਛਤ=ਇੱਛਾ ਵਾਲਾ ਪੁੱਤਰ ਰੂਪ ਫਲ ਦਿਤਿਅਨੁ=ਦਿੱਤਾ ਹੈ, ਜਿਸ ਵਾਹਿਗੁਰੂ ਨੇ ਇਹ ਫਲ ਦਿੱਤਾ, ਮੈਂ ਉਸ ਤੋਂ ਬਲਿਹਾਰੀ= ਬਲਿਹਾਰ ਕੁਰਬਾਨ ਜਾਂਦਾ ਹਾਂ। ਦੂਸਰਾ ਭਾਵ ਜਗਿਆਸੂ ਪ੍ਰਤਿ ਕਿ ਜਗਿਆਸੂ ਨੂੰ ਮਨ ਬਾਂਛਤ=ਮਨ ਦੀ ਇੱਛਾ ਅਨੁਸਾਰ ਮਨ ਭਾਉਂਦਾ ਗਿਆਨ ਰੂਪੀ ਫਲ ਦਿਤਿਅਨੁ=ਦਿੱਤਾ ਹੈ ਤੇ ਐਸੇ ਗੁਰੂ ਤੋਂ ਬਲਿਹਾਰੀ=ਕੁਰਬਾਨ ਜਾਂਦਾ ਹੈ, ਜਿਸ ਨੇ ਬ੍ਰਹਮ ਗਿਆਨ ਰੂਪ ਫਲ ਦਿੱਤਾ ਹੈ॥੨॥੧੬॥੮੦॥ ਜੈਸਾ ਕਿ :

੧. **ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥੨॥** [ਰਾਮਕਲੀ ਮਹਲਾ ੫, ਅੰਗ ੯੨੯]

੨. **ਮਨ ਬਾਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ ॥** [ਸਿਰੀਰਾਗੁ ਮਹਲਾ ੫, ਅੰਗ ੮੦]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੮੭ [ਆਦਿ ਅੰਗ ੮੨੧]

***ਬਿਲਾਵਲੁ ਮਹਲਾ ੫ ॥ ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥੧॥ਰਹਾਉ॥ ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥੧॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨॥ ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥ ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੮੮॥***

## *ਬਿਲਾਵਲੁ ਮਹਲਾ ੫ ॥*

ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਬਿਲਾਵਲ ਰਾਗ ਵਿੱਚ ਉਚਾਰਨ ਕੀਤਾ ਹੋਇਆ ਹੈ। ਜਿਸ ਵਿੱਚ ਪਹਿਲੀਆਂ ਤੁਕਾਂ ਦਾ ਸਿਧਾਂਤ ਹੈ ਕਿ ਵਾਹਿਗੁਰੂ ਦੇ ਨਾਮ ਤੋਂ ਬਿਨਾ ਅੱਗੇ ਕੋਈ ਵਸਤੂ ਪ੍ਰਲੋਕ ਵਿੱਚ ਕੰਮ ਆਉਣ ਵਾਲੀ ਨਹੀਂ ਹੈ, ਸੋ ਇਸ ਸਿਧਾਂਤ ਨੂੰ ਅਕਾਲ-ਗੋ ਬਾਣੀ ਵਿੱਚ ਇਸ ਪ੍ਰਕਾਰ ਪ੍ਰਗਟ ਕਰਦੇ ਹਨ।

## *ਬਿਨੁ ਹਰਿ; ਕਾਮਿ ਨ ਆਵਤ ਹੇ ॥*

ਹੇ=ਹੇ ਭਾਈ ! ਹਰਿ=ਪ੍ਰਮੇਸ਼ਰ ਦੇ ਨਾਮ ਤੋਂ ਬਿਨੁ=ਬਿਨਾਂ ਹੋਰ ਪਦਾਰਥ, ਵਾ—ਸੰਬੰਧੀ ਆਦਿਕ ਵਸਤੂਆਂ ਵਿਚੋਂ ਕੋਈ ਭੀ ਦਰਗਹ ਵਿੱਚ ਕਾਮਿ=ਕੰਮ ਨ=ਨਹੀ ਆਵਤ=ਆਉਂਦਾ। ਜੈਸਾ ਕਿ :

**੧. ਬਿਨੁ ਹਰਿ ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥**

[ਰਾਮਕਲੀ ਮਹਲਾ ੫, ਅੰਗ ੮੮੯]

**੨. ਜਾਗੁ ਰੇ ਮਨ ਜਾਗਨਹਾਰੇ ॥**
**ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥**

[ਆਸਾ ਮਹਲਾ ੫, ਅੰਗ ੩੮੭]

**੩. ਹਰਿ ਬਿਨੁ ਕਉਨੁ ਸਹਾਈ ਮਨ ਕਾ ॥**
**ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨਕਾ ॥**

[ਸਾਰੰਗ ਕਬੀਰ ਜੀ, ਅੰਗ ੧੨੫੩]

## *ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ; ਓਹ ਮੋਹਨੀ ਮੋਹਾਵਤ ਹੇ ॥੧॥ਰਹਾਉ॥*

ਜਾ=ਜਿਨ੍ਹਾਂ ਪਦਾਰਥਾਂ ਸਿਉ=ਨਾਲ ਰਾਚਿ ਮਾਚਿ=ਤਦਾਕਾਰ ਹੋ ਕੇ ਇੱਕ-ਮਿਕ ਹੋ ਰਹੇ ਹੋ। ਉਹ ਮੋਹਨੀ=ਮਾਇਆ ਤੁਹਾਨੂੰ ਪਦਾਰਥ ਰੂਪ ਹੋ ਕਰਕੇ ਮੋਹਾਵਤ=ਠਗ ਰਹੀ ਹੈ। ਇਹ ਜੀਵ ਜਿਨ੍ਹਾਂ ਪਦਾਰਥਾਂ ਨਾਲ ਰਚ ਰਹੇ ਹਨ, ਸਭ ਨੂੰ ਛਡ ਕੇ ਜਾ ਰਹੇ ਹਨ। ਸੁਪਨੇ ਦੀ ਨਿਆਈਂ ਇਹ ਸੰਸਾਰ ਤੇ ਸੰਸਾਰ ਦੇ ਪਦਾਰਥ ਹਨ ॥੧॥ਰਹਾਉ॥ ਜੈਸਾ ਕਿ :

**ਜਾ ਸਿਉ ਰਚਿ ਰਹੇ ਹਾਂ ॥ ਸਭ ਕਉ ਤਜਿ ਗਏ ਹਾਂ ॥**
**ਸੁਪਨਾ ਜਿਉ ਭਏ ਹਾਂ ॥** [ਆਸਾਵਰੀ ਮਹਲਾ ੫, ਅੰਗ ੪੧੧]

ਸੋ ਸਾਰੇ ਪਦਾਰਥਾਂ ਦਾ ਇਹ ਸੁਭਾਅ ਹੈ ਜਾਂ ਪਦਾਰਥਾਂ ਦਾ ਜੀਵ ਨਾਲ ਐਸਾ ਕੱਚਾ ਸੰਬੰਧ ਹੈ ਕਿ ਜਾਂ ਤਾਂ ਜੀਵ ਦੇ ਜਿਉਂਦੇ-ਜਿਉਂਦੇ ਪ੍ਰਾਲਬਧ ਦੇ ਕਾਰਨ ਪਦਾਰਥ ਜੀਵ ਕੋਲੋਂ ਨਾਸ਼ ਹੋ ਜਾਂਦੇ ਹਨ। ਭੋਗਨਹਾਰ ਨਾਨ੍ਹਾਂ ਤਰ੍ਹਾਂ ਦੀਆਂ ਕਲਪਨਾ ਕਰਕੇ ਦੁਖੀ ਹੁੰਦਾ ਹੈ। ਜਾਂ ਫਿਰ ਪਦਾਰਥਕ ਸੁਖ ਬਹੁਤੇ ਹੁੰਦਿਆਂ ਹੋਇਆਂ ਉਹਨਾਂ ਸੁਖਾਂ ਨੂੰ ਵਿਚਕਾਰ ਹੀ ਛੱਡ ਕੇ ਦਰਗਾਹੀ ਸੱਦੇ ਅਨੁਸਾਰ ਜੀਵ ਨੂੰ ਸੰਸਾਰ ਤੋਂ ਵਿਦਾ ਹੋਣਾ ਪੈਂਦਾ ਹੈ। ਸੋ, ਭਾਵੇਂ ਪਦਾਰਥ ਛੱਡ ਗਏ, ਭਾਵੇਂ ਪਦਾਰਥਾਂ ਨੂੰ ਭੋਗਨਹਾਰ ਛੱਡ ਗਏ, ਇੱਕ ਦਿਨ ਵਿਛੋੜਾ ਅਵੱਸ਼ ਹੈ। ਇਹ ਮਨ ਨੂੰ ਮੋਹਨ ਵਾਲੀ ਮਾਇਆ ਦੀ ਜੀਵਾਂ ਨਾਲ ਅੱਬਲ ਦਰਜੇ ਦੀ ਠੱਗੀ ਹੋ ਰਹੀ ਹੈ। ਇਸ ਮਾਇਆ ਦੇ ਪ੍ਰਥਾਇ ਅਨੇਕਾਂ ਪ੍ਰਮਾਣ ਗੁਰਬਾਣੀ ਵਿੱਚ ਦਿੱਤੇ ਹਨ। ਜੈਸਾ ਕਿ :

**੧. ਰਾਮੁ ਬਿਸਾਰਿਓ ਹੈ ਅਭਿਮਾਨਿ ॥**
**ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥**

[ਕੇਦਾਰਾ ਬਾਣੀ ਕਬੀਰ ਜੀ, ਅੰਗ ੧੧੨੪]

**੨. ਕਨਿਕ ਕਾਮਨੀ ਹੇਤੁ ਗਬਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥**

[ਆਸਾ ਮਹਲਾ ੧, ਅੰਗ ੪੧੬]

**੩. ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥**
**ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥**

[ਸੋਰਠਿ ਮਹਲਾ ੫, ਅੰਗ ੬੪੨]

**੪. ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ ॥**

[ਰਾਮਕਲੀ ਮਹਲਾ ੧, ਅੰਗ ੯੦੬]

## *ਕਨਿਕ ਕਾਮਿਨੀ ਸੇਜ ਸੋਹਨੀ; ਛੋਡਿ ਖਿਨੈ ਮਹਿ ਜਾਵਤ ਹੇ ॥*

ਕਨਿਕ=ਸੋਨਾ, ਕਾਮਿਨੀ=ਇਸਤਰੀ, ਸੇਜ ਸੋਹਨੀ=ਸੁੰਦਰ ਸੇਜਾ ਇਤਿਆਦਿਕ ਸਾਰਿਆਂ ਪਦਾਰਥਾਂ ਨੂੰ ਇਕ ਖਿਨ ਦੇ ਵਿੱਚ ਛੱਡ ਕੇ ਜੀਵ ਪ੍ਰਲੋਕ ਵਿੱਚ ਚਲਾ ਜਾਂਦਾ ਹੈ।

## *ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ; ਬਿਖੈ ਠਗਉਰੀ ਖਾਵਤ ਹੇ ॥੧॥*

ਇਹ ਅਗਿਆਨੀ ਜੀਵ ਇੰਦ੍ਰੀ=ਇੰਦ੍ਰੀਆਂ ਦਾ ਪ੍ਰੇਰਿਓ=ਪ੍ਰੇਰਿਆ ਹੋਇਆ ਵਿਸ਼ੇ ਰਸ=ਰਸਾਂ ਵਿੱਚ ਉਰਝਿ ਰਹਿਓ=ਉਲਝ, ਭਾਵ ਫਸ ਰਿਹਾ ਹੈ ਅਤੇ ਬਿਖੈ=ਵਿਸ਼ਿਆਂ ਰੂਪੀ ਠਗਉਰੀ=ਠੱਗ ਬੂਟੀ ਨੂੰ ਖਾਵਤ=ਖਾ ਰਿਹਾ ਹੇ=ਹੈ। ਜਿਸ ਤਰ੍ਹਾਂ ਠੱਗ ਲੋਕ ਠੱਗ ਬੂਟੀ ਆਦਿ ਖੁਆ ਕੇ ਮੁਸਾਫ਼ਰਾਂ, ਯਾਤਰੀਆਂ ਨੂੰ ਲੁੱਟ ਲੈਂਦੇ ਹਨ, ਇਸੇ ਤਰ੍ਹਾਂ ਇਹ ਅਗਿਆਨੀ ਜੀਵ ਵਿਸ਼ੇ ਰੂਪ ਠੱਗਾਂ ਵਿੱਚ ਮੋਹਿਆ ਜਾਂਦਾ ਹੈ॥੧॥ਰਹਾਉ॥

ਠਗਉਰੀ=ਠੱਗੀ, ਠੱਗਾਂ ਦੀ ਉਹ ਵਿਉਂਤ ਜੋ ਦੂਸਰੇ ਦੀ ਅਕਲ ਮਾਰ ਦੇਵੇ।

(੧) **ਠਗਉਰੀ**=ਸੰਗਯਾ—ਠਗਮੂਰੀ, ਠਗਬੂਟੀ—ਉਹ ਨਸ਼ੇ ਵਾਲੀ ਵਸਤੂ, ਜਿਸ ਨਾਲ ਬੇਹੋਸ਼ ਕਰਕੇ ਠੱਗ, ਧਨ ਲੁੱਟਦਾ ਹੈ। ਜੈਸਾ ਕਿ :

**ਭੂਲੌ ਰੇ ਠਗਮੂਰੀ ਖਾਇ ॥** [ਸਾਰੰਗ ਨਾਮਦੇਵ ਜੀ, ਅੰਗ ੧੨੫੨]

ਸੋ, ਜਿਸ ਜਿਸ ਪੁਰਸ਼ ਨੇ ਵਿਸ਼ਿਆਂ ਰੂਪੀ ਠੱਗ ਬੂਟੀ ਖਾਧੀ ਹੈ, ਉਸ ਦੀ ਵਿਕਾਰਾਂ ਨੂੰ ਭੋਗਦਿਆਂ ਕਦੇ ਵੀ ਤ੍ਰਿਸ਼ਨਾ ਰੂਪ ਅਗਨੀ ਨਹੀਂ ਬੁਝਦੀ, ਭਾਵ ਵਿਸ਼ਿਆਂ ਨੂੰ ਭੋਗ ਕੇ ਤ੍ਰਿਪਤੀ ਨਹੀਂ ਹੁੰਦੀ। ਜੈਸਾ ਕਿ :

**ਬਿਖੈ ਠਗਉਰੀ ਜਿਨਿ ਜਿਨਿ ਖਾਈ॥**
**ਤਾ ਕੀ ਤ੍ਰਿਸਨਾ ਕਬਹੂੰ ਨ ਜਾਈ॥** [ਗਉੜੀ ਮਹਲਾ ੫, ਅੰਗ ੧੯੯]

ਮਨਮੁਖ ਪੁਰਸ਼ ਵਿਸ਼ਿਆਂ ਰੂਪੀ ਠੱਗ ਬੂਟੀ ਖਾ ਕੇ ਪ੍ਰਮੇਸ਼ਰ ਨੂੰ ਭੁੱਲ ਗਿਆ ਹੈ ਅਤੇ ਜਾਂਦੀ ਵਾਰ ਮਾਇਆ ਦੇ ਪੱਕੇ ਮੰਦਰ ਭੀ ਛੱਡ ਕੇ ਚਲਾ ਗਿਆ ਹੈ। ਜੈਸਾ ਕਿ :

**ਬਿਖੈ ਠਗਉਰੀ ਖਾਇ ਭੁਲਾਨਾ ਮਾਇਆ ਮੰਦਰੁ ਤਿਆਗਿ ਗਇਆ॥੧॥**
[ਰਾਮਕਲੀ ਮਹਲਾ ੫, ਅੰਗ ੯੦੦]

ਇਹ ਅਗਿਆਨੀ ਜੀਵ ਵਿਸ਼ਿਆਂ ਰੂਪੀ ਠੱਗ ਬੂਟੀ ਨੂੰ ਖਾ ਕੇ ਠੱਗਿਆ ਗਿਆ ਹੈ, ਜਿਸ ਕਰਕੇ ਚਿਤ ਵਿੱਚ ਉਸ ਸਿਰਜਨਹਾਰ ਪ੍ਰਮੇਸ਼ਰ ਨੂੰ ਚੇਤੇ ਨਹੀਂ ਕਰਦਾ। ਜੈਸਾ ਕਿ :

**ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ॥** [ਸਾਰੰਗ ਮਹਲਾ ੫, ਅੰਗ ੧੨੨੯]

ਠਗਉਰੀ ਬਾਰੇ ਕੁਝ ਹੋਰ ਵੀਚਾਰ—ਪੁਰਾਣੇ ਜ਼ਮਾਨੇ ਵਿੱਚ ਠੱਗਾਂ ਦੀ ਗੁਪਤ ਜਥੇਬੰਦੀ ਹੁੰਦੀ ਸੀ, ਉਹ ਸ਼ਾਹੀ ਰਾਹਾਂ ਤੋਂ ਦੋ-ਦੋ, ਤਿੰਨ-ਤਿੰਨ ਕੋਹ ਦੂਰ ਵੇਸ ਵਟਾ ਕੇ ਫਿਰਦੇ ਰਹਿੰਦੇ ਸਨ। ਜਦੋਂ ਕਿਸੇ ਸੁਦਾਗਰ ਦਾ ਮਾਲ ਜਾਂ ਸਰਕਾਰੀ ਖ਼ਜ਼ਾਨਾ ਲੰਘਦਾ ਤਾਂ ਇਹ ਸੂਹ ਕੱਢ ਕੇ, ਭਾਵ ਪਤਾ ਲਗਾ ਕੇ ਉਹਨਾਂ ਦੇ ਨਾਲ ਹੋ ਪੈਂਦੇ, ਸਾਂਝ ਪਾ ਕੇ ਕੁਝ ਰਸਤਾ ਗੱਲਾਂ ਬਾਤਾਂ ਕਰਕੇ ਇਕੱਠਿਆਂ ਤਹਿ ਕਰਦੇ। ਫਿਰ ਮੌਕਾ ਪਾ ਕੇ ਮਾਲ ਖ਼ਜ਼ਾਨੇ ਦੇ ਰਖਵਾਲਿਆਂ ਨੂੰ ਬੂਟੀ ਸੁੰਘਾ ਕੇ ਯਾ ਦਵਾਈ (ਠਗਉਰੀ) ਪਿਲਾ ਕੇ ਬੇਹੋਸ਼ ਕਰ ਦਿੰਦੇ ਤੇ ਸਭ ਕੁਝ ਲੁੱਟ ਲੈਂਦੇ। ਕਈ ਵਾਰ ਬੇਹੋਸ਼ ਪਿਆਂ ਨੂੰ ਕਤਲ ਕਰਕੇ ਲਾਸ਼ਾਂ ਦੱਬ ਦਿੰਦੇ ਤੇ ਉਹਨਾਂ ਦਾ ਮੁਸ਼ਕ ਹੀ ਨ ਰਹਿਣ ਦਿੰਦੇ।

(੨) **ਠਗਉਰੀ**=ਠਗਮੂਰੀ, ਭਾਵ ਠੱਗ ਬੂਟੀ ਦੇ ਸਮਾਨ ਪ੍ਰੇਮ, ਸ਼ਰਧਾ ਇਤਿਆਦਿਕ ਸ਼ੁਭ ਗੁਣਾਂ ਨਾਲ, ਆਪਣੇ ਪ੍ਰੀਤਮ ਦੇ ਮਨ ਨੂੰ ਚਰਾਉਣ ਰੂਪ ਸਾਧਨ ਨੂੰ ਭੀ ਠਗਉਰੀ ਵਰਨਣ ਕੀਤਾ। ਇਸੇ ਵੀਚਾਰ ਨੂੰ ਗੁਰਬਾਣੀ ਭੀ ਸਿੱਧ ਕਰਦੀ ਹੈ ਕਿ ਪ੍ਰੇਮ ਰੂਪੀ ਠਗ ਬੂਟੀ ਪਾ ਕੇ ਗੋਬਿੰਦ ਨੂੰ ਪ੍ਰਸੰਨ ਕਰਕੇ ਉਸ ਦਾ ਮਨ ਮੈਂ ਜਗਿਆਸੂ ਰੂਪ ਔਰਤ ਨੇ ਮੋਹ ਲਿਆ ਹੈ। ਜੈਸਾ ਕਿ :

੧. **ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ॥**
[ਸਿਰੀਰਾਗ ਮਹਲਾ ੫, ਅੰਗ ੮੧]

੨. **ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥** [ਗਉੜੀ ਮਹਲਾ ੫, ਅੰਗ ੨੪੯]

## *ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ; ਪਾਵਕੁ ਤਲੈ ਜਰਾਵਤ ਹੇ॥*

ਸਤਿਗੁਰੂ ਜੀ ਇਸ ਪੰਕਤੀ ਵਿੱਚ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਕਿਸੇ ਮਨੁੱਖ ਨੇ ਤ੍ਰਿਣ=ਕੱਖਾਂ ਕੋ=ਦਾ ਮੰਦਰੁ=ਘਰ ਸਾਜਿ=ਰਚ ਕੇ ਸਵਾਰਿਓ=ਸਵਾਰਿਆ, ਭਾਵ ਸ਼ਿੰਗਾਰ ਲਿਆ ਹੈ ਤੇ ਉਸ ਮਕਾਨ ਦੇ ਤਲੈ=ਹੇਠਾਂ ਪਾਵਕੁ=ਅੱਗ ਬਾਲ ਦਿੱਤੀ ਹੈ ਤਾਂ ਉਹ ਮੂਰਖ ਹੈ, ਕਿਉਂਕਿ ਲਾਟ ਨਾਲ ਉਸਨੇ ਸੜ ਜਾਣਾ ਹੈ। ਇਸੇ ਤਰ੍ਹਾਂ ਪੰਜਾਂ ਤੱਤਾਂ ਰੂਪੀ ਕੱਖਾਂ ਨੂੰ ਇਕੱਠਿਆਂ ਕਰਕੇ ਸਰੀਰ ਰੂਪੀ ਮੰਦਰ ਸਾਜ ਕੇ ਸਵਾਰਿਆ ਹੈ। ਪਰ ਮੂਰਖ ਜੀਵ ਨੇ ਇਸਦੇ ਹੇਠਾਂ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ, ਵਾ—ਵਿਸ਼ਿਆਂ ਰੂਪ ਅੱਗ, ਵਾ—ਕ੍ਰੋਧ ਰੂਪ ਅੱਗ ਬਾਲ ਦਿੱਤੀ ਹੈ, ਉਸ ਨਾਲ ਇਸ ਨੇ ਸੜ ਜਾਣਾ ਹੈ। ਸਾਰਾ ਹੀ ਸੰਸਾਰ ਇਹਨਾਂ ਅਗਨੀਆਂ ਨਾਲ ਸੜ ਰਿਹਾ ਹੈ, ਕਿਉਂਕਿ ਜਤਨ ਕਰਨ ਦੇ ਬਾਵਜੂਦ ਵੀ ਪਿਛਲੇ ਜਨਮਾਂ ਵਿੱਚ ਕੀਤੇ ਮੰਦ ਕਰਮਾਂ ਦੇ ਅਨੁਸਾਰ ਇਹ ਇੰਦਰੇ ਵਸ ਵਿੱਚ ਨਹੀਂ ਹੁੰਦੇ। ਜੈਸਾ ਕਿ :

**ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥**
**ਕਾਮਿ ਕਰੋਧਿ ਜਲੈ ਸਭੁ ਕੋਈ॥** [ਮਾਰੂ ਮਹਲਾ ੩, ਅੰਗ ੧੦੬੨]

ਇਹ ਅਗਿਆਨੀ ਜੀਵ ਤ੍ਰਿਸ਼ਨਾ, ਕਾਮ ਤੇ ਕ੍ਰੋਧ ਦੀ ਅਗਨੀ ਵਿੱਚ ਇਸ ਲਈ ਸੜਦਾ ਹੈ, ਕਿਉਂਕਿ ਇਹ ਸਤਿਸੰਗਤ ਨਹੀਂ ਕਰਦਾ। ਜੈਸਾ ਕਿ :

**ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥**

[ਸਾਰੰਗ ਬਾਣੀ ਨਾਮਦੇਵ ਜੀ, ਅੰਗ ੧੨੫੨]

ਸਤਿਸੰਗਤ ਤੋਂ ਬਿਨਾਂ ਇਹਨਾਂ ਅਗਨੀਆਂ ਦੀ ਨਵਿਰਤੀ ਨਹੀਂ ਹੋਵੇਗੀ।

## *ਐਸੇ ਗੜ ਮਹਿ ਐਠਿ ਹਠੀਲੋ; ਫੂਲਿ ਫੂਲਿ ਕਿਆ ਪਾਵਤ ਹੇ ॥੨॥*

ਹੇ ਹਠੀਲੋ=ਹਠੀਏ ਪੁਰਸ਼ਾ, ਭਾਵ ਜਿੱਦੀ ਪੁਰਸ਼ਾ! ਐਸੇ=ਇਹੋ ਜਿਹੇ ਸਰੀਰ ਰੂਪ ਗੜ=ਕਿਲੇ ਵਿੱਚ ਐਠਿ=ਆਕੜ ਕੇ ਫੂਲਿ=ਫ਼ਜੂਲ ਹਠੀਲੋ=ਹਠ ਕਰ ਰਿਹਾ ਹੈਂ, ਅਤੇ ਹੰਕਾਰ ਵਿੱਚ ਫੁਲ ਰਿਹਾ ਹੈਂ, **ਅਥਵਾ** ਫੁਲਾਂ ਦੀ ਮਾਲਾ ਪਾ ਕੇ ਫੂਲਿ=ਪ੍ਰਫੁਲਤ ਹੋ ਕੇ ਕੀ ਪਾਵੇਂਗਾ ? ਭਾਵ ਕੁਝ ਨਹੀਂ ਪ੍ਰਾਪਤ ਹੋਵੇਗਾ। ਸੋ ਸਰੀਰ ਰੂਪੀ ਕਿਲ੍ਹੇ ਦੀ ਵੀਚਾਰ ਸਤਿਗੁਰੂ ਜੀ ਨੇ ਹੋਰ ਭੀ ਕਈ ਥਾਵਾਂ 'ਤੇ ਦਿੱਤੀ ਹੈ। ਦੱਸਿਆ ਹੈ ਕਿ ਕਾਇਆ ਰੂਪੀ ਕਿਲ੍ਹਾ ਵਾਹਿਗੁਰੂ ਨੇ ਆਪ ਹੀ ਰਚਿਆ ਹੈ। ਇੱਕ ਦਵੈਸ਼ ਭਾਵਨਾ ਵਿੱਚ ਲੱਗ ਕੇ ਖੱਜਲ-ਖਵਾਰ ਹੋ ਰਹੇ ਹਨ॥੨॥ ਜੈਸਾ ਕਿ :

੧. **ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥**
**ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥**

[ਵਾਰ ਸੂਹੀ ਮਹਲਾ ੩, ਅੰਗ ੭੮੯]

੨. **ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥**
**ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥**

[ਮਾਰੂ ਮਹਲਾ ੧, ਅੰਗ ੧੦੩੭]

੩. **ਕਾਇਆ ਕੋਟੁ ਹੈ ਆਕਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥**
**ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ ॥੨॥** [ਮਾਰੂ ਮਹਲਾ ੩, ਅੰਗ ੧੦੫੯]

## *ਪੰਚ ਦੂਤ ਮੂਡ ਪਰਿ ਠਾਢੇ; ਕੇਸ ਗਹੇ ਫੇਰਾਵਤ ਹੇ ॥*

ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਇਹ ਪੰਚ ਦੂਤ ਤੇਰੇ ਮੂਡ=ਸਿਰ ਪਰਿ=ਉੱਤੇ ਖੜ੍ਹੇ ਹਨ। ਪ੍ਰਤੱਖ ਕੇਸਾਂ ਤੋਂ, ਵਾ—ਸੰਕਲਪਾਂ-ਵਿਕਲਪਾਂ ਰੂਪੀ ਕੇਸਾਂ ਤੋਂ ਫੜ ਕੇ ਫੇਰਾਵਤ=ਫਿਰਾਉਂਦੇ ਹਨ। ਭਾਵ ਸੰਕਲਪਾਂ-ਵਿਕਲਪਾਂ ਰੂਪ ਚੱਕ੍ਰ ਦਿੰਦੇ ਹਨ, ਸੋ ਮਨ ਵਿਸ਼ਿਆਂ ਦੀ ਵਾਸਨਾ ਵਿੱਚ ਰਚਿਆ ਹੋਇਆ, ਇਨ੍ਹਾਂ ਪੰਜ ਦੂਤਾਂ ਦੇ ਵਸ ਪੈ ਰਿਹਾ ਹੈ। ਅਤੇ ਇਹ ਪੰਜੇ ਅਸਾਧ ਭਾਵ ਨਾ ਸਾਧਣ ਵਾਲੇ ਹਨ। ਜੈਸਾ ਕਿ :

੧. **ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥**

[ਧਨਾਸਰੀ ਮਹਲਾ ੫, ਅੰਗ ੬੭੫]

੨. **ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥**
**ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥**

[ਮਾਰੂ ਮਹਲਾ ੩, ਅੰਗ ੧੦੪੫]

## *ਦ੍ਰਿਸਟਿ ਨ ਆਵਹਿ ਅੰਧ ਅਗਿਆਨੀ; ਸੋਇ ਰਹਿਓ ਮਦ ਮਾਵਤ ਹੇ ॥੩॥*

ਅੰਧ=ਵੈਰਾਗ, ਬਿਬੇਕ ਦੇ ਨੇਤ੍ਰਾਂ ਤੋਂ ਹੀਣ ਤੇ ਗਿਆਨ ਤੋਂ ਰਹਿਤ ਅਗਿਆਨੀ ਜੀਵ ਨੂੰ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦ੍ਰਿਸਟਿ=ਨਿਗ੍ਹਾ ਨ=ਨਹੀਂ ਆਵਹਿ=ਆਉਂਦੇ, ਭਾਵ ਇਸਨੂੰ ਦ੍ਰਿਸ਼ਟੀ ਨਹੀਂ ਆਉਂਦੇ, **ਅਥਵਾ**

ਇਸ ਅੰਧੇ ਅਗਿਆਨੀ ਨੂੰ ਕੁਛ ਭੀ ਨਿਗ੍ਹਾ ਨਹੀਂ ਆਉਂਦਾ। ਹਉਮੈ ਦੇ ਮਦ=ਨਸ਼ੇ ਵਿੱਚ ਇਹ ਜੀਵ ਸੋਇ=ਮਸਤ ਹੋ ਕੇ ਸੌਂ ਰਿਹਾ ਹੈ॥੩॥

ਸੋ, ਇਸ ਪਰ ਸਤਿਗੁਰੂ ਜੀ ਇੱਕ ਪੰਛੀਆਂ ਦਾ ਦ੍ਰਿਸ਼ਟਾਂਤ ਦੇ ਕੇ ਅੰਤ੍ਰੀਵ ਭਾਵ ਸਮਝਾਉਂਦੇ ਹਨ।

## *ਜਾਲੁ ਪਸਾਰਿ ਚੋਗ ਬਿਸਥਾਰੀ; ਪੰਖੀ ਜਿਉ ਫਾਹਾਵਤ ਹੇ ॥*

ਜਿਵੇਂ ਪ੍ਰਤੱਖ ਸੰਸਾਰ ਦੇ ਵਿੱਚ ਵੇਖੀਦਾ ਹੈ, ਫੰਧਾ ਪਾ ਕੇ ਪੰਛੀਆਂ ਨੂੰ ਫੜਨ ਵਾਲਾ ਫੰਧਕ ਧਰਤੀ 'ਤੇ ਚੋਗ ਬਿਸਥਾਰੀ=ਖਿਲਾਰ ਕੇ, ਖਿੰਡਾ ਕੇ ਜਾਲੁ ਪਸਾਰਿ=ਜਾਲੀ ਨੂੰ ਪਸਾਰ ਕੇ ਪੰਛੀਆਂ ਨੂੰ ਫਸਾਉਂਦਾ ਹੈ। ਇਸੇ ਤਰ੍ਹਾਂ ਮਾਇਆ ਰੂਪ ਸ਼ਿਕਾਰੀ ਨੇ ਵਿਸ਼ਿਆਂ ਰੂਪੀ ਚੋਗ ਖਿਲਾਰ ਕੇ ਮੋਹ ਰੂਪੀ ਜਾਲ ਪਸਾਰਿਆ ਹੋਇਆ ਹੈ, ਜੀਵ ਰੂਪੀ ਪੰਛੀਆਂ ਨੂੰ ਇਸੇ ਤਰ੍ਹਾਂ ਫਸਾਇਆ ਜਾ ਰਿਹਾ ਹੈ। ਜੈਸਾ ਕਿ :

**੧. ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥੨॥**

[ਮਾਰੂ ਮਹਲਾ ੧, ਅੰਗ ੯੯੦]

**੨. ਫਿਰਿ ਫਿਰਿ ਫਾਹੀ ਫਾਸੈ ਕਊਆ॥ ਫਿਰਿ ਪਛੁਤਾਨਾ ਅਬ ਕਿਆ ਹੂਆ॥**
**ਫਾਥਾ ਚੋਗ ਚੁਗੈ ਨਹੀ ਬੂਝੈ॥ ਸਤਗੁਰੁ ਮਿਲੈ ਤ ਆਖੀ ਸੂਝੈ॥**

[ਰਾਮਕਲੀ ਮਹਲਾ ੧, ਅੰਗ ੯੩੫]

**੩. ਮਨਮੁਖ ਕੋ ਆਲਸੁ ਘਣੋ ਫਾਥੇ ਓਜਾੜੀ॥**
**ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥** [ਮਾਰੂ ਮਹਲਾ ੧, ਅੰਗ ੧੦੧੧]

**ਸਾਖੀ—ਪੰਛੀਆਂ ਦੇ ਜਾਲ ਵਿਚ ਫਸਣ ਦੀ—**ਇਕ ਜੰਗਲ ਵਿੱਚ ਇੱਕ ਤਪੱਸਵੀ ਮਹਾਂਪੁਰਸ਼ ਆਪਣੀ ਕੁਟੀਆ ਬਣਾ ਕੇ ਰਿਹਾ ਕਰਦੇ ਸਨ। ਉਸੇ ਜੰਗਲ ਵਿੱਚ ਇੱਕ ਸ਼ਿਕਾਰੀ ਨਿਤਾਪ੍ਰਤਿ ਸ਼ਿਕਾਰ ਕਰਨ ਆਇਆ ਕਰਦਾ ਸੀ। ਉਹ ਪੰਛੀ ਜਾਲ ਵਿੱਚ ਫਸ ਕੇ ਰੋਂਦੇ ਕੁਰਲਾਉਂਦੇ ਹੋਏ ਜਾਇਆ ਕਰਦੇ ਸਨ। ਮਹਾਂਪੁਰਸ਼ਾਂ ਨੂੰ ਇਹ ਦੇਖ ਕੇ ਦਇਆ ਆ ਗਈ। ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲੋਂ ਦਇਆ ਦਾ ਪੁੰਨ ਪ੍ਰਵਾਨ-ਨੀਕ ਕੀਤਾ ਹੈ। ਸਿਮਰਨ ਦੇ ਪ੍ਰਤਾਪ ਨਾਲ ਮਹਾਂਪੁਰਸ਼ਾਂ ਦੀ ਗੱਲ ਪੰਛੀ ਸਮਝਦੇ ਸਨ ਤੇ ਪੰਛੀਆਂ ਦੀ ਗੱਲ ਮਹਾਂਪੁਰਸ਼ ਸਮਝਦੇ ਸਨ। ਮਹਾਂਪੁਰਸ਼ਾਂ ਨੇ ਜੰਗਲ ਦੇ ਪੰਛੀ ਇਕੱਤਰ ਕੀਤੇ, ਕਿਹਾ ਕਿ ਕਿਉਂ ਦੁਖੀ ਹੁੰਦੇ ਹੋ, ਤੁਹਾਨੂੰ ਨਿਤ ਹੀ ਇਹ ਸ਼ਿਕਾਰੀ ਮਾਰ-ਮਾਰ ਕੇ ਆਪਣਾ ਧੰਧਾ ਤੋਰਦਾ ਹੈ। ਪੰਛੀਆਂ ਨੇ ਕਿਹਾ ਕਿ ਮਹਾਰਾਜ ਇਸ ਤੋਂ ਬਚਿਆ ਕਿਵੇਂ ਜਾਵੇ ? ਇਸ ਦਾ ਕੋਈ ਉਪਾਅ ਹੋ ਸਕਦਾ ਹੈ ? ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਉਪਾਅ ਤਾਂ ਹੈ, ਪਰ ਹੋਵੇਗਾ ਮੰਨਣ ਨਾਲ ਤੁਹਾਨੂੰ ਚੋਗੇ ਦਾ ਲਾਲਚ ਫਸਾ ਰਿਹਾ ਹੈ। ਬਹੁਤਾ ਚੋਗਾ ਵੇਖ ਕੇ ਲਾਲਚ ਵਿੱਚ ਆ ਜਾਂਦੇ ਹੋ। ਪੇਟ ਭਰਨ ਲਈ ਮਿਹਨਤ ਕਰਕੇ ਭਾਵੇਂ ਦੂਰ ਜਾਣਾ ਪਵੇ, ਚੋਗਾ ਥੋੜ੍ਹਾ ਮਿਲੇ, ਪਰ ਤੁਹਾਡੀ ਮਿਹਨਤ ਦਾ ਹੋਵੇਗਾ। ਉਹ ਤੁਹਾਨੂੰ ਫਸਾਏਗਾ ਨਹੀਂ, ਇਹ ਚੋਗਾ ਤਾਂ ਸ਼ਿਕਾਰੀ ਦੀ ਨਿਰੀ ਠੱਗੀ ਹੈ। ਇਸ ਧੋਖੇ ਤੋਂ ਬਚਣ ਲਈ ਮੈਂ ਤੁਹਾਨੂੰ ਗੁਰਮੰਤ੍ਰ ਦਿੰਦਾ ਹਾਂ, ਉਸਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲੈਣਾ। ਮਹਾਂਪੁਰਸ਼ਾਂ ਨੇ ਪੰਛੀਆਂ ਨੂੰ ਇਹ ਸਬਕ ਦੇ ਦਿੱਤਾ। ਫੰਧਕ ਆਏਗਾ, ਚੋਗ ਖਿੰਡਾਏਗਾ, ਜਾਲ 'ਚ ਫਸਾਏਗਾ, ਚੋਗਾ ਨਹੀਂ ਚੁਗਣਾ, ਜਾਲ 'ਚ ਨਾ ਫਸਣਾ। ਪੰਛੀ ਸਾਰਾ ਦਿਨ ਇਹ ਪੰਗਤੀਆਂ ਰਟਦੇ ਰਹੇ ਤੇ ਸ਼ਿਕਾਰੀ ਬੜਾ ਹੈਰਾਨ ਹੋਇਆ ਕਿ ਅੱਜ ਕੋਈ ਭੀ ਪੰਛੀ ਨਹੀਂ ਫਸ ਰਿਹਾ ਅਤੇ ਸ਼ਿਕਾਰੀ ਨੂੰ ਇਹ ਭੀ ਪਤਾ ਚੱਲ ਗਿਆ ਕਿ ਇਹਨਾਂ ਨੂੰ ਪੱਟੀ ਪੜ੍ਹਾਉਣ ਵਾਲਾ ਇਸੇ ਜੰਗਲ ਵਿੱਚ ਰਹਿਣ ਵਾਲਾ ਇਹ ਸੰਤ ਹੈ। ਜਿਸ ਦੇ ਨਾਲ ਸਾਡੀ ਬਣਦੀ ਨਹੀਂ, ਜੇ ਮੈਂ ਸੰਤ ਨੂੰ ਕੁਝ ਕਹਿੰਦਾ ਹਾਂ ਕਿ ਤੂੰ ਮੇਰਾ ਕੰਮ ਵਿਗਾੜਿਆ ਹੈ ਤਾਂ ਸਾਡਾ ਬਾਦਸ਼ਾਹ ਇਸ ਸੰਤ ਨਾਲ ਬਹੁਤ ਹੀ ਪਿਆਰ ਕਰਦਾ ਹੈ, ਬਾਦਸ਼ਾਹ ਵਲੋਂ ਸਜ਼ਾ

ਹੋ ਜਾਏਗੀ। ਸ਼ਿਕਾਰੀ ਸਬਰ ਧਾਰ ਕੇ ਬੈਠਾ ਰਿਹਾ। ਜਦੋਂ ਸ਼ਾਮ ਹੋ ਗਈ ਤਾਂ ਪੰਛੀ ਉਨ੍ਹਾਂ ਅੱਖਰਾਂ ਦਾ ਰਟਨ ਲਾਉਂਦੇ ਹੋਏ ਸੰਤਾਂ ਦੇ ਸ਼ਬਦ ਦਾ ਅਰਥ ਭੁੱਲ ਕੇ ਚੋਗਾ ਚੁਗਣ ਲੱਗ ਪਏ, ਜਿਉਂ ਹੀ ਚੋਗੇ ਦਾ ਲਾਲਚ ਕੀਤਾ, ਜਾਲ ਵਿੱਚ ਫਸ ਗਏ। ਤਾਂ ਫੰਧਕ ਇਨ੍ਹਾਂ ਨੂੰ ਇਕੱਠੇ ਕਰਕੇ ਲਈ ਜਾ ਰਿਹਾ ਹੈ। ਜਦੋਂ ਸੰਤਾਂ ਦੀ ਕੁਟੀਆਂ ਦੇ ਮੂਹਰੇ ਦੀ ਲੰਘਿਆ, ਮਹਾਂਪੁਰਸ਼ਾਂ ਨੇ ਫੰਧਕ ਨੂੰ ਕਿਹਾ ਕਿ ਜ਼ਰਾ ਰੁਕੀਂ, ਮੈਂ ਪੰਛੀਆਂ ਨਾਲ ਗੱਲ ਕਰਨੀ ਹੈ, ਪੰਛੀ ਇਕਸੁਰ ਹੋ ਕੇ ਕਹਿ ਰਹੇ ਸਨ, ਫੰਧਕ ਆਏਗਾ, ਚੋਗ ਖਿੰਡਾਏਗਾ, ਜਾਲ 'ਚ ਫਸਾਏਗਾ, ਚੋਗਾ ਨਹੀਂ ਚੁਗਣਾ। ਫੰਧੇ ਵਿੱਚ ਨਹੀਂ ਫਸਣਾ, ਮਹਾਂਪੁਰਸ਼ ਸੁਣ ਕੇ ਹੱਸੇ ਤੇ ਕਹਿਣ ਲੱਗੇ ਕਿ ਮੂਰਖੋ! ਜਦੋਂ ਚੋਗੇ ਦਾ ਤਿਆਗ ਹੀ ਨਹੀਂ ਕੀਤਾ, ਫੰਧੇ ਵਿੱਚ ਫਸੇ ਹੋਏ ਹੋ, ਹੋਰ ਕਿਵੇਂ ਫਸੋਗੇ ? ਬੱਸ ਹੁਣ ਤਾਂ ਮਰਨਾ ਹੀ ਬਾਕੀ ਹੈ, ਬਾਕੀ ਤਾਂ ਸਭ ਕੁਝ ਹੋ ਗਿਆ, ਜੇ ਤੁਸੀਂ ਬਚਨ ਦੀ ਕਮਾਈ ਕਰਦੇ ਤਾਂ ਕਾਹਨੂੰ ਫਸਦੇ। ਜੈਸਾ ਕਿ :

**ਰੂਪ ਕਿ ਲੋਭ ਪਤੰਗ ਦਹੇ ਅਰੁ ਚੋਗ ਕਿ ਲੋਭ ਬਿਹੰਗ ਫਹਾਏ ॥** [ਭਾਵਰਸਾਂਮ੍ਰਿਤ, ਸ੍ਵੈਯਾ ੩੮]

**ਦਾ ਦ੍ਰਿਸ਼ਟਾਂਤ—**ਸੰਸਾਰ ਇੱਕ ਜੰਗਲ ਹੈ, ਇਸੇ ਸੰਸਾਰ ਜੰਗਲ ਵਿੱਚ ਮਹਾਂਪੁਰਸ਼ ਰਹਿ ਰਹੇ ਹਨ, ਮਾਇਆ ਸ਼ਿਕਾਰੀ ਦੀ ਨਿਆਈਂ ਹੈ, ਪਦਾਰਥ ਰੂਪ ਚੋਗਾ ਹੈ, ਮੋਹ ਰੂਪ ਜਾਲ ਹੈ, ਜੀਵ ਰੂਪ ਪੰਛੀ ਹਨ, ਪਦਾਰਥਾਂ ਦੇ ਲਾਲਚ ਕਰਕੇ ਜੀਵ ਰੂਪੀ ਪੰਛੀ ਮੋਹ ਦੇ ਜਾਲ ਵਿੱਚ ਫਸ ਰਹੇ ਹਨ। ਜੈਸਾ ਕਿ :

**ਜਿਉ ਪੰਖੀ ਕਪੋਤਿ ਆਪੁ ਬੰਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਬਸਿ ਕਾਲੇ ਰਾਮ ॥**
[ਬਿਹਾਗੜਾ ਮਹਲਾ ੪, ਅੰਗ ੫੩੮]

ਸੋ ਜੇ ਕੋਈ ਮਹਾਂਪੁਰਸ਼ਾਂ ਦਾ ਬਚਨ ਮੰਨ ਕੇ ਪਦਾਰਥਾਂ ਰੂਪ ਚੋਗੇ ਦਾ ਤਿਆਗ ਕਰ ਦੇਵੇ, ਉਹ ਜੀਵ ਗੁਰੂ ਕਿਰਪਾ ਦੁਆਰਾ ਤਰ ਜਾਂਦਾ ਹੈ। ਜੈਸਾ ਕਿ :

**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥** [ਸੂਹੀ ਮਹਲਾ ੫, ਅੰਗ ੭੪੭]

ਪਰ ਇਨ੍ਹਾਂ ਜੀਵਾਂ ਨੇ ਗੁਰੂ, ਪੀਰਾਂ, ਮਹਾਂਪੁਰਸ਼ਾ ਦੀ ਸਿਖਿਆ ਨੂੰ ਤਾਂ ਰੱਟਾ ਲਾਇਆ ਹੋਇਆ ਹੈ, ਪਰ ਉਸ 'ਤੇ ਅਮਲ ਨਹੀਂ ਕਰਦੇ, ਜਿਸ ਲਈ ਜੰਮਣ-ਮਰਣ ਰੂਪ ਫੰਧੇ ਵਿੱਚ ਫਸਦੇ ਹਨ।

## *ਕਹੁ ਨਾਨਕ ਬੰਧਨ ਕਾਟਨ ਕਉ;*
## *ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੯੯॥*

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮਾਇਆ ਦੇ ਬੰਧਨ=ਬੰਧਨਾਂ ਦੇ ਕਾਟਨ=ਕੱਟਣ ਨੂੰ ਮੈਂ ਦਾਸ, ਸਤਿਗੁਰੂ ਪੁਰਖ ਨੂੰ ਧਿਆਵਤ=ਧਿਆਉਂਦਾ ਹੇ=ਹਾਂ ॥੪॥੨॥੯੯॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੮੮ [ਆਦਿ ਅੰਗ ੮੨੩]

*ਬਿਲਾਵਲੁ ਮਹਲਾ ੫ ॥ ਗੁਰਿ ਪੂਰੈ ਮੇਰੀ ਰਾਖਿ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ਰਹਾਉ॥ ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥ ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥ ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥*

## ਬਿਲਾਵਲੁ ਮਹਲਾ ੫ ॥

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਬਿਲਾਵਲ ਰਾਗ ਵਿਚ ਸੁਸ਼ੋਭਿਤ ਹੈ। ਇਸ ਦੀ ਪਹਿਲੀ ਤੁਕ ਵਿਚ ਪੂਰੇ ਗੁਰੂ ਵਲੋਂ ਰੱਖਿਆ ਦੀ ਭਾਵਨਾ ਪ੍ਰਗਟਾਈ ਹੈ। ਸਤਿਗੁਰੂ ਜੀ ਉਚਾਰਨ ਕਰਦੇ ਹਨ।

## ਗੁਰਿ ਪੂਰੈ; ਮੇਰੀ ਰਾਖਿ ਲਈ ॥

ਪੂਰੇ ਗੁਰੂ ਭਾਵ ਬ੍ਰਹਮ ਨੇਸ਼ਟੀ ਪੂਰਨ ਬ੍ਰਹਮ ਗਿਆਨੀ ਗੁਰੂ ਨੇ ਮੇਰੀ ਇੱਜ਼ਤ, ਪੈਜ ਰੱਖ ਲਈ ਹੈ। ਪੂਰੇ ਗੁਰੂ ਵਲੋਂ ਸਿੱਖ ਦੀ ਰੱਖਿਆ ਦੀਆਂ ਅਨੇਕ ਕਥਾ ਮੌਜੂਦ ਹਨ। ਸਿੱਖ ਦੀ ਪੈਜ ਗੁਰੂ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਦੋਵਾਂ ਲੋਕਾਂ ਵਿਚ ਰੱਖਦਾ ਹੈ। ਜੈਸਾ ਕਿ :

**ਰਖੇ ਰਖਣਹਾਰਿ ਆਪਿ ਉਬਾਰਿਅਨੁ ॥**
**ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥** [ਵਾਰ ਗੂਜਰੀ ਮਹਲਾ ੫, ਅੰਗ ੫੧੭]

ਸੋ, ਸਤਿਗੁਰੂ ਜੀ ਨੇ ਦਸ ਜਾਮੇ ਧਾਰ ਕੇ ਅਨੇਕਾਂ ਥਾਵਾਂ 'ਤੇ ਸਿੱਖਾਂ ਦੀ ਰੱਖਿਆ ਕੀਤੀ। ਅਨੇਕਾਂ ਥਾਂਵਾਂ 'ਤੇ ਇੱਜ਼ਤ, ਪੈਜ ਰੱਖੀ। ਜੇ ਸਿੱਖ ਮਰਦਾਨਾ ਕੌਡੇ ਰਾਖ਼ਸ਼ ਦੇ ਕਾਬੂ ਆਇਆ ਤਾਂ ਉਸਦੇ ਤਪਦੇ ਕੜਾਹੇ ਠਾਰ ਕੇ ਮਰਦਾਨੇ ਦੀ ਰੱਖਿਆ ਕੀਤੀ। ਕੇਵਲ ਰੱਖਿਆ ਹੀ ਨਹੀਂ, ਉਲਟਾ ਕੌਡੇ ਰਾਖ਼ਸ਼ ਨੂੰ ਭਾਈ ਮਰਦਾਨੇ ਦੇ ਪੈਰੀਂ ਪਾਇਆ। ਜੇ ਐਮਨਾਬਾਦ ਵਿਚ ਹੰਕਾਰੀ ਮਲਕ ਭਾਗੋ, ਜਿਸਦਾ ਸਾਰੇ ਇਲਾਕੇ ਵਿਚ ਭੈਅ ਬਣਿਆ ਹੋਇਆ ਸੀ ਤੇ ਦੂਜੇ ਪਾਸੇ ਗ਼ਰੀਬ ਹੋਣ ਦੇ ਨਾਤੇ ਭਾਈ ਲਾਲੋ ਜੀ ਦੀ ਤੁੱਛ ਤਰਖਾਣ ਸਮਝ ਕੇ ਕੋਈ ਬਾਤ ਨਹੀਂ ਸੀ ਪੁੱਛਦਾ, ਪਰ ਜਦੋਂ ਭਰੇ ਦਰਬਾਰ ਵਿਚ ਭਾਈ ਲਾਲੋ ਦੀ ਐਸੀ ਇੱਜ਼ਤ ਰੱਖ ਕੇ ਵਿਖਾਈ ਕਿ ਉਸਦੀ ਕੋਧਰੇ ਦੀ ਰੋਟੀ ਦੇ ਵਿੱਚੋਂ ਲੋਕਾਂ ਦੇ ਭਰੇ ਇਕੱਠ ਵਿਚ ਦੁੱਧ ਦੀਆਂ ਧਾਰਾਂ ਵਿਖਾ ਦਿੱਤੀਆਂ ਤੇ ਦੂਜੇ ਹੱਥ ਵਿਚ ਮਲਕ ਭਾਗੋ ਦੇ ਮਾਲ, ਪੂੜਿਆਂ ਵਿੱਚੋਂ ਲਹੂ ਦੀਆਂ ਧਾਰਾਂ ਵਗਾਅ ਕੇ ਵਿਖਾ ਦਿੱਤੀਆਂ। ਧਰਮ ਕਿਰਤ ਵਿਚ ਵਿਸ਼ਵਾਸ ਪੈਦਾ ਕਰਨ ਲਈ ਆਪਣੇ ਗ਼ਰੀਬ ਸਿੱਖ ਭਾਈ ਲਾਲੋ ਨੂੰ ਇਤਨੀ ਵਡਿਆਈ ਬਖ਼ਸ਼ ਦਿੱਤੀ ਕਿ ਸਾਰੇ ਲੋਕੀਂ ਭਾਈ ਲਾਲੋ ਦੀ ਕਿਰਤ ਦੀ ਵਡਿਆਈ ਕਰਨ ਲੱਗੇ। ਸੋ ਇਉਂ ਸਤਿਗੁਰੂ ਜੀ ਨੇ ਭਾਈ ਲਾਲੋ ਦੀ ਇੱਜ਼ਤ ਰੱਖ ਕੇ ਵਿਖਾਈ। ਜੇ ਕੋਈ ਲਾਲੋ ਦਾ ਜਸ ਕਰਦਾ ਸੀ ਤਾਂ ਭਾਈ ਲਾਲੋ ਕਹਿੰਦਾ ਸੀ ਕਿ ਮੈਂ ਗ਼ਰੀਬ ਤਾਂ ਬੜਾ ਡਰਿਆ ਹੋਇਆ ਸੀ, ਪਰ ਪੂਰੇ ਗੁਰੂ ਨੇ ਮੇਰੀ ਇੱਜ਼ਤ ਰੱਖ ਲਈ।

ਸੋ, ਇਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਜੀ ਦੀ ਭਾਈ ਬੁੱਧੂ ਸ਼ਾਹ ਦੇ ਆਵੇ ਦੇ ਪ੍ਰਸੰਗ ਵਿਚ ਜੋ ਕਥਾ ਆਉਂਦੀ ਹੈ। ਗੁਰੂ ਸਾਹਿਬ ਜੀ ਨੇ ਕਿਹਾ ਸੀ ਕਿ ਆਵਾ ਪੱਕਾ ਨਿਕਲੇਗਾ, ਪਰ ਭਾਈ ਲੱਖੂ, ਜੋ ੨੧ ਪਾਠ ਜਪੁਜੀ ਸਾਹਿਬ ਦੇ ਹਰ ਰੋਜ਼ ਨਿਤਨੇਮ ਕਰਿਆ ਕਰਦੇ ਸਨ, ਉਸ ਮਾਈ ਦੇ ਹੱਥ ਤੋਂ ਪ੍ਰਸ਼ਾਦਾ ਛੱਕਦੇ, ਜਿਸ ਦੇ ਜਪੁਜੀ ਸਾਹਿਬ

ਜ਼ਬਾਨੀ ਕੰਠ ਹੋਵੇ। ਭਾਈ ਲੱਖੂ ਇਤਨੀ ਕਮਾਈ ਵਾਲੇ ਸਨ ਕਿ ਲੋਕੀਂ ਭੋਜਨ ਛਕਾਉਣ ਲਈ ਲੋਚਦੇ ਰਹਿੰਦੇ, ਭੋਜਨ ਛਕਾਉਣ ਲਈ ਇਹ ਸ਼ਰਤ ਪੂਰੀ ਕਰਨੀ ਪੈਂਦੀ। ਇਸ ਜੁਗਤੀ ਨਾਲ ਭਾਈ ਸਾਹਿਬ ਜੀ ਨੇ ਲਾਹੌਰ ਦੀਆਂ ਸਾਰੀਆਂ ਮਾਈਆਂ ਦੇ ਜਪੁਜੀ ਸਾਹਿਬ ਕੰਠ ਕਰਾ ਦਿੱਤਾ। ਅਨਪੜ੍ਹ ਮਾਈਆਂ ਵੀ ਇੱਕ-ਇੱਕ ਤੁਕ ਕਰਦੇ ਕੋਈ ਦੋ ਮਹੀਨੇ ਵਿਚ, ਕੋਈ ਪੰਜ ਮਹੀਨੇ ਵਿਚ ਜਪੁਜੀ ਸਾਹਿਬ ਕੰਠ ਕਰਕੇ ਭਾਈ ਸਾਹਿਬ ਨੂੰ ਪ੍ਰਸ਼ਾਦਾ ਛਕਾਉਂਦੀਆਂ। ਬੁੱਧੂ ਦਾ ਆਵਾ ਕੱਚਾ ਰਹਿਣ ਦਾ ਸਰਾਪ ਭਾਈ ਲੱਖੂ ਜੀ ਦੀ ਰਸਨਾ ਤੋਂ ਹੋ ਗਿਆ। ਗੁਰੂ ਅਰਜਨ ਸਾਹਿਬ ਜੀ ਨੇ ਆਪਣਾ ਬਚਨ ਤਾਂ ਛੋਟਾ ਕਰ ਲਿਆ, ਪਰ ਆਪਣੇ ਸਿੱਖ ਦਾ ਬਚਨ ਛੋਟਾ ਨਹੀਂ ਹੋਣਾ ਦਿੱਤਾ, ਉਸਦੀ ਇੱਜ਼ਤ ਰੱਖੀ। ਲੋਕਾਂ ਵਿਚ ਇਹ ਜਸ ਹੋਵੇ ਕਿ ਗੁਰੂ ਕਾ ਬਚਨ ਤਾਂ ਭਾਵੇਂ ਵਿਅਰਥ ਹੋ ਜਾਏ, ਪਰ ਸਿੱਖਾਂ ਦਾ ਬਚਨ ਵਿਅਰਥ ਨਹੀਂ ਹੁੰਦਾ। ਸਿੱਖਾਂ ਨਾਲ ਪਿਆਰ ਦੀ ਗੁਰੂ ਅਰਜਨ ਸਾਹਿਬ ਦੀ ਗੁਹਝ ਕਥਾ ਹੈ। ਜਦੋਂ ਬੁੱਧੂ ਸ਼ਾਹ ਨੇ ਆ ਕੇ ਪੁਕਾਰ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਭਾਈ ਤੇਰੀ ਗ਼ਲਤੀ ਸੀ, ਬੂਹੇ 'ਤੇ ਆਏ ਨੂੰ ਤਾਂ ਕਿਸੇ ਨੂੰ ਭੀ ਭੁੱਖਾ ਨਹੀਂ ਮੋੜੀਦਾ। ਉਹ ਤਾਂ ਫਿਰ ਵੀ ਮੇਰਾ ਪਿਆਰਾ ਸਿੱਖ ਸੀ। ਬੁੱਧੂ ਸ਼ਾਹ ਨੇ ਕਿਹਾ ਸੀ ਕਿ ਤੁਹਾਡਾ ਕੀਤਾ ਬਚਨ ਕਿਵੇਂ ਛੋਟਾ ਹੋ ਗਿਆ ? ਤਾਂ ਸਤਿਗੁਰੂ ਜੀ ਨੇ ਕਿਹਾ ਕਿ ਮੈਂ ਆਪਣੇ ਨਾਮ ਰੱਤੜੇ ਸਿੱਖ ਦੀ ਪੈਜ ਰੱਖੀ ਹੈ। ਤਾਂ ਬੁੱਧੂ ਸ਼ਾਹ ਨੇ ਕਿਹਾ ਕਿ ਮੈਂ ਵੀ ਆਪ ਜੀ ਦਾ ਸਿੱਖ ਹਾਂ, ਮੇਰੀ ਵੀ ਪੈਜ ਰੱਖੋ, ਨਹੀਂ ਤਾਂ ਕਰਜ਼ਾ ਸਿਰ ਚੜ੍ਹਿਆ ਹੋਇਆ ਹੈ। ਤਾਂ ਸਤਿਗੁਰੂ ਜੀ ਨੇ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕਣ ਦਾ ਬਚਨ ਕੀਤਾ। ਸੋ ਵਿਕੀਆਂ ਤੇ ਜੇ ਕੋਈ ਪੁੱਛਦਾ ਕਿ ਬੁੱਧੂ ਸ਼ਾਹ ਇਹ ਕਿਵੇਂ ਹੋਇਆ ਤਾਂ ਬੁੱਧੂ ਸ਼ਾਹ ਕਹਿੰਦਾ ਸੀ ਕਿ ਮੇਰੇ ਪੂਰੇ ਗੁਰੂ ਦੀ ਬਖ਼ਸ਼ਿਸ ਹੈ। ਮੇਰੇ ਪੂਰੇ ਗੁਰੂ ਨੇ ਮੇਰੀ ਪੈਜ ਰੱਖ ਲਈ ਹੈ। ਸੋ, ਹੋਰ ਬਹੁਤ ਸਿੱਖਾਂ ਦੀਆਂ ਸਾਖੀਆਂ ਮਿਲਦੀਆਂ ਹਨ।

**ਸਾਖੀ—ਭਾਈ ਬਿਧੀ ਚੰਦ—**ਜਿਵੇਂ ਭਾਈ ਬਿਧੀ ਚੰਦ ਜਦੋਂ ਦੁਸ਼ਾਲੇ ਲੈਣ ਗਿਆ, ਸਿਪਾਹੀ ਪਿੱਛਾ ਕਰ ਰਹੇ ਸਨ। ਭਠਿਆਰੇ ਨੂੰ ਕਿਹਾ ਕਿ ਮੇਰੇ ਮਗਰ ਸਿਪਾਹੀ ਲੱਗੇ ਹੋਏ ਹਨ, ਗੁਰੂ ਤੇਰਾ ਭਲਾ ਕਰੇਗਾ, ਮੈਨੂੰ ਕੋਈ ਜਗ੍ਹਾ ਦੱਸ, ਜਿਥੇ ਮੈਂ ਲੁਕ ਕੇ ਕੁਝ ਸਮਾਂ ਕੱਢ ਲਵਾਂ। ਭਠਿਆਰੇ ਨੇ ਕਿਹਾ ਕਿ ਮੈਂ ਤਾਂ ਰੜ੍ਹੇ ਮੈਦਾਨ ਵਿਚ ਬੈਠਾ ਹਾਂ, ਮੇਰੇ ਕੋਲ ਕੇਵਲ ਇਹ ਭੱਠੀ ਹੈ, ਜੇ ਤੇਰਾ ਬਚਾਅ ਇਸ ਵਿਚ ਵੜ ਕੇ ਹੋ ਸਕਦਾ ਹੈ ਤਾਂ ਮੇਰੇ ਵੱਲੋਂ ਭੱਠੀ ਹਾਜ਼ਰ ਹੈ। ਪਰ ਵੇਖ ਲੈ ਬਾਹਰ ਸਿਪਾਹੀ ਤੇ ਭੱਠੀ ਵਿਚ ਅੱਗ, ਬਚਾਅ ਕਿਥੇ ਹੋ ਸਕਦਾ ਹੈ ? ਤਾਂ ਭਾਈ ਬਿਧੀ ਚੰਦ ਨੇ ਕਿਹਾ ਕਿ ਰੱਖਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਪੂਰੇ ਗੁਰੂ ਨੇ ਕਰਨੀ ਹੈ। ਤਾਂ ਭਠਿਆਰੇ ਨੇ ਕਿਹਾ ਕਿ ਫਿਰ ਕੀ ਵੇਖਦਾ ਹੈਂ ? ਮੇਰੇ ਵਲੋਂ ਤਾਂ ਕੋਈ ਮਨਾਹੀ ਨਹੀਂ। ਭਾਈ ਬਿਧੀ ਚੰਦ ਗੁਰੂ ਦਾ ਧਿਆਨ ਧਰ ਕੇ ਅੱਗ ਦੀ ਭੱਠੀ ਵਿਚ ਪ੍ਰਵੇਸ਼ ਹੋ ਗਿਆ ਤੇ ਉਧਰ ਗੁਰੂ ਹਰਿਗੋਬਿੰਦ ਸਾਹਿਬ ਜੀ ਅਕਾਲ ਤਖ਼ਤ ਸਾਹਿਬ ਵਾਲੀ ਜਗ੍ਹਾ 'ਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਜਲਦੀ-ਜਲਦੀ ਸਰੋਵਰ 'ਚੋਂ ਜਲ ਲਿਆ ਕੇ ਮੇਰੇ ਸਰੀਰ 'ਤੇ ਪਾਈਂ ਚਲੋ। ਸਿੱਖ ਹੈਰਾਨ ਸਨ ਕਿ ਅਣਗਿਣਤ ਗਾਗਰਾਂ ਸਤਿਗੁਰੂ ਜੀ ਦੇ ਜਿਸਮ 'ਤੇ ਪਾਈਆਂ ਗਈਆਂ। ਕੁਝ ਸਮੇਂ ਬਾਅਦ ਸਤਿਗੁਰੂ ਜੀ ਨੇ ਪਾਣੀ ਪਵਾਉਣਾ ਬੰਦ ਕੀਤਾ। ਸਿਆਣੇ ਸਿੱਖਾਂ ਨੇ ਪੁੱਛਿਆ ਕਿ ਮਹਾਰਾਜ ! ਇਹ ਕੈਸਾ ਕੌਤਕ ਹੈ। ਇਤਨਾ ਪਾਣੀ ਆਪਣੇ ਸਰੀਰ 'ਤੇ ਕਿਉਂ ਪਵਾਇਆ ? ਅਸੀਂ ਇਹ ਜਾਣਨਾ ਚਾਹੁੰਦੇ ਹਾਂ। ਤਾਂ ਸਤਿਗੁਰੂ ਜੀ ਨੇ ਦੱਸਿਆ ਕਿ ਮੇਰਾ ਪਿਆਰਾ ਸਿੱਖ ਭਾਈ ਬਿਧੀ ਚੰਦ ਮੇਰੇ ਭਰੋਸੇ ਭੱਠ ਵਿਚ ਪ੍ਰਵੇਸ਼ ਕਰ ਗਿਆ ਸੀ। ਉਸਦੇ ਹਿਰਦੇ ਵਿਚ ਮੈਂ ਵਸ ਰਿਹਾ ਸੀ, ਇਸ ਲਈ ਆਪਣੇ ਜਿਸਮ 'ਤੇ ਪਾਣੀ ਪੁਆ ਕੇ ਭਠਿਆਰੇ ਦੀ ਭੱਠੀ ਦੀ ਅੱਗ ਠੰਡੀ ਕੀਤੀ ਹੈ। ਜਦੋਂ ਭਾਈ ਸਾਹਿਬ ਭੱਠੀ 'ਚੋਂ ਬਾਹਰ ਨਿਕਲਿਆ ਤਾਂ ਭਠਿਆਰੇ ਨੂੰ ਭੀ ਸ਼ਰਧਾ ਹੋ ਆਈ ਤੇ ਕਹਿਣ ਲੱਗਾ ਕਿ ਸਿੱਖਾ ਕੀ ਜਾਦੂ ਕੀਤਾ ਹੈ ? ਮੇਰੀ ਭੀ ਸਾਰੀ ਭੱਠੀ ਬਿਲਕੁਲ ਠੰਡੀ ਹੋ ਗਈ। ਜਿਵੇਂ ਦੋ ਦਿਨਾਂ ਦੀ ਅੱਗ ਹੀ ਨਾ ਬਾਲੀ ਹੋਵੇ। ਤਾਂ ਭਾਈ ਸਾਹਿਬ ਨੇ ਗੁਰਬਾਣੀ ਦੀ ਤੁਕ ਪੜ੍ਹ ਕੇ ਦੱਸਿਆ। ਜੈਸਾ ਕਿ :

**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ਰਹਾਉ॥**

[ਧਨਾਸਰੀ ਮਹਲਾ ੫, ਅੰਗ ੬੭੯]

ਤਾਂ ਜਦੋਂ ਭਾਈ ਬਿਧੀ ਚੰਦ ਸਿੱਖਾਂ ਪਾਸ ਪੁੱਜਾ ਤਾਂ ਸਿੱਖਾਂ ਦੇ ਪੁੱਛਣ ਤੋਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮੇਰੀ ਪੈਜ ਪੂਰੇ ਗੁਰਾਂ ਨੇ ਰੱਖ ਲਈ, ਨਹੀਂ ਤਾਂ ਅੱਗ ਵਿਚ ਵੜ ਕੇ ਕਿਹੜਾ ਜਿਉਂਦਾ ਨਿਕਲ ਸਕਦਾ ਹੈ ? ਜਿਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ : **"ਗੁਰਿ ਪੂਰੈ ਮੇਰੀ ਰਾਖਿ ਲਈ॥"**

**ਸਾਖੀ—ਭਾਈ ਤਿਲੋਕੇ ਦੀ—**ਗਜ਼ਨੀ ਦੇ ਰਹਿਣ ਵਾਲਾ ਭਾਈ ਤਿਲੋਕਾ ਨਾਮ ਦਾ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਸ ਪਹੁੰਚਿਆ ਤੇ ਸਤਿਗੁਰਾਂ ਦੇ ਚਰਨਾਂ-ਕਮਲਾਂ 'ਤੇ ਸੀਸ ਨਿਵਾਇਆ, ਹੱਥ ਜੋੜ ਬੇਨਤੀ ਕੀਤੀ ਕਿ ਸਤਿਗੁਰੂ ਜੀ ਉਪਦੇਸ਼ ਦੀ ਬਖ਼ਸ਼ਿਸ ਕਰੋ। ਸਤਿਗੁਰੂ ਜੀ ਨੇ ਚਰਣਾਮ੍ਰਿਤ ਦੇ ਕੇ ਸਿੱਖ ਬਣਾਉਣਾ ਕੀਤਾ ਅਤੇ ਸਾਰੇ ਜੀਆਂ ਉੱਤੇ ਦਇਆ ਕਰਨ ਦਾ ਉਪਦੇਸ਼ ਦਿੱਤਾ। ਸਾਰੇ ਜੀਵਾਂ ਵਿਚ ਇਕੋ ਆਤਮਾ ਦੇਖਣ ਦਾ ਉਪਦੇਸ਼ ਦ੍ਰਿੜ੍ਹਾਇਆ। ਇਹੋ ਵੱਡੀ ਭਗਤੀ ਦੱਸੀ। ਤਿਲੋਕੇ ਨੇ ਸੁਣ ਕੇ ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਵਸਾਇਆ। ਵਾਪਿਸ ਆਪਣੇ ਦੇਸ਼ ਗਜ਼ਨੀ ਚਲਾ ਗਿਆ। ਗਜ਼ਨੀ ਵਿਚ ਮੁਗ਼ਲ ਦਾ ਰਾਜ ਸੀ ਤੇ ਤਿਲੋਕਾ ਉਸਦਾ ਨੌਕਰ ਸੀ। ਬਾਦਸ਼ਾਹ ਨੇ ਇਸਦਾ ਰੁਜੀਨਾ ਬੰਨ੍ਹਿਆ ਹੋਇਆ ਸੀ ਕਿ ਪੰਜ ਰੁਪਏ ਰੋਜ਼ ਦੇ ਮਿਲਦੇ। ਇਕ ਦਿਨ ਬਾਦਸ਼ਾਹ ਸ਼ਿਕਾਰ ਨੂੰ ਚੜ੍ਹਿਆ ਹੁਕਮ ਦਿੱਤਾ ਕਿ ਜਿਸ ਮੁਹਰੋਂ ਸ਼ਿਕਾਰ ਨਿਕਲੇ ਉਹੀ ਮਾਰੇ। ਹਜ਼ਾਰਾਂ ਸੂਰਮੇ ਨਾਲ ਜਾ ਰਹੇ ਹਨ, ਇੱਕ ਹਿਰਨੀ ਤਿਲੋਕੇ ਦੇ ਮੂਹਰੇ ਨਿਕਲ ਆਈ। ਤਿਲੋਕਾ ਉਸ ਮਗਰ ਘੋੜਾ ਲੈ ਕੇ ਦੌੜਾ ਤੇ ਹਿਰਨੀ ਦੇ ਐਸੀ ਤੇਗ ਮਾਰੀ ਕਿ ਹਿਰਨੀ ਦੇ ਪੇਟ ਨੂੰ ਪਾੜ ਕੇ ਰੱਖ ਦਿੱਤਾ। ਹਿਰਨੀ ਤਾਂ ਮਰੀ ਹੀ ਸੀ, ਪਰ ਗਰਭ ਵਿੱਚੋਂ ਦੋ ਬੱਚੇ ਤੜਫ਼-ਤੜਫ਼ ਕੇ ਉਹ ਵੀ ਮਰ ਗਏ। ਤਿਲੋਕੇ ਨੇ ਦੇਖ ਕੇ ਮਨ ਵਿਚ ਆਪਣੇ-ਆਪ ਨੂੰ ਲਾਹਨਤਾਂ ਪਾਈਆਂ ਤੇ ਕਿਹਾ ਕਿ ਮੂਰਖ ਮਨਾ! ਤੈਂ ਗੁਰੂ ਦਾ ਬਚਨ ਵਿਸਾਰ ਦਿੱਤਾ, ਗੁਰੂ ਨੇ ਕਿਹਾ ਸੀ ਕਿ ਜੀਵਾਂ 'ਤੇ ਦਇਆ ਕਰਨੀ ਹੈ, ਤੂੰ ਇਕੋ ਸਮੇਂ ਤਿੰਨ ਜੀਵ ਮਾਰ ਸੁੱਟੇ, ਇਸ ਲਈ ਅੱਜ ਤੋਂ ਤੇਗ ਨਹੀਂ ਰੱਖਣੀ। ਦਿਖਾਵੇ ਵਾਸਤੇ ਲੱਕੜ ਦੀ ਤੇਗ ਲੋਹੇ ਦੇ ਮੁੱਠ ਵਾਲੀ ਤਿਆਰ ਕਰਕੇ ਪਹਿਨ ਲਈ। ਜੈਸਾ ਕਿ :

**ਤਾ ਤੇ ਤੇਗ ਰਖੋਂ ਨਹਿ ਪਾਸਾ। ਅੱਛਤ ਤੇਗ ਜੀਵ ਹੋਇ ਨਾਸਾ।**
**ਕਾਸ਼ਟ ਤੇਗ ਮਯਾਨ ਮਧਿ ਡਾਰੀ। ਮੂਠ ਲੋਹ ਤਿਹ ਸਾਥਿ ਸਵਾਰੀ॥੧੩੫॥**

[ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ੮]

ਦਿਨ-ਰਾਤ ਗੁਰਮੰਤ੍ਰ ਦਾ ਜਾਪ ਕਰਦਾ ਹੈ। ਮੁਗ਼ਲ ਬਾਦਸ਼ਾਹ ਇਸਦਾ ਸਭ ਸਿਪਾਹੀਆਂ ਤੋਂ ਵੱਧ ਸਤਿਕਾਰ ਕਰਦਾ ਹੈ ਤੇ ਇੱਕ ਦਿਨ ਕਿਸੇ ਚੁਗ਼ਲ ਨੇ ਚੁਗਲੀ ਕੀਤੀ ਕਿ ਤਿਲੋਕਾ ਤੁਹਾਡੇ ਕੋਲੋਂ ਇਨਾਮ ਤਾਂ ਸਰਦਾਰਾਂ ਵਾਲਾ ਪਾ ਰਿਹਾ ਹੈ, ਤੇ ਤਿਲੋਕੇ ਦੀ ਤੇਗ ਕਾਠ ਦੀ ਤੇ ਮੁੱਠ ਲੋਹੇ ਦਾ ਮੈਂ ਆਪਣੀ ਅੱਖੀਂ ਵੇਖਿਆ ਹੈ। ਬਾਦਸ਼ਾਹ ਨੇ ਕਿਹਾ ਕਿ ਮੈਂ ਦੇਖਾਂਗਾ, ਜੇ ਐਸਾ ਨਾ ਹੋਇਆ ਤਾਂ ਤੈਨੂੰ ਸਜ਼ਾ ਮਿਲੇਗੀ। ਉਸ ਚੁਗ਼ਲ ਨੇ ਕਿਹਾ ਕਿ ਦੀਵਾਨ ਲਾ ਕੇ ਸਭ ਦੀਆਂ ਤੇਗਾਂ ਦੇਖੋ ਤੇ ਸਭ ਤੋਂ ਬਾਅਦ ਉਸਦੀ ਤਲਵਾਰ ਦੇਖਣੀ, ਜੇ ਤਿਲੋਕੇ ਦੀ ਤਲਵਾਰ ਕਾਠ ਦੀ ਨਿਕਲੀ ਤਾਂ ਨੌਕਰੀ ਤੋਂ ਹਟਾ ਕੇ ਸਜ਼ਾ ਦੇਵੋ। ਜੇ ਮੈਂ ਝੂਠ ਬੋਲਿਆ ਹੋਵੇ ਤਾਂ ਮੈਨੂੰ ਨੌਕਰੀ ਤੋਂ ਹਟਾ ਕੇ ਸਜ਼ਾ ਦੇਣੀ। ਮੁਗ਼ਲ ਬਾਦਸ਼ਾਹ ਨੇ ਦਰਬਾਰ ਲਾਇਆ, ਸਾਰੇ ਸੂਰਮੇ ਕੋਲ ਸੱਦ ਲਏ। ਸਭ ਤੋਂ ਪਹਿਲਾਂ ਬਾਦਸ਼ਾਹ ਨੇ ਆਪਣੀ ਤੇਗ ਮਿਆਨ 'ਚੋਂ ਕੱਢ ਕੇ ਵਿਖਾਈ। ਤੇ ਵਾਰੀ-ਵਾਰੀ ਸਭ ਦੀਆਂ ਤੇਗਾਂ ਦੇਖਣੀਆ ਸ਼ੁਰੂ ਕਰ ਦਿੱਤੀਆਂ। ਕੁਛ ਕੁ ਦੀਆਂ ਦੇਖੀਆਂ ਤੇ ਕੁਝ ਬਾਕੀ ਰਹਿੰਦੀਆਂ ਸਨ। ਤਾਂ ਭਾਈ ਤਿਲੋਕੇ ਨੇ ਮਨ ਵਿਚ ਬੜਾ ਭੈਅ ਧਾਰ ਕੇ ਗੁਰੂ ਨਾਨਕ ਦਾ ਧਿਆਨ ਧਾਰਿਆ, ਪੰਜ ਗੁਰੂਆਂ ਦਾ ਨਾਮ ਲੈ ਕੇ ਛੇਵੇਂ ਗੁਰੂ ਨੂੰ ਪ੍ਰਣਾਮ ਕਰਕੇ ਬੇਨਤੀ ਕੀਤੀ। ਜੈਸਾ ਕਿ :

**ਚੌਪਈ॥ ਤਿਲੋਕੇ ਦਿਖਿ ਮਨ ਮੈ ਭੈ ਖਾਯੋ। ਗੁਰ ਨਾਨਕ ਕਾ ਧਯਾਨੁ ਧਰਾਯੋ।**
**ਪਾਂਚ ਗੁਰੂ ਕਾ ਲੈ ਮੁਖਿ ਨਾਮੁ। ਛਠਮ ਗੁਰੂ ਕੋ ਕਰਿ ਪ੍ਰਨਾਮ॥੧੪੩॥**
**ਹੇ ਗੁਰ ਤੁਮਰੋ ਸੁਨਿ ਉਪਦੇਸ਼ਾ। ਮ੍ਰਿਗਨੀ ਹਤ ਮਨਿ ਪਾਇ ਕਲੇਸ਼ਾ।**
**ਦਯਾ ਧਾਰਿ ਕਾਸ਼ਟ ਅਸਿ ਪਾਈ। ਜਾਨਿ ਦਾਸੁ ਨਿਜ ਕਰੋ ਸਹਾਈ॥੧੪੪॥**

[ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ੮]

ਫਿਰ ਭਾਈ ਤਿਲੋਕੇ ਨੇ ਕਿਹਾ ਕਿ ਮਹਾਰਾਜ ਜਿਵੇਂ ਦ੍ਰੋਪਤਾਂ ਦੀ, ਦਰਯੋਧਨ ਦੀ ਸਭਾ ਵਿਚ ਇੱਜ਼ਤ ਰੱਖੀ ਅਤੇ ਹਾਥੀ ਨੂੰ ਤੰਦੂਏ ਤੋਂ ਛੁਡਾਇਆ। ਜੈਸਾ ਕਿ :

**ਦੋਹਰਾ॥ ਦ੍ਰੋਪਤੀ ਗਜ ਰੱਛਾ ਕਰੀ ਸੰਕਟ ਤਾਹਿ ਦਿਖਾਇ।**
**ਅਬ ਸੰਕਟ ਹਮ ਪਰਿ ਭਯੋ ਮੋਰੀ ਕਰੋ ਸਹਾਇ॥੧੪੪॥**

ਮੁਗ਼ਲ ਬਾਦਸ਼ਾਹ ਨੂੰ ਸਾਰਿਆਂ ਨੇ ਤੇਗਾਂ ਕੱਢ ਕੇ ਵਿਖਾਇਆ। ਸਭ ਤੋਂ ਬਾਅਦ ਭਾਈ ਤਿਲੋਕੇ ਨੂੰ ਹੁਕਮ ਹੋਇਆ ਕਿ ਤੇਗ ਕੱਢ ਕੇ ਦਿਖਾਉ। ਜੈਸਾ ਕਿ :

**ਸਤਿਨਾਮ ਕਹਿ ਤੇਗ ਨਿਕਾਰੀ। ਉਤਮ ਅਸਿ ਪਿਖਿ ਕੀਮਤਿ ਭਾਰੀ।**
**ਤਿਲੋਕੇ ਮਨਿ ਧੰਨਿ ਗੁਰ ਕੋ ਕਹਾ। ਮੁਗਲ ਤੇਗ ਦਿਖਿ ਬਡ ਸੁਖੁ ਲਹਾ॥੧੪੭॥**

ਤੇ ਮੁਗ਼ਲ ਬਾਦਸ਼ਾਹ ਨੇ ਉਸੇ ਵੇਲੇ ਭਾਈ ਸਾਹਿਬ ਦੀ ਦੁਗਣੀ ਤਨਖ਼ਾਹ ਕਰ ਕਰ ਕੇ ਪੰਜ ਦੀ ਥਾਂ ਦਸ ਰੁਪਏ ਕਰ ਦਿੱਤੀ ਤੇ ਚੁਗ਼ਲਖੋਰ ਨੂੰ ਤੁਰੰਤ ਜ਼ੁਰਮਾਨਾ ਕੀਤਾ, ਮੂੰਹ ਕਾਲਾ ਕਰਕੇ ਲੋਕਾਂ ਵਿਚ ਫੇਰਿਆ ਤੇ ਨੌਕਰੀ ਤੋਂ ਹਟਾ ਦਿੱਤਾ। ਜਦੋਂ ਭਾਈ ਤਿਲੋਕਾ ਸਤਿਗੁਰੂ ਜੀ ਦਾ ਧੰਨਵਾਦ ਕਰਨ ਵਾਸਤੇ ਅੰਮ੍ਰਿਤਸਰ ਪਹੁੰਚਿਆ, ਭਰੀ ਸੰਗਤ ਵਿਚ ਹੱਥ ਜੋੜ ਕੇ ਕਿਹਾ ਕਿ ਹੇ ਪੂਰੇ ਗੁਰੂ! ਮੇਰੀ ਆਪ ਜੀ ਨੇ ਇੱਜ਼ਤ ਰੱਖ ਕੇ ਵਿਖਾ ਦਿੱਤੀ, ਨਹੀਂ ਤਾਂ ਬੜਾ ਨਿਰਾਦਰ ਹੋਣਾ ਸੀ, ਤੇ ਨਾਲੇ ਸਜ਼ਾ। ਜੈਸਾ ਕਿ :

**ਦੋਹਰਾ॥ ਤੁਮ ਤ੍ਰਿਲੋਕ ਕਰਤਾ ਪ੍ਰਭੂ ਦਾਸ ਭੀਰ ਜਹ ਹੋਇ।**
**ਤਹ ਸਹਾਇ ਜਿਉ ਤਿਉ ਕਰੋ ਜਹ ਰਾਖਾ ਨਹਿ ਕੋਇ॥੧੫੧॥**

[ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ ੮]

**ਨੋਟ** :—ਇਹ ਸਾਖੀ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੇ ਵਿਚ ਤਾਂ ਇਸੇ ਤਰ੍ਹਾਂ ਅੰਕਿਤ ਹੈ, ਪਰ ਇਸਦੀ ਥੋੜ੍ਹੀ ਜਿਹੀ ਖੋਜ ਕੀਤਿਆਂ ਪਤਾ ਚਲਦਾ ਹੈ ਕਿ ਭਾਈ ਤਿਲੋਕੇ ਨੇ ਸਿੱਖੀ ਗੁਰੂ ਅਰਜਨ ਸਾਹਿਬ ਜੀ ਕੋਲੋਂ ਪ੍ਰਾਪਤ ਕੀਤੀ ਸੀ। ਜੀਵਾਂ 'ਤੇ ਦਇਆ ਕਰਨ ਦੀ ਗੱਲ ਗੁਰੂ ਅਰਜਨ ਸਾਹਿਬ ਜੀ ਨੇ ਕਹੀ ਸੀ। ਗੁਰੂ ਅਰਜਨ ਸਾਹਿਬ ਜੀ ਦੇ ਸਿੱਖਾਂ ਵਿੱਚ ਭਾਈ ਤਿਲੋਕੇ ਦਾ ਨਾਮ ਦਰਜ ਹੈ। 'ਮਹਾਨ ਕੋਸ਼' ਅਨੁਸਾਰ ਭੀ ਭਾਈ ਤਿਲੋਕਾ ਪਾਠਕ ਜਾਤ ਦਾ ਸਿੱਖ ਗਜ਼ਨੀ ਦੇ ਰਹਿਣ ਵਾਲਾ ਸੀ ਤੇ ਰੱਖਿਆ ਵੇਲੇ ਗੱਦੀ 'ਤੇ ਛੇਵੇਂ ਪਾਤਸ਼ਾਹ ਬਿਰਾਜਮਾਨ ਸਨ, ਪੈਜ ਛੇਵੇਂ ਜਾਮੇ ਵਿਚ ਰੱਖੀ ਹੈ। ਇਸ ਲਈ ਮੁਖਵਾਕ ਦੀ ਪਹਿਲੀ ਤੁਕ ਵਿਚ ਪੂਰੇ ਗੁਰੂ ਦੀ ਰੱਖਿਆ ਤੇ ਇਹ ਸਾਰੇ ਪ੍ਰਮਾਣ ਦਿਤੇ ਹਨ।

## *ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ; ਜਨਮ ਜਨਮ ਕੀ ਮੈਲੁ ਗਈ॥੧॥ਰਹਾਉ॥*

ਮੇਰੇ ਰਿਦੇ=ਹਿਰਦੇ ਮਹਿ=ਵਿਚ ਨਾਮ ਰੂਪ ਅੰਮ੍ਰਿਤ ਦੀਨੋ=ਵਸਾ ਦਿੱਤਾ। ਜਿਸ ਨਾਮ ਅੰਮ੍ਰਿਤ ਕਰਕੇ ਜਨਮ ਜਨਮ=ਜਨਮਾਂ-ਜਨਮਾਂਤਰਾਂ ਕੀ=ਦੀ ਪਾਪਾਂ ਰੂਪੀ ਮੈਲ ਗਈ=ਲਹਿ ਗਈ ਹੈ॥੧॥ਰਹਾਉ॥ ਜੈਸਾ ਕਿ :

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥** [ਗਉੜੀ ਸੁਖਮਨੀ ਮਹਲਾ ੫, ਅੰਗ ੨੬੩]

## *ਨਿਵਰੇ ਦੂਤ ਦੁਸਟ ਬੈਰਾਈ; ਗੁਰ ਪੂਰੇ ਕਾ ਜਪਿਆ ਜਾਪੁ॥*

ਪੂਰਨ ਗਿਆਨਵਾਨ ਗੁਰੂ ਕਾ=ਦਾ ਜਦੋਂ ਦਿੱਤਾ ਹੋਇਆ ਜਾਪੁ=ਗੁਰ ਮੰਤ੍ਰ ਜਪਿਆ, ਉਸ ਜਾਪ ਦੇ ਪ੍ਰਤਾਪ ਨਾਲ ਬੈਰਾਈ=ਵੈਰ ਕਰਨ ਵਾਲੇ ਦੁਸਟ=ਖੋਟੇ ਕਰਮ ਦੂਤ=ਜਮਦੂਤਾਂ ਵਾਂਗੂੰ ਦੁਖ ਦੇਣ ਵਾਲੇ ਨਿਵਰੇ=ਨਿਵਿਰਤ ਹੋ ਗਏ। ਜੈਸਾ ਕਿ :

**੧. ਅਪਣੇ ਜਨ ਪ੍ਰਭਿ ਆਪਿ ਰਖੇ॥ ਦੁਸਟ ਦੂਤ ਸਭਿ ਭ੍ਰਮਿ ਥਕੇ॥**

[ਬਸੰਤੁ ਮਹਲਾ ੫, ਅੰਗ ੧੧੮੩]

**੨. ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ॥੧॥**

[ਗਉੜੀ ਮਹਲਾ ੫, ਅੰਗ ੨੦੧]

## *ਕਹਾ ਕਰੈ ਕੋਈ ਬੇਚਾਰਾ; ਪ੍ਰਭ ਮੇਰੇ ਕਾ ਬਡ ਪਰਤਾਪੁ॥੧॥*

ਹੁਣ ਕੋਈ ਵੇਚਾਰਾ ਸਾਡਾ ਕੀ ਨੁਕਸਾਨ ਕਰੇਗਾ ? ਮੇਰੇ ਪ੍ਰਭ=ਵਾਹਿਗੁਰੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ। ਜਦੋਂ ਪ੍ਰਮੇਸ਼ਰ ਵੱਲ ਹੈ ਤਾਂ ਕਿਸੇ ਦੀ ਕੋਈ ਮੁਹਛੰਦਗੀ ਨਹੀਂ ਰਹਿੰਦੀ, ਭਾਵ ਕਿਸੇ ਦੀ ਅਧੀਨਗੀ ਨਹੀਂ ਰਹਿੰਦੀ॥੧॥ ਜੈਸਾ ਕਿ :

**੧. ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥** [ਵਾਰ ਮਾਰੂ ਡਖਣੇ ਮਹਲਾ ੫, ਅੰਗ ੧੦੯੬]

**੨. ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥**

[ਗਉੜੀ ਕੀ ਵਾਰ ਮਹਲਾ ੪, ਅੰਗ ੩੦੫]

## *ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ; ਚਰਨ ਕਮਲ ਰਖੁ ਮਨ ਮਾਹੀ॥*

ਵਾਹਿਗੁਰੂ ਦੇ ਚਰਨ ਕਮਲਾਂ ਦਾ ਧਿਆਨ ਮਨ ਵਿਚ ਰੱਖ ਕੇ ਉਸਦਾ ਸਿਮਰਨ, ਜੋ ਸਿਮਰਨੇ ਯੋਗ ਹੈ, ਉਸ ਨੂੰ ਸਿਮਰ ਕੇ ਹੀ ਸੁਖ ਪਾਇਆ=ਪ੍ਰਾਪਤ ਕੀਤਾ ਹੈ, **ਅਥਵਾ** ਮਨ ਬਾਣੀ ਸਰੀਰ ਕਰਕੇ ਜਿਨ੍ਹਾਂ ਨੇ ਸਿਮਰਿਆ, ਉਨ੍ਹਾਂ ਨੇ ਸੁਖ ਪਾਇਆ ਹੈ, **ਵਾ:** ਭੂਤਕਾਲ ਵਿਚ ਜਿਸ ਨੇ ਸਿਮਰਿਆ ਉਸਨੇ ਸੁਖ ਪਾਇਆ, ਭਵਿੱਖ ਵਿੱਚ ਜੋ ਸਿਮਰੇਗਾ, ਸੁਖ ਪਾਏਗਾ ਤੇ ਵਰਤਮਾਨ ਵਿਚ ਜੋ ਸਿਮਰ ਰਿਹਾ ਹੈ, ਉਸ ਨੇ ਸੁਖ ਪਾਇਆ ਹੈ। ਵਾਹਿਗੁਰੂ ਦੇ ਚਰਨ-ਕਮਲ ਨਾਮ ਰੂਪ ਹਨ, ਰਖ ਮਨ ਮਾਹੀ=ਉਸ ਨੂੰ ਮਨ ਵਿਚ ਟਿਕਾ ਕੇ ਰੱਖ। ਜੈਸਾ ਕਿ :

**੧. ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮ੍ਾਲੇ॥**

[ਧਨਾਸਰੀ ਮਹਲਾ ੫, ਅੰਗ ੬੭੯]

**੨. ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥**

[ਗਉੜੀ ਮਹਲਾ ੫, ਅੰਗ ੨੬੨]

**੩. ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ॥੬॥**

[ਮਾਰੂ ਮਹਲਾ ੫, ਅੰਗ ੧੦੧੭]

## *ਤਾ ਕੀ ਸਰਨਿ ਪਰਿਓ ਨਾਨਕ ਦਾਸੁ; ਜਾ ਤੇ ਊਪਰਿ ਕੋ ਨਾਹੀ॥੨॥੧੨॥੯੮॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮੈਂ ਦਾਸ ਉਸ ਵਾਹਿਗੁਰੂ ਦੀ ਸ਼ਰਨ ਪਿਆ ਹਾਂ, ਜਿਸ ਤੋਂ ਉਪਰ ਹੋਰ ਕੋਈ ਵੱਡਾ ਨਹੀਂ॥੨॥੧੨॥੯੮॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੯ [ਆਦਿ ਅੰਗ ੮੨੫]

***ਬਿਲਾਵਲੁ ਮਹਲਾ ੫ ॥ ਦੋਵੈ ਥਾਵ ਰਖੇ ਗੁਰ ਸੂਰੇ ॥ ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥ ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥ ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥ ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥ ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥***

## ***ਬਿਲਾਵਲੁ ਮਹਲਾ ੫ ॥***

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਬਿਲਾਵਲ ਰਾਗ ਵਿੱਚ ਅੰਕਿਤ ਹੈ। ਜਿਸ ਵਿੱਚ ਸੂਰਬੀਰ ਗੁਰੂ ਦੀ ਬਰਕਤ ਦੱਸਦੇ ਹਨ ਕਿ ਸਤਿਗੁਰੂ ਜੀ ਦੀ ਐਸੀ ਸਮਰੱਥਾ ਹੈ।

## ***ਦੋਵੈ ਥਾਵ ਰਖੇ; ਗੁਰ ਸੂਰੇ ॥***

ਸੂਰੇ=ਸੂਰਬੀਰ ਗੁਰ=ਗੁਰੂ ਸਾਹਿਬ ਨੇ ਦੋਵੈ=ਦੋ ਥਾਵ=ਥਾਂ ਭਾਵ ਦੋ ਪੱਖਾਂ ਵਿੱਚ ਸਿੱਖ ਦੀ ਰਖੇ=ਰੱਖਿਆ ਕੀਤੀ ਹੈ। ਅਥਵਾ :— ਸਤਿਗੁਰੂ ਜੀ ਇਤਿਹਾਸਕ ਘਟਨਾ ਨੂੰ ਚੇਤੇ ਕਰਾਉਂਦੇ ਹੋਏ ਕਥਨ ਕਰਦੇ ਹਨ ਕਿ ਜਿਸ ਵੇਲੇ ਸਾਡੇ ਭਰਾ ਪ੍ਰਿਥੀ ਚੰਦ ਨੇ ਵਿਰੋਧ ਕਰਕੇ ਸਰਕਾਰੇ-ਦਰਬਾਰੇ ਰਸੂਖ ਪੈਦਾ ਕਰਕੇ ਸਾਡੇ ਤੇ ਦੋਵੈ=ਦੋ ਹੁਕਮਰਾਨਾਂ ਸੁਲਹੀ ਤੇ ਸੁਲੱਬੀ ਖ਼ਾਂ ਨੂੰ ਚੜ੍ਹਾ ਕੇ ਲਿਆਂਦਾ। ਜੋ ਸੁਲਹੀ ਭੱਠੇ ਵਿੱਚ ਪੈ ਕੇ ਸੜਿਆ ਤੇ ਸੁਲੱਬੀ ਸਈਅਦ ਦੇ ਹੱਥੋਂ ਕਤਲ ਹੋਇਆ। ਜੋ ਦੁਸ਼ਮਣ ਸਾਡੇ ਤਕ ਪਹੁੰਚ ਨਹੀਂ ਸਕਿਆ ਤਾਂ ਇਹ ਬਰਕਤਾਂ ਸੂਰਮੇ ਗੁਰੂ, ਗੁਰੂ ਨਾਨਕ ਦੀਆਂ ਹਨ, ਵਾ—ਉਨ੍ਹਾਂ ਦੇ ਸਰੂਪ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੀਆਂ ਹਨ। ਜੈਸਾ ਕਿ :

**ਰਖੇ ਰਖਣਹਾਰਿ ਆਪਿ ਉਬਾਰਿਅਨੁ ॥**
**ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥** [ਵਾਰ ਗੂਜਰੀ ਮਹਲਾ ੫, ਅੰਗ ੫੧੭]

ਜਿਸ ਗੁਰੂ ਨੇ ਰੱਖਿਆ ਕਰਨ ਵਾਲਾ ਹੋ ਕਰਕੇ ਆਪ ਹੀ ਸਾਡੀ ਰੱਖਿਆ ਕੀਤੀ ਹੈ, ਸਾਨੂੰ ਦੁਸ਼ਮਨਾਂ ਦੇ ਹੱਥੋਂ ਉਬਾਰਿਅਨੁ=ਬਚਾਇਆ ਹੈ। ਜੋ ਵੀ ਗੁਰੂ ਦੀ ਚਰਨੀ ਪੈਂਦਾ ਹੈ, ਉਸਦੇ ਸਾਰੇ ਕਾਜ ਸਵਾਰੇ ਜਾਂਦੇ ਹਨ।

**ਦੂਜਾ ਅਰਥ—**ਦੋਵੇਂ ਥਾਵ ਭਾਵ ਰਾਗ-ਦਵੈਸ਼, ਹਰਖ-ਸੋਗ, ਜਨਮ ਤੇ ਮਰਨ, ਹੰਕਾਰ ਤੇ ਅਗਿਆਨ, ਸੁਲਹੀ ਤੇ ਸੁਲੱਬੀ ਵਰਗੇ ਦੁਸ਼ਮਨ ਜੋ ਹਨ, ਇਹਨਾਂ ਨੂੰ ਥਾਵ=ਥਾਂ ਹੀ ਰੱਖਿਆ ਹੈ। ਥਾਂ ਰੱਖਣ ਤੋਂ ਭਾਵ ਮਾਰ ਹੀ ਦਿੱਤੇ ਹਨ। ਇਹ ਪੂਰੇ ਗੁਰੂ ਦੀ ਬਰਕਤ ਹੈ। ਜਿਨ੍ਹਾਂ ਨੇ ਗਿਆਨ ਰੂਪ ਖੰਡਾ ਲੈ ਕੇ ਇਨ੍ਹਾਂ ਦੁਸ਼ਮਨਾਂ ਦੇ ਟੁਕੜੇ-ਟੁਕੜੇ ਕਰ ਦਿੱਤੇ ਹਨ। ਜੈਸਾ ਕਿ :

**ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥** [ਸਲੋਕ ਮਹਲਾ ੩, ਅੰਗ ੧੪੧੪]

ਸੋ ਇਸ ਪ੍ਰਕਾਰ ਸੂਰਬੀਰ ਗੁਰਾਂ ਨੇ ਹੰਕਾਰ ਤੇ ਅਗਿਆਨ ਕਾਮ, ਕ੍ਰੋਧ ਆਦਿ ਦੇ ਸਹਿਤ ਸਾਥੀਆਂ ਨੂੰ ਮਾਰ ਦਿੱਤਾ ਹੈ।

**ਤੀਸਰਾ ਅਰਥ—**ਸੂਰ=ਸੂਰਬੀਰ, ਬਹਾਦਰ ਸਤਿਗੁਰਾਂ ਨੇ ਅੰਤਹਕਰਨ ਰੂਪੀ ਥਾਵ=ਥਾਂ ਪਰ ਦੋਵੈ=ਦੋ ਅੱਖਰ ਰਕਾਰ, ਮਕਾਰ, ਰਕਾਰ ਤੋਂ ਭਾਵ (ਰ) ਮਕਾਰ ਤੋਂ ਭਾਵ (ਮ) ਇਨ੍ਹਾਂ ਦੋ ਅੱਖਰਾਂ ਤੋਂ ਬਣਿਆ ਰਾਮ ਜੋ ਤ੍ਰੇਤੇ ਯੁੱਗ ਵਿੱਚ ਭਗਵਾਨ ਦਾ ਵਾਚਕ ਨਹੀਂ, ਬਲਕਿ ਸਾਰੀ ਜਗ੍ਹਾ ਰਮੇ ਹੋਏ ਦਾ ਵਾਚਕ ਸ਼ਬਦ ਰਾਮ ਹੈ। ਜੇ ਕੋਈ ਐਸੀ ਸ਼ੰਕਾ ਕਰੇ ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰੇ ਕਿ ਤ੍ਰੇਤੇ ਯੁਗ ਦੇ ਭਗਵਾਨ ਰਾਮ ਦਾ ਹੀ ਵਾਚਕ ਰਾਮ ਸ਼ਬਦ

ਹੈ। ਇਸਦਾ ਸਹੀ ਉੱਤਰ ਦੇਣਾ ਬਣਦਾ ਹੈ। ਗੁਰਬਾਣੀ ਵਿੱਚ ਤ੍ਰੇਤੇ ਯੁਗ ਵਾਲੇ ਭਗਵਾਨ ਰਾਮ ਦਾ ਨਾਂ ਭੀ ਬਹੁਤ ਸਾਰੇ ਥਾਵਾਂ 'ਤੇ ਆਇਆ ਹੈ ਅਤੇ ਸਪੱਸ਼ਟ ਤ੍ਰੇਤੇ ਯੁਗ ਦੇ ਭਗਵਾਨ ਰਾਮ ਨਾਲ ਸੰਬੰਧਤ ਘਟਨਾ ਦਾ ਭੀ ਜ਼ਿਕਰ ਆਇਆ ਹੈ। ਜੈਸਾ ਕਿ :

**੧. ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥**
[ਵਾਰ ਰਾਮਕਲੀ ਮਹਲਾ ੧, ਅੰਗ ੯੫੩-੫੪]

**੨. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥** [ਸਲੋਕ ਮਹਲਾ ੯, ਅੰਗ ੧੪੨੯]

ਸੋ, ਇਨ੍ਹਾਂ ਤੁਕਾਂ ਦੇ ਪ੍ਰਮਾਣ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ ਵਿੱਚ ਰਾਮ ਉਸ ਅਕਾਲ ਪੁਰਖ ਵਾਹਿਗੁਰੂ ਦੇ ਰਮੇ ਹੋਣ ਦਾ ਵਾਚਕ ਹੀ ਹੈ। ਭਾਵੇਂ ਉਸੇ ਰਮੇ ਹੋਏ ਪ੍ਰਮੇਸ਼ਰ ਦਾ ਸਰਗੁਣ ਸਰੂਪ ਤ੍ਰੇਤੇ ਯੁਗ ਦੇ ਰਾਮ ਜੀ ਭੀ ਹਨ, ਇਸ ਦਾ ਖੰਡਨ ਨਹੀਂ, ਪਰ ਗੁਰਮਤਿ ਵਿਰੋਧੀ ਵਿਚਾਰਧਾਰਾ ਪ੍ਰਮਾਣਨੀਕ ਨਹੀਂ ਹੋ ਸਕਦੀ। ਅੱਜ ਬਹੁਤ ਸਾਰੇ ਲੋਕ ਗੁਰਮਤਿ ਵਿਰੋਧੀ ਚਾਲਾਂ ਚੱਲਦੇ ਹੋਏ ਗੁਰਬਾਣੀ ਵਿੱਚ ਤਾਂ ਕੋਈ ਅਦਲਾ-ਬਦਲੀ ਕਰਨਾ, ਇਨ੍ਹਾਂ ਦੀ ਕੋਈ ਵੱਸ ਦੀ ਬਾਤ ਨਹੀਂ, ਪਰ ਅਰਥਾਂ ਵਿੱਚ ਮਿਲਾਵਟ ਕਰਕੇ ਗੁਰਮਤਿ ਨੂੰ ਰਲ-ਗੱਡ ਕਰਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ। ਉਨ੍ਹਾਂ ਲੋਕਾਂ ਦਾ ਟਾਕਰਾ ਸਾਨੂੰ ਸਦਭਾਵਨਾ ਵਿੱਚ ਰਹਿ ਕੇ ਗਿਆਨ ਸ਼ਕਤੀ ਦੁਆਰਾ ਦਲੀਲਾਂ ਦੇ ਕੇ ਉਨ੍ਹਾਂ ਨੂੰ ਨਿਰੁੱਤਰ ਕਰਨਾ ਚਾਹੀਦਾ ਹੈ। ਇਸ ਵੀਚਾਰ ਨੂੰ ਸਿੱਧ ਕਰਨ ਵਾਸਤੇ ਬੜੀ ਸੋਹਣੀ ਦਲੀਲ ਤ੍ਰੇਤੇ ਦੇ ਇਤਿਹਾਸ ਵਿੱਚ ਹੀ ਪਈ ਹੈ।

**ਸਾਖੀ—ਸਰਵਣ ਤੇ ਦਸਰਥ ਦੀ—**ਜਦੋਂ ਮਹਾਰਾਜੇ ਦਸਰਥ ਦੇ ਘਰ ਸੰਤਾਨ ਨਹੀਂ ਸੀ ਹੋਈ, ਸੰਤਾਨ ਲਈ ਇੱਕ ਉਪਾਅ ਇਹ ਭੀ ਸੀ ਕਿ ਇੱਕ ਸੁੰਦਰ ਤਾਲ ਖੁਦਵਾਇਆ ਜਾਏ, ਉਸ ਵਿੱਚ ਹਰ ਸਮੇਂ ਪਾਨੀ ਦਾ ਪ੍ਰਬੰਧ ਇਸ ਤਰੀਕੇ ਨਾਲ ਕੀਤਾ ਜਾਏ ਕਿ ਉਸ ਵਿੱਚ ਪਾਣੀ ਕਦੇ ਸੁੱਕੇ ਨਾ ਐਸਾ ਹੀ ਕੀਤਾ ਗਿਆ। ਸੋ, ਉਥੇ ਹਿੰਸਕ ਜੀਵ ਪਾਨੀ ਪੀਣ ਆਏ, ਕਮਜ਼ੋਰ ਜੀਵਾਂ ਦੀ ਹਿੰਸਾ ਕਰਨ ਲੱਗੇ ਪੁੰਨ ਦੀ ਥਾਂ ਤੇ ਪਾਪ ਹੋਣ ਲੱਗਾ। ਸੋ, ਜੋਤਸ਼ੀਆਂ ਨੇ ਕਿਹਾ ਕਿ ਰਾਜਨ! ਇਹ ਤਾਂ ਪੁੰਨ ਦੀ ਥਾਂ 'ਤੇ ਆਪ ਨੂੰ ਪਾਪ ਲੱਗ ਰਿਹਾ ਹੈ। ਜੇ ਪੁੰਨ ਖੱਟਣਾ ਹੈ ਤਾਂ ਇਨ੍ਹਾਂ ਜੀਵਾਂ ਦੀ ਤੀਰ-ਕਮਾਨ ਲੈ ਕੇ ਰਾਖੀ ਆਪ ਕਰਿਆ ਕਰ। ਇਸੇ ਤਰ੍ਹਾਂ ਕਰਨ ਲੱਗਾ। ਅਚਾਨਕ ਐਸੀ ਘਟਨਾ ਹੋਈ ਕਿ ਅੰਧੇਰੇ ਦੇ ਕਾਰਨ ਨਿਰਣਾ ਨਹੀਂ ਹੋ ਸਕਿਆ। ਅੰਧਲੇ ਤੇ ਅੰਧੁਲੀ ਦਾ ਪੁੱਤਰ ਸਰਵਣ ਪਿਆਸੇ ਮਾਂ-ਪਿਉ ਨੂੰ ਪਾਣੀ ਪਿਆਉਣ ਲਈ ਉਸ ਸਰੋਵਰ 'ਚੋਂ ਜਲ ਭਰਨ ਲਈ ਆਇਆ। ਜਲ ਪਾਤਰ ਵਿੱਚੋਂ ਡੁਬਕ-ਡੁਬਕ ਦੀ ਆਵਾਜ਼ ਆਈ। ਦਸਰਥ ਨੇ ਹਿੰਸਕ ਜੀਵ ਸਮਝ ਕੇ ਤੀਰ ਮਾਰ ਦਿੱਤਾ। ਜਿਸ ਨਾਲ ਸਰਵਣ ਬਹੁਤ ਬੁਰੀ ਤਰ੍ਹਾਂ ਘਾਇਲ ਹੋ ਗਿਆ। ਉਸਦੇ ਮੂੰਹੋਂ ਉਸ ਵੇਲੇ ਉੱਚੀ ਧੁਨ ਨਾਲ ਰਾਮ ਸ਼ਬਦ ਨਿਕਲਿਆ ਤਾਂ ਦਸਰਥ ਨੇ ਕੋਲ ਜਾ ਕੇ ਹੈਰਾਨ ਹੋਣਾ ਕੀਤਾ। ਸਰਵਣ ਦੀ ਮੌਤ ਹੱਥਾਂ ਵਿੱਚ ਹੀ ਹੋ ਗਈ। ਮਰਦੇ-ਮਰਦੇ ਸਰਵਣ ਨੇ ਕਿਹਾ ਸੀ ਕਿ ਰਾਜਨ! ਮੇਰੀ ਮੌਤ ਸੁਣ ਕੇ ਮੇਰੇ ਅੰਧੇ ਮਾਂ-ਪਿਉ ਬਚ ਨਹੀਂ ਸਕਣਗੇ। ਤੂੰ ਬਹੁਤ ਬੁਰਾ ਕਰਮ ਕਰ ਦਿੱਤਾ। ਮੈਂ ਸਾਰੀ ਜ਼ਿੰਦਗੀ ਆਪਣੇ ਮਾਤਾ-ਪਿਤਾ ਦੀ ਸੇਵਾ ਵਿੱਚ ਗੁਜ਼ਾਰੀ, ਅੰਨ੍ਹੇ ਮਾਂ-ਪਿਉ ਦਾ ਸਹਾਰਾ ਬਣਿਆ ਰਿਹਾ। ਪਰ ਮੈਨੂੰ ਇਸ ਗੱਲ ਦਾ ਬੜਾ ਦੁਖ ਹੈ ਕਿ ਮੇਰੇ ਮਾਤਾ-ਪਿਤਾ ਸੰਸਾਰ ਤੋਂ ਪਿਆਸੇ ਹੀ ਮਰਨਗੇ। ਇਸ ਲਈ ਜੇ ਹੋ ਸਕਦਾ ਹੈ ਤਾਂ ਮੇਰੇ ਮਾਤਾ-ਪਿਤਾ ਨੂੰ ਜਲ ਛਕਾ ਕੇ ਮੇਰੀ ਮੌਤ ਬਾਰੇ ਦੱਸਣਾ ਤਾਂ ਕਿ ਪਿਆਸੇ ਮਰਨ ਦੀ ਥਾਂ ਪਾਣੀ ਪੀ ਕੇ ਪ੍ਰਾਣ ਤਿਆਗ ਸਕਣ, ਮੇਰੀ ਅੰਤਿਮ ਸੇਵਾ ਪ੍ਰਵਾਨ ਹੋਵੇ। ਇਸੇ ਸੇਵਾ ਦੀ ਮਹਾਨਤਾ ਦਾ ਪ੍ਰਮਾਣ ਭਾਈ ਗੁਰਦਾਸ ਜੀ ਨੇ ਦਿੱਤਾ ਕਿ ਦੁਨੀਆ ਵਿੱਚ ਪੁੱਤਰ ਤਾਂ ਅਣਗਿਣਤ ਹੋਣਗੇ, ਪਰ ਸਰਵਣ ਕੋਈ ਵਿਰਲਾ ਹੀ ਹੋਵੇਗਾ। ਜੈਸਾ ਕਿ :

**ਹੋਵੈ ਸਰਵਣ ਵਿਰਲਾ ਕੋਈ॥** [ਭਾ: ਗੁਰਦਾਸ ਜੀ, ਵਾਰ ੩੭, ਪਉੜੀ ੧੧]

ਸੋ, ਭਾਵੇਂ ਦਸਰਥ ਪਾਨੀ ਲੈ ਕੇ ਤਾਂ ਗਿਆ, ਪਰ ਉਨ੍ਹਾਂ ਨੂੰ ਸ਼ੱਕ ਪੈਣ ਤੋਂ ਕਿ ਇਹ ਸਰਵਣ ਨਹੀਂ ਹੈ,

ਪਾਣੀ ਨਹੀਂ ਪੀਤਾ, ਪਿਆਸਿਆਂ ਨੇ ਹੀ ਪ੍ਰਾਣ ਤਿਆਗੇ ਅਤੇ ਦਸਰਥ ਨੂੰ ਸਰਾਪ ਦਿੱਤਾ ਕਿ ਤੂੰ ਵੀ ਪੁੱਤਰ ਵਿਜੋਗ ਵਿੱਚ ਸਾਡੀ ਤਰ੍ਹਾਂ ਪ੍ਰਾਣ ਤਿਆਗੇਂਗਾ। ਇਥੇ ਸਾਖੀ ਦੀ ਵਿਚਾਰ ਨਾਲ ਕੇਵਲ ਇਤਨਾ ਹੀ ਸੰਬੰਧ ਹੈ ਕਿ ਜਦੋਂ ਅਜੇ ਤ੍ਰੇਤੇ ਯੁਗ ਦੇ ਅਵਤਾਰ ਰਾਮ ਜੀ ਦਸਰਥ ਦੇ ਘਰ ਪੈਦਾ ਹੋਏ ਹੀ ਨਹੀਂ ਸਨ, ਤਾਂ ਸਰਵਣ ਦੇ ਮੁਖੋਂ ਰਾਮ ਕਿਸ ਨੂੰ ਕਿਹਾ ਗਿਆ ? ਇਸ ਵੀਚਾਰ ਨਾਲ ਇਹ ਗੱਲ ਨਿਰਸੰਦੇਹ ਸਪੱਸ਼ਟ ਹੋ ਗਈ ਕਿ ਰਾਮ ਰਮੇ ਹੋਏ ਪ੍ਰਮੇਸ਼ਰ ਦਾ ਵਾਚਕ ਸ਼ਬਦ ਹੈ, ਜਿਸ ਨੂੰ ਸਰਵਣ ਧਿਆਉਂਦਾ ਸੀ। ਸੋ, ਇਥੇ ਮੁਖਵਾਕ ਦੀ ਤੁਕ ਵਿੱਚ ਜੋ ਵੀਚਾਰ ਤੀਸਰੇ ਅਰਥ ਵਿੱਚ ਆਈ ਹੈ, ਰਕਾਰ, ਮਕਾਰ ਤੋਂ ਬਨਿਆ ਰਾਮ ਅੱਖਰ ਜੋ ਰਮੇ ਹੋਏ ਪ੍ਰਮੇਸ਼ਰ ਦਾ ਵਾਚਕ ਹੈ। ਇਹ ਦੋਵੇ=ਦੋ ਅੱਖਰ (ਰ) ਅਤੇ (ਮ) ਥਾਵ=ਅੰਤਸ਼ਕਰਣ ਰੂਪੀ ਥਾਂ ਪਰ ਸੂਰਮੇ ਗੁਰੂ ਨੇ ਰੱਖਣਾ ਕੀਤੇ ਭਾਵ ਸਿੱਖ ਦੇ ਅੰਤਹਕਰਣ ਵਿੱਚ ਦੋਵੇਂ ਅੱਖਰ ਟਿਕਾਉਣਾ ਕੀਤੇ। ਜੈਸਾ ਕਿ :

੧. **ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥** [ਸਲੋਕ ਮਹਲਾ ੯, ਅੰਗ ੧੪੨੯]

੨. **ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥**
[ਜਪੁਜੀ ਸਾਹਿਬ, ਅੰਗ ੮]

ਸੋ, ਇਹ ਸੂਰਮੇ ਗੁਰੂ ਦੀ ਕਿਰਪਾ ਨਾਲ ਹੀ ਜਦੋਂ ਰਾਮ ਹਿਰਦੇ ਵਿੱਚ ਵਸਦਾ ਹੈ, ਤਾਂ ਜੀਵ ਜੰਮਣ-ਮਰਨ ਤੋਂ ਰਹਿਤ ਹੋ ਜਾਂਦਾ ਹੈ, ਨਾ ਹੀ ਉਸਨੂੰ ਕਾਮ, ਕ੍ਰੋਧ ਆਦਿਕ ਠਗ ਸਕਦੇ ਹਨ। ਰਾਮ ਦੇ ਨਾਮ ਮੰਤ੍ਰ ਦੀ ਗੱਲ ਸਹਸਕ੍ਰਿਤੀ ਵਿੱਚ ਵੀ ਕੀਤੀ ਹੈ। ਜੈਸਾ ਕਿ :

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥** [ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੭]

ਸੋ, ਇਸੇ ਤਰ੍ਹਾਂ (ਹ) (ਰ) ਹਰੀ ਤੇ (ਗ) (ਰ) ਗੁਰੂ **ਅਥਵਾ** ਦੋਵੈ=ਦੋ ਪਦ ਜੋ ਪੰਜਾਬੀ ਵਰਣਮਾਲਾ ਦੇ ਚਾਰ ਅੱਖਰਾਂ ਤੋਂ ਬਣਾਏ ਗਏ ਹਨ ਵਾਹਿ-ਗੁਰੂ ਇਹ ਦੋਵੈ=ਦੋ ਪਦ ਅੰਤਹਕਰਣ ਰੂਪੀ ਥਾਵ=ਥਾਂ 'ਤੇ ਸੂਰਮੇ ਗੁਰੂ ਨੇ ਗੁਰਸਿੱਖਾਂ ਦੇ ਹਿਰਦੇ ਵਿੱਚ ਟਿਕਾ ਦਿੱਤੇ ਹਨ। ਕਿਉਂਕਿ ਗੁਰਸਿੱਖਾਂ ਦਾ ਗੁਰ ਮੰਤ੍ਰ ਪਹਿਲੇ ਗੁਰੂ ਤੋਂ ਲੈ ਕੇ ਵਾਹਿਗੁਰੂ ਮੰਤ੍ਰ ਚਲਿਆ ਆ ਰਿਹਾ ਹੈ। ਸੋ ਇਸ ਲਈ ਗੁਰਸਿੱਖਾਂ ਦੇ ਹਿਰਦੇ ਵਿੱਚੋਂ ਦੋਵੇਂ ਪਦਾ ਵਾਲੇ ਵਾਹਿਗੁਰੂ ਮੰਤ੍ਰ ਨੂੰ ਟਿਕਾਉਣਾ ਕੀਤਾ। ਜੈਸਾ ਕਿ :

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥** [ਭਾ: ਗੁਰਦਾਸ ਜੀ, ਵਾਰ ੧੩, ਪਉੜੀ ੨]

ਅਥਵਾ :—ਗਿਆਨ ਤੇ ਬੈਰਾਗ ਦੋਵੈ=ਦੋ ਸਿੱਖ ਦੇ ਹਿਰਦੇ ਰੂਪੀ ਥਾਵ=ਥਾਂ 'ਤੇ ਸੂਰਮੇ ਗੁਰੂ ਨੇ ਰਖੇ=ਰੱਖਣਾ ਕੀਤੇ ਹਨ। ਸੋ, ਸਤਿਗੁਰੂ ਦੋਵੇਂ ਥਾਵ ਜੋ ਮੁਖਵਾਕ ਦੀ ਇਸ ਤੁਕ ਵਿੱਚ ਸਿਧਾਂਤ ਆਇਆ, ਜਿਸਦੀ ਵੀਚਾਰ ਚੱਲ ਰਹੀ ਹੈ, ਦੋਵੇਂ ਥਾਵ ਤੋਂ ਭਾਵ ਲੋਕ-ਪ੍ਰਲੋਕ ਹੈ, ਦੋਵੇਂ ਥਾਂ 'ਤੇ ਰੱਖਿਆ ਕਰਨ ਵਾਲਾ ਗ਼ਰੀਬਾਂ 'ਤੇ ਦਿਆਲੂ ਹੋਣ ਵਾਲਾ ਗੁਰੂ ਹੈ। ਜੈਸਾ ਕਿ :

੧. **ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥** [ਸੋਰਠਿ ਮਹਲਾ ੫, ਅੰਗ ੬੨੮]

੨. **ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥**
**ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥** [ਪ੍ਰਭਾਤੀ ਮਹਲਾ ੫, ਅੰਗ ੧੩੩੮]

ਸੋ, ਜਿਨ੍ਹਾਂ ਨੇ ਗੁਰੂ ਦੀ ਬਾਣੀ ਨਾਲ ਪਿਆਰ ਲਾਉਣਾ ਕੀਤਾ ਹੈ, ਉਨ੍ਹਾਂ ਦਾ ਦੋਨਾਂ ਲੋਕਾਂ ਵਿੱਚ ਬਾਣੀ ਆਸਰਾ ਬਣ ਗਈ। ਜੈਸਾ ਕਿ :

**ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਇਹੁ ਅਧਾਰੁ ॥**
[ਪ੍ਰਭਾਤੀ ਮਹਲਾ ੩, ਅੰਗ ੧੩੩੫]

ਇਸੇ ਤਰ੍ਹਾਂ ਜਨਮ ਮਰਣ ਰੂਪ ਸਿਰੇ ਸਤਿਗੁਰੂ ਨੇ ਨਿਬੇੜ ਦਿੱਤੇ ਹਨ। ਜੈਸਾ ਕਿ :

**ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੁਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥**

[ਮਾਰੂ ਮਹਲਾ ੧, ਅੰਗ ੯੯੨]

## *ਹਲਤ ਪਲਤ ਪਾਰਬ੍ਰਹਮਿ ਸਵਾਰੇ; ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥*

ਪਾਰਬ੍ਰਹਮਿ=ਜਿਸ ਬ੍ਰਹਮ ਦਾ ਪਾਰ-ਉਰਾਰ ਨਹੀਂ, ਉਸ ਪਾਰਬ੍ਰਹਮ ਦੇ ਸਿਮਰਨ ਨਾਲ ਹਲਤ=ਇਹ ਲੋਕ ਭਾਵ ਮਾਤ ਲੋਕ, ਪਲਤ=ਪ੍ਰਲੋਕ ਪ੍ਰਮੇਸ਼ਰ ਨੇ ਸਵਾਰੇ=ਸਵਾਰ ਦਿੱਤੇ ਹਨ ਅਤੇ ਹੋਰ ਭੀ ਜਿਤਨੇ ਕਾਰਜ=ਕੰਮ ਸਨ ਉਹ ਸਗਲੇ=ਸਾਰੇ ਪੂਰੇ=ਪੂਰਨ ਹੋਏ=ਹੋ ਗਏ ਹਨ। ਜਿਨ੍ਹਾਂ ਦੇ ਮਨ ਵਿੱਚ ਨਾਮ ਦਾ ਗੂੜ੍ਹਾ ਰੰਗ ਲੱਗਿਆ ਹੈ, ਉਹ ਦੋਵੇਂ ਲੋਕਾਂ ਵਿੱਚ ਸੋਭਾ ਪਾਉਂਦੇ ਹਨ॥੧॥ਰਹਾਉ॥ ਜੈਸਾ ਕਿ :

**੧. ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰ ਰੰਗੁ ਲਗਾ ਮਨਿ ਗੂੜਾ॥੩॥**

[ਜੈਤਸਰੀ ਮਹਲਾ ੪, ਅੰਗ ੬੯੮]

**੨. ਰਾਮ ਕੇ ਗੁਨ ਗਾਉ॥ ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ॥**

[ਰਾਮਕਲੀ ਮਹਲਾ ੫, ਅੰਗ ੮੯੫]

**੩. ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥**

[ਧਨਾਸਰੀ ਮਹਲਾ ੫, ਅੰਗ ੬੮੩]

**੪. ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ॥**
**ਹਲਤਿ ਪਲਤਿ ਸੁਖ ਪਾਇਦੇ ਜਪਿ ਜਪਿ ਰਿਦੈ ਮੁਰਾਰਿ॥** [ਸਿਰੀਰਾਗੁ ਮਹਲਾ ੩, ਅੰਗ ੩੦]

**੫. ਜਿਸੁ ਚਿਤਿ ਆਏ ਬਿਨਸਹਿ ਦੁਖਾ॥ ਹਲਤਿ ਪਲਤਿ ਤੇਰਾ ਊਜਲ ਮੁਖਾ॥੩॥**

[ਰਾਮਕਲੀ ਮਹਲਾ ੫, ਅੰਗ ੮੯੬]

**੬. ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥**

[ਧਨਾਸਰੀ ਮਹਲਾ ੪, ਅੰਗ ੬੭੦]

**੭. ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ॥**
**ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥** [ਸਿਰੀਰਾਗੁ ਮਹਲਾ ੫, ਅੰਗ ੪੬]

**੮. ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ॥**

[ਸੋਰਠਿ ਮਹਲਾ ੫, ਅੰਗ ੬੪੧]

## *ਹਰਿ ਹਰਿ ਨਾਮੁ ਜਪਤ ਸੁਖ ਸਹਜੇ; ਮਜਨੁ ਹੋਵਤ ਸਾਧੂ ਧੂਰੇ॥*

ਹਰਿ ਹਰਿ ਨਾਮ ਨੂੰ ਜਪਤ=ਜਪਦਿਆਂ ਸਹਜੇ=ਸੁਤੇ ਸਿਧ ਸੁਖ=ਅਨੰਦ ਪ੍ਰਾਪਤ ਹੋਇਆ ਹੈ, ਸਾਧੂ=ਮਹਾਂਪੁਰਸ਼ ਸੰਤਾਂ ਦੇ ਚਰਨਾਂ ਦੀ ਧੂਰੇ=ਧੂੜੀ ਵਿੱਚ ਮਜਨੁ=ਇਸ਼ਨਾਨ ਕਰਨ ਨਾਲ ਸਾਰਿਆਂ ਤੀਰਥਾਂ ਦਾ ਮਹਾਤਮ ਪ੍ਰਾਪਤ ਹੋਵਤ=ਹੋ ਜਾਂਦਾ ਹੈ। ਇਸ ਲਈ ਸਤਿਗੁਰੂ ਜੀ ਸਾਧੂਆਂ ਤੋਂ ਕੁਰਬਾਨ ਜਾਣ ਦੀ ਪ੍ਰੇਰਨਾ ਕਰਦੇ ਹੋਏ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥**

[ਗਉੜੀ ਮਹਲਾ ੫, ਅੰਗ ੨੮੩]

ਸਾਧ ਤੋਂ ਭਾਵ ਨਿਰਮਲ ਕਰਮਾਂ ਵਾਲਾ ਸਤਿਪੁਰਸ਼। ਜੈਸਾ ਕਿ :

**ਸਾਧ ਨਾਮ ਨਿਰਮਲ ਤਾ ਕੇ ਕਰਮ॥** [ਗਉੜੀ ਮਹਲਾ ੫, ਅੰਗ ੨੯੬]

ਨਿਰਮਲ ਕਰਮਾਂ ਵਾਲੇ ਗੁਰਸਿੱਖ ਸਾਧੂ ਹਨ। ਜੋ ਅੰਮ੍ਰਿਤ ਸਰੂਪ ਗੁਰਬਾਣੀ ਪੜ੍ਹਦੇ, ਗਾਉਂਦੇ ਤੇ ਸੁਣਦੇ ਹਨ। ਜੈਸਾ ਕਿ :

੧. **ਹਰਿ ਅੰਮ੍ਰਿਤ ਬਾਣੀ ਗਾਵੈ॥ ਸਾਧਾ ਕੀ ਧੂਰੀ ਨਾਵੈ॥** [ਸੋਰਠਿ ਮਹਲਾ ੫, ਅੰਗ ੬੨੩]

੨. **ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥** [ਵਾਰ ਆਸਾ ਮਹਲਾ ੧, ਅੰਗ ੪੬੮]

ਸਾਧੂਆਂ ਦੀ ਚਰਣ ਧੂੜੀ ਦਾ ਇਸ਼ਨਾਨ ਵੱਡੇ-ਵੱਡੇ ਪਾਪਾਂ ਨੂੰ ਨਾਸ਼ ਕਰਦਾ ਹੈ। ਜੈਸਾ ਕਿ :

੧. **ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ॥** [ਨਟ ਮਹਲਾ ੫, ਅੰਗ ੯੮੯]

੨. **ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥** [ਸਲੋਕ ਮਹਲਾ ੪, ਅੰਗ ੧੪੨੪]

ਇਹ ਸਭ ਨਾਮ ਦੀਆਂ ਬਰਕਤਾਂ ਹਨ। ਜਿਤਨਾ ਵਾਹਿਗੁਰੂ ਪ੍ਰਮੇਸ਼ਰ ਆਪ ਪਵਿੱਤਰ ਹੈ, ਉਤਨਾ ਹੀ ਉਸਦਾ ਨਾਮ ਪਵਿੱਤਰ ਹੈ। ਜਿਤਨੀਆਂ ਉਸ ਵਿੱਚ ਸ਼ਕਤੀਆਂ ਹਨ, ਉਤਨੀਆਂ ਉਸਦੇ ਨਾਮ ਵਿੱਚ ਸ਼ਕਤੀਆਂ ਹਨ, ਜਿਤਨੀ ਉਸ ਵਿੱਚ ਸੀਤਲਤਾ ਹੈ, ਉਤਨੀ ਹੀ ਨਾਮ ਵਿੱਚ ਸੀਤਲਤਾ ਹੈ, ਉਹ ਆਪ ਪਾਪ ਨਾਸ਼ਕ ਹੈ, ਉਸਦਾ ਨਾਮ ਭੀ ਪਾਪ ਨਾਸ਼ਕ ਹੈ। ਉਸਦੇ ਨਾਮ ਵਿੱਚ ਉਸਦੀ ਆਪਣੀ ਤਾਸੀਰ ਹੈ, ਉਸਦੀ ਆਪਣੀ ਪਵਿੱਤਰਤਾ ਮੌਜੂਦ ਹੈ, ਜਦੋਂ ਇਹ ਨਾਮ ਕਿਸੇ ਦੇ ਹਿਰਦੇ ਵਿੱਚ ਚਲਾ ਜਾਂਦਾ ਹੈ ਤਾਂ ਨਾਮ ਅਤੇ ਨਾਮੀ ਦੀ ਤਾਸੀਰ ਪਵਿੱਤਰਤਾ ਵਾਲੀ ਉਸਦੇ ਹਿਰਦੇ ਵਿੱਚ ਆ ਜਾਂਦੀ ਹੈ। ਹਿਰਦਾ ਪਵਿੱਤਰ ਹੋ ਜਾਂਦਾ ਹੈ, ਉਸ ਹਿਰਦੇ 'ਚੋਂ ਪਿਆਰ ਦੇ ਸ਼ਬਦ ਜਨ ਸਮੁਦਾਇ ਦੇ ਭਲੇ ਦੇ ਸ਼ਬਦ ਪੈਦਾ ਹੋਣ ਲੱਗ ਜਾਂਦੇ ਹਨ। ਸੋ, ਇਹ ਪਵਿੱਤਰਤਾ ਕੇਵਲ ਹਿਰਦੇ ਤਕ ਹੀ ਸੀਮਿਤ ਨਹੀਂ ਰਹਿੰਦੀ, ਬਲਕਿ ਹਿਰਦੇ ਤੋਂ ਬਾਅਦ ਸਾਰੇ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਫਿਰ ਜਿਥੇ ਨਾਮ ਸਿਮਰਨ ਕਰਨ ਵਾਲੇ ਦੇ ਚਰਨ ਪੈਣ, ਇਹ ਪਵਿੱਤਰਤਾ ਉਸ ਧਰਤੀ ਵਿੱਚ ਭੀ ਤੇ ਆਲੇ-ਦੁਆਲੇ ਦੇ ਵਾਤਾਵਰਣ ਵਿੱਚ ਭੀ ਚਲੀ ਜਾਂਦੀ ਹੈ। ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਉਸ ਜਗ੍ਹਾ 'ਤੇ ਹੋ ਜਾਂਦਾ ਹੈ। ਜੈਸਾ ਕਿ :

**ਅਠਸਠਿ ਤੀਰਥ ਜਹ ਸਾਧ ਪਗ ਧਰਹਿ॥**
**ਤਹਿ ਬੈਕੁੰਠੁ ਜਹ ਨਾਮੁ ਉਚਰਹਿ॥** [ਰਾਮਕਲੀ ਮਹਲਾ ੫, ਅੰਗ ੮੯੦]

ਜਿਸ ਨਗਰ ਵਿੱਚ ਉਹ ਮਹਾਂਪੁਰਸ਼ ਸਿਮਰਨ ਕਰਨ ਵਾਲਾ ਰਹਿੰਦਾ ਹੋਵੇ, ਉਹ ਨਗਰ ਭੀ ਸਾਰਾ ਪਵਿੱਤਰ ਹੋ ਜਾਂਦਾ ਹੈ, ਉਸਦੇ ਆਪਣੇ ਸਰੀਰ ਦੀ ਤਾਂ ਬਾਤ ਹੀ ਕੀ ਹੈ। ਜੈਸਾ ਕਿ :

**ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥**
**ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥੧੧੦॥** [ਸਲੋਕ ਕਬੀਰ ਜੀ, ਅੰਗ ੧੩੭੦]

ਸੰਤਾਂ ਦੀ ਚਰਨ ਧੂੜ ਤੋਂ ਭਾਵ ਸੰਤਾਂ ਦੀ ਨਿਮਰਤਾ ਭੀ ਹੈ ਕਿ ਸਾਧੂਆਂ ਦੀ ਚਰਨ-ਧੂੜ ਪ੍ਰਾਪਤ ਕਰਨ ਤੋਂ ਭਾਵ ਸਾਧੂਆਂ ਅੱਗੇ ਨਿਮਰਤਾ ਧਾਰਨ ਕਰਨੀ, ਭਾਵ ਨਿਰ-ਹੰਕਾਰ ਹੋਣਾ। ਪ੍ਰਤੱਖ ਭੀ ਸਾਧੂਆਂ ਦੀ ਚਰਨ-ਧੂੜ ਦੇ ਅਨੇਕਾਂ ਪ੍ਰਮਾਣ ਹਨ। ਭਾਈ ਸੁਬੇਗ ਸਿੰਘ ਨੇ ਆਪਣੇ ਪੁੱਤਰ ਸਾਹਬਾਜ਼ ਸਿੰਘ ਦੇ ਮੱਥੇ ਦੀ ਮੰਦ ਰੇਖਾ ਮੇਟਣ

ਲਈ ਚਰਨ ਧੂੜ ਚੁੱਕ ਕੇ ਮੱਥੇ ਨੂੰ ਲਾਈ ਸੀ। ਭਗਤ ਨਾਮਦੇਵ ਜੀ ਦੇ ਚਰਨਾਂ ਦੀ ਧੂੜ ਲੈ ਕੇ ਤ੍ਰਿਲੋਚਨ ਨੇ ਅੱਖਾਂ ਵਿੱਚ ਸੁਰਮਾ ਪਾਇਆ ਸੀ, ਜਿਸ 'ਤੇ ਪ੍ਰਮੇਸ਼ਰ ਦ੍ਰਿਸ਼ਟੀ ਆਇਆ ਸੀ।

### *ਆਵਣ ਜਾਣ ਰਹੇ ਥਿਤਿ ਪਾਈ; ਜਨਮ ਮਰਣ ਕੇ ਮਿਟੇ ਬਿਸੂਰੇ ॥੧॥*

ਆਵਣ=ਆਉਣ ਭਾਵ ਜਨਮ ਲੈਣ ਜਾਣ=ਚੱਲਣ ਭਾਵ ਮਰਨ ਦੋਨਾਂ ਦੀ ਤਰਫੋਂ ਰਹੇ=ਰਹਿ ਗਏ ਹਾਂ ਜਨਮ-ਮਰਣ ਦੇ ਬਿਸੂਰੇ=ਝੋਰੇ ਮਿਟ ਗਏ ਹਨ ਅਤੇ ਥਿਤਿ=ਇਸਥਤੀ ਪਾ ਲਈ, ਭਾਵ ਟਿਕਾਅ ਵਾਲੀ ਅਵਸਥਾ ਪਾ ਲਈ ਹੈ। ਜੈਸਾ ਕਿ :

**ਆਵਣ ਜਾਣ ਰਹੇ ਜਨਮ ਨ ਤਹਾ ਮਰਿ ॥** [ਵਾਰ ਗੂਜਰੀ ਮਹਲਾ ੫, ਅੰਗ ੫੨੪]

### *ਭ੍ਰਮ ਭੈ ਤਰੇ ਛੁਟੇ ਭੈ ਜਮ ਕੇ; ਘਟਿ ਘਟਿ ਏਕੁ ਰਹਿਆ ਭਰਪੂਰੇ ॥*

ਪੰਜ ਪ੍ਰਕਾਰ ਦਾ ਭਰਮ ਅਤੇ ਸੱਤ ਪ੍ਰਕਾਰ ਦਾ ਡਰ, ਜਿਸ ਸੰਸਾਰ ਵਿਚ ਮੌਜੂਦ ਹੈ, ਉਸ ਸੰਸਾਰ-ਸਮੁੰਦਰ ਤੋਂ ਤਰ ਗਏ, ਜਮਾਂ ਦੇ ਡਰ ਤੋਂ ਛੁਟੇ=ਛੁਟ ਗਏ ਹਾਂ, ਘਟਿ ਘਟਿ=ਘਟਾਂ ਘਟਾਂ ਵਿਚ ਇੱਕ ਵਾਹਿਗੁਰੂ ਨੂੰ ਭਰਪੂਰੇ=ਪਰੀਪੂਰਨ ਨਿਸਚੇ ਕੀਤਾ ਹੈ।

### *ਨਾਨਕ ਸਰਣਿ ਪਰਿਓ ਦੁਖ ਭੰਜਨ;*
### *ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦ ਦੁਖਾਂ ਦੇ ਭੰਜਨ=ਭੰਨਣ ਵਾਲੇ ਵਾਹਿਗੁਰੂ ਦੀ ਸਰਣੀ ਪਏ ਤਦ ਉਸ ਨੂੰ ਅੰਦਰ ਬਾਹਰ ਹਰ ਥਾਂ ਹਾਜ਼ਰਾ-ਹਜ਼ੂਰ ਪੇਖਿ=ਦੇਖਿਆ ਹੈ ॥੨॥੨੨॥੧੦੮॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੦ [ਆਦਿ ਅੰਗ ੮੨੬]

***ਬਿਲਾਵਲੁ ਮਹਲਾ ੫ ॥ ਦਰਸਨੁ ਦੇਖਤ ਦੋਖ ਨਸੇ ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥੧॥ਰਹਾਉ॥ ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥ ਪੂਰਿ ਰਹੇ ਪ੍ਰਭ ਅੰਤਰਜਾਮੀ ॥੧॥ ਕਿਆ ਗੁਣ ਤੇਰੇ ਸਾਰਿ ਸਮ੍ਾਰੀ ॥ ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ ॥੨॥ ਕਿਰਪਾ ਨਿਧਿ ਪ੍ਰਭ ਦੀਨ ਦਇਆਲਾ ॥ ਜੀਅ ਜੰਤ ਕੀ ਕਰਹੁ ਪ੍ਰਤਿਪਾਲਾ ॥੩॥ ਆਠ ਪਹਰ ਤੇਰਾ ਨਾਮੁ ਜਨੁ ਜਾਪੇ ॥ ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥੪॥੨੩॥੧੦੯॥***

## ਬਿਲਾਵਲੁ ਮਹਲਾ ੫ ॥

ਇਹ ਪਾਵਨ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਬਿਲਾਵਲ ਰਾਗ ਵਿੱਚ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੮੨੬ ਉੱਪਰ ਸੁਸ਼ੋਭਿਤ ਹੈ।

ਇਸ ਪਾਵਨ ਸ਼ਬਦ ਵਿੱਚ ਜਗਿਆਸੂ ਦੀ ਉਹ ਅਵਸਥਾ ਕਥਨ ਕੀਤੀ ਹੈ ਜਿਸ ਵੈਰਾਗਮਈ ਅਵਸਥਾ ਵਿੱਚ ਪਰਮੇਸ਼ਰ ਦੇ ਦਰਸ਼ਨਾਂ ਦੀ ਤੜਫ, ਪ੍ਰਾਪਤੀ ਅਤੇ ਦੋਖ ਨਵਿਰਤੀ ਸ਼ਕਤੀ ਦਾ ਵਰਣਨ ਹੈ, ਦਰਸ਼ਨਾਂ ਦੇ ਪ੍ਰਤਾਪ ਕਰਕੇ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵੈਰੀਆਂ ਦਾ ਨਾਸ਼ ਹੁੰਦਾ ਹੈ, ਇਸ ਕਰਕੇ ਇਸ ਸ਼ਬਦ ਦੀਆਂ ਪਹਿਲੀਆਂ ਰਹਾਉ ਵਾਲੀਆਂ ਤੁਕਾਂ ਵਿੱਚ ਦਰਸ਼ਨਾਂ ਦੀ ਬਰਕਤ ਅਤੇ ਆਪਣੀ ਬੇਨਤੀ ਕਥਨ ਕੀਤੀ ਹੈ ਕਿ ਆਪ ਜੀ ਕਦੇ ਵੀ ਮੇਰੀ ਦ੍ਰਿਸ਼ਟੀ ਤੋਂ ਓਹਲੇ ਨਾ ਹੋਵੇ "**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥** [ਅੰਗ ੮੬੪] ਐਸੀ ਅਵਸਥਾ ਸਦਾ ਬਣੀ ਰਹੇ। ਸੋ ਐਸਾ ਸਿਧਾਂਤ ਕਥਨ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਣ ਕਰਦੇ ਹਨ :

## ਦਰਸਨੁ ਦੇਖਤ; ਦੋਖ ਨਸੇ ॥

ਹੇ ਪ੍ਰਭੂ ! ਤੇਰੇ ਦਰਸਨੁ=ਦੀਦਾਰ ਦੇਖਤ=ਵੇਖਦਿਆਂ ਹੀ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪੀ ਦੋਖ=ਦੋਸ਼ ਨਸੇ=ਨੱਸ, ਨਾਸ਼ ਹੋ ਜਾਂਦੇ ਹਨ।

## ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ; ਜੀਅ ਕੈ ਸੰਗਿ ਬਸੇ ॥੧॥ਰਹਾਉ॥

ਹੇ ਪ੍ਰਭੂ ! ਸਾਡੀ ਦ੍ਰਿਸਟਿ=ਨਿਗ੍ਹਾ ਤੋਂ ਕਬਹੁ=ਕਦੇ ਵੀ ਅਗੋਚਰ=ਓਹਲੇ ਨਾ ਹੋਵਹੁ=ਹੋਣਾ ਕਰੋ, ਸਾਡੇ ਜੀਅ=ਹਿਰਦੇ ਕੈ=ਦੇ ਸੰਗਿ=ਨਾਲ ਬਸੇ=ਵੱਸਦੇ ਰਹਿਣਾ ਕਰੋ ॥੧॥ਰਹਾਉ ॥

## ਪ੍ਰੀਤਮ; ਪ੍ਰਾਨ ਅਧਾਰ ਸੁਆਮੀ ॥
## ਪੂਰਿ ਰਹੇ ਪ੍ਰਭ; ਅੰਤਰਜਾਮੀ ॥੧॥

ਹੇ ਪ੍ਰੀਤਮ=ਪਿਆਰੇ ਪ੍ਰਭੂ ! ਤੂੰ ਸਾਡੇ ਪ੍ਰਾਨ=ਸੁਆਸਾਂ, ਜ਼ਿੰਦਗੀ ਦਾ ਅਧਾਰ=ਆਸਰਾ ਤੇ ਸਾਡਾ ਸੁਆਮੀ=ਮਾਲਕ ਹੈਂ।

ਹੇ ਅੰਤਰਜਾਮੀ=ਅੰਦਰ ਦੀ ਜਾਣਨ ਵਾਲੇ ਪ੍ਰਭ=ਪ੍ਰਭੂ ! ਤੂੰ ਸਾਰੇ ਹੀ ਪੂਰਿ ਰਹੇ=ਪੂਰਨ ਹੋ ਰਿਹਾ ਹੈਂ ॥੧॥

ਇਉਂ ਪਰਮਾਤਮਾ ਦੀ ਵਡਿਆਈ ਕਰਦਿਆਂ ਜਗਿਆਸੂ ਦੇ ਅੰਦਰ ਐਸੀ ਭਾਵਨਾ ਪ੍ਰਗਟ ਹੁੰਦੀ ਹੈ ਕਿ ਮੈਂ ਪਰਮਾਤਮਾ ਦੇ ਗੁਣ ਗਾਇਨ ਕਰਦਾ ਰਹਾਂ। ਜਦੋਂ ਗੁਣ ਗਾਉਣ ਲੱਗਦਾ ਹੈ ਤਾਂ ਗੁਣਾਂ ਦਾ ਅੰਤ ਨਹੀਂ ਆਉਂਦਾ, ਇਸ ਲਈ ਇਉਂ ਬੇਨਤੀ ਕਰਦਾ ਹੈ।

## *ਕਿਆ ਗੁਣ ਤੇਰੇ; ਸਾਰਿ ਸਮ੍ਾਰੀ ॥*

ਹੇ ਪ੍ਰਭੂ ! ਮੈਂ ਤੇਰੇ ਕਿਆ=ਕਿਹੜੇ ਕਿਹੜੇ ਗੁਣਾਂ ਦੀ ਸਾਰ ਨੂੰ ਸਮ੍ਾਰੀ=ਸੰਭਾਲਣਾ ਕਰਾਂ **ਵਾ:** ਕਿਹੜੇ-ਕਿਹੜੇ ਸਾਰਿ=ਸ੍ਰੇਸ਼ਟ ਗੁਣਾਂ ਨੂੰ ਯਾਦ ਕਰਾਂ ਭਾਵ ਤੇਰੇ ਵਿੱਚ ਬੇਅੰਤ ਗੁਣ ਹਨ।

ਗੁਣ ਇੱਕ ਸ੍ਰੇਸ਼ਟ ਖ਼ੂਬੀ ਦਾ ਨਾਮ ਹੈ, ਸੰਸਾਰੀ ਜੀਵਾਂ ਵਿੱਚ ਗੁਣ ਅਤੇ ਔਗੁਣ ਸਮਾਨ ਹੀ ਚੱਲਦੇ ਹਨ। ਜੀਵ ਭਾਵੇਂ ਪਾਤਾਲ ਲੋਕ ਦੇ ਹੋਣ ਭਾਵੇਂ ਮਾਤ ਲੋਕ ਦੇ ਹੋਣ ਭਾਵੇਂ ਸਵਰਗ ਲੋਕ ਦੇ ਹੋਣ, ਗੁਣ ਤੇ ਔਗੁਣ ਸਭਨਾਂ ਵਿੱਚ ਹੁੰਦੇ ਹਨ। ਜਿਵੇਂ ਕਿ ਕਮਲ ਦੇ ਫੁੱਲ ਦੀ ਸੁਗੰਧੀ ਵੀ ਬਹੁਤ ਹੈ ਅਤੇ ਉਹ ਸੁੰਦਰ ਵੀ ਬਹੁਤ ਲੱਗਦਾ ਪਰ ਉਸ ਨੂੰ ਕੰਡੇ ਵੀ ਲੱਗੇ ਹੁੰਦੇ ਹਨ, ਜੈਸਾ ਕਿ :

**ਹੈ ਗੁਣ ਔਗੁਣ ਸਭ ਵਿਖੇ ਇਨ ਬਿਨ ਜੰਤੁ ਨ ਕੋਇ ॥**
**ਮ੍ਰਿਦ ਸੁਗੰਧ ਸੁੰਦਰ ਕਮਲ ਪਰ ਕੰਟਕ ਭੀ ਹੋਇ ॥੨੫॥** [ਸਾਰੁਕਤਾਵਲੀ, ਅਧਿ: ੧੧, ਦੋਹਰਾ ੨੫]

ਕਿਸੇ ਜੀਵ ਵਿੱਚ ਗੁਣ ਬਹੁਤੇ ਤੇ ਔਗੁਣ ਥੋੜੇ ਹੁੰਦੇ ਹਨ ਅਤੇ ਕਿਸੇ ਜੀਵ ਵਿੱਚ ਗੁਣ ਥੋੜੇ ਤੇ ਔਗੁਣ ਬਹੁਤੇ ਹੁੰਦੇ ਹਨ। ਜਿਸ ਵਿੱਚ ਗੁਣ ਬਹੁਤੇ ਤੇ ਔਗੁਣ ਥੋੜੇ ਹੋਣ, ਉਸ ਦੇ ਗੁਣ ਹੀ ਚਾਦਰ ਰੂਪ ਹੋ ਕੇ ਔਗੁਣਾਂ ਨੂੰ ਢੱਕ ਲੈਂਦੇ ਹਨ ਭਾਵ ਉਨ੍ਹਾਂ ਦੇ ਔਗੁਣ ਤਾਂ ਹੁੰਦੇ ਹਨ ਪਰ ਗੁਣਾਂ ਦੀ ਬਹੁਲਤਾ ਕਰਕੇ ਔਗੁਣਾਂ ਦਾ ਪ੍ਰਭਾਵ ਨਹੀਂ ਪੈਂਦਾ ਅਤੇ ਜਿਨ੍ਹਾਂ ਵਿੱਚ ਗੁਣ ਥੋੜੇ ਤੇ ਔਗੁਣ ਬਹੁਤੇ ਹੁੰਦੇ ਹਨ ਉਨ੍ਹਾਂ ਦੇ ਔਗੁਣ ਹੀ ਚਾਦਰ ਰੂਪ ਹੋ ਕੇ ਗੁਣਾਂ ਨੂੰ ਐਸਾ ਢੱਕ ਲੈਂਦੇ ਹਨ ਕਿ ਗੁਣ ਨਜ਼ਰ ਹੀ ਨਹੀਂ ਆਉਂਦੇ ਕੇਵਲ ਔਗੁਣ ਹੀ ਔਗੁਣ ਸੰਸਾਰ ਨੂੰ ਦਿੱਸਦੇ ਹਨ।

ਜਿਵੇਂ ਅੱਗ ਅਤੇ ਪਾਣੀ ਦੀ ਵਿਚਾਰ ਹੈ। ਜੇਕਰ ਅੱਗ ਬਹੁਤੀ ਹੋਵੇ ਤੇ ਪਾਣੀ ਥੋੜਾ ਹੋਵੇ ਤਾਂ ਅੱਗ ਪਾਣੀ ਨੂੰ ਸਾੜ ਦਿੰਦੀ ਹੈ ਅਤੇ ਪਾਣੀ ਦਾ ਸਰੂਪ ਨਜ਼ਰ ਨਹੀਂ ਆਉਂਦਾ। ਜੇਕਰ ਪਾਣੀ ਬਹੁਤਾ ਹੋਵੇ ਅਤੇ ਅੱਗ ਥੋੜੀ ਹੋਵੇ ਤਾਂ ਪਾਣੀ ਅੱਗ ਨੂੰ ਬੁਝਾ ਕੇ ਉਸ ਦਾ ਸਰੂਪ ਦਿੱਸਣ ਨਹੀਂ ਦੇਂਦਾ। ਇਵੇਂ ਹੀ ਸੰਸਾਰ ਦੇ ਜੀਵਾਂ ਦੇ ਗੁਣਾਂ ਤੇ ਔਗੁਣਾਂ ਦੀ ਕਹਾਣੀ ਹੈ।

ਇਸ ਸੰਸਾਰ ਵਿੱਚ ਦੂਸਰਾ ਪੱਖ ਬ੍ਰਹਮ ਬੇਤਿਆਂ ਦਾ ਹੈ, ਜਿਨ੍ਹਾਂ ਵਿੱਚ ਕੋਈ ਵੀ ਔਗੁਣ ਨਹੀਂ ਰਹਿੰਦਾ, ਕੇਵਲ ਗੁਣ ਹੀ ਗੁਣ ਹੁੰਦੇ ਹਨ, ਜੈਸਾ ਕਿ :

**ਸਗਲ ਗੁਣ ਅਵਗੁਣ ਨ ਕੋਈ ਹੋਹਿ ਨੀਤਾ ਨੀਤਾ ॥** [ਸੂਹੀ ਮ: ੧, ਅੰਗ ੭੬੫]

ਗੁਰੂ ਅਤੇ ਪਰਮੇਸ਼ਰ ਵਿੱਚ ਕੋਈ ਔਗੁਣ ਨਹੀਂ ਹੁੰਦਾ ਕੇਵਲ ਗੁਣ ਹੀ ਗੁਣ ਹੁੰਦੇ ਹਨ। ਏਸੇ ਕਰਕੇ ਪਰਮੇਸ਼ਰ ਨੂੰ ਗੁਣਾਂ ਦਾ ਸਮੁੰਦਰ ਕਿਹਾ ਗਿਆ ਹੈ। ਜੈਸਾ ਕਿ :

੧. **ਤੂ ਗੁਣ ਸਾਗਰ ਅਵਗੁਣ ਮੋਹੀ ॥੧॥ਰਹਾਉ ॥** [ਪ੍ਰਭਾਤੀ ਮ: ੧, ਅੰਗ ੧੩੪੩]

੨. **ਮੇਰੇ ਹੈ ਅਵਗੁਨ ਤੂ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ ॥੫੨੮॥**
[ਭਾਈ ਗੁਰਦਾਸ ਜੀ, ਕਬਿੱਤ ਸਵਯੇ]

ਦੋ ਚੀਜ਼ਾਂ ਦਾ ਅੰਤ ਨਹੀਂ ਹੈ, ਜੀਵ ਦੇ ਔਗੁਣਾਂ ਦਾ ਵੀ ਕੋਈ ਅੰਤ ਨਹੀਂ ਆਉਂਦਾ। ਜੈਸਾ ਕਿ :

੧. **ਜੇਤਾ ਸਮੁੰਦਰ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥** [ਗਉੜੀ ਮ: ੧, ਅੰਗ ੧੫੬]

੨. **ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥**
[ਸਵਈਏ ਮ: ਚਉਥੇ ਕੇ, ਅੰਗ ੧੪੦੬]

ਅਤੇ ਪਰਮੇਸ਼ਰ ਦੇ ਗੁਣਾਂ ਦਾ ਵੀ ਕੋਈ ਅੰਤ ਨਹੀਂ ਹੈ। ਇਹ ਦੋਵੇਂ ਪੱਖ ਬੇਅੰਤਤਾ ਦਾ ਵਰਣਨ ਕਰਦੇ ਹਨ। ਉਪਰੋਕਤ ਤੁਕ ਵਿੱਚ ਜੋ ਪਰਮੇਸ਼ਰ ਦੇ ਗੁਣਾਂ ਦੀ ਸਾਰ ਸੰਭਾਲ ਕਰਨ ਦੀ ਭਾਵਨਾ ਪ੍ਰਗਟਾਈ ਹੈ ਅਤੇ

ਜੋਦੜੀ ਕੀਤੀ ਹੈ ਕਿ ਮੈਂ ਤੇਰੇ ਗੁਣਾਂ ਦੀ ਹਿਰਦੇ ਵਿੱਚ ਸੰਭਾਲ ਕਰ ਲਵਾਂ। ਜੇਕਰ ਜੀਵ ਗੁਣਾਂ ਦਾ ਚਿੰਤਨ ਕਰਦਾ ਰਹੇ ਤਾਂ ਜੀਵ ਵਿੱਚ ਗੁਣਾਂ ਦਾ ਵਾਧਾ ਹੋ ਜਾਂਦਾ ਹੈ। ਇਸ ਕਰਕੇ ਪਰਮੇਸ਼ਰ ਦੇ ਗੁਣਾਂ ਦਾ ਚਿੰਤਨ ਕਰਨ ਦੀ ਸਿੱਖਿਆ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕੀਤੀ ਹੈ। ਗੁਣ ਪਰਮੇਸ਼ਰ ਦੀ ਇਕ ਦਾਤ ਦਾ ਨਾਮ ਹੈ ਅਤੇ ਔਗੁਣ ਜੀਵ ਦੀ ਕਮਜ਼ੋਰੀ ਹੈ। ਗੁਣ ਕੇਵਲ ਪਰਮਾਤਮਾ ਦੇ ਵਿੱਚ ਹੀ ਹਨ। ਜੋ ਜੀਵਾਂ ਵਿੱਚ ਗੁਣ ਦਿੱਸ ਰਹੇ ਹਨ, ਇਹ ਪਰਮਾਤਮਾ ਨੇ ਆਪਣੀ ਰੱਬੀ ਦਾਤ ਵੰਡੀ ਹੋਈ ਹੈ। ਕਿਸੇ ਨੂੰ ਥੋੜੇ ਅਤੇ ਕਿਸੇ ਨੂੰ ਬਹੁਤੇ ਗੁਣ ਬਖ਼ਸ਼ਿਸ਼ ਕੀਤੇ ਹਨ।

ਗੁਣ ਇੱਕ ਰੱਬੀ ਦਾਤ ਹੋਣ ਕਰਕੇ ਜਦੋਂ ਅਸੀਂ ਕਿਸੇ ਜੀਵ ਦੇ ਗੁਣਾਂ ਦਾ ਵਰਣਨ ਕਰਾਂਗੇ ਤਾਂ ਉਹ ਗੁਣ ਸਾਡੇ ਵਿੱਚ ਪਰਵੇਸ਼ ਹੁੰਦੇ ਜਾਣਗੇ। ਇਹ ਰੱਬੀ ਦਾਤ ਇਉਂ ਅੱਗੇ ਤੋਂ ਅੱਗੇ ਵੰਡੀ ਜਾਂਦੀ ਹੈ। ਜਿਹੜਾ ਜੀਵ ਔਗੁਣਾਂ ਦਾ ਚਿੰਤਨ ਵਾ ਕਥਨ ਕਰੇਗਾ, ਉਹ ਹੋਰਨਾਂ ਦੇ ਔਗੁਣਾਂ ਦਾ ਚਿੰਤਨ ਵਾ ਕਥਨ ਕਰਦਾ ਕਰਦਾ ਇਕ ਦਿਨ ਔਗੁਣਾਂ ਦਾ ਘਰ ਹੀ ਬਣ ਜਾਵੇਗਾ। ਇਸ ਲਈ ਜੀਵ ਨੂੰ ਗੁਣਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਉਹ ਗੁਣ ਪਰਮੇਸ਼ਰ ਵਿੱਚ, ਗੁਰੂ ਵਿੱਚ, ਬ੍ਰਹਮ ਬੇਤਿਆਂ ਵਿੱਚ ਜਾਂ ਸੰਸਾਰ ਦੇ ਕਿਸੇ ਵੀ ਜੀਵ ਵਿੱਚ ਹਨ, ਉਨ੍ਹਾਂ ਕੋਲੋਂ ਗੁਣ ਗ੍ਰਹਿਣ ਕਰ ਲੈਣੇ ਚਾਹੀਦੇ ਹਨ। ਜੈਸਾ ਕਿ :

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥** [ਸੂਹੀ ਮ: ੧, ਅੰਗ ੭੬੬]

## *ਸਾਸਿ ਸਾਸਿ ਪ੍ਰਭ; ਤੁਝਹਿ ਚਿਤਾਰੀ ॥੨॥*

ਹੇ ਪ੍ਰਭ=ਪਰਮਾਤਮਾ! ਮੈਂ ਸਾਸਿ ਸਾਸਿ=ਹਰਕੇ ਸ੍ਵਾਸ ਤੁਝਹਿ=ਤੈਨੂੰ ਹੀ ਚਿਤਾਰੀ=ਯਾਦ ਕਰਦਾ ਰਹਾਂ ॥੨॥

ਇਸ ਤੁਕ ਵਿਚ ਸਤਿਗੁਰੂ ਜੀ ਨੇ ਸ੍ਵਾਸਾਂ ਦੁਆਰਾ ਪਰਮੇਸ਼ਰ ਦਾ ਚਿੰਤਨ ਕਰਨ ਦੀ ਸਿੱਖਿਆ ਦਿੱਤੀ ਹੈ ਵਾ ਜਗਿਆਸੂ ਦੀ ਭਾਵਨਾ ਪ੍ਰਗਟਾਈ ਹੈ ਕਿ ਮੈਂ ਗੁਣਾਂ ਨੂੰ ਸੰਭਾਲ ਕੇ ਸੁਆਸ-ਸੁਆਸ ਪਰਮਾਤਮਾ ਦਾ ਚਿੰਤਨ ਕਰਦਾ ਰਹਾਂ। ਸ੍ਵਾਸ ਪ੍ਰਾਣ ਵਾਯੂ ਦਾ ਹਿੱਸਾ ਹੈ। ਇੱਕ ਹੀ ਪਉਣ ਸਾਡੇ ਸਰੀਰ ਵਿੱਚ ਦਸ ਹਿੱਸੇ ਹੋ ਕੇ ਵਰਤ ਰਹੀ ਹੈ। ਜੈਸਾ ਕਿ :

**ਪ੍ਰਾਨ ਅਪਾਨ ਸਮਾਨ ਅਰ ਵਿਆਨ ਉਦਾਨਹਿ ਜਾਨ ॥**
**ਪਾਂਚ ਠਿਕਾਨੇ ਤੇ ਭਯੋ ਏਕੈ ਪਵਨ ਬਖਾਨ ॥੬੧॥** [ਅਧਿਆਤਮ ਪ੍ਰਕਾਸ਼]

ਇਹ ਪੰਜ ਪ੍ਰਕਾਰ ਦੀ ਮੁੱਖ ਪੌਣ ਹੈ, ਇਸ ਤੋਂ ਇਲਾਵਾ ਪੰਜ ਉਪ-ਪ੍ਰਾਣ ਹਨ। ੧. ਪ੍ਰਾਨ—ਹਿਰਦੇ ਵਿੱਚ। ੨. ਅਪਾਨ—ਗੁਦਾ ਵਿੱਚ। ੩. ਸਮਾਨ—ਨਾਭੀ ਵਿੱਚ। ੪. ਉਦਿਆਨ—ਕੰਠ ਵਿੱਚ। ੫. ਵਿਆਨ—ਸਾਰੇ ਸਰੀਰ ਵਿੱਚ। ੬. ਕਿਕਲ—ਜੋ ਛਿੱਕ ਲਿਆਉਂਦੀ ਹੈ। ੭. ਕੂਰਮ—ਜੋ ਨੇਤ੍ਰਾਂ ਦੀਆਂ ਪਲਕਾਂ ਖੋਲ੍ਹਦੀ ਹੈ। ੮. ਨਾਗ—ਜੋ ਡਕਾਰ ਲਿਆਉਂਦੀ ਹੈ। ੯. ਦੇਵਦਤ—ਜੋ ਉਬਾਸੀ ਲਿਆਉਂਦੀ ਹੈ। ੧੦. ਧਨੰਜੈ—ਜੋ ਮੌਤ ਤੋਂ ਬਾਅਦ ਪੇਟ ਫੁਲਾਉਂਦੀ ਹੈ।

ਇਸ ਪ੍ਰਕਾਰ ਅਸਥਾਨ ਅਤੇ ਕਿਰਿਆ ਵੱਖਰੀ ਵੱਖਰੀ ਹੋਣ ਕਰਕੇ ਇੱਕੋ ਹੀ ਹਵਾ ਦੇ ਦਸ ਨਾਮ ਪੈ ਗਏ ਹਨ। ਜਿਹੜੀ ਸ੍ਵਾਸ ਕਿਰਿਆ ਹੈ, ਜਿਸ ਨੂੰ ਪ੍ਰਾਣ ਵਾਯੂ ਵੀ ਕਹਿੰਦੇ ਹਨ, ਇਹ ਦੋ ਹਿੱਸਿਆਂ ਵਿੱਚ ਹੋ ਜਾਂਦੀ ਹੈ। ਜਦੋਂ ਅੰਦਰ ਨੂੰ ਜਾਂਦੀ ਹੈ ਤਾਂ ਉਸ ਨੂੰ ਗਿਰਾਸ ਕਹਿੰਦੇ ਹਨ ਅਤੇ ਜਦੋਂ ਬਾਹਰ ਨੂੰ ਆਉਂਦੀ ਹੈ ਤਾਂ ਉਸ ਨੂੰ ਸ੍ਵਾਸ ਕਹਿੰਦੇ ਹਨ। ਏਸੇ ਤਰ੍ਹਾਂ ਜਦੋਂ ਜਗਿਆਸੂ ਨਾਮ ਦੀਆਂ ਅਵਸਥਾਵਾਂ ਬੈਖਰੀ, ਮੱਧਮਾ, ਪਸੰਤੀ ਤੇ ਪਰਾ ਦੀ ਹੱਦ ਨੂੰ ਪਾਰ ਕਰ ਜਾਂਦਾ ਹੈ ਤਾਂ ਫੇਰ ਪੰਜਵੀਂ ਅਵਸਥਾ ਸ੍ਵਾਸਾਂ ਦੁਆਰਾ ਨਾਮ ਜਪਣ ਦੀ ਪ੍ਰਾਪਤ ਹੋ ਜਾਂਦੀ ਹੈ। ਜਦੋਂ ਨਾਮ ਪ੍ਰਾਣਾਂ ਵਿੱਚ ਚਲਿਆ ਜਾਂਦਾ ਹੈ ਤਾਂ ਜੰਮਣ ਮਰਨ ਦਾ ਝੰਜਟ ਹੀ ਖ਼ਤਮ ਹੋ ਜਾਂਦਾ ਹੈ। ਜੈਸਾ ਕਿ :

**ਏਕੁ ਸਬਦ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥**
[ਬਿਲਾਵਲੁ ਮ: ੧, ਅੰਗ ੭੯੫]

ਜਦੋਂ ਨਾਮ ਸ੍ਵਾਸਾਂ ਵਿੱਚ ਗੁੰਥਨ ਹੋ ਜਾਂਦਾ ਹੈ ਤਾਂ ਉਦੋਂ ਨਾਮ ਇੱਕ ਮਣਕਾ ਤੇ ਸ੍ਵਾਸ ਇੱਕ ਧਾਗਾ ਰੂਪ ਹੋ ਜਾਂਦਾ ਹੈ। ਜੈਸਾ ਕਿ :

**ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਨਾ ॥੫॥** [ਮਾਰੂ ਮ: ੫, ਅੰਗ ੧੦੧੯]

ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਸ੍ਵਾਸਾਂ ਦੇ ਵਿੱਚ ਪਹੁੰਚਿਆ ਹੋਇਆ ਨਾਮ ਅਖੰਡਾਕਾਰ ਬਿਰਤੀ ਬਣਾ ਦੇਂਦਾ ਹੈ ਅਤੇ ਏਥੇ ਹੀ ਪੂਰਨ ਸੰਤ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ। ਜੈਸਾ ਕਿ :

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥** [ਗਉੜੀ ਕੀ ਵਾਰ ਮ: ੫, ਅੰਗ ੩੧੯]

ਜਿਵੇਂ ਸ੍ਵਾਸ ਸੁੱਤੇ ਪਏ ਬੰਦੇ ਨੂੰ ਵੀ ਆਉਂਦੇ ਰਹਿੰਦੇ ਹਨ, ਇਸੇ ਤਰ੍ਹਾਂ ਸ੍ਵਾਸਾਂ ਵਿੱਚ ਨਾਮ ਜਾਣ ਕਰਕੇ ਦਿਨ ਰਾਤ, ਸੁੱਤਿਆਂ ਜਾਗਦਿਆਂ, ਚੁੱਪ ਅਤੇ ਬੋਲਣ ਦੀ ਕਿਰਿਆ ਵਿੱਚ ਨਾਮ ਇਕ ਰਸ ਚੱਲਦਾ ਰਹਿੰਦਾ ਹੈ। ਇਕ ਨਿਮਖ ਵੀ ਢਿੱਲ ਨਹੀਂ ਹੁੰਦੀ। ਜੈਸਾ ਕਿ :

**ਦਿਨ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਚੈ ਢੀਲਾ ॥** [ਗੂਜਰੀ ਮ: ੫, ਅੰਗ ੪੯੮]

ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

## *ਕਿਰਪਾ ਨਿਧਿ; ਪ੍ਰਭ ਦੀਨ ਦਇਆਲਾ ॥*

ਹੇ ਕਿਰਪਾ=ਮਿਹਰ ਦੇ ਨਿਧਿ=ਖ਼ਜ਼ਾਨੇ, ਸਮੁੰਦ੍ਰ ਰੂਪ ਪ੍ਰਭ=ਪ੍ਰਭੂ ! ਤੂੰ ਦੀਨ=ਗ਼ਰੀਬਾਂ ਉੱਪਰ ਦਇਆਲਾ=ਦਿਆਲਤਾ ਕਰਨ ਵਾਲਾ ਹੈਂ।

ਇਸ ਤੁਕ ਵਿੱਚ ਸਤਿਗੁਰੂ ਜੀ ਨੇ ਪਰਮੇਸ਼ਰ ਨੂੰ ਕਿਰਪਾ ਦਾ ਖ਼ਜ਼ਾਨਾ ਵਰਣਨ ਕੀਤਾ ਹੈ। ਜਿਵੇਂ ਕਿਸੇ ਬਾਦਸ਼ਾਹ ਦੇ ਖ਼ਜ਼ਾਨੇ ਵਿੱਚ ਅਨੰਤ ਧਨ ਪਿਆ ਹੈ ਤਾਂ ਲੋਕੀਂ ਕਹਿੰਦੇ ਹਨ ਕਿ ਬਾਦਸ਼ਾਹ ਦੇ ਕੋਲ ਅਤੁੱਟ ਖ਼ਜ਼ਾਨਾ ਹੈ, ਜਿਸ ਦੀ ਕਦੇ ਵੀ ਤੋਟ ਨਹੀਂ ਆ ਸਕਦੀ।। ਪਰ ਬਾਦਸ਼ਾਹ ਦੇ ਖ਼ਜ਼ਾਨੇ ਵਿੱਚ ਫਿਰ ਵੀ ਕਿਤੇ ਤੋਟ ਆ ਸਕਦੀ ਹੈ ਕਿਉਂਕਿ ਇਹ ਦੁਨਿਆਵੀ ਖ਼ਜ਼ਾਨਾ ਵਰਤਾਇਆਂ ਮੁੱਕ ਸਕਦਾ ਹੈ ਕਿਉਂਕਿ ਇਸ ਲੋਕ ਦੀ ਬਣੀ ਹੋਈ ਕੋਈ ਵੀ ਵਸਤੂ ਵੰਡਦਿਆਂ ਵੰਡਦਿਆਂ ਆਖ਼ਰ ਨੂੰ ਮੁੱਕ ਜਾਂਦੀ ਹੈ। ਜਿਵੇਂ ਕਿ ਅੰਨ ਦਾ ਭੰਡਾਰ ਕਿਤਨਾ ਵੀ ਹੋਵੇ ਉਹ ਵਰਤਾਉਂਦਿਆਂ ਵਰਤਾਉਂਦਿਆਂ ਮੁੱਕ ਜਾਂਦਾ ਹੈ। ਬਸਤ੍ਰਾਂ ਦਾ ਕਿਤਨਾ ਵੀ ਢੇਰ ਹੋਵੇ, ਉਹ ਵੀ ਵੰਡਦਿਆਂ ਵੰਡਦਿਆਂ ਮੁੱਕ ਜਾਂਦਾ ਹੈ। ਸੋਨੇ ਚਾਂਦੀ ਦੇ ਢੇਰਾਂ ਦੇ ਢੇਰ ਵੀ ਮੁੱਕ ਜਾਂਦੇ ਹਨ ਕਿਉਂਕਿ ਇਹ ਸਭ ਵਸਤੂਆਂ ਸੰਸਾਰੀ ਹੋਣ ਕਰਕੇ ਇਨ੍ਹਾਂ ਦੇ ਪਿੱਛੇ ਇਨ੍ਹਾਂ ਦਾ ਅੰਤ ਖੜਾ ਹੈ। ਪਰ ਵਾਹਿਗੁਰੂ ਦੀ ਜਿਹੜੀ ਕਿਰਪਾ ਦਾ ਖ਼ਜ਼ਾਨਾ ਹੈ, ਇਹ ਅਤੁੱਟ ਹੈ ਕਿਉਂਕਿ ਵਾਹਿਗੁਰੂ ਆਪ ਅਤੁੱਟ ਰੂਪ ਹੈ, ਜਦੋਂ ਤੋਂ ਵਾਹਿਗੁਰੂ ਨੇ ਸੰਸਾਰ ਨੂੰ ਪੈਦਾ ਕੀਤਾ ਹੈ, ਉਦੋਂ ਤੋਂ ਬੇਅੰਤ ਜੀਵਾਂ ਦੇ ਉੱਪਰ ਬੇਅੰਤ ਕਿਸਮ ਦੀ ਕਿਰਪਾ ਕਰਦਾ ਆ ਰਿਹਾ ਹੈ। ਗ਼ਰੀਬਾਂ ਦੇ ਉੱਪਰ ਦਇਆ ਦਾ ਘਰ ਬਣ ਕੇ ਆਪਣੀ ਮਿਹਰ ਦਾ ਮੀਂਹ ਵਰਸਾ ਰਿਹਾ ਹੈ। ਜੈਸਾ ਕਿ :

**੧. ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ ॥** [ਧਨਾਸਰੀ ਮ: ੫, ਅੰਗ ੬੭੨]

**੨. ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥** [ਆਸਾ ਮ: ੫, ਅੰਗ ੪੦੨]

ਪਰ ਜੋ ਸੰਤ ਭਗਤ ਉਸ ਦਾ ਅਰਾਧਨ ਕਰਦੇ ਹਨ, ਉਨ੍ਹਾਂ ਉੱਪਰ ਵਿਸ਼ੇਸ਼ ਕਰਕੇ ਉਸ ਦੀ ਕਿਰਪਾ ਹੁੰਦੀ ਹੈ। ਸਤਿਜੁਗ ਦੇ ਵਿਚ ਧ੍ਰੂ ਤੇ ਪ੍ਰਹਿਲਾਦ ਭਗਤ ਉਸ ਦੀ ਕਿਰਪਾ ਦੇ ਅਜਿਹੇ ਪਾਤਰ ਬਣੇ, ਜਿਨ੍ਹਾਂ ਦੀਆਂ ਕਹਾਣੀਆਂ ਪੁਰਾਣਾਂ ਦੇ ਵਿੱਚ ਪ੍ਰਸਿੱਧ ਹਨ। ਧ੍ਰੂ ਨੂੰ ਜਿਸ ਰਾਜ ਵਿੱਚ ਚਪੇੜਾਂ ਪਈਆਂ ਸਨ, ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਨ ਤੋਂ ਬਾਅਦ ਉਸੇ ਰਾਜਗੱਦੀ ਦਾ ਵਾਰਸ ਬਣ ਕੇ ਛੱਤੀ ਹਜ਼ਾਰ (੩੬੦੦੦) ਵਰ੍ਹਾ ਰਾਜ ਕਰਦਾ ਰਿਹਾ ਅਤੇ ਨਾਲ ਅਮਰ ਪਦਵੀ ਪ੍ਰਾਪਤ ਕੀਤੀ। ਜੈਸਾ ਕਿ :

**ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥** [ਮਾਰੂ ਮ: ੫, ਅੰਗ ੬੯੯]

ਪ੍ਰਹਿਲਾਦ ਭਗਤ ਦੇ ਉੱਪਰ ਕਿਰਪਾ ਹੋਈ, ਜਦੋਂ ਤਿੰਨ ਲੋਕਾਂ 'ਤੇ ਰਾਜ ਕਰਨ ਵਾਲਾ ਸ਼ਕਤੀਸ਼ਾਲੀ ਹਰਣਾਖ਼ਸ਼ ਪ੍ਰਹਿਲਾਦ ਨੂੰ ਮਾਰਨ ਲੱਗਾ ਸੀ, ਤਦੋਂ ਪਰਮਾਤਮਾ ਨੇ ਤੱਤਿਆਂ ਥੰਮ੍ਹਾਂ ਵਿੱਚੋਂ ਨਿਕਲ ਕੇ ਸੰਤ ਦੋਖੀ ਨੂੰ ਨਹੁੰਆਂ ਨਾਲ ਪਾੜ ਕੇ ਨਾਸ਼ ਕਰ ਦਿੱਤਾ ਸੀ। ਜੈਸਾ ਕਿ :

੧. **ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਿਲਾਦੁ ਤਰਾਇਆ ॥** [ਆਸਾ ਮ: ੪, ਅੰਗ ੪੫੧]

੨. **ਕੀਨੀ ਰਖਿਆ ਭਗਤ ਪ੍ਰਹਿਲਦੈ ਹਰਨਾਖਸ ਨਖਹਿ ਬਿਦਾਰੇ ॥** [ਮਾਰੂ ਮ: ੫, ਅੰਗ ੬੯੬]

ਤ੍ਰੇਤੇ ਜੁਗ ਵਿੱਚ ਰਾਮ ਰੂਪ ਹੋ ਕੇ ਭਭੀਸ਼ਨ 'ਤੇ ਕਿਰਪਾ ਕੀਤੀ, ਜਿਸ ਰਾਜ ਵਿੱਚੋਂ ਉਸ ਨੂੰ ਲੱਤਾਂ ਪਈਆਂ ਸਨ, ਉਹ ਰਾਜ ਭਭੀਸ਼ਨ ਨੂੰ ਦੇ ਦਿੱਤਾ ਸੀ। ਜੈਸਾ ਕਿ :

**ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥**

[ਸੋਰਠਿ ਭਗਤ ਨਾਮਦੇਵ ਜੀ, ਅੰਗ ੬੫੭]

ਦੁਆਪੁਰ ਵਿੱਚ ਦੁਰਯੋਧਨ ਵਰਗੇ ਅਧਰਮੀਆਂ ਦਾ ਨਾਸ਼ ਕਰਵਾ ਕੇ ਧਰਮ ਪੁੱਤਰ ਯੁਧਿਸ਼ਟਰ ਨੂੰ ਰਾਜ ਭਾਗ ਦੀ ਬਖ਼ਸ਼ਿਸ਼ ਕਰ ਦਿੱਤੀ ਭਾਵੇਂ ਆਪ ਕ੍ਰਿਸ਼ਨ ਰੂਪ ਵਿੱਚ ਅਰਜਨ ਦਾ ਸਾਰਥੀ ਬਣ ਕੇ ਉਸ ਦਾ ਰੱਥ ਹੱਕਦਾ ਰਿਹਾ ਸੀ, ਇਹ ਵੀ ਉਸ ਦੀ ਕਿਰਪਾ ਦਾ ਕ੍ਰਿਸ਼ਮਾ ਸੀ।

ਕਲਜੁਗ ਦੇ ਵਿੱਚ ਰਾਖਸ਼ ਵਰਗੇ ਸੁਭਾਅ ਵਾਲਾ ਬਾਬਰ ਸੀ, ਜਿਸ ਦੀ ਕੈਦ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਰਾਂ ਸੌ ਕੈਦੀ ਛੁਡਾਏ ਤੇ ਲੋਕਾਂ ਨੇ ਬੰਦੀਛੋੜ ਦਾਤਾ ਕਹਿਣਾ ਕੀਤਾ ਅਤੇ ਗੁਰੂ ਜੀ ਨੇ ਰਾਜ ਭਾਗ ਦੀਆਂ ਬਖ਼ਸ਼ਿਸ਼ਾਂ ਕੀਤੀਆਂ। ਸਤਵੇਂ ਜਾਮੇ ਵਿੱਚ ਢਿੱਡੋਂ ਭੁੱਖੇ ਕਾਲੇ ਦੇ ਭਤੀਜਿਆਂ ਨੂੰ ਰਾਜ ਭਾਗ ਦੇ ਮਾਲਕ ਬਣਾਇਆ ਜਿਨ੍ਹਾਂ ਦਾ ਨਾਮ ਫੂਲ ਤੇ ਸੰਦਲੀ ਸੀ, ਜੋ ਪਟਿਆਲੇ ਰਾਲੇ ਰਾਜ ਘਰਾਣੇ ਦੇ ਵਡੇਰੇ ਸਨ।

ਇਹ ਕਿਰਪਾ ਨਿਧਿ ਦੀ ਕਿਰਪਾ ਦਾ ਕੁਝ ਕੁ ਵਰਣਨ ਕੀਤਾ ਹੈ। ਏਥੇ ਸਤਿਗੁਰੂ ਜੀ ਨੇ ਕਿਰਪਾ ਦੇ ਖ਼ਜ਼ਾਨੇ, ਗ਼ਰੀਬਾਂ 'ਤੇ ਦਿਆਲਤਾ ਕਰਨ ਵਾਲੇ ਦਾ ਕਥਨ ਕੀਤਾ ਹੈ।

## *ਜੀਅ ਜੰਤ ਕੀ; ਕਰਹੁ ਪ੍ਰਤਿਪਾਲਾ ॥੩॥*

ਹੇ ਦੀਨ ਦਿਆਲ ਪ੍ਰਭੂ ! ਸਾਰੇ ਅਸਥੂਲ ਜੀਅ=ਜੀਵਾਂ ਅਤੇ ਜੰਤ=ਸੂਖਮ ਜੀਵਾਂ ਦੀ ਤੂੰ ਹੀ ਪ੍ਰਤਿਪਾਲਾ=ਪਾਲਣਾ ਕਰਦਾ ਹੈਂ ॥੩॥ ਜੈਸਾ ਕਿ :

੧. **ਜੀਅ ਜੰਤ ਸਗਲੇ ਪ੍ਰਤਿਪਾਲ ॥** [ਗਉੜੀ ਮ: ੫, ਅੰਗ ੧੮੪]

੨. **ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥**

[ਤੁਖਾਰੀ ਮ: ੧, ਅੰਗ ੧੧੧੨]

## *ਆਠ ਪਹਰ; ਤੇਰਾ ਨਾਮੁ ਜਨੁ ਜਾਪੇ ॥*
## *ਨਾਨਕ ਪ੍ਰੀਤਿ ਲਾਈ: ਪ੍ਰਭਿ ਆਪੇ ॥੪॥੨੩॥੧੦੯॥*

ਹੇ ਪ੍ਰਭ ! ਮੈਂ ਜਨ ਆਠ ਪਹਰ=ਅੱਠੇ ਪਹਿਰ ਭਾਵ ਰਾਤ ਦਿਨ ਤੇਰਾ ਨਾਮ ਜਾਪੇ=ਜਪਦਾ ਰਹਿੰਦਾ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਆਪ ਹੀ ਸਾਡੇ ਮਨ ਵਿੱਚ ਅੱਠੇ ਪਹਿਰ ਨਾਮ ਜਪਣ ਦੀ ਪ੍ਰੀਤਿ=ਪ੍ਰੀਤੀ, ਲਿਵ ਲਾਈ=ਲਾਉਣਾ ਕੀਤੀ ਹੈ ॥੪॥੨੩॥੧੦੯॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਮੁਖਵਾਕ ਨੰਬਰ ੧੯੧ [ਆਦਿ ਅੰਗ ੮੨੭]

***ਬਿਲਾਵਲੁ ਮਹਲਾ ੫ ॥ ਤੁਮ੍ ਸਮਰਥਾ ਕਾਰਨ ਕਰਨ ॥ ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ॥੧॥ਰਹਾਉ॥ ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥ ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ ਕੋਟਿ ਅਘਾ ਤੇਰੋ ਨਾਮ ਹਰਨ ॥੧॥ ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥ ਕਰੁਣਾਮੈ ਕਿਰਪਾਲ ਕ੍ਰਿਪਾਨਿਧਿ ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥***

## *ਬਿਲਾਵਲੁ ਮਹਲਾ ੫ ॥*

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਿਲਾਵਲ ਰਾਗ ਵਿੱਚ ਅੰਮ੍ਰਿਤ ਬਚਨ ਉਚਾਰਨ ਕਰਦੇ ਹਨ। ਪ੍ਰਮੇਸ਼ਰ ਦੀ ਮਹਿਮਾ ਦਸਦੇ ਹੋਏ ਉਪਦੇਸ਼ ਬਖ਼ਸ਼ ਰਹੇ ਹਨ।

## *ਤੁਮ੍ ਸਮਰਥਾ; ਕਾਰਨ ਕਰਨ ॥*

ਹੇ ਵਾਹਿਗੁਰੂ ! ਤੁਮ੍=ਤੁਸੀਂ ਸਾਰਿਆਂ ਕਾਰਨ ਕਰਨ=ਕਾਰਨਾਂ ਦੇ ਕਰਨ ਨੂੰ ਸਮਰਥਾ=ਸਰਵ-ਸ਼ਕਤੀਮਾਨ ਹੋ। ਜੈਸਾ ਕਿ :

**੧. ਸਲੋਕ ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**
**ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥**

[ਗਉੜੀ ਸੁਖਮਨੀ ਮਹਲਾ ੫, ਅੰਗ ੨੭੬]

**੨. ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥**

[ਸਲੋਕ ਸਹਸਕ੍ਰਿਤੀ ਮਹਲਾ ੧, ਅੰਗ ੧੩੫੩]

ਸੰਸਾਰ ਦੇ ਅੰਦਰ ਜੋ ਭੀ ਕਾਰਣ ਹੋ ਰਿਹਾ ਹੈ, ਉਹ ਕਰਤਾਰ ਦਾ ਹੀ ਕੀਤਾ ਹੋ ਰਿਹਾ ਹੈ। ਕਿਉਂਕਿ ਕਾਰਣ ਕਰਤੇ ਦੇ ਵਸ ਹੈ, ਜਿਸਨੇ ਸਾਰੀਆਂ ਸ਼ਕਤੀਆਂ ਧਾਰਨ ਕੀਤੀਆਂ ਹੋਈਆਂ ਹਨ। ਜੈਸਾ ਕਿ :

**ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰ ॥**
**ਤਿਸੁ ਬਿਨੁ ਦੂਸਰ ਕੋ ਨਹੀ ਏਕੈ ਸਿਰਜਨਹਾਰੁ ॥੧੩੩॥** [ਸਲੋਕ ਭਗਤ ਕਬੀਰ, ਅੰਗ ੧੩੭੧]

ਇਸ ਲਈ ਸਤਿਗੁਰੂ ਜੀ ਕਹਿ ਰਹੇ ਹਨ ਕਿ ਹੇ ਸੰਤ ਜਨੋ! ਉਸ ਵਾਹਿਗੁਰੂ ਤੋਂ ਬਿਨਾਂ ਕਰਣ ਕਰਾਉਣ ਵਾਲਾ ਕੋਈ ਨਹੀਂ ਹੈ। ਜੈਸਾ ਕਿ :

**੧. ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ ਕਰਣ ਕਾਰਣ ਪ੍ਰਭੁ ਸੋਈ ॥ਰਹਾਉ॥**

[ਸੋਰਠਿ ਮਹਲਾ ੫, ਅੰਗ ੬੨੬]

**੨. ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥**
**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥੩੩॥**

[ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭]

ਇਨ੍ਹਾਂ ਪ੍ਰਮਾਣਾਂ ਤੋਂ ਪ੍ਰਮੇਸ਼ਰ ਦੀ ਅਨੰਤ ਕਿਸਮ ਦੀ ਸਮਰੱਥਾ 'ਚੋਂ ਦੋ ਕਿਸਮ ਦੀ ਸਮਰੱਥਾ ਦਾ ਇਥੇ ਵਰਣਨ ਕੀਤਾ ਹੈ ਕਿ ਪ੍ਰਮੇਸ਼ਰ ਐਸਾ ਸਰਵ ਸ਼ਕਤੀਮਾਨ ਹੈ ਕਿ ਸੰਸਾਰ ਦਾ ਕਾਰਨ ਰੂਪ ਭੀ ਆਪ ਹੀ ਹੈ ਤੇ ਕਾਰਜ ਰੂਪ

ਭੀ ਆਪ ਹੀ ਹੈ। ਵਿਦਾਂਤ ਮਤ ਵਿੱਚ ਕਾਰਨ ਦੋ ਤਰ੍ਹਾਂ ਦਾ ਮੰਨਿਆ ਹੈ। ਨਮਿਤ ਕਾਰਨ ਅਤੇ ਉਪਾਦਾਨ ਕਾਰਨ। ਕਾਰਨ ਕਾਰਜ ਭਾਵ ਸੰਬੰਧ ਹੁੰਦਾ ਹੈ। ਸੰਸਾਰ ਦਾ ਕੋਈ ਵੀ ਕਾਰਜ ਹੋਵੇ, ਉਹ ਆਪਣੇ ਕਾਰਨ ਤੋਂ ਵੱਖਰਾ ਨਹੀਂ ਹੋਵੇਗਾ। ਹਰ ਕਾਰਜ ਦਾ ਜਨਮ ਕਾਰਨ ਤੋਂ ਮੰਨਿਆ ਹੈ। ਜਿਹੋ ਜਿਹਾ ਕਾਰਜ ਹੋਵੇਗਾ, ਤਿਹੋ ਜਿਹਾ ਹੀ ਕਾਰਨ ਹੋਵੇਗਾ। ਛੋਟਾ ਕਾਰਜ ਹੈ, ਤਾਂ ਛੋਟਾ ਕਾਰਨ ਹੋਵੇਗਾ। ਵੱਡਾ ਕਾਰਜ ਹੈ ਤਾਂ ਵੱਡਾ ਕਾਰਨ ਹੋਵੇਗਾ। ਸੰਸਾਰ ਦਾ ਵੱਡਾ ਕਾਰਜ ਹੈ, ਇਸ ਦਾ ਅਗਿਆਨ ਵਾ—ਮਾਇਆ ਰੂਪ ਕਾਰਨ ਭੀ ਵੱਡਾ ਹੈ। ਕੁਝ ਕਰਤੇ ਨਿਮਿਤ ਕਾਰਨ ਤਾਂ ਹਨ, ਪਰ ਉਪਾਦਾਨ ਕਾਰਨ ਨਹੀਂ। ਕਈ ਪਦਾਰਥ ਉਪਾਦਾਨ ਕਾਰਨ ਹਨ, ਪਰ ਨਿਮਿਤ ਕਾਰਨ ਨਹੀਂ। ਜਿਸ ਦਾ ਕਾਰਜ ਦੇ ਸਰੂਪ ਵਿੱਚ ਪ੍ਰਵੇਸ਼ ਹੋਵੇ ਅਤੇ ਜਿਸ ਤੋਂ ਬਿਨਾਂ ਕਾਰਜ ਦੀ ਇਸਥਿਤੀ ਨਾ ਹੋਵੇ, ਸੋ ਉਪਾਦਾਨ ਕਾਰਨ ਕਹੀਦਾ ਹੈ। ਜਿਸ ਤਰ੍ਹਾਂ ਮਿੱਟੀ ਘੜੇ ਦਾ ਉਪਾਦਾਨ ਕਾਰਨ ਹੈ। ਘੜੇ ਦੇ ਸਰੂਪ ਵਿੱਚ ਮਿੱਟੀ ਦਾ ਪ੍ਰਵੇਸ਼ ਹੈ ਅਤੇ ਮਿੱਟੀ ਬਿਨਾਂ ਘੜੇ ਦੀ ਇਸਥਿਤੀ ਸੰਭਵ ਨਹੀਂ। ਜਿਸਦਾ ਸਰੂਪ ਵਿੱਚ ਪ੍ਰਵੇਸ਼ ਨਹੀਂ, ਪਰੰਤੂ ਕਾਰਜ ਤੋਂ ਭਿੰਨ ਸਿਥਿਤ ਹੋ ਕੇ ਕਾਰਜ ਦੀ ਉਤਪਤੀ ਕਰਦਾ ਹੈ ਅਤੇ ਜਿਸ ਦੇ ਨਾਸ ਤੋਂ ਕਾਰਜ ਨਾ ਬਿਗੜੇ, ਸੋ ਨਮਿਤ ਕਾਰਨ ਕਹੀਦਾ ਹੈ, ਜਿਸ ਤਰ੍ਹਾਂ ਘੜੇ ਦੇ ਘੁਮਿਆਰ, ਡੰਡਾ, ਚੱਕਰ ਆਦਿ ਨਮਿਤ ਕਾਰਨ ਹਨ, ਘੜੇ ਦੇ ਸਰੂਪ ਵਿੱਚ ਇਨ੍ਹਾਂ ਦਾ ਪ੍ਰਵੇਸ਼ ਨਹੀਂ। ਘੜੇ ਤੋਂ ਭਿੰਨ ਭਾਵ ਕਿਨਾਰੇ ਰਹਿ ਕੇ ਘੜੇ ਦੀ ਉਤਪਤੀ ਕਰਦੇ ਹਨ ਅਤੇ ਉਤਪਤੀ ਤੋਂ ਬਾਅਦ ਘੁਮਿਆਰ ਡੰਡਾ, ਚੱਕਰ ਆਦਿਕਾਂ ਦੇ ਨਾਸ਼ ਤੋਂ ਘੜਾ ਬਿਗੜਦਾ ਨਹੀਂ, ਇਸ ਰੀਤ ਨਾਲ ਉਪਾਦਾਨ ਅਤੇ ਨਮਿਤ ਦੋ ਪ੍ਰਕਾਰ ਦਾ ਕਾਰਨ ਹੈ। ਸੰਸਾਰ ਦਾ ਉਪਾਦਾਨ ਅਤੇ ਨਮਿਤ ਦੋਨੋਂ ਪ੍ਰਕਾਰ ਦਾ ਈਸ਼ਵਰ ਹੀ ਕਾਰਨ ਹੈ। ਜਿਸ ਤਰ੍ਹਾਂ ਇੱਕ ਹੀ ਮਕੜੀ ਜਾਲੇ ਦਾ ਉਪਾਦਾਨ ਅਤੇ ਨਮਿਤ ਕਾਰਨ ਹੈ। ਜੇ ਕੋਈ ਇਸ ਤਰ੍ਹਾਂ ਕਹੇ ਕਿ ਮਕੜੀ ਦਾ ਜੜ੍ਹ ਸਰੀਰ ਜਾਲੇ ਦਾ ਉਪਾਦਾਨ ਕਾਰਨ ਹੈ ਅਤੇ ਮਕੜੀ ਦੇ ਸਰੀਰ ਵਿੱਚ ਜੋ ਚੇਤਨ ਭਾਗ ਸੋ ਨਮਿਤ ਕਾਰਨ ਹੈ। ਇਸ ਲਈ ਈਸ਼ਵਰ ਨੂੰ ਸੰਸਾਰ ਦਾ ਉਪਾਦਾਨ ਅਤੇ ਨਮਿਤ ਕਾਰਨ ਸਿੱਧ ਕਰਨ ਲਈ ਇਹ ਦ੍ਰਿਸ਼ਟਾਂਤ ਬਣਦਾ ਨਹੀਂ, ਉਸਦਾ ਉੱਤਰ ਇਹ ਹੈ ਕਿ ਮਕੜੀ ਦੀ ਨਿਆਈਂ ਈਸ਼ਵਰ ਦਾ ਸਰੀਰ ਜੜ੍ਹ ਮਾਇਆ, ਸੰਸਾਰ ਦਾ ਉਪਾਦਾਨ ਕਾਰਨ ਹੈ ਅਤੇ ਚੇਤਨ ਭਾਗ ਨਮਿਤ ਕਾਰਨ ਹੈ। ਇਸ ਰੀਤ ਨਾਲ ਇਕ ਹੀ ਈਸ਼ਵਰ ਸੰਸਾਰ ਦਾ ਉਪਾਦਾਨ ਅਤੇ ਨਮਿਤ ਕਾਰਨ ਹੈ, ਇਸ ਵਿੱਚ ਮਕੜੀ ਦਾ ਦ੍ਰਿਸ਼ਟਾਂਤ ਦਿੱਤਾ ਹੈ ਅਤੇ ਮੁਖ ਦ੍ਰਿਸ਼ਟਾਂਤ ਸੁਪਨੇ ਦਾ ਹੈ। ਸੁਪਨੇ ਵਿੱਚ ਜੀਵ ਆਪ ਹੀ ਸੁਪਨੇ ਦਾ ਉਪਾਦਾਨ ਅਤੇ ਨਮਿਤ ਕਾਰਨ ਹੈ।

## *ਢਾਕਨ ਢਾਕਿ ਗੋਬਿਦ ਗੁਰ ਮੇਰੇ;*
## *ਮੋਹਿ ਅਪਰਾਧੀ ਸਰਨ ਚਰਨ ॥੧॥ਰਹਾਉ॥*

ਹੇ ਗੋਬਿੰਦ ਰੂਪ ਸਤਿਗੁਰੂ ਜੀ, **ਅਥਵਾ** ਗੁਰ=ਪੂਜਨੀਕ ਗੋਬਿੰਦ ਮੈਂ ਅਪਰਾਧੀ=ਦੋਸ਼ੀ ਆਪ ਜੀ ਦੇ ਚਰਨ ਸਰਨ=ਚਰਨਾਂ ਦੀ ਸ਼ਰਨ ਵਿੱਚ ਆਇਆ ਹਾਂ, ਢਾਕਨ=ਪਰਦਾ ਰੂਪ ਹੋ ਕਰਕੇ ਮੇਰੀ ਪਤ ਢੱਕ ਲਓ॥੧॥ਰਹਾਉ॥ ਜੈਸਾ ਕਿ :

੧. **ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥**
**ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥੧॥**
[ਵਾਰ ਗੂਜਰੀ ਮਹਲਾ ੫, ਅੰਗ ੫੨੦]

੨. **ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥**
**ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥**
**ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ॥**
**ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ॥** [ਤੁਖਾਰੀ ਮਹਲਾ ੫, ਅੰਗ ੧੧੧੭]

੩. **ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ॥**
[ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੮]

ਮੁਖਵਾਕ ਦੀ ਤੁਕ ਅਤੇ ਗੁਰਬਾਣੀ ਦੇ ਪ੍ਰਮਾਣ ਰੂਪ ਤੁਕਾਂ ਵਿੱਚ ਪ੍ਰਮੇਸ਼ਰ ਵਲੋਂ ਜੀਵਾਂ ਦੇ ਢਕਣ ਵਾਲੇ ਸੁਭਾਅ ਨੂੰ ਚੇਤੇ ਕਰਦਿਆਂ ਇਹ ਭਾਵਨਾ ਪ੍ਰਗਟਾਈ ਹੈ ਕਿ ਹੇ ਵਾਹਿਗੁਰੂ! ਆਪ ਸਦਾ ਹੀ ਪਾਪੀਆਂ ਦੇ ਪਰਦੇ ਢਕਣ ਵਾਲੇ ਹੋ। ਸੋ, ਜਦੋਂ ਕਿਸੇ ਸੰਤ ਭਗਤ ਦਾ ਪ੍ਰਮੇਸ਼ਰ ਨਾਲ ਮਿਲਾਪ ਹੋ ਜਾਂਦਾ ਹੈ, ਫਿਰ ਉਹ ਰੱਬੀ ਸੁਭਾਅ ਵਿੱਚ ਹੀ ਜ਼ਿੰਦਗੀ ਬਤੀਤ ਕਰਦਾ ਹੈ। ਮਿਲਾਪ ਹੁੰਦਾ ਹੀ ਤਾਂ ਹੈ, ਜੇ ਸੁਭਾਅ ਮਿਲੇ। ਸੁਭਾਅ ਦੇ ਨਾ ਮਿਲਣ 'ਤੇ ਜੇ ਮਿਲਾਪ ਹੋ ਭੀ ਜਾਵੇ ਤਾਂ ਨਿਭਿਆ ਨਹੀਂ ਕਰਦਾ। ਇਸ ਦੀਆਂ ਸੈਂਕੜੇ ਸੰਸਾਰੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਸੁਭਾਅ ਨਾ ਮਿਲਣ ਤੋਂ ਨੇੜੇ ਦਾ ਰਿਸ਼ਤਾ ਜੋ ਪਿਉ-ਪੁੱਤਰ ਦਾ ਹੈ, ਉਹ ਵੀ ਅਲੱਗ-ਅਲੱਗ ਹੋ ਜਾਂਦੇ ਹਨ। ਭਰਾ ਨਾਲੋਂ ਭਰਾ ਸੁਭਾਅ ਨਾ ਮਿਲਣ 'ਤੇ ਅਲੱਗ ਹੋ ਜਾਂਦਾ ਹੈ। ਪਤੀ-ਪਤਨੀ ਦੇ ਸੁਭਾਅ ਨਾ ਮਿਲਣ ਤੋਂ ਸਦਾ ਲਈ ਤੋੜ-ਵਿਛੋੜੇ ਹੋ ਜਾਂਦੇ ਹਨ। ਸਿਰਫ਼ ਕਾਰਨ ਸੁਭਾਅ ਨਾ ਮਿਲਣ ਦਾ ਹੀ ਹੈ। ਗੁਰਮੁਖ ਤੇ ਮਨਮੁਖ ਇੱਕ ਅਲੱਗ-ਅਲੱਗ ਦੋ ਸੁਭਾਅ ਹੀ ਹਨ, ਇਨ੍ਹਾਂ ਦਾ ਮਿਲਾਪ ਨਹੀਂ ਹੋ ਸਕਦਾ। ਬਲਕਿ ਗੁਰਮੁਖ ਦਾ ਗੁਰਮੁਖ ਨਾਲ, ਮਨਮੁਖ ਦਾ ਮਨਮੁਖ ਨਾਲ ਸੁਭਾਅ ਹਮੇਸ਼ਾ ਹੀ ਰਲਦਾ ਹੈ। ਸੋ, ਇਸੇ ਤਰ੍ਹਾਂ ਪ੍ਰਮਾਤਮਾ ਉਤਨੀ ਦੇਰ ਕਿਵੇਂ ਮਿਲੇ ਜਿਤਨੀ ਦੇਰ ਪ੍ਰਮਾਤਮਾ ਦੇ ਸੁਭਾਅ ਵਰਗਾ ਜੀਵ ਦਾ ਸੁਭਾਅ ਨਹੀਂ ਹੋ ਜਾਂਦਾ। ਜਿਸ ਦਿਨ ਸੁਭਾਅ ਪ੍ਰਮਾਤਮਾ ਦੇ ਸੁਭਾਅ ਵਰਗਾ ਜੀਵ ਦਾ ਹੋ ਜਾਂਦਾ ਹੈ ਤਾਂ ਪ੍ਰਮਾਤਮਾ ਲੱਭਣਾ ਨਹੀਂ ਪੈਂਦਾ, ਖ਼ੁਦ ਪ੍ਰਮਾਤਮਾ ਉਸਨੂੰ ਲੱਭਦਾ ਹੈ ਅਤੇ ਆ ਕੇ ਮਿਲ ਜਾਂਦਾ ਹੈ। ਪ੍ਰਮਾਤਮਾ ਦਾ ਸੁਭਾਅ ਹੈ ਕਿ ਜੀਵਾਂ ਦੇ ਔਗੁਣ ਦੇਖ ਕੇ ਭੀ ਪੜਦੇ ਢਕਦਾ ਹੈ। ਜੋ ਉਸ ਵਾਹਿਗੁਰੂ ਨਾਲ ਜੁੜੇ ਹਨ, ਉਹ ਭੀ ਜੀਵਾਂ ਦੇ ਔਗੁਣਾਂ 'ਤੇ ਪਰਦਾ ਪਾਉਂਦਾ ਹੈ। ਜੈਸਾ ਕਿ

**ਸਾਖੀ—ਕਬੀਰ ਜੀ ਦੀ—**ਭਗਤ ਕਬੀਰ ਸਾਹਿਬ, ਜਿਨ੍ਹਾਂ ਦਾ ਨਿਵਾਸ ਕਾਂਸੀ ਦੇ ਵਿੱਚ ਸੀ, ਪ੍ਰਮੇਸ਼ਰ ਦੀ ਬੰਦਗੀ ਦਾ ਆਪ ਨੂੰ ਤਾਂ ਗੂੜ੍ਹਾ ਰੰਗ ਚੜ੍ਹਿਆ ਹੀ ਸੀ, ਕਬੀਰ ਸਾਹਿਬ ਜੀ ਨੇ ਸੱਤ ਲੱਖ ਪ੍ਰਾਣੀਆਂ ਨੂੰ ਨਾਮ ਦਾ ਰੰਗ ਲਾ ਕੇ ਪ੍ਰਮੇਸ਼ਰ ਨਾਲ ਜੋੜ ਦਿੱਤਾ। ਜਦੋਂ ਇਨ੍ਹਾਂ ਦਾ ਸੁਭਾਅ ਪ੍ਰਮੇਸ਼ਰ ਦੇ ਨਾਲ ਮਿਲ ਗਿਆ ਤਾਂ ਪ੍ਰਮੇਸ਼ਰ ਕਬੀਰ ਸਾਹਿਬ ਜੀ ਦੇ ਮਗਰ-ਮਗਰ ਹਰ ਪਲ, ਹਰ ਥਾਂ, ਹਰ ਮੁਸ਼ਕਿਲ ਵਿੱਚ ਸਹਾਇਤਾ ਕਰਦਾ ਰਿਹਾ। ਕਬੀਰ ਸਾਹਿਬ ਜੀ ਦੀ ਜਦੋਂ ਤਨ ਹੰਗਤਾ ਨਾਸ਼ ਹੋ ਗਈ ਤਾਂ ਸਮੇਤ ਤਨ, ਮਨ, ਧਨ, ਪਰਿਵਾਰ ਸਭ ਕੁਝ ਪ੍ਰਮੇਸ਼ਰ ਦਾ ਹੀ ਮੰਨਣਾ ਕੀਤਾ। ਐਸੀ ਅਵਸਥਾ ਬਣ ਗਈ ਕਿ ਮਨ ਬਿਲਕੁਲ ਸ਼ੁਧ ਹੋ ਗਿਆ ਤੇ ਐਸਾ ਨਿਰਮਲ ਹੋਇਆ, ਜਿਵੇਂ ਗੰਗਾ ਦਾ ਨੀਰ ਪਵਿੱਤਰ ਮੰਨਿਆ ਹੈ। ਜੈਸਾ ਕਿ :

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥** [ਸਲੋਕ ਕਬੀਰ ਜੀ, ਅੰਗ ੧੩੬੭]

ਸੋ, ਇੱਕ ਦਿਨ ਕਬੀਰ ਸਾਹਿਬ ਜੀ ਦੇ ਮੁਹੱਲੇ ਵਿੱਚ ਕੋਈ ਚੋਰੀ ਕਰਨ ਵਾਲਾ ਚੋਰ ਆ ਵੜਿਆ। ਉਸ ਚੋਰ ਦੇ ਚੋਰੀ ਕਰਦਿਆਂ ਹੀ ਲੋਕਾਂ ਵਿੱਚ ਰੌਲਾ ਪੈ ਗਿਆ। ਉਹ ਸਮੇਂ ਐਸੇ ਸਨ ਕਿ ਚੋਰ ਦੇ ਲਈ ਸੂਲੀ 'ਤੇ ਟੰਗਣ ਦੀ ਸਜ਼ਾ ਸੀ। ਜਾਨ ਹਰੇਕ ਜੀਵ ਨੂੰ ਪਿਆਰੀ ਹੈ, ਚੋਰ ਆਪਣੀ ਜਾਨ ਬਚਾਉਣ ਵਾਸਤੇ ਇਤਨੀ ਜ਼ੋਰ ਦੀ ਦੌੜਿਆ ਕਿ ਉਨ੍ਹਾਂ ਲੋਕਾਂ ਦੇ ਹੱਥ ਨਾ ਆਇਆ। ਲੋਕਾਂ ਦੇ ਵਿੱਚ ਇਹ ਉਤਸ਼ਾਹ ਸੀ ਕਿ ਚੋਰ ਨੂੰ ਕਿਸੇ ਕੀਮਤ 'ਤੇ ਵੀ ਜਾਣ ਨਹੀਂ ਦੇਣਾ। ਪਕੜਨਾ ਹੈ, ਨੌਜਵਾਨ ਗੱਭਰੂ ਚੋਰ ਦਾ ਪਿੱਛਾ ਕਰਨ ਲਈ ਪੂਰਾ ਤਾਣ ਲਾ ਕੇ ਦੌੜੇ। ਉਨ੍ਹਾਂ ਦੇ ਪਿੱਛੇ ਬਾਕੀ ਸਾਰੇ ਲੋਕ ਸਨ। ਬੜਾ ਭਾਰੀ ਰੌਲਾ ਪੈ ਗਿਆ, ਮਦਦ ਲਈ ਸਿਪਾਹੀ ਆ ਗਏ। ਕੁਝ ਲੋਕ ਚੋਰ ਨੂੰ ਘੇਰਨ ਲਈ ਮੂੰਹਰੋਂ ਰਾਹ ਰੋਕ ਕੇ ਖੜ੍ਹ ਗਏ। ਹੁਣ ਰਾਤ ਦਾ ਅੰਧੇਰਾ ਸੀ। ਉਨ੍ਹਾਂ ਸਮਿਆਂ ਵਿਚ ਚਾਨਣ ਦੀ ਭੀ ਕੋਈ ਬਹੁਤ ਵੱਡੀ ਸਹੂਲਤ ਨਹੀਂ ਸੀ। ਸਰੋਂ ਦੇ ਤੇਲ ਦੇ ਦੀਵੇ ਹੋਇਆ ਕਰਦੇ ਸਨ। ਵਿਸ਼ੇਸ਼ ਚਾਨਣੇ ਦੀ ਲੋੜ ਹੋਵੇ ਤਾਂ ਮਸ਼ਾਲਾਂ ਜਗਾਈਆਂ ਜਾਂਦੀਆਂ। ਸੋ, ਚੋਰ ਨੇ ਦੇਖਿਆ ਕਿ ਹੁਣ ਮੇਰਾ ਕੋਈ ਭੀ ਬਚਣ ਦਾ ਹੀਲਾ ਨਹੀਂ ਦਿਸਦਾ, ਇਕੋ ਹੀ ਉਪਾਅ ਹੈ ਕਿ ਜੇ ਕਬੀਰ ਸਾਹਿਬ ਮੈਨੂੰ ਸ਼ਰਨ ਦੇ ਦੇਣ ਤਾਂ ਮੇਰੀ ਜਾਨ ਬਚ ਸਕਦੀ ਹੈ। ਨੱਠ ਕੇ ਕਬੀਰ ਸਾਹਿਬ ਜੀ ਦੇ ਘਰ ਆ ਵੜਿਆ। ਇੱਕੜ-ਦੁਕੜ ਲੋਕਾਂ ਦੇ ਨਿਗਾਹ ਭੀ ਪੈ ਗਿਆ ਕਿ ਚੋਰ ਕਬੀਰ ਸਾਹਿਬ ਦੇ ਘਰ ਪ੍ਰਵੇਸ਼ ਕਰ ਗਿਆ ਹੈ। ਲੋਕਾਂ ਦੇ ਇਕੱਠ ਹੋਣ ਨੂੰ ਕੁਝ ਸਮਾਂ ਲੱਗਿਆ। ਇਤਨੇ

ਹੀ ਸਮੇਂ ਵਿੱਚ ਚੋਰ ਨੇ ਕਬੀਰ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਕੇ ਆਪਣਾ ਸੀਸ ਰੱਖ ਦਿੱਤਾ ਅਤੇ ਵਾਸਤਾ ਪਾਇਆ ਕਿ ਲੋਕੀਂ ਮੈਨੂੰ ਜਾਨੋ ਮਾਰ ਦੇਣਗੇ। ਭਗਤ ਜੀ! ਮੈਂ ਚੋਰ ਹਾਂ ਮੇਰੀ ਜਾਨ ਬਚਾਓ। ਮੇਰੇ ਨਾਲ ਦੇ ਸਾਥੀ ਚੋਰ ਤਾਂ ਦੌੜ ਗਏ ਹਨ ਅਤੇ ਮੈਂ ਫਸ ਗਿਆ ਹਾਂ। ਕਬੀਰ ਸਾਹਿਬ ਜੀ ਦੇ ਮਨ ਵਿੱਚ ਦਇਆ ਆਈ। ਉਸ ਦੀਨ ਦੀ ਬੇਨਤੀ ਸੁਣਕੇ ਆਪਣੇ ਸ਼ਰਨ ਆਏ ਦੀ ਲਾਜ ਰੱਖਣ ਵਾਲਾ ਧਰਮ ਵਿਚਾਰ ਕੇ ਕਹਿਣ ਲੱਗਾ ਕਿ ਤੇਰਾ ਇੱਕ ਹੀ ਢੰਗ ਨਾਲ ਬਚਾਅ ਹੋ ਸਕਦਾ ਹੈ, ਉਹ ਸਾਹਮਣੇ ਮੇਰੀ ਪੁੱਤਰੀ ਸੁੱਤੀ ਪਈ ਹੈ, ਉਸ ਨਾਲ ਜਾ ਕੇ ਪੈ ਜਾ। ਸੌਣ ਦੀ ਤਰ੍ਹਾਂ ਘੁਰਾੜੇ ਮਾਰਨ ਲੱਗ ਜਾਈਂ, ਬਾਕੀ ਮੈਂ ਆਪ ਹੀ ਸਮਝ ਲਵਾਂਗਾ। ਅਚਾਨਕ ਕਮਾਲੀ ਉਸ ਵੇਲੇ ਕਰਵਟ ਲੈ ਕੇ ਬਾਂਹੀ ਦੇ ਨਾਲ ਲੱਗੀ ਪਈ ਸੀ। ਜਿਸਨੂੰ ਗੂੜ੍ਹੀ ਨੀਂਦ ਵਿੱਚ ਕੁਝ ਨਹੀਂ ਪਤਾ ਕੌਣ ਆਇਆ? ਕੌਣ ਗਿਆ? ਕੀ ਹੋ ਰਿਹਾ ਹੈ? ਉਸਨੂੰ ਕੁਝ ਨਹੀਂ ਪਤਾ, ਕਿਉਂਕਿ ਕਿਰਤੀ ਲੋਕਾਂ ਨੂੰ ਨੀਂਦ ਖੁਲ੍ਹ ਕੇ ਆਇਆ ਕਰਦੀ ਹੈ। ਗੂੜ੍ਹੀ ਨੀਂਦ ਵਿੱਚ ਜੀਵ ਮੁਰਦੇ ਦੇ ਤੁਲ ਹੁੰਦਾ ਹੈ। ਸੋ, ਇਸ ਲਈ ਕਬੀਰ ਸਾਹਿਬ ਦੀ ਬੇਟੀ ਨੂੰ ਪਤਾ ਨਹੀਂ ਲੱਗਾ ਕਿ ਮੇਰੇ ਨਾਲ ਪਰਾਇਆ ਪੁਰਸ਼ ਆ ਕੇ ਪੈ ਗਿਆ ਹੈ। ਉਧਰ ਚੋਰ ਦੀ ਇਹ ਹਾਲਤ ਸੀ ਕਿ ਆਪਣੇ ਪਾਪਾਂ ਨੂੰ ਯਾਦ ਕਰਕੇ ਪਛਤਾ ਰਿਹਾ ਸੀ, ਨਾਲ ਕਬੀਰ ਸਾਹਿਬ ਜੀ ਦੀ ਉਦਾਰਤਾ ਨੂੰ ਯਾਦ ਕਰਕੇ ਕਿ ਐਸਾ ਉਪਕਾਰ ਕੀਤਾ, ਜੋ ਕੋਈ ਨਹੀਂ ਕਰ ਸਕਦਾ। ਭਲਾ ਕੌਣ ਹੈ ਜੋ ਆਪਣੀ ਧੀ ਨਾਲ ਕਿਸੇ ਪਰਾਏ ਪੁਰਸ਼ ਨੂੰ ਇਕੋ ਮੰਜੇ 'ਤੇ ਪਾਉਣ ਦਾ ਹੌਂਸਲਾ ਕਰੇ। ਚੋਰ ਸੋਚਦਾ ਹੈ ਕਿ ਹੇ ਮਨਾ! ਹੋਰ ਤੇ ਪਾਪ ਤੂੰ ਜ਼ਿੰਦਗੀ ਵਿੱਚ ਬਹੁਤ ਕੀਤੇ ਹਨ, ਉਨ੍ਹਾਂ ਤੋਂ ਸ਼ਾਇਦ ਤੂੰ ਬਚ ਜਾਏਂ, ਪਰ ਜੇ ਅੱਜ ਕਬੀਰ ਸਾਹਿਬ ਦੀ ਲੜਕੀ ਦੇ ਨਾਲ ਤੇਰੇ ਜਿਸਮ ਦਾ ਕੋਈ ਅੰਗ ਵੀ ਸਪਰਸ਼ ਕਰ ਗਿਆ ਜਾਂ ਮਨ ਵਿੱਚ ਕੋਈ ਰੰਚਕ ਮਾਤਰ ਭੀ ਮੈਲਾ ਸੰਕਲਪ ਆਇਆ, ਇਹ ਪਾਪ ਕਿਸੇ ਜਨਮ ਵਿੱਚ ਭੀ ਉਤਰਨ ਵਾਲਾ ਨਹੀਂ ਹੋਵੇਗਾ। ਉਸਨੂੰ ਇਉਂ ਪ੍ਰਤੀਤ ਹੋਇਆ ਕਿ ਜਿਵੇਂ ਉਹ ਆਪਣੀ ਸੱਕੀ ਭੈਣ ਨਾਲ ਪਿਆ ਹੋਵੇ। ਅਰ ਸੋਚਦਾ ਕਿ ਜੇ ਅੱਜ ਬੱਚ ਗਿਆ ਤਾਂ ਮੈਂ ਕਬੀਰ ਸਾਹਿਬ ਜੀ ਦਾ ਸਿੱਖ ਹੋ ਕੇ ਰਹਿੰਦੀ ਜ਼ਿੰਦਗੀ ਵਿੱਚ ਪਵਿੱਤਰ ਜ਼ਿੰਦਗੀ ਜੀਵਾਂਗਾ। ਇਤਨੇ ਨੂੰ ਜੋ ਲੋਕ ਪਿੱਛੇ ਲੱਗੇ ਹੋਏ ਸਨ, ਸਾਰੇ ਕਬੀਰ ਸਾਹਿਬ ਦੇ ਘਰ ਆ ਪਹੁੰਚੇ ਤੇ ਕਬੀਰ ਸਾਹਿਬ ਨੂੰ ਆਵਾਜ਼ ਮਾਰੀ, ਕਿਹਾ ਕਿ ਕਬੀਰ! ਤੇਰੇ ਘਰ ਚੋਰ ਵੜਿਆ ਹੈ, ਦੱਸ ਕਿੱਥੇ ਹੈ? ਕਬੀਰ ਸਾਹਿਬ ਜੀ ਨੇ ਕਿਹਾ ਕਿ

**ਸਾਧ ਚੋਰ ਸਭ ਬ੍ਰਹਮ ਪਛਾਨੋ॥** [ਪੈਂਤੀ ਅੱਖਰੀ]

ਕਬੀਰ ਸਾਹਿਬ ਨੇ ਕਿਹਾ ਕਿ ਮੈਂ ਤਾਂ ਕਿਸੇ ਚੋਰ ਨੂੰ ਨਹੀਂ ਜਾਣਦਾ, ਮੇਰੇ ਘਰ ਚੋਰ ਨੇ ਵੜ ਕੇ ਕੀ ਲੈਣਾ ਹੈ? ਭਲਾ ਕੋਈ ਸਾਧ ਤਾਂ ਮੇਰੇ ਘਰ ਵੜੇ ਤਾਂ ਮੈਂ ਮੰਨ ਸਕਦਾ ਹਾਂ, ਚੋਰ ਨੇ ਮੇਰੇ ਘਰ ਕੀ ਲੈਣ ਆਉਣਾ ਹੈ। ਲੋਕਾ ਨੇ ਕਿਹਾ ਕਿ ਕਬੀਰ ਬਹੁਤੀਆਂ ਗੱਲਾਂ ਨਾ ਕਰ, ਤਲਾਸ਼ੀ ਦੇ। ਕਬੀਰ ਸਾਹਿਬ ਨੇ ਕਿਹਾ ਕਿ ਆਓ ਜੀ! ਲਓ ਤਲਾਸ਼ੀ, ਮੇਰਾ ਕਿਹੜਾ ਸ਼ਾਹੀ ਮਹਿਲ ਹੈ ਕਿ ਪਤਾ ਨਹੀਂ ਲੱਗਣਾ, ਇਥੇ ਜੋ ਕੁਝ ਹੈ ਸਭ ਕੁਝ ਤੁਹਾਡੇ ਸਾਹਮਣੇ ਹੈ। ਔਹ ਸਾਹਮਣੇ ਮੇਰੇ ਧੀ ਤੇ ਜਵਾਈ ਸੁੱਤੇ ਹੋਏ ਹਨ, ਇਹ ਜਗ੍ਹਾ ਛੱਡ ਕੇ ਬਾਕੀ ਜਿਹੜੀ ਮਰਜ਼ੀ ਜਗ੍ਹਾ ਵੇਖ ਲਓ। ਸਾਰੀ ਜਗ੍ਹਾ ਵੇਖੀ ਤਾਂ ਚੋਰ ਕਿਤੇ ਭੀ ਨਾ ਲੱਭਾ। ਲੋਕਾਂ ਨੇ ਬਥੇਰੀ ਕੋਸ਼ਿਸ਼ ਕੀਤੀ ਅਖ਼ੀਰ ਨੂੰ ਜਦੋਂ ਪਤਾ ਨਾ ਲੱਗਾ ਤਾਂ ਲੋਕੀਂ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਚੋਰ ਨੇ ਉਠ ਕੇ ਕਬੀਰ ਜੀ ਦੇ ਚਰਨ ਫੜ ਲਏ ਅੱਖਾਂ ਵਿੱਚ ਹੰਝੂ ਭਰ ਕੇ ਕਹਿਣ ਲੱਗਾ ਕਿ ਕਬੀਰ ਜੀ! ਮੈਨੂੰ ਬਖ਼ਸ਼ੋ। ਕਬੀਰ ਜੀ ਨੇ ਸ਼ੁਭ ਸਿਖਿਆ ਦੇ ਕੇ ਬੰਦਗੀ ਵਿੱਚ ਜੋੜ ਦਿੱਤਾ ਤੇ ਅੱਗੇ ਲਈ ਧਰਮ ਕਿਰਤ ਵਿੱਚ ਵਿਸ਼ਵਾਸ ਪੈਦਾ ਕਰ ਦਿੱਤਾ। ਰਾਤ ਕੱਟੀ ਤਾਂ ਜਦੋਂ ਚੋਰ ਸਵੇਰ ਨੂੰ ਜਾਣ ਲੱਗਾ ਤਾਂ ਕਬੀਰ ਸਾਹਿਬ ਨੇ ਕਿਹਾ ਕਿ ਭਾਈ! ਮੈਂ ਆਪਣੀ ਜ਼ੁਬਾਨ ਤੋਂ ਤੈਨੂੰ ਜਵਾਈ ਕਹਿ ਚੁੱਕਾ ਹਾਂ, ਇਸ ਲਈ ਮੇਰੀ ਧੀ ਹੁਣ ਤੇਰੀ ਹੋ ਚੁੱਕੀ ਹੈ। ਕਬੀਰ ਜੀ ਨੇ ਆਪਣੀ ਧੀ ਉਸੇ ਨੂੰ ਵਿਆਹ ਦਿੱਤੀ। ਜਦੋਂ ਇਹ ਗੱਲ ਦਾ ਲੋਕਾਂ ਨੂੰ ਪਤਾ ਲੱਗਾ ਤਾਂ ਲੋਕਾਂ ਨੇ ਬੜਾ ਅਪਜਸ ਕੀਤਾ, ਜੈਸਾ ਕਿ 'ਪੰਥ ਪ੍ਰਕਾਸ਼' ਵਿੱਚ ਜ਼ਿਕਰ ਆਇਆ ਹੈ। ਜੈਸਾ ਕਿ:

**ਸੰਤਨ ਹਿਤ ਬੇਚੀ ਨਿਜ ਤੀਆ॥ ਚੋਰ ਸੁਆਲ ਦੀਓ ਸੰਗ ਧੀਆ॥** [ਪੰਥ ਪ੍ਰਕਾਸ਼]

ਸੋ ਇਸ ਪ੍ਰਕਾਰ ਜਿਵੇਂ ਰੱਬ ਦੀ ਸ਼ਰਨ ਕੋਈ ਅਪਰਾਧੀ ਆ ਜਾਵੇ, ਉਹ ਉਸਦਾ ਪਰਦਾ ਢਕਦਾ ਹੈ ਤਾਂ ਰੱਬ ਦੇ ਪਿਆਰੇ ਭੀ ਉਸੇ ਤਰ੍ਹਾਂ ਔਗੁਣ ਨਹੀਂ ਦੇਖਦੇ, ਸਗੋਂ ਅਪਰਾਧੀਆਂ ਦੇ ਭੀ ਪਰਦੇ ਢਕਦੇ ਹਨ। ਇਹ ਰਹਾਉ ਵਾਲੀ ਤੁਕ ਵਿੱਚ ਆਏ ਹੋਏ ਸਿਧਾਂਤ ਤੇ ਸਾਖੀ ਦਾ ਪ੍ਰਮਾਣ ਦਿੱਤਾ ਹੈ।

## *ਜੋ ਜੋ ਕੀਨੋ, ਸੋ ਤੁਮ੍ ਜਾਨਿਓ; ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥*

ਹੇ ਪ੍ਰਮੇਸ਼ਰ! ਜੋ ਜੋ ਕਰਮ ਅਸੀਂ ਕੀਤੇ ਹਨ, ਉਹ ਸਭ ਤੁਸੀਂ ਜਾਣੇ ਹਨ। ਸੰਸਾਰ ਵਿੱਚ ਸਾਰੀਆਂ ਥਾਵਾਂ ਨੂੰ ਵੇਖਿਆ ਹੈ, ਇਹੋ ਜਿਹੀ ਕੋਈ ਥਾਂ ਨਹੀਂ, ਜਿਥੇ ਆਪ ਨਾ ਹੋਵੋਂ, ਭਾਵ ਆਪ ਘੱਟ-ਘੱਟ ਵਿੱਚ ਵਿਆਪਕ ਹੋ, ਪਰ ਫਿਰ ਵੀ ਅਸੀਂ ਢੀਠ ਆਪ ਜੀ ਦੀ ਹੋਂਦ ਤੋਂ ਮੁਕਰ ਜਾਂਦੇ ਹਾ। ਢੀਠ=ਨਿਰਲੱਜ।

## *ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ; ਕੋਟਿ ਅਘਾ ਤੇਰੋ ਨਾਮ ਹਰਨ ॥੧॥*

ਹੇ ਪ੍ਰਭ=ਪ੍ਰਮੇਸ਼ਰ ਵਾਹਿਗੁਰੂ ਜੀ! ਆਪ ਜੀ ਦਾ ਪ੍ਰਤਾਪ ਸਭ ਤੋਂ ਵੱਡਾ ਸੁਨਿਓ=ਸੁਣਿਆ ਹੈ, ਆਪ ਜੀ ਦਾ ਨਾਮ ਕ੍ਰੋੜਾਂ ਅਘਾ=ਪਾਪਾਂ ਦੇ ਹਰਨ=ਨਾਸ਼ ਕਰਨ ਵਾਲਾ ਹੈ। ਸੋ, ਪ੍ਰਮੇਸ਼ਰ ਦਾ ਇਹੋ ਜਿਹਾ ਪ੍ਰਤਾਪ ਹੈ ਕਿ ਜੋ ਉਸਦਾ ਨਾਮ ਜਪਦਾ ਹੈ, ਉਸਦੇ ਕ੍ਰੋੜਾਂ ਜਨਮਾਂ ਦੇ ਪਾਪ ਇਉਂ ਨਾਸ਼ ਹੋ ਜਾਂਦੇ ਹਨ, ਜਿਵੇਂ ਲੱਖਾਂ ਮਣ ਲੱਕੜਾਂ ਨੂੰ ਫੂਕਣ ਦੇ ਲਈ ਲੱਖਾਂ ਮਣ ਅੱਗ ਦੀ ਲੋੜ ਨਹੀਂ, ਅੱਗ ਦੀ ਕੇਵਲ ਇੱਕ ਚਿਣਗ (ਤੀਲਾ ਮਾਤਰ) ਲੱਖਾਂ ਮਣ ਲੱਕੜਾਂ ਨੂੰ ਸਾੜ ਕੇ ਸਵਾਹ ਕਰ ਦਿੰਦੀ ਹੈ। ਸੋ, ਨਾਮ ਦਾ ਇੱਕ ਕਿਨਕਾ ਕ੍ਰੋੜਾਂ ਜਨਮਾਂ ਦੇ ਪਾਪਾਂ ਨੂੰ ਫੂਕ ਕੇ ਨਾਸ਼ ਕਰ ਦਿੰਦਾ ਹੈ। ਇਸੇ ਲਈ ਗੁਰੂ ਸਾਹਿਬ ਨੇ ਨਾਮ ਦੇ ਕਿਨਕੇ ਦੀ ਗੱਲ ਸੁਖਮਨੀ ਸਾਹਿਬ ਵਿੱਚ ਕੀਤੀ ਹੈ। ਜੈਸਾ ਕਿ:

**ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥**

[ਗਉੜੀ ਮਹਲਾ ੫, ਅੰਗ ੨੬੨]

ਨਾਮ ਦਾ ਐਸਾ ਪ੍ਰਤਾਪ ਹੈ, ਅਜਾਮਲ ਨੇ ਜਪਿਆ, ਸਾਰੇ ਪਾਪ ਖ਼ਤਮ ਹੋ ਕੇ ਬੈਕੁੰਠ ਨੂੰ ਗਿਆ। ਗੁਰਬਾਣੀ ਵਿੱਚ ਐਸਾ ਫ਼ੁਰਮਾਨ ਹੈ। ਜੈਸਾ ਕਿ:

**ਪਰਤਾਪੁ ਤੁਮ੍ਾਰਾ ਦੇਖਿ ਕੈ ਜਮ ਦੂਤ ਛਡਿ ਜਾਹਿ ॥੧॥** [ਬਿਲਾਵਲੁ ਮਹਲਾ ੫, ਅੰਗ ੮੧੧]

## *ਹਮਰੋ ਸਹਾਉ ਸਦਾ ਸਦ ਭੂਲਨ; ਤੁਮ੍ਰੋ ਬਿਰਦੁ ਪਤਿਤ ਉਧਰਨ ॥*

ਹੇ ਵਾਹਿਗੁਰੂ! ਹਮਰੋ=ਸਾਡਾ ਸਹਾਉ=ਸੁਭਾਅ ਸਦਾ ਸਦ=ਹਮੇਸ਼ਾ-ਹਮੇਸ਼ਾ ਭੂਲਨ=ਭੁਲਣੇ ਵਾਲਾ ਹੈ, ਵਾ ਭੁੱਲਾਂ ਕਰਨ ਵਾਲਾ ਹੈ। ਤੁਮ੍ਰੋ=ਤੁਹਾਡਾ ਬਿਰਦੁ=ਧਰਮ ਪਤਿਤ=ਪਾਪੀਆਂ ਦੇ ਉਧਰਨ=ਤਾਰਨੇ ਵਾਲਾ ਹੈ। ਜੈਸਾ ਕਿ:

**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥** [ਬਿਲਾਵਲੁ ਮਹਲਾ ੫, ਅੰਗ ੮੦੯]

## *ਕਰੁਣਾਮੈ ਕਿਰਪਾਲ ਕ੍ਰਿਪਾਨਿਧਿ;*
## *ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਕਿਰਪਾਲ=ਦਿਆਲੂ ਤੇ ਕਰੁਣਾਮੈ=ਕ੍ਰਿਪਾਲੂ ਸਰੂਪ ਪਰਮੇਸ਼ਰ! ਆਪ ਜੀ ਕ੍ਰਿਪਾ ਨਿਧਿ=ਕਿਰਪਾ ਦੇ ਖ਼ਜ਼ਾਨੇ ਹੋ। ਹੇ ਕ੍ਰਿਪਾ ਦੇ ਖ਼ਜ਼ਾਨੇ ਵਾਹਿਗੁਰੂ! ਆਪ ਜੀ ਦਾ ਦਰਸ਼ਨ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ॥੨॥੨॥੧੧੮॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੨ [ਆਦਿ ਅੰਗ ੮੨੯]

*ਬਿਲਾਵਲੁ ਮਹਲਾ ੫ ॥ ਜੀਵਉ ਨਾਮੁ ਸੁਨੀ ॥ ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ਰਹਾਉ॥ ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥ ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧॥ ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥ ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥*

## *ਬਿਲਾਵਲੁ ਮਹਲਾ ੫ ॥*

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਬਿਲਾਵਲ ਰਾਗ ਦਾ ਹੈ।

## *ਜੀਵਉ; ਨਾਮੁ ਸੁਨੀ ॥*

ਮੈਂ ਦਾਸ ਉਸ ਵਾਹਿਗੁਰੂ ਦੇ ਨਾਮ ਨੂੰ ਸੁਨੀ=ਸੁਣ ਕੇ ਜੀਵਉ=ਜਿਉਂਦਾ ਹਾਂ, ਕਿਉਂਕਿ ਅਸਲੀ ਜੀਵਨ ਹੀ ਪ੍ਰਮੇਸ਼ਰ ਦਾ ਚਿੰਤਨ ਹੈ। ਇਸ ਤੋਂ ਬਿਨਾਂ ਜੀਵਨ ਪਸ਼ੂਆਂ-ਪੰਛੀਆਂ ਜੈਸਾ ਹੀ ਹੈ। ਜਦੋਂ ਕਰਮ, ਸੁਭਾਅ ਪਸ਼ੂ ਦਾ ਹੈ, ਕੇਵਲ ਸ਼ਕਲ ਮਨੁੱਖ ਦੀ ਹੈ, ਉਸਦੇ ਪ੍ਰਤੀ ਸਤਿਗੁਰੂ ਐਸਾ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥**
[ਗਉੜੀ ਸੁਖਮਨੀ ਮਹਲਾ ੫, ਅੰਗ ੨੬੭]

ਸੋ, ਪ੍ਰਮੇਸ਼ਰ ਦਾ ਚਿੰਤਨ ਤੇ ਪ੍ਰਮੇਸਰ ਦੀ ਯਾਦ ਹੀ ਅਸਲੀ ਜੀਵਨ ਹੈ। ਜੈਸਾ ਕਿ :

੧. **ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥**
**ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥** [ਧਨਾਸਰੀ ਮਹਲਾ ੧, ਅੰਗ ੬੮੮]

੨. **ਜੀਵਤੁ ਰਾਮ ਕੇ ਗੁਣ ਗਾਇ ॥**
**ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ ॥**
[ਸਾਰਗ ਮਹਲਾ ੫, ਅੰਗ ੧੨੨੩]

੩. **ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੧॥**
[ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੪]

੪. **ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥** [ਵਾਰ ਮਾਝ ਮਹਲਾ ੧, ਅੰਗ ੧੪੨]

ਜਿਨ੍ਹਾਂ ਨੇ ਹਰਿ ਹਰਿ ਵਾਹਿਗੁਰੂ ਦਾ ਨਾਮ ਧਿਆਇਆ ਹੈ, ਉਹੀ ਪੁਰਸ਼ ਜਿਉਂਦਿਆਂ ਵਿੱਚ ਵੇਖੇ ਗਏ ਹਨ। ਸਾਧ ਸੰਗਤ ਕਰਕੇ ਉਨ੍ਹਾਂ ਨੇ ਪ੍ਰਮੇਸ਼ਰ ਦੇ ਦਰਸ਼ਨ ਪਾ ਲਏ ਹਨ। ਜੈਸਾ ਕਿ :

੧. **ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ ॥**
**ਸਾਧਸੰਗਿ ਤਿਨੀ ਦਰਸਨੁ ਪਾਇਆ ॥** [ਸੂਹੀ ਮਹਲਾ ੫, ਅੰਗ ੭੪੦]

੨. **ਹਰਿ ਹਰਿ ਜਨਿ ਲਹੇ ਹਾਂ ॥ ਜੀਵਤ ਸੇ ਰਹੇ ਹਾਂ ॥** [ਆਸਾਵਰੀ ਮਹਲਾ ੫, ਅੰਗ ੪੧੧]

ਇਨ੍ਹਾਂ ਹੀ ਪ੍ਰਮਾਣਾਂ ਦੇ ਨਾਲ ਮਿਲਦੀ ਵੀਚਾਰ ਸਤਿਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ ਮਿਲਦੀ ਹੈ।

**ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ—**ਇਕ ਵਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (ਜੋ ਆਪ ਹੀ ਪ੍ਰਮੇਸ਼ਰ ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਕਰਕੇ ਬਾਬਾ ਕਲਿਆਣ ਚੰਦ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖ ਤੋਂ ਪ੍ਰਗਟ ਹੋਏ) ਨੇ ਐਸੀ ਬਿਰਤੀ ਧਾਰਨ ਕਰ ਲਈ, ਜੇ ਬੈਠੇ ਹਨ ਤਾਂ ਬੈਠੇ ਹੀ ਰਹਿਣ; ਜੇ ਪਏ ਹਨ ਤਾਂ ਕਿਤਨੀ-ਕਿਤਨੀ ਦੇਰ ਤੱਕ ਪਏ ਹੀ ਰਹਿਣ। ਮਾਤਾ-ਪਿਤਾ ਬੜੀ ਚਿੰਤਾ ਵਿੱਚ ਹੋ ਗਏ। ਨਾ ਜਾਣੇ ਪੁੱਤਰ ਨੂੰ ਕੀ ਹੋ ਗਿਆ ਹੈ ? ਕਈ ਪ੍ਰਕਾਰ ਦੇ ਖ਼ਿਆਲ ਮਾਤਾ-ਪਿਤਾ ਦੇ ਦਿਮਾਗ਼ ਵਿੱਚ ਚੱਕਰ ਲਾਉਣ ਲੱਗੇ। ਮਾਤਾ-ਪਿਤਾ ਆਪਸ ਵਿੱਚ ਗੱਲ ਕਰਨ ਮਹਿਤਾ ਕਲਿਆਣ ਚੰਦ ਜੀ ਕਹਿਣ ਕਿ ਆਪਣੇ ਪੁੱਤਰ ਨੂੰ ਤੂੰ ਸਮਝਾਉਣਾ ਕਰ। ਮਾਤਾ ਤ੍ਰਿਪਤਾ ਜੀ ਕਹਿਣ ਕਿ ਸਮਝਾਉਣ ਦੀ ਕੋਈ ਗੱਲ ਨਹੀਂ। ਪੁੱਤਰ ਦੀ ਚਿੰਤਾ ਕਰੋ, ਇਹਨਾਂ ਨੂੰ ਕੋਈ ਖਾਸ ਬੀਮਾਰੀ ਲੱਗ ਗਈ ਹੈ ਜਾਂ ਫਿਰ ਕੋਈ ਓਪਰੀ ਸ਼ੈ ਦਾ ਛਾਇਆ ਇਨ੍ਹਾਂ ਦੇ ਉਪਰ ਹੋ ਗਿਆ ਹੈ। ਇਸ ਦੇ ਲਈ ਕੋਈ ਉਪਚਾਰ ਜ਼ਰੂਰ ਕਰਨਾ ਚਾਹੀਦਾ ਹੈ। ਇਲਾਜ ਲਈ ਸਿਆਣੇ ਵੈਦ, ਜਿਸਦੀ ਵੈਦਗੀ ਦੀ ਧੁੰਮ ਸਾਰੇ ਪਈ ਹੋਈ ਸੀ, ਜੋ ਨਾੜੀ ਪ੍ਰੀਖਿਆ ਗਿਆਨ ਵਿੱਚ ਬੜਾ ਮਾਹਿਰ ਸੀ। ਨਬਜ਼ ਦੇਖ ਕੇ ਮਰੀਜ਼ ਦੇ ਬਿਨਾਂ ਦੱਸੇ ਰੋਗ ਬੁੱਝ ਲੈਂਦਾ ਸੀ। ਇਤਿਹਾਸ ਵਿੱਚ ਉਸਦਾ ਨਾਮ ਹਰਦਾਸ ਨਾਮੀ ਵੈਦ ਲਿਖਿਆ ਹੈ, ਉਸ ਕੋਲ ਜਾ ਕੇ ਬਾਬਾ ਕਲਿਆਣ ਚੰਦ ਜੀ ਨੇ ਸਾਰੀ ਵਾਰਤਾ ਕਹਿ ਸੁਣਾਈ ਕਿ ਮੇਰੇ ਪੁੱਤਰ ਨੂੰ ਪਤਾ ਨਹੀਂ ਕੀ ਹੋ ਗਿਆ ਹੈ ? ਨਾ ਬੋਲਦਾ ਹੈ ਤੇ ਨਾ ਹੀ ਕੁਝ ਖਾਂਦਾ-ਪੀਂਦਾ ਹੈ। ਵੈਦ ਜੀ ਮਹਿਤਾ ਜੀ ਦੇ ਨਾਲ ਘਰ ਪਹੁੰਚੇ ਤਾਂ ਗੁਰੂ ਨਾਨਕ ਸਾਹਿਬ ਜੀ ਮੰਜੀ 'ਤੇ ਲੇਟੇ ਹੋਏ ਸਨ। ਵੈਦ ਜੀ ਨੇ ਸਤਿਗੁਰੂ ਜੀ ਦੀ ਬਾਂਹ ਪਕੜ ਦੇ ਆਪਣੀ ਸਿਆਣਪ ਦਾ ਪ੍ਰਗਟਾਵਾ ਕਰਦੇ ਹੋਏ ਮੂੰਹ ਤੋਂ ਗੁਣ-ਗੁਣ ਦੀ ਆਵਾਜ਼ ਕਰਕੇ ਜਣਾਉਣਾ ਕੀਤਾ ਕਿ ਰੋਗ ਸਮਝ ਵਿੱਚ ਆ ਰਿਹਾ ਹੈ। ਇਹ ਦੇਖ ਕੇ ਸਤਿਗੁਰੂ ਜੀ ਵੈਦ ਦੀ ਅਗਿਆਨਤਾ 'ਤੇ ਥੋੜ੍ਹਾ ਜਿਹਾ ਮੁਸਕਰਾਏ ਤੇ ਫਿਰ ਗੰਭੀਰ ਹੋ ਕੇ ਬੋਲੇ ਕਿ ਵੈਦ ਜੀ ਕਦੇ ਰੋਗੀ ਭੀ ਕਿਸੇ ਦਾ ਰੋਗ ਮਿਟਾ ਸਕਦਾ ਹੈ ? ਅਤੇ ਜੇ ਰੋਗੀ ਤੰਦਰੁਸਤ ਦੀ ਬਾਂਹ ਫੜ ਕੇ ਆਪਣੀ ਹਉਮੈ ਵੈਦਗਰੀ ਦਾ ਪ੍ਰਗਟਾਵਾ ਕਰੇ ਤਾਂ ਕੈਸੀ ਹਾਸੋਹੀਣੀ ਗੱਲ ਹੈ। ਇਹ ਕਹਿੰਦਿਆਂ ਸਤਿਗੁਰੂ ਜੀ ਨੇ ਆਪਣੀ ਬਾਂਹ ਵੈਦ ਦੇ ਹੱਥ ਵਿੱਚੋਂ ਛਡਾ ਲਈ ਔਰ ਕਿਹਾ ਕਿ ਵੈਦ ਜੀ ! ਮੈਂ ਤਾਂ ਆਪਣੇ ਮਾਤਾ-ਪਿਤਾ ਅੱਗੇ ਕੋਈ ਇਤਰਾਜ਼ ਨਹੀਂ ਕੀਤਾ, ਭਾਵੇਂ ਇਨ੍ਹਾਂ ਨੇ ਮੁਲਾਂ ਨੂੰ ਬੁਲਾ ਕੇ ਜੰਤ੍ਰ-ਮੰਤ੍ਰ ਭੀ ਕਰਵਾਏ। ਉਹ ਗੱਲ ਆਪਣੀ ਬਾਣੀ ਵਿੱਚ ਵੀ ਪ੍ਰਗਟ ਕੀਤੀ। ਜੈਸਾ ਕਿ :

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥** [ਮਾਰੂ ਮਹਲਾ ੧, ਅੰਗ ੯੯੧]

ਫਿਰ ਵੈਦ ਨੂੰ ਉਪਦੇਸ਼ ਦਿੱਤਾ ਅੰਮ੍ਰਿਤ ਬਚਨ ਵਿੱਚ ਕਿਹਾ। ਜੈਸਾ ਕਿ :

**ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥**
**ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥** [ਵਾਰ ਮਲਾਰ ਮਹਲਾ ੧, ਅੰਗ ੧੨੭੯]

ਸੋ ਇਉਂ ਸਤਿਗੁਰੂ ਜੀ ਨੇ ਅਨੰਤ ਕੌਤਕ ਜਿਵੇਂ ਕਿ ਪਾਂਧੇ ਨੂੰ ਤਾਰਨਾ, ਕਾਜ਼ੀ ਨੂੰ ਸਿੱਖਿਆ ਦੇਣੀ, ਪੈਲੀ ਹਰੀ-ਭਰੀ ਕਰਨੀ, ਸੱਪ ਨੇ ਛਾਇਆ ਕਰਨੀ, ਬ੍ਰਿਛ ਦੀ ਛਾਂ ਸਤਿਗੁਰਾਂ 'ਤੇ ਟਿਕੀ ਰਹਿਣੀ। ਤੇ ਰਾਇ ਬੁਲਾਰ ਨੂੰ ਤਾਰਨਾ ਆਦਿ ਕੌਤਕ ਕਰਕੇ ਦੁਨੀਆ ਨੂੰ ਤਾਰਨ ਲਈ ਬਾਹਰ ਵਿਚਰਨ ਲੱਗ ਪਏ। ਬਾਰਾਂ ਸਾਲ ਬਾਅਦ ਆਪਣੀ ਜਨਮ ਭੂਮੀ ਨਨਕਾਣਾ ਸਾਹਿਬ ਪਹੁੰਚੇ। ਅੱਠੇ ਪਹਿਰ ਲਿਵ ਲੱਗੀ ਰਹੇ, ਬੈਰਾਗ ਸਹਿਤ ਸਿਮਰਨ ਵਿੱਚ ਜੁੜੇ ਰਹਿੰਦੇ। ਸਤਿਗੁਰੂ ਜੀ ਦੀ ਮਾਤਾ ਜੀ ਨੇ ਕਿਹਾ ਕਿ **ਮੈਂ ਵਾਰੀ ਸੁਤ, ਤੋਂ ਪਰ ਵਾਰੀ ॥ ਵਾਰ ਵਾਰ ਕਹਿ ਗੁਰ ਮਹਿਤਾਰੀ ॥**" ਕਿਹਾ ਕਿ ਹੇ ਸਪੁੱਤਰ ! ਆਪ ਇਤਨੀ ਦੇਰ ਪਿੱਛੋਂ ਘਰ ਪਰਤੇ ਹੋ, ਸਾਡੇ ਨਾਲ ਕਦੇ ਤਾਂ ਬੈਠ ਕੇ ਘਰ ਦੇ ਕਾਰ-ਵਿਚਾਰ ਦੀ ਗੱਲ ਕਰਿਆ ਕਰੋ। ਜਦੋਂ ਦੇਖੋ ਹਰ ਵਕਤ ਹੀ ਭਜਨ ਕਰਦੇ ਰਹਿੰਦੇ ਹੋ। ਭਜਨ ਕਰਨ ਵਾਲੇ ਹੋਰ ਭੀ ਲੋਕ ਦੇਖੀਦੇ ਹਨ ਅਤੇ ਸੁਣੇ ਭੀ ਹਨ। ਆਪ ਦਾ ਢੰਗ ਸਾਰੀ ਦੁਨੀਆ ਦੇ ਭਗਤਾਂ ਤੋਂ ਵੱਖਰਾ ਹੀ ਹੈ। ਕਦੇ ਤਾਂ ਕੋਈ ਸਮਾਂ ਹੋਵੇ ਕਿ ਜਦੋਂ ਕੋਈ ਕਾਰ-ਵਿਹਾਰ ਦੀ ਗੱਲ, ਕਬੀਲਦਾਰੀ ਦੀ ਗੱਲ ਕਰੋ, ਪਰ

ਤੁਸੀਂ ਤਾਂ ਹਰ ਵੇਲੇ ਇਕੋ ਹੀ ਰਟ ਫੜੀ ਹੋਈ ਹੈ। ਭਗਤਾਂ ਦੀਆਂ ਸਾਖੀਆਂ ਭੀ ਸੁਣੀਆਂ ਹਨ। ਇਸ ਢੰਗ ਨਾਲ ਤਾਂ ਕੋਈ ਨਹੀਂ ਸੁਣਿਆ ਕਿ ਮਾਤਾ-ਪਿਤਾ ਕਲਪਨਾ ਵਿੱਚ ਹੋਣ ਤੇ ਭਗਤ ਪੁੱਤਰ ਕੋਈ ਗੱਲ ਨਾ ਕਰੇ। ਕੋਈ ਅੱਧੀ ਘੜੀ ਤੇ ਕੋਈ ਇੱਕ ਘੜੀ ਜਾਂ ਕੋਈ ਪਹਿਰ ਮਾਲਾ ਫੇਰ ਕੇ ਭਜਨ ਕਰਦਾ ਹੈ। ਫਿਰ ਦੁਨੀਆ ਦੇ ਵਿਵਹਾਰਾਂ ਵਿੱਚ ਲਗ ਜਾਂਦਾ ਹੈ, ਪਰ ਪੁੱਤਰ ਤੁਹਾਡੇ ਵੱਲ ਵੇਖ ਕੇ ਤਾਂ ਬੜੀ ਹੈਰਾਨੀ ਹੁੰਦੀ ਹੈ। ਨਾ ਬੋਲਦੇ ਹੋ ਨਾ ਲੰਗਰ ਪਾਣੀ ਰੁਚੀ ਨਾਲ ਛਕਦੇ ਹੋ। ਕਿਸ ਤਰ੍ਹਾਂ ਇਹ ਸਰੀਰ ਬਚੇਗਾ, ਕਦੇ ਸਰੀਰ ਦਾ ਭੀ ਖ਼ਿਆਲ ਨਹੀਂ ਰੱਖਦੇ। ਚਾਦਰ ਤਾਣ ਕੇ ਮਸਤੀ ਨਾਲ ਪਏ ਰਹਿੰਦੇ ਹੋ। ਆਪਣੇ ਜੀਵਨ ਦਾ ਆਧਾਰ ਦਸਦੇ ਹੋਏ ਪਦਾਰਥਾਂ ਨਾਲੋਂ ਵੱਡੀ ਭੁੱਖ ਨਾਮ ਦੀ ਦਰਸਾਉਂਦੇ ਹੋਏ ਸ਼ਬਦ ਉਚਾਰਨ ਕੀਤਾ। ਤੇ ਮਾਤਾ ਦੇ ਪ੍ਰਥਾਇ ਕਹਿ ਰਹੇ ਹਨ। ਜੈਸਾ ਕਿ :

**ਸੋ ਕਿਉ ਵਿਸਰੈ ਮੇਰੀ ਮਾਇ ॥**
**ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥** [ਆਸਾ ਮਹਲਾ ੧, ਅੰਗ ੯]

ਇਉਂ ਰਹਾਉ ਵਾਲੀ ਤੁਕ ਦੁਆਰਾ ਆਪਣੀ ਪਿਆਰੀ ਮਾਤਾ ਨੂੰ ਉਪਦੇਸ਼ ਬਖ਼ਸ਼ਿਸ਼ ਕੀਤਾ ਕਿ ਉਹ ਵਾਹਿਗੁਰੂ ਮੈਨੂੰ ਕਿਉਂ ਵਿਸਰੇ ? ਜਿਹੜਾ ਸੱਚਾ ਮਾਲਕ ਹੈ ਤੇ ਜਿਸਦਾ ਨਾਮੀ ਭੀ ਸੱਚਾ ਹੈ। ਜੈਸਾ ਕਿ :

**ਆਖਾ ਜੀਵਾ ਵਿਸਰੈ ਮਰਿ ਜਾਉ ॥** [ਆਸਾ ਮਹਲਾ ੧, ਅੰਗ ੯]

ਹੇ ਮਾਤਾ ਜੀ ! ਅਸੀਂ ਤਾਂ ਜੇ ਪ੍ਰਮੇਸ਼ਰ ਦੇ ਨਾਮ ਨੂੰ ਆਖਦੇ ਹਾਂ ਤਾਂ ਜਿਉਂਦੇ ਹਾਂ, ਜੇ ਪ੍ਰਮੇਸ਼ਰ ਵਿਸਰ ਜਾਵੇ ਤਾਂ ਮਰਨਾ ਹੁੰਦਾ ਹੈ, **ਵਾ:** ਜਿਹੜੇ ਪ੍ਰਮੇਸ਼ਰ ਨੂੰ ਆਖਦੇ ਹਨ, ਉਹ ਜਿਉਂਦੇ ਹਨ। ਜਿਨ੍ਹਾਂ ਨੂੰ ਭੁੱਲ ਜਾਂਦਾ ਹੈ, ਉਹ ਮਰਿਆਂ ਵਰਗੇ ਹਨ। ਜੈਸਾ ਕਿ :

**੧. ਮਰਣੰ ਬਿਸਰਣੰ ਗੋਬਿਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥**
[ਮਹਲਾ ੫ ਗਾਥਾ, ਅੰਗ ੧੩੬੧]

**੨. ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥**
[ਆਸਾ ਮਹਲਾ ੫, ਅੰਗ ੪੬੦]

**੩. ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥**
[ਸੂਹੀ ਮਹਲਾ ੫, ਅੰਗ ੭੭੮]

ਸੋ, ਮਾਤਾ ਨੇ ਕਿਹਾ ਸੀ ਕਿ ਜਿਸ ਤਰ੍ਹਾਂ ਆਪ ਪ੍ਰਮੇਸ਼ਰ ਦਾ ਨਾਮ ਆਖਦੇ ਰਹਿੰਦੇ ਹੋ, ਹੋਰ ਸਾਰੇ ਕਿਉਂ ਨਹੀਂ ਆਖਦੇ ? ਤਾਂ ਉੱਤਰ ਦਿੱਤਾ—**ਆਖਣਿ ਅਉਖਾ ਸਾਚਾ ਨਾਉ ॥** [ਆਸਾ ਮਹਲਾ ੧, ਅੰਗ ੯]। ਸੱਚੇ ਪ੍ਰਮੇਸ਼ਰ ਦਾ ਨਾਮ ਆਖਣਾ ਬੜਾ ਹੀ ਔਖਾ ਹੈ, ਕਿਉਂਕਿ ਚਿਤ ਵਾਹਿਗੁਰੂ ਵੱਲੋਂ ਟਲ-ਟਲ ਕੇ ਹੋਰ-ਹੋਰ ਪਾਸੇ ਜੜ੍ਹ ਚੇਤਨ ਮਾਇਆ ਵਿੱਚ ਲੱਗ ਜਾਂਦਾ ਹੈ, ਵਾਹਿਗੁਰੂ ਵੱਲ ਜੁੜਿਆ ਨਹੀਂ ਰਹਿੰਦਾ। ਭਾਵੇਂ ਹੋਰ ਸੰਸਾਰ ਦੇ ਔਖੇ ਤੇ ਔਖੇ ਕੰਮ ਜੀਵ ਸਿੱਖ ਲੈਂਦਾ ਹੈ, ਪਰ ਮਨ ਨੂੰ ਵਸ ਕਰਨਾ ਇਹ ਕਲਾ ਸਿਖਣੀ ਬੜੀ ਔਖੀ ਹੈ। ਥੋੜ੍ਹਾ ਚਿਰ ਭਜਨ ਵਿੱਚ ਬੈਠਣ ਨਾਲ ਮਨ ਸੰਕਲਪਾਂ ਰੂਪ ਉਡਾਰੀਆਂ ਮਾਰਨ ਲੱਗ ਜਾਂਦਾ ਹੈ। ਇਹ ਮਨ ਫੁਰਨਿਆਂ ਨਾਲ ਉਡਾਰੀਆਂ ਮਾਰ ਕੇ ਦੂਰ ਚਲਾ ਜਾਂਦਾ ਹੈ, ਸਿਮਰਨ ਨਹੀਂ ਕਰਦਾ। ਪ੍ਰਮੇਸ਼ਰ ਦੇ ਨਾਮ ਦਾ ਆਖਣਾ ਬਹੁਤ ਹੀ ਔਖਾ ਹੈ। ਜੈਸਾ ਕਿ :

**ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪਈ ਆਖਿ ॥**
[ਵਾਰ ਸਾਰੰਗ ਮਹਲਾ ੧, ਅੰਗ ੧੨੩੯]

ਸੋ, ਇਹ ਮਾਤਾ ਜੀ ਤੁਸੀਂ ਤਾਂ ਕਹਿੰਦੇ ਹੋ ਕਿ ਮੇਰੇ ਪੁੱਤਰ ਨੂੰ ਭੁੱਖ ਨਹੀਂ ਲਗਦੀ। ਮੈਂ ਕਹਿੰਦਾ ਹਾਂ ਕਿ ਮੈਨੂੰ ਤਾਂ ਹਰ ਵੇਲੇ ਭੁੱਖ ਲੱਗੀ ਰਹਿੰਦੀ ਹੈ। ਲੋਕਾਂ ਨੂੰ ਤਾਂ ਰੋਟੀ ਦੀ ਭੁੱਖ ਲਗਦੀ ਹੈ, ਤੁਹਾਡੇ ਪੁੱਤਰ ਨੂੰ ਨਾਮ

ਦੀ। **ਸਾਚੇ ਨਾਮ ਕੀ ਲਾਗੈ ਭੂਖ॥** [ਆਸਾ ਮਹਲਾ ੧, ਅੰਗ ੯]। ਹੇ ਮਾਤਾ! ਮੈਨੂੰ ਸੱਚੇ ਨਾਮ ਜਪਣ ਦੀ ਭੁੱਖ ਹਰ ਵੇਲੇ ਲੱਗੀ ਰਹਿੰਦੀ ਹੈ। ਸੋ, ਜਿਸ ਨੂੰ ਅਕਾਲ ਪੁਰਖ ਦੀ ਭੁੱਖ ਲਗੇ, ਭਾਵ ਸਿਮਰਨ ਦੀ ਤੀਬਰ ਇੱਛਾ ਅੰਦਰੋਂ ਫੁਰੇ। ਜੈਸਾ ਕਿ :

**ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥** [ਭੈਰਉ ਨਾਮਦੇਉ ਜੀ, ਅੰਗ ੧੧੬੪]

ਜਿਵੇਂ ਭੁੱਖਾ ਪੁਰਸ਼ ਲਾਜ-ਕੁਲਾਜ ਨੂੰ ਛੱਡ ਕੇ ਕੇਵਲ ਭੁੱਖ ਮੇਟਣ ਲਈ ਯਤਨਸ਼ੀਲ ਹੁੰਦਾ ਹੈ ਤੇ ਖੋਟੇ ਬੋਲ ਭੀ ਸਹਾਰ ਲੈਂਦਾ ਹੈ। ਇਸੇ ਤਰ੍ਹਾਂ ਸਿਮਰਨ ਕਰਨ ਵਾਲਾ ਲਾਜ-ਕੁਲਾਜ ਛੱਡ ਕੇ ਲੋਕਾਂ ਦੇ ਬੋਲ-ਕੁਬੋਲ ਸਹਾਰਦਾ ਹੋਇਆ ਵਾਹਿਗੁਰੂ ਪ੍ਰਮੇਸ਼ਰ ਦੇ ਨਾਮ ਨੂੰ ਹੀ ਮੰਗਦਾ ਹੈ। ਜੈਸਾ ਕਿ :

**ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ॥**
**ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ॥੨॥** [ਗਉੜੀ ਕੀ ਵਾਰ ਮਹਲਾ ੫, ਅੰਗ ੩੧੭]

ਸੋ ਇਸ ਕਰਕੇ ਜਿਨ੍ਹਾਂ ਨੂੰ ਨਾਮ ਬਾਰੇ ਸੋਝੀ ਹੈ, ਉਹ ਨਾਮ ਤੋਂ ਬਿਨਾਂ ਹੋਰ ਕਿਸੇ ਭੀ ਪਦਾਰਥ ਨੂੰ ਚਾਹੁੰਦੇ ਨਹੀਂ ਹਨ। ਬਲਕਿ ਨਾਮ ਤੋਂ ਬਿਨਾਂ ਪਦਾਰਥਾਂ ਨੂੰ ਸ਼ਿਰੋਮਣ ਦੁਖ ਗਿਣਦੇ ਹਨ। ਜੈਸਾ ਕਿ :

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥** [ਵਾਰ ਰਾਮਕਲੀ ਮਹਲਾ ੫, ਅੰਗ ੯੫੮]

ਇਸ ਲਈ ਗੁਰੂ ਅਰਜਨ ਦੇਵ ਜੀ ਮਹਾਰਾਜ ਮੁਖਵਾਕ ਦੀ ਪਹਿਲੀ ਤੁਕ ਵਿੱਚ ਨਾਮ ਵਿੱਚ ਜੁੜਨਾ ਇੱਕ ਜੀਵਨ ਦਰਸਾ ਰਹੇ ਹਨ ਅਤੇ ਨਾਮ ਤੋਂ ਟੁੱਟਣਾ ਇਕ ਮੌਤ ਹੈ। ਇਹ ਆਤਮਿਕ ਮੌਤ ਹੈ। ਸੰਸਾਰ ਵਿੱਚ ਕਈ ਪ੍ਰਕਾਰ ਦੀਆਂ ਮੌਤਾਂ ਅਤੇ ਕਈ ਪ੍ਰਕਾਰ ਦੇ ਜੀਵਨ ਹਨ। ਇੱਕ ਸੰਸਾਰਿਕ ਜੀਵਨ ਹੈ, ਉਸਦੀ ਸੰਸਾਰਿਕ ਮੌਤ, ਰਾਜਨੀਤਕ ਜੀਵਨ ਹੈ ਤੇ ਰਾਜਨੀਤਿਕ ਮੌਤ ਭੀ ਹੋ ਜਾਂਦੀ ਹੈ। ਇੱਕ ਧਾਰਮਿਕ ਜੀਵਨ ਹੈ ਧਰਮ ਤੋਂ ਬੇਮੁਖ ਹੋਣ ਨਾਲ ਧਰਮ ਤੋਂ ਮੌਤ ਹੋ ਜਾਂਦੀ ਹੈ। ਜਿਸਮਾਨੀ ਜੀਵਨ ਹੈ ਅਤੇ ਜਿਸਮਾਨੀ ਮੌਤ ਭੀ ਹੈ। ਇਸ ਤਰ੍ਹਾਂ ਰੂਹਾਨੀਅਤ ਜੀਵਨ ਭੀ ਹੈ ਅਤੇ ਰੂਹਾਨੀਅਤ ਮੌਤ ਭੀ ਹੈ। ਜੋ ਪ੍ਰਮੇਸ਼ਰ ਨੂੰ ਵਿਸਾਰ ਕੇ ਜੀਅ ਰਿਹਾ ਹੈ, ਰੂਹਾਨੀਅਤ ਦੁਨੀਆ ਵਿੱਚ ਇੱਕ ਮੁਰਦਾ ਹੈ, ਇੱਕ ਤੁਰਦੀ-ਫਿਰਦੀ ਲਾਸ਼ ਮਿਰਤਕ ਸਰੀਰ ਹੈ। ਇਸ ਦੇ ਉਲਟ ਜੋ ਪ੍ਰਮੇਸ਼ਰ ਦੀ ਯਾਦ ਵਿੱਚ, ਪ੍ਰਮੇਸ਼ਰ ਦੇ ਗੁਣਾਂ ਵਿੱਚ ਜਿਵੇਂ ਕਿ ਕਥਾ, ਕੀਰਤਨ, ਸ਼ਬਦ, ਅਭਿਆਸ ਬਾਣੀ ਪੜ੍ਹਨ ਵਿੱਚ ਸਮਾਂ ਬਤੀਤ ਹੋ ਰਿਹਾ ਹੈ। ਇਸ ਜੀਵਨ ਨੂੰ ਅਸਲੀ ਜੀਵਨ ਕਿਹਾ ਹੈ। ਇਹ ਜੀਵਨ ਲੇਖੇ ਵਿੱਚ ਹੈ, ਕਿਸੇ ਦੀ ਸੌ ਵਰ੍ਹਿਆਂ ਦੀ ਉਮਰ ਸੌ ਵਰ੍ਹਿਆ ਦੀ ਨਹੀਂ ਹੈ, ਬਲਕਿ ਸੌ ਵਰ੍ਹਿਆਂ ਵਿੱਚ ਪ੍ਰਭੂ ਦੀ ਯਾਦ ਦੇ ਇੱਕ ਇੱਕ ਛਿਨ ਨੂੰ ਜੋੜ ਕੇ ਘੜੀਆਂ, ਪਹਿਰ, ਦਿਨ, ਮਹੀਨੇ ਬਣਾਏ ਜਾਣ। ਤਾਂ ਐਨੀ ਲੰਮੀ ਉਮਰ ਵਾਲੇ ਵਿਅਕਤੀ ਦੀ ਉਮਰ ਛੋਟੇ ਬਾਲਕਾਂ ਵਰਗੀ, ਭਾਵ ਦੋ-ਚਾਰ ਸਾਲਾਂ ਜਾਂ ਕੁਝ ਮਹੀਨਿਆਂ ਦੀ ਹੀ ਉਮਰ ਨਿਕਲੇਗੀ, ਜਿਹੜੀ ਲੰਮੀ ਉਮਰ ਦਾ ਲੋਕ ਦਾਅਵਾ ਕਰਦੇ ਹਨ, ਇਹ ਤਾਂ ਉਮਰ ਪਸ਼ੂ-ਪੰਛੀਆਂ ਨਾਗਾਂ-ਕਾਗਾਂ ਦੀ ਭੀ ਬਹੁਤ ਲੰਮੀ ਹੈ। ਸੋ ਇਸ ਲਈ ਸਤਿਗੁਰੂ ਜੀ "ਜੀਵਉ ਨਾਮੁ ਸੁਨੀ" ਕਿ ਵਾਹਿਗੁਰੂ ਤੇਰਾ ਨਾਮ ਸੁਣ ਕੇ ਭਾਵ ਤੇਰੀ ਯਾਦ ਵਿੱਚ ਜੀਵਉ=ਜਿਉਂਦਾ ਹਾਂ, ਭਾਵ ਇਹੀ ਜੀਵਨ ਹੈ।

## *ਜਉ ਸੁਪ੍ਰਸੰਨ ਭਏ ਗੁਰ ਪੂਰੇ; ਤਬ ਮੇਰੀ ਆਸ ਪੁਨੀ॥੧॥ਰਹਾਉ॥*

ਜਉ=ਜਦੋਂ ਪੂਰੇ ਗੁਰੂ ਜੀ ਮੇਰੇ ਉੱਤੇ ਸੁਪ੍ਰਸੰਨ=ਉਤਮ ਪ੍ਰਸੰਨਤਾ ਦੇ ਸਹਿਤ ਹੋਏ ਤਬ=ਤਦ ਮੇਰੀ ਆਸ ਪੁਨੀ=ਪੂਰੀ ਹੋ ਗਈ ਹੈ। ਭਾਵ ਗੁਰੂ ਦੀਆਂ ਖ਼ੁਸ਼ੀਆਂ ਵਿੱਚ, **ਵਾ:** ਗੁਰੂ ਦੇ ਪ੍ਰਸੰਨ ਹੋਣ ਨਾਲ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ॥੧॥ਰਹਾਉ॥ ਜੈਸਾ ਕਿ :

**ਸੁਪ੍ਰਸੰਨ ਭਏ ਗੁਰਦੇਵ॥ ਪੂਰਨ ਹੋਈ ਸੇਵਕ ਕੀ ਸੇਵ॥** [ਗਉੜੀ ਮਹਲਾ ੫, ਅੰਗ ੨੯੫]

## *ਪੀਰ ਗਈ ਬਾਧੀ ਮਨਿ ਧੀਰਾ; ਮੋਹਿਓ ਅਨਦ ਧੁਨੀ ॥*

ਜਨਮ-ਮਰਨ ਦੀ ਪੀੜਾ ਦੂਰ ਹੋ ਗਈ ਹੈ। ਹੁਣ ਮਨ ਨੇ ਧੀਰਾ=ਧੀਰਜ ਬਾਧੀ=ਬੰਨ੍ਹ ਲਈ ਹੈ ਅਤੇ ਅਨੰਦ-ਦਾਇਕ ਨਾਮ ਬਾਣੀ ਦੀ ਧੁਨੀ=ਧੁਨ ਨੂੰ ਸੁਣ ਕੇ ਮੇਰਾ ਮਨ ਮੋਹਿਓ=ਮੋਹਿਆ ਗਿਆ ਹੈ। ਜੈਸਾ ਕਿ :

**ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥**
**ਪੀੜ ਗਈ ਫਿਰਿ ਨਹੀ ਦੁਹੇਲੀ ॥੧॥ਰਹਾਉ॥** [ਆਸਾ ਮਹਲਾ ੫, ਅੰਗ ੩੭੮-੭੯]

## *ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ; ਰਹਨੁ ਨ ਜਾਇ ਖਿਨੀ ॥੧॥*

ਪ੍ਰਭੂ ਪ੍ਰਮੇਸ਼ਰ ਵਾਹਿਗੁਰੂ ਪ੍ਰੀਤਮ ਦੇ ਮਿਲਨ=ਮਿਲਾਪ ਦਾ ਚਾਉ=ਚਾਅ, ਉਤਸ਼ਾਹ ਹਿਰਦੇ ਵਿੱਚ ਉਪਜਿਓ=ਪੈਦਾ ਹੋਇਆ ਹੈ ਤੇ ਇੱਕ ਖਿਨੀ=ਖਿਨ ਭਰ ਭੀ ਉਸ ਤੋਂ ਬਿਨਾਂ ਰਿਹਾ ਨਹੀਂ ਜਾਂਦਾ ॥੧॥ ਜੈਸਾ ਕਿ :

੧. **ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥**
**ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥** [ਬਿਲਾਵਲੁ ਮਹਲਾ ੧, ਅੰਗ ੮੪੩]

੨. **ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥**
**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥** [ਸੂਹੀ ਮਹਲਾ ੧, ਅੰਗ ੭੬੪]

## *ਅਨਿਕ ਭਗਤ ਅਨਿਕ ਜਨ ਤਾਰੇ; ਸਿਮਰਹਿ ਅਨਿਕ ਮੁਨੀ ॥*

ਜਿਸਨੇ ਅਨਿਕ=ਅਨੇਕਾਂ ਭਗਤ ਅਨੇਕਾਂ ਜਨ=ਸੇਵਕ ਭਗਤਾਂ ਦੀ ਸੇਵਾ ਕਰਨ ਵਾਲੇ ਸੰਸਾਰ ਤੋਂ ਤਾਰੇ ਹਨ। ਅਥਵਾ :—ਜਿਸ ਪ੍ਰਭੂ ਨੇ ਅਨੇਕਾਂ ਭਗਤ ਜਨ ਤਾਰੇ ਹਨ, ਅਨੇਕਾਂ ਸੇਵਕ ਜਨ ਤਾਰੇ ਹਨ ਅਤੇ ਜਿਸਨੂੰ ਅਨੇਕ ਮੁਨੀ=ਮੰਨਣਸ਼ੀਲ ਮਹਾਤਮਾ ਸਿਮਰਹਿ=ਸਿਮਰਦੇ ਹਨ, ਭਾਵ ਯਾਦ ਕਰਦੇ ਹਨ। ਜੈਸਾ ਕਿ :

**ਅਨਿਕ ਭਗਤ ਜਾ ਕੇ ਚਰਣ ਪੂਜਾਰੀ ॥ ਸਗਲ ਮਨੋਰਥ ਪੂਰਨਹਾਰੀ ॥੨॥**
[ਭੈਰਉ ਮਹਲਾ ੫, ਅੰਗ ੧੧੪੨]

ਜਿਸ ਵਾਹਿਗੁਰੂ ਨੂੰ ਲੱਖਾਂ ਭਗਤ ਅਰਾਧਨਾ ਕਰਦੇ ਹਨ, ਲੱਖਾਂ ਤਪੀਸਰ ਤਪ ਸਾਧਨਾ ਕਰਦੇ ਹਨ, ਲੱਖਾਂ ਹੀ ਜੋਗੀਆਂ ਦੇ ਜੋਗੀਸਰ, ਮਾਲਕ ਜੋਗ ਸਾਧਨਾ ਕਰਦੇ ਹਨ, ਲੱਖਾਂ ਹੀ ਭੋਗੀ ਭੋਗਾਂ ਨੂੰ ਭੋਗਦੇ ਹਨ। ਜੈਸਾ ਕਿ :

**ਲਾਖ ਭਗਤ ਜਾ ਕਉ ਅਰਾਧਹਿ ॥ ਲਾਖ ਤਪੀਸਰ ਤਪੁ ਹੀ ਸਾਧਹਿ ॥**
**ਲਾਖ ਜੋਗੀਸਰ ਕਰਤੇ ਜੋਗਾ ॥ ਲਾਖ ਭੋਗੀਸਰ ਭੋਗਹਿ ਭੋਗਾ ॥੨॥**
[ਵਡਹੰਸ ਮਹਲਾ ੫, ਅੰਗ ੫੬੨]

## *ਅੰਧੁਲੇ ਟਿਕ ਨਿਰਧਨ ਧਨੁ ਪਾਇਓ;*
## *ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥*

ਮਨ ਬੁੱਧ ਰੂਪੀ ਨੇਤ੍ਰਾਂ ਵਿੱਚ ਵਿਚਾਰ ਰੂਪੀ ਨਿਗ੍ਹਾ ਤੋਂ ਹੀਣੇ ਅੰਧੁਲੇ=ਅੰਨ੍ਹੇ ਮਨੁੱਖਾਂ ਨੂੰ ਉਸ ਪ੍ਰਭੂ ਦੇ ਨਾਮ

ਦੀ ਹੀ ਟਿਕ=ਓਟ ਪ੍ਰਾਪਤ ਹੋਈ ਹੈ ਅਤੇ ਨਿਰਧਨ=ਨਾਮ ਰੂਪੀ ਧਨ ਤੋਂ ਹੀਣਿਆਂ ਨੇ ਉਸ ਪ੍ਰਭੂ ਦੇ ਨਾਮ ਰੂਪੀ ਧਨ ਨੂੰ ਪਾਇਓ=ਪ੍ਰਾਪਤ ਕੀਤਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪ੍ਰਭ=ਮਾਲਕ ਪਰਮਾਤਮਾ ਦੇ ਅਨਿਕ=ਅਨੇਕਾਂ ਹੀ ਗੁਨੀ=ਗੁਣ, ਉਪਕਾਰ ਹਨ। **ਅਥਵਾ** ਅਨਵੇ :—ਜਿਸਦੇ ਅਨੇਕ ਗੁਣ ਹਨ ਅਤੇ ਅੰਨ੍ਹੇ ਅਗਿਆਨੀ ਦਾ ਟਿਕ=ਸੋਟੀ ਵਾਂਗ ਆਸਰਾ ਰੂਪ ਹੈ, ਮੈਂ ਨਿਰਧਨ ਨੇ ਧੰਨਤਾ ਯੋਗ ਪ੍ਰਭੂ ਨੂੰ ਪਾਇਓ=ਪਾਇਆ ਹੈ॥੨॥੨॥੧੨੭॥ ਜੈਸਾ ਕਿ :

੧. **ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥**
**ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ॥** [ਸੂਹੀ ਮਹਲਾ ੧, ਅੰਗ ੭੫੨]

੨. **ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥**
**ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕ੍ਰਿਪਾਲੇ॥**
[ਧਨਾਸਰੀ ਮਹਲਾ ੫, ਅੰਗ ੬੭੯]

੩. **ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥**
**ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥** [ਤਿਲੰਗ ਨਾਮਦੇਵ ਜੀ, ਅੰਗ ੭੨੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੩ [ਆਦਿ ਅੰਗ ੮੩੧]

***ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥ ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥***

## ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥

ਬਿਲਾਵਲ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਸ਼ਬਦ ਬਿਲਾਵਲ ਰਾਗ ਦੀ ਅਸਟਪਦੀ ਹੈ। ਇਸ ਦਾ ਉਚਾਰਨ ਰਾਗ ਦੇ ਦਸਵੇਂ ਸੁਰ ਤਾਲ ਵਿੱਚ ਹੈ। ੧=ਅਦੁੱਤੀ ਬਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਇਹ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕਰਕੇ ਅੱਗੇ ਆਪਣਾ ਅੰਮ੍ਰਿਤ ਬਚਨ ਉਚਾਰਨ ਕਰਦੇ ਹਨ। ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਇਸਦੀ ਉਥਾਨਕਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਕਥਨ ਅਨੁਸਾਰ ਇਸ ਪ੍ਰਕਾਰ ਹੈ।

**ਉਥਾਨਕਾ**—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀਵਾਂ ਦੀ ਕਲਿਆਣ ਹਿਤ ਵਿਚਰਦੇ ਹੋਏ ਤੀਰਥਾਂ ’ਤੇ ਵਿਸ਼ੇਸ਼ ਕਰਕੇ ਪਹੁੰਚਿਆ ਕਰਦੇ ਸਨ ਕਿਉਂਕਿ ਲੋਕੀ ਅਗਿਆਨ ਵੱਸ ਨਾਮ ਵਲੋਂ ਟੁੱਟ ਕੇ ਤੀਰਥਾਂ ’ਤੇ ਵੱਧ ਵਿਸ਼ਵਾਸ ਕਰਦੇ ਸਨ। ਕਰਮਕਾਂਡਾ ਵਿੱਚ ਫਸੇ ਲੋਕਾਂ ਨੂੰ ਕੱਢਣ ਵਾਸਤੇ ਉਨ੍ਹਾਂ ਤੀਰਥਾਂ ’ਤੇ ਪੁਰਬਾਂ ਦੇ ਸਮੇਂ ਲੋਕਾਂ ਦੇ ਹੋਏ ਵਿਸ਼ੇਸ਼ ਇਕੱਠ ਵਿੱਚ ਸਤਿਗੁਰੂ ਜੀ ਪਹੁੰਚਿਆ ਕਰਦੇ ਸਨ ਤਾਂ ਕਿ ਲੋਕਾਂ ਨੂੰ ਨਿਰੰਕਾਰ ਦੇ ਨਾਮ ਨਾਲ ਜੋੜਿਆ ਜਾਏ, ਸੋ ਇਹੀ ਸੋਚ ਕੇ ਜਦੋਂ ਸਤਿਗੁਰੂ ਜੀ ਹਰਿਦੁਆਰ ਪਹੁੰਚੇ ਤਾਂ ਉੱਥੇ ਲਹਿੰਦੇ ਵੱਲ ਨੂੰ ਪਾਣੀ ਦੇ ਕੇ ਲੋਕਾਂ ਦਾ ਧਿਆਨ ਖਿੱਚਿਆ, ਸੂਰਜ ਨੂੰ ਪਾਣੀ ਦੇਣ ਵਾਲਿਆਂ ਦੇ ਲਈ ਇਹ ਉਲਟਾ ਕਰਮ ਸੀ। ਪੁੱਛਣ ਤੋਂ ਕਿ ਤੁਸੀਂ ਪਾਣੀ ਇਧਰ ਨੂੰ ਕਿਉਂ ਦਿੰਦੇ ਹੋ ? ਤਾਂ ਸਤਿਗੁਰੂ ਜੀ ਨੇ ਕਿਹਾ ਸੀ ਕਿ ਪਹਿਲਾਂ ਤੁਸੀਂ ਦੱਸੋ ਕਿ ਤੁਸੀਂ ਪਾਣੀ ਕਿਸ ਨੂੰ ਦੇ ਰਹੇ ਹੋ ? ਉਨ੍ਹਾਂ ਉਤਰ ਦਿੱਤਾ ਕਿ ਅਸੀਂ ਸੂਰਜ ਨੂੰ ਪਾਣੀ ਦੇ ਰਹੇ ਹਾਂ ਤਾਂ ਸਤਿਗੁਰੂ ਜੀ ਨੇ ਕਿਹਾ, “ਮੈਂ ਆਪਣੀ ਪੈਲੀ ਨੂੰ ਪਾਣੀ ਦੇ ਰਿਹਾ ਹਾਂ।” ਲੋਕੀ ਹੱਸੇ ਕਿ ਤੁਹਾਡਾ ਪਾਣੀ ਤਾਂ ਤੁਹਾਡੀ ਖੇਤੀ ਵਿੱਚ ਪਹੁੰਚਣ ਤੋਂ ਪਹਿਲਾਂ ਇਥੇ ਹੀ ਡਿੱਗੀ ਜਾਂਦਾ ਹੈ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੁਹਾਡਾ ਪਾਣੀ ਕਿਹੜਾ ਉੱਪਰ ਨੂੰ ਜਾਂਦਾ ਨਜ਼ਰ ਆਉਂਦਾ ਹੈ, ਉਹ ਵੀ ਤਾਂ ਹੇਠਾਂ ਹੀ ਡਿੱਗਦਾ ਹੈ। ਜਦੋਂ ਲੋਕ ਨਿਰਉਤਰ ਹੋ ਗਏ ਤਾਂ

ਫਿਰ ਵਿਦਵਾਨ ਪੰਡਿਤਾਂ ਨੂੰ ਸੱਦ ਕੇ ਲਿਆਏ ਤਾਂ ਵਿਦਵਾਨਾਂ ਦੇ ਨਾਲ ਗਿਆਨ ਚਰਚਾ ਕਰਨ ਲੱਗੇ। ਕਿ ਗਿਆਨਵਾਨ ਨੂੰ ਕਿਸੇ ਕਰਤੱਵ ਕਰਨ ਦੀ ਲੋੜ ਨਹੀਂ ਰਹਿੰਦੀ ਅਤੇ ਪੰਡਿਤ ਲੋਕ ਕੇਵਲ ਕਥਨੀ ਦੇ ਸੂਰੇ ਤਾਂ ਸੀ ਪਰ ਕਰਨੀ ਦੇ ਸੂਰੇ ਨਹੀਂ ਸਨ ਗੁਰੂ ਘਰ ਵਿੱਚ ਕਰਨੀ ਪ੍ਰਧਾਨ ਹੈ। ਕਰਨੀ ਵਾਲੀ ਕਥਨੀ ਨੂੰ ਭੀ ਪੂਰਾ ਸਤਿਕਾਰ ਪ੍ਰਾਪਤ ਹੈ। ਸਤਿਗੁਰੂ ਜੀ ਨੇ ਉਨ੍ਹਾਂ ਪ੍ਰਤੀ ਐਸਾ ਗਿਆਨ ਦਾ ਭੰਡਾਰਾ ਖੋਲ੍ਹਿਆ ਤੇ ਉਪਦੇਸ਼ ਦਿੱਤਾ ਕਿ ਗਿਆਨਵਾਨ ਦੀ ਦ੍ਰਿਸ਼ਟੀ ਸਾਰੀ ਜਗ੍ਹਾ ਪ੍ਰਾਮਤਮਾ ਨੂੰ ਇਸ ਪ੍ਰਕਾਰ ਦੇਖਦੀ ਹੈ। ਉਹ ਪ੍ਰਮਾਤਮਾ ਦੀ ਸਰਬੱਗਤਾ ਨੂੰ ਇਸ ਪ੍ਰਕਾਰ ਸਮਝਦੇ ਹਨ।

## *ਨਿਕਟਿ ਵਸੈ; ਦੇਖੈ ਸਭੁ ਸੋਈ ॥*

ਪ੍ਰਮੇਸ਼ਰ ਸਭ ਦੇ ਨਿਕਟਿ=ਨੇੜੇ ਵਸੈ=ਵਸ ਰਿਹਾ ਹੈ ਭਾਵ ਆਤਮਿਕ ਸਰੂਪ ਹੋ ਕਰਕੇ ਸਭ ਦੇ ਨੇੜੇ ਹੈ। ਅਤੇ ਸਭੁ ਸੋਈ=ਓਹੀ ਸਭ ਕੁਝ ਦੇਖੈ=ਦੇਖ ਰਿਹਾ ਹੈ। ਭਾਵ ਉਸ ਦੀ ਐਸੀ ਦ੍ਰਿਸ਼ਟੀ ਹੈ ਕਿ ਹਰ ਇੱਕ ਜੀਵ ਦੇ ਕਰਮ, ਕਰਤਬਾਂ ਨੂੰ ਦੇਖਦਾ ਹੈ। ਜੈਸਾ ਕਿ :

**੧. ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥**

[ਵਡਹੰਸ ਮਹਲਾ ੫, ਅੰਗ ੫੬੩]

**੨. ਐਸਾ ਮੇਰਾ ਰਾਮ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ਰਹਾਉ॥**

[ਗਉੜੀ ਮਹਲਾ ੪, ਅੰਗ ੧੬੫]

**੩. ਨਿਕਟਿ ਜੀਅ ਕੈ ਸਦ ਹੀ ਸੰਗਾ ॥ ਕੁਦਰਤਿ ਵਰਤੈ ਰੂਪ ਅਰੁ ਰੰਗਾ ॥**

[ਆਸਾ ਮਹਲਾ ੫, ਅੰਗ ੩੭੬]

## *ਗੁਰਮੁਖਿ ਵਿਰਲਾ ਬੂਝੈ ਕੋਈ ॥*

ਪਰ ਕੋਈ ਵਿਰਲਾ=ਟਾਵਾਂ ਟਾਵਾਂ ਹੀ ਗੁਰਮੁਖ ਗੁਰਾਂ ਦੁਆਰੇ ਉਸ ਦੇ ਸਰੂਪ ਨੂੰ ਬੂਝੈ=ਜਾਨਣ ਵਾਲਾ ਹੈ, ਬਹੁਤੇ ਨਹੀਂ ਹਨ। ਜੈਸਾ ਕਿ :

**ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥** [ਮਾਝ ਮਹਲਾ ੩, ਅੰਗ ੧੨੭]

## *ਵਿਣੁ ਭੈ ਪਇਐ; ਭਗਤਿ ਨ ਹੋਈ ॥*

ਵਿਣੁ=ਬਿਨਾਂ ਭੈ=ਡਰ ਤੋਂ ਭਾਵ ਪ੍ਰਭੂ ਦੇ ਡਰ ਤੋਂ ਰਹਿਤ ਪਇਐ=ਹੋਇਆਂ ਭਾਵ ਡਰ ਪਏ ਤੋਂ ਬਿਨਾਂ ਵਾਹਿਗੁਰੂ ਦੀ ਭਗਤਿ=ਭਗਤੀ ਨ=ਨਹੀਂ ਹੋਈ=ਹੁੰਦੀ। ਜੈਸਾ ਕਿ :

**੧. ਭੈ ਬਿਨੁ ਭਗਤਿ ਨ ਹੋਵਈ ਨਾਮਿ ਨਾ ਲਗੈ ਪਿਆਰੁ ॥**

[ਵਾਰ ਸੂਹੀ ਮਹਲਾ ੩, ਅੰਗ ੭੮੮]

**੨. ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥੬॥**

[ਰਾਮਕਲੀ ਮਹਲਾ ੩, ਅੰਗ ੯੧੧]

## *ਸਬਦਿ ਰਤੇ; ਸਦਾ ਸੁਖੁ ਹੋਈ ॥੧॥*

ਜੋ ਗੁਰੂ ਦੇ ਸਬਦਿ=ਉਪਦੇਸ਼ ਵਿੱਚ ਰਤੇ=ਤਦਾਕਾਰ ਹੋਏ ਹਨ ਭਾਵ ਉਪਦੇਸ਼ ਵਿੱਚ ਪ੍ਰੀਤਵਾਨ ਹੋਏ ਹਨ ਉਨ੍ਹਾਂ ਨੂੰ ਸਦਾ=ਹਮੇਸ਼ਾ ਹੀ ਸੁੱਖ ਦੀ ਪ੍ਰਾਪਤੀ ਹੋਈ=ਹੁੰਦੀ ਹੈ ॥੧॥ ਜੈਸਾ ਕਿ :

**ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥** [ਵਾਰ ਸੋਰਠਿ ਮਹਲਾ ੩, ਅੰਗ ੬੪੩]

## ਐਸਾ ਗਿਆਨੁ; ਪਦਾਰਥੁ ਨਾਮੁ ॥

ਨਾਮ ਪਦਾਰਥ ਐਸਾ ਹੈ ਜੋ ਕਿ ਗਿਆਨ ਦੀ ਪ੍ਰਾਪਤੀ ਕਰਾਉਣ ਵਾਲਾ ਹੈ, **ਵਾ:** ਨਾਮ ਰੂਪੀ ਪਦਾਰਥ ਕਰਕੇ ਹੀ ਐਸੇ ਅਪ੍ਰੋਖ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਕਥਨੀ ਕਰਕੇ ਨਹੀਂ, **ਵਾ:** ਗਿਆਨੁ=ਜਾਨਣਾ ਕਰ ਕਿ ਐਸਾ ਨਾਮ ਪਦਾਰਥ ਹੈ।

## ਗੁਰਮੁਖਿ ਪਾਵਸਿ; ਰਸਿ ਰਸਿ ਮਾਨੁ ॥੧॥ਰਹਾਉ॥

ਗੁਰਮੁਖ ਹੀ ਪ੍ਰੇਮ ਰਸ ਵਿੱਚ ਰਸ ਕੇ ਨਾਮ ਦਾ ਮਾਨੁ=ਮੰਨਣ ਕਰਨਾ ਪਾਉਂਦਾ ਹੈ। **ਵਾ:** ਗੁਰਮੁਖ ਗੁਰਾਂ ਦੁਆਰੇ ਨਾਮ ਰਸ ਵਿੱਚ ਰਸ ਕੇ ਗਿਆਨ ਪ੍ਰਾਪਤ ਕਰਕੇ ਮਾਨੁ=ਵਡਿਆਈ ਪਾਉਂਦਾ ਹੈ॥੧॥ਰਹਾਉ॥

## ਗਿਆਨੁ ਗਿਆਨੁ; ਕਥੈ ਸਭੁ ਕੋਈ ॥
## ਕਥਿ ਕਥਿ ਬਾਦੁ ਕਰੇ; ਦੁਖੁ ਹੋਈ ॥

ਉਪਰੋਂ ਤਾਂ ਗਿਆਨ ਹੀ ਗਿਆਨ ਦੀਆਂ ਗੱਲਾਂ ਸਭੁ ਕੋਈ ਕਥੈ=ਕਥਨ ਕਰਦਾ ਹੈ ਜੋ ਕਥਾ ਨੂੰ ਕਥ ਕੇ ਬਾਦੁ=ਝਗੜੇ ਕਰਦਾ ਹੈ ਉਸਨੂੰ ਦੁੱਖ ਦੀ ਪ੍ਰਾਪਤੀ ਹੋਈ=ਹੁੰਦੀ ਹੈ।

## ਕਥਿ ਕਹਣੈ ਤੇ; ਰਹੈ ਨ ਕੋਈ ॥
## ਬਿਨੁ ਰਸ ਰਾਤੇ; ਮੁਕਤਿ ਨ ਹੋਈ ॥੨॥

ਫਜ਼ੂਲ ਕਥਨੀਆਂ ਦੇ ਕਹਣੈ=ਕਹਿਣ ਵੱਲੋਂ ਰਹੈ ਨਾ ਕੋਈ=ਕੋਈ ਰਹਿੰਦਾ ਨਹੀਂ ਹੈ। **ਵਾ:** ਬੇਦਾਂ ਨੂੰ ਕਥਨ ਤਾਂ ਕਰਦੇ ਹਨ ਪਰ ਉਸਦੇ ਕਹਿਣੇ ਪਰ ਇਸਥਿਤ ਕੋਈ ਨਹੀਂ ਰਹਿੰਦਾ ਰਸ=ਪ੍ਰੇਮ ਰਸ ਵਿੱਚ ਤਦਾਕਾਰ ਹੋਏ ਤੋਂ ਬਿਨਾਂ ਮੁਕਤਿ=ਮੁਕਤੀ ਦੀ ਪ੍ਰਾਪਤੀ ਨ=ਨਹੀਂ ਹੋਈ=ਹੁੰਦੀ॥੨॥ ਜੈਸਾ ਕਿ :

**ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥** [ਨਟ ਮਹਲਾ ੪, ਅੰਗ ੯੮੧]

## ਗਿਆਨੁ ਧਿਆਨੁ; ਸਭੁ ਗੁਰ ਤੇ ਹੋਈ ॥

ਬ੍ਰਹਮ ਦਾ ਗਿਆਨ, ਬ੍ਰਹਮ ਦਾ ਧਿਆਨ, ਇਹ ਸਭੁ=ਸਭ ਕੁਝ ਗੁਰ=ਗੁਰਾਂ ਤੇ=ਤੋਂ ਪ੍ਰਾਪਤ ਹੋਈ=ਹੁੰਦਾ ਹੈ। ਅਥਵਾ : ਗਿਆਨ, ਧਿਆਨ ਆਦਿਕ ਸਾਰਿਆਂ ਸਾਧਨਾਂ ਦੀ ਸਫਲਤਾ ਗੁਰਾਂ ਦੀ ਕ੍ਰਿਪਾ ਨਾਲ ਹੁੰਦੀ ਹੈ। ਜੈਸਾ ਕਿ :

**ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ॥੨॥**
[ਗਉੜੀ ਮਹਲਾ ੩, ਅੰਗ ੧੬੨]

## ਸਾਚੀ ਰਹਤ; ਸਾਚਾ ਮਨਿ ਸੋਈ ॥

ਸਾਚੀ=ਸੱਚੀ ਰਹਤ=ਰਹਿਣੀ ਦੇ ਧਾਰਨ ਕਰਕੇ ਹੀ ਮਨ ਵਿੱਚ ਸੋਈ=ਉਸ ਸੱਚੇ ਵਾਹਿਗੁਰੂ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ। ਐਸੀ ਸੱਚੀ ਰਹਿਤ ਸੁਭ ਗੁਣਾਂ ਦੀ ਪੰਜੇ ਤੱਤਾਂ ਤੋਂ ਇੱਕ-ਇੱਕ ਗੁਣ ਧਾਰਨ ਕਰਕੇ ਹਿਰਦੇ ਵਿੱਚ ਰੱਖਣ ਦੀ ਪ੍ਰੇਰਨਾ ਸਤਿਗੁਰੂ ਜੀ ਇਸ ਪ੍ਰਕਾਰ ਦਿੰਦੇ ਹਨ। ਜੈਸਾ ਕਿ :

**ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥ ਐਸੀ ਰਹਤ ਰਹਉ ਹਰਿ ਪਾਸਾ॥**
[ਗਉੜੀ ਕਬੀਰ ਜੀ ਅੰਗ ੩੨੭]

## ਮਨਮੁਖ ਕਥਨੀ ਹੈ; ਪਰੁ ਰਹਤ ਨ ਹੋਈ ॥

ਮਨਮੁਖ ਪੁਰਸ਼ਾਂ ਦੀ ਕਥਨੀ ਤਾਂ ਹੁੰਦੀ ਹੈ ਭਾਵ ਕਥਨੀ ਤਾਂ ਮਨਮੁਖ ਵੀ ਕਰ ਲੈਂਦੇ ਹਨ ਕਿਉਂਕਿ ਕਥਨੀ ਤਾਂ ਇੱਕ ਕਲਾ ਹੈ ਕੋਈ ਭੀ ਸਿੱਖ ਸਕਦਾ ਹੈ। ਪਰ ਉਨ੍ਹਾਂ ਦੀ ਰਹਤ=ਰਹਿਣੀ ਨ=ਨਹੀਂ ਹੋਈ=ਹੁੰਦੀ। ਕਿਉਂਕਿ ਰਹਿਤ ਇੱਕ ਗੁਣ ਹੈ ਮਨਮੁਖਾਂ ਕੋਲ ਇਹ ਨਹੀਂ ਹੋ ਸਕਦਾ। ਇਸੇ ਲਈ ਸਤਿਗੁਰੂ ਜੀ ਨੇ ਇੱਕ ਹੋਰ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਮਨਮੁਖੁ ਗਿਆਨੁ ਕਥੇ ਨ ਹੋਈ॥ ਫਿਰਿ ਫਿਰਿ ਆਵੈ ਠਉਰ ਨ ਕੋਈ॥**

[ਮਾਰੂ ਮਹਲਾ ੩, ਅੰਗ ੧੦੫੧]

## ਨਾਵਹੁ ਭੂਲੇ; ਥਾਉ ਨ ਕੋਈ ॥੩॥

ਨਾਵਹੁ=ਨਾਮ ਤੋਂ ਭੂਲੇ=ਭੁੱਲੇ ਹੋਏ ਨੂੰ ਕੋਈ ਭੀ ਸੁੱਖ ਦਾ ਥਾਉ=ਥਾਂ ਨ=ਨਹੀਂ ਪ੍ਰਾਪਤ ਹੁੰਦਾ॥੩॥ ਜੈਸਾ ਕਿ :

**ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ॥** [ਮਾਰੂ ਮਹਲਾ ੧, ਅੰਗ ੧੦੩੪]

## ਮਨੁ ਮਾਇਆ ਬੰਧਿਓ; ਸਰ ਜਾਲਿ ॥

ਜਾਲ ਦੇ ਸਰ=ਸਦਰਸ਼ ਮਾਇਆ ਵਿੱਚ ਮਨ ਬੱਧਾ ਹੋਇਆ ਹੈ। **ਵਾ:** ਮਾਇਆ ਦੇ ਜਾਲ ਵਿੱਚ ਸਰ=ਸੰਸਾਰ ਬਿੰਨ੍ਹਿਆ ਹੋਇਆ ਹੈ। **ਵਾ:** ਮਨ ਨੂੰ ਮਾਇਆ ਨੇ ਜਾਲੇ ਸਦਰਸ਼ ਬੰਨ੍ਹ ਲਿਆ ਹੈ। **ਵਾ:** ਸਰ=ਸੰਸਾਰ-ਸਮੁੰਦਰ ਵਿੱਚ ਮਾਇਆ ਰੂਪੀ ਜਾਲ ਵਿੱਚ ਮਨ ਬੱਧਾ ਹੋਇਆ ਹੈ। **ਵਾ:** ਜਿਨਾਂ ਦਾ ਮਨ ਮਾਇਆ ਦੇ ਮੋਹ ਨਾਲ ਬੰਨ੍ਹਿਆ ਹੋਇਆ ਹੈ ਉਨ੍ਹਾਂ ਨੂੰ ਸੰਸਾਰ ਰੂਪੀ ਜਾਲ ਦੀ ਬਾਰ-ਬਾਰ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ॥** [ਨਟ ਮਹਲਾ ੪, ਅੰਗ ੯੭੬]

## ਘਟਿ ਘਟਿ ਬਿਆਪਿ ਰਹਿਓ; ਬਿਖੁ ਨਾਲਿ ॥

ਸੰਸਾਰ ਵਿੱਚ ਹਰ ਇੱਕ ਘਟਿ ਘਟਿ=ਸਰੀਰ-ਸਰੀਰ ਵਿਸ਼ਿਆਂ ਨਾਲ ਲੱਗ ਰਿਹਾ ਹੈ। **ਵਾ:** ਉਹ ਪ੍ਰਮੇਸ਼ਰ ਤਾਂ ਘਟਾਂ-ਘਟਾਂ ਵਿੱਚ ਵਿਆਪਕ ਹੈ ਪਰ ਜੀਵ ਉਸਨੂੰ ਤਿਆਗ ਕੇ ਬਿਖੁ=ਵਿਸ਼ਿਆਂ ਨਾਲ ਲੱਗ ਰਿਹਾ ਹੈ। **ਵਾ:** ਜੋ ਵਿਹੁ ਰੂਪ ਮਾਇਆ ਹਰ ਇੱਕ ਦੇ ਨਾਲ ਵੱਸ ਰਹੀ ਹੈ ਜੋ ਉਸ ਤੋਂ ਰਹਿਤ ਹੋ ਗਿਆ ਉਸ ਨੇ ਪ੍ਰਮੇਸ਼ਰ ਨੂੰ ਘਟਾਂ ਘਟਾਂ ਵਿੱਚ ਵਿਆਪਕ ਜਾਣ ਲਿਆ **ਵਾ:** ਉਹ ਪ੍ਰਮੇਸ਼ਰ ਸਾਰਿਆਂ ਘਟਾਂ ਘਟਾਂ ਵਿੱਚ ਵਿਆਪਕ ਹੈ ਪਰ ਜੀਵ ਵਿਸ਼ਿਆਂ ਨਾਲ ਲੱਗਣ ਕਰਕੇ ਉਸ ਨੂੰ ਨਹੀਂ ਜਾਣਦਾ।

## ਜੋ ਆਂਜੈ; ਸੋ ਦੀਸੈ ਕਾਲਿ ॥

ਜੋ ਵੀ ਦੁਨੀਆ ਤੇ ਆਂਜੈ=ਆਇਆ ਹੈ ਉਹ ਕਾਲ ਦੇ ਮੂੰਹ ਵਿੱਚ ਦਿੱਸਦਾ ਹੈ, **ਵਾ:** ਸਭ ਦੇ ਸਿਰ ਉੱਪਰ ਕਾਲ ਦਿੱਸ ਰਿਹਾ ਹੈ। ਜੈਸਾ ਕਿ :

੧. **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥** [ਵਾਰ ਆਸਾ ਮਃ ੧, ਅੰਗ ੪੭੪]

੨. **ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲ॥** [ਸਲੋਕ ਮਹਲਾ ੯, ਅੰਗ ੧੪੨੯]

**ਵਾ:** ਜੋ ਆਂਜੈ=ਅੱਜ ਦਾ ਦਿਨ ਹੈ ਸੋ ਕਲ ਨੂੰ ਨਹੀਂ ਦਿੱਸੇਗਾ। ਭਾਵ ਫੇਰ ਹੱਥ ਨਹੀਂ ਆਵੇਗਾ ਇਸ ਲਈ ਕਦੇ ਵੀ ਇਹ ਨਾ ਸੋਚ ਕਿ ਮੈਂ ਕਲ੍ਹ ਨੂੰ ਨਾਮ ਜਪਾਂਗਾ ਭਗਤ ਕਬੀਰ ਜੀ ਏਸੇ ਵਾਸਤੇ ਕਹਿੰਦੇ ਹਨ। ਜੈਸਾ ਕਿ :

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇਤਾਲ ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥** [ਸਲੋਕ ਕਬੀਰ ਜੀ, ਅੰਗ ੧੩੭੧]

**ਵਾ:** ਜਿਸਨੇ ਬੁੱਧੀ ਰੂਪ ਨੇਤਰਾਂ ਵਿੱਚ ਗਿਆਨ ਰੂਪ ਆਂਜੈ=ਸੁਰਮਾ ਪਾਇਆ ਹੈ ਉਹ ਕਾਲ ਦਾ ਦ੍ਰਿਸ਼ਟਾ ਰੂਪ ਹੋ ਗਿਆ ਹੈ ਅਤੇ ਕਾਲ ਉਸਨੂੰ ਦ੍ਰਿਸ਼ਟ ਰੂਪ ਹੈ ਉਹ ਜਾਣਦਾ ਹੈ ਕਿ ਸਭ ਪਦਾਰਥ ਕਾਲ ਦੇ ਵਿੱਚ ਹਨ।

## *ਕਾਰਜੁ ਸੀਧੋ; ਰਿਦੈ ਸਮ੍ਾਲਿ ॥੪॥*

ਜੋ ਹਿਰਦੇ ਵਿੱਚ ਨਾਮ ਸੰਮ੍ਹਾਲਦਾ ਹੈ ਭਾਵ ਸਿਮਰਦਾ ਹੈ ਉਸਦਾ ਮੁਕਤੀ ਰੂਪ ਕਾਰਜ ਸਿੱਧ ਹੋ ਜਾਂਦਾ ਹੈ ॥੪॥ ਜੈਸਾ ਕਿ :

**ਗੁਰੁ ਪੂਰਾ ਆਰਾਧੇ ॥ ਕਾਰਜ ਸਗਲੇ ਸਾਧੇ ॥** [ਸੋਰਠਿ ਮਹਲਾ ੫, ਅੰਗ ੬੨੯]

## *ਸੋ ਗਿਆਨੀ; ਜਿਨਿ ਸਬਦਿ ਲਿਵ ਲਾਈ ॥*

ਜਿਸਨੇ ਸਬਦਿ=ਬ੍ਰਹਮ, **ਵਾ:** ਗੁਰੂ ਦੇ ਉਪਦੇਸ਼ ਵਿੱਚ ਲਿਵ ਲਾਈ ਹੈ ਉਹ ਹੀ ਅਸਲ ਗਿਆਨੀ ਹੈ। ਜੈਸਾ ਕਿ :

**ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥**
**ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥**
[ਸਿਰੀਰਾਗੁ ਮਹਲਾ ੧, ਅੰਗ ੨੫]

## *ਮਨਮੁਖਿ; ਹਉਮੈ ਪਤਿ ਗਵਾਈ ॥*

ਮਨਮੁਖਾਂ ਨੇ ਹੰਗਤਾਂ ਮਮਤਾ ਵਿੱਚ ਲੱਗ ਕੇ ਲੋਕ ਪ੍ਰਲੋਕ ਵਿੱਚ ਆਪਣੀ ਪਤਿ=ਇੱਜ਼ਤ, ਪਤਿ-ਆਬਰੋ ਗਵਾਈ=ਗਵਾ ਲਈ ਹੈ। ਜੈਸਾ ਕਿ :

**ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥**
**ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥** [ਮਲਾਰ ਮਹਲਾ ੪, ਅੰਗ ੧੨੬੫]

## *ਆਪੇ ਕਰਤੈ ਭਗਤਿ ਕਰਾਈ ॥*
## *ਗੁਰਮੁਖਿ ਆਪੇ ਦੇ ਵਡਿਆਈ ॥੫॥*

ਜਿਨ੍ਹਾਂ ਪਾਸੋਂ ਕਰਤੇ ਪੁਰਖ ਨੇ ਆਪ ਭਗਤੀ ਕਰਾਈ ਹੈ ਉਹਨਾਂ ਗੁਰਮੁਖਾਂ ਨੂੰ ਪ੍ਰਮੇਸ਼ਰ ਆਪ ਹੀ ਵਡਿਆਈ ਦਿੰਦਾ ਹੈ। ਕਿਉਂਕਿ ਪ੍ਰਮੇਸ਼ਰ ਦੀ ਭਗਤੀ ਉਹੀ ਪੁਰਸ਼ ਕਰ ਸਕਦਾ ਹੈ ਜਿਸ ਉੱਤੇ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਹੋਵੇ ਪ੍ਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਕੋਈ ਭਗਤੀ ਨਹੀਂ ਕਰ ਸਕਦਾ ॥੫॥ ਜੈਸਾ ਕਿ :

**ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੋ ਹਰਿ ਗੁਨ ਗਾਉ ॥**
[ਗਉੜੀ ਮਹਲਾ ੫, ਅੰਗ ੨੭੦]

## *ਰੈਣਿ ਅੰਧਾਰੀ; ਨਿਰਮਲ ਜੋਤਿ ॥*

ਇਸ ਜੀਵ ਦੀ ਅਵਸਥਾ ਰੂਪ ਰਾਤ ਪਾਪਾਂ ਕਰਕੇ ਤੇ ਅਗਿਆਨ ਕਰਕੇ, **ਵਾ:** ਅਵਿਦਿਆ ਰੂਪ ਹਨੇਰੇ ਕਰਕੇ ਕਾਲੀ ਹੈ ਤੇ ਉਹ ਜੋਤੀ ਰੂਪ ਪ੍ਰਮਾਤਮਾ ਨਿਰਮਲ ਹੈ (ਉਸਦੀ ਪ੍ਰਾਪਤੀ ਜੀਵ ਨੂੰ ਕਿਵੇਂ ਹੋ ਸਕਦੀ ਹੈ ?) **ਵਾ:**

ਅਵਸਥਾ ਰੂਪੀ ਰਾਤ ਜੋ ਪਾਪਾਂ ਕਰਕੇ ਹਨੇਰੀ ਹੈ ਉਹ ਕਿਵੇਂ ਨਿਰਮਲ ਹੋਵੇ ? ਉਤਰ—ਜੋਤੀ ਪ੍ਰਮੇਸ਼ਰ ਦੇ ਭਜਨ ਕਰਕੇ ਵਾ—ਸੁਭ ਗਿਆਤ ਕਰਕੇ ਨਿਰਮਲ ਹੁੰਦੀ ਹੈ, **ਵਾ:** ਜੋਤੀ ਰੂਪ ਗੁਰੂ ਦੇ ਉਪਦੇਸ਼ ਕਰਕੇ ਨਿਰਮਲ ਹੁੰਦੀ ਹੈ। ਜੈਸਾ ਕਿ :

**ਸਤਿਗੁਰ ਸਬਦਿ ਉਜਾਰੋ ਦੀਪਾ॥**
**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥੧॥**

[ਬਿਲਾਵਲੁ ਮਹਲਾ ੫, ਅੰਗ ੮੨੧]

## *ਨਾਮ ਬਿਨਾ ਝੂਠੇ ਕੁਚਲ ਕਛੋਤਿ ॥*

ਨਾਮ ਤੋਂ ਬਿਨਾਂ ਮਨਮੁਖ ਪੁਰਸ਼ ਝੂਠੇ ਬਚਨ ਬੋਲਦਾ ਹੈ ਤਨ ਕਰਕੇ ਕੁਚਲ=ਅਪਵਿੱਤਰ ਹੈ ਕਛੋਤਿ=ਖੋਟੀ ਬੁੱਧੀ ਕਰਕੇ ਨੀਚ ਹੈ, **ਵਾ:** ਮਨਮੁਖ ਬਾਣੀ ਕਰਕੇ ਝੂਠੇ, ਸਰੀਰ ਕਰਕੇ ਕੁਚੀਲ ਵਾ: ਇੰਦ੍ਰਿਆਂ ਕਰਕੇ ਕੁਚੀਲ ਅਤੇ ਹਿਰਦੇ ਕਰਕੇ ਕਛੋਤਿ=ਅਪਵਿੱਤਰ ਹਨ। ਜੈਸਾ ਕਿ :

**ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ॥** [ਧਨਾਸਰੀ ਮਹਲਾ ੧, ਅੰਗ ੬੮੯]

## *ਬੇਦੁ ਪੁਕਾਰੈ; ਭਗਤਿ ਸਰੋਤਿ ॥*

ਬੇਦ ਪੁਕਾਰਦੇ ਭਾਵ ਕਹਿੰਦੇ ਹਨ ਕਿ ਪਹਿਲਾਂ ਸਰੋਤਿ=ਸ੍ਰਵਣ ਭਗਤੀ ਕਰੋ। ਵਾ—ਕਿਆ ਬੇਦਾਂ ਨੂੰ ਹੀ ਪੁਕਾਰਦਾ ਰਹਿੰਦਾ ਹੈਂ ਕਦੇ ਭਗਤੀ ਦੀ ਵੀ ਸੁਰਤ ਕਰਿਆ ਕਰ। ਜੈਸਾ ਕਿ :

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥੧॥**

[ਸੂਹੀ ਮਹਲਾ ੫, ਅੰਗ ੭੬੧]

## *ਸੁਣਿ ਸੁਣਿ ਮਾਨੈ; ਵੇਖੈ ਜੋਤਿ ॥੬॥*

ਜੋ ਜਗਿਆਸੂ ਸੁਣਿ=ਕੰਨਾਂ ਦੇ ਨਾਲ ਸੁਣਿ=ਗੁਰ ਉਪਦੇਸ਼ ਨੂੰ ਸੁਣਕੇ ਮਾਨੈ=ਮੰਨਣ ਕਰਦਾ ਹੈ ਉਹ ਜੋਤਿ=ਜੋਤੀ ਪ੍ਰਮਾਤਮਾ ਨੂੰ ਵੇਖੈ=ਵੇਖ ਲੈਂਦਾ ਹੈ। ਭਾਵ ਕਿ ਦਰਸ਼ਨ ਕਰ ਲੈਂਦਾ ਹੈ॥੬॥ ਜੈਸਾ ਕਿ :

**ਸੁਣਿ ਸੁਣਿ ਮੰਨਿ ਵਸਾਈਐ ਬੁਝੈ ਜਨੁ ਕੋਈ॥** [ਵਾਰ ਸਾਰੰਗ ਮਹਲਾ ੨, ਅੰਗ ੧੨੩੯]

## *ਸਾਸਤ੍ਰ ਸਿਮ੍ਰਿਤਿ; ਨਾਮੁ ਦ੍ਰਿੜਾਮੰ ॥*
## *ਗੁਰਮੁਖਿ ਸਾਂਤਿ ਊਤਮ ਕਰਾਮੰ ॥*

ਸਾਸਤ੍ਰ=ਛੇ ਸ਼ਾਸ਼ਤ੍ਰ ਸਿਮ੍ਰਿਤਿ=ਸਤਾਈ ਸਿਮਤ੍ਰੀਆਂ ਨਾਮ ਨੂੰ ਹੀ ਦ੍ਰਿੜਾਮੰ=ਦ੍ਰਿੜ੍ਹਾਉਂਦੀਆਂ ਹਨ ਭਾਵ ਪੱਕਾ ਕਰਾਉਂਦੀਆਂ ਹਨ। ਕਿਉਂਕਿ ਸ਼ਾਸ਼ਤ੍ਰ ਸਿਮਤ੍ਰੀਆਂ ਵਿੱਚ ਬਾਰ-ਬਾਰ ਨਾਮ ਦੀ ਹੀ ਗੱਲ ਆਉਂਦੀ ਹੈ ਤੇ ਗੁਰਮੁਖਾਂ ਨੇ ਨਾਮ ਜਪਣੇ ਰੂਪ ਊਤਮ=ਉੱਤਮ ਕਰਾਮੰ=ਕਰਮ ਕਰਕੇ ਸਾਂਤਿ=ਸ਼ਾਂਤੀ ਪ੍ਰਾਪਤ ਕੀਤੀ ਹੈ। **ਵਾ:** ਕਰਾਮੰ=ਕਲਾਮ ਜੋ ਸਤਿਨਾਮ ਹੈ ਜਿਸਨੂੰ ਜਪਣੇ ਕਰਕੇ ਗੁਰਮੁਖਾਂ ਨੂੰ ਸ਼ਾਂਤੀ ਉਪਜਦੀ ਹੈ, **ਵਾ:** ਮੁਖੀ ਗੁਰਾਂ ਦੀ ਉੱਤਮ ਕਲਾਮ ਜੋ ਗੁਰਬਾਣੀ ਹੈ ਤਿਸ ਨੂੰ ਪੜ੍ਹਨੇ ਕਰਕੇ ਸ਼ਾਂਤੀ ਪੈਦਾ ਹੁੰਦੀ ਹੈ। ਸਿਮ੍ਰਿਤ ਸ਼ਾਸ਼ਤ੍ਰ ਇਹੀ ਵਖਿਆਣ ਕਰਦੇ ਹਨ ਕਿ ਹੇ ਪ੍ਰਾਣੀ ! ਨਾਮ ਜਪ ਕੇ ਆਪਣੀ ਮਨੁੱਖਾ ਦੇਹੀ ਨੂੰ ਜਿੱਤਣਾ ਕਰ। ਜੈਸਾ ਕਿ :

**ਸਾਸਤ ਸਿੰਮ੍ਰਿਤਿ ਬੇਦ ਵਖਾਣੀ॥ ਜਨਮੁ ਪਦਾਰਥੁ ਜੀਤੁ ਪਰਾਣੀ॥**

[ਮਾਰੂ ਮਹਲਾ ੫, ਅੰਗ ੧੦੮੬]

## ਮਨਮੁਖਿ; ਜੋਨੀ ਦੂਖ ਸਹਾਮੰ ॥

ਮਨਮੁਖ ਪੁਰਸ਼ ਜੋਨੀ=੮੪ ਲੱਖ ਜੂਨੀਆਂ ਦੇ ਜੰਮਣ-ਮਰਣ ਦੇ ਦੁੱਖਾਂ ਨੂੰ ਸਹਾਮੰ=ਸਹਾਰਦੇ ਹਨ। ਸਤਿਗੁਰੂ ਜੀ ਨੇ ਬਾਣੀ ਵਿੱਚ ਮਨਮੁਖਾਂ ਲਈ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥**
**ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨਾ ਮਾਸਾ ਹੇ ॥੧੨॥**

[ਮਾਰੂ ਮਹਲਾ ੫, ਅੰਗ ੧੦੭੩]

## ਬੰਧਨ ਤੂਟੇ; ਇਕੁ ਨਾਮੁ ਵਸਾਮੰ ॥੭॥

ਜੇਕਰ ਇਕੁ=ਅਦ੍ਵੈਤ ਰੂਪ ਪ੍ਰਮੇਸ਼ਰ ਦੇ ਨਾਮ ਨੂੰ ਹਿਰਦੇ ਵਿੱਚ ਵਸਾਮੰ=ਵਸਾ ਲਿਆ ਜਾਏ ਤਾਂ ਸਾਰੇ ਮੋਹ ਆਦਿ ਦੇ ਬੰਧਨ=ਬੰਨਣ ਤੂਟੇ=ਟੁੱਟ ਜਾਂਦੇ ਹਨ ॥੭॥

## ਮੰਨੇ ਨਾਮੁ; ਸਚੀ ਪਤਿ ਪੂਜਾ ॥

ਨਾਮ ਮੰਨੇ=ਮੰਨਣ ਕਰਕੇ ਸੱਚੀ ਪਤਿ=ਇੱਜ਼ਤ ਭਾਵ ਸੱਚੀ ਇੱਜ਼ਤ ਹੁੰਦੀ ਹੈ ਅਤੇ ਪੂਜਾ=ਪੂਜਣ ਹੁੰਦਾ ਹੈ ਅਥਵਾ ਨਾਮ ਨੂੰ ਮੰਨਣ ਕਰਨ ਨਾਲ ਉਸਦੀ ਪੂਜਾ ਸਚੀਪਤਿ=ਇੰਦਰ ਭੀ ਕਰਦਾ ਹੈ। ਸਚੀ=ਸ੍ਵਰਗ ਦੀ ਪਟਰਾਣੀ ਜਿਸਦਾ ਪਤੀ ਇੰਦ੍ਰ ਹੈ। ਜੈਸਾ ਕਿ :

**ਮੰਨੈ ਪਤਿ ਸਿਉ ਪਰਗਟੁ ਜਾਇ ॥** [ਜਪੁਜੀ ਸਾਹਿਬ, ਅੰਗ ੩]

## ਕਿਸੁ ਵੇਖਾ; ਨਾਹੀ ਕੋ ਦੂਜਾ ॥

ਕਿਸਨੂੰ ਵੇਖਾਂ ? ਕਿਉਂਕਿ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

## ਦੇਖਿ ਕਹਉ; ਭਾਵੈ ਮਨਿ ਸੋਇ ॥
## ਨਾਨਕੁ ਕਹੈ; ਅਵਰੁ ਨਹੀ ਕੋਇ ॥੮॥੧॥

ਮੈਂ ਉਸ ਨੂੰ ਵੇਖਦਾ ਹਾਂ, ਉਸੇ ਨੂੰ ਕਹਉ=ਕਹਿੰਦਾ ਹਾਂ ਜਾਂ ਉਸੇ ਨੂੰ ਜਪਦਾ ਹਾਂ ਅਤੇ ਓਹੀ ਮਨ ਵਿੱਚ ਭਾਵੈ=ਭਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਵਾਹਿਗੁਰੂ ਬਿਨਾਂ ਅਵਰੁ=ਹੋਰ ਕੋਇ=ਕੋਈ ਨਹੀਂ ਹੈ। ਭਾਵ ਸਭ ਕੁਝ ਆਪੇ ਆਪ ਰੂਪ ਹੋ ਰਿਹਾ ਹੈ ॥੮॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੪ [ਆਦਿ ਅੰਗ ੮੩੨]

*ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ਰਹਾਉ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥*

## ਬਿਲਾਵਲੁ ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਿਲਾਵਲ ਰਾਗ ਵਿੱਚ ਇਹ ਸ਼ਬਦ ਉਚਾਰਨ ਕੀਤਾ ਹੈ। ਸਿੱਖਾਂ ਦੇ ਸਵਾਲ ਕਰਨ ਤੋਂ ਮਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ ਕਿ ਕਿਸ ਪ੍ਰਕਾਰ ਮਨ ਦੇ ਕਹੇ 'ਤੇ ਬੁੱਧੀ ਇਤਬਾਰ ਕਰਦੀ ਹੈ, ਅਤੇ ਮਨ ਕਿਵੇਂ ਪਾਪਾਂ-ਪੁੰਨਾਂ ਨੂੰ ਉਚਾਰਨ ਕਰਦਾ ਰਹਿੰਦਾ ਹੈ। ਇਹ ਸਿਧਾਂਤ ਆਪਣੀ ਅੰਮ੍ਰਿਤਮਈ ਬਾਣੀ ਵਿੱਚ ਉਚਾਰਨ ਕਰਦੇ ਹਨ।

## ਮਨ ਕਾ ਕਹਿਆ; ਮਨਸਾ ਕਰੈ ॥

ਮਨ ਦਾ ਕਿਹਾ ਹੋਇਆ ਮਨਸਾ=ਬੁੱਧੀ ਨਿਸ਼ਚੇ ਕਰ ਲੈਂਦੀ ਹੈ। ਇਸ ਵਾਸਤੇ ਇਹ ਮਨ ਪਾਪ ਔਰ ਪੁੰਨ ਨੂੰ ਹੀ ਉਚਾਰਨ ਕਰਦਾ ਰਹਿੰਦਾ ਹੈ। ਜੈਸਾ ਕਿ :

**ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥**
**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥**

[ਗਉੜੀ ਬਾਵਨ ਅਖਰੀ ਕਬੀਰ ਜੀ ਅੰਗ ੩੪੨]

ਕਬੀਰ ਸਾਹਿਬ ਜੀ ਨੇ ਗੁਰਬਾਣੀ ਵਿੱਚ ਮਨ ਦੇ ਪ੍ਰਥਾਇ ਜੋ ਫ਼ੁਰਮਾਇਆ ਹੈ, ਇਸ ਦੇ ਵਿੱਚ ਇਹ ਸਿਧਾਂਤ ਬਿਲਕੁਲ ਸਪਸ਼ਟ ਕੀਤਾ ਹੈ ਕਿ ਮੁਕਤੀ ਮਨ ਨੂੰ ਸਾਧਣ ਤੋਂ ਬਿਨਾਂ ਨਹੀਂ ਪ੍ਰਾਪਤ ਹੋ ਸਕਦੀ। ਇਸ ਲਈ (ਮ) ਅੱਖਰ ਦੁਆਰਾ ਕਿਹਾ ਹੈ ਕਿ ਜਗਿਆਸੂ ਦਾ ਮਨ ਦੇ ਨਾਲ ਇਹ ਕਾਰਜ ਹੈ ਕਿ ਮਨ ਸਾਧਣ ਕਰਕੇ ਸਾਧੇ=ਮਨ ਵੱਸ ਕਰਨੇ ਕਰਕੇ ਸਿਧਿ=ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਕਬੀਰ ਜੀ ਆਪਣੇ ਮਨ ਨੂੰ ਉਪਦੇਸ਼ ਕਰਦੇ ਹਨ ਕਿ ਮਨ ਵਰਗਾ ਅਧਿਕਾਰੀ ਕੋਈ ਨਹੀਂ ਮਿਲਿਆ ਅਥਵਾ ਮਨ ਵਰਗਾ ਗੁਰੂ ਕੋਈ ਨਹੀਂ ਮਿਲਿਆ। ਜੈਸਾ ਕਿ :

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥**

[ਗਉੜੀ ਕਬੀਰ ਜੀ, ਅੰਗ ੩੪੨]

ਇਹ ਮਨ ਸਕਤੀ=ਮਾਇਆ ਦੇ ਨਾਲ ਮਿਲਿਆ ਹੋਇਆ ਮਾਇਆ ਰੂਪ ਹੋ ਜਾਂਦਾ ਹੈ ਅਤੇ ਇਹ ਮਨ ਸੀਉ=ਈਸ਼ਵਰ ਦੇ ਨਾਲ ਮਿਲ ਕੇ ਈਸ਼ਵਰ ਰੂਪ ਹੋ ਜਾਂਦਾ ਹੈ। ਪੁਨਾ ਇਹੀ ਮਨ, ਪੰਜ ਤੱਤਾਂ ਦਾ ਜੋ ਸਰੀਰ ਹੈ ਇਸ ਵਿੱਚ ਅਧਿਆਸ ਕਰਕੇ ਸਰੀਰ ਰੂਪ ਹੋ ਜਾਂਦਾ ਹੈ। **ਵਾ:** ਪੰਜ ਤੱਤਾਂ ਦੀ ਸਤੋਮਈ ਅੰਸ਼ ਤੋਂ ਉਤਪਤਿ ਹੋਣ ਕਰਕੇ ਇਸ ਨੂੰ ਪੰਜ ਤੱਤਾਂ ਦਾ ਜੀਵ ਕਿਹਾ ਹੈ। ਕਿਉਂਕਿ ਪੰਜੇ ਅਸਥੂਲ ਤੱਤਾਂ ਤੋਂ ਅਸਥੂਲ ਦੇਹਾਂ ਬਣਦੀਆਂ ਹਨ ਸੂਖਮ ਤੱਤਾਂ ਤੋਂ ਸੂਖਮ ਦੇਹਾਂ। ਪੰਜੇ ਤੱਤਾਂ ਦੀ ਸੂਖਮ ਸ਼ਤੋਮਈ ਅੰਸ਼ ਤੋਂ ਇਹ ਮਨ ਰਚਿਆ ਹੈ। ਜੈਸਾ ਕਿ :

**ਪਾਂਚ ਭੂਤ ਕੇ ਅੰਸ਼ ਤੇ ਉਪਜੈ ਮਨ ਅਰ ਬੁਧ ॥ ਸਭ ਇਦ੍ਰਨ ਕੇ ਸ੍ਵਾਦ ਕੀ ਹੈ ਤਾਂਹੀ ਤੇ ਸੁਧਿ ॥**

[ਅਧਿਆਤਮ ਪ੍ਰਕਾਸ਼ ਦੋਹਰਾ ੬੩]

ਇਸੇ ਤਰ੍ਹਾਂ ਵਿਦਾਂਤ ਵਿੱਚ ਇਸ ਗੱਲ ਨੂੰ ਸਿੱਧ ਕੀਤਾ ਹੈ ਕਿ ਪੰਜੇ ਤੱਤਾਂ ਦੀ ਸਤੋ ਮਈ ਅੰਸ਼ ਤੋਂ ਅੰਤਹਕਰਨ ਪੈਦਾ ਹੋਇਆ ਹੈ। ਜੈਸਾ ਕਿ :

**ਸਤੋ ਅੰਸ਼ ਭੂਤਨ ਕੀ ਜੋ ਹੈ ॥ ਤਾਂਤੇ ਅੰਤਸ਼ਕਰਨ ਭਯੋ ਹੈ ॥** [ਵੈਰਾਗ ਸ਼ਤਕ]

ਗੁਰੂ ਨਾਨਕ ਸਾਹਿਬ ਜੀ ਨੇ ਇਸ ਵੀਚਾਰ ਨੂੰ ਸਪਸ਼ਟ ਅੱਖਰਾਂ ਵਿੱਚ ਸਿੱਧ ਕੀਤਾ ਹੈ। ਜੈਸਾ ਕਿ :

**੧. ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥**

[ਆਸਾ ਮਹਲਾ ੧, ਅੰਗ ੪੧੫]

**੨. ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥**

[ਗਉੜੀ ਕਬੀਰ ਜੀ ਬਾਵਨ ਅਖਰੀ, ਅੰਗ ੩੪੨]

ਜੇਕਰ ਇਸ ਮਨ ਨੂੰ ਲੇ=ਲੈਤਾ ਕਰਕੇ ਅਰਥਾਤ ਵੱਸ ਕਰੇ ਉਨਮਨਿ=ਤੁਰੀਆ ਅਵਸਥਾ ਵਿੱਚ ਰਹਿਣਾ ਕਰੇ ਤਾਂ ਫਿਰ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸਣ ਨੂੰ ਸਮਰੱਥ ਹੋ ਜਾਂਦਾ ਹੈ, **ਵਾ:** ਤਿੰਨੇ ਲੋਕਾਂ ਦੀਆਂ ਮਿਥਿਆ ਰੂਪ ਗੱਲਾਂ ਨੂੰ ਕਹਿੰਦਾ ਹੈ। **ਵਾ:** ਤਿੰਨੇ ਲੋਕਾਂ ਨੂੰ ਬ੍ਰਹਮ ਰੂਪ ਅਨੁਭਵ ਕਰਕੇ ਬ੍ਰਹਮ ਰੂਪ ਬਾਤੈ=ਕਥਨ ਕਰਦਾ ਹੈ। ਪਹਿਲੇ ਅਰਥ ਵਿੱਚ ਦੂਰ-ਦਰਸ਼ਨ ਆਦਿ ਸਿੱਧੀਆਂ ਪ੍ਰਾਪਤ ਹੋਣ ਦੀ ਗੱਲ ਕੀਤੀ ਹੈ। ਸੋ ਜਿਤਨੀ ਦੇਰ ਤਕ ਇਸ ਮਨ ਦਾ ਕਹਿਆ ਹੋਇਆ ਮਨਸਾ=ਬੁੱਧੀ ਨਿਸ਼ਚੇ ਕਰਦੀ ਰਹੇਗੀ,

## *ਇਹੁ ਮਨੁ ਪੁੰਨੁ ਪਾਪੁ ਉਚਰੈ ॥*

ਉਤਨੀ ਦੇਰ ਤਕ ਇਹ ਮਨ ਪਾਪ ਅਤੇ ਪੁੰਨਾਂ ਨੂੰ ਉਚਰੈ=ਉਚਾਰਨ ਕਰਦਾ ਰਹੇਗਾ। ਭਾਵ ਪਾਪਾਂ ਪੁੰਨਾਂ ਨੂੰ ਕਰਨ ਦੇ ਸੰਕਲਪ ਕਰਦਾ ਰਹੇਗਾ। ਮਨ ਨੂੰ ਜਿਤਣਾ ਬਹੁਤ ਹੀ ਮੁਸ਼ਕਲ ਹੈ। ਜੈਸਾ ਕਿ :

**ਮਨ ਕੇ ਮਤੇ ਨ ਚਲੀਐ ਮਨ ਕੇ ਮਤੇ ਅਨੇਕ ॥**
**ਮਨ ਕੇ ਮਾਰੇ ਮਰਿ ਗਏ ਕਾਜੀ ਮੁਲਾਂ ਸੇਖ ॥**

ਮਨ ਨੂੰ ਜਿਤਣਾ ਬੜਾ ਔਖਾ ਤੇ ਜਗ ਨੂੰ ਜਿੱਤਣਾ ਸੌਖਾ ਹੈ। ਜਿਵੇਂ ਰੁਹੇਲਿਆਂ ਦੇ ਰਾਜੇ ਪਾਰਸ ਨਾਥ ਨੇ ਸ਼ਸ਼ਤ੍ਰ ਤੇ ਸ਼ਾਸਤ੍ਰ ਵਿਦਿਆ ਦੇ ਬਲ ਨਾਲ ਭਾਵੇਂ ਸਾਰੀ ਦੁਨੀਆ ਜਿੱਤ ਲਈ ਸੀ ਤੇ ਵੀਹ ਹਜ਼ਾਰ ਰਾਜੇ ਜਿੱਤ ਕੇ ਕੈਦੀ ਬਣਾ ਲਏ ਸਨ। ਪਰ ਪਾਰਸ ਨਾਥ ਸੰਸਾਰ ਨੂੰ ਜਿੱਤਣ ਵਾਲਾ ਮਨ ਨੂੰ ਜਿੱਤ ਨਹੀਂ ਸਕਿਆ ਤੇ ਕਟਾਸ਼ ਪਰਬਤ 'ਤੇ ਚਿਖਾ ਬਣਾ ਕੇ ਜਿਉਂਦਾ ਹੀ ਸੜ ਗਿਆ ਸੀ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿਧਾਂ ਨੇ ਵੀ ਆਖਿਆ ਕਿ ਹੇ ਮਹਾਰਾਜ! ਜੇ ਤੁਸੀਂ ਜੋਗ ਮੱਤ ਧਾਰਨ ਕਰ ਲਵੋ ਤਾਂ ਤੁਸੀਂ ਸੰਸਾਰ ਵਿੱਚ ਜਿੱਤ ਪ੍ਰਾਪਤ

ਕਰੋਗੇ, ਸਤਿਗੁਰਾਂ ਨੇ ਉਤਰ ਵਿੱਚ ਆਖਿਆ ਕਿ ਹੇ ਸਿਧੋ! ਅਸੀਂ ਸੰਸਾਰ ਨੂੰ ਜਿੱਤਨ ਦੀ ਇੱਛਾ ਨਹੀਂ ਰੱਖਦੇ ਅਸੀ ਤਾਂ ਮਨ ਦੇ ਜਿੱਤਨ ਨਾਲ ਜਗਤ ਦੀ ਜਿੱਤ ਸਮਝਦੇ ਹਾਂ। ਜੈਸਾ ਕਿ:

**ਮਨਿ ਜੀਤੈ ਜਗੁ ਜੀਤੁ॥** [ਜਪੁਜੀ ਸਾਹਿਬ, ਅੰਗ ੬]

ਇਸੇ ਸਿਧਾਂਤ ਨੂੰ ਭਾਈ ਗੁਰਦਾਸ ਜੀ ਵੀ ਆਪਣੀ ਰਚਨਾ ਵਿੱਚ ਸਿੱਧ ਕਰਦੇ ਹਨ। ਜੈਸਾ ਕਿ:

**ਪਰ ਤਨ ਪਰ ਧਨ ਪਰ ਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ॥**
**ਗੁਰਮਤਿ ਮਨੁ ਸਮਝਾਇ ਕੈ ਬਾਹਰਿ ਜਾਂਦਾ ਵਰਜਿ ਰਹਾਇਆ॥**
**ਮਨਿ ਜਿਤੈ ਜਗੁ ਜਿਣਿ ਲਇਆ ਅਸਟ ਧਾਤੁ ਇਕ ਧਾਤੁ ਕਰਾਇਆ॥**
[ਭਾਈ ਗੁਰਦਾਸ ਵਾਰ ੨੯, ਪਉੜੀ ੨]

ਸੋ ਜਿਸ ਨੇ ਮਨ ਜਿੱਤ ਲਿਆ ਉਸ ਨੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ ਤੇ ਜਿਸ ਦਾ ਮਨ ਨਹੀਂ ਜਿਤਿਆ ਗਿਆ ਉਹ ਸਾਰੇ ਸੰਸਾਰ ਵਿੱਚੋਂ ਹਾਰ ਕੇ ਹੀ ਗਿਆ ਹੈ, ਜਿਵੇਂ ਕਵੀ ਭਰਥਰੀ ਜੀ ਨੇ ਕਿਹਾ ਹੈ। ਜੈਸਾ ਕਿ:

**ਮਨੁ ਰਿਪੁ ਜੀਤਾ ਸਭੁ ਰਿਪੁ ਜੀਤੇ॥ ਮਨ ਰਿਪੁ ਜੀਤਾ ਸਭ ਰਿਪੁ ਜੀਤੇ॥...੫੫॥**
[ਵੈਰਾਗ ਸ਼ਤਕ, ਅਧਿ: ੭]

ਜਿਨ੍ਹਾਂ ਦਾ ਮਨ ਰੂਪ ਦੁਸ਼ਮਣ ਜਿਊਂਦਾ ਹੈ, ਉਹਨਾਂ ਦੇ ਸਭ ਦੁਸ਼ਮਣ ਜਿਊਂਦੇ ਹਨ, ਜਿਨ੍ਹਾਂ ਗੁਰਮੁਖਾਂ ਨੇ ਮਨ ਰੂਪ ਦੁਸ਼ਮਣ ਨੂੰ ਜਿੱਤ ਲਿਆ ਉਹਨਾਂ ਨੇ ਸਾਰੇ ਦੁਸ਼ਮਣ ਜਿੱਤ ਲਏ ਹਨ।

**ਸਾਖੀ—ਮਹਾਤਮਾ ਦੁਆਰਾ ਸੁੱਕੇ ਡੱਡੂ ਨੂੰ ਪੀਸ ਕੇ ਪਾਊਡਰ ਬਣਾਉਣ ਦੀ—**ਇੱਕ ਵਾਰ ਕਿਸੇ ਮਹਾਤਮਾ ਨੇ ਮਰੇ ਹੋਏ ਡੱਡੂ ਨੂੰ ਚੁੱਕ ਕੇ ਸੁਕਾਇਆ ਤੇ ਸੁੱਕੇ ਡੱਡੂ ਨੂੰ ਪੀਸ ਕੇ ਪੁੜੀ ਬੰਨ੍ਹ ਕੇ ਆਪਣੇ ਆਸਣ ਹੇਠਾਂ ਰੱਖ ਲਈ। ਜਦੋਂ ਵਰਖਾ ਦੀ ਰੁੱਤ ਆਈ ਉਸ ਪੀਸੇ ਹੋਏ ਡੱਡੂ ਦੇ ਵਿੱਚੋਂ ਨਿੱਕੀਆਂ-ਨਿੱਕੀਆਂ ਡੱਡੀਆਂ ਪੈਦਾ ਹੋ ਕੇ ਨਿਕਲ ਆਈਆਂ। ਜਦੋਂ ਪੁੜੀ ਨੂੰ ਦੇਖਿਆ ਤਾਂ ਪੁੜੀ ਬਿਲਕੁਲ ਖਾਲੀ ਪਈ ਮਿਲੀ। ਉਸ ਵੇਲੇ ਮਹਾਤਮਾ ਨੇ ਇਸ ਗੱਲ ਨੂੰ ਦੇਖਦਿਆਂ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਆਖਿਆ। ਜੈਸਾ ਕਿ:

**ਮੈਂ ਜਾਨਿਓ ਮਨ ਮਰ ਗਇਓ, ਮਨ ਤੋ ਮਰਿਓ ਨਾਹਿ॥**
**ਕੁਸੰਗਤ ਬਰਖਾ ਹੋਣ ਤੇ ਬਹੁਰ ਹਰੋ ਹੋਇ ਜਾਹਿ॥**

ਇਸੇ ਗੱਲ ਨੂੰ ਨੌਂਵੇਂ ਸਤਿਗੁਰੂ ਜਗਿਆਸੂ ਮੁਖ ਦੁਆਰਾ ਕਥਨ ਕਰਦੇ ਹਨ। ਜੈਸਾ ਕਿ:

**ਮਾਈ ਮਨੁ ਮੇਰੋ ਬਸਿ ਨਾਹਿ॥ ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥**
[ਸੋਰਠਿ ਮਹਲਾ ੯, ਅੰਗ ੬੩੨]

ਮਹਾਤਮਾ ਆਖਣ ਲੱਗੇ ਕਿ ਮੈਂ ਸਮਝਿਆ ਸੀ ਕਿ ਮਨ ਮਰ ਗਿਆ ਹੈ ਪਰ ਮਨ ਮਰਿਆ ਨਹੀਂ ਹੈ ਜਿਵੇਂ ਵਰਖਾ ਹੋਣ ਤੇ ਇਸ ਪੀਸੇ ਹੋਏ ਡੱਡੂ ਤੋਂ ਮੁੜਕੇ ਡੱਡਾਂ ਪੈਦਾ ਹੋ ਗਈਆਂ ਹਨ ਇਉਂ ਮਤਾਂ ਕੋਈ ਬਿਰੱਕਤੀ ਦੀ ਜਾਂ ਚਿੱਟਾ ਚੋਲਾ ਪਾ ਕੇ ਹੰਗਤਾ ਕਰਕੇ ਕਹੇ ਕਿ ਮੈਂ ਮਨ ਜਿੱਤ ਲਿਆ ਹੈ ਮਨ ਮੇਰੇ ਕਾਬੂ ਵਿੱਚ ਹੈ ਪਰ ਕੁਸੰਗਤ ਰੂਪ ਵਰਖਾ ਹੋਣ ਤੋਂ ਫਿਰ ਵਿਕਾਰ ਫੁਰਨ ਲੱਗ ਪੈਂਦੇ ਹਨ ਤੇ ਪੁਰਸ਼ ਵਿਸ਼ਿਆਂ ਵਿੱਚ ਖੱਚਤ ਹੋ ਜਾਂਦਾ ਹੈ। ਇਹ ਜੋ ਮਨ ਹੈ ਇਹ ਕੱਚੇ ਪਾਰੇ ਦੀ ਨਿਆਈਂ ਹੈ ਤੇ ਗੁਰਮੁਖਾਂ ਨੇ ਇਸ ਮਨ ਨੂੰ ਆਪਣੇ ਵੱਸ ਵਿੱਚ ਕੀਤਾ ਹੈ। ਜੈਸਾ ਕਿ ਭਾਈ ਗੁਰਦਾਸ ਜੀ ਦਾ ਕਥਨ ਹੈ। ਜੈਸਾ ਕਿ:

**ਮਨੁ ਪਾਰਾ ਗੁਰਮੁਖਿ ਵਸਿ ਆਣੈ॥** [ਭਾਈ ਗੁਰਦਾਸ ਵਾਰ ੩੩, ਪਉੜੀ ੨੨]

**ਅਲੰਕਾਰ ਕੱਚੇ ਪਾਰੇ ਦਾ—**ਮਨ ਕੱਚੇ ਪਾਰਾ ਵਰਗਾ ਹੈ। ਕੱਚਾ ਪਾਰਾ ਕਦੇ ਵੀ ਉਂਗਲ ਥੱਲੇ ਨਹੀਂ ਠਹਿਰਦਾ, ਕੱਚਾ ਪਾਰਾ ਗਰਮੀ ਨਾਲ ਫੈਲਦਾ ਤੇ ਸਰਦੀ ਨਾਲ ਸੁੰਗੜਦਾ ਹੈ। ਪਿਛਲੇ ਕੁਝ ਸਮੇਂ ਵਿੱਚ ਇਸ ਦਾ ਮੁੱਲ ਦੋ

ਕੁ ਰੁਪਏ ਹੀ ਹੁੰਦਾ ਸੀ। ਜੇ ਕੋਈ ਅਗਿਆਤ ਵੱਸ ਹੋ ਕੇ ਕੱਚਾ ਪਾਰਾ ਖਾ ਲਵੇ ਤਾਂ ਜੋੜਾਂ ਵਿੱਚ ਸਾਰੀ ਉਮਰ ਦਰਦਾਂ ਹੁੰਦੀਆਂ ਰਹਿੰਦੀਆਂ ਹਨ। ਪਰ ਜਦੋਂ ਇਹ ਕੱਚਾ ਪਾਰਾ ਰਸਾਇਣੀ ਦੇ ਹੱਥ ਆ ਜਾਵੇ ਤਾਂ ਰਸਾਇਣੀ ਇਸ ਕੱਚੇ ਪਾਰੇ ਨੂੰ ਸੋਧਦਾ ਹੈ, ਪਹਿਲੇ ਸੁਨਹਿਰੇ ਭਾਵ ਕੂੰਡੇ ਵਿੱਚ ਪਾ ਕੇ ਹਰੀ ਬੂਟੀ ਦੇ ਸੁਮੇਲ ਦੁਆਰਾ ਵੱਟੇ ਨਾਲ ਰਗੜ-ਰਗੜ ਕੇ ਖਰਲ ਕਰਦਾ ਹੈ। ਜਦੋਂ ਬੂਟੀ ਦਾ ਹੀ ਰੰਗ ਰਹਿ ਜਾਵੇ ਤਾਂ ਰਸਾਇਣੀ ਉਸ ਨੂੰ ਠੀਕ ਖਰਲ ਹੋਇਆ ਜਾਣਦਾ ਹੈ, ਫਿਰ ਉਸਨੂੰ ਸੰਪਟ ਕਰਦਾ ਹੈ, ਡੱਬੇ ਵਿੱਚ ਪਾ ਕੇ ਉਸ ਥੱਲੇ ਅੱਗ ਬਾਲਦਾ ਹੈ। ਫਿਰ ਇਹਨਾਂ ਗੱਲਾਂ ਦਾ ਧਿਆਨ ਰੱਖਦਾ ਹੈ ਕਿ ਕੱਚਾ ਨਾ ਰਹਿ ਜਾਵੇ, ਉੱਡ ਵੀ ਨਾ ਜਾਵੇ ਤੇ ਤੋਲ ਵੀ ਪੂਰਾ ਰਹੇ, ਉਸ ਨੂੰ ਸੋਧਿਆ ਹੋਇਆ ਭਾਵ ਮਾਰਿਆ ਹੋਇਆ ਪਾਰਾ ਆਖਦੇ ਹਨ। ਸੋਧਿਆ ਪਾਰਾ ਬੜਾ ਕੀਮਤੀ ਬਣ ਜਾਂਦਾ ਹੈ। ਜੇ ਕੋਈ ਕੱਖ ਕੁ ਭਰ ਭਾਵ ਥੋੜੇ ਮਾਤਰ ਲੈ ਕੇ ਖਾ ਲਵੇ ਤਾਂ ਹਜ਼ਮ ਸ਼ਕਤੀ ਬਹੁਤ ਹੋ ਜਾਂਦੀ ਹੈ ਤੇ ਸਰਰੀਕ ਤਾਕਤ ਵੀ ਬਹੁਤ ਆ ਜਾਂਦੀ ਹੈ। ਸਰੀਰ ਵਿੱਚ ਤਾਕਤ ਇੰਨੀ ਹੋ ਜਾਂਦੀ ਹੈ ਕਿ ਹਾਥੀ ਦਾ ਮੁਕਾਬਲਾ ਕਰ ਸਕਦਾ ਹੈ। ਸੋਧਿਆ ਹੋਇਆ ਪਾਰਾ ਜੇ ਕਲੀ ਤੇ ਪਾ ਦਈਏ ਤਾਂ ਚਾਂਦੀ ਬਣ ਜਾਂਦੀ ਹੈ ਤੇ ਜੇ ਤਾਂਬੇ ਤੇ ਪਾ ਦੇਈਏ ਤਾਂ ਸੋਨਾ ਬਣ ਜਾਂਦਾ ਹੈ।

**ਅੰਤ੍ਰੀਵ ਭਾਵ—**ਇਸੇ ਤਰ੍ਹਾਂ ਇਹ ਅਸ਼ੁਧ ਮਨ ਕੱਚੇ ਪਾਰਾ ਦੀ ਤਰ੍ਹਾਂ ਚੰਚਲ ਹੈ। ਮਰਿਆਦਾ ਰੂਪ ਉਂਗਲ ਥੱਲੇ ਨਹੀਂ ਠਹਿਰਦਾ। ਕ੍ਰੋਧੀਆਂ ਨਾਲ ਕ੍ਰੋਧੀ ਤੇ ਨਰਮ ਖ਼ਿਆਲ ਵਾਲਿਆਂ ਨਾਲ ਬਹੁਤਾ ਹੀ ਨਰਮ ਭਾਵ ਠੰਢਾ ਹੁੰਦਾ ਰਹਿੰਦਾ ਹੈ। ਇਸ ਦਾ ਮੁਲ ਸਰੀਰ ਨੂੰ ਜੰਮਣ ਤੇ ਮਰਣ ਦੇਣ ਰੂਪ ਦੋ ਰੁਪਏ ਹੀ ਹੈ। ਜੇ ਇਸ ਕੱਚੇ ਚੰਚਲ, ਵਿਸ਼ਈ ਤੇ ਵਿਕਾਰੀ ਮਨ ਦੀ ਕੁਸੰਗਤ ਕਰ ਲਵੇ ਤਾਂ ਅਵਿਦਿਆ ਦੀਆਂ ਦਰਦਾਂ ਹੀ ਹੁੰਦੀਆਂ ਰਹਿੰਦੀਆਂ ਹਨ। ਪਰ ਸਤਿਗੁਰੂ ਜੀ ਰਸਾਇਣੀ ਹਨ, ਜਦੋਂ ਉਹਨਾਂ ਦੇ ਸਤਿਸੰਗਤ ਰੂਪੀ ਹੱਥ ਵਿੱਚ ਆ ਜਾਵੇ ਤਾਂ ਸਤਿਗੁਰੂ ਜੀ ਸੋਧ ਕੇ ਪਵਿੱਤਰ ਕਰ ਦਿੰਦੇ ਹਨ। ਪਹਿਲਾਂ ਨਿਸ਼ਚੇ ਰੂਪ ਸੁਨਹਿਰਾ ਭਾਵ ਕੂੰਡਾ ਲੈ ਕੇ, ਅਭਿਆਸ ਰੂਪ ਵੱਟਾ ਲੈ ਕੇ, ਬਾਣੀ ਰੂਪ ਹਰੀ ਬੂਟੀ ਵਿੱਚ ਪਾ ਕੇ, ਪੁਨਾ-ਪੁਨਾ ਅਭਿਆਸ ਕਰਨ ਰੂਪ ਰਗੜ ਰਗੜ ਕੇ, ਜਦੋਂ ਕੇਵਲਬਾਣੀ ਦਾ ਹੀ ਰੰਗ ਚੜ੍ਹ ਜਾਵੇ। ਜੈਸਾ ਕਿ:

**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੫॥** [ਸੂਹੀ ਮਹਲਾ ੪, ਅੰਗ ੭੫੯]

ਫਿਰ ਵਿਕਾਰਾਂ ਰੂਪ ਲੱਕੜਾਂ ਬਾਲ ਕੇ ਬ੍ਰਹਮ ਗਿਆਨ ਰੂਪ ਅਗਨੀ ਦੇ ਜਪ-ਤਪ ਰੂਪੀ ਸੇਕ ਨਾਲ ਸੰਪਟ ਕਰਦਾ ਹੈ। ਵਿਸ਼ਿਆਂ ਦੀ ਇੱਛਾ ਰੂਪ ਕੱਚਾ ਨਾ ਰਹਿ ਜਾਵੇ ਭਾਵ ਵਿਸ਼ੇ ਮਿਟ ਜਾਣ। ਸਿਮਰਨ ਵਲੋਂ ਉਪਰਾਮ ਹੋਣ ਰੂਪ, ਸੰਕਲਪ ਵਿਕਲਪ ਫੁਰਨ ਰੂਪ ਉੱਡ ਨਾ ਜਾਵੇ। ਜੈਸਾ ਕਿ:

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥** [ਬਸੰਤ ਮਃ ੯, ਅੰਗ ੧੧੮੬]

ਹੰਗਤਾ ਦੀ ਨਵਿਰਤੀ ਰੂਪ ਪੂਰਾ ਤੋਲ ਰਹੇ, ਜੈਸਾ ਕਿ:

**ਕੋਇ ਨ ਆਖੈ ਘਟਿ ਹਉਮੈ ਜਾਈਐ ॥** [ਮਾਝ ਕੀ ਵਾਰ ਮਃ ੧, ਅੰਗ ੧੪੬]

ਫਿਰ ਉਹ ਸੋਧਿਆ ਹੋਇਆ ਮਨ ਰੂਪ ਪਾਰਾ ਬੜਾ ਕੀਮਤੀ ਬਣ ਜਾਂਦਾ ਹੈ। ਜੈਸਾ ਕਿ:

**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥** [ਵਾਰ ਸਿਰੀਰਾਗ ਮਃ ੩, ਅੰਗ ੮੭]

ਜੇ ਐਸੇ ਬ੍ਰਹਮ ਗਿਆਨੀ ਮਹਾਂ ਪੁਰਸ਼ ਦੀ ਸੰਗਤ ਕਰ ਲਵੇ ਤਾਂ ਜਰਨ ਸ਼ਕਤੀ ਰੂਪ ਹਜ਼ਮ ਸ਼ਕਤੀ ਆ ਜਾਂਦੀ ਹੈ। ਜੈਸਾ ਕਿ:

**ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥**

[ਸਾਰਗ ਮਃ ੫, ਅੰਗ ੧੨੦੫]

ਤਾਂ ਫਿਰ ਕਾਲ ਰੂਪੀ ਹਾਥੀ ਦਾ ਮੁਕਾਬਲਾ ਕਰਨ ਨੂੰ ਸਮਰਥ ਹੋ ਜਾਂਦਾ ਹੈ। ਕਲੀ ਦੀ ਨਿਆਈਂ ਉਪਾਸ਼ਕ,

ਤਾਂਬੇ ਦੀ ਨਿਆਈਂ ਉਤਮ ਅਧਿਕਾਰੀ ਜੇ ਐਸੇ ਗੁਰਮੁਖਾਂ ਦੀ ਸੰਗਤ ਕਰਨ ਤਾਂ ਮਨ ਨੂੰ ਜਿੱਤ ਕੇ ਉਪਾਸ਼ਕ, ਇਸ਼ਟ ਦੇਵ ਦੀ ਪ੍ਰਾਪਤੀ ਰੂਪ ਚਾਂਦੀ ਤੇ ਉੱਤਮ ਅਧਿਕਾਰੀ ਬ੍ਰਹਮ ਗਿਆਨੀ ਰੂਪ ਸੋਨਾ ਬਣ ਜਾਂਦੇ ਹਨ। ਇਸ ਤਰ੍ਹਾਂ ਗੁਰਮੁਖ ਜਨਾਂ ਨੇ ਪਾਰੇ ਵਰਗੇ ਚੰਚਲ ਮਨ ਨੂੰ ਜਿੱਤ ਕੇ ਸਾਰੀ ਦੁਨੀਆ 'ਤੇ ਫ਼ਤਹਿ ਪ੍ਰਾਪਤ ਕੀਤੀ ਹੈ। ਜੈਸਾ ਕਿ ਗੁਰਬਾਣੀ ਵਿੱਚ ਕਥਨ ਹੈ :

**ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥**
**ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥** [ਗਉੜੀ ਬਾਵਨ ਅਖਰੀ ਮਃ ੫, ਅੰਗ ੨੫੮]

## *ਮਾਇਆ ਮਦਿ ਮਾਤੇ; ਤ੍ਰਿਪਤਿ ਨ ਆਵੈ ॥*

ਮਾਇਆ ਦੇ ਮਦ=ਨਸ਼ੇ ਵਿੱਚ ਮਾਤੇ=ਮਸਤ ਹੋਏ ਮਨੁੱਖ ਨੂੰ ਮਾਇਆ ਵਲੋਂ ਤ੍ਰਿਪਤਿ=ਤ੍ਰਿਪਤੀ ਭਾਵ ਰਜੇਵਾਂ ਨ ਆਵੈ=ਨਹੀਂ ਆਉਂਦਾ।

## *ਤ੍ਰਿਪਤਿ ਮੁਕਤਿ; ਮਨਿ ਸਾਚਾ ਭਾਵੈ ॥੧॥*

ਜਿਸ ਦੇ ਮਨ ਵਿੱਚ ਸਾਚਾ=ਸੱਚਾ ਨਾਮ ਭਾਵੈ=ਭਾਉਂਦਾ ਭਾਵ ਚੰਗਾ ਲਗਦਾ ਹੈ ਉਹ ਹੀ ਸੰਸਾਰ ਦੀ ਮਾਇਆ ਵਲੋਂ ਤ੍ਰਿਪਤ ਹੋ ਕੇ ਮੁਕਤ ਹੋ ਜਾਂਦਾ ਹੈ॥੧॥

## *ਤਨੁ ਧਨੁ ਕਲਤੁ; ਸਭੁ ਦੇਖੁ ਅਭਿਮਾਨਾ ॥*
## *ਬਿਨੁ ਨਾਵੈ; ਕਿਛੁ ਸੰਗਿ ਨ ਜਾਨਾ ॥੧॥ਰਹਾਉ॥*

ਤਨੁ=ਸਰੀਰ ਧਨੁ=ਮਾਇਆ ਕਲਤੁ=ਇਸਤਰੀ ਇਹਨਾਂ ਸਭੁ=ਸਭਨਾਂ ਨੂੰ ਦੇਖ ਕੇ ਅਭਿਮਾਨਾ=ਹੰਕਾਰ ਕਰਦਾ ਹੈ। ਪਰ ਬਿਨੁ ਨਾਵੈ=ਨਾਮ ਤੋਂ ਬਿਨਾਂ ਇਹਨਾਂ ਵਿੱਚੋਂ ਕੁਝ ਭੀ ਸੰਗਿ=ਨਾਲ ਨਹੀਂ ਜਾਣਾ॥੧॥ਰਹਾਉ॥

## *ਕੀਚਹਿ ਰਸ ਭੋਗ; ਖੁਸੀਆ ਮਨ ਕੇਰੀ ॥ ਧਨੁ ਲੋਕਾਂ; ਤਨੁ ਭਸਮੈ ਢੇਰੀ ॥*

ਮਨ ਕੇਰੀ=ਚਿਤ ਦੀਆਂ ਖ਼ੁਸ਼ੀਆਂ ਅਨੁਸਾਰ ਰਸ=ਰਸਾਂ ਨੂੰ ਭੋਗ=ਭੋਗਣਾ ਕਰਦਾ ਹੈ ਜਿਸ ਵੇਲੇ ਤਨੁ=ਸਰੀਰ ਨੇ ਭਸਮੈ=ਭਸਮ ਭਾਵ ਸੁਆਹ ਦੀ ਢੇਰੀ ਹੋਣਾ ਹੈ ਤਾਂ ਧਨੁ ਲੋਕਾਂ=ਦੌਲਤ ਨੂੰ ਹੋਰਨਾਂ ਪੁਰਖਾਂ ਨੇ ਸਾਂਭ ਲੈਣਾ ਹੈ।

## *ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥*

ਸਭੁ ਫੈਲੁ=ਸਭ ਤਰ੍ਹਾਂ ਦੀਆਂ ਬਦ ਫੈਲੀਆਂ ਕਰਨ ਨਾਲ ਖਾਕੂ ਖਾਕੁ=ਪੰਜਾਂ ਤੱਤਾਂ ਰੂਪ ਖਾਕ ਦੇ ਰਚੇ ਹੋਏ ਸਰੀਰ ਨੇ ਪ੍ਰਤੱਖ ਖਾਕ ਜਾਂ ਲਾਹਨਤਾ ਰੂਪੀ ਖ਼ਾਕ ਨਾਲ ਰਲ ਜਾਣਾ ਹੈ। **ਵਾ:** ਇਹ ਸਭ ਤਰ੍ਹਾਂ ਦੇ ਫੈਲੁ=ਕਰਮ ਕਰਦਾ ਹੈ, ਪਰ ਇਹ ਨਹੀਂ ਸਮਝਦਾ ਕਿ ਖ਼ਾਕ ਰੂਪ ਤਨ ਨੇ ਖ਼ਾਕ ਵਿੱਚ ਰਲ ਜਾਣਾ ਹੈ, **ਵਾ:** ਖਾਕੂ=ਦੇਹ ਨੇ ਤਾਂ ਖ਼ਾਕ ਵਿੱਚ ਰਲ ਜਾਣਾ ਹੈ ਤੇ ਸਾਰੇ ਕੀਤੇ ਹੋਏ ਫੈਲੁ=ਕਰਮਾਂ ਨੇ ਹੀ ਨਾਲ ਜਾਣਾ ਹੈ। ਬਿਨੁ ਸਬਦੈ=ਗੁਰ ਉਪਦੇਸ਼ ਤੋਂ ਬਿਨਾਂ ਪਾਪਾਂ ਰੂਪੀ ਜਾਂ ਹਉਮੈ ਰੂਪੀ ਮੈਲ ਨਹੀਂ ਉਤਰੈ=ਉਤਰਦੀ॥੨॥

## *ਗੀਤ ਰਾਗ ਘਨ ਤਾਲ; ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥*

ਜੋ ਰਾਗ=ਰਾਗਾਂ ਵਿੱਚ ਗੀਤ ਪੜ੍ਹਨੇ, ਘਨ=ਬਹੁਤਿਆਂ ਤਾਲ=ਤਾਲਾਂ ਦਾ ਪੂਰਨਾ ਹੈ ਸਿ=ਉਹ ਸਭ ਕੂਰੇ=ਝੂਠੇ ਹਨ। ਜਾਂ ਗੀਤ=ਗੀਤਾ ਦਾ ਪਾਠ ਕਰਨਾ ਰਾਗ=ਪ੍ਰੇਮ ਕਰਨਾ, ਘਨ ਤਾਲ=ਬਹੁਤੇ ਮਹਾਂਵਾਕਾਂ ਦਾ ਉਚਾਰਨ ਉਹ ਸਭ ਕੂਰੇ=ਝੂਠੇ ਹਨ। ਹਿਰਦੇ ਵਿੱਚ ਤ੍ਰਿਹੁ ਗੁਣ=ਤਿੰਨੇ ਗੁਣਾਂ ਦੇ ਉਪਜੈ=ਉਪਜਨੇ ਕਰਕੇ ਸਭ ਗੁਣ ਬਿਨਸੈ=ਬਿਨਸ ਜਾਂਦੇ ਹਨ, ਇਸ ਕਰਕੇ ਪ੍ਰਮੇਸ਼ਰ ਤੋਂ ਦੂਰੇ=ਦੂਰ ਰਹਿੰਦੇ ਹਨ। **ਵਾ:** ਜੋ ਰਾਗ ਤਾਲ ਵਿੱਚ ਘਨ=ਬਹੁਤੇ ਗੀਤ ਗਾਉਣ

ਵਾਲੇ ਹਨ, ਸਿ ਕੂਰੇ=ਉਹ ਝੂਠੇ ਪੁਰਸ਼ ਤਿੰਨਾਂ ਗੁਣਾਂ ਕਰਕੇ ਉਪਜੈ ਬਿਨਸੈ=ਜੰਮਦੇ ਮਰਦੇ ਹਨ ਤੇ ਪ੍ਰਮੇਸ਼ਰ ਤੋਂ ਦੂਰ ਰਹਿੰਦੇ ਹਨ।

### *ਦੂਜੀ ਦੁਰਮਤਿ; ਦਰਦੁ ਨ ਜਾਇ ॥*
### *ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥*

ਜਦੋਂ ਤਕ ਇਸ (ਦੂ+ਜੀ) ਜੀ=ਜੀਵ ਵਿੱਚ ਦੂ=ਦ੍ਵੈਤ ਹੈ **ਵਾ:** ਸੁਮੱਤੀ ਤੋਂ ਬਿਨਾਂ ਜੋ ਦੂਜੀ ਦੁਰਮਤਿ=ਖੋਟੀ ਮਤ ਹੈ ਉਦੋਂ ਤਕ ਮਨਮੁਖ ਪੁਰਸ਼ਾਂ ਦਾ ਦਰਦੁ=ਜੰਮਣ ਮਰਨ ਦਾ ਰੋਗ, ਪੀੜਾ ਨ ਜਾਇ=ਨਹੀਂ ਜਾਂਦੀ। ਗੁਰਮੁਖ ਹੋ ਕੇ ਗੁਰਮੁਖਿ=ਗੁਰਾਂ ਦੁਆਰੇ ਗੁਣ ਗਾਇ=ਗੁਣਾਂ ਦੇ ਗਾਉਣ ਰੂਪ ਦਾਰੂ=ਦਵਾਈ ਲਾਉਣ ਕਰਕੇ ਦੁੱਖਾਂ ਤੋਂ ਛੂਟੈ=ਛੁਟਕਾਰਾ ਹੁੰਦਾ ਹੈ॥੩॥

### *ਧੋਤੀ ਊਜਲ; ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਟ ਸਾਲਾ[੧] ॥*

(ਪਾਠਾਂਤ੍ਰ 'ਨਾਟ ਸਾਲਾ')

ਤੇੜ ਊਜਲ=ਚਿੱਟੀ ਧੋਤੀ ਬੰਨ੍ਹੀ ਹੋਈ ਹੈ, ਮੱਥੇ ਉੱਤੇ ਚਿੱਟਾ ਤਿਲਕ ਤੇ ਗਲਿ=ਗਲ ਵਿੱਚ ਰੁਦ੍ਰਾਖ ਦੀ ਮਾਲਾ ਹੈ ਪਰ ਜੇ ਅੰਤਰਿ=ਅੰਤਹਕਰਨ ਵਿੱਚ ਕ੍ਰੋਧ ਹੈ ਤਾਂ ਉਸਦਾ ਪੜਹਿ=ਪੜ੍ਹਨਾ ਐਸਾ ਨਿਸਫਲ ਹੈ ਜਿਵੇਂ ਕੋਈ ਨਟ ਸਾਲਾ=ਨਟਾਂ ਦੇ ਅਸਥਾਨ ਵਿੱਚ ਨਟਾਂ ਦੀ ਵਿਦਿਆ ਪੜ ਲਵੇ ਭਾਵ ਸ੍ਵਾਂਗ ਪੜੇ ਅਰਥਾਤ ਤਿਨਾਂ ਦਾ ਕਰਤਵ ਸਿਖੇ, ਇਹ ਸਭ ਭੇਖ ਛਲ ਰੂਪ ਹਨ।

### *ਨਾਮੁ ਵਿਸਾਰਿ; ਮਾਇਆ ਮਦੁ ਪੀਆ ॥*
### *ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥*

ਨਾਮੁ=ਸਤਿਨਾਮ ਨੂੰ ਵਿਸਾਰਿ=ਭੁਲਾ ਕੇ ਮਾਇਆ ਰੂਪ ਮਦੁ=ਸ਼ਰਾਬ ਨੂੰ ਪੀਆ=ਪੀਂਦਾ ਹੈ। ਬਿਨੁ ਗੁਰ=ਗੁਰਾਂ ਤੋਂ ਬਿਨਾਂ ਭਗਤਿ=ਭਗਤੀ ਨਾਹੀ=ਨਹੀਂ ਹੁੰਦੀ। ਭਗਤੀ ਤੋਂ ਬਿਨਾਂ ਸੁੱਖ ਪ੍ਰਾਪਤ ਨਹੀਂ ਥੀਆ=ਹੁੰਦਾ॥੪॥

### *ਸੂਕਰ ਸੁਆਨ; ਗਰਧਭ ਮੰਜਾਰਾ ॥ ਪਸੂ ਮਲੇਛ; ਨੀਚ ਚੰਡਾਲਾ ॥*

ਸੂਕਰ=ਸੂਰ, ਸੁਆਨ=ਕੁੱਤਾ, ਗਰਧਭ=ਗਧਾ, ਮੰਜਾਰਾ=ਬਿੱਲਾ ਆਦਿਕ ਪਸੂ ਜੂਨੀਆਂ ਵਿੱਚ ਜਾਂ ਮਲੇਛ=ਜੋ ਮੁਸਲਮਾਨਾਂ ਦੇ ਚਿਹਨ ਸੁੰਨਤ ਆਦਿ ਹਨ ਤਿਨਾਂ ਤੋਂ ਬਿਨਾਂ ਹੈ ਅਰਥਾਤ ਜੋ ਮੁਸਲਮਾਨਾਂ ਦੇ ਵਿੱਚ ਨੀਚ ਹੈ, ਉਹਨਾਂ ਨੀਚਾਂ ਤੋਂ ਨੀਚ ਜੋ ਚੰਡਾਲਾ=ਚੂਹੜਾ ਹੈ। ਅਤੇ

### *ਗੁਰ ਤੇ ਮੁਹੁ ਫੇਰੇ; ਤਿਨ੍ ਜੋਨਿ ਭਵਾਈਐ ॥*
### *ਬੰਧਨਿ ਬਾਧਿਆ; ਆਈਐ ਜਾਈਐ ॥੫॥*

ਉਹਨਾਂ ਨੂੰ ਜੋਨਿ=ਜੂਨੀਆਂ ਵਿੱਚ ਭਵਾਈਐ=ਫੇਰਿਆ ਜਾਂਦਾ ਹੈ ਜਿਨ੍ਹਾਂ ਨੇ ਗੁਰੂ ਤੋਂ ਮੁਹੁ ਫੇਰੇ=ਮੂੰਹ ਫੇਰ ਲਿਆ ਹੈ ਭਾਵ ਗੁਰੂ ਧਾਰ ਕੇ ਛੱਡ ਦਿੱਤਾ ਹੈ। ਇਸ ਦਾ ਫਲ ਸਤਿਗੁਰੂ ਜੀ ਹੋਰ ਭੀ ਦੱਸਦੇ ਹਨ। ਜੈਸਾ ਕਿ :

**ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**

[ਸਹਸਕ੍ਰਿਤੀ ਮः ੫, ਅੰਗ ੧੩੫੬]

ਉਹ ਕਰਮਾਂ ਦੇ ਜਾਂ ਮੋਹ ਦੇ ਬੰਧਨਾਂ ਵਿੱਚ ਬੱਧਾ ਹੋਇਆ ਜੰਮਦਾ ਮਰਦਾ ਹੈ॥੫॥

***ਗੁਰ ਸੇਵਾ ਤੇ; ਲਹੈ ਪਦਾਰਥੁ ॥ ਹਿਰਦੈ ਨਾਮੁ; ਸਦਾ ਕਿਰਤਾਰਥੁ ॥***

ਸਤਿਗੁਰਾਂ ਦੀ ਸੇਵਾ ਤੋਂ ਹੀ ਇਹ ਜੀਵ ਨਾਮ **ਵਾ:** ਗਿਆਨ ਪਦਾਰਥ ਲਹੈ=ਲੈਂਦਾ ਹੈ। ਜਿਸਦੇ ਹਿਰਦੇ ਵਿੱਚ ਨਾਮ ਵਸਦਾ ਹੈ ਉਹ ਸਦਾ ਕਿਰਤਾਰਥੁ=ਕਲਿਆਣ ਰੂਪ ਹੋ ਜਾਂਦਾ ਹੈ।

***ਸਾਚੀ ਦਰਗਹ; ਪੂਛ ਨ ਹੋਇ ॥ ਮਾਨੇ ਹੁਕਮੁ; ਸੀਝੈ ਦਰਿ ਸੋਇ ॥੬॥***

ਤਿਸ ਨੂੰ ਫਿਰ ਸੱਚੀ ਦਰਗਾਹ ਭਾਵ ਪ੍ਰਲੋਕ ਵਿੱਚ ਪੂਛ=ਪੁਛ ਗਿੱਛ ਨਹੀਂ ਹੁੰਦੀ **ਵਾ:** ਪੂਛ=ਉਸਦੇ ਪੂਛ ਨਹੀਂ ਹੁੰਦੀ ਭਾਵ ਪਸੂ ਨਹੀਂ ਬਣਦਾ। ਜੋ ਹੁਕਮ ਨੂੰ ਮੰਨਦਾ ਹੈ ਉਹ ਦਰਗਾਹ ਵਿੱਚ ਸੀਝੈ=ਕਲਿਆਣ ਰੂਪ ਹੁੰਦਾ ਹੈ॥੬॥

***ਸਤਿਗੁਰੁ ਮਿਲੈ; ਤ ਤਿਸ ਕਉ ਜਾਣੈ ॥ ਰਹੈ ਰਜਾਈ; ਹੁਕਮੁ ਪਛਾਣੈ ॥***

ਸਤਿਗੁਰਾਂ ਨੂੰ ਮਿਲੇ ਤਾਂ ਉਸ ਪ੍ਰਭੂ ਨੂੰ ਜਾਣਦਾ ਹੈ। ਅਤੇ ਰਜਾਈ=ਪ੍ਰਮਾਤਮਾ ਦੇ ਹੁਕਮ ਦੇ ਪਛਾਨਣੇ ਅੰਦਰ ਰਹਿੰਦਾ ਹੈ।

***ਹੁਕਮੁ ਪਛਾਣਿ; ਸਚੈ ਦਰਿ ਵਾਸੁ ॥ ਕਾਲ ਬਿਕਾਲ; ਸਬਦਿ ਭਏ ਨਾਸੁ ॥੭॥***

ਸਤਿਸੰਗ ਰੂਪੀ ਸੱਚੇ ਦਰ ਅੰਦਰ ਨਿਵਾਸ ਕਰਕੇ ਹੁਕਮ ਨੂੰ ਪਛਾਣੇ **ਵਾ:** ਹੁਕਮ ਨੂੰ ਪਛਾਣੇ ਤਾਂ ਸੱਚੇ ਦੇ ਅੰਦਰ ਨਿਵਾਸ ਹੁੰਦਾ ਹੈ। ਗੁਰ ਸ਼ਬਦਾਂ ਕਰਕੇ ਕਾਲ ਬਿਕਾਲ=ਜਨਮ ਮਰਣ ਦੋਵੇਂ ਨਾਸ ਹੋ ਗਏ ਹਨ॥੭॥

***ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥***

ਪਦਾਰਥਾਂ ਤੋਂ ਅਤੀਤੁ=ਨਿਰਲੇਪ ਹੋ ਕੇ ਰਹੇ ਤੇ ਸਭ ਕੁਝ ਉਸ ਪ੍ਰਮੇਸ਼ਰ ਦਾ ਦਿੱਤਾ ਹੋਇਆ ਜਾਣੇ। ਜਿਸ ਦਾ ਇਹ ਸਭ ਕੁਝ ਦਿੱਤਾ ਹੋਇਆ ਹੈ ਉਸ ਨੂੰ ਤਨ ਮਨ ਅਰਪਣ ਕਰ ਦੇਵੇ॥

***ਨਾ ਓਹੁ ਆਵੈ; ਨਾ ਓਹੁ ਜਾਇ ॥ ਨਾਨਕ; ਸਾਚੇ ਸਾਚਿ ਸਮਾਇ ॥੮॥੨॥***

ਨਾਨਕ=ਗੁਰੂ ਜੀ ਉਚਾਰਨ ਕਰਦੇ ਹਨ ਕਿ ਐਸਾ ਗੁਰਮੁਖ ਪੁਰਸ਼ ਨਾ ਆਵੈ=ਨਾ ਆਉਂਦਾ ਹੈ ਨਾ ਹੀ ਉਹ ਜਾਇ=ਜਾਂਦਾ ਹੈ ਭਾਵ ਜੰਮਦਾ ਮਰਦਾ ਨਹੀਂ ਉਹ ਸੱਚੇ ਨਾਮ ਦੇ ਪ੍ਰਤਾਪ ਕਰਕੇ ਸਾਚਿ=ਸੱਚ ਸਰੂਪ ਵਿੱਚ ਸਮਾਇ=ਸਮਾ ਭਾਵ ਅਭੇਦ ਹੋ ਜਾਂਦਾ ਹੈ॥੮॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੫ [ਆਦਿ ਅੰਗ ੮੩੩]

*ਬਿਲਾਵਲੁ ਮਹਲਾ ੪ ॥ ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ ਮਿਲਿ ਸਤਸੰਗਤਿ ਪਰਮਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥ ਜਪਿ ਜਗੰਨਾਥ ਜਗਦੀਸ ਗੁਸਈਆ ॥ ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥੧॥ਰਹਾਉ॥ ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ ਸਾਕਤ ਕੂੜੇ ਊਭਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥ ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥ ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥ ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥ ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥ ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥ ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮਪਦੁ ਪਈਆ ॥੭॥ ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥੨॥*

## *ਬਿਲਾਵਲੁ ਮਹਲਾ ੪ ॥*

ਬਿਲਾਵਲ ਰਾਗ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਅੰਮ੍ਰਿਤ ਸਰੂਪ ਉਪਦੇਸ਼, ਜਿਸ ਦੇ ਵਿੱਚ ਨਾਮ ਦੀ ਮਹਿਮਾ ਦਰਸਾਉਂਦੇ ਹੋਏ ਫ਼ੁਰਮਾਨ ਕਰਦੇ ਹਨ।

## *ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ;*
## *ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥*

ਜਲ ਦੀ ਤਰ੍ਹਾਂ ਸੀਤਲ=ਠੰਡੇ ਹਰਿ ਹਰਿ ਨਾਮ ਨੂੰ ਧਿਆਵਹੁ=ਧਿਆਉਣਾ ਕਰੋ ਹਰੀ ਪ੍ਰਮੇਸ਼ਰ ਜੋ ਚੰਦਨ ਵੱਤ ਹੈ, ਤਿਸਦੀ ਭਗਤੀ ਰੂਪੀ ਸੁਗੰਧੀ ਦੀ ਸ੍ਰੇਸ਼ਟ ਵਾਸ਼ਨਾਂ ਭਗਤਾਂ ਦੇ ਹਿਰਦਿਆਂ ਵਿੱਚ ਗੰਧਈਆ=ਮਹਿਕ ਰਹੀ ਹੈ। ਜਿਸ ਨੇ ਹਿਰਦਿਆਂ ਨੂੰ ਸੁਗੰਧਤ ਕੀਤਾ ਹੈ।

## *ਮਿਲਿ ਸਤਸੰਗਤਿ ਪਰਮਪਦੁ ਪਾਇਆ;*
## *ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥*

ਸਤ ਸੰਗਤਿ ਨਾਲ ਮਿਲਿ=ਮਿਲਾਪ ਕਰ ਕੇ ਪਰਮਪਦੁ=ਆਤਮਪਦ ਪ੍ਰਾਪਤ ਹੋਇਆ ਹੈ। ਮੈਂ ਹਿਰਡ=ਅਰਿੰਡ ਪਲਾਸ=ਛੱਛਰੇ ਵਾਂਗ ਨਿਕੰਮਾ ਸੀ ਹਰੀ ਰੂਪ ਚੰਦਨ ਨਾਲ ਮਿਲਕੇ ਭਗਤੀ, **ਵਾ:** ਜਸ ਰੂਪ ਬੁਹੀਆ=ਸੁਗੰਧੀ ਵਾਲਾ ਹੋ ਗਿਆ ਹਾਂ। **ਅਥਵਾ** ਇਹ ਸਤਸੰਗਤਿ ਦੀ ਵਡਿਆਈ ਹੈ ਕਿ ਮੈਂ ਹਿਰਡ=ਅਰਿੰਡ ਦੀ ਨਿਆਈਂ ਨਿਕੰਮਾ ਫਿੱਕੇ

ਬਚਨ ਬੋਲਣ ਵਾਲਾ ਕੁੜੱਤਣ ਵਾਲਾ ਸੀ, ਪਲਾਸ ਦੀ ਨਿਆਈਂ ਗੁਣਾਂ ਤੋਂ ਹੀਣਾ, ਫਿੱਕਾ ਸੀ। ਸੰਗਿ ਹਰਿ ਬੁਹੀਆ=ਹਰੀ ਦਾ ਸੰਗ ਕਰਕੇ, **ਵਾ:** ਹਰੀ ਦੇ ਪਿਆਰਿਆਂ ਦੀ ਸਤਸੰਗਤਿ ਕਰਕੇ ਭਗਤੀ ਦੀ ਬੁਹੀਆ=ਸੁਗੰਧੀ ਦੇ ਸਹਿਤ ਹੋ ਗਏ। ਜਿਸ ਕਰਕੇ ਪਰਮਪਦੁ=ਵੱਡਾ ਪਦ ਭਾਵ ਆਤਮ ਪਦ ਪ੍ਰਾਪਤ ਹੋ ਗਿਆ ਹੈ॥੧॥

ਸ਼ਬਦ ਦੀਆਂ ਉਪਰੋਕਤ ਦੋਨੋਂ ਤੁਕਾਂ ਵਿੱਚ ਜੋ ਸਤਿਗੁਰੂ ਜੀ ਨੇ ਦ੍ਰਿਸ਼ਟਾਂਤ ਦਿੱਤਾ ਹੈ ਉਸ ਵਿੱਚ ਇੱਕ ਤਾਂ ਚੰਦਨ ਦਾ ਨਾਮ ਆਇਆ ਹੈ, ਇਸਦੇ ਮੁਕਾਬਲੇ ਵਿੱਚ ਦੋ ਬਿਲਕੁੱਲ ਨਿਕੰਮੇ ਦਰਖ਼ਤਾਂ ਦਾ ਨਾਮ ਜਿਵੇਂ ਕਿ ਅਰਿੰਡ ਅਤੇ ਪਲਾਹ (ਢੱਕ) ਇਹ ਦ੍ਰਿਸ਼ਟਾਂਤ ਇਤਨਾ ਸਮਝਣ ਵਿੱਚ ਸਹਜ ਹੈ, ਹਰ ਕੋਈ ਜਾਣਦਾ ਹੈ ਕਿ ਢੱਕ ਤੇ ਅਰਿੰਡ ਦੀ ਲੱਕੜ ਸਭ ਤੋਂ ਕਮਜ਼ੋਰ ਗਿਣੀ ਜਾਂਦੀ ਹੈ। ਕੇਵਲ ਜਲਾਣ ਦੇ ਹੀ ਕੰਮ ਆਉਂਦੀ ਹੈ, ਹੋਰ ਕੋਈ ਬਾਲੇ-ਸ਼ਤੀਰੀਆਂ ਦਾ ਭੀ ਇਹਨਾਂ ਲੱਕੜਾਂ ਵਿੱਚ ਕੋਈ ਗੁਨ ਨਹੀਂ ਜਿਸ ਨਾਲ ਮਕਾਨ ਦੀ ਛੱਤ ਦਾ ਕੰਮ ਲਿਆ ਜਾਏ ਦੂਸਰਾ ਜੋੜੀਆਂ, ਦਰਵਾਜਿਆਂ ਦੇ ਭੀ ਕਿਸੇ ਕੰਮ ਇਹ ਦੋਨੋਂ ਲੱਕੜਾਂ ਨਹੀਂ ਆਉਂਦੀਆਂ। ਜੇ ਐਸੀ ਨਿਕੰਮੀ ਲੱਕੜ ਨੂੰ ਚੰਦਨ ਦੀ ਸੰਗਤ ਮਿਲ ਜਾਏ, ਚੰਦਨ ਦੀ ਇੱਕ ਐਸੀ ਵਿਸ਼ੇਸ਼ਤਾ ਹੈ, ਉਸਦੀ ਮਹਾਨਤਾ ਦਰਸਾਉਂਦੇ ਹੋਏ ਭਗਤ ਕਬੀਰ ਸਾਹਿਬ ਕਹਿੰਦੇ ਹਨ। ਜੈਸਾ ਕਿ :

**ਕਬੀਰ ਚੰਦਨ ਦਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥**
**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥** [ਸਲੋਕ ਕਬੀਰ ਜੀ, ਅੰਗ ੧੩੬੫]

ਚੰਦਨ ਦੀ ਸੁਗੰਧੀ ਲੈ ਕੇ ਇਹ ਦੋਨੋਂ ਨਿਕੰਮੇ ਦਰੱਖਤ ਜੋ ਚੰਦਨ ਵਿੱਚ ਗੁਣ ਹਨ ਉਹ ਗੁਣ ਇਹਨਾਂ ਦੋਨਾਂ ਵਿੱਚ ਆ ਜਾਂਦੇ ਹਨ ਇਨਾਂ ਨੂੰ ਫੇਰ ਕੋਈ ਅਰਿੰਡ ਜਾਂ ਪਲਾਸ ਨਹੀਂ ਕਹਿੰਦਾ ਇਹਨਾਂ ਦਾ ਨਾਮ ਭੀ ਚੰਦਨ ਹੋ ਜਾਂਦਾ ਹੈ। ਇਸੇ ਤਰ੍ਹਾਂ ਜਗਿਆਸੂ ਜੋ ਢੱਕ ਦੀ ਤਰ੍ਹਾਂ ਫਿੱਕਾਪਨ ਅਰਿੰਡ ਦੀ ਤਰ੍ਹਾਂ ਸ਼ੁਭ ਗੁਣਾਂ ਤੋਂ ਰਹਿਤ ਥੋਥਾਪਨ ਵਿਅਰਥ ਜ਼ਿੰਦਗੀ ਵਾਲੇ ਪ੍ਰਮਾਰਥ ਦ੍ਰਿਸ਼ਟੀ ਵਿੱਚ ਨਿਕੰਮੇ ਸਨ ਉਹ ਸਤਸੰਗਤਿ ਰੂਪ ਚੰਦਨ ਦਾ ਦਰੱਖਤ ਜਿਸ ਵਿੱਚ ਭਗਤੀ ਰੂਪ ਸੁਗੰਧੀ ਹੈ, ਉਹ ਸੁੰਗਧੀ ਨਾਲ ਮਨਮੁਖ ਪੁਰਸ਼ ਭੀ ਸਤਸੰਗੀ ਹੋ ਕੇ ਭਗਤੀ ਦੀ ਸੁਗੰਧੀ ਵਾਲੇ ਹੋ ਜਾਂਦੇ ਹਨ। ਜੈਸਾ ਕਿ :

੧. **ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥**
**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥ ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥**
[ਆਸਾ ਰਵਿਦਾਸ ਜੀ, ਅੰਗ ੪੮੬]

੨. **ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ॥** [ਪ੍ਰਭਾਤੀ ਨਾਮਦੇਵ ਜੀ, ਅੰਗ ੧੩੫੧]

ਜਿਸ ਪ੍ਰਕਾਰ ਬਾਵਨ ਚੰਦਨ ਦੇ ਬੀਖੂ=ਬ੍ਰਿਛ ਦੀ ਅਤੇ ਬਨ ਦੇ ਬੀਖੇ=ਬ੍ਰਿਛਾਂ ਨੂੰ ਸਹਜੇ ਸੁਗੰਧੀ ਲਾਗਿਲਾ=ਲਗਦੀ ਹੈ। (ਨੋਟ : ਇਹ ਜੈਪੁਰ ਦੀ ਬੋਲੀ ਹੈ ਜਿਵੇਂ (ਆਵਿਲਾ), (ਜਾਵਿਲਾ ਆਦਿ) ਇਸ ਤਰ੍ਹਾਂ ਸੰਸਾਰ ਵਨ ਦੇ ਵਿੱਚ ਤੇਰੇ ਸੰਤ ਚੰਦਨ ਦੀ ਨਿਆਈਂ ਹਨ ਉਨ੍ਹਾਂ ਦੇ ਸੰਬੰਧ ਕਰਕੇ ਸੰਸਾਰੀ ਜੀਵ ਰੂਪ ਬਿਰਛਾਂ ਨੂੰ, ਹੇ ਵਾਹਿਗੁਰੂ ! ਤੇਰੇ ਜਸ ਦੀ ਸੁਗੰਧੀ ਪ੍ਰਵੇਸ਼ ਹੋ ਜਾਂਦੀ ਹੈ ਅਤੇ ਤੂੰ ਕੈਸਾ ਹੈਂ ? ਜੈਸਾ ਕਿ :

**ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ॥੨॥** [ਪ੍ਰਭਾਤੀ ਨਾਮਦੇਵ ਜੀ, ਅੰਗ ੧੩੫੧]

ਸਾਰਿਆਂ ਜੀਵਾਂ ਦੀ ਆਦਿ ਅਤੇ ਪਰਮਲਾਦਿ=ਚੰਦਨ ਰੂਪ ਸੰਤਾਂ ਦੀ ਭੀ ਆਦਿ ਰੂਪ ਤੂੰ ਹੀ ਹੈਂ ਅਤੇ ਕਾਸਟ ਲੱਕੜ ਰੂਪ ਹੋਰ ਜੀਵ ਅਤੇ ਚੰਦਨ ਰੂਪ ਸੰਤ ਸਰਬ ਰੂਪ ਤੂੰ ਹੀ ਹੋ ਰਿਹਾ ਹੈਂ। ਜੈਸਾ ਕਿ :

੧. **ਚੰਦਨੁ ਵਾਸੁ ਵਣਾਸਪਤਿ ਬਾਵਨ ਚੰਦਨਿ ਚੰਦਨੁ ਹੋਈ॥**
[ਭਾਈ ਗੁਰਦਾਸ ਜੀ ਵਾਰ ੧੧, ਪਉੜੀ ੧੦]

੨. **ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ॥** [ਭਾਈ ਗੁਰਦਾਸ ਜੀ ਵਾਰ ੨, ਪਉੜੀ ੧੬]

**੩. ਚੰਨਣੁ ਬਿਰਖੁ ਸੁਬਾਸੁ ਦੇ ਚੰਨਣੁ ਕਰਦਾ ਬਿਰਖ ਸਬਾਏ ॥**
[ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੧੪]

**੪. ਚੰਨਣੁ ਹੋਵੈ ਚੰਨਣਹੁ ਕੋ ਚਲਿਤੁ ਨ ਜਾਣੈ ॥** [ਭਾਈ ਗੁਰਦਾਸ ਜੀ ਵਾਰ ੨੧, ਪਉੜੀ ੨੧]

**੫. ਨਲ੍ ਕਵਿ ਪਾਰਸ ਪਰਸ ਕਚ ਕੰਚਨਾ ਹੋਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥**
[ਅੰਗ ੧੩੯੯]

## *ਜਪਿ ਜਗੰਨਾਥ; ਜਗਦੀਸ ਗੁਸਈਆ ॥*

ਜੋ ਜਗਦੀਸ=ਜਗਤ ਦਾ ਈਸ਼, ਜਗਤ ਦਾ ਮਾਲਕ (ਗੁ+ਸਈਆ) ਗੁ=ਧਰਤੀ ਸਈਆ=ਮਾਲਕ ਉਸ ਜਗੰਨਾਥ=ਜਗਤਨਾਥ ਨੂੰ ਗੁਰਮੁਖਾਂ ਨੇ ਜਪਿ=ਜਪਿਆ ਹੈ। **ਅਥਵਾ** ਜੋ ਪਿੱਛੇ ਸਾਰੇ ਜਗਤ ਦਾ ਨਾਥ ਸੀ, ਹੁਣ ਭੀ ਜਗਤ ਦਾ ਈਸ਼ਵਰ ਹੈ, ਤੇ ਅੱਗੇ ਨੂੰ ਭੀ ਪ੍ਰਿਥਵੀ ਦਾ ਮਾਲਕ ਹੋਵੇਗਾ। ਉਹੀ ਤਿੰਨੇ ਸਮਿਆਂ ਵਿੱਚ ਜਪਿ=ਜਪਣਯੋਗ ਹੈ।

## *ਸਰਣਿ ਪਰੇ ਸੇਈ ਜਨ ਉਬਰੇ;*
## *ਜਉ ਪ੍ਰਹਿਲਾਦ ਉਧਾਰਿ ਸਮਈਆ ॥੧॥ਰਹਾਉ॥*

ਜੋ ਉਸ ਵਾਹਿਗੁਰੂ ਦੀ ਸਰਣ ਵਿੱਚ ਪਏ ਹਨ, ਓਹੀ ਪੁਰਸ਼ ਸੰਸਾਰ ਦੇ ਦੁਖਾਂ ਤੋਂ ਉਬਰੇ=ਬਚ ਗਏ ਹਨ, ਜਿਵੇਂ ਪ੍ਰਹਿਲਾਦ ਭਗਤ ਨੂੰ, ਉਸਦਾ ਉਧਾਰ ਕਰਕੇ ਆਪਣੇ ਵਿੱਚ ਸਮਈਆ=ਅਭੇਦ ਕਰ ਲਿਆ ਹੈ। ਜੈਸਾ ਕਿ :

**੧. ਕਹਿ ਕਬੀਰ ਕੋ ਲਖੈ ਨਾ ਪਾਰ ॥ ਪ੍ਰਹਲਾਦ ਉਧਾਰੇ ਅਨਿਕ ਬਾਰ ॥**
[ਕਬੀਰ ਜੀ ਅੰਗ ੧੧੯੪]

**੨. ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥**
[ਗਉੜੀ ਮਹਲਾ ੧, ਅੰਗ ੨੨੪]

**੩. ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ ॥੨॥**
[ਗੂਜਰੀ ਮਹਲਾ ੪, ਅੰਗ ੫੦੭]

**੪. ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥** [ਆਸਾ ਮਹਲਾ ੪, ਅੰਗ ੪੫੧]

**੫. ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤਰ ਛੀਨਤ ਦ੍ਰੋਪਤੀ ਰਖੀ ਲਾਜ ॥**
[ਬਸੰਤੁ ਮਹਲਾ ੫, ਅੰਗ ੧੧੯੨]

ਸੋ ਜਿਵੇਂ ਪ੍ਰਹਿਲਾਦ ਦੀ ਰੱਖਿਆ ਤੇ ਜੋ ਉੱਪਰ ਦਿੱਤੇ ਪ੍ਰਮਾਣਾਂ ਤੋਂ ਇਹ ਸਿੱਧ ਹੋਇਆ ਕਿ ਜੇ ਪ੍ਰਹਿਲਾਦ ਨੇ ਪ੍ਰਮਾਤਮਾ ਦੀ ਸਰਣ ਗ੍ਰਹਿਣ ਕੀਤੀ ਤਾਂ ਪ੍ਰਮੇਸ਼ਰ ਨੇ ਪ੍ਰਹਿਲਾਦ ਦੀ ਰੱਖਿਆ ਕੀਤੀ। ਸੋ ਇਸੇ ਤਰ੍ਹਾਂ ਦੀ ਇੱਕ ਘਟਨਾ ਜਿਸ ਨੂੰ ਬਹੁਤੀ ਦੇਰ ਨਹੀਂ ਹੋਈ ਥੋੜ੍ਹੇ ਸਮੇਂ ਦੀ ਹੈ।

**ਸਾਖੀ—ਬੀਬੀ ਸਰਣਜੀਤ ਕੌਰ ਦੀ—**ਬੀਤੇ ਕੁਝ ਸਮੇਂ ਵਿੱਚ ਸਾਡੇ ਦੇਸ਼ ਵਿੱਚ ਕਈ ਭਿਆਨਕ ਬੀਮਾਰੀਆਂ ਦੇ ਹਮਲੇ ਹੁੰਦੇ ਰਹੇ ਹਨ, ਉਨ੍ਹਾਂ ਬੀਮਾਰੀਆਂ ਵਿੱਚ ਪਲੇਗ ਦੀ ਐਸੀ ਨਾਮੁਰਾਦ ਬੀਮਾਰੀ ਇੱਕ ਵਾਰ ਫੈਲੀ ਸੀ, ਜਿਸ ਦਾ ਅਸਰ ਪੰਜਾਬ ਦੀ ਧਰਤੀ 'ਤੇ ਵੀ ਬਹੁਤ ਵੱਡਾ ਹੋਇਆ ਸੀ। ਉਹਨਾਂ ਸਮਿਆਂ ਵਿੱਚ ਅੰਗਰੇਜ਼ ਦਾ ਰਾਜ ਸੀ। ਇੱਕ ਪਰਿਵਾਰ ਸ੍ਰੀ ਅੰਮ੍ਰਿਤਸਰ ਸਾਹਿਬ, ਚਿੰਤ ਪੂਰਨੀ ਮੁਹੱਲੇ ਵਿੱਚ ਰਹਿਣ ਵਾਲਾ, ਪਲੇਗ ਦਾ ਐਸਾ ਸ਼ਿਕਾਰ ਹੋਇਆ ਕਿ ਉਸ ਪਰਿਵਾਰ ਦੇ ਇੱਕ-ਇੱਕ, ਦੋ-ਦੋ ਕਰਕੇ ਸਾਰੇ ਜੀਅ ਮ੍ਰਿਤੂ ਨੂੰ ਪ੍ਰਾਪਤ ਹੋ ਗਏ

ਕੇਵਲ ਇੱਕ ਬੀਬੀ ਬਚੀ ਜਿਸ ਦਾ ਨਾਮ ਸ਼ਰਣਜੀਤ ਕੌਰ ਸੀ ਜਿਸ ਘਰ ਵਿੱਚ ਵਿਆਹੀ ਸੀ, ਉਹ ਭੀ ਸਾਰਾ ਪਰਿਵਾਰ ਪਲੇਗ ਦਾ ਸ਼ਿਕਾਰ ਹੋ ਗਿਆ, ਸਹੁਰੇ ਪਰਿਵਾਰ 'ਚੋਂ ਕੋਈ ਨਾ ਬਚਿਆ ਤੇ ਨਾ ਹੀ ਪੇਕੇ ਪਰਿਵਾਰ ਵਿੱਚੋਂ ਕੋਈ ਬਚਿਆ, ਇਤਨੇ ਸੰਘਣੇ ਸੰਸਾਰ ਵਿੱਚ ਇਹ ਬੀਬੀ ਇਕੱਲੀ ਰਹਿ ਗਈ। ਇਸ ਨੂੰ ਬੱਚਾ ਪੈਦਾ ਹੋਣ ਵਾਲਾ ਸੀ ਕਦੇ ਆਪਣੇ ਹੋਣ ਵਾਲੇ ਬੱਚੇ ਦੇ ਭਵਿੱਖ ਬਾਰੇ ਸੋਚਦੀ, ਕਦੇ ਆਪਣੇ 'ਤੇ ਪਈ ਹੋਈ ਬਿਪਤਾ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਚਿਤਵਦੀ ਰਹਿੰਦੀ। ਬੱਚਾ ਪੈਦਾ ਹੋਣ ਵੇਲੇ ਕਿਸੇ ਦਾਈ ਆਦਿ ਦੀ ਸਹਾਇਤਾ ਭੀ ਨਾ ਮਿਲਦੀ ਵੇਖ ਕੇ ਇੱਕ ਪ੍ਰਮੇਸ਼ਰ ਦਾ ਆਸਰਾ ਤੱਕਿਆ। ਸੁਖਮਨੀ ਸਾਹਿਬ ਦੇ ਪਾਠ ਜਿਤਨੇ ਕਰ ਸਕਦੀ ਸੀ ਕੀਤੇ। ਬੇਨਤੀ ਕਰਦੀ ਰਹਿੰਦੀ ਕਿ ਜਿਵੇਂ ਪ੍ਰਹਿਲਾਦ ਤੇ ਦਰੋਪਦੀ ਦੀ ਰੱਖਿਆ ਕੀਤੀ ਉਸੇ ਤਰ੍ਹਾਂ ਮੇਰੀ ਵੀ ਰੱਖਿਆ ਕਰਨੀ। ਇਹ ਵਿਸ਼ਵਾਸ ਕੀਤਾ। ਜੈਸਾ ਕਿ :

**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥** [ਆਸਾ ਮਹਲਾ ੫, ਅੰਗ ੩੭੧]

ਇੱਕ ਰਾਤ ਅਚਾਨਕ ਦਰਵਾਜ਼ਾ ਖੜਕਿਆ, ਬੀਬੀ ਨੇ ਪੁੱਛਿਆ ਕੌਣ ਹੈ ? ਤਾਂ ਆਵਾਜ਼ ਆਈ ਬੇਟਾ ਮੈਂ ਤੇਰਾ ਚਾਚਾ ਹਾਂ, ਤੇਰੀ ਸਹਾਇਤਾ ਲਈ ਆਇਆ ਹਾਂ। ਬੀਬੀ ਨੇ ਦਰਵਾਜ਼ਾ ਖੋਲ੍ਹਿਆ, ਡੁਬਦੇ ਨੂੰ ਤਿਨਕੇ ਦਾ ਸਹਾਰਾ ਹੁੰਦਾ ਹੈ। ਉਸ ਨੇ ਕਿਹਾ ਬੇਟਾ ਤੂੰ ਬਹੁਤ ਛੋਟੀ ਸੀ ਜਦੋਂ ਦਾ ਮੈਂ ਵਿਛੜਿਆਂ ਹਾਂ, ਹੁਣ ਪਤਾ ਲੱਗੇ ਤੋਂ ਆਇਆ ਹਾਂ ਕਿ ਮੇਰੇ ਭਰਾ ਦਾ ਸਾਰਾ ਪਰਿਵਾਰ ਪਲੇਗ ਨਾਲ ਮਰ ਗਿਆ ਹੈ। ਇੱਕ ਤੂੰ ਬਚੀ ਹੈ, ਇਹ ਬਿਪਤਾ ਦੇ ਦਿਨ ਇਕੱਲੇ-ਇਕੱਲੇ ਰਹਿ ਕੇ ਕੱਟਣ ਦੇ ਨਹੀਂ, ਚਾਚੇ ਦਾ ਘਰ ਭੀ ਬਾਪ ਦਾ ਘਰ ਹੀ ਹੁੰਦਾ ਹੈ। ਜਦੋਂ ਚਾਚੇ ਨਾਲ ਪੌੜੀਆਂ ਉਤਰਨ ਲੱਗੀ ਤਾਂ ਪੌੜੀਆਂ ਵਿੱਚ ਖੜੇ ਬਦਮਾਸ਼ਾਂ ਨੇ ਇੱਕ ਕਪੜਾ, ਜਿਸ ਨੂੰ ਕੁਝ ਐਸਾ ਪਦਾਰਥ ਲੱਗਿਆ ਹੋਇਆ ਸੀ, ਸੁੰਘਾ ਦਿੱਤਾ ਤੇ ਤੁਰੰਤ ਬੇਹੋਸ਼ ਕਰਕੇ, ਮੰਜੇ ਉੱਤੇ ਪਾ ਕੇ ਚਾਟੀਵਿੰਡ ਸ਼ਮਸ਼ਾਨ ਭੂਮੀ ਵਿੱਚ, ਰਾਮ-ਰਾਮ ਸੱਤ ਕਹਿੰਦੇ ਜਿਊਂਦੀ ਨੂੰ ਹੀ ਫੂਕਣ ਲੈ ਚੱਲੇ। ਕਾਹਲੀ-ਕਾਹਲੀ ਸ਼ਮਸ਼ਾਨ ਭੂਮੀ ਵਾਲੇ ਬਾਵੇ ਤੋਂ ਲੱਕੜਾਂ ਲੈ ਕੇ ਚਿਖਾ ਵਿੱਚ ਰੱਖ ਕੇ ਅੱਗ ਲਾ ਕੇ ਵਾਪਿਸ ਮੁੜ ਆਏ। ਅਚਾਨਕ ਆਕਾਸ਼ ਵਿੱਚ ਇੱਕ ਐਸੀ ਬੱਦਲੀ ਚੜ੍ਹ ਕੇ ਆਈ ਕਿ ਮੂਹਲੇਧਾਰ ਵਰਖਾ ਜੋ ਬਹੁਤ ਥੋੜ੍ਹੇ ਏਰੀਏ ਵਿੱਚ ਪਈ। ਉਸ ਨੇ ਚਿਖਾ ਨੂੰ ਅੱਗ ਲਗਦੀ-ਲਗਦੀ ਜੋ ਅਜੇ ਕਪੜਿਆਂ ਤਕ ਨਹੀਂ ਸੀ ਪਹੁੰਚੀ, ਬੁਝਾ ਦਿੱਤੀ। ਰਾਤ ਦੇ ਸਮੇਂ ਦੋ ਭਰਾ ਘੁਮਿਆਰ ਸੁਲਤਾਨ ਪਿੰਡ ਜਾ ਰਹੇ ਸਨ। ਕੰਨਾਂ ਵਿੱਚ ਬੱਚੇ ਦੇ ਰੋਣ ਦੀ ਆਵਾਜ਼ ਸੁਣੀ, ਉਸ ਆਵਾਜ਼ ਦੀ ਸੇਧ ਚਿਖਾ ਕੋਲ ਪਹੁੰਚੇ ਆਵਾਜ਼ ਚਿਖਾ ਦੇ ਵਿੱਚੋਂ ਆ ਰਹੀ ਸੀ ਇੱਕ ਭਰਾ ਚਿਖਾ ਕੋਲ ਖੜਿਆ ਦੂਜਾ ਪੁਲਿਸ ਲੈ ਕੇ ਆਇਆ, ਨਾਲ ਹੀ ਡਾਕਟਰਾਂ ਦੀ ਗੱਡੀ ਆਈ ਚਿਖਾ ਫੋਲ ਕੇ ਜਦੋਂ ਦੇਖਿਆ ਇੱਕ ਬੱਚਾ ਜਿਸ ਨੇ ਥੋੜ੍ਹਾ ਸਮਾਂ ਪਹਿਲਾਂ ਜਨਮ ਲਿਆ ਸੀ, ਜਿਸ ਨੂੰ ਮਾਂ ਨੇ ਬੇਹੋਸ਼ੀ ਵਿੱਚ ਹੀ ਜਨਮ ਦਿੱਤਾ ਸੀ। ਹਸਪਤਾਲ ਵਿੱਚ ਲਿਜਾ ਕੇ ਡਾਕਟਰਾਂ ਦੀ ਸਖ਼ਤ ਮਿਹਨਤ ਦਾ ਸਦਕਾ ਪ੍ਰਮੇਸ਼ਰ ਦੀ ਕਿਰਪਾ ਨਾਲ ਉਸ ਬੀਬੀ ਨੂੰ ਹੋਸ਼ ਪਰਤੀ, ਜੋ ਉਸਨੇ ਬਿਆਨ ਦਿੱਤੇ, ਉਹ ਪੁਲਿਸ ਰਿਕਾਰਡ ਵਿੱਚ ਅੱਜ ਤਕ ਮੌਜੂਦ ਹਨ। ਜਿਸਦਾ ਭਾਵ ਉੱਪਰ ਆ ਚੁੱਕਾ ਹੈ ਦੋਸ਼ੀਆਂ ਦੀ ਭਾਲ ਕਰਨ ਤੋਂ ਚਾਰੇ ਦੋਸ਼ੀ ਸ਼ਰਾਬ ਪੀਂਦੇ ਫੜੇ ਗਏ ਇਹ ਸਭ ਕੁਝ ਸਕੇ ਚਾਚੇ ਨੇ ਭਰਾ ਦੀ ਜਾਇਦਾਦ ਸੰਭਾਲਣ ਲਈ ਕੀਤਾ। ਸਰਕਾਰ ਦੇ ਫ਼ੈਸਲੇ ਅਨੁਸਾਰ ਚਾਰਾਂ ਨੂੰ 'ਸਜ਼ਾ-ਏ-ਮੌਤ' ਹੋਈ। ਬੀਬੀ ਦਾ ਇਹ ਪੁੱਤਰ ਪਿਰਥੀ ਸਿੰਘ ਨਾਮ ਕਰਕੇ ਬੜਾ ਮਸ਼ਹੂਰ ਵਿਅਕਤੀ ਹੋਇਆ ਸੋ ਇਹ ਸਭ ਕੁਝ ਪ੍ਰਮੇਸ਼ਰ ਦੀ ਸਰਣ ਆਉਣ ਦਾ ਫਲ ਹੈ। ਪ੍ਰਹਿਲਾਦ ਦੀ ਤਰ੍ਹਾਂ ਜਿਹੜਾ ਵੀ ਸਰਣ ਆਇਆ ਤਾਂ ਪ੍ਰਮੇਸ਼ਰ ਨੇ ਪ੍ਰਹਿਲਾਦ ਦੀ ਤਰ੍ਹਾਂ ਉਸੇ ਦੀ ਰੱਖਿਆ ਕੀਤੀ।

## *ਭਾਰ ਅਠਾਰਹ ਮਹਿ ਚੰਦਨੁ ਊਤਮ; ਚੰਦਨ ਨਿਕਟਿ ਸਭ ਚੰਦਨੁ ਹੁਈਆ ॥*

ਜਿਵੇਂ ਸਾਰੀ ਅਠਾਰਾਂ ਭਾਰ ਬਨਸਪਤੀ ਵਿੱਚੋਂ ਚੰਦਨ ਉੱਤਮ ਹੈ, ਚੰਦਨ ਦੇ ਨਿਕਟਿ=ਨੇੜੇ ਰਹਿਣ ਵਾਲੇ ਸਭ=ਸਾਰੇ ਬਿਰਛ ਚੰਦਨ ਰੂਪ ਹੁਈਆ=ਹੋ ਜਾਂਦੇ ਹਨ। ਤਿਵੇਂ ਸਾਰੀ ਸ੍ਰਿਸ਼ਟੀ ਵਿੱਚੋਂ ਸੰਤ ਚੰਦਨ ਦੀ ਨਿਆਈਂ ਉੱਤਮ ਹਨ। ਸੰਤਾਂ ਪਾਸ ਵੱਸਣ ਵਾਲੇ ਸਾਰੇ ਜੀਵ ਸੰਤ ਸੁਭਾਅ ਦੇ ਹੋ ਜਾਂਦੇ ਹਨ।

## *ਸਾਕਤ ਕੂੜੇ ਊਭਸੁਕ ਹੂਏ; ਮਨਿ ਅਭਿਮਾਨੁ, ਵਿਛੁੜਿ ਦੂਰਿ ਗਈਆ ॥੨॥*

ਸਾਕਤ=ਮਨਮੁੱਖ ਕੂੜੇ=ਝੂਠੇ ਪੁਰਸ਼ ਊਭਸੁਕ ਭਾਵ ਖੜਸੁਕ (ਜੋ ਬਿਰਛ ਕੱਟਣ ਤੋਂ ਪਹਿਲਾਂ ਖੜਾ ਹੀ ਸੁੱਕ ਗਿਆ ਹੋਵੇ ਉਸਨੂੰ ਉਭਸੁਕ ਕਹਿੰਦੇ ਹਨ) ਉਭਸੁਕ ਬਿਰਛ ਦੀ ਤਰ੍ਹਾਂ ਹੋ ਗਏ ਹਨ, ਕਿਉਂਕਿ ਉਨ੍ਹਾਂ ਦੇ ਮਨ ਵਿੱਚ ਹੰਕਾਰ ਹੈ, ਇਸ ਲਈ ਉਹ ਸੰਤਾਂ ਤੋਂ ਵਿਛੜ ਕੇ ਦੂਰ ਚਲੇ ਗਏ ਹਨ ਭਾਵ ਚੁਰਾਸੀ ਦੇ ਚੱਕਰ ਵਿੱਚ ਸੁੱਟੇ ਗਏ ਹਨ॥੨॥ ਜੈਸਾ ਕਿ :

**੧. ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥**
**ਤਿੰਨਾ ਪਾਸ ਨ ਬੈਸੀਐ ਓਨਾ ਘਰੁ ਨ ਗਿਰਾਉ ॥** [ਸਿਰੀਰਾਗੁ ਮਹਲਾ ੩, ਅੰਗ ੬੬]

**੨. ਭਰਮਿ ਸੂਕੇ ਬਹੁ ਉਭਿਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ ॥**
[ਕਲਿਆਨੁ ਮਹਲਾ ੪, ਅੰਗ ੧੩੨੬]

## *ਹਰਿ ਗਤਿ ਮਿਤਿ ਕਰਤਾ ਆਪੇ ਜਾਣੈ;*
## *ਸਭ ਬਿਧਿ ਹਰਿ ਹਰਿ ਆਪਿ ਬਨਈਆ ॥*

ਹਰੀ ਕਰਤਾ ਆਪਣੀ ਗਤਿ=ਪ੍ਰਾਪਤੀ ਦੀ ਮਿਤਿ=ਮਰਿਆਦਾ ਨੂੰ ਆਪ ਹੀ ਜਾਣਦਾ ਹੈ ਕਿਉਂਕਿ ਪ੍ਰਾਪਤੀ ਦੀਆਂ ਸਭ ਬਿਧੀਆਂ ਹਰਿ ਹਰਿ ਨੇ ਆਪ ਹੀ ਬਣਾਈਆਂ ਹਨ।

## *ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ;*
## *ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥*

ਜਿਸ ਨੂੰ ਸਤਿਗੁਰੂ ਜੀ ਭੇਟੇ=ਮਿਲੇ ਹਨ ਸੁ=ਉਹ ਸੋਨੇ ਦੀ ਤਰ੍ਹਾਂ ਸ਼ੁੱਧ ਹੁੰਦਾ ਹੈ, ਜੋ ਲੇਖ ਧੁਰਾਂ ਤੋਂ ਲਿਖਿਆ ਗਿਆ ਹੈ, ਉਹ ਫਲ ਭੋਗੇ ਤੋਂ ਬਿਨਾਂ ਕਿਸੇ ਦਾ ਮਿਟਾਇਆ ਹੋਇਆ ਮਿਟਦਾ ਨਹੀਂ॥੩॥

## *ਰਤਨ ਪਦਾਰਥ ਗੁਰਮਤਿ ਪਾਵੈ; ਸਾਗਰ ਭਗਤਿ ਭੰਡਾਰ ਖੁਲ੍ਹਈਆ ॥*

ਸਾਗਰ=ਸੰਸਾਰ ਵਿੱਚ ਰਤਨ ਪਦਾਰਥ=ਨਾਮ, ਵੈਰਾਗ, ਗਿਆਨ ਅਤੇ ਭਗਤੀ ਦਾ ਭੰਡਾਰਾ ਖੁਲ੍ਹਿਆ ਹੋਇਆ ਹੈ ਪਰ ਕੋਈ ਵਿਰਲਾ ਜਗਿਆਸੂ ਹੀ ਗੁਰੂ ਦੀ ਸਿਖਿਆ ਦੁਆਰਾ ਪਾਵੈ=ਪ੍ਰਾਪਤ ਕਰਦਾ ਹੈ।

## *ਗੁਰ ਚਰਣੀ ਇਕ ਸਰਧਾ ਉਪਜੀ;*
## *ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥*

ਗੁਰੂ ਦੇ ਚਰਨਾਂ ਨਾਲ ਲੱਗਣ ਕਰਕੇ ਮੇਰੀ ਇੱਕ ਵਾਹਿਗੁਰੂ ਵਿੱਚ ਸ਼ਰਧਾ ਪੈਦਾ ਹੋਈ ਹੈ ਇਸ ਲਈ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਕਹਿੰਦਿਆਂ ਮੈਨੂੰ ਤ੍ਰਿਪਤੀ ਨਹੀਂ ਹੁੰਦੀ॥੪॥

## *ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ;*
## *ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥*

ਮੈਂ ਪਰਮ=ਵੱਡੇ ਵੈਰਾਗ ਨੂੰ ਧਾਰਕੇ ਨਿੱਤ ਰੂਪ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਨਿਤਾਪ੍ਰਤੀ ਧਿਆਇਆ ਹੈ। ਮੈਂ ਹਰਿ=ਪ੍ਰਮਾਤਮਾ ਦੇ ਗੁਣਾਂ ਨੂੰ ਕਹਤੇ=ਕਹਿੰਦਾ ਹਾਂ ਪਰ ਭਾਵਨੀ=ਸ਼ਰਧਾ ਨਾਲ ਕਹੀਆ=ਕਹਿੰਦਾ ਹਾਂ। ਵਾ—ਮੈਂ ਹਰੀ ਗੁਣਾਂ ਨੂੰ ਕਹਿੰਦਾ ਹਾਂ, ਕਹਣੇ ਕਰਕੇ (ਭਾਵਨੀਕ+ਹੀਆ) ਹੀਆ=ਹਿਰਦਾ ਭਾਵਨੀਕ=ਸੋਭਨੀਕ ਹੋ ਗਿਆ

ਹੈ। ਪਾਠ "ਭਾਵਨੀ ਕਹੀਆ" ਹੀ ਹੈ। **ਅਥਵਾ** ਜੋ ਪਰਮ ਵੈਰਾਗ ਨੂੰ ਧਾਰ ਕੇ ਨਿਤ ਨਿਤ=ਨਿਤਾਪ੍ਰਤੀ ਹਰੀ ਨਾਮ ਨੂੰ ਧਿਆਉਂਦੇ ਹਨ ਤੇ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ, ਅਜੇਹੇ ਸੰਤਾਂ ਵਿੱਚ ਭਾਵਨੀ=ਸ਼ਰਧਾ ਕਰਨੀ ਮੈਨੂੰ ਸਤਿਗੁਰਾਂ ਨੇ ਕਹੀ ਹੈ।

## *ਬਾਰ ਬਾਰ ਖਿਨੁ ਖਿਨੁ ਪਲੁ ਕਹੀਐ; ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥*

ਬਾਰ-ਬਾਰ, ਖਿਨ-ਖਿਨ, ਪਲ-ਪਲ ਦੇ ਸਮੇਂ ਵਿੱਚ ਹਰਿ=ਪ੍ਰਮੇਸ਼ਰ ਦੇ ਨਾਮ ਨੂੰ ਕਹਿੰਦਾ ਹਾਂ ਪਰ ਹਰੀ ਪ੍ਰਮੇਸ਼ਰ ਦਾ ਪਾਰਾਵਾਰ ਨਹੀਂ ਪੈਂਦਾ। ਉਹ ਪਰੈ ਪਰਈਆ=ਪਰੇ ਤੋਂ ਪਰੇ ਹੈ ਭਾਵ ਜੋ ਬ੍ਰਹਮਾ ਆਦਿਕ ਹਨ, ਉਹਨਾਂ ਤੋਂ ਵੀ ਉਹ ਪ੍ਰਮੇਸ਼ਰ ਪਰੇ ਹੈ॥੫॥

## *ਸਾਸਤ ਬੇਦ ਪੁਰਾਣ ਪੁਕਾਰਹਿ; ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥*

ਛੇ ਸ਼ਾਸ਼ਤ੍ਰ, ਚਾਰ ਵੇਦ, ਅਠਾਰਾਂ ਪੁਰਾਣ ਪੁਕਾਰਦੇ ਹਨ ਕਿ ਸ੍ਵੈ ਧਰਮ ਧਾਰਨਾ ਕਰੋ ਅਤੇ ਖਟੁ=ਛੇ ਪ੍ਰਕਾਰ ਦੇ ਕਰਮ=ਜਪੁ, ਹੋਮ, ਸੰਧਿਆ, ਇਸ਼ਨਾਨ, ਦੇਵ ਅਰਚਨ, ਅਥਿਤੀ ਪੂਜਾ ਨੂੰ ਦ੍ਰਿੜ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਗੁਰਮਤਿ ਦੇ ਖਟ ਕਰਮ ਦੱਸਦੇ ਹਨ। ਜੈਸਾ ਕਿ :

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥**
**ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**
**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਬਰਜਿਤਹ ॥**
**ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥**
**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥**
**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥**
**ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥**

[ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੭]

## *ਮਨਮੁਖ ਪਾਖੰਡਿ ਭਰਮਿ ਵਿਗੂਤੇ;*
## *ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥*

ਪਾਖੰਡੀ ਮਨਮੁਖ ਭਰਮ ਵਿੱਚ ਵਿਗੂਤੇ=ਖਰਾਬ ਹੋ ਰਹੇ ਹਨ ਅਤੇ ਪਾਪਾਂ ਦੇ ਭਾਰ ਕਰਕੇ ਉਨ੍ਹਾਂ ਦੀ ਬਿਰਤੀ ਰੂਪ ਨਾਵ=ਨੌਕਾ ਲੋਭ ਦੀ ਲਹਿਰ ਵਿੱਚ ਡੁੱਬ ਰਹੀ ਹੈ॥੬॥

## *ਨਾਮੁ ਜਪਹੁ ਨਾਮੇ ਗਤਿ ਪਾਵਹੁ; ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥*

ਹੇ ਜਗਿਆਸੂ ਜਨੋਂ ! ਨਾਮ ਨੂੰ ਜਪਣਾ ਕਰੋ, ਨਾਮ ਕਰਕੇ ਹੀ ਮੁਕਤੀ ਨੂੰ ਪ੍ਰਾਪਤ ਕਰੋਗੇ। ਸਤਾਈ ਸਿਮ੍ਰਤੀਆਂ ਅਤੇ ਛੇ ਸ਼ਾਸ਼ਤ੍ਰਾਂ ਨੇ ਪ੍ਰਭੂ ਦਾ ਨਾਮ ਹੀ ਦ੍ਰਿੜ੍ਹ ਕਰਾਇਆ ਹੈ।

## *ਹਉਮੈ ਜਾਇ ਤ ਨਿਰਮਲੁ ਹੋਵੈ;*
## *ਗੁਰਮੁਖਿ ਪਰਚੈ ਪਰਮਪਦੁ ਪਈਆ ॥੭॥*

ਜੀਵ ਦੀ ਹਉਮੈ ਜਾਇ=ਦੂਰ ਹੋ ਜਾਵੇ ਤਾਂ ਮਨ ਸ਼ੁੱਧ ਹੁੰਦਾ ਹੈ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਕਰਕੇ ਗੁਰਮੁਖਾਂ ਨੇ ਪਰਮਪਦ=ਕੈਵਲ ਮੋਖਸ਼ ਨੂੰ ਪਾਇਆ ਹੈ॥੭॥

## *ਇਹੁ ਜਗੁ ਵਰਨੁ ਰੂਪੁ ਸਭੁ ਤੇਰਾ;*
## *ਜਿਤੁ ਲਾਵਹਿ ਸੇ ਕਰਮ ਕਮਈਆ॥*

ਹੇ ਪ੍ਰਮੇਸ਼ਰ! ਇਹ ਸੰਸਾਰ ਦਾ ਵਰਨੁ=ਰੰਗ ਅਤੇ ਰੂਪ ਆਦਿਕ ਸਭ ਕੁਝ ਤੇਰਾ ਹੀ ਬਣਾਇਆ ਹੋਇਆ ਹੈ। ਇਸ ਸੰਸਾਰ ਦੇ ਜੀਵਾਂ ਨੂੰ ਜਿਧਰ ਤੂੰ ਲਾਉਂਦਾ ਹੈਂ ਜੀਵ ਉਹੀ ਕਰਮ ਕਮਾਉਂਦੇ ਹਨ।

## *ਨਾਨਕ ਜੰਤ ਵਜਾਏ ਵਾਜਹਿ;*
## *ਜਿਤੁ ਭਾਵੈ ਤਿਤੁ ਰਾਹਿ ਚਲਈਆ॥੯॥੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਮੇਸ਼ਰ! ਇਹ ਜੀਵਾਂ ਰੂਪ ਵਾਜਿਆਂ ਨੂੰ ਜਿਵੇਂ ਤੂੰ ਵਜਾਉਂਦਾ ਹੈ, ਤਿਵੇਂ ਹੀ ਇਹ ਵਜਦੇ ਹਨ। ਜਿਧਰ ਤੂੰ ਚਾਹੁੰਦਾ ਹੈਂ। ਤਿਤੁ=ਉਸੇ ਰਾਹਿ=ਰਸਤੇ ਉੱਤੇ ਚਲਈਆ=ਚਲਦੇ ਹਨ ਭਾਵ ਤੇਰੇ ਹੁਕਮ ਅਨੁਸਾਰ ਕਿਰਿਆ ਕਰਦੇ ਹਨ॥੯॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੬ [ਆਦਿ ਅੰਗ ੮੩੫]

*ਬਿਲਾਵਲੁ ਮਹਲਾ ੪ ॥ ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥੧॥ਰਹਾਉ॥ ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥ ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥ ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥ ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥ ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥*

## *ਬਿਲਾਵਲੁ ਮਹਲਾ ੪ ॥*

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਚੌਥੇ ਪਾਤਿਸ਼ਾਹ ਦਾ ਇਹ ਸ਼ਬਦ ਬਿਲਾਵਲ ਰਾਗ ਵਿੱਚ ਉਚਾਰਨ ਕੀਤਾ ਹੋਇਆ ਹੈ। ਜਿਸ ਵਿੱਚ ਵਾਹਿਗੁਰੂ ਦੇ ਮਿਲਾਪ ਦੀ ਜੋ ਇੱਛਾ ਜਗਿਆਸੂ ਦੇ ਹਿਰਦੇ ਵਿੱਚ ਪੈਦਾ ਹੋਈ, ਵਾ—ਆਪਣੀ ਉਸ ਅਵਸਥਾ ਦਾ ਕਥਨ ਕਰਦੇ ਹਨ, ਜਦੋਂ ਗੁਰੂ ਅਮਰਦਾਸ ਜੀ ਮਹਾਰਾਜ ਪ੍ਰਾਪਤ ਹੋਏ, ਜਿਨ੍ਹਾਂ ਦਾ ਉਪਦੇਸ਼ ਸੁਣ ਕੇ ਪ੍ਰਮਾਤਮਾ ਦੇ ਮਿਲਾਪ ਦੀ ਪਿਆਸ ਪੈਦਾ ਹੋਈ। ਸਤਿਗੁਰਾਂ ਦੇ ਬਚਨ ਸੁਣ ਕੇ ਜਿਵੇਂ ਪ੍ਰੇਮ ਦੇ ਅਣੀਆਲੇ ਤੀਰ ਲੱਗੇ, ਜਿਨਾਂ ਦੇ ਪ੍ਰੇਮ ਰੂਪ ਬਾਨ ਨੇ ਵੈਰਾਗ ਰੂਪ ਘਾਓ ਹਿਰਦੇ ਵਿੱਚ ਪੈਦਾ ਕਰ ਦਿੱਤਾ। ਸੋ ਆਪਣੀ ਪ੍ਰੇਮ ਅਵਸਥਾ ਨੂੰ ਇਸ ਮੁਖਵਾਕ ਵਿੱਚ ਪ੍ਰਗਟ ਕਰਦੇ ਹੋਏ ਉਚਾਰਨ ਕਰਦੇ ਹਨ।

## *ਅੰਤਰਿ ਪਿਆਸ ਉਠੀ ਪ੍ਰਭ ਕੇਰੀ; ਸੁਣਿ ਗੁਰ ਬਚਨ, ਮਨਿ ਤੀਰ ਲਗਈਆ ॥*

ਜਦੋਂ ਗੁਰਾਂ ਦੇ ਸ਼ਬਦ ਸੁਨਣੇ ਰੂਪ ਤੀਰ=ਬਾਨ ਮਨ ਵਿੱਚ ਲਗਈਆ=ਲੱਗਿਆ, **ਵਾ:** ਜਾਂ ਗੁਰਾਂ ਦੇ ਬਚਨ=ਉਪਦੇਸ ਨੂੰ ਸੁਣਿਆ ਤਾਂ ਮਨ ਵਿੱਚ ਪ੍ਰੇਮ ਰੂਪੀ ਤੀਰ ਲਗਈਆ=ਲੱਗਾ ਤਾਂ ਅੰਤਰਿ=ਅੰਤਹਕਰਣ ਵਿੱਚ ਪ੍ਰਭੂ ਪ੍ਰਾਪਤੀ ਦੀ ਪਿਆਸ=ਇੱਛਾ ਉਠੀ=ਪੈਦਾ ਹੋਈ ਕਿ ਵਾਹਿਗੁਰੂ ਕਦੋਂ ਪ੍ਰਾਪਤ ਹੋਵੇ। ਜੈਸਾ ਕਿ:

**੧. ਅੰਤਰਿ ਪਿਆਸ ਹਰਿ ਨਾਮ ਕੀ ਗੁਰ ਤੁਸਿ ਮਿਲਾਵੈ ਸੋਇ ॥੧॥ਰਹਾਉ॥**

[ਸਿਰੀਰਾਗੁ ਮਹਲਾ ੪, ਅੰਗ ੪੦]

**੨. ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥**
**ਖੋਲ੍ਹਿ ਕਪਟ ਗੁਰਿ ਮੇਲਿਆ ਨਾਨਕ ਹਰਿ ਸੰਗਿ ਮੀਤ ॥੧॥** [ਜੈਤਸਰੀ ਮਹਲਾ ੫, ਅੰਗ ੭੦੩]

**੩. ਦਰਸਨ ਪਿਆਸ ਲੋਚਨ ਤਾਰ ਲਾਗੀ॥ ਬਿਸਰੀ ਤਿਆਸ ਬਿਡਾਨੀ॥੧॥**
[ਕੇਦਾਰਾ ਮਹਲਾ ੫, ਅੰਗ ੧੧੧੯]

**੪. ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ॥** [ਨਟ ਮਹਲਾ ੫, ਅੰਗ ੯੮੦]

**੫. ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ॥**
[ਸਾਰਗ ਮਹਲਾ ੫, ਅੰਗ ੧੨੦੬]

**੬. ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ॥**
[ਸਾਰੰਗ ਮਹਲਾ ੫, ਅੰਗ ੧੨੦੨]

**੭. ਦਰਸਨ ਪਿਆਸ ਬਹੁਤੁ ਮਨਿ ਮੇਰੈ॥ ਮਿਲੁ ਨਾਨਕ ਦੇਵ ਜਗਤ ਗੁਰ ਕੇਰੈ॥**
[ਕਾਨੜਾ ਮਹਲਾ ੫, ਅੰਗ ੧੩੦੪]

ਸੋ ਇਹ ਸਭ ਪ੍ਰਮਾਣ ਪ੍ਰਮਾਤਮਾ ਦੀ ਪਿਆਸ ਤੇ ਗੁਰਬਾਣੀ ਵਿੱਚੋਂ ਦਿੱਤੇ ਗਏ ਹਨ ਇਸੇ ਤਰ੍ਹਾਂ ਦੇ ਹੋਰ ਪ੍ਰਮਾਣ ਭੀ ਬੇਅੰਤ ਮੌਜੂਦ ਹਨ। ਇਨਾਂ ਸ਼ਬਦ-ਪ੍ਰਮਾਣਾਂ ਦੇ ਨਾਲ ਗੁਰੂ ਸਾਹਿਬਾਨਾਂ ਦੇ ਜੀਵਨ ਵਿੱਚ ਗੁਰਸਿੱਖਾਂ ਦੇ ਹਿਰਦੇ ਅੰਦਰ ਗੁਰੂ ਮਿਲਾਪ ਦੀ ਪਿਆਸ ਨੂੰ ਜ਼ਾਹਿਰ ਕਰਨ ਦੇ ਬੇਅੰਤ ਸਾਖੀ ਪ੍ਰਮਾਣ ਹਨ।

**ਸਾਖੀ—ਭਾਈ ਸਾਧੂ ਤੇ ਰੂਪ ਚੰਦ ਦੀ—**ਇਸ ਸਾਖੀ ਦਾ ਮੁੱਢ ਗੁਰੂ ਜੀ ਦੇ ਸਿਦਕੀ ਸਿੱਖ ਭਾਈ ਆਕਲ ਜੀ ਤੋਂ ਸ਼ੁਰੂ ਹੁੰਦਾ ਹੈ ਜੋ ਚੌਥੇ ਪਾਤਿਸ਼ਾਹ ਗੁਰੂ ਰਾਮਦਾਸ ਜੀ ਦਾ ਸਿੱਖ ਸੀ (ਵੱਡੇ ਘਰ) ਇਨ੍ਹਾਂ ਦੇ ਪਿੰਡ ਦਾ ਨਾਮ ਸੀ। ਜੈਸਾ ਕਿ :

**ਘਰ ਵੱਡੇ ਇੱਕ ਗ੍ਰਾਮ ਮਹਿਂ ਗੁਰਸਿੱਖ ਬਸਹਿ ਤਿਖਾਨ॥**
**ਰਾਮਦਾਸ ਸਤਿਗੁਰੂ ਤੇ ਸਿੱਖੀ ਧਰੀ ਮਹਾਨ॥੨॥** [ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸਿ ੭, ਅੰਸੂ ੧੮]

ਸ਼ਰਧਾ ਤੇ ਭਾਵਨਾ ਨਾਲ ਛੇ ਮਹੀਨੇ ਪਿੱਛੋਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਇਆ ਕਰਦਾ ਸੀ। ਉਸ ਦੇ ਘਰ ਇੱਕ ਪੁਤ੍ਰੀ ਨੇ ਜਨਮ ਲਿਆ, ਜਦੋਂ ਵਿਆਹੁਣ ਯੋਗ ਹੋ ਗਈ, ਉਸ ਵੇਲੇ ਦੇ ਰਿਵਾਜ ਅਨੁਸਾਰ ਛੋਟੀ ਉਮਰ ਦੇ ਵਿੱਚ ਹੀ ਵਿਆਹੁਣ ਲਈ ਬ੍ਰਾਹਮਣ ਨੂੰ ਸੱਦ ਕੇ ਕਿਹਾ ਕਿ ਮੇਰੀ ਲੜਕੀ ਦੀ ਕੁੜਮਾਈ ਕਰਾਓ ਉਹ ਲੱਭਦਾ ਹੋਇਆ ਤੁਕਲਾਣੀ ਨਗਰ ਵਿੱਚ ਪਹੁੰਚਿਆ ਉਸ ਪਿੰਡ ਵਿੱਚ ਇੱਕ ਸਾਦਾ ਨਾਮ ਦਾ ਤਰਖਾਣ ਰਹਿੰਦਾ ਸੀ। ਉਸਦੇ ਪੁੱਤਰ ਦਾ ਨਾਮ ਸਾਧੂ ਸੀ, ਯੋਗ ਜਾਣ ਕੇ ਬ੍ਰਾਹਮਣ ਨੇ ਸਗਾਈ ਕਰ ਦਿੱਤੀ। ਜੈਸਾ ਕਿ :

**ਸੁਨਿ ਆਕੁਲ ਨੇ ਬੂਝਨ ਕਰਯੋ॥ ਗੁਰ ਕੋ ਸਿੱਖ ਕਿ ਨਹੀਂ ਨਿਹਰਯੋ ?**
**ਬ੍ਰਿਪ ਕਹੈ ਮੈਂ ਨਹੀਂ ਬਿਚਾਰਾ॥ ਨੀਕੋ ਏਕ ਨਿਕੇਤ ਨਿਹਾਰਾ॥੧੧॥**
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸਿ ੭, ਅੰਸੂ ੧੮]

ਕਈ ਸਾਲਾਂ ਤੋਂ ਪਿੱਛੋਂ ਵਿਆਹ ਦਾ ਦਿਨ ਨੀਯਤ ਕੀਤਾ, ਜੰਞ ਆ ਗਈ, ਭਲੀ ਪ੍ਰਕਾਰ ਸੇਵਾ ਕਰਕੇ ਆਪਣੀ ਸਪੁੱਤਰੀ ਦਾ ਅਨੰਦ ਕਾਰਜ ਭਾਈ ਸਾਧੂ ਨਾਲ ਕਰ ਦਿੱਤਾ, ਪਰ ਭਾਈ ਆਕਲ ਜੀ ਨੇ ਪਛਾਣ ਲਏ ਕਿ ਇਹ ਮੇਰੇ ਜੋ ਸੰਬੰਧੀ ਹਨ ਇਹ ਤਾਂ ਸੁਲਤਾਨ ਦੇ ਉਪਾਸ਼ਕ ਹਨ ਇਸ ਗੱਲ ਨੂੰ ਵਿਚਾਰ ਕੇ ਬੜਾ ਦੁਖੀ ਹੋਇਆ ਤੇ ਆਪਣੀ ਪੁੱਤਰੀ ਜਿਸਨੂੰ ਜਨਮ ਤੋਂ ਲੈ ਕੇ ਸਿਖਿਆ ਦੇ ਦੇ ਕੇ ਗੁਰਸਿੱਖੀ ਵਿੱਚ ਪ੍ਰਪੱਕ ਕੀਤਾ ਸੀ, ਹੁਣ ਉਸ ਨੂੰ ਮੁੜ ਕੇ ਗੁਰਸਿੱਖੀ ਵਿੱਚ ਦ੍ਰਿੜ੍ਹ ਰਹਿਣ ਵਾਸਤੇ ਉਦਪੇਸ਼ ਦੇਣ ਲੱਗਾ ਕਿ ਹੇ ਪੁੱਤਰੀ! ਤੇਰੇ ਸਹੁਰੇ ਸੁਲਤਾਨ ਦੇ ਉਪਾਸ਼ਕ ਹਨ, ਪਰ ਤੂੰ ਕਿਸੇ ਨੂੰ ਨਹੀਂ ਮੰਨਣਾ। ਤੇਰਾ ਸੀਸ ਸਤਿਗੁਰਾਂ ਤੋਂ ਬਿਨਾਂ ਹੋਰ ਕਿਸੇ ਅੱਗੇ ਨਹੀਂ ਝੁਕਣਾ ਚਾਹੀਦਾ, ਸਤਿਗੁਰੂ ਭਲੀ ਕਰਨਗੇ। ਬੀਬੀ ਸੂਰਤੀ (ਭਾਈ ਆਕਲ ਦੀ ਪੁੱਤਰੀ) ਦ੍ਰਿੜ੍ਹ ਨਿਸ਼ਚੇ ਵਾਲੀ ਇਹ ਗੱਲ ਸੁਣ ਕੇ ਸੋਚਣ ਲੱਗੀ। ਬੜੀ ਅਯੋਗ ਬਾਤ ਹੋ ਗਈ। ਅਰਦਾਸ ਵਿੱਚ ਮਨ ਜੋੜਿਆ ਕਿ ਹੇ ਸਤਿਗੁਰੂ ਜੀ! ਮੇਰੀ

ਅਨਾਥ ਦੀ ਸਹਾਇਤਾ ਕਰੋ ਜਿਵੇਂ ਦਰੋਪਤੀ, ਪ੍ਰਹਿਲਾਦ, ਨਾਮਦੇਵ ਆਦਿ ਦੀ ਕਰਦੇ ਆਏ ਹੋ। ਮੇਰੇ ਸਹੁਰੇ ਪਰਿਵਾਰ ਨੂੰ ਸਿੱਖ ਬਣਾ ਲਓ। ਜੈਸਾ ਕਿ :

**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥** [ਰਾਗ ਬਿਲਾਵਲੁ ਬਾਣੀ ਸਧਨੇ ਕੀ, ਅੰਗ ੮੫੮]

ਹੇ ਜਗਤ ਗੁਰੂ! ਜੇ ਸ਼ੇਰ ਦੀ ਸ਼ਰਨ ਜਾਣ ਨਾਲ ਫੇਰ ਭੀ ਗਿੱਦੜ ਪਕੜ ਲਵੇ ਤਾਂ ਫਿਰ ਸ਼ੇਰ ਦੀ ਸ਼ਰਣ ਦਾ ਕੀ ਲਾਭ ਹੋਇਆ। ਭਾਵ ਜੇ ਗਿੱਦੜ ਰੂਪ ਕਰਮਾਂ ਨੇ ਹੀ ਪਕੜ ਲਿਆ ਤਾਂ ਹੇ ਸ਼ੇਰ ਰੂਪ ਸਤਿਗੁਰੂ ਜੀ! ਤੁਹਾਡੀ ਸ਼ਰਣ ਲਿਆ ਦਾ ਕੀ ਲਾਭ ਹੋਇਆ? ਕਿਰਪਾ ਕਰਕੇ ਮੇਰੇ ਮੱਥੇ ਦੀ ਮਾੜੀ ਰੇਖਾ ਬਦਲੋ। ਬੁਰਾ ਲੇਖ ਮੇਟ ਦਿਓ। ਸਹੁਰੇ ਘਰ ਤੁਕਲਾਣੀ ਨੂੰ ਜਾਂਦਿਆਂ ਰਸਤੇ ਵਿੱਚ ਛੇਵੇਂ ਪਾਤਿਸ਼ਾਹ ਦਾ ਨਿਵਾਸ, ਪਿੰਡ ਡਰੋਲੀ ਭਾਈ ਸਾਂਈ ਦਾਸ ਦੇ ਘਰ ਸੀ। ਗਰਮੀ ਦੀ ਰੁੱਤ ਸੀ। ਬਰਾਤ ਅੰਮ੍ਰਿਤ ਵੇਲੇ ਵਿਦਾ ਕਰ ਦਿੱਤੀ ਗਈ। ਰਾਹ ਵਿੱਚ ਜਾਂਦਿਆਂ ਭਾਈ ਸਾਦਾ ਹੋਰ ਜਾਵੀਆਂ ਸਮੇਤ ਅੱਗੇ ਨਿਕਲ ਗਏ ਡੋਲੀ ਨੂੰ ਕਹਾਰਾਂ ਨੇ ਚੁੱਕਿਆ ਹੋਇਆ ਹੈ ਤੇ ਭਾਈ ਸਾਧੂ ਕੁਝ ਪਿੱਛੇ ਰਹਿ ਗਏ। ਦੂਰੋਂ ਆਸਾ ਦੀ ਵਾਰ ਦੀ ਧੁਨ ਕੰਨਾਂ ਵਿੱਚ ਪਈ ਮਨ ਵਿੱਚ ਖ਼ੁਸ਼ੀ ਦੀ ਲਹਿਰ ਪੈਦਾ ਹੋ ਗਈ, ਕਹਾਰਾਂ ਨੂੰ ਪੈਸੇ ਕੇ ਦੇ ਡੋਲਾ ਸਤਿਗੁਰੂ ਜੀ ਦੇ ਡੇਰੇ ਲਿਜਾਣ ਲਈ ਕਿਹਾ। ਕਹਾਰ ਲਾਲਚ ਵੱਸ ਹੋ ਕੇ ਉਸ ਪਾਸੇ ਤੁਰ ਪਏ। ਡੇਰੇ ਤੋਂ ਕੁਝ ਦੂਰ ਡੋਲੇ ਚੋਂ ਉਤਰ ਕੇ ਨੰਗੇ ਪੈਰੀਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਹੁੰਚੀ ਆਸਾ ਦੀ ਵਾਰ ਦਾ ਭੋਗ ਪਿਆ। ਸਤਿਗੁਰਾਂ ਨੇ ਬਚਨ ਕੀਤਾ 'ਬੇਟੀ ਵਿਆਹ ਵਾਲੇ ਕੱਪੜੇ ਪਾਏ ਹੋਏ ਹਨ? ਕਿਧਰੋਂ ਆ ਰਹੀ ਹੈਂ? ਤਾਂ ਬੀਬੀ ਨੇ ਸਾਰੀ ਵਾਰਤਾ ਕਹਿ ਸੁਣਾਈ? ਜੈਸਾ ਕਿ :

**ਸਰਵਰ ਕੇ ਸੇਵਕ ਸਸੁਰਾਰੇ। ਇਹ ਚਿੰਤਾ ਚਿਤ ਭਈ ਉਦਾਰੇ ॥੩੦॥**
**ਸੁਨਿ ਕੰਨਜਾ ਤੇ ਭਏ ਕ੍ਰਿਪਾਲ। ਹੇਰੀ ਸ਼ਰਧਾ ਭਾਉ ਬਿਸਾਲ ॥੩੨॥**
**ਸ੍ਰੀ ਮੁਖ ਤੇ ਅੰਮ੍ਰਿਤ ਸਮ ਕਹਯੋ। ਤੇਰੋ ਲੇਖ ਇਸੀ ਬਿਧਿ ਲਹਯੋ ॥**
**ਚਲਿ ਆਈ ਸਤਿ ਸੰਗਤਿ ਸ਼ਰਨੀ। ਲਿਖਹਿ ਲੇਖ ਅਬ ਜਿਉਂ ਸ਼ੁਭ ਕਰਨੀ ॥੩੩॥**

ਫੇਰ ਬੀਬੀ ਨੇ ਭੇਟਾ ਚਰਨਾਂ ਵਿੱਚ ਰੱਖ ਕੇ ਨਿਮਰਤਾ ਨਾਲ ਬੇਨਤੀ ਕੀਤੀ, ਜਿਸਨੂੰ ਸੁਣ ਕੇ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ। ਜੈਸਾ ਕਿ :

**ਸੁਨਿ ਪ੍ਰਸੰਨ ਗੁਰ ਬਾਕ ਬਖਾਨਾ। ਨਵੋ ਲੇਖ ਲਿਖਿਬੋ ਤੁਵ ਠਾਨਾ ॥**
**ਪਿਤਾ ਤੋਹਿ ਸਿੱਖ, ਸੋ ਤੋ ਤਰਯੋ। ਘਰ ਸਸੁਰਾਰ ਕ੍ਰਿਤਾਰਥ ਕਰਯੋ ॥੩੫॥**
**ਸਿਖੀ ਦਾਨ ਦੀਨਿ ਹਮ ਤੋਹੀ। ਅਧਿਕ ਸਿਖ ਸੁਤ ਤੇਰੋ ਹੋਹੀ ॥**
**ਪਤਿ ਭੀ ਸਿਖ ਹੋਇ ਹੈ ਭਲੇ। ਗੁਰਸਿੱਖੀ ਕੇ ਮਾਰਗ ਚਲੇ ॥੩੬॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੭, ਅੰਸੂ ੧੮]

ਇਤਨੇ ਸਮੇਂ ਵਿੱਚ ਹੀ ਭਾਈ ਸਾਧੂ ਭੀ ਸਤਿਗੁਰਾਂ ਦੇ ਚਰਨਾਂ ਵਿੱਚ ਪਹੁੰਚ ਗਿਆ। ਦਰਸ਼ਨ ਕਰਦਿਆਂ ਹੀ ਸੰਸਕਾਰ ਬਦਲ ਗਏ। ਮਨ ਸੀਤਲ ਹੋ ਗਿਆ, ਸਤਿਗੁਰਾਂ ਨੇ ਕਿਹਾ ਕਿ ਭਾਈ ਸਾਧੂ! ਤੇਰਾ ਸਹੁਰਾ ਗੁਰੂ ਘਰ ਦਾ ਸਿੱਖ ਹੈ। ਇਹ ਉਸਦੀ ਲੜਕੀ ਹੈ, ਜਿਸ ਨਾਲ ਤੇਰਾ ਸੰਬੰਧ ਜੁੜਿਆ ਹੈ, ਤੂੰ ਹੁਣ ਤੁਰਕਾਂ ਦੀ ਸੇਵਾ ਛੱਡ ਕੇ ਗੁਰ ਨਾਨਕ ਦਾ ਸਿੱਖ ਬਣ। ਸਤਿਗੁਰਾਂ ਦੇ ਬਚਨ ਸੁਣ ਕੇ ਅਤੇ ਦਰਸਨ ਕਰਕੇ ਤਨੋਂ, ਮਨੋਂ ਗੁਰੂ ਦਾ ਹੋ ਗਿਆ। ਸਿੱਖੀ ਦੀ ਜਾਚਨਾ ਕੀਤੀ। ਚਰਣਾਮ੍ਰਿਤ ਦੇ ਕੇ ਸਿੱਖ ਬਣਾਇਆ। ਜਦੋਂ ਘਰ ਪਹੁੰਚੇ ਤਾਂ ਪਰਿਵਾਰ ਦੇ ਸਾਰੇ ਸੰਬੰਧੀਆਂ ਨੂੰ ਨਾਲ ਲੈ ਕੇ ਪਤੀ ਸਤੀ ਨੂੰ ਸਰਵਰ (ਸੁਲਤਾਨ) ਦੇ ਅਸਥਾਨ ਤੇ ਮੱਥਾ ਟਿਕਾਉਣ ਲੈ ਕੇ ਗਏ। ਜਾਂਦਿਆਂ ਸਾਰ ਭਾਈ ਸਾਧੂ ਨੇ ਸਰਵਰ ਦੇ ਮੁਕਾਮ ਤੇ ਪਹੁੰਚ ਕੇ ਮੱਥਾ ਟੇਕਣ ਦੀ ਬਜਾਇ ਲੱਤ ਮਾਰੀ ਕਹਿਣ ਲੱਗਾ, ਮੈਂ ਗੁਰੂ ਦਾ ਸਿੱਖ ਹਾਂ, ਇਹ ਮੁਕਾਮ ਢਾਹ ਦੇਣਾ ਹੈ ਭਾਵ ਪੀਰ ਖਾਨਾ ਢਾਹ ਦੇਣਾ ਹੈ। ਸੰਬੰਧੀ ਪ੍ਰੇਸ਼ਾਨ ਹੋਏ ਸਾਰਿਆਂ ਦੇ ਸੌਂ ਜਾਣ ਤੋਂ ਸਾਧੂ ਨੇ ਕਹੀ ਲੈ ਕੇ ਮੁਕਾਮ ਢਾਹ ਦਿੱਤਾ ਉਹ ਦਿਨੇ ਬਣਾਇਆ ਕਰਨ ਤੇ ਸਾਧੂ ਰਾਤ ਨੂੰ ਢਾਹ ਆਇਆ

ਕਰੇ। ਅਖ਼ੀਰ ਨੂੰ ਸਾਰਾ ਕੁਝ ਚੁੱਕ ਕੇ ਖ਼ੂਹ ਵਿੱਚ ਸੁੱਟ ਦਿੱਤਾ ਤੇ ਚਿੰਨ੍ਹ ਮਿਟਾ ਦਿੱਤੇ। ਕੁਝ ਸਮੇਂ ਬਾਅਦ ਇਸ ਦੇ ਘਰ ਪੁੱਤਰ ਪੈਦਾ ਹੋਇਆ ਸਤਿਗੁਰਾਂ ਦੇ ਚਰਨਾਂ ਵਿੱਚ ਨਾਮ ਰਖਾਉਣ ਲਈ ਬੱਚੇ ਨੂੰ ਲੈ ਕੇ ਪਹੁੰਚੇ। ਜਿਸਦਾ ਨਾਮ ਸਤਿਗੁਰੂ ਜੀ ਨੇ ਪਹਿਲਾਂ ਹੀ ਰੱਖ ਦਿੱਤਾ ਸੀ ਕਿ ਚੰਦਰਮਾਂ ਦੇ ਰੂਪ ਵਰਗਾ ਪੁੱਤਰ ਪੈਦਾ ਹੋਵੇਗਾ। ਉਸ ਦਾ ਨਾਮ ਰੂਪ ਚੰਦ ਰੱਖਿਆ, ਉਹ ਬੜਾ ਸਿਦਕੀ ਸਿੱਖ ਹੋਇਆ। ਪਿਓ ਪੁੱਤਰ ਇਹੋ ਜਿਹੀ ਸ਼ਰਧਾ ਵਾਲੇ ਸਨ ਕਿ ਇਹ ਇੱਕ ਦਿਨ ਬਾਹਰ ਲੱਕੜਾਂ ਕੱਟ ਰਹੇ ਸਨ, ਪਿਆਸ ਲੱਗੀ ਤੋਂ ਪਾਣੀ ਪੀਣ ਲਗੇ ਤਾਂ ਕੁੰਨੇ (ਘੜੇ) ਦਾ ਪਾਣੀ ਬੜਾ ਠੰਢਾ ਜਾਣ ਕੇ ਸੰਕਲਪ ਕੀਤਾ ਕਿ ਇਹ ਪਾਣੀ ਸਤਿਗੁਰਾਂ ਦੇ ਛਕਣੇ ਯੋਗ ਹੈ। ਉਨ੍ਹਾਂ ਨੂੰ ਛਕਾ ਕੇ ਹੀ ਛਕਾਂਗੇ। ਪਿਆਸ ਤਾਂ ਭਾਵੇਂ ਪਾਣੀ ਦੀ ਬਹੁਤ ਲੱਗੀ ਹੋਈ ਸੀ ਪਰ ਪਾਣੀ ਨਾਲੋਂ ਜ਼ਿਆਦਾ ਪਿਆਸ ਦਰਸ਼ਨਾਂ ਦੀ ਲੱਗ ਗਈ। ਪਿਆਸ ਦੇ ਮਾਰੇ ਬੁੱਲਾਂ ਤੇ ਸਿੱਕਰੀ ਆ ਗਈ, ਗਲੇ ਸੁਕ ਗਏ। ਮਰਨ ਕਿਨਾਰੇ ਪਹੁੰਚ ਗਏ ਐਸੀ ਪ੍ਰੇਮ ਦੀ ਖਿੱਚ ਪਈ ਸਤਿਗੁਰੂ ਤੀਹ ਕੋਹ ਤੋਂ ਸਿਖ਼ਰ ਦੁਪਹਿਰ ਜੰਗਲ ਵਿੱਚ ਜਲ ਛਕਣ ਲਈ ਪਹੁੰਚੇ। ਜਲ ਛਕਿਆ ਦੋਹਾਂ ਪਿਓ-ਪੁਤ੍ਰਾਂ ਨੂੰ ਨਿਹਾਲ ਕੀਤਾ ਉਸ ਵੇਲੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਖੰਡਾ ਤੇ ਇੱਕ ਕੜਛਾ ਬਖ਼ਸ਼ ਕੇ ਲੰਗਰ ਚਲਾਉਣ ਦਾ ਹੁਕਮ ਦਿੱਤਾ ਤੇ ਨਾਲ ਹੀ ਵਰ ਦਿੱਤਾ ਕਿ ਤੁਹਾਡੇ ਲੰਗਰ ਵਿੱਚ ਗਿੱਲਾ ਬਾਲਣ ਜਲਿਆ ਕਰੇਗਾ। ਹੁਣ ਤਕ ਕੜਛਾ ਤੇ ਖੰਡਾ ਉਨ੍ਹਾਂ ਦੀ ਔਲਾਦ ਕੋਲ ਪਿੰਡ ਭਾਈ ਦੀਆਂ ਬਾਗੜੀਆਂ (ਮਲੇਰਕੋਟਲਾ ਕੋਲ) ਸੰਭਾਲ ਕੇ ਸਨਮਾਨ ਨਾਲ ਰੱਖੇ ਹੋਏ ਹਨ। ਸੋ ਇਸ ਲਈ ਜਿਨਾਂ ਦੇ ਮਨ ਵਿੱਚ ਦਰਸ਼ਨਾਂ ਦੀ ਪਿਆਸ ਹੈ, ਉਨ੍ਹਾਂ ਦੀ ਇਹ ਗਾਥਾ ਗੁਰਬਾਣੀ ਦੇ ਪ੍ਰਮਾਣ ਨਾਲ ਇਤਿਹਾਸ ਤੋਂ ਵੀ ਸਪੱਸ਼ਟ ਹੈ।

### *ਮਨ ਕੀ ਬਿਰਥਾ ਮਨ ਹੀ ਜਾਣੈ; ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥*

ਮਨ ਦੀ ਬਿਰਥਾ=ਪੀੜਾ ਨੂੰ ਮਨ ਹੀ ਜਾਣਦਾ ਹੈ ਅਵਰੁ=ਹੋਰ ਕੋ=ਕੋਈ ਪਰਈਆ=ਪਰਾਈ ਪੀੜਾ ਨੂੰ ਕਿ=ਕੀ ਜਾਣਦਾ ਹੈ ? ਭਾਵ ਨਹੀਂ ਜਾਣਦਾ॥੧॥

### *ਰਾਮ, ਗੁਰਿ ਮੋਹਨਿ; ਮੋਹਿ ਮਨੁ ਲਈਆ ॥*

ਰਾਮ=ਹੇ ਭਾਈ ! ਮੋਹਨਿ=ਮੋਹਿਤ ਕਰਨ ਵਾਲੇ ਪ੍ਰਭੂ ਦੇ ਸਰੂਪ ਸਤਿਗੁਰਾਂ ਨੇ ਮੇਰੇ ਮਨ ਨੂੰ ਮੋਹ ਲਿਆ ਹੈ।

### *ਹਉ ਆਕਲ ਬਿਕਲ ਭਈ ਗੁਰ ਦੇਖੇ;<br>ਹਉ ਲੋਟ ਪੋਟ ਹੋਇ ਪਈਆ ॥੧॥ਰਹਾਉ॥*

ਹਉ=ਮੈਂ ਬੜੀ ਆਕਲ=ਅਕਲ ਵਾਲੀ ਸੀ ਪਰ ਗੁਰੂ ਨੂੰ ਦੇਖਦਿਆਂ ਹੀ ਬਿਕਲ ਭਈ=ਬੇ-ਸੁਧ ਹੋ ਗਈ ਹਾਂ, **ਵਾ:** ਮੈਂ ਗੁਰੂ ਨੂੰ ਦੇਖਦਿਆਂ ਹੀ ਸੰਸਾਰਕ ਅਕਲ ਵਲੋਂ ਬਿਕਲ=ਵਿਆਕੁਲ ਹੋ ਗਈ ਹਾਂ। ਜੈਸਾ ਕਿ "**ਦਰਸਨ ਦੇਖਤ ਹੀ, ਸੁਧਿ ਕੀ ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।**" [ਭਾਈ ਗੁਰਦਾਸ ਜੀ, ਕਬਿੱਤ ੯] ਹਉ=ਮੈਂ ਲੋਟ ਪੋਟ ਹੋ ਕੇ ਸਤਿਗੁਰਾਂ ਦੇ ਚਰਨਾਂ 'ਤੇ ਢਹਿ ਪਈ ਹਾਂ। ਲੋਟ ਪੋਟ=ਲਿਟਕੇ ਪੋਟ=ਗਠੜੀ ਦੀ ਸ਼ਕਲ ਹੋਇਆ, ਜ਼ਮੀਨ ਉੱਤੇ ਲਿਟਦਾ ਜੋ ਪੋਟ ਬਣ ਗਿਆ ਹੈ। ਮੂਰਛਤ, ਬੇਖ਼ੁਦ, ਮੁਹਾਵਰੇ ਵਿੱਚ ਲੋਟ ਪੋਟ ਦੇ ਅਰਥ ਹਨ, ਪ੍ਰੇਮ ਵਿੱਚ ਬੇਖ਼ੁਦ ਹੋ ਜਾਣਾ।

### *ਹਉ ਨਿਰਖਤ ਫਿਰਉ, ਸਭਿ ਦੇਸ ਦਿਸੰਤਰ;<br>ਮੈ ਪ੍ਰਭ ਦੇਖਨ ਕੋ, ਬਹੁਤੁ ਮਨਿ ਚਈਆ ॥*

ਹਉ=ਮੈਂ ਸਾਰਿਆਂ ਦੇਸ਼ ਦੇਸ਼ਾਂਤਰਾਂ ਵਿੱਚ ਭਾਵ ਦੇਸ਼ ਪ੍ਰਦੇਸ਼ ਵਿੱਚ ਆਪਣੇ ਪ੍ਰਭੂ ਨੂੰ ਦੇਖਦੀ ਫਿਰਦੀ ਹਾਂ, ਵਾ—ਦੇਸ਼ ਦੇਸ਼ਾਂਤਰਾਂ ਨੂੰ ਦੇਖਦੀ ਫਿਰਦੀ ਹਾਂ, ਕਿਉਂਕਿ ਮੈਨੂੰ ਪ੍ਰਭ=ਪ੍ਰਮੇਸ਼ਰ ਦੇ ਵੇਖਣ ਦਾ ਮਨ ਵਿੱਚ ਬਹੁਤ ਹੀ ਚਾਅ ਹੈ।

## ਮਨੁ ਤਨੁ ਕਾਟਿ ਦੇਉ, ਗੁਰ ਆਗੈ; ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥

ਜਿਨਾਂ ਸਤਿਗੁਰਾਂ ਨੇ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ ਪੰਥੁ=ਸਿੱਧਾ ਰਸਤਾ ਦਿਖਾਇਆ ਹੈ, **ਵਾ:** ਪੰਥਾਂ ਵਿੱਚੋਂ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਭਗਤੀ ਰੂਪ ਮਾਰਗੁ=ਰਾਹ ਵਿਖਾਇਆ ਹੈ। **ਵਾ:** ਪੰਥਾਂ ਦੇ ਅਭਿਮਾਨ ਨੂੰ ਗਵਾ ਕੇ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗ ਦਿਖਾਇਆ ਹੈ, ਉਨ੍ਹਾਂ ਸਤਿਗੁਰਾਂ ਅੱਗੇ ਮਨ ਤਨ ਕੱਟ ਕੇ ਭੇਟਾ ਰੱਖਦੀ ਹਾਂ, ਭਾਵ ਮਨ ਤਨ ਦਾ ਹੰਕਾਰ ਤਿਆਗ ਕੇ ਸੇਵਾ ਕਰਦੀ ਹਾਂ॥੨॥

## ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ; ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥

ਐਸਾ ਕੋਈ ਹੈ ? ਜਿਹੜਾ ਆਣਿ=ਆ ਕੇ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸਦੇਸਾ=ਸੰਦੇਸ਼ਾ, ਸੁਨੇਹਾ ਦੇਣਾ ਕਰੇ ਕਿਉਂਕਿ ਤਨਿ=ਸਰੀਰ ਦੇ ਅੰਤਰਿ=ਅੰਦਰ ਜੋ ਮਨ ਹੈ। ਉਸ ਮਨ ਦੇ ਰਿਦ=ਵਿੱਚ ਹਰੀ ਮੀਠ=ਮਿੱਠਾ ਲਗਈਆ=ਲੱਗ ਰਿਹਾ ਹੈ। **ਵਾ:** ਜਿਹੜਾ ਆ ਕੇ ਮੈਨੂੰ ਪ੍ਰਭ=ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸ਼ਾ ਦੇਣਾ ਕਰੇ=ਕਰਦਾ ਹੈ ਉਹ ਮੇਰੇ ਹਿਰਦੇ ਅੰਦਰ ਮਨ ਤਨ ਨਾਲੋਂ ਮੀਠ=ਪਿਆਰਾ ਲਗਦਾ ਹੈ।

## ਮਸਤਕੁ ਕਾਟਿ, ਦੇਉ ਚਰਣਾ ਤਲਿ; ਜੋ ਹਰਿ ਪ੍ਰਭੁ ਮੇਲੇ, ਮੇਲਿ ਮਿਲਈਆ ॥੩॥

ਮੈਂ ਆਪਣਾ ਮਸਤਕੁ=ਮੱਥਾ ਭਾਵ ਸਿਰ ਕੱਟ ਕੇ ਉਸਦੇ ਚਰਨਾਂ ਦੇ ਤਲਿ=ਹੇਠਾਂ ਰੱਖ ਦਿਆਗੀ, ਕਿਸਦੇ ? ਜੋ ਹਰਿ=ਵਾਹਿਗੁਰੂ ਦੇ ਮੇਲ ਵਿੱਚ ਆਪ ਮਿਲੀ ਹੋਵੇ ਤੇ ਮੈਨੂੰ ਮੇਲਣਾ ਕਰੇ। ਜਾਂ ਹਰੀ ਪ੍ਰਭੂ ਦੇ ਮੇਲੇ=ਸਤਸੰਗ ਵਿੱਚ ਮਿਲਾ ਕੇ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ॥੩॥

## ਚਲੁ ਚਲੁ ਸਖੀ, ਹਮ ਪ੍ਰਭੁ ਪਰਬੋਧਹ; ਗੁਣ ਕਾਮਣ ਕਰਿ, ਹਰਿ ਪ੍ਰਭੁ ਲਹੀਆ ॥

ਹੇ ਸਖੀ ! ਚਲੁ=ਤੂੰ ਭੀ ਚੱਲ, ਇਧਰੋਂ ਮੈਂ ਭੀ ਚਲੁ=ਚਲਦੀ ਹਾਂ ਹਮ=ਅਸੀਂ ਪ੍ਰਭੁ=ਰੱਖਿਅਕ ਪ੍ਰਮੇਸ਼ਰ ਦੇ (ਪਰ+ਬੋਧਹ) ਪਰ=ਵਿਸ਼ੇਸ਼ ਕਰਕੇ ਬੋਧਹ=ਗਿਆਨ ਨੂੰ ਪ੍ਰਾਪਤ ਕਰ ਲਹੀਆ=ਲਈਏ, ਸ਼ੁਭ ਗੁਣ ਧਾਰਨ ਰੂਪ ਕਾਮਣ=ਟੂਣਾ (ਜਾਦੂ) ਕਰਿ=ਕਰਕੇ, ਵਾ—ਮਣਕਾ ਕਰਕੇ ਹਰੀ ਪ੍ਰਭੂ ਨੂੰ ਵੱਸ ਵਿੱਚ ਕਰ ਲਈਏ।

## ਭਗਤਿ ਵਛਲੁ, ਉਆ ਕੋ ਨਾਮੁ ਕਹੀਅਤੁ ਹੈ; ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥

ਉਸ ਦਾ ਨਾਮ ਭਗਤਿ=ਭਗਤਾਂ ਦਾ ਵਛਲੁ=ਪਿਆਰਾ ਕਹੀਅਤੁ=ਕਹੀਦਾ ਹੈ, ਇਸੇ ਕਰਕੇ ਉਸ ਪ੍ਰਭੂ=ਪ੍ਰਮੇਸ਼ਰ ਦੀ ਸ਼ਰਣ ਪਿੱਛੇ ਪਈਆ=ਪੈਣਾ ਕਰੀਏ॥੪॥

## ਖਿਮਾ ਸੀਗਾਰ ਕਰੇ, ਪ੍ਰਭ ਖੁਸੀਆ; ਮਨਿ ਦੀਪਕ, ਗੁਰ ਗਿਆਨੁ ਬਲਈਆ ॥

ਪ੍ਰਭ=ਰੱਖਿਅਕ ਪ੍ਰਮੇਸ਼ਰ ਦੀ ਖ਼ੁਸ਼ੀ ਵਾਸਤੇ ਖ਼ਿਮਾ ਰੂਪ ਸੀਗਾਰ=ਸ਼ਿੰਗਾਰ ਨੂੰ ਕਰੇ, ਜੈਸਾ ਕਿ :

**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥** [ਆਸਾ ਮਃ ੧, ਅੰਗ ੩੫੯]

ਅਤੇ ਮਨ ਰੂਪ ਮੰਦਰ ਵਿੱਚ ਗੁਰਾਂ ਦੁਆਰੇ ਗਿਆਨ ਰੂਪ ਦੀਪਕ=ਦੀਵੇ ਨੂੰ ਬਲਈਆ=ਬਾਲਣਾ ਕਰੇ।

## *ਰਸਿ ਰਸਿ ਭੋਗ ਕਰੇ, ਪ੍ਰਭੁ ਮੇਰਾ;*
## *ਹਮ ਤਿਸੁ ਆਗੈ, ਜੀਉ ਕਟਿ ਕਟਿ ਪਈਆ ॥੫॥*

ਜੋ ਮੇਰਾ ਪ੍ਰਭੁ=ਪ੍ਰਭੂ ਰਸਿ ਰਸਿ=ਤਦਾਕਾਰ ਹੋ ਹੋ ਕੇ ਜੀਵਾਂ ਵਿੱਚ ਰਸਿ=ਰਸਾਂ ਨੂੰ ਭੋਗਣਾ ਕਰਦਾ ਹੈ ਮੈ ਤਿਸੁ ਆਗੈ=ਉਸ ਅੱਗੇ ਆਪਣਾ ਜੀਅ ਕੱਟ ਕੱਟ ਕੇ ਪਈਆ=ਪਾਉਂਦੀ ਹਾਂ॥੫॥

## *ਹਰਿ ਹਰਿ ਹਾਰੁ, ਕੰਠਿ ਹੈ ਬਨਿਆ;*
## *ਮਨੁ ਮੋਤੀਚੂਰੁ, ਵਡ ਗਹਨ ਗਹਨਈਆ ॥*

ਜੋ ਹਰਿ=ਪਾਪਾਂ ਦੇ ਨਾਸ ਕਰਨ ਵਾਲਾ ਹਰਿ=ਪਰਮੇਸ਼ਰ ਹੈ ਉਸ ਦੇ ਨਾਮਾਂ ਦੇ ਉਚਾਰਨ ਕਰਨੇ ਰੂਪੀ ਹਾਰ, ਕੰਠਿ=ਗਲ ਵਿੱਚ ਬਣਿਆ ਹੈ ਅਤੇ ਮਨ ਨੂੰ ਮੋਤੀ ਵਾਂਗ ਸ਼ੁਧ ਕਰਨਾ ਏਹੋ ਗਹਿਣਿਆਂ ਵਿੱਚੋਂ ਵਡ=ਵੱਡਾ ਮੋਤੀਚੂਰੁ ਗਹਿਣਾ, ਭੂਖਨ ਬਣਿਆ ਹੈ। ਮੋਤੀਚੂਰ=ਮੁਕਤਾ ਚੂੜ-ਸਿਰ 'ਤੇ ਪਹਿਨਣ ਦਾ ਮੋਤੀਆਂ ਜੜਿਆ ਗਹਿਣਾ, ਚੂੜਾ ਮਣੀ। **ਵਾ:** ਮਨ ਦਾ ਗ੍ਰਹਣ (ਫੜਨਾ), ਵੱਡਾ ਮੁਕਤਾਚੂੜ ਭੂਸ਼ਨ ਹੈ। ਸੋ ਸੋਢੀ ਸੁਲਤਾਨ ਪਿਤਾ ਗੁਰੂ ਜੀ ਨੇ ਇਥੇ ਗਹਿਣਿਆਂ ਤੋਂ ਭਾਵ ਸ਼ੁਭ ਗੁਣਾਂ ਨੂੰ ਧਾਰਨ ਕਰਨ ਰੂਪ ਸਿਖਿਆ ਦਿੱਤੀ ਹੈ। ਕਲਗੀਧਰ ਪਾਤਸ਼ਾਹ ਨੇ ਆਪਾਂ ਨੂੰ ਪ੍ਰਤੱਖ ਪੰਜ ਕਕਾਰ, ਗਹਿਣੇ ਬਖ਼ਸ਼ੇ ਹਨ, ਗੁਰੂ ਘਰ ਵਿੱਚ ਸੋਨੇ ਚਾਂਦੀ ਆਦਿਕ ਗਹਿਣਿਆਂ ਤੋਂ ਸਿੱਖ, ਸਿੱਖਣੀ ਨੂੰ ਵਰਜਿਆ ਹੈ।

**ਸਾਖੀ—ਮਾਤਾ ਗੰਗਾ ਜੀ ਤੇ ਗੁਰੂ ਅਰਜਨ ਦੇਵ ਜੀ ਦੀ—**ਜਦੋਂ ਮਾਤਾ ਗੰਗਾ ਜੀ ਤਰਨਤਾਰਨ ਸਾਹਿਬ ਨਗਰ ਦੀਆ ਬੀਬੀਆਂ ਨਾਲ ਇਸ਼ਨਾਨ ਕਰਨ ਜਾਂਦੇ, ਨਾਲ ਦੀਆਂ ਬੀਬੀਆਂ ਨੇ ਟੋਕਿਆ, ਤਾਨ੍ਹਾ-ਮ੍ਹੇਣਾ ਮਾਰਿਆ ਕਿ ਗੁਰੂ ਘਰ ਤਾਂ ਬਹੁਤ ਪਦਾਰਥ, ਧਨ ਆਉਂਦਾ ਹੈ ਕੰਜੂਸੀ ਕਿਉਂ ਕਰਦੇ ਹੋ ਸਰੀਰ 'ਤੇ ਕੋਈ ਵੀ ਗਹਿਣਾ ਨਹੀਂ ਪਾਇਆ ਹੋਇਆ। ਬੀਬੀਆਂ ਦੇ ਕਹਿਣ ਤੋਂ ਸਤਿਗੁਰਾਂ ਨੂੰ ਨਿਮਰਤਾ ਭਾਵ ਨਾਲ ਬੇਨਤੀ ਕੀਤੀ ਕਿ ਪਤੀ ਗੁਰੂ ਜੀ ਪਹਿਲਾਂ ਤਾਂ ਪੈਸੇ ਦੀ ਕਮੀ ਸੀ ਤਾਂ ਗਹਿਣੇ ਵੇਚੇ ਸਨ, ਹੁਣ ਤਾਂ ਬਹੁਤ ਧਨ ਹੈ ਗਹਿਣੇ ਲੈ ਦਿਉ, ਸਤਿਗੁਰਾਂ ਆਖਿਆ ਕਿ ਗੰਗਾਂ ਜੀ, ਹੁਣ ਮੈਂ ਤੈਨੂੰ ਐਸੇ ਸ਼ਿਰਮੋਣ ਗਹਿਣੇ ਪਹਿਨਾਵਾਂਗਾ ਜੋ ਤੇਰੀ ਲੋਕ ਪ੍ਰਲੋਕ ਵਿੱਚ ਰੱਖਿਆ ਕਰਨਗੇ। ਮਾਤਾ ਜੀ ਨੇ ਆਖਿਆ, ਦੱਸਣਾ ਕਰੋ ਐਸੇ ਗਹਿਣੇ ਕਿਹੜੇ ਹਨ ਫਿਰ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ਬਾਵਨ ਅੱਖਰੀ ਨਾਮੀ ਬਾਣੀ ਰੂਪ ਗਹਿਣੇ ਮਾਤਾ ਗੰਗਾ ਜੀ ਨੂੰ ਬਖ਼ਸ਼ੇ ਭਾਵ ਗੰਗਾ ਜੀ ਇਸ ਬਾਣੀ ਦਾ ਨਿਤਾ ਪ੍ਰਤੀ ਜਾਪ ਕਰਿਆ ਕਰੋ। ਮਾਤਾ ਜੀ ਨੇ ਸਤਿਗੁਰਾਂ ਦਾ ਬਚਨ ਮੰਨ ਕੇ ਪਤੀ ਗੁਰੂ ਤੋਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

## *ਹਰਿ ਹਰਿ, ਸਰਧਾ ਸੇਜ ਵਿਛਾਈ;*
## *ਪ੍ਰਭੁ ਛੋਡਿ ਨ ਸਕੈ; ਬਹੁਤੁ ਮਨਿ ਭਈਆ ॥੬॥*

ਹਰਿ ਹਰਿ=ਵਾਹਿਗੁਰੂ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜ ਵਿਛਾਈ ਹੈ ਕਿਉਂਕਿ ਉਸ ਪ੍ਰਭੂ ਨੂੰ ਮੈਂ ਛੱਡ ਨਹੀਂ ਸਕਦੀ, ਉਹ ਮੇਰੇ ਮਨ ਵਿੱਚ ਬਹੁਤ ਹੀ ਭਈਆ=ਭਾ ਗਿਆ ਹੈ। **ਵਾ:** ਜੋ ਹਰਿ=ਹਰ ਤਰ੍ਹਾਂ ਨਾਲ ਸ਼ਰਧਾ ਧਾਰੀ ਹੈ। ਏਹੋ ਹਰੀ ਲਈ ਸੇਜਾ ਵਿਛਾਈ ਹੈ, ਕਿਉਂਕਿ ਉਸ ਦੇ ਮਨ ਵਿੱਚ ਇਹ ਸ਼ਰਧਾ ਰੂਪ ਸੇਜਾ ਬਹੁਤ ਹੀ ਭਾਉਂਦੀ ਹੈ। ਇਸ ਸੇਜ ਨੂੰ ਉਹ ਪ੍ਰਭੁ=ਪ੍ਰਮੇਸ਼ਰ ਛੱਡ ਨਹੀਂ ਸਕਦਾ॥੬॥

## *ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ;*
## *ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥*

ਕਹੈ ਪ੍ਰਭੁ ਅਵਰੁ=ਪ੍ਰਭੂ ਕੁਝ ਹੋਰ ਕਹੇ ਤੇ ਜਗਿਆਸੂ ਕੁਝ ਹੋਰ ਕੀਜੈ=ਕਰੇ ਉਸ ਦਾ ਕਰਮਾਂ ਰੂਪ ਸ਼ਿੰਗਾਰ ਕੀਤਾ ਹੋਇਆ ਸਭੁ=ਸਾਰਾ ਬਾਦਿ=ਵਿਅਰਥ ਹੈ ਤੇ ਫੋਕਟ ਫੋਕਟਈਆ=ਨਿਸਫਲ ਤੋਂ ਵੀ ਨਿਸਫਲ ਹੈ, **ਵਾ:** ਆਪ ਭੀ ਨਿਸਫਲ ਹੈ ਤੇ ਕਰਮ ਭੀ ਨਿਸਫਲ ਹੈ।

## *ਕੀਓ ਸੀਗਾਰੁ, ਮਿਲਣ ਕੈ ਤਾਈ;*
## *ਪ੍ਰਭੁ ਲੀਓ ਸੁਹਾਗਨਿ, ਥੂਕ ਮੁਖਿ ਪਈਆ ॥੭॥*

ਪ੍ਰਭੁ=ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸ਼ਿੰਗਾਰ ਕੀਤੇ ਸਨ ਪਰ ਸੁਹਾਗਣਾਂ ਨੇ ਪ੍ਰਭੂ ਨੂੰ ਲੀਓ=ਲੈ ਲਿਆ ਹੈ ਤੇ ਇਸਦੇ ਮੂੰਹ ਪਰ ਲਾਹਨਤਾਂ ਰੂਪ ਥੂਕ=ਥੁਕਾਂ ਪੈਂਦੀਆਂ ਹਨ, **ਵਾ:** ਜਿਨਾਂ ਸੁਹਾਗਣਾਂ ਨੇ ਪ੍ਰਭੂ ਦੇ ਮਿਲਣ ਵਾਸਤੇ ਸੱਚਾ ਸਾਧਨਾਂ ਰੂਪੀ ਸ਼ਿੰਗਾਰ ਕੀਤਾ ਹੈ, ਉਹਨਾਂ ਨੇ ਪਤੀ ਦਾ ਆਨੰਦ ਲਿਆ ਹੈ ਤੇ ਦੁਹਾਗਣਾਂ ਦੇ ਮੂੰਹ ਉਪਰ ਲਾਹਨਤਾਂ ਰੂਪ ਥੁੱਕਾਂ ਪਈਆਂ ਹਨ ॥੭॥

## *ਹਮ ਚੇਰੀ, ਤੂ ਅਗਮ ਗੁਸਾਈ; ਕਿਆ ਹਮ ਕਰਹ, ਤੇਰੈ ਵਸਿ ਪਈਆ ॥*

ਹੇ ਗੁਸਾਈ=ਮਾਲਕ ਪ੍ਰਭੂ ! ਤੂੰ ਅਗਮ=ਮਨ ਬਾਣੀ ਦੀ ਗਮਤਾ ਤੋਂ ਰਹਿਤ ਹੈਂ ਮੈਂ ਚੇਰੀ=ਦਾਸੀ ਤੇਰੇ ਵੱਸ ਪਈ ਹੋਈ ਹਾਂ, ਤੇਰੀ ਕਿਰਪਾ ਤੋਂ ਬਿਨਾਂ ਕਿਆ ਹਮ ਕਰਹ=ਮੈਂ ਕੀ ਕਰ ਸਕਦੀ ਹਾਂ।

## *ਦਇਆ ਦੀਨ ਕਰਹੁ ਰਖਿ ਲੇਵਹੁ;*
## *ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥*

ਗੁਰੂ ਜੀ ਕਥਨ ਕਰਦੇ ਹਨ ਦਇਆ ਕਰਹੁ=ਦਇਆ ਦ੍ਰਿਸ਼ਟੀ ਕਰਕੇ ਮੈਨੂੰ ਗ਼ਰੀਬ ਨੂੰ ਰਖਿ ਲੇਵਹੁ=ਰੱਖ ਲੈਣਾ ਕਰੋ। ਜੈਸਾ ਕਿ :

**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥**

[ਸੂਹੀ ਮਹਲਾ ੪, ਅੰਗ ੭੫੭]

ਮੈਂ ਹਰੀ ਸਰੂਪ ਗੁਰਾਂ ਦੀ ਸ਼ਰਨ ਵਿੱਚ ਸਮਈਆ=ਸਮਾਈ ਭਾਵ ਅਭੇਦ ਹੋਈ ਹਾਂ ॥੮॥੫॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੧੯੭ [ਆਦਿ ਅੰਗ ੮੩੭]

*ਬਿਲਾਵਲੁ ਮਹਲਾ ੫ ॥ ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥੧॥ ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥ ਜਾਚਉ ਸੰਤ ਰਵਾਲ ॥੧॥ਰਹਾਉ॥ ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥ ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥੨॥ ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥ ਜਮਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥ ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥੩॥ ਭੈ ਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥ ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥ ਗਹਿ ਓਟ ਚਿਤਵੀ ਨਾਥ ॥ ਨਾਨਕਾ ਦੇ ਰਖੁ ਹਾਥ ॥੪॥ ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥ ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥ ਇਕ ਨਿਮਖ ਰਹਨੁ ਨ ਜਾਇ ॥ ਵਡਭਾਗਿ ਨਾਨਕ ਪਾਇ ॥੫॥ ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥੬॥ ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥ ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥ ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥੭॥ ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥ ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥ ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥੮॥ ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥ ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥੯॥ ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥ ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥ ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧਸੰਗਿ ਜਸੁ ਗਾਹਿ ॥ ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥੧੦॥੨॥*

## *ਬਿਲਾਵਲੁ ਮਹਲਾ ੫ ॥*

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਇਹ ਪਵਿੱਤਰ ਉਪਦੇਸ਼ ਸਿੱਖਾਂ ਦੇ ਬੇਨਤੀ ਕਰਨ ਤੋਂ ਉਚਾਰਨ ਕੀਤਾ। ਸਿੱਖਾਂ ਨੇ ਬੇਨਤੀ ਕੀਤੀ ਕਿ ਸੰਸਾਰ ਸਮੁੰਦਰ ਤੋਂ ਤਰਨ ਦਾ ਸੌਖਾ ਉਪਾਅ ਦੱਸੋ ? ਸਤਿਗੁਰੂ ਜੀ ਨੇ ਕਿਹਾ, "ਪ੍ਰਮੇਸ਼ਰ ਅੱਗੇ ਇਸ ਪ੍ਰਕਾਰ ਬੇਨਤੀ ਕਰੋ।"

## *ਪ੍ਰਭ; ਜਨਮ ਮਰਨ ਨਿਵਾਰਿ ॥*

ਹੇ ਪ੍ਰਭ=ਵਾਹਿਗੁਰੂ! ਮੇਰਾ ਜਨਮ=ਜਨਮ ਲੈਣਾ ਤੇ ਮਰਨ=ਮਰ ਜਾਣਾ ਨਿਵਾਰਿ=ਦੂਰ ਕਰ ਦਿਓ, ਮੈਂ ਜੰਮਣ-ਮਰਣ ਤੋਂ ਰਹਿਤ ਹੋ ਜਾਵਾਂ।

## ਹਾਰਿ; ਪਰਿਓ ਦੁਆਰਿ ॥

ਮੈ ਸਾਰੇ ਪਾਸੇ ਤੋਂ ਹਾਰਿ=ਥੱਕ ਕੇ ਆਪ ਜੀ ਦੇ ਸਤਸੰਗ ਦੁਆਰਿ=ਦਰਵਾਜ਼ੇ ਪਰ ਪਰਿਓ=ਪਿਆਂ ਹਾਂ। ਕਿਉਂਕਿ ਜਨਮ-ਮਰਣ ਤੇਰੇ ਤੋਂ ਬਿਨਾਂ ਹੋਰ ਕੋਈ ਨਿਵਾਰ ਨਹੀਂ ਸਕਦਾ। ਦੁਆਰਾ ਨਾਮ ਦਰਵਾਜ਼ੇ ਦਾ ਹੁੰਦਾ ਹੈ, ਜਿਵੇਂ ਮਹਿਲ ਦੇ ਅੰਦਰ ਪ੍ਰਵੇਸ਼ ਕਰਨ ਲਈ ਪਹਿਲਾਂ ਦੁਆਰ 'ਤੇ ਹੀ ਆਉਣਾ ਪੈਂਦਾ ਹੈ। ਸਰੂਪ ਰੂਪੀ ਮੰਦਰ ਵਿੱਚ ਪ੍ਰਵੇਸ਼ ਕਰਨ ਲਈ ਸਤਸੰਗ ਰੂਪ ਦਰਵਾਜ਼ੇ 'ਤੇ ਆਉਣਾ ਪੈਂਦਾ ਹੈ। ਸਤਸੰਗ ਰੂਪ ਦਰਵਾਜ਼ਾ ਹੀ ਪ੍ਰਮੇਸ਼ਰ ਨਾਲ ਮੇਲ ਕਰਾਉਂਦਾ ਹੈ। ਜੈਸਾ ਕਿ :

**੧. ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥**

[ਗੂਜਰੀ ਮਹਲਾ ੫, ਅੰਗ ੫੦੮]

**੨. ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥**

[ਧਨਾਸਰੀ ਮਹਲਾ ੫, ਅੰਗ ੬੭੫]

## ਗਹਿ ਚਰਨ; ਸਾਧੂ ਸੰਗ ॥
## ਮਨ ਮਿਸਟ; ਹਰਿ ਹਰਿ ਰੰਗ ॥

ਸਾਧੂ=ਨਿਰਮਲ ਕਰਮਾਂ ਵਾਲੇ ਸਤਪੁਰਸ਼ਾਂ ਦੇ ਸੰਗ=ਮਿਲਾਪ ਵਿੱਚ ਇਸਥਿਤ ਹੋ ਕੇ ਗੁਰੂ ਦੇ ਚਰਨ ਗਹਿ=ਪਕੜੇ ਹਨ। ਹਰਿ ਹਰਿ ਦਾ ਰੰਗ=ਪ੍ਰੇਮ ਮਨ ਵਿੱਚ ਮਿਸਟ=ਮਿੱਠਾ ਲੱਗਾ ਹੈ। ਜੈਸਾ ਕਿ :

**ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥ ਅਬ ਮੈ ਪੂਰਾ ਪਾਇਆ ॥**

[ਸੂਹੀ ਮਹਲਾ ੫, ਅੰਗ ੭੪੬]

## ਕਰਿ ਦਇਆ; ਲੇਹੁ ਲੜਿ ਲਾਇ ॥
## ਨਾਨਕਾ; ਨਾਮੁ ਧਿਆਇ ॥੧॥

ਹੇ ਵਾਹਿਗੁਰੂ ! ਦਇਆ=ਤਰਸ ਕਰਿ=ਕਰਕੇ ਨਾਮ ਰੂਪ ਲੜਿ=ਪੱਲੇ ਨਾਲ ਲਾਇ=ਲਗਾ ਲੇਹੁ=ਲਓ। ਗੁਰੂ ਜੀ ਕਥਨ ਕਰਦੇ ਹਨ। ਹੇ ਵਾਹਿਗੁਰੂ ! ਅਸੀਂ ਆਪ ਜੀ ਦੇ ਨਾਮ ਨੂੰ ਸਦਾ ਹੀ ਧਿਆਉਂਦੇ ਰਹੀਏ ॥੧॥

## ਦੀਨਾ ਨਾਥ ਦਇਆਲ ਮੇਰੇ ਸੁਆਮੀ; ਦੀਨਾ ਨਾਥ ਦਇਆਲ ॥

ਹੇ ਦੀਨਾ=ਗ਼ਰੀਬਾਂ ਦੇ ਨਾਥ=ਮਾਲਕ ਤੇ ਮੇਰੇ ਸੁਆਮੀ ! ਆਪ ਪਿੱਛੇ ਵੀ ਦਿਆਲੂ ਸੀ। ਹੇ ਦੀਨਾਂ ਦੇ ਨਾਥ= ਸੁਆਮੀ ! ਆਪ ਜੀ ਹੁਣ ਭੀ ਦਿਆਲੂ ਹੋ। ਭਾਵ ਇਸ ਲੋਕ ਦੇ ਵਿੱਚ ਹੀ ਗ਼ਰੀਬਾਂ 'ਤੇ ਦਿਆਲੂ, ਦਇਆ ਕਰਨ ਵਾਲੇ ਹੋ ਰਹੇ ਹੋ। ਪ੍ਰਲੋਕ ਦੇ ਵਿੱਚ ਭੀ ਦੀਨਾ=ਗ਼ਰੀਬਾਂ ਦੇ ਨਾਥ=ਮਾਲਕ ਰਖਿਅਕ ਸੁਆਮੀ=ਮਾਲਕ ਹੋ ਰਹੇ ਹੋ। ਜੈਸਾ ਕਿ :

**੧. ਦੀਨਾ ਨਾਥ ਕਰਣਾ ਪਤਿ ਸੁਆਮੀ ਅਨਾਥਾ ਕੇ ਨਾਥ ॥** [ਕੇਦਾਰਾ ਮਹਲਾ ੫, ਅੰਗ ੧੧੨੦]

**੨. ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥੧॥** [ਦੇਵਗੰਧਾਰੀ ਮਹਲਾ ੫, ਅੰਗ ੫੩੨]

**੩. ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ॥**
**ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥** [ਮਾਝ ਮਹਲਾ ੫, ਅੰਗ ੧੩੭]

## ਜਾਚਉ; ਸੰਤ ਰਵਾਲ ॥੧॥ਰਹਾਉ॥

ਮੈਂ ਆਪ ਜੀ ਦੇ ਪਾਸੋਂ ਆਪ ਜੀ ਦੇ ਸੰਤ=ਸ਼ਾਂਤ ਆਤਮਾ ਸਤ ਪੁਰਸ਼ਾਂ ਦੀ ਰਵਾਲ=ਚਰਣ ਧੂੜੀ ਜਾਚਉ=ਮੰਗਦਾ ਹਾਂ॥੧॥ਰਹਾਉ॥ ਜੈਸਾ ਕਿ :

**੧. ਸੇਵਉ ਸਾਧ ਸੰਤ ਚਰਨੇਰੈ ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥**
**ਅਠਸਠਿ ਮਜਨੁ ਮੈਲੁ ਕਟੇਰੈ ॥** [ਕਾਨੜਾ ਮਹਲਾ ੫, ਅੰਗ ੧੩੦੪]

**੨. ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥**
[ਗਉੜੀ ਮਹਲਾ ੫, ਅੰਗ ੧੮੧]

**੩. ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥**
[ਤਿਲੰਗ ਮਹਲਾ ੫, ਅੰਗ ੭੨੪]

## ਸੰਸਾਰੁ; ਬਿਖਿਆ ਕੂਪ ॥ ਤਮ ਅਗਿਆਨ; ਮੋਹਤ ਘੂਪ ॥

ਇਹ ਸੰਸਾਰ ਵਿਸ਼ਿਆਂ ਦਾ ਕੂਪ=ਖੂਹ ਹੈ। ਅਗਿਆਨ ਰੂਪ ਤਮ=ਹਨ੍ਹੇਰੇ ਕਰਕੇ ਤੇ ਮੋਹਤ=ਮੋਹ ਕਰਕੇ ਘੂਪ=ਗਾੜ੍ਹਾ ਹਨ੍ਹੇਰਾ ਹੋ ਰਿਹਾ ਹੈ। ਅਥਵਾ ਤਮ=ਅਤਿਸੈ ਭਾਵ ਵਿਸ਼ੇਸ਼ ਕਰਕੇ ਅਗਿਆਨ ਰੂਪੀ ਘੂਪ=ਗਾੜ੍ਹੇ ਹਨ੍ਹੇਰੇ ਕਰਕੇ ਮੈਂ ਮੋਹਤ=ਮੂਰਛਤ ਹੋ ਰਿਹਾ ਹਾਂ। ਭਾਵ ਬੇਹੋਸ਼ੀ ਦੀ ਹਾਲਤ ਵਿੱਚ ਹੋ ਰਿਹਾ ਹਾਂ ਸਰੂਪ ਦੀ ਕੋਈ ਸ਼ੁੱਧ-ਬੁੱਧ ਨਹੀਂ ਰਹੀ। ਜਿਵੇਂ ਮੂਰਛਤ ਪ੍ਰਾਣੀ ਸੁੱਧ-ਬੁੱਧ ਗਵਾ ਬੈਠਦਾ ਹੈ। ਮ੍ਰਿਤਕ ਪ੍ਰਾਣੀ ਨਾਲੋਂ ਸਿਰਫ਼ ਇਤਨਾ ਕੁ ਫ਼ਰਕ ਹੁੰਦਾ ਹੈ ਕਿ ਪ੍ਰਾਣ ਚਲਦੇ ਹਨ। ਇਸੇ ਤਰ੍ਹਾਂ ਸੰਸਾਰਕ ਜੀਵਨ ਚਲ ਰਿਹਾ ਹੈ। ਆਪਣੇ ਸਰੂਪ ਦੀ ਹੋਸ਼ ਹਵਾਸ ਨਹੀਂ ਰਹੀ ਹੈ। ਸਰੂਪ ਵਲੋਂ ਮੋਹਤ=ਮੂਰਛਤ ਹੋ ਰਿਹਾ ਹਾਂ। ਜੈਸਾ ਕਿ :

**੧. ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਦੇਸੁ ਨ ਬੂਝ ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥**
[ਗਉੜੀ ਰਵਿਦਾਸ ਜੀ, ਅੰਗ ੩੪੬]

**੨. ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥**
**ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰਬਾਰ ॥੧॥** [ਸਾਰਗ ਮਹਲਾ ੫, ਅੰਗ ੧੨੨੩]

## ਗਹਿ ਭੁਜਾ; ਪ੍ਰਭ ਜੀ ਲੇਹੁ ॥
## ਹਰਿ; ਨਾਮੁ ਅਪੁਨਾ ਦੇਹੁ ॥

ਹੇ ਪ੍ਰਭ=ਪ੍ਰਮੇਸ਼ਰ ਜੀ! ਆਪ ਮੇਰੀ ਬੁੱਧੀ ਰੂਪ ਬਾਂਹ ਨੂੰ ਫੜ ਲਓ। ਅਤੇ ਆਪਣਾ ਹਰੀ ਨਾਮ ਦੇਣਾ ਕਰੋ। ਜੈਸਾ ਕਿ :

**੧. ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ ॥**
[ਆਸਾ ਮਹਲਾ ੫, ਅੰਗ ੪੬੨]

**੨. ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥**
**ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥** [ਜੈਤਸਰੀ ਮਹਲਾ ੫, ਅੰਗ ੭੦੫]

**੩. ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ ॥** [ਮਲਾਰ ਮਹਲਾ ੫, ਅੰਗ ੧੨੭੮]

## *ਪ੍ਰਭ; ਤੁਝ ਬਿਨਾ ਨਹੀ ਠਾਉ ॥*
## *ਨਾਨਕਾ; ਬਲਿ ਬਲਿ ਜਾਉ ॥੨॥*

ਹੇ ਪ੍ਰਭ=ਪ੍ਰਮੇਸ਼ਰ ਜੀ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਠਾਉ=ਆਸਰਾ ਨਹੀਂ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ਵਾਹਿਗੁਰੂ! ਮੈਂ ਆਪ ਜੀ ਤੋਂ ਬਲਿਹਾਰ, ਕੁਰਬਾਨ ਜਾਂਦਾ ਹਾਂ, **ਵਾ:** ਮਨ ਕਰਕੇ ਅਤੇ ਬਾਣੀ ਕਰਕੇ ਬਲਿਹਾਰ ਜਾਂਦਾ ਹਾਂ॥੨॥ ਜੈਸਾ ਕਿ:

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥**
**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ॥**

[ਸੂਹੀ ਮਹਲਾ ੪, ਅੰਗ ੭੩੫]

## *ਲੋਭਿ ਮੋਹਿ ਬਾਧੀ; ਦੇਹ ॥*
## *ਬਿਨੁ ਭਜਨ; ਹੋਵਤ ਖੇਹ ॥*

ਪਦਾਰਥਾਂ ਦੇ ਜੋੜਨ ਦੇ ਲੋਭ ਵਿੱਚ ਤੇ ਸੰਬੰਧੀਆਂ ਦੇ ਮੋਹ ਵਿੱਚ ਦੇਹ ਬਾਧੀ=ਬੰਨੀ ਹੋਈ ਹੈ। ਜੋ ਭਜਨ ਸਿਮਰਨ ਤੋਂ ਬਿਨਾਂ ਖੇਹ=ਮਿੱਟੀ ਹੁੰਦੀ ਜਾ ਰਹੀ ਹੈ। ਜੈਸਾ ਕਿ:

੧. **ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥**
**ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ ॥**

[ਬਿਹਾਗੜਾ ਮਹਲਾ ੫, ਅੰਗ ੫੪੭]

੨. **ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥**
**ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥** [ਜੈਤਸਰੀ ਮਹਲਾ ੫, ਅੰਗ ੭੦੫]

## *ਜਮਦੂਤ; ਮਹਾ ਭਇਆਨ ॥*
## *ਚਿਤ ਗੁਪਤ; ਕਰਮਹਿ ਜਾਨ ॥*

ਧਰਮਰਾਜ ਦੇ ਦੂਤ ਮਹਾ=ਬਹੁਤ ਭਇਆਨ=ਭਿਆਨਕ ਹਨ। ਚਿਤ=ਚਿੱਤਰ ਅਤੇ ਗੁਪਤ ਇਸਦੇ ਕਰਮਹਿ=ਕਰਮਾਂ ਨੂੰ ਜਾਨ=ਜਾਣਦੇ ਹਨ। ਜੈਸਾ ਕਿ:

**ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥**

[ਸੋਰਠਿ ਮਹਲਾ ੫, ਅੰਗ ੬੧੬]

## *ਦਿਨੁ ਰੈਨਿ; ਸਾਖਿ ਸੁਨਾਇ ॥*
## *ਨਾਨਕਾ; ਹਰਿ ਸਰਨਾਇ ॥੩॥*

ਦਿਨ-ਰਾਤ ਦੇ ਕੀਤੇ ਕਰਮਾਂ ਦੀ ਸਾਖਿ=ਗਵਾਹੀ ਧਰਮਰਾਜਾ ਨੂੰ ਸੁਣਾਉਂਦੇ ਹਨ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਇਸ ਲਈ ਹੇ ਵਾਹਿਗੁਰੂ! ਮੈਂ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ॥੩॥ ਜੈਸਾ ਕਿ:

**ਦਿਨੁ ਰਾਤਿ ਕਮਾਇੜੋ ਸੋ ਆਇਓ ਮਾਥੈ ॥**
**ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥** [ਆਸਾ ਮਹਲਾ ੫, ਅੰਗ ੪੬੧]

## ਭੈ ਭੰਜਨਾ; ਮੁਰਾਰਿ ॥ ਕਰਿ ਦਇਆ; ਪਤਿਤ ਉਧਾਰਿ ॥

ਹੇ ਭੈ=ਡਰ ਦੇ ਭੰਜਨਾ=ਨਾਸ਼ ਕਰਨ ਵਾਲੇ ਮੁਰਾਰਿ=ਪ੍ਰਮੇਸ਼ਰ ਮੁਰਦੈਂਤ ਦੇ ਮਾਰਨ ਵਾਲੇ ਮੁਰਾਰੀ ਪਰਮੇਸ਼ਰ! ਵਾ (ਮੁਰ+ਆਰੀ) ਅਗਿਆਨ ਰੂਪ ਮੁਰਦੈਤ ਦੇ ਆਰੀ=ਦੁਸ਼ਮਣ ਭਾਵ ਮੁਰ ਦੈਂਤ ਨੂੰ ਮਾਰਨ ਵਾਲੇ ਮੁਰਾਰੀ ਅਕਾਲ ਪੁਰਖ! ਦਇਆ ਕਰਕੇ ਮੈਂ ਪਤਿਤ ਪਾਪੀ ਨੂੰ ਉਧਾਰਿ=ਤਾਰ ਲੈਣਾ ਕਰੋ। ਜੈਸਾ ਕਿ :

**੧. ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥੨੦॥**

[ਰਾਮਕਲੀ ਮਹਲਾ ੩, ਅੰਗ ੯੧੦]

**੨. ਅਟਲ ਪਦਾਰਥੁ ਪਾਇਆ ॥ ਭੈ ਭੰਜਨ ਕੀ ਸਰਣਾਇਆ ॥** [ਮਾਝ ਮਹਲਾ ੫, ਅੰਗ ੧੩੨]

## ਮੇਰੇ ਦੋਖ; ਗਨੇ ਨ ਜਾਹਿ ॥ ਹਰਿ ਬਿਨਾ; ਕਤਹਿ ਸਮਾਹਿ ॥

ਹੇ ਵਾਹਿਗੁਰੂ ! ਮੇਰੇ ਵਿੱਚ ਇਤਨੇ ਦੋਖ=ਦੋਸ਼ ਹਨ ਜੋ ਗਨੇ=ਗਿਣੇ ਨ=ਨਹੀਂ ਜਾਹਿ=ਜਾਂਦੇ। ਹੇ ਹਰਿ=ਵਾਹਿਗੁਰੂ ! ਆਪ ਜੀ ਤੋਂ ਬਿਨਾਂ ਮੇਰੀ ਹੋਰ ਕਤਹਿ=ਕਿਥੇ ਸਮਾਹਿ=ਸਮਾਹੀ ਹੋ ਸਕਦੀ ਹੈ। ਭਾਵ ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਟਿਕਾਣਾ ਨਹੀਂ ਹੈ। ਜੈਸਾ ਕਿ :

**੧. ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥**
**ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥**

[ਸਲੋਕ ਮਹਲਾ ੩, ਅੰਗ ੧੪੧੬]

**੨. ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗੁਣ ਹਮਾਰੇ ॥**
**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥**

[ਗਉੜੀ ਮਹਲਾ ੧, ਅੰਗ ੧੫੬]

## ਗਹਿ ਓਟ; ਚਿਤਵੀ ਨਾਥ ॥ ਨਾਨਕਾ; ਦੇ ਰਖੁ ਹਾਥ ॥੪॥

ਹੇ ਨਾਥ=ਸੁਆਮੀ ਵਾਹਿਗੁਰੂ ਜੀ! ਆਪ ਜੀ ਦੀ ਓਟ=ਟੇਕ ਦਾ ਆਸਰਾ ਗਹਿ=ਪ੍ਰਾਪਤ ਕੀਤਾ ਹੈ। ਚਿਤਵੀ=ਤੇਰੀ ਕਰਨੀ ਚੇਤੇ ਕਰਕੇ ਇਹ ਬੇਨਤੀ ਕੀਤੀ ਹੈ, ਹੇ ਵਾਹਿਗੁਰੂ ! ਮੈਨੂੰ ਹੱਥ ਦੇ ਕੇ ਰੱਖਣਾ ਕਰ, **ਵਾ**:ਕਿਰਪਾ ਰੂਪੀ ਹੱਥ ਦੇ ਕੇ ਰੱਖਣਾ ਕਰ। ਜੈਸਾ ਕਿ :

**੧. ਓਟਿ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥** [ਗਉੜੀ ਮਹਲਾ ੫, ਅੰਗ ੨੧੮]

**੨. ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥੯॥** [ਅੰਗ ੧੩੮੯]

## ਹਰਿ ਗੁਣ ਨਿਧੇ; ਗੋਪਾਲ ॥ ਸਰਬ ਘਟ; ਪ੍ਰਤਿਪਾਲ ॥

ਹੇ ਗੋ=ਧਰਤੀ ਦੀ ਪਾਲ=ਪਾਲਣਾ ਕਰਨ ਵਾਲੇ ਹਰਿ=ਪਰਮੇਸ਼ਰ ! ਆਪ ਜੀ ਸ੍ਰੇਸ਼ਟ ਗੁਣਾਂ ਦੇ ਨਿਧੇ=ਖ਼ਜ਼ਾਨਾ ਭਾਵ ਸ੍ਰੇਸ਼ਟ ਗੁਣਾਂ ਦੇ ਸਮੁੰਦਰ ਰੂਪ ਹੋ। ਹੇ ਪ੍ਰਮੇਸ਼ਰ ! ਆਪ ਸਰਬ=ਸਾਰਿਆਂ ਘਟ=ਘਟਾਂ ਪ੍ਰਤਿਪਾਲ (ਪ੍ਰਤਿ+ਪਾਲ) ਪ੍ਰਤਿ=ਤਾਈਂ ਪਾਲ=ਪਾਲਣ ਕਰਨ ਵਾਲੇ ਹੋ। ਜੈਸਾ ਕਿ :

**੧. ਅਨਾਥ ਨਾਥ ਗੋਬਿੰਦ ਗੁਪਾਲ ॥**
**ਸਰਬ ਘਟਾ ਕਰਤ ਪ੍ਰਤਿਪਾਲ ॥** [ਗਉੜੀ ਮਹਲਾ ੫, ਅੰਗ ੨੯੦]

**੨. ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ ॥**

[ਮਾਰੂ ਮਹਲਾ ੧, ਅੰਗ ੧੦੨੭]

## ਮਨਿ ਪ੍ਰੀਤਿ; ਦਰਸਨ ਪਿਆਸ ॥ ਗੋਬਿੰਦ; ਪੂਰਨ ਆਸ ॥

ਹੇ ਵਾਹਿਗੁਰੂ ! ਮੇਰੇ ਮਨਿ=ਚਿੱਤ ਵਿੱਚ ਆਪ ਜੀ ਦੀ ਪ੍ਰੀਤੀ ਅਤੇ ਆਪ ਜੀ ਦੇ ਦਰਸ਼ਨਾਂ ਦੀ ਪਿਆਸ=ਚਾਹਤ ਲੱਗੀ ਹੋਈ ਹੈ। ਹੇ ਗੋਬਿੰਦ ! ਆਪ ਮੇਰੀ ਆਸ=ਉਮੀਦ ਪੂਰਨ ਕਰੋ। ਆਸ ਉਸ ਅਵਸਥਾ ਦਾ ਨਾਮ ਹੈ ਜਦੋਂ ਕੋਈ ਪਦਾਰਥ ਪ੍ਰਾਪਤੀ ਦੇ ਮਿਲਾਪ ਦੀ ਚਾਹਤ ਚਿੱਤ ਵਿੱਚ ਹੋਵੇ। ਪਰ ਮਿਲਿਆ ਨਾ ਹੋਵੇ ਉਸਨੂੰ ਆਸ ਕਹਿੰਦੇ ਹਨ। ਜੈਸਾ ਕਿ :

**੧. ਰਾਮ ਹਉ ਕਿਆ ਜਾਨਾ ਕਿਆ ਭਾਵੈ ॥ ਮਨਿ ਪਿਆਸ ਬਹੁਤੁ ਦਰਸਾਵੈ ॥**

[ਨਟ ਮਹਲਾ ੫, ਅੰਗ ੯੭੮]

**੨. ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥**
**ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥** [ਗਉੜੀ ਕਬੀਰ ਜੀ ਅੰਗ ੩੩੭]

## ਇਕ ਨਿਮਖ; ਰਹਨੁ ਨ ਜਾਇ ॥ ਵਡਭਾਗਿ; ਨਾਨਕ ਪਾਇ ॥੫॥

ਹੇ ਵਾਹਿਗੁਰੂ ! ਆਪ ਜੀ ਤੋਂ ਬਿਨਾਂ ਇੱਕ ਨਿਮਖ=ਪਲਕ ਮਾਤਰ ਭਾਵ ਜਦੋਂ ਅੱਖਾਂ ਦੀਆਂ ਪਲਕਾਂ ਇਕ-ਦੂਜੀ ਨੂੰ ਮਿਲਦੀਆਂ ਹਨ ਉਹ ਬਾਰ-ਬਾਰ ਮਿਲਣ ਤੋਂ ਇੱਕ-ਇੱਕ ਨਿਮਖ ਸਮੇਂ ਦਾ ਭਾਵ ਲਿਆ ਹੈ। ਨਮੇਖ ਤੋਂ ਹੀ ਨਿਮਖ ਪਦ ਬਣਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਵਡਭਾਗੀਆਂ ਨੇ ਆਪ ਜੀ ਨੂੰ ਪਾਇ=ਪਾਇਆ ਹੈ ॥੫॥ ਜੈਸਾ ਕਿ :

**ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥**

[ਬਸੰਤ ਮਹਲਾ ੩, ਅੰਗ ੧੧੭੨]

ਅਗਲੀਆਂ ਪਉੜੀਆਂ ਵਿੱਚ ਦ੍ਰਿਸ਼ਟਾਂਤ ਦੇ ਕੇ ਪ੍ਰੀਤੀ ਦਾ ਵਰਨਣ ਕਰਦੇ ਹਨ।

## ਪ੍ਰਭ; ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ; ਚੰਦ ਚਕੋਰ ॥

ਹੇ ਪ੍ਰਭ=ਵਾਹਿਗੁਰੂ ! ਤੁਝ=ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਭੀ ਪਿਆਰਾ ਨਹੀਂ ਲਗਦਾ ਹੈ। ਜਿਵੇਂ ਚਕੋਰ ਨੂੰ ਚੰਦਰਮਾਂ ਤੋਂ ਬਿਨਾਂ ਹੋਰ ਕੋਈ ਪਿਆਰਾ ਨਹੀਂ ਹੁੰਦਾ ਚਕੋਰ ਦੇ ਮਨ ਵਿੱਚ ਚੰਦਰਮਾਂ ਦੀ ਹੀ ਪ੍ਰੀਤੀ ਹੁੰਦੀ ਹੈ ਇਸੇ ਤਰ੍ਹਾਂ ਮੇਰੇ ਮਨ ਵਿੱਚ ਆਪ ਜੀ ਦੀ ਹੀ ਪ੍ਰੀਤੀ ਹੈ। ਜੈਸਾ ਕਿ :

**ਚੰਦ ਚਕੋਰ ਪਰੀਤਿ ਹੈ ਜਗਮਗ ਜੋਤਿ ਉਦੋਤੁ ਕਰੰਦਾ ॥**

[ਭਾਈ ਗੁਰਦਾਸ ਜੀ ਵਾਰ ੧੧, ਪਉੜੀ ੭]

## ਜਿਉ ਮੀਨ; ਜਲ ਸਿਉ ਹੇਤੁ ॥

ਜਿਵੇਂ ਮੀਨ=ਮੱਛੀ ਦਾ ਜਲ=ਪਾਣੀ ਦੇ ਨਾਲ ਹੇਤੁ=ਪ੍ਰੇਮ ਹੈ।

## ਅਲਿ ਕਮਲ; ਭਿੰਨੁ ਨ ਭੇਤੁ ॥

ਜਿਵੇਂ ਅਲਿ=ਭੌਰੇ ਦਾ ਕਮਲ ਫੁੱਲ ਨਾਲੋਂ ਕੋਈ ਭਿੰਨ ਭੇਦ ਨਹੀਂ ਹੈ ਪ੍ਰੀਤੀ ਵਿੱਚ ਇੱਕ ਰੂਪ ਹੋ ਜਾਂਦਾ ਹੈ।

## ਜਿਉ ਚਕਵੀ; ਸੂਰਜ ਆਸ ॥ ਨਾਨਕ; ਚਰਨ ਪਿਆਸ ॥੬॥

ਜਿਵੇਂ ਚਕਵੀ ਨੂੰ ਸੂਰਜ ਦੀ ਆਸ ਹੈ ਸਤਿਗੁਰੂ ਜੀ ਕਥਨ ਕਰਦੇ ਹਨ, ਹੇ ਵਾਹਿਗੁਰੂ ! ਇਸੇ ਤਰ੍ਹਾਂ ਮੇਰੇ ਮਨ ਵਿੱਚ ਆਪ ਜੀ ਦੇ ਚਰਨਾਂ ਦੀ, **ਵਾ:** ਦਰਸਨਾਂ ਦੀ ਪਿਆਸ ਹੈ ॥੬॥ ਜੈਸਾ ਕਿ :

**੧. ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥**
**ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥**
**ਨੇਹ ਕਵਲ ਜਲ ਜਾਣੀਐ ਖਿੜਿ ਮਹੁ ਵੇਖਾਲੇ॥** [ਭਾਈ ਗੁਰਦਾਸ ਜੀ ਵਾਰ ੨੭, ਪਉੜੀ ੪]

**੨. ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥੧੨॥**
[ਵਾਰ ਜੈਤਸਰੀ ਮਹਲਾ ੫, ਅੰਗ ੭੦੮]

## *ਜਿਉ ਤਰੁਨਿ; ਭਰਤ ਪਰਾਨ॥*

ਜਿਵੇਂ ਤਰੁਨਿ=ਜਵਾਨ ਅਵਸਥਾ ਵਾਲੀ (ਪਤੀਬ੍ਰਤਾ) ਇਸਤਰੀ ਨੂੰ ਆਪਨਾ ਪਤੀ ਪ੍ਰਾਨ ਰੂਪ ਹੈ। ਭਾਵ ਪ੍ਰਾਣਾਂ ਦੀ ਨਿਆਈਂ ਪਿਆਰਾ ਹੈ। ਜੈਸਾ ਕਿ :

**ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥੩॥**
[ਧਨਾਸਰੀ ਨਾਮਦੇਵ ਜੀ, ਅੰਗ ੬੯੩]

## *ਜਿਉ ਲੋਭੀਐ; ਧਨੁ ਦਾਨੁ॥*

ਜਿਵੇਂ ਲੋਭੀ ਪੁਰਸ਼ ਨੂੰ ਧਨ ਦਾ ਦਾਨ ਦਿੱਤਾ ਜਾਵੇ ਤਾਂ ਉਹ ਆਨੰਦ ਸਹਿਤ ਹੁੰਦਾ ਹੈ, **ਵਾ:** ਜਿਵੇਂ ਲੋਭੀ ਪੁਰਸ਼ ਧਨ ਨੂੰ ਹੀ ਪ੍ਰਾਣ ਰੂਪ ਦਾਨੁ=ਜਾਣਦਾ ਹੈ। ਜੈਸਾ ਕਿ :

**੧. ਲੋਭੀ ਅਨਦੁ ਕਰੈ ਪੇਖਿ ਧਨਾ॥** [ਗਉੜੀ ਮਹਲਾ ੫, ਅੰਗ ੧੯੮]

**੨. ਲੋਭੀ ਨਰੁ ਧਨ ਕਾ ਹਿਤਕਾਰੀ॥** [ਭੈਰਉ ਨਾਮਦੇਵ ਜੀ, ਅੰਗ ੧੧੬੪]

## *ਜਿਉ; ਦੂਧ ਜਲਹਿ ਸੰਜੋਗੁ॥*

ਜਿਵੇਂ ਦੁੱਧ ਦਾ ਪਾਣੀ ਨਾਲ ਤੇ ਪਾਣੀ ਦਾ ਦੁੱਧ ਨਾਲ ਸੰਜੋਗ ਹੁੰਦਾ ਹੈ ਭਾਵ ਦੋਹਾਂ ਦੀ ਪ੍ਰੀਤੀ ਹੈ। ਜੈਸਾ ਕਿ :

**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥**
**ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥** [ਸਿਰੀਰਾਗੁ ਮਹਲਾ ੧, ਅੰਗ ੬੦]

## *ਜਿਉ ਮਹਾ ਖੁਧਿਆਰਥ; ਭੋਗੁ॥*

ਜਿਵੇਂ ਖੁਧਿਆਰਥ=ਭੁਖ ਕਰਕੇ ਵੱਡਾ ਦੁਖੀ ਪੁਰਸ਼ ਭੋਗ=ਪਦਾਰਥਾਂ ਦੇ ਖਾਣ ਵਿੱਚ ਪ੍ਰੀਤੀ ਕਰਦਾ ਹੈ। ਜੈਸਾ ਕਿ :

**ਜੈਸੀ ਭੂਖੇ ਪ੍ਰੀਤਿ ਅਨਾਜ॥** [ਭੈਰਉ ਨਾਮਦੇਵ ਜੀ, ਅੰਗ ੧੧੬੪]

## *ਜਿਉ ਮਾਤ; ਪੂਤਹਿ ਹੇਤੁ॥*

ਜਿਵੇਂ ਮਾਤ=ਮਾਂ ਦਾ ਪੁੱਤਰ ਨਾਲ ਹੇਤੁ=ਪਿਆਰ ਹੁੰਦਾ ਹੈ। ਜੈਸਾ ਕਿ :

**ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥** [ਭੈਰਉ ਨਾਮਦੇਵ ਜੀ, ਅੰਗ ੧੧੬੪]

## ਹਰਿ ਸਿਮਰਿ; ਨਾਨਕ ਨੇਤ ॥੭॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਉਪਰ ਪ੍ਰੀਤੀ ਦੇ ਦ੍ਰਿਸ਼ਟਾਂਤ ਕਥਨ ਕੀਤੇ ਹਨ ਇਸੇ ਤਰ੍ਹਾਂ ਹੇ ਹਰਿ=ਪ੍ਰਮੇਸ਼ਰ! ਮੈਂ ਆਪ ਜੀ ਨੂੰ ਨੇਤ=ਨਿਤਾਪ੍ਰਤੀ ਸਿਮਰਦਾ ਹਾਂ॥੭॥ ਜੈਸਾ ਕਿ:

**ਅਚਰਜੁ ਤੇਰੀ ਵਡਿਆਈ॥ ਨਿਤ ਨਾਨਕ ਨਾਮੁ ਧਿਆਈ॥** [ਸੋਰਠਿ ਮਹਲਾ ੫, ਅੰਗ ੬੩੦]

## ਜਿਉ ਦੀਪ; ਪਤਨ ਪਤੰਗ ॥

ਜਿਵੇਂ ਦੀਵੇ ਉੱਤੇ ਪਤੰਗਾ ਆਸ਼ਕ ਹੋ ਕੇ ਪਤਨ=ਡਿੱਗਦਾ ਹੈ। ਭਾਵ ਪਤੰਗ ਦੀਵੇ 'ਤੇ ਡਿੱਗ ਕੇ ਮਰ ਜਾਂਦਾ ਹੈ ਪਰ ਪ੍ਰੀਤੀ ਨਹੀਂ ਤੋੜਦਾ। ਜੈਸਾ ਕਿ:

**ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ॥** [ਭਾਈ ਗੁਰਦਾਸ ਵਾਰ ੨੭, ਪਉੜੀ ੩]

## ਜਿਉ ਚੋਰੁ; ਹਿਰਤ ਨਿਸੰਗ ॥

ਜਿਵੇਂ ਚੋਰ ਨਿਸੰਕ ਹੋ ਕੇ ਪਰਾਏ ਧਨ ਨੂੰ ਹਿਰਤ=ਚੁਰਾਉਂਦਾ ਹੈ।

## ਮੈਗਲਹਿ; ਕਾਮੈ ਬੰਧੁ ॥

ਜਿਵੇਂ ਮੈਗਲਹਿ=ਹਾਥੀ ਕਾਮ ਦੇ ਵੱਸ ਹੋਇਆ ਬੰਧੁ=ਬੰਨ੍ਹਿਆ ਜਾਂਦਾ ਹੈ। **ਵਾ:** ਹਾਥੀ ਕਾਮ ਵਿੱਚ ਬੱਧਾ ਹੋਇਆ ਟੋਏ ਵਿੱਚ ਡਿੱਗ ਪੈਂਦਾ ਹੈ। ਜੈਸਾ ਕਿ:

**ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ॥** [ਭਾਈ ਗੁਰਦਾਸ ਵਾਰ ੨੭, ਪਉੜੀ ੩]

## ਜਿਉ ਗ੍ਰਸਤ; ਬਿਖਈ ਧੰਧੁ ॥

ਜਿਵੇਂ ਗ੍ਰਿਹਸਤੀ ਵਿਸ਼ਿਆਂ ਦੇ ਧੰਧਿਆਂ ਵਿੱਚ ਫਸਿਆ ਰਹਿੰਦਾ ਹੈ।

## ਜਿਉ ਜੂਆਰ; ਬਿਸਨੁ ਨ ਜਾਇ ॥

ਜਿਵੇਂ ਜੂਆਰੀਏ ਨੂੰ ਜੂਆ ਬਿਸਨੁ=ਵਿਸਰ ਨਹੀਂ ਜਾਂਦਾ, ਭਾਵ ਭੁਲਦਾ ਨਹੀਂ। **ਵਾ:** ਜੂਏ ਖੇਡਣ ਦਾ ਬਿਸਨੁ=ਵਿਸ਼ਾ ਨਹੀਂ ਜਾਂਦਾ। ਜਿਸ ਤਰ੍ਹਾਂ ਇੱਕ ਜੂਆਰੀਆ ਸੀ ਉਸ ਦੀ ਮਾਤਾ ਕਈ ਦਿਨ ਬਿਮਾਰ ਰਹੀ ਪਰ ਜੁਆਰੀਆ ਜੂਆ ਖੇਡਣ ਵਿੱਚ ਮਸਤ ਰਿਹਾ ਤੇ ਮਾਤਾ ਦੀ ਸੰਭਾਲ ਨਹੀਂ ਕੀਤੀ। ਆਖ਼ੀਰ ਮਾਤਾ ਮਰ ਗਈ ਪਰ ਉਸ ਨੇ ਜੂਆ ਨਹੀਂ ਤਿਆਗਿਆ।

## ਹਰਿ ਨਾਨਕ; ਇਹੁ ਮਨੁ ਲਾਇ ॥੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਤਰ੍ਹਾਂ ਉਪਰਲੇ ਕਹੇ ਜੀਵਾਂ ਨੇ ਆਪਣੇ-ਆਪਣੇ ਕਰਮ ਨਾਲ ਪ੍ਰੀਤੀ ਲਾਈ ਹੈ, ਇਸੇ ਤਰ੍ਹਾਂ ਮੈਂ ਇਹ ਮਨ ਹਰੀ ਨਾਮ ਜਪਣ ਵਿੱਚ ਲਗਾਇਆ ਹੈ।

## ਕੁਰੰਕ; ਨਾਦੈ ਨੇਹੁ ॥

ਜਿਵੇਂ ਕੁਰੰਕ=ਹਿਰਨ ਦਾ ਘੰਡੇ ਹੇੜੇ ਦੇ ਨਾਦੈ=ਸ਼ਬਦ ਨਾਲ ਨੇਹੁ=ਪ੍ਰੇਮ ਹੈ। ਜੈਸਾ ਕਿ:

**ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਉਜਾੜੀ॥** [ਭਾਈ ਗੁਰਦਾਸ ਵਾਰ ੨੭, ਪਉੜੀ ੩]

## ਚਾਤ੍ਰਿਕੁ; ਚਾਹਤ ਮੇਹੁ ॥

ਜਿਵੇਂ ਚਾਤ੍ਰਿਕੁ=ਪਪੀਹਾ ਬੱਦਲਾਂ ਦੀ ਵਰਖਾ ਵਿੱਚ ਸ੍ਵਾਂਤੀ ਬੂੰਦ ਨੂੰ ਚਾਹੁੰਦਾ ਹੈ। ਜੈਸਾ ਕਿ :

**ਚਾਤ੍ਰਿਕ ਚਿਤਵਤ ਬਰਸਤ ਮੇਂਹ॥** [ਜੈਤਸਰੀ ਮਹਲਾ ੫, ਅੰਗ ੭੦੨]

## ਜਨ ਜੀਵਨਾ; ਸਤਸੰਗਿ ॥ ਗੋਬਿਦੁ; ਭਜਨਾ ਰੰਗਿ ॥

ਤਿਵੇਂ ਪ੍ਰਮੇਸ਼ਰ ਦੇ ਜਨ=ਦਾਸਾਂ ਦਾ ਜੀਵਨਾ=ਜਿਉਣਾ ਸੰਤਾਂ ਦੇ ਸਤਸੰਗਿ ਵਿੱਚ ਹੈ, ਕਿਉਂਕਿ ਉਨ੍ਹਾਂ ਨੂੰ (ਗੋ+ਬਿਦੁ) ਗੋ=ਧਰਤੀ ਦੀ ਬਿਦੁ=ਪਾਲਣਾ ਕਰਨ ਵਾਲੇ ਪ੍ਰਮੇਸ਼ਰ ਦੇ ਭਜਨ ਦਾ ਰੰਗਿ=ਪ੍ਰੇਮ ਲਗਿਆ ਹੈ।

## ਰਸਨਾ ਬਖਾਨੈ; ਨਾਮੁ ॥ ਨਾਨਕ; ਦਰਸਨ ਦਾਨੁ ॥੯॥

ਹੇ ਪ੍ਰਮੇਸ਼ਰ! ਮੈਂ ਆਪ ਜੀ ਦੇ ਨਾਮ ਨੂੰ ਰਸਨਾ ਨਾਲ ਕਥਨ ਕਰਦਾ ਹਾਂ। ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਮੈਨੂੰ ਦਰਸ਼ਨਾਂ ਦਾ ਦਾਨ ਦੇਣਾ ਕਰੋ, **ਵਾ:** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਮੇਸ਼ਰ ਮੈਨੂੰ ਰਸਨਾ ਨਾਲ ਨਾਮ ਨੂੰ ਕਥਨ ਕਰਨ ਦਾ ਅਤੇ ਦਰਸ਼ਨਾਂ ਦਾ ਦਾਨ ਦੇਣਾ ਕਰੋ॥੯॥

## ਗੁਨ ਗਾਇ; ਸੁਨਿ ਲਿਖਿ ਦੇਇ ॥ ਸੋ ਸਰਬ ਫਲ; ਹਰਿ ਲੇਇ ॥

ਜੋ ਪੁਰਸ਼ ਪ੍ਰਭੂ ਦੇ ਗੁਣਾਂ ਨੂੰ ਗਾਉਂਦਾ ਹੈ, ਸੁਣਦਾ ਹੈ ਅਤੇ ਆਪਣੇ ਹੱਥਾਂ ਨਾਲ ਲਿਖਕੇ ਹੋਰਾਂ ਨੂੰ ਦਿੰਦਾ ਹੈ। **ਵਾ:** ਜੋ ਪੁਰਸ਼ ਪ੍ਰਭੂ ਦੇ ਗੁਣ ਗਾਉਣ, ਸੁਨਣ ਅਤੇ ਲਿਖਣ ਵਿੱਚ ਆਪਣਾ ਮਨ ਦਿੰਦਾ ਹੈ। ਉਹ ਪੁਰਸ਼ ਹਰਿ=ਪ੍ਰਮੇਸ਼ਰ ਪਾਸੋਂ ਸਾਰੇ ਫਲ ਪਾ ਲੈਂਦਾ ਹੈ।

## ਕੁਲ ਸਮੂਹ; ਕਰਤ ਉਧਾਰੁ ॥ ਸੰਸਾਰੁ; ਉਤਰਸਿ ਪਾਰਿ ॥

ਨਾਮ ਜਪਣ ਵਾਲਾ ਆਪਣੀ ਸਾਰੀ ਕੁਲ ਦਾ ਉਧਾਰ ਕਰ ਲੈਂਦਾ ਹੈ ਅਤੇ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ।

## ਹਰਿ ਚਰਨ; ਬੋਹਿਥ ਤਾਹਿ ॥ ਮਿਲਿ ਸਾਧਸੰਗਿ; ਜਸੁ ਗਾਹਿ ॥

ਹਰਿ=ਪਰਮੇਸ਼ਰ ਦੇ ਚਰਨ ਰੂਪ ਬੋਹਿਥ=ਜਹਾਜ਼ ਦੀ ਤਾਹਿ=ਉਸ ਨੂੰ ਪ੍ਰਾਪਤੀ ਹੁੰਦੀ ਹੈ, ਜੋ ਸੰਤਾਂ ਦੇ ਸੰਗ ਵਿੱਚ ਮਿਲਕੇ ਪ੍ਰਮੇਸ਼ਰ ਦੇ ਜਸ ਨੂੰ ਗਾਉਂਦਾ ਹੈ।

## ਹਰਿ ਪੈਜ ਰਖੈ; ਮੁਰਾਰਿ ॥ ਹਰਿ ਨਾਨਕ; ਸਰਨਿ ਦੁਆਰਿ ॥੧੦॥੨॥

ਮੁਰਾਰੀ=ਅਗਿਆਨ ਰੂਪ ਮੁਰ ਦੈਂਤ ਤੇ ਆਰੀ=ਦੁਸ਼ਮਣ ਭਾਵ ਅਗਿਆਨ ਦੇ ਨਾਸ਼ ਕਰਨ ਵਾਲਾ ਹਰਿ=ਪ੍ਰਭੂ ਪ੍ਰਮੇਸ਼ਰ ਆਪ ਉਸਦੀ ਲੋਕ ਪ੍ਰਲੋਕ ਵਿੱਚ ਪੈਜ=ਇੱਜ਼ਤ ਰੱਖਦਾ ਹੈ। ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਜਗਿਆਸੂ ਹਰਿ=ਪ੍ਰਮੇਸ਼ਰ ਦੇ ਸਤਸੰਗਤਿ ਰੂਪੀ ਦੁਆਰੇ ਦੀ ਸ਼ਰਨ ਵਿੱਚ ਪਿਆ ਹੈ॥੧੦॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥!

ਮੁਖਵਾਕ ਨੰਬਰ ੧੯੮ [ਆਦਿ ਅੰਗ ੮੩੮]

***ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ ੴ ਸਤਿਗੁਰ ਪ੍ਰਸਾਦਿ ॥ ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ ਗੁਰਪਰਸਾਦਿ ਪਰਮਪਦੁ ਪਾਈ ॥੧॥ ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ਰਹਾਉ॥ ਦੂਜੈ ਭਾਇ ਲਗੇ ਪਛੁਤਾਣੇ ॥ ਜਮ ਦਰਿ ਬਾਧੇ ਆਵਣ ਜਾਣੇ ॥ ਕਿਆ ਲੈ ਆਵਹਿ ਕਿਆ ਲੇ ਜਾਹਿ ॥ ਸਿਰਿ ਜਮਕਾਲੁ ਸਿ ਚੋਟਾ ਖਾਹਿ ॥ ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥ ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥ ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥ ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥੬॥ ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥ ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥ ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵਹਿ ॥੮॥ ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥ ਅਸਟਮੀ ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥ ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥ ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥ ਆਈ ਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥ ਆਦਿ ਜੁਗਾਦੀ ਹੈ ਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥੧੧॥ ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥ ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥੧੩॥ ਜਹ ਦੇਖਉ ਤਹ ਏਕੋ ਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ***

*ਜਾਇ ॥ ਰਸ ਕਸ ਖਾਏ ਸਾਦੁ ਗਵਾਇ ॥ ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥ ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ ਜਾਗਤੁ ਜਾਗਿ ਰਹੈ ਲਿਵ ਲਾਇ ॥ ਗੁਰ ਪਰਚੈ ਤਿਸੁ ਕਾਲੁ ਨ ਖਾਇ ॥ ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥ ਦੁਆਦਸੀ ਦਇਆ ਦਾਨੁ ਕਰਿ ਜਾਣੈ ॥ ਬਾਹਰਿ ਜਾਤੋ ਭੀਤਰਿ ਆਣੈ ॥ ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥ ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥ ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯॥ ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥*

## *ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ ੧ੴ ਸਤਿਗੁਰ ਪ੍ਰਸਾਦਿ ॥*

ਬਿਲਾਵਲੁ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਦਰਾਂ ਥਿਤਾਂ ਰੂਪ ਬਾਣੀ ਜਿਸ ਵਿੱਚ ਪੰਦਰਾਂ ਥਿੱਤਾਂ ਦੁਆਰਾ ਉਪਦੇਸ਼ ਆਵੇਗਾ। ਰਾਗ ਦੇ ਦਸਵੇਂ ਸੁਰ ਤਾਲ ਵਿੱਚ ਇਸਦਾ ਉਚਾਰਨ ਹੈ। (੧) ਜਤਿ=ਛੰਤ ਦੀ ਚਾਲ ਹੈ। (੨) ਥਿੱਤਾਂ ਦੇ ਸਮੁਦਾਅ ਦਾ ਸੱਜਾ ਨਾਮ ਜਤਿ ਹੈ। (੩) ਸੰਗੀਤ ਅਨੁਸਾਰ ਗਾਇਨ ਦੀ ਧਾਰਨਾ ਦਾ ਨਾਮ ਜਤਿ ਹੈ। ਡਾਕਟਰ ਚਰਨ ਸਿੰਘ ਜੀ ਨੇ ਬਾਣੀ ਬਿਉਰੇ ਵਿੱਚ ਲਿਖਿਆ ਹੈ ਕਿ : ਜਤਿ, ਗਤਿ ਤੇ ਸਾਥ ਇਹ ਤਿੰਨ ਜੋੜੀ ਦੇ ਕਰਤੱਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਸੱਜੇ ਹੱਥ ਦੀਆਂ ਉਂਗਲੀਆਂ ਜੋੜੀ ਦੇ ਕਿਨਾਰੇ ਅਤੇ ਵਿੱਚਕਾਰ ਕੰਮ ਕਰਨ 'ਤੇ ਖੱਬਾ ਹੱਥ ਖੁਲਾਸਾ ਵਜਾਏ, ਉਸ ਨੂੰ ਜਤਿ ਕਹਿੰਦੇ ਹਨ। ਜਿਸ ਵੇਲੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਅਤੇ ਨਰਮ-ਨਰਮ ਆਵਾਜ਼ ਨਿਕਲੇ ਤਾਂ ਉਸ ਨੂੰ ਗਤਿ ਕਹਿੰਦੇ ਹਨ। ਜਿਸ ਵੇਲੇ ਦੋਵੇਂ ਹੱਥ ਖੁਲ੍ਹਾ ਕੰਮ ਕਰਨ ਅਤੇ ਆਵਾਜ਼ ਭੀ ਖੁਲ੍ਹੀ ਨਿਕਲੇ, ਜਿਸ ਨੂੰ ਕੜਕੁਟ ਆਖਦੇ ਹਨ, ਉਸਨੂੰ ਸਾਥ ਕਹਿੰਦੇ ਹਨ। (੪) 'ਜਤਿ' ਨਾਮ ਜ਼ਾਤੀ ਦਾ ਹੈ, ਥਿੱਤਾਂ ਇਸ ਬਾਣੀ ਦੀ ਜਾਤੀ ਹੈ। ਜੈਸਾ ਕਿ :

**ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥** [ਸੂਹੀ ਮਹਲਾ ੫, ਅੰਗ ੭੪੨]

ਜਤਿ—ਜਿਸ ਵਿੱਚ ਪ੍ਰਮੇਸ਼ਰ ਦਾ ਜਸ ਹੋਵੇ, ਉਸਨੂੰ 'ਜਤਿ' ਕਹਿੰਦੇ ਹਨ। ਜੈਸਾ ਕਿ :

**ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥**

[ਕਾਨੜਾ ਮਹਲਾ ੫, ਅੰਗ ੧੩੦੮]

ਛੰਦ ਪਾਠ ਵਿੱਚ ਜ਼ਬਾਨ ਦੇ ਰੁਕਣ ਦਾ ਅਸਥਾਨ, ਪਾਠ ਦਾ ਠਹਿਰਾਉ, ਵਿਸ਼ਰਾਮ ਜੈਸੇ ਦੋਹਾ ਛੰਦ ਦੀ

ਪਹਿਲੀ ਜਤਿ ਤੇਰਾਂ ਮਾਤ੍ਰਾਂ ਪੁਰ ਹੈ। ਅਤੇ ਅਨੰਗ ਸ਼ੇਖਰ ਦੀ ਯਤਿ ਅੱਠ ਅੱਠ ਅੱਖਰਾਂ 'ਤੇ ਹੈ। ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਹਿੰਦੂ ਮਤ ਵਾਲੇ ਜੋ ਥਿੱਤਾਂ ਵਿੱਚ ਪੂਜਣ ਦਾ ਵਿਸ਼ਵਾਸ ਰੱਖਦੇ ਹਨ ਜਾਂ ਥਿੱਤਾਂ ਵਿੱਚ ਵੱਖਰੇ-ਵੱਖਰੇ ਦੇਵੀ ਦੇਵਤੇ ਦੇ ਪੂਜਣ ਦੀ ਪ੍ਰੇਰਣਾ ਦਿੰਦੇ ਹਨ। ਸਾਨੂੰ ਕੀ ਕਰਨਾ ਚਾਹੀਦਾ ਹੈ ? ਸਤਿਗੁਰੂ ਜੀ ਨੇ ਥਿੱਤਾਂ ਦੀ ਬਾਣੀ ਦਾ ਉਚਾਰਨ ਕਰਨ ਤੋਂ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕੀਤਾ ਹੈ।

## *ੴ ਸਤਿਗੁਰ ਪ੍ਰਸਾਦਿ ॥*

੧=ਅਦੁੱਤੀ ਬ੍ਰਹਮ, ਓਂ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ।

## *ਏਕਮ; ਏਕੰਕਾਰੁ ਨਿਰਾਲਾ ॥*

ਸਤਿਗੁਰੂ ਜੀ ਏਕਮ ਥਿਤ ਦੁਆਰਾ ਉਚਾਰਨ ਕਰਦੇ ਹਨ ਕਿ ਉਹ ਏਕੰਕਾਰੁ=ਇੱਕ ਸਰੂਪ ਪ੍ਰਮਾਤਮਾ ਸਭ ਤੋਂ ਨਿਰਾਲਾ=ਅਸੰਗ, ਵੱਖਰਾ ਹੈ।

## *ਅਮਰੁ ਅਜੋਨੀ; ਜਾਤਿ ਨ ਜਾਲਾ ॥*

ਅਮਰੁ=ਮਰਨ ਤੋਂ ਰਹਿਤ ਹੈ। ਅਜੋਨੀ=ਜੂਨੀਆਂ ਤੋਂ ਰਹਿਤ ਹੈ ਜਾਤਿ ਨਾ ਜਾਲਾ=ਉਸਨੂੰ ਜਾਤੀ ਦਾ ਫਾਹ ਨਹੀਂ ਭਾਵ ਉਸਨੂੰ ਜਾਤੀ ਦਾ ਵੀ ਬੰਧਨ ਨਹੀਂ ਹੈ। **ਵਾ:** ਨਾ ਜਾਤੀ ਹੈ, ਨਾ ਜਾਲਾ=ਸੜ੍ਹਦਾ ਹੈ, **ਵਾ:** ਮੋਹ ਦਾ ਜਾਲਾ=ਫਾਹ ਭਾਵ ਬੰਧਨ ਨਹੀਂ ਹੈ।

## *ਅਗਮ ਅਗੋਚਰੁ; ਰੂਪੁ ਨ ਰੇਖਿਆ ॥<br>ਖੋਜਤ ਖੋਜਤ; ਘਟਿ ਘਟਿ ਦੇਖਿਆ ॥*

ਅਗਮ=ਮਨ ਬਾਣੀ ਕਰਕੇ ਅਪਹੁੰਚ ਹੈ, ਅਗੋਚਰ=ਇੰਦ੍ਰਿਆਂ ਕਰਕੇ ਅਵਿਸ਼ੇ ਹੈ, ਰੂਪ ਨ ਰੇਖਿਆ=ਨਾ ਉਸ ਦਾ ਕੋਈ ਰੂਪ ਹੈ, ਨਾ ਹੀ ਕੋਈ ਮੱਛ ਕੱਛ ਆਦਿ ਰੇਖਿਆ=ਰੇਖ ਹੈ ਖੋਜਤ ਖੋਜਤ=ਲਭਦਿਆਂ ਲੱਭਦਿਆਂ ਉਸਨੂੰ ਸਾਰਿਆਂ ਘਟਾਂ ਘਟਾਂ ਵਿੱਚ ਵੇਖਿਆ ਹੈ।

## *ਜੋ ਦੇਖਿ ਦਿਖਾਵੈ; ਤਿਸ ਕਉ ਬਲਿ ਜਾਈ ॥<br>ਗੁਰਪਰਸਾਦਿ; ਪਰਮਪਦੁ ਪਾਈ ॥੧॥*

**ਪਹਿਲਾ ਅਰਥ—**ਜੋ ਦੇਖਿ=ਆਪ ਵੇਖ ਕੇ ਹੋਰਨਾਂ ਨੂੰ ਦਿਖਾਵੈ=ਵਿਖਾਉਂਦਾ ਹੈ। ਤਿਸ ਕਉ=ਮੈਂ ਉਸ ਗੁਰੂ ਤੋਂ ਬਲਿ ਜਾਈ=ਬਲਿਹਾਰ ਜਾਂਦਾ ਹਾਂ।

**ਦੂਜਾ ਅਰਥ—**ਜੋ ਗੁਰੂ ਦੇਖਿ=ਗਿਆਨ ਦ੍ਰਿਸ਼ਟੀ ਨੂੰ ਵਿਖਾਉਂਦਾ ਹੈ। ਉਸ ਤੋਂ ਮੈਂ ਕੁਰਬਾਨ ਜਾਂਦਾ ਹਾਂ। ਗੁਰਪਰਸਾਦਿ=ਗੁਰਾਂ ਦੀ ਕ੍ਰਿਪਾ ਨਾਲ ਹੀ ਗੁਰਮੁਖਾਂ ਨੇ ਪਰਮਪਦੁ=ਆਤਮ ਪਦ ਨੂੰ ਪਾਇਆ ਹੈ॥੧॥

## *ਕਿਆ ਜਪੁ ਜਾਪਉ; ਬਿਨੁ ਜਗਦੀਸੈ ॥<br>ਗੁਰ ਕੈ ਸਬਦਿ; ਮਹਲੁ ਘਰੁ ਦੀਸੈ ॥੧॥ਰਹਾਉ॥*

ਜਗਦੀਸੈ=ਜਗਤ ਦੇ ਈਸ਼ਵਰ ਭਾਵ ਮਾਲਕ ਪ੍ਰਮੇਸ਼ਰ ਤੋਂ ਬਿਨੁ=ਬਿਨਾਂ ਹੋਰ ਕਿਆ=ਕਿਸ ਜਪੁ=ਜਾਪ ਨੂੰ ਜਪਣਾ ਕਰੀਏ ? ਸਤਿਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਹੀ ਘਰੁ=ਹਿਰਦੇ ਵਿੱਚ ਮਹਲੁ=ਸਰੂਪ ਦੀਸੈ=ਦਿੱਸਦਾ ਹੈ ॥੧॥ਰਹਾਉ॥

## ਦੂਜੈ ਭਾਇ ਲਗੇ; ਪਛੁਤਾਣੇ ॥
## ਜਮ ਦਰਿ ਬਾਧੇ; ਆਵਣ ਜਾਣੇ ॥

ਦੂਸਰੀ ਥਿਤ ਦੁਆਰਾ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਦੂਜੈ ਭਾਇ=ਦ੍ਵੈਤ ਭਾਵਨਾ ਵਿੱਚ ਲੱਗੇ ਹਨ ਉਹ ਅੰਤ ਨੂੰ ਪਛੁਤਾਣੇ=ਪਛਤਾਉਂਦੇ ਹਨ। ਉਹ ਜਮ=ਜਮਾਂ ਦੇ ਦਰਿ=ਦਰਵਾਜ਼ੇ ਵਿੱਚ ਬਾਧੇ=ਬੱਧੇ ਹੋਏ ਮਾਰ ਖਾਂਦੇ ਹਨ ਅਤੇ ਆਵਣ ਜਾਣੇ=ਜੰਮਦੇ ਮਰਦੇ ਰਹਿੰਦੇ ਹਨ।

## ਕਿਆ ਲੈ ਆਵਹਿ; ਕਿਆ ਲੇ ਜਾਹਿ ॥
## ਸਿਰਿ ਜਮਕਾਲੁ; ਸਿ ਚੋਟਾ ਖਾਹਿ ॥

ਉਹ ਕਿਆ ਲੈ ਆਵਹਿ=ਕੀ ਲੈ ਕੇ ਆਏ ਹਨ ? ਅਤੇ ਕਿਆ ਲੇ ਜਾਹਿ=ਕੀ ਲੈ ਕੇ ਜਾਣਗੇ ? ਭਾਵ ਨਾ ਕੁਝ ਲੈ ਕੇ ਆਏ ਹਨ ਅਤੇ ਨਾ ਕੁਝ ਲੈ ਕੇ ਜਾਣਗੇ। ਜੈਸਾ ਕਿ :

**੧. ਨਾਂਗੇ ਆਵਨੁ ਨਾਂਗੇ ਜਾਨਾ॥ ਕੋਇ ਨਾ ਰਹਿਹੈ ਰਾਜਾ ਰਾਨਾ॥੧॥**
[ਭੈਰਉ ਕਬੀਰ ਜੀ, ਅੰਗ ੧੧੫੭]

**੨. ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ॥**
[ਮਾਰੂ ਮਹਲਾ ੩, ਅੰਗ ੧੦੬੪]

**੩. ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥**
[ਸਾਰੰਗ ਦੀ ਵਾਰ ਮਹਲਾ ੩, ਅੰਗ ੧੨੪੬]

**੪. ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥੨੭॥** [ਸਲੋਕ ਕਬੀਰ ਜੀ, ਅੰਗ ੧੩੬੫]

**ਦੂਜਾ ਅਰਥ—**

ਕੀ ਲੈ ਕੇ ਆਏ ਹਨ ? ਭਾਵ ਸੁਆਸ ਲੈ ਕੇ ਆਏ ਹਨ ਅਤੇ ਕਿਆ ਲੈ ਜਾਹਿ=ਕੀ ਲੈ ਕੇ ਜਾਣਗੇ ? ਭਾਵ ਪਾਪ ਲੈ ਕੇ ਜਾਣਗੇ। ਸਿ=ਉਹ ਪਾਪੀ ਸਿਰਿ 'ਤੇ ਜਮਕਾਲ ਦੀਆਂ ਚੋਟਾਂ ਖਾਹਿ=ਖਾਣਗੇ।

## ਬਿਨੁ ਗੁਰ ਸਬਦ; ਨ ਛੂਟਸਿ ਕੋਇ ॥
## ਪਾਖੰਡਿ ਕੀਨੈ; ਮੁਕਤਿ ਨ ਹੋਇ ॥੨॥

ਗੁਰ ਸ਼ਬਦ=ਸਤਿਗੁਰਾਂ ਦੇ ਉਪਦੇਸ਼ ਤੋਂ ਬਿਨੁ=ਬਿਨਾਂ ਕੋਇ=ਕੋਈ ਭੀ ਜਮਾਂ ਦੇ ਦੁੱਖ ਤੋਂ ਛੂਟਸਿ=ਛੁਟਦਾ ਨਹੀਂ ਹੈ। ਕਿਉਂਕਿ ਪਾਖੰਡਿ=ਪਾਖੰਡ ਕੀਨੈ=ਕੀਤਿਆਂ ਮੁਕਤਿ=ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ॥੨॥

## ਆਪੇ ਸਚੁ ਕੀਆ; ਕਰ ਜੋੜਿ ॥
## ਅੰਡਜ ਫੋੜਿ ਜੋੜਿ ਵਿਛੋੜਿ ॥

ਸੱਚੇ ਵਾਹਿਗੁਰੂ ਨੇ ਆਪ ਹੀ ਆਪਣੇ ਜੋੜਿ=ਜ਼ੋਰ ਨਾਲ ਭਾਵ ਬਲ ਕਰਕੇ ਅੰਡਜ=ਐਸੇ ਬ੍ਰਹਮੰਡ ਨੂੰ ਪੈਦਾ ਕੀਤਾ ਹੈ ਜੈਸੇ ਅੰਡਾ ਹੈ। ਵਾ—ਬ੍ਰਹਮੰਡ ਦੇ ਪੁੜਾਂ ਨੂੰ ਭੰਨ ਕੇ ਵਿਛੋੜਾ ਦਿੱਤਾ ਹੈ, (ਅਰਥਾਤ ਜਿਵੇਂ ਅੰਡੇ ਦੇ ਕੋਸ਼ ਹੁੰਦੇ ਹਨ, ਅਤੇ ਉਸ ਦੇ ਵਿਚਾਲੇ ਪੋਲੀ ਥਾਂ ਹੁੰਦੀ ਹੈ, ਇਵੇਂ ਇਹ ਬ੍ਰਹਮੰਡ ਇੱਕ ਅੰਡੇ ਵਾਗੂੰ ਹੈ, ਇਸ ਨੂੰ ਭੰਨ ਕੇ ਦੋ ਕੋਸ਼ ਵੱਖੋ ਵੱਖਰੇ ਕਰਕੇ ਟਿਕਾ ਦਿੱਤੇ ਹਨ। ਉਨ੍ਹਾਂ ਤੋਂ :

**ਧਰਤਿ ਅਕਾਸੁ ਕੀਏ; ਬੈਸਣ ਕਉ ਥਾਉ ॥**
**ਰਾਤਿ ਦਿਨੰਤੁ ਕੀਏ ਭਉ ਭਾਉ ॥**

ਧਰਤੀ ਨੂੰ ਗਲੀਚਾ ਅਤੇ ਆਕਾਸ਼ ਨੂੰ ਚੰਦੋਆ ਬੈਸਣ=ਬੈਠਣ ਕਉ=ਨੂੰ ਕੀਏ=ਕੀਤੇ ਹਨ। ਵਿਚਕਾਰ ਜੀਵਾਂ ਦੇ ਬੈਠਣ ਨੂੰ ਥਾਉ=ਜਗ੍ਹਾਂ ਕੀਤੀਆਂ ਹਨ। ਕਾਰ-ਵਿਹਾਰ ਲਈ ਰਾਤ ਤੇ ਦਿਨ ਅਤੇ ਭਾਉ=ਪ੍ਰੇਮ ਭਉ=ਡਰ ਪੈਦਾ ਕੀਤੇ ਹਨ।

**ਜਿਨਿ ਕੀਏ; ਕਰਿ ਵੇਖਣਹਾਰਾ ॥**
**ਅਵਰੁ ਨ ਦੂਜਾ ਸਿਰਜਣਹਾਰਾ ॥੩॥**

ਜਿਸ ਪ੍ਰਮੇਸ਼ਰ ਨੇ ਜੀਵ ਪੈਦਾ ਕੀਤੇ ਹਨ ਉਹੀ ਬਣਾ ਕੇ ਵੇਖਣ ਵਾਲਾ ਜਾਂ ਪਾਲਣ ਕਰਨ ਵਾਲਾ ਹੈ। ਉਸ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਜਾ ਸੰਸਾਰ ਨੂੰ ਸਿਰਜਣਵਾਲਾ ਨਹੀਂ ਹੈ॥੩॥

**ਤ੍ਰਿਤੀਆ; ਬ੍ਰਹਮਾ ਬਿਸਨੁ ਮਹੇਸਾ ॥**
**ਦੇਵੀ ਦੇਵ; ਉਪਾਏ ਵੇਸਾ ॥**

ਤ੍ਰਿਤੀਆ=ਤੀਜੀ ਥਿੱਤ ਦੁਆਰਾ ਕਥਨ ਕਰਦੇ ਹਨ : (ਪ੍ਰਮੇਸ਼ਰ ਨੇ) ਬ੍ਰਹਮਾ, ਵਿਸ਼ਨੂੰ, ਸ਼ਿਵ (ਤਿੰਨ ਦੇਵਤੇ) ਪੈਦਾ ਕੀਤੇ ਹਨ। ਛਿਆਨਵੇਂ ਕਰੋੜ ਦੇਵੀਆਂ ਅਤੇ ਤੇਤੀ ਕਰੋੜ ਦੇਵਤਿਆਂ ਦੇ ਵੇਸਾ=ਭੇਸ ਪੈਦਾ ਕੀਤੇ ਹਨ।

**ਜੋਤੀ ਜਾਤੀ; ਗਣਤ ਨ ਆਵੈ ॥**
**ਜਿਨਿ ਸਾਜੀ; ਸੋ ਕੀਮਤਿ ਪਾਵੈ ॥**

ਜੋਤੀ=ਪ੍ਰਮਾਤਮਾ ਨੇ ਜੋ ਸ੍ਰਿਸ਼ਟੀ ਜਾਤੀ=ਪੈਦਾ ਕੀਤੀ ਹੈ ਉਸਦੀ ਗਿਣਤੀ ਨਹੀਂ ਆਉਂਦੀ। **ਵਾ:** ਜੋਤੀ=ਪ੍ਰਮਾਤਮਾ ਨੇ ਜੋ ਚੁਰਾਸੀ ਲੱਖ ਜੂਨਾਂ ਰੂਪ ਜਾਤਾਂ ਪੈਦਾ ਕੀਤੀਆਂ ਹਨ, ਉਨ੍ਹਾਂ ਦੀ ਗਿਣਤੀ ਨਹੀਂ ਆਉਂਦੀ ਕਿ ਇੱਕ ਜੂਨ ਵਿੱਚ ਕਿਤਨੇ ਜੀਵ ਹਨ। ਜਿਸਨੇ ਸ੍ਰਿਸ਼ਟੀ ਸਾਜੀ=ਬਣਾਈ ਹੈ ਉਹੀ ਇਸ ਦੀ ਕੀਮਤ ਪਾਉਂਦਾ ਹੈ।

**ਕੀਮਤਿ ਪਾਇ; ਰਹਿਆ ਭਰਪੂਰਿ ॥**
**ਕਿਸੁ ਨੇੜੈ; ਕਿਸੁ ਆਖਾ ਦੂਰਿ ॥੪॥**

ਉਹ ਪ੍ਰਮੇਸ਼ਰ ਸੱਤਾ ਰੂਪ ਕੀਮਤ ਪਾ ਕੇ ਸਾਰੇ ਭਰਪੂਰਿ=ਪਰੀ ਪੂਰਨ ਹੋ ਰਿਹਾ ਹੈ। **ਵਾ:** ਜੋ ਪ੍ਰਭੂ ਸਾਰੇ ਪਰੀਪੂਰਨ ਹੋ ਰਿਹਾ ਹੈ ਉਹੀ ਇਸ ਜੀਵ ਦੇ ਖਾਣ ਪੀਣ ਦੀ ਕੀਮਤ ਨੂੰ ਪਾਉਂਦਾ ਹੈ। ਆਪਣਾ ਆਪ ਰੂਪ ਹੋਣ ਕਰਕੇ ਕਿਸ ਤਰ੍ਹਾਂ ਉਸ ਪ੍ਰਮੇਸ਼ਰ ਨੂੰ ਨੇੜੇ ਆਖਾਂ ਅਤੇ ਕਿਸ ਤਰ੍ਹਾਂ ਦੂਰ ਆਖਾਂ ? ਅਥਵਾ ਕਿਸ ਦੇ ਨੇੜੇ ਆਖਾਂ ? ਉੱਤਰ—ਗੁਰਮੁਖਾਂ ਦੇ। ਕਿਸਦੇ ਦੂਰ ਆਖਾਂ ? ਉੱਤਰ—ਮਨਮੁਖਾਂ ਦੇ॥੪॥

**ਚਉਥਿ ਉਪਾਏ; ਚਾਰੇ ਬੇਦਾ ॥**
**ਖਾਣੀ ਚਾਰੇ; ਬਾਣੀ ਭੇਦਾ ॥**

ਚਉਥਿ=ਚੌਥੀ ਥਿੱਤ ਦੁਆਰਾ ਕਥਨ ਕਰਦੇ ਹਨ : ਸਰੀਰਕ ਮਰਿਆਦਾ ਵਾਸਤੇ ਉਸ ਪ੍ਰਮੇਸ਼ਰ ਨੇ ਚਾਰੇ ਬੇਦ

(ਸਾਮ, ਰਿਗ, ਜੁਜਰ ਅਤੇ ਅਥਰਬਣ) ਪੈਦਾ ਕੀਤੇ ਹਨ। ਫੇਰ (ਅੰਡਜ, ਜੇਰਜ, ਸੇਤਜ, ਉਤਭੁਜ) ਰੂਪ ਚਾਰੇ ਖਾਣੀਆਂ ਅਤੇ (ਪਰਾ, ਪਸੰਤੀ, ਮਧਮਾ, ਬੈਖਰੀ) ਇਹ ਚਾਰ ਬਾਣੀਆਂ ਦੇ ਭੇਦ ਪੈਦਾ ਕੀਤੇ ਹਨ।

***ਅਸਟ ਦਸਾ ਖਟੁ; ਤੀਨਿ ਉਪਾਏ ॥***
***ਸੋ ਬੂਝੈ; ਜਿਸੁ ਆਪਿ ਬੁਝਾਏ ॥***

ਅਸਟ ਦਸਾ=ਅਠਾਰਾਂ ਪੁਰਾਣ ਖਟ=ਛੇ ਸ਼ਾਸਤ੍ਰ=ਸਾਂਖਯ, ਨਿਆਇ, ਵਿਸ਼ੇਸ਼ਕ, ਮਿਮਾਂਸ਼ਕ, ਯੋਗ ਅਤੇ ਵੇਦਾਂਤ ਸ਼ਾਸਤ੍ਰ। ਵਾ—ਛੇ ਦਰਸ਼ਨ (ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਦਰਵੇਸ਼ ਅਤੇ ਬਿਪਰ।) ਤੀਨਿ=ਤਿੰਨ ਗੁਣ, ਵਾ—ਤਿੰਨ ਲੋਕ, ਵਾ—ਤਿੰਨ ਕਾਲ, ਵਾ—ਤਿੰਨ ਕਰਮ, ਉਪਾਸ਼ਨਾ ਤੇ ਗਿਆਨ ਪੈਦਾ ਕੀਤੇ ਹਨ ਪਰ ਇਸ ਭੇਦ ਨੂੰ ਉਹੀ ਜਗਿਆਸੂ ਜਾਣਦਾ ਹੈ, ਜਿਸਨੂੰ ਉਹ ਪ੍ਰਮੇਸ਼ਰ ਆਪ ਬੁਝਾਏ=ਸਮਝਾਉਂਦਾ ਹੈ।

***ਤੀਨਿ ਸਮਾਵੈ; ਚਉਥੈ ਵਾਸਾ ॥***
***ਪ੍ਰਣਵਤਿ ਨਾਨਕ; ਹਮ ਤਾ ਕੇ ਦਾਸਾ ॥੫॥***

੧. ਰਜੋ, ਤਮੋ, ਸਤੋ ਰੂਪ ਤਿੰਨੇ ਗੁਣ ਅਭਾਵ ਹੋ ਜਾਣ ਤਾਂ ਚਉਥੈ=ਤੁਰੀਆ ਪਦ ਵਿੱਚ ਵਾਸਾ ਹੁੰਦਾ ਹੈ। ੨. ਧਰਮ, ਅਰਥ, ਕਾਮ ਇਹ ਤਿੰਨੇ ਸਮਾਵੈ=ਅਭਾਵ ਹੋ ਜਾਣ ਤਾਂ ਚਉਥੈ=ਮੋਖ ਵਿੱਚ ਵਾਸਾ ਹੁੰਦਾ ਹੈ। ੩. ਸ੍ਰਵਨ, ਮੰਨਣ, ਨਿਧਿਆਸਣ ਇਹ ਤਿੰਨੇ ਹਿਰਦੇ ਵਿੱਚ ਆ ਕੇ ਸਮਾਉਣ ਤਾਂ ਚਉਥੈ=ਗਿਆਨ ਵਿੱਚ ਵਾਸਾ ਹੁੰਦਾ ਹੈ। ੪. ਨਿਸ਼ਕਾਮ ਕਰਮ, ਉਪਾਸ਼ਨਾ, ਗਿਆਨ, ਇਹ ਤਿੰਨੇ ਹਿਰਦੇ ਵਿੱਚ ਆ ਕੇ ਸਮਾਉਣ ਤਾਂ ਚਉਥੈ=ਸਖਿਆਤਕਾਰੀ ਵਿੱਚ ਵਾਸਾ ਹੁੰਦਾ ਹੈ। ਸਤਿਗੁਰੂ ਜੀ ਪ੍ਰਣਵਤਿ=ਉਚਾਰਨ ਕਰਦੇ ਹਨ ਕਿ ਜਿਸ ਦਾ ਤੁਰੀਆ ਪਦ ਵਿੱਚ ਵਾਸਾ ਹੈ ਅਸੀਂ ਉਸਦੇ ਦਾਸ ਹਾਂ॥੫॥

***ਪੰਚਮੀ; ਪੰਚ ਭੂਤ ਬੇਤਾਲਾ ॥***
***ਆਪਿ ਅਗੋਚਰੁ; ਪੁਰਖੁ ਨਿਰਾਲਾ ॥***

ਪੰਚਮੀ=ਪੰਜਵੀਂ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਪੰਜਾਂ ਭੂਤ=ਤੱਤਾਂ ਤੋਂ ਜੋ ਪੰਜ ਵਿਸ਼ੇ ਸ਼ਬਦ ਸਪਰਸ਼ ਆਦਿ ਬਣਾ ਦਿੱਤੇ ਹਨ ਇਹਨਾਂ ਨੇ ਜੀਵਾਂ ਨੂੰ ਬੇਤਾਲਾ=ਭੂਤਨੇ ਬਣਾ ਦਿੱਤਾ ਹੈ। ਵਾ—ਪੰਚ ਭੂਤ= ਕਾਮ ਕ੍ਰੋਧ ਆਦਿਕਾਂ ਕਰਕੇ ਜੀਵ ਬੇਤਾਲਾ=ਭੂਤਨਾ, ਵਾ (ਬੇ+ਤਾਲਾ) ਸਰੂਪ ਰੂਪੀ ਤਾਲ ਤੋਂ ਬੇ=ਰਹਿਤ ਹੋ ਰਿਹਾ ਹੈ। ਉਹ ਅਗੋਚਰੁ=ਇੰਦ੍ਰਿਆਂ ਦੇ ਅਵਿਸ਼ੇ, ਪੁਰਖ=ਵਿਆਪਕ ਪ੍ਰਮਾਤਮਾ ਆਪ ਇਨ੍ਹਾਂ ਪੰਜਾਂ ਤੋਂ ਨਿਰਾਲਾ=ਅਸੰਗ ਹੈ।

***ਇਕਿ ਭ੍ਰਮਿ ਭੂਖੇ; ਮੋਹ ਪਿਆਸੇ ॥***
***ਇਕਿ ਰਸੁ ਚਾਖਿ; ਸਬਦਿ ਤ੍ਰਿਪਤਾਸੇ ॥***

ਇੱਕ ਮਨਮੁਖ ਮੋਹ ਕਰਕੇ ਭੁੱਖਿਆਂ ਪਿਆਸਿਆਂ ਵਾਂਗ ਭਰਮ ਰਹੇ ਹਨ। ਇੱਕ ਮਨਮੁਖ ਪੁਰਸ਼ ਭਰਮ ਕਰਕੇ ਭੁੱਖੇ ਅਤੇ ਮੋਹ ਕਰਕੇ ਪਿਆਸੇ ਹਨ। ਇਕ ਗੁਰਮੁਖ ਜਗਿਆਸੂ ਸ਼ਬਦ ਦੁਆਰਾ ਆਤਮ ਰਸ ਨੂੰ ਚੱਖ ਕੇ ਤ੍ਰਿਪਤ ਹੋਏ ਹਨ।

***ਇਕਿ ਰੰਗਿ ਰਾਤੇ; ਇਕਿ ਮਰਿ ਧੂਰਿ ॥***
***ਇਕਿ ਦਰਿ ਘਰਿ; ਸਾਚੈ ਦੇਖਿ ਹਦੂਰਿ ॥੬॥***

ਇੱਕ ਜਗਿਆਸੂ ਪ੍ਰਮੇਸ਼ਰ ਦੇ ਰੰਗਿ=ਪ੍ਰੇਮ ਵਿੱਚ ਰੱਤੇ ਹੋਏ ਹਨ ਅਤੇ ਇੱਕ ਮਨਮੁਖ ਮਰ ਕੇ ਧੂੜ ਹੋ ਗਏ

ਹਨ ਭਾਵ ਉਨ੍ਹਾਂ ਦਾ ਕੋਈ ਸਤਿਕਾਰ ਨਾਲ ਨਾਮ ਨਹੀਂ ਲੈਂਦਾ। ਵਾ—ਇੱਕ ਮਨਮੁਖ ਜੋ ਸੰਸਾਰਕ ਰੰਗ ਵਿੱਚ ਰੱਤੇ ਹੋਏ ਹਨ। ਉਹ ਮਰ ਕੇ ਧੂੜ ਰੂਪ ਹੋ ਗਏ ਹਨ ਤੇ ਇੱਕ ਗੁਰਮੁਖ ਜੋ ਇੱਕ ਪ੍ਰਭੂ ਦੇ ਰੰਗਿ=ਪ੍ਰੇਮ ਵਿੱਚ ਰਤੇ ਹਨ ਉਹਨਾਂ ਦਾ ਜੰਮਣਾ ਮਰਨਾ ਧੂਰਿ=ਧੂੜ ਭਾਵ ਨਵਿਰਤ ਹੋ ਗਿਆ ਹੈ। ਇੱਕ ਗੁਰਮੁਖ ਸਰੀਰ ਘਰ ਦੇ ਦਰਿ=ਅੰਦਰ ਹੀ ਸੱਚੇ ਵਾਹਿਗੁਰੂ ਨੂੰ ਹਾਜਰਾ ਹਜ਼ੂਰ ਵੇਖਦੇ ਹਨ॥੬॥

## *ਝੂਠੇ ਕਉ; ਨਾਹੀ ਪਤਿ ਨਾਉ ॥*
## *ਕਬਹੁ ਨ ਸੂਚਾ; ਕਾਲਾ ਕਾਉ ॥*

ਝੂਠੇ ਪੁਰਸ਼ ਨੂੰ ਲੋਕ ਪ੍ਰਲੋਕ ਵਿੱਚ ਪਤਿ=ਇੱਜ਼ਤ ਅਤੇ ਨਾਉ=ਨੇਕ ਨਾਮੀ ਨਹੀਂ ਮਿਲਦੀ। ਵਾ—ਝੂਠੇ ਪੁਰਸ਼ ਨੂੰ ਪਤੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਉਹ ਸੱਚੇ ਨਾਮ ਨੂੰ ਨਹੀਂ ਜਪਦਾ। ਜਿਵੇਂ ਕਾਲਾ ਕਾਂ ਕਦੇ ਵੀ ਸੂਚਾ=ਪਵਿੱਤਰ ਨਹੀਂ ਹੁੰਦਾ। ਇਸੇ ਤਰ੍ਹਾਂ ਕਾਲੇ ਕਾਂ ਦੀ ਨਿਆਈਂ ਜੋ ਅੰਦਰੋਂ ਬਾਹਰੋਂ ਪਾਪਾਂ ਕਰਕੇ ਕਾਲੇ ਹਨ ਉਨ੍ਹਾਂ ਦਾ ਅੰਤਸ਼ਕਰਨ ਕਦੇ ਵੀ ਪਵਿੱਤਰ ਨਹੀਂ ਹੁੰਦਾ ਭਾਵੇਂ ਕਿਤਨੇ ਵੀ ਤੀਰਥਾਂ 'ਤੇ ਨਹਾਉਣਾ ਕਰਨ।

## *ਪਿੰਜਰਿ ਪੰਖੀ; ਬੰਧਿਆ ਕੋਇ ॥*
## *ਛੇਰੀਂ ਭਰਮੈ; ਮੁਕਤਿ ਨ ਹੋਇ ॥*

ਜਿਵੇਂ ਕੋਈ ਪੰਛੀ ਪਿੰਜਰੇ ਵਿੱਚ ਬੰਧਿਆ=ਬੰਦ ਕੀਤਾ ਹੋਵੇ ਤਾ ਪਿੰਜਰੇ ਦੇ ਛੇਕਾਂ ਵਿੱਚ ਭਰਮੈ=ਫਿਰਿਆਂ ਭਾਵ ਛੇਕਾਂ ਦੁਆਰਾ ਬਾਹਰ ਮੂੰਹ ਕੱਢਿਆਂ ਉਸ ਦਾ ਮੁਕਤਿ=ਛੁਟਕਾਰਾ ਨਹੀਂ ਹੁੰਦਾ। ਇਸੇ ਤਰ੍ਹਾਂ ਜੀਵ ਰੂਪ ਪੰਛੀ ਸਰੀਰ ਰੂਪ ਪਿੰਜਰੇ ਵਿੱਚ ਬੱਧਾ ਹੋਇਆ ਹੈ, ਛੇਰੀ=ਇੰਦ੍ਰਿਆਂ ਰੂਪੀ ਛੇਕਾਂ ਵਿੱਚ ਹੀ ਭਰਮਦਾ ਰਹਿੰਦਾ ਹੈ ਭਾਵ ਜੋ ਇੰਦ੍ਰਿਆਂ ਦੇ ਵਿਸ਼ਿਆਂ ਅਧੀਨ ਹੋਇਆ ਕਰਮ ਕਰਦਾ ਹੈ, ਵਾ—ਪੰਜਾਂ ਕੋਸ਼ਾਂ ਰੂਪ ਛੇਕਾਂ ਵਿੱਚ ਭ੍ਰਮਣੇ ਕਰਕੇ ਮੁਕਤ ਰੂਪ ਨਹੀਂ ਹੁੰਦਾ। ਵਾ-ਅਗਿਆਨ ਰੂਪ ਪਿੰਜਰੇ ਵਿੱਚ ਜਿਹੜਾ ਕੋਈ ਜੀਵ ਰੂਪ ਪੰਛੀ ਬੱਧਾ ਹੋਇਆ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਰੂਪ ਛੇਕਾਂ ਵਿੱਚ ਭਰਮਦਾ ਹੈ, ਉਹ ਮੁਕਤ ਰੂਪ ਨਹੀਂ ਹੁੰਦਾ। ਵਾ—ਜੇ ਕੋਈ ਜਗਿਆਸੂ ਰੂਪ ਪੰਛੀ ਪ੍ਰਮੇਸ਼ਰ ਦੇ ਪ੍ਰੇਮ ਰੂਪੀ ਪਿੰਜਰੇ, ਵਾ—ਸੰਤੋਖ ਰੂਪ ਪਿੰਜਰੇ ਵਿੱਚ ਬੰਧਿਆ=ਇਸਥਿਤ ਹੋਇਆ ਹੈ, ਉਹ ਜਾਣ ਲੈਂਦਾ ਹੈ ਕਿ (ਛੇ+ਰੀ) ਰੀ=ਹੇ ਸਖੀ ਛੇ=ਖਟ ਸ਼ਾਸਤ੍ਰਾਂ ਵਿੱਚ ਭਰਮਣੇ ਤੋਂ ਕਲਿਆਨ ਨਹੀਂ ਹੁੰਦੀ। ਵਾ—ਪਿੰਜਰੇ ਵਿੱਚ ਬੰਦ ਪੰਖੀ ਵਤ ਜੋ ਕੋਈ ਇੱਕ ਹੀ ਜਗ੍ਹਾ ਇਸਥਿਤ ਰਹੇ ਅਤੇ ਕੋਈ ਛੇਰੀ=ਛੇਲੀ (ਬਕਰੀਆਂ) ਵਤ ਭ੍ਰਮਦਾ ਰਹੇ ਇਸ ਤਰ੍ਹਾਂ ਵੀ ਮੁਕਤੀ ਨਹੀਂ ਹੁੰਦੀ।, ਵਾ—ਪੰਜ ਗਿਆਨ ਇੰਦ੍ਰੇ ਅਤੇ ਮਨ ਇਨ੍ਹਾਂ ਛੇਆਂ ਵਿੱਚ ਭਰਮਣ ਕਰਕੇ ਮੁਕਤ ਨਹੀਂ ਹੋ ਸਕਦਾ। ਫਿਰ ਇਹ ਜੀਵ ਰੂਪ ਪੰਛੀ ਮੁਕਤ ਕਿਸ ਤਰ੍ਹਾਂ ਹੋ ਸਕਦਾ ਹੈ ਤਾਂ ਦੱਸਦੇ ਹਨ :

## *ਤਉ ਛੂਟੈ; ਜਾ ਖਸਮੁ ਛਡਾਏ ॥*
## *ਗੁਰਮਤਿ ਮੇਲੇ; ਭਗਤਿ ਦ੍ਰਿੜਾਏ ॥੭॥*

ਜਾਂ ਖਸਮੁ=ਮਾਲਕ ਪ੍ਰਮੇਸ਼ਰ ਆਪ ਛੁਡਾਵੇ ਤਾਂ ਇਹ ਜੀਵ ਸਰੀਰ ਰੂਪ, ਵਾ—ਸੰਸਾਰ ਰੂਪ ਪਿੰਜਰੇ, ਵਾ—ਮੋਹ ਦੇ ਬੰਧਨਾਂ ਤੋਂ ਛੁਟਦਾ ਹੈ, ਭਾਵ ਮੁਕਤ ਹੁੰਦਾ ਹੈ। ਸਤਿਗੁਰੂ ਜੀ ਆਪਣੀ ਮਤਿ=ਸਿਖਿਆ ਵਿੱਚ ਮੇਲ ਕੇ ਭਗਤੀ ਦ੍ਰਿੜ੍ਹ ਕਰਾਉਂਦੇ ਹਨ। ਵਾ—ਗੁਰੂ ਤਾਂ ਹੀ ਭਗਤੀ ਦ੍ਰਿੜ੍ਹ ਕਰਵਾਏਗਾ ਜੇ ਆਪਣੀ ਮਤ ਨੂੰ ਗੁਰੂ ਦੀ ਮਤਿ=ਸਿਖਿਆ ਵਿੱਚ ਮੇਲਣਾ ਕਰੀਏ॥੭॥

## ਖਸਟੀ; ਖਟੁ ਦਰਸਨ ਪ੍ਰਭ ਸਾਜੇ ॥
## ਅਨਹਦ ਸਬਦੁ; ਨਿਰਾਲਾ ਵਾਜੇ ॥

ਖਸਟੀ=ਛੇਵੀਂ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਪ੍ਰਭੂ ਨੇ ਖਟੁ ਦਰਸਨ=ਛੇ ਭੇਖ, **ਵਾ:** ਛੇ ਸ਼ਾਸ਼ਤ੍ਰ ਸਾਜੇ=ਬਣਾਏ ਹਨ ਪਰ ਅਨਹਦ=ਇੱਕ ਰਸ ਜੋ ਸਬਦੁ=ਬਾਣੀ ਹੈ, ਇਹ ਦੁਨੀਆ ਦੇ ਬੇਦਾਂ ਸ਼ਾਸ਼ਤ੍ਰਾਂ ਤੋਂ ਨਿਰਾਲੀ ਹੀ ਵਾਜੇ=ਪ੍ਰਗਟ ਹੈ। **ਵਾ:** ਜੋ ਇੱਕ ਰਸ ਬ੍ਰਹਮ ਦਾ ਅਭਿਆਸ ਕਰਨਾ ਹੈ ਇਹ ਨਿਰਾਲਾ ਹੀ ਪ੍ਰਗਟ ਹੈ। **ਵਾ:** ਛੇ ਦਰਸ਼ਨਾਂ ਦੇ ਅਭਿਮਾਨ ਤੋਂ ਰਹਿਤ ਹੋਵੇ ਫੇਰ ਇੱਕ ਰਸ ਸ਼ਬਦ ਉਚਾਰੇ ਫਿਰ ਨਿਰਾਲਾ=ਨਿਰਲੇਪ ਪ੍ਰਮੇਸ਼ਰ ਪ੍ਰਗਟ ਹੋ ਜਾਂਦਾ ਹੈ। **ਵਾ:** ਇੱਕ ਰਸ ਸਤਿਗੁਰਾਂ ਦੇ ਸ਼ਬਦ ਨੂੰ ਉਚਾਰੇ ਤਾਂ ਇਹ ਜੀਵ ਅਸੰਗ ਹੁੰਦਾ ਹੈ।

## ਜੇ ਪ੍ਰਭ ਭਾਵੈ; ਤਾ ਮਹਲਿ ਬੁਲਾਵੈ ॥
## ਸਬਦੇ ਭੇਦੇ; ਤਉ ਪਤਿ ਪਾਵੈ ॥

ਜੇਕਰ ਜਗਿਆਸੂ ਪ੍ਰਭੂ ਨੂੰ ਭਾ ਜਾਵੇ **ਵਾ:** ਉਸ ਦਾ ਭਾਣਾ ਮੰਨੇ ਤਾਂ ਪ੍ਰਭੂ ਮਹਲਿ=ਸਰੂਪ ਵਿੱਚ ਜਗਿਆਸੂ ਨੂੰ ਬੁਲਾਉਂਦਾ ਹੈ। ਜਗਿਆਸੂ ਗੁਰਾਂ ਦੇ ਸਬਦੇ=ਉਪਦੇਸ਼ ਵਿੱਚ ਭੇਦੇ=ਤਦਾਕਾਰ ਹੋਵੇ, **ਵਾ:** ਸ਼ਬਦ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦੇ=ਵਿੰਨ੍ਹੇ ਤਾਂ ਪਤਿ=ਪਤੀ ਪ੍ਰਮੇਸ਼ਰ ਨੂੰ ਪ੍ਰਾਪਤ ਕਰਦਾ ਹੈ। **ਵਾ:** ਲੋਕ ਪ੍ਰਲੋਕ ਵਿੱਚ ਪਤਿ=ਇੱਜ਼ਤ ਪਾਉਂਦਾ ਹੈ।

## ਕਰਿ ਕਰਿ ਵੇਸ; ਖਪਹਿ ਜਲਿ ਜਾਵਹਿ ॥

ਜੋ ਅਨੇਕ ਤਰ੍ਹਾਂ ਦੇ ਭੇਖ ਧਾਰਨ ਕਰਕੇ ਖਪਦੇ ਹਨ ਉਹ ਉਨ੍ਹਾਂ ਦੇ ਅਭਿਮਾਨ ਵਿੱਚ ਹੀ ਸੜ ਜਾਂਦੇ ਹਨ। **ਵਾ:** ਕਰਮ ਕਾਂਡ ਦੀ ਕਿਰਿਆ ਦੇ ਕਰਤੇ ਹੋ ਕੇ ਜੋ ਕਿਰਿਆਚਾਰ ਕਰਦੇ ਹਨ ਅਤੇ ਜੋ ਅਨੇਕਾਂ ਵੇਸ ਕਰਕੇ ਖਪਦੇ ਹਨ ਅਤੇ ਤ੍ਰਿਸ਼ਨਾਂ ਦੀ ਅੱਗ ਵਿੱਚ, **ਵਾ:** ਕਾਲ ਦੀ ਅੱਗ ਵਿੱਚ ਸੜ ਜਾਂਦੇ ਹਨ।

## ਸਾਚੈ ਸਾਚੇ; ਸਾਚਿ ਸਮਾਵਹਿ ॥੮॥

ਸੱਚੇ ਗੁਰੂ ਦੇ ਉਪਦੇਸ਼ ਦੁਆਰਾ ਸੱਚੇ ਪ੍ਰਮੇਸ਼ਰ ਦਾ ਨਾਮ ਜਪਣ ਵਾਲੇ ਗੁਰਮੁਖ ਸੱਚੇ ਪ੍ਰਮੇਸ਼ਰ ਵਿੱਚ ਸਮਾਅ ਜਾਂਦੇ ਹਨ, **ਵਾ:** ਸੱਚੇ ਨਾਮ ਜਪਣ ਵਾਲੇ ਗੁਰਮੁਖ ਸੱਚੇ ਹੋ ਕੇ ਸੱਚ ਸਰੂਪ ਪ੍ਰਮਾਤਮਾ ਵਿੱਚ ਸਮਾਅ ਜਾਂਦੇ ਹਨ, ਭਾਵ ਪ੍ਰਮੇਸ਼ਰ ਨਾਲ ਅਭੇਦ ਹੋ ਜਾਂਦੇ ਹਨ॥੮॥

## ਸਪਤਮੀ; ਸਤੁ ਸੰਤੋਖੁ ਸਰੀਰਿ ॥
## ਸਾਤ ਸਮੁੰਦ; ਭਰੇ ਨਿਰਮਲ ਨੀਰਿ ॥

ਸੱਤਵੀਂ ਥਿੱਤ ਦੁਆਰਾ ਕਥਨ ਕਰਦੇ ਹਨ ਜਿਸਨੇ ਸਰੀਰ ਵਿੱਚ ਸਤ ਤੇ ਸੰਤੋਖ ਨੂੰ ਧਾਰਿਆ ਹੈ ਅਤੇ ਸਾਤ ਸਮੁੰਦ=ਸਤ ਸਮੁੰਦਰ ਭਾਵ ਪੰਜ ਗਿਆਨ ਇੰਦ੍ਰੇ ਮਨ ਤੇ ਬੁੱਧੀ ਰੂਪ ਸਤ ਸਮੁੰਦਰਾਂ ਨੂੰ ਨਾਮ ਰੂਪ ਜਲ ਨਾਲ ਭਰ ਲਿਆ ਹੈ ਉਹਨਾਂ ਨੂੰ ਨਿਰਮਲ=ਉੱਜਲ ਪ੍ਰਮੇਸ਼ਰ ਪ੍ਰਾਪਤ ਹੋ ਗਿਆ ਹੈ। **ਵਾ:** ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ, ਸ੍ਰਵਣ ਮੰਨਣ ਅਤੇ ਨਿਧਿਆਸਣ ਇਹ ਸਤੇ ਜਿਨ੍ਹਾਂ ਨੇ ਅੰਤਸ਼ਕਰਨ ਰੂਪ ਸਮੁੰਦਰ ਵਿੱਚ ਭਰੇ ਹਨ, ਉਨ੍ਹਾਂ ਦਾ ਅੰਤਸ਼ਕਰਨ ਉੱਜਲ ਪਾਣੀ ਦੀ ਨਿਆਈਂ ਸ਼ੁੱਧ ਹੋ ਗਿਆ।

## *ਮਜਨੁ ਸੀਲੁ; ਸਚੁ ਰਿਦੈ ਵੀਚਾਰਿ ॥*
## *ਗੁਰ ਕੈ ਸਬਦਿ; ਪਾਵੈ ਸਭਿ ਪਾਰਿ ॥*

ਜਿਨ੍ਹਾਂ ਨੇ ਸੀਲੁ=ਨਿਮਰਤਾ ਵਾਲਾ ਸੁਭਾਅ, **ਵਾ:** ਸੀਲ=ਜਤ ਧਾਰਨ ਕਰਨ ਰੂਪ ਮਜਨੁ=ਇਸ਼ਨਾਨ ਕੀਤਾ ਹੈ ਅਤੇ ਸੱਚੇ ਪ੍ਰਮੇਸ਼ਰ ਨੂੰ, **ਵਾ:** ਸੱਚੇ ਨਾਮ ਨੂੰ, **ਵਾ:** ਸੱਚੇ ਗੁਰ ਉਪਦੇਸ਼ ਨੂੰ ਹਿਰਦੇ ਵਿੱਚ ਵਿਚਾਰਿਆ ਹੈ। ਉਹ ਸਤਿਗੁਰਾਂ ਦੇ ਸ਼ਬਦਿ=ਉਪਦੇਸ਼ ਕਰਕੇ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਪਾਉਂਦੇ ਹਨ।

## *ਮਨਿ ਸਾਚਾ; ਮੁਖਿ ਸਾਚਉ ਭਾਇ ॥*
## *ਸਚੁ ਨੀਸਾਣੈ; ਠਾਕ ਨ ਪਾਇ ॥੯॥*

ਜਿਸਦੇ ਮਨ ਵਿੱਚ ਸੱਚਾ ਨਾਮ ਹੈ ਅਤੇ ਮੁਖਿ=ਮੂੰਹ ਵਿੱਚ ਵੀ ਸੱਚ ਦਾ ਭਾਇ=ਪ੍ਰੇਮ ਹੈ, ਉਹ ਸੱਚੇ ਨਾਮ ਰੂਪ ਨੀਸਾਨੈ=ਪ੍ਰਵਾਨੇ ਵਾਲਾ ਪੁਰਸ਼ ਦਰਗਾਹ ਵਿੱਚ ਠਾਕ=ਰੁਕਾਵਟ ਨਹੀਂ ਪਾਉਂਦਾ। **ਵਾ:** ਜਿਸ ਦੇ ਮਨ ਵਿੱਚ ਸੱਚਾ ਨਾਮ ਹੈ ਉਹ ਸੱਚੇ ਮੁਖੀ ਪ੍ਰਮਾਤਮਾ ਨੂੰ ਭਾ ਗਿਆ ਹੈ, ਉਸ ਨੂੰ ਸੱਚਾ ਪ੍ਰਭੂ ਨੀਸਾਣੈ=ਪ੍ਰਗਟ ਹੋਇਆ ਹੈ, ਇਸੇ ਕਰਕੇ ਉਹ ਕਿਧਰੇ ਵੀ ਠਾਕ ਨ ਪਾਇ=ਰੁਕਾਵਟ ਨਹੀਂ ਪਾਉਂਦਾ॥੯॥

## *ਅਸਟਮੀ; ਅਸਟ ਸਿਧਿ ਬੁਧਿ ਸਾਧੈ ॥*
## *ਸਚੁ ਨਿਹਕੇਵਲੁ; ਕਰਮਿ ਅਰਾਧੈ ॥*

ਅਸਟਮੀ=ਅੱਠਵੀਂ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਬੁੱਧੀ ਨੂੰ ਸਾਧੈ=ਸਾਧਨੇ ਤੋਂ ਅੱਠ ਮੁਖ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। **ਵਾ:** ਜਿਨਾਂ ਨੇ ਬੁੱਧੀ ਨੂੰ ਸਾਧੈ=ਸ੍ਰੇਸ਼ਟ ਬਣਾਇਆ ਹੈ, ਉਨ੍ਹਾਂ ਨੂੰ ਅੱਠ ਸਿਧੀਆਂ ਪ੍ਰਾਪਤ ਹੁੰਦੀਆਂ ਹਨ। **ਵਾ:** ਜੋ ਬੁੱਧੀ ਨੂੰ ਸਾਧਨਾ ਹੈ ਇਹੀ ਅੱਠ ਸਿਧੀਆਂ ਹਨ। **ਵਾ:** ਜੋ ਅਸਟ=ਅੱਠ ਭਾਵ ਪੰਜ ਕਾਮਾਦਿ ਅਤੇ ਤਿੰਨਾਂ ਗੁਣਾਂ ਨੂੰ ਸਾਧੈ=ਜਿੱਤ ਲੈਂਦਾ ਹੈ ਉਸਦੀ ਬੁੱਧੀ ਵਿੱਚ ਪ੍ਰਮੇਸ਼ਰ ਸਿਧਿ=ਪ੍ਰਾਪਤ ਹੋ ਜਾਂਦਾ ਹੈ। **ਵਾ:** ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਦੁਆਰਾ ਅੱਠ ਪ੍ਰਕਾਰ ਦੇ ਕਾਮ ਨੂੰ ਸਾਧੇ ਤਾਂ ਸਭ ਕਾਰਜਾਂ ਦੀ ਸਿੱਧੀ **ਵਾ:** ਵਾਕ ਸਿੱਧੀ ਹੋ ਜਾਂਦੀ ਹੈ। ਸਤਿਗੁਰਾਂ ਦੀ ਕਰਮਿ=ਕਿਰਪਾ ਦੁਆਰਾ ਸੱਚੇ ਪ੍ਰਮੇਸ਼ਰ ਨੂੰ ਅਰਾਧੇ ਤਾਂ ਨਿਹਕੇਵਲ=ਸ਼ੁੱਧ ਹੁੰਦਾ ਹੈ। ਅੱਠ ਪ੍ਰਕਾਰ ਦਾ ਕਾਮ—ਸ੍ਰਵਣ, ਸਿਮਰਨ, ਕੀਰਤਨ, ਚਿਤਵਨੀ, ਬਾਤ ਇਕੰਤ, ਦ੍ਰਿੜ੍ਹ ਸੰਕਲਪ, ਪ੍ਰਯਤਨ, ਤਨ ਪ੍ਰਾਪਤਿ। ਜੈਸਾ ਕਿ :

> **ਸ੍ਰਵਣ ਸਿਮਰਨ ਔ ਕੀਰਤਨ, ਚਿਤਵਨ ਬਾਤ ਇਕੰਤ ॥**
> **ਦ੍ਰਿੜ ਸੰਕਲਪ ਪ੍ਰਯਤਨ ਤਨ ਪ੍ਰਾਪਤਿ ਅਸ਼ਟ ਕਹੰਤ ॥੮॥** [ਵਿਚਾਰ ਮਾਲਾ ਬਿਸ੍ਰਾਮ ੪]

## *ਪਉਣ ਪਾਣੀ ਅਗਨੀ; ਬਿਸਰਾਉ ॥*
## *ਤਹੀ ਨਿਰੰਜਨੁ; ਸਾਚੋ ਨਾਉ ॥*

ਪ੍ਰਮੇਸ਼ਰ ਪਉਣ ਪਾਣੀ ਅਗਨੀ ਆਦਿ ਤੱਤਾਂ ਵਿੱਚ ਬਿਸਰਾਉ=ਇਸਥਿਤ ਹੈ। **ਵਾ:** ਜਿਸ ਜੀਵ ਨੇ ਇਸ ਅੰਤਸ਼ਕਰਨ ਵਿੱਚੋਂ ਪੌਣ, ਪਾਣੀ, ਅਗਨੀ ਆਦਿਕ ਤੱਤਾਂ ਰਚਿਤ ਸਰੀਰ ਦੇ ਦੇਹ ਅਧਿਆਸ ਨੂੰ ਬਿਸਰਾਉ=ਭੁਲਾ ਦਿੱਤਾ ਹੈ, **ਵਾ:** ਜੋ ਜੀਵ ਅੰਤਸ਼ਕਰਨ ਵਿੱਚੋਂ ਰਜੋ, ਤਮੋ, ਸਤੋ ਗੁਣਾਂ ਨੂੰ ਬਿਸਰਾਉ=ਵਿਸਾਰਦਾ ਭਾਵ ਤਿਆਗਦਾ ਹੈ। ਤਹੀ=ਤਿਸੀ ਜੀਵ ਦੇ ਅੰਤਸ਼ਕਰਨ ਵਿੱਚ ਨਿਰੰਜਨ ਦਾ ਸੱਚਾ ਨਾਮ ਵਸਦਾ ਹੈ। **ਵਾ:** ਉਹ ਜੀਵ ਸੱਚੇ ਨਾਮ ਵਾਲੇ ਨਿਰੰਜਨ=ਮਲ ਮਾਇਆ ਤੋਂ ਰਹਿਤ ਪ੍ਰਮੇਸ਼ਰ ਵਿੱਚ ਬਿਸਰਾਉ=ਇਸਥਿਤੀ ਪਾ ਲੈਂਦਾ ਹੈ।

### *ਤਿਸੁ ਮਹਿ ਮਨੂਆ; ਰਹਿਆ ਲਿਵ ਲਾਇ ॥*
### *ਪ੍ਰਣਵਤਿ ਨਾਨਕੁ; ਕਾਲੁ ਨ ਖਾਇ ॥੧੦॥*

ਤਿਸ ਪ੍ਰਮੇਸ਼ਰ ਦੇ ਨਾਮ ਵਿੱਚ ਜਿਸ ਜਗਿਆਸੂ ਦਾ ਮਨ ਲਿਵ ਲਗਾ ਰਿਹਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਉਸਨੂੰ ਫਿਰ ਕਾਲ ਖਾਂਦਾ ਨਹੀਂ ਹੈ॥੧੦॥

### *ਨਾਉ ਨਉਮੀ; ਨਵੇ ਨਾਥ ਨਵ ਖੰਡਾ ॥*
### *ਘਟਿ ਘਟਿ ਨਾਥੁ; ਮਹਾ ਬਲਵੰਡਾ ॥*

ਨਉਮੀ=ਨੌਮੀ ਥਿੱਤ ਦੁਆਰਾ ਕਥਨ ਕਰਦੇ ਕਿ ਨੌ ਨਾਥ (੧. ਗੋਰਖ ਨਾਥ, ੨. ਮਛੰਦਰ ਨਾਥ, ੩. ਚਰਪਟ ਨਾਥ, ੪. ਮੰਗਲ ਨਾਥ, ੫. ਘੁੱਘੂ ਨਾਥ, ੬. ਭਰਥਰਿ ਨਾਥ, ੭. ਗੋਪੀ ਨਾਥ, ੮. ਈਸ਼ਰ ਨਾਥ, ੯. ਚੰਬਾ ਨਾਥ) ਅਤੇ ਨੌ ਖੰਡਾ (੧. ਕਿੰ ਪੁਰਖ ਖੰਡ, ੨. ਭੱਦਰ ਖੰਡ, ੩. ਕੇਤਮਾਲ ਖੰਡ, ੪. ਹਰਿ ਵਰਖ ਖੰਡ, ੫. ਹਿਰਣਯ ਖੰਡ, ੬. ਰਮਯ ਖੰਡ, ੭. ਕੁਸ਼ੂ ਖੰਡ, ੮. ਇਲਾ ਬ੍ਰਤ ਖੰਡ, ੯. ਭਾਰਤ ਖੰਡ) ਦਾ ਜੋ ਨਾਥੁ=ਸੁਆਮੀ ਹੈ ਉਸ ਪ੍ਰਮੇਸ਼ਰ ਦਾ ਨਾਉ=ਨਾਮ ਮਹਾ ਬਲਵੰਡਾ=ਬੜੇ ਬਲ ਵਾਲਾ ਹੈ ਅਥਵਾ ਉਹ ਨਾਉ=ਨਾਮੀ ਪ੍ਰਮਾਤਮਾ ਮਹਾ=ਬੜਾ ਬਲਵੰਡਾ=ਬਲਵਾਨ ਹੈ।

### *ਆਈ ਪੂਤਾ; ਇਹੁ ਜਗੁ ਸਾਰਾ ॥*
### *ਪ੍ਰਭ ਆਦੇਸੁ; ਆਦਿ ਰਖਵਾਰਾ ॥*

ਜੋ ਪ੍ਰਮੇਸ਼ਰ ਤੋਂ ਆਈ ਹੋਈ ਮਾਇਆ ਹੈ ਤਿਸਦਾ ਇਹ ਸਾਰਾ ਸੰਸਾਰ ਪੁੱਤਰ ਹੈ। (ਸੰਸਾਰ ਮਾਇਆ ਦਾ ਕਾਰਜ ਹੋਣ ਤੋਂ ਪੁੱਤਰ ਕਿਹਾ ਹੈ) **ਵਾ:** ਇਸ ਸਾਰੇ ਜਗਤ ਵਿੱਚ ਉਸ ਪ੍ਰਮੇਸ਼ਰ ਦੀ ਪੂਤਾ=ਪਵਿਤ੍ਰ ਚੇਤਨ ਸੱਤਾ ਆਈ=ਆ ਰਹੀ ਹੈ। **ਵਾ:** (ਆ+ਈ) ਆ=ਸਰਬ ਓਰ ਤੋਂ ਈ=ਜੋ ਪ੍ਰਾਪਤ ਰੂਪ ਹੈ ਉਸ ਪ੍ਰਮੇਸ਼ਰ ਦੇ ਨਾਮ ਕਰਕੇ ਹੀ ਇਹ ਸਾਰਾ ਸੰਸਾਰ ਪੂਤਾ=ਪਵਿੱਤਰ ਹੁੰਦਾ ਹੈ। **ਵਾ:** ਜਿਸਦੇ ਹਿਰਦੇ ਵਿੱਚ ਪੂਤਾ=ਗਿਆਨ ਆਈ=ਆਇਆ ਹੈ, ਉਸ ਨੇ ਇਸ ਸਾਰੇ ਸੰਸਾਰ ਦੇ ਸਾਰ ਰੂਪ ਪ੍ਰਮੇਸ਼ਰ ਨੂੰ ਪ੍ਰਾਪਤ ਕਰ ਲਿਆ ਹੈ। ਜੋ ਪ੍ਰਭੂ ਆਦਿ=ਮੁਢ ਤੋਂ ਹੀ ਸਭ ਦੀ ਰੱਖਿਆ ਕਰਨ ਵਾਲਾ ਹੈ, ਉਸ ਪ੍ਰਭੂ ਨੂੰ ਆਦੇਸੁ=ਨਮਸਕਾਰ ਹੈ।

### *ਆਦਿ ਜੁਗਾਦੀ; ਹੈ ਭੀ ਹੋਗੁ ॥*
### *ਓਹੁ ਅਪਰੰਪਰੁ ਕਰਣੈ ਜੋਗੁ ॥੧੧॥*

ਉਹ ਪ੍ਰਮੇਸ਼ਰ ਸੰਸਾਰ ਦੇ ਆਦਿ=ਮੁੱਢ ਵਿੱਚ ਵੀ ਸੀ ਜੁਗਾਂ ਦੇ ਆਦਿ ਵਿੱਚ ਵੀ ਸੀ, ਹੈ=ਹੁਣ ਵੀ ਹੈ ਅਤੇ ਅੱਗੇ ਨੂੰ ਵੀ ਸਤ ਸਰੂਪ ਹੋਗੁ=ਹੋਵੇਗਾ। ਉਹ ਅਪਰੰਪਰੁ=ਪ੍ਰਮਾਤਮਾ ਸਾਰੀਆਂ ਗੱਲਾਂ ਕਰਨ ਦੇ ਜੋਗੁ=ਲਾਇਕ ਭਾਵ ਸਮਰੱਥ ਹੈ। ਅਥਵਾ ਉਹ ਅਪਰੰਪਰੁ=ਪ੍ਰਮਾਤਮਾ ਨਮਸ਼ਕਾਰ ਕਰਨ ਯੋਗ ਹੈ॥੧੧॥

### *ਦਸਮੀ; ਨਾਮੁ ਦਾਨੁ ਇਸਨਾਨੁ ॥*
### *ਅਨਦਿਨੁ ਮਜਨੁ; ਸਚਾ ਗੁਣ ਗਿਆਨੁ ॥*

ਦਸਵੀਂ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ, ਪ੍ਰਭੂ ਦਾ ਨਾਮ ਜਪ ਅਤੇ ਲੋੜਵੰਦਾਂ ਨੂੰ ਯਥਾ ਸ਼ਕਤਿ ਦਾਨ ਦੇਣਾ ਕਰ। **ਵਾ:** ਨਾਮੁ ਦਾਨ ਇਸਨਾਨੁ ਭਾਵ ਨਾਮ ਰਿਦੇ ਕਰਕੇ ਦਾਨੁ ਹੱਥਾਂ ਕਰਕੇ ਅਤੇ ਇਸਨਾਨ ਸਰੀਰ ਕਰਕੇ ਕਰਨਾ ਕਰੇ। **ਵਾ:** ਦਾਨੁ ਭਾਵ ਬ੍ਰਹਮ ਗਿਆਨ ਦਾ ਦਾਨ ਕਰੇ ਅਤੇ

ਨਾਮ ਰੂਪ ਜਲ ਵਿੱਚ ਇਸ਼ਨਾਨ ਕਰੇ। ਰਾਤ ਦਿਨ ਗੁਣਾਂ ਦੇ ਸਹਿਤ ਹੋ ਕੇ ਸੱਚੇ ਨਾਮ ਰੂਪ ਜਲ ਵਿੱਚ ਇਸ਼ਨਾਨ ਕਰੇ ਤਾਂ ਗਿਆਨ ਪ੍ਰਾਪਤ ਹੋਵੇਗਾ। **ਵਾ:** ਸੱਚੇ ਦੀ ਪ੍ਰਾਪਤੀ ਕਰਾਉਣ ਵਾਲੇ ਗਿਆਨ ਆਦਿਕ ਗੁਣਾਂ ਵਿੱਚ ਰਾਤ ਦਿਨ ਇਸ਼ਨਾਨ ਕਰ। **ਵਾ:** ਸੱਚੇ ਦੇ ਗਿਆਨ ਨੂੰ ਜੋ ਗੁਣ=ਜਾਨਣਾ, **ਵਾ:** ਵਿਚਾਰਨਾ ਹੈ ਏਹੀ ਪੁਰਬ ਦਾ ਇਸ਼ਨਾਨ ਹੈ।

### *ਸਚਿ ਮੈਲੁ ਨ ਲਾਗੈ; ਭ੍ਰਮੁ ਭਉ ਭਾਗੈ ॥*
### *ਬਿਲਮੁ ਨ ਤੂਟਸਿ; ਕਾਚੈ ਤਾਗੈ ॥*

ਸੱਚੇ ਪ੍ਰਮੇਸ਼ਰ ਦਾ ਨਾਮ ਜਪਣ ਕਰਕੇ **ਵਾ:** ਸੱਚ ਦੀ ਵਿਚਾਰ ਕੀਤਿਆਂ ਅੰਤਸ਼ਕਰਨ ਨੂੰ ਰਾਗ ਦ੍ਵੈਸ਼ ਰੂਪ ਮੈਲ ਨਹੀਂ ਲਗਦੀ ਅਤੇ ਹਿਰਦੇ ਵਿੱਚੋਂ ਪੰਜ ਪ੍ਰਕਾਰ ਦਾ ਭਰਮ ਅਤੇ ਸੱਤ ਪ੍ਰਕਾਰ ਦਾ ਭਉ=ਡਰ ਭਾਗੈ=ਨਾਸ਼ ਹੋ ਜਾਂਦਾ ਹੈ। ਹੇ ਜੀਵ! ਇਹ ਚੇਤੇ ਰੱਖ ਕਿ ਇਹ ਦੇਹ ਰੂਪ, **ਵਾ:** ਸੁਆਸਾਂ ਰੂਪ, **ਵਾ:** ਉਮਰ ਰੂਪ, **ਵਾ:** ਸੰਸਾਰ ਰੂਪ ਕੱਚੇ ਧਾਗੇ ਨੂੰ ਟੁੱਟਦਿਆਂ ਬਿਲਮੁ=ਦੇਰ ਨਹੀਂ ਲਗਦੀ।

### *ਜਿਉ ਤਾਗਾ; ਜਗੁ ਏਵੈ ਜਾਣਹੁ ॥*
### *ਅਸਥਿਰੁ ਚੀਤੁ; ਸਾਚਿ ਰੰਗੁ ਮਾਣਹੁ ॥੧੨॥*

ਜਿਵੇਂ ਕੱਚਾ ਧਾਗਾ ਹੈ ਇਸੇ ਤਰ੍ਹਾਂ ਸੰਸਾਰ ਨੂੰ ਮਿਥਿਆ ਜਾਨਣਾ ਕਰੋ। ਚਿਤ ਨੂੰ ਅਸਥਿਰੁ=ਅਚੱਲ ਕਰਕੇ ਸੱਚੇ ਪ੍ਰਮੇਸ਼ਰ ਦੇ ਰੰਗੁ=ਅਨੰਦ ਨੂੰ ਮਾਣਹੁ=ਭੋਗਣਾ ਕਰੋ। **ਵਾ:** ਜੋ ਚੀਤੁ=ਚੇਤਨ ਪ੍ਰਮਾਤਮਾ ਸੱਚਾ ਅਤੇ ਅਚੱਲ ਹੈ, ਉਸਦੇ ਮਿਲਾਪ ਦੇ ਅਨੰਦ ਨੂੰ ਮਾਨਣਾ ਕਰੋ॥੧੨॥

### *ਏਕਾਦਸੀ; ਇਕੁ ਰਿਦੈ ਵਸਾਵੈ ॥*
### *ਹਿੰਸਾ ਮਮਤਾ; ਮੋਹੁ ਚੁਕਾਵੈ ॥*

ਇਕਾਦਸ਼ੀ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਜੀਵ ਇੱਕ ਪ੍ਰਭੂ ਦਾ ਨਾਮ ਹਿਰਦੇ ਵਿੱਚ ਵਸਾ ਲਵੇ ਅਤੇ ਹਿੰਸਾ=ਜੀਵ ਘਾਤ, ਪਦਾਰਥਾਂ ਦੀ ਮਮਤਾ ਅਤੇ ਮੋਹ ਨੂੰ ਚੁਕਾਵੈ=ਦੂਰ ਕਰ ਦੇਵੇ।

### *ਫਲੁ ਪਾਵੈ; ਬ੍ਰਤੁ ਆਤਮ ਚੀਨੈ ॥*
### *ਪਾਖੰਡਿ ਰਾਚਿ; ਤਤੁ ਨਹੀ ਬੀਨੈ ॥*

ਸਾਰਿਆਂ ਵਿੱਚ ਆਤਮ ਚੀਨੈ=ਆਪਣਾ ਆਪ ਰੂਪ ਜਾਣੇ ਤਾਂ ਸਾਧਨਾਂ ਰੂਪੀ ਬਰਤ ਦਾ ਫਲ ਪਾਉਂਦਾ ਹੈ। **ਵਾ:** ਆਤਮਾ ਦੇ ਜਾਨਣੇ ਰੂਪ ਬਰਤ ਨੂੰ ਰੱਖੇ ਤਾਂ ਗਿਆਨ ਫਲ ਨੂੰ ਪਾਉਂਦਾ ਹੈ। **ਵਾ:** ਮੁਕਤੀ ਰੂਪ ਫਲ ਨੂੰ ਪਾਉਂਦਾ ਹੈ। **ਵਾ:** ਜੋ ਹਿੰਸਾ, ਮਮਤਾ ਤੇ ਮੋਹ ਦਾ ਬ੍ਰਤ ਰੱਖਣਾ ਹੈ ਭਾਵ ਇਹਨਾਂ ਨੂੰ ਛੱਡਣਾ ਹੈ। ਇਸ ਬਰਤ ਨੂੰ ਆਤਮਾ ਜਾਨਣ ਰੂਪ ਫਲ ਲਗਦਾ ਹੈ। ਪਖੰਡ ਵਿੱਚ ਰਾਚਿ=ਲੱਗਿਆ ਹੋਇਆ ਪਖੰਡੀ ਪੁਰਸ਼ ਤਤੁ=ਸਿਧਾਂਤ ਰੂਪ ਪ੍ਰਮੇਸ਼ਰ ਨੂੰ ਨਹੀਂ ਬੀਨੈ=ਦੇਖ ਸਕਦਾ।

### *ਨਿਰਮਲੁ ਨਿਰਾਹਾਰੁ ਨਿਹਕੇਵਲੁ ॥*
### *ਸੂਚੈ ਸਾਚੇ; ਨਾ ਲਾਗੈ ਮਲੁ ॥੧੩॥*

ਜੋ ਸ਼ੁੱਧ ਸਰੂਪ, (ਨਿਰ+ਆਹਾਰ) ਆਹਾਰੁ=ਭੋਜਨ ਤੋਂ ਨਿਰ=ਰਹਿਤ, ਨਿਹਕੇਵਲੁ=ਅਦੁੱਤੀ ਸਰੂਪ ਹੈ ਉਸ ਸੱਚੇ ਪ੍ਰਮੇਸ਼ਰ ਨੂੰ ਸਾਖਯਾਤ ਕਰਕੇ ਜੋ ਸੂਚੈ=ਪਵਿੱਤ੍ਰ ਹੋਏ ਹਨ, ਉਨ੍ਹਾਂ ਨੂੰ ਅਵਿਦਿਆ ਦੀ ਮੈਲ ਨਹੀਂ ਲਗਦੀ॥੧੩॥

**ਜਹ ਦੇਖਉ; ਤਹ ਏਕੋ ਏਕਾ ॥**
**ਹੋਰਿ ਜੀਅ ਉਪਾਏ; ਵੇਕੋ ਵੇਕਾ ॥**

ਜਿਥੇ ਵੀ ਵੇਖਦੇ ਹਾਂ ਉੱਥੇ ਇੱਕੋ ਇੱਕ ਪ੍ਰਮਾਤਮਾ ਦਿੱਸਦਾ ਹੈ। ਉਸ ਪ੍ਰਮਾਤਮਾ ਨੇ ਹੋਰ ਜਿਤਨੇ ਵੀ ਜੀਵ ਪੈਦਾ ਕੀਤੇ ਹਨ ਉਹ ਸਭ ਵੇਕੋ ਵੇਕਾ=ਭਿੰਨ-ਭਿੰਨ (ਵੱਖੋ ਵੱਖਰੇ) ਹਨ।

**ਫਲੋਹਾਰ ਕੀਏ; ਫਲੁ ਜਾਇ ॥**
**ਰਸ ਕਸ ਖਾਏ; ਸਾਦੁ ਗਵਾਇ ॥**

ਇਕਾਦਸ਼ੀ ਦੇ ਬਰਤ ਵਿੱਚ ਫਲੋਹਾਰ=ਫਲ ਦਾ ਆਹਾਰ ਕਰਨ ਤੋਂ ਵੀ ਬ੍ਰਤ ਦਾ ਫਲ ਚਲਿਆ ਜਾਂਦਾ ਹੈ। **ਵਾ**: ਜੋ ਸਾਧਨ ਕਰਨੇ ਹਨ ਇਹ ਬਰਤ ਰੱਖਣੇ ਹਨ ਫੇਰ ਸਾਧਨ ਕਰਕੇ ਮਾਇਆ ਦੀ ਇੱਛਾ ਕਰਨ ਰੂਪ ਫਲ ਦਾ ਆਹਾਰ ਕਰ ਲਿਆ ਤਾਂ ਅੰਤਸ਼ਕਰਨ ਦੀ ਸੁੱਧੀ ਰੂਪ ਫਲ ਚਲਿਆ ਜਾਂਦਾ ਹੈ। **ਵਾ**: ਖੋਟਿਆਂ ਸੰਕਲਪਾਂ, ਵਿਕਲਪਾਂ ਰੂਪ ਫਲਾਂ ਦਾ ਭੋਜਨ ਕਰਨੇ ਕਰਕੇ ਬ੍ਰਹਮ ਗਿਆਨ ਰੂਪ ਫਲ ਚਲਿਆ ਜਾਂਦਾ ਹੈ। **ਵਾ**: ਆਤਮਾਨੰਦ ਰੂਪ ਫਲ ਚਲਾ ਜਾਂਦਾ ਹੈ। ਦੁਨਿਆਵੀ ਰਸਾਂ-ਕਸਾਂ ਨੂੰ ਖਾ ਕੇ, **ਵਾ**: ਕਸ=ਕਸੀਸ ਦੇ ਕੇ ਕੱਢੇ ਹੋਏ ਸ਼ਰਾਬ ਆਦਿ ਰਸਾਂ ਨੂੰ ਖਾ ਕੇ ਆਤਮਾ ਦੀ ਪ੍ਰਾਪਤੀ ਰੂਪ ਸੁਆਦ ਨੂੰ ਗਵਾ ਲੈਂਦਾ ਹੈ।

**ਕੂੜੈ ਲਾਲਚਿ; ਲਪਟੈ ਲਪਟਾਇ ॥**
**ਛੂਟੈ ਗੁਰਮੁਖਿ; ਸਾਚੁ ਕਮਾਇ ॥੧੪॥**

ਮਨਮੁਖ ਪੁਰਸ਼ ਝੂਠਿਆਂ ਪਦਾਰਥਾਂ ਦੇ ਲਾਲਚ ਵਿੱਚ ਆਪ ਲਪਟੈ=ਫਸਦੇ ਹਨ ਤੇ ਹੋਰਨਾਂ ਨੂੰ ਲਪਟਾਇ=ਫਸਾਉਂਦੇ ਹਨ। ਗੁਰਮੁਖ ਜਨ ਸੱਚੇ ਨਾਮ ਦੀ ਕਮਾਈ ਕਰਕੇ ਝੂਠੇ ਪਦਾਰਥਾਂ ਦੇ ਲਾਲਚ ਤੋਂ ਛੁੱਟ ਗਏ ਹਨ ॥੧੪॥

**ਦੁਆਦਸਿ ਮੁਦ੍ਰਾ; ਮਨੁ ਅਉਧੂਤਾ ॥**
**ਅਹਿਨਿਸਿ ਜਾਗਹਿ; ਕਬਹਿ ਨ ਸੂਤਾ ॥**

ਜਿਸਨੇ ਦਸ ਇੰਦ੍ਰੇ ਮਨ ਅਤੇ ਬੁੱਧ ਇਨ੍ਹਾਂ ਦੁਆਦਸਿ=ਬਾਰਾਂ ਨੂੰ ਮੁਦ੍ਰਾ=ਰੋਕਿਆ ਹੈ, ਉਸ ਦਾ ਮਨ ਅਉਧੂਤਾ=ਸ਼ੁੱਧ (ਪਵਿੱਤ੍ਰ) ਹੋਇਆ ਹੈ। ਉਹ ਦਿਨ ਰਾਤ ਗਿਆਨ ਰੂਪ ਜਾਗ੍ਰਤ ਅਵਸਥਾ ਵਿੱਚ ਜਾਗਦਾ ਹੈ, ਕਦੇ ਵੀ ਮੋਹ, ਅਵਿਦਿਆ ਰੂਪ ਨੀਂਦ ਵਿੱਚ ਨਹੀਂ ਸੌਂਦਾ।

**ਜਾਗਤੁ ਜਾਗਿ; ਰਹੈ ਲਿਵ ਲਾਇ ॥**
**ਗੁਰ ਪਰਚੈ; ਤਿਸੁ ਕਾਲੁ ਨ ਖਾਇ ॥**

ਗੁਰੂ ਸਾਹਿਬ ਜੋ ਆਪ ਗਿਆਨ ਅਵਸਥਾ ਵਿੱਚ ਜਾਗਦੇ ਹਨ ਤੇ ਹੋਰਨਾਂ ਨੂੰ ਜਗਾਉਂਦੇ ਹਨ, ਉਨ੍ਹਾਂ ਦੁਆਰਾ ਲਿਵ ਲਾ ਰੱਖੇ। **ਵਾ**: ਜੋ ਲਿਵ ਲਗਾ ਕੇ ਗਿਆਨ ਰੂਪ ਜਾਗ੍ਰਿਤ ਅਵਸਥਾ ਵਿੱਚ ਜਾਗ ਰਿਹਾ ਹੈ। ਉਸ ਗੁਰੂ ਦੇ ਪਰਚੈ=ਉਪਦੇਸ਼ ਗ੍ਰਹਿਣ ਕਰਨ ਵਾਲੇ ਨੂੰ **ਵਾ**: ਗੁਰੂ ਦੇ ਪ੍ਰੇਮ ਵਾਲੇ ਨੂੰ ਕਾਲ ਨਹੀਂ ਖਾਂਦਾ।

**ਅਤੀਤ ਭਏ; ਮਾਰੇ ਬੈਰਾਈ ॥**
**ਪ੍ਰਣਵਤਿ ਨਾਨਕ; ਤਹ ਲਿਵ ਲਾਈ ॥੧੫॥**

ਜੋ ਪਦਾਰਥਾਂ ਦੀ ਇੱਛਾ ਤੋਂ ਅਤੀਤ=ਰਹਿਤ ਹੋਏ ਹਨ, ਉਨ੍ਹਾਂ ਨੇ ਸਾਰੇ ਕਾਮਕ੍ਰੋਧ ਆਦਿ ਵੈਰੀ ਮਾਰ ਦਿੱਤੇ

ਹਨ। **ਵਾ:** ਜੋ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਮਾਰ ਕੇ ਉਨ੍ਹਾਂ ਤੋਂ ਅਤੀਤ=ਰਹਿਤ, ਅਸੰਗ ਹੋਏ ਹਨ। ਸਤਿਗੁਰੂ ਜੀ ਪ੍ਰਣਵਤਿ=ਉਚਾਰਨ ਕਰਦੇ ਹਨ ਕਿ ਉਨ੍ਹਾਂ ਜਗਿਆਸੂਆਂ ਨੇ ਪ੍ਰਭੂ ਦੇ ਨਾਮ ਵਿੱਚ ਲਿਵ ਲਾਈ ਹੈ॥੧੫॥

**_ਦੁਆਦਸੀ; ਦਇਆ ਦਾਨੁ ਕਰਿ ਜਾਣੈ ॥_**
**_ਬਾਹਰਿ ਜਾਤੋ; ਭੀਤਰਿ ਆਣੈ ॥_**

ਦੁਆਦਸੀ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਸਭ ਜੀਵਾਂ ਉੱਤੇ ਦਇਆ ਕਰਨੀ ਅਤੇ ਲੋੜਵੰਦਾਂ ਨੂੰ ਦਾਨ ਕਰਨਾ ਜਾਣੇ। ਬਾਹਰਿ=ਸੰਸਾਰ ਵਲ **ਵਾ:** ਪਦਾਰਥਾਂ ਵੱਲ ਬਾਹਰ ਜਾਂਦੇ ਮਨ ਨੂੰ ਅੰਦਰ ਲਿਆਵੇ ਭਾਵ ਅੰਤ੍ਰਮੁਖ ਬਿਰਤੀ ਕਰੇ।

**_ਬਰਤੀ ਬਰਤ; ਰਹੈ ਨਿਹਕਾਮ ॥_**
**_ਅਜਪਾ ਜਾਪੁ; ਜਪੈ ਮੁਖਿ ਨਾਮ ॥_**

ਇਸ ਤਰ੍ਹਾਂ ਦਾ ਬਰਤੀ=ਵਰਤ ਰੱਖਣ ਵਾਲਾ ਹੋ ਕੇ ਨਿਸ਼ਕਾਮਤਾ ਵਿੱਚ ਵਰਤਦਾ ਰਹੇ। **ਵਾ:** ਬਰਤੀ=ਨਿਯਮੀ ਹੋ ਕੇ ਨਿਸ਼ਕਾਮ ਕਰਮ ਕਰਨ ਰੂਪ ਬਰਤ=ਨਿਯਮ ਵਿੱਚ ਰਹੇ। ਅਜਪਾ ਰੂਪ ਜੋ ਪ੍ਰਮੇਸ਼ਰ ਹੈ, ਤਿਸ ਦੇ ਸਤਿਨਾਮ ਜਾਪ ਨੂੰ ਮੁਖ ਕਰਕੇ ਜਪਣਾ ਕਰੇ।

**_ਤੀਨਿ ਭਵਣ ਮਹਿ; ਏਕੋ ਜਾਣੈ ॥_**
**_ਸਭਿ ਸੁਚਿ ਸੰਜਮ; ਸਾਚੁ ਪਛਾਣੈ ॥੧੬॥_**

ਤਿੰਨਾਂ ਲੋਕਾਂ ਵਿੱਚ ਇੱਕ ਪ੍ਰਭੂ ਨੂੰ ਜਾਣੇ। ਸੁਚਿ=ਪਵਿੱਤ੍ਰਤਾ ਅਤੇ ਸੰਜਮ ਆਦਿਕ ਸਾਧਨ ਕਰਕੇ ਸੱਚੇ ਵਾਹਿਗੁਰੂ ਨੂੰ ਸਾਰਿਆਂ ਵਿੱਚ ਪਛਾਣੇ॥੧੬॥

**_ਤੇਰਸਿ; ਤਰਵਰ ਸਮੁਦ ਕਨਾਰੈ ॥_**
**_ਅੰਮ੍ਰਿਤੁ ਮੂਲੁ; ਸਿਖਰਿ ਲਿਵ ਤਾਰੈ ॥_**

ਤੇਰਸਿ=ਤ੍ਰੌਦਸੀ ਥਿੱਤ ਦੁਆਰਾ ਕਥਨ ਕਰਦੇ ਹਨ ਜਿਵੇਂ ਸਮੁੰਦਰ ਦੇ ਕਿਨਾਰੇ ਤਰਵਰ=ਬ੍ਰਿਛ ਹੁੰਦਾ ਹੈ, ਉਸਦੇ ਨਾਸ ਹੋਣ ਵਿੱਚ ਕੋਈ ਦੇਰ ਨਹੀਂ ਹੁੰਦੀ। ਤਿਵੇਂ ਸੰਸਾਰ ਦੇ ਨਾਸ ਹੁੰਦਿਆਂ ਕੋਈ ਦੇਰ ਨਹੀਂ ਲਗਦੀ। **ਵਾ:** ਕਾਲ ਰੂਪ ਸਮੁੰਦਰ ਹੈ, ਪ੍ਰਾਰਬਧ ਰੂਪੀ ਕਿਨਾਰਾ ਹੈ, ਜਿਸਤੇ ਸਰੀਰ ਰੂਪੀ ਬ੍ਰਿਛ ਖੜਾ ਹੈ, ਜੋ ਕਦੇ ਵੀ ਨਾਸ ਹੋ ਸਕਦਾ ਹੈ। **ਵਾ:** ਸੰਸਾਰ ਰੂਪ ਸਮੁੰਦਰ ਹੈ ਇਸ ਤੋਂ ਕਨਾਰੈ=ਨਿਰਲੇਪ ਬ੍ਰਹਮ ਰੂਪ ਬ੍ਰਿਛ ਹੈ। ਜੋ ਪ੍ਰਭੂ ਅੰਮ੍ਰਿਤ ਰੂਪ ਹੈ ਤੇ ਸਭ ਦਾ ਮੂਲ=ਮੁਢ ਭਾਵ ਕਾਰਨ ਰੂਪ ਹੈ ਤੇ ਸਿਖਰਿ=ਉਤ ਕ੍ਰਿਸ਼ਟ ਹੈ, ਉਸ ਵਿੱਚ ਤੇਲ ਧਾਰਾ ਵਾਂਗ ਲਿਵ ਲਾਉਣਾ ਕਰੇ। **ਵਾ:** ਅੰਮ੍ਰਿਤ=ਮਿਤ੍ਰ ਤੋਂ ਰਹਿਤ ਅਤੇ ਤਿੰਨਾਂ ਗੁਣਾਂ ਤੋਂ ਸਿਖਰਿ=ਵਡਾ ਜੋ ਤੁਰੀਆ ਪਦ ਹੈ, ਤਿਸ ਵਿੱਚ ਲਿਵ ਲਾਉਣਾ ਕਰੇ ਫੇਰ ਮੂਲੁ=ਪ੍ਰਕ੍ਰਿਤੀ ਤੋਂ ਤਾਰੈ=ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰਦਾ ਹੈ। ਜੋ ਪ੍ਰਮਾਤਮਾ ਅੰਮ੍ਰਿਤ ਦਾ ਮੂਲ=ਮੁੱਢ, ਸਾਰਿਆਂ ਤੋਂ ਸਿਖਰਿ=ਵੱਡਾ ਹੈ, ਉਸ ਵਿੱਚ ਜੋ ਲਿਵ ਲਾਉਂਦਾ ਹੈ ਉਹ ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ। **ਵਾ:** ਜੋ ਮ੍ਰਿਤੂ ਤੋਂ ਰਹਿਤ ਨਾਮ ਹੈ ਇਹ ਗਿਆਨ ਦਾ ਮੁੱਢ ਹੈ ਤੇ ਜੋ ਤ੍ਰਿਗੁਣ ਅਤੀਤ ਹੋ ਕੇ ਤੇਲ ਧਾਰਾ ਵਾਂਗ ਇੱਕ ਰਸ ਪ੍ਰਭੂ ਵਿੱਚ ਲਿਵ ਲੱਗ ਜਾਣੀ ਇਹ ਸਿਖਰ ਫਲ ਲਗਾ ਹੈ। **ਵਾ:** ਸੰਸਾਰ ਸਮੁੰਦਰ ਹੈ, ਵੈਰਾਗ ਰੂਪ ਕਿਨਾਰੇ ਤੇ ਬ੍ਰਹਮ ਰੂਪ ਬ੍ਰਿਛ ਹੈ ਜਿਸਤੇ ਨਾਮ ਅੰਮ੍ਰਿਤ ਉਤਕ੍ਰਿਸ਼ਟ ਫਲ ਲੱਗਾ ਹੋਇਆ ਹੈ, ਜੋ ਲਿਵ ਲਾਉਣ ਰੂਪ ਖਾਂਦਾ ਹੈ, ਉਹ ਤਰ ਜਾਂਦਾ ਹੈ।

## ਡਰ ਡਰਿ ਮਰੈ; ਨ ਬੂਡੈ ਕੋਇ ॥
## ਨਿਡਰੁ ਬੂਡਿ ਮਰੈ; ਪਤਿ ਖੋਇ ॥

ਜਿਹੜਾ ਕੋਈ ਪ੍ਰਭੂ ਦੇ ਡਰ ਨਾਲ ਡਰ ਕੇ ਜੀਵਤ ਭਾਵ ਤੋਂ ਮਰਦਾ ਹੈ, ਉਹ ਕੋਈ ਸੰਸਾਰ-ਸਮੁੰਦਰ ਵਿੱਚ ਡੁਬਦਾ ਨਹੀਂ ਹੈ। **ਵਾ:** ਜੋ ਕੋਈ ਪ੍ਰਮੇਸ਼ਰ ਦੇ ਡਰ ਵਿੱਚ ਰਹਿੰਦਾ ਹੈ ਉਸਦਾ ਜਮਾਂ ਦਾ ਡਰ ਮਰ ਜਾਂਦਾ ਹੈ, ਉਹ ਫਿਰ ਸੰਸਾਰ ਸਮੁੰਦਰ ਵਿੱਚ ਵੀ ਨਹੀਂ ਡੁਬਦਾ ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ। **ਵਾ:** ਜੋ ਪ੍ਰਮੇਸ਼ਰ ਦੇ ਡਰ ਵਲੋਂ ਡਰਦਾ ਰਹਿੰਦਾ ਹੈ ਭਾਵ ਪ੍ਰਮੇਸ਼ਰ ਦਾ ਡਰ ਧਾਰਨ ਨਹੀਂ ਕਰਦਾ, ਉਹ ਮਰਦਾ ਰਹਿੰਦਾ ਹੈ, ਉਸਦਾ ਨਰਕਾਂ ਵਿੱਚ ਡੁੱਬਦੇ ਹੋਏ ਦਾ ਕੋਈ ਰਾਖਾ ਨਹੀਂ ਹੈ। ਜੋ ਪ੍ਰਮੇਸ਼ਰ ਦੇ ਡਰ ਤੋਂ ਰਹਿਤ ਹੈ, ਉਹ ਆਪਣੀ ਇੱਜ਼ਤ ਗਵਾ ਕੇ ਸੰਸਾਰ-ਸਮੁੰਦਰ ਵਿੱਚ ਡੁੱਬ ਮਰਦਾ ਹੈ।

## ਡਰ ਮਹਿ ਘਰੁ; ਘਰ ਮਹਿ ਡਰੁ ਜਾਣੈ ॥
## ਤਖਤਿ ਨਿਵਾਸੁ; ਸਚੁ ਮਨਿ ਭਾਣੈ ॥੧੭॥

ਪ੍ਰਮੇਸ਼ਰ ਦੇ ਡਰ ਵਿੱਚ ਘਰੁ=ਰਿਦੇ ਨੂੰ ਟਿਕਾਵੇ ਤੇ ਰਿਦੇ ਰੂਪ ਘਰ ਵਿੱਚ ਡਰ ਨੂੰ ਜਾਣੇ। **ਵਾ:** ਪ੍ਰਮੇਸ਼ਰ ਦੇ ਡਰ ਵਿੱਚ ਜਿਨ੍ਹਾਂ ਦਾ ਘਰੁ=ਸਰੀਰ ਹੈ ਅਤੇ ਘਰ=ਰਿਦੇ ਵਿੱਚ ਡਰ ਨੂੰ ਜਾਣਿਆ ਹੈ ਅਤੇ ਮਨ ਵਿੱਚ ਸੱਚੇ ਦੇ ਭਾਣੇ ਨੂੰ ਮੰਨਦੇ ਹਨ ਉਨ੍ਹਾਂ ਦਾ ਸਰੂਪ ਰੂਪੀ ਤਖ਼ਤ ਉੱਤੇ ਨਿਵਾਸ ਹੁੰਦਾ ਹੈ। **ਵਾ:** ਸਚੁ ਮਨਿ ਭਾਣੈ=ਜਿਨ੍ਹਾਂ ਦੇ ਮਨ ਵਿੱਚ ਸੱਚ ਸਰੂਪ ਦੀ ਭਾਵਨਾ ਹੈ, ਉਹ ਸਾਧਸੰਗਤਿ ਰੂਪ ਤਖ਼ਤ 'ਤੇ ਨਿਵਾਸ ਕਰਦੇ ਹਨ। **ਵਾ:** ਜਦੋਂ ਸੱਚੇ ਦੇ ਮਨ ਵਿੱਚ ਭਾਇਆ ਤਾਂ ਸਰੂਪ ਰੂਪੀ ਤਖ਼ਤ ਤੇ ਨਿਵਾਸ ਕੀਤਾ। **ਵਾ:** ਇਸ ਤੁਕ ਦਾ ਅਰਥ ਚੱਕ੍ਰ ਕਾ ਅਨੁਸਾਰ ਇੱਕ ਪ੍ਰਕਾਰ ਹੈ : ਸਤਸੰਗਤਿ ਰੂਪ ਤਖ਼ਤ ਪਰ ਨਿਵਾਸ ਕਰੇ ਤਾਂ ਸੱਚੇ ਦਾ ਨਾਮ ਮਨ ਵਿੱਚ ਭਾਉਂਦਾ ਹੈ ਜਾਂ ਸੱਚੇ ਦਾ ਨਾਮ ਮਨ ਵਿੱਚ ਭਾਇਆ ਤਾਂ ਅੰਤ੍ਰਮੁਖਤਾ ਰੂਪੀ ਤਖ਼ਤ ਉੱਤੇ ਨਿਵਾਸ ਹੋਇਆ, ਜਾਂ ਅੰਤ੍ਰਮੁਖਤਾ ਰੂਪੀ ਤਖ਼ਤ ਉੱਤੇ ਨਿਵਾਸ ਹੋਇਆ ਤਾਂ ਸੱਚੇ ਦੇ ਮਨ ਨੂੰ ਭਾਉਂਦਾ ਹੈ। ਜਾ ਸੱਚੇ ਦੇ ਮਨ ਨੂੰ ਭਾਇਆ ਤਾਂ ਸਰੂਪ ਤਖ਼ਤ ਉੱਤੇ ਨਿਵਾਸ ਹੋਇਆ, ਜਾਂ ਸਰੂਪ-ਤਖ਼ਤ ਉੱਤੇ ਨਿਵਾਸ ਹੋਇਆ ਤਾਂ ਇਸ ਤਰ੍ਹਾਂ ਨਿਸਚੇ ਹੋਇਆ ਕਿ ਜੋ ਸੱਚਾ ਸਭ ਦੇ ਮਨ ਨੂੰ ਭਾਉਂਦਾ ਹੈ ਉਹ ਸੰਸਾਰ ਰੂਪੀ ਤਖ਼ਤ ਉੱਤੇ ਨਿਵਾਸ ਕਰ ਰਿਹਾ ਹੈ॥੧੭॥

## ਚਉਦਸਿ; ਚਉਥੇ ਥਾਵਹਿ ਲਹਿ ਪਾਵੈ ॥
## ਰਾਜਸ ਤਾਮਸ ਸਤ; ਕਾਲ ਸਮਾਵੈ ॥

ਚੌਦਸ ਥਿੱਤ ਦੁਆਰਾ ਕਥਨ ਕਰਦੇ ਹਨ, ਅਨਵੇਂ : ਜਿਸਦੇ ਰਾਜਸ=ਰਜੋ ਗੁਣ ਤਾਮਸ=ਤਮੋ ਗੁਣ ਸਤ=ਸਤੋ ਗੁਣ ਇਹ ਤਿੰਨੇ ਗੁਣ ਜਿਸਦੇ ਸਮਾਵੈ=ਸਮਾ ਗਏ ਹਨ, ਭਾਵ ਅਭਾਵ ਹੋ ਗਏ ਹਨ ਤਿਸਦੇ ਤਿੰਨੇ ਕਾਲ ਵੀ ਸਮਾ ਜਾਂਦੇ ਹਨ, **ਵਾ:** ਕਾਲ ਦਾ ਅਭਾਵ ਹੋ ਜਾਂਦਾ ਹੈ ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ। ਤਿੰਨੇ ਗੁਣ ਅਤੇ ਕਾਲ ਦੇ ਅਭਾਵ ਤੋਂ ਉਸਨੇ ਚਉਥੇ ਥਾਵਹਿ=ਚਉਥਾ ਤੁਰੀਆ ਪਦ ਭਾਵ ਸਾਖੀ ਬ੍ਰਹਮ ਰੂਪ ਥਾਵ ਨੂੰ ਲਹਿ=ਲਖਣਾ (ਜਾਨਣਾ) ਪਾਇਆ ਹੈ।

## ਸਸੀਅਰ ਕੈ ਘਰਿ; ਸੂਰੁ ਸਮਾਵੈ ॥
## ਜੋਗ ਜੁਗਤਿ ਕੀ; ਕੀਮਤਿ ਪਾਵੈ ॥

ਸਸੀਅਰ=ਚੰਦ੍ਰਮਾਂ ਦੀ ਖੱਬੀ-ਸੁਰ ਇੜਾ ਨੂੰ ਦੱਬ ਕੇ ਸੂਰਜ ਦੀ ਸੱਜੀ ਸੁਰ ਪਿੰਗਲਾ ਦੁਆਰਾ ਸੁਆਸਾਂ ਨੂੰ

ਭੁਯੰਗਮਾ ਨਾੜੀ ਵਿੱਚ ਸਮਾਵੈ=ਛੱਡੇ। ਫੇਰ ਜੋਗ ਜੁਗਤਿ=ਜੋਗ ਵਿੱਚ ਜੁੜਨ ਦੀ ਜੁਗਤੀ ਪਾ ਲੈਂਦਾ ਹੈ ਅਤੇ ਦਸਮ ਦੁਆਰ ਦੀ ਪ੍ਰਾਪਤੀ ਰੂਪ ਕੀਮਤ ਪਾ ਲੈਂਦਾ ਹੈ। **ਵਾ:** ਸਸੀਅਰ=ਸਤੋਗੁਣ ਵਸ਼ਿਸ਼ਟ ਅੰਤਸ਼ਕਰਨ ਰੂਪ ਘਰ ਵਿੱਚ **ਅਥਵਾ** ਸਸੀਅਰ=ਚੰਦ੍ਰਮਾਂ ਦਾ ਘਰ ਜੋ ਰਾਤ ਹੈ ਰਾਤ ਵਿੱਚੋਂ ਅਵਿਦਿਆ ਆਈ, ਉਸ ਅਵਿਦਿਆ ਘਰ ਵਿੱਚ ਜਿਸ ਵੇਲੇ ਬਿਬੇਕ ਰੂਪ ਸੂਰਜ ਸਮਾਉਂਦਾ ਹੈ ਤਾਂ ਜੋਗ ਵਿੱਚ ਜੁੜਨ ਦੀ ਕੀਮਤਿ ਨੂੰ ਪਾਉਂਦਾ ਹੈ। ਅਥਵਾ ਭਗਤੀ ਜੋਗ ਵਿੱਚ ਜੁੜਕੇ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਉਂਦਾ ਹੈ। **ਵਾ:** ਸਸੀਅਰ=ਵੈਰਾਗ ਦੇ ਘਰ ਹਿਰਦੇ ਵਿੱਚ ਜਦੋਂ ਗਿਆਨ ਰੂਪੀ ਸੂਰਜ ਸਮਾਇਆ ਭਾਵ ਪ੍ਰਕਾਸ਼ ਹੋਇਆ ਤਾਂ ਪ੍ਰਮੇਸ਼ਰ ਵਿੱਚ ਜੋਗ=ਜੁੜਨੇ ਦੀ ਜੁਗਤੀ ਪ੍ਰਾਪਤ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਪਾਈ।

### *ਚਉਦਸਿ ਭਵਨ; ਪਾਤਾਲ ਸਮਾਏ ॥*
### *ਖੰਡ ਬ੍ਰਹਮੰਡ; ਰਹਿਆ ਲਿਵ ਲਾਏ ॥੧੮॥*

ਸੱਤ ਪਤਾਲ ਅਤੇ ਸੱਤ ਆਕਾਸ਼ ਰੂਪ ਚੌਦਾਂ ਲੋਕਾਂ ਵਿੱਚ ਜੋ ਪ੍ਰਮੇਸ਼ਰ ਸਮਾ ਰਿਹਾ ਹੈ ਅਤੇ ਖੰਡਾਂ ਬ੍ਰਹਮੰਡਾਂ ਵਿੱਚ ਵੀ ਜੋ ਲਿਵ=ਸਮਾਧੀ ਲਗਾ ਰਿਹਾ ਹੈ, **ਵਾ:** ਨੌਂ ਖੰਡਾਂ ਅਤੇ ਅਨੇਕਾਂ ਬ੍ਰਹਿਮੰਡਾਂ ਵਿੱਚ ਜੋ ਸਮਾ ਰਿਹਾ ਹੈ ਉਸ ਵਿੱਚ ਲਿਵ ਲਗਾਉਣਾ ਕਰ॥੧੮॥

### *ਅਮਾਵਸਿਆ; ਚੰਦੁ ਗੁਪਤੁ ਗੈਣਾਰਿ ॥*
### *ਬੂਝਹੁ ਗਿਆਨੀ; ਸਬਦੁ ਬੀਚਾਰਿ ॥*

ਅਮਾਵਸ ਥਿੱਤ ਦੁਆਰਾ ਫ਼ੁਰਮਾਨ ਕਰਦੇ ਹਨ ਕਿ ਜਿਵੇਂ ਮੱਸਿਆ ਦੀ ਰਾਤ ਨੂੰ ਗੈਣਾਰਿ=ਆਕਾਸ਼ ਵਿੱਚ ਚੰਦ੍ਰਮਾਂ ਗੁਪਤ ਰਹਿੰਦਾ ਹੈ। ਇਸੇ ਤਰ੍ਹਾਂ ਅਗਿਆਨੀਆਂ ਦੇ ਹਿਰਦੇ ਰੂਪ ਆਕਾਸ਼ ਵਿੱਚ ਪ੍ਰਮੇਸ਼ਰ ਰੂਪ ਚੰਦ੍ਰਮਾਂ ਗੁਪਤ ਰਹਿੰਦਾ ਹੈ। ਗਿਆਨੀਆਂ ਨੇ ਸਤਿਗੁਰਾਂ ਦੇ ਸਬਦੁ=ਉਪਦੇਸ਼ ਦੀ ਵੀਚਾਰ ਕਰਕੇ ਉਸ ਪ੍ਰਮਾਤਮਾ ਨੂੰ ਪ੍ਰਗਟ ਬੂਝਹੁ=ਜਾਣਿਆ ਹੈ। **ਵਾ:** ਜੋ ਪ੍ਰਮੇਸ਼ਰ ਰੂਪ ਚੰਦ੍ਰਮਾਂ ਹਿਰਦੇ ਰੂਪ ਆਕਾਸ਼ ਵਿੱਚ ਗੁਪਤ ਰਹਿੰਦਾ ਹੈ। ਉਸਨੂੰ ਗਿਆਨੀ ਸਤਿਗੁਰਾਂ ਦੇ ਸ਼ਬਦ=ਉਪਦੇਸ਼ ਦੀ ਵਿਚਾਰ ਦੁਆਰਾ ਬੁੱਝਣਾ ਕਰੋ। **ਵਾ:** ਹੇ ਗਿਆਨੀ ਪੁਰਸ਼ੋ! ਸ਼ਬਦ ਦੇ ਵੀਚਾਰ ਦੁਆਰਾ ਬੁਝਣਾ ਕਰੋ।

### *ਸਸੀਅਰੁ ਗਗਨਿ; ਜੋਤਿ ਤਿਹੁ ਲੋਈ ॥*
### *ਕਰਿ ਕਰਿ ਵੇਖੈ; ਕਰਤਾ ਸੋਈ ॥*

(ਸਸੀ+ਅਰੁ) ਸਸੀ=ਚੰਦ੍ਰਮਾਂ ਅਰੁ=ਅਤੇ ਗਗਨਿ=ਆਕਾਸ਼ ਅਤੇ ਤਿੰਨਾਂ ਲੋਕਾਂ ਵਿੱਚ ਉਸ ਜੋਤੀ ਦੀ ਜੋਤ ਹੈ। **ਵਾ:** ਜਿਸਦੇ ਗਗਨਿ=ਹਿਰਦੇ ਰੂਪ ਆਕਾਸ਼ ਵਿੱਚ ਸਸੀਅਰੁ=ਬਿਬੇਕ ਰੂਪ ਚੰਦ੍ਰਮਾਂ ਦੀ ਜੋਤ ਪ੍ਰਕਾਸ਼ੀ ਹੈ, ਉਸਨੂੰ ਤਿੰਨਾਂ ਲੋਕਾਂ ਦਾ ਪ੍ਰਕਾਸ਼ ਹੋ ਗਿਆ ਹੈ। **ਵਾ:** ਚਿਦਾਕਾਸ ਰੂਪੀ ਚੰਦ੍ਰਮਾਂ ਦੀ ਜੋਤ ਦਾ ਤਿਸ ਰਿਦੇ ਵਿੱਚ ਲੋਈ=ਪ੍ਰਕਾਸ਼ ਹੋ ਗਿਆ। ਉਹ ਕਰਤਾ ਪੁਰਖ ਹੀ ਸੰਸਾਰ ਦੀ ਕਰਿ ਕਰਿ=ਉਤਪਤੀ ਕਰ-ਕਰ ਕੇ ਵੇਖੈ=ਵੇਖਦਾ, ਪਾਲਦਾ ਹੈ।

### *ਗੁਰ ਤੇ ਦੀਸੈ; ਸੋ ਤਿਸ ਹੀ ਮਾਹਿ ॥*
### *ਮਨਮੁਖਿ ਭੂਲੇ; ਆਵਹਿ ਜਾਹਿ ॥੧੯॥*

ਸਤਿਗੁਰਾਂ ਦੀ ਕਿਰਪਾ ਨਾਲ ਜਿਸ ਨੂੰ ਪ੍ਰਮੇਸ਼ਰ ਦਿੱਸਦਾ ਹੈ ਉਹ ਜਗਿਆਸੂ ਉਸ ਪ੍ਰਮੇਸ਼ਰ ਦੇ ਵਿੱਚ ਹੀ ਸਮਾਅ ਜਾਂਦੇ ਹਨ ਅਤੇ ਉਸ ਤੋਂ ਭੂਲੇ ਹੋਏ ਮਨਮੁਖ ਜੰਮਦੇ-ਮਰਦੇ ਰਹਿੰਦੇ ਹਨ॥੧੯॥

## ਘਰੁ ਦਰੁ ਥਾਪਿ; ਥਿਰੁ ਥਾਨਿ ਸੁਹਾਵੈ ॥
## ਆਪੁ ਪਛਾਣੈ; ਜਾ ਸਤਿਗੁਰੁ ਪਾਵੈ ॥

ਜੋ ਘਰੁ=ਸਰੀਰ ਵਿੱਚ ਦਰੁ=ਇੰਦ੍ਰਿਆਂ ਨੂੰ ਥਾਪਿ=ਰੋਕ ਲੈਂਦਾ ਹੈ, ਉਹ ਸਰੂਪ ਰੂਪੀ ਥਾਨ ਵਿੱਚ ਇਸਥਿਤ ਹੋ ਕੇ ਸੋਭਨੀਕ ਹੁੰਦਾ ਹੈ। **ਵਾ:** ਸਤਸੰਗਤਿ ਰੂਪੀ ਸੁਹਾਵੇ ਥਾਨ ਵਿਖੇ ਇਸਥਿਤ ਹੋ ਕੇ ਘਰੁ=ਸਰੀਰ ਅਤੇ ਦਰੁ=ਇੰਦ੍ਰਿਆਂ ਨੂੰ ਥਾਪਿ=ਰੋਕ ਕੇ, **ਵਾ:** ਸਰੂਪ ਰੂਪੀ ਘਰ ਦੀ ਪ੍ਰਾਪਤੀ ਦਾ ਜੋ ਦਰੁ=ਦਰਵਾਜ਼ਾ ਗਿਆਨ ਹੈ, ਉਸਨੂੰ ਹਿਰਦੇ ਵਿੱਚ ਥਾਪੇ ਤਾਂ ਸੁਹਾਵੇ ਥਾਨਿ=ਸਰੂਪ ਵਿੱਚ ਇਸਥਿਤ ਹੁੰਦਾ ਹੈ। ਜਦੋਂ ਪੂਰੇ ਸਤਿਗੁਰਾਂ ਨੂੰ ਜਗਿਆਸੂ ਪਾਵੈ=ਪ੍ਰਾਪਤ ਕਰਦਾ ਹੈ ਤਾਂ ਆਪਣੇ ਆਪ ਨੂੰ ਪਛਾਣ ਲੈਂਦਾ ਹੈ।

## ਜਹ ਆਸਾ; ਤਹ ਬਿਨਸਿ ਬਿਨਾਸਾ ॥
## ਫੂਟੈ ਖਪਰੁ; ਦੁਬਿਧਾ ਮਨਸਾ ॥

ਜਿਸ ਅੰਤਸ਼ਕਰਨ ਵਿੱਚ ਪਦਾਰਥਾਂ ਦੀ ਆਸਾ ਹੈ, ਤਿਸਦਾ ਬਿਨਸਿ=ਸ਼ੀਘਰ ਬਿਨਾਸਾ=ਵਿਨਾਸ਼ ਹੁੰਦਾ ਹੈ। **ਵਾ:** ਜਿਨ੍ਹਾਂ ਨੂੰ ਬਿਨਸਣ ਯੋਗ ਪਦਾਰਥਾਂ ਦੀ ਆਸਾ ਹੈ ਤਿਨਾਂ ਦਾ ਹਿਰਦਾ ਕਦੇ ਵੀ (ਬਿਨ+ਆਸਾ) ਆਸਾ ਤੋਂ ਬਿਨਾਂ ਨਹੀਂ ਹੁੰਦਾ। ਮਨਸਾ=ਬੁੱਧੀ ਵਿੱਚ ਦੁਬਿਧਾ ਹੋਣ ਕਰਕੇ ਸਰੀਰ ਰੂਪੀ ਖੱਪਰ ਫੁੱਟ ਜਾਂਦਾ ਹੈ। ਅਥਵਾ : ਜਿਸ ਅੰਤਸ਼ਕਰਨ ਵਿੱਚ ਨਾਸ਼ ਕਰਨ ਵਾਲੀ ਆਸਾ ਹੈ ਉਸੇ ਅੰਤਸ਼ਕਰਨ ਵਿੱਚੋਂ ਜਦ ਆਸਾ ਨੂੰ ਬਿ=ਵਿਸ਼ੇਸ਼ ਕਰਕੇ ਨਾਸ ਕੀਤਾ ਤਾਂ ਮਨਸਾ=ਬੁੱਧੀ ਵਿੱਚੋਂ ਦੁਬਿਧਾ ਰੂਪੀ ਖੱਪਰ ਫੁੱਟ ਗਿਆ। **ਵਾ:** ਜਹ=ਜਿਨਾਂ ਦਾ ਹਿਰਦਾ ਬਿਨਸਿ=ਬਿਨਸਨ ਯੋਗ ਪਦਾਰਥਾਂ ਦੀ ਬਿਨ+ਆਸਾ=ਆਸਾ ਤੋਂ ਬਿਨਾਂ ਹੋ ਗਿਆ ਹੈ ਤਿਨਾਂ ਦਾ ਅੰਤਸ਼ਕਰਨ ਰੂਪੀ ਖੱਪਰ ਫੁੱਟ ਗਿਆ ਹੈ, ਦੁਬਿਧਾ ਅਤੇ ਮਨਸਾ ਰੂਪੀ ਪਾਣੀ ਡੁੱਲ ਗਿਆ।

## ਮਮਤਾ ਜਾਲ ਤੇ; ਰਹੈ ਉਦਾਸਾ ॥
## ਪ੍ਰਣਵਤਿ ਨਾਨਕ; ਹਮ ਤਾ ਕੇ ਦਾਸਾ ॥੨੦॥੧॥

ਜੋ ਮਮਤਾ ਰੂਪ ਜਾਲ ਤੋਂ ਉਦਾਸੀਨ ਰਹਿੰਦਾ ਹੈ **ਵਾ:** ਪਦਾਰਥਾਂ ਦੀ ਮਮਤਾ ਤੋਂ ਅਤੇ ਮੋਹ ਰੂਪ ਜਾਲ ਤੋਂ ਉਦਾਸੀਨ ਰਹਿੰਦਾ ਹੈ ਉਹ ਬ੍ਰਹਮ ਸਰੂਪ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਮ=ਅਸੀਂ ਉਸਦੇ ਦਾਸ ਹਾਂ। **ਵਾ:** ਹਮ=ਤਮਾਮ ਜੀਵ ਉਸਦੇ ਦਾਸ ਹਨ॥੨੦॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੧੯੯ [ਆਦਿ ਅੰਗ ੮੪੧]

*ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥ ਆਦਿਤਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥ ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥ ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੧॥ ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥ਰਹਾਉ॥ ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥ ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥ ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥ ਮੰਗਲਿ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥ ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥ ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥੩॥ ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥੪॥ ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥ ਜੋ ਦੇਵੈ ਤਿਸ ਕਉ ਬਲਿ ਜਾਈਐ ॥ ਗੁਰਪਰਸਾਦੀ ਆਪੁ ਗਵਾਈਐ ॥ ਨਾਨਕ ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ ॥੫॥ ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥ ਆਪਿ ਉਪਾਏ ਕਰਿ ਵੇਖੈ ਵੇਕਾ ॥ ਸਭਨਾ ਕਰਤੇ ਤੇਰੀ ਟੇਕਾ ॥ ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥੬॥ ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ ਆਪਿ ਉਪਾਇ ਸਭ ਕੀਮਤਿ ਪਾਈ ॥ ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰ ॥ ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥ ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥ ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥ ਗੁਰਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥੮॥ ਸਤਿਗੁਰੁ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥ ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖਦਾਤਾ ਲੈਹਿ ਮਿਲਾਇ ॥ ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੂਝੈ ਸੋਝੀ ਹੋਇ ॥੯॥ ਪੰਦ੍ਰਹ ਥਿਤੀ ਤੈ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥ ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾ ਗਉਣੁ ਕੀਆ ਕਰਤਾਰਿ ॥ ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥*

## *ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦*

**ਉਥਾਨਕਾ—**ਇੱਕ ਵਾਰ ਗੁਰਸਿੱਖ ਸੰਗਤਾਂ ਨੇ ਗੁਰੂ ਅਮਰਦਾਸ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਆਪ ਕਿਰਪਾ ਕਰਕੇ ਜਿਵੇਂ ਵੱਡੇ ਗੁਰੂ ਸਾਹਿਬਾਨ, ਗੁਰੂ ਨਾਨਕ ਸਾਹਿਬ ਜੀ ਨੇ ਥਿਤਾਂ ਦੀ ਬਾਣੀ ਉਚਾਰਨ ਕੀਤੀ, ਜਿਸ ਵਿੱਚ ਪੰਦਰਾਂ ਥਿਤਾਂ ਦੁਆਰਾ ਉਪਦੇਸ਼ ਬਖ਼ਸ਼ਿਆ ਤੇ ਇਸੇ ਤਰ੍ਹਾਂ ਆਪ ਕਿਰਪਾ ਕਰੋ ਕਿ ਜਿਸ ਵਿੱਚ ਸੱਤੇ ਵਾਰ=ਦਿਨਾਂ ਦੇ ਨਾਮ ਆ ਜਾਣ। ਜਿਸ ਬਾਣੀ ਦੇ ਪੜ੍ਹਨ ਨਾਲ ਸਤੇ ਵਾਰ ਸਫਲੇ ਹੋ ਜਾਣ। ਸੰਗਤਾਂ ਦੀ ਇਹ ਬੇਨਤੀ ਸੁਣ ਕੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਿਲਾਵਲ ਰਾਗ ਵਿੱਚ 'ਵਾਰ ਸਤ' ਦੇ ਸਿਰਲੇਖ ਹੇਠ ਰਾਗ ਦੇ ਦਸਵੇਂ ਸੁਰਤਾਲ ਵਿੱਚ ਅੰਮ੍ਰਿਤ ਮਈ ਬਾਣੀ ਉਚਾਰਨ ਕੀਤੀ। ਸ਼ੁਰੂ ਵਿੱਚ ਵਸਤੂ ਨਿਰਦੇਸ਼ਕ ਮੰਗਲ ਕੀਤਾ।

## *ੴ ਸਤਿਗੁਰ ਪ੍ਰਸਾਦਿ ॥*

੧=ਅਦੁੱਤੀ ਬ੍ਰਹਮ, ਓਂ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

## *ਆਦਿਤਵਾਰਿ; ਆਦਿ ਪੁਰਖੁ ਹੈ ਸੋਈ ॥*

ਆਦਿਤਵਾਰਿ=ਐਤਵਾਰ ਭਾਵ ਸੂਰਜ ਦਾ ਦਿਨ। **ਵਾ:** ਅਦਿਤੀ ਦੇ ਪੁੱਤਰ ਸੂਰਜ ਦਾ ਵਾਰਿ=ਦਿਨ ਐਤਵਾਰ। **ਅਦਿਤੀ—**ਕਸ਼ਪ ਰਿਸ਼ੀ ਦੀਆਂ ਚਾਰ ਇਸਤਰੀਆਂ, ਜਿਨ੍ਹਾਂ ਦੇ ਨਾਂ (੧) ਦਿਤੀ, (੨) ਅਦਿਤੀ, (੩) ਬਨਿਤਾ, (੪) ਕਦਰੂ। ਇਹ ਦਕਸ਼ ਪ੍ਰਜਾਪਤਿ ਦੀਆਂ ਪੁੱਤਰੀਆਂ ਸਨ। ਜੈਸਾ ਕਿ :

**ਦੱਛ ਪ੍ਰਜਾਪਤਿ ਜਿਨ ਉਪਜਾਏ ॥** [ਬਚਿੱਤ੍ਰ ਨਾਟਕ, ਦੋਹਰਾ ੧੬]

ਕਸ਼ਪ ਰਿਸ਼ੀ ਦੇ ਸੰਜੋਗ ਤੋਂ (੧) **ਅਦਿਤੀ—**ਅਦਿਤੀ ਤੋਂ ਦੇਵਤੇ; (੨) **ਦਿਤੀ—**ਦਿਤੀ ਤੋਂ ਦੈਂਤ ਪੈਦਾ ਹੋਏ; (੩) **ਬਨਿਤਾ—**ਬਨਿਤਾ ਤੋਂ ਗਰੁੜ ਆਦਿ ਪੰਛੀ; (੪) **ਕਦਰੂ—**ਕਦਰੂ ਤੋਂ ਨਾਗ ਆਦਿ ਪੈਦਾ ਹੋਏ। ਜੈਸਾ ਕਿ :

**ਦੋਹਰਾ ॥ ਬਨਤਾ ਕਦ੍ਰੂ ਦਿਤਿ ਅਦਿਤਿ ਏ ਰਿਖ ਬਰੀ ਬਨਾਇ ॥**
**ਨਾਗ ਨਾਗਰਿਪ ਦੇਵ ਸਭ ਦਈਤ ਲਏ ਉਪਜਾਇ ॥੧੮॥** [ਬਚਿੱਤ੍ਰ ਨਾਟਕ, ੧੮]

**ਵਾ:** ਆਦਿਤਵਾਰਿ=ਸਤਿਗੁਰੂ ਜੀ ਇਸ ਦਿਨ ਦੁਆਰਾ ਕਥਨ ਕਰਦੇ ਹਨ ਕਿ ਉਹ ਪ੍ਰਮੇਸ਼ਰ ਵਾਹਿਗੁਰੂ ਪੁਰਖ=ਵਿਆਪਕ, ਸੰਸਾਰ ਦੇ ਆਦਿ=ਮੁਢ ਤੋਂ ਅਨਾਦੀ ਪੁਰਖ ਹੈ। **ਵਾ:** ਸਭ ਦਾ ਆਦਿ ਹੈ।

## *ਆਪੇ ਵਰਤੈ; ਅਵਰੁ ਨ ਕੋਈ ॥*

ਉਹ ਪ੍ਰਮੇਸ਼ਰ ਆਪ ਹੀ ਸਾਰੇ ਵਰਤੈ=ਵਰਤ ਰਿਹਾ ਹੈ। ਉਸ ਤੋਂ ਬਿਨਾਂ ਹੋਰ ਕੋਈ ਭੀ ਨਹੀਂ ਹੈ।

## *ਓਤਿ ਪੋਤਿ; ਜਗੁ ਰਹਿਆ ਪਰੋਈ ॥*
## *ਆਪੇ ਕਰਤਾ ਕਰੈ ਸੁ ਹੋਈ ॥*

ਉਹ ਪ੍ਰਮੇਸ਼ਰ ਓਤਿ ਪੋਤਿ=ਤਾਣੇ ਪੇਟੇ ਦੇ ਸੂਤ ਵਾਂਗੁ ਸਾਰੇ ਜਗ=ਸੰਸਾਰ ਵਿੱਚ ਪਰੋਈ=ਵਿਆਪ ਰਿਹਾ ਹੈ। ਉਹ ਕਰਤਾ ਪੁਰਖ ਜੋ ਆਪੇ=ਆਪ ਕਰਦਾ ਹੈ ਸੁ ਹੋਈ=ਉਹ ਹੀ ਹੁੰਦਾ ਹੈ।

## *ਨਾਮਿ ਰਤੇ; ਸਦਾ ਸੁਖੁ ਹੋਈ ॥*
## *ਗੁਰਮੁਖਿ ਵਿਰਲਾ; ਬੂਝੈ ਕੋਈ ॥੧॥*

ਜੋ ਨਾਮਿ=ਨਾਮੀ ਦੇ ਨਾਮ ਵਿੱਚ ਰਤੇ=ਤਦਾਕਾਰ ਹੋਏ ਹਨ, ਉਹਨਾਂ ਨੂੰ ਸਦਾ=ਨਿਤ ਸੁਖ ਪ੍ਰਾਪਤ ਹੁੰਦਾ ਹੈ। ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰਮੁਖ ਬੂਝੈ=ਸਮਝਦਾ ਹੈ ॥੧॥

## *ਹਿਰਦੈ ਜਪਨੀ; ਜਪਉ ਗੁਣਤਾਸਾ ॥*

ਪ੍ਰਤੱਖ ਜਪਨੀ=ਮਾਲਾ ਲੈ ਕੇ ਹਿਰਦੇ ਵਿੱਚ ਗੁਣਤਾਸਾ=ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਜਪਉ=ਜਪਨਾ ਕਰੋ। **ਵਾ:** ਹਿਰਦੇ ਵਿੱਚ ਜੋ ਗੁਣਾਂ ਦੇ ਪਾਤਰ ਨੂੰ ਜਪਉ=ਜਪਣਾ ਹੈ ਇਹੋ ਹੀ ਜਪਨੀ=ਮਾਲਾ ਹੈ। **ਵਾ:** ਹਿਰਦੇ ਰੂਪ ਜਪਨੀ=ਮਾਲਾ ਨਾਲ ਗੁਣਤਾਸਾ=ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਹੀ ਜਪਣਾ ਕਰੋ।

## ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ; ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥ਰਹਾਉ॥

ਜੋ ਹਰਿ=ਵਾਹਿਗੁਰੂ ਅਗਮ=ਮਨ ਬਾਨੀ ਦੀ ਗਮਤਾ ਤੋਂ ਪਰੇ ਅਗੋਚਰੁ=ਇੰਦ੍ਰੀਆਂ ਕਰਕੇ ਅਵਿਸ਼ੇ ਹੈ, ਅਪਰੰਪਰ=ਸੰਸਾਰ ਤੋਂ ਪਰ੍ਹਾ ਰੂਪ, ਸਭ ਦਾ ਸੁਆਮੀ=ਮਾਲਕ ਹੈ। ਸੰਤ ਜਨਾਂ ਦੀ ਪਗਿ=ਚਰਨੀ ਲੱਗ ਕੇ ਦਾਸਾਂ ਦਾ ਦਾਸ ਹੋ ਕੇ ਉਸ ਨੂੰ ਧਿਆਵਉ=ਧਿਆਉਣਾ ਕਰੋ ॥੧॥ਰਹਾਉ॥

## ਸੋਮਵਾਰਿ; ਸਚਿ ਰਹਿਆ ਸਮਾਇ ॥

ਸਤਿਗੁਰੂ ਜੀ ਸੋਮਵਾਰ ਦੁਆਰਾ ਕਥਨ ਕਰਦੇ ਹਨ ਕਿ ਸਚਿ=ਸੱਚਾ ਪ੍ਰਮੇਸ਼ਰ ਸਾਰਿਆਂ ਵਿੱਚ ਸਮਾਇ=ਸਮਾਅ, ਭਾਵ ਅਭੇਦ ਹੋ ਰਿਹਾ ਹੈ।

**ਸੋਮਵਾਰਿ**—ਸੋਮ=ਚੰਦ੍ਰਮਾ ਦਾ ਵਾਰਿ=ਦਿਨ, ਪਿੱਛੋਂ ਆ ਕੇ ਚੰਦ੍ਰਮਾ ਦਾ ਨਾਮ 'ਸੋਮ' ਰੱਖਿਆ ਗਿਆ ਅਤੇ ਉਸ ਨੂੰ ਸਾਰੀਆਂ ਬੂਟੀਆਂ ਦਾ ਦੇਵਤਾ ਥਾਪਿਆ ਗਿਆ। ਪੁਰਾਣਾਂ ਵਿੱਚ ਲਿਖਿਆ ਹੈ ਕਿ ਸੋਮ, ਅਤ੍ਰਿ ਰਿਖੀ ਦਾ ਪੁੱਤਰ ਅਨਸੂਯਾ ਦੇ ਉਦਰ ਵਿੱਚੋਂ ਸੀ, ਪਰ ਇਸ ਗੱਲ 'ਤੇ ਸਾਰਿਆਂ ਦਾ ਮੱਤ ਇੱਕ ਨਹੀਂ ਹੈ, ਕਿਤੇ ਧਰਮ ਦਾ ਪੁੱਤਰ, ਕਿਤੇ ਅਤਰ ਵੰਸ਼ ਦੇ ਪ੍ਰਭਾਕਰ ਦਾ ਪੁੱਤਰ ਮੰਨਿਆ ਹੈ। ਪਰ ਵ੍ਰਿਹਦਾਰਣਯਕ ਵਿੱਚ ਇਸ ਨੂੰ ਛਤ੍ਰੀ ਕਰਕੇ ਜਾਣਿਆ ਹੈ। ਜਿਸ ਨੇ ਦਕਸ਼ ਪ੍ਰਜਾਪਤਿ ਦੀਆਂ ੨੭ ਲੜਕੀਆਂ ਨਾਲ ਵਿਆਹ ਕੀਤਾ, ਪਰ ਰੋਹਿਣੀ ਨੂੰ ਇਹ ਇਤਨਾ ਪਿਆਰ ਕਰਨ ਲੱਗਾ ਕਿ ਬਾਕੀ ਦੀਆਂ ਨੇ ਗ਼ੁੱਸਾ ਖਾ ਕੇ ਆਪਣੇ ਪਿਤਾ ਅੱਗੇ ਸ਼ਿਕਾਇਤ ਕੀਤੀ। ਦੱਕਸ਼ ਨੇ ਸੁਲਾਹ ਕਰਾਉਣੀ ਚਾਹੀ, ਪਰ ਸੋਮ ਨਾ ਮੰਨਿਆ। ਤਾਂ ਦੱਕਸ਼ ਨੇ ਆਪਣੇ ਜਵਾਈ ਨੂੰ ਸਰਾਪ ਦਿੱਤਾ ਕਿ ਤੇਰੇ ਘਰ ਬਾਲਕ ਨਾ ਹੋਵੇ ਅਤੇ ਤੈਨੂੰ ਖਈ ਰੋਗ ਲੱਗਾ ਰਹੇ। ਇਹ ਸੁਣ ਕੇ ਇਸ ਦੀਆਂ ਇਸਤਰੀਆਂ ਨੂੰ ਤਰਸ ਆਇਆ ਅਤੇ ਉਹਨਾਂ ਨੇ ਪਿਤਾ ਨੂੰ ਆਖਿਆ ਕਿ ਖ਼ਿਮਾ ਕਰੋ। ਦਕਸ਼ ਆਪਣੇ ਸ਼ਰਾਪ ਨੂੰ ਤਾਂ ਨਾ ਮੋੜ ਸਕਿਆ, ਪਰ ਇਹ ਕਹਿ ਦਿੱਤਾ ਕਿ ਹੌਲੀ-ਹੌਲੀ ਖੀਣ ਹੋਵੇਗਾ। ਇਸੇ ਲਈ ਚੰਦ੍ਰਮਾ ਵੱਧਦਾ ਘਟਦਾ ਹੈ। ਪੁਰਾਣਾਂ ਵਿੱਚ ਲਿਖਿਆ ਹੈ ਕਿ ਸੋਮ ਦੇ ਰੱਥ ਦੇ ਤਿੰਨ ਪਹੀਏ ਹਨ ਅਤੇ ਚੰਬੇਲੀ ਜਿਹੇ ਚਿੱਟੇ ੧੦ ਘੋੜੇ ਇਸ ਨੂੰ ਖਿਚਦੇ ਹਨ, ਜਿਨ੍ਹਾਂ 'ਚੋਂ ਪੰਜ ਇੱਕ ਪਾਸੇ ਅਤੇ ਪੰਜ ਦੂਜੇ ਪਾਸੇ ਲਗਦੇ ਹਨ।

## ਤਿਸ ਕੀ ਕੀਮਤਿ; ਕਹੀ ਨ ਜਾਇ ॥

ਤਿਸ ਪ੍ਰਮੇਸ਼ਰ ਦੀ ਕੀਮਤਿ=ਉਪਮਾ ਕਹੀ=ਕਥਨ ਨਹੀਂ ਕੀਤੀ ਜਾਂਦੀ।

## ਆਖਿ ਆਖਿ ਰਹੇ; ਸਭਿ ਲਿਵ ਲਾਇ ॥ ਜਿਸੁ ਦੇਵੈ; ਤਿਸੁ ਪਲੈ ਪਾਇ ॥

**ਪਹਿਲਾ ਅਰਥ**—ਆਖਿ ਆਖਿ=ਕਹਿ ਕਹਿ ਕੇ **ਵਾ:** ਅਖਿਆਨਾ ਦੁਆਰਾ ਆਖ ਕੇ ਸਭਿ=ਸਾਰੇ ਉਸ ਪ੍ਰਮੇਸ਼ਰ ਵਿੱਚ ਲਿਵ=ਬਿਰਤੀ ਲਗਾ ਰਹੇ ਹਨ।

**ਦੂਜਾ ਅਰਥ**—ਆਖਿ=ਮੂੰਹੋਂ ਸਭ ਕੋਈ ਲਿਵ ਲਗਾ ਕੇ ਉਸ ਦੇ ਜਸ ਨੂੰ ਆਖ ਰਹੇ ਹਨ, ਪਰ ਜਿਸ ਨੂੰ ਆਪਣੇ ਆਪ ਦੇਵੈ=ਦੇਂਦਾ ਹੈ, ਤਿਸੁ=ਤਿਸਦੀ ਬੁੱਧੀ ਰੂਪ ਪਲੇ ਵਿੱਚ ਪਾਇ=ਪੈਂਦਾ ਹੈ।

## ਅਗਮ ਅਗੋਚਰੁ; ਲਖਿਆ ਨ ਜਾਇ ॥ ਗੁਰ ਕੈ ਸਬਦਿ; ਹਰਿ ਰਹਿਆ ਸਮਾਇ ॥੨॥

ਅਗਮ=ਮਨ ਬਾਨੀ ਦੀ ਗਮਤਾ ਤੋਂ ਪਰੇ, ਅਗੋਚਰੁ=ਇੰਦ੍ਰੀਆਂ ਕਰਕੇ ਅਵਿਸ਼ੇ, ਜੋ ਪ੍ਰਮੇਸ਼ਰ ਹੈ, ਉਹ ਗੁਰੂ

ਤੋਂ ਬਿਨਾਂ ਆਪੇ-ਆਪ ਲਖਿਆ=ਜਾਣਿਆ ਨਹੀਂ ਜਾਇ=ਜਾਂਦਾ। ਸਤਿਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਜਾਣਿਆ ਹੈ। ਜੋ ਹਰਿ=ਵਾਹਿਗੁਰੂ ਸਾਰਿਆਂ ਵਿੱਚ ਸਮਾਇ=ਸਮਾ ਰਿਹਾ ਹੈ। **ਵਾ**: ਗੁਰਾਂ ਦੇ ਉਪਦੇਸ਼ ਕਰਕੇ ਇਹ ਜੀਵ ਹਰੀ ਵਿੱਚ ਸਮਾ ਰਿਹਾ ਹੈ।

### *ਮੰਗਲਿ ਮਾਇਆ; ਮੋਹੁ ਉਪਾਇਆ ॥*
### *ਆਪੇ ਸਿਰਿ ਸਿਰਿ; ਧੰਧੈ ਲਾਇਆ ॥*

ਸਤਿਗੁਰੂ ਜੀ ਮੰਗਲਿ=ਮੰਗਲਵਾਰ ਦੁਆਰਾ ਉਚਾਰਨ ਕਰਦੇ ਹਨ ਕਿ ਮਨ ਨੂੰ ਮੋਹਣ ਵਾਲੀ ਮਾਇਆ ਨੇ ਸਾਰੇ ਸੰਸਾਰ ਨੂੰ ਉਪਾਇਆ=ਪੈਦਾ ਕੀਤਾ ਹੈ। **ਵਾ**: ਮੋਹੁ=ਮੋਹਣੇ ਵਾਲੀ ਮਾਇਆ ਦੁਆਰਾ ਪ੍ਰਮੇਸ਼ਰ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ। **ਵਾ**: ਮਾਇਆ ਦੇ ਮੋਹ ਕਰਕੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ। **ਵਾ**: ਮੰਗਲ=ਕਲਿਆਣ ਸਰੂਪ ਪ੍ਰਮੇਸ਼ਰ ਨੇ ਸਭ ਦੇ ਹਿਰਦੇ ਵਿੱਚ ਮਾਇਆ ਦਾ ਮੋਹ ਉਪਾਇਆ=ਪੈਦਾ ਕੀਤਾ ਹੈ। ਆਪ ਹੀ ਉਸ ਨੇ ਸਿਰਿ ਸਿਰਿ=ਸਿਰਜ-ਸਿਰਜ ਕੇ ਭਾਵ ਉਤਪਤ ਕਰਕੇ, **ਵਾ**: ਭਿੰਨ-ਭਿੰਨ ਧੰਧਿਆਂ ਵਿੱਚ ਲਗਾਇਆ ਹੈ। **ਮੰਗਲਵਾਰਿ—** ਪ੍ਰਿਥਵੀ ਦਾ ਪੁੱਤਰ ਮੰਗਲ ਗ੍ਰਹਿ, ਜਿਸ ਦੇ ਨਾਮ ਤੋਂ ਮੰਗਲਵਾਰ ਹੈ, ਕਵੀਆਂ ਨੇ ਇਸ ਦਾ ਲਾਲ ਰੰਗ ਵਰਨਣ ਕੀਤਾ ਹੈ। ਇਸ ਲਈ ਲਾਲ ਤਿਲਕ ਨੂੰ ਮੰਗਲ ਦਾ ਦ੍ਰਿਸ਼ਟਾਂਤ ਦਿੱਤਾ ਹੈ, ਇਸ ਦੇ ਨਾਮ ਭੌਮ, ਮਹੀਸੁਤ, ਲੋਹਿਤਾਂਗ, ਵਕ, ਕੁਜ, ਅੰਗਾਰਕ ਆਦਿ ਅਨੇਕ ਹਨ। ਬ੍ਰਹਮ ਵੈਵਰਤ ਪੁਰਾਣ ਵਿੱਚ ਲਿਖਿਆ ਹੈ ਕਿ ਵਿਸ਼ਨੂੰ ਦੇ ਵੀਰਯ ਤੋਂ ਮੰਗਲ ਪ੍ਰਿਥਵੀ ਦਾ ਪੁੱਤਰ ਹੈ। ਪਰਮ ਪੁਰਾਣ ਵਿਸ਼ਨੂੰ ਭਗਵਾਨ ਦੇ ਪਸੀਨੇ ਤੋਂ ਮੰਗਲ ਦੀ ਉਤਪਤੀ ਦਸਦਾ ਹੈ। ਮਸਤਯ ਪੁਰਾਣ ਦੇ ਲੇਖ ਅਨੁਸਾਰ ਵੀਰਭਦ੍ਰ ਹੀ ਮੰਗਲ ਨਾਮ ਤੋਂ ਪ੍ਰਸਿੱਧ ਹੋਇਆ। ਵਾਮਨ ਪੁਰਾਣ ਵਿੱਚ ਲਿਖਿਆ ਹੈ ਕਿ ਸ਼ਿਵ ਜੀ ਦੇ ਮੂੰਹ ਵਿੱਚੋਂ ਡਿਗੇ ਥੁਕ ਦੇ ਕਿਨਕੇ ਤੋਂ ਮੰਗਲ ਦਾ ਜਨਮ ਹੋਇਆ।

### *ਆਪਿ ਬੁਝਾਏ; ਸੋਈ ਬੂਝੈ ॥*
### *ਗੁਰ ਕੈ ਸਬਦਿ; ਦਰੁ ਘਰੁ ਸੂਝੈ ॥*

ਉਹ ਪ੍ਰਮੇਸ਼ਰ ਆਪ ਜਿਸ ਨੂੰ ਗੁਰਾਂ ਦੁਆਰੇ ਬੁਝਾਏ=ਸਮਝਾਵੇ ਸੋਈ=ਉਹ ਹੀ ਬੂਝੈ=ਸਮਝਦਾ ਹੈ ਅਤੇ ਗੁਰ=ਚੇਤਨ ਸਰੂਪ ਸਤਿਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਸਰੂਪ ਘਰ ਦਾ ਗਿਆਨ ਰੂਪ ਦਰ=ਦਰਵਾਜ਼ਾ ਸੂਝੈ=ਸੁਝ ਆਉਂਦਾ ਹੈ। **ਵਾ**: ਘਰ ਦੇ ਦਰੁ=ਵਿੱਚ ਹੀ ਸੁਝ ਆਉਂਦਾ ਹੈ।

### *ਪ੍ਰੇਮ ਭਗਤਿ ਕਰੇ; ਲਿਵ ਲਾਇ ॥*
### *ਹਉਮੈ ਮਮਤਾ; ਸਬਦਿ ਜਲਾਇ ॥੩॥*

ਜਿਸ ਨੂੰ ਗਿਆਨ ਰੂਪ ਦਰਵਾਜ਼ਾ ਸੁਝ ਆਉਂਦਾ ਹੈ, ਉਹ ਲਿਵ=ਬਿਰਤੀ ਲਗਾ ਕੇ ਪ੍ਰੇਮਾ ਭਗਤਿ=ਭਗਤੀ ਕਰੇ=ਕਰਦਾ ਹੈ ਅਤੇ ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਹਉਮੈ ਮਮਤਾ=ਹੰਗਤਾ ਮਮਤਾ ਨੂੰ ਜਲਾਇ=ਸਾੜ ਭਾਵ ਦੂਰ ਕਰ ਦਿੰਦਾ ਹੈ ॥੩॥

### *ਬੁਧਵਾਰਿ; ਆਪੇ ਬੁਧਿ ਸਾਰੁ ॥*
### *ਗੁਰਮੁਖਿ ਕਰਣੀ; ਸਬਦੁ ਵੀਚਾਰੁ ॥*

**ਬੁਧਵਾਰਿ—**ਚੰਦ੍ਰਮਾ ਦੇ ਪੁੱਤਰ ਬੁੱਧ ਦਾ ਦਿਨ। ਬੁਧਵਾਰਿ ਦੁਆਰਾ ਕਥਨ ਕਰਦੇ ਹੋਏ ਸਤਿਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਆਪ ਹੀ ਜਿਸ ਜਗਿਆਸੂ ਨੂੰ ਸਾਰੁ=ਸ੍ਰੇਸ਼ਟ ਆਤਮਾ ਵਿਸ਼ੈਣੀ ਬੁੱਧੀ ਦਿੰਦਾ ਹੈ। ਉਹ ਗੁਰਮੁਖਿ=ਮੁਖੀ

ਗੁਰੂ ਸਾਹਿਬ ਦੇ ਸਬਦੁ=ਉਪਦੇਸ਼ ਨੂੰ ਵਿਚਾਰਨੇ ਰੂਪ ਸ਼ੁਭ ਕਰਣੀ ਨੂੰ ਕਰਦਾ ਹੈ, ਕਿਉਂਕਿ ਕੇਵਲ ਗੁਰੂ ਦੇ ਦਰਸ਼ਨਾਂ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੁੰਦੀ। ਮੁਕਤੀ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ, ਜੋ ਸਤਿਗੁਰਾਂ ਦੇ ਸਬਦਿ=ਉਪਦੇਸ਼ ਦੀ ਵੀਚਾਰ ਕਰਦਾ ਹੈ। ਜੈਸਾ ਕਿ :

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥** [ਵਾਰ ਵਡਹੰਸ ਮਃ ੩, ਅੰਗ ੫੯੪]

ਅਥਵਾ :—

***ਬੁਧਵਾਰਿ ਆਪੇ ਬੁਧਿ ਸਾਰੁ ॥***

ਬੁੱਧੀ ਵਾਲਾ ਵੀ ਆਪ ਹੀ ਹੈ ਅਤੇ ਬੁਧਿ ਸਾਰੁ=ਬੁੱਧੀ ਅੰਦਰ ਸਾਰ ਰੂਪ ਵੀ ਆਪ ਹੀ ਹੈ। **ਵਾ:** ਆਪ ਹੀ ਸ੍ਰੇਸ਼ਟ ਬੁੱਧੀ ਦੇ ਦੇਣ ਵਾਲਾ ਹੈ ਅਤੇ ਆਪ ਹੀ ਬੁੱਧੀ ਵਿੱਚ ਸਾਰ ਰੂਪ ਹੈ। **ਵਾ:** ਜੋ ਬੁੱਧੀ ਵਾਲਾ ਪੁਰਸ਼ ਹੈ, ਉਹ ਜਾਣ ਲੈਂਦਾ ਹੈ ਕਿ ਸਰਬ ਵਿਆਪਕ ਪ੍ਰਮੇਸ਼ਰ ਆਪ ਹੀ ਹੈ। ਫੇਰ ਉਸ ਦੀ ਬੁੱਧੀ ਅੰਦਰ ਸਾਰੁ=ਤਤ ਰੂਪ ਪ੍ਰਗਟ ਹੋ ਜਾਂਦਾ ਹੈ। **ਬੁਧਵਾਰਿ—**ਚੰਦ੍ਰਵੰਸੀਆਂ ਦਾ ਵਡੇਰਾ, ਮਹਾਂਭਾਰਤ ਆਦਿ ਗ੍ਰੰਥਾਂ ਵਿੱਚ ਇਸਦੀ ਉਤਪਤੀ ਇਸ ਪ੍ਰਕਾਰ ਲਿਖੀ ਹੈ ਕਿ ਇੱਕ ਵਾਰ ਦੇਵਤਿਆਂ ਦੇ ਗੁਰੂ ਬ੍ਰਹਸਪਤਿ ਤਪੱਸਿਆ ਕਰਨ ਲਈ ਚਲੇ ਗਏ ਤੇ ਇਹਨਾਂ ਦੀ ਇਸਤਰੀ ਤਾਰਾ ਉੱਤੇ ਚੰਦ੍ਰਮਾ ਮੋਹਿਤ ਹੋ ਗਿਆ ਅਰ ਉਸ ਨੂੰ ਉਠਾਲ ਕੇ ਘਰ ਲੈ ਗਿਆ। ਇਸ ਪੁਰ ਭਾਰੀ ਜੰਗ ਹੋਇਆ। ਚੰਦ੍ਰਮਾ ਦੀ ਸਹਾਇਤਾ ਵਿੱਚ ਸ਼ੁਕ੍ਰ ਅਤੇ ਬ੍ਰਹਸਪਤਿ ਦੀ ਸਹਾਇਤਾ ਵਿੱਚ ਇੰਦਰ ਸੀ। ਅੰਤ ਨੂੰ ਬ੍ਰਹਮਾ ਨੇ ਵਿੱਚ ਪੈ ਕੇ ਝਗੜਾ ਮਿਟਾਇਆ। ਤਾਰਾ ਬ੍ਰਹਸਪਤਿ ਨੂੰ ਦਿੱਤੀ, ਪਰ ਉਸ ਦੇ ਗਰਭ ਤੋਂ ਜੋ ਸੁੰਦਰ ਪੁੱਤਰ ਬੁੱਧ ਪੈਦਾ ਹੋਇਆ ਸੀ, ਉਹ ਚੰਦ੍ਰਮਾ ਨੂੰ ਤਾਰਾ ਦੇ ਕਹਿਣ 'ਤੇ ਮਿਲਿਆ। **ਅਥਵਾ** ਇੱਕ ਗ੍ਰਹਿ ਜੋ ਸੂਰਜ ਦੇ ਬਹੁਤ ਨੇੜੇ ਹੈ, ਇਹ ੮੮ ਦਿਨਾਂ ਵਿੱਚ ਸੂਰਜ ਦੀ ਪ੍ਰਕਰਮਾ ਕਰ ਲੈਂਦਾ ਹੈ। ਅਰਥਾਤ ਬੁੱਧ ਗ੍ਰਹਿ ਉੱਤੇ ਵਰ੍ਹਾ ੮੮ ਦਿਨਾਂ ਦਾ ਹੈ। ਜਿਸ ਦੇ ਨਾਮ ਤੋਂ ਸੱਤਾਂ ਦਿਨਾਂ ਵਿੱਚੋਂ ਇੱਕ ਦਿਨ ਦਾ ਨਾਮ ਬੁੱਧਵਾਰ ਰੱਖਿਆ ਹੈ।

***ਨਾਮਿ ਰਤੇ; ਮਨੁ ਨਿਰਮਲੁ ਹੋਇ ॥***
***ਹਰਿ ਗੁਣ ਗਾਵੈ; ਹਉਮੈ ਮਲੁ ਖੋਇ ॥***

ਨਾਮਿ=ਨਾਮੀ ਪ੍ਰਮੇਸ਼ਰ ਦੇ ਨਾਮ ਵਿੱਚ ਤਦਾਕਾਰ ਹੋਣ ਕਰਕੇ ਮਨ ਨਿਰਮਲੁ=ਪਵਿੱਤਰ, ਸ਼ੁੱਧ ਹੁੰਦਾ ਹੈ। ਹਉਮੈ ਰੂਪੀ ਮੈਲ ਨੂੰ ਖੋਇ=ਖੋ ਕੇ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਣਾ ਕਰੇ।

***ਦਰਿ ਸਚੈ; ਸਦ ਸੋਭਾ ਪਾਏ ॥***
***ਨਾਮਿ ਰਤੇ; ਗੁਰ ਸਬਦਿ ਸੁਹਾਏ ॥੪॥***

ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਣ ਵਾਲੇ ਸੱਚੇ ਵਾਹਿਗੁਰੂ ਦੇ ਦਰਬਾਰ ਵਿੱਚ ਸਦਾ ਸ਼ੋਭਾ ਪਾਉਂਦੇ ਹਨ ਅਤੇ ਸੋਭਨੀਕ ਸਤਿਗੁਰਾਂ ਦੇ ਉਪਦੇਸ਼ ਕਰਕੇ ਨਾਮੀ ਪ੍ਰਮਾਤਮਾ ਵਿੱਚ ਰਤੇ=ਅਭੇਦ ਹੋ ਜਾਂਦੇ ਹਨ ॥੪॥

***ਲਾਹਾ ਨਾਮੁ; ਪਾਏ ਗੁਰ ਦੁਆਰਿ ॥***
***ਆਪੇ ਦੇਵੈ; ਦੇਵਣਹਾਰੁ ॥***

ਜੇ ਦੇਣ ਵਾਲਾ ਪ੍ਰਭੂ ਆਪ ਹੀ ਕਿਰਪਾ ਕਰਕੇ ਦੇਵੇ ਤਾਂ ਜੀਵ ਸਤਿਗੁਰਾਂ ਦੁਆਰਾ ਨਾਮ ਦਾ ਲਾਹਾ=ਲਾਭ ਪਾਉਂਦਾ ਹੈ।

## *ਜੋ ਦੇਵੈ; ਤਿਸ ਕਉ ਬਲਿ ਜਾਈਐ ॥*
## *ਗੁਰਪਰਸਾਦੀ; ਆਪੁ ਗਵਾਈਐ ॥*

ਜੋ ਸਾਰਿਆਂ ਨੂੰ ਦਾਤਾਂ ਦੇ ਦੇਣ ਵਾਲਾ ਹੈ, ਤਿਸ ਪ੍ਰਮੇਸ਼ਰ ਤੋਂ ਬਲਿਹਾਰ ਜਾਣਾ ਕਰੀਏ। ਜੇ ਸਤਿਗੁਰਾਂ ਦੀ ਪਰਸਾਦੀ=ਕਿਰਪਾ ਹੋਵੇ ਤਾਂ ਹੀ ਆਪਾ ਭਾਵ ਹੰਕਾਰ ਗਵਾਈਦਾ ਹੈ।

## *ਨਾਨਕ ਨਾਮੁ; ਰਖਹੁ ਉਰ ਧਾਰਿ ॥*
## *ਦੇਵਣਹਾਰੇ ਕਉ; ਜੈਕਾਰੁ ॥੫॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹਮੇਸ਼ਾ ਪ੍ਰਮੇਸ਼ਰ ਦੇ ਨਾਮ ਨੂੰ ਉਰ=ਹਿਰਦੇ ਵਿੱਚ ਧਾਰਨ ਕਰਕੇ ਰਖੋ। ਜੋ ਨਾਮ ਦੇ ਦੇਣ ਵਾਲੇ ਸਤਿਗੁਰੂ ਜੀ ਹਨ, ਉਹਨਾਂ ਨੂੰ ਸਦਾ ਜੈਕਾਰੁ=ਨਮਸਕਾਰ ਕਰੋ॥੫॥

## *ਵੀਰਵਾਰਿ; ਵੀਰ ਭਰਮਿ ਭੁਲਾਏ ॥*
## *ਪ੍ਰੇਤ ਭੂਤ ਸਭਿ; ਦੂਜੈ ਲਾਏ ॥*

ਵੀਰਵਾਰ ਦੁਆਰਾ ਕਥਨ ਕਰਦੇ ਹਨ ਕਿ ਵੀਰ=ਬਹਾਦਰ ਰੂਪ ਜੋ ਪ੍ਰਮੇਸ਼ਰ ਹੈ, ਉਸਨੇ ਬਵੰਜਾ ਵੀਰ ਭਰਮ ਵਿੱਚ ਭੁਲਾ ਦਿੱਤੇ ਹਨ। **ਅਥਵਾ** ਇਹ ਜੀਵ ਭਰਮ ਵਿੱਚ ਭੁਲੇ ਹੋਏ ਬਵੰਜਾ ਬੀਰਾਂ ਦਾ ਪੂਜਨ ਕਰਦੇ ਹਨ। ਜੋ ਵੀ ਭੂਤ ਪ੍ਰੇਤ ਹਨ, ਸਭ ਪ੍ਰਮੇਸ਼ਰ ਨੇ ਦੂਜੇ ਭਾਵ ਵਿੱਚ ਲਾਏ ਹੋਏ ਹਨ। **ਵਾ:** ਜੋ ਪੁਰਸ਼ ਪ੍ਰਮੇਸ਼ਰ ਨੇ ਦ੍ਵੈਤ ਭਾ ਵਿੱਚ ਲਾਏ ਹਨ, ਉਹ ਸਭ ਪ੍ਰਮੇਸ਼ਰ ਨੂੰ ਛੱਡ ਕੇ ਭੂਤਾਂ ਪ੍ਰੇਤਾਂ ਦਾ ਪੂਜਨ ਕਰਦੇ ਹਨ। **ਵਾ:** ਜਿਨ੍ਹਾਂ ਪੁਰਸ਼ਾਂ ਨੇ ਆਪਣੇ ਆਪ ਨੂੰ ਦ੍ਵੈਤ ਭਾਵਨਾ ਵਿੱਚ ਲਾਇਆ ਹੈ, ਉਹ ਸਭ ਭੂਤਾਂ ਪ੍ਰੇਤਾਂ ਦੀ ਨਿਆਈ ਅਪਵਿੱਤ੍ਰ ਹਨ। **ਵੀਰਵਾਰਿ—**ਬ੍ਰਿਹਸਪਤੀ ਦਾ ਦਿਨ। ਬ੍ਰਿਹਸਪਤਿ ਜੋ ਦੇਵਤਿਆਂ ਦਾ ਗੁਰੂ ਹੈ, ਰਿਗ ਵੇਦ ਵਿੱਚ ਬ੍ਰਿਹਸਪਤਿ ਉਹ ਦੇਵਤਾ ਹੈ, ਜੋ ਲੋਕਾਂ ਦੀਆਂ ਅਹੂਤੀਆਂ ਦੇਵਤਿਆਂ ਨੂੰ ਪਹੁੰਚਾਉਂਦਾ ਅਤੇ ਰੱਖਿਆ ਕਰਦਾ ਹੈ। ਇਸੇ ਲਈ ਇਹ ਦੇਵਤਿਆਂ ਦਾ ਪ੍ਰੋਹਿਤ ਮੰਨਿਆ ਗਿਆ ਹੈ। ਇੱਕ ਥਾਂ ਇਸਨੂੰ ਦੇਵਤਿਆਂ ਦਾ ਪਿਤਾ ਵੀ ਵਰਨਣ ਕੀਤਾ ਹੈ। ਪੌਰਾਣਿਕ ਸਮੇਂ ਵਿੱਚ ਇਸ ਨੂੰ ਇੱਕ ਰਿਖੀ ਸਮਝਣ ਲੱਗ ਪਏ ਅਤੇ ਇਹ ਨਾਮ ਬ੍ਰਿਹਸਪਤਿ ਤਾਰੇ ਦਾ ਵੀ ਕਲਪਿਆ ਗਿਆ। ਇਸ ਹਾਲਤ ਵਿੱਚ ਇਸਦੇ ਰੱਥ ਦਾ ਨਾਮ 'ਨੀਤਘੋਸ਼' ਹੈ। ਜਿਸ ਨੂੰ ਪੀਲੇ ਰੰਗ ਦੇ ਅੱਠ ਘੋੜੇ ਖਿਚਦੇ ਹਨ। ਇਹ ਅੰਗਿਰਸ ਰਿਸ਼ੀ ਦਾ ਪੁੱਤਰ ਹੈ ਅਤੇ ਪਿਤਾ ਦੇ ਨਾਮ ਤੋਂ ਇਸ ਨੂੰ ਆਗਿਰਸ ਵੀ ਕਹਿੰਦੇ ਹਨ।

## *ਆਪਿ ਉਪਾਏ; ਕਰਿ ਵੇਖੈ ਵੇਕਾ ॥*
## *ਸਭਨਾ; ਕਰਤੇ ਤੇਰੀ ਟੇਕਾ ॥*

ਹੇ ਕਰਤੇ ਪੁਰਖ ਪ੍ਰਮਾਤਮਾ! ਤੂੰ ਆਪ ਹੀ ਸਭਨਾਂ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਵੇਕਾ=ਵੱਖੋ ਵੱਖਰੇ ਜੀਵਾਂ ਨੂੰ ਵੇਖਦਾ ਹੈ। ਇੱਕ ਕੀੜੇ ਤੋਂ ਲੈ ਕੇ ਬ੍ਰਹਮਾ ਤੱਕ ਸਭ ਜੀਵ ਉਸਦੀ ਦ੍ਰਿਸ਼ਟੀ ਵਿੱਚ ਹਨ। ਇਥੋਂ ਤਕ ਕਿ ਇਹ ਵੀ ਪ੍ਰਮਾਤਮਾ ਦੀ ਦ੍ਰਿਸ਼ਟੀ ਵਿੱਚ ਹੈ ਕਿ ਇੱਕ ਕੀੜਾ ਕਿਤਨੇ ਦਾਣੇ ਚੁਗਦਾ ਹੈ। ਜੈਸਾ ਕਿ:

**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** [ਆਸਾ ਮਹਲਾ ੧, ਅੰਗ ੩੬੦]

ਪਰ ਹੇ ਪ੍ਰਮਾਤਮਾ! ਸਾਰੇ ਹੀ ਜੀਵਾਂ ਨੂੰ ਤੇਰੀ ਟੇਕ=ਓਟ ਹੈ।

## *ਜੀਅ ਜੰਤ; ਤੇਰੀ ਸਰਣਾਈ ॥*
## *ਸੋ ਮਿਲੈ; ਜਿਸੁ ਲੈਹਿ ਮਿਲਾਈ ॥੬॥*

ਹੇ ਪਰਮਾਤਮਾ ! ਸਾਰੇ ਹੀ ਜੀਅ=ਅਸਥੂਲ ਜੀਵ ਅਤੇ ਜੰਤ=ਸੂਖਮ ਜੀਵ ਤੇਰੀ ਸ਼ਰਨ ਵਿੱਚ ਆਉਣਾ ਚਾਹੁੰਦੇ ਹਨ, ਪਰ ਉਹ ਜੀਵ ਹੀ ਆਪ ਜੀ ਨੂੰ ਮਿਲਦਾ ਹੈ, ਜਿਸ ਨੂੰ ਆਪ ਕਿਰਪਾ ਕਰਕੇ ਮਿਲਾ ਲੈਂਦੇ ਹੋ ॥੬॥

## *ਸੁਕ੍ਰਵਾਰਿ; ਪ੍ਰਭੁ ਰਹਿਆ ਸਮਾਈ ॥*
## *ਆਪਿ ਉਪਾਇ; ਸਭ ਕੀਮਤਿ ਪਾਈ ॥*

ਸੁਕ੍ਰਵਾਰ ਦੁਆਰਾ ਕਥਨ ਕਰਦੇ ਹਨ ਕਿ ਉਹ ਪ੍ਰਭੁ=ਪ੍ਰਮੇਸ਼ਰ ਸਾਰਿਆਂ ਵਿੱਚ ਸਮਾ ਰਿਹਾ ਹੈ। **ਵਾ:** ਸ਼ੁਕਰ ਵਾਲਾ ਜੋ ਪੁਰਸ਼ ਹੈ, ਉਹ ਜਾਣ ਲੈਂਦਾ ਹੈ ਕਿ ਪ੍ਰਮੇਸ਼ਰ ਸਾਰਿਆਂ ਘਟਾਂ ਵਿੱਚ ਸਮਾ ਰਿਹਾ ਹੈ। **ਵਾ:** ਜੋ ਸਾਰਿਆਂ ਨੂੰ ਸ਼ੁਕਰ ਦੇਣ ਵਾਲਾ ਹੈ, ਉਹ ਪ੍ਰਮੇਸ਼ਰ ਸਾਰੇ ਹੀ ਸਮਾ ਰਿਹਾ, ਭਾਵ ਵਿਆਪਕ ਹੋ ਰਿਹਾ ਹੈ। ਉਸ ਪ੍ਰਮੇਸ਼ਰ ਨੇ ਆਪ ਹੀ ਦੁਨੀਆ ਪੈਦਾ ਕੀਤੀ ਹੈ ਅਤੇ ਆਪ ਹੀ ਸਭਨਾ ਦੀ ਕੀਮਤ ਪਾਈ ਹੈ। **ਵਾ:** ਸਾਰਿਆਂ ਵਿੱਚ ਸੱਤਾ ਰੂਪ ਕੀਮਤ ਪਾਈ ਹੈ। **ਸੁਕ੍ਰਵਾਰਿ—**ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰਯ ਦਾ ਦਿਨ। ਇਹ ਭ੍ਰਿਗੁ ਦਾ ਪੁੱਤਰ ਅਤੇ ਬਲਰਾਜੇ ਦਾ ਪ੍ਰੋਹਿਤ ਸੀ, ਇਸ ਨੂੰ ਕਵਿ ਭੀ ਆਖਦੇ ਹਨ। ਇਸ ਦੀ ਇਸਤਰੀ ਦਾ ਨਾਂ ਸ਼ੁਸ਼ਮਾ ਸੀ, ਇਸਦੀ ਪੁੱਤਰੀ ਦੇਵਯਾਨੀ ਨੇ ਚੰਦ੍ਰਵੰਸ਼ੀ ਯਯਾਤਿ ਰਾਜੇ ਨਾਲ ਵਿਆਹ ਕੀਤਾ। ਸ਼ੁਕ੍ਰ ਧਰਮ ਸ਼ਾਸ਼ਤ੍ਰ ਅਤੇ ਨੀਤਿ-ਸ਼ਾਸ਼ਤ੍ਰ ਦਾ ਕਰਤਾ ਭੀ ਹੈ। ਇਸਦੀ ਨੀਤੀ ਸ਼ਾਮ, ਦਾਮ, ਦੰਡ, ਭੇਦ ਮਸ਼ਹੂਰ ਹੈ। ਹਰਿਵੰਸ਼ ਵਿੱਚ ਲਿਖਿਆ ਹੈ ਕਿ ਇਹ ਸ਼ਿਵਜੀ ਪਾਸੋਂ ਸ਼ਕਤੀ ਪ੍ਰਾਪਤ ਕਰਨ ਲਈ (ਜਿਸ ਕਰਕੇ ਦੈਂਤ, ਦੇਵਤਿਆਂ ਤੋਂ ਜਿੱਤੇ ਨਾ ਜਾਣ) ਘੋਰ ਤਪ ਕਰਦਾ ਰਿਹਾ। ਅਰਥਾਤ ੧੦੦੦ ਵਰ੍ਹਾ ਸਿਰ ਪਰਨੇ ਲਟਕਦਾ ਰਿਹਾ। ਜਦੋਂ ਇਹ ਤਪ ਵਿੱਚ ਲੱਗਿਆ ਹੋਇਆ ਸੀ ਤਾਂ ਦੇਵਤਿਆਂ ਨੇ ਦੈਂਤਾਂ 'ਤੇ ਚੜ੍ਹਾਈ ਕੀਤੀ ਅਤੇ ਜੰਗ ਵਿੱਚ ਸ਼ੁਕ੍ਰ ਦੀ ਮਾਤਾ ਨੂੰ ਵਿਸ਼ਨੂੰ ਭਗਵਾਨ ਨੇ ਮਾਰ ਦਿੱਤਾ ਤਾਂ ਸ਼ੁਕ੍ਰ ਨੇ ਸ਼ਰਾਪ ਦਿੱਤਾ ਕਿ ਤੂੰ ਸੱਤ ਵਾਰ ਪ੍ਰਿਥਵੀ ਉੱਤੇ ਜਨਮ ਲਵੇਂ। ਫੇਰ ਸ਼ੁਕ੍ਰ ਨੇ ਆਪਣੀ ਮਾਤਾ ਨੂੰ ਵੀ ਜਿਵਾ ਲਿਆ। ਇੰਦ੍ਰ ਨੇ ਡਰ ਕੇ ਕਿਧਰੇ ਸ਼ੁਕ੍ਰ ਦਾ ਤਪ ਪੂਰਾ ਨਾ ਹੋ ਜਾਏ। ਆਪਣੀ ਬੇਟੀ ਜਯੰਤੀ ਨੂੰ ਇਸ ਦਾ ਤਪ ਭੰਗ ਕਰਨ ਵਾਸਤੇ ਭੇਜਿਆ। ਜਯੰਤੀ ਉਥੇ ਜਾ ਕੇ ਇਸਨੂੰ ਮੋਹਣ ਦਾ ਬਹੁਤ ਹੀ ਯਤਨ ਕਰਦੀ ਰਹੀ, ਪਰ ਸ਼ੁਕ੍ਰ ਨੇ ਆਪਣਾ ਤਪ ਤੋੜ ਨਿਭਾ ਕੇ ਜਯੰਤੀ ਨਾਲ ਵਿਆਹ ਕੀਤਾ। ਸ਼ੁਕ੍ਰ ਨੂੰ ਇਸ ਦੇ ਪਿਤਾ ਭ੍ਰਿਗ ਦੇ ਨਾਉ ਅਨੁਸਾਰ ਭਾਰਗਵ ਵੀ ਆਖਦੇ ਹਨ। ਸ਼ੁਕ੍ਰ ਦੇ ਕਾਣੇ ਹੋਣ ਦਾ ਜ਼ਿਕਰ ਇਉਂ ਹੈ ਕਿ ਜਦ ਵਾਉਨੇ (ਵਾਮਨ) ਬ੍ਰਾਹਮਣ ਨੂੰ ਰਾਜਾ ਬਲਿ ਢਾਈ ਕਦਮ ਜ਼ਮੀਨ ਦਾ ਸੰਕਲਪ ਦੇਣ ਲੱਗਿਆ, ਤਦ ਸ਼ੁਕ੍ਰ ਸੂਖਮ ਰੂਪ ਧਾਰ ਕੇ ਗੰਗਾਸਾਗਰ ਦੀ ਟੂਟੀ ਵਿੱਚ ਜਾ ਬੈਠਾ, ਜਦ ਪਾਣੀ ਹੱਥ ਤੇ ਨਾ ਆਇਆ, ਤਦ ਬਲਿ ਨੇ ਤਿਨਕਾ ਟੂਟੀ ਵਿੱਚ ਫੇਰਿਆ ਅਰ ਸ਼ੁਕ੍ਰ ਦੀ ਅੱਖ ਫੁਟ ਗਈ। ਅਥਵਾ :—ਇੱਕ ਚਮਕੀਲਾ ਗ੍ਰਹਿ, ਜੋ ਪ੍ਰਿਥਵੀ ਦੇ ਬਹੁਤ ਨੇੜੇ ਹੈ, ਸੂਰਜ ਤੋਂ ਇਸਦੀ ਵਿਥ ਤਿੰਨ ਕਰੋੜ ੩੫ ਲੱਖ ਕੋਹ ਹੈ। ੨੨੫ ਦਿਨਾਂ ਵਿੱਚ ਇਹ ਆਪਣੀ ਧੁਰ ਉਪਰ ਇੱਕ ਗੇੜਾ ਲਾਉਂਦਾ ਹੈ। ਪੁਰਾਣਾਂ ਵਿੱਚ ਇਹੀ ਸ਼ੁਕ੍ਰ ਦੈਂਤਾਂ ਦਾ ਗੁਰੂ ਹੈ।

## *ਗੁਰਮੁਖਿ ਹੋਵੈ; ਸੁ ਕਰੈ ਬੀਚਾਰੁ ॥*
## *ਸਚੁ ਸੰਜਮੁ; ਕਰਣੀ ਹੈ ਕਾਰ ॥*

ਜੋ ਗੁਰਮੁਖ ਹੁੰਦਾ ਹੈ, ਉਹ ਹੀ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਵੀਚਾਰ ਕਰਦਾ ਹੈ ਅਤੇ ਸੱਚੇ ਸੰਜਮ ਦੇ ਨਾਲ ਨਿਸ਼ਕਾਮ ਕਰਮਾਂ ਦੀ ਕਰਣੀ ਰੂਪ ਕਾਰ ਨੂੰ ਕਰਦਾ ਹੈ।

**ਵਰਤੁ ਨੇਮੁ; ਨਿਤਾਪ੍ਰਤਿ ਪੂਜਾ ॥**
**ਬਿਨੁ ਬੂਝੇ; ਸਭੁ ਭਾਉ ਹੈ ਦੂਜਾ ॥੭॥**

ਨੇਮੁ=ਨਿਯਮ ਅਨੁਸਾਰ ਵਰਤ ਰੱਖਣੇ **ਵਾ:** ਵਰਤ ਰੱਖਣੇ ਅਤੇ ਬਾਰਾਂ ਨੇਮ (੧. ਸੱਚ, ੨. ਅਕਪਤਾ, ੩. ਸ੍ਵੈ ਧਰਮ ਦਾ ਆਦਰ, ੪. ਜਪ, ੫. ਤਪ, ੬. ਪੂਜਾ, ੭. ਤੀਰਥ ਯਾਤਰਾ, ੮. ਅਥਿਤੀ ਦੀ ਪ੍ਰਸੰਨਤਾ, ੯. ਗੁਰੂ ਦੀ ਸੇਵਾ, ੧੦. ਸੰਤੋਖ ਧਾਰਨਾ, ੧੧. ਪਰਉਪਕਾਰ ਕਰਨਾ, ੧੨.ਹਵਨ ਕਰਨਾ) ਧਾਰਨੇ ਅਤੇ ਨਿਤਾਪ੍ਰਤੀ ਠਾਕੁਰ ਪੂਜਨ ਕਰਨਾ ਇਤਿਆਦਿਕ ਜਿਤਨੇ ਕਰਮ ਹਨ, ਉਹ ਸਾਰੇ ਵਾਹਿਗੁਰੂ ਦੇ ਬੂਝੇ=ਸਮਝੇ ਤੋਂ ਬਿਨਾਂ ਦ੍ਵੈਤ ਭਾਵ ਰੂਪ ਹਨ, ਭਾਵ ਇਹ ਸਾਰੇ ਵਿਅਰਥ ਹਨ॥੭॥

**ਛਨਿਛਰਵਾਰਿ; ਸਉਣ ਸਾਸਤ ਬੀਚਾਰੁ ॥**
**ਹਉਮੈ ਮੇਰਾ; ਭਰਮੈ ਸੰਸਾਰੁ ॥**

ਛਨਿਛਰਵਾਰ ਦੁਆਰਾ ਕਥਨ ਕਰਦੇ ਹਨ ਕਿ ਜੋ ਸਉਣ ਸਾਸਤ=ਜੋਤਸ਼ ਸ਼ਾਸ਼ਤ੍ਰ ਦਾ ਵੀਚਾਰ ਕਰਦਾ ਹੈ। **ਵਾ:** ਸਉਣ=ਸ਼ਗਨਾਂ ਦਾ ਤੇ ਸ਼ਾਸ਼ਤ੍ਰਾਂ ਦਾ ਵੀਚਾਰ ਕਰਦਾ ਹੈ, ਉਹ ਹੰਗਤਾ, ਮੇਰ-ਤੇਰ ਕਰਦਾ ਹੋਇਆ ਸੰਸਾਰ ਵਿੱਚ ਭਰਮੈ=ਭਾਉਂਦਾ ਰਹਿੰਦਾ ਹੈ।

**ਛਨਿਛਰਵਾਰਿ—**ਸੂਰਜ ਦੇ ਪੁੱਤਰ ਸ਼ਨੀ ਦਾ ਦਿਨ। ਜਿਸ ਦੀ ਕਥਾ ਇਸ ਪ੍ਰਕਾਰ ਹੈ—ਵਿਸ਼ਵਕਰਮਾ ਦੀ ਪੁੱਤਰੀ, ਜਿਸਦਾ ਸੰਜਨਾਂ ਜਾਂ ਸੁਬ੍ਰਚਲਾ ਨਾਂ ਆਉਂਦਾ ਹੈ। ਇਸ ਦਾ ਵਿਆਹ ਸੂਰਜ ਨਾਲ ਹੋਇਆ। ਸੂਰਜ ਦੇ ਸੰਜੋਗ ਤੋਂ ਇਸ ਦੇ ਦੋ ਪੁੱਤਰ ਅਤੇ ਇੱਕ ਪੁੱਤਰੀ ਪੈਦਾ ਹੋਈ। ਪੁੱਤਰ—ਮਨ ਅਤੇ ਜਮ, ਪੁੱਤਰੀ—ਜਮਨਾ। ਇਸ ਨੇ ਸੂਰਜ ਦੇ ਤੇਜ ਤੋਂ ਦੁਖੀ ਹੋ ਕੇ ਆਪਣੀ ਸ਼ਕਲ ਵਰਗੀ ਇੱਕ ਛਾਇਆ ਦੀ ਇਸਤਰੀ ਬਣਾ ਕੇ ਸੂਰਜ ਕੋਲ ਛੱਡ ਦਿੱਤੀ ਤੇ ਆਪ ਬੜਵਾ ਘੋੜੀ ਰੂਪ ਧਾਰਨ ਕਰਕੇ ਜੰਗਲ ਵਿੱਚ ਚੱਲੀ ਗਈ। ਛਾਯਾ ਦੀ ਇਸਤਰੀ ਦੇ ਭੇਦ ਨੂੰ ਸੂਰਜ ਜਾਣ ਨਾ ਸਕਿਆ। ਉਸ ਛਾਯਾ ਰੂਪ ਇਸਤਰੀ ਤੋਂ ਇੱਕ ਪੁੱਤਰੀ ਤਾਪਤੀ ਅਤੇ ਦੋ ਪੁੱਤਰ ਹੋਏ, ਜਿਨ੍ਹਾਂ ਵਿੱਚੋਂ ਇੱਕ ਦਾ ਨਾਂ ਸ਼ਨੀ ਸੀ, ਜਿਸ ਨੂੰ ਸ਼ਨੈਸ਼੍ਚਰ ਜਾਂ ਛਨਿਛਰ ਕਿਹਾ ਜਾਂਦਾ ਹੈ। **ਵਾ:** ਨੌਂ ਗ੍ਰੈਹਾਂ ਵਿੱਚੋਂ ਸੱਤਵਾਂ ਗ੍ਰਹਿ, ਸੂਰਜ ਤੋਂ ਇਸਦੀ ਵਿੱਥ ੮੮੩੦੦੦੦੦੦ ਮੀਲ ਖ਼ਿਆਲ ਕੀਤੀ ਗਈ ਹੈ। ਇਹ ਬਹੁਤ ਚਮਕੀਲਾ ਗ੍ਰਹਿ ਹੈ। ਦੂਰਬੀਨ ਨਾਲ ਦੇਖੀਏ ਤਾਂ ਇਸਦੇ ਆਲੇ-ਦੁਆਲੇ ਚਿਟੇ ਘੇਰੇ ਦਿਸਦੇ ਹਨ।

**ਮਨਮੁਖੁ ਅੰਧਾ; ਦੂਜੈ ਭਾਇ ॥**
**ਜਮ ਦਰਿ ਬਾਧਾ; ਚੋਟਾ ਖਾਇ ॥**

ਵੈਰਾਗ ਬਿਬੇਕ ਦੇ ਨੇਤਰਾਂ ਤੋਂ ਅੰਨ੍ਹਾ ਮਨਮੁਖ ਦ੍ਵੈਤ ਭਾਵ ਕਰਕੇ, ਜਮਾਂ ਦੇ ਦਰਬਾਰ ਵਿੱਚ ਬੰਨ੍ਹਿਆ ਹੋਇਆ ਚੋਟਾ=ਸੱਟਾਂ ਭਾਵ ਮਾਰ ਖਾਂਦਾ ਹੈ।

**ਗੁਰਪਰਸਾਦੀ; ਸਦਾ ਸੁਖੁ ਪਾਏ ॥**
**ਸਚੁ ਕਰਣੀ; ਸਾਚਿ ਲਿਵ ਲਾਏ ॥੮॥**

ਜਿਸ ਉੱਤੇ ਸਤਿਗੁਰਾਂ ਦੀ ਕਿਰਪਾ ਹੋਵੇ, ਉਹ ਸੱਚੀ ਨਿਸ਼ਕਾਮ ਕਰਮਾਂ ਦੀ ਕਰਣੀ ਕਰਕੇ, ਸੱਚ ਵਿੱਚ ਲਿਵ ਲਗਾ ਕੇ ਸਦਾ ਸੁਖ=ਨਿਤ ਸੁਖ, ਭਾਵ ਆਤਮਿਕ ਅਨੰਦ ਰੂਪ ਸੁਖ ਨੂੰ ਪਾਇ=ਪਾਉਂਦਾ ਹੈ॥੮॥

**ਸਤਿਗੁਰੁ ਸੇਵਹਿ; ਸੇ ਵਡਭਾਗੀ ॥**
**ਹਉਮੈ ਮਾਰਿ; ਸਚਿ ਲਿਵ ਲਾਗੀ ॥**

ਜੋ ਜਗਿਆਸੂ ਸਤਿਗੁਰਾਂ ਨੂੰ ਸੇਵਦੇ ਹਨ, ਉਹ ਜਗਿਆਸੂ ਵੱਡੇ ਭਾਗਾਂ ਵਾਲੇ ਹਨ, **ਵਾ:** ਉਹਨਾਂ ਦਾ ਵੱਡਾ ਪਣ (ਹੰਕਾਰ) ਭੱਜ ਗਿਆ ਹੈ, ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ, ਉਹਨਾਂ ਦੀ ਸੱਚੇ ਪ੍ਰਮੇਸ਼ਰ ਦੇ ਨਾਮ ਵਿੱਚ ਲਿਵ ਲਗੀ ਹੈ।

**ਤੇਰੈ ਰੰਗਿ ਰਾਤੇ; ਸਹਜਿ ਸੁਭਾਇ ॥**
**ਤੂ ਸੁਖਦਾਤਾ; ਲੈਹਿ ਮਿਲਾਇ ॥**

ਹੇ ਪ੍ਰਮਾਤਮਾ! ਸੁਤੇ ਸਿੱਧ ਜੋ ਤੇਰੇ ਰੰਗਿ=ਪ੍ਰੇਮ ਵਿੱਚ ਰਾਤੇ=ਤਦਾਕਾਰ ਹੋਏ ਹਨ, ਉਨ੍ਹਾਂ ਦਾ ਸਹਜਿ ਸੁਭਾਇ=ਸ਼ਾਂਤ ਸੁਭਾਅ ਹੋਇਆ ਹੈ। ਹੇ ਸੁਖਾਂ ਦੇ ਦਾਤੇ ਪ੍ਰਮੇਸ਼ਰ! ਤੂੰ ਉਹਨਾਂ ਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ।

**ਏਕਸ ਤੇ; ਦੂਜਾ ਨਾਹੀ ਕੋਇ ॥**
**ਗੁਰਮੁਖਿ ਬੂਝੈ; ਸੋਝੀ ਹੋਇ ॥੯॥**

ਇੱਕ ਪ੍ਰਭੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ, ਜੋ ਜਗਿਆਸੂ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਬੂਝੈ=ਜਾਣਦਾ ਹੈ, ਉਸ ਨੂੰ ਹੀ ਇਸ ਗੱਲ ਦੀ ਸੋਝੀ=ਗਿਆਤ ਹੁੰਦੀ ਹੈ॥੯॥

**ਪੰਦ੍ਰਹ ਥਿਤੀ; ਤੈ ਸਤ ਵਾਰ ॥**
**ਮਾਹਾ ਰੁਤੀ; ਆਵਹਿ ਵਾਰ ਵਾਰ ॥**

ਜਿਵੇਂ ਪੰਦਰਾਂ ਥਿਤਾਂ ਅਤੇ ਸੱਤ ਵਾਰ। ਮਾਹਾ=ਬਾਰਾਂ ਮਹੀਨੇ, ਛੇ ਰੁਤਾਂ ਵਾਰ-ਵਾਰ ਆਉਂਦੇ ਹਨ।

**ਦਿਨਸੁ ਰੈਣਿ; ਤਿਵੈ ਸੰਸਾਰੁ ॥**
**ਆਵਾ ਗਉਣੁ; ਕੀਆ ਕਰਤਾਰਿ ॥**

ਪੁਨਾ ਜਿਵੇਂ ਦਿਨ-ਰਾਤ ਮੁੜ-ਮੁੜ ਆਉਂਦੇ ਹਨ, ਇਸੇ ਤਰ੍ਹਾਂ ਕਰਤਾਰ ਨੇ ਜੀਵਾਂ ਦਾ ਸੰਸਾਰ ਵਿੱਚ ਆਉਣਾ ਤੇ ਗਉਣੁ=ਜਾਣਾ ਕੀਤਾ ਹੈ। **ਵਾ:** ਤਿਵੇਂ ਸੰਸਾਰ ਵਿੱਚ ਇਹਨਾਂ ਦੀ ਮਾਨਤਾ ਕਰਨ ਵਾਲੇ ਜੀਵਾਂ ਦਾ ਕਰਤਾਰ ਨੇ ਵਾਰੰ-ਵਾਰ ਆਵਾ ਗਉਣੁ=ਜੰਮਣਾ ਤੇ ਮਰਣਾ ਕੀਤਾ ਹੈ।

**ਨਿਹਚਲੁ ਸਾਚੁ; ਰਹਿਆ ਕਲ ਧਾਰਿ ॥**
**ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥**

ਜੋ ਨਿਹਚਲੁ=ਅਚਲ, ਸੱਚਾ ਪ੍ਰਮੇਸ਼ਰ ਆਪਣੀ ਕਲ=ਸ਼ਕਤੀ ਨੂੰ ਧਾਰਨ ਕਰ ਰਿਹਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੋਈ ਵਿਰਲਾ ਜਗਿਆਸੂ ਹੀ ਗੁਰਮੁਖਿ=ਮੁਖੀ ਗੁਰੂ ਸਾਹਿਬ ਦੇ ਸਬਦੁ=ਉਪਦੇਸ਼ ਦੀ ਵੀਚਾਰ ਕਰਕੇ ਉਸ ਸਬਦੁ=ਬ੍ਰਹਮ ਨੂੰ ਬੁਝਦਾ ਹੈ॥੧੦॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੦ [ਆਦਿ ਅੰਗ ੮੪੩]

*ਬਿਲਾਵਲੁ ਮਹਲਾ ੧ ॥ ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥ ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥ ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥ ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥*

## *ਬਿਲਾਵਲੁ ਮਹਲਾ ੧ ॥*

ਬਿਲਾਵਲ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਜਿਸ ਦੀ ਪਹਿਲੀ ਤੁਕ ਵਿੱਚ ਹੀ ਪ੍ਰਮਾਤਮਾ ਦੀ ਪ੍ਰਾਪਤੀ ਲਈ ਮਨ ਦੇ ਚਾਉ ਦੀ ਅਵਸਥਾ ਵਰਣਨ ਕੀਤੀ ਹੈ।

## *ਮੈ ਮਨਿ ਚਾਉ ਘਣਾ; ਸਾਚਿ ਵਿਗਾਸੀ ਰਾਮ ॥*

ਮੇਰੇ ਮਨ ਵਿੱਚ ਚਾਉ=ਉਤਸ਼ਾਹ ਘਣਾ=ਬਹੁਤਾ ਹੈ ਸਾਚਿ=ਸੱਚੇ ਰਾਮ, ਪ੍ਰਮੇਸ਼ਰ ਨੂੰ ਜਪਕੇ ਬੁੱਧੀ ਵਿਗਾਸੀ=ਖਿੜ ਪਈ ਹੈ। ਜੈਸਾ ਕਿ :

**੧. ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥**
**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥** [ਰਾਮਕਲੀ ਮਹਲਾ ੩, ਅੰਗ ੯੨੧]

**੨. ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥** [ਸੂਹੀ ਮਹਲਾ ੫, ਅੰਗ ੭੩੭]

## *ਮੋਹੀ ਪ੍ਰੇਮ ਪਿਰੇ; ਪ੍ਰਭਿ ਅਬਿਨਾਸੀ ਰਾਮ ॥*

ਜੋ ਰਾਮ=ਪ੍ਰਭੂ, ਪ੍ਰਮੇਸ਼ਰ ਅਬਿਨਾਸੀ=ਨਾਸ਼ ਤੋਂ ਰਹਿਤ ਹੈ। ਉਸ ਪਿਰੇ=ਪਿਰੀ ਦੇ ਪ੍ਰੇਮ ਵਿੱਚ ਮੇਰੀ ਬੁੱਧੀ ਮੋਹੀ ਗਈ ਹੈ। ਜੈਸਾ ਕਿ :

**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥**
**ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥** [ਫੁਨਹੇ ਮਹਲਾ ੫, ਅੰਗ ੧੩੬੧]

## *ਅਵਿਗਤੋ ਹਰਿ ਨਾਥੁ ਨਾਥਹ; ਤਿਸੈ ਭਾਵੈ ਸੋ ਥੀਐ ॥*

ਜਿਸ ਹਰਿ=ਪ੍ਰਮੇਸ਼ਰ ਦੀ (ਅਵਿ+ਗਤੋ) ਗਤੋ=ਪ੍ਰਾਪਤੀ ਅਵਿ=ਕਠਨ ਹੈ, ਔਰ ਜੋ ਨਾਥਾਂ ਦਾ ਭੀ ਨਾਥ ਹੈ। ਅਥਵਾ: ਜੋ ਨਾਥਾਂ ਨੂੰ ਭੀ ਨੱਥਣ ਵਾਲਾ ਹੈ। ਆਪਣੇ ਹੁਕਮ ਵਿੱਚ ਚਲਾਉਣ ਵਾਲਾ ਹੈ, ਤਿਸੈ=ਉਸਨੂੰ ਜੋ ਭਾਵੈ=ਭਾਉਂਦਾ ਹੈ ਸੋ=ਓਹੀ ਕੁਝ ਥੀਐ=ਹੁੰਦਾ ਹੈ। ਜੈਸਾ ਕਿ:

੧. **ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥**
[ਰਾਗ ਆਸਾ ਮਹਲਾ ੧, ਅੰਗ ੪੧੧]

੨. **ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥**
[ਭੈਰਉ ਮਹਲਾ ੫, ਅੰਗ ੧੧੫੭]

ਹੇ ਭਾਈ! ਉਸ ਅੱਗੇ ਇਸ ਪ੍ਰਕਾਰ ਦੀ ਬੇਨਤੀ ਕਰ:

## *ਕਿਰਪਾਲੁ ਸਦਾ ਦਇਆਲੁ ਦਾਤਾ; ਜੀਆ ਅੰਦਰਿ ਤੂੰ ਜੀਐ ॥*

ਹੇ ਕਿਰਪਾਲੁ=ਕਿਰਪਾ ਦੇ ਘਰ ਦਇਆਲੁ=ਦਇਆ ਦੇ ਘਰ! **ਵਾ:** ਹੇ ਦਇਆਲੂ ਕਿਰਪਾਲੂ ਦਾਤੇ! ਜੀਵਾਂ ਦੇ ਅੰਦਰ ਸ਼ਕਤੀ ਪਾ ਕੇ ਤੂੰ ਹੀ ਜੀਐ=ਜੀਵਾਉਣ ਵਾਲਾ ਹੈਂ ਅਥਵਾ ਜੀਵਾਂ ਦੇ ਅੰਦਰ ਜੀਵਨ ਕਲਾ ਪਾ ਕੇ ਤੂੰ ਹੀ ਜੀਵਾਂ ਨੂੰ ਜੀਵਾਉਣ ਵਾਲਾ ਹੈਂ। ਜੈਸਾ ਕਿ:

੧. **ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥**
[ਰਾਮਕਲੀ ਮਹਲਾ ੫, ਅੰਗ ੯੨੪]

੨. **ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ ॥**
**ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ ॥** [ਧਨਾਸਰੀ ਮਹਲਾ ੫, ਅੰਗ ੬੯੧]

## *ਮੈ ਅਵਰੁ ਗਿਆਨੁ ਨ ਧਿਆਨੁ ਪੂਜਾ; ਹਰਿ ਨਾਮੁ ਅੰਤਰਿ ਵਸਿ ਰਹੇ ॥*

ਹੇ ਹਰਿ=ਵਾਹਿਗੁਰੂ! ਮੈਂ ਹੋਰ ਗਿਆਨ-ਧਿਆਨ **ਵਾ:** ਬੇਦਾਂ ਦਾ ਗਿਆਨ, ਦਸਮ ਦੁਆਰ ਦਾ ਧਿਆਨ ਤੇ ਕੁਝ ਪੂਜਾ ਕਰਨੀ ਨਹੀਂ ਜਾਣਦਾ ਹਾਂ ਕੇਵਲ ਆਪ ਜੀ ਦਾ ਨਾਮ ਮੇਰੇ ਹਿਰਦੇ ਅੰਦਰ ਵਸਿਆ ਰਹੇ। ਜੈਸਾ ਕਿ:

੧. **ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥**
**ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥**
[ਜੈਤਸਰੀ ਮਹਲਾ ੫, ਅੰਗ ੭੦੨]

੨. **ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥**
[ਬਿਲਾਵਲੁ ਮਹਲਾ ੧, ਅੰਗ ੮੩੧]

## *ਭੇਖੁ ਭਵਨੀ ਹਠੁ ਨ ਜਾਨਾ; ਨਾਨਕਾ ਸਚੁ ਗਹਿ ਰਹੇ ॥੧॥*

ਸਤਿਗੁਰੂ ਜੀ ਕਥਨ ਕਰਦੇ ਹਨ ਭੇਖ=ਭੇਖਾਂ ਵਿੱਚ ਭਵਨੀ=ਫਿਰਨਾ **ਅਥਵਾ** ਭੇਖ ਧਾਰ ਕੇ ਦੁਨੀਆ ਵਿੱਚ ਭਵਨੀ=ਵਿਚਰਨਾ ਅਤੇ ਹਠ ਨੂੰ ਨਹੀਂ ਜਾਣਦਾ ਹਾਂ। ਕੇਵਲ ਇੱਕ ਸੱਚ ਨੂੰ ਹੀ ਗ੍ਰਹਿਣ ਕਰ ਰਿਹਾ ਹਾਂ। ਜਿਨ੍ਹਾਂ

ਨੇ ਸੱਚ ਨੂੰ ਗ੍ਰਹਿਣ ਕੀਤਾ ਹੈ ਉਹ ਹੱਠ ਧਰਮੀ ਨਹੀਂ ਬਣਦੇ, ਤੇ ਨਾ ਹੀ ਭੇਖ ਦਿਖਾਵਾ ਕਰਨ ਲਈ ਲੋਕਾਂ ਵਿੱਚ ਭਵਨੀ=ਫਿਰਨਾ ਕਰਦੇ ਹਨ। ਉਨ੍ਹਾਂ ਦੀ ਬਿਰਤੀ ਕੇਵਲ ਸੱਚ ਨੂੰ ਹੀ ਗ੍ਰਹਿਣ ਕਰਦੀ ਹੈ॥੧॥ ਜੈਸਾ ਕਿ :

**ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ॥**
**ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ॥੩॥** [ਆਸਾ ਮਹਲਾ ੩, ਅੰਗ ੪੪੦]

## *ਭਿੰਨੜੀ ਰੈਣਿ ਭਲੀ; ਦਿਨਸ ਸੁਹਾਏ ਰਾਮ॥*

ਜਿਸਦੀ ਬੁੱਧੀ ਰਾਮ ਦੇ ਪ੍ਰੇਮ ਵਿੱਚ ਭਿੰਨੜੀ=ਭਿੱਜੀ ਹੈ ਉਸਦੀ ਪ੍ਰਤੱਖ ਰਾਤ ਭਲੀ ਹੈ ਤੇ ਦਿਨ ਭੀ ਉਸਦਾ ਸੁਹਾਏ=ਸ਼ੋਭਨੀਕ ਹੈ। **ਅਥਵਾ** ਜਿਸਦੀ ਅਵਸਥਾ ਰੂਪ ਰਾਤ ਪ੍ਰੇਮ ਵਿੱਚ ਭਿੱਜੀ ਹੈ, ਜੀਵ ਰੂਪ ਇਸਤਰੀ ਉਹ ਆਪ ਭਲੀ ਹੈ, ਉਸਦੇ ਗਿਆਨ ਰੂਪ ਦਿਨ ਸ਼ੋਭਨੀਕ ਹਨ ਕਿਉਂਕਿ ਉਸ ਨੇ ਰਾਮ ਨਾਮ ਜਪਿਆ ਹੈ। ਜਾਂ ਸ਼ੋਭਨੀਕ ਗਿਆਨ ਰੂਪ ਦਿਨ ਚੜਿਆ ਹੈ, ਜਿਸਦੀ ਜੋਬਨ ਅਵਸਥਾ ਰੂਪੀ ਰਾਤ ਪ੍ਰੇਮ ਵਿੱਚ ਭਿੱਜੀ ਹੈ ਅਤੇ ਰਾਮ ਨਾਮ ਕਰਕੇ ਬਿਰਧ ਅਵਸਥਾ ਰੂਪੀ ਦਿਨ ਭੀ ਸ਼ੋਭਨੀਕ ਹੋਇਆ ਹੈ। ਉਹ ਇਸਤਰੀ ਭਲੀ ਹੈ। ਜੈਸਾ ਕਿ :

**੧. ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ॥**
[ਮਲਾਰ ਦੀ ਵਾਰ ਮਹਲਾ ੫, ਅੰਗ ੧੨੮੪]

**੨. ਰਾਤਿ ਦਿਨੰਤਿ ਰਹੈ ਰੰਗਿ ਰਾਤਾ॥ ਤੀਨਿ ਭਵਨ ਜੁਗ ਚਾਰੇ ਜਾਤਾ॥**
[ਰਾਮਕਲੀ ਮਹਲਾ ੧, ਦੱਖਣੀ ਓਅੰਕਾਰ, ਅੰਗ ੯੩੧]

**੩. ਦਿਨਸੁ ਰੈਣਿ ਤੇਰਾ ਨਾਉ ਸਦਾ ਸਦ ਜਾਪੀਐ॥** [ਰਾਮਕਲੀ ਕੀ ਵਾਰ ਮਹਲਾ ੫, ਅੰਗ ੯੬੩]

## *ਨਿਜ ਘਰਿ ਸੂਤੜੀਏ; ਪਿਰਮੁ ਜਗਾਏ ਰਾਮ॥*

ਹੇ ਨਿਜ=ਆਪਣੇ ਸਰੀਰ ਰੂਪ ਘਰਿ=ਮਕਾਨ ਵਿੱਚ ਮੋਹ ਰੂਪੀ ਨੀਂਦ ਵਿੱਚ ਸੂਤੜੀਏ=ਸੁੱਤੀ ਹੋਈਏ! ਜੇਕਰ ਰਾਮ ਪਿਰਮ=ਪਿਰੀ ਜਗਾਏ ਤਾਂ ਹੀ ਜਾਗਣਾ ਹੁੰਦਾ ਹੈ। ਸੌਣਾ ਤੇ ਜਾਗਣਾ ਦੋ ਵੱਖਰੀਆਂ ਵੱਖਰੀਆਂ ਘਟਨਾਵਾਂ ਹਨ ਇਨਾਂ ਦੋਨਾਂ ਅਵਸਥਾ ਦੇ ਵਿੱਚ ਹੀ ਜੀਵਨ ਸਮਾਪਤ ਹੋ ਜਾਂਦਾ ਹੈ। ਬੰਦਾ ਜਾਂ ਤਾਂ ਜਾਗਦਾ ਹੈ, ਜਾਂ ਸੁੱਤਾ ਪਿਆ ਹੈ। ਇੱਕ ਸੌਣਾ ਤੇ ਜਾਗਣਾ ਸੰਸਾਰੀ ਹੈ, ਇੱਕ ਸੌਣਾ ਤੇ ਜਾਗਣਾ ਪ੍ਰਮਾਰਥੀ ਹੈ। ਭਾਵ ਇੱਕ ਪ੍ਰਮਾਰਥਕ ਦ੍ਰਿਸ਼ਟੀ ਵਿੱਚ ਤੇ ਇੱਕ ਸੰਸਾਰਕ ਦ੍ਰਿਸ਼ਟੀ ਵਿੱਚ। ਇਸਨੂੰ ਗੁਰਬਾਣੀ ਵਿੱਚ ਇਸ ਪ੍ਰਕਾਰ ਲਿਖਿਆ ਹੈ। ਜੈਸਾ ਕਿ :

**ਜਾਗਤ ਸੋਵਤ ਬਹੁ ਪ੍ਰਕਾਰ॥ ਗੁਰਮੁਖਿ ਜਾਗੈ ਸੋਈ ਸਾਰੁ॥**
[ਬਾਣੀ ਭਗਤਾਂ ਕੀ ਕਬੀਰ ਜੀਉ, ਅੰਗ ੧੧੯੪]

ਸੰਸਾਰੀ ਨੀਂਦ ਤੋਂ ਤਾਂ ਭਾਵੇਂ ਕਿਸੇ ਦੀ ਆਪਣੇ ਆਪ ਭੀ ਅੱਖ ਖੁਲ੍ਹ ਜਾਏ ਪਰ ਜੋ ਪਰਮਾਰਥ ਵਿੱਚ ਮੋਹ ਰੂਪੀ ਨੀਂਦ, ਅਵਿਦਿਆ ਰੂਪੀ ਰਾਤ ਦੇ ਕਾਰਨ ਆਈ ਹੋਈ ਹੈ ਜਿਸ 'ਤੇ ਸੰਸਾਰ ਰੂਪੀ ਸੁਪਨਾ ਜੀਵ ਦੇਖ ਰਿਹਾ ਹੈ। ਜਿਸਦੇ ਵਿੱਚ ਸੁਖ-ਦੁੱਖ, ਹਰਖ਼-ਸੋਗ, ਮਿਲਣਾ-ਵਿਛੜਣਾ ਪ੍ਰਤੱਖ ਸੁਪਨੇ ਵਾਗੂੰ ਸਭ ਕੁਝ ਹੋ ਰਿਹਾ ਹੈ। ਇਸ ਅਵਿਦਿਆ ਰੂਪੀ ਰਾਤ ਵਿੱਚ ਮੋਹ ਰੂਪੀ ਨੀਂਦ ਤੋਂ ਕੋਈ ਆਪਣੇ ਆਪ ਨਹੀਂ ਜਾਗ ਸਕਦਾ, ਭਾਵੇਂ ਜਾਗ ਤਾਂ ਕੋਈ ਸੰਸਾਰੀ ਨੀਂਦ ਤੋਂ ਭੀ ਆਪਣੇ-ਆਪ ਨਹੀਂ ਸਕਦਾ, ਪਰ ਇਸ ਵਿੱਚ ਇੱਕ ਗੱਲ ਪ੍ਰਤੱਖ ਦੇਖੀ ਜਾ ਰਹੀ ਹੈ ਕਿ ਉਸ ਨੀਂਦ ਦਾ ਅੱਠ ਪਹਿਰਾਂ ਵਿੱਚ ਕੁਝ ਸਮਾਂ ਹੈ। ਨੀਂਦ ਪੂਰੀ ਹੋਣ ਤੋਂ ਜੀਵ ਆਪਣੇ ਆਪ ਹੀ ਜਾਗ ਉੱਠਦਾ ਹੈ, ਪਰ ਬਹੁਤੇ ਤਰ ਸੁੱਤੇ ਨੂੰ ਜਗਾਉਣਾ ਹੀ ਪੈਂਦਾ ਹੈ। ਮੋਹ ਰੂਪੀ ਨੀਂਦ ਤੋਂ ਕੋਈ ਆਪਣੇ-ਆਪ ਨਹੀਂ ਜਾਗ ਸਕਦਾ। ਪ੍ਰਤੱਖ ਰਾਤ ਦਾ ਸੂਰਜ ਚੜ੍ਹਨੇ ਤੋਂ ਆਪਣੇ-ਆਪ ਅੰਤ ਹੋ ਜਾਂਦਾ ਹੈ ਪਰ ਅਵਿਦਿਆ ਦੀ ਰਾਤ ਦਾ ਆਪਣੇ-ਆਪ ਅੰਤ ਨਹੀਂ ਹੁੰਦਾ ਅਤੇ ਇਸੀ ਅਵਿਦਿਆ ਦੀ ਰਾਤ ਦੀ ਦਿਨਾਂ-ਮਹੀਨਿਆਂ, ਸਾਲਾਂ, ਸਦੀਆਂ, ਜੁਗਾਂ ਦੀ ਕੋਈ

ਗਿਣਤੀ ਨਹੀਂ ਕਿ ਕਿਤਨੀ ਦੇਰ ਤਕ ਕਿਸ ਜੀਵ ਦੀ ਇਹ ਰਾਤ ਬਣੀ ਰਹੇ ਤੇ ਮੋਹ ਦੀ ਨੀਂਦ ਆਈ ਰਹੇ ਤੇ ਸੰਸਾਰ ਸੁਪਨਾ ਚਲਦਾ ਰਹੇ। ਜੰਮਣ-ਮਰਣ, ਸੁੱਖ ਦੁੱਖ ਦੀਆਂ ਚੋਟਾਂ ਸਹਾਰਦਾ ਰਹੇ ਇਸ ਰਾਤ ਦਾ ਅੰਤ ਕਰਨ ਵਾਲੀ ਸ਼ਕਤੀ ਗੁਰੂ ਦਾ ਗਿਆਨ ਸੂਰਜ ਰੂਪ ਹੈ। ਜੋ ਅਵਿਦਿਆ ਦੀ ਰਾਤ ਦਾ ਅੰਤ ਕਰਦਾ ਹੈ ਤੇ ਮੋਹ ਰੂਪੀ ਨੀਂਦ ਤੋਂ ਆਪਣੀ ਸ਼ਬਦ ਰੂਪ ਆਵਾਜ਼ ਦੇ ਨਾਲ ਜਗਾ ਕੇ ਸੰਸਾਰ ਸੁਪਨੇ ਦਾ ਅਭਾਵ ਕਰ ਦਿੰਦਾ ਹੈ। ਇਨ੍ਹਾਂ ਜੀਵਾਂ ਨੂੰ ਅਵਿਦਿਆ ਦੇ ਵਿੱਚ ਅਗਿਆਨ ਨੇ ਸਵਾਇਆ ਹੋਇਆ ਹੈ ਤੇ ਗੁਰੂ ਗਿਆਨ ਦੁਆਰਾ ਜਗਾ ਦਿੰਦਾ ਹੈ। ਜੈਸਾ ਕਿ :

**ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥**
**ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥** [ਕਾਨੜਾ ਮਹਲਾ ੪, ਅੰਗ ੧੩੦੮]

ਜੋ ਜੀਵ ਝੂਠ ਵਿੱਚ ਲੱਗਕੇ ਮਿਥਿਆ ਘਰ-ਬਾਰਾਂ ਨੂੰ ਹੀ ਸੰਭਾਲ ਰਹੇ ਹਨ। ਇਹ ਸੰਸਾਰ ਸੁਪਨੇ ਨੂੰ ਤੋੜਨ ਲਈ ਸਤਿਗੁਰੂ ਜੀ ਐਸੀ ਆਵਾਜ਼ ਦਿੰਦੇ ਹਨ। ਜੈਸਾ ਕਿ :

੧. **ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥**
**ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥** [ਆਸਾ ਮਹਲਾ ੧, ਅੰਗ ੪੧੮]

੨. **ਅਬ ਮਨ ਜਾਗਤ ਰਹੁ ਰੇ ਭਾਈ ॥**
**ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥** [ਗਉੜੀ ਕਬੀਰ ਜੀ, ਅੰਗ ੩੩੯]

੩. **ਜਾਗੁ ਰੇ ਮਨ ਜਾਗਣਹਾਰੇ ॥**
**ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥੧॥ਰਹਾਉ॥**
[ਆਸਾ ਮਹਲਾ ੫, ਅੰਗ ੩੮੭]

੪. **ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥**
**ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥**
[ਸੋਰਠਿ ਮਹਲਾ ੩, ਅੰਗ ੫੯੯]

ਜਾਗਣ-ਸੌਣ ਦੇ ਪ੍ਰਕਰਣ ਵਿੱਚ ਇੱਕ ਜਗ੍ਹਾ ਤੀਸਰੇ ਗੁਰੂ ਜੀ ਕਥਨ ਕਰਦੇ ਹਨ ਕਿ ਮਨਮੁਖ ਕਿਸ ਕਾਰਨ ਕਰਕੇ ਸੁੱਤਾ ਹੈ ਅਤੇ ਗੁਰਮੁਖ ਕਿਵੇਂ ਜਾਗਦਾ ਹੈ। ਜੈਸਾ ਕਿ :

੧. **ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥**
**ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥**
**ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥** [ਗਉੜੀ ਮਹਲਾ ੩, ਅੰਗ ੧੬੦]

੨. **ਜੋਗੀ ਗਿ੍ਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥**
**ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ਰਹਾਉ ॥**
**ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤੁ ਓਹੁ ਵਸਗਤਿ ਕਰੈ ॥੨॥**
**ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥**
**ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥**
**ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥**
**ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥**
[ਭੈਰਉ ਮਹਲਾ ੩, ਅੰਗ ੧੧੨੮]

ਸੋ ਇਨ੍ਹਾਂ ਪ੍ਰਮਾਣਾਂ ਤੋਂ ਮੋਹ, ਮਾਇਆ ਦੀ ਨੀਂਦ ਤੋਂ ਸੁਚੇਤ ਕੀਤਾ ਹੈ। ਅਤੇ ਜਾਗਣ ਦੀ ਵਿਧੀ ਦੱਸੀ ਹੈ। ਹੋਰ ਵੱਖਰੇ ਵੱਖਰੇ ਪ੍ਰਮਾਣਾਂ ਵਿੱਚ ਆ ਚੁੱਕੀ ਹੈ, ਇਸ ਤੋਂ ਅੱਗੇ ਮੁਖਵਾਕ ਦੀ ਅਗਲੀ ਤੁਕ :

## *ਨਵ ਹਾਣਿ ਨਵ ਧਨ ਸਬਦਿ ਜਾਗੀ; ਆਪਣੇ ਪਿਰ ਭਾਣੀਆ ॥*

ਜੋ ਨਵ=ਨਵੀਨ ਧਨ=ਇਸਤਰੀ ਭਾਵ ਜਗਿਆਸੂ ਰੂਪ ਇਸਤਰੀ ਗੁਰ ਸਬਦਿ=ਗੁਰੂ ਦੇ ਉਪਦੇਸ਼ ਕਰਕੇ ਮੋਹ ਰੂਪੀ ਨੀਂਦ ਤੋਂ ਜਾਗੀ=ਜਾਗ੍ਰਿਤ ਵਿੱਚ ਆ ਗਈ, **ਅਥਵਾ** ਗਿਆਨ ਜਾਗ੍ਰਿਤ ਵਿੱਚ ਜਾਗੀ ਹੈ। ਉਹ ਆਪਣੇ ਨਵ ਹਾਣਿ=ਨਵੀਨ ਪਤੀ ਪ੍ਰਮਾਤਮਾ ਨੂੰ ਭਾਣੀਆ=ਭਾ ਗਈ ਹੈ। ਕਿਉਂਕਿ ਉਸਨੇ :

## *ਤਜਿ ਕੂੜੁ ਕਪਟੁ ਸੁਭਾਉ ਦੂਜਾ; ਚਾਕਰੀ ਲੋਕਾਣੀਆ ॥*

ਕੂੜੁ=ਝੂਠੇ ਸੁਭਾਅ ਨੂੰ ਤੇ ਕਪਟੁ=ਛਲੀਆ ਬਿਰਤੀ ਨੂੰ ਤਜਿ=ਤਿਆਗਕੇ ਭਾਉ ਦੂਜਾ=ਦ੍ਵੈਤ ਭਾਵ ਲੋਕਾਣੀਆ=ਲੋਕਾਂ ਦੀ ਭਾਵ ਦੇਵਤਿਆਂ ਦੀ ਚਾਕਰੀ ਤਜਿ=ਛੱਡ ਦਿੱਤੀ ਹੈ। ਜੈਸਾ ਕਿ :

**ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥** [ਮਲਾਰ ਮਹਲਾ ੩, ਅੰਗ ੧੨੫੮]

## *ਮੈ ਨਾਮੁ ਹਰਿ ਕਾ ਹਾਰੁ ਕੰਠੇ; ਸਾਚ ਸਬਦੁ ਨੀਸਾਣਿਆ ॥*

ਜਗਿਆਸੂ ਰੂਪ ਇਸਤਰੀ ਵੱਲੋਂ ਕਹਿ ਰਹੇ ਹਨ ਮੈਂ ਹਰਿ=ਪ੍ਰਮੇਸ਼ਰ ਦਾ ਨਾਮ ਰੂਪੀ ਹਾਰ ਕੰਠੇ=ਗਲੇ ਦੇ ਵਿੱਚ ਪਹਿਰਿਆ ਹੈ, ਇਸ ਕਰਕੇ ਹੁਣ ਸਾਚ=ਸਚਾ ਸਬਦੁ=ਬ੍ਰਹਮ ਨੀਸਾਣਿਆ=ਪ੍ਰਗਟ ਹੋਇਆ ਹੈ। ਜੈਸਾ ਕਿ :

੧. **ਹਰਿ ਹਰਿ ਹਾਰੁ ਕੰਠਿ ਲੇ ਪਹਰੈ ਦਾਮੋਦਰੁ ਦੰਤੁ ਲੇਈ ॥**
**ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥**
[ਆਸਾ ਮਹਲਾ ੧, ਅੰਗ ੩੫੯]

੨. **ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ ॥**
[ਰਾਮਕਲੀ ਮਹਲਾ ੫, ਅੰਗ ੯੨੯]

## *ਕਰ ਜੋੜਿ ਨਾਨਕੁ ਸਾਚੁ ਮਾਗੈ; ਨਦਰਿ ਕਰਿ ਤੁਧੁ ਭਾਣਿਆ ॥੨॥*

ਸਤਿਗੁਰੁ ਜੀ ਕਥਨ ਕਰਦੇ ਹਨ ਕਿ ਕਰ=ਹੱਥ ਜੋੜਿ=ਜੋੜਕੇ ਸਾਚੁ=ਸੱਚੇ ਪ੍ਰਮੇਸ਼ਰ ਤੋਂ ਮਾਗੈ=ਮੰਗਦਾ ਹਾਂ ਜੇ ਤੁਧੁ=ਤੁਹਾਨੂੰ ਭਾਣਿਆ=ਭਾਉਂਦਾ ਹੈ ਤਾਂ ਮੇਰੇ ਉੱਤੇ ਨਦਰਿ=ਕਿਰਪਾ ਦ੍ਰਿਸ਼ਟੀ ਕਰ। ਅਰਥ ਦੂਜਾ : ਸਤਿਗੁਰੂ ਜੀ ਫ਼ੁਰਮਾਉਂਦੇ ਹਨ ਮੈਂ ਹੱਥ ਜੋੜਕੇ ਸੱਚਾ ਨਾਮ ਮੰਗਦਾਂ ਹਾਂ, ਹੇ ਵਾਹਿਗੁਰੂ ! ਜੇ ਆਪ ਜੀ ਨੂੰ ਭਾਉਂਦਾ ਹੈ ਤਾਂ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਦਾ ਦਾਨ ਦੇਣਾ ਕਰੋ। ਸੋ ਇੱਕ ਜਗ੍ਹਾ ਹੋਰ ਸਤਿਗੁਰੂ ਜੀ ਐਸਾ ਫ਼ੁਰਮਾਉਂਦੇ ਹਨ ਕਿ ਜਿਹੜੇ ਵਾਹਿਗੁਰੂ ਪ੍ਰਮੇਸ਼ਰ ਨੂੰ ਛੱਡਕੇ ਹੋਰ ਮਿਥਿਆ ਪਦਾਰਥਾਂ, **ਵਾ:** ਦੇਵੀ ਦੇਵਤਿਆਂ ਦੇ ਪੂਜਣ ਵਿੱਚ ਲੱਗੇ ਹਨ, ਸੋ ਬਹੁਤ ਪ੍ਰਕਾਰ ਕਰਕੇ ਰੋਂਦੇ ਨਜ਼ਰ ਆ ਰਹੇ ਹਨ। ਇਸ ਲਈ ਹੱਥ ਜੋੜਕੇ ਜਗਿਆਸੂ ਇਹ ਦਾਨ ਮੰਗਦਾ ਹੈ ਕਿ ਮੇਰੇ ਕੰਠ ਵਿੱਚ ਨਾਮ ਹਰ ਸਮੇਂ ਪਰੋਇਆ ਰਹੇ ਜਿਵੇਂ ਗੱਲ ਵਿੱਚ ਹਾਰ ਪਹਿਨਿਆ ਹੁੰਦਾ ਹੈ। ਇਸ ਲਈ ਮੈਨੂੰ ਨਾਮ ਦਾ ਹਾਰ ਮਿਲ ਜਾਏ ॥੨॥ ਜੈਸਾ ਕਿ :

੧. **ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ ॥**
**ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠ ਪਰੋਤ ॥** [ਕੇਦਾਰਾ ਮਹਲਾ ੫, ਅੰਗ ੧੧੨੧]

੨. **ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥** [ਸਿਰੀਰਾਗੁ ਮਹਲਾ ੧, ਅੰਗ ੫੫]

## ਜਾਗੁ ਸਲੋਨੜੀਏ; ਬੋਲੈ ਗੁਰਬਾਣੀ ਰਾਮ ॥

ਹੇ ਸਲੋਨੜੀਏ=ਸੁੰਦਰ ਅੱਖਾਂ ਵਾਲੀਏ! ਹੇ ਸੁਰਤੀ ਸਿਮ੍ਰਤੀ ਰੂਪ ਸੁੰਦਰ ਨੇਤ੍ਰਾਂ ਵਾਲੀਏ! **ਅਥਵਾ** ਗਿਆਨ, ਬੈਰਾਗ ਰੂਪੀ ਸੁੰਦਰ ਅੱਖਾਂ ਵਾਲੀਏ! ਤੂੰ ਮੋਹ ਦੀ ਨੀਂਦ ਤੋਂ ਜਾਗ ਅਤੇ ਰਾਮ=ਪ੍ਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਕਰਾਉਣ ਵਾਲੀ ਗੁਰਬਾਣੀ=ਗੁਰੂ ਦੀ ਬਾਣੀ ਨੂੰ ਆਪਣੀ ਰਸਨਾ ਦੇ ਨਾਲ ਬੋਲੈ=ਉਚਾਰਨ ਕਰ, ਭਾਵ ਗੁਰਬਾਣੀ ਦੁਆਰਾ ਭਾਵੇਂ ਪਾਠ ਕਰਕੇ, ਭਾਵੇਂ ਗੁਰਬਾਣੀ ਦਾ ਕੀਰਤਨ ਕਰਕੇ, ਭਾਵੇਂ ਗੁਰਬਾਣੀ ਦੀ ਕਥਾ ਕਰਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਬੋਲੈ=ਉਚਾਰਨ ਕਰ।

## ਜਿਨਿ ਸੁਣਿ ਮੰਨਿਅੜੀ; ਅਕਥ ਕਹਾਣੀ ਰਾਮ ॥

ਜਿਸਨੇ ਗੁਰਬਾਣੀ ਨੂੰ ਸੁਣ ਕੇ ਮੰਨਣਾ ਕੀਤਾ ਹੈ, ਉਸ ਨੂੰ ਰਮੇ ਹੋਏ ਰਾਮ ਦੀ ਅਕਥ=ਨ ਕਥੀ ਜਾਣ ਵਾਲੀ ਕਹਾਣੀ ਪ੍ਰਾਪਤ ਹੋਈ ਹੈ। ਜੈਸਾ ਕਿ :

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰ ਗਤਿ ਤੀਰਥਿ ਮਲਿ ਨਾਉ ॥**
[ਜਪੁਜੀ ਸਾਹਿਬ, ਅੰਗ ੪]

ਜਿਨ੍ਹਾਂ ਨੇ ਸਤਿਗਰਾਂ ਤੋਂ ਨਾਮ ਦਾ ਉਪਦੇਸ਼ ਸ਼ਰਧਾ ਨਾਲ ਸੁਣ ਕੇ, ਮੰਨਣ ਕਰਕੇ ਨਿਧਿਆਸਣ ਕੀਤਾ ਹੈ। ਉਨ੍ਹਾਂ ਨੂੰ ਪ੍ਰਮੇਸ਼ਰ ਦਾ ਭਾਉ=ਗਿਆਨ, **ਵਾ:** ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ, **ਵਾ:** ਪ੍ਰੇਮਸ਼ਰ ਨੇ ਉਨ੍ਹਾਂ ਨੂੰ ਆਪਣਾ ਭਾਉ=ਪ੍ਰੇਮ ਬਖ਼ਸ਼ ਦਿੱਤਾ ਹੈ। ਜੈਸਾ ਕਿ :

੧. **ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥** [ਦਸਮ ਗ੍ਰੰਥ, ਅੰਗ ੧੪]

੨. **ਪ੍ਰੇਮ ਬਿਨਾਂ ਪ੍ਰਭ ਪਾਨ ਨ ਆਏ ॥** [ਦਸਮ ਗ੍ਰੰਥ, ਅੰਗ ੭੧੪]

ਇਹਨਾਂ ਸਾਧਨਾਂ ਨੂੰ ਅਸੀਂ ਚੰਗਾ ਜਾਣਿਆ ਹੈ, ਜਿਨ੍ਹਾਂ ਨੇ ਇਹ ਕੀਤੇ ਹਨ। ਜੈਸਾ ਕਿ :

੧. **ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥** [ਸਿਰੀਰਾਗੁ ਮਹਲਾ ੩, ਅੰਗ ੨੭]

੨. **ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥**
**ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥** [ਤਿਲੰਗ ਮਹਲਾ ੪, ਅੰਗ ੭੨੬]

## ਅਕਥ ਕਹਾਣੀ, ਪਦੁ ਨਿਰਬਾਣੀ; ਕੋ ਵਿਰਲਾ ਗੁਰਮੁਖਿ ਬੂਝਏ ॥

ਅਕੱਥ ਪ੍ਰਮੇਸ਼ਰ ਦੀ ਕਹਾਣੀ ਨਿਰਬਾਣੀ=ਨਿਰਬੰਧ ਪਦਵੀ ਦੀ ਪ੍ਰਾਪਤੀ ਕਰਾਉਣ ਵਾਲੀ ਹੈ, ਪਰ ਕੋਈ ਵਿਰਲਾ ਜਗਿਆਸੂ ਹੀ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਇਸ ਕਹਾਣੀ ਨੂੰ ਬੂਝਏ=ਸਮਝਦਾ ਹੈ। ਜੈਸਾ ਕਿ :

੧. **ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥** [ਸਿਰੀਰਾਗੁ ਮਹਲਾ ੧, ਅੰਗ ੬੨]

੨. **ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥** [ਮਾਝ ਮਹਲਾ ੩, ਅੰਗ ੧੨੮]

੩. **ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥**
[ਆਸਾ ਮਹਲਾ ੧, ਅੰਗ ੩੫੩]

## ਓਹੁ ਸਬਦਿ ਸਮਾਏ ਆਪੁ ਗਵਾਏ; ਤ੍ਰਿਭਵਣ ਸੋਝੀ ਸੁਝਏ ॥

ਜੋ ਆਪਾ ਭਾਵ ਹੰਕਾਰ ਨੂੰ ਗਵਾਉਂਦਾ ਹੈ, ਉਹ ਸਤਿਗੁਰਾਂ ਦੇ ਸਬਦਿ=ਉਪਦੇਸ਼ ਵਿੱਚ **ਵਾ:** ਸਬਦਿ=ਬ੍ਰਹਮ ਵਿੱਚ ਸਮਾਅ ਜਾਂਦਾ ਹੈ, ਉਸ ਨੂੰ ਤਿੰਨਾਂ ਭਵਨਾਂ ਦੀ ਸੋਝੀ ਮਿਥਿਆ ਰੂਪਤਾ ਕਰਕੇ ਜਾਂ ਬ੍ਰਹਮ ਰੂਪਤਾ ਕਰਕੇ ਸੁਝ ਆਉਂਦੀ ਹੈ। ਜੈਸਾ ਕਿ :

**੧. ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥**
[ਵਡਹੰਸ ਮਹਲਾ ੩, ਅੰਗ ੫੬੭]

**੨. ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥** [ਵਾਰ ਸਾਰਗ ਮਹਲਾ ੪, ਅੰਗ ੧੨੪੬]

## *ਰਹੈ ਅਤੀਤੁ ਅਪਰੰਪਰਿ ਰਾਤਾ; ਸਾਚੁ ਮਨਿ ਗੁਣ ਸਾਰਿਆ ॥*

ਫਿਰ ਉਹ ਜਗਿਆਸੂ ਅਗਿਆਨ ਵਲੋਂ ਅਤੀਤੁ=ਰਹਿਤ ਹੋ ਕੇ ਅਪਰੰਪਰਿ=ਪ੍ਰਮੇਸ਼ਰ ਵਿੱਚ ਰਾਤਾ=ਤਦਾਕਾਰ ਰਹਿੰਦਾ ਹੈ ਅਤੇ ਮਨ ਵਿੱਚ ਸੱਚ ਦੇ ਗੁਣਾਂ ਨੂੰ ਸੰਭਾਲਦਾ ਹੈ ਜਾਂ ਸੱਚ ਦੇ ਮਨਿ=ਮੰਨਣ ਕਰਨੇ ਰੂਪ ਗੁਣਾਂ ਨੂੰ ਸਾਰਿਆ=ਸੰਭਾਲਦਾ ਹੈ।

## *ਓਹੁ ਪੂਰਿ ਰਹਿਆ ਸਰਬ ਠਾਈ; ਨਾਨਕਾ ਉਰਿ ਧਾਰਿਆ ॥੩॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਪ੍ਰਮੇਸ਼ਰ ਸਾਰੀਆਂ ਜਗ੍ਹਾਂ ਵਿੱਚ ਪਰੀ ਪੂਰਨ ਹੋ ਰਿਹਾ ਹੈ, ਉਸ ਪ੍ਰਭੂ ਨੂੰ ਉਸ ਜਗਿਆਸੂ ਨੇ ਆਪਣੇ ਹਿਰਦੇ ਵਿੱਚ ਧਾਰਿਆ ਹੋਇਆ ਹੈ॥੩॥ ਜੈਸਾ ਕਿ :

**੧. ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥** [ਆਸਾ ਮਹਲਾ ੫, ਅੰਗ ੩੯੮]

**੨. ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥**
**ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥** [ਧਨਾਸਰੀ ਮਹਲਾ ੫, ਅੰਗ ੬੯੧]

**੩. ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ ਵਸੈ ਸਭ ਨੇਰੈ ॥** [ਸਾਰਗ ਮਹਲਾ ੫, ਅੰਗ ੧੨੨੧]

## *ਮਹਲਿ ਬੁਲਾਇੜੀਏ; ਭਗਤਿ ਸਨੇਹੀ ਰਾਮ ॥*

ਜੋ ਜਗਿਆਸੂ ਰੂਪ ਇਸਤਰੀ ਭਗਤੀ ਵਿੱਚ ਸਨੇਹੀ=ਪ੍ਰੇਮ ਵਾਲੀ ਹੋਈ ਹੈ, ਉਸਨੂੰ ਰਾਮ=ਰਮੇ ਹੋਏ ਪ੍ਰਮੇਸ਼ਰ ਨੇ ਮਹਲਿ=ਸਰੂਪ ਵਿੱਚ ਬੁਲਾਇਆ ਹੈ।

## *ਗੁਰਮਤਿ ਮਨਿ ਰਹਸੀ; ਸੀਝਸਿ ਦੇਹੀ ਰਾਮ ॥*

ਜੋ ਗੁਰੂ ਦੀ ਸਿਖਿਆ ਕਰਕੇ ਮਨ ਵਿੱਚ ਰਹਸੀ=ਅਨੰਦ ਦੇ ਸਹਿਤ ਹੋਈ ਹੈ। ਦੇਹ ਦਾ ਆਸਰਾ ਦੇਹੀ=ਜੋ ਆਤਮਾ ਰੂਪ ਰਾਮ=ਪ੍ਰਮੇਸ਼ਰ ਹੈ, ਉਸਨੂੰ ਪਾ ਕੇ ਉਹ ਸੀਝਸਿ=ਕਲਿਆਣ ਸਰੂਪ ਹੋਈ ਹੈ। **ਵਾ:** ਰਾਮ ਦੀ ਕਿਰਪਾ ਨਾਲ ਦੇਹੀ=ਦੇਹ ਦੇ ਵਿੱਚ ਹੀ ਕਲਿਆਣ ਹੋਈ ਹੈ।

## *ਮਨੁ ਮਾਰਿ ਰੀਝੈ ਸਬਦਿ ਸੀਝੈ; ਤ੍ਰੈ ਲੋਕ ਨਾਥੁ ਪਛਾਣਏ ॥*

ਜਿਸਨੇ ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਮਨ ਨੂੰ ਮਾਰਿਆ ਹੈ ਤੇ ਤਿੰਨਾਂ ਲੋਕਾਂ ਦੇ ਨਾਥੁ=ਸੁਆਮੀ ਪ੍ਰਮੇਸ਼ਰ ਨੂੰ ਪਛਾਣਿਆ ਹੈ, ਉਹ ਸੀਝੈ=ਕਲਿਆਣ ਹੋ ਕੇ ਰੀਝੈ=ਪ੍ਰਸੰਨ ਹੋਈ ਹੈ।

## *ਮਨੁ ਡੀਗਿ ਡੋਲਿ ਨ ਜਾਇ ਕਤ ਹੀ; ਆਪਣਾ ਪਿਰੁ ਜਾਣਏ ॥*

ਜਿਸਨੇ ਆਪਣੇ ਪਤੀ ਪ੍ਰਮੇਸ਼ਰ ਨੂੰ ਜਾਣ ਲਿਆ ਹੈ, ਉਸ ਦਾ ਮਨ ਡੀਗਿ ਡੋਲਿ=ਡਾਵਾਂ-ਡੋਲ ਹੋ ਕੇ ਕਿਸੇ ਤਰਫ਼ ਨਹੀਂ ਜਾਂਦਾ।

## *ਮੈ ਆਧਾਰੁ ਤੇਰਾ ਤੂ ਖਸਮੁ ਮੇਰਾ; ਮੈ ਤਾਣੁ ਤਕੀਆ ਤੇਰਓ ॥*

ਮੈਨੂੰ ਤੇਰਾ ਹੀ ਆਧਾਰੁ=ਆਸਰਾ ਹੈ, ਤੂੰ ਹੀ ਮੇਰਾ ਖਸਮੁ=ਮਾਲਕ ਹੈਂ, ਮੈਂ ਤੇਰੇ ਹੀ ਤਾਣ=ਬਲ ਨੂੰ ਤੱਕਿਆ

ਹੈ। **ਵਾ:** ਮੈਂ ਤੇਰਾ ਆਧਾਰੁ=ਆਸਰਾ ਤੱਕਿਆ ਹੈ, ਕਿਉਂਕਿ ਤੂੰ ਮੇਰਾ ਮਾਲਕ ਹੈਂ, ਮੈਨੂੰ ਤੇਰਾ ਹੀ ਤਾਣੁ=ਬਲ (ਜ਼ੋਰ) ਹੈ।

***ਸਾਚਿ ਸੂਚਾ ਸਦਾ ਨਾਨਕ; ਗੁਰ ਸਬਦਿ ਝਗਰੁ ਨਿਬੇਰਓ ॥੪॥੨॥***

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਸੱਚੇ ਨਾਮ ਨੂੰ ਜਪਕੇ ਸੂਚਾ=ਪਵਿੱਤਰ ਹੋਇਆ ਹੈ, ਸਤਿਗੁਰਾਂ ਨੇ ਸਬਦਿ=ਉਪਦੇਸ਼ ਦੁਆਰਾ ਉਸ ਜਗਿਆਸੂ ਦਾ ਸਦਾ ਲਈ ਚੁਰਾਸੀ ਲੱਖ ਜੂਨਾਂ ਦਾ ਝਗੜਾ ਨਿਬੇੜ ਦਿੱਤਾ ਹੈ, ਭਾਵ ਮੁਕਤ ਕਰ ਦਿੱਤਾ ਹੈ॥੪॥੨॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੧ [ਆਦਿ ਅੰਗ ੮੪੫]

***ਬਿਲਾਵਲੁ ਮਹਲਾ ੫ ਛੰਤ ੧ੴ ਸਤਿਗੁਰ ਪ੍ਰਸਾਦਿ ॥ ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥੧॥ ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨॥ ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥੩॥ ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥***

## ਬਿਲਾਵਲੁ ਮਹਲਾ ੫ ਛੰਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿੱਚ ਛੰਤ ਦੇ ਰੂਪ ਵਿੱਚ ਇਹ ਸ਼ਬਦ ਉਚਾਰਨ ਕੀਤਾ ਹੈ। ਛੰਤ : ੧. ਕਵਿਤਾ, ਕਾਵਿ ਦੀ ਕੋਈ ਰਚਨਾ ੨. ਹਰੀ ਦੇ ਜਸ ਦੇ ਗੀਤ।

ਲੋਕ ਸਾਹਿਤ ਵਿੱਚ ਇਸਤਰੀਆਂ ਦੇ ਵਿਸ਼ੇਸ਼ ਕਿਸਮ ਦੇ ਪ੍ਰੇਮ ਗੀਤਾਂ ਨੂੰ 'ਛੰਤ' ਕਿਹਾ ਜਾਂਦਾ ਹੈ। ਭਾਵੇਂ ਇਹ 'ਛੰਦ' ਦਾ ਹੀ ਬਦਲਿਆ ਰੂਪ ਹੈ ਪਰ ਇਹ ਕਾਵਿ ਰੂਪ ਇਸ ਤੋਂ ਭਿੰਨ ਚੀਜ਼ ਹੈ। ਇਹ ਲੰਮੀ ਹੇਕ ਨਾਲ ਗਾਏ ਜਾਂਦੇ ਹਨ ਤੇ ਇਹਨਾਂ ਦੇ ਅੰਤ ਵਿੱਚ ਰਾਮ, ਰਾਮਰਾਜੇ ਜਾਂ ਬਲਿਰਾਮ ਜੀਉ ਆਦਿ ਵੀ ਅਲਾਪਿਆ ਜਾਂਦਾ ਹੈ। ਅਜਿਹੇ ਗੀਤ ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਦੁਆਰਾ ਰਚਿਤ ਵੱਖ-ਵੱਖ ਰਾਗਾਂ ਵਿੱਚ ਮਿਲਦੇ ਹਨ। ਗੁਰੂਆਂ ਨੇ ਕੇਵਲ ਲੋਕ ਕਾਵਿ ਰੂਪ ਨੂੰ ਹੀ ਨਹੀਂ ਅਪਣਾਇਆ, ਸਗੋਂ ਆਪਣੇ ਆਪ ਨੂੰ ਇਸਤਰੀ ਰੂਪ ਵਿੱਚ ਚਿਤ੍ਰਿਤਿ ਕਰਦਿਆਂ ਦਰਸ਼ਨ, ਲੋਚਾ, ਵਿਆਹ, ਜੰਞ, ਮਿਲਾਪ ਆਦਿ ਰਾਹੀਂ ਆਪਣੇ ਮਨੋਭਾਵਾਂ ਦਾ ਉਸੇ ਤਰ੍ਹਾਂ ਅੰਕਣ ਕੀਤਾ ਹੈ। ਪ੍ਰਭੂ ਪ੍ਰੀਤ ਤੋਂ ਇਲਾਵਾ ਹੋਰ ਅਧਿਆਤਮਕ ਗਿਆਨ ਵਿਚਾਰ ਲਈ ਵੀ ਇਸ ਦੀ ਵਰਤੋਂ ਹੋਈ ਹੈ ਪ੍ਰੰਤੂ ਪ੍ਰਧਾਨਤਾ ਪ੍ਰੇਮ-ਗੀਤਾਂ ਦੀ ਹੀ ਹੈ। ਰੂਪਕ ਦ੍ਰਿਸ਼ਟੀ ਤੋਂ ਹਰ ਛੰਤ ਵਿੱਚ ੪ ਬੰਦ ਹੁੰਦੇ ਹਨ। ਕਿਤੇ ਵਧ ਵੀ, ਤੇ ਹਰ ਬੰਦ ਵਿੱਚ ਚਾਰ ਯਾ ਛੇ ਤੁਕਾਂ, ਸੰਗੀਤਾਮਕਤਾ ਇਸ ਦਾ ਪ੍ਰਧਾਨ ਗੁਣ ਹੈ। ਪ੍ਰਮਾਣ ਵਜੋਂ, ਜੈਸਾ ਕਿ :

**ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥**
**ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ ॥** [ਆਸਾ ਮਃ ੧, ਅੰਗ ੪੩੫-੩੬]

## ੧ਓ ਸਤਿਗੁਰ ਪ੍ਰਸਾਦਿ ॥

੧=ਅਦੁੱਤੀ ਬ੍ਰਹਮ, ਓ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

## ਮੰਗਲ ਸਾਜੁ ਭਇਆ; ਪ੍ਰਭੁ ਅਪਨਾ ਗਾਇਆ ਰਾਮ ॥

ਜਿਸ ਵੇਲੇ ਆਪਣੇ ਪ੍ਰਭੁ=ਰੱਖਿਅਕ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਜਸ ਨੂੰ ਜਾਂ ਗੁਣਾਂ ਨੂੰ ਗਾਇਆ ਤਾਂ ਮੰਗਲਾਂ ਦਾ ਸਾਜੁ=ਸਮੁਦਾਅ ਪ੍ਰਾਪਤ ਹੋਇਆ। ਇਸ ਲਈ ਹੇ ਜੀਵ ਤੂੰ ਪ੍ਰਮੇਸ਼ਰ ਦੇ ਜਸ ਨੂੰ ਗਾਉਣਾ ਕਰ ਕਿਉਂਕਿ ਦਿਨ ਪ੍ਰਤੀ ਦਿਨ ਤੇਰੀ ਉਮਰ ਘਟਦੀ ਜਾ ਰਹੀ ਹੈ। ਜੈਸਾ ਕਿ:

**੧. ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥**
**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ਰਹਾਉ॥**

[ਤਿਲੰਗ ਮਹਲਾ ੯, ਅੰਗ ੭੨੭]

**੨. ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥**
**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥**
**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥**
**ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥**
**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**
**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥** [ਤਿਲੰਗ ਮਹਲਾ ੯, ਅੰਗ ੭੨੬]

## ਅਬਿਨਾਸੀ ਵਰੁ ਸੁਣਿਆ; ਮਨਿ ਉਪਜਿਆ ਚਾਇਆ ਰਾਮ ॥

ਜਿਸ ਵੇਲੇ ਵਰੁ=ਪਤੀ ਪ੍ਰਮੇਸ਼ਰ ਨੂੰ ਸੁਣਿਆ ਕਿ ਉਹ ਕਦੇ ਅਬਿਨਾਸੀ=ਮਰਦਾ ਨਹੀਂ ਹੈ, ਤਾਂ ਰਾਮ=ਰਮੇ ਹੋਏ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਉਤਸ਼ਾਹ ਮਨ ਵਿੱਚ ਉਪਜਿਆ=ਪੈਦਾ ਹੋਇਆ।

## ਮਨਿ ਪ੍ਰੀਤਿ ਲਾਗੈ ਵਡੈ ਭਾਗੈ; ਕਬ ਮਿਲੀਐ ਪੂਰਨ ਪਤੇ ॥

ਵਡੈ ਭਾਗੈ=ਵੱਡਿਆਂ ਭਾਗਾਂ ਕਰਕੇ ਮਨ ਵਿੱਚ ਪ੍ਰੀਤਿ=ਪ੍ਰੀਤੀ ਲਾਗੈ=ਲਗਦੀ ਹੈ, ਜਿਸ ਦੀ ਪ੍ਰੀਤੀ ਲੱਗੀ ਹੈ ਉਹ ਜਗਿਆਸੂ ਰੂਪ ਔਰਤ ਇਸ ਤਰ੍ਹਾਂ ਕਹਿੰਦੀ ਹੈ ਕਿ ਪੂਰਨ ਪਤੀ ਕਦੋਂ ਮਿਲਦਾ ਹੈ? ਭਗਤ ਨਾਮਦੇਵ ਜੀ ਪ੍ਰੀਤ ਦੀ ਗੱਲ ਕਰਦੇ ਹੋਏ ਕਥਨ ਕਰਦੇ ਹਨ। ਜੈਸਾ ਕਿ:

**ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥**
**ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥**

[ਭੈਰਉ ਨਾਮਦੇਉ ਜੀਉ, ਅੰਗ ੧੧੬੪]

ਜਿਸ ਤਰ੍ਹਾਂ ਭੁੱਖੇ ਪੁਰਸ਼ ਨੂੰ ਭੋਜਨ ਦੇ ਨਾਲ ਪ੍ਰੀਤ ਹੈ, ਪਿਆਸੇ ਪੁਰਸ਼ ਦਾ ਜਲ ਨਾਲ ਪ੍ਰੇਮ ਹੈ ਤੇ ਮੂਰਖ ਪੁਰਸ਼ ਦੀ ਸੰਬੰਧੀਆਂ ਨਾਲ ਪ੍ਰੇਮ ਵਿੱਚ ਤਤਪਰ ਰਹਿਣ ਦੀ ਪ੍ਰੀਤੀ ਹੁੰਦੀ ਹੈ ਇਸੇ ਤਰ੍ਹਾਂ ਜੋ ਪ੍ਰਮੇਸ਼ਰ ਦੇ ਪਿਆਰੇ ਹਨ, ਉਹਨਾਂ ਦੀ ਪ੍ਰੀਤੀ ਇੱਕ ਪ੍ਰਮੇਸ਼ਰ ਦੇ ਨਾਲ ਹੋਇਆ ਕਰਦੀ ਹੈ। ਸੋ ਜਿਨ੍ਹਾਂ ਨੇ ਪ੍ਰਮੇਸ਼ਰ ਨਾਲ ਪ੍ਰੇਮ ਕੀਤਾ ਹੈ, ਉਹਨਾਂ ਨੇ ਹੀ ਪ੍ਰਮੇਸ਼ਰ ਨੂੰ ਪ੍ਰਾਪਤ ਕੀਤਾ ਹੈ। ਜੈਸਾ ਕਿ:

**ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥**

[ਸ੍ਰੀ ਦਸਮ ਗ੍ਰੰਥ, ਪੰਨਾ ੧੪]

**ਸਾਖੀ—ਗੁਰੂ ਗੋਬਿੰਦ ਸਿੰਘ ਜੀ ਤੇ ਇਕ ਪ੍ਰੇਮਣ ਮਾਈ ਦੀ—**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰ ਵਿੱਚ ਇੱਕ ਪ੍ਰੇਮਣ ਮਾਈ ਆਈ, ਚਰਨਾਂ 'ਤੇ ਨਮਸਕਾਰ ਕੀਤੀ, ਨਮਸਕਾਰ ਕਰਨ ਤੋਂ ਬਾਅਦ ਹੱਥ ਜੋੜ ਕੇ ਆਖਣ ਲੱਗੀ ਕਿ ਹੇ ਮਹਾਰਾਜ! ਮੈਂ ਪਤਿਤ ਪਾਵਨ ਹਾਂ, ਤੁਸੀਂ ਪਤਿਤ ਹੋ, ਭਾਵ ਤੁਸੀਂ ਪਾਪੀ ਹੋ ਤੇ ਮੈਂ ਪਾਪੀਆਂ ਨੂੰ ਪਵਿੱਤਰ ਕਰਨ ਵਾਲੀ ਹਾਂ, ਫਿਰ ਕਿਹਾ ਤੁਸੀਂ ਦੀਨ ਹੋ ਮੈਂ ਦੀਨ ਦਿਆਲ ਹਾਂ, ਕਿ ਤੁਸੀਂ ਗ਼ਰੀਬ ਅਨਾਥ ਹੋ, ਮੈਂ ਗ਼ਰੀਬਾਂ ਅਨਾਥਾਂ 'ਤੇ ਦਇਆ ਕਰਨ ਵਾਲੀ ਹਾਂ। ਮਾਈ ਦੇ ਇਹ ਬਚਨ ਸੁਣ ਕੇ ਸਿੱਖਾਂ ਨੇ ਆਖਿਆ ਕਿ ਮਾਤਾ ਜੀ ਐਸਾ ਨਾ ਕਹੁ, ਤੁਸੀਂ ਕਹੋ ਕਿ ਹੇ ਸਤਿਗੁਰੂ ਜੀ ਮੈਂ ਪਤਿਤ ਹਾਂ ਤੁਸੀਂ ਪਤਿਤ ਪਾਵਨ ਹੋ, ਮੈਂ ਦੀਨ ਹਾਂ, ਤੁਸੀਂ ਦੀਨ ਦਿਆਲ ਹੋ। ਸਤਿਗੁਰਾਂ ਨੇ ਸਿੱਖਾਂ ਦੇ ਇਹ ਵਚਨ ਸੁਣ ਕੇ ਆਖਿਆ ਕਿ ਭਾਈ ਸਿੱਖੋ ਇਹ ਪ੍ਰੇਮ ਭਾਵਨਾ ਵਿੱਚ ਭਿੱਜੀ ਹੋਈ ਮਾਈ ਮਨ ਕਰਕੇ ਇਸ ਤਰ੍ਹਾਂ ਹੀ ਕਹਿੰਦੀ ਹੈ। ਕਹਿਣ ਦਾ ਭਾਵ ਕਿ ਉਸ ਪ੍ਰਮੇਸ਼ਰ ਨੂੰ ਬਾਹਰੋਂ ਭਾਵੇਂ ਕੁਝ ਕਹੇ, ਦਿਲ ਵਿੱਚ ਸੱਚਾ ਪ੍ਰੇਮ ਕਰਨ ਨਾਲ ਗੁਰੂ, **ਵਾ:** ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ। ਸਤਿਗੁਰਾਂ ਨੇ ਵੀ ਆਖਿਆ ਕਿ:

**ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥** [ਸ੍ਰੀ ਦਸਮ ਗ੍ਰੰਥ, ਪੰਨਾ ੧੪]

ਪ੍ਰੀਤ ਦੀ ਗੱਲ ਕਰਦੇ ਹੋਏ ਗੁਰੂ ਘਰ ਦੇ ਵੇਦ-ਵਿਆਸ ਭਾਈ ਗੁਰਦਾਸ ਜੀ ਦ੍ਰਿਸ਼ਟਾਂਤਾਂ ਦੁਆਰਾ ਕਥਨ ਕਰਦੇ ਹਨ। ਜੈਸਾ ਕਿ:

**ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚ ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ ॥**

ਜਿਸ ਤਰ੍ਹਾਂ ਪਾਣੀ ਵਿੱਚ ਵੱਸਣ ਦੀ ਰੁਚੀ ਮੱਛੀ ਦੀ ਨਹੀਂ ਘੱਟਦੀ, ਅਤੇ ਦੀਵੇ ਦਾ ਪ੍ਰਕਾਸ਼ ਵੇਖਣ ਦੀ ਪ੍ਰੀਤੀ ਪਤੰਗੇ ਦੀ ਨਹੀਂ ਘੱਟਦੀ।

**ਕੁਸਮ ਸੁਬਾਸ ਜੈਸੇ ਤ੍ਰਿਪਤਿ ਨ ਮਧੁਪ ਕਉ, ਉਡਤ ਅਕਾਸ ਆਸ ਘਟੈ ਨ ਬਿਹੰਗ ਕੀ ॥**

ਜਿਵੇਂ ਫੁੱਲਾਂ ਦੀ ਵਾਸ਼ਨਾ ਤੋਂ ਭੌਰੇ ਦੀ ਤ੍ਰਿਪਤੀ ਨਹੀਂ ਹੁੰਦੀ ਅਤੇ ਅਕਾਸ਼ ਵਿੱਚ ਉੱਡਨ ਦੀ ਆਸਾ ਪੰਛੀ ਦੇ ਮਨ ਵਿੱਚੋਂ ਨਹੀਂ ਘੱਟਦੀ।

**ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ ਨਾਦ ਬਾਦ ਸੁਨਿ ਰਤਿ ਘਟੈ ਨਾ ਕੁਰੰਗ ਕੀ ॥**

ਜਿਸ ਤਰਾਂ ਕਾਲੇ ਬਦਲਾਂ ਦੇ ਗਰਜਨ ਦੀ ਆਵਾਜ਼ ਨਾਲ ਮੋਰ ਤੇ ਪਪੀਹੇ ਦੇ ਹਿਰਦੇ ਵਿੱਚ ਉਲਾਸ=ਖੇੜਾ, ਖ਼ੁਸ਼ੀ ਪੈਦਾ ਹੁੰਦੀ ਹੈ ਅਤੇ (ਬਾਦ) ਘੰਡੇ ਹੇੜੇ ਦੇ ਸ਼ਬਦ ਨੂੰ ਸੁਣਨ ਦੀ ਪ੍ਰੀਤੀ ਹਰਨ ਦੀ ਨਹੀਂ ਘੱਟਦੀ।

**ਤੈਸੇ ਪ੍ਰਿਅ ਪ੍ਰੇਮ ਰਸ ਰਸਕ ਰਸਾਲ ਸੰਤ ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ ॥੪੨੪॥**

[ਕਬਿਤ ਸਵਯੇ, ਭਾਈ ਗੁਰਦਾਸ ਜੀ]

ਇਸੇ ਤਰ੍ਹਾਂ ਹੀ ਰਸਾਲ=ਰਸਾਂ ਦੇ ਘਰ ਰੂਪ ਪ੍ਰਭੂ ਪਿਆਰੇ ਦੇ ਪ੍ਰੇਮ ਰਸ ਦੇ ਰਸੀਏ ਸੰਤ ਜਨਾਂ ਦੀ ਇੱਛਾ ਨਹੀਂ ਘੱਟਦੀ ਜੋ ਕਿ ਅੰਗ ਅੰਗ ਦੀ ਪ੍ਰਬਲ ਹੋ ਰਹੀ ਹੈ।੪੨੪।

## *ਸਹਜੇ ਸਮਾਈਐ ਗੋਵਿੰਦੁ ਪਾਈਐ; ਦੇਹੁ ਸਖੀਏ ਮੋਹਿ ਮਤੇ ॥*

ਹੇ ਸਖੀਏ! ਮੈਨੂੰ ਉਹ ਮਤੇ=ਸਿਖਿਆ ਦਿਓ ਜਿਸ ਕਰਕੇ ਗੋਬਿੰਦ ਨੂੰ ਪਾਈਏ ਤੇ ਸਹਜ ਪਦ ਵਿੱਚ **ਵਾ:** ਸ਼ਾਂਤੀ ਵਿੱਚ ਸਮਾ ਜਾਈਏ।

## *ਦਿਨੁ ਰੈਣਿ ਠਾਢੀ ਕਰਉ ਸੇਵਾ; ਪ੍ਰਭੁ ਕਵਨ ਜੁਗਤੀ ਪਾਇਆ ॥*

ਮੈਂ ਦਿਨੁ ਰੈਣਿ=ਦਿਨ ਰਾਤ ਠਾਢੀ=ਖੜੀ ਹੋ ਕਰਕੇ ਸੇਵਾ ਕਰਦੀ ਹਾਂ ਅਤੇ ਸੁਹਾਗਣਾਂ ਨੂੰ ਪੁੱਛਦੀ ਹਾਂ, ਕਿ ਤੁਸਾਂ ਨੇ ਕਿਸ ਜੁਗਤੀ ਕਰਕੇ ਪ੍ਰਭੁ=ਰੱਖਿਅਕ ਪ੍ਰਮੇਸ਼ਰ ਨੂੰ ਪਾਇਆ ਹੈ। ਜੈਸਾ ਕਿ :

**ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥** [ਸਾਰਗ ਮਹਲਾ ੫, ਅੰਗ ੧੨੨੪]

ਮੈਂ ਰਾਤ ਦਿਨ ਖੜੀ ਹੋਈ ਥੱਕਦੀ ਨਹੀਂ, ਅਤੇ ਨਾਹੀ ਤੈਨੂੰ ਛੱਡ ਕੇ ਕਿਤੇ ਹੋਰ ਨਹੀਂ ਜਾਵਾਂਗੀ। ਇਸ ਲਈ ਹੇ ਸੰਤ ਰੂਪ ਸਖੀਓ !

**ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥**
**ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥** [ਗਉੜੀ ਮਹਲਾ ੫, ਅੰਗ ੨੦੪]

## *ਬਿਨਵੰਤਿ ਨਾਨਕ ਕਰਹੁ ਕਿਰਪਾ; ਲੈਹੁ ਮੋਹਿ ਲੜਿ ਲਾਇਆ ॥੧॥*

ਸਤਿਗੁਰੂ ਜੀ ਉਚਾਰਨ ਕਰਦੇ ਹਨ ਉਹ ਜਗਿਆਸੂ ਰੂਪ ਸਖੀ ਆਖਦੀ ਹੈ ਕਿ ਮੋਹਿ=ਮੇਰੇ 'ਤੇ ਕਰਹੁ ਕਿਰਪਾ=ਕਿਰਪਾ ਕਰੋ ਤੇ ਮੈਨੂੰ ਆਪਣੇ ਲੜਿ=ਪੱਲੇ ਨਾਲ ਲਗਾ ਲੈਣਾ ਕਰੋ ॥੧॥

**ਦੂਜਾ ਅਰਥ** :—ਅੰਨਵੇ ਅਨੁਸਾਰ

***ਦਿਨੁ ਰੈਣਿ ਠਾਢੀ ਕਰਉ ਸੇਵਾ; ਪ੍ਰਭੁ ਕਵਨ ਜੁਗਤੀ ਪਾਇਆ ॥***

ਜਗਿਆਸੂ ਰੂਪ ਇਸਤਰੀ ਸੰਤਾਂ, ਮਹਾਂਪੁਰਖਾਂ ਅੱਗੇ ਬੇਨਤੀ ਕਰਦੀ ਹੈ ਕਿ ਹੇ ਮਹਾਂਪੁਰਸ਼ੋ ! ਦਿਨ ਰੈਨਿ ਭਾਵ ਦਿਨ ਰਾਤ ਠਾਢੀ=ਖੜੋ ਕੇ ਮੈਂ ਆਪ ਜੀ ਦੀ ਸੇਵਾ ਕਰਉ=ਕਰਦੀ ਹਾਂ।

***ਬਿਨਵੰਤਿ ਨਾਨਕ ਕਰਹੁ ਕਿਰਪਾ; ਲੈਹੁ ਮੋਹਿ ਲੜਿ ਲਾਇਆ ॥੧॥***

ਮੈਂ ਬੇਨਤੀ ਕਰਦੀ ਹਾਂ ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਰੂਪ ਪੱਲੇ ਨਾਲ ਲਗਾ ਲੈਣਾ ਕਰੋ। ਸੰਤਾਂ ਆਖਿਆ ਤੂੰ ਕੀ ਚਾਹੁੰਦੀ ਹੈਂ ? ਤਾਂ ਜਗਿਆਸੂ ਰੂਪ ਇਸਤਰੀ ਨੇ ਕਿਹਾ ਕਿ

***ਅਬਿਨਾਸੀ ਵਰੁ ਸੁਣਿਆ; ਮਨਿ ਉਪਜਿਆ ਚਾਇਆ ਰਾਮ ॥***

ਮੈਂ ਵਾਹਿਗੁਰੂ ਨੂੰ ਅਬਿਨਾਸੀ ਵਰੁ ਸੁਣਿਆ ਹੈ ਕਿ ਪ੍ਰਮੇਸ਼ਰ ਰੂਪ ਵਰ ਨਾਸ ਤੋਂ ਰਹਿਤ ਹੈ। ਇਸ ਕਰਕੇ ਮੇਰੇ ਮਨ ਵਿੱਚ ਉਸਦੀ ਪ੍ਰਾਪਤੀ ਦਾ ਚਾਇਆ=ਉਤਸ਼ਾਹ ਪੈਦਾ ਹੋਇਆ ਹੈ।

***ਕਬ ਮਿਲੀਐ ਪੂਰਨ ਪਤੇ ॥***

ਆਪ ਦੱਸੋ, ਉਸ ਪੂਰਨ ਪਤੀ ਪ੍ਰਮੇਸ਼ਰ ਨਾਲ ਕਦੋਂ ਮਿਲਾਪ ਹੁੰਦਾ ਹੈ।

***ਦੇਹੁ ਸਖੀਏ ਮੋਹਿ ਮਤੇ ॥***

ਹੇ ਸੰਤ ਰੂਪ ਸਖੀਏ ! ਇਹ ਸਿਖਿਆ ਮੈਨੂੰ ਦੇਣੀ ਕਰੋ।

***ਪ੍ਰਭੁ ਕਵਨ ਜੁਗਤੀ ਪਾਇਆ ॥***

ਆਪ ਜੀ ਨੇ ਪ੍ਰਭੂ ਨੂੰ ਕਿਸ ਜੁਗਤੀ ਨਾਲ ਪਾਇਆ ਹੈ ? ਮਹਾਤਮਾ ਉੱਤਰ ਦਿੰਦੇ ਹਨ। ਹੇ ! ਜਗਿਆਸੂ ਰੂਪ ਇਸਤਰੀਏ

***ਮੰਗਲ ਸਾਜੁ ਭਇਆ; ਪ੍ਰਭੁ ਅਪਨਾ ਗਾਇਆ ਰਾਮ ॥***

ਜਿਸ ਵੇਲੇ ਮੈਂ ਆਪਣੇ ਰਾਮ=ਰਮੇ ਹੋਏ ਪ੍ਰਭੁ=ਮਾਲਕ ਦਾ ਜਸ ਗਾਉਣਾ ਕੀਤਾ ਤਾਂ ਹੀ ਮੰਗਲਾਂ ਦੇ ਸਾਜਣ ਵਾਲਾ ਵਾਹਿਗੁਰੂ ਪ੍ਰਾਪਤ ਹੋਇਆ ਹੈ।

***ਮਨਿ ਪ੍ਰੀਤਿ ਲਾਗੈ ਵਡੈ ਭਾਗੈ***

ਜਿਸ ਵੇਲੇ ਵੱਡਿਆਂ ਭਾਗਾਂ ਕਰਕੇ ਮਨ ਵਿੱਚ ਪ੍ਰੀਤਿ=ਪ੍ਰੇਮ ਲਾਗੈ=ਲੱਗ ਜਾਵੇ

***ਸਹਜੇ ਸਮਾਈਐ ਗੋਵਿੰਦੁ ਪਾਈਐ***

ਤਾਂ ਸਹਜੇ ਗਿਆਨ ਵਿੱਚ ਸਮਾਈਦਾ ਹੈ। ਫਿਰ ਗਿਆਨ ਕਰਕੇ ਗੋਵਿੰਦ ਪ੍ਰਮੇਸ਼ਰ ਪਾਈਐ=ਪ੍ਰਾਪਤ ਕਰੀਦਾ ਹੈ। ਉਸ ਦੇ ਪ੍ਰਾਪਤ ਕਰਨ ਦੀ ਇੱਕੋ-ਇੱਕ ਜੁਗਤੀ ਗਿਆਨ ਹੀ ਹੈ।

## *ਭਇਆ ਸਮਾਹੜਾ; ਹਰਿ ਰਤਨੁ ਵਿਸਾਹਾ ਰਾਮ ॥*

ਜਿਸ ਵੇਲੇ ਹਰਿ=ਪ੍ਰਮੇਸ਼ਰ, ਵਾਹਿਗੁਰੂ ਰੂਪ ਰਾਮ ਰਤਨ ਨੂੰ ਵਿਸਾਹਾ=ਖ਼ਰੀਦਿਆ ਤਾਂ ਵੱਡਾ ਸਮਾਹੜਾ=ਆਨੰਦ ਭਇਆ=ਪ੍ਰਾਪਤ ਹੋਇਆ ਹੈ।

## *ਖੋਜੀ ਖੋਜਿ ਲਧਾ; ਹਰਿ ਸੰਤਨ ਪਾਹਾ ਰਾਮ ॥*

ਮੈਂ ਖੋਜੀ=ਖੋਜਦਿਆਂ ਹੋਇਆਂ ਹਰਿ=ਪ੍ਰਮੇਸ਼ਰ ਰਾਮ ਦੀ ਪ੍ਰਾਪਤੀ ਦਾ ਖੋਜਿ=ਰਸਤਾ ਸੰਤਨ=ਸਤ ਪੁਰਸ਼ਾਂ ਪਾਹਾ=ਪਾਸੋਂ ਲਧਾ=ਲੱਭ ਪਿਆ ਹੈ।

## *ਮਿਲੇ ਸੰਤ ਪਿਆਰੇ ਦਇਆ ਧਾਰੇ; ਕਥਹਿ ਅਕਥ ਬੀਚਾਰੋ ॥*

ਪਿਆਰੇ ਸੰਤ ਦਇਆ ਦ੍ਰਿਸ਼ਟੀ ਧਾਰ ਕੇ ਮਿਲੇ ਹਨ, ਜੋ ਅਕਥ ਪ੍ਰਭੂ ਦੀ ਬੀਚਾਰ ਕਥਨ ਕਰਦੇ ਹਨ। ਜੈਸਾ ਕਿ :

੧. **ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**
**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥** [ਰਾਮਕਲੀ ਮਹਲਾ ੩, ਅੰਗ ੯੧੮]

੨. **ਆਵਹੁ ਸੰਤ ਮਿਲਹੁ ਮੇਰੇ ਭਾਈ ॥ ਮਿਲਿ ਹਰਿ ਹਰਿ ਕਥਾ ਕਰਹੁ ॥**
[ਬਿਲਾਵਲੁ ਮਹਲਾ ੪, ਅੰਗ ੭੯੯]

## *ਇਕ ਚਿਤਿ ਇਕ ਮਨਿ ਧਿਆਇ ਸੁਆਮੀ; ਲਾਇ ਪ੍ਰੀਤਿ ਪਿਆਰੋ ॥*

ਜਿਨਾਂ ਨੇ ਇੱਕ ਚਿੱਤ ਇੱਕ ਮਨ ਹੋ ਕੇ ਸੁਆਮੀ=ਮਾਲਕ, ਵਾਹਿਗੁਰੂ ਨੂੰ ਧਿਆਉਣਾ ਕੀਤਾ ਹੈ, ਉਨ੍ਹਾਂ ਨਾਲ ਪਿਆਰੇ ਵਾਹਿਗੁਰੂ ਨੇ ਪ੍ਰੀਤੀ ਲਗਾਈ ਹੈ। **ਅਥਵਾ** ਸੰਤ ਪਿਆਰੇ ਵਾਹਿਗੁਰੂ ਵਿੱਚ ਪ੍ਰੀਤੀ ਲਗਾ ਕੇ ਇਕਾਗਰ ਮਨ ਹੋ ਕੇ ਚਿਤ ਵਿੱਚ ਸੁਆਮੀ ਮਾਲਕ ਨੂੰ ਧਿਆਉਂਦੇ ਹਨ। ਜੈਸਾ ਕਿ :

**ਮੂ ਲਾਲਨ ਸਿਉ ਪ੍ਰੀਤਿ ਬਨੀ ॥** [ਬਿਲਾਵਲੁ ਮਹਲਾ ੫, ਅੰਗ ੮੨੭]

## *ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ; ਮਿਲੈ ਹਰਿ ਜਸੁ ਲਾਹਾ ॥*

ਕਰਿ=ਹੱਥ ਜੋੜ ਕੇ ਪ੍ਰਭ=ਵਾਹਿਗੁਰੂ ਪਹਿ=ਪਾਸ ਬਿਨੰਤੀ=ਬੇਨਤੀ ਕਰਦੇ ਹਨ ਕਿ ਮੈਨੂੰ ਹਰੀ ਜਸ ਕਰਨ ਦਾ ਲਾਹਾ=ਲਾਭ ਮਿਲ ਜਾਵੇ। ਜੈਸਾ ਕਿ :

**ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ॥**
[ਬਿਹਾਗੜਾ ਮਹਲਾ ੫, ਅੰਗ ੫੪੨]

## *ਬਿਨਵੰਤਿ ਨਾਨਕ ਦਾਸੁ ਤੇਰਾ; ਮੇਰਾ ਪ੍ਰਭੁ ਅਗਮ ਅਥਾਹਾ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਢੰਗ ਨਾਲ ਬੇਨਤੀ ਕਰ ਕਿ ਹੇ ਅਗਮ=ਮਨ ਦੀ ਗਮਤਾ ਤੋਂ ਪਰੇ, ਅਥਾਹਾ=ਥਾਹ ਤੋਂ ਰਹਿਤ ਜਿਸਦਾ ਅੰਤ ਕੋਈ ਨਹੀਂ। ਤੂੰ ਮੇਰਾ ਪ੍ਰਭੂ ਹੈਂ ਤੇ ਮੈਂ ਆਪ ਜੀ ਦਾ ਦਾਸ ਹਾਂ॥੨॥ ਜੈਸਾ ਕਿ :

੧. **ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ॥੨॥**
[ਵਡਹੰਸ ਮਹਲਾ ੫, ਅੰਗ ੫੭੮]

੨. **ਬਿਨਵੰਤਿ ਨਾਨਕ ਦਾਸੁ ਤੇਰਾ ਸਦਾ ਹਰਿ ਸਰਣਾਈ॥੨॥** [ਆਸਾ ਮਹਲਾ ੫, ਅੰਗ ੪੫੩]

੩. **ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ॥੩॥** [ਆਸਾ ਮਹਲਾ ੫, ਅੰਗ ੪੫੩]

ਜਿਵੇਂ ਪ੍ਰਤੱਖ ਲੜਕੀ ਦੇ ਵਿਆਹ ਸਮੇਂ ਪਹਿਲਾਂ ਸਾਹਾ ਸੋਧਿਆ ਜਾਂਦਾ ਹੈ। ਸਾਹਾ ਸੋਧੇ ਜਾਣ ਪਿੱਛੋਂ ਫਿਰ ਜ਼ਰੂਰ ਹੀ ਵਿਆਹ ਹੋ ਜਾਂਦਾ ਹੈ। ਇਸ ਤਰ੍ਹਾਂ ਇਧਰ

## *ਸਾਹਾ ਅਟਲੁ ਗਣਿਆ; ਪੂਰਨ ਸੰਜੋਗੋ ਰਾਮ॥*

ਰਾਮ ਦੇ ਪੂਰਨ ਮਹਾਤਮਾ ਨਾਲ ਜਿਹੜਾ ਸੰਜੋਗੋ=ਸੰਜੋਗ ਭਾਵ ਮਿਲਣਾ ਹੋਇਆ ਹੈ, ਇਹੋ ਇੱਕ ਅਟੱਲ ਸਾਹਾ ਗਿਣਿਆ ਗਿਆ ਹੈ। ਅਟਲ ਤੋਂ ਭਾਵ ਨਾ ਟਲਣ ਵਾਲਾ।

## *ਸੁਖਹ ਸਮੂਹ ਭਇਆ; ਗਇਆ ਵਿਜੋਗੋ ਰਾਮ॥*

ਉਸ ਵੇਲੇ ਸਮੂਹ ਸੁੱਖ ਪ੍ਰਾਪਤ ਹੋਇਆ ਅਤੇ ਰਾਮ ਦਾ ਜਿਹੜਾ ਵਿਜੋਗੋ=ਵਿਛੋੜਾ ਸੀ ਗਇਆ=ਦੂਰ ਹੋ ਗਿਆ।

## *ਮਿਲਿ ਸੰਤ ਆਏ, ਪ੍ਰਭ ਧਿਆਏ; ਬਣੇ ਅਚਰਜ ਜਾਞੀਆਂ॥*

ਪ੍ਰਭ=ਵਾਹਿਗੁਰੂ ਦੇ ਧਿਆਏ=ਧਿਆਉਣ ਵਾਲੇ ਜਿਹੜੇ ਸੰਤ ਆ ਕੇ ਮਿਲੇ ਹਨ ਇਹੋ ਅਚਰਜ=ਅਸਚਰਜ ਜਾਞੀਂ ਬਣੇ ਹਨ।

## *ਮਿਲਿ ਇਕਤ੍ਰ ਹੋਏ ਸਹਜਿ ਢੋਏ; ਮਨਿ ਪ੍ਰੀਤਿ ਉਪਜੀ ਮਾਞੀਆ॥*

ਜਿਸ ਵੇਲੇ ਇਹ ਸੰਤ ਮਿਲਕੇ ਇਕੱਠੇ ਹੋਏ ਤਾਂ ਸਹਜਿ=ਸੁਤੇ ਸਿੱਧ ਹੀ ਢੋਏ=ਢੁਕਾਅ ਕੀਤਾ ਜਾਂ ਸਹਿਜ=ਸ਼ਾਂਤੀ ਆਦਿਕ ਗੁਣਾਂ ਦਾ ਢੁਕਾਅ ਕੀਤਾ। ਜਿਸ ਵੇਲੇ ਮਾਞੀਆ=ਜਗਿਆਸੂ ਦੇ ਮਨ ਵਿੱਚ ਪ੍ਰੀਤ ਉਤਪੰਨ ਹੋਈ, ਇਸ ਵਿੱਚ ਦੋ ਪਦ ਆਏ ਹਨ, ਜਾਞੀਆ=ਜੋ ਪੁੱਤਰ ਵਾਲੇ ਜੰਞ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਪੁਧੇਤੇ ਭੀ ਕਹਿੰਦੇ ਹਨ ਮਾਞੀਆ=ਧੇਤੇ ਜੋ ਧੀ ਵਾਲੇ ਹਨ। ਇਸੇ ਕਰਕੇ ਮਾਞੀਆ ਦਾ ਅਰਥ ਜਗਿਆਸੂ ਕੀਤਾ ਹੈ।

## *ਮਿਲਿ ਜੋਤਿ ਜੋਤੀ ਓਤਿ ਪੋਤੀ; ਹਰਿ ਨਾਮੁ ਸਭਿ ਰਸ ਭੋਗੋ॥*

ਜੋ ਓਤਿ ਪੋਤੀ=ਤਾਣੇ ਪੇਟੇ ਵਾਂਗ ਜੋਤੀ ਵਾਹਿਗੁਰੂ ਨਾਲ ਜੋਤ ਮਿਲ ਗਈ ਹੈ ਇਹੋ ਹੀ ਵਿਆਹ ਹੋਇਆ ਹੈ। ਹਰਿ=ਹਰੀ, ਵਾਹਿਗੁਰੂ ਨਾਮ ਦਾ ਜੋ ਜਾਪ ਜਪਿਆ ਹੈ, ਇਹੋ ਹੀ ਸਭ ਰਸਾਂ ਦਾ ਭੋਗਣਾ ਕੀਤਾ ਹੈ। ਜੈਸਾ ਕਿ :

**ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥**
**ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥** [ਤੁਖਾਰੀ ਮਹਲਾ ੧, ਅੰਗ ੧੧੧੧]

## *ਬਿਨਵੰਤਿ ਨਾਨਕ ਸਭ ਸੰਤਿ ਮੇਲੀ; ਪ੍ਰਭੁ ਕਰਣ ਕਾਰਣ ਜੋਗੋ ॥੩॥*

ਸਤਿਗੁਰੂ ਜੀ ਕਥਨ ਕਰਦੇ ਹਨ ਸਾਰਿਆਂ ਕਾਰਣਾਂ ਦੇ ਕਰਨਯੋਗ ਪ੍ਰਭੁ=ਵਾਹਿਗੁਰੂ ਨਾਲ ਜਗਿਆਸੂ ਰੂਪ ਲੜਕੀ ਨੂੰ ਸੰਤਾਂ ਨੇ ਸਭ ਤਰ੍ਹਾਂ ਨਾਲ ਮੇਲ ਦਿੱਤਾ ਹੈ। ਜੈਸਾ ਕਿ :

**ਕਹੈ ਨਾਨਕ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥** [ਰਾਮਕਲੀ ਮਹਲਾ ੩, ਅੰਗ ੯੨੨]

## *ਭਵਨੁ ਸੁਹਾਵੜਾ; ਧਰਤਿ ਸਭਾਗੀ ਰਾਮ ॥*

ਰਾਮ ਦੀ ਕਿਰਪਾ ਦੇ ਨਾਲ ਪ੍ਰਤੱਖ ਭਵਨੁ=ਮੰਦਰ ਸ਼ੋਭਨੀਕ ਹੋਇਆ ਹੈ, ਧਰਤੀ ਵੀ ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ। **ਦੂਜਾ ਅਰਥ** : ਰਾਮ ਦੀ ਕਿਰਪਾ ਨਾਲ ਭਵਨੁ=ਸਰੀਰ ਸ਼ੋਭਨੀਕ ਹੋਇਆ ਹੈ ਤੇ ਬੁੱਧੀ ਰੂਪ ਧਰਤਿ=ਧਰਤੀ ਭੀ ਸਭਾਗੀ=ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ। ਜੈਸਾ ਕਿ :

**ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥** [ਸਾਰੰਗ ਮਹਲਾ ੫, ਅੰਗ ੧੨੪੭]

## *ਪ੍ਰਭੁ ਘਰਿ ਆਇਅੜਾ; ਗੁਰ ਚਰਣੀ ਲਾਗੀ ਰਾਮ ॥*

ਰਾਮ ਦੇ ਸਰੂਪ ਗੁਰਾਂ ਦੇ ਚਰਣਾਂ ਨਾਲ ਬਿਰਤੀ ਲੱਗੀ ਤਾਂ ਅੰਤਹਕਰਣ ਰੂਪ ਘਰ ਵਿੱਚ ਪ੍ਰਭੂ ਆ ਕੇ ਸਿਖਿਆਤਾਕਾਰ ਹੋਇਆ।

## *ਗੁਰ ਚਰਣ ਲਾਗੀ ਸਹਜਿ ਜਾਗੀ; ਸਗਲ ਇਛਾ ਪੁੰਨੀਆ ॥*

ਗੁਰੂ ਦੇ ਚਰਨਾਂ ਨਾਲ ਬਿਰਤੀ ਲੱਗੀ ਤਾਂ ਮੋਹ ਰੂਪ ਨੀਂਦ ਤੋਂ ਸਹਜਿ=ਗਿਆਨ ਜਾਗ੍ਰਿਤ ਵਿੱਚ ਜਾਗੀ। ਜਿਸ ਕਰਕੇ ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ ਹਨ। ਜੈਸਾ ਕਿ :

**ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥** [ਰਾਮਕਲੀ ਮਹਲਾ ੫, ਅੰਗ ੯੨੭]

## *ਮੇਰੀ ਆਸ ਪੂਰੀ ਸੰਤ ਧੂਰੀ; ਹਰਿ ਮਿਲੇ ਕੰਤ ਵਿਛੁੰਨਿਆ ॥*

ਸ਼ਾਂਤ ਆਤਮਾ ਸੰਤਾਂ ਦੀ ਚਰਣ ਧੂੜੀ ਲੈਣ ਕਰਕੇ ਮੇਰੀ ਆਸ=ਆਸਾ ਪੂਰੀ ਹੋ ਗਈ ਹੈ ਕਿਉਂਕਿ ਵਿਛੁੰਨਿਆ=ਵਿਛੋੜੇ ਹੋਏ ਹਰਿ=ਵਾਹਿਗੁਰੂ ਕੰਤ=ਸੁਆਮੀ ਜੀ ਮਿਲ ਗਏ ਹਨ।

## *ਆਨੰਦ ਅਨਦਿਨੁ ਵਜਹਿ ਵਾਜੇ; ਅਹੰ ਮਤਿ ਮਨ ਕੀ ਤਿਆਗੀ ॥*

ਇੱਕ ਰਸ ਅਨਦਿਨੁ=ਦਿਨ ਰਾਤ ਅਨੰਦਾਇਕ ਵਾਜੇ ਵੱਜੇ ਹਨ ਅਤੇ ਮਨ ਕੀ=ਦੀ ਅਹੰ=ਹੰਗਤਾ ਵਾਲੀ ਮਤਿ=ਮੱਤੀ ਤਿਆਗ ਦਿੱਤੀ ਹੈ।

## *ਬਿਨਵੰਤਿ ਨਾਨਕ ਸਰਣਿ ਸੁਆਮੀ; ਸੰਤਸੰਗਿ ਲਿਵ ਲਾਗੀ ॥੪॥੧॥*

ਸਤਿਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੀ ਸੰਗਤ ਵਿੱਚ ਜਾ ਕੇ ਸੁਆਮੀ=ਮਾਲਕ ਦੀ ਸਰਣ ਗ੍ਰਹਣ ਕੀਤੀ ਤਾਂ ਉਸ ਵਾਹਿਗੁਰੂ ਵਿੱਚ ਲਿਵ=ਬਿਰਤੀ ਲਾਗੀ=ਲੱਗੀ ਭਾਵ ਜੁੜ ਗਈ ਹੈ ॥੪॥੧॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੨੦੨ [ਆਦਿ ਅੰਗ ੮੪੭]

*ਬਿਲਾਵਲੁ ਮਹਲਾ ੫ ਛੰਤ ਮੰਗਲ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥ ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥ ਛੰਤ ॥ ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥ ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥ ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥ ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ ॥੧॥ ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥ ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥ ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥ ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥੨॥ ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥ ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥੩॥ ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥ ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥ ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥ ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥੪॥੧॥੪॥*

## ਬਿਲਾਵਲੁ ਮਹਲਾ ੫ ਛੰਤ ਮੰਗਲ

ਬਿਲਾਵਲੁ ਰਾਗ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਜਿਸ ਨਾਲ ਛੰਤ ਤੇ ਮੰਗਲ ਦੋ ਪਦ ਲਿਖੇ ਹੋਏ ਹਨ। ਛੰਤ ਦਾ ਭਾਵ ਕਵਿਤਾ ਕਾਵਿ ਦੀ ਕੋਈ ਰਚਨਾ ਤੇ ਮੰਗਲ ਸੰਸਕ੍ਰਿਤ ਵਿੱਚ ਖ਼ੁਸ਼ੀ ਆਨੰਦ ਭਾਵ ਸਤਿਗੁਰੂ ਜੀ ਆਪਣੀ ਕਾਵਿ ਰਚਨਾ ਵਿੱਚ ਖ਼ੁਸ਼ੀ ਆਨੰਦ ਦੇ ਦੇਣ ਵਾਲੀ ਰਚਨਾ ਕਰਦੇ ਹਨ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਉਚਾਰਕੇ ਫਿਰ ਅੰਮ੍ਰਿਤਮਈ ਬਾਣੀ ਦੁਆਰਾ ਉਪਦੇਸ਼ ਬਖ਼ਸ਼ਦੇ ਹਨ।

## ੧ੴ ਸਤਿਗੁਰ ਪ੍ਰਸਾਦਿ ॥

੧=ਅਦੁੱਤੀ ਬ੍ਰਹਮ, ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ, ਪ੍ਰਸਾਦਿ=ਅਨੰਦ ਸਰੂਪ। ਗੁਰੂ ਅਰਜਨ ਸਾਹਿਬ ਜੀ ਨੂੰ ਸਿੱਖਾਂ ਨੇ ਇੱਕ ਵਾਰੀ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਜੀਵ ਨੂੰ ਸੁੱਖ ਦੀ ਪ੍ਰਾਪਤੀ ਕਿਵੇਂ ਹੋਵੇ? ਗੁਰ ਉਤਰ:

### ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ; ਸਰਬ ਸੁਖਾ ਨਿਧਿ ਪੀਉ ॥

ਸੁੰਦਰ=ਸੁਹੱਪਣ ਅਤੇ ਸਾਂਤਿ=ਟਿਕਾਅ ਚਿਤ ਵਾਲਾ ਜੋ ਪ੍ਰਭ=ਵਾਹਿਗੁਰੂ ਦਿਆਲੂ ਹੈ ਜੋ ਪੀਉ=ਪਤੀ ਸਰਬ=ਸਾਰਿਆਂ ਸੁੱਖਾਂ ਦਾ ਨਿਧਿ=ਖ਼ਜ਼ਾਨਾ ਹੈ।

### ਸੁਖ ਸਾਗਰ ਪ੍ਰਭ ਭੇਟਿਐ; ਨਾਨਕ ਸੁਖੀ ਹੋਤ ਇਹੁ ਜੀਉ ॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਵਾਹਿਗੁਰੂ ਸੁੱਖਾਂ ਦਾ ਸਾਗਰ=ਸਮੁੰਦਰ ਰੂਪ ਪ੍ਰਭ=ਮਾਲਕ ਭੇਟਿਐ=ਮਿਲ ਜਾਵੇ ਤਾਂ ਇਹ ਜੀਉ=ਜੀਵ ਸੁਖੀ ਹੋਤ=ਹੋ ਜਾਂਦਾ ਹੈ॥੧॥

ਅਰਥਾਤ ਵਾਹਿਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਜੀਵ ਨੂੰ ਕਿਸੇ ਥਾਂ ਤੋਂ ਭੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਵਾਹਿਗੁਰੂ ਤੋਂ ਬਿਨਾਂ ਸੁੱਖ ਕਿਸੇ ਵੀ ਥਾਂ ਜਾਂ ਪਦਾਰਥਾਂ ਵਿੱਚ ਨਹੀਂ ਹੈ। ਮਨੁੱਖ ਦੀ ਸੋਚ ਵਿੱਚ ਜੋ ਪਦਾਰਥਾਂ ਤੋਂ ਸੁੱਖ ਪ੍ਰਾਪਤ ਕਰਨ ਦੀ ਇੱਛਾ ਬਣੀ ਹੋਈ ਹੈ। ਇਹ ਸਿਰਫ਼ ਅਗਿਆਨ ਕਰਕੇ ਹੈ, ਅਗਰ ਬਿਚਾਰ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਪਦਾਰਥਕ ਸੁੱਖ ਕੋਈ ਭੀ ਐਸਾ ਨਹੀਂ ਹੈ ਜਿਸ ਦੇ ਵਿੱਚ ਦੁੱਖ ਨਾ ਲੁਕਿਆ ਹੋਵੇ। ਬਲਕਿ ਦੁੱਖ ਦੀ ਮਿਕਦਾਰ ਇਤਨੀ ਜ਼ਿਆਦਾ ਹੈ ਕਿ ਸਤ ਪੁਰਸ਼ਾਂ ਦੀ ਦ੍ਰਿਸ਼ਟੀ ਵਿੱਚ ਜੇ ਕਿਸੇ ਪਦਾਰਥ ਵਿੱਚ ਤਿਲ ਜਿੰਨਾਂ ਸੰਸਾਰਕ ਸੁੱਖ ਹੈ ਤਾਂ ਭੀ ਉਸ ਵਿੱਚ ਮਣ ਜਿੰਨਾਂ ਦੁੱਖ ਲੁਕਿਆ ਹੋਇਆ ਹੈ। ਅਗਿਆਨੀ ਜੀਵ ਭੁਲੇਖਾ ਇਸ ਲਈ ਖਾਂ ਜਾਂਦਾ ਹੈ ਕਿ ਸੁੱਖ ਪ੍ਰਾਪਤੀ ਦੇ ਲਾਲਚ ਵਿੱਚ ਗਿਆਨ ਦ੍ਰਿਸ਼ਟੀ ਨਾ ਹੋਣ ਕਰਕੇ ਉਸਦੀ ਨਜ਼ਰ ਤਿਲ ਮਾਤਰ ਸੁੱਖ ਦੇਣ ਵਾਲੇ ਪਦਾਰਥ ਵਿੱਚ ਹੈ ਪਰ ਉਸਨੂੰ ਮਣ ਜਿੰਨਾਂ ਲੁਕਿਆ ਦੁੱਖ ਦਿੱਸਦਾ ਹੀ ਨਹੀਂ ਤੇ ਦੂਸਰੇ ਪਾਸੇ ਵਾਹਿਗੁਰੂ ਆਪ ਤਾਂ ਸੁੱਖ ਸਰੂਪ ਹੈ ਸਗੋਂ ਉਸ ਦਾ ਨਾਮ ਭੀ ਉਹੀ ਤਾਸੀਰ ਰੱਖਦਾ ਹੈ ਜੋ ਪਰਮੇਸ਼ਰ ਵਿੱਚ ਹੈ ਉਹੀ ਨਾਮ ਵਿੱਚ ਭੀ ਸੁੱਖ ਅਤੇ ਸ਼ਾਂਤੀ ਮੌਜੂਦ ਹੈ। ਇਸੇ ਲਈ ਸਾਡੇ ਗੁਰੂ ਸਹਿਬਾਨ ਜੀਵਾਂ ਨੂੰ ਪ੍ਰਮੇਸ਼ਰ ਦੇ ਨਾਮ ਨਾਲ ਜੋੜਦੇ ਰਹੇ ਹਨ ਤੇ ਹੁਣ ਭੀ ਬਾਣੀ ਸਰੂਪ ਹੋ ਕਰਕੇ ਸੰਸਾਰ ਦੇ ਜੀਵਾਂ ਨੂੰ ਜਿਨ੍ਹਾਂ ਦੀ ਖੋਜ ਬਿਰਤੀ ਸੁੱਖ ਲੱਭਣ ਲਈ ਸੰਸਾਰ ਵਾਲੇ ਪਾਸੇ ਧੱਕੇ ਖਾਂਦੀ ਫਿਰ ਰਹੀ ਹੈ, ਉਸਨੂੰ ਮੋੜ ਕੇ ਸੁੱਖ ਸਰੂਪ ਪ੍ਰਮੇਸ਼ਰ ਦੇ ਨਾਮ ਨਾਲ ਜੋੜਦੇ ਹਨ। ਨਾਮ ਦੀ ਡੰਗੋਰੀ ਫੜ ਕੇ ਇਹ ਅੰਨ੍ਹਾ ਜੀਵ ਪ੍ਰਮੇਸ਼ਰ ਦੇ ਦਰ ਤਕ ਪਹੁੰਚ ਜਾਏ ਜੋ ਸੁੱਖਾਂ ਦੀ ਨਿਧੀ ਹੈ। ਜਿਸ ਥਾਂ 'ਤੇ ਪਹੁੰਚ ਕੇ ਸਦੀਵ ਕਾਲ ਦਾ ਸੁੱਖ ਪ੍ਰਾਪਤ ਹੋ ਜਾਂਦਾ ਹੈ। ਜੈਸਾ ਕਿ :

**ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥** [ਆਸਾ ਮਹਲਾ ੧, ਅੰਗ ੪੨੨]

ਸੋ ਇਹ ਨਾਮ ਦੀ ਟੋਹਣੀ, ਨਾਮ ਦਾ ਸਹਾਰਾ ਪ੍ਰਮੇਸ਼ਰ ਦੇ ਮਿਲਾਪ ਵਿੱਚ ਸਹਾਇਕ ਹੈ। ਜੈਸਾ ਕਿ :

੧. **ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ ॥**
**ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥**
[ਸਿਰੀਰਾਗੁ ਮਹਲਾ ੫, ਅੰਗ ੮੦]

੨. **ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥**
**ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥**
[ਸੂਹੀ ਮਹਲਾ ੪, ਅੰਗ ੭੭੬]

ਫਿਰ ਅਗਲੀਆਂ ਤੁਕਾਂ ਵਿੱਚ ਇਹ ਦੱਸਦੇ ਹਨ ਕਿ ਇਹ ਸਭ ਕੁਝ ਵੱਡੇ ਭਾਗਾਂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ ਜੈਸਾ ਕਿ :

## *ਛੰਤ ॥ ਸੁਖ ਸਾਗਰ ਪ੍ਰਭੁ ਪਾਈਐ; ਜਬ ਹੋਵੈ ਭਾਗੋ ਰਾਮ ॥*

ਸੁਖਾਂ ਦਾ ਸਾਗਰ=ਸਮੁੰਦਰ ਪ੍ਰਭੁ=ਵਾਹਿਗੁਰੂ, ਪ੍ਰਮੇਸ਼ਰ, ਮਾਲਕ ਜੋ ਸਾਰੇ ਰਾਮ=ਰਮਿਆ ਹੋਇਆ ਹੈ, ਤਾਂ ਪਾਈਐ=ਪ੍ਰਾਪਤ ਹੁੰਦਾ ਹੈ, ਜਦੋਂ ਮੱਥੇ ਦਾ ਉੱਤਮ ਭਾਗ ਹੋਵੇ। ਜੈਸਾ ਕਿ :

੧. **ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥** [ਸਿਰੀ ਰਾਗੁ ਮਹਲਾ ੩, ਅੰਗ ੨੯]

੨. **ਸੁਖੁ ਸਾਗਰੋ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥**
[ਕੇਦਾਰਾ ਮਹਲਾ ੫, ਅੰਗ ੧੧੨੨]

## *ਮਾਨਨਿ ਮਾਨੁ ਵਞਾਈਐ; ਹਰਿ ਚਰਣੀ ਲਾਗੋ ਰਾਮ ॥*

ਹੇ ਜਗਿਆਸੂ ਰੂਪ ਮਾਨਨਿ=ਇਸਤਰੀ ! ਤੂੰ ਮਾਣ ਨੂੰ ਵਞਾਈਏ=ਦੂਰ ਕਰ ਦੇ। ਹਰਿ=ਵਾਹਿਗੁਰੂ ਰਾਮ ਦੇ ਨਾਮ ਰੂਪ ਚਰਣਾਂ ਨਾਲ ਲਾਗੋ=ਲੱਗਣਾ ਕਰ।

## ਛੋਡਿ ਸਿਆਨਪ ਚਾਤੁਰੀ; ਦੁਰਮਤਿ ਬੁਧਿ ਤਿਆਗੋ ਰਾਮ ॥

ਬੁੱਧੀ ਦੀ ਸਿਆਣਪ, ਵਾਕਾਂ ਦੀ ਚਤੁਰਾਈ ਛੋਡਿ=ਛੱਡ ਦੇ ਅਤੇ ਰਾਮ=ਰਮੇ ਹੋਏ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਬੁਧਿ=ਬੁੱਧੀ ਵਿੱਚੋਂ ਦੁਰਮਤਿ=ਖੋਟੀ ਸਿਖਿਆ ਤਿਆਗੋ=ਤਿਆਗ ਦੇਣਾ ਕਰ।

## ਨਾਨਕ ਪਉ ਸਰਣਾਈ ਰਾਮ ਰਾਇ; ਥਿਰੁ ਹੋਇ ਸੁਹਾਗੋ ਰਾਮ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਰਾਮ ਜੋ ਸਾਰੇ ਰਮਿਆ ਹੋਇਆ ਹੈ। ਸਾਰਿਆਂ ਦਾ ਰਾਇ=ਰਾਜਾ ਰੂਪ, **ਵਾ:** ਰਾਇ=ਪ੍ਰਕਾਸ਼ ਰੂਪ ਹੈ ਉਸਦੀ ਸਰਣਾਈ=ਸਰਣ ਵਿੱਚ ਪਉ=ਪੈਣਾ ਕਰ ਤਾਂ ਰਾਮ ਦੀ ਪ੍ਰਾਪਤੀ ਦਾ ਸੁਹਾਗੋ=ਸੁੱਖ ਥਿਰੁ=ਸਥਿਰ ਹੋਵੇਗਾ॥੧॥ ਜੈਸਾ ਕਿ :

**੧. ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ॥**

[ਸਾਰਗ ਮਹਲਾ ੫, ਅੰਗ ੧੨੦੮]

**੨. ਛੋਡਿ ਸਿਆਣਪ ਬਹੁ ਚਤੁਰਾਈ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥**

[ਰਾਮਕਲੀ ਮਹਲਾ ੫, ਅੰਗ ੮੯੧]

**੩. ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ॥**

[ਟੋਡੀ ਮਹਲਾ ੫, ਅੰਗ ੭੧੭]

## ਸੋ ਪ੍ਰਭੁ ਤਜਿ ਕਤ ਲਾਗੀਐ; ਜਿਸੁ ਬਿਨੁ ਮਰਿ ਜਾਈਐ ਰਾਮ ॥

ਹੇ ਪੁਰਸ਼ਾ! ਉਸ ਪ੍ਰਭੂ ਵਾਹਿਗੁਰੂ ਦੇ ਸਿਮਰਨ ਨੂੰ ਤਿਆਗ ਕੇ ਕਤ=ਕਿਥੇ ਲਾਗੀਐ=ਲੱਗ ਰਿਹਾ ਹੈਂ ? ਜਿਸ ਰਾਮ ਪ੍ਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਮਰ ਜਾਈਐ=ਜਾਣਾ ਹੁੰਦਾ ਹੈ, ਭਾਵ ਪ੍ਰਮੇਸ਼ਰ ਦੀ ਯਾਦ ਤੋਂ ਬਿਨਾਂ ਜੀਵਨ ਇੱਕ ਮੁਰਦਾ ਜੀਵਨ ਹੈ। ਪ੍ਰਮੇਸ਼ਰ ਦੀ ਯਾਦ ਵਾਲਾ ਜੀਵਨ ਹੀ ਅਸਲੀ ਜੀਵਨ ਹੈ। ਜੈਸਾ ਕਿ :

**ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ॥ ਸੋ ਪ੍ਰਭੁ ਤਜਿ ਮੂੜੇ ਕਤ ਜਾਇ॥੧॥**

[ਗੋਂਡ ਮਹਲਾ ੫, ਅੰਗ ੮੬੨]

ਜਿਸ ਵਾਹਿਗੁਰੂ ਨੇ ਅਨੇਕਾਂ ਪ੍ਰਕਾਰ ਦੇ ਭੋਜਨ ਤੇ ਪਦਾਰਥ ਭੋਗਣ ਲਈ ਦਿੱਤੇ ਹਨ, ਐਸੇ ਵਾਹਿਗੁਰੂ ਨੂੰ ਛੱਡਕੇ ਹੋਰ ਕਿਸੇ ਦੇਵੀ-ਦੇਵਤੇ ਨੂੰ ਪੂਜਨ ਕਿਉਂ ਜਾਂਦਾ ਹੈਂ ? ਜੈਸਾ ਕਿ :

**ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥**

[ਆਸਾ ਮਹਲਾ ੫, ਅੰਗ ੩੭੧]

ਐਸੇ ਵਾਹਿਗੁਰੂ ਨੂੰ ਮਨੋ ਕਿਉਂ ਵਿਸਾਰਦਾ ਹੈਂ ? ਜਿਸ ਨੇ ਜੀਵਨ ਔਰ ਪ੍ਰਾਣ ਤੈਨੂੰ ਦਿੱਤੇ ਹੋਏ ਹਨ। ਜੈਸਾ ਕਿ :

**ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥** [ਸਿਰੀਰਾਗੁ ਮਹਲਾ ੧, ਅੰਗ ੧੬]

## ਲਾਜ ਨ ਆਵੈ ਅਗਿਆਨ ਮਤੀ; ਦੁਰਜਨ ਬਿਰਮਾਈਐ ਰਾਮ ॥

ਹੇ ਅਗਿਆਨ ਮਤੀ=ਮੱਤ ਵਾਲੀ। ਤੈਨੂੰ ਲਾਜ ਨ ਆਵੈ=ਸ਼ਰਮ ਨਹੀਂ ਆਉਂਦੀ ? ਜੋ ਰਮੇ ਹੋਏ ਰਾਮ ਦਾ ਭਜਨ, ਸਿਮਰਨ ਛੱਡ ਕੇ ਦੁਰਜਨ=ਖੋਟੇ ਪੁਰਸ਼ ਦੀ ਸੰਗਤ ਕਰਕੇ ਕਾਮ ਆਦਿਕਾਂ ਵਿੱਚ ਬਿਰਮਾਈਐ=ਭੁੱਲ ਰਹੀ ਹੈ।

## ਪਤਿਤ ਪਾਵਨ ਪ੍ਰਭੁ ਤਿਆਗਿ ਕਰੇ; ਕਹੁ ਕਤ ਠਹਰਾਈਐ ਰਾਮ ॥

ਪਤਿਤ=ਪਾਪੀਆਂ ਦੇ ਪਾਵਨ=ਪਵਿੱਤਰ ਕਰਨ ਵਾਲੇ ਰਾਮ=ਰਮੇ ਹੋਏ ਪ੍ਰਭੁ=ਪ੍ਰਭੂ ਨੂੰ ਤਿਆਗਿ=ਛੱਡ ਕਰਕੇ ਕਹੁ=ਕਹਿਣਾ ਕਰੋ, ਕਿ ਆਪਣੇ ਮਨ ਨੂੰ ਕਿਥੇ ਠਹਿਰਾਈਐ=ਠਹਿਰਾਵਾਂਗੇ ?

## ਨਾਨਕ ਭਗਤਿ ਭਾਉ ਕਰਿ ਦਇਆਲ ਕੀ; ਜੀਵਨ ਪਦੁ ਪਾਈਐ ਰਾਮ ॥੨॥

ਹੇ ਭਾਈ ! ਦਇਆਲ=ਦਇਆਲੂ ਪ੍ਰਮੇਸ਼ਰ ਦੀ ਭਗਤਿ ਭਾਉ=ਪ੍ਰੇਮਾ ਭਗਤੀ ਕਰ ਤਾਂ ਤੂੰ ਜੀਵਨ ਪਦੁ=ਜੀਵਨ ਪਦਵੀ ਭਾਵ ਕੈਵਲ ਮੋਕਸ਼ਤਾ ਦੇ ਆਨੰਦ ਨੂੰ ਪਾਵੇਂਗਾ। ਜੀਵਨ ਪਦਵੀ ਦੇ ਦੇਣ ਵਾਲਾ ਇੱਕ ਪ੍ਰਮੇਸ਼ਰ ਦਾ ਨਾਮ ਹੀ ਹੈ, ਜਿਸ ਦੇ ਦੁਆਰਾ ਮਨ ਅਤੇ ਤਨ ਨਿਰਮਲ ਹੋ ਜਾਂਦੇ ਹਨ। ਜੈਸਾ ਕਿ :

**੧. ਜੀਵਨ ਪਦਵੀ ਹਰਿ ਕਾ ਨਾਉ ॥ ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥**

[ਸੂਹੀ ਮਹਲਾ ੫, ਅੰਗ ੭੪੪]

**੨. ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ ॥ ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ ॥**

[ਗਉੜੀ ਕੀ ਵਾਰ ਮਃ ੫, ਅੰਗ ੩੨੨]

ਜੋ ਰਾਮ=ਵਾਹਿਗੁਰੂ ਪ੍ਰਮੇਸ਼ਰ ਦੇ ਸੇਵਕ ਬਣੇ ਹਨ, **ਵਾ:** ਬਣਦੇ ਹਨ ਉਹ ਸੱਚੇ ਨਾਮ ਨੂੰ ਜਪ ਕੇ ਨਿਰਬਾਣ ਪਦ ਦੀ ਪ੍ਰਾਪਤੀ ਕਰ ਲੈਂਦੇ ਹਨ॥੨॥ ਜੈਸਾ ਕਿ :

**ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥੨॥**

[ਗਉੜੀ ਮਹਲਾ ੫, ਅੰਗ ੨੦੦]

## ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ; ਦੁਹਚਾਰਣਿ ਰਸਨਾ ਰਾਮ ॥

ਹੇ ਦੁਹ ਚਾਰਣਿ=ਖੋਟੇ ਕਰਤਬਾਂ ਵਾਲੀਆਂ ਗੱਲਾਂ ਕਰਨ ਵਾਲੀਏ ਰਸਨਾ=ਜਿਹਬਾ **ਵਾ:** ਹੇ ਰਸਾਂ ਕਸਾਂ ਵਿੱਚ ਫਸੀ ਹੋਈ ਰਸਨਾ ! ਨਿੰਦਿਆ, ਚੁਗਲੀ, ਈਰਖਾ ਰੂਪੀ ਅਗਨੀ ਵਿੱਚ ਬਲਿ=ਸੜ ਗਈਏ=ਜਾਣੀਏ ! ਤੂੰ ਸ੍ਰੀ=ਸਿਰੋਮਣ ਗੋਪਾਲੁ=ਧਰਤੀ ਦੀ ਪਾਲਣਾ ਕਰਨ ਵਾਲੇ ਰਾਮ ਦੇ ਨਾਮ ਨੂੰ ਨਹੀਂ ਉਚਾਰਹਿ=ਉਚਾਰਦੀ। ਸੋ ਜਿਹੜੀ ਜਿਹਬਾ ਉਸ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੀ, ਉਸ ਜੀਭ ਦੇ ਪ੍ਰਥਾਂਇ ਭਗਤ ਨਾਮਦੇਵ ਜੀ ਉਚਾਰਨ ਕਰਦੇ ਹੋਏ ਆਖਦੇ ਹਨ ਕਿ ਜੇ ਇਹੋ ਜਿਹੀ ਜੀਭ ਦੇ (ਸਤ)=ਸੌ (ਸਤ ਦਾ ਅਰਥ ਸੰਸਕ੍ਰਿਤ ਵਿੱਚ ਸੌ ਵੀ ਆਇਆ ਹੈ) ਟੁਕੜੇ ਜਾਂ ਸਤ ਟੁਕੜੇ ਕੀਤੇ ਜਾਣ ਤਦ ਹੀ ਚੰਗਾ ਹੈ। ਜੈਸਾ ਕਿ :

**੧. ਰੇ ਜਿਹਬਾ ਕਰਉ ਸਤ ਖੰਡ ॥ ਜਾਮਿ ਨਾ ਉਚਰਸਿ ਸ੍ਰੀ ਗੋਬਿੰਦ ॥੧॥**

[ਭੈਰਉ ਨਾਮਦੇਉ ਜੀ, ਅੰਗ ੧੧੬੩]

**੨. ਰਸਨਾ ਜਪੈ ਨਾ ਨਾਮੁ ਤਿਲੁ ਤਿਲੁ ਕਰਿ ਕਟੀਐ ॥**
**ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥੧੪॥** [ਫੁਨਹੇ ਮਹਲਾ ੫, ਅੰਗ ੧੩੬੨]

ਅਤੇ ਇਸਦੇ ਉਲਟ ਜਿਹੜੀ ਰਸਨਾ ਉਸ ਪ੍ਰਮੇਸ਼ਰ ਵਾਹਿਗੁਰੂ ਦੇ ਗੁਣਾਂ ਨੂੰ ਗਾਇਣ ਕਰਦੀ ਹੈ, ਉਸ ਰਸਨਾ ਨੂੰ ਧੰਨਤਾ ਦੇ ਯੋਗ ਆਖਿਆ ਹੈ। ਜੈਸਾ ਕਿ :

**ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥**

[ਬਿਹਾਗੜਾ ਮਹਲਾ ੪, ਅੰਗ ੫੪੦]

ਨਾਮ ਤੋਂ ਹੀਣੀ ਰਸਨਾ ਦੇ ਪ੍ਰਥਾਂਇ ਸਤਿਗੁਰੂ ਜੀ ਉਚਾਰਨ ਕਰਦੇ ਹਨ। ਜੈਸਾ ਕਿ :

**੧. ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨਾ ਪਾਇਆ ॥**
**ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥**

[ਵਾਰ ਬਿਹਾਗੜਾ ਮਹਲਾ ੩, ਅੰਗ ੫੫੦]

੨. ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥
[ਵਾਰ ਬਿਹਾਗੜਾ ਮਹਲਾ ੩, ਅੰਗ ੫੫੦]

## ਪ੍ਰਭੁ ਭਗਤਿ ਵਛਲੁ ਨਹ ਸੇਵਹੀ; ਕਾਇਆ ਕਾਕ ਗ੍ਰਸਨਾ ਰਾਮ ॥

ਭਗਤਿ=ਭਗਤਾਂ ਦੇ ਵਛਲੁ=ਪਿਆਰੇ ਪ੍ਰਭੁ=ਪ੍ਰਮੇਸ਼ਰ ਨੂੰ ਨਹ ਸੇਵਹੀ=ਸੇਵਦੀ ਨਹੀਂ ਹੈ। ਇਸ ਕਰਕੇ ਤੇਰੀ ਕਾਇਆ=ਸਰੀਰ ਨੂੰ ਕਾਮ, ਕ੍ਰੋਧ ਆਦਿਕ ਰੂਪੀ ਕਾਕ=ਕਾਂ ਗ੍ਰਸਨਾ=ਗ੍ਰਸਣਗੇ, **ਵਾ:** ਪ੍ਰਲੋਕ ਵਿੱਚ ਡੋਡਰ ਕਾਂ ਤੇਰੀ ਕਾਇਆ ਨੂੰ ਗ੍ਰਸਣਗੇ। **ਵਾ:** ਹੇ ਕਾਇਆ! ਤੂੰ ਕਾਲ ਰੂਪੀ ਕਾਂ ਦੀ ਗ੍ਰਸੀ ਹੈਂ ਇਕ ਦਿਨ ਤੈਨੂੰ ਕਾਲ ਨੇ ਪਕੜ ਲੈਣਾ ਹੈ।

## ਭ੍ਰਮਿ ਮੋਹੀ ਦੂਖ ਨ ਜਾਣਹੀ; ਕੋਟਿ ਜੋਨੀ ਬਸਨਾ ਰਾਮ ॥

ਭਰਮ ਵਿੱਚ ਮੋਹੀ=ਮੋਹਿਤ ਹੋਈ ਬੁੱਧੀ ਜਮਲੋਕ ਦੇ ਦੁੱਖਾਂ ਨੂੰ ਜਾਣਹੀ=ਜਾਣਦੀ ਨਹੀਂ। ਰਾਮ ਤੋਂ ਬਿਨਾਂ ਕੋਟਿ=ਕਰੋੜਾਂ ਜੂਨੀਆਂ ਵਿੱਚ ਬਸਨਾ=ਵੱਸਦਾ ਹੈ।

## ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ; ਬਿਸਟਾ ਕ੍ਰਿਮ ਭਸਮਾ ਰਾਮ ॥੩॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਹਰਿ=ਵਾਹਿਗੁਰੂ ਰਾਮ=ਪ੍ਰਮੇਸ਼ਰ ਤੋਂ ਬਿਨਾਂ ਜੋ ਅਵਰੁ=ਹੋਰ ਪਦਾਰਥਾਂ ਦਾ ਚਾਹਨਾ=ਚਾਹੁੰਣਾ ਹੈ। ਉਹ ਸਭ ਮਿਥਿਆ ਹੈ। ਉਸ ਕਰਕੇ ਇਹ ਜੀਵ ਵਿਸਟਾ ਦਾ ਕ੍ਰਿਮ=ਕੀੜਾ ਹੁੰਦਾ ਹੈ ਅਤੇ ਇਸਦੇ ਮੁਖ ਤੇ ਲਾਹਨਤਾਂ ਰੂਪੀ ਭਸਮਾ=ਭਸਮ, **ਵਾ:** ਸੁਆਹ ਪੈਂਦੀ ਹੈ। **ਅਥਵਾ** ਪ੍ਰਾਨਾ ਦੇ ਵਿਜੋਗ ਪਿੱਛੋਂ ਸਰੀਰ ਦੀਆਂ ਤਿੰਨ ਹਾਲਤਾਂ ਹੁੰਦੀਆਂ ਹਨ, ਐਵੇਂ ਪਈ ਰਹਿਣ ਕਰਕੇ ਕੁੱਤੇ ਆਦਿਕ ਖਾ ਕੇ ਵਿਸਟਾ ਕਰਦੇ ਹਨ ਜਾਂ ਕ੍ਰਿਮ=ਕੀੜੇ ਖਾ ਜਾਂਦੇ ਹਨ ਜਾਂ ਸੜ ਕੇ ਸੁਆਹ ਰੂਪ ਹੋ ਜਾਂਦੀ ਹੈ॥੩॥

**ਸਾਖੀ—ਭਗਵਾਨ ਰਾਮ ਚੰਦਰ ਤੇ ਇੱਕ ਕੀੜੇ ਦੀ—**ਪ੍ਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਜੀਵ ਅਨੇਕਾਂ ਜੂਨੀਆਂ ਵਿੱਚ ਭਟਕਦਾ ਰਹਿੰਦਾ ਹੈ ਜੋ ਜੀਵ ਪ੍ਰਮੇਸ਼ਰ ਦੇ ਨਾਮ ਰਸ ਨੂੰ ਛੱਡ ਕੇ ਸੰਸਾਰੀ ਰਸਾਂ ਦੇ ਸੁਆਦਾਂ ਵਿੱਚ ਆਪਣਾ ਜੀਵਨ ਬਤੀਤ ਕਰ ਦਿੰਦੇ ਹਨ ਫਿਰ ਉਨ੍ਹਾਂ ਨੂੰ ਗੰਦਗੀ ਦੇ ਕੀੜੇ ਬਣਨਾ ਪੈਂਦਾ ਹੈ। ਜਿਸ ਤਰ੍ਹਾਂ ਤ੍ਰੇਤੇ ਦੇ ਇਤਿਹਾਸ ਵਿੱਚ ਇੱਕ ਸਾਖੀ ਆਉਂਦੀ ਹੈ ਕਿ ਇੱਕ ਵਾਰ ਭਗਵਾਨ ਰਾਮ ਜੀ ਅਯੁੱਧਿਆ ਵਿੱਚ ਆਪਣੇ ਰਾਜ ਦਰਬਾਰ ਵਿੱਚ ਬੈਠੇ ਸਨ। ਭਗਵਾਨ ਰਾਮ ਜੀ ਦੀ ਸਭਾ ਮਹਾਂ ਮੁਨੀ ਵਸ਼ਿਸ਼ਟ ਵਰਗੇ ਆਤਮ ਗਿਆਨੀਆਂ ਨਾਲ ਭਰਪੂਰ ਸੀ। ਹਰ ਸਮੇਂ ਬ੍ਰਹਮ ਵਿਚਾਰ ਹੁੰਦੀ ਰਹਿੰਦੀ। ਉਸ ਦਿਨ ਵੀ ਸਾਰੇ ਰਿਸ਼ੀ ਮੁਨੀ, ਵਸ਼ਿਸ਼ਟ, ਆਦਿਕ ਅਤੇ ਹੋਰ ਸੂਝਵਾਨ ਮੰਤਰੀ ਗਨ ਸਭਾ ਵਿੱਚ ਬਿਰਾਜਮਾਨ ਸਨ। ਸ੍ਰੀ ਰਾਮ ਚੰਦਰ ਜੀ ਦੀ ਨਿਗ੍ਹਾ ਇੱਕ ਕੀੜੇ 'ਤੇ ਚਲੀ ਗਈ ਜਿਸ ਦੀਆਂ ਦੋ ਪਿਛਲੀਆਂ ਲੱਤਾਂ ਟੁੱਟੀਆਂ ਹੋਈਆਂ ਸਨ। ਉਸ ਕੀੜੇ ਨੂੰ ਦੇਖ ਕੇ ਭਗਵਾਨ ਰਾਮ ਜੀ ਖਿੜ-ਖਿੜਾ ਕੇ ਹੱਸ ਪਏ। ਭਗਵਾਨ ਰਾਮ ਜੀ ਹਰ ਸਮੇਂ ਵੈਰਾਗ ਅਵਸਥਾ ਵਿੱਚ ਰਹਿੰਦੇ ਸਨ। ਉਨ੍ਹਾਂ ਨੂੰ ਹਸਦੇ ਵੇਖ ਕੇ ਸਾਰੇ ਹੀ ਰਿਸ਼ੀ ਮੁਨੀ ਅਤੇ ਮੰਤਰੀ ਹੈਰਾਨ ਹੋਏ ਪਰ ਹੱਸਣ ਦੇ ਕਾਰਨ ਦਾ ਕਿਸੇ ਨੂੰ ਵੀ ਪਤਾ ਨਹੀਂ ਲਗਿਆ। ਭਗਵਾਨ ਰਾਮ ਜੀ ਦੇ ਗੁਰੂ ਵਸ਼ਿਸ਼ਟ ਜੀ ਨੇ ਪੁੱਛਿਆ ਕਿ ਹੇ ਰਾਮ! ਆਪ ਕਿਉਂ ਹੱਸੇ ਹੋ? ਭਗਵਾਨ ਜੀ ਨੇ ਹਸਣਾ ਬੰਦ ਕਰਕੇ ਉੱਤਰ ਦਿੱਤਾ ਕਿ ਗੁਰੂ ਦੇਵ। ਮੈਨੂੰ ਸੁਭਾਵਕ ਹੀ ਹਾਸਾ ਆ ਗਿਆ ਸੀ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਸੰਸਾਰ ਵਿੱਚ ਹੱਸਣਾ ਤੇ ਰੋਣਾ ਦੋ ਅਜਿਹੀਆਂ ਘਟਨਾਵਾਂ ਹਨ ਜੋ ਕਿ ਬਿਨਾਂ ਕਾਰਨ ਤੋਂ ਹੋਣੀਆ ਸੰਭਵ ਨਹੀਂ ਹਨ। ਜਦੋਂ ਮਨੁੱਖ ਰੋਂਦਾ ਜਾਂ ਹੱਸਦਾ ਹੈ ਤਾਂ ਉਸਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਛੁਪਿਆ ਹੁੰਦਾ ਹੈ, ਫਿਰ ਆਪ ਵਿਸ਼ਨੂੰ ਦੇ ਅਵਤਾਰ, ਚੌਦਾਂ ਕਲਾ ਸੰਪੂਰਨ ਸੰਸਾਰ ਦੀ ਸਤਿਕਾਰ ਯੋਗ ਹਸਤੀ

ਹੋ। ਸਭਾ ਵਿੱਚ ਬੈਠਿਆਂ ਆਪ ਵਰਗੇ ਧਰਮਾਤਮਾ ਦਾ ਇਸ ਤਰ੍ਹਾਂ ਹੱਸਣਾ ਬਿਨਾਂ ਕਾਰਨ ਤੋਂ ਸੰਭਵ ਨਹੀਂ ਹੋ ਸਕਦਾ। ਸਾਰੀ ਸਭਾ ਦੇ ਮਨ ਵਿੱਚ ਇਹ ਜਾਨਣ ਦੀ ਤੀਬਰ ਇੱਛਾ ਹੈ ਕਿ ਆਪ ਕਿਉਂ ਹੱਸੇ ਹੋ ? ਆਪ ਆਪਣੇ ਹੱਸਣ ਦਾ ਕਾਰਨ ਸਭਾ ਵਿੱਚ ਪ੍ਰਗਟ ਕਰਨਾ ਕਰੋ। ਗੁਰਦੇਵ ਦੀ ਇਹ ਗੱਲ ਸੁਣ ਕੇ ਭਗਵਾਨ ਜੀ ਕਹਿਣ ਲੱਗੇ ਕਿ ਹੇ ਗੁਰਦੇਵ ! ਮੇਰੇ ਹੱਸਣ ਦਾ ਕਾਰਨ ਇਹ ਇੱਕ ਕੀੜਾ ਹੈ, ਜਿਸਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਹਨ, ਇਹ ਸਿੰਘਾਸਣ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ, ਫਿਰ ਡਿੱਗ ਪੈਂਦਾ ਹੈ। ਇਸ ਨੂੰ ਦੇਖਕੇ ਮੈਨੂੰ ਹਾਸੀ ਆ ਗਈ। ਇਹ ਉੱਤਰ ਸੁਣ ਕੇ ਵਸ਼ਿਸ਼ਟ ਜੀ ਬੋਲੇ ਕਿ ਇਹ ਯਥਾਰਥ ਉੱਤਰ ਨਹੀਂ, ਸੰਸਾਰ ਵਿੱਚ ਅਨੇਕਾਂ ਜੀਵਾਂ ਦੇ ਸਰੀਰ ਦੇ ਅੰਗ ਭੰਗ ਹਨ ਤੇ ਜੋ ਚੱਲਣ ਤੋਂ ਅਸਮਰਥ ਹਨ, ਉਨ੍ਹਾਂ ਨੂੰ ਦੇਖ ਕੇ ਆਪ ਕਦੇ ਨਹੀਂ ਹੱਸੇ, ਤੁਹਾਡਾ ਸੁਭਾਅ ਕਿਸੇ ਨੂੰ ਦੁਖੀ ਦੇਖਕੇ, ਉਸਨੂੰ ਮਖੌਲ ਕਰਨ ਦਾ ਨਹੀਂ, ਸਗੋਂ ਉਸ ਉੱਤੇ ਤਰਸ ਕਰਕੇ ਉਸ ਦਾ ਦੁੱਖ ਦੂਰ ਕਰਨ ਦਾ ਹੈ। ਇਸ ਲਈ ਤੁਹਾਡੇ ਹੱਸਣ ਦਾ ਜੋ ਅਸਲੀ ਭੇਦ ਹੈ, ਉਸਨੂੰ ਪ੍ਰਗਟ ਕਰੋ। ਗੁਰਦੇਵ ਦਾ ਬਚਨ ਮੰਨ ਕੇ ਭਗਵਾਨ ਜੀ ਨੇ ਫਿਰ ਸਾਰੀ ਵਾਰਤਾ ਦੱਸੀ ਕਿ ਇਹ ਜੋ ਕੀੜਾ ਹੈ ਕੀੜੇ ਦੀ ਜੂਨੀ ਮਿਲਣ ਤੋਂ ਪਹਿਲਾਂ ਚੌਦਾਂ ਵਾਰ ਇੰਦਰ ਬਣ ਕੇ ਸੂਰਗ ਦਾ ਰਾਜ ਭੋਗ ਚੁੱਕਾ ਹੈ। ਬਿਪ੍ਰੀਤ ਬੁੱਧੀ ਹੋਣ ਦੇ ਕਾਰਨ ਅਤੇ ਸਿਮਰਨ ਤੋਂ ਬਿਨਾਂ ਹੋਣ ਕਰਕੇ ਅੱਜ ਇਸ ਦਾ ਇਹ ਹਾਲ ਹੈ, ਪਰ ਇਸਦੇ ਵਿੱਚੋਂ ਸਿੰਘਾਸਨ 'ਤੇ ਬੈਠਣ ਦੀ ਇੱਛਾ ਖ਼ਤਮ ਨਹੀਂ ਹੋਈ ਤੇ ਵਾਰ-ਵਾਰ ਸਿੰਘਾਸਨ 'ਤੇ ਚੜ੍ਹਦਾ ਹੈ। ਇਸ ਨੂੰ ਦੇਖਕੇ ਮੈਂ ਹੱਸਿਆ ਹਾਂ। ਕਿ ਜੀਵ ਭਾਵੇਂ ਕਿਤਨਾ ਵੀ ਵੱਡਾ ਹੋ ਜਾਵੇ ਪ੍ਰੰਤੂ ਨਾਮ ਤੋਂ ਬਿਨਾਂ ਟੇਢੀਆਂ ਜੂਨਾਂ ਵਿੱਚ ਆਉਂਦਾ ਜਾਂਦਾ ਹੈ। ਗੰਦਗੀ ਦਾ ਕੀੜਾ ਬਣ ਕੇ ਦੁੱਖ ਸਹਾਰਦਾ ਹੈ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਆਪ ਸਰਬੱਗ ਹੋ ਸਭ ਕੁਝ ਜਾਣਦੇ ਹੋ ਪਰ ਸਭਾ ਵਿੱਚ ਬੈਠੇ ਜੀਵਾਂ ਨੂੰ ਇਸ ਗੱਲ ਦਾ ਗਿਆਨ ਕਿਵੇਂ ਹੋਵੇ ? ਆਪ ਕਿਰਪਾ ਕਰਕੇ ਚਾਰ ਘੜੀਆਂ ਲਈ ਇਨ੍ਹਾਂ ਸਾਰਿਆਂ ਨੂੰ ਸਰਬਗਤਾ ਬਖ਼ਸ਼ੋ ਤਾਂ ਕਿ ਸਾਰੇ ਦੇਖ ਲੈਣ ਕਿ ਸਿਮਰਨ ਤੋਂ ਬਿਨਾਂ ਜੀਵ ਦੀ ਇਹ ਹਾਲਤ ਹੁੰਦੀ ਹੈ। ਉਸ ਵੇਲੇ ਭਗਵਾਨ ਜੀ ਨੇ ਸਾਰਿਆਂ ਨੂੰ ਸਰਬਗਤਾ ਦਿੱਤੀ ਤੇ ਸਭ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਠੀਕ ਇਹ ਚੌਦਾਂ ਵਾਰ ਇੰਦਰ ਬਣ ਕੇ ਰਾਜ ਕਰ ਚੁੱਕਾ ਹੈ ਪਰ ਸਿਮਰਨ ਤੋਂ ਬਿਨਾਂ ਹੋਣ ਕਰਕੇ ਪ੍ਰਮੇਸ਼ਰ ਦੀ ਨਿਗ੍ਹਾ ਵਿੱਚੋਂ ਗਿਰ ਗਿਆ ਹੈ ਤਾਂ ਹੀ ਅੱਜ ਇਸ ਦੀ ਇਹ ਹਾਲਤ ਹੋਈ ਹੈ।

ਸੋ ਸਤਿਗੁਰੂ ਜੀ ਉਪਰੋਕਤ ਤੁਕ ਵਿੱਚ ਇਹ ਸਿਧਾਂਤ ਦਿੰਦੇ ਹਨ ਜੋ ਸਿਮਰਣ ਤੋਂ ਹੀਣੇ ਪੁਰਸ਼ ਹਨ ਉਹ ਗੰਦਗੀ ਦੇ ਕੀੜੇ ਬਣ ਕੇ ਅਨੇਕਾਂ ਦੁੱਖ ਸਹਾਰਦੇ ਹਨ। ਜੈਸਾ ਕਿ :

**ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥**
**ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥**
**ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥**
**ਸੋ ਪ੍ਰਭੁ ਚਿਤਿ ਨ ਆਵਈ ਬਿਸਟਾ ਕੇ ਕੀਰੇ ॥**
**ਬਿਨੁ ਹਰਿ ਨਾਮ ਨਾ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥੬॥**

[ਵਾਰ ਜੈਤਸਰੀ ਮਹਲਾ ੫, ਅੰਗ ੭੦੭]

## *ਲਾਇ ਬਿਰਹੁ ਭਗਵੰਤ ਸੰਗੇ; ਹੋਇ ਮਿਲੁ ਬੈਰਾਗਨਿ ਰਾਮ ॥*

ਹੇ ਪੁਰਸ਼ਾ ! ਭਗਵੰਤ=ਖਟ ਭਗਾਂ ਸੰਪਨ ਪ੍ਰਮੇਸ਼ਰ ਦੇ ਸੰਗੇ=ਨਾਲ ਪ੍ਰੇਮ ਲਗਾਉਣਾ ਕਰ ਅਤੇ ਵੈਰਾਗਵਾਨ ਹੋ ਕੇ ਰਾਮ=ਰਮੇ ਹੋਏ ਪ੍ਰਮੇਸ਼ਰ ਨੂੰ ਮਿਲਣਾ ਕਰ।

## *ਚੰਦਨ ਚੀਰ ਸੁਗੰਧ ਰਸਾ; ਹਉਮੈ ਬਿਖੁ ਤਿਆਗਨਿ ਰਾਮ ॥*

ਰਾਮ=ਹੇ ਭਾਈ ! ਚੰਦਨ ਆਦਿਕ ਸੁਗੰਧੀਆਂ ਨੂੰ ਸਰੀਰ ਉੱਤੇ ਲਗਾਉਣਾ ਅਤੇ ਇਤਰ ਆਦਿ ਸੁਗੰਧੀ ਸਹਿਤ ਚੀਰ=ਵਸਤ੍ਰਾਂ ਨੂੰ ਪਹਿਨਣਾਂ ਅਤੇ ਹਉਮੈ ਦੇ ਸਹਿਤ ਬਿਖੁ ਰਸਾ=ਵਿਸ਼ੇ ਰਸਾਂ ਨੂੰ ਤਿਆਗਣਾ ਕਰਿ।

## ਈਤ ਊਤ ਨਹ ਡੋਲੀਐ; ਹਰਿ ਸੇਵਾ ਜਾਗਨਿ ਰਾਮ ॥

ਹੇ ਭਾਈ ! ਈਤ ਊਤ=ਇਧਰ-ਉਧਰ ਡੋਲੀਐ=ਭਟਕਣਾ ਨਾ ਕਰ। ਹਰਿ=ਵਾਹਿਗੁਰੂ ਰਾਮ=ਪ੍ਰਮੇਸ਼ਰ ਦੀ ਸੇਵਾ ਕਰਨ ਵਿੱਚ ਜਾਗਨਿ=ਜਾਗਣਾ ਕਰ।

## ਨਾਨਕ ਜਿਨਿ ਪ੍ਰਭੁ ਪਾਇਆ ਆਪਣਾ; ਸਾ ਅਟਲ ਸੁਹਾਗਨਿ ਰਾਮ ॥੪॥੧॥੪॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਨ੍ਹਾਂ ਜਗਿਆਸੂ ਰੂਪ ਔਰਤਾਂ ਨੇ ਪ੍ਰਭ=ਰੱਖਿਅਕ ਪ੍ਰਮੇਸ਼ਰ ਨੂੰ ਪਾਇਆ ਹੈ ਉਹ ਸੰਤ ਰੂਪ ਸਖੀਆਂ ਅਟੱਲ ਸੁਹਾਗ ਵਾਲੀਆਂ ਹੋਈਆਂ ਹਨ। **ਵਾ:** ਉਹ ਇਸਤਰੀ ਅਟੱਲ ਸੁਹਾਗਨ ਹੋਈ ਹੈ ॥੪॥੧॥੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੩ [ਆਦਿ ਅੰਗ ੮੪੯-੫੦]

***ਸਲੋਕੁ ਮਃ ੩ ॥ ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥ ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥ ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥ ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥ ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ ॥੧॥ ਮਃ ੩ ॥ ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ ॥ ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ ॥ ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥ ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥ ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥੨॥ ਪਉੜੀ ॥ ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥ ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥ ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ ॥ ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ ॥ ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ ॥੩॥***

## *ਸਲੋਕੁ ਮਃ ੩ ॥*

ਇਹ ਮੁਖਵਾਕ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਉਚਾਰਨ ਕੀਤੀ ਹੋਈ ਬਿਲਾਵਲ ਦੀ ਵਾਰ ਵਿੱਚ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ।

**ਉਥਾਨਕਾ**—ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਪਣੇ ਗੁਰਤਾ ਗੱਦੀ ਦੇ ਤਖ਼ਤ 'ਤੇ ਬੈਠੇ, ਗੁਰਸਿੱਖਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦੇ ਰਹੇ ਸਨ। ਸੰਗਤ ਵਿੱਚ ਸਤਿਗੁਰੂ ਜੀ ਨੂੰ ਅਨੇਕਾਂ ਪ੍ਰਕਾਰ ਦੇ ਸੰਸੇ ਨਵਿਰਤੀ ਲਈ ਸਿੱਖ ਪ੍ਰਸ਼ਨ ਕਰਿਆ ਕਰਦੇ ਸਨ ਤੇ ਸਤਿਗੁਰੂ ਜੀ ਸੰਸਿਆਂ ਦੀ ਨਵਿਰਤੀ ਕਰਕੇ ਗੁਰਮਤਿ ਅਨੁਸਾਰ ਉਹਨਾਂ ਨੂੰ ਉਤਰ ਬਖ਼ਸ਼ ਕੇ ਸ਼ਾਂਤੀ ਦਿੰਦੇ ਸਨ। ਸੰਗਤ ਵਿੱਚ ਬੈਠੇ ਇੱਕ ਜਗਿਆਸੂ ਨੇ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ ! ਬ੍ਰਾਹਮਣ ਦੇ ਕੀ ਲੱਛਣ ਹਨ। ਤਾਂ ਸਤਿਗੁਰੂ ਜੀ ਨੇ ਅੰਮ੍ਰਿਤ ਮਈ ਬਾਣੀ ਦੁਆਰਾ ਉਤਰ ਦਿੱਤਾ।

## *ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ; ਜੇ ਚਲਹਿ ਸਤਿਗੁਰ ਭਾਇ ॥*

ਜਿਹੜਾ ਬ੍ਰਹਮ ਨੂੰ ਬਿੰਦਹਿ=ਜਾਣਦਾ ਹੈ। ਬ੍ਰਹਮ ਤੋਂ ਭਾਵ ਵਿਆਪਕ ਵਾਹਿਗੁਰੂ ਨੂੰ ਜਾਣਦਾ ਹੈ ਤੇ=ਉਹ ਹੀ ਅਸਲ ਬ੍ਰਾਹਮਣਾ=ਬ੍ਰਾਹਮਣ ਹੈ। **ਪ੍ਰਸ਼ਨ**—ਬ੍ਰਹਮ ਨੂੰ ਕੌਣ ਜਾਣਦਾ ਹੈ ? **ਉੱਤਰ**—ਜੇ=ਜਿਹੜਾ ਸਤਿਗੁਰੂ ਜੀ ਦੀ ਭਾਇ=ਆਗਿਆ ਵਿੱਚ ਚਲਦਾ ਹੈ, ਉਹ ਹੀ ਬ੍ਰਹਮ ਨੂੰ ਜਾਣ ਸਕਦਾ ਹੈ।

ਸੋ, ਦੂਸਰਾ ਜੋ ਸੰਸਾਰ ਦੇ ਅੰਦਰ ਬ੍ਰਾਹਮਣ ਜਾਤੀ ਕਰਕੇ ਜਾਣੀ ਜਾਂਦੀ ਹੈ। ਅਸਲ ਤਾਂ ਜਾਤ ਕੋਈ ਹੈ ਨਹੀਂ, ਜੇ ਹੈ ਤਾਂ ਕਰਮ ਦੇ ਨਾਲ ਜੀਵ ਦੀ ਜਾਤੀ ਪ੍ਰਸਿੱਧ ਹੋਈ ਹੈ। ਜੈਸਾ ਕਿ :

**ਕਰਮ ਨਾਮ ਬਰਨਤ ਸੁਮਤਿ ॥** [ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ, ਪੰਨਾ ੧]

ਪ੍ਰਮੇਸ਼ਰ ਦੇ ਦਰ 'ਤੇ, ਪ੍ਰਮੇਸ਼ਰ ਦੀ ਰਚਨਾ ਵਿੱਚ ਢਾਈ ਜਾਤਾਂ ਮਨੁੱਖ ਜਾਤੀ ਵਿੱਚ ਦੇਖੀਆਂ ਜਾ ਰਹੀਆਂ ਹਨ। ਇਹ ਜਾਤਾਂ ਪ੍ਰਮੇਸ਼ਰ ਦੀਆਂ ਬਣਾਈਆਂ ਹੋਈਆਂ ਹਨ। (੧) ਇੱਕ ਮਰਦ ਜਾਤੀ ਹੈ, (੨) ਦੂਜੀ ਇਸਤਰੀ ਜਾਤੀ ਹੈ, (੩) ਨਿਪੁੰਸ਼ਕ ਭਾਵ ਖ਼ੁਸਰਾ ਅੱਧੀ, ਜਿਸਦੇ ਵਿੱਚ ਅਧੂਰਾਪਨ ਹੈ। ਜਿਸਦੀ ਦੇਹ ਮਰਦ ਔਰ ਔਰਤ ਦੇ ਚਿੰਨ੍ਹ ਤੋਂ ਅਧੂਰੀ ਹੈ। ਇਸ ਲਈ ਅੱਧੀ ਜਾਤ ਖ਼ੁਸਰੇ ਦੀ ਹੈ। ਇਹ ਦੇਹੀ ਵਿੱਚ ਢਾਈ ਜਾਤਾਂ ਪ੍ਰਮੇਸ਼ਰ ਦੇ ਦਰ

ਤੋਂ ਬਣੀਆਂ ਹੋਈਆਂ ਹਨ। ਬਾਕੀ ਕੁਲ ਸੰਸਾਰ ਦੀਆਂ ਜਾਤਾਂ ਦੀ ਵੰਡ ਕਰਮ ਦੇ ਆਧਾਰ 'ਤੇ ਹੋਈ ਹੈ। ਇਸਦਾ ਇੱਕ ਪ੍ਰਮਾਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਚਨਾ ਵਿੱਚ ਮਿਲਦਾ ਹੈ। ਜੈਸਾ ਕਿ :

**ਸਾਧ ਕਰਮ ਜੇ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ॥ ਨਾਮ ਅਸੁਰ ਤਿਨ ਕੋ ਸਭ ਧਰਹੀ॥੧੫॥**

[ਬਚਿੱਤ੍ਰ ਨਾਟਕ, ਅਧਿ: ੨]

ਇਸ ਕਰਕੇ ਕਰਮ ਦੇ ਆਧਾਰ 'ਤੇ ਮਨੁੱਖ ਦੀ ਸਿਆਣੇ ਪੁਰਸ਼ਾਂ ਨੇ ਵੰਡ ਕੀਤੀ ਸੀ। ਪਰ ਹੌਲੀ-ਹੌਲੀ ਜਾਤਾਂ ਦੇ ਰੂਪ ਵਿੱਚ ਪ੍ਰਪੱਕ ਹੋ ਗਈ। ਜਿਨ੍ਹਾਂ ਮਨੁੱਖਾਂ ਦੀ ਬ੍ਰਹਮ ਵਿਦਿਆ ਪੜ੍ਹਨ ਪੜ੍ਹਾਉਣ ਦੀ ਡਿਊਟੀ ਲੱਗੀ, ਉਨ੍ਹਾਂ ਦੀ ਜਾਤੀ ਬ੍ਰਾਹਮਣ ਹੋ ਗਈ, ਕਿਉਂਕਿ ਇਨ੍ਹਾਂ ਕੋਲ ਬ੍ਰਹਮ ਵਿਦਿਆ ਸੀ। ਜਿਨ੍ਹਾਂ ਕੋਲ ਸ਼ਸ਼ਤਰ ਵਿਦਿਆ ਸੀ, ਉਨ੍ਹਾਂ ਦਾ ਨਾਮ ਛਤ੍ਰੀ ਪ੍ਰਸਿੱਧ ਹੋ ਗਿਆ। ਜਿਨ੍ਹਾਂ ਮਨੁੱਖਾਂ ਦੀ ਵਣਜ, ਵਪਾਰ, ਖੇਤੀ ਆਦਿ ਦੀ ਡਿਊਟੀ ਲੱਗੀ, ਉਨ੍ਹਾਂ ਦਾ ਨਾਮ ਵੈਸ਼ ਹੋ ਗਿਆ। ਕੁਝ ਮਨੁੱਖ ਤਿੰਨਾਂ ਦੀ ਸੇਵਾ ਵਿੱਚ ਲਾਏ ਗਏ, ਉਨ੍ਹਾਂ ਦੀ ਸੇਵਾ ਤੋਂ ਸੰਗਿਆ ਸ਼ੂਦਰ ਹੋ ਗਈ। ਇਕੋ ਹੀ ਮਨੁੱਖ ਕਰਮ ਦੇ ਆਧਾਰ 'ਤੇ ਚਾਰ ਥਾਂ 'ਤੇ ਵੰਡਿਆ ਗਿਆ। ਵੰਡੇ ਕੰਮ ਸਨ ਪਰ ਕੰਮ ਦੇ ਆਧਾਰ ਖ਼ੁਦ ਮਨੁੱਖ ਹੀ ਵੰਡਿਆ ਗਿਆ। ਫਿਰ ਇਹ ਜਾਤੀਆਂ ਕਰਮ ਨੂੰ ਛੱਡ ਕੇ ਜਨਮ ਤੋਂ ਪ੍ਰਸਿੱਧ ਹੋ ਗਈਆਂ। ਜੈਸਾ ਕਿ ਬ੍ਰਾਹਮਣ ਦੇ ਜੰਮਣ ਵਾਲੇ ਨੂੰ ਬ੍ਰਾਹਮਣ। ਛੱਤ੍ਰੀ ਦੇ ਜੰਮਣ ਵਾਲੇ ਨੂੰ ਛੱਤ੍ਰੀ। ਵੈਸ਼ ਦੇ ਜੰਮਣ ਵਾਲੇ ਨੂੰ ਵੈਸ਼ ਤੇ ਸ਼ੂਦਰ ਦੇ ਜੰਮਣ ਵਾਲੇ ਨੂੰ ਸ਼ੂਦਰ। ਇਨ੍ਹਾਂ ਜਾਤਾਂ ਤੋਂ ਅੱਗੇ ਸੈਂਕੜੇ ਜਾਤਾਂ ਜਗਤ ਵਿੱਚ ਪ੍ਰਸਿੱਧ ਹੋ ਗਈਆਂ। ਗੁਰਮਤਿ ਵਿੱਚ ਕਰਮ ਤੋਂ ਜਾਤ ਸਵੀਕਾਰ ਕੀਤੀ ਹੈ ਕਿ ਕੋਈ ਬ੍ਰਾਹਮਣ ਤਾਂ ਹੀ ਬ੍ਰਾਹਮਣ ਹੈ, ਜੇ ਉਸ ਕੋਲ ਅਸਲ ਬ੍ਰਾਹਮਣਾਂ ਵਾਲੇ ਕਰਮ ਹਨ। ਜਿਸ ਕੋਲ ਜੋ ਕਰਮ ਨਹੀਂ ਹੈ, ਉਸਨੂੰ ਉਹ ਕੁਝ ਕਹਿਣਾ ਗ਼ਲਤ ਹੈ। ਜੇ ਬ੍ਰਾਹਮਣ ਕੋਲ ਬ੍ਰਾਹਮਣ ਕਰਮ ਨਹੀਂ ਤਾਂ ਬ੍ਰਾਹਮਣ ਨੂੰ ਬ੍ਰਾਹਮਣ ਕਹਿਣਾ ਗੁਰਮਤਿ ਵਿੱਚ ਵਿਵਰਜਿਤ ਹੈ। ਸੋ, ਇਸ ਗੱਲ ਦੀ ਪੁਸ਼ਟੀ ਦਸਮ ਗ੍ਰੰਥ ਦੇ ਉਪਰੋਕਤ ਪ੍ਰਮਾਣ ਤੋਂ ਜੋ ਦੇਵਤਾ ਅਤੇ ਦੈਂਤ ਇਕੋ ਹੀ ਬਾਪ ਬੇਟੇ ਕਰਮ ਅਤੇ ਸੁਭਾਅ ਦੇ ਆਧਾਰ 'ਤੇ ਵੰਡੇ ਗਏ। ਜੈਸਾ ਕਿ ਦੈਤਾਂ ਦੀ ਕੁਲ ਵਿੱਚ ਪ੍ਰਹਿਲਾਦ ਦਾ ਪੈਦਾ ਹੋਣਾ, ਪਰ ਉਸਦੀ ਗਿਣਤੀ ਦੇਵਤਿਆਂ, ਭਗਤਾਂ ਵਿੱਚ ਮੰਨੀ ਗਈ। ਬਾਪ ਦੀ ਗਿਣਤੀ ਰਾਖ਼ਸ਼ਾਂ ਵਿੱਚ ਮੰਨੀ ਗਈ, ਸਕੇ ਪਿਉ-ਪੁੱਤ ਕਰਮ ਦੇ ਆਧਾਰ 'ਤੇ ਅਲੱਗ-ਅਲੱਗ ਨਜ਼ਰ ਆ ਰਹੇ ਹਨ। ਇਸੇ ਤਰ੍ਹਾਂ ਉਗਰਸੈਨ ਦੇਵਤਾ ਸਰੂਪ ਹੈ। ਉਸਦੇ ਘਰ ਪੁੱਤਰ ਰੂਪ ਵਿੱਚ ਇੱਕ ਅਸੁਰ ਸ਼ਕਤੀ ਕੰਸ ਰਾਖ਼ਸ਼ ਪੈਦਾ ਹੋਇਆ। ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਦੇਵਤਾ ਅਤੇ ਦੈਤ ਕਰਮ ਦੇ ਆਧਾਰ 'ਤੇ ਹੀ ਮੰਨੇ ਗਏ ਹਨ। ਸੋ, ਬ੍ਰਾਹਮਣ, ਬ੍ਰਹਮ ਦੀ ਵੀਚਾਰ ਕਰਨ ਵਾਲੇ ਨੂੰ ਕਿਹਾ ਹੈ। ਜੋ ਬ੍ਰਹਮ ਦੀ ਵੀਚਾਰ ਤੋਂ ਸੱਖਣਾ ਹੈ, ਉਸਨੂੰ ਬ੍ਰਾਹਮਣ ਕਹਿਣਾ ਗ਼ਲਤ ਹੈ। ਗੁਰਬਾਣੀ ਵਿੱਚ ਫ਼ੁਰਮਾਨ ਹੈ। ਜੈਸਾ ਕਿ :

**੧. ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥**

[ਗਉੜੀ ਕਬੀਰ ਜੀ, ਅੰਗ ੩੨੪]

**੨. ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ॥**

[ਵਾਰ ਗੂਜਰੀ ਮਹਲਾ ੩, ਅੰਗ ੫੧੨]

**੩. ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥੩॥**

[ਧਨਾਸਰੀ ਮਹਲਾ ੧, ਅੰਗ ੬੬੨]

**੪. ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥**
**ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥**
**ਸੋਈ ਬ੍ਰਹਮਣੁ ਪੂਜਣ ਜੁਗਤੁ॥** [ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੧]

**੫. ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥**
**ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥** [ਵਾਰ ਮਾਰੂ ਮਹਲਾ ੩, ਅੰਗ ੧੦੯੩]

**੬. ਬ੍ਰਹਮੁ ਬਿੰਦੈ ਤਿਸ ਕਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥**

[ਵਾਰ ਸੋਰਠਿ ਮਹਲਾ ੩, ਅੰਗ ੬੪੯]

**੭. ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ॥**
**ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ॥** [ਸਹਸਕ੍ਰਿਤੀ ਮਹਲਾ ੫, ਅੰਗ ੧੩੬੦]

ਇਨ੍ਹਾਂ ਪ੍ਰਮਾਣਾਂ ਤੋਂ ਬ੍ਰਾਹਮਣ ਕੌਣ ਹੈ ? ਦੀ ਵੀਚਾਰ ਸਪੱਸ਼ਟ ਹੁੰਦੀ ਹੈ। ਜਿਸ ਵਿੱਚ ਇਹ ਗੁਣ ਨਾ ਹੋਣ ਕੇਵਲ ਜਾਤ ਕਰਕੇ ਕਹੇ ਕਿ ਮੈਂ ਬ੍ਰਾਹਮਣ ਹਾਂ। ਇਸ ਗੱਲ ਦਾ ਹੰਕਾਰ ਕਰੇ, ਉਸਦਾ ਖੰਡਨ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਉਂਦੇ ਹਨ। ਜੈਸਾ ਕਿ :

**੧. ਆਸਾ ਮਹਲਾ ੫॥**
**ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ ਮੂਕਰਿ ਪਰਨਾ॥**
**ਜਿਤੁ ਦਰਿ ਤੁਮ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ॥੧॥**
**ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ਰਹਾਉ॥**
**ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥**
**ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥੨॥**
**ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥**
**ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੩॥**
**ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥**
**ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ॥੪॥੮॥**

[ਆਸਾ ਮਹਲਾ ੫, ਅੰਗ ੩੭੨]

**੨. ਜਿਹ ਮੁਖ ਵੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ॥**
**ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ॥੧॥**

[ਰਾਮਕਲੀ ਕਬੀਰ ਜੀ, ਅੰਗ ੯੭੦]

ਇਸ ਲਈ ਕਬੀਰ ਸਾਹਿਬ ਨੇ ਐਸੇ ਪਾਖੰਡੀ ਬ੍ਰਾਹਮਣਾਂ ਦਾ ਖੰਡਨ ਕਰਦਿਆਂ ਹੋਇਆ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥**
**ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥੨੩੭॥** [ਸਲੋਕ ਕਬੀਰ ਜੀ, ਅੰਗ ੧੩੭੭]

ਜਦੋਂ ਬ੍ਰਾਹਮਣ ਆਪਣੇ ਬ੍ਰਾਹਮਣਾਂ ਵਾਲੇ ਕਰਮ ਨੂੰ ਤਿਆਗ ਚੁੱਕੇ ਤਾਂ ਕਬੀਰ ਸਾਹਿਬ ਵਰਗੇ ਤਤ-ਬੇਤੇ ਮਹਾਂਪੁਰਸ਼ਾਂ ਨੂੰ ਇਹ ਸੱਚਾਈ ਪ੍ਰਗਟ ਕਰਕੇ ਲੋਕਾਂ ਨੂੰ ਦੱਸਣੀ ਪਈ ਕਿ ਭਗਤੀ ਕਰਨ ਵਾਲਿਆਂ ਭਗਤਾਂ ਦਾ ਰਸਤਾ ਇਨ੍ਹਾਂ ਪਾਖੰਡ ਦਾ ਜਾਲ ਵਿਛਾਉਣ ਵਾਲੇ ਕਰਮ ਕਾਂਡੀ ਬ੍ਰਾਹਮਣਾਂ ਤੋਂ ਅਲੱਗ ਹੈ। ਇਹ ਆਪਣੇ ਆਪ ਨੂੰ ਜਗਤ ਦਾ ਗੁਰੂ ਕੇਵਲ ਬ੍ਰਾਹਮਣਾਂ ਦੇ ਘਰ ਪੈਦਾ ਹੋਣ ਕਰਕੇ ਹੀ ਅਖਵਾਉਂਦੇ ਰਹੇ ਕਿ ਅਸੀਂ ਬ੍ਰਾਹਮਣ ਹਾਂ, ਤੇ ਜਗਤ ਤੋਂ ਪੂਜਾ ਕਰਾਉਂਦੇ ਰਹੇ। ਭਗਤ ਜੀ ਨੇ ਸਾਫ਼ ਇਨਕਾਰ ਕੀਤਾ ਕਿ ਤੁਸੀਂ ਅੰਧ-ਵਿਸ਼ਵਾਸੀ ਲੋਕਾਂ ਦੇ ਗੁਰੂ ਹੋ ਸਕਦੇ ਹੋ, ਪਰ ਭਗਤਾਂ ਦੇ ਗੁਰੂ ਨਹੀਂ ਹੋ ਸਕਦੇ। ਚਾਰੇ ਬੇਦਾਂ ਦੇ ਸਿਧਾਂਤ ਨੂੰ ਨਾ ਜਾਣਦੇ ਹੋਏ, ਭਾਵ ਅਮਲ ਤੋਂ ਬਿਨਾਂ, ਨਾਲੇ ਆਪ ਫਸੇ ਹੋ ਤੇ ਨਾਲੇ ਲੋਕਾਂ ਨੂੰ ਫਸਾ ਰਹੇ ਹੋ। ਐਸੇ ਪਾਖੰਡੀ ਅਗਿਆਨੀ ਗੁਰੂਆਂ ਦਾ ਖੰਡਨ ਕਰਦੇ ਕਬੀਰ ਸਾਹਿਬ ਕਹਿੰਦੇ ਹਨ। ਜੈਸਾ ਕਿ :

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥** [ਸਲੋਕ ਕਬੀਰ ਜੀ, ਅੰਗ ੧੩੬੯-੭੦]

## *ਜਿਨ ਕੈ ਹਿਰਦੈ ਹਰਿ ਵਸੈ; ਹਉਮੈ ਰੋਗੁ ਗਵਾਇ॥*

ਜਿਨ ਕੈ=ਜਿਸਦੇ ਹਿਰਦੇ ਵਿੱਚ ਹਰਿ=ਵਾਹਿਗੁਰੂ ਦਾ ਨਾਮ ਵਸਦਾ ਹੈ, ਉਸ ਨੇ ਹਉਮੈ ਰੂਪੀ ਰੋਗ ਨੂੰ ਗਵਾਇ=ਗਵਾ ਲੈਣਾ ਕੀਤਾ ਹੈ। ਜਿਨ੍ਹਾਂ ਦੇ ਹਿਰਦੇ ਰੂਪੀ ਪੱਲੇ ਵਿੱਚ ਨਾਮ ਰੂਪੀ ਧਨ ਵਸਦਾ ਹੈ, ਉਨ੍ਹਾਂ ਦਾ ਨਾਂ ਫ਼ਕੀਰ ਹੈ, ਜਿਨ੍ਹਾਂ ਦੇ ਹਿਰਦੇ ਵਿੱਚ ਇੱਕ ਪ੍ਰਮੇਸ਼ਰ ਵਸਦਾ ਹੈ, ਉਹ ਪੁਰਸ਼ ਗੁਣਾਂ ਦੇ ਸਮੁੰਦਰ ਰੂਪ ਹੋ ਜਾਇਆ ਕਰਦੇ ਹਨ। ਜੈਸਾ ਕਿ :

**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥**
**ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥੧॥** [ਵਾਰ ਮਲਾਰ ਮਹਲਾ ੧, ਅੰਗ ੧੨੮੭]

ਜਿਨ੍ਹਾਂ ਦੇ ਹਿਰਦੇ ਦੇ ਵਿੱਚ ਇੱਕ ਪ੍ਰਮੇਸ਼ਰ ਦਾ ਨਾਮ ਵਸਦਾ ਹੈ। ਪਰਮੇਸ਼ਰ ਉਨ੍ਹਾਂ ਦਾ ਹਉਮੈ ਰੂਪੀ ਰੋਗ ਗਵਾ ਕੇ ਆਤਮਿਕ ਸੁਖ ਦੀ ਦਾਤ ਬਖ਼ਸ਼ ਦਿੰਦਾ ਹੈ। ਜੈਸਾ ਕਿ :

**੧. ਤਾ ਕੈ ਹਿਰਦੈ ਵਸਿਓ ਨਾਮੁ॥ ਜਾ ਕਉ ਸੁਆਮੀ ਕੀਨੋ ਦਾਨੁ॥੧॥**
[ਕਾਨੜਾ ਮਹਲਾ ੫, ਅੰਗ ੧੨੯੮]

**੨. ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ॥**
[ਵਡਹੰਸ ਕੀ ਵਾਰੁ ਮਹਲਾ ੪, ਅੰਗ ੫੯੨]

## *ਗੁਣ ਰਵਹਿ ਗੁਣ ਸੰਗ੍ਰਹਹਿ; ਜੋਤੀ ਜੋਤਿ ਮਿਲਾਇ॥*

ਜੋ ਪੁਰਸ਼ ਸਤ, ਸੰਤੋਖ, ਦਇਆ, ਧਰਮ ਆਦਿ ਸ਼ੁਭ ਗੁਣਾਂ ਨੂੰ ਸੰਗ੍ਰਹਿ=ਇਕੱਠਾ ਕਰਕੇ ਪ੍ਰਮੇਸ਼ਰ ਦੇ ਨਾਮ ਰੂਪ ਸ਼ੁਭ ਗੁਣਾਂ ਨੂੰ ਰਵਹਿ=ਉਚਾਰਦਾ ਹੈ, ਜੋਤੀ ਪ੍ਰਮਾਤਮਾ ਨੇ ਉਸਦੀ ਜੋਤ ਨੂੰ ਆਪਣੇ ਵਿੱਚ ਮਿਲਾਇ=ਮਿਲਾ ਲੈਣਾ ਕੀਤਾ ਹੈ। ਜੈਸਾ ਕਿ :

**੧. ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ॥**
[ਗਉੜੀ ਮਹਲਾ ੫, ਅੰਗ ੨੪੯]

**੨. ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ॥**
[ਸੂਹੀ ਮਹਲਾ ੫, ਅੰਗ ੭੭੮]

## *ਇਸੁ ਜੁਗ ਮਹਿ ਵਿਰਲੇ ਬ੍ਰਾਹਮਣ; ਬ੍ਰਹਮੁ ਬਿੰਦਹਿ ਚਿਤੁ ਲਾਇ॥*

ਇਸ ਜੁਗ=ਕਲਿਜੁਗ ਵਿੱਚ ਉਹ ਕੋਈ ਵਿਰਲੇ ਬ੍ਰਾਹਮਣ ਹਨ, ਜੋ ਚਿਤੁ=ਬਿਰਤੀ ਨੂੰ ਲਗਾ ਕੇ ਬ੍ਰਹਮ ਨੂੰ ਬਿੰਦਹਿ=ਜਾਣਦੇ ਹਨ।

## *ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ; ਸੇ ਨਾਮਿ ਰਹੇ ਲਿਵ ਲਾਇ॥੧॥*

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਨ੍=ਜਿਨ੍ਹਾਂ ਉੱਤੇ ਸੱਚਾ ਹਰਿ=ਵਾਹਿਗੁਰੂ ਨਦਰਿ ਕਰੇ=ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਨਾਮਿ=ਨਾਮੀ ਪ੍ਰਮਾਤਮਾ ਵਿੱਚ ਲਿਵ ਲਾਇ=ਬਿਰਤੀ ਲਗਾ ਰਹੇ ਹਨ॥੧॥ ਜੈਸਾ ਕਿ :

**੧. ਨਦਰਿ ਕਰੇ ਸਤਿਗੁਰੂ ਮਿਲਾਏ॥ ਨਾਨਕ ਹਿਰਦੈ ਨਾਮੁ ਵਸਾਏ॥**

[ਭੈਰਉ ਮਹਲਾ ੩, ਅੰਗ ੧੧੨੯]

**੨. ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ॥**

[ਸਿਰੀਰਾਗੁ ਮਹਲਾ ੩, ਅੰਗ ੩੫]

## *ਮਃ ੩॥ ਸਤਿਗੁਰ ਕੀ ਸੇਵ ਨ ਕੀਤੀਆ; ਸਬਦਿ ਨ ਲਗੋ ਭਾਉ॥*

ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵ=ਸੇਵਾ ਨਹੀਂ ਕੀਤੀ ਅਤੇ ਗੁਰਾਂ ਦੇ ਸਬਦਿ=ਉਪਦੇਸ਼ ਵਿੱਚ ਜਿਸਦਾ ਭਾਉ=ਪ੍ਰੇਮ ਨਹੀਂ ਲੱਗਾ। ਉਨ੍ਹਾਂ ਦੇ ਬਾਰੇ ਸਤਿਗੁਰੂ ਜੀ ਅਗਲੀ ਪੰਗਤੀ ਵਿੱਚ ਉਚਾਰਨ ਕਰਦੇ ਹਨ:

## *ਹਉਮੈ ਰੋਗੁ ਕਮਾਵਣਾ; ਅਤਿ ਦੀਰਘੁ ਬਹੁ ਸੁਆਉ॥*

ਉਨ੍ਹਾਂ ਮਨਮੁਖ ਪੁਰਸ਼ਾਂ ਨੇ ਵਿਸ਼ਿਆਂ ਦਾ ਜਾਂ ਪਦਾਰਥਾਂ ਦਾ ਬਹੁ=ਬਹੁਤਾ ਸੁਆਉ=ਸ੍ਵਾਦ ਲੈਣ ਲਈ ਜਿਨ੍ਹਾਂ ਕਰਮਾਂ ਨੂੰ ਕਮਾਉਣਾ ਕੀਤਾ ਹੈ, ਉਨ੍ਹਾਂ ਕਰਮਾਂ ਨੂੰ ਕਰਨ ਤੋਂ ਉਨ੍ਹਾਂ ਨੂੰ ਦੀਰਘੁ=ਬੜਾ ਭਾਰੀ ਹਉਮੈ ਰੂਪੀ ਰੋਗ ਲੱਗਾ ਹੈ। ਜੈਸਾ ਕਿ:

**੧. ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ॥**
**ਸਬਦੈ ਸਾਰੁ ਨ ਜਾਣਈ ਬਿਖੁ ਭੂਲਾ ਗਾਵਾਰੁ॥** [ਵਾਰ ਵਡਹੰਸ ਮਃ ੩, ਅੰਗ ੫੯੯]

**੨. ਸਤਿਗੁਰ ਕੀ ਸੇਵਾ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ॥**
**ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ॥**

[ਵਾਰ ਵਡਹੰਸ ਮਹਲਾ ੩, ਅੰਗ ੫੯੯]

## *ਮਨ ਹਠਿ ਕਰਮ ਕਮਾਵਣੇ; ਫਿਰਿ ਫਿਰਿ ਜੋਨੀ ਪਾਇ॥*

ਮਨ ਦੇ ਹਠਿ ਕਰਕੇ ਕਰਮ=ਕਰਮਾਂ ਨੂੰ ਕਮਾਵਣੇ=ਕਮਾਉਣ ਵਾਲੇ ਪੁਰਸ਼ ਫਿਰਿ ਫਿਰਿ=ਮੁੜ ਮੁੜ ਕੇ ਜੋਨੀ ਪਾਇ=ਜੂਨੀਆਂ ਵਿੱਚ ਪੈਂਦੇ ਹਨ।

## *ਗੁਰਮੁਖਿ ਜਨਮੁ ਸਫਲੁ ਹੈ; ਜਿਸ ਨੋ ਆਪੇ ਲਏ ਮਿਲਾਇ॥*

ਉਸ ਗੁਰਮੁਖ ਪੁਰਸ਼ ਦਾ ਮਨੁੱਖਾ ਜਨਮ ਸਫਲੁ=ਸਹਿਤ ਗਿਆਨ ਫਲ ਦੇ ਹੈ। ਜਿਸਨੂੰ ਪ੍ਰਮੇਸ਼ਰ ਆਪੇ=ਆਪਣੇ ਨਾਲ ਮਿਲਾਇ=ਮਿਲਾ ਲੈਂਦਾ ਹੈ। ਜੈਸਾ ਕਿ:

**ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥** [ਸੂਹੀ ਮਹਲਾ ੩, ਅੰਗ ੭੫੫]

## *ਨਾਨਕ ਨਦਰੀ ਨਦਰਿ ਕਰੇ; ਤਾ ਨਾਮ ਧਨੁ ਪਲੈ ਪਾਇ॥੨॥*

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖ ਪੁਰਸ਼ਾਂ 'ਤੇ ਨਦਰੀ=ਪ੍ਰਮਾਤਮਾ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰੇ=ਕਰਦਾ ਹੈ ਤਦ ਹੀ ਉਨ੍ਹਾਂ ਦੇ ਬੁੱਧੀ ਰੂਪ ਪਲੈ=ਪੱਲੇ ਵਿੱਚ ਨਾਮ ਰੂਪ ਧਨ ਪਾਇ=ਪੈਂਦਾ ਹੈ॥੨॥

## *ਪਉੜੀ॥ ਸਭ ਵਡਿਆਈਆ ਹਰਿ ਨਾਮ ਵਿਚਿ; ਹਰਿ ਗੁਰਮੁਖਿ ਧਿਆਈਐ॥*

ਹਰਿ=ਪ੍ਰਮੇਸ਼ਰ ਵਾਹਿਗੁਰੂ ਦੇ ਨਾਮ ਵਿੱਚ ਹੀ ਸਭ=ਸਾਰੀਆਂ ਵਡਿਆਈਆ=ਜਸ, ਸੋਭਾ ਵਾਲੀ ਖ਼ੂਬੀਆਂ ਹਨ। ਇਸ ਕਰਕੇ ਗੁਰਮੁਖਿ=ਗੁਰਾਂ ਦੇ ਮੁਖ ਦੁਆਰੇ ਪ੍ਰਮੇਸ਼ਰ ਦੇ ਨਾਮ ਨੂੰ ਧਿਆਈਐ=ਧਿਆਉਣਾ ਕਰੀਏ। ਜੈਸਾ ਕਿ:

**ਕਲਿ ਮਹਿ ਰਾਮ ਨਾਮਿ ਵਡਿਆਈ॥ ਗੁਰ ਪੂਰੇ ਤੇ ਪਾਇਆ ਜਾਈ॥**

[ਬਸੰਤ ਮਹਲਾ ੩, ਅੰਗ ੧੧੭੫-੭੬]

## *ਜਿ ਵਸਤੁ ਮੰਗੀਐ ਸਾਈ ਪਾਈਐ; ਜੇ ਨਾਮਿ ਚਿਤੁ ਲਾਈਐ ॥*

ਜਿ=ਜੇਕਰ ਵਾਹਿਗੁਰੂ ਦੇ ਨਾਮ ਵਿੱਚ ਚਿਤ ਬਿਰਤੀ ਨੂੰ ਲਾਈਐ=ਲਾਉਣਾ ਕਰੀਏ ਤਾਂ ਜੇ=ਜਿਹੜੀ ਭਾਵ ਜੋ ਭੀ ਵਸਤੁ=ਚੀਜ਼ ਮੰਗੀਐ=ਮੰਗੀ ਦੀ ਹੈ, ਉਹੀ ਵਸਤੂ ਪ੍ਰਾਪਤ ਹੁੰਦੀ ਹੈ। ਜੈਸਾ ਕਿ :

**ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥**

[ਧਨਾਸਰੀ ਮਹਲਾ ੪, ਅੰਗ ੬੬੯-੭੦]

## *ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ; ਤਾ ਸਰਬ ਸੁਖੁ ਪਾਈਐ ॥*

ਜਿਹੜੇ ਜੀਵ ਆਪਣੇ ਜੀਅ=ਦਿਲ ਦੀ ਗੁਹਜ=ਗੁਪਤ ਗੱਲ ਭੀ ਸਤਿਗੁਰੂ ਪਾਸ ਕਰ ਦਿੰਦੇ ਹਨ, ਤਾ=ਤਦ ਉਹ ਸਭ ਤਰ੍ਹਾਂ ਕਰਕੇ ਸਰਬ=ਸਾਰੇ ਸੁੱਖਾਂ ਦੀ ਪ੍ਰਾਪਤੀ ਕਰ ਲੈਂਦੇ ਹਨ। ਭਾਵੇਂ ਉਹ ਗੁਪਤ ਗੱਲ ਆਪਣੇ ਅਪਮਾਨ ਵਾਲੇ ਪਾਸੇ ਜਾਂਦੀ ਹੋਵੇ, ਫਿਰ ਵੀ ਸ੍ਰੇਸ਼ਟ ਜਗਿਆਸੂ ਆਪਣੇ ਗੁਰੂ ਤੋਂ ਓਹਲਾ ਨਹੀਂ ਰੱਖਦੇ। ਆਪਣੇ ਗੁਰੂ ਅੱਗੇ ਆਪਣਾ ਔਗੁਣ ਜ਼ਾਹਿਰ ਕਰ ਦਿੰਦੇ ਹਨ।

**ਸਾਖੀ—ਭਗਵਾਨ ਰਾਮ ਚੰਦਰ ਜੀ ਦੀ ਗੁਰਦੇਵ ਨੂੰ ਗੁਪਤ ਵਾਰਤਾ ਕਹਿਣੀ—**ਤ੍ਰੇਤੇ ਯੁੱਗ ਦੇ ਅਵਤਾਰ ਭਗਵਾਨ ਸ੍ਰੀ ਰਾਮ ਜੀ, ਜਦੋਂ ਵਿਸ਼ਵਾ ਮਿੱਤਰ ਨਾਲ ਮਿਥਲਾ ਪੁਰੀ ਪਹੁੰਚੇ ਤਾਂ ਬਾਹਰ ਪੁਸ਼ਪ ਵਾਟਿਕਾ ਵਿੱਚ, ਭਾਵ ਫੁੱਲਾਂ ਦੀ ਬਗ਼ੀਚੀ ਵਿੱਚੋਂ ਜਦੋਂ ਸੀਤਾ ਫੁੱਲ ਤੋੜਨ ਵਾਸਤੇ ਆਪਣੀਆਂ ਸਖੀਆਂ ਨਾਲ ਆਈ ਤਾਂ ਜਿਸ ਦੇ ਬਾਦਸ਼ਾਹ ਦੀ ਰਾਜ ਪੁੱਤਰੀ ਹੋਣ ਦੇ ਕਾਰਨ ਕੁਝ ਕੀਮਤੀ ਵਸਤਰ ਤੇ ਗਹਿਣੇ ਸਜਾਏ ਹੋਏ ਸਨ, ਪੈਰਾਂ ਦੀਆਂ ਨੂਪਰਾਂ (ਝਾਂਜਰਾਂ) ਦਾ ਖੜਕਾ ਸੁਣ ਕੇ ਰਾਮ ਜੀ ਦਾ ਖ਼ਿਆਲ ਸੀਤਾ ਵੱਲ ਹੋਇਆ ਤੇ ਸੀਤਾ ਜੀ ਦਾ ਧਿਆਨ ਨੇਤਰਾਂ ਦੁਆਰਾ ਰਾਮ ਜੀ ਵੱਲ। ਸੀਤਾ ਲਛਮੀ ਦਾ ਅਵਤਾਰ ਹੈ ਤੇ ਰਾਮ ਜੀ ਵਿਸ਼ਨੂੰ ਦਾ। ਪੂਰਬਲੇ ਸੰਸਕਾਰਾਂ ਦੇ ਕਾਰਨ ਇੱਕ ਦੂਜੇ ਦਾ ਮਨ ਪਿਛਲੇ ਸੰਬੰਧ ਦੇ ਕਾਰਨ ਮੋਹਿਆ ਗਿਆ। ਇੱਕ ਦੂਜੇ ਦੇ ਮਨ ਵਿੱਚ ਮਿਲਾਪ ਦੇ ਸੰਸਕਾਰ ਪੈਦਾ ਹੋ ਗਏ। ਇੱਕ ਦੂਜੇ ਨੂੰ ਚਾਹੁੰਣ ਲਗੇ। ਭਗਵਾਨ ਰਾਮ ਜੀ ਨੇ ਇਹ ਗੱਲ ਆਪਣੇ ਭਰਾ ਲਛਮਣ ਕੋਲ ਪ੍ਰਗਟ ਕੀਤੀ, ਕਿਹਾ ਕਿ ਭਰਾਤਾ! ਇਹ ਤਾਂ ਨੂਪਰਾਂ ਦੀ ਆਵਾਜ਼ ਨਹੀਂ ਕਾਮਦੇਵ ਦਾ ਧੌਂਸਾ ਖੜਕਦਾ ਹੈ, ਜਿਨ੍ਹਾਂ ਨੂੰ ਸੁਣ ਕੇ ਮੇਰਾ ਮਨ ਵਿਚਲਿਤ ਹੋ ਗਿਆ ਹੈ। ਇਹੀ ਵਾਰਤਾ ਆਪਣੇ ਗੁਰਦੇਵ ਨੂੰ ਜਾ ਕੇ ਕਹੀ ਕਿ ਗੁਰਦੇਵ! ਅੱਜ ਤਕ ਮੇਰੇ ਮਨ ਵਿੱਚ ਕਦੇ ਪਰਾਈ ਇਸਤਰੀ ਲਈ ਕੋਈ ਮੰਦਾ ਸੰਕਲਪ ਨਹੀਂ ਸੀ ਆਇਆ, ਅੱਜ ਐਸਾ ਕਿਉਂ ਹੋ ਗਿਆ ਹੈ? ਤਾਂ ਸੁਣ ਕੇ ਗੁਰਦੇਵ ਵਿਸ਼ਵਾ ਮਿੱਤਰ ਨੇ ਕਿਹਾ ਕਿ ਹੇ ਰਾਮ! ਤੂੰ ਆਪਣੀ ਮਨ ਦੀ ਗੁੱਝੀ ਗੱਲ ਪ੍ਰਗਟ ਕੀਤੀ ਹੈ, ਤੈਨੂੰ ਸਾਰੇ ਸੁਖ ਪ੍ਰਾਪਤ ਹੋਣਗੇ। ਇਹ ਇਸਤਰੀ ਕੋਈ ਪਰਾਈ ਨਹੀਂ, ਇਸ ਨਾਲ ਹੀ ਤੁਹਾਡੇ ਸੰਜੋਗ ਲਿਖੇ ਹਨ, ਭਾਵ ਤੁਹਾਡੀ ਹੋਣ ਵਾਲੀ ਪਤਨੀ ਹੈ। ਇਸ ਲਈ ਜਿਹੜਾ ਜੀਵ ਆਪਣੇ ਗੁਰੂ ਅੱਗੇ ਗੁਹਝ ਗੱਲ ਕਰਦਾ ਹੈ, ਉਹ ਸਾਰੇ ਸੁਖ ਪਾ ਲੈਂਦਾ ਹੈ।

## *ਗੁਰੁ ਪੂਰਾ ਹਰਿ ਉਪਦੇਸੁ ਦੇਇ; ਸਭ ਭੁਖ ਲਹਿ ਜਾਈਐ ॥*

ਜਿਸ ਨੂੰ ਪੂਰੇ ਸਤਿਗੁਰੂ ਹਰਿ=ਵਾਹਿਗੁਰੂ ਨਾਮ ਦਾ ਉਪਦੇਸ਼ ਦੇਂਦੇ ਹਨ, ਉਸਦੀ ਸਭ=ਸਾਰੀ ਤ੍ਰਿਸ਼ਨਾ ਰੂਪ ਭੁਖ ਲਹਿ ਜਾਈਐ=ਜਾਂਦੀ ਹੈ ਤੇ ਉਸ ਦੇ ਨੇੜੇ ਫਿਰ ਜਮ ਨਹੀਂ ਆਉਂਦੇ। ਜੈਸਾ ਕਿ :

**ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ॥**
**ਜੋ ਹਰਿ ਹਰਿ ਨਾਮ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ॥** [ਆਸਾ ਮਹਲਾ ੪, ਅੰਗ ੪੫੧]

## *ਜਿਸੁ ਪੂਰਬਿ ਹੋਵੈ ਲਿਖਿਆ; ਸੋ ਹਰਿ ਗੁਣ ਗਾਈਐ ॥੩॥*

ਜਿਸ ਨੂੰ ਪੂਰਬਿ=ਪੂਰਬਲੇ ਜਨਮਾਂ ਵਿੱਚ ਚੰਗੇ ਕੀਤੇ ਹੋਏ ਕਰਮਾਂ ਦਾ ਲੇਖ ਲਿਖਿਆ ਹੋਇਆ ਆ ਕੇ ਮਿਲਦਾ ਹੈ, ਉਹ ਹੀ ਪੁਰਸ਼ ਹਰਿ=ਵਾਹਿਗੁਰੂ ਦੇ ਗੁਣਾਂ ਨੂੰ ਗਾਈਐ=ਗਾਉਂਦਾ ਹੈ ॥੩॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮੁਖਵਾਕ ਨੰਬਰ ੨੦੪ [ਆਦਿ ਅੰਗ ੮੫੧]

*ਸਲੋਕ ਮਃ ੩ ॥ ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥੧॥ ਮਃ ੩ ॥ ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥ ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥ ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥ ਮਃ ੩ ॥ ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥ ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥ ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥ ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥ ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੩॥ ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥ ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥ ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥ ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥ ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥੭॥*

## *ਸਲੋਕ ਮਃ ੩ ॥*

ਰਾਗ ਬਿਲਾਵਲ ਦੀ ਵਾਰ ਵਿੱਚ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਇਹ ਸ਼ਬਦ ਜਿਸ ਵਿੱਚ ਮਨਮੁਖਾਂ ਦਾ ਨਿਸ਼ੇਧ ਕੀਤਾ ਹੈ। ਹਿਰਦੇ ਅੰਦਰ ਕਪਟ-ਛਲ ਦੇ ਕਾਰਣ ਜਿਨ੍ਹਾਂ ਦੇ ਹਿਰਦੇ ਸਦਾ ਦੁਖੀ ਰਹਿੰਦੇ ਹਨ, ਉਨ੍ਹਾਂ ਦੇ ਪ੍ਰਥਾਇ ਇਉਂ ਉਚਾਰਨ ਕੀਤਾ ਹੈ :

## *ਅੰਦਰਿ ਕਪਟੁ ਸਦਾ ਦੁਖੁ ਹੈ; ਮਨਮੁਖ ਧਿਆਨੁ ਨ ਲਾਗੈ ॥*

ਜਿਨ੍ਹਾਂ ਮਨਮੁਖਾਂ ਦੇ ਅੰਦਰਿ=ਅੰਤਹਕਰਣ ਵਿੱਚ ਕਪਟੁ=ਛਲ, ਫਰੇਬ ਹੈ, ਉਨ੍ਹਾਂ ਨੂੰ ਸਦਾ ਹੀ ਦੁਖ ਹੁੰਦਾ ਹੈ। ਕਿਉਂਕਿ ਉਨ੍ਹਾਂ ਦਾ ਵਾਹਿਗੁਰੂ ਪ੍ਰਮੇਸ਼ਰ ਦੇ ਚਰਨਾਂ ਵਿੱਚ ਧਿਆਨ ਨਹੀਂ ਲਗਦਾ। ਜੈਸਾ ਕਿ :

**੧. ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥**

[ਵਾਰ ਸਿਰੀਰਾਗੁ ਮਹਲਾ ੩, ਅੰਗ ੮੮]

**੨. ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥**
**ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥**

[ਵਾਰ ਗੂਜਰੀ ਮਹਲਾ ੩, ਅੰਗ ੫੧੨]

**੩. ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥**
**ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥**

[ਵਾਰ ਸੋਰਠਿ ਮਹਲਾ ੪, ਅੰਗ ੬੫੨]

**੪. ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥**

[ਪ੍ਰਭਾਤੀ ਮਹਲਾ ੫, ਅੰਗ ੧੩੪੮]

**੫. ਰਾਗਿ ਨਾਦਿ ਮਨੁ ਦੂਜੈ ਭਾਇ॥ ਅੰਤਰਿ ਕਪਟੁ ਮਹਾ ਦੁਖੁ ਪਾਇ॥**

[ਪ੍ਰਭਾਤੀ ਮਹਲਾ ੧, ਅੰਗ ੧੩੪੨]

ਗੁਰਬਾਣੀ ਦੇ ਇਹ ਪ੍ਰਮਾਣ ਮੁਖਵਾਕ ਦੀ ਮੂਲ ਤੁਕ ਦੇ ਉੱਤੇ ਜੋ ਦਿੱਤੇ ਗਏ ਹਨ। ਇਨ੍ਹਾਂ ਸਭ ਪ੍ਰਮਾਣਾਂ ਵਿੱਚ ਕਪਟ-ਛਲ ਕਰਣ ਵਾਲਿਆਂ ਦਾ ਨਿਸ਼ੇਧ ਕੀਤਾ ਹੈ। ਇਸੇ ਪਰ ਇੱਕ ਸਾਖੀ ਦ੍ਰਿਸ਼ਟਾਂਤ ਇਸ ਪ੍ਰਕਾਰ ਹੈ।

**ਸਾਖੀ—ਸ਼ੇਰ ਤੇ ਬਾਂਦਰ ਦੀ—**ਇਕ ਜੰਗਲ ਵਿੱਚ ਜਿਥੇ ਅਨੇਕ ਪ੍ਰਕਾਰ ਦੇ ਜੰਗਲੀ ਜੀਵ ਰਹਿੰਦੇ ਸਨ, ਉਥੇ ਇੱਕ ਸ਼ੇਰ ਰਹਿੰਦਾ ਸੀ ਜਿਸਦਾ ਅਹਾਰ ਦੂਸਰੇ ਜੀਵਾਂ ਦਾ ਮਾਸ ਖਾ ਕੇ ਗੁਜ਼ਾਰਾ ਕਰਨਾ ਹੈ। ਜੈਸਾ ਕਿ ਗੁਰਬਾਣੀ ਵਿੱਚ ਲਿਖਿਆ ਹੈ। ਜੈਸਾ ਕਿ :

**ਸਿੰਘ ਰੁਚੈ ਸਦ ਭੋਜਨੁ ਮਾਸ॥** [ਬਸੰਤੁ ਮਹਲਾ ੫, ਅੰਗ ੧੧੮੦]

ਸ਼ੇਰ ਦਾ ਅਹਾਰ ਮਾਸ ਬਣਾਇਆ ਹੈ। ਇੱਕ ਵਾਰ ਐਸਾ ਹੋਇਆ ਕਿ ਸ਼ੇਰ ਨੂੰ ਕੋਈ ਸ਼ਿਕਾਰ ਹੱਥ ਨਾ ਲੱਗਾ, ਭੁੱਖ ਬੜੀ ਸਤਾ ਰਹੀ ਸੀ। ਭੁੱਖ ਦੇ ਦੁੱਖ ਦਾ ਤੰਗ ਕੀਤਾ ਹੋਇਆ ਸੋਚ ਰਿਹਾ ਸੀ, ਕੋਈ ਭਾਵੇਂ ਛੋਟਾ-ਮੋਟਾ ਹੀ ਜੀਵ ਮਿਲ ਜਾਏ। ਹੋਰ ਤਾਂ ਕੁਝ ਨਾ ਲੱਭਾ, ਸਿਰਫ਼ ਇੱਕ ਬਿਰਛ ਦੇ ਹੇਠ ਬਾਂਦਰ ਨੂੰ ਦੂਰੋਂ ਹੀ ਤੱਕਿਆ। ਦੇਖ ਕੇ ਬੜਾ ਖ਼ੁਸ਼ ਹੋਇਆ। ਸ਼ਿਕਾਰ ਮਾਰਨ ਲਈ ਛਲੀਆ ਸੁਭਾਅ ਧਾਰਨ ਕਰ ਲਿਆ। ਬੜੇ ਸਹਿਜ ਭਾਅ ਨਾਲ ਤੁਰਨ ਲੱਗਾ। ਤੋਰ ਤੋਂ ਇਉਂ ਲੱਗਦਾ ਸੀ ਕਿ ਜਿਵੇਂ ਕੋਈ ਸ਼ਾਂਤ ਸੁਭਾਅ ਵਾਲਾ ਸਾਧੂ ਤੁਰਿਆ ਆਉਂਦਾ ਹੈ। ਬਾਂਦਰ ਨੇ ਭੀ ਦੇਖਿਆ ਕਿ ਸ਼ੇਰ ਆ ਰਿਹਾ ਹੈ। ਬਾਂਦਰ ਬੜਾ ਚੁਕੰਨਾ ਹੋ ਗਿਆ ਤੇ ਦਰਖ਼ਤ ਉਪਰ ਚੜ੍ਹ ਜਾਣ ਲਈ ਮੋਟੇ ਤਣੇ ਪਰ ਬੈਠ ਗਿਆ, ਜਿਥੇ ਸ਼ੇਰ ਦਾ ਹੱਥ ਜਾ ਸਕਦਾ ਸੀ। ਅਜੇ ਬਾਂਦਰ ਉਤਾਹਾਂ ਜਾਣਾ ਚਾਹੁੰਦਾ ਸੀ ਕਿ ਸ਼ੇਰ ਨੇ ਆਪਣੀ ਬੋਲੀ ਵਿੱਚ ਕਿਹਾ ਕਿ **ਹਮ ਤੋ ਬੈਸਨਵ ਮਤ ਧਰਯੋ ਦੇਖ ਦੇਖ ਪਗ ਪਾਹਿ॥ ਮਤ ਕੋਊ ਹਮ ਕੋ ਪਾਪ ਹੋਇ ਜੀਵ ਜੰਤ ਮਰ ਜਾਹਿ॥** ਇਹ ਗੱਲ ਬਾਂਦਰ ਸੁਣ ਕੇ ਸ਼ੇਰ ਨੂੰ ਯਕੀਨ ਕਰਾਉਣ ਲਈ ਉਥੇ ਹੀ ਬੈਠਾ ਰਿਹਾ, ਉਤਾਹਾਂ ਨਹੀਂ ਗਿਆ। ਇਹ ਭੀ ਦਿਖਾ ਦਿੱਤਾ ਕਿ ਤੇਰੀ ਗੱਲ 'ਤੇ ਇਤਬਾਰ ਕੀਤਾ ਹੈ, ਪਰ ਆਪਣੇ ਵੱਲੋਂ ਸੁਚੇਤ ਭੀ ਰਿਹਾ ਕਿ ਇਸਦਾ ਕੀ ਵਿਸਾਹ ਹੈ। ਜਿਸ ਵੇਲੇ ਸਹਿਜੇ-ਸਹਿਜੇ ਤੁਰਦਾ ਹੋਇਆ ਨੇੜੇ ਆ ਗਿਆ। ਜਦੋਂ ਸ਼ੇਰ ਨੂੰ ਇਹ ਯਕੀਨ ਹੋ ਗਿਆ ਕਿ ਮੈਂ ਬਾਂਦਰ ਨੂੰ ਇੱਕ ਝਪਟ ਵਿੱਚ ਹੀ ਮਾਰ ਸਕਦਾ ਹਾਂ, ਤਾਂ ਝਪਟ ਮਾਰੀ, ਪਰ ਬਾਂਦਰ ਉਸ ਤੋਂ ਵੱਡਾ ਉਸਤਾਦ ਨਿਕਲਿਆ। ਇਕੋ ਟਪੂਸੀ ਮਾਰ ਕੇ ਉੱਚਾ ਹੋ ਗਿਆ, ਤਦ ਰੋਣ ਲੱਗ ਪਿਆ। ਤੇ ਸ਼ੇਰ ਨੇ ਬਾਂਦਰ ਨੂੰ ਰੋਂਦਿਆਂ ਹੋਇਆ ਦੇਖ ਕੇ ਇਸ ਪ੍ਰਕਾਰ ਕਿਹਾ ਕਿ **ਸਖਤ ਸਮਾ ਸੋ ਬੀਤਿਆ ਸੁਖ ਸੇ ਕਰੋ ਬਹਾਰ॥ ਮਰਨ ਤੇ ਤੋ ਉਬਰਿਓ ਅਬ ਕਿਉਂ ਰੋਵਤ ਯਾਰ॥** ਇਹ ਸੁਣ ਕੇ ਬਾਂਦਰ ਹੱਸ ਪਿਆ ਅਤੇ ਕਹਿਣ ਲੱਗਾ ਕਿ ਮੈਂ ਇਸ ਕਰਕੇ ਨਹੀਂ ਰੋਂਦਾ ਕਿ ਮੈਂ ਮਰਨ ਤੋਂ ਬਚ ਗਿਆ ਹਾਂ। ਇਸ ਪਰ ਤਾਂ ਮੈਂ ਖ਼ੁਸ਼ ਹਾਂ, ਅਤੇ ਮੈਨੂੰ ਹੱਸਣਾ ਚਾਹੀਦਾ। ਸ਼ੇਰ ਨੇ ਪੁੱਛਿਆ ਕਿ ਫਿਰ ਤੇਰੇ ਰੋਣ ਦਾ ਕੀ ਕਾਰਨ ਹੈ ? ਬਾਂਦਰ ਨੇ ਉੱਤਰ ਦਿੱਤਾ ਕਿ ਮੈਂ ਇਸ ਵਾਸਤੇ ਰੋਂਦਾ ਹਾਂ ਕਿ ਕਲਿਜੁਗ ਵਿੱਚ ਕਿਹੋ ਜਿਹੇ ਸਾਧ ਪੈਦਾ ਹੋ ਗਏ। ਤੇਰਾ ਸਾਧ ਰੂਪ ਦੇਖ ਕੇ ਮੈਂ ਤਾਂ ਆਪਣੀ ਜਾਨ ਹੀ ਗਵਾ ਬੈਠਾ ਸੀ। ਇਸ ਉਪਰ ਬਾਂਦਰ ਨੇ ਕਿਹਾ ਕਿ **ਮਰਨੇ ਕੀ ਚਿੰਤਾ ਨਹੀਂ ਜੀਵਨ ਕੀ ਨਹੀਂ ਆਸ॥ ਰੋਵਤ ਹੂੰ ਇਸ ਬਾਤ ਪਰ ਕਲ ਮਹਿ ਐਸੇ ਸਾਧ॥** ਸੋ, ਇਸ ਪ੍ਰਕਾਰ ਜਿਵੇਂ ਕਿ ਐਥੇ ਸ਼ੇਰ ਦਾ ਛਲ, ਫ਼ਰੇਬ, ਕਪਟ ਨੰਗਾ ਹੋਇਆ। ਇਹ ਇੱਕ ਦ੍ਰਿਸ਼ਟਾਂਤ ਹੈ, ਇਸੇ ਤਰ੍ਹਾਂ ਕਲਿਜੁਗ ਦੇ ਵਿੱਚ ਮਨਮੁਖ ਪੁਰਸ਼ ਜੋ ਅੰਦਰੋਂ ਕਪਟ, ਛਲ ਦੇ ਭਰੇ ਹੋਏ ਹਨ। ਲੋਕਾਂ ਨੂੰ ਦਿਖਾਉਣ ਵਾਸਤੇ ਤਾਂ ਸਾਧ ਸ਼ਕਲ ਹੈ। ਸਾਧੂ ਦਾ ਬਾਣਾ ਹੈ। ਸਾਧੂ ਸੁਭਾਅ ਪ੍ਰਗਟ ਕਰਕੇ ਵਿਖਾਉਂਦੇ ਹਨ। ਪਰ ਜੇ ਪਰਾਇਆ ਤਨ ਤੇ ਪਰਾਇਆ ਧਨ ਮਿਲ ਜਾਏ ਤਾਂ ਸ਼ੇਰ ਦੀ ਤਰ੍ਹਾਂ ਲਪਕ ਪੈਂਦੇ ਹਨ। ਜਿਸਦਾ ਫਲ ਲੋਕ-ਪ੍ਰਲੋਕ ਦੇ ਦੁਖ ਬਣੇ ਰਹਿੰਦੇ ਹਨ। ਲੋਕਾਂ ਨੂੰ ਸਮਾਧੀ ਲਾਉਣ ਦੀ ਪ੍ਰਦਰਸ਼ਨੀ ਭੀ ਕਰਦੇ ਹਨ। ਤੇ ਇਹੋ ਜਿਹੀ ਸਮਾਧੀ ਨੂੰ ਬਗਲ ਸਮਾਧੀ ਕਿਹਾ ਹੈ। ਬਗਲੇ ਨੂੰ ਗਹੁ ਨਾਲ ਤੱਕੋ ਤਾਂ ਨਦੀ, ਦਰਿਆ ਦੇ ਕਿਨਾਰੇ ਕਈ ਵਾਰ ਇੱਕ ਲੱਤ ਦੇ ਭਾਰ ਦੋਵੇਂ ਨੇਤਰ ਬੰਦ ਕਰਕੇ ਐਸੀ ਸਮਾਧੀ ਲਾਉਂਦਾ ਹੈ ਕਿ ਦੇਖਣ ਵਾਲਾ ਪ੍ਰਤੀਤ ਕਰਦਾ ਹੈ ਕਿ ਇਹ ਪੂਰੇ ਧਿਆਨ ਵਿੱਚ ਮਗਨ ਹੈ, ਪਰ ਪਤਾ ਉਦੋਂ ਲਗਦਾ ਹੈ ਕਿ ਇਸ ਦੀ ਸਮਾਧੀ

ਇੱਕ ਛਲ ਸੀ। ਇਹ ਅੰਦਰ ਤੋਂ ਆਪਣਾ ਸ਼ਿਕਾਰ ਮਾਰਨ ਵਾਸਤੇ ਹੀ ਐਸਾ ਪਾਜ ਕਰ ਰਿਹਾ ਸੀ। ਇਸੇ ਲਈ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥**

[ਸ੍ਰੀ ਦਸਮ ਗ੍ਰੰਥ, ਸ੍ਵਯਾ ੯, ਪੰਨਾ ੧੫]

ਸੋ, ਇਸੇ ਤਰ੍ਹਾਂ ਦਾ ਇੱਕ ਮਨਮੁਖ ਅਗਿਆਨੀ ਜੋ ਆਪਣੇ ਆਪ ਨੂੰ ਲੋਕਾਂ ਵਿੱਚ ਗਿਆਨੀ ਹੋਣ ਦਾ ਪਾਖੰਡ ਕਰਦਾ ਸੀ। ਉਸ ਦਾ ਪਾਜ ਨੰਗਾ ਹੋਣ ਤੋਂ ਉਸਨੂੰ ਦੁਖੀ ਹੋਣਾ ਪਿਆ ਸੀ। ਉਹ ਵੀਚਾਰ ਇਸ ਪ੍ਰਕਾਰ ਹੈ।

**ਸਾਖੀ—ਭਗਤ ਨਾਮਦੇਵ ਜੀ ਦੀ ਇੱਕ ਪਾਖੰਡੀ ਦੇ ਪ੍ਰਥਾਇ—**ਭਗਤ ਨਾਮਦੇਵ ਜੀ ਬੜੇ ਕਿਰਤੀ ਰੱਬ ਦੀ ਬੰਦਗੀ ਵਾਲੇ ਸਨ, ਜਿਨ੍ਹਾਂ ਦੀ ਭਗਤੀ ਦੀ ਚਰਚਾ ਰਹਿੰਦੀ ਦੁਨੀਆ ਤੱਕ ਰਹੇਗੀ, ਜਿਨ੍ਹਾਂ ਦੀ ਪ੍ਰੇਮਾ ਭਗਤੀ ਤੋਂ ਪ੍ਰਸੰਨ ਹੋ ਕੇ ਪ੍ਰਮੇਸ਼ਰ ਨੂੰ ਨਿਰਾਕਾਰ ਤੋਂ ਸਾਕਾਰ ਹੋ ਕੇ ਬਹੱਤਰ (੭੨) ਵਾਰ ਦਰਸ਼ਨ ਦੇਣੇ ਪਏ। ਵੱਖਰੇ-ਵੱਖਰੇ ਸੰਕਟ ਦੇ ਸਮੇਂ ਪ੍ਰਤੱਖ ਸਹਾਇਤਾ ਕਰਨੀ ਪਈ। ਕਈ ਵਾਰ ਗੁਪਤ ਰੂਪ ਹੋ ਕੇ ਭੀ ਭਗਤ ਜੀ ਦੀ ਰੱਖਿਆ ਕੀਤੀ। ਭਗਤ ਨਾਮਦੇਵ ਜੀ ਜਿਸ ਨਦੀ ਦੇ ਕਿਨਾਰੇ ਹਰ ਰੋਜ਼ ਕਪੜੇ ਧੋਇਆ ਕਰਦੇ ਸਨ, ਉਸੇ ਥਾਂ ’ਤੇ ਇੱਕ ਪਾਖੰਡੀ, ਜਿਸ ਦਾ ਲਿਬਾਸ ਸਾਧੂਆਂ ਵਾਲਾ ਸੀ। ਸਮਾਧੀ ਲਗਾ ਕੇ ਬੈਠਦਾ ਸੀ। ਇੱਕ ਦਿਨ ਇੱਕ ਸ਼ਾਹੂਕਾਰ ਦਾ ਲੜਕਾ ਇਸ਼ਨਾਨ ਕਰਨ ਵਾਸਤੇ ਉਸੇ ਘਾਟ ’ਤੇ ਆ ਪਹੁੰਚਿਆ। ਬੀਤੇ ਸਮੇਂ ਵਿੱਚ ਰੁਪਇਆਂ ਨੂੰ ਸੰਭਾਲਣ ਲਈ ਬੰਸਲੀਆਂ ਹੋਇਆ ਕਰਦੀਆਂ ਸਨ। ਰੁਪਇਆਂ ਦੀ ਬੰਸਲੀ ਤੇ ਗਲ ਵਾਲਾ ਸੋਨੇ ਦਾ ਹਾਰ ਲਾਹ ਕੇ ਕੱਪੜਿਆਂ ਵਿੱਚ ਰੱਖ ਦਿੱਤਾ ਤੇ ਇਸ਼ਨਾਨ ਕਰਨ ਲੱਗ ਪਿਆ। ਉਸ ਪਾਖੰਡੀ ਸਾਧੂ ਨੇ ਮੌਕੇ ਦਾ ਲਾਭ ਉਠਾਉਂਦਿਆਂ ਸੋਨੇ ਦਾ ਹਾਰ ਤੇ ਰੁਪਇਆਂ ਦੀ ਬੰਸਲੀ ਚੁੱਕ ਕੇ ਆਪਣੇ ਆਸਨ ਹੇਠ ਰੱਖ ਲਈ ਤੇ ਆਸਨ ਦੇ ਬਸਤਰ ਨਾਲ ਢਕ ਕੇ ਅੱਗੇ ਨਾਲੋਂ ਗੂੜ੍ਹੀ ਸਮਾਧੀ ਵਿੱਚ ਇਸਥਿਤ ਹੋ ਗਿਆ। ਭਗਤ ਨਾਮਦੇਵ ਜੀ ਪ੍ਰੇਮਾ ਭਗਤੀ ਵਿੱਚ ਮਸਤ ਹੋ ਕੇ ਹੱਥਾਂ-ਪੈਰਾਂ ਨਾਲ ਕੰਮ ਕਰੀ ਜਾ ਰਹੇ ਸਨ। ਧਿਆਨ ਪ੍ਰਮੇਸ਼ਰ ਦੇ ਨਾਮ ਵਿੱਚ ਇੰਨ੍ਹਾਂ ਜੁੜਿਆ ਹੋਇਆ ਸੀ ਕਿ ਨਾ ਤਾਂ ਉਨ੍ਹਾਂ ਨੂੰ ਉਸ ਪਾਖੰਡੀ ਸਾਧੂ ਦਾ ਪਤਾ ਸੀ ਕਿ ਇਥੇ ਕੋਈ ਸਮਾਧੀ ਲਾਈ ਬੈਠਾ ਹੈ ਤੇ ਨਾ ਹੀ ਨਹਾਉਣ ਵਾਲੇ ਸ਼ਾਹੂਕਾਰ ਦੇ ਪੁੱਤਰ ਦਾ, ਜਿਸ ਵੇਲੇ ਸ਼ਾਹੂਕਾਰ ਦਾ ਲੜਕਾ ਇਸ਼ਨਾਨ ਕਰਕੇ ਕੱਪੜਿਆਂ ਕੋਲ ਪਹੁੰਚਿਆ, ਬੜਾ ਹੈਰਾਨ ਹੋਇਆ ਕਿ ਨਾ ਸੋਨੇ ਦਾ ਹਾਰ ਤੇ ਨਾ ਹੀ ਰੁਪਇਆ ਦੀ ਬੰਸਲੀ ਨਜ਼ਰ ਆਈ। ਆਲਾ-ਦੁਆਲਾ ਦੇਖਿਆ ਕਿ ਨੇੜੇ ਹੋਰ ਕੋਈ ਨਹੀਂ, ਸਿਰਫ਼ ਦੋ ਵਿਅਕਤੀ ਨੇੜੇ ਹਨ। ਇੱਕ ਸਾਧੂ ਜੋ ਸਮਾਧੀ ਸਥਿਤ ਹੈ ਤੇ ਦੂਜਾ ਕਪੜੇ ਧੋਣ ਵਾਲਾ ਗ਼ਰੀਬ ਛੀਂਬਾ ਭਗਤ ਨਾਮਦੇਵ ਜੀ। ਸ਼ਾਹੂਕਾਰ ਦੇ ਲੜਕੇ ਨੇ ਸੋਚਿਆ ਕਿ ਮੇਰੀ ਚੋਰੀ ਇਨ੍ਹਾਂ ਦੋਹਾਂ ਤੋਂ ਬਿਨਾਂ ਤੀਸਰੇ ਕਿਸੇ ਹੋਰ ਪੁਰਸ਼ ਨੇ ਨਹੀਂ ਕੀਤੀ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੋਨਾਂ ਵਿੱਚ ਚੋਰ ਕੌਣ ਹੈ ? ਸੋਚਿਆ ਕਿ ਇਹ ਤਾਂ ਮਹਾਤਮਾ ਹਨ, ਜਿਨ੍ਹਾਂ ਨੇ ਪਹਿਲਾਂ ਹੀ ਆਪਣਾ ਘਰ-ਬਾਰ, ਪਦਾਰਥ, ਮਾਇਆ ਸਭ ਕੁਝ ਤਿਆਗਿਆ ਹੋਇਆ ਹੈ ਅਤੇ ਕਿਤਨੀ ਦੇਰ ਦੇ ਧਿਆਨ ਸਾਧਨਾ ਵਿੱਚ ਜੁੜੇ ਹੋਏ ਹਨ। ਇਨ੍ਹਾਂ ’ਤੇ ਸ਼ੱਕ ਕਰਨਾ ਤਾਂ ਬਹੁਤ ਵੱਡਾ ਪਾਪ ਹੋਵੇਗਾ। ਚੋਰੀ ਕੀਤੀ ਹੈ ਤਾਂ ਕੇਵਲ ਕੱਪੜੇ ਧੋਣ ਵਾਲੇ ਆਪਣੇ ਆਪ ਨੂੰ ਭਗਤ ਕਹਾਉਣ ਵਾਲੇ ਇਸ ਨਾਮਦੇਵ ਨੇ ਕੀਤੀ ਹੈ। ਕਿਉਂਕਿ ਇਹ ਗ੍ਰਿਹਸਥੀ ਭੀ ਹੈ ਅਤੇ ਇਸ ਦੇ ਘਰ ਵਿੱਚ ਗ਼ਰੀਬੀ ਭੀ ਹੈ। ਇਹ ਸੋਚ ਕੇ ਨਾਮਦੇਵ ਜੀ ਨੂੰ ਜਾ ਕੇ ਗੱਲ ਤੋਂ ਫੜ ਲਿਆ। ਗ਼ੁੱਸੇ ਵਿੱਚ ਆ ਕੇ ਕਹਿਣ ਲੱਗਾ ਕਿ ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ ਤਾਂ ਮੇਰੀਆਂ ਚੁੱਕੀਆਂ ਵਸਤੂਆਂ ਮੇਰੇ ਹਵਾਲੇ ਕਰ ਦੇ, ਨਹੀਂ ਤੇਰਾ ਮਾਰ-ਮਾਰ ਕੇ ਬੁਰਾ ਹਾਲ ਕਰ ਦਿਆਂਗਾ। ਨਾਮਦੇਵ ਜੀ ਨੇ ਕਿਹਾ ਕਿ ਭਾਈ ਪੁਰਸ਼ਾਂ ! ਮੈਂ ਤੇ ਜ਼ਿੰਦਗੀ ’ਚ ਕਦੇ ਕੋਈ ਕਿਸੇ ਦੀ ਕੱਖ ਜਿੰਨੀ ਵਸਤੂ ਭੀ ਚੋਰੀ ਨਹੀਂ ਕੀਤੀ। ਮੈਂ ਤੇ ਕਿਰਤ ਵਿੱਚ ਵਿਸ਼ਵਾਸ ਰੱਖਣ ਵਾਲਾ ਪੁਰਸ਼ ਹਾਂ, ਕਿਸੇ ਦਾ ਧਨ ਖਾਣ ਵਾਲਿਆਂ ਦਾ ਤਾਂ ਮੈਂ ਖ਼ੁਦ ਹੀ ਵਿਰੋਧ ਕਰਦਾ ਹਾਂ। ਜੇ ਮੈਂ ਹੀ ਹਰਾਮ ਦਾ ਧਨ ਖਾਵਾਂ ਤਾਂ ਮੇਰੇ ਸੰਗੀਆਂ ’ਤੇ ਮੇਰੇ ਕਹਿਣ ਦਾ ਕੀ ਅਸਰ ਹੋਵੇਗਾ। ਨਾਮਦੇਵ ਜੀ ਨੇ ਸੱਚ ਕਿਹਾ, ਪਰ ਉਸ ਨੌਜਵਾਨ ਨੂੰ ਵਿਸ਼ਵਾਸ ਨਾ ਆਇਆ। ਰੌਲਾ ਪੈਣ ਤੋਂ ਝਗੜਾ ਸੁਣ ਕੇ ਜਿਹੜੇ ਲੋਕੀਂ ਆਲੇ-ਦੁਆਲੇ ਨਦੀ ’ਤੇ ਇਸ਼ਨਾਨ ਕਰਦੇ ਸਨ

ਜਾਂ ਘੁੰਮ ਰਹੇ ਸਨ, ਲੋਕਾਂ ਦੀ ਭੀੜ ਹੋ ਗਈ। ਸਿਆਣੇ ਪੁਰਸ਼ਾਂ ਨੇ ਝਗੜਾ ਨਿਬੇੜਨਾ ਚਾਹਿਆ। ਕਈਆਂ ਨੇ ਉਸ ਲੜਕੇ ਨੂੰ ਸਮਝਾਇਆ ਕਿ ਮਾਰ-ਕੁਟਾਈ ਨਾਲੋਂ ਝਗੜਾ ਜ਼ੁਬਾਨ ਨਾਲ ਹੀ ਨਿਬੜਿਆ ਠੀਕ ਹੈ। ਕਈਆਂ ਨੇ ਨਾਮਦੇਵ ਜੀ ਨੂੰ ਸਮਝਾਇਆ ਕਿ ਜੇ ਤੂੰ ਐਸਾ ਕਰ ਹੀ ਲਿਆ, ਤੂੰ ਵਾਪਸ ਕਰ ਦੇ। ਨਾਮਦੇਵ ਜੀ ਕਿਥੋਂ ਵਾਪਸ ਕਰਨ, ਜਦੋਂ ਕੋਲ ਹੈ ਹੀ ਨਹੀਂ। ਗੱਲ ਕੋਈ ਨਾ ਮੁੱਕੀ ਤੇ ਲੋਕੀਂ ਹੋਰ ਇਕੱਠੇ ਹੋ ਗਏ। ਪ੍ਰਮੇਸ਼ਰ ਨੇ ਐਸੀ ਨਾਮਦੇਵ ਜੀ ਦੀ ਮਦਦ ਕੀਤੀ। ਬੜੀ ਤੇਜ਼ ਰਫ਼ਤਾਰ ਦੀ ਹਵਾ ਚੱਲ ਪਈ, ਜਿਸ ਹਵਾ ਨਾਲ ਪਾਖੰਡੀ ਸਾਧੂ ਦਾ ਆਸਨ ਇਕੱਠਾ ਹੋ ਗਿਆ ਤੇ ਸੋਨੇ ਦਾ ਹਾਰ ਲੜਕੇ ਦੇ ਨਜ਼ਰ ਪੈ ਗਿਆ ਤੇ ਹੋਰ ਲੋਕਾਂ ਨੇ ਭੀ ਵੇਖ ਲਿਆ। ਫਿਰ ਉਸ ਲੜਕੇ ਨੇ ਸਾਧੂ ਦੇ ਗਲ ਵਿੱਚ ਪਰਨਾ ਪਾ ਕੇ ਚੰਗਾ ਘੜੀਸਿਆ। ਸਾਰੇ ਪਰ੍ਹੇ ਵਿੱਚ ਬੇਇੱਜ਼ਤੀ ਕੀਤੀ। ਚੰਗੀ ਕੁੱਟ ਮੁਰੰਮਤ ਹੋਈ ਅਤੇ ਉਸ ਸ਼ਾਹੂਕਾਰ ਨੌਜਵਾਨ ਬੱਚੇ ਨੇ ਨਾਮਦੇਵ ਜੀ ਦੇ ਪੈਰਾਂ 'ਤੇ ਸਿਰ ਰੱਖ ਕੇ ਮਾਫ਼ੀ ਮੰਗੀ ਕਿ ਭਗਤ ਜੀ! ਮੈਨੂੰ ਮਾਫ਼ ਕਰ ਦਿਓ। ਮੈਂ ਤੁਹਾਡੀ ਬੇਅਦਬੀ ਕੀਤੀ ਹੈ, ਪਰ ਮੈਂ ਅਗਿਆਨ ਦੇ ਵਸ ਸਾਧੂ ਨੂੰ ਚੋਰ ਤੇ ਚੋਰ ਨੂੰ ਸਾਧੂ ਸਮਝ ਬੈਠਾਂ। ਇਸ ਪਾਪ ਤੋਂ ਕਿਵੇਂ ਛੁਟਕਾਰਾ ਪਾਵਾਂਗਾ? ਨਾਮਦੇਵ ਜੀ, ਜਿਨ੍ਹਾਂ ਦਾ ਹਿਰਦਾ ਬਿਲਕੁਲ ਸ਼ਾਂਤ ਸੀ, ਸਾਰੇ ਲੋਕਾਂ ਨੂੰ ਬਿਠਾ ਕੇ ਉਸ ਪਾਖੰਡੀ 'ਤੇ ਤਰਸ ਕਰ ਕੇ ਉਸ ਨੂੰ ਉਪਦੇਸ਼ ਦੇਣ ਲੱਗੇ ਅਤੇ ਉਹ ਪਾਖੰਡੀ ਆਪਣੀ ਹੋਈ ਬੇਇੱਜ਼ਤੀ 'ਤੇ ਅਫ਼ਸੋਸ ਕਰਦਾ ਸੀ। ਉਪਰੋਕਤ ਮੂਲ ਦੀ ਤੁਕ ਵਿੱਚ ਜੋ ਸਿਧਾਂਤ ਆਇਆ ਹੈ ਕਿ ਐਸੇ ਮਨਮੁਖ ਪਾਖੰਡੀ ਲੋਕ ਜੋ ਕਪਟ ਕਰਨ ਵਾਲੇ ਹੋਣ, ਉਨ੍ਹਾਂ ਦਾ ਧਿਆਨ ਤਾਂ ਕੀ ਲਗਣਾ ਹੈ, ਬਲਕਿ ਲੋਕ-ਪ੍ਰਲੋਕ ਵਿੱਚ ਦੁਖੀ ਹੁੰਦੇ ਹਨ। ਨਾਮਦੇਵ ਜੀ ਉਸ ਪਾਖੰਡੀ ਪ੍ਰਥਾਇ ਕਹਿੰਦੇ ਹਨ। ਜੈਸਾ ਕਿ:

**ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥**
**ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥੧॥**
**ਕਾਹੇ ਕਉ ਕੀਜੈ ਧਿਆਨੁ ਜਪੰਨਾ॥**
**ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ਰਹਾਉ॥**
**ਸਿੰਘਚ ਭੋਜਨੁ ਜੋ ਨਰੁ ਜਾਨੈ॥**
**ਐਸੇ ਹੀ ਠਗ ਦੇਉ ਬਖਾਨੈ॥੨॥**
**ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥**
**ਰਾਮ ਰਸਾਇਨ ਪੀਓ ਰੇ ਦਗਰਾ॥੩॥੪॥** [ਆਸਾ ਨਾਮਦੇਵ ਜੀਉ, ਅੰਗ ੪੮੫-੮੬]

ਇਸੇ ਤਰ੍ਹਾਂ ਪਾਖੰਡ ਦਾ ਖੰਡਨ ਪੰਡਿਤ ਗੁਲਾਬ ਸਿੰਘ ਜੀ ਕਰਦੇ ਹਨ। ਜੈਸਾ ਕਿ:

**੧. ਜਿਨ ਕੇ ਮਨ ਮੈ ਹਰਿ ਧਯਾਨ ਨਹੀਂ, ਸੁਭ ਪੰਥਨ ਤੇ ਮਿਟ ਜਾਵਹਿੰਗੇ॥**
**ਤਜਿ ਸੰਜਮ ਨੇਮ ਅਸ਼ੰਕ ਰਹੇਂ, ਜਗ ਭੀਤਰ ਸਿਧ ਕਹਾਵਹਿੰਗੇ॥**
**ਤਜਿ ਪੰਥ ਸਨਾਤਨ ਮਾਹਿ ਕਲੂ, ਮਨ ਬਾਂਛਤ ਪੰਥ ਚਲਾਵਹਿੰਗੇ॥**
**ਜਗ ਫੈਲਹਿਗੋ ਇਹ ਭਾਂਤਿ ਕਲੂ, ਸੁਭ ਸੰਤ ਅਨਾਦਰ ਪਾਵਹਿੰਗੇ॥੧੩੫॥**

[ਪ੍ਰਬੋਧ ਚੰਦਰ ਨਾਟਕ, ਅਧਿ: ੩]

**੨. ਜਗ ਤਜੈਂ ਨ ਮਾਯਾ ਮੋਹ, ਨਾਮ ਅਤੀਤ ਕਹਾਵੈਂ॥**
**ਘਰ ਮੈਂ ਲੇਹਿੰ ਕੁਸੀਦ, ਭੀਖ ਪੁਨ ਮਾਂਗਨ ਜਾਵੈਂ॥**
**ਰੈਨ ਕਰੇਂ ਰਸ-ਭੋਗ, ਦਿਨੇ ਤਨ ਭਸਮ ਲਗਾਵੈਂ॥**
**ਆਪ ਕਰੈਂ ਸਭ ਪਾਪ, ਔਰ ਕੋ ਧਰਮ ਬਤਾਵੈਂ॥**
**ਇਹ ਭਾਂਤਿ ਅਤੀਤ ਸੁ ਮੈਂ ਕਰੇ, ਨਖ-ਸਿਖ ਲੌਂ ਅਭਿਮਾਨ ਅਤਿ॥**
**ਉਰ ਨਿਸ ਬਾਸਰ ਦਮੜਾ ਚਹੈਂ, ਕਬਹੂੰ ਨ ਹੋਵੈ ਰਾਮ ਰਤਿ॥੯੨॥**

[ਪ੍ਰਬੋਧ ਚੰਦਰ ਨਾਟਕ, ਅਧਿ: ੨]

ਐਸੇ ਮਨਮੁਖ ਕਪਟੀਆਂ ਦੀ ਅਵਸਥਾ ਅੱਗੇ ਦਸਦੇ ਹਨ।

## *ਦੁਖ ਵਿਚਿ ਕਾਰ ਕਮਾਵਣੀ; ਦੁਖੁ ਵਰਤੈ ਦੁਖੁ ਆਗੈ ॥*

ਉਨ੍ਹਾਂ ਮਨਮੁਖ ਕਪਟੀਆਂ ਨੇ ਬੀਤੇ ਸਮੇਂ ਵਿੱਚ ਭੀ ਦੁਖ ਦੀ ਹੀ ਕਾਰ ਕਮਾਈ ਸੀ ਤੇ ਹੁਣ ਭੀ ਦੁਖ ਵਿੱਚ ਹੀ ਵਰਤੈ=ਵਰਤ ਰਹੇ ਹਨ। ਆਗੈ=ਪ੍ਰਲੋਕ ਵਿੱਚ ਜਾ ਕੇ ਭੀ ਦੁਖ ਨੂੰ ਵਰਤੈ=ਭੋਗਣਗੇ।

## *ਕਰਮੀ ਸਤਿਗੁਰੁ ਭੇਟੀਐ; ਤਾ ਸਚਿ ਨਾਮਿ ਲਿਵ ਲਾਗੈ ॥*

ਪਹਿਲੇ ਜਨਮਾਂ ਦੇ ਸ੍ਰੇਸ਼ਟ ਕਰਮੀ=ਕਰਮਾ ਅਨੁਸਾਰ ਸਤਿਗੁਰੂ ਨੂੰ ਭੇਟੀਐ=ਮਿਲੀਦਾ ਹੈ। ਤਾਂ ਸਚ ਸਰੂਪ ਪ੍ਰਮੇਸ਼ਰ ਦੇ ਨਾਮ ਵਿੱਚ ਲਿਵ=ਬਿਰਤੀ ਲਗਦੀ ਹੈ। ਜੈਸਾ ਕਿ :

**ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥** [ਮਾਰੂ ਮਹਲਾ ੩, ਅੰਗ ੧੦੬੮]

## *ਨਾਨਕ ਸਹਜੇ ਸੁਖੁ ਹੋਇ; ਅੰਦਰਹੁ ਭ੍ਰਮੁ ਭਉ ਭਾਗੈ ॥੧॥*

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਤਾਂ ਸਹਜੇ=ਸੁਭਾਵਕ ਹੀ ਸੁਖੁ ਭਾਵ ਆਤਮ ਸੁਖ ਦੀ ਪ੍ਰਾਪਤੀ ਹੋਇ=ਹੁੰਦੀ ਹੈ ਅਤੇ ਅੰਤਸ਼ਕਰਣ ਵਿੱਚੋਂ ਪੰਜ ਪ੍ਰਕਾਰ ਦਾ ਭਰਮ ਤੇ ਸੱਤ ਪ੍ਰਕਾਰ ਦਾ ਭਉ=ਡਰ ਭਾਗੈ=ਨਾਸ਼ ਹੋ ਜਾਂਦਾ ਹੈ ॥੧॥

## *ਮਃ ੩ ॥ ਗੁਰਮੁਖਿ ਸਦਾ ਹਰਿ ਰੰਗੁ ਹੈ; ਹਰਿ ਕਾ ਨਾਉ ਮਨਿ ਭਾਇਆ ॥*

ਗੁਰਮੁਖਾਂ ਨੂੰ ਸਦਾ=ਹਮੇਸ਼ਾ ਹਰਿ=ਵਾਹਿਗੁਰੂ ਦਾ ਰੰਗੁ=ਅਨੰਦ **ਅਥਵਾ** ਪ੍ਰੇਮ ਹੈ, ਇਸ ਲਈ ਉਨ੍ਹਾਂ ਦੇ ਮਨ ਵਿੱਚ ਹਰੀ ਪ੍ਰਮੇਸ਼ਰ ਦਾ ਨਾਉ=ਨਾਮ ਭਾਇਆ=ਚੰਗਾ ਲਗਿਆ ਹੈ। ਜੈਸਾ ਕਿ :

**ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ ਮਨ ਚਿੰਦਿਅੜਾ ਫਲੁ ਪਾਵੈ ਰਾਮ ॥**

[ਰਾਗ ਬਿਹਾਗੜਾ ਮਹਲਾ ੪, ਅੰਗ ੫੩੮]

## *ਗੁਰਮੁਖਿ ਵੇਖਣੁ ਬੋਲਣਾ; ਨਾਮੁ ਜਪਤ ਸੁਖੁ ਪਾਇਆ ॥*

ਗੁਰਮੁਖਾਂ ਦਾ ਵੇਖਣਾ ਅਤੇ ਬੋਲਣਾ ਸਫਲ ਹੈ, **ਵਾ:** ਗੁਰਮੁਖ ਹਮੇਸ਼ਾ ਪ੍ਰਮੇਸ਼ਰ, **ਵਾ:** ਗੁਰੂ ਨੂੰ ਵੇਖਦੇ ਭਾਵ ਦਰਸ਼ਨ ਕਰਦੇ ਹਨ ਅਤੇ ਪ੍ਰਮੇਸ਼ਰ ਦਾ ਜਸ ਰਸਨਾ ਨਾਲ ਬੋਲਣਾ ਕਰਦੇ ਹਨ। ਗੁਰਮੁਖਾਂ ਨੇ ਨਾਮ ਜਪਦਿਆਂ ਸਦਾ=ਨਿਤ ਸੁਖ ਨੂੰ ਪਾਇਆ ਹੈ। ਜੈਸਾ ਕਿ :

**ਇਕੋ ਆਪਿ ਫਿਰੈ ਪਰਛੰਨਾ ॥ ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥**

[ਮਾਝ ਮਹਲਾ ੩, ਅੰਗ ੧੧੧]

## *ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ;*
## *ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖਾਂ ਨੂੰ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਇਆ ਹੈ। ਜਿਸ ਨਾਲ ਅਤਿਸੈ ਕਰਕੇ ਅਗਿਆਨ ਰੂਪੀ ਤਿਮਰ ਅੰਧੇਰੁ=ਮਹਾਂ ਘੁੱਪ ਹਨੇਰਾ ਦੂਰ ਹੋ ਗਿਆ ॥੨॥ ਜੈਸਾ ਕਿ :

**੧. ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨੁ ਪ੍ਰਗਾਸੁ ਅਗਿਆਨੁ ਮਿਟੰਤੁ ॥**

[ਵਾਰ ਸੂਹੀ ਮਃ ੧, ਅੰਗ ੭੯੧]

੨. **ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥**

[ਗਉੜੀ ਮਹਲਾ ੪, ਅੰਗ ੧੭੨]

੩. **ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥**

[ਸਿਰੀਰਾਗੁ ਮਹਲਾ ੩, ਅੰਗ ੩੯]

## *ਮਃ ੩ ॥ ਮਨਮੁਖ ਮੈਲੇ ਮਰਹਿ ਗਵਾਰ ॥*

ਮਨਮੁਖ ਮੂਰਖ ਪਾਪਾਂ ਰੂਪ ਮੈਲ ਕਰਕੇ ਮੈਲੇ ਹਨ ਅਤੇ ਇਸ ਕਰਕੇ ਹੀ ਜੰਮਦੇ ਮਰਦੇ ਰਹਿੰਦੇ ਹਨ।

## *ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥*

ਗੁਰਮੁਖ ਜਨ ਪਾਪਾਂ ਰੂਪ (ਨਿਰ+ਮਲ) ਮਲ=ਮੈਲ ਤੋਂ ਨਿਰ=ਰਹਿਤ ਹਨ, ਕਿਉਂਕਿ ਉਨ੍ਹਾਂ ਨੇ ਹਿਰਦੇ ਵਿੱਚ ਹਰਿ=ਪ੍ਰਮੇਸ਼ਰ ਦੇ ਨਿਰਮਲ ਨਾਮ ਨੂੰ ਧਾਰਨ ਕਰਕੇ ਰਖਿਆ ਹੈ।

## *ਭਨਤਿ ਨਾਨਕੁ; ਸੁਣਹੁ ਜਨ ਭਾਈ ॥<br>ਸਤਿਗੁਰੁ ਸੇਵਿਹੁ; ਹਉਮੈ ਮਲੁ ਜਾਈ ॥*

ਸਤਿਗੁਰੂ ਜੀ ਭਨਤਿ=ਉਚਾਰਨ ਕਰਦੇ ਹਨ ਕਿ ਹੇ ਭਾਈ ਜਨੋ! ਸੁਨਣਾ ਕਰੋ ਸਤਿਗੁਰਾਂ ਦੀ ਅਗਿਆ ਮੰਨਣ ਰੂਪ ਸੇਵਾ ਕਰੋਗੇ ਤਾਂ ਹਉਮੈ=ਹੰਗਤਾ-ਮਮਤਾ ਦੀ ਮੈਲ ਲਹਿ ਜਾਵੇਗੀ।

## *ਅੰਦਰਿ ਸੰਸਾ ਦੂਖੁ ਵਿਆਪੇ; ਸਿਰਿ ਧੰਧਾ ਨਿਤ ਮਾਰ ॥*

ਮਨਮੁਖਾਂ ਦੇ ਹਿਰਦੇ ਅੰਦਰ ਦੁਖਦਾਈ ਸੰਸਾ=ਭਰਮ ਵਿਆਪੇ=ਬਿਆਪਤ ਹੋ ਰਿਹਾ, ਭਾਵ ਲੱਗ ਰਿਹਾ ਹੈ, **ਵਾ:** ਅੰਦਰ ਸੰਸਾ ਹੋਣ ਕਰਕੇ ਦੁਖ ਵਿਆਪ ਰਿਹਾ ਹੈ ਅਤੇ ਸੰਸੇ ਕਰਕੇ ਹੀ ਪ੍ਰਮੇਸ਼ਰ ਦੇ ਨਾਮ ਨੂੰ ਛੱਡ ਕੇ ਸੰਸਾਰੀ ਧੰਧਿਆਂ ਵਿੱਚ ਨਿਤਾਪ੍ਰਤੀ ਸਿਰ ਮਾਰਦਾ ਹੈ, ਭਾਵ ਹਰ ਸਮੇਂ ਸੰਸਾਰੀ ਧੰਧੇ ਹੀ ਕਰਦਾ ਹੈ।

## *ਦੂਜੈ ਭਾਇ ਸੁਤੇ ਕਬਹੁ ਨ ਜਾਗਹਿ; ਮਾਇਆ ਮੋਹ ਪਿਆਰ ॥*

ਜਿਨ੍ਹਾਂ ਦੇ ਅੰਦਰ ਮਾਇਆ ਦੇ ਮੋਹ ਦਾ ਪਿਆਰ ਹੈ, ਉਹ ਦ੍ਵੈਤ ਭਾਵ ਵਿੱਚ ਸੁਤੇ ਹੋਏ ਕਦੇ ਨਹੀਂ ਜਾਗਦੇ। **ਵਾ:** ਦ੍ਵੈਤ ਭਾਵ ਕਰਕੇ ਅਵਿਦਿਆ ਦੀ ਨੀਂਦ ਵਿੱਚ ਸੁਤੇ ਹੋਏ ਕਦੇ ਵੀ ਗਿਆਨ ਰੂਪ ਜਾਗ੍ਰਤ ਅਵਸਥਾ ਵਿੱਚ ਨਹੀਂ ਜਾਗਦੇ, ਕਿਉਂਕਿ ਉਨ੍ਹਾਂ ਦਾ ਮਾਇਆ ਦੇ ਮੋਹ ਵਿੱਚ ਪਿਆਰ ਹੈ।

## *ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ; ਇਹੁ ਮਨਮੁਖ ਕਾ ਬੀਚਾਰ ॥*

ਪ੍ਰਮੇਸ਼ਰ ਦੇ ਨਾਮ ਨੂੰ ਨਹੀਂ ਸਿਮਰਦੇ ਅਤੇ ਗੁਰੂ ਦੇ ਸਬਦੁ=ਉਪਦੇਸ ਨੂੰ ਵੀ ਵੀਚਾਰਦੇ ਨਹੀਂ ਹਨ, ਇਹ ਮਨਮੁਖਾਂ ਦੀ ਵੀਚਾਰ ਹੈ।

## *ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ;<br>ਨਾਨਕ ਜਮੁ ਮਾਰਿ ਕਰੇ ਖੁਆਰ ॥੩॥*

ਹਰਿ=ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਕਰਨਾ ਮਨਮੁਖਾਂ ਨੂੰ ਭਾਇਆ=ਚੰਗਾ ਨਹੀਂ ਲਗਿਆ, ਜਿਸ ਕਰਕੇ

ਉਨ੍ਹਾਂ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅੰਤ ਨੂੰ ਜਮ ਉਨ੍ਹਾਂ ਮਨਮੁਖਾਂ ਨੂੰ ਮਾਰ ਕੇ ਖੁਆਰ=ਖ਼ਰਾਬ ਕਰਨਗੇ।

### *ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ; ਸੋ ਸਚਾ ਸਾਹੁ ॥*

ਜਿਸ ਨੂੰ ਹਰਿ=ਪ੍ਰਮੇਸ਼ਰ ਨੇ ਸੱਚੀ ਭਗਤੀ ਕਰਨੀ ਬਖ਼ਸ਼ੀ ਹੈ, ਉਹ ਸੱਚਾ ਸ਼ਾਹੂਕਾਰ ਹੈ।

### *ਤਿਸ ਕੀ ਮੁਹਤਾਜੀ ਲੋਕੁ ਕਢਦਾ; ਹੋਰਤੁ ਹਟਿ ਨ ਵਥੁ, ਨ ਵੇਸਾਹੁ ॥*

ਸਾਰਾ ਲੋਕੁ=ਜਗਤ ਉਸ ਭਗਤੀ ਕਰਨ ਵਾਲੇ ਦੀ ਮੁਹਤਾਜੀ=ਮੁਥਾਜੀ ਕਢਦਾ, ਭਾਵ ਖ਼ੁਸ਼ਾਮਦ ਕਰਦਾ ਹੈ। ਕਿਉਂਕਿ ਹੋਰ ਕਿਸੇ ਸਰੀਰ ਰੂਪੀ ਹੱਟੀ ਤੋਂ ਨਾ ਤਾਂ ਨਾਮ ਰੂਪ ਵਸਤੂ ਮਿਲਦੀ ਹੈ ਅਤੇ ਨਾ ਹੀ ਕਿਸੇ ਦਾ ਵੇਸਾਹੁ=ਭਰੋਸਾ ਹੈ।

### *ਭਗਤ ਜਨਾ ਕਉ ਸਨਮੁਖੁ ਹੋਵੈ; ਸੁ ਹਰਿ ਰਾਸਿ ਲਏ, ਵੇਮੁਖ ਭਸੁ ਪਾਹੁ ॥*

ਜੋ ਪੁਰਸ਼ ਭਗਤ ਜਨਾਂ ਦੇ ਸਨਮੁਖ ਹੁੰਦਾ ਹੈ ਉਹ ਹਰਿ=ਪ੍ਰਮੇਸ਼ਰ ਦੇ ਨਾਮ ਦੀ ਰਾਸਿ=ਪੂੰਜੀ ਇਕੱਠੀ ਕਰ ਲੈਂਦਾ ਹੈ ਅਤੇ ਵੇਮੁਖਾਂ ਦੇ ਸਿਰ ਉੱਤੇ ਪ੍ਰਤੱਖ ਸੁਆਹ, **ਵਾ:** ਲਾਹਨਤਾਂ ਰੂਪ ਸੁਆਹ ਪੈਂਦੀ ਹੈ।

### *ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ;*
### *ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥*

ਜੋ ਹਰਿ=ਪ੍ਰਮੇਸ਼ਰ ਦੇ ਨਾਮ ਦੇ ਵਪਾਰੀ ਹਨ, ਉਹੀ ਹਰਿ=ਪ੍ਰਮੇਸ਼ਰ ਦੇ ਅਸਲੀ ਭਗਤ ਹਨ ਅਤੇ ਜਮ ਰੂਪੀ ਜਾਗਾਤੀ=ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ।

### *ਜਨ ਨਾਨਕਿ ਹਰਿ ਨਾਮ ਧਨੁ ਲਦਿਆ; ਸਦਾ ਵੇਪਰਵਾਹੁ ॥੭॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਜਗਿਆਸੂ ਜਨ ਨੇ ਹਰਿ=ਪ੍ਰਮੇਸ਼ਰ ਦਾ ਨਾਮ ਰੂਪੀ ਧਨ ਬੁੱਧੀ ਰੂਪ ਗੱਡੇ ਵਿੱਚ ਲੱਦਿਆ ਹੈ, ਉਹ ਸਦਾ ਹੀ ਬੇ-ਪਰਵਾਹ ਰਹਿੰਦਾ ਹੈ॥੭॥ ਜੈਸਾ ਕਿ :

**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥** [ਗਉੜੀ ਰਵਿਦਾਸ ਜੀ, ਅੰਗ ੩੪੬]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੫ [ਆਦਿ ਅੰਗ ੯੫੩]

***ਸਲੋਕੁ ਮਃ ੩ ॥ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥ ਮਃ ੩ ॥ ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥ ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥ ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥ ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥ ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥ ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥ ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥ ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥***

## ਸਲੋਕੁ ਮਃ ੩ ॥

ਇਹ ਮੁਖਵਾਕ ਬਿਲਾਵਲ ਦੀ ਵਾਰ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੀ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ, ਜਿਸ ਵਿੱਚ ਸੜਦੇ-ਬਲਦੇ ਸੰਸਾਰ ਨੂੰ ਬਚਾਉਣ ਲਈ ਬੇਨਤੀ ਕਰਦੇ ਹਨ।

## ਜਗਤੁ ਜਲੰਦਾ ਰਖਿ ਲੈ; ਆਪਣੀ ਕਿਰਪਾ ਧਾਰਿ ॥

ਹੇ ਵਾਹਿਗੁਰੂ ! ਇਹ ਜਗਤੁ=ਜਗ, ਸੰਸਾਰ ਕਾਮ, ਕ੍ਰੋਧ, ਤ੍ਰਿਸ਼ਨਾ ਆਦਿ ਦੀ ਅੱਗ ਵਿੱਚ ਜਲੰਦਾ=ਸੜ ਰਿਹਾ ਹੈ। ਤੁਸੀਂ ਆਪਣੀ ਕਿਰਪਾ ਦ੍ਰਿਸ਼ਟੀ ਧਾਰਿ=ਧਾਰ ਕੇ ਰਖਿ ਲੈ=ਰੱਖਿਆ ਕਰਨੀ ਕਰੋ। ਜੈਸਾ ਕਿ :

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥**
**ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥** [ਸੋਰਠਿ ਮਹਲਾ ੫, ਅੰਗ ੬੧੩]

ਕਥਨ ਕੀਤਾ ਹੈ ਕਿ ਹੇ ਵਾਹਿਗੁਰੂ ! ਜਿਸ ਤਰ੍ਹਾਂ ਆਪ ਜੀ ਨੇ ਮਾਤਾ ਦੇ ਗਰਭ ਵਿੱਚ ਆਪਣਾ ਸਿਮਰਨ ਦੇ ਕੇ ਰੱਖਿਆ ਕੀਤੀ ਹੈ, ਇਹ ਸੰਸਾਰ ਜੋ ਤ੍ਰਿਸ਼ਨਾ ਰੂਪ ਅਗਨੀ ਦਾ ਸਮੁੰਦਰ ਹੋ ਰਿਹਾ ਹੈ। ਜਿਵੇਂ ਸਮੁੰਦਰ ਵਿੱਚ ਪਾਣੀ ਹੀ ਪਾਣੀ ਹੁੰਦਾ ਹੈ, ਇਸ ਤਰ੍ਹਾਂ ਸੰਸਾਰ ਵਿੱਚ ਤ੍ਰਿਸ਼ਨਾ ਹੀ ਤ੍ਰਿਸ਼ਨਾ ਨਜ਼ਰ ਆ ਰਹੀ ਹੈ। ਇਹੀ ਇੱਕ ਅਗਨੀ ਦਾ ਰੂਪ ਹੈ। ਇਸ ਅਗਨੀ ਦੇ ਸਮੁੰਦਰ ਦੀਆਂ ਰਾਗ, ਦਵੈਸ਼ ਰੂਪ ਅਣਗਿਣਤ ਲਹਿਰਾਂ ਹਨ। ਹੇ ਤਾਰਣਹਾਰੇ ਵਾਹਿਗੁਰੂ ! ਜਿਵੇਂ ਮਾਤਾ ਦੇ ਉਦਰ ਦੀ ਅਗਨੀ ਤੋਂ ਬਚਾਇਆ ਹੈ, ਇਸੇ ਤਰ੍ਹਾਂ ਸੰਸਾਰ ਦੀ ਅਗਨੀ ਤੋਂ ਬਚਾਉਣਾ ਕਰੋ। ਸੋ ਇਸੇ ਵੀਚਾਰ ਨੂੰ ਇੱਕ ਜਗ੍ਹਾ ਸਤਿਗੁਰੂ ਜੀ ਐਸਾ ਫ਼ੁਰਮਾਨ ਕਰਦੇ ਹਨ :

**ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥**
**ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥** [ਵਾਰ ਮਾਝ ਮਹਲਾ ੧, ਅੰਗ ੧੪੭]

ਹੰਸੁ=ਜੀਵ ਹਿੰਸਾ ਹੇਤੁ=ਹਿਤ, ਮੋਹ ਭਾਵ ਜੀਵ ਹਿੰਸਾ ਕਰਕੇ ਉਨ੍ਹਾਂ ਦੇ ਮਾਸ ਖਾਣ ਦਾ ਅਤੇ ਸੰਬੰਧੀਆਂ ਦਾ ਮੋਹ, ਮਾਇਆ ਇਕੱਠੀ ਕਰਨ ਦਾ ਲੋਭੁ=ਲਾਲਚ ਹਿਰਦੇ ਨੂੰ ਸਾੜਨ ਵਾਲਾ ਕ੍ਰੋਧ, ਇਹ ਚਾਰੇ ਅਗਨੀ ਦੀਆਂ ਨਦੀਆਂ ਹਨ। ਸਤਿਗੁਰੂ ਜੀ ਨੇ ਕਥਨ ਕੀਤਾ ਹੈ ਕਿ ਇਨ੍ਹਾਂ ਨਦੀਆਂ ਵਿੱਚ ਜਿਹੜਾ ਵੀ ਪ੍ਰਵੇਸ਼ ਹੋਏਗਾ, ਸੋ

ਦਝਹਿ=ਦਗਧ ਹੋ ਜਾਏਗਾ, **ਅਥਵਾ** ਇਨ੍ਹਾਂ ਵਿੱਚ ਪੈ ਕੇ ਜੀਵ ਦਗਧ ਹੋ ਰਹੇ ਹਨ। ਉਤਮ ਭਾਗ ਹੋਣ ਤਾਂ ਗੁਰੂ ਤੋਂ ਨਾਮ, ਗਿਆਨ ਪ੍ਰਾਪਤ ਹੋ ਕੇ ਇਨ੍ਹਾਂ ਅਗਨੀਆਂ ਦੀਆਂ ਨਦੀਆਂ ਤੋਂ ਤਰਣਾ ਹੁੰਦਾ ਹੈ। ਜੈਸਾ ਕਿ :

**ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ॥**
**ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ॥੧॥**

[ਵਾਰ ਸੋਰਠਿ ਮਹਲਾ ੩, ਅੰਗ ੬੫੧]

ਸੰਸਾਰ ਜੋ ਅਗਨੀ ਦਾ ਰੂਪ ਕਥਨ ਕੀਤਾ ਹੈ। ਸਾੜਨ ਵਾਲੀ ਸ਼ਕਤੀ ਮਾਇਆ ਹੈ, ਜੋ ਅਨੇਕਾਂ ਰੂਪ ਸਾੜਨ ਦੇ ਧਾਰਦੀ ਹੈ। ਅਸਲ ਵਿੱਚ ਇਹ ਮਾਇਆ ਹੀ ਅਗਨੀ ਦਾ ਰੂਪ ਹੈ। ਮਾਇਆ ਦਾ ਤਿਆਗ ਹੀ ਅਗਨੀ ਦਾ ਤਿਆਗ ਹੈ। ਕਿਤੇ ਕਾਮ ਰੂਪ ਹੋ ਕੇ ਸਾੜ ਰਹੀ ਹੈ, ਕਿਤੇ ਕ੍ਰੋਧ ਰੂਪ, ਕਿਤੇ ਤ੍ਰਿਸ਼ਨਾ ਰੂਪ ਹੋ ਕੇ, ਕਿਤੇ ਹਉਮੈ ਰੂਪ ਹੋ ਕੇ ਅਤੇ ਕਿਤੇ ਈਰਖਾ, ਦਵੈਸ਼ ਰੂਪ ਹੋ ਕੇ, ਕਿਤੇ ਸੋਗ, ਗਮ ਰੂਪ ਹੋ ਕੇ ਤੇ ਕਿਤੇ ਵਿਛੋੜਾ ਰੂਪ ਹੋ ਕੇ, ਅਨੰਤ ਰੂਪ ਧਾਰ ਕੇ ਮਾਇਆ ਜੀਵਾਂ ਨੂੰ ਸਾੜ ਰਹੀ ਹੈ। ਮਾਇਕੀ ਪਦਾਰਥ ਹਨ, ਮਾਇਕੀ ਸੰਸਾਰ, ਮਾਇਆ ਰੂਪ ਹੋਣ ਕਰਕੇ ਇਸ ਨੂੰ ਅਗਨ ਸਮੁੰਦਰ ਕਥਨ ਕੀਤਾ ਹੈ। ਇਸ ਤੋਂ ਬਚਾਅ ਕਿਵੇਂ ਹੋਵੇ ? ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸੰਸਾਰ ਨੂੰ ਜਲੰਦਾ=ਸੜਦਾ ਡਿਠੁ ਮੈ=ਮੈਂ ਵੇਖਿਆ ਹੈ। ਹਉਮੈ ਅਤੇ ਦਵੈਖ ਵਿੱਚ ਸੜ ਰਿਹਾ ਹੈ। ਗੁਰਾਂ ਦੀ ਸ਼ਰਨ ਜੋ ਪਿਆ ਹੈ, ਉਹ ਨਾਮ, ਗਿਆਨ ਦੁਆਰਾ ਉਬਰੇ=ਬਚ ਗਿਆ ਹੈ। ਜਿਸ ਨੇ ਗੁਰੂ ਦੇ ਸੱਚੇ ਉਪਦੇਸ਼ ਦੁਆਰਾ ਉਸ ਪ੍ਰਭੂ ਨੂੰ ਧਿਆਇ=ਧਿਆਇਆ ਹੈ। ਜੈਸਾ ਕਿ :

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥**
**ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ॥੨॥**

[ਦਾਵਾ ਪਾਠ ਪੋਲਾ ਕਰੋ] [ਆਸਾ ਮਹਲਾ ੫, ਅੰਗ ੩੮੪]

ਇਹ ਮਾਇਆ ਰੂਪ ਜੋ ਦਾਵਾ ਅਗਨਿ ਹੈ, ਤਿਸ ਨੇ ਬਹੁਤ ਹੀ ਜੀਵ ਰੂਪ ਤ੍ਰਿਣ ਸਾੜ ਦਿੱਤੇ ਹਨ। ਕੋਈ ਸਤਿਸੰਗੀ ਜਿਸਦੇ ਹਿਰਦੇ ਵਿੱਚ ਨਾਮ ਰੂਪ ਜਲ ਹੈ; ਉਹ ਜੀਵ ਰੂਪ ਬੂਟਾ ਹਰਾ ਰਿਹਾ ਹੈ। ਜੋ ਬੂਟਾ ਹਰਾ ਰਿਹਾ ਹੈ, ਐਸੇ ਸਮਰੱਥ ਦੇ ਗੁਣ ਕਥਨ ਨਹੀਂ ਕੀਤੇ ਜਾ ਸਕਦੇ। ਨਾ ਹੀ ਉਸ ਦੀ ਉਪਮਾ ਕਹੀ ਜਾ ਸਕਦੀ ਹੈ। ਜੈਸਾ ਕਿ :

**ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ॥੧॥**
**ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥੨॥**

[ਗਉੜੀ ਮਹਲਾ ੫, ਅੰਗ ੨੪੧]

ਆਪਣੇ ਸੰਕਲਪਾਂ ਰੂਪ ਪਰਜੁੱਲਤ ਹੋ ਕੇ ਜੋ ਅਗਨੀ ਹੈ, ਭਾਵ ਪਦਾਰਥ ਰੂਪ ਸੰਕਲਪ, ਜੋ ਅਗਨੀ ਰੂਪ ਹਨ ਉਨ੍ਹਾਂ ਵਿੱਚ ਦਗਧ ਹੋ ਰਿਹਾ ਸੀ। ਜਦੋਂ ਮੇਰੇ ਅੰਤਸ਼ਕਰਣ ਦੇ ਵਿੱਚ ਗੁਰਾਂ ਨੇ ਉਪਦੇਸ਼ ਰੂਪ ਚੰਦਨ ਤਉਕਿਆ=ਛਿੜਕਿਆ ਤਾਂ ਹਿਰਦਾ ਸੀਤਲਾਇਓ=ਸ਼ਾਂਤ ਹੋ ਗਿਆ। ਜਦ ਗੁਰਾਂ ਨੇ ਗਿਆਨ ਰੂਪ ਸੂਰਜ ਦਾ ਦੀਪਾਇਓ=ਪ੍ਰਗਾਸ ਕੀਤਾ, ਉਸੀ ਸਮੇਂ ਅਗਿਆਨ ਅੰਧੇਰਾ ਮਿਟ ਗਿਆ। ਅਗਿਆਨ, ਮਾਇਆ ਦਾ ਰੂਪ ਹੈ। ਅਗਿਆਨ ਦਾ ਪ੍ਰਭਾਵ ਮਾਇਆ ਦਾ ਪ੍ਰਭਾਵ ਹੈ, ਜਦੋਂ ਚੁੱਕਿਆ ਗਿਆ ਤਾਂ ਹਿਰਦੇ ਨੂੰ ਸ਼ਾਂਤੀ ਪ੍ਰਾਪਤ ਹੋ ਜਾਵੇਗੀ। ਇਸ ਦੀ ਨਿਵਿਰਤੀ ਇਸ ਪ੍ਰਕਾਰ ਹੁੰਦੀ ਹੈ, ਜੈਸਾ ਕਿ :

**ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥**

[ਗਉੜੀ ਸੁਖਮਨੀ ਮਹਲਾ ੫, ਅੰਗ ੨੮੮]

ਕਲਿਜੁਗ ਦਾ ਸੁਭਾਅ ਅੱਗ ਰੂਪ ਹੈ। ਇਸਦੇ ਵਿੱਚ ਸ਼ੀਤਲ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ ਹੈ। ਜਿਸ ਨੂੰ ਸਿਮਰ-ਸਿਮਰ ਕੇ ਸ਼ਾਂਤ ਹੋਈਦਾ ਹੈ। ਇਸ ਦੁਨੀਆ ਨੂੰ ਅੱਗ ਦਾ ਰੂਪ ਅਨੁਭਵ ਕਰਕੇ ਇੱਕ ਜਗ੍ਹਾ ਫ਼ਰੀਦ ਸਾਹਿਬ ਐਸਾ ਕਥਨ ਕਰਦੇ ਹਨ :

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥**
**ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥**

[ਸਲੋਕ ਸੇਖ ਫਰੀਦ ਜੀ, ਅੰਗ ੧੩੭੮]

ਇਸ ਦੁਨੀਆ ਨੂੰ ਧਰਮ ਦੀ ਕੁਝ ਵੀ ਬੂਝ ਨਹੀਂ ਹੈ। ਆਪਣੇ ਸਰੂਪ ਦੀ ਕੋਈ ਸੁਝੈ=ਸੋਝੀ ਨਹੀਂ ਹੈ। ਇਸ ਕਰਕੇ ਸੰਪੂਰਨ ਦੁਨੀਆ ਨੂੰ ਜੋ ਆਸਾ ਤ੍ਰਿਸ਼ਨਾ ਰੂਪ ਗੁਝੀ=ਲੁਕੀ ਹੋਈ ਭਾਹਿ=ਅਗਨੀ ਲੱਗ ਰਹੀ ਹੈ। ਮੇਰੇ ਸਾਂਈ=ਮਾਲਕ ਨੇ ਮੇਰੇ 'ਤੇ ਇਹ ਚੰਗਾ ਪਰਉਪਕਾਰ ਕੀਤਾ, ਜੋ ਇਸ ਅੱਗ ਤੋਂ ਭਾਵ ਅਗਿਆਨ ਤੋਂ ਮੈਨੂੰ ਬਚਾ ਲਿਆ ਹੈ। ਨਹੀਂ ਤਾਂ ਮੈਂ ਭੀ ਇਸ ਦੁਨੀਆ ਦੀ ਤਰ੍ਹਾਂ ਅਗਨੀ ਵਿੱਚ ਦਗਧ ਹੋ ਜਾਣਾ ਸੀ ਭਾਵ ਸੜ ਜਾਣਾ ਸੀ। ਜੈਸਾ ਕਿ :

**ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥੨॥** [ਵਾਰ ਮਲਾਰ ਮਹਲਾ ੧, ਅੰਗ ੧੨੯੧]

ਹੇ ਖੁਦਾਇਆ=ਪ੍ਰਮੇਸ਼ਰ ! ਦੁਨੀਆ ਤਾਂ ਆਤਸ=ਅਗਨੀ ਦਾ ਰੂਪ ਹੈ ਭਾਵ ਜਲਾਉਣ ਵਾਲੀ ਹੈ। ਤੇਰਾ ਨਾਮ ਖੁਨਕ=ਸੀਤਲ ਹੈ ਭਾਵ ਨਾਮ ਦੇ ਕਰਕੇ ਮੇਰੇ ਹਿਰਦੇ ਨੂੰ ਸ਼ਾਂਤ ਕਰ ਦਿਉ। ਸੋ, ਇਹ ਹਿਰਦੇ ਵਿੱਚ ਬਲਦੀ ਹੋਈ ਅੱਗ ਗੁਰੂ ਦੀ ਕਿਰਪਾ ਦੁਆਰਾ ਮਿਲੇ ਹੋਏ ਨਾਮ ਦੁਆਰਾ ਹੀ ਬੁਝਦੀ ਹੈ। ਜੈਸਾ ਕਿ :

੧. **ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥**

[ਮਾਰੂ ਮਹਲਾ ੧, ਅੰਗ ੧੦੩੩]

੨. **ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥** [ਜੈਤਸਰੀ ਮਹਲਾ ੫, ਅੰਗ ੭੦੯]

ਚੰਦਨ ਵੀ ਇਤਨਾ ਸੀਤਲੁ=ਠੰਡਾ ਨਹੀਂ, ਤੇ ਚੰਦ੍ਰਮਾ ਭੀ ਇਤਨਾ ਠੰਡਾ ਨਹੀਂ ਤੇ ਸਰਦ ਰੁਤ ਭੀ ਇਤਨੀ ਠੰਡੀ ਨਹੀਂ, ਜਿਹੋ ਜਿਹਾ ਪ੍ਰਮੇਸ਼ਰ ਦਾ ਨਾਮ ਠੰਡਾ ਹੈ। ਕਿਉਂਕਿ ਹਿਰਦੇ ਦਾ ਮੂਲ ਅਗਿਆਨ ਰੂਪ ਤਪਸ਼ ਚੰਦਨ, ਚੰਦ ਤੇ ਸਰਦ ਰੁਤ ਤੋਂ ਨਹੀਂ ਮਿਟਦੀ। ਮੂਲ ਭਾਵ ਸੰਪੂਰਨ ਤਪਸ਼ ਨਹੀਂ ਮਿਟਦੀ। ਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਵਾਲੇ ਦਾ ਹਿਰਦਾ ਸ਼ਾਂਤ ਹੋ ਜਾਂਦਾ ਹੈ।

## *ਜਿਤੁ ਦੁਆਰੈ ਉਬਰੈ; ਤਿਤੈ ਲੈਹੁ ਉਬਾਰਿ ॥*

ਜਿਸ ਰਸਤੇ ਦੁਆਰਾ ਉਬਰੈ=ਬਚ ਸਕਦਾ ਹਾਂ। ਉਸੇ ਤਰ੍ਹਾਂ ਹੀ ਉਬਾਰਿ=ਬਚਾ ਲਓ। ਜੈਸਾ ਕਿ :

**ਰਖੇ ਰਖਣਹਾਰਿ ਆਪਿ ਉਬਾਰਿਅਨੁ ॥** [ਵਾਰ ਗੂਜਰੀ ਮਹਲਾ ੫, ਅੰਗ ੫੧੭]

## *ਸਤਿਗੁਰਿ ਸੁਖੁ ਵੇਖਾਲਿਆ; ਸਚਾ ਸਬਦੁ ਬੀਚਾਰਿ ॥*

ਜਿਸ ਸਤਿਗੁਰੂ ਨੇ ਮੈਨੂੰ ਸੁਖ ਵੇਖਾਲਿਆ=ਵਿਖਾਇਆ ਹੈ, ਉਸ ਗੁਰੂ ਦੇ ਸੱਚੇ ਸਬਦੁ=ਉਪਦੇਸ਼ ਦੀ ਵੀਚਾਰ ਮੈਨੂੰ ਦੇਣਾ ਕਰੋ। **ਅਥਵਾ** ਉਸ ਗੁਰੂ ਦੇ ਸਬਦੁ=ਉਪਦੇਸ਼ ਦਾ ਵੀਚਾਰ ਕਰਨਾ ਸੰਸਾਰ ਨੂੰ ਦਿਓ। ਇਹ ਵਾਹਿਗੁਰੂ ਦੇ ਚਰਨਾਂ ਵਿੱਚ ਜੋੜਦੀ ਹੈ। ਜੈਸਾ ਕਿ :

੧. **ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥**
**ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥**
**ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥**
**ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ॥**

[ਸੋਰਠਿ ਮਹਲਾ ੩, ਅੰਗ ੬੦੩]

੨. **ਸਤਿਗੁਰੁ ਭੇਟੇ ਸੋ ਸੁਖੁ ਪਾਏ ॥** [ਵਾਰ ਆਸਾ ਮਹਲਾ ੧, ਅੰਗ ੪੬੮]

## ਨਾਨਕ ਅਵਰੁ ਨ ਸੁਝਈ; ਹਰਿ ਬਿਨੁ ਬਖਸਣਹਾਰੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰਿ=ਹਰੀ! ਆਪ ਜੀ ਤੋਂ ਬਿਨਾਂ ਅਵਰੁ=ਹੋਰ ਕੋਈ ਇਸ ਜੀਵ ਨੂੰ ਬਖ਼ਸ਼ਣੇ ਵਾਲਾ ਨ=ਨਹੀਂ ਸੁਝਈ=ਦਿਖਦਾ ਭਾਵ ਜੀਵ ਦੇ ਗੁਨਾਹਾਂ ਨੂੰ ਬਖ਼ਸ਼ ਕੇ ਕਦੇ ਚਿਤਾਰਦਾ ਨਹੀਂ, ਐਸਾ ਇੱਕ ਵਾਹਿਗੁਰੂ ਹੀ ਹੈ। ਹੋਰ ਕੋਈ ਦੂਜਾ ਨਹੀਂ ਹੋ ਸਕਦਾ॥੧॥

## ਮਃ ੩ ॥ ਹਉਮੈ ਮਾਇਆ ਮੋਹਣੀ; ਦੂਜੈ ਲਗੈ ਜਾਇ ॥

ਹਉਮੈ (ਹਉ+ਮੈ) ਜਿਸ ਵਿੱਚ ਮੈਂ ਅਤੇ ਮੇਰੀ ਦਾ ਸੰਮਿਲਤ ਭਾਵ ਬਣਿਆ ਹੋਵੇ, ਉਸਨੂੰ ਹਉਮੈ ਕਹਿੰਦੇ ਹਨ। ਮੋਹਣੀ=ਮਨ ਨੂੰ ਮੋਹਣ ਵਾਲੀ ਜੋ ਮਾਇਆ ਹੈ, ਉਸ ਦੇ ਵਿੱਚ ਮੈਂ, ਮੇਰੀ ਦਾ ਭਾਵ ਪ੍ਰਗਟ ਕਰਕੇ ਭਾਵ ਮੈਂ ਮੇਰੀ ਦੇ ਭਾਵ ਵਿੱਚ ਆ ਕੇ ਇਹ ਜੀਵ ਦੂਜੈ=ਦ੍ਵੈਤ ਭਾਵ ਵਿੱਚ ਲੱਗ ਰਿਹਾ ਹੈ। ਮੈ, ਮੇਰੀ ਦਾ ਭਾਵ ਹਿਰਦੇ ਵਿੱਚ ਮਾਇਆ ਦੇ ਪ੍ਰਭਾਵ ਕਰਕੇ ਹੀ ਪ੍ਰਗਟ ਹੁੰਦਾ ਹੈ। ਮਾਇਆ ਵਿੱਚ ਐਸੀ ਸ਼ਕਤੀ ਹੈ, ਜੋ ਅਨੰਤ ਰੂਪ ਧਾਰਨ ਕਰਕੇ ਅਨੰਤ ਜੀਵਾਂ ਨੂੰ ਆਪਣੇ ਵਿੱਚ ਮੋਹਿਤ ਕਰ ਰਹੀ ਹੈ। ਇਸ ਦੀਆਂ ਬੇਅੰਤ ਸ਼ਕਤੀਆਂ ਵਿੱਚੋਂ ਮਨ ਨੂੰ ਮੋਹਿਤ ਕਰਨ ਵਾਲੀ ਸ਼ਕਤੀ ਹੈ ਮੈਂ ਅਤੇ ਮੇਰੀ ਦਾ ਭਾਵ ਪ੍ਰਗਟ ਕਰਨ ਵਾਲੀ ਸ਼ਕਤੀ ਨੇ ਜੀਵ ਨੂੰ ਹਮੇਸ਼ਾ ਦੂਜੇ ਭਾਵ ਵਿੱਚ ਲਾਇਆ ਹੋਇਆ ਹੈ। ਦ੍ਵੈਤ ਭਾਵ ਵਿੱਚ ਲੱਗ ਕੇ ਜੰਮਣਾ ਤੇ ਮਰਣਾ ਹੋ ਰਿਹਾ ਹੈ। ਕਈ ਵਾਰ ਜੀਵ ਆਪਣੇ ਗੁਰੂ-ਪੀਰਾਂ ਦੇ ਉਪਦੇਸ਼ ਨੂੰ ਭੁੱਲ ਕੇ ਮੈਂ, ਮੇਰੀ ਦੇ ਭਾਵ ਵਿੱਚ ਆ ਕੇ ਗੁਰੂ ਤੋਂ ਬੇਮੁਖ ਹੋ ਬੈਠਦਾ ਹੈ। ਮਾਇਆ ਦਾ ਮੋਹ ਸੁਰਤ ਨਹੀਂ ਆਉਣ ਦਿੰਦਾ। ਅਜਿਹੇ ਪ੍ਰਭਾਵ ਹੇਠ ਆਇਆ ਜੀਵ ਸਮਝਾਉਣ ਤੋਂ ਵੀ ਸਮਝਿਆ ਨਹੀਂ ਕਰਦਾ। ਜੈਸਾ ਕਿ :

**ਸਾਖੀ—ਰਾਮ ਸਿੰਘ ਦੀ, ਗੁਰੂ ਤੋਂ ਬੇਮੁਖ ਹੋਣ ਦੀ—**ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸ ਵਾਰ ਕੇ ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਤੇ ਮੁਕਤਸਰ ਸਾਹਿਬ ਦਾ ਜੰਗ ਫ਼ਤਹਿ ਕਰਕੇ ਦਮਦਮਾ ਸਾਹਿਬ ਤੋਂ ਅਨੇਕਾਂ ਥਾਵਾਂ ਨੂੰ ਹੁੰਦੇ ਹੋਏ ਦੱਖਣ ਵੱਲ ਨੂੰ ਜਾ ਰਹੇ ਸਨ। ਸਹੇਵੇ ਤੋਂ ਅੱਗੇ ਚੱਲੇ ਤਾਂ ਭਾਈ ਰਾਮ ਸਿੰਘ ਜੀ ਟਲ ਕੇ ਪਿੱਛੇ ਮੁੜ ਗਿਆ ਤੇ ਜਿਸ ਵੇਲੇ ਸਤਿਗੁਰੂ ਜੀ ਨੇ ਰਾਮ ਸਿੰਘ, ਜੋ ਭਾਈ ਭਗਤੂ ਦੀ ਵੰਸ਼ 'ਚੋਂ ਸੀ। ਉਸ ਨੂੰ ਮੋੜਨ ਵਾਸਤੇ ਸਿੰਘ ਭੇਜਿਆ। ਜਿਸਨੇ ਘੋੜੇ 'ਤੇ ਚੜ੍ਹ ਕੇ ਬੜੀ ਫੁਰਤੀ ਨਾਲ ਭਾਈ ਰਾਮ ਸਿੰਘ ਨੂੰ ਜਾ ਰੋਕਿਆ। ਜੈਸਾ ਕਿ :

**ਗੁਰ ਕੋ ਪਠਯੋ ਸਿੰਘ ਤਹਿੰ ਗਯੋ॥ 'ਰਾਮ ਸਿੰਘ ਠਹਿਰੋ' ਕਹਿ ਦਯੋ॥**
**'ਪ੍ਰਭੁ ਮੁਹਿ ਭੇਜਾ ਦੇ ਤ੍ਰੈ ਆਨ'॥ ਤੀਨ ਲਕੀਰ ਨ ਉਲੰਘ ਪਯਾਨ॥੫॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੧, ਅੰਸੂ ੩੫]

ਉਸਦੇ ਮੂਹਰੇ (ਅੱਗੇ) ਜਾ ਕੇ ਤਿੰਨ ਲਕੀਰਾਂ ਕੱਢ ਕੇ ਆਖਿਆ ਕਿ ਤੈਨੂੰ ਇਹ ਆਨ ਦਿੱਤੀ ਹੈ ਕਿ ਤੂੰ ਭਾਈ ਭਗਤੂ ਦੀ ਔਲਾਦ ਹੋ ਕੇ ਗੁਰੂ ਤੋਂ ਬੇਮੁਖ ਹੋ ਰਿਹਾ ਹੈਂ। ਜਿਨ੍ਹਾਂ ਦੇ ਖ਼ਾਨਦਾਨ ਵਿੱਚ ਸਿੱਖੀ ਚਲੀ ਆ ਰਹੀ ਹੈ। ਜੇ ਤੂੰ ਜਾਣਾ ਹੀ ਸੀ ਤਾਂ ਗੁਰੂ ਦੀ ਖ਼ੁਸ਼ੀ ਲੈ ਕੇ ਆਉਂਦਾ। ਇਤਿਆਦਿਕ ਬਹੁਤ ਸਮਝਾਇਆ, ਪਰ ਉਹ ਨਾ ਸਮਝਿਆ। ਕਿਉਂਕਿ ਉਸ ਨੂੰ ਮਾਇਆ ਦੇ ਜਾਲ ਵਿੱਚ ਮੈ ਅਤੇ ਮੇਰੀ ਦੇ ਪ੍ਰਭਾਵ ਕਰ ਕੇ ਗੁਰੂ ਨਾਲੋਂ ਘਰ ਅਤੇ ਪਰਿਵਾਰ ਦਾ ਪਿਆਰ ਜ਼ਿਆਦਾ ਹਿਰਦੇ 'ਚ ਪੈਦਾ ਹੋ ਗਿਆ ਸੀ। ਕਹਿੰਦਾ ਕਿ ਦੱਖਣ ਮੇਰਾ ਜਾਣਾ ਨਹੀਂ ਬਣਦਾ। ਮੇਰੇ ਅਨੇਕਾਂ ਘਰ ਦੇ ਕਾਜ ਬਿਗੜ ਜਾਣਗੇ, ਮੈਂ ਗੁਰੂ ਨੂੰ ਇਥੋਂ ਹੀ ਮੱਥਾ ਟੇਕਦਾ ਹਾਂ। ਇਹ ਕਹਿ ਕੇ ਲਕੀਰਾਂ ਲੰਘ ਗਿਆ। ਜੈਸਾ ਕਿ :

**ਇਮ ਕਹਿ ਲੰਘਿ ਲਕੀਰਨਿ ਗਯੋ॥ ਦੇਖਿ ਸਿੰਘ ਉਰ ਅਚਰਜ ਭਯੋ॥**
**ਪ੍ਰਭੁ ਕੋ ਕਰੀ ਬਤਾਵਨ ਸਾਰੀ॥ ਉਲੰਘਯੋ ਆਨ ਲਕੀਰ ਅਗਾਰੀ॥੮॥**

ਫਿਰ ਦੂਸਰੀ ਵਾਰ ਸਤਿਗੁਰੂ ਜੀ ਨੇ ਇੱਕ ਪਟਕਾ ਵਸਤਰ ਦਾ ਆਪਣੇ ਹੱਥ ਨਾਲ ਇੱਕ ਹੋਰ ਸਿੱਖ ਨੂੰ ਫੜਾ ਕੇ ਕਿਹਾ ਕਿ ਰਾਮ ਸਿੰਘ ਨੂੰ ਕਹਿਣਾ, ਇਸ ਨੂੰ ਰੁਮਾਲ ਨਾ ਸਮਝੇ, ਇਸਨੂੰ ਉਸਦੇ ਘੋੜੇ ਅੱਗੇ ਵਿਛਾ ਦੇਣਾ ਤੇ ਕਹਿਣਾ ਕਿ ਇਹ ਗੁਰੂ ਦੀ ਪੱਗ ਹੈ ਤੇ ਜੇ ਤੂੰ ਜਾਵੇਗਾਂ, ਤਾਂ ਗੁਰੂ ਦੀ ਪੱਗ ਦਾ ਨਿਰਾਦਰ ਹੋਵੇਗਾ। ਇਸ ਲਈ ਹੁਣ ਤੇਰਾ ਜਾਣਾ ਨਹੀਂ ਬਣਦਾ। ਗੁਰੂ ਕੋਲ ਜਾ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਲੈ। ਜਦੋਂ ਸਿੱਖ ਨੇ ਗੁਰੂ ਜੀ ਦੇ ਕਹੇ ਵਚਨ ਉਸਨੂੰ ਸੁਣਾਏ ਤਾਂ ਇਸਨੇ ਕਿਹਾ ਕਿ ਮੇਰੇ ਘਰ ਦਾ ਕੰਮ ਨਹੀਂ ਚਲਣਾ। ਇਹ ਕਹਿ ਕੇ ਗੁਰੂ ਜੀ ਦੀ ਆਨ ਭੰਨ ਕੇ ਉਸ ਵਸਤਰ ਦੇ ਉੱਤੇ ਹੀ ਘੋੜਾ ਲੰਘਾ ਕੇ ਆਪਣੇ ਘਰ ਨੂੰ ਚਲਾ ਗਿਆ। ਜਦੋਂ ਸਿੱਖ ਨੇ ਬੜਾ ਨਿਰਾਸ਼ ਹੋ ਕੇ ਸਤਿਗੁਰੂ ਜੀ ਨੂੰ ਦੱਸਿਆ ਕਿ ਰਾਮ ਸਿੰਘ ਕਹਿੰਦਾ ਕਿ ਮੇਰੇ ਬਿਨਾਂ ਘਰ ਦਾ ਕੰਮ ਨਹੀਂ ਚਲਣਾ। ਤਾ ਗੁਰੂ ਜੀ ਨੇ ਬਚਨ ਕੀਤਾ ਕਿ ਘਰ ਤਾਂ ਭਾਈ ਭਗਤੂ ਦਾ ਹੈ, ਆਪੇ ਚਲੇਗਾ; ਪਰ ਰਾਮ ਸਿੰਘ ਬੇਮੁਖ ਹੋਇਆ ਹੈ, ਕੰਧਾਂ ਨਾਲ ਟੱਕਰਾਂ ਮਾਰ-ਮਾਰ ਕੇ ਦੁਖੀ ਹੋ ਕੇ ਮਰੇਗਾ। ਇਹ ਗੱਲ ਗੁਰੂ ਜੀ ਦੀ ਸੱਚ ਹੋਈ। ਘਰ ਜਾ ਕੇ ਰਾਮ ਸਿੰਘ ਕਮਲਾ ਹੋਇਆ। ਕੰਧਾਂ ਨਾਲ ਟੱਕਰਾਂ ਮਾਰ-ਮਾਰ ਕੇ ਇੱਕ ਮਹੀਨੇ ਵਿੱਚ ਹੀ ਮਰ ਗਿਆ। ਸਤਿਗੁਰੂ ਜੀ ਨੂੰ ਪਤਾ ਸੀ ਕਿ ਇਸਦੀ ਮੌਤ ਸਿਰ ਪਰ ਹੈ, ਜੇ ਬੇਮੁਖ ਹੋ ਗਿਆ ਤਾਂ ਜਮਾਂ ਦੇ ਲੋਕ ਨੂੰ ਜਾਏਗਾ। ਸਤਿਗੁਰੂ ਜੀ ਉਸਦਾ ਮਰਨਾ ਸਫਲ ਕਰਨਾ ਚਾਹੁੰਦੇ ਸਨ, ਪਰ ਜਦੋਂ ਬੇਮੁਖ ਹੋ ਗਿਆ ਤਾਂ ਮਹਾਰਾਜ ਨੇ ਇਸਦੇ ਸਮੇਤ ਡੱਲੇ ਆਦਿਕ ਜਿਹੜੇ ਬੇਮੁਖ ਹੋਏ ਸਨ, ਉਨ੍ਹਾਂ ਸਾਰਿਆਂ ਪ੍ਰਤੀ ਇਹ ਬਚਨ ਕੀਤਾ। ਜੋ ਇਤਿਹਾਸ ਵਿੱਚ ਅੰਕਿਤ ਹੈ। ਜੈਸਾ ਕਿ :

**ਜੋ ਹਮ ਕੋ ਇਤ ਛੋਰਿ ਸਿਧਾਏ॥ ਉਤ ਉਨ ਜੋ ਜਮ ਗਹਿ ਸਹਿਸਾਏ॥**
**ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ॥ ਹਟੇ ਜੁ ਸਗਰੇ ਆਪਦ ਪਾਗੇ॥੧੬॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੧, ਰਾਸਿ ੩੫]

ਸੋ, ਇਸ ਲਈ ਜੋ ਮਾਇਆ ਦੇ ਮੋਹ ਵਿੱਚ ਲਗ ਕੇ ਦ੍ਵੈਸ਼ ਵਾਲੇ ਹੋ ਗਏ ਅਤੇ ਮਨ ਵਿੱਚ ਹਉਮੈ ਆ ਗਈ, ਉਨ੍ਹਾਂ ਦੀ ਇਹ ਹਾਲਤ ਹੋ ਜਾਂਦੀ ਹੈ, ਜੋ ਸਾਖੀ ਵਿੱਚ ਉਪਰ ਆ ਚੁੱਕੀ ਹੈ। ਜੈਸਾ ਕਿ :

੧. **ਹਉਮੈ ਮਾਇਆ ਮੈਲੁ ਕਮਾਇਆ॥ ਮਰਿ ਮਰਿ ਜੰਮਹਿ ਦੂਜਾ ਭਾਇਆ॥**

[ਮਾਰੂ ਮਹਲਾ ੩, ਅੰਗ ੧੦੪੬]

੨. **ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥** [ਭੈਰਉ ਮਹਲਾ ੩, ਅੰਗ ੧੧੩੨]

## *ਨਾ ਇਹ ਮਾਰੀ ਨ ਮਰੈ; ਨਾ ਇਹ ਹਟਿ ਵਿਕਾਇ॥*

ਇਹ ਹੰਗਤਾ ਮਮਤਾ ਕਿਸੇ ਪਾਸੋਂ ਮਾਰੀ ਨਹੀਂ ਜਾਂਦੀ, ਨਾ ਹੀ ਇਹ ਆਪਣੇ ਆਪ ਮਰਦੀ ਹੈ। **ਵਾ:** ਨਾ ਤਾਂ ਇਹ ਹੰਗਤਾ ਮਮਤਾ ਮਰਦੀ ਹੈ ਅਤੇ ਨਾ ਹੀ ਮਨ ਇਸ ਵਲੋਂ ਮਰੈ=ਮਰਦਾ ਹੈ ਅਤੇ ਨਾ ਹੀ ਇਹ ਹੰਗਤਾ ਮਮਤਾ ਕਿਸੇ ਦੀ ਹੱਟੀ 'ਤੇ ਵੇਚੀ ਜਾ ਸਕਦੀ ਹੈ। ਜੈਸਾ ਕਿ :

੧. **ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥**
**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥** [ਸਲੋਕ ਕਬੀਰ ਜੀ, ਅੰਗ ੧੩੭੨]

੨. **ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ॥** [ਸਲੋਕ ਮਹਲਾ ੯, ਅੰਗ ੧੪੨੮]

ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਫਿਰ ਇਹ ਹੰਗਤਾ ਮਮਤਾ ਦੂਰ ਕਿਵੇਂ ਹੁੰਦੀ ਹੈ, ਤਾਂ ਦਸਦੇ ਹਨ।

## *ਗੁਰ ਕੈ ਸਬਦਿ ਪਰਜਾਲੀਐ; ਤਾ ਇਹ ਵਿਚਹੁ ਜਾਇ ॥*

ਜੇਕਰ ਪੂਰੇ ਸਤਿਗੁਰਾਂ ਦੇ ਸਬਦਿ=ਉਪਦੇਸ ਕਰਕੇ ਇਸ ਨੂੰ ਪਰ=ਭਲੀ ਪ੍ਰਕਾਰ, **ਵਾ**: ਵਿਸ਼ੇਸ਼ ਕਰਕੇ ਜਾਲੀਐ=ਸਾੜ ਦੇਈਏ ਤਾਂ ਇਹ ਹਿਰਦੇ ਵਿੱਚੋਂ ਨਾਸ ਹੋ ਜਾਇ=ਜਾਂਦੀ ਹੈ। ਹੰਗਤਾ ਮਮਤਾ ਦੇ ਦੂਰ ਹੋਣ ਕਰਕੇ :

## *ਤਨੁ ਮਨੁ ਹੋਵੈ ਉਜਲਾ; ਨਾਮੁ ਵਸੈ ਮਨਿ ਆਇ ॥*

ਤਨ ਅਤੇ ਮਨ ਉਜਲਾ=ਪਵਿੱਤ੍ਰ ਹੋ ਜਾਂਦਾ ਹੈ ਅਤੇ ਮਨ ਵਿੱਚ ਪ੍ਰਮੇਸ਼ਰ ਦਾ ਨਾਮ ਆ ਕੇ ਵੱਸ ਜਾਂਦਾ ਹੈ।

## *ਨਾਨਕ ਮਾਇਆ ਕਾ ਮਾਰਣੁ ਸਬਦੁ ਹੈ; ਗੁਰਮੁਖਿ ਪਾਇਆ ਜਾਇ ॥੨॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮਾਇਆ ਦੇ ਮਾਰਨ ਦਾ ਮਾਰਣੁ=ਮਸਾਲਾ, ਦਾਰੂ ਸਤਿਗੁਰੂ ਦਾ ਸਬਦੁ=ਉਪਦੇਸ਼ ਹੀ ਹੈ। ਪਰ ਉਹ ਉਪਦੇਸ਼ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਹੀ ਪਾਇਆ ਜਾਂਦਾ ਹੈ॥੨॥
**ਮਾਰਣੁ**—(੧) ਉਹ ਮਸਾਲਾ ਜੋ ਪਕਾਉਣ ਵੇਲੇ ਸਖ਼ਤ ਚੀਜ਼ ਨੂੰ ਗਾਲ ਦੇਵੇ, (੨) ਧਾਤੁ ਦੇ ਪਿਘਾਰਨ ਦੀ ਭੱਠੀ, (੩) ਉਲਟਾ ਅਸਰ ਰਖਣ ਵਾਲੀ ਦਵਾਈ, ਤਿਰਿਯਾਕ, (੪) ਕਤਲ ਕਰਨ ਦੀ ਕ੍ਰਿਯਾ, ਹਤਯਾ।

## *ਪਉੜੀ ॥ ਸਤਿਗੁਰ ਕੀ ਵਡਿਆਈ, ਸਤਿਗੁਰਿ ਦਿਤੀ; ਧੁਰਹੁ ਹੁਕਮੁ ਬੁਝਿ ਨੀਸਾਣੁ ॥*

ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਵਡਿਆਈ ਸਤਿਗੁਰੂ ਅੰਗਦ ਦੇਵ ਜੀ ਨੇ ਧੁਰ ਰੂਪ ਪ੍ਰਮਾਤਮਾ ਦਾ ਹੁਕਮ ਬੁਝ ਕੇ ਸਾਰੇ ਸੰਸਾਰ ਵਿੱਚ ਨੀਸਾਣੁ=ਪ੍ਰਗਟ ਕਰ ਦਿੱਤੀ ਹੈ।

## *ਪੁਤੀ ਭਾਤੀਈ ਜਾਵਾਈ ਸਕੀ, ਅਗਹੁ ਪਿਛਹੁ ਟੋਲਿ ਡਿਠਾ; ਲਾਹਿਓਨੁ ਸਭਨਾ ਕਾ ਅਭਿਮਾਨੁ ॥*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੁਤੀ=ਪੁੱਤਰਾਂ ਨੂੰ ਭਾਤੀਈ=ਭਤੀਜਿਆਂ ਨੂੰ, ਜਵਾਈ ਨੂੰ ਹੋਰ ਸਕੀ=ਸਕੇ ਅੰਗ ਸਾਕ ਸਾਰਿਆਂ ਸੰਬੰਧੀਆਂ ਨੂੰ ਅਗਹੁ ਪਿਛਹੁ=ਚੰਗੀ ਤਰਾਂ ਟੋਲਿ ਡਿਠਾ=ਨਿਰਣਾ ਕਰਕੇ ਦੇਖਿਆ ਹੈ ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਲਾਇਕ ਵੇਖਕੇ ਸਾਰਿਆਂ ਦਾ ਅਭਿਮਾਨੁ=ਹੰਕਾਰ ਲਾਹਿਓਨੁ=ਲਾਹ ਦਿੱਤਾ ਭਾਵ ਦੂਰ ਕਰ ਦਿੱਤਾ ਅਤੇ ਸਾਰਿਆਂ ਦੇ ਸਾਹਮਣੇ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ 'ਤੇ ਅਸਥਾਪਨ ਕਰ ਦਿੱਤਾ।

## *ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ; ਹਰਿ ਬਖਸਿਓਸੁ ਸਭੁ ਜਹਾਨੁ ॥*

ਜਿਥੇ ਕੋਈ ਵੇਖਦਾ ਹੈ ਉਥੇ ਹੀ ਮੇਰਾ ਸਤਿਗੁਰੂ ਪੂਰਨ ਹੈ ਹਰਿ=ਪ੍ਰਮੇਸ਼ਰ ਨੇ ਸਾਰਾ ਜਹਾਨੁ=ਸੰਸਾਰ ਸਤਿਗੁਰਾਂ ਨੂੰ ਬਖ਼ਸ਼ਣਾ ਕੀਤਾ ਹੈ, ਭਾਵ ਸਭਨਾਂ ਨੂੰ ਸਤਿਗੁਰਾਂ ਦੇ ਹੁਕਮ ਵਿੱਚ ਰੱਖਿਆ ਹੈ। **ਅਥਵਾ** ਸਾਰੇ ਸੰਸਾਰ ਵਿੱਚੋਂ ਜੋ ਜਗਿਆਸੂ ਸਤਿਗੁਰਾਂ ਦੀ ਸ਼ਰਨ ਵਿੱਚ ਪਿਆ ਹੈ, ਉਹ ਪ੍ਰਮੇਸ਼ਰ ਨੇ ਬਖ਼ਸ਼ ਲਿਆ ਹੈ।

## *ਜਿ ਸਤਿਗੁਰ ਨੋ ਮਿਲਿ ਮੰਨੇ, ਸੁ ਹਲਤਿ ਪਲਤਿ ਸਿਝੈ; ਜਿ ਵੇਮੁਖੁ ਹੋਵੈ; ਸੁ ਫਿਰੈ ਭਰਿਸਟ ਥਾਨੁ ॥*

ਜਿਹੜਾ ਜਗਿਆਸੂ ਸਤਿਗੁਰਾਂ ਨੂੰ ਮਿਲ ਕੇ ਉਨ੍ਹਾਂ ਦੇ ਹੁਕਮ ਨੂੰ ਮੰਨਦਾ ਹੈ, ਉਸਦੀ ਹਲਤਿ ਪਲਤਿ=ਲੋਕ

ਪ੍ਰਲੋਕ ਵਿੱਚ ਸਿਝੈ=ਕਲਿਆਣ ਹੁੰਦੀ ਹੈ ਭਾਵ ਸੁਖੀ ਹੁੰਦਾ ਹੈ ਅਤੇ ਜਿਹੜਾ ਪੁਰਸ਼ ਗੁਰੂ ਤੋਂ ਬੇਮੁਖ ਹੁੰਦਾ ਹੈ, ਉਹ ਭ੍ਰਿਸ਼ਟ ਥਾਨੁ=ਨੀਚ ਜੂਨੀਆਂ ਵਿੱਚ ਫਿਰਦਾ ਹੈ।

**ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ; ਹਰਿ ਸਜਣ ਪੁਰਖੁ ਸੁਜਾਨੁ ॥**

ਸਤਿਗੁਰੂ (ਰਾਮਦਾਸ ਜੀ) ਕਥਨ ਕਰਦੇ ਹਨ ਕਿ ਜਿਸ ਵੇਲੇ ਮੇਰਾ ਸੁਆਮੀ (ਸ੍ਰੀ ਗੁਰੂ ਅਮਰਦਾਸ ਜੀ) ਮੇਰੇ ਦਾਸ ਦੀ ਵਲਿ=ਤਰਫ ਹੋਇਆ ਤਾਂ ਸੁਜਾਨੁ=ਦਾਨਾ, ਸੁਗਯਾਨੀ ਪ੍ਰਮੇਸ਼ਰ ਮੇਰਾ ਸਜਣ ਹੋ ਗਿਆ।

**ਪਉਦੀ ਭਿਤਿ ਦੇਖਿ ਕੈ, ਸਭਿ ਆਇ ਪਏ ਸਤਿਗੁਰ ਕੀ ਪੈਰੀ;**
**ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥**

(ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਵਿੱਚ ਅਨੇਕਾਂ ਤਰ੍ਹਾਂ ਦੇ ਭੋਜਨਾਂ ਦੀ) ਭਿਤਿ=ਚੋਗ ਪੈਂਦੀ ਵੇਖ ਕੇ ਭਾਵ ਸੋਹਣਾ ਭੋਜਨ ਵਰਤਦਾ ਵੇਖ ਕੇ, **ਵਾ:** ਗੁਰਤਾ ਗੱਦੀ ਰੂਪ ਭਿਤਿ=ਚੋਗ ਪੈਂਦੀ ਹੈ ਵੇਖ ਕੇ, ਸਾਰੇ ਹੀ ਸਤਿਗੁਰਾਂ ਦੀ ਚਰਨੀ ਆ ਪਏ, ਪਰ ਸਤਿਗੁਰਾਂ ਨੇ ਮੈਨੂੰ ਦਾਸ ਨੂੰ ਗੁਰਤਾ ਗੱਦੀ ਦੇ ਕੇ ਸਭਨਾਂ ਦੇ ਮਨ ਵਿੱਚੋਂ ਗੁਮਾਨੁ=ਹੰਕਾਰ ਲਾਹ ਦਿੱਤਾ॥੧੦॥ ਜੈਸਾ ਕਿ :

**ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥**
**ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥** [ਰਾਮਕਲੀ ਸਦੁ, ਅੰਗ ੯੨੪]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੬ [ਆਦਿ ਅੰਗ ੮੫੪]

***ਸਲੋਕ ਮਃ ੧ ॥ ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥ ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ ॥੧॥ ਮਃ ੧ ॥ ਜਿਸੁ ਮਨਿ ਵਸਿਆ ਤਰਿਆ ਸੋਇ ॥ ਨਾਨਕ ਜੋ ਭਾਵੈ ਸੋ ਹੋਇ ॥੨॥ ਪਉੜੀ ॥ ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥***

## ਸਲੋਕ ਮਃ ੧ ॥

ਬਿਲਾਵਲ ਦੀ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਅੰਮ੍ਰਿਤ ਬਚਨ ਹੈ। ਜਿਸ ਦੀ ਉਥਾਨਕਾ 'ਫ਼ਰੀਦ ਕੋਟੀਏ' ਟੀਕੇ ਵਿੱਚ ਇਸ ਤਰ੍ਹਾਂ ਮੰਨੀ ਹੈ।

**ਉਥਾਨਕਾ—**ਜਿਸ ਵੇਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਨੂੰ ਤਾਰ ਕੇ ਪਿਛਲੀ ਉਮਰ ਵਿੱਚ ਕਰਤਾਰਪੁਰ ਸਾਹਿਬ ਬਿਰਾਜੇ, ਉਥੇ ਬੈਠ ਕੇ ਭੀ ਬੇਅੰਤ ਜੀਵਾਂ ਦਾ ਉਧਾਰ ਕੀਤਾ। ਧੁਰਾਂ ਤੋਂ ਮਿਲੀ ਹੋਈ ਗੁਰਤਾ ਗੱਦੀ ਦੇ ਵਾਰਸ ਨੂੰ ਲੱਭਣ ਲਈ ਕਸੌਟੀਆਂ ਲਾਉਣੀਆਂ ਕੀਤੀਆਂ। ਇਹ ਪ੍ਰੀਖਿਆ ਰੂਪ ਕਸੌਟੀਆਂ ਤੇ ਉਹੀ ਪਾਰ ਉਤਰ ਸਕਦਾ ਸੀ, ਜਿਸਦੇ ਹਿਰਦੇ ਵਿੱਚ ਰੰਚਕ ਮਾਤ੍ਰ ਭੀ ਆਪਾ ਭਾਵ ਨਹੀਂ ਸੀ। ਜਿਨ੍ਹਾਂ ਨੇ ਪੂਰਾ ਆਪਣਾ ਆਪ ਖੋ ਦਿੱਤਾ ਸੀ। ਸਤਿਗੁਰੂ ਜੀ ਨੇ ਅਜਿਹੇ ਹਿਰਦੇ ਦੀ ਭਾਲ ਲਈ ਪਰਖਣਾ ਰੂਪ ਕਸੌਟੀਆਂ ਆਪਣੇ ਸਿੱਖਾਂ, ਆਪਣੇ ਪੁੱਤਰਾਂ ਸਭ 'ਤੇ ਲਾਈਆਂ। ਪਰ ਉਨ੍ਹਾਂ ਕਸੌਟੀਆਂ ਵਿੱਚ ਜਿਸਦੇ ਅੰਦਰ ਥੋੜ੍ਹਾ ਜਿਹਾ ਭੀ ਝੂਠ ਰੂਪ ਹਉਮੈ ਦਾ ਪਰਦਾ ਸੀ, ਉਹ ਇਨ੍ਹਾਂ ਕਸੌਟੀਆਂ ਨੂੰ ਸਹਿ ਨਹੀਂ ਸਕੇ, ਭਾਵ ਪ੍ਰੀਖਿਆ ਵਿੱਚ ਪਾਸ ਨਹੀਂ ਹੋ ਸਕੇ। ਜਿਵੇਂ ਕਬੀਰ ਸਾਹਿਬ ਜੀ ਕਥਨ ਕਰਦੇ ਹਨ। ਜੈਸਾ ਕਿ :

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥**
**ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥** [ਸਲੋਕ ਕਬੀਰ ਜੀ, ਅੰਗ ੧੩੬੬]

ਸੋ, ਗੁਰੂ ਨਾਨਕ ਸਾਹਿਬ ਜੀ ਦੀਆਂ ਕਸੌਟੀਆਂ 'ਤੇ ਸਾਰੇ ਸਿੱਖਾਂ ਅਤੇ ਪੁੱਤਰਾਂ 'ਚੋਂ ਕੇਵਲ ਭਾਈ ਲਹਿਣਾ ਜੀ ਪਾਸ ਹੋਏ। ਜਿਨ੍ਹਾਂ ਨੇ ਦਸ ਕਸੌਟੀਆਂ ਕਰੜੀਆਂ ਤੋਂ ਕਰੜੀਆਂ ਸਹੀਆਂ ਅਤੇ ਆਪਣਾ ਤਨ, ਮਨ, ਧਨ ਸਭ ਕੁਝ ਗੁਰੂ ਦਾ ਸਮਝਿਆ ਹੋਇਆ ਸੀ। ਸਤਿਗੁਰੂ ਜੀ ਨੇ ਆਪਣਾ ਸਰੀਰ ਸੰਸਾਰ ਤੋਂ ਓਹਲੇ ਕਰਨ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਦਾ ਵਾਰਿਸ ਥਾਪ ਦਿੱਤਾ ਤਾਂ ਉਸ ਵੇਲੇ ਮਾਤਾ ਸੁਲੱਖਣੀ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਕਿਹਾ ਕਿ ਮਹਾਰਾਜ! ਸਾਰੀ ਦੁਨੀਆ ਦੇ ਲੋਕ ਆਪਣੀ ਔਲਾਦ ਲਈ ਸੋਚਦੇ ਹਨ। ਆਪ ਜੀ ਪਹਿਲਾਂ ਤਾਂ ਦੋ ਪੁੱਤਰਾਂ (ਸ੍ਰੀ ਚੰਦ ਤੇ ਲਖਮੀ ਦਾਸ) ਨੂੰ ਛੱਡ ਕੇ ਪ੍ਰਦੇਸਾਂ ਵਿੱਚ ਫਿਰਦੇ ਰਹੇ। ਮੈਂ ਸਬਰ ਧਾਰ ਕੇ ਇਨ੍ਹਾਂ ਪੁੱਤਰਾਂ ਨੂੰ ਤੁਹਾਡੀ ਰਜ਼ਾ ਵਿੱਚ ਰਹਿ ਕੇ ਪਾਲਦੀ ਰਹੀ। ਪਰ ਜਦੋਂ ਇਹ ਸੋਝੀ ਵਾਲੇ ਹੋ ਗਏ, ਤੁਸੀਂ ਹੋਰ ਤਾਂ ਕੁਝ ਇਨ੍ਹਾਂ ਲਈ ਨਹੀਂ ਕੀਤਾ, ਤੁਹਾਡੇ ਕੋਲ ਜੋ ਗੁਰਿਆਈ ਦੀ ਪਦਵੀ ਸੀ, ਇਹ ਪੁੱਤਰਾਂ ਦਾ ਹੱਕ ਸੀ। ਕਿਉਂਕਿ ਜੋ ਕੁਝ ਪਿਤਾ ਕੋਲ ਹੁੰਦਾ ਹੈ, ਉਹ ਪੁੱਤਰਾਂ ਦਾ ਹੋਇਆ ਕਰਦਾ ਹੈ। ਪਤਾ ਨਹੀਂ ਕਿਉਂ ਆਪ ਜੀ ਨੇ ਇਨ੍ਹਾਂ ਦਾ ਇਹ ਬਣਦਾ ਹੱਕ ਗੁਰਤਾ ਗੱਦੀ ਦਾ, ਇੱਕ ਸਿੱਖ ਸੇਵਾਦਾਰ ਜੋ ਥੋੜ੍ਹੇ ਸਮੇਂ ਦਾ ਆਇਆ ਹੋਇਆ ਸੀ ਤੇ ਸਭ ਕੁਝ ਉਸ ਨੂੰ ਸੌਂਪ ਦਿੱਤਾ। ਮੇਰੇ ਪੁੱਤਰ ਖ਼ਾਲੀ ਰਹਿ ਗਏ। ਇਸਦਾ ਕਾਰਨ ਦੱਸੋ ? ਕੀ ਕਾਰਨ ਹੈ ? ਇਹ ਗੱਲ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ ਤੇ ਕਿਹਾ ਕਿ ਭੋਲੀਏ! ਵੀਚਾਰ ਕੇ ਦੇਖ। ਇਹ ਸੰਸਾਰਕ ਜਾਇਦਾਦ ਨਹੀਂ ਹੈ। ਦੁਨਿਆਵੀ ਵਸਤੂ ਦੇ ਦੁਨਿਆਵੀ ਪੁੱਤਰ ਹੀ ਹੱਕਦਾਰ ਹੋਇਆ ਕਰਦੇ ਹਨ, ਪਰ ਰੂਹਾਨੀਅਤ

ਵਸਤੂ ਦੇ ਤਾਂ ਰੂਹਾਨੀਅਤ ਪੁੱਤਰ ਹੀ ਵਾਰਿਸ ਹੋਇਆ ਕਰਦੇ ਹਨ। ਇਹ ਗੁਰਤਾ ਗੱਦੀ ਰੂਹਾਨੀਅਤ ਵਸਤੂ ਹੈ। ਇਸ ਦੇ ਅਧਿਕਾਰੀ ਬਹੁਤੇ ਨਹੀਂ ਸੀ ਹੋ ਸਕਦੇ, ਇਸ ਦਾ ਵਾਰਿਸ ਤਾਂ ਕੇਵਲ ਓਹੀ ਹੋ ਸਕਦਾ ਸੀ, ਜਿਸਨੇ ਪੂਰਨ ਰੂਪ ਵਿੱਚ ਆਪਣੇ-ਆਪ ਨੂੰ ਖੋ ਦਿੱਤਾ ਹੋਵੇ। ਇਹ ਗੁਰਤਾ ਗੱਦੀ ਸੰਸਾਰ-ਸਮੁੰਦਰ ਤੋਂ ਜੀਵਾਂ ਨੂੰ ਤਾਰਨ ਦੀ ਜ਼ਿੰਮੇਵਾਰੀ ਪ੍ਰਮੇਸ਼ਰ ਵਲੋਂ ਹੈ। ਜਿਸਦੇ ਅੰਦਰ ਥੋੜ੍ਹੀ ਜਿਹੀ ਭੀ ਹਉਮੈ ਦੀ ਮੈਲ, **ਵਾ:** ਆਪਾ ਭਾਵ ਹੈ, ਉਹ ਇਸ ਗੱਦੀ ਦਾ ਵਾਰਿਸ ਭਲਾ ਕਿਵੇਂ ਬਣ ਸਕਦਾ ਸੀ ? ਗੁਰੂ ਜੀ ਨੇ ਕਿਹਾ ਕਿ ਸੁਲੱਖਣੀ, ਤੇਰੇ ਪੁੱਤਰਾਂ ਦੇ ਅੰਦਰ ਬਹੁਤੀ ਹਉਮੈ ਸੀ। ਅਧਿਕਾਰੀ ਨਹੀਂ ਬਣ ਸਕੇ। ਇਹ ਤਾਂ ਐਸੀ ਗੱਲ ਹੋ ਗਈ, ਇਸ ਪਰ ਇੱਕ ਖੇਤੀ ਦਾ ਦ੍ਰਿਸ਼ਟਾਂਤ ਦੇ ਕੇ ਅੰਮ੍ਰਿਤ ਰੂਪ ਉਪਦੇਸ਼ ਉਚਾਰਨ ਕੀਤਾ :

## *ਕੋਈ ਵਾਹੇ ਕੋ ਲੁਣੈ; ਕੋ ਪਾਏ ਖਲਿਹਾਨਿ ॥*

ਜਿਵੇਂ ਜ਼ਮੀਨ ਨੂੰ ਵਾਹੁੰਦਾ ਕੋਈ ਹੈ, ਲੁਣੈ=ਕਟਦਾ ਕੋਈ ਹੈ ਅਤੇ ਖਲਿਹਾਨਿ=ਗਾਹ ਕੋਈ ਪਾਉਂਦਾ ਹੈ।

## *ਨਾਨਕ ਏਵ ਨ ਜਾਪਈ; ਕੋਈ ਖਾਇ ਨਿਦਾਨਿ ॥੧॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਹ ਨਹੀਂ ਜਾਣਿਆ ਜਾਂਦਾ, ਜੋ ਇਹਨਾਂ ਸਾਰਿਆਂ ਵਿੱਚੋਂ ਨਿਦਾਨਿ=ਅੰਤ ਨੂੰ ਉਸ ਖੇਤ ਦੇ ਦਾਣਿਆਂ ਨੂੰ ਕੋਈ ਖਾਵੇਗਾ ਜਾਂ ਨਹੀਂ, ਵਾ—ਅੰਤ ਨੂੰ ਉਨ੍ਹਾਂ ਦਾਣਿਆਂ ਨੂੰ ਕੌਣ ਖਾਏਗਾ ? ਇਸੇ ਤਰ੍ਹਾਂ ਗੁਰਤਾ ਗੱਦੀ ਕਿਸੇ ਦੀ ਗਿਣੀ ਮਿੱਥੀ ਨਹੀਂ, ਜਿਸਦੇ ਭਾਗਾਂ ਵਿੱਚ ਲਿਖੀ ਹੋਈ ਹੈ, ਉਸਨੇ ਸਾਂਭਣੀ ਹੈ ॥੧॥

**ਦੂਜਾ ਅਰਥ—**ਕੋਈ ਤਾਂ ਵਾਹੈ=ਵਾਹੁੰਦਾ ਭਾਵ ਅੰਤਸ਼ਕਰਨ ਨੂੰ ਕੁਸੰਗਤਿ ਵੱਲੋਂ ਰੋਕਦਾ ਹੈ, ਕੋਈ ਵੀਚਾਰ ਰੂਪ ਕੈਂਚੀ ਨਾਲ ਕਾਮਾਦਿ ਨੂੰ ਲੁਣੈ=ਕੱਟਦਾ ਹੈ ਅਤੇ ਕੋਈ ਖਲਿਹਾਨਿ=ਦੈਵੀ ਗੁਣਾਂ ਦੀ ਇਕਤ੍ਰਤਾ ਰੂਪ ਗਾਹ ਪਾਉਂਦਾ ਹੈ, ਪਰ ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਮੁਕਤੀ ਰੂਪ ਫਲ ਨੂੰ ਕੌਣ ਪ੍ਰਾਪਤ ਕਰੇਗਾ।

**ਤੀਜਾ ਅਰਥ—**ਕੋਈ ਤਾਂ ਵਾਹੈ=ਵਾਹੁੰਦਾ ਭਾਵ ਨਿਸ਼ਕਾਮ ਕਰਮ ਕਰਦਾ ਹੈ, ਕੋਈ ਲੁਣੈ ਭਾਵ ਉਪਾਸ਼ਨਾ ਕਰਦਾ ਹੈ ਅਤੇ ਕੋਈ ਖਲਿਹਾਨਿ ਭਾਵ ਗਿਆਨ ਦੀ ਸਮੱਗਰੀ ਇਕੱਠੀ ਕਰਦਾ ਹੈ।

**ਚੌਥਾ ਅਰਥ—**ਕੋਈ ਤਾਂ ਵਾਹੈ=ਵਾਹੁੰਦਾ ਭਾਵ ਸ੍ਰਵਣ ਕਰਦਾ ਹੈ, ਕੋਈ ਲੁਣੈ ਭਾਵ ਮੰਨਣ ਕਰਦਾ ਹੈ ਅਤੇ ਕੋਈ ਖਲਿਹਾਨਿ=ਨਿਧਿਆਸਣ ਕਰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਸਰੂਪ ਦੀ ਸਖਿਆਤਤਾ ਤਾਈਂ ਕੌਣ ਪਾਏਗਾ ? ਕਿਉਂਕਿ ਇਹ ਨਿਯਮ ਨਹੀਂ ਕਿ ਨਿਧਿਆਸਣ ਵਾਲੇ ਨੂੰ ਹੀ ਰੱਬ ਮਿਲਦਾ ਹੈ। ਇਹ ਤਾਂ ਉਸ ਪ੍ਰਭੂ ਦੀ ਮਰਜ਼ੀ ਹੈ, ਭਾਵੇਂ ਸ੍ਰਵਣ ਜਾਂ ਮੰਨਣ ਵਾਲੇ ਨੂੰ ਮਿਲ ਜਾਏ।

**ਪੰਜਵਾਂ ਅਰਥ—**ਕੋਈ ਵਾਹੈ=ਵਾਹੁੰਦਾ ਭਾਵ ਸਕਾਮ ਕਰਮਾਂ ਦੀ ਵਾਹੀ ਕਰਦਾ ਹੈ ਅਤੇ ਕੋਈ ਲੁਣੈ ਭਾਵ ਜਮ ਆਦਿਕ ਸਥੂਲ ਸਰੀਰ ਵਿੱਚੋਂ ਸੂਖਮ ਸਰੀਰ ਨੂੰ ਵਢ ਕੇ ਧਰਮਰਾਜ ਦੇ ਖਲਿਹਾਨਿ=ਖਲਵਾੜੇ, ਭਾਵ ਦਫ਼ਤਰ ਵਿੱਚ ਪਾਉਣਗੇ, ਪਰ ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਮਨੁੱਖਾ ਜਨਮ, ਵਾ—ਸੁਰਗ ਦੀ ਪ੍ਰਾਪਤੀ ਰੂਪ ਫਲ ਨੂੰ ਕੌਣ ਖਾਏਗਾ।

**ਛੇਵਾਂ ਅਰਥ—**ਕੋਈ ਸਤਿਗੁਰਾਂ ਦੇ ਉਪਦੇਸ਼ ਨੂੰ ਲੈ ਕੇ ਸ੍ਰਵਣ ਮੰਨਣ ਨਿਧਿਆਸਣ ਅਤੇ ਤਤ ਤੂੰ ਦਾ ਸੋਧਨ ਰੂਪ ਵਾਹੁੰਦਾ ਹੈ, ਕੋਈ ਲੁਣੈ=ਕੱਟਦਾ ਭਾਵ ਸੰਸਾਰ ਦੁਖਾਂ ਦੀ ਨਵਿਰਤੀ ਕਰਦਾ ਹੈ ਅਤੇ ਕੋਈ ਆਤਮਾਨੰਦ ਨੂੰ ਪਾਉਂਦਾ ਹੈ, ਪਰ ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਬਿਦੇਹ ਮੁਕਤ ਰੂਪ ਫਲ ਨੂੰ ਕੌਣ ਖਾਏਗਾ ॥੧॥

## *ਮਃ ੧ ॥ ਜਿਸੁ ਮਨਿ ਵਸਿਆ; ਤਰਿਆ ਸੋਇ ॥*

ਜਿਸੁ=ਜਿਸਦੇ ਮਨ ਦੇ ਵਿੱਚ ਪ੍ਰਮੇਸ਼ਰ ਵਾਹਿਗੁਰੂ ਆਪ ਵਸਿਆ ਹੈ, ਉਹ ਪੁਰਸ਼ ਸੰਸਾਰ ਸਮੁੰਦਰ ਤੋਂ ਤਰਿਆ ਹੈ। ਭਾਵ ਸੰਸਾਰ-ਸਮੁੰਦਰ ਤੋਂ ਨਾਮ ਦੇ ਸਹਾਰੇ ਤਰਿਆ ਜਾ ਸਕਦਾ ਹੈ। ਨਾਮ ਭੀ ਹਿਰਦੇ ਵਿੱਚ ਵਸੇ ਤਾਂ ਤਰਨਾ

ਹੁੰਦਾ ਹੈ। ਜਿਵੇਂ ਸਮੁੰਦਰ ਵਿੱਚ ਪਾਣੀ ਹੈ, ਜਿਸ ਪਾਣੀ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ, ਬਹੁਤਾ ਹੈ, ਇਸ ਤਰ੍ਹਾਂ ਸੰਸਾਰ ਭੀ ਸਮੁੰਦਰ ਦੀ ਨਿਆਈ ਹੈ। ਜਿਸ ਵਿੱਚ ਪਦਾਰਥਾਂ ਰੂਪ ਪਾਣੀ ਹੈ। ਉਸ ਪਦਾਰਥਾਂ ਦੇ ਪਾਣੀ ਵਿੱਚ ਸਾਰੇ ਜੀਵ ਮਨ ਕਰਕੇ ਡੁੱਬ ਰਹੇ ਹਨ। ਸੋ, ਸਤਿਗੁਰੂ ਜੀ ਕਹਿ ਰਹੇ ਹਨ ਕਿ ਤਰਨਾ ਉਹਨਾਂ ਦਾ ਹੋਵੇਗਾ, ਜੋ ਨਾਮ ਦੇ ਜਹਾਜ਼ ਵਿੱਚ ਚੜ੍ਹ ਜਾਣਗੇ। ਜੈਸਾ ਕਿ: **ਵਾਹਿਗੁਰੂ ਨਾਮ ਜਹਾਜ ਹੈ ਚੜੇ ਸੋ ਉਤਰੇ ਪਾਰ॥** ਨਾਮ ਦੇ ਜਹਾਜ਼ 'ਤੇ ਚੜ੍ਹਨਾ ਇਹੀ ਹੈ ਕਿ ਮਨ ਦੀ ਸਾਰੀ ਇੱਛਾ ਤਿਆਗ ਕੇ ਸੰਸਾਰ ਨਾਲੋਂ ਟੁੱਟ ਕੇ ਨਾਮ ਨਾਲ ਜੁੜਨਾ ਹੈ। ਨਾਮ ਦੀ ਐਸੀ ਸ਼ਕਤੀ ਹੈ ਕਿ ਜੋ ਸੰਸਾਰ ਦੇ ਪ੍ਰਤੱਖ ਸਮੁੰਦਰਾਂ ਤੋਂ ਵੀ ਪਾਰ ਕਰਦੀ ਹੈ।

**ਸਾਖੀ—ਮਾਈ ਦੇ ਦਰਿਆ ਤਰਨ ਦੀ—**ਇਕ ਬਿਰਧ ਮਾਈ ਅਟਕ ਦਰਿਆ ਤੋਂ ਪਾਰ ਰਹਿੰਦੀ ਸੀ। ਸਤਿਸੰਗ ਕਰਨ ਵਾਲੀ ਹੋਣ ਕਰਕੇ ਮਹਾਂਪੁਰਸ਼ਾਂ ਦੀ ਸੇਵਾ ਭਾਵਨਾ ਵਾਲੀ ਸੀ। ਜਦੋਂ ਕੋਈ ਭੀ ਮਹਾਤਮਾ ਮਿਲਦਾ ਪ੍ਰੇਮ ਸਹਿਤ ਨਮਸਕਾਰ ਕਰਦੀ। ਜਲ-ਪਾਣੀ ਆਦਿ ਦੀ ਸੇਵਾ ਕਰਕੇ ਜਨਮ ਸਫਲਾ ਕਰਦੀ। ਕਿਉਂਕਿ ਜਨਮ ਸਫਲਾ ਕਰਨ ਲਈ ਜੈਸਾ ਕਿ ਗੁਰੂ ਜੀ ਨੇ ਫ਼ੁਰਮਾਨ ਕੀਤਾ ਹੈ। ਜੈਸਾ ਕਿ:

**ਹਸਤ ਚਰਨ ਸੰਤ ਟਹਲ ਕਮਾਈਐ॥**
**ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ॥੧੦॥** [ਗਉੜੀ ਮਹਲਾ ੫, ਅੰਗ ੨੯੯]

ਇਸ ਤਰੀਕੇ ਨਾਲ ਸੇਵਾ ਨਿਭਾਉਂਦੀ ਨੂੰ ਕਾਫ਼ੀ ਸਮਾਂ ਬਤੀਤ ਹੋ ਗਿਆ ਅਤੇ ਅਨੇਕਾਂ ਸਾਧੂ-ਸੰਤਾਂ ਦੀ ਸੇਵਾ ਕੀਤੀ। ਅੱਜ ਆ ਗਏ ਸਾਰੇ ਸੰਤਾਂ ਦੇ ਸਿਰਤਾਜ, ਜਿਨ੍ਹਾਂ ਦੇ ਚਰਨਾਂ ਦੀ ਧੂੜ ਦੇ ਕਿਨਕਿਆਂ ਵਿੱਚੋਂ ਅਨੇਕਾਂ ਸਾਧੂ ਜਨਮ ਲੈਂਦੇ ਹਨ, ਭਾਵ ਪ੍ਰਮੇਸ਼ਰ ਦੇ ਨਿਰਾਕਾਰ ਸਰੂਪ ਤੋਂ ਸਰਗੁਣ ਸਰੂਪ ਧਾਰਨ ਕਰਕੇ ਆਏ ਹੋਏ ਬੇਦੀ ਕੁਲ ਦੇ ਸੂਰਜ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ। ਮਾਈ ਨੂੰ ਖੇਤਾਂ ਵਿੱਚ ਰੋਟੀ ਲੈ ਕੇ ਜਾਣ ਲਈ ਦਰਿਆ ਪਾਰ ਕਰਨਾ ਪੈਂਦਾ ਸੀ। ਗੁਰੂ ਜੀ ਰਸਤੇ ਵਿੱਚ ਬੈਠੇ ਸਨ ਤਾਂ ਮਾਈ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਸਾਧੂ ਜਾਣ ਕੇ ਨਮਸਕਾਰ ਕੀਤੀ। ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਕਿਹਾ ਕਿ ਮਾਈ, ਇਹ ਪ੍ਰਸ਼ਾਦਾ ਤਾਂ ਉਨ੍ਹਾਂ ਮਿਹਨਤੀ ਲੋਕਾਂ ਦਾ ਹੈ, ਜੋ ਖੇਤ ਵਿੱਚ ਦੇਰ ਦੇ ਕੰਮ ਕਰ ਰਹੇ ਹਨ। ਇਹ ਪ੍ਰਸ਼ਾਦਾ ਖੇਤ ਵਿੱਚ ਮਿਹਨਤ ਕਰ ਰਹੇ, ਉਨ੍ਹਾਂ ਲੋਕਾਂ ਨੂੰ ਛਕਾ, ਤਾਂ ਮਾਈ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਆਪ ਜੀ ਦਾ ਬਚਨ ਮੰਨਦੀ ਹਾਂ, ਪਰ ਮੇਰੀ ਭਾਵਨਾ ਹੈ ਕਿ ਮੈਂ ਪ੍ਰਸ਼ਾਦਾ ਆਪ ਜੀ ਨੂੰ ਜ਼ਰੂਰ ਛਕਾਉਣਾ ਹੈ। ਉਹ ਪ੍ਰਸ਼ਾਦਾ ਆਪਣੇ ਘਰ ਦੇ ਜੀਆਂ ਨੂੰ ਛਕਾ ਕੇ, ਸਤਿਗੁਰੂ ਜੀ ਵਾਸਤੇ ਹੋਰ ਪ੍ਰਸ਼ਾਦਾ ਤਿਆਰ ਕਰਕੇ ਲੈ ਆਈ। ਤਾਂ ਸਤਿਗੁਰੂ ਜੀ ਨੇ ਪ੍ਰਸ਼ਾਦਾ ਛਕਿਆ। ਮਾਤਾ ਦੀ ਭਾਵਨਾ ਨੂੰ ਦੇਖਦੇ ਹੋਏ ਅਤੇ ਉਸਦੇ ਬਿਰਧ ਸਰੀਰ 'ਤੇ ਤਰਸ ਕਰਕੇ ਕਹਿਣ ਲੱਗੇ ਕਿ ਮਾਤਾ, ਜਿਸ ਦਾ ਖਾਈਏ, ਉਸਦਾ ਕੁਝ ਭਲਾ ਭੀ ਕਰਨਾ ਚਾਹੀਦਾ ਹੈ। ਤੂੰ ਦਰਿਆ ਤੋਂ ਪਾਰ ਹੋਣ ਲਈ ਬੜੀ ਔਖੀ ਹੁੰਦੀ ਹੈਂ। ਤਦ ਗੁਰੂ ਜੀ ਨੇ ਉਸ ਨੂੰ ਸਤਿਨਾਮ ਦਾ ਮੰਤਰ ਦਿੱਤਾ ਤੇ ਕਿਹਾ ਕਿ ਇਸ ਨਾਲ ਦੋਨੋਂ ਦਰਿਆ, ਇਹ ਪ੍ਰਤੱਖ ਅਟਕ ਦਰਿਆ ਤੇ ਸੰਸਾਰ ਜੋ ਦਰਿਆ ਦੀ ਨਿਆਈਂ ਹੈ। ਉਸ ਤੋਂ ਭੀ ਇਹ ਨਾਮ ਪਾਰ ਲਘਾਏਂਗਾ। ਜਦੋਂ ਦਰਿਆ ਦੇ ਕਿਨਾਰੇ 'ਤੇ ਆਵੇ ਤਾਂ ਭਰੋਸੇ ਨਾਲ ਇਹ ਤੁਕ ਪੜ੍ਹ ਕੇ

**ਸੁਣਿਐ ਹਾਥ ਹੋਵੈ ਅਸਗਾਹੁ॥** [ਜਪੁਜੀ ਸਾਹਿਬ, ਅੰਗ ੩]

ਦਰਿਆ ਪਾਰ ਕਰੇਂਗੀ ਤਾਂ ਝਟ ਹੀ ਦਰਿਆ ਦਾ ਹੱਥ ਪਰ ਪਾਣੀ ਹੋ ਜਾਇਆ ਕਰੇਗਾ ਤਾਂ ਸੌਖੀ ਲੰਘ ਜਾਇਆ ਕਰੇਂਗੀ। ਗੁਰੂ ਜੀ ਤਾਂ ਇਹ ਬਚਨ ਕਹਿ ਕੇ ਚਲੇ ਗਏ। ਥੋੜ੍ਹੇ ਦਿਨਾਂ ਤੋਂ ਬਾਅਦ ਇੱਕ ਹੋਰ ਮਹਾਤਮਾ ਇਕ ਚੇਲੇ ਸਮੇਤ ਸਤਿਗੁਰੂ ਵਾਲੀ ਜਗ੍ਹਾ ਡੇਰੇ ਲਾ ਬੈਠੇ। ਇਹ ਮਾਤਾ ਗਈ ਉਨ੍ਹਾਂ ਨੂੰ ਭੋਜਨ ਛਕਣ ਵਾਸਤੇ ਬੇਨਤੀ ਕੀਤੀ ਕਿ ਮਹਾਰਾਜ ਨਾਲੇ ਘਰ ਚਰਨ ਪਾਓ ਤੇ ਨਾਲੇ ਪ੍ਰਸ਼ਾਦਾ ਛਕੋ। ਭੋਜਨ ਛਕਾਉਣ ਵਾਸਤੇ ਮਾਤਾ ਇਨ੍ਹਾਂ ਨੂੰ ਨਾਲ ਲੈ ਚੱਲੀ। ਜਦ ਦਰਿਆ ਦੇ ਕੰਢੇ 'ਤੇ ਪਹੁੰਚੇ ਤਾਂ ਮਹਾਤਮਾ ਸੋਚਦੇ ਹਨ ਕਿ ਮਾਈ ਕਮਲੀ ਹੀ ਹੈ, ਜਿਹੜੀ ਦਰਿਆ ਦੇ ਵਿੱਚ ਸਿੱਧੀ ਹੀ ਤੁਰੀ ਜਾ ਰਹੀ ਹੈ। ਮਾਤਾ ਜਲਦੀ-ਜਲਦੀ ਦਰਿਆ ਦੇ ਕਾਫੀ ਦੂਰ ਤੱਕ ਚਲੀ ਗਈ। ਪਰ

ਮਹਾਤਮਾ ਦਰਿਆ ਦੇ ਕੰਢੇ 'ਤੇ ਖੜ੍ਹੇ ਸਲਾਹਾਂ ਕਰਦੇ ਰਹੇ। ਸੋਚਦੇ ਸਨ ਕਿ ਹੁਣ ਕੀ ਕਰੀਏ ? ਜੇ ਤੁਰਦੇ ਹਾਂ ਤਾਂ ਡੁੱਬਣ ਦਾ ਡਰ ਹੈ, ਜੇ ਨਹੀਂ ਤੁਰਦੇ ਤਾਂ ਹਾਸੀ ਹੁੰਦੀ ਹੈ। ਦੇਖਣ ਵਾਲੇ ਕਹਿਣਗੇ ਕਿ ਮਾਈ ਤਾਂ ਪਾਣੀ ਵਿੱਚ ਦਮਾ-ਦਮ ਤਰੀ ਜਾ ਰਹੀ ਹੈ ਤੇ ਸਾਧ ਪਾਣੀ ਵਿੱਚ ਡੁੱਬਣ ਤੋਂ ਡਰਦੇ ਹਨ। ਇਨ੍ਹਾਂ ਨੇ ਲੋਕ ਲੱਜਿਆ ਦੇ ਕਾਰਨ ਤੁਰਨਾ ਹੀ ਠੀਕ ਸਮਝਿਆ। ਤਦ ਗੁਰੂ ਆਪਣੇ ਚੇਲੇ ਨੂੰ ਕਹਿਣ ਲੱਗਾ ਕਿ ਹੇ ਚੇਲੇ ! ਅੱਗੇ ਹੋ ਕੇ ਤੁਰ। ਤਾਂ ਚੇਲਾ ਆਪਣੇ ਗੁਰੂ ਨੂੰ ਕਹਿਣ ਲੱਗਾ ਕਿ ਹੇ ਗੁਰੂ ਜੀ ! ਗੱਫੇ ਛਕਣ ਨੂੰ ਤਾਂ ਤੁਸੀਂ ਸਦਾ ਅੱਗੇ ਹੁੰਦੇ ਰਹੇ ਹੋ, ਹੁਣ ਡੁੱਬਣ ਲਈ ਮੈਨੂੰ ਅੱਗੇ ਕਰਦੇ ਹੋ। ਅੱਗੇ ਤੁਰਨ ਦਾ ਤੁਹਾਡਾ ਹੱਕ ਹੈ, ਚੇਲੇ ਤਾਂ ਹਮੇਸ਼ਾ ਪਿੱਛੇ ਤੁਰਿਆ ਕਰਦੇ ਹਨ। ਇਸ ਪ੍ਰਕਾਰ ਦੀਆਂ ਸਲਾਹਾਂ ਕਰਦੇ ਪੈਰ ਕੋਈ ਨਾ ਅੱਗੇ ਧਰੇ ਤਾਂ ਥੋੜ੍ਹੀ ਦੂਰ ਜਾ ਕੇ ਮਾਈ ਨੇ ਪਿੱਛਾ ਮੁੜ ਕੇ ਵੇਖਿਆ ਤਾਂ ਸਾਧੂ ਉਥੇ ਹੀ ਖੜ੍ਹੇ ਹਨ। ਤਾਂ ਮਾਈ ਨੇ ਦੇਖ ਕੇ ਆਵਾਜ਼ ਮਾਰੀ ਕਿ ਮਹਾਰਾਜ ਆਓ, ਕਿਉਂ ਖੜੇ ਹੋ ? ਲੱਜਾ ਦੇ ਕਾਰਨ ਤੁਰ ਪਏ ਕਿ ਹੁਣ ਤਾਂ ਤੁਰੇ ਬਿਨਾਂ ਸਰਨਾ ਹੀ ਨਹੀਂ। ਕਾਹਲੀ ਨਾਲ ਗੁਰੂ, ਚੇਲਾ ਨੇ ਕਦਮ ਪੁੱਟੇ। ਇਕਦਮ ਦਰਿਆ ਵਿੱਚ ਜਾ ਵੜੇ ਤੇ ਗੋਤੇ ਖਾਣ ਲੱਗੇ। ਗੋਤੇ ਖਾਣ ਦੀ ਆਵਾਜ਼ ਕੰਨਾਂ ਵਿੱਚ ਪਈ ਕਿ ਸਾਧ ਤਾਂ ਮਰ ਚੱਲੇ। ਤਾਂ ਮਾਤਾ ਨੇ ਕਿਹਾ ਕਿ ਐਵੇਂ ਭੇਖ ਹੀ ਧਾਰਨ ਕੀਤਾ ਹੈ। ਨਾਮ ਹਿਰਦੇ ਵਿੱਚ ਨਹੀਂ ਵਸਾਇਆ। ਜੇ ਨਾਮ ਹਿਰਦੇ ਵਿੱਚ ਵਸਿਆ ਹੁੰਦਾ ਤਾਂ ਡੁੱਬਦੇ ਨਾ। ਕੱਚੇ ਗੁਰੂ ਦੇ ਚੇਲੇ ਹੋ। ਮੈਨੂੰ ਪੂਰਾ ਗੁਰੂ, ਗੁਰੂ ਨਾਨਕ ਮਿਲਿਆ ਹੈ। ਮੇਰਾ ਇਸਤਰੀ ਜਾਮਾ ਹੈ। ਪਰਿਵਾਰ ਵਿੱਚ ਰਹਿ ਰਹੀ ਹਾਂ। ਮੇਰੇ ਗੁਰੂ ਨੇ ਨਾਮ ਮੇਰੇ ਹਿਰਦੇ ਵਿੱਚ ਵਸਾ ਦਿੱਤਾ ਹੈ। ਜਿਸ ਨਾਮ ਦੇ ਪ੍ਰਤਾਪ ਨਾਲ ਮੈਂ ਹਰ ਰੋਜ਼ ਇਸ ਦਰਿਆ ਨੂੰ ਪਾਰ ਕਰਦੀ ਹਾਂ। ਮਾਤਾ ਨੇ ਉਨ੍ਹਾਂ ਸਾਧੂਆਂ 'ਤੇ ਦਇਆ ਕਰਕੇ ਡੁਬਦਿਆਂ ਨੂੰ ਬਚਾਇਆ। ਉੱਚੀ ਆਵਾਜ਼ ਦੇ ਕੇ ਕਿਹਾ ਕਿ ਮੇਰੇ ਗੁਰੂ ਦੀ ਬਖ਼ਸ਼ੀ ਹੋਈ ਤੁਕ ਪੜੋ।

**ਸੁਣਿਐ ਹਾਥ ਹੋਵੈ ਅਸਗਾਹੁ ॥** [ਜਪੁਜੀ ਸਾਹਿਬ, ਅੰਗ ੩]

ਕਹਿਣ ਦੀ ਦੇਰ ਸੀ ਤੇ ਪਾਣੀ ਹੱਥ ਭਰ ਹੋ ਗਿਆ। ਗੁਰੂ ਅਤੇ ਚੇਲਾ ਬਚ ਗਏ। ਕਹਿਣ ਲੱਗੇ ਕਿ ਮਾਤਾ, ਇਹ ਕੀ ਤਮਾਸ਼ਾ ਬਣਿਆ ? ਤਾਂ ਮਾਤਾ ਨੇ ਗੁਰੂ ਕਿਰਪਾ ਦੁਆਰਾ ਮਨ ਵਿੱਚ ਪ੍ਰਮੇਸ਼ਰ ਦੇ ਵਸੇ ਹੋਏ ਨਾਮ ਦੀਆਂ ਬਰਕਤਾਂ ਦੱਸੀਆਂ ਕਿ ਜਿਨ੍ਹਾਂ ਦੇ ਨਾਮ ਮਨ ਵਿੱਚ ਵਸਿਆ ਹੈ, ਉਨ੍ਹਾਂ ਦੇ ਲਈ ਤਾਂ ਇਹੋ ਜਿਹੇ ਦਰਿਆ ਤਰਨੇ ਇੱਕ ਖੇਡ ਹੈ। ਉਹ ਤਾਂ ਵੱਡਾ ਦਰਿਆ ਜੋ ਸੰਸਾਰ ਦਾ ਹੈ, ਉਹ ਭੀ ਸਹਿਜੇ ਹੀ ਤਰ ਜਾਂਦੇ ਹਨ। ਤਾਂ ਮਹਾਤਮਾ, ਗੁਰੂ-ਚੇਲਾ ਦੋਨਾਂ ਨੇ ਮਾਈ ਨੂੰ ਮੱਥਾ ਟੇਕਿਆ ਤੇ ਕਿਹਾ ਕਿ ਮਾਤਾ ਤੂੰ ਧੰਨ ਹੈਂ। ਸਾਧੂ ਤਾਂ ਅਸਲ ਤੂੰ ਹੈਂ। ਅਸੀਂ ਤਾਂ ਕੇਵਲ ਲਿਬਾਸ ਮਾਤਰ ਸਾਧੂ ਹਾਂ। ਇਸ ਲਈ ਸਤਿਗੁਰੂ ਜੀ ਨੇ ਮੁਖਵਾਕ ਦੀ ਉਪਰੋਕਤ ਤੁਕ "**ਜਿਸ ਮਨਿ ਵਸਿਆ ਤਰਿਆ ਸੋਇ ॥**" ਦਾ ਜੋ ਸਿਧਾਂਤ ਬਖ਼ਸ਼ਿਆ ਹੈ, ਉਹ ਇਸ ਸਾਖੀ ਦੁਆਰਾ ਭੀ ਸਪੱਸ਼ਟ ਹੈ ਕਿ ਜਿਸਦੇ ਹਿਰਦੇ ਵਿੱਚ ਵਾਹਿਗੁਰੂ ਦਾ ਨਾਮ ਵਸਿਆ ਹੈ, ਉਹ ਹੀ ਤਰਿਆ ਹੈ। ਭਾਵੇਂ ਪ੍ਰਤੱਖ ਦਰਿਆ ਭਾਵੇਂ ਅੰਤ੍ਰੀਵ, ਵਾ—ਸੰਸਾਰ ਰੂਪ ਦਰਿਆ। ਜੈਸਾ ਕਿ :

੧. **ਜਿਸੁ ਮਨਿ ਵਸੈ ਤਰੈ ਜਨੁ ਸੋਇ ॥ ਜਾ ਕੈ ਕਰਮਿ ਪਰਾਪਤਿ ਹੋਇ ॥**

[ਗਉੜੀ ਮਹਲਾ ੫, ਅੰਗ ੧੯੪]

੨. **ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥**

[ਗਉੜੀ ਮਹਲਾ ੫, ਅੰਗ ੧੯੬]

ਪ੍ਰਮੇਸ਼ਰ ਦਾ ਨਾਮ ਹੀ ਪ੍ਰਮੇਸ਼ਰ ਦੇ ਚਰਨ ਹਨ। ਜੈਸਾ ਕਿ :

**ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ ॥**

[ਕਾਨੜਾ ਮਹਲਾ ੪, ਅੰਗ ੧੨੯੮]

## ਨਾਨਕ ਜੋ ਭਾਵੈ; ਸੋ ਹੋਇ ॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਉਸ ਵਾਹਿਗੁਰੂ ਨੂੰ ਭਾਵੈ=ਭਾਉਂਦਾ ਹੈ, ਉਹ ਕੁਝ ਹੋਇ=ਹੁੰਦਾ ਹੈ। ਭਾਵ ਸਭ ਕੁਝ ਉਸਦੇ ਭਾਣੇ, ਹੁਕਮ ਵਿੱਚ ਹੋ ਰਿਹਾ ਹੈ॥੨॥ ਜੈਸਾ ਕਿ :

੧. **ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥** [ਗੂਜਰੀ ਮਹਲਾ ੩, ਅੰਗ ੪੯੨]

੨. **ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥** [ਗਉੜੀ ਮਹਲਾ ੫, ਅੰਗ ੨੮੦]

੩. **ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥** [ਸਿਰੀਰਾਗੁ ਮਹਲਾ ੧, ਅੰਗ ੫੫]

੪. **ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥੭॥** [ਗਉੜੀ ਮਹਲਾ ੫, ਅੰਗ ੨੭੮]

੫. **ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ ॥** [ਵਾਰ ਸੂਹੀ ਮਹਲਾ ੩, ਅੰਗ ੭੮੬]

## ਪਉੜੀ ॥ ਪਾਰਬ੍ਰਹਮਿ ਦਇਆਲਿ; ਸਾਗਰੁ ਤਾਰਿਆ ॥

ਪਾਰਬ੍ਰਹਮ ਪ੍ਰਮੇਸ਼ਰ ਜਿਸਦੇ ਉਪਰ ਦਿਆਲੂ ਹੁੰਦਾ ਹੈ, ਉਸਨੂੰ ਸੰਸਾਰ-ਸਮੁੰਦਰ ਤੋਂ ਨਾਮ ਦੁਆਰਾ ਤਾਰ ਦਿੰਦਾ ਹੈ। ਜੈਸਾ ਕਿ :

੧. **ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ ॥** [ਆਸਾ ਮਹਲਾ ੫, ਅੰਗ ੪੫੬]

੨. **ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧ ਸੰਗਿ ਸੋ ਭਵਜਲੁ ਤਰੈ ॥** [ਰਾਮਕਲੀ ਮਹਲਾ ੫, ਅੰਗ ੮੯੯]

੩. **ਰਾਖਨ ਕਉ ਦੂਸਰ ਨਹੀ ਕੋਇ ॥ ਤਉ ਨਿਸਤਰੈ ਜਉ ਕਿਰਪਾ ਹੋਇ ॥੩॥** [ਰਾਮਕਲੀ ਮਹਲਾ ੫, ਅੰਗ ੮੯੮]

੪. **ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥** [ਸੋਰਠਿ ਕਬੀਰ ਜੀ, ਅੰਗ ੬੫੬]

੫. **ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥** [ਗਉੜੀ ਮਹਲਾ ੫, ਅੰਗ ੧੯੬]

## ਗੁਰਿ ਪੂਰੈ ਮਿਹਰਵਾਨਿ; ਭਰਮੁ ਭਉ ਮਾਰਿਆ ॥

ਪੂਰਾ ਗੁਰੂ ਜਿਸ ਜਗਿਆਸੂ ਉੱਤੇ ਮਿਹਰਵਾਨ ਹੋਇਆ ਹੈ, ਉਸਨੇ ਆਪਣੇ ਹਿਰਦੇ ਵਿੱਚੋਂ ਪੰਜ ਕਿਸਮ ਦਾ ਭਰਮ ਅਤੇ ਸੱਤ ਕਿਸਮ ਦਾ ਭਉ=ਡਰ ਮਾਰ ਦਿੱਤਾ, ਭਾਵ ਦੂਰ ਕਰ ਦਿੱਤਾ ਹੈ। ਸਾਡੇ ਹਿਰਦੇ ਵਿੱਚ ਜੋ ਭੈ ਅਤੇ ਭਰਮ ਦਾ ਗਾੜ੍ਹਾ ਅੰਧਕਾਰ ਛਾਇਆ ਹੋਇਆ ਹੈ, ਉਸਨੂੰ ਕੇਵਲ ਸਤਿਗੁਰੂ ਜੀ ਹੀ ਦੂਰ ਕਰ ਸਕਦੇ ਹਨ। ਜੀਵ ਦੀ ਆਪਣੀ ਸਮਰੱਥਾ ਨਹੀਂ ਕਿ ਉਹ ਭਰਮ ਨੂੰ ਦੂਰ ਕਰ ਸਕੇ। ਜਦੋਂ ਸਤਿਗੁਰੂ ਜੀ ਮਿਹਰਵਾਨ ਹੋ ਕੇ ਸਿੱਖ ਨੂੰ ਉਪਦੇਸ਼ ਬਖ਼ਸ਼ਦੇ ਹਨ ਤੇ ਸਿੱਖ ਉਪਦੇਸ਼ ਨੂੰ ਸ੍ਰਵਣ ਕਰਕੇ ਮੰਨਣ ਅਤੇ ਨਿਧਿਆਸਣ ਕਰਦਾ ਹੈ ਤਾਂ ਉਸਦੇ ਹਿਰਦੇ ਰੂਪ ਘਰ ਵਿੱਚੋਂ ਭਰਮ ਅਤੇ ਭੈ ਦਾ ਹਨੇਰਾ ਦੂਰ ਹੋ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਸਰੂਪ ਦੀ ਸਖਿਆਤਤਾ ਹੋ ਜਾਂਦੀ ਹੈ। ਜੈਸਾ ਕਿ :

**੧. ਸਤਿਗੁਰ ਸਬਦਿ ਉਜਾਰੋ ਦੀਪਾ ॥**
**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥**
[ਬਿਲਾਵਲੁ ਮਹਲਾ ੫, ਅੰਗ ੮੨੧]

**੨. ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥**
[ਗਉੜੀ ਮਹਲਾ ੫, ਅੰਗ ੧੮੪]

## *ਕਾਮ ਕ੍ਰੋਧੁ ਬਿਕਰਾਲੁ; ਦੂਤ ਸਭਿ ਹਾਰਿਆ ॥*

ਜਿਸ ਉੱਤੇ ਪੂਰੇ ਸਤਿਗੁਰਾਂ ਦੀ ਕਿਰਪਾ ਹੋਈ, ਉਸਦੇ ਅੰਦਰੋਂ ਕਾਮ, ਕ੍ਰੋਧ ਆਦਿਕ ਬਿਕਰਾਲੁ=ਭਿਆਨਕ ਦੂਤ ਸਾਰੇ ਹਾਰ ਗਏ, ਭਾਵ ਉਸਦੇ ਅਧੀਨ ਹੋ ਗਏ। ਜੈਸਾ ਕਿ :

**ਮੋਹ ਮਲਿ ਬਿਵਸਿ ਕੀਅਉ ਕਾਮ ਗਹਿ ਕੇਸ ਪਛਾੜ੍ਉ ॥**
**ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥**
**ਜਨਮ ਕਾਲੁ ਕਰ ਜੋੜਿ ਹੁਕਮ ਜੋ ਹੋਇ ਸੁ ਮੰਨੈ ॥**
**ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁ ਪ੍ਰਸੰਨੈ ॥** [ਸਵਈਏ ਮਹਲੇ ੪ ਕੇ, ਅੰਗ ੧੪੦੬]

## *ਅੰਮ੍ਰਿਤ ਨਾਮੁ ਨਿਧਾਨੁ; ਕੰਠਿ ਉਰਿ ਧਾਰਿਆ ॥*

ਸਤਿਗੁਰਾਂ ਦੀ ਕਿਰਪਾ ਸਦਕਾ ਜਗਿਆਸੂ ਨੇ ਪ੍ਰਮੇਸ਼ਰ ਦੇ ਅੰਮ੍ਰਿਤ=ਮ੍ਰਿਤਯੂ ਤੋਂ ਰਹਿਤ ਕਰਨ ਵਾਲੇ ਨਾਮ ਨੂੰ ਉਰਿ=ਹਿਰਦੇ ਵਿੱਚ ਧਾਰਿਆ ਹੈ।

## *ਨਾਨਕ ਸਾਧੂ ਸੰਗਿ; ਜਨਮੁ ਮਰਣੁ ਸਵਾਰਿਆ ॥੧੧॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸਨੂੰ ਸਾਧੂਆਂ ਦੀ ਸੰਗਤ ਗੁਰੂ ਕਿਰਪਾ ਦੁਆਰਾ ਪ੍ਰਾਪਤ ਹੋਈ ਹੈ, ਉਸਨੇ ਆਪਣਾ ਜੰਮਣਾ ਤੇ ਮਰਣਾ ਸਵਾਰ ਲਿਆ ਹੈ॥੧੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੭ [ਆਦਿ ਅੰਗ ੮੫੫]

***ਬਿਲਾਵਲੁ ॥ ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥ ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥ ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ ॥੧॥ਰਹਾਉ॥ ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥ ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥ ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥ ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥ ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥ ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥੪॥੩॥***

## *ਬਿਲਾਵਲੁ ॥*

ਇਹ ਸ਼ਬਦ ਬਿਲਾਵਲੁ ਰਾਗ ਵਿੱਚ ਕਬੀਰ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ। ਜੋ ਮੁਖਵਾਕ ਰੂਪ ਵਿੱਚ ਪ੍ਰਾਪਤ ਹੋਇਆ ਹੈ। ਜਿਸ ਦੀ ਉਥਾਨਕਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇਸ ਤਰ੍ਹਾਂ ਲਿਖੀ ਹੈ।

**ਉਥਾਨਕਾ—**ਭਗਤ ਕਬੀਰ ਸਾਹਿਬ ਜੀ ਜਿਨ੍ਹਾਂ ਦਾ ਬਹੁਤਾ ਨਿਵਾਸ ਕਾਂਸ਼ੀ ਦੇ ਵਿੱਚ ਰਿਹਾ। ਜਿਸ ਕਾਂਸ਼ੀ ਦੇ ਅੰਦਰ ਪੁਰਾਣੇ ਯੁਗਾਂ ਤੋਂ ਵਿਦਿਆ ਦੀ ਟਕਸਾਲ ਚਲੀ ਆ ਰਹੀ ਹੈ। ਜਿਸ ਕਰਕੇ ਬੜੇ-ਬੜੇ ਵਿਦਵਾਨਾਂ ਦੇ ਨਾਲ ਕਬੀਰ ਸਾਹਿਬ ਜੀ ਦੀ ਚਰਚਾ ਹੁੰਦੀ ਰਹੀ। ਹਉਮੈ ਦੇ ਭਰੇ ਹੋਏ ਫੋਕਟ ਕਰਮ-ਕਾਂਡੀ ਅੰਧ-ਵਿਸ਼ਵਾਸੀ ਪੱਥਰ ਪੂਜਕ ਲੋਕ ਕਬੀਰ ਜੀ ਅੱਗੇ ਹਾਰਦੇ ਰਹੇ। ਜਿਨ੍ਹਾਂ ਕੋਲ ਆਤਮਿਕ ਬਲ ਸੀ, ਰੱਬੀ ਬਰਕਤਾਂ ਸਨ। ਜਿਨ੍ਹਾਂ ਦੇ ਆਸਰੇ ਵੱਡੇ ਤੋਂ ਵੱਡੇ ਦਿਗਵਿਜਈ ਪੰਡਿਤ ਕਦੇ ਕਬੀਰ ਸਾਹਿਬ ਨੂੰ ਜਿੱਤ ਨਹੀਂ ਸਕੇ, ਬਲਕਿ ਹਾਰਦੇ ਰਹੇ। ਕਬੀਰ ਸਾਹਿਬ ਜੀ ਦੇ ਅੰਦਰ ਕਿਸੇ ਨੂੰ ਜਿੱਤਣ ਦੀ ਭੀ ਕੋਈ ਇੱਛਾ ਨਹੀਂ ਸੀ। ਪਰ ਈਸ਼ਵਰ ਦਾ ਬਿਰਦ ਐਸਾ ਹੈ ਕਿ ਉਹ ਆਪਣੇ ਸੰਤਾਂ-ਭਗਤਾਂ ਦੀ ਇੱਜ਼ਤ ਕਰਾਉਂਦਾ ਹੈ। ਉਨ੍ਹਾਂ ਪੰਡਤਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਪਖੰਡ ਕਰਕੇ, ਦਿਖਾਵੇ ਦੇ ਤਿਆਗੀ, ਭੇਖੀ ਲੋਕ ਭੀ ਕਬੀਰ ਸਾਹਿਬ ਜੀ ਨਾਲ ਚਰਚਾ ਕਰਦੇ ਰਹੇ। ਜੋ ਭੀ ਹਉਮੈ ਦੇ ਭਰੇ ਹੋਏ ਕਬੀਰ ਸਾਹਿਬ ਜੀ ਨੂੰ ਜਿੱਤਣ ਦੀ ਇੱਛਾ ਨਾਲ ਆਉਂਦੇ ਤਾਂ ਕਬੀਰ ਜੀ ਨਾਮ ਦੀ ਸ਼ਕਤੀ ਨਾਲ ਉਨ੍ਹਾਂ ਦੀ ਭੀ ਹਉਮੈ ਦੀ ਨਵਿਰਤੀ ਕਰਕੇ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ ਐਸਾ ਹੁੰਦਾ ਹੀ ਰਹਿੰਦਾ ਸੀ। ਇੱਕ ਦਿਨ ਐਸਾ ਹੋਇਆ ਕਿ ਇਕ ਦਿਖਾਵੇ ਦਾ ਤਿਆਗੀ ਸੰਤ ਬਾਣੇ ਵਿੱਚ ਕਬੀਰ ਸਾਹਿਬ ਜੀ ਦੇ ਕੋਲ ਆਇਆ। ਜਿਸ ਨੂੰ ਇਹ ਬੜਾ ਮਾਣ ਸੀ ਕਿ ਮੈਂ ਘਰ-ਬਾਰ ਤਿਆਗ ਕੇ ਬਨ ਵਿੱਚ (ਜੰਗਲ ਵਿੱਚ) ਨਿਵਾਸ ਕਰ ਰਿਹਾ ਹਾਂ। ਕਿਉਂਕਿ ਪੁਰਾਤਨ ਇੱਕ ਐਸੀ ਰੀਤ ਸੀ ਕਿ ਜਿਥੇ ਮਨੁੱਖ ਨੂੰ ਚਾਰ-ਵਰਣਾਂ ਬ੍ਰਾਹਮਣ, ਖੜ੍ਹੀ, ਵੈਸ਼, ਸ਼ੂਦ੍ਰ ਦੇ ਰੂਪ ਵਿੱਚ ਵੰਡਿਆ ਹੋਇਆ ਸੀ। ਉੱਥੇ ਮਨੁੱਖ ਦੀ ਉਮਰ ਨੂੰ ਭੀ ਚਾਰ ਹਿੱਸਿਆ ਵਿੱਚ ਵੰਡਿਆ ਹੋਇਆ ਸੀ। ਜਿਵੇਂ ਇੱਕੋ ਹੀ ਮਨੁੱਖ ਚਾਰ ਵਰਣਾਂ ਵਿੱਚ ਵੰਡਿਆ ਗਿਆ ਭਾਵੇਂ ਇਹ ਵੰਡ ਕਰਮਾਂ ਦੇ ਆਧਾਰ ’ਤੇ ਸੀ। ਪਰ ਹੌਲੀ-ਹੌਲੀ ਚਾਰ ਜਾਤੀਆਂ ਪ੍ਰਪੱਕ ਹੋ ਗਈਆਂ। ਜਿਨ੍ਹਾਂ ਵਿੱਚੋਂ ਅੱਗੇ ਚੱਲ ਕੇ ਸੈਂਕੜੇ ਜਾਤਾਂ, ਹੋਰ ਪੈਦਾ ਹੋ ਗਈਆਂ। ਇਉਂ ਮਨੁੱਖ, ਮਨੁੱਖ ਤੋਂ ਜਾਤੀ ਦੇ ਵਿਤਕਰੇ ਵਿੱਚ ਆ ਕੇ ਨਫ਼ਰਤ ਕਰਨ ਲੱਗਾ। ਪ੍ਰਮੇਸ਼ਰ ਨੂੰ ਆਪਣੀ ਰਚਨਾ ਵਿੱਚ ਐਸੇ ਵਿਤਕਰੇ ਸਵੀਕਾਰ ਨਹੀਂ ਸਨ। ਇਸ ਨਫ਼ਰਤ ਨੂੰ ਕੱਢਣ ਲਈ ਉਸ ਨਿਰਾਕਾਰ ਨੇ ਦਸ ਜਾਮ੍ਹੇ ਧਾਰੇ ਗੁਰੂਆਂ ਦੀ ਗੱਦੀ ਚੱਲੀ। ਗਿਆਰਵੇਂ ਥਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਹ ਜ਼ਿੰਮੇਵਾਰੀ ਸੌਂਪ ਕੇ ਆਪਣਾ ਰੂਪ ਹੋਣ ਦਾ ਮਾਣ ਬਖ਼ਸ਼ਿਆ। ਜਿਹੜੇ ਭਗਤਾਂ ਦਾ ਸਿਧਾਂਤ ਗੁਰਮਤਿ ਨਾਲ ਮਿਲਦਾ ਸੀ। ਅਦ੍ਵੈਤ ਵਾਦੀ ਸਨ। ਉਨ੍ਹਾਂ ਦੀ ਪਵਿੱਤਰ ਬਾਣੀ ਨੂੰ ਆਪਣੀ ਬਾਣੀ ਦੇ ਨਾਲ ਮਾਣ ਬਖ਼ਸ਼ਿਆ। ਕਿਉਂਕਿ ਉਨ੍ਹਾਂ ਭਗਤਾਂ ਨੇ ਛੋਟੀਆਂ ਜਾਤੀਆਂ ਵਿੱਚ ਜਨਮ ਧਾਰਕੇ, ਨਾਮ ਦੀ ਮਹਿਮਾ ਪ੍ਰਗਟ ਕਰਕੇ ਵਿਖਾਈ। ਇਹ ਸਾਬਤ ਕਰ ਦਿੱਤਾ ਕਿ ਪ੍ਰਮਾਤਮਾ ਕੇਵਲ ਪ੍ਰੇਮ ਦੇਖਦਾ

ਹੈ, ਜਾਤੀ ਨਹੀਂ। ਇਹ ਜਾਤੀ ਵਿਤਕਰਾ ਬ੍ਰਾਮਹਣੀ ਮੱਤ ਹੈ। ਚਹੁੰ ਵਰਨਾ ਵਿੱਚ ਵੰਡੇ ਮਨੁੱਖ ਨੂੰ ਗੁਰੂ ਨਾਨਕ ਘਰ ਵਿੱਚ ਏਕਤਾ ਦੀ ਪ੍ਰਾਪਤੀ ਹੋਈ। ਬ੍ਰਾਹਮਣਾਂ ਦੀ ਗ਼ਲਤੀ ਨਾਲ ਵੰਡੇ ਹੋਏ ਮਨੁੱਖ ਦੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿੱਚ ਰੱਬੀ ਗਿਆਨ ਪ੍ਰਾਪਤ ਕਰਨ ਲਈ ਅਟੁੱਟ ਸਾਂਝ ਬਣ ਗਈ। ਜੈਸਾ ਕਿ ਬਾਣੀ ਵਿੱਚ ਫ਼ੁਰਮਾਨ ਹੈ। ਜੈਸਾ ਕਿ :

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥** [ਸੂਹੀ ਮਹਲਾ ੫, ਅੰਗ ੭੪੮]

ਸੋ ਜਿਵੇਂ ਵੰਡੇ ਹੋਏ ਮਨੁੱਖ ਗਿਆਨ ਪ੍ਰਾਪਤੀ ਵਿੱਚ ਸਾਂਝੇ ਕਰ ਦਿੱਤੇ ਇਸੀ ਤਰ੍ਹਾਂ ਦੂਸਰੀ ਵੰਡ ਬ੍ਰਾਹਮਣਾ ਵੱਲੋਂ ਉਮਰ ਦੀ ਸੀ ਕਿ ਜ਼ਿੰਦਗੀ ਦੀ ਕਿਹੜੀ ਉਮਰ ਵਿੱਚ ਕੀ ਕਰਨਾ ਹੈ ? ਇਸ ਵਿੱਚ ਭਾਵੇਂ ਕੁਝ ਗੱਲਾਂ ਚੰਗੀਆਂ ਵੀ ਸਨ, ਜਿਨ੍ਹਾਂ ਦਾ ਖੰਡਨ ਨਹੀਂ। ਕਿਉਂਕਿ ਕੋਈ ਭੀ ਕੰਮ ਤਰਤੀਬ ਅਨੁਸਾਰ ਕੀਤਾ ਹੋਇਆ, ਕਾਮਯਾਬੀ ਦਿੰਦਾ ਹੈ। ਜਿਸ ਕੰਮ ਦੀ ਤਰਤੀਬ ਠੀਕ ਨਾ ਹੋਵੇ, ਉਸ ਵਿੱਚ ਕਾਮਯਾਬੀ ਮੁਸ਼ਕਿਲ ਮਿਲਦੀ ਹੈ। ਸੋ ਇਸ ਤਰਤੀਬ ਦਾ ਖੰਡਨ ਨਹੀਂ। ਠੀਕ ਤਾਂ ਕੰਮਾਂ ਦਾ ਵੰਡਨਾ ਭੀ ਸੀ। ਉਹ ਵੀ ਇੱਕ ਤਰਤੀਬ ਸੀ। ਪਰ ਬਾਅਦ ਵਿੱਚ ਜਾਤੀ ਵਿਤਕਰੇ 'ਤੇ ਹੋ ਨਿਬੜੀ। ਇਸੇ ਤਰ੍ਹਾਂ ਉਮਰ ਦੀ ਤਰਤੀਬ ਜਿਸਦਾ ਵੇਰਵਾ ਧਰਮ ਸ਼ਾਸ਼ਤ੍ਰਾਂ ਵਿੱਚ ਐਸਾ ਮਿਲਦਾ ਹੈ। ੧. ਪੱਚੀ ਸਾਲ ਤਕ ਪ੍ਰਾਣੀ ਵਿਦਿਆ ਪੜ੍ਹੇ ਅਰੁ ਜਤੀ ਰਹੇ। ਇਸਨੂੰ ਬ੍ਰਹਮਚਾਰੀ ਕਿਹਾ ਗਿਆ। ੨. ਪੱਚੀ ਤੋਂ ਪੰਜਾਹ ਸਾਲ ਤਕ ਸੰਸਾਰਕ ਜੁੰਮੇਵਾਰੀ ਗ੍ਰਿਹਸਤੀ ਹੋ ਕੇ ਸੰਤਾਨ ਦੀ ਉਤਪਤੀ, ਘਰ ਅਤੇ ਦੇਸੁ ਦੀ ਤਰੱਕੀ ਦੇ ਸੰਸਾਰੀ ਕਰਮ ਕਰਨੇ। ਹਰ ਕਰਮ ਵਿੱਚ ਧਰਮ ਨੂੰ ਮੂਹਰੇ ਰੱਖਣਾ। ੩. ਜਦੋਂ ਉਮਰ ਪੰਜਾਹ ਵਰ੍ਹਿਆ ਦੀ ਹੋ ਜਾਏ ਫਿਰ ਘਰ ਦਾ ਤਿਆਗ ਕਰਕੇ ਬਸਤੀ ਤੋਂ ਦੂਰ ਵਨਾਂ (ਜੰਗਲਾਂ) ਵਿੱਚ ਰਹਿਣਾ। ਇਨ੍ਹਾਂ ਨੂੰ ਵਾਨਪ੍ਰਸਤ ਕਿਹਾ ਗਿਆ। ਇਹ ਜ਼ਿੰਦਗੀ ਦੇ ਪੱਚੀ ਸਾਲ ਜੰਗਲ ਦੀ ਕੁਟੀਆ ਵਿੱਚੋਂ ਬੈਰਾਗ ਧਾਰ ਕੇ ਗੁਜ਼ਾਰਨੇ। ੪. ਉਮਰ ਪਝੰਤਰ ਵਰ੍ਹਿਆਂ ਦੀ ਹੋ ਜਾਏ, ਫਿਰ ਇਸਦਾ ਭੀ ਤਿਆਗ ਕਰ ਦੇਣਾ। ਫਿਰ ਕੱਖਾਂ ਦੀ ਕੁਟੀਆ ਤਿਆਗ ਕੇ ਬਿਰਛਾਂ ਦੇ ਹੇਠ ਰਾਤਾਂ ਗੁਜ਼ਾਰਨੀਆਂ 'ਤੇ ਬ੍ਰਹਮ ਚਿੰਤਨ ਕਰਨਾ ਉਮਰ ਭਾਵੇਂ ਸੌ ਵਰ੍ਹੇ ਦੀ ਹੋ ਜਾਏ ਭਾਵੇਂ ਇਸ ਤੋਂ ਉਪਰ ਚਲੀ ਜਾਏ। ਪਰ ਕਲਯੁਗ ਦੇ ਵਿੱਚ ਜੋ ਉਮਰ ਸੌ ਵਰ੍ਹਿਆ ਦੀ ਕਲਯੁਗ ਦੇ ਨਿਯਮ ਅਨੁਸਾਰ ਮੰਨੀ ਹੈ। ਇਸਦੀ ਵੰਡ ਪੱਚੀ-ਪੱਚੀ ਵਰ੍ਹੇ ਦੀ ਚਾਰ ਥਾਂ ਕੀਤੀ ਗਈ ਹੈ। ਜਿਵੇਂ ਚਾਰ ਵਰਨਾਂ ਵਿੱਚ ਜਾਤੀ ਵਿਤਕਰੇ ਤੇ ਘਾਟਾਂ ਆਈਆਂ, ਇਸੇ ਤ੍ਰਹਾਂ ਉਮਰ ਦੇ ਚਾਰ ਹਿੱਸਿਆਂ ਦੇ ਆਧਾਰ 'ਤੇ ਬ੍ਰਹਮਚਾਰੀ, ਗ੍ਰਿਹਸਥੀ, ਵਾਨਪ੍ਰਸਤ, ਸੰਨਿਆਸੀ ਇਨ੍ਹਾਂ ਸਾਰਿਆਂ ਵਿੱਚ ਘਾਟਾਂ ਆ ਗਈਆਂ। ਸਾਰੇ ਆਪਣੇ-ਆਪਣੇ ਧਰਮ ਦਾ ਤਿਆਗ ਕਰ ਬੈਠੇ। ਜੋ ਪ੍ਰਤੱਖ ਦੇਖਣ ਵਿੱਚ ਆ ਰਹੇ ਹਨ। ਸੋ ਕਬੀਰ ਸਾਹਿਬ ਜੀ ਦੇ ਕੋਲ ਇੱਕ ਵਾਨਪ੍ਰਸਤੀ ਆਇਆ, ਉਸਨੇ ਕਬੀਰ ਸਾਹਿਬ ਨੂੰ ਇੱਕ ਮਾਮੂਲੀ ਗ੍ਰਿਹਸਥੀ ਸਮਝ ਕੇ ਕਿ ਛੋਟੀ ਜਾਤੀ ਦਾ ਇਹ ਜੁਲਾਹਾ ਹੈ, ਭਗਤ ਜੀ ਨੂੰ ਕਹਿਣ ਲੱਗਾ, ਕਿ ਅਸੀਂ ਜੰਗਲਾਂ ਦੇ ਵਿੱਚ ਰਹਿ ਕੇ ਭਗਤੀ ਕਰਦੇ ਹਾਂ ਤੇ ਤੂੰ ਹਰ ਵਕਤ ਇਨ੍ਹਾਂ ਲੋਕਾਂ ਦੀ ਬਸਤੀ ਵਿੱਚ ਘਰ ਦੇ ਧੰਦਿਆਂ ਵਿੱਚ ਫਸਿਆ ਰਹਿੰਦਾ ਹੈ। ਆਪਣੇ-ਆਪ ਨੂੰ ਕਬੀਰ ਭਗਤ ਕਹਾਉਂਦਾ ਹੈ। ਕੀ ਭਗਤ ਤੇਰੇ ਵਰਗੇ ਹੁੰਦੇ ਹਨ ? ਭਗਤ ਤਾਂ ਅਸੀਂ ਹਾਂ, ਜੋ ਗ੍ਰਿਹਸਥ ਨੂੰ ਤਿਆਗ ਕੇ ਹਮੇਸ਼ਾ ਵਨਾਂ ਵਿੱਚ ਰਹਿੰਦੇ ਹਾਂ। ਕਬੀਰ ਸਾਹਿਬ ਜੀ ਨੇ ਉਸ ਹੰਕਾਰੀ ਤੇ ਪਖੰਡੀ ਦੇ ਬਚਨ ਸੁਣ ਕੇ ਵੇਖਿਆ ਕਿ ਇਸਦੇ ਹਿਰਦੇ ਅੰਦਰ ਵਿਕਾਰਾਂ ਦੀ ਮੈਲ ਭਰੀ ਪਈ ਹੈ। ਕਹਿ ਤਾਂ ਰਿਹਾ ਹੈ ਕਿ ਮੈਂ ਘਰ-ਬਾਰ ਤਿਆਗਿਆ ਹੋਇਆ ਹੈ। ਕਬੀਰ ਜੀ ਕਹਿੰਦੇ ਹਨ ਕਿ ਤੇਰਾ ਕੈਸਾ ਤਿਆਗ ਹੈ ? ਜੋ ਚੀਜ਼ਾਂ ਤਿਆਗਣ ਵਾਲੀਆਂ ਸਨ ਉਹ ਤਾਂ ਤੂੰ ਨਾਲ ਲਈ ਫਿਰਦਾ ਹੈਂ। ਕਬੀਰ ਜੀ ਨੇ ਬਜਾਇ ਇਸਦੇ ਕਿ ਉਸਨੂੰ ਵਿਕਾਰੀ ਕਿਹਾ ਜਾਂਦਾ। ਸੋਹਣੇ ਢੰਗ ਨਾਲ ਉਪਦੇਸ਼ ਦੇਣ ਲੱਗੇ। ਉਸ ਪਖੰਡੀ ਦੇ ਔਗੁਣਾਂ ਦੀ ਚਿਤਵਨੀ ਆਪਣੇ ਚਿੱਤ ਵਿੱਚ ਕਰਕੇ ਕਿ ਇਹ ਔਗੁਣ ਮੇਰੇ ਵਿੱਚ ਹੀ ਹਨ। ਅਸਲ ਵਿੱਚ ਮਲੀਨ ਮਨ ਦੀ ਵਿਆਖਿਆ ਤੇ ਅਵਸਥਾ ਪ੍ਰਗਟ ਕਰਦੇ ਹੋਏ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ।

## *ਗ੍ਰਿਹੁ ਤਜਿ ਬਨ ਖੰਡ ਜਾਈਐ; ਚੁਨਿ ਖਾਈਐ ਕੰਦਾ ॥*

ਕਬੀਰ ਜੀ ਪ੍ਰਮੇਸ਼ਰ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਨ ਕਿ ਹੇ ਪ੍ਰਮੇਸ਼ਰ! ਤੇਰੀ ਪ੍ਰਾਪਤੀ ਲਈ ਜੇ ਅਸੀਂ ਗ੍ਰਿਹੁ=ਘਰ ਨੂੰ ਤਜਿ=ਤਿਆਗ ਕੇ ਸਾਧੂ ਬਣਕੇ ਤੇ ਬਨ=ਜੰਗਲ ਦੇ ਕਿਸੇ ਖੰਡ=ਟੁਕੜੇ ਪਰ ਜਾ ਕੇ ਬੈਠ ਜਾਈਏ ਅਤੇ ਉੱਥੇ ਜਾ ਕੇ ਚੁਨਿ=ਲੱਭ ਕੇ ਭੁੱਖ ਲੱਗੀ ਤੋਂ ਕੰਦਾ=ਬ੍ਰਿਛਾਂ ਦੇ ਫਲ, **ਵਾ:** ਫੁੱਲ ਬਗ਼ੈਰਾ ਖਾਈਐ=ਖਾਣਾ ਕਰੀਏ। ਭਾਵ ਜੰਗਲਾਂ ਵਿੱਚ ਵਸਦਿਆਂ ਨੂੰ ਭੁੱਖ ਲੱਗੀ ਤੋਂ ਭੀ ਗ੍ਰਿਹਸਤੀਆਂ ਦੇ ਦੁਆਰੇ ਕਿਸੇ ਬਸਤੀ ਵਿੱਚ ਨਾ ਵੜੀਏ। ਜੰਗਲਾਂ ਵਿੱਚ ਯੋਗੀ ਦੋ ਕਿਸਮ ਦਾ ਅਹਾਰ ਕਰਦੇ ਸਨ। ਇੱਕ ਦਾ ਨਾਮ ਕੰਦ ਤੇ ਦੂਜੇ ਨੂੰ ਮੂਲ ਕਹਿੰਦੇ ਹਨ। ਕੰਦ ਜੋ ਬਿਰਛਾਂ ਨੂੰ ਫਲ ਲੱਗਣ। ਮੂਲ ਜੋ ਧਰਤੀ ਦੀ ਤਹਿ ਵਿੱਚ ਪੈਦਾ ਹੋਣ ਜੈਸਾ ਕਿ ਗਾਜਰ, ਮੂਲੀ, ਸ਼ਲਗਮ, ਸ਼ਕਰਕੰਦੀ ਆਦਿ। ਇਸਨੂੰ ਇਕੱਠਾ 'ਕੰਦਮੂਲ' ਜੋ ਇੱਕ ਜੰਗਲ ਵਿੱਚ ਜਿੰਮੀਕੰਦ ਦੀ ਸ਼ਕਲ ਦਾ ਧਰਤੀ ਵਿੱਚ ਪੈਦਾ ਹੋਣ ਵਾਲਾ ਪਦਾਰਥ ਹੈ, ਉਸਨੂੰ ਭੀ ਕੰਦਮੂਲ ਕਿਹਾ ਜਾਂਦਾ ਹੈ। ਜੈਸਾ ਕਿ :

੧. **ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥** [ਰਾਮਕਲੀ ਮਹਲਾ ੧, ਅੰਗ ੯੩੮]

੨. **ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥**
**ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥** [ਵਾਰ ਮਾਝ ਮਹਲਾ ੧, ਅੰਗ ੧੪੦]

## *ਅਜਹੁ ਬਿਕਾਰ ਨ ਛੋਡਈ; ਪਾਪੀ ਮਨੁ ਮੰਦਾ ॥੧॥*

ਪਰ ਇਹ ਮੰਦਾ=ਭੈੜੇ ਸੰਕਲਪਾਂ ਦੀ ਚਿਤਵਨੀ ਕਰਨ ਵਾਲਾ ਪਾਪੀ=ਅਪਰਾਧੀ ਮਨ ਅਜਹੁ=ਅਜੇ ਤਕ ਭਾਵ ਜੰਗਲ ਵਿੱਚ ਰਹਿੰਦਿਆਂ ਵਰ੍ਹੇ ਬੀਤ ਗਏ, ਬਿਕਾਰ=ਵਿਸ਼ਈ ਬਿਰਤੀ ਨੂੰ ਨ ਛੋਡਈ=ਨਹੀਂ ਛੱਡਦਾ। ਜੈਸਾ ਕਿ :

੧. **ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥**
[ਬਿਲਾਵਲੁ ਮਹਲਾ ੪, ਅੰਗ ੮੩੫]

੨. **ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥**
**ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥**
[ਮਾਰੂ ਮਹਲਾ ੧, ਅੰਗ ੧੦੧੨]

੩. **ਧੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥**
**ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥**
[ਪ੍ਰਭਾਤੀ ਮਹਲਾ ੫, ਅੰਗ ੧੩੪੮]

੪. **ਪਾਪੀ ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ਰਹਾਉ॥**
**ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥੧॥**
[ਬਸੰਤ ਮਹਲਾ ੯, ਅੰਗ ੧੧੮੬]

ਜਿਵੇਂ ਇਹਨਾਂ ਪ੍ਰਮਾਣਾ ਦੇ ਨਾਲ ਇਹ ਦਿਖਾਵੇ ਮਾਤਰ ਤਿਆਗੀਆਂ ਦੇ ਮਨ ਦੇ ਵਿਕਾਰੀ ਹੋਣ ਦਾ ਨਿਰਣਾ ਕੀਤਾ ਹੈ ਅਤੇ ਦੱਸਿਆ ਹੈ ਕਿ 'ਘਰ ਤਿਆਗਣਾ ਹੀ ਤਿਆਗ ਨਹੀਂ ਹੈ। ਜੇ ਆਪਣੇ ਦੇਸ ਨੂੰ, ਆਪਣੇ ਘਰ ਨੂੰ, ਆਪਣੇ ਪਰਿਵਾਰ ਨੂੰ ਤਾਂ ਤਿਆਗ ਦਿੱਤਾ, ਇਹ ਤਿਆਗ ਬਾਹਰ ਦਾ ਤਿਆਗ ਹੈ। ਇਹ ਤਿਆਗ ਕੋਈ ਔਖਾ ਨਹੀਂ, ਹਰ ਕੋਈ ਕਰ ਸਕਦਾ ਹੈ। ਗ਼ਰੀਬੀ ਦੇ ਦੁੱਖ, ਪਰਿਵਾਰਕ ਕਲੇਸ਼ ਸੰਬੰਧੀਆਂ ਦੇ ਨਾਲ ਨਾ ਬਣਨ ਤੋਂ ਭੀ ਬਹੁਤ ਸਾਰੇ ਲੋਕ ਤਿਆਗੀ ਹੋ ਬੈਠਦੇ ਹਨ। ਛੋਟਾ ਜਿਹਾ ਘਰ ਛੱਡ ਕੇ ਵੱਡਾ ਡੇਰਾ ਬਣਾ ਲੈਣਾ। ਛੋਟਾ ਪਰਿਵਾਰ ਤਿਆਗ ਕੇ ਵੱਡਾ ਪਰਿਵਾਰ ਸਿੱਖ-ਸੇਵਕਾਂ ਦਾ ਬਣਾ ਲੈਣਾ। ਆਪਣੇ ਘਰ ਦੀ ਔਰਤ ਨੂੰ ਤਿਆਗ ਕੇ ਅਨੇਕਾਂ ਦਾਸੀਆਂ ਬਣਾ ਲੈਣੀਆਂ, ਕੀ ਇਹ ਸਭ ਕੁਝ ਤਿਆਗ ਦਾ ਹੀ ਸਬੂਤ ਹੈ ? ਇਸ ਦੇ ਅਨੇਕਾਂ ਸਾਖੀ

ਪ੍ਰਮਾਣ ਦਿੱਤੇ ਜਾ ਸਕਦੇ ਹਨ। ਸੰਖੇਪ ਨਾਲ ਨਮੂਨੇ ਮਾਤਰ ਇੱਕ-ਦੋ ਪ੍ਰਮਾਣ ਦਿੱਤੇ ਜਾ ਰਹੇ ਹਨ। ਮਛੰਦਰ ਨਾਥ ਜੋ ਇੱਕ ਯੋਗੀਆਂ ਦਾ ਮਹਾਂ ਮੰਡਲੇਸ਼ਵਰ ਹੈ, ਜਿਸਦੇ ਗੋਰਖ ਨਾਥ ਵਰਗੇ ਚੇਲੇ ਜਗਤ ਪ੍ਰਸਿੱਧ ਹਨ। ਇਹ ਯੋਗੀ ਘਰ ਛੱਡ ਕੇ ਵਨਾਂ 'ਚ ਰਹਿਣ ਵਾਲਾ ਕੰਦਮੂਲ ਦਾ ਆਹਾਰ ਖਾ ਕੇ ਗੁਜ਼ਾਰਾ ਕਰਨ ਵਾਲਾ ਵਿਕਾਰ ਫੁਰਨ ਤੋਂ ਪਰ ਕਾਂਇਆ ਪ੍ਰਵੇਸ਼ ਸਿੱਧੀ ਦੁਆਰਾ ਸੰਗਲਾਦੀਪ ਦੇ ਮਹਾਰਾਜੇ ਅਮਰੂ ਦੇ ਮ੍ਰਿਤਕ ਸਰੀਰ ਵਿੱਚ ਵੜ ਕੇ ਕਈ ਸਾਲ ਆਪਣੇ ਵਿਕਾਰੀ ਮਨ ਦਾ ਸਬੂਤ ਦਿੰਦਾ ਰਿਹਾ। ਅਮਰੂ ਰਾਜੇ ਦੀਆਂ ਪਦਮਨੀਆਂ ਤੋਂ ਕਾਮ ਦੇ ਫਲਸਰੂਪ ਦੋ ਪੁੱਤਰ ਪੈਦਾ ਕੀਤੇ। ਇਸ ਪਾਪ ਕਰਮ ਦੇ ਚਿੱਕੜ 'ਚੋਂ ਫਸੇ ਹੋਏ ਨੂੰ ਗੋਰਖ ਨਾਥ ਛੁਡਾ ਦੇ ਲਿਆਇਆ ਸੀ। ਇਸ ਦੀ ਸਾਖੀ ਨਹੀਂ ਲਿਖੀ ਕੇਵਲ ਇਥੇ ਟੂਕ ਦਿੱਤੀ ਹੈ। ਇਸੇ ਤਰ੍ਹਾਂ ਕਵੀ ਕਾਲੀਦਾਸ ਸਾਡੇ ਦੇਸ਼ ਦੇ ਵੱਡੇ ਕਵੀਆਂ ਵਿੱਚ ਜਿਸਦਾ ਨਾਂ ਹੈ। ਇਹ ਕੇਵਲ ਕਵੀ ਹੀ ਨਹੀਂ ਬਲਕਿ ਇੱਕ ਬੰਦਗੀ ਵਾਲਾ ਪੁਰਸ਼ ਹੋ ਗੁਜ਼ਰਿਆ ਹੈ।

**ਸਾਖੀ—ਕਾਲੀ ਦਾਸ ਦੇ ਮਨ ਵਿਕਾਰੀ ਹੋਣ ਦੀ—**ਇਕ ਸੰਸਕ੍ਰਿਤ ਦਾ ਮਹਾਨ ਕਵੀ ਬੰਗਾਲ ਸੂਬੇ ਜ਼ਿਲ੍ਹਾ ਮੁਰਸ਼ਿਦਾਬਾਦ ਸਿੰਗੀਗੋਡਾ ਪੰਚਥੁਪੀ ਦੇ ਮੁਕਾਮ ਪੁਰ ਪੈਦਾ ਹੋਇਆ। ਭਾਵੇਂ ਇਸਦੇ ਸਮੇਂ ਦਾ ਨਿਰਨਾ ਕਰਨਾ ਔਖਾ ਹੈ। ਕਈਆਂ ਵਿਦਵਾਨਾਂ ਨੇ ਪੰਜਵੀਂ ਸਦੀ ਵਿੱਚ ਅਤੇ ਕਈਆਂ ਨੇ ਬਿਕ੍ਰਮਾਜੀਤ ਦੇ ਵੇਲੇ ਇਸ ਦਾ ਹੋਣਾ ਮੰਨਿਆ ਹੈ, ਜਿਸ ਬਿਕ੍ਰਮਾਜੀਤ ਦਾ ਬਿਕ੍ਰਮੀ ਸੰਮਤ ਈਸਵੀ ਸੰਨ ਤੋਂ ਸਤਵੰਜਾ (੫੭) ਸਾਲ ਪਹਿਲਾਂ ਦਾ ਜਗਤ ਪ੍ਰਸਿੱਧ ਹੈ। ਦਸਮ ਗ੍ਰੰਥ ਵਿੱਚ ਇਸਨੂੰ ਬ੍ਰਹਮਾ ਦਾ ਅਵਤਾਰ ਮੰਨਿਆ ਹੈ। ਕੁਝ ਭੀ ਹੋਵੇ ਸਾਨੂੰ ਇਸ ਇਤਿਹਾਸਕ ਉਲਝਣ ਵਿੱਚ ਪੈਣ ਦੀ ਲੋੜ ਨਹੀਂ। ਅਸੀਂ ਉਸ ਵਿਸ਼ੇ ਵੱਲ ਆਈਏ ਜਿਸ ਦਾ ਸੰਬੰਧ ਮੁਖਵਾਕ ਦੀ ਸਿਧਾਂਤਕ ਤੁਕ ਕਿ ਘਰ ਛੱਡ ਕੇ ਵਨ ਜਾਣ ਨਾਲ ਮਨ ਵਿਕਾਰ ਨਹੀਂ ਤਿਆਗਦਾ, ਨਾਲ ਹੈ। ਕਾਲੀਦਾਸ ਜਿਸਦੀ ਔਰਤ ਬੜੀ ਖ਼ੂਬਸੂਰਤ ਔਰ ਬੰਦਗੀ ਵਾਲੀ ਸੀ, ਪ੍ਰਮੇਸ਼ਰ ਸੰਬੰਧੀ ਵਾਕਫ਼ੀਅਤ ਰਖਦੀ ਸੀ। ਕੁਝ ਸਮਾਂ ਕਾਲੀਦਾਸ ਨੇ ਆਪਣੀ ਇਸਤਰੀ ਦੇ ਨਾਲ ਕਾਮ ਵਾਸਨਾ ਦੀ ਤ੍ਰਿਪਤੀ ਦਾ ਬਤੀਤ ਕੀਤਾ। ਹੌਲੀ-ਹੌਲੀ ਵਿਸ਼ਿਆ ਤੋਂ ਮਨ ਉਪਰਾਮ ਹੋ ਗਿਆ ਤਾਂ ਆਪਣੀ ਇਸਤਰੀ ਨੂੰ ਕਹਿਣ ਲੱਗਾ ਕਿ ਭਾਗਾਂ ਵਾਲੀਏ ਮੇਰਾ ਮਨ ਵਿਸ਼ਿਆਂ ਤੋਂ ਉਪਰਾਮ ਹੋ ਗਿਆ ਹੈ। ਹੁਣ ਮੈਂ ਘਰ ਤਿਆਗ ਕੇ ਜੰਗਲਾਂ ਵਿੱਚ ਭਗਤੀ ਕਰਾਂਗਾ। ਘਰ ਵਾਲੀ ਨੇ ਸਮਝਾਇਆ ਕਿ ਭਗਤੀ ਕਰਨ ਲਈ ਘਰ ਜਾਂ ਪਰਿਵਾਰ ਤਿਆਗਣ ਦੀ ਲੋੜ ਨਹੀਂ। ਇਹ ਮੁਕੰਮਲ ਤਿਆਗ ਨਹੀਂ ਹੈ। ਮੁਕੰਮਲ ਤਿਆਗ ਪੰਜ ਵਿਸ਼ੇ ਵਿਕਾਰਾਂ ਦਾ ਤਿਆਗ ਹੀ ਅਸਲ ਤਿਆਗ ਹੈ। ਜੇ ਇਹ ਪੰਜੇ ਵਿਕਾਰ ਤੁਹਾਡੇ ਮਨ ਵਿੱਚ ਨਾਲ ਹੀ ਚਲੇ ਗਏ ਫਿਰ ਧੋਖਾ ਖਾ ਜਾਓਗੇ। ਸੋ ਇਨ੍ਹਾਂ ਦੇ ਤਿਆਗਣ ਲਈ ਤੁਸੀਂ ਵੈਰਾਗ ਧਾਰਕੇ ਘਰ ਵਿੱਚ ਹੀ ਪ੍ਰਮਾਤਮਾ ਨੂੰ ਪਾ ਸਕਦੇ ਹੋ। ਪਰ ਕਾਲੀਦਾਸ ਨੇ ਹਠ ਕੀਤਾ। ਆਪਣੀ ਪਤੀਬ੍ਰਤਾ ਪਤਨੀ ਦੀ ਇਹ ਗੱਲ ਨਾ ਮੰਨੀ। ਜੰਗਲ ਵਿੱਚ ਜਾ ਕੇ ਭਗਤੀ ਕਰਨ ਲੱਗਾ। ਨਾਮ ਵਿੱਚ ਮਨ ਨਹੀਂ ਜੁੜਿਆ। ਕਿਉਂਕਿ ਮਨ ਪਹਿਲਾਂ ਹੀ ਕਾਮ ਆਦਿਕ ਵਿਕਾਰਾਂ ਨਾਲ ਜੁੜਿਆ ਹੋਇਆ ਸੀ। ਇੱਕ ਦਿਨ ਕਾਮ ਵਾਸ਼ਨਾਂ ਦੀ ਐਸੀ ਹਨ੍ਹੇਰੀ ਚੱਲੀ ਜੋ ਕਾਲੀਦਾਸ ਨੂੰ ਉਡਾ ਕੇ ਉਸਦੇ ਆਪਣੇ ਘਰ ਲੈ ਆਈ ਜਿਸਦੇ ਤਿਆਗਣ ਦਾ ਹੰਕਾਰ ਕਰਦਾ ਸੀ ਕਿ ਮੈਂ ਘਰ ਤਿਆਗ ਦਿੱਤਾ ਹੈ। ਲੋਕ ਲੱਜਾ ਤੋਂ ਡਰਦਾ ਰਾਤ ਦੇ ਸਮੇਂ ਆਪਣੀ ਵਾਸ਼ਨਾ ਪੂਰੀ ਕਰਨ ਲਈ ਉਪਰਲੀ ਮੰਜ਼ਿਲ ਤੇ ਰਹਿੰਦੀ ਆਪਣੀ ਇਸਤਰੀ ਨੂੰ ਮਿਲਣ ਲਈ ਆਇਆ। ਅਚਾਨਕ ਇੱਕ ਬੜਾ ਲੰਮਾ ਸੱਪ ਲਮਕ ਰਿਹਾ ਸੀ। ਕਾਮ ਵਿੱਚ ਅੰਨ੍ਹਾ ਹੋਇਆ ਇਹ ਨਹੀਂ ਵਿਚਾਰ ਸਕਿਆ ਕਿ ਇਹ ਮੋਟਾ ਰੱਸਾ ਹੈ ਜਾਂ ਸੱਪ। ਉਸਦੇ ਸਹਾਰੇ ਨਾਲ ਫੜ ਕੇ ਉਪਰ ਜਾ ਚੜ੍ਹਿਆ, ਅੱਧੀ ਰਾਤ ਦਾ ਸਮਾਂ ਸੀ, ਜਦੋਂ ਦਰਵਾਜ਼ਾ ਖੜਕਾਇਆ। ਇਸਤਰੀ ਨੇ ਨਿਰਣਾ ਕਰਕੇ ਕਿ ਮੇਰਾ ਹੀ ਪਤੀ ਕਾਲੀਦਾਸ ਹੈ। ਦਰਵਾਜ਼ਾ ਖੋਲ੍ਹਿਆ ਕਿਹਾ ਕਿ ਤੁਸੀਂ ਸਾਧੂ ਰੂਪ ਨੂੰ ਲਾਜ਼ ਲਾ ਦਿੱਤੀ ਹੈ। ਚੋਰਾਂ ਵਾਂਗੂ ਰਾਤ ਦੇ ਸਮੇਂ ਲੋਕਾਂ ਤੋਂ ਅੱਖ ਬਚਾ ਕੇ ਆਏ ਹੋ, ਪਰ ਮੈਂ ਪੁੱਛਦੀ ਹਾਂ ਕਿ ਪਉੜੀ ਤੋਂ ਬਿਨਾਂ ਕਿਵੇਂ ਚੜ੍ਹ ਆਏ ਹੋ। ਕਿਉਂਕਿ ਇਸ ਹਵੇਲੀ ਨੂੰ ਬਾਹਰੋਂ ਪਉੜੀ ਕੋਈ ਨਹੀਂ। ਕਾਲੀਦਾਸ ਨੇ ਕਿਹਾ ਕਿ ਇੱਕ ਰੱਸਾ ਲਮਕਦਾ ਸੀ। ਜਦੋਂ ਮਸ਼ਾਲ (ਦੀਵਾ) ਜਗਾ ਕੇ ਵੇਖਿਆ ਤਾਂ ਉਹ ਰੱਸਾ ਨਹੀਂ ਸੱਪ ਸੀ। ਤਾਂ ਇਸਤਰੀ ਬੋਲੀ ਕਿ **ਜੈਸਾ ਚਿਤ ਤੇਰਾ ਕਾਮ ਮੇਂ ਜੇ ਐਸਾ ਹਰਿ ਵਲ ਹੋਇ। ਚਲਿਆਂ ਜਾਏ ਬੈਕੁੰਠ ਨੂੰ ਤੇਰਾ ਪਲਾ ਨਾ ਪਕੜੇ ਕੋਇ।** ਇਹ ਸੁਣਕੇ ਠੋਕਰ ਵੱਜੀ ਜਿਵੇਂ ਗੁਰਬਾਣੀ ਵਿੱਚ ਫ਼ੁਰਮਾਨ ਹੈ। ਜੈਸਾ ਕਿ :

**ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥੨॥** [ਵਾਰ ਗਉੜੀ ਮਹਲਾ ੫, ਅੰਗ ੩੨੨]

ਜਲ=ਤੀਰਥਾਂ ਦੇ ਕਿਨਾਰੇ, ਪਰਬਤ=ਪਹਾੜਾਂ ਤੇ ਜੰਗਲਾਂ ਵਿੱਚ ਸਾਰੇ ਥਾਵਾਂ 'ਤੇ ਜੀਵ ਰੂਪੀ ਇਲ ਦੱਸੋ ਦਿਸ਼ਾ ਵਿੱਚ ਫਿਰਦੀ ਹੋਈ ਜਿਥੇ ਵਿਸ਼ੇ ਸੁੱਖ ਰੂਪ ਮੁਰਦਾਰ ਦੇਖਿਆ ਉੱਥੇ ਬਿਰਤੀ ਡਿੱਗ ਪਈ। ਇਸ ਤਰ੍ਹਾਂ ਕਾਲੀ ਦਾਸ ਇਹ ਠੋਕਰ ਖਾ ਕੇ ਇੱਕ ਮਹਾਨ ਤਪੱਸਵੀ ਤੇ ਮਹਾਨ ਕਵੀ ਬਣਿਆ। ਸੋ ਇਸ ਲਈ ਕਬੀਰ ਸਾਹਿਬ ਕਹਿੰਦੇ ਹਨ ਕਿ ਪ੍ਰਭੂ ਪ੍ਰਾਪਤੀ ਲਈ ਘਰ ਛੱਡਣਾ ਜ਼ਰੂਰੀ ਨਹੀਂ।

## *ਕਿਉ ਛੂਟਉ ਕੈਸੇ ਤਰਉ; ਭਵਜਲ ਨਿਧਿ ਭਾਰੀ॥*

ਹੇ ਪ੍ਰਮੇਸ਼ਰ! ਮੈਂ ਜਮਦੂਤਾਂ ਤੋਂ ਕਿਵੇਂ ਛੁਟਾਂਗਾ ਅਤੇ ਭਵਜਲ ਨਿਧਿ ਭਾਰੀ=ਕਠਨ ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ ਤਰਾਂਗਾ।

## *ਰਾਖੁ ਰਾਖੁ ਮੇਰੇ ਬੀਠੁਲਾ; ਜਨੁ ਸਰਨਿ ਤੁਮ੍ਾਰੀ॥੧॥ਰਹਾਉ॥*

ਇਸ ਲਈ ਹੇ ਮੇਰੇ ਬੀਠੁਲਾ=(ਸੰਸਾਰ ਦੀ ਉਤਪਤੀ, ਪਾਲਣਾ ਲੈਤਾ ਕਰਨ ਵਾਲੇ) ਪ੍ਰਮੇਸ਼ਰ! ਮੈਨੂੰ ਰੱਖ ਲਓ, ਰੱਖ ਲਓ। **ਵਾ:** ਹੇ ਰੱਖਿਆ ਕਰਨ ਜੋਗ ਬੀਠੁਲ! ਆਪ ਰੱਖ ਲਓ। **ਵਾ:** ਸਤਿਨਾਮੁ ਰੂਪ ਰੱਖਿਆ ਦੇ ਕੇ ਰੱਖ ਲਓ ਅਥਵਾ ਆਪਣੇ ਚਰਨ ਕਮਲਾਂ ਦੀ ਰਾਖੁ=ਧੂੜੀ ਦੇ ਕੇ ਰੱਖ ਲਓ। ਮੈਂ ਜਨੁ=ਦਾਸ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ। ਕਿਉਂਕਿ ਸੰਸਾਰ ਸਮੁੰਦਰ ਤੋਂ ਜੀਵ ਆਪ ਨਹੀਂ ਤਰ ਸਕਦਾ ਪ੍ਰਮੇਸ਼ਰ ਦੀ ਕਿਰਪਾ ਦੁਆਰਾ ਹੀ ਸੰਭਵ ਹੈ॥੧॥ਰਹਾਉ॥ ਜੈਸਾ ਕਿ:

**੧. ਮਾਇਆ ਮੋਹੁ ਬਿਖਮੁ ਹੈ ਭਾਰੀ॥ ਕਿਉ ਤਰੀਐ ਦੁਤਰੁ ਸੰਸਾਰੀ॥**
**ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ॥੪॥**
[ਮਾਰੂ ਮਹਲਾ ੪, ਅੰਗ ੯੯੮]

**੨. ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ॥ ਤਾਰਿ ਲੈ ਬਾਪ ਬੀਠੁਲਾ॥੧॥ਰਹਾਉ॥**
**ਅਨਿਲ ਬੇੜਾ ਹਉ ਖੇਵਿ ਨ ਸਾਕਉ ਤੇਰਾ ਪਾਰੁ ਨਾ ਪਾਇਆ ਬੀਠੁਲਾ॥੨॥**
**ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋਕਉ॥ ਪਾਰਿ ਉਤਾਰੇ ਕੇਸਵਾ॥੩॥**
**ਨਾਮਾ ਕਹੈ ਹਉ ਤਰਿ ਭੀ ਨ ਜਾਨਉ॥ ਮੋਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ॥**
[ਬਸੰਤ ਨਾਮਦੇਵ ਜੀ, ਅੰਗ ੧੧੯੬]

## *ਬਿਖੈ ਬਿਖੈ ਕੀ ਬਾਸਨਾ; ਤਜੀਅ ਨਹ ਜਾਈ॥*

ਸ਼ਬਦ, ਸਪਰਸ਼, ਰੂਪ, ਰਸ, ਗੰਧ ਅਦਿਕ ਵਿਸ਼ਿਆਂ ਦੀ ਜਿਹੜੀ ਵਾਸ਼ਨਾ ਹੈ, ਉਹ ਆਪਣੇ ਆਪ ਮਨ ਵਿੱਚੋਂ ਤਿਆਗੀ ਨਹੀਂ ਜਾਂਦੀ।

## *ਅਨਿਕ ਜਤਨ ਕਰਿ ਰਾਖੀਐ; ਫਿਰਿ ਫਿਰਿ ਲਪਟਾਈ॥੨॥*

ਹੇ ਵਾਹਿਗੁਰੂ! ਜੇਕਰ ਆਪਣੇ ਆਪ ਅਨਿਕ=ਅਨੇਕਾਂ ਜਤਨ=ਢੰਗਾ ਨਾਲ ਆਪਣੇ ਮਨ ਨੂੰ ਵਿਸ਼ਿਆਂ ਵਲੋਂ ਰਾਖੀਐ=ਰੋਕਣਾ ਕਰੀਏ ਤਾਂ ਭੀ ਇਹ ਪਾਪੀ ਮਨ ਫਿਰਿ ਫਿਰਿ=ਮੁੜ ਮੁੜ ਕੇ ਉਨ੍ਹਾਂ ਵਿਸ਼ਿਆਂ ਵਿੱਚ ਹੀ ਲਪਟਾਈ=ਖੱਚਤ ਹੁੰਦਾ ਹੈ, ਜਿਨ੍ਹਾਂ ਵਿਸ਼ਿਆਂ ਵਲੋਂ ਵਾਰ-ਵਾਰ ਰੋਕਦੇ ਹਾਂ। ਐਸੀ ਸਾਡੇ ਮਨ ਦੀ ਹਾਲਤ ਹੈ॥੨॥ ਮਨ ਦੀ ਵਿਸ਼ੇ ਵਾਸ਼ਨਾ ਦੀ ਹਾਲਤ ਨੂੰ ਬਾਣੀ ਵਿੱਚ ਇੱਕ ਜਗ੍ਹਾ ਐਸਾ ਕਥਨ ਕੀਤਾ ਹੈ। ਜੈਸਾ ਕਿ:

**੧. ਮਾਈ ਮਨੁ ਮੇਰੋ ਬਸਿ ਨਾਹਿ ॥**
**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹ ਬਿਧਿ ਰੋਕਉ ਤਾਹਿ ॥੧॥ਰਹਾਉ॥**
[ਸੋਰਠਿ ਮਹਲਾ ੯, ਅੰਗ ੬੩੨]

**੨. ਬਿਖਿਆ ਕੀ ਬਾਸਨਾ ਮਨਹਿ ਕਰੇਇ ॥** [ਬਸੰਤ ਮਹਲਾ ੩, ਅੰਗ ੧੧੭੨]

**੩. ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ਰਹਾਉ॥**
[ਗਉੜੀ ਕਬੀਰ ਜੀ ਅੰਗ ੩੩੦]

**੪. ਬਿਖੈ ਨਾਦ ਕਰਨ ਸੁਣਿ ਭੀਨਾ ॥ ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥**
[ਸੂਹੀ ਮਹਲਾ ੫, ਅੰਗ ੭੩੮]

ਸੋ ਇਸ ਪ੍ਰਕਾਰ ਵਿਸ਼ਿਆ ਦੀ ਵਾਸ਼ਨਾ ਦੇ ਵਿੱਚ ਜੀਵ ਖੱਚਤ ਹੋ ਰਿਹਾ ਹੈ। ਇਹ ਵਿਸ਼ਿਆਂ ਦੀ ਵਾਸ਼ਨਾ ਮ੍ਰਿਗ, ਮੱਛੀ, ਭੌਰਾ, ਪਤੰਗਾ, ਹਾਥੀ ਜੀਵਾਂ ਦੇ ਵਿੱਚ ਇੱਕ ਇੱਕ ਵਿਸ਼ੇ ਦੀ ਵਾਸ਼ਨਾ ਹੈ। ਜੈਸਾ ਕਿ ਮਿਰਗ ਦੇ ਵਿੱਚ ਸ਼ਬਦ ਦਾ ਵਿਸ਼ਾ ਹੈ। ਕੰਨਾ ਨਾਲ ਘੰਡੇ ਹੇੜੇ ਦੇ ਸ਼ਬਦ ਨੂੰ ਸੁਣ ਕੇ ਆਪਣੇ ਆਪ ਨੂੰ ਸ਼ਿਕਾਰੀ ਦੇ ਹਵਾਲੇ ਕਰ ਦਿੰਦਾ ਹੈ। ਰਸਨਾਂ ਦੇ ਵਿਸ਼ੇ ਅਧੀਨ ਹੋ ਕੇ ਮੱਛੀ ਕੁੰਡੀ ਵਿੱਚ ਫਸ ਜਾਂਦੀ ਹੈ। ਵਾਸ਼ਨਾ ਦੇ ਵਿਸ਼ੇ ਵਿੱਚ ਭੌਰਾ ਆਪਣੇ-ਆਪ ਨੂੰ ਬੰਨ੍ਹਾ ਲੈਂਦਾ ਹੈ। ਰੂਪ ਦੇ ਵਿਸ਼ੇ ਵਿੱਚ ਪਤੰਗਾ ਆਪਣੇ-ਆਪ ਨੂੰ ਸਾੜ ਲੈਂਦਾ ਹੈ। ਸਪਰਸ਼ਤਾ ਦੇ ਵਿਸ਼ੇ ਵਿੱਚ ਹਾਥੀ ਕਾਮ ਵਸ ਹੋ ਕੇ ਟੋਏ ਵਿੱਚ ਡਿੱਗਦਾ ਹੈ। ਇਹਨਾਂ ਸਾਰੇ ਜੀਵਾਂ ਵਿੱਚ ਇੱਕ ਇੱਕ ਵਿਸ਼ੇ ਦੀ ਵਾਸਨਾ ਸੀ। ਮਨੁੱਖ ਵਿੱਚ ਪੰਜਾਂ ਵਿਸ਼ਿਆਂ ਦੀ ਵਾਸ਼ਨਾ ਹੈ। ਇੱਕ-ਇੱਕ ਵਿਸ਼ੇ ਦੀ ਵਾਸ਼ਨਾ ਨੇ ਜੀਵ ਨਾਸ਼ ਕਰ ਦਿੱਤੇ। ਜਿਸ ਮਨੁੱਖ ਵਿੱਚ ਪੰਜੇ ਵਿਸ਼ੇ ਪੂਰੇ ਹਨ ਤਾਂ ਇਸਦੇ ਬਚਣ ਦੀ ਕਿਸ ਤਰ੍ਹਾਂ ਆਸ ਕੀਤੀ ਜਾ ਸਕਦੀ ਹੈ। ਜੈਸਾ ਕਿ :

**੧. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥** [ਆਸਾ ਰਵਿਦਾਸ ਜੀ ਅੰਗ ੪੮੬]

**੨. ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥** [ਕਾਨੜਾ ਮਹਲਾ ੫, ਅੰਗ ੧੩੦੩]

ਜਿਵੇਂ ਗੁਰਬਾਣੀ ਦੇ ਪ੍ਰਮਾਣ ਵਿਸ਼ੇ ਦੀ ਵਾਸ਼ਨਾ ਵਿੱਚ ਫਸੇ ਜੀਵ ਦੀ ਹਾਲਤ ਦਰਸਾਉਂਦੇ ਹਨ, ਇਸੇ ਤਰ੍ਹਾਂ ਧਰਮ ਸ਼ਾਸ਼ਤ੍ਰ ਭੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਜੀਵ ਇਸ ਗੱਲ ਨੂੰ ਜਾਣਦੇ ਹੋਏ ਭੀ ਕਿ ਭੋਗ ਬੁਰੇ ਤੋਂ ਬੁਰੇ ਹਨ। ਪਰ ਫੇਰ ਉਨ੍ਹਾਂ ਵਿੱਚ ਖਚਿਤ ਹੋ ਰਹੇ ਹਨ। ਇਸਦਾ ਕਾਰਨ ਪੂਰਬਲੇ ਪਾਪ ਹਨ। ਜਿਨ੍ਹਾਂ ਦੇ ਬਲ ਨਾਲ ਮਨ ਪਦਾਰਥਾਂ ਵਿੱਚ ਫਸਦਾ ਹੈ। ਮੋੜਿਆ ਹੋਇਆ ਜੇ ਮੁੜ ਭੀ ਆਵੇ ਤਾਂ ਮੁੜ ਕੇ ਫਿਰ ਵਿਸ਼ਿਆਂ ਵਿੱਚ ਜੁੜ ਜਾਂਦਾ ਹੈ। ਜੈਸਾ ਕਿ :

**ਰਘੁਬੀਰ ਰਿਦੇ ਹਮ ਜਾਨਤ ਭੀ, ਭਵ ਭੋਗ ਸਰੋਗ ਬੁਰੇ ਤੇ ਬੁਰੇ ॥**
**ਪਰ ਪੂਰਬ ਪਾਪਨ ਕੇ ਬਲ ਤੇ, ਮਨ ਮੋਰ ਪਾਦਰਥ ਓਰ ਢੁਰੇ ॥**
**ਹਮ ਮੋਰਤ, ਜੋਰਤ ਨਾ ਰੁਚਿ ਸੋ, ਮੁਰ ਹੈ ਵਿਖਿਓਂ ਮਹਿੰ ਫੇਰ ਜਰੇ ॥**
**ਬਹੁਬਾਰ ਜੁਹਾਰ ਹਰੀ ਵਰ ਦੇ ਤਵ ਛੋਰ ਕਹੂੰ ਨਹਿ ਚਿੱਤ ਫੁਰੇ ॥੧੪॥**
[ਸਾਰਕਤਾਵਲੀ, ਅਧਿਆਇ ੧੫]

## *ਜਰਾ ਜੀਵਨ ਜੋਬਨੁ ਗਇਆ; ਕਿਛੁ ਕੀਆ ਨ ਨੀਕਾ ॥*

ਜੋਬਨ ਅਵਸਥਾ ਦਾ ਜੀਵਨ=ਜਿਉਣਾ ਨਿਸਫਲ ਗਇਆ=ਬਤੀਤ ਹੋ ਗਿਆ ਅਤੇ ਜਰਾ=ਬੁਢੇਪਾ ਆ

ਗਿਆ ਹੈ। ਪਰ ਪਛਤਾਵਾ ਇਸ ਗੱਲ ਦਾ ਹੈ ਕਿ ਮੈਂ ਬੇਸਮਝ ਨੇ ਕੋਈ ਭੀ ਨੀਕਾ=ਚੰਗਾ ਕੰਮ ਨ=ਨਹੀਂ ਕੀਆ=ਕੀਤਾ। ਜੈਸਾ ਕਿ :

੧. **ਤਰਨਾਪੋ ਬਿਖਿਆਨ ਸਿਉ ਖੋਇਓ ਬਾਲਪਨੁ ਅਗਿਆਨਾ ॥**
**ਬਿਰਧ ਭਇਓ ਅਜਹੂ ਨਹੀ ਸਮਝੈ ਕਉਨੁ ਕੁਮਤਿ ਉਰਝਾਨਾ ॥੧॥**
[ਰਾਮਕਲੀ ਮਹਲਾ ੯, ਅੰਗ ੯੦੨]

੨. **ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥**
**ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥** [ਸਲੋਕ ਮਹਲਾ ੯, ਅੰਗ ੧੪੨੬]

੩. **ਜਰੁ ਆਈ ਜੋਬਨਿ ਹਾਰਿਆ ॥੧੭॥** [ਵਾਰੁ ਆਸਾ ਮਹਲਾ ੧, ਅੰਗ ੪੭੨]

੪. **ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ ॥**
**ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥** [ਜੈਤਸਰੀ ਮਹਲਾ ੫, ਅੰਗ ੭੦੫]

੫. **ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥**
**ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨ ॥੪॥** [ਸਲੋਕ ਮਹਲਾ ੯, ਅੰਗ ੧੪੨੬]

੬. **ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥**
**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨ ॥੩੫॥** [ਸਲੋਕ ਮਹਲਾ ੯, ਅੰਗ ੧੪੨੮]

੭. **ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥**
**ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥**
**ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥**
**ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥**
[ਸ੍ਰੀਰਾਗ ਬੇਣੀ ਜੀ, ਅੰਗ ੯੩]

## *ਇਹੁ ਜੀਅਰਾ ਨਿਰਮੋਲਕੋ; ਕਉਡੀ ਲਗਿ ਮੀਕਾ ॥੩॥*

ਇਹੁ=ਇਹ ਜੀਅਰਾ=ਜੀਅ ਨਿਰਮੋਲਕੋ=ਲਾਲਾਂ ਦੀ ਤਰ੍ਹਾਂ ਅਮੋਲਕ ਹੈ ਜੋ ਵਿਸ਼ਿਆਂ ਰੂਪ ਕੌਡੀਆਂ ਦੇ ਨਾਲ ਲੱਗ ਕੇ ਮਾਇਆ ਵਿੱਚ ਮੀਕਾ=ਮਿਲ ਰਿਹਾ ਹੈ, ਅਥਵਾ ਮੀਕਾ=ਇੱਕ ਕੱਖ ਦਾ ਹੋ ਰਿਹਾ ਹੈ॥੩॥ ਜੈਸਾ ਕਿ :

੧. **ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥** [ਗਉੜੀ ਮਹਲਾ ੧, ਅੰਗ ੧੫੬]

੨. **ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥** [ਸੂਹੀ ਮਹਲਾ ੩, ਅੰਗ ੭੫੩]

੩. **ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥**
[ਮਾਰੂ ਮਹਲਾ ੫, ਅੰਗ ੧੦੦੪]

੪. **ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥**
[ਗਉੜੀ ਮਹਲਾ ੫, ਅੰਗ ੨੬੭]

੫. **ਜਗ ਮਾਨਵ ਦੇਹ ਮਿਲੇ ਨਾ ਸਦਾ, ਨਰ ਰਾਮ ਭਜੋ ਜਿਹ ਤੇ ਸੁਖ ਪਾਵੋ ॥**
**ਜਗ ਭੋਗ ਵਿਰਾਟਕ ਕੇ ਬਦਲੇ, ਨ ਅਮੋਲਕ ਲਾਲ ਸੁਵਾਸ ਗਵਾਵੋ ॥**

**ਲਰਕਾਪਨ ਜਾਰਠ ਮੈਂ ਬਲ ਖੀਨ, ਸੁ ਜੋਬਨ ਮੇਂ ਦਿਢ ਪੁੰਨ ਕਮਾਵੋ॥**
**ਸੁਭ ਸੀਖ ਇਹੈ ਜਨ ਮਾਨ ਚਲੋ, ਜਿਹਤੇ ਨਹਿੰ ਅੰਤ ਸਮੇਂ ਪਛਤਾਵੋ॥੧੨੦॥**

[ਭਾਵਰਸਾਮ੍ਰਿਤ]

## *ਕਹੁ ਕਬੀਰ ਮੇਰੇ ਮਾਧਵਾ; ਤੂ ਸਰਬ ਬਿਆਪੀ॥*

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਹੇ ਮੇਰੇ ਮਾਧਵਾ=ਮਾਇਆ ਦੇ ਪਤੀ ਪ੍ਰਮੇਸ਼ਰ! ਵਾ (ਮਾ+ਧਵਾ) ਭਾਵ ਮਾਇਆ ਦਾ ਆਸਰਾ ਰੂਪ ਮਾਇਆ ਦੇ ਪਤੀ=ਮਾਲਕ ਭਾਵ ਪ੍ਰਮੇਸ਼ਰ! ਤੂ=ਤੁਸੀਂ ਸਰਬ=ਸਾਰਿਆਂ ਵਿੱਚ ਵਿਆਪੀ=ਵਿਆਪਕ ਹੋ। ਭਾਵ ਸੰਸਾਰ ਦੇ ਕਣ ਕਣ ਵਿੱਚ ਪਰੀ-ਪੂਰਨ ਹੋ। ਜੈਸਾ ਕਿ:

੧. **ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥** [ਆਸਾ ਨਾਮਦੇਵ ਜੀ, ਅੰਗ ੪੮੫]

੨. **ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥**
**ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥੧॥** [ਗਉੜੀ ਮਹਲਾ ੫, ਅੰਗ ੨੫੯]

## *ਤੁਮ ਸਮਸਰਿ ਨਾਹੀ ਦਇਆਲੁ; ਮੋਹਿ ਸਮਸਰਿ ਪਾਪੀ॥੪॥੩॥*

ਤੁਮ=ਤੁਸੀਂ ਭਾਵ ਆਪ ਸਮਸਰਿ=ਬਰਾਬਰ, ਆਪ ਜੀ ਦੇ ਵਰਗਾ ਇਸ ਜਗਤ ਵਿੱਚੋਂ ਕੋਈ ਭੀ ਦਇਆਲੁ= ਦਿਆਲੂ ਨਹੀਂ ਅਤੇ ਮੋਹਿ=ਮੇਰੇ ਸਮਸਰਿ=ਬਰਾਬਰ ਦਾ ਭਾਵ ਮੇਰੇ ਜੈਸਾ ਕੋਈ ਪਾਪੀ ਨਹੀਂ ਹੈ। ਇਸ ਕਰਕੇ ਮੈਨੂੰ ਆਪ ਬਖ਼ਸ਼ ਲਓ। ਮੈਂ ਆਪ ਜੀ ਦੀ ਸਰਣ ਆਇਆ ਹਾਂ॥੪॥੩॥ ਜੈਸਾ ਕਿ:

੧. **ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥**
[ਧਨਾਸਰੀ ਰਵਿਦਾਸ ਜੀ, ਅੰਗ ੬੯੪]

੨. **ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ॥**
[ਵਡਹੰਸ ਮਹਲਾ ੪, ਅੰਗ ੫੭੫]

੩. **ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ॥**
**ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ॥**
**ਨਿੰਦਕੁ ਦੁਸਟੁ ਹਰਾਮਖੋਰ ਠਗੁ ਦੇਸ ਠਗੰਦਾ॥**
**ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ॥**
**ਵਿਸਵਾਸਘਾਤੀ ਅਕਿਰਤਘਣ ਮੈ ਕੋ ਨਾ ਰਖੰਦਾ॥**
**ਸਿਮਰਿ ਮਰੀਦਾ ਢਾਢੀਆ ਸਤਿਗੁਰ ਬਖਸੰਦਾ॥**
[ਭਾਈ ਗੁਰਦਾਸ ਜੀ ਵਾਰ ੩੬, ਪਉੜੀ ੨੧]

ਇਸ ਪ੍ਰਕਾਰ ਕਬੀਰ ਜੀ ਨੇ ਉਪਰੋਕਤ ਤੁਕ ਵਿੱਚ ਨਿਮਰਤਾ ਪਿਆਰ ਸਹਿਤ ਜਣਾਇਆ ਹੈ ਕਿ ਹੇ ਪ੍ਰਮਾਤਮਾ! ਤੇਰੇ ਜੈਸਾ ਕੋਈ ਦਯਾ ਕਰਨ ਵਾਲਾ ਦਿਆਲੂ ਨਹੀਂ ਤੇ ਮੇਰੇ ਜੈਸਾ ਕੋਈ ਪਾਪ ਕਰਨ ਵਾਲਾ ਪਾਪੀ ਨਹੀਂ ਹੈ ਸਾਡੇ ਪਾਪੀਆਂ ਤੇ ਕ੍ਰਿਪਾ ਕਰੋ, ਆਪਣਾ ਨਾਮ ਗਿਆਨ ਦੇ ਕੇ ਇਹ ਜਨਮ ਸਫਲਾ ਕਰੋ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੁਖਵਾਕ ਨੰਬਰ ੨੦੮ [ਆਦਿ ਅੰਗ ੮੫੭]

***ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ ੧ਓ ਸਤਿਗੁਰ ਪ੍ਰਸਾਦਿ ॥ ਸਫਲ ਜਨਮੁ ਮੋਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥ ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ਰਹਾਉ॥ ਨਾਮਦੇਇ ਸਿਮਰਨੁ ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥***

## ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

ਬਿਲਾਵਲ ਰਾਗ ਵਿੱਚ ਭਗਤ ਨਾਮਦੇਵ ਜੀ ਦੀ ਰਸਨਾ ਤੋਂ ਨਾਮ ਅੰਮ੍ਰਿਤ ਦੇ ਵਿੱਚ ਭਿੱਜੀ ਹੋਈ ਬਾਣੀ ਜਿਸ ਵਿੱਚ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕੀਤਾ ਹੈ। ਉਸ ਤੋਂ ਅੱਗੇ ਰਸ ਭਿੰਨਾ ਉਪਦੇਸ਼ ਉਚਾਰਨ ਕੀਤਾ ਹੈ।

## ੧ਓ ਸਤਿਗੁਰ ਪ੍ਰਸਾਦਿ ॥

੧=ਅਦੁੱਤੀ ਬ੍ਰਹਮ, ਓ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ਼ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ।

**ਉਥਾਨਕਾ—**ਭਗਤ ਨਾਮਦੇਵ ਜੀ ਨੂੰ ਇੱਕ ਵਾਰ ਭਗਤ ਜੀ ਦੇ ਸ਼ਰਧਾਲੂਆਂ ਨੇ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਮਨੁੱਖਾ ਜਨਮ ਕਿਵੇਂ ਸਫਲ ਹੋਇਆ ਹੈ ? ਅਸੀਂ ਭੀ ਆਪ ਜੀ ਦੀ ਜੁਗਤ ਦੁਆਰਾ ਇਸ ਅਮੋਲਕ ਮਨੁੱਖਾ ਜਨਮ ਨੂੰ ਸਫਲਾ ਕਰ ਲਈਏ। ਇਹ ਪ੍ਰਸ਼ਨ ਰੂਪ ਬੇਨਤੀ ਸ਼ਰਧਾਲੂਆਂ ਦੀ ਸੁਣ ਕੇ ਭਗਤ ਨਾਮਦੇਵ ਜੀ ਕਹਿਣ ਲੱਗੇ ਕਿ ਇਹ ਸਾਰੀ ਕਿਰਪਾ ਮੇਰੇ ਗੁਰਦੇਵ ਦੀ ਹੈ। ਅੰਮ੍ਰਿਤ ਬਾਣੀ ਦੁਆਰਾ ਉਤਰ ਦੇਣ ਲੱਗੇ ਹਨ।

***ਸਫਲ ਜਨਮੁ ਮੋਕਉ ਗੁਰ ਕੀਨਾ ॥***
***ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥***
***ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥***

ਇਨ੍ਹਾਂ ਤੁਕਾਂ ਦਾ ਅਰਥ ਅਨਵੇ ਰੀਤ ਨਾਲ ਹੈ। ਗੁਰਿ=ਮੇਰੇ ਗੁਰਦੇਵ ਗਿਆਨ ਦੇਵ ਜੀ ਨੇ ਮੋਕਉ=ਮੈਨੂੰ ਗਿਆਨ ਰੂਪ ਅੰਜਨੁ=ਸੁਰਮਾ ਦੇ ਕੇ ਮੋ=ਮੇਰੇ ਮਨੁੱਖਾ ਜਨਮ ਕਉ=ਨੂੰ ਸਫਲ=ਗਿਆਨ ਰੂਪ ਫਲ ਦੇ ਸਹਿਤ ਕਰ ਦਿੱਤਾ ਹੈ। ਜਿਸ ਗੁਰੂ ਨੇ ਮੈਨੂੰ ਗਿਆਨ ਦਿੱਤਾ, ਉਸੇ ਗੁਰੂ ਦੀ ਕਿਰਪਾ ਨਾਲ ਮੇਰਾ ਜਨਮ ਸਫਲ ਹੋਇਆ ਹੈ। ਗੁਰੂ ਨੇ ਮੈਨੂੰ ਗਿਆਨ ਦੀਨਾ=ਦੇਣਾ ਕੀਤਾ। ਮੇਰਾ ਮਨੁੱਖਾ ਜਨਮ ਸਫਲ ਕੀਨਾ=ਕੀਤਾ। ਜਿਸ ਗਿਆਨ ਦੀ ਸ਼ਕਤੀ ਨਾਲ ਸਾਰੇ ਦੁਖਾਂ ਨੂੰ ਬਿਸਾਰਿ=ਭੁਲਾ ਕੇ ਪ੍ਰਮਾਤਮਾ ਦੇ ਮਿਲਾਪ ਦਾ ਸੁਖੁ=ਅਨੰਦ ਅੰਤਰਿ=ਅੰਤਸ਼ਕਰਣ ਵਿੱਚ ਲੀਨਾ=ਲੈਣਾ ਕੀਤਾ, **ਅਥਵਾ** ਸੁਖ ਸਰੂਪ ਪ੍ਰਮਾਤਮਾ ਵਿੱਚ ਮੈਨੂੰ ਲੀਨ ਕਰ ਦਿੱਤਾ। ਜਿਵੇਂ ਅੰਜਨੁ=ਸੁਰਮਾ ਅੱਖਾਂ ਵਿੱਚ ਆਏ ਹੋਏ ਧੁੰਧਲਾਪਨ ਨੂੰ ਦੂਰ ਕਰਕੇ ਸਾਫ ਦਿਸਣ ਲਾ ਦਿੰਦਾ ਹੈ। ਅੱਖਾਂ ਦੇ ਦੋਸ਼ ਕਰਕੇ ਹਰ ਚੀਜ਼ ਹਰ ਵਸਤੂ ਵਿੱਚ ਧੁੰਧਲਾਪਨ ਨਜ਼ਰ ਆਉਂਦਾ ਹੈ। ਜੋ ਹਕੀਮਾਂ ਕੋਲ ਵਧੀਆ ਕਿਸਮ ਦੇ ਸੁਰਮੇ ਹਨ, ਇਸ ਰੋਗ ਦੀ ਨਿਵਿਰਤੀ ਸਹਿਜੇ ਹੀ ਕਰ ਦਿੰਦੇ ਹਨ। ਇਥੇ ਇਹ ਪ੍ਰਮਾਣ ਦਿੱਤਾ ਹੈ। ਮਨ, ਬੁਧ ਰੂਪ ਨੇਤਰਾਂ ਵਿੱਚ ਜੋ ਅਗਿਆਨ ਰੂਪ ਜਾਲਾ ਆਇਆ ਹੋਇਆ ਹੈ, ਉਹ ਗੁਰੂ ਰੂਪੀ ਵੈਦ ਮਨ ਅਤੇ ਬੁਧ ਵਿੱਚ ਗਿਆਨ ਰੂਪ ਸੁਰਮਾ ਪਾ ਕੇ ਪ੍ਰਮੇਸ਼ਰ ਵਾਹਿਗੁਰੂ ਵਿਆਪਕ ਸਰੂਪ ਦਾ ਗਿਆਨ ਰੂਪ ਉਜਾਲਾ ਬਖ਼ਸ਼ ਕੇ ਪ੍ਰਮੇਸ਼ਰ ਨੂੰ ਦਿਖਣ ਲਾ ਦਿੰਦਾ ਹੈ। ਜੈਸਾ ਕਿ :

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥** [ਗਉੜੀ ਮਹਲਾ ੫, ਅੰਗ ੨੯੩]

ਇਸੇ ਤਰ੍ਹਾਂ ਧਰਮ ਸ਼ਾਸ਼ਤ੍ਰਾਂ ਵਿੱਚ ਭੀ ਇਸਦੇ ਬਹੁਤ ਪ੍ਰਮਾਣ ਮਿਲਦੇ ਹਨ। ਜੈਸਾ ਕਿ :

**ਚੌਪਈ ॥ ਗਿਆਨ ਸਲਾਕਾ ਦੈ ਬੁਧਿ ਲੋਚਨ ॥ ਕਰਿ ਹੈ ਤਮ ਅਗਯਾਨ ਵਿਮੋਚਨ ॥**
**ਨਿਰਾਵਰਨ ਦ੍ਰਿਗ ਕਰੈ ਜੁ ਸ੍ਰੀ ਗੁਰ ॥ ਨਮੋ ਨਮੋ ਤਿਹ ਚਰਣ ਧਾਰ ਉਰ ॥੭॥**
[ਸਾਰੁਕਤਾਵਲੀ, ਅਧਿਆਇ ੨]

ਸੋ, ਇਸ ਤਰੀਕੇ ਨਾਲ ਗੁਰੂ ਸਿੱਖ ਦਾ ਜਨਮ ਸਫਲ ਕਰ ਦਿੰਦਾ ਹੈ। ਜੰਮਣ-ਮਰਣ ਆਦਿਕ ਸਾਰੇ ਦੁਖ ਦੂਰ ਹੋ ਜਾਂਦੇ ਹਨ। ਜੈਸਾ ਕਿ :

**ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥**
[ਮਾਝ ਮਹਲਾ ੩, ਅੰਗ ੧੨੯]

ਮਨੁੱਖਾ ਜਨਮ ਜੋ ਦੁਰਲਭ ਵਸਤੂ ਹੈ। ਗੁਰੂ ਦੀ ਸ਼ਰਨ ਆਉਣ ਨਾਲ ਸਫਲਾ ਹੁੰਦਾ ਹੈ। ਸਾਧ ਸੰਗਤ ਦੁਆਰਾ ਗੁਰੂ ਦੇ ਉਪਦੇਸ਼ ਵਿੱਚ ਬਿਰਤੀ ਲਗ ਜਾਵੇ ਤਾਂ ਪ੍ਰੇਮ ਭਗਤੀ ਦੁਆਰਾ ਗੁਰੂ ਦੇ ਦਿੱਤੇ ਹੋਏ ਗਿਆਨ ਦੀ ਵੀਚਾਰ ਵਾਲਾ ਸਿੱਖ ਹੋ ਜਾਂਦਾ ਹੈ। ਜੈਸਾ ਕਿ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ। ਜੈਸਾ ਕਿ :

**ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ ॥**
**ਸਾਧਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ ॥**
[ਭਾ: ਗੁਰਦਾਸ ਜੀ, ਵਾਰ ੪, ਪਉੜੀ ੧]

ਸੋ, ਇਸ ਪ੍ਰਕਾਰ ਜਨਮ ਦੀ ਸਫਲਤਾ ਗੁਰੂ ਦੇ ਦਿੱਤੇ ਗਿਆਨ ਦੁਆਰਾ ਹੀ ਹੈ। ਇਸੇ ਲਈ ਭਗਤ ਨਾਮਦੇਵ ਜੀ ਆਪਣੇ ਇਸ ਸ਼ਬਦ ਵਿੱਚ ਇਹ ਕਥਨ ਕਰਦੇ ਹਨ, ਇਸੇ ਸਿਧਾਂਤ ਪਰ ਇਤਿਹਾਸਕ ਪ੍ਰਮਾਣ ਕਿਤਨੇ ਹੀ ਦਿੱਤੇ ਜਾ ਸਕਦੇ ਹਨ, ਪਰ ਇਥੇ ਹੀ ਸਾਖੀ ਇੱਕ ਗੁਰ ਸਿੱਖ ਦੀ ਜਿਸ ਦਾ ਜਨਮ ਸਫਲ ਗੁਰੂ ਜੀ ਨੇ ਕੀਤਾ। ਕੈਸਾ ਜੀਵਨ ਸੀ ਕਿਵੇਂ ਸਫਲ ਹੋਇਆ ਜੋ ਇੱਕ ਚੋਰ ਤੋਂ ਸਾਧ ਬਨਿਆ। ਸਾਧੂ ਭੀ ਬ੍ਰਹਮ ਗਿਆਨੀ ਹੋਇਆ, ਜਿਸ ਨੇ ਬੇਅੰਤ ਲੋਕਾਂ ਦਾ ਉਧਾਰ ਕੀਤਾ।

**ਸਾਖੀ—ਭਾਈ ਬਿਧੀਚੰਦ ਜੀ—**ਇਕ ਵਾਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਸਾਦ-ਪਾਣੀ ਛੱਕ ਕੇ ਆਪਣੇ ਪਲਘੇ 'ਤੇ ਸਥਿਰ ਸਨ। ਗੁਰੂ ਕੇ ਮਹਿਲ ਮਾਤਾ ਮਰਵਾਹੀ ਅਤੇ ਮਾਤਾ ਨਾਨਕੀ ਜੀ ਸੇਵਾ ਵਿੱਚ ਹਾਜ਼ਰ ਸਨ। ਕੁਝ ਯੁੱਧ ਦੀ ਵਾਰਤਾ ਚੱਲੀ, ਜਿਵੇਂ ਬਾਦਸ਼ਾਹ ਦਾ ਲਸਕਰ ਚੜ੍ਹ ਕੇ ਆਇਆ। ਗੁਰੂ ਸਾਹਿਬ ਨੇ ਯੁੱਧ ਦੀ ਸਾਰੀ ਵਾਰਤਾ ਕਹਿ ਸੁਣਾਈ ਕਿ ਕਿਵੇਂ ਭਾਈ ਬਿਧੀਚੰਦ ਜਿਸ ਵਿਉਂਤ ਨਾਲ ਘੋੜਿਆਂ ਨੂੰ ਕੱਢ ਕੇ ਲਿਆਇਆ ਸੀ ਤੇ ਜਿਸ ਤੋਂ ਬਾਦਸ਼ਾਹ ਨੇ ਗ਼ੁੱਸੇ ਵਿੱਚ ਆ ਕੇ ਲਸਕਰ ਚੜ੍ਹਾਇਆ ਤੇ ਯੁੱਧ ਹੋਇਆ। ਸੁਣ ਕਰਕੇ ਮਾਤਾ ਨਾਨਕੀ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਹੋ ਜਿਹਾ ਬਹਾਦਰ ਚੋਰ ਕਦੇ ਸੁਣਿਆ ਵੇਖਿਆ ਨਹੀਂ। ਜਿਹੜਾ ਹਜ਼ਾਰਾਂ ਲੋਕਾਂ ਦੇ ਪਹਿਰਿਆਂ 'ਚੋਂ ਘੋੜਿਆਂ ਦਾ ਐਸਾ ਮਹਾਨ ਕਾਰਜ ਕਰਕੇ ਆਇਆ ਹੋਵੇ। ਸੁਣ ਕੇ ਸਤਿਗੁਰੂ ਜੀ ਨੇ ਕਿਹਾ :

**ਸੁਨਿ ਕਰਿ ਸ਼੍ਰੀ ਸਤਿਗੁਰ ਕਹਯੋ ਬਲ ਬੁੱਧਿ ਬਡੇਰਾ ॥**
**ਤਿਸ ਕੇ ਸਮ ਕੋ ਜਗਤ ਮਹਿਂ ਹਮ ਦੁਤੀ ਨ ਹੇਰਾ ॥**
**ਚੋਰੀ ਕਰਿਬੇ ਚਾਤੁਰੀ ਐਸੀ ਉਪਜਾਵੈ ॥**
**ਸੁਨਿਬੇ ਦੇਖਨਹਾਰ ਨਰ ਸਭਿ ਕੋ ਬਿਸਮਾਵੈ ॥੨੦॥** [ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੮, ਅੰਸੂ ੧]

ਮਾਤਾ ਨਾਨਕੀ ਜੀ ਦੇ ਕਹਿਣ ਤੋਂ ਭਾਈ ਬਿਧੀਚੰਦ ਨੂੰ ਕੋਲ ਬੁਲਾਇਆ। ਬਿਧੀਚੰਦ ਨੇ ਆ ਕੇ ਸਤਿਗੁਰੂ ਜੀ

ਨੂੰ ਤੇ ਗੁਰੂ ਕੇ ਮਹਿਲ ਮਾਤਾਵਾਂ ਜੀ ਨੂੰ ਮੱਥਾ ਟੇਕਿਆ। ਤਦ ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਬਿਧੀਚੰਦ ਤੇਰੀਆਂ ਮਾਤਾਵਾਂ ਤੇਰੀ ਮੁੱਢਲੀ ਕਥਾ ਸੁਣਨਾ ਚਾਹੁੰਦੀਆਂ ਹਨ ਕਿ ਕਿਵੇਂ ਤੂੰ ਇੱਕ ਅੱਵਲ ਦਰਜ਼ੇ ਦੇ ਚੋਰ ਤੋਂ ਸਿੱਖ ਬਣਿਆ। ਆਪਣਾ ਜਨਮ ਸਫਲਾ ਕੀਤਾ ਤਾਂ ਬਿਧੀਚੰਦ ਨੇ ਹੱਥ ਜੋੜ ਕੇ ਕਿਹਾ ਕਿ ਹੇ ਮਾਤਾ! ਚੋਰਾਂ ਦੇ ਕਾਹਦੇ ਜੀਵਨ ਹੁੰਦੇ ਹਨ। ਮੈਨੂੰ ਸ਼ੁਰੂ ਤੋਂ ਹੀ ਚੋਰੀ ਕਰਨ ਦੀ ਆਦਤ ਪਈ ਹੋਈ ਸੀ। ਕੋਈ ਵੀ ਚੀਜ਼ ਮਿਲਦੀ ਧਨ, ਗਹਿਣੇ, ਵਸਤਰ, ਪਸ਼ੂ ਕੁਝ ਭੀ ਹੱਥ ਲਗਦਾ ਮੈਂ ਚੁਰਾ ਲਿਆ ਕਰਦਾ ਸੀ। ਇੱਕ ਵਾਰ ਮੈਂ ਮੱਝਾਂ ਦੀ ਚੋਰੀ ਕਰਕੇ ਲੈ ਤੁਰਿਆ। ਮੱਝਾਂ ਬੜੀਆਂ ਸੁੰਦਰ ਸਨ। ਮੈਂ ਲੈ ਕੇ ਜਲਦੀ ਤੁਰਿਆ। ਅਜੇ ਘਰ ਨਹੀਂ ਸੀ ਪਹੁੰਚਾ, ਰਸਤੇ ਵਿੱਚ ਹੀ ਸੀ। ਜਿਸ ਪਿੰਡ ਵਿੱਚੋਂ ਮੱਝਾਂ ਚੁਰਾ ਕੇ ਚਲਿਆ ਸੀ। ਉਸ ਪਿੰਡ ਦੇ ਲੋਕ ਇਕੱਠੇ ਹੋ ਕੇ ਬਹੁਤ ਸਾਰੇ ਪੁਰਸ਼ ਮੱਝਾਂ ਦੀਆਂ ਪੈੜਾਂ ਖੋਜਦੇ ਮੇਰੇ ਪਿੱਛੇ ਹੋ ਤੁਰੇ। ਮੈਂ ਅੱਗੇ ਕਾਹਲੀ-ਕਾਹਲੀ ਜਦੋਂ ਚੋਲ੍ਹੇ ਗ੍ਰਾਮ ਦੇ ਪਾਸ ਪਹੁੰਚਾ ਤਾਂ ਮੈਨੂੰ ਫੜਨ ਵਾਲੇ ਬਹੁਤ ਨੇੜੇ ਆ ਗਏ। ਮੈਂ ਬਚਣ ਲਈ ਉਪਾਅ ਕੀਤਾ। ਇੱਕ ਪਾਣੀ ਦਾ ਤਲਾਅ ਭਰਿਆ ਹੋਇਆ ਸੀ, ਮੈਂ ਮੱਝਾਂ ਉਸ ਵਿੱਚ ਵਾੜ ਦਿੱਤੀਆਂ। ਉਥੇ ਇੱਕ ਅਦਲੀ ਨਾਮ ਕਰਕੇ ਗੁਰੂ ਦਾ ਸਿੱਖ ਸ੍ਰੇਸ਼ਟ ਮੱਤ ਵਾਲਾ ਰਹਿੰਦਾ ਸੀ। ਜਿਸ ਦੀ ਸਾਧੂ ਬਿਰਤੀ ਸੀ। ਮੈਂ ਉਸਦੇ ਜਾ ਕੇ ਚਰਨ ਫੜੇ ਤੇ ਬੇਨਤੀ ਕੀਤੀ ਕਿ ਮੇਰੇ ਦੁਸ਼ਮਣਾਂ ਤੋਂ ਮੇਰੀ ਸਹਾਇਤਾ ਕਰੋ, ਮੈਂ ਤੁਹਾਡੀ ਸ਼ਰਨ ਹਾਂ। ਜੇ ਅੱਜ ਮੇਰੀ ਬਿਪਤਾ ਵਿੱਚ ਮਦਦ ਕਰ ਦਿਉਂ, ਮੈਂ ਤੁਹਾਡਾ ਸਿੱਖ ਬਣ ਕੇ ਸੇਵਾ ਕਰਾਂਗਾ। ਤੁਸੀਂ ਪਰਉਪਕਾਰੀ ਸੰਤ ਹੋ, ਅੱਜ ਮੇਰੇ ਚੋਰ 'ਤੇ ਦਇਆ ਦ੍ਰਿਸ਼ਟੀ ਕਰੋ। ਅਦਲੀ ਸਿੱਖ ਬੇਨਤੀ ਸੁਣ ਕੇ ਬਹੁਤ ਕ੍ਰਿਪਾਲੂ ਹੋ ਗਿਆ। ਸ੍ਰੇਸ਼ਟ ਮੱਤ ਦਿੱਤੀ। ਮੇਰਾ ਕੋਈ ਪੂਰਬਲਾ ਭਾਗ ਸੀ। ਕਹਿਣ ਲੱਗਾ ਕਿ ਤੂੰ ਗੁਰੂ ਅਰਜਨ ਸਾਹਿਬ ਜੀ ਦਾ ਧਿਆਨ ਧਰ ਲੈ ਅਤੇ ਰਖਿਆ ਲਈ ਜਿਵੇਂ ਮੈਨੂੰ ਬੇਨਤੀ ਕੀਤੀ ਹੈ, ਇਸੇ ਤਰ੍ਹਾਂ ਮੇਰੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕਰ। ਅਤੇ ਮੈਂ ਭੀ ਬੇਨਤੀ ਕਰਦਾ ਹਾਂ ਕਿ ਤੇਰੀ ਰੱਖਿਆ ਹੋਵੇ। ਰੱਖਿਆ ਹੋਣ ਤੋਂ ਇਹ ਵਾਅਦਾ ਕਰ ਕਿ ਮੇਰਾ ਸਿੱਖ ਨਹੀਂ, ਮੇਰੇ ਗੁਰੂ ਦਾ ਸਿੱਖ ਬਣਨਾ ਹੋਵੇਗਾ, ਕਿਉਂਕਿ ਗੁਰੂ ਘਰ ਦੀ ਇਹ ਮਰਿਆਦਾ ਹੈ ਕਿ ਗੁਰੂ ਸਿਰਫ਼ ਇੱਕ ਹੀ ਹੁੰਦਾ ਹੈ। ਅਸੀਂ ਸਾਰੇ ਉਸਦੇ ਸਿੱਖ ਹਾਂ। ਸਿੱਖਾਂ ਨੂੰ ਅੱਗੇ ਆਪਣੇ ਸਿੱਖ ਬਨਾਉਣ ਦੀ ਆਗਿਆ ਨਹੀਂ। ਸਿੱਖ ਤਾਂ ਗੁਰੂ ਨਾਨਕ ਜੀ ਦੀ ਗੱਦੀ ਦੇ ਸਿੱਖ ਬਣਾਉਂਦੇ ਹਨ। ਹੇ ਮਾਤਾ! ਮੈਂ ਅਦਲੀ ਸਿੱਖ ਦਾ ਉਪਦੇਸ਼ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ।

**ਬਨਹੁ ਸਹਾਇਕ ਦਾਸ ਲਖਿ ਤੁਮ ਅੰਤਰਜਾਮੀ।**
**ਪੁਨ ਮੈਂ ਰਹੌਂ ਸਮੀਪ ਹੀ ਕਰਿ ਕੈ ਨਿਜ ਸੁਾਮੀ।...॥੨੯॥**

ਮੈਂ ਹਿਰਦੇ ਵਿੱਚ ਧਿਆਨ ਧਰ ਕੇ ਸਥਿਰ ਹੋ ਕੇ ਬੇਨਤੀ ਕੀਤੀ। ਇਤਨੇ ਨੂੰ ਖੋਜੀਆਂ ਦਾ ਟੋਲਾ ਉਸੇ ਤਲਾਅ 'ਤੇ ਪਹੁੰਚਾ। ਪੈੜ ਤਲਾ 'ਤੇ ਆ ਕੇ ਅੱਗੇ ਨਹੀਂ ਚਲਦੀ। ਖੋਜੀ ਇਧਰ-ਉਧਰ ਲਭਦੇ, ਅਦਲੀ ਸਿੱਖ ਨੂੰ ਦੇਖ ਕੇ ਉਸਦੇ ਪਾਸ ਪਹੁੰਚੇ। ਭਾਈ ਅਦਲੀ ਨੇ ਪਹਿਲਾਂ ਹੀ ਕਿਹਾ ਕਿ ਹੇ ਭਾਈ! ਕੀ ਖੋਜਦੇ ਹੋ ? ਤਾਂ ਉਨ੍ਹਾਂ ਲੋਕਾਂ ਨੇ ਜਵਾਬ ਦਿੱਤਾ ਕਿ ਇੱਕ ਚੋਰ ਸਾਡੀਆਂ ਮੱਝਾਂ ਚੁਰਾ ਲਿਆਇਆ। ਉਸਦੀ ਖੋਜ ਇਥੇ ਤਕ ਆਉਂਦੀ ਹੈ। ਇਸ ਤੋਂ ਅੱਗੇ ਪਤਾ ਨਹੀਂ ਚਲਦਾ। ਅਗਰ ਤੁਸੀਂ ਮੱਝਾਂ ਦੇਖੀਆਂ ਹਨ ਤਾਂ ਕਿਰਪਾ ਕਰਕੇ ਸੰਤ ਜੀ ਦੱਸੋ ਕਿ ਕਿਹੜੇ ਪਾਸੇ ਨੂੰ ਗਈਆਂ ਹਨ। ਇਹ ਸੁਣ ਕੇ ਭਾਈ ਅਦਲੀ ਜੀ ਸੋਚਣ ਲੱਗੇ ਕਿ ਝੂਠ ਬੋਲਾਂ ਤਾਂ ਧਰਮ ਜਾਂਦਾ ਹੈ ਤੇ ਸੱਚ ਕਹਿੰਦਾ ਹਾਂ ਤਾਂ ਇਸ ਚੋਰ ਦੀ ਜਾਨ ਜਾਂਦੀ ਹੈ। ਮਨ ਹੀ ਮਨ ਫ਼ੈਸਲਾ ਕੀਤਾ ਕਿ ਬੋਲੀਏ ਤਾਂ ਸੱਚ ਹੀ ਆਪ ਹੀ ਗੁਰੂ ਅਰਜਨ ਸਾਹਿਬ ਜੀ ਕੋਈ ਕਲਾ ਧਾਰ ਕੇ ਬਚਾ ਕਰਨਗੇ। ਇਹ ਭਰੋਸਾ ਧਾਰਕੇ ਭਾਈ ਸਾਹਿਬ ਨੇ ਉੱਤਰ ਦਿੱਤਾ।

**ਸੁਨਿ ਅਦਲੀ ਉੱਤਰ ਦੀਯੋ ਮਹਿਖੀ-ਸਰ ਮਾਂਹੀ॥**
**ਇਨ ਬਿਨ ਅਪਰ ਨ ਮੈਂ ਪਿਖੀ ਕੋ ਗਮਨਯੋ ਨਾਂਹੀ॥**

**ਸੁਨਿ ਬੋਲੇ ਦੇਖੀ ਭਲੀ ਇਹ ਨਹੀ ਹਮਾਰੀ॥**
**ਕਪਲ ਬਰਨ ਕੀ ਇਹੁ ਸਕਲ ਹਮਰੀ ਸਭ ਕਾਰੀ॥੩੨॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੮, ਅੰਸੂ ੧]

ਤੇ ਗੁਰੂ ਸਾਹਿਬ ਜੀ ਨੇ ਐਸੀ ਕਿਰਪਾ ਕੀਤੀ ਕਿ ਕਾਲੇ ਰੰਗ ਦੀਆਂ ਮੱਝਾਂ, ਭੂਰੀਆਂ ਹੋ ਗਈਆਂ। ਇਉਂ ਇਧਰ-ਉਧਰ ਦੇਖ ਕੇ ਜਦੋਂ ਲੱਭਦੇ ਹੋਏ ਥੱਕ ਕੇ ਆਪਣੇ ਘਰ ਨੂੰ ਮੁੜ ਗਏ ਤਾਂ ਅਦਲੀ ਸਿੱਖ ਨੇ ਕਿਹਾ ਕਿ ਗੁਰੂ ਦੀ ਕਲਾ ਦੇਖ ਲਈ ? ਇਉਂ ਸਤਿਗੁਰੂ ਜੀ ਸਹਾਇਤਾ ਕਰਦੇ ਹਨ। ਇਹ ਤਾਂ ਇਸੇ ਲੋਕ ਦੀ ਸਹਾਇਤਾ ਹੈ, ਉਹ ਤਾਂ ਪ੍ਰਲੋਕ ਵਿੱਚ ਵੀ ਸਹਾਇਤਾ ਕਰਦੇ ਹਨ।

**ਹੋਹਿਂ ਸਹਾਇਕ ਸਿਮਰਤੇ, ਦੁਹਿ ਲੋਕਨਿ ਮਾਂਹੀ॥**
**ਅਸ ਪ੍ਰਭੁ ਕੋ ਜੇ ਤਜਹਿ ਹੈਂ, ਤਿਨ ਕੈ ਬੁਧਿ ਨਾਂਹੀ॥**
**ਜਯੋਂ ਕਯੋਂ ਰਾਖਹਿਂ ਦਾਸ ਪਤਿ ਸਭਿ ਬਿਘਨ ਮਿਟਾਵੈਂ॥**
**ਇਹ ਬਡਿਆਈ ਗੁਰੂ ਕੀ ਗੁਰ ਸਿੱਖਨਿ ਭਾਵੈ॥੩੪॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੮, ਅੰਸੂ ੧]

ਤੇ ਸਾਰੀਆਂ ਮੱਝਾਂ ਦਾ ਰੰਗ ਹੋਰ ਦਾ ਹੋਰ ਕਰ ਦਿੱਤਾ। ਮੈਂ ਇਹ ਪ੍ਰਤੱਖ ਕਰਾਮਾਤ ਦੇਖ ਕੇ ਚੋਰੀ ਦਾ ਧੰਧਾ ਤਿਆਗ ਕੇ ਗੁਰੂ ਦੀ ਸ਼ਰਨ ਪ੍ਰਾਪਤ ਕਰਨ ਦਾ ਮਨ ਬਣਾ ਲਿਆ। ਭਾਈ ਅਦਲੀ ਦਾ ਉਪਦੇਸ਼ ਸੁਣ ਕੇ ਮੱਝਾਂ ਤਲਾਅ 'ਚੋਂ ਕੱਢੀਆਂ ਲੋੜਵੰਦ ਗ਼ਰੀਬਾਂ, ਅਨਾਥਾਂ ਨੂੰ ਵੰਡ ਦਿੱਤੀਆਂ। ਭਾਈ ਅਦਲੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਪਹੁੰਚਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਜਿਵੇਂ ਦੇਵਤਿਆਂ ਦੀ ਸਭਾ ਵਿੱਚ ਬ੍ਰਹਮਾ ਸੁਭਾਇਮਾਨ ਹੁੰਦਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੀ ਸਭਾ ਵਿੱਚ ਦੇਖੇ। ਅਸੀਂ ਨਮਸਕਾਰ ਕਰਕੇ ਬੈਠ ਗਏ ਤੇ ਭਾਈ ਅਦਲੀ ਨੇ ਸਾਰੀ ਵਾਰਤਾ ਕਹਿ ਸੁਣਾਈ। ਕਿ ਹੇ ਸਤਿਗੁਰੂ ਜੀ! ਹੁਣ ਇਹ ਆਪ ਜੀ ਦੀ ਸ਼ਰਨ ਵਿੱਚ ਸਿੱਖ ਹੋਣ ਲਈ ਆਇਆ ਹੈ। ਮੁਕਤ ਹੋਣ ਲਈ ਆਪ ਜੀ ਦੇ ਚਰਨਾਂ ਵਿੱਚ ਰਹਿਣਾ ਚਾਹੁੰਦਾ ਹੈ। ਇਹ ਬੇਨਤੀ ਸੁਣ ਕੇ ਦਇਆ ਦੇ ਖ਼ਜ਼ਾਨੇ ਸਤਿਗੁਰੂ ਜੀ ਪ੍ਰਸੰਨ ਹੋ ਗਏ। ਭਾਈ ਬਿਧੀਚੰਦ ਕਹਿ ਰਿਹਾ ਕਿ ਹੇ ਮਾਤਾ! ਮੈਨੂੰ ਗੁਰੂ ਸਾਹਿਬ ਜੀ ਨੇ ਚਰਨਾਮ੍ਰਿਤ ਦਿੱਤਾ ਤੇ ਆਪਣਾ ਸਿੱਖ ਬਣਾ ਲਿਆ। ਸਤਿਨਾਮ ਦਾ ਸਿਮਰਨ ਦੇ ਦਿੱਤਾ ਅਤੇ ਨਾਲ ਬਚਨ ਕੀਤਾ ਕਿ ਭਾਈ ਅੱਗੇ ਤੋਂ ਚੋਰੀ ਨਹੀਂ ਕਰਨੀ। ਗੁਰਬਾਣੀ ਪੜ੍ਹਨੀ ਤੇ ਸੁਣਨੀ ਹਿਰਦੇ ਵਿੱਚ ਵਾਹਿਗੁਰੂ ਨੂੰ ਯਾਦ ਕਰਨਾ। ਗੁਰੂ ਜੀ ਦਾ ਇਹ ਬਚਨ ਸੁਣ ਕੇ ਮੈਂ ਬੇਨਤੀ ਕੀਤੀ ਕਿ ਮਹਾਰਾਜ ਹੋਰ ਤਾਂ ਮੈਂ ਸਭ ਕੁਝ ਛੱਡ ਸਕਦਾ ਹਾਂ, ਪਰ ਚੋਰੀ ਕਰਨ ਦਾ ਮੇਰਾ ਸੁਭਾਅ ਬਣ ਚੁੱਕਾ ਹਾਂ। ਤਾਂ ਸਤਿਗੁਰੂ ਜੀ ਨੇ ਸੁਣ ਕੇ ਬੜੇ ਖ਼ੁਸ਼ ਹੋ ਕਰਕੇ ਬਚਨ ਕੀਤਾ ਕਿ ਜੇ ਚੋਰੀ ਨਹੀਂ ਛੁਟਦੀ ਤਾਂ ਫਿਰ ਚੋਰੀ ਕਰਨ ਦਾ ਥੋੜ੍ਹਾ ਜਿਹਾ ਢੰਗ ਬਦਲ ਲੈ। ਉਸ ਵਿੱਚ ਵੀ ਤੇਰਾ ਭਲਾ ਹੋ ਜਾਏਗਾ। ਕਿਸੇ ਨੂੰ ਗ਼ਰੀਬ ਦੇਖੇਂ, ਦੁਖੀ ਹੋਵੇ, ਉਸਦੇ ਘਰ ਤਾਂ ਕਦੇ ਭੁੱਲ ਕੇ ਵੀ ਚੋਰੀ ਨਹੀਂ ਕਰਨੀ। ਜਿਹੜਾ ਕੋਈ ਬਹੁਤਾ ਵੱਡਾ ਧਨੀ ਹੋਵੇ, ਉਸਦੇ ਘਰ ਤੋਂ ਥੋੜ੍ਹਾ ਧਨ ਲੈ ਕੇ ਉਨ੍ਹਾਂ ਗ਼ਰੀਬਾਂ, ਅਨਾਥਾਂ, ਦੁਖੀਆਂ ਦੀ ਮਦਦ ਕਰਿਆ ਕਰ। ਇਸ ਵਿੱਚ ਤੇਰੀ ਆਦਤ ਵੀ ਪੂਰੀ ਹੋ ਜਾਵੇਗੀ। ਕਿਸੇ ਗ਼ਰੀਬ ਦੀ ਮਦਦ ਵੀ ਹੋ ਜਾਇਆ ਕਰੇਗੀ। ਅਤੇ ਧਨੀ ਪੁਰਸ਼ਾਂ ਨੂੰ ਬਹੁਤਾ ਕੋਈ ਫ਼ਰਕ ਨਹੀਂ ਪਏਗਾ। ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਮੈਂ ਹਿਰਦੇ ਵਿੱਚ ਧਾਰਨ ਕਰ ਲਿਆ। ਮੈਂ ਭਾਈ ਅਦਲੀ ਸਿੱਖ ਦੇ ਨਾਲ ਆਪਣੇ ਨਾਨਕੇ ਸਰਹਾਲੀ ਆ ਗਿਆ। ਮੈਂ ਆਪਣੇ ਇਹ ਚੋਰੀ ਦੇ ਸੁਭਾਅ ਅਨੁਸਾਰ ਕੰਮ ਆਰੰਭ ਕਰ ਦਿੱਤਾ ਕਿ ਜਦੋਂ ਚੋਰੀ ਨੂੰ ਜੀਅ ਕਰੇ, ਧਨੀ ਪੁਰਸ਼ ਤੋਂ ਧਨ ਚੁਰਾ ਕੇ ਕਿਸੇ ਗ਼ਰੀਬ ਨੂੰ ਵੰਡ ਦੇਣਾ। ਇਸ ਨਾਲ ਗ਼ਰੀਬਾਂ ਵਿੱਚ ਮੇਰਾ ਪਿਆਰ ਤੇ ਸਤਿਕਾਰ ਵੱਧ ਗਿਆ। ਲੋੜਵੰਦ ਗ਼ਰੀਬ ਮੇਰੇ ਦਰ ਆਉਣ ਲੱਗੇ। ਮੈਂ ਗੁਰੂ ਦੇ ਭੈਅ ਵਿੱਚ ਉਨ੍ਹਾਂ ਦਾ ਸਹਾਰਾ ਬਣਿਆ। ਇੱਕ ਦਿਨ ਮੇਰੇ ਕੋਲ ਇੱਕ ਬ੍ਰਾਹਮਣੀ ਆਈ ਜੋ ਬੜੀ ਦੁਖੀ ਸੀ, ਆ ਕੇ ਕਹਿਣ ਲੱਗੀ ਕਿ ਹੇ ਗੁਰੂ ਦੇ ਸਿੱਖ! ਮੈਂ ਤੇਰਾ ਜਸ ਸੁਣ ਕੇ ਆਈ ਹਾਂ। ਤੂੰ ਗ਼ਰੀਬਾਂ 'ਤੇ ਬੜੀ ਦਇਆ ਧਾਰਦਾ ਹੈਂ। ਸਾਡੇ ਘਰ ਇਤਨੀ ਗ਼ਰੀਬੀ

ਹੈ ਕਿ ਕਈ ਵਾਰ ਦੋ-ਦੋ ਦਿਨ ਰੋਟੀ ਨਹੀਂ ਪਕਦੀ। ਹੁਣ ਧੀ ਭੀ ਜੁਆਨ ਹੋ ਗਈ ਹੈ। ਜਿਥੇ ਯੋਗ ਵਰ ਮਿਲਦੈ, ਖ਼ਰਚ ਕਰਨ ਲਈ ਪੈਸਾ ਨਹੀਂ। ਮੇਰੀ ਮਦਦ ਕਰ, ਜਿਸ ਨਾਲ ਮੈਂ ਧੀ ਦਾ ਵਿਆਹ ਕਰ ਸਕਾਂ। ਬ੍ਰਾਹਮਣੀ ਨੂੰ ਪੁੱਛਿਆ ਕਿ ਕਿਤਨੇ ਪੈਸਿਆਂ ਵਿੱਚ ਵਿਆਹ ਦਾ ਕਾਰਜ ਹੋ ਸਕਦਾ ਹੈ। ਬ੍ਰਾਹਮਣੀ ਬੋਲੀ ਕਿ ਜੇ ਪੰਜ ਸੌ ਰੁਪਇਆ ਮਿਲ ਜਾਏ ਤਾਂ ਬੜੇ ਖੁਲ੍ਹੇ ਢੰਗ ਨਾਲ ਵਿਆਹ ਹੋ ਸਕਦਾ ਹੈ। ਬਿਧੀਚੰਦ ਕਹਿਣ ਲੱਗਾ ਕਿ ਮੈਂ ਉਸ ਵੇਲੇ ਧਨ ਦੇਣ ਦਾ ਵਾਅਦਾ ਕੀਤਾ ਕਿ ਮੈਂ ਪੰਜ ਦਿਨਾਂ ਤੋਂ ਬਾਅਦ ਤੈਨੂੰ ਪੰਜ ਸੌ ਰੁਪਇਆ ਦੇ ਦੇਵਾਂਗਾ। ਜਹਾਂਗੀਰ ਦੀਆਂ ਬੇਗਮਾਂ ਰਸਤੇ ਵਿੱਚ ਆਉਂਦੀਆਂ ਸੁਣੀਆਂ। ਚੰਭੇ ਦੂਣ ਵਿੱਚ ਡੇਰਾ ਸੁਣਿਆ ਤੇ ਮੈਂ ਭੀ ਉਥੇ ਪਹੁੰਚ ਗਿਆ। ਦਾਅ ਬਚਾ ਕੇ ਇਸਤਰੀਆਂ ਵਾਲੇ ਕੱਪੜੇ ਪਾ ਕੇ ਰਾਤ ਦੇ ਸਮੇਂ ਜਦੋਂ ਬਕਸੇ ਦਾ ਤਾਲਾ ਖੋਲ੍ਹਿਆ, ਪੰਜ ਸੌ ਰੁਪਇਆ ਕੱਢ ਕੇ ਲੈ ਚੱਲਿਆ। ਸੋਨੇ ਦੇ ਗਹਿਣਿਆਂ ਦੇ ਡੱਬੇ ਤਿਆਗ ਦਿੱਤੇ, ਖੋਲ੍ਹ-ਖੋਲ੍ਹ ਸਾਰੇ ਧਰ ਦਿੱਤੇ, ਕਿਉਂਕਿ ਮੈਨੂੰ ਪੰਜ ਸੌ ਰੁਪਏ ਹੀ ਚਾਹੀਦੇ ਸਨ। ਉਹ ਪੈਸੇ ਬ੍ਰਾਹਮਣੀ ਨੂੰ ਦਿੱਤੇ, ਜਿਸਨੇ ਆਪਣੀ ਧੀ ਵਿਆਹੀ। ਜਦੋਂ ਬੇਗਮਾਂ ਜਾਗੀਆਂ ਤਾਂ ਹਲ-ਚਲ ਪੈ ਗਈ, ਵੱਡਾ ਰੌਲਾ ਪੈ ਗਿਆ ਤੇ ਨਾਲੇ ਹੈਰਾਨੀ ਸੀ ਕਿ ਨਾਲੇ ਚੋਰੀ ਤੇ ਨਾਲੇ ਇਮਾਨਦਾਰੀ। ਜਹਾਂਗੀਰ ਨੂੰ ਦੱਸਿਆ, ਜਹਾਂਗੀਰ ਨੇ ਨੇੜੇ-ਨੇੜੇ ਦੇ ਪਿੰਡਾਂ 'ਚੋਂ ਲੋਕ ਫੜ ਲਏ। ਉਨ੍ਹਾਂ 'ਤੇ ਮਾਰ ਪੈਣ ਲੱਗੀ। ਸਰਹਾਲੀ ਪਹੁੰਚ ਕੇ ਕੁਝ ਲੋਕਾਂ ਨੇ ਆਪਣਾ ਦੁਖ ਸਰਹਾਲੀ ਵਾਲਿਆਂ ਕੋਲ ਰੋਇਆ ਤਾਂ ਉਨ੍ਹਾਂ ਕਿਹਾ ਕਿ ਸਾਡਾ ਦੋਹਤਾ ਤੁਹਾਡਾ ਦੁਖ ਦੂਰ ਕਰ ਸਕਦਾ ਹੈ। ਮੈਂ ਜਾ ਕੇ ਬਾਦਸ਼ਾਹ ਦੇ ਪੇਸ਼ ਹੋਇਆ ਕਿ ਬਾਦਸ਼ਾਹ ਚੋਰੀ ਤੇ ਮੈਂ ਕੀਤੀ ਹੈ। ਬਾਦਸ਼ਾਹ ਨੇ ਹੈਰਾਨ ਹੋ ਕੇ ਕਿਹਾ ਕਿ ਤੂੰ ਕੈਸਾ ਚੋਰ ਹੈਂ ? ਬਹੁਤਾ ਧਨ ਤਿਆਗ ਕੇ ਥੋੜ੍ਹਾ ਧਨ ਗ੍ਰਹਿਣ ਕੀਤਾ ਹੈ। ਬਿਧੀਚੰਦ ਨੇ ਸਾਰੀ ਵਰਤਾ ਕਹਿ ਸੁਣਾਈ। ਕਿ ਇੱਕ ਗ਼ਰੀਬ ਬ੍ਰਾਹਮਣੀ ਦੀ ਲੜਕੀ ਵਿਆਹੁਣ ਵਾਸਤੇ ਕੇਵਲ ਪੰਜ ਸੌ ਰੁਪਏ ਚਾਹੀਦੇ ਸਨ। ਇਸ ਲਈ ਮੈਂ ਤੇਰੇ ਹੀਰੇ, ਮੋਤੀ ਆਦਿ ਤਿਆਗ ਕੇ ਕੇਵਲ ਪੰਜ ਸੌ ਰੁਪਏ ਹੀ ਲਏ ਹਨ। ਮੇਰੇ ਗੁਰੂ ਅਰਜਨ ਸਾਹਿਬ ਜੀ ਦਾ ਇਹੀ ਹੁਕਮ ਸੀ ਕਿ ਗ਼ਰੀਬਾਂ ਦੀ ਮਦਦ ਕਰਨੀ ਹੈ। ਮੈਂ ਚੋਰੀ ਆਪਣੇ ਲਈ ਨਹੀਂ, ਗ਼ਰੀਬਾਂ ਲਈ ਕਰਦਾ ਹਾਂ। ਜੈਸਾ ਕਿ :

**ਸ੍ਰੀ ਅਰਜਨ ਕੋ ਨਾਮ ਸੁਨਿ ਸਿਰ ਸ਼ਾਹੁ ਨਿਵਾਯੋ।...॥੨੯॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੮, ਅੰਸੂ ੨]

ਸੋ, ਇਸੇ ਪ੍ਰਕਾਰ ਭਾਈ ਬਿਧੀਚੰਦ ਨੇ ਪਰਉਪਕਾਰ ਕਰਨ ਕਰਕੇ ਅਤੇ ਨਾਮ ਦਾ ਗੂੜ੍ਹਾ ਰੰਗ ਚੜ੍ਹਨ ਕਰਕੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਰਹਿ ਕੇ, ਚੋਰੀ ਹੋਏ ਘੋੜੇ ਲੈ ਕੇ ਆਉਣ ਦਾ ਜਸ ਖੱਟਿਆ ਅਤੇ ਗੁਰੂ ਤੋਂ "ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ" ਆਦਿ ਵਰ ਪ੍ਰਾਪਤ ਕੀਤੇ। ਜਦੋਂ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਇਲਾਕੇ ਵਿੱਚ ਭੀ ਚਰਨ ਪਾਓ। ਤਾਂ ਮਹਾਰਾਜ ਨੇ ਆਪਣਾ ਸਮਾਂ ਉਧਰ ਨਾ ਬਣਦਾ ਵੇਖ ਕੇ ਸੰਗਤਾਂ ਨੂੰ ਹੁਕਮ ਕੀਤਾ ਕਿ ਭਾਈ ਬਿਧੀਚੰਦ ਨੂੰ ਬ੍ਰਹਮ ਗਿਆਨ ਦਾ ਭੰਡਾਰਾ ਬਖ਼ਸ਼ ਕੇ, ਆਪਣੇ ਵਿੱਚ ਅਭੇਦ ਕਰਕੇ ਇਹ ਬਚਨ ਕੀਤਾ ਕਿ ਇਸ ਸਿੱਖ ਨੂੰ ਭਾਵ ਬਿਧੀਚੰਦ ਨੂੰ ਮੇਰਾ ਸਰੂਪ ਸਮਝ ਕੇ ਸੇਵਾ ਕਰਨੀ ਤੇ ਇਸਦੇ ਕੋਲੋਂ ਗੁਰੂ ਘਰ ਦਾ ਉਪਦੇਸ਼ ਪ੍ਰਾਪਤ ਕਰਨਾ। ਜੋ ਕੋਈ ਬਿਧੀਚੰਦ ਤੇ ਮੇਰੇ ਵਿੱਚ ਫ਼ਰਕ ਸਮਝੇਗਾ, ਉਸਦੀ ਕਲਿਯਾਣ ਨਹੀਂ ਹੋਵੇਗੀ। ਇਹੋ ਜਿਹੇ ਵਰ ਦੇ ਕੇ ਭੇਜਿਆ ਤੇ ਕਿਹਾ ਕਿ ਬਿਧੀਚੰਦ! ਆਪਣੇ ਸਰੀਰ ਹੀ ਦੋ ਹਨ, ਪਰ ਜੋਤਿ ਇੱਕ ਹੈ। ਜੇ ਕੋਈ ਪੁੱਛਦਾ ਤਾਂ ਭਾਈ ਬਿਧੀਚੰਦ ਨਾਮਦੇਵ ਜੀ ਵਾਲਾ ਇਹ ਬਚਨ ਕਰਦਾ ਕਿ

## *ਸਫਲ ਜਨਮੁ; ਮੋਕਉ ਗੁਰ ਕੀਨਾ ॥*

ਗੁਰੂ ਨੇ ਮੇਰਾ ਜਨਮ ਸਫਲਾ ਕਰ ਦਿੱਤਾ ਹੈ।

## *ਦੁਖ ਬਿਸਾਰਿ; ਸੁਖ ਅੰਤਰਿ ਲੀਨਾ ॥੧॥*

ਹੁਣ ਜਨਮ-ਮਰਣ ਦੇ ਦੁਖਾਂ ਦੀ ਨਵਿਰਤੀ ਹੋ ਗਈ ਤੇ ਬ੍ਰਹਮਾਨੰਦ ਦੇ ਸੁਖ ਵਿੱਚ ਲੀਨ ਹੋ ਗਿਆ ਹਾਂ। ਇਹ ਸਭ ਕੁਝ ਗੁਰੂ ਦੇ ਦਿੱਤੇ ਹੋਏ ਗਿਆਨ ਦੀ ਕਿਰਪਾ ਹੈ॥੧॥

## *ਗਿਆਨ ਅੰਜਨੁ; ਮੋਕਉ ਗੁਰਿ ਦੀਨਾ ॥*

ਮੈਨੂੰ ਗੁਰੂ ਨੇ ਗਿਆਨ ਰੂਪੀ ਅੰਜਨੁ=ਸੁਰਮਾ ਦਿੱਤਾ ਹੈ। ਜੈਸਾ ਕਿ :

੧. **ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**

[ਗਉੜੀ ਮਹਲਾ ੫, ਅੰਗ ੨੯੩]

੨. **ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥**

[ਮਾਰੂ ਮਹਲਾ ੩, ਅੰਗ ੧੦੬੫]

## *ਰਾਮ ਨਾਮ ਬਿਨੁ; ਜੀਵਨੁ ਮਨ ਹੀਨਾ ॥੧॥ਰਹਾਉ॥*

ਨਾਮਦੇਵ ਜੀ ਕਥਨ ਕਰਦੇ ਹਨ ਕਿ ਹੁਣ ਇਹ ਦ੍ਰਿੜ੍ਹਤਾ ਹੋ ਗਈ ਹੈ ਕਿ ਰਾਮ=ਪ੍ਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਨਾਂ ਮਨਿ=ਜੀਵ ਦਾ ਜੀਵਨੁ=ਜਿਉਣਾ ਹੀਨਾ=ਨਿਸਫਲ ਹੈ ॥੧॥ਰਹਾਉ॥

## *ਨਾਮਦੇਇ; ਸਿਮਰਨੁ ਕਰਿ ਜਾਨਾਂ ॥*
## *ਜਗਜੀਵਨ ਸਿਉ; ਜੀਉ ਸਮਾਨਾਂ ॥੨॥੧॥*

ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਤਾਂ ਸਿਰਫ਼ ਪ੍ਰਮਾਤਮਾ ਦਾ ਸਿਮਰਨ ਹੀ ਕਰਨਾ ਜਾਣਦਾ ਹਾਂ। ਜਗਜੀਵਨ=ਜਗਤਾ ਦਾ ਜੋ ਜੀਵਨ ਰੂਪ ਪ੍ਰਮਾਤਮਾ ਹੈ, ਉਸ ਵਿੱਚ ਮੇਰਾ ਜੀਉ=ਜੀਵ ਆਤਮਾ ਸਮਾਨਾਂ=ਸਮਾ ਗਿਆ ਹੈ, ਭਾਵ ਮੈਂ ਪ੍ਰਮੇਸ਼ਰ ਨਾਲ ਅਭੇਦ ਹੋ ਗਿਆ ਹਾਂ ॥੨॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

# ਪਵਿੱਤਰ ਗੁਰ ਬੰਸਾਵਲੀ

## ਪਹਿਲੀ ਪਾਤਿਸ਼ਾਹੀ

**ਨਾਮ** — ਸਤਿਗੁਰੂ ਨਾਨਕ ਦੇਵ ਜੀ ਮਹਾਰਾਜ, ਬੇਦੀ ਵੰਸ (ਸ੍ਰੀ ਰਾਮਚੰਦਰ ਜੀ ਦੇ ਪੁੱਤਰ ਕੁਸ਼ੂ, ਕੁਸ਼ੂ ਦੀ ਵੰਸ ਦੇ ਕਾਲਕੇਤ ਨੇ ਕਾਂਸ਼ੀ ਜਾ ਕੇ ਬੇਦ ਪੜ੍ਹੇ, ਇਨ੍ਹਾਂ ਤੋਂ ਬੇਦੀ ਵੰਸ ਚੱਲੀ।

**ਅਵਤਾਰ ਧਾਰਨ ਪਿੰਡ** — ਰਾਇ ਭੋਏ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ)।

**ਅਵਤਾਰ ਧਾਰਨ ਸੰਮਤ** — ੧੫੨੬ ਬਿਃ ਕੱਤਕ ਸੁਦੀ ਪੂਰਨਮਾਸ਼ੀ, ਦੋ ਘੜੀ ਰਾਤ ਢਲੀ ਤੋਂ ਅਨਰਾਧਾ ਨੱਛਤ੍ਰ ਸੀ। ਦਿਨ ਬੁੱਧਵਾਰ ੨੯ ਨਵੰਬਰ ੧੪੬੯ ਈਃ।

**ਮਾਤਾ-ਪਿਤਾ** — ਮਾਤਾ ਤ੍ਰਿਪਤਾ ਜੀ, ਪਿਤਾ ਬਾਬਾ ਕਾਲੂ ਜੀ (ਕਲਿਆਣ ਚੰਦ ਜੀ), ਚਾਚਾ ਲਾਲ ਚੰਦ ਜੀ, ਦਾਦਾ ਸ਼ਿਵਰਾਮ ਜੀ, ਦਾਦੀ ਬਨਾਰਸੀ ਜੀ, ਪੜਦਾਦਾ ਕਲਪਤ ਰਾਏ, ਭੈਣ ਬੇਬੇ ਨਾਨਕੀ, ਗੁਰਾਂ ਤੋਂ ੫ ਸਾਲ ਵੱਡੇ ਸਨ।

**ਮਹਿਲ** — ਮਾਤਾ ਸੁਲੱਖਣੀ ਜੀ, ਚੋਣੇ ਗੋਤ 'ਚੋਂ ਪੱਖੋ ਕੇ ਰੰਧਾਵੇ (ਬਟਾਲਾ ਸ਼ਹਿਰ) ਤੋਂ ਵਿਆਹ ੨੪ ਜੇਠ ੧੫੪੫ ਬਿਃ। ਇਥੇ ਹੁਣ ਤਕ ਕੰਧ ਦੀ ਨਿਸ਼ਾਨੀ ਹੈ ਤੇ ਗੁਰਦੁਆਰਾ ਕੰਧ ਸਾਹਿਬ ਬਣਿਆ ਹੋਇਆ ਹੈ।

**ਗੱਦੀ ਸਮਾਂ** — ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ।

**ਜੋਤੀ ਜੋਤਿ ਸਮਾਉਣਾ** — ੧੫੯੬ ਬਿਃ ਅੱਸੂ ਵਦੀ ਦਸਮੀ ਸ੍ਰੀ ਕਰਤਾਰਪੁਰ ਸਾਹਿਬ, ੧੦ ਅਕਤੂਬਰ ੧੫੩੯ਈਃ।

**ਸੰਤਾਨ** — ਬਾਬਾ ਸ੍ਰੀ ਚੰਦ ਜੀ ੧੫੫੧ ਬਿਃ ਨੂੰ ਅਤੇ ਬਾਬਾ ਲਖਮੀ ਦਾਸ ਜੀ ੧੫੫੪ ਬਿਃ ਨੂੰ ਪ੍ਰਗਟੇ।

**ਸਾਰੀ ਅਵਸਥਾ** — ਉੱਣਤ੍ਰ ਬਰਸ, ਦਸ ਮਹੀਨੇ, ਦਸ ਦਿਨ।

**ਗੁਰਿਆਈ ਸਮਾਂ** — ਉੱਣਤ੍ਰ ਬਰਸ, ਦਸ ਮਹੀਨੇ, ਦਸ ਦਿਨ।

**ਹਕੂਮਤ** — ਬਹਲੋਲ ਲੋਦੀ (ਜੋ ਸਿਕੰਦਰ ਲੋਦੀ ਦਾ ਪਿਤਾ ਸੀ), ਸਿਕੰਦਰ ਲੋਦੀ ਤੇ ਬਾਬਰ ਬਾਦਸ਼ਾਹ।

❀ ❀ ❀

# ਦੂਜੀ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਅੰਗਦ ਦੇਵ ਜੀ ਮਹਾਰਾਜ। ਤੇਹਣ ਵੰਸ, ਲਛਮਣ ਦੇ ਤੱਖ ਨਾਮੇ ਪੁੱਤਰ ਤੋਂ ਤੇਹਣ ਵੰਸ ਚੱਲੀ। |
| **ਅਵਤਾਰ ਧਾਰਨ ਪਿੰਡ** | — | ਮੱਤੇ ਦੀ ਸਰਾਂ (ਨਾਂਗੇ ਦੀ ਸਰਾਂ), ਤਹਿਸੀਲ ਮੁਕਤਸਰ, ਜ਼ਿਲ੍ਹਾ ਮੁਕਤਸਰ। |
| **ਅਵਤਾਰ ਧਾਰਨ ਸੰਮਤ** | — | ੧੫੬੧ ਬਿ:, ਵੈਸਾਖ ਸੁਦੀ ਏਕਮ, ਦਿਨ ਸ਼ਨੀਵਾਰ, ੨੩ ਅਪਰੈਲ ੧੫੦੪ ਈ:, ਨੱਛਤ੍ਰ ਭਰਣੀ। |
| **ਮਾਤਾ-ਪਿਤਾ** | — | ਮਾਤਾ ਸਭਰਾਈ ਜੀ (ਦਯਾ ਕੌਰ ਜੀ), ਪਿਤਾ ਬਾਬਾ ਫੇਰੂ ਮਲ ਜੀ, ਦਾਦਾ ਕੀਰਤ ਮੱਲ ਜੀ। |
| **ਮਹਿਲ** | — | ਮਾਤਾ ਖੀਵੀ ਜੀ ਖਡੂਰ ਸਾਹਿਬ ਤੋਂ। ਸਹੁਰਾ ਦੇਵੀ ਦਾਸ ਜੀ, ਸੱਸ ਭਿਰਾਈ ਜੀ, ਵਿਆਹ ੧੬ ਮੱਘਰ ੧੫੭੬ ਬਿ:। |
| **ਗੱਦੀ ਸਮਾਂ** | — | ੧੫੯੬ ਬਿ: ਅੱਸੂ ਵਦੀ ਪੰਚਮੀ ਸ਼ਰਾਧਾਂ ਵਿਚ, ਸ੍ਰੀ ਕਰਤਾਰਪੁਰ ਸਾਹਿਬ, ੬ ਅਕਤੂਬਰ, ੧੫੩੯ ਈ:। ਪਾਤਿਸ਼ਾਹੀ ਪਹਿਲੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪੰਜ ਦਿਨ ਪਹਿਲਾਂ। |
| **ਜੋਤੀ ਜੋਤਿ ਸਮਾਉਣਾ** | — | ੧੬੦੯ ਬਿ: ਚੇਤਰ ਸੁਦੀ ਚੌਥ, ਖਡੂਰ ਸਾਹਿਬ, ੨੭ ਮਾਰਚ, ੧੫੫੨ ਈ:। |
| **ਸੰਤਾਨ** | — | ਬਾਬਾ ਦਾਸੂ ਜੀ, ਬਾਬਾ ਦਾਤੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ। |
| **ਸਾਰੀ ਅਵਸਥਾ** | — | ਸੰਤਾਲੀ ਬਰਸ, ਗਿਆਰਾਂ ਮਹੀਨੇ, ਤਿੰਨ ਦਿਨ। |
| **ਗੁਰਿਆਈ ਸਮਾਂ** | — | ਬਾਰਾਂ ਬਰਸ, ਛੇ ਮਹੀਨੇ, ਚੌਦਾਂ ਦਿਨ। |
| **ਹਕੂਮਤ** | — | ਹਮਾਯੂੰ ਬਾਦਸ਼ਾਹ ਅਤੇ ਸ਼ੇਰਸ਼ਾਹ ਸੂਰੀ ਦੀ ਸੀ। |

❀ ❀ ❀

# ਤੀਜੀ ਪਾਤਿਸ਼ਾਹੀ

**ਨਾਮ** — ਸਤਿਗੁਰੂ ਅਮਰਦਾਸ ਜੀ, ਭੱਲੇ ਵੰਸ। ਸ੍ਰੀ ਰਾਮਚੰਦ੍ਰ ਜੀ ਦੇ ਭਾਈ ਭਰਥ ਦੇ ਪੁੱਤਰ ਭੱਲਣ ਤੋਂ ਭੱਲੇ ਵੰਸ ਚੱਲੀ।

**ਅਵਤਾਰ ਧਾਰਨ ਪਿੰਡ** — ਬਾਸਰ ਕੇ (ਸੰਨ੍ਹ ਸਾਹਿਬ), ਜ਼ਿਲ੍ਹਾ ਸ੍ਰੀ ਅੰਮ੍ਰਿਤਸਰ।

**ਅਵਤਾਰ ਧਾਰਨ ਸੰਮਤ** — ੧੫੨੬ ਬਿਃ ਵੈਸਾਖ ਸੁਦੀ ਚੌਦਸ, ਦਿਨ ਸ਼ੁਕਰਵਾਰ ੫ ਮਈ, ੧੪੬੯ ਈਃ। ਨੱਛਤ੍ਰ ਕ੍ਰਿਤਕਾ।

**ਮਾਤਾ-ਪਿਤਾ** — ਮਾਤਾ ਲਛਮੀ ਜੀ (ਰੂਪ ਕੌਰ ਜੀ, ਗਿਲਾਵਲੀ ਪਿੰਡ ਤੋਂ), ਪਿਤਾ ਬਾਬਾ ਤੇਜ ਭਾਨ ਜੀ।

**ਮਹਿਲ** — ਮਾਤਾ ਰਾਮੋ ਜੀ, ਖੇਮਕਰਨ ਤੋਂ। ਵਿਆਹ ੧੭ ਮੱਘਰ, ੧੫੫੬ ਬਿਃ।

**ਗੱਦੀ ਸਮਾਂ** — ੧੬੦੯ ਬਿਃ ਚੇਤਰ ਸੁਦੀ ਏਕਮ, ਖਡੂਰ ਸਾਹਿਬ, ਪਾਤਿਸ਼ਾਹੀ ਦੂਸਰੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ, ੨੫ ਮਾਰਚ, ੧੫੫੨ ਈਃ।

**ਜੋਤੀ ਜੋਤਿ ਸਮਾਉਣਾ** — ੧੬੩੧ ਬਿਃ ਭਾਦਰੋਂ ਸੁਦੀ ਪੂਰਨਮਾਸ਼ੀ ਗੋਇੰਦਵਾਲ ਸਾਹਿਬ, ੧ ਅਕਤੂਬਰ, ੧੫੭੪ ਈਃ।

**ਸੰਤਾਨ** — ਬਾਬਾ ਮੋਹਣ ਜੀ ਜਨਮ ੧੫੭੫ ਬਿਃ, ਬਾਬਾ ਮੋਹਰੀ ਜੀ ਜਨਮ ੧੫੭੯ ਬਿਃ, ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਜਨਮ ੧੫੯੩ ਬਿਃ।

**ਸਾਰੀ ਅਵਸਥਾ** — ਇਕ ਸੌ ਪੰਜ ਬਰਸ, ਚਾਰ ਮਹੀਨੇ, ਇਕ ਦਿਨ।

**ਗੁਰਿਆਈ ਸਮਾਂ** — ਇਕੀ ਬਰਸ, ਪੰਜ ਮਹੀਨੇ, ਚੌਦਾਂ ਦਿਨ।

**ਹਕੂਮਤ** — ਹਮਾਯੂੰ ਤੇ ਅਕਬਰ ਬਾਦਸ਼ਾਹ ਦੀ ਸੀ।

**ਨੋਟ** — ਗਿਆਨੀ ਗਿਆਨ ਸਿੰਘ ਨੇ ਆਪਣੀ ਰਚਿਤ 'ਤਵਾਰੀਖ਼ ਗੁਰੂ ਖ਼ਾਲਸਾ' ਛਾਪਾ ਪੱਥਰ ਦੇ ਪੰਨਾ ੧੭੭ ਉਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਅਵਤਾਰ ਧਾਰਨ ਸੰਮਤ ੧੫੩੬ ਬਿਃ ਵੈਸਾਖ ੯, ਵਿਸਾਖੀ ਸੁਦੀ ੧੪ਵੀਂ ਨੂੰ ਲਿਖਿਆ ਹੈ।

❀ ❀ ❀

# ਚੌਥੀ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਰਾਮਦਾਸ ਜੀ, ਸੋਢ ਵੰਸ। ਲਊ ਦੀ ਵੰਸ 'ਚੋਂ ਕਾਲ ਰਾਏ, ਇਨ੍ਹਾਂ ਦੇ ਪੁੱਤਰਾਂ 'ਚੋਂ ਇਕ ਨੇ ਸਨੌਢ ਦੇਸ ਦੇ ਰਾਜੇ ਨੂੰ ਜਿੱਤ ਕੇ ਉਸਦੀ ਪੁੱਤਰੀ ਵਿਆਹੀ ਤਾਂ ਉਸ ਤੋਂ ਸੋਢ ਵੰਸ ਚਲੀ। |
| **ਅਵਤਾਰ ਧਾਰਨ ਪਿੰਡ** | — | ਚੂਨਾ ਮੰਡੀ ਲਾਹੌਰ ਸ਼ਹਿਰ। |
| **ਅਵਤਾਰ ਧਾਰਨ ਸੰਮਤ** | — | ੧੫੯੧ ਬਿ: ਕੱਤਕ ਵਦੀ ਦੂਜ, ਦਿਨ ਵੀਰਵਾਰ, ੨ ਨਵੰਬਰ ੧੫੩੪ ਈ:। ਨੱਛਤ੍ਰ ਚਿੱਤ੍ਰਾ ਸਵਾ ਪਹਰ ਰਾਤ। |
| **ਮਾਤਾ-ਪਿਤਾ** | — | ਮਾਤਾ ਦਯਾ ਕੌਰ ਜੀ (ਖੇਮ ਕੌਰ ਜੀ), ਪਿਤਾ ਬਾਬਾ ਹਰਿਦਾਸ ਜੀ। |
| **ਮਹਿਲ** | — | ਮਾਤਾ ਭਾਨੀ ਜੀ, ਸ੍ਰੀ ਗੋਇੰਦਵਾਲ ਸਾਹਿਬ ਤੋਂ ਵਿਆਹ ੧੬੧੨ ਬਿ:। |
| **ਗੱਦੀ ਸਮਾਂ** | — | ੧੬੩੧ ਬਿ: ਭਾਦਰੋਂ ਸੁਦੀ ਤਰੌਦਸੀ ੨੯ ਸਤੰਬਰ ੧੫੭੪ ਈ:। ਪਾਤਿਸ਼ਾਹੀ ਤੀਜੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਪਹਿਲਾਂ ਗੋਇੰਦਵਾਲ ਸਾਹਿਬ ਜੀ। |
| **ਜੋਤੀ ਜੋਤਿ ਸਮਾਉਣਾ** | — | ੧੬੩੮ ਬਿ: ਭਾਦਰੋਂ ਸੁਦੀ ਤੀਜ ੧੯ ਸਤੰਬਰ ੧੫੯੧ ਈ: ਗੋਇੰਦਵਾਲ ਸਾਹਿਬ। |
| **ਸੰਤਾਨ** | — | ਬਾਬਾ ਪ੍ਰਿਥੀਚੰਦ ਜੀ ੧੬੧੫ ਬਿ:, ਮਹਾਂਦੇਵ ਜੀ ੧੬੧੮ ਬਿ:, ਸ੍ਰੀ ਗੁਰੂ ਅਰਜਨ ਦੇਵ ਜੀ ੧੬੨੦ ਬਿ: ਨੂੰ ਪ੍ਰਗਟੇ। |
| **ਸਾਰੀ ਅਵਸਥਾ** | — | ਸੰਤਾਲੀ ਬਰਸ, ਸੋਲਾਂ ਦਿਨ। |
| **ਗੁਰਿਆਈ ਸਮਾਂ** | — | ਛੇ ਬਰਸ, ਗਿਆਰਾਂ ਮਹੀਨੇ, ਵੀਹ ਦਿਨ। |
| **ਹਕੂਮਤ** | — | ਅਕਬਰ ਬਾਦਸ਼ਾਹ ਦੀ ਸੀ। |

❀ ❀ ❀

# ਪੰਜਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਅਰਜਨ ਦੇਵ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | — | ਸ੍ਰੀ ਗੋਇੰਦਵਾਲ ਸਾਹਿਬ ਅਵਤਾਰ ਧਾਰਿਆ। |
| **ਅਵਤਾਰ ਧਾਰਨ ਸੰਮਤ** | — | ੧੬੨੦ ਬਿः ਵੈਸਾਖ ਵਦੀ ਸਪਤਮੀ ਦਿਨ ਮੰਗਲਵਾਰ। ੧੪ ਅਪਰੈਲ, ੧੫੬੩ ਈः। ਨੱਛਤ੍ਰ ਰੋਹਣੀ। |
| **ਮਾਤਾ-ਪਿਤਾ** | — | ਮਾਤਾ ਭਾਨੀ ਜੀ, ਪਿਤਾ ਸ੍ਰੀ ਗੁਰੂ ਰਾਮਦਾਸ ਜੀ, ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ। |
| **ਮਹਿਲ** | — | ਮਾਤਾ ਗੰਗਾ ਜੀ ਮਉ ਪਿੰਡ ਤੋਂ, ਫਿਲੌਰ ਨੇੜੇ ਵਿਆਹ ੨੨ ਹਾੜ ੧੬੪੬ ਬਿः। ਸਹੁਰਾ ਕ੍ਰਿਸ਼ਨ ਚੰਦ, ਸੱਸ ਧਨਵੰਤੀ। |
| **ਗੱਦੀ ਸਮਾਂ** | — | ੧੬੩੮ ਬਿः ਭਾਦਰੋਂ ਸੁਦੀ ਦੂਜ, ੧੮ ਸਤੰਬਰ ੧੫੮੧ ਈः। ਪਾਤਿਸ਼ਾਹੀ ਚੌਥੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ, ਸ੍ਰੀ ਅੰਮ੍ਰਿਤਸਰ। |
| **ਜੋਤੀ ਜੋਤਿ ਸਮਾਉਣਾ** | — | ੧੬੬੩ ਬਿः ਜੇਠ ਸੁਦੀ ਚੌਥ ੨੫ ਮਈ ੧੬੦੫ ਈः, ਲਾਹੌਰ ਗੁਰਦੁਆਰਾ ਡੇਰ੍ਹਾ ਸਾਹਿਬ, ਰਾਵੀ ਕਿਨਾਰੇ, ਸਮਾਂ ਸਵੇਰ ਦਾ ਪਹਿਲਾ ਪਹਿਰ। |
| **ਸੰਤਾਨ** | — | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ੧੬੫੨ ਬਿः। |
| **ਸਾਰੀ ਅਵਸਥਾ** | — | ਬਤਾਲੀ ਬਰਸ, ਇਕ ਮਹੀਨਾ, ਸਤਾਈ ਦਿਨ। |
| **ਗੁਰਿਆਈ ਸਮਾਂ** | — | ਚੌਵੀ ਬਰਸ, ਨੌਂ ਮਹੀਨੇ, ਦੋ ਦਿਨ। |
| **ਹਕੂਮਤ** | — | ਅਕਬਰ ਤੇ ਜਹਾਂਗੀਰ ਬਾਦਸ਼ਾਹ ਦੀ ਸੀ। |
| **ਨੋਟ** | — | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ੧੬੬੧ ਬਿः ਭਾਦਰੋਂ ਸੁਦੀ ਏਕਮ ਨੂੰ ਪ੍ਰਕਾਸ਼ ਕੀਤੀ। ਪਹਿਲੇ ਪ੍ਰਕਾਸ਼ ਵਾਲੇ ਦਿਨ ਬਾਬਾ ਬੁੱਢਾ ਜੀ ਗ੍ਰੰਥੀ ਥਾਪੇ। |

❀ ❀ ❀

# ਛੇਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਹਰਿਗੋਬਿੰਦ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | — | ਵਡਾਲੀ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਛੇ ਮੀਲ ਹੈ। |
| **ਅਵਤਾਰ ਧਾਰਨ ਸੰਮਤ** | — | ੧੬੫੨ ਬਿ: ਹਾੜ ਵਦੀ ਏਕਮ, ਦਿਨ ਐਤਵਾਰ ਪੁੰਨਿਆ ਦੀ ਰਾਤ ਸੀ। ੬ ਜੂਨ ੧੫੯੬ ਈ:, ਨੱਛਤ੍ਰ ਪੱਖ, ਸੰਗਰਾਂਦੀ ੨੧ ਹਾੜ। |
| **ਮਾਤਾ-ਪਿਤਾ** | — | ਮਾਤਾ ਗੰਗਾ ਜੀ, ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ, ਨਾਨਾ ਕ੍ਰਿਸ਼ਨ ਚੰਦ ਜੀ, ਨਾਨੀ ਧਨਵੰਤੀ ਜੀ। |
| **ਮਹਿਲ** | — | ਮਾਤਾ ਦਮੋਦਰੀ ਜੀ ਡੱਲੇ ਤੋਂ ਸੁਲਤਾਨਪੁਰ ਨੇੜੇ, ਭਾਈ ਪਾਰੋ ਜੀ ਦੀ ਪੋਤਰੀ ਗੁਰੂ ਦੇ ਸਹੁਰਾ ਨਰੈਣ ਦਾਸ ਜੀ, ਸੱਸ ਦਇਆ ਕੌਰ ਜੀ। ਮਾਤਾ ਨਾਨਕੀ ਜੀ ਬਾਬੇ ਬਕਾਲੇ ਤੋਂ, ਮਾਤਾ ਮਰਵਾਹੀ ਜੀ (ਮਹਾਂਦੇਵੀ ਜੀ), ਮੰਡਿਆਲੀ ਤੋਂ ਗੁਰੂ ਜੀ ਦੇ ਸਹੁਰਾ ਦੁਆਰਾ ਜੀ, ਸੱਸ ਭਾਗਨ ਜੀ। |
| **ਗੱਦੀ ਸਮਾਂ** | — | ੧੬੬੩ ਬਿ: ਜੇਠ ਵਦੀ ਅਸ਼ਟਮੀ, ੧੫ ਮਈ ੧੬੦੫ ਈ: ਅੰਮ੍ਰਿਤਸਰ ਸਾਹਿਬ ਕੋਠੜੀ ਸਾਹਿਬ (ਅਕਾਲ ਤਖ਼ਤ ਉਪਰ)। |
| **ਜੋਤੀ ਜੋਤਿ ਸਮਾਉਣਾ** | — | ੧੬੯੫ ਬਿ: ਚੇਤ ਸੁਦੀ ਪੰਚਮੀ ੨੮ ਮਾਰਚ ੧੬੩੮ ਈ: (ਪਤਾਲਪੁਰੀ), ਕੀਰਤਪੁਰ ਸਾਹਿਬ। |
| **ਸੰਤਾਨ** | — | ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ (ਦੋਨੋਂ ਮਾਤਾ ਦਮੋਦਰੀ ਜੀ ਦੇ), ਅਣੀ ਰਾਜ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਬਾਬਾ ਅਟਲ ਰਾਏ ਜੀ (ਤਿੰਨੋ ਮਾਤਾ ਨਾਨਕੀ ਜੀ ਦੇ), ਸੂਰਜ ਮੱਲ ਜੀ (ਮਾਤਾ ਮਰਵਾਹੀ ਜੀ ਦੇ)। |
| **ਸਾਰੀ ਅਵਸਥਾ** | — | ਬਤਾਲੀ ਬਰਸ, ਨੌ ਮਹੀਨੇ, ਉੱਨੀ ਦਿਨ। |
| **ਗੁਰਿਆਈ ਸਮਾਂ** | — | ਬੱਤੀ ਬਰਸ, ਦਸ ਮਹੀਨੇ, ਬਾਰਾਂ ਦਿਨ। |
| **ਹਕੂਮਤ** | — | ਜਹਾਂਗੀਰ ਤੇ ਸ਼ਾਹਜਹਾਂ ਬਾਦਸ਼ਾਹ ਦੀ ਸੀ। |
| **ਨੋਟ** | — | ਭਾਈ ਮਨੀ ਸਿੰਘ ਵਾਲੀ ਬੀੜ ਜੋ ਸ੍ਰੀ ਹਜ਼ੂਰ ਸਾਹਿਬ ਹੈ, ਇਸ ਵਿਚ ੧੭੦੧ ਬਿ: ਨੂੰ ਜੋਤੀ ਜੋਤਿ ਸਮਾਉਣਾ ਲਿਖਿਆ ਹੈ। 'ਤਵਾਰੀਖ਼ ਗੁਰੂ ਖ਼ਾਲਸਾ' ਅਤੇ 'ਸ੍ਰੀ ਗੁਰ ਪੰਥ ਪ੍ਰਕਾਸ਼' (ਅੰਮ੍ਰਿਤਸਰ ਐਡੀਸ਼ਨ) ਵਿਚ ਵੀ ਜੋਤੀ ਜੋਤਿ ਸਮਾਉਣਾ ਸੰਮਤ ੧੭੦੧ ਬਿ: ਹੀ ਲਿਖਿਆ ਹੈ। ਪਰ 'ਗੁਰਬਿਲਾਸ' ਵਿਚ ਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ੧੬੯੫ ਬਿ: ਹੈ। |

❀ ❀ ❀

# ਸਤਵੀਂ ਪਾਤਿਸ਼ਾਹੀ

**ਨਾਮ** — ਸਤਿਗੁਰੂ ਹਰਿਰਾਇ ਸਾਹਿਬ ਜੀ, ਸੋਢ ਵੰਸ।

**ਅਵਤਾਰ ਧਾਰਨ ਪਿੰਡ** — ਕੀਰਤਪੁਰ ਸਾਹਿਬ।

**ਅਵਤਾਰ ਧਾਰਨ ਸੰਮਤ** — ੧੬੮੭ ਬਿਃ ਮਾਘ ਸੁਦੀ ਚੌਦਸ, ਦਿਨ ਐਤਵਾਰ, ੫ ਫ਼ਰਵਰੀ ੧੬੩੦ ਈਃ। ਨੱਛਤ੍ਰ ਭਰਣੀ।

**ਮਾਤਾ-ਪਿਤਾ** — ਮਾਤਾ ਨਿਹਾਲ ਕੌਰ ਜੀ ਬਟਾਲੇ ਤੋਂ, ਨਾਨਾ ਰਾਮਾ ਜੀ, ਨਾਨੀ ਸੁਖਦੇਈ ਜੀ, ਪਿਤਾ ਬਾਬਾ ਗੁਰਦਿੱਤਾ ਜੀ (ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸਨ)।

**ਮਹਿਲ** — ਮਾਤਾ ਕ੍ਰਿਸ਼ਨ ਕੌਰ ਜੀ, ਚੰਕ ਕੌਰ ਜੀ, ਰਾਮ ਕੌਰ ਜੀ, ਕੋਟ ਕਲਿਆਣੀ ਜੀ, ਤੋਖੀ ਜੀ, ਅਣੋਖੀ ਜੀ, ਲਾਡੋ ਜੀ, ਪ੍ਰੇਮ ਕੌਰ ਜੀ। ਸਹੁਰਾ ਰਾਜਾ ਰਾਮ ਰਾਇ ਜੀ। ਵਿਆਹ ੧੭ ਹਾੜ ੧੬੯੩ ਬਿਃ।

**ਗੱਦੀ ਸਮਾਂ** — ੧੬੯੫ ਬਿਃ ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ, ੧੬੩੮ ਈਃ।

**ਜੋਤੀ ਜੋਤਿ ਸਮਾਉਣਾ** — ੧੭੧੮ ਬਿਃ ਕੱਤਕ ਵਦੀ ਨੌਮੀ, ੮ ਨਵੰਬਰ ੧੬੬੧ ਈਃ, ਕੀਰਤਪੁਰ ਸਾਹਿਬ ਪਤਾਲਪੁਰੀ।

**ਸੰਤਾਨ** — ਬਾਬਾ ਰਾਮ ਰਾਇ ਜੀ (ਮਾਤਾ ਰਾਮ ਕੌਰ ਜੀ), ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ (ਮਾਤਾ ਕ੍ਰਿਸ਼ਨ ਕੌਰ ਜੀ ਤੋਂ ਪ੍ਰਗਟੇ)।

**ਸਾਰੀ ਅਵਸਥਾ** — ਤੀਹ ਬਰਸ, ਅੱਠ ਮਹੀਨੇ, ਵੀਹ ਦਿਨ।

**ਗੁਰਿਆਈ ਸਮਾਂ** — ਬਾਈ ਬਰਸ, ਛੇ ਮਹੀਨੇ, ਵੀਹ ਦਿਨ।

**ਹਕੂਮਤ** — ਸ਼ਾਹਜਹਾਂ ਤੇ ਔਰੰਗਜ਼ੇਬ ਬਾਦਸ਼ਾਹ ਦੀ ਸੀ।

**ਨੋਟ** — ਗੜ੍ਹ ਗੰਗਾ ਦੇ ਪਾਸ ਅਨੂਪ ਪੁਰ ਦਾ ਰਾਜਾ, ਸਮੇਤ ਪਰਿਵਾਰ ਦੇ ਦਰਸ਼ਨ ਕਰਨ ਆਇਆ ਸੀ। ਛੇਵੀਂ ਪਾਤਿਸ਼ਾਹੀ ਜੀ ਦੀ ਆਗਿਆ ਪਾ ਕੇ ਆਪਣੀਆਂ ਅੱਠਾਂ ਲੜਕੀਆਂ ਦੀਆਂ ਸ਼ਾਦੀਆਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਕੀਤੀਆਂ। ਭਾਈ ਮਨੀ ਸਿੰਘ ਜੀ ਵਾਲੇ 'ਗੁਰ ਬਿਲਾਸ' ਦੀ ਉਗਾਹੀ ਹੈ।

❀ ❀ ❀

# ਅਠਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | — | ਕੀਰਤਪੁਰ ਸਾਹਿਬ। |
| **ਅਵਤਾਰ ਧਾਰਨ ਸੰਮਤ** | — | ੧੭੧੩ ਬਿਃ ਸਾਵਣ ਵਦੀ ਨੌਂਵੀਂ, ਦਿਨ ਵੀਰਵਾਰ ੧੪ ਜੁਲਾਈ ੧੬੫੬ ਈਃ। ਨੱਛਤ੍ਰ ਪੁਨਰਵਾਸੀ। |
| **ਮਾਤਾ-ਪਿਤਾ** | — | ਮਾਤਾ ਕ੍ਰਿਸ਼ਨ ਕੌਰ ਜੀ, ਪਿਤਾ ਸਤਿਗੁਰੂ ਹਰਿਰਾਇ ਸਾਹਿਬ ਜੀ। ਨਾਨਾ ਰਾਜਾ ਰਾਮ ਜੀ, ਨਾਨੀ ਸੁਖਦੇਵ ਜੀ। |
| **ਮਹਿਲ** | — | ਕੋਈ ਨਹੀਂ। |
| **ਗੱਦੀ ਸਮਾਂ** | — | ੧੭੧੮ ਬਿਃ ਕੱਤਕ ਵਦੀ ਨੌਮੀ, ੮ ਨਵੰਬਰ ੧੬੬੧ ਈਃ, ਕੀਰਤਪੁਰ ਸਾਹਿਬ। |
| **ਜੋਤੀ ਜੋਤਿ ਸਮਾਉਣਾ** | — | ੧੭੨੧ ਬਿਃ ਚੇਤਰ ਸੁਦੀ ਚੌਦਸ, ੬ ਅਪਰੈਲ ੧੬੬੪ ਈਃ, ਦਿੱਲੀ ਜਮਨਾ ਕਿਨਾਰੇ ਗੁਰਦੁਆਰਾ ਬਾਲਾ ਸਾਹਿਬ ਅਸਥਾਨ। |
| **ਸਪੁੱਤਰ** | — | ਕੋਈ ਨਹੀਂ। |
| **ਸਾਰੀ ਅਵਸਥਾ** | — | ਸਤ ਬਰਸ, ਅਠ ਮਹੀਨੇ, ਦੋ ਦਿਨ। |
| **ਗੁਰਿਆਈ ਸਮਾਂ** | — | ਦੋ ਬਰਸ, ਪੰਜ ਮਹੀਨੇ, ਵੀਹ ਦਿਨ। |
| **ਹਕੂਮਤ** | — | ਔਰੰਗਜ਼ੇਬ ਬਾਦਸ਼ਾਹ ਦੀ ਸੀ। |

❀ ❀ ❀

# ਨੌਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | — | ਸਤਿਗੁਰੂ ਤੇਗ ਬਹਾਦਰ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | — | ਗੁਰਦੁਆਰਾ ਸਾਹਿਬ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ। |
| **ਅਵਤਾਰ ਧਾਰਨ ਸੰਮਤ** | — | ੧੬੭੮ ਬਿ: ਵੈਸਾਖ ਵਦੀ ਪੰਚਮੀ, ਦਿਨ ਮੰਗਲਵਾਰ, ੧੨ ਅਪਰੈਲ ੧੬੨੧ ਈ:। ਨੱਛਤ੍ਰ ਵਿਸਾਖਾ। |
| **ਮਾਤਾ-ਪਿਤਾ** | — | ਮਾਤਾ ਨਾਨਕੀ ਜੀ, ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। |
| **ਮਹਿਲ** | — | ਮਾਤਾ ਗੁਜਰ ਕੌਰ ਜੀ, ਦੁਆਬੇ ਕਰਤਾਰਪੁਰ ਤੋਂ (ਪਹਿਲੇ ਲਖਨੌਰ ਸਾਹਿਬ ਦੇ ਵਸਨੀਕ ਸਨ, ਸਹੁਰਾ ਲਾਲ ਚੰਦ ਜੀ, ਸੱਸ ਕ੍ਰਿਸ਼ਨ ਕੌਰ ਜੀ, ਸਾਲਾ ਕਿਰਪਾਲ ਚੰਦ ਜੀ।), ਵਿਆਹ ੯ ਫੱਗਣ ੧੬੮੯ ਬਿ: |
| **ਗੱਦੀ ਸਮਾਂ** | — | ੧੭੨੧ ਬਿ: ਚੇਤਰ ਸੁਦੀ ਚੌਦਸ, ੬ ਅਪਰੈਲ ੧੬੬੪ ਈ: ਗੁਰਤਾ ਗੱਦੀ ਦਿੱਲੀ ਤੋਂ ਭੇਜੀ ਬਾਬਾ ਬਕਾਲੇ। ਬਾਬਾ ਬੁੱਢਾ ਜੀ ਦੇ ਛੇਵੇਂ ਥਾਂ ਜੋ ਬਾਬਾ ਗੁਰਦਿੱਤਾ ਜੀ ਸੀ, ਤਿਸ ਦੇ ਹੱਥ ਭੇਜੀ। ਆਪ ਜੀ ਕਾਫ਼ੀ ਚਿਰ ਗੁਪਤ ਰਹੇ ਤੇ ਮੱਖਣ ਸ਼ਾਹ ਲੁਬਾਣੇ ਨੇ ਪ੍ਰਗਟ ਕੀਤਾ। |
| **ਜੋਤੀ ਜੋਤਿ ਸਮਾਉਣਾ** | — | ੧੭੩੨ ਬਿ: ਮੱਘਰ ਸੁਦੀ ਪੰਚਮੀ, ੧੯ ਦਸੰਬਰ ੧੬੭੫ ਈ:, ਦਿੱਲੀ ਚਾਂਦਨੀ ਚੌਕ ਵਿਖੇ ਧਰਮ ਹੇਤ ਸੀਸ ਦਿੱਤਾ। |
| **ਸੰਤਾਨ** | — | ਸ੍ਰੀ ਗੁਰੂ ਗੋਬਿੰਦ ਸਿੰਘ ਜੀ। |
| **ਸਾਰੀ ਅਵਸਥਾ** | — | ਤਰਵੰਜਾ ਬਰਸ, ਸਤ ਮਹੀਨੇ, ਪੰਦਰਾਂ ਦਿਨ। |
| **ਗੁਰਿਆਈ ਸਮਾਂ** | — | ਦਸ ਬਰਸ, ਸਤ ਮਹੀਨੇ, ਨੌਂ ਦਿਨ। |
| **ਹਕੂਮਤ** | — | ਔਰੰਗਜ਼ੇਬ ਬਾਦਸ਼ਾਹ ਦੀ ਸੀ। |

❀ ❀ ❀

# ਦਸਵੀਂ ਪਾਤਿਸ਼ਾਹੀ

**ਨਾਮ** — ਸਤਿਗੁਰੂ ਗੋਬਿੰਦ ਸਿੰਘ ਜੀ, ਸੋਢ ਵੰਸ।

**ਅਵਤਾਰ ਧਾਰਨ ਪਿੰਡ** — ਸ੍ਰੀ ਪਟਨਾ ਸਾਹਿਬ (ਬਿਹਾਰ ਪ੍ਰਾਂਤ)।

**ਅਵਤਾਰ ਧਾਰਨ ਸੰਮਤ** — ੧੭੨੩ ਬਿ: ਪੋਹ ਸੁਦੀ ਸਪਤਮੀ, ਦਿਨ ਐਤਵਾਰ, ਨੱਛਤ੍ਰ ਧਨਿਸ਼ਟਾ, ੧ ਜਨਵਰੀ ੧੬੬੫ ਈ:। ਸੰਕ੍ਰਾਂਤੀ ੨੩ ਪੋਹ ਸੀ।

**ਮਾਤਾ-ਪਿਤਾ** — ਮਾਤਾ ਗੁਜਰ ਕੌਰ ਜੀ, ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

**ਮਹਿਲ** — ਮਾਤਾ ਅਜੀਤ ਕੌਰ ਜੀ, ਮਾਤਾ ਜੀ ਦੇ ਪਿਤਾ ਦਾ ਨਾਮ ਹਰਜਸ ਜੀ ਸੀ। ਮਾਤਾ ਸੁੰਦਰ ਜੀ, ਮਾਤਾ ਜੀ ਦੇ ਪੇਕੇ ਪਿੰਡ ਬਜਵਾੜਾ, ਜ਼ਿਲ੍ਹਾ ਹੁਸ਼ਿਆਰਪੁਰ। ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ, ਮਾਤਾ ਜੀ ਦੇ ਪਿਤਾ ਦਾ ਨਾਮ ਰਾਵਾ ਖੱਤਰੀ ਜੀ ਸੀ। ਮਾਤਾ ਜੀ ਦੇ ਪੇਕੇ ਰੁਹਤਾਸ, ਜ਼ਿਲ੍ਹਾ ਜੇਹਲਮ (ਪਾਕਿਸਤਾਨ), ਪੰਜਾ ਸਾਹਿਬ ਦੇ ਨੇੜੇ ੭ ਮੀਲ, ਸਟੇਸ਼ਨ ਦੀਨਾ (ਨੇੜੇ ਟਿਲਾ ਬਾਲ ਗੁੰਦਾਈ)।

**ਗੱਦੀ ਸਮਾਂ** — ੧੭੩੨ ਬਿ: ਮੱਘਰ ਸੁਦੀ ਤੀਜ, ੧੭ ਦਸੰਬਰ, ੧੬੭੫ ਈ:, ਸ੍ਰੀ ਅਨੰਦਪੁਰ ਸਾਹਿਬ ਦਿੱਲੀ ਤੋਂ ਭੇਜੀ।

**ਜੋਤੀ ਜੋਤਿ ਸਮਾਉਣਾ** — ੧੭੬੫ ਬਿ: ਕੱਤਕ ਸੁਦੀ ਪੰਚਮੀ, ੧੯ ਨਵੰਬਰ ੧੭੦੮ ਈ:, ਸ੍ਰੀ ਹਜ਼ੂਰ ਸਾਹਿਬ ਨੰਦੇੜ, ਹੈਦਰਾਬਾਦ। ਸਵਾ ਪਹਿਰ ਰਾਤ ਰਹਿੰਦੀ ਤੋਂ।

**ਸੰਤਾਨ** — ਸਪੁੱਤਰ ਮਾਤਾ ਅਜੀਤ ਕੌਰ ਜੀ ਦੇ—ਬਾਬਾ ਜੁਝਾਰ ਸਿੰਘ ੧੭੪੯ ਬਿ:,
ਬਾਬਾ ਜ਼ੋਰਾਵਰ ਸਿੰਘ ਜੀ ੧੭੫੨ ਬਿ:,
ਬਾਬਾ ਫ਼ਤਹਿ ਸਿੰਘ ਜੀ ੧੭੫੪ ਬਿ:।
ਸਪੁੱਤਰ ਮਾਤਾ ਸੁੰਦਰ ਕੌਰ ਜੀ ਦੇ— ਬਾਬਾ ਅਜੀਤ ਸਿੰਘ ਜੀ ੧੭੪੬ ਬਿ:।
ਖ਼ਾਲਸਾ ਪੰਥ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਪਾਇਆ, ੧੭੫੬ ਬਿ:।
ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ੧੭੬੧ ਬਿ: ਨੂੰ ਸ਼ਹੀਦ ਹੋਏ।
ਦੋ ਵੱਡੇ ਸਾਹਿਬਜ਼ਾਦੇ ਪੋਹ ਸੰਕ੍ਰਾਂਤੀ ੮ ਚਮਕੌਰ ਸਾਹਿਬ ਤੇ ਦੋ ਛੋਟੇ ਸਾਹਿਬਜ਼ਾਦੇ ੧੩ ਪੋਹ ਨੂੰ ਸਰਹੰਦ ਵਿਖੇ ਸ਼ਹੀਦ ਹੋਏ।

**ਸਾਰੀ ਅਵਸਥਾ** — ਇਕਤਾਲੀ ਬਰਸ, ਨੌਂ ਮਹੀਨੇ, ਅਠਾਈ ਦਿਨ।

**ਗੁਰਿਆਈ ਸਮਾਂ** — ਬੱਤੀ ਬਰਸ, ਗਿਆਰਾਂ ਮਹੀਨੇ, ਦੋ ਦਿਨ।

**ਹਕੂਮਤ** — ਔਰੰਗਜ਼ੇਬ ਤੇ ਬਹਾਦਰ ਸ਼ਾਹ ਬਾਦਸ਼ਾਹ ਦੀ ਸੀ।

❀ ❀ ❀

# ਪੰਜਾਂ ਪਿਆਰਿਆਂ ਦੇ ਪਿੰਡ ਦੇ ਨਾਮ

੧. **ਪਿਆਰੇ ਦਯਾ ਸਿੰਘ ਜੀ** — ਲਊ ਦਾ ਅਵਤਾਰ ਸਨ। ਪਿਤਾ ਮਈਆ ਰਾਮ ਜੀ, ਮਾਤਾ ਸ਼ੋਭਾ ਦੇਈ ਜੀ, ਛੱਤਰੀ ਵੰਸ, ਲਾਹੌਰ ਵਿਖੇ ਜਨਮ ਹੋਇਆ। ੧੭੨੫ ਬਿ: ਫੱਗਣ ਦੀ ਸੰਕ੍ਰਾਂਤ ਅੰਮ੍ਰਿਤ ਵੇਲੇ ਦਿਨ, ਐਤਵਾਰ। ੧੩ ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਏ। ੧੭੬੫ ਬਿ: ਅੱਸੂ ਅਮਾਵਸ ਨੂੰ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਜੋਤੀ ਜੋਤਿ ਸਮਾਏ।

੨. **ਪਿਆਰੇ ਧਰਮ ਸਿੰਘ ਜੀ** — ਭਗਤ ਧੰਨੇ ਜੀ ਦੇ ਅਵਤਾਰ ਸਨ। ਪਿਤਾ ਪਰਮ ਸੁਖ ਜੀ, ਮਾਤਾ ਅਨੰਤੀ ਜੀ। ਦਿੱਲੀ ਸ਼ਹਿਰ ਦੇ ਵਸਨੀਕ ਸਨ। ਜੱਟ ਜਾਤ ਸੀ। ੧੭੨੭ ਬਿ: ਨੂੰ ਵਿਸਾਖ ੧੩ ਦਿਨ ਸੋਮਵਾਰ ਪਹਿਰ ਰਾਤ ਰਹਿੰਦੀ ਜਨਮ ਹੋਇਆ। ੨੫ ਸਾਲ ਦੀ ਉਮਰ ਵਿਚ ਦਸਵੀਂ ਪਾਤਿਸ਼ਾਹੀ ਜੀ ਦੀ ਸ਼ਰਨ ਆਏ ਸਨ। ੧੭੬੮ ਬਿ: ਨੂੰ ਅਬਚਨ ਨਗਰ ਸ੍ਰੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤਿ ਸਮਾਏ।

੩. **ਪਿਆਰੇ ਹਿੰਮਤ ਸਿੰਘ ਜੀ** — ਚਤੁਰਭੁਜੀ ਨੂੰ ਪਕੜਨ ਵਾਲੇ ਫੰਧਕ ਦੇ ਅਵਤਾਰ ਸਨ। ਪਿਤਾ ਮਾਲ ਦੇਉ ਜੀ ਅਤੇ ਮਾਤਾ ਲਾਲ ਦੇਈ ਜੀ ਸਨ। ਜਗਨਨਾਥ ਦੇ ਵਾਸੀ ਝੀਵਰ ਜਾਤੀ ਦੇ ਸਨ। ੧੭੨੧ ਬਿ: ਜੇਠ ੧੫ ਨੂੰ ਜਨਮ ਹੋਇਆ। ਪਾਤਿਸ਼ਾਹੀ ਨੌਵੀਂ ਜੀ ਦੀ ਸ਼ਰਨ ਵਿਖੇ ਮਾਤਾ-ਪਿਤਾ ਰਹਿੰਦੇ ਸਨ। ਬਾਬੇ ਬਕਾਲੇ ਜਨਮ ਹੋਇਆ। ੧੭੬੧ ਬਿ: ਵਿਚ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਸ਼ਹੀਦ ਹੋਏ।

੪. **ਪਿਆਰੇ ਮੁਹਕਮ ਸਿੰਘ ਜੀ** — ਸ੍ਰੀ ਨਾਮਦੇਵ ਜੀ ਦੇ ਅਵਤਾਰ ਸਨ। ਪਿਤਾ ਜਗਜੀਵਨ ਰਾਇ ਜੀ, ਮਾਤਾ ਸੰਭਾਲੀ ਜੀ ਦਵਾਰਕਾ ਵਾਸੀ। ੧੭੩੬ ਬਿ: ੫ ਚੇਤਰ ਨੂੰ ਜਨਮ ਹੋਇਆ। ੧੫ ਸਾਲ ਦੀ ਉਮਰ ਵਿਚ ਮਾਤਾ ਪਿਤਾ ਸਮੇਤ ਦਸਵੀਂ ਪਾਤਿਸ਼ਾਹੀ ਜੀ ਦੀ ਸ਼ਰਨ ਵਿਖੇ ਆਏ ਸਨ। ੧੭੬੧ ਬਿ: ਨੂੰ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ।

੫. **ਪਿਆਰੇ ਸਾਹਿਬ ਸਿੰਘ ਜੀ** — ਭਗਤ ਸੈਣ ਜੀ ਦੇ ਅਵਤਾਰ ਸਨ। ਪਿਤਾ ਗੁਰ ਨਾਰੈਣ ਜੀ, ਮਾਤਾ ਅਨਕੰਪਾ ਜੀ, ੧੭੩੨ ਬਿ: ੫ ਮੱਘਰ ਨੂੰ ਜਨਮ ਹੋਇਆ। ਬਿਦਰਪੁਰ ਦੇ ਵਾਸੀ ਸਨ। ਮਾਤਾ-ਪਿਤਾ ਨੇ ੧੧ ਸਾਲ ਦੀ ਉਮਰ ਵਿਚ ਦਸਵੇਂ ਪਾਤਿਸ਼ਾਹ ਜੀ ਦੀ ਸ਼ਰਨ ਵਿਖੇ ਚੜ੍ਹਾਏ ਸੀ। ੧੭੬੧ ਬਿ: ਨੂੰ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਖੇ ਸ਼ਹੀਦ ਹੋਏ।

❀ ❀ ❀

# ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਿਖ ਜਗਤ ਦੇ ਗਿਆਰਵੇਂ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਬਾਣੀ ਦਾ ਗੁਰੂ ਸਰੂਪ ਹੋਣਾ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਦਸੇ ਸਰੂਪਾਂ ਵਿਚ ਸਿੱਧ ਹੈ। ਜਿਨ੍ਹਾਂ ਸਰੂਪਾਂ ਵਿਚ ਬਾਣੀ ਦਾ ਉਚਾਰਨ ਕੀਤਾ, ਉਸਦੇ ਬਾਣੀ ਵਿਚੋਂ ਪ੍ਰਮਾਣ ਮਿਲਦੇ ਹਨ। ਜਿਨ੍ਹਾਂ ਸਰੂਪਾਂ ਵਿਚ ਬਾਣੀ ਦਾ ਉਚਾਰਨ ਨਹੀਂ ਕੀਤਾ, ਜਿਵੇਂ ਕਿ ਛੇਵੇਂ, ਸਤਵੇਂ ਅਤੇ ਅਠਵੇਂ ਸਰੂਪ ਵਿਚ। ਉਨ੍ਹਾਂ ਦੇ ਬਾਣੀ ਨੂੰ ਗੁਰੂ ਸਰੂਪ ਮੰਨ ਕੇ ਸਤਿਕਾਰ ਕਰਨ ਦੇ ਪ੍ਰਮਾਣ ਇਤਿਹਾਸ ਵਿਚੋਂ ਮਿਲਦੇ ਹਨ। ਸਾਰੇ ਗੁਰੂ ਸਾਹਿਬਾਨ ਬਾਣੀ ਦਾ ਅਦਬ ਸਤਿਕਾਰ ਆਪਣੇ ਸਰੀਰਾਂ ਨਾਲੋਂ ਕਿਤੇ ਜ਼ਿਆਦਾ ਵੱਧ ਕਰਵਾਉਂਦੇ ਰਹੇ ਹਨ। ਇਸ ਅਕਾਲ ਗੋ ਬਾਣੀ ਦਾ ਖ਼ਜ਼ਾਨਾ ਪ੍ਰਮੇਸ਼ਰ ਨੇ ਆਪ ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਕਰਕੇ ਸੰਸਾਰ ਦੀ ਬੋਲੀ ਵਿਚ ਆਪਣਾ ਨਾਮ ਨਾਨਕ ਰਖਾ ਕੇ ਆਪਣੀ ਰਸਨਾ ਤੋਂ ਸੰਸਾਰ ਵਿਚ ਪ੍ਰਗਟ ਕੀਤਾ ਅਤੇ ਬਾਣੀ ਵਿਚ ਫ਼ੁਰਮਾਨ ਕੀਤਾ, ਜੈਸਾ ਕਿ :

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

[ਤਿਲੰਗ ਮਹਲਾ ੧, ਅੰਗ ੭੨੨]

ਸੋ, ਬਾਣੀ ਵਿਚ ਅਨੇਕਾਂ ਪ੍ਰਮਾਣ ਐਸੇ ਮਿਲਦੇ ਹਨ, ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਬਾਣੀ ਨੂੰ ਕਿਤੇ ਨਿਰੰਕਾਰ ਸਰੂਪ, ਕਿਤੇ ਉਪਦੇਸ਼ ਰੂਪ, ਕਿਤੇ ਨਾਮ ਸਰੂਪ ਅਤੇ ਕਿਤੇ ਗਿਆਨ ਸਰੂਪ ਦਰਸਾਇਆ ਹੈ। ਸਭ ਤੋਂ ਪਹਿਲਾਂ ਬਾਣੀ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੀਤੀ। ਜੋ ਬਾਣੀ ਉਚਾਰਨ ਕਰਦੇ ਉਸ ਬਾਣੀ ਨੂੰ ਸਤਿਗੁਰੂ ਜੀ ਲਿਖਤ ਵਿਚ ਲੈ ਲੈਂਦੇ ਸਨ। ਇਹ ਲਿਖਤ ਦੀ ਪੋਥੀ ਸਤਿਗੁਰੂ ਜੀ ਹਮੇਸ਼ਾ ਆਪਣੇ ਕੋਲ ਰਖਦੇ ਸਨ। ਇਸ ਤੋਂ ਇਲਾਵਾ ਸਤਿਗੁਰੂ ਜੀ ਦੀ ਉਚਾਰਨ ਕੀਤੀ ਹੋਈ ਬਹੁਤ ਸਾਰੀ ਬਾਣੀ ਗੁਰਸਿਖਾਂ ਕੋਲ ਵੀ ਸੀ, ਜੋ ਗੁਰੂ ਅਰਜਨ ਦੇਵ ਜੀ ਨੇ ਹੁਕਮਨਾਮੇ ਭੇਜ ਕੇ ਮੰਗਵਾਈ। ਭਾਵੇਂ ਇਹ ਦੱਸਣਾ ਤਾਂ ਕਠਿਨ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੀ ਪੋਥੀ ਕਿਥੇ ਹੈ, ਪਰ ਬਾਣੀ ਦਾ ਖ਼ਜ਼ਾਨਾਂ ਗੁਰੂ ਅੰਗਦ ਸਾਹਿਬ ਨੂੰ ਸਉਂਪਣਾ ਇਤਿਹਾਸਕ ਤੱਥਾਂ ਤੋਂ ਸਿੱਧ ਹੈ ਅਤੇ ਦੂਸਰਾ ਮੱਕੇ ਦੀ ਯਾਤਰਾ ਵੇਲੇ ਬਾਣੀ ਦੀ ਪੋਥੀ ਸਤਿਗੁਰੂ ਜੀ ਕੋਲ ਹੋਣ ਦਾ ਜ਼ਿਕਰ ਭਾਈ ਗੁਰਦਾਸ ਜੀ ਕਰਦੇ ਹਨ, ਜੈਸਾ ਕਿ :

**ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ ॥**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ ॥**

[ਭਾਃ ਗੁਰਦਾਸ ਜੀ, ਵਾਰ ੧, ਪਉੜੀ ੩੨]

ਇਸੇ ਤਰ੍ਹਾਂ ਬਾਕੀ ਦੇ ਗੁਰੂ ਸਾਹਿਬਾਨ ਬਾਣੀ ਉਚਾਰਨ ਕਰਕੇ ਇਸਦੀ ਸੰਭਾਲ ਕਰਦੇ ਰਹੇ, ਜਿਵੇਂ ਕਿ ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਦੀ ਗੱਲ ਇਤਿਹਾਸ ਵਿਚ ਪ੍ਰਤੱਖ ਹੈ। ਗੁਰੂ ਅਰਜਨ ਸਾਹਿਬ ਮਹਾਰਾਜ ਨੇ ਜਦੋਂ ਮਨਮਤੀਏ ਲੋਕਾਂ ਦੀ ਇਹ ਗੱਲ ਵੇਖੀ ਕਿ ਇਹ ਲੋਕ ਕਵਿਤਾ ਤਾਂ ਆਪਣੀ ਉਚਾਰਨ ਕਰਦੇ ਹਨ ਅਤੇ ਪਿੱਛੋਂ ਨਾਮ ਗੁਰੂ ਨਾਨਕ ਸਾਹਿਬ ਦਾ ਲਿਖ ਦਿੰਦੇ ਹਨ। ਜੈਸਾ ਕਿ :

**ਦੇ ਦੀਆ ਸੋ ਦੂਧ ਬਰਾਬਰ ਮਾਂਗ ਲੀਆ ਸੋ ਪਾਨੀ ॥**
**ਰਗੜ ਝਗੜ ਕੇ ਰਕਤ ਬਰਾਬਰ ਕਹੁ ਨਾਨਕ ਨਿਰਬਾਨੀ ॥**

ਇਕ ਤਾਂ ਇਹ ਕਾਰਨ ਕਿ ਬਾਣੀ ਦੀ ਆਉਣ ਵਾਲੇ ਸਮੇਂ ਵਿਚ ਗੁਰਸਿੱਖਾਂ ਨੂੰ ਪਹਿਚਾਣ ਨਹੀਂ ਰਹੇਗੀ, ਕਿਉਂਕਿ ਮਨਮਤੀਏ ਵੀ ਗੁਰੂ ਨਾਨਕ ਦੇ ਨਾਮ ਦੀ ਮੋਹਰ ਆਪਣੀ ਬਾਣੀ ਵਿਚ ਲਾਉਣ ਲੱਗ ਪਏ ਹਨ। ਦੂਸਰਾ ਵਡੇ ਗੁਰੂ ਸਾਹਿਬਾਨਾਂ ਦੇ ਅਮੋਲਕ ਖ਼ਜ਼ਾਨੇ ਨੂੰ ਸਾਂਭਣ ਲਈ ਅਤੇ ਤੀਸਰਾ ਕਾਰਨ ਕਿ ਸਿਖ ਧਰਮ ਦੇ ਭਲੇ ਹਿਤ, ਕਿਉਂਕਿ ਕੋਈ ਵੀ ਚੀਜ਼ ਆਪਣੇ ਆਸਰੇ ਤੋਂ ਬਿਨਾਂ ਨਹੀਂ ਰਹਿ ਸਕਦੀ। ਜਿਵੇਂ ਮਕਾਨ ਦਾ ਆਸਰਾ ਨੀਹਾਂ ਅਤੇ ਬ੍ਰਿਛ ਦਾ ਆਸਰਾ ਜੜ੍ਹਾਂ ਹਨ ਆਦਿ। ਇਸੇ ਤਰ੍ਹਾਂ ਹਰ ਧਰਮ ਦਾ ਆਸਰਾ ਉਸਦੇ ਧਾਰਮਿਕ ਪੁਸਤਕ ਹੋਇਆ ਕਰਦੇ ਹਨ। ਧਰਮ ਪੈਦਾ ਕਰਨ ਵਾਲੇ ਅਵਤਾਰ ਪੈਗ਼ੰਬਰ, ਗੁਰੂ ਸਰੀਰ ਕਰਕੇ ਹਮੇਸ਼ਾ ਨਹੀਂ ਰਹਿ ਸਕਦੇ। ਧਰਮ ਨੂੰ ਪਾਲਣ ਵਾਲੀ ਅਤੇ ਹਮੇਸ਼ਾ ਰਹਿਣ ਵਾਲੀ ਸ਼ਕਤੀ ਧਾਰਮਿਕ ਗ੍ਰੰਥ ਹੀ ਹੋਇਆ ਕਰਦੇ ਹਨ। ਜੈਸਾ ਕਿ ਹਿੰਦੂ ਧਰਮ ਦੇ ਚਾਰ ਬੇਦ—ਸ਼ਾਮ, ਰਿਗ, ਜੁਜਰ, ਅਥਰਬਣ ਬੇਦ। ਇਸਲਾਮ ਧਰਮ ਦੀਆਂ ਚਾਰ ਕਤੇਬਾਂ—ਕੁਰਾਨ, ਜੰਬੂਰ, ਤਓਰੇਤ, ਅੰਜੀਲ ਹਨ। ਈਸਾਈ ਧਰਮ ਦੀ ਬਾਈਬਲ ਹੈ। ਇਸ ਤਰ੍ਹਾਂ ਸਿਖ ਜਗਤ ਨੂੰ ਸਦਾ ਪ੍ਰਫੁੱਲਤ ਰੱਖਣ ਲਈ ਸ੍ਰੀ ਗੁਰੂ ਅਰਜਨ ਸਾਹਿਬ ਨੇ ਗੋਇੰਦਵਾਲ ਸਾਹਿਬ ਤੋਂ ਪੋਥੀਆਂ ਲਿਆ ਕੇ ਅਤੇ ਹੁਕਮਨਾਮੇ ਭੇਜ ਕੇ ਸਾਰੀ ਬਾਣੀ ਇਕੱਤ੍ਰ ਕੀਤੀ। ਜਦੋਂ ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕਰ ਲਈਆਂ ਤਾਂ ਗੁਰਬਾਣੀ ਦੇ ਸਤਿਕਾਰ ਨੂੰ ਮੁਖ ਰਖਦਿਆਂ ਪੋਥੀਆਂ ਸ੍ਰੀ ਅੰਮ੍ਰਿਤਸਰ ਸਾਹਿਬ ਲਿਜਾਣ ਲਈ ਇਕ ਸੁੰਦਰ ਪਾਲਕੀ ਤਿਆਰ ਕਰਵਾਈ। ਸਿੱਖਾਂ ਨੇ ਆਪਣੀ ਮਰਜ਼ੀ ਨਾਲ ਇਕ ਪਾਲਕੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਲਈ ਵੀ ਤਿਆਰ ਕਰਵਾਈ। ਜਦੋਂ ਸਤਿਗੁਰੂ ਜੀ ਨੇ ਇਕ ਦੇ ਥਾਂ ਦੋ ਪਾਲਕੀਆਂ ਦੇਖੀਆਂ ਤਾਂ ਬਚਨ ਕੀਤਾ ਕਿ ਦੋ ਪਾਲਕੀਆਂ ਕਿਉਂ ਤਿਆਰ ਹੋਈਆਂ ਹਨ, ਮੈਂ ਤੁਹਾਨੂੰ ਇਕ ਪਾਲਕੀ ਤਿਆਰ ਕਰਨ ਦਾ ਬਚਨ ਕੀਤਾ ਸੀ। ਤਾਂ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਇਕ ਪਾਲਕੀ ਆਪ ਦੇ ਹੁਕਮ ਅਨੁਸਾਰ ਪੋਥੀਆਂ ਲਈ ਤਿਆਰ ਕੀਤੀ ਗਈ ਹੈ ਅਤੇ ਇਕ ਪਾਲਕੀ ਆਪ ਜੀ ਲਈ ਤਿਆਰ ਕੀਤੀ ਹੈ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਸਿਖੋ! ਗੁਰੂ ਦੇ ਹਿਰਦੇ ਦੀ ਮੇਰੇ ਸਰੀਰ ਨਾਲ ਤੁਲਨਾ ਕਰਦੇ ਹੋ? ਐਸਾ ਨਹੀਂ ਹੋਵੇਗਾ। ਸਤਿਕਾਰ ਕੇਵਲ ਗੁਰਬਾਣੀ ਦਾ ਹੀ ਹੋਵੇਗਾ, ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਤਕ ਨੰਗੇ ਪੈਰ ਚਉਰ ਕਰਦਾ ਚਲਾਂਗਾ। ਇਸ ਤਰ੍ਹਾਂ ਹੀ ਹੋਇਆ ਸਤਿਗੁਰੂ ਜੀ ਰੋੜ, ਕੰਕਰ ਅਤੇ ਕੰਡਿਆਂ ਦੀ ਨਾ ਪਰਵਾਹ ਕਰਦੇ ਹੋਏ ਗੋਇੰਦਵਾਲ ਸਾਹਿਬ ਤੋਂ ਪੈਦਲ ਤੁਰ ਕੇ ਆਏ। ਭਾਵੇਂ ਆਪ ਜੀ ਦੇ ਚਰਨਾਂ ਨੂੰ ਰੋੜਾਂ-ਕੰਕਰਾਂ ਕਰਕੇ ਬਹੁਤ ਕਸ਼ਟ ਹੋਇਆ, ਪਰ ਗੁਰਸਿੱਖਾਂ ਦੇ ਹਿਰਦੇ ਵਿਚ ਬਾਣੀ ਦੇ ਸਤਿਕਾਰ ਦੀ ਭਾਵਨਾ ਨੂੰ ਕਾਇਮ ਕਰਨ ਲਈ ਆਪ ਅਦਬ-ਸਤਿਕਾਰ ਕਰਕੇ ਦਿਖਾਇਆ। ਸਫ਼ਰ ਤੈਅ ਕਰਕੇ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਦੋ ਕੋਹ ਪਰੇ ਟਿਕ ਕੇ ਬਿਸਰਾਮ ਕੀਤਾ ਤੇ ਗੁਰੂ ਸਾਹਿਬ ਜੀ ਦੇ ਆਉਣ ਦੀ ਖ਼ਬਰ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੀ ਤਾਂ ਗੁਰੂ ਹਰਿਗੋਬਿੰਦ ਸਾਹਿਬ, ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਸਮੇਤ ਸਾਰੇ ਸਿੱਖਾਂ ਨੂੰ ਬੜੀ ਖ਼ੁਸ਼ੀ ਹੋਈ ਕਿ ਜਿਸ ਕਾਰਜ ਲਈ ਸਤਿਗੁਰੂ ਜੀ ਗਏ ਸਨ, ਉਹ ਕਾਰਜ ਸੰਪੂਰਨ ਹੋਇਆ ਹੈ। ਇਹ ਵੀ ਸੁਣਿਆ ਕਿ ਸਤਿਗੁਰੂ ਜੀ ਆਪ ਨੰਗੇ ਪੈਰੀਂ ਆ ਰਹੇ ਹਨ ਤੇ ਪੋਥੀਆਂ ਨੂੰ ਪਾਲਕੀ 'ਤੇ ਸੁਭਾਇਮਾਨ ਕੀਤਾ ਹੈ। ਇਹ ਸੁਣ ਕੇ ਸੰਗਤਾਂ ਦੇ ਮਨ ਵਿਚ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਬੜਾ ਭਾਰੀ ਉਤਸ਼ਾਹ ਹੋਇਆ ਤੇ ਸਾਰੀ ਸੰਗਤ ਅੰਮ੍ਰਿਤਸਰ ਸਾਹਿਬ ਦੀ ਹੱਦ 'ਤੇ ਸਵਾਗਤ ਕਰਨ ਲਈ ਪਹੁੰਚੀ। ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ, ਜੈਸਾ ਕਿ:

**ਦੋਹਰਾ॥ ਦੋਇ ਕੋਸ ਪਰ ਇਕ ਗੁਰੂ ਥਕੇ ਪੰਥ ਪ੍ਰਸਥਾਨ॥**
**ਕੀਨਿ ਭਲੇ ਬਿਸਰਾਮ ਕੋ ਹ੍ਵੈ ਸੁਚਿ ਥਿਤ ਤਿਸ ਥਾਨ॥੧॥**
**ਸੁਧਾ ਸਰੋਵਰ ਪੁਰਿ ਸੁਧਿ ਹੋਈ॥ ਗੁਰ ਆਗਮਨਿ ਸੁਨਯੋ ਸਭਿ ਕੋਈ॥੨॥**
**ਸ਼੍ਰੀ ਹਰਿਗੋਬਿੰਦ ਚੰਦ ਅਨੰਦੇ॥ ਬਦਨ ਸਦਨ ਛਬਿ ਖਿਰਯੋ ਬਿਲੰਦੇ॥**
**ਪਾਇ ਕਿਰਨ ਸੁਧਿ ਪ੍ਰਾਤ ਮਨਿੰਦਾ॥ ਭਏ ਪ੍ਰਫੁੱਲਿਤਿ ਦ੍ਰਿਗ ਅਰਬਿੰਦਾ॥੩॥**
**ਸੁਨਿ ਸਾਹਿਬ ਬੁਢਾ ਹਰਖਾਏ॥ ਸਿਖ ਗੁਰਦਾਸ ਆਦਿ ਸਮੁਦਾਏ॥**

**ਜਿਸ ਕਾਰਜ ਗਮਨੇ ਕਰਿ ਆਏ॥ ਸੁਨਿ ਗੰਗਾ ਮਨ ਆਨੰਦ ਪਾਏ॥੪॥**
**ਪੁਸਤਕ ਸਭਿ ਖਾਸੇ ਪਰ ਲਯਾਵਤਿ॥ ਆਪ ਗੁਰੂ ਪਨਹੀ ਬਿਨ ਆਵਤਿ॥**
**ਇਮ ਸੁਨਿ ਬਡ ਉਤਸਾਹ ਬਧਾਵਾ॥ ਸੁਮਨਸ ਚੰਦਨ ਧੂਪ ਧੁਖਾਵਾ॥੫॥**
**ਲੇ ਸੰਗ ਸ਼੍ਰੀ ਗੁਰ ਹਰਿਗੋਬਿੰਦ॥ ਚਲੇ ਅਗਾਊ ਜੁਤ ਸਿਖ ਬ੍ਰਿੰਦ॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੩੯]

ਇਸ ਪ੍ਰਕਾਰ ਜਦੋਂ ਸਤਿਗੁਰੂ ਜੀ ਸਾਰੀਆਂ ਸੰਗਤਾਂ ਸਮੇਤ ਦੁਖ ਭੰਜਨੀ ਬੇਰੀ ਦੇ ਕੋਲ ਅਠਸਠਿ ਨਾਮੀ ਘਾਟ ਵਾਲੀ ਜਗ੍ਹਾ ਪਹੁੰਚੇ ਤਾਂ ਪੋਥੀਆਂ ਨੂੰ ਉਥੇ ਬਿਰਾਜਮਾਨ ਕਰਕੇ ਸਾਰੀ ਰਾਤ ਕੀਰਤਨ ਕਰਦੇ ਰਹੇ। ਸਵੇਰ ਹੁੰਦਿਆਂ ਜਦੋਂ ਪੋਥੀਆਂ ਦੇ ਦਰਸ਼ਨ ਗੁਰੂ ਅਰਜਨ ਸਾਹਿਬ ਜੀ ਨੇ ਆਪ ਕੀਤੇ ਤਾਂ ਅਨੰਦ ਵਿਚ ਆ ਕੇ ਅਗੰਮੀ ਬਾਣੀ ਦਾ ਸ਼ਬਦ ਉਚਾਰਨ ਕੀਤਾ, ਜੈਸਾ ਕਿ :

**ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ਰਹਾਉ॥**
**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥**
**ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥**
**ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥**
**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥੪॥੩੧॥੧੦੦॥**

[ਗਉੜੀ ਮਹਲਾ ੫, ਅੰਗ ੧੮੫]

ਫਿਰ ਸਤਿਗੁਰੂ ਜੀ ਨੇ ਬਾਬਾ ਬੁਢਾ ਅਤੇ ਭਾਈ ਗੁਰਦਾਸ ਜੀ ਆਦਿ ਸਿਆਣੇ ਸਿੱਖਾਂ ਨੂੰ ਨਾਲ ਲੈ ਕੇ ਇਕਾਂਤ ਜਗ੍ਹਾ ਦੀ ਖੋਜ ਕੀਤੀ। ਅੰਮ੍ਰਿਤਸਰ ਸਾਹਿਬ ਤੋਂ ਪੂਰਬ ਵਾਲੇ ਪਾਸੇ ਲਗਭਗ ਇਕ ਕਿਲੋਮੀਟਰ ’ਤੇ ਇਕ ਛੱਪੜ ਦੇ ਕੰਢੇ ਜਿਸ ਦਾ ਨਾਮ ਸਤਿਗੁਰੂ ਜੀ ਦੇ ਚਰਨ ਪੈਣ ’ਤੋਂ ਰਾਮਸਰ ਪ੍ਰਸਿੱਧ ਹੋਇਆ। ਇਸ ਥਾਂ ’ਤੇ ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਸਮੇਤ ਜਗ੍ਹਾ ਨੂੰ ਸਾਫ਼ ਕੀਤਾ ਤੇ ਤੰਬੂ ਕਨਾਤਾਂ ਲੱਗ ਗਈਆਂ। ਆਪ ਗੁਰੂ ਜੀ ਨੇ ਬਾਣੀ ਉਚਾਰਨ ਕਰਨੀ ਸ਼ੁਰੂ ਕੀਤੀ ਤੇ ਭਾਈ ਗੁਰਦਾਸ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਲਿਖਣ ਲੱਗੇ। ਇਹ ਸਿਲਸਿਲਾ ਸੰਮਤ ੧੬੬੦ ਬਿਕ੍ਰਮੀ ਨੂੰ ਸ਼ੁਰੂ ਹੋਇਆ, ਜੋ ਨਿਰੰਤਰ ੧੬੬੧ ਬਿਕ੍ਰਮੀ ਸੰਮਤ ਤਕ ਜਾਰੀ ਰਿਹਾ। ਸੰਪੂਰਨ ਹੋਣ ’ਤੇ ਭਾਦਰੋਂ ਸੁਦੀ ਏਕਮ ੧੬੬੧ ਬਿਕ੍ਰਮੀ ਸੰਮਤ ਨੂੰ ਵੱਡੇ ਜਲੂਸ ਦੀ ਸ਼ਕਲ ਵਿਚ ਬਾਬਾ ਬੁੱਢਾ ਜੀ ਦੇ ਸੀਸ ’ਤੇ ਸੁਭਾਇਮਾਨ ਕਰਕੇ ਭਾਈ ਗੁਰਦਾਸ ਜੀ ਨੂੰ ਛਤਰ ਦੀ ਸੇਵਾ ਸੌਂਪੀ ਤੇ ਗੁਰੂ ਸਾਹਿਬ ਨੇ ਆਪ ਚਉਰ ਹੱਥ ਵਿਚ ਲਿਆ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਚ, ਜਿਥੇ ਰਾਗੀ ਪਹਿਲਾਂ ਹੀ ਉੱਚੀ ਸੁਰ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਮੰਜੀ ਸਾਹਿਬ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਥਾਪਿਤ ਕੀਤਾ ਤੇ ਗੁਰੂ ਸਾਹਿਬ ਜੀ ਆਪ ਨੇੜੇ ਹੋ ਕੇ ਬੈਠੇ ਆਸਾ ਦੀ ਵਾਰ ਦਾ ਭੋਗ ਪੈਣ ਤੋਂ ਗੁਰੂ ਸਾਹਿਬ ਜੀ ਨੇ ਬਚਨ ਕੀਤਾ। ਜੈਸਾ ਕਿ :

**ਬੁੱਢਾ ਸਾਹਿਬ ਖੋਲਹੁ ਗ੍ਰਿੰਥ॥ ਲੇਹੁ ਅਵਾਜ਼ ਸੁਨਹਿ ਸਭਿ ਪੰਥ॥੩੨॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦]

ਬਾਬਾ ਬੁੱਢਾ ਸਾਹਿਬ ਜੀ ਨੇ ਪ੍ਰਕਾਸ਼ ਕੀਤਾ ਅਤੇ ਇਹ ਹੁਕਮਨਾਮਾ ਆਇਆ। ਜੈਸਾ ਕਿ :

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥**
**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥**
**ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥**

**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਬੇਦ ਪੁਰਾਣੀ ਗਾਇਆ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥** [ਸੂਹੀ ਮਹਲਾ ੫, ਅੰਗ ੭੮੩]

ਹੁਕਮਨਾਮਾ ਸੁਣ ਕੇ ਸਭ ਨੇ ਸੀਸ ਝੁਕਾਇਆ। ਗੁਰੂ ਸਾਹਿਬ ਜੀ ਆਪ ਚਉਰ ਕਰਨ ਲੱਗੇ ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਜੈਸਾ ਕਿ :

**ਸ੍ਰੀ ਗੁਰ ਕਰ ਤੇ ਚਮਰ ਫਿਰੰਤਾ॥ ਬੁਢਾ ਜਪੁ ਜੀ ਪਾਠ ਕਰੰਤਾ॥੩੪॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦]

ਦਿਨ ਵਿਚ ਕੀਰਤਨ ਹੁੰਦਾ ਰਿਹਾ। ਸ਼ਾਮ ਦਾ ਸਮਾਂ ਹੋਣ ਤੋਂ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਤ ਦੇ ਸਮੇਂ ਸੁਖ ਆਸਨ ਤੋਂ ਉਪਰੰਤ ਬਿਰਾਜਣ ਦੀ ਜਗ੍ਹਾ ਪੁੱਛੀ। ਜੈਸਾ ਕਿ :

**ਬੁਢੇ ਬੂਝਨਿ ਕੀਨਸਿ ਤਬੈ॥ ਗ੍ਰੰਥ ਰਹੈ ਕਿਤ ਨਿਸ ਮਹਿਂ ਅਬੈ॥**
**ਜਹਾਂ ਆਪ ਕੀ ਆਇਸੁ ਹੋਇ॥ ਕਰਹਿਂ ਸਿਖ ਮਿਰਜਾਦਾ ਸੋਇ॥੪੨॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦]

ਤਾਂ ਸਤਿਗੁਰੂ ਜੀ ਨੇ ਸਾਰੀ ਮਰਿਆਦਾ ਗੁਰਸਿੱਖਾਂ ਨੂੰ ਕਹਿ ਸਮਝਾਈ ਕਿ ਜਦੋਂ ਡੇਢ ਪਹਿਰ ਰਾਤ ਚਲੀ ਜਾਇ ਤਾਂ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਕੇ ਜਿਸ ਕੋਠੜੀ ਵਿਚ ਸਾਡਾ ਆਸਣ ਹੈ, ਉਥੇ ਸੁੰਦਰ ਪਲੰਘ ਡਾਹ ਕੇ ਅਤੇ ਸੁੰਦਰ ਵਿਛਾਈ ਕਰਕੇ ਰਾਤ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਸਰਾਮ ਕਰਾਉਣਾ। ਜਦੋਂ ਡੇਢ ਪਹਿਰ ਰਾਤ ਰਹਿੰਦੀ ਹੋਵੇ ਤਾਂ ਹਰਿਮੰਦਰ ਸਾਹਿਬ ਦਾ ਦੁਧ ਅਤੇ ਪਾਣੀ ਨਾਲ ਇਸ਼ਨਾਨ ਕਰਕੇ ਸੁੰਦਰ ਫਰਸ਼ ਵਿਛਾਉ ਅਤੇ ਘਿਉ ਦੀ ਜੋਤਿ ਜਗਾਉਣੀ। ਜਦੋਂ ਇਕ ਪਹਿਰ ਰਾਤ ਰਹਿੰਦੀ ਹੋਵੇ ਤਾਂ ਰਾਗੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰਨ, ਜਦੋਂ ਦੋ ਘੜੀਆਂ ਰਾਤ ਰਹਿੰਦੀ ਹੋਵੇ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ। ਇਸ ਤਰ੍ਹਾਂ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਸਾਰੀ ਮਰਿਆਦਾ ਸਮਝਾਈ। ਫਿਰ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਸੁਖ ਆਸਨ ਕਰਕੇ ਬਾਬਾ ਬੁੱਢਾ ਸਾਹਿਬ ਦੇ ਸੀਸ 'ਤੇ ਸੁਭਾਇਮਾਨ ਕੀਤਾ ਤੇ ਕੋਠੇ ਸਾਹਿਬ ਵਾਲੀ ਜਗ੍ਹਾ ਸੁੰਦਰ ਪਲੰਘ 'ਤੇ ਬਿਰਾਜਮਾਨ ਕਰਕੇ ਆਪ ਸਤਿਗੁਰੂ ਜੀ ਭੁੰਜੇ ਬਿਰਾਜੇ। ਸਿੱਖਾਂ ਦੇ ਬਹੁਤ ਕਹਿਣ ਤੋਂ ਕੇਵਲ ਇਕ ਚਾਦਰ ਵਿਛਾਈ ਗਈ, ਜੋ ਗੁਰੂ ਸਾਹਿਬ ਦੀ ਯਾਦ ਵਿਚ ਹੁਣ ਤਕ ਵਿਛਾਈ ਜਾਂਦੀ ਹੈ। ਇਸੇ ਤਰ੍ਹਾਂ ਆਪ ਜੀ ਨੇ ਰਾਮਸਰ ਵਾਲੀ ਜਗ੍ਹਾ ਜਦੋਂ ਜਿਲਦ ਬੰਨ੍ਹਾ ਕੇ ਵਾਪਸ ਆਏ ਸਨ, ਉਸ ਸਮੇਂ ਵੀ ਆਪ ਭੁੰਜੇ ਬਿਰਾਜੇ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਲੰਘ 'ਤੇ ਬਿਰਾਜਮਾਨ ਕੀਤਾ ਸੀ। ਗੁਰਸਿਖਾਂ ਨੇ ਬੇਨਤੀ ਕੀਤੀ ਕਿ ਆਪ ਗੁਰੂ ਨਾਨਕ ਦਾ ਪੰਜਵਾਂ ਸਰੂਪ ਹੋ, ਬਾਣੀ ਤਾਂ ਆਪ ਜੀ ਦੀ ਹੀ ਪਹਿਲੇ ਸਰੂਪਾਂ ਵਿਚ ਉਚਾਰਨ ਕੀਤੀ ਹੋਈ ਹੈ, ਫਿਰ ਆਪ ਜੀ ਗੁਰਬਾਣੀ ਦਾ ਸਤਿਕਾਰ ਆਪਣੇ ਸਤਿਕਾਰ ਤੋਂ ਕਿਉਂ ਮੁਖ ਰਖਦੇ ਹੋ। ਗੁਰਸਿੱਖਾਂ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ।

ਯਥਾ— **ਸ੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੈ ਸਭ ਨਾ ਦਰਸੈਂ ਹੈ॥**
**ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ॥**
**ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ॥**
**ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੈ ਫੂਲ ਚਵੈ ਹੈ॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩, ਅੰਸੂ ੫੦]

ਇਸ ਪ੍ਰਕਾਰ ਸਤਿਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕਰਕੇ ਗੁਰਸਿੱਖਾਂ ਵਿਚ ਬਾਣੀ ਦਾ ਸਤਿਕਾਰ ਕਾਇਮ ਕੀਤਾ। ਭਾਈ ਸੰਤੋਖ ਸਿੰਘ ਜੀ ਇਕ ਹੋਰ ਜਗ੍ਹਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਕਰਦੇ ਹੋਏ ਕਥਨ ਕਰਦੇ ਹਨ।

ਯਥਾ— **ਬ੍ਰਹਮ ਗਯਾਨ ਹਰਿ ਭਗਤ ਖਜ਼ਾਨਾ॥ ਸਾਗਰ ਜਗਤ ਜਹਾਜ ਸਮਾਨਾ॥**
**ਸੰਗਤਿ ਅਪਨੀ ਸਗਲ ਉਧਾਰਨ॥ 'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ॥੩੦॥**
**ਜਿਸ ਮਹਿਂ ਜ਼ਾਹਰ ਜਾਗਤਿ ਜੋਤਿ॥ ਸਿੱਖਯਨਿ ਅਭਿਮਤਿ ਪੂਰਨ ਹੋਤਿ॥**
**ਭੁਗਤਿ ਮੁਕਤਿ ਦਾਇਕ ਜਗਨਾਥਾ॥ ਨਮੋ ਕਰੋਂ ਧਰ ਪਰ ਧਰਿ ਮਾਥਾ॥੩੧॥**
**ਲਾਖਹੁਂ ਲਿਖੇ ਧਰਾਤਲ ਸਾਰੇ॥ ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ॥**
**ਸਕਲ ਕਾਮਨਾ ਲਹੀਅਤਿ ਜਿਸਤੇ॥ ਅੰਤ ਸਮੈਂ ਕੈਵਲ ਹੁਇ ਤਿਸਤੇ॥੩੨॥**

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ ੧, ਅੰਸੂ ੧]

# ਗੁਰਤਾ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਦੀ ਨਸ਼ੀਨੀ, ਭਾਵ ਗੁਰਤਾ ਗੱਦੀ ਸੰਬੰਧੀ ਵੀਚਾਰ ਲਿਖਣ ਤੋਂ ਪਹਿਲਾਂ ਇਹ ਅਤਿਅੰਤ ਜ਼ਰੂਰੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋ ਜੋਤੀ ਜੋਤਿ ਸਮਾਉਣ ਸਮੇਂ ਦਾ ਇਤਿਹਾਸ ਜਿਸਦਾ ਗੁਰਤਾ ਗੱਦੀ ਨਾਲ ਗੂੜ੍ਹਾ ਸੰਬੰਧ ਹੈ, ਉਸਦਾ ਸੰਖੇਪ ਰੂਪ ਲਿਖਿਆ ਜਾਵੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੨੩ ਬਿਕ੍ਰਮੀ ਸੰਮਤ ਪੋਹ ਸੁਦੀ ਸਪਤਮੀ (੨੩ ਪੋਹ) ਨੂੰ ਅਵਤਾਰ ਧਾਰ ਕੇ ਬਾਲਪਨ ਦੇ ਚੋਜ ਕੀਤੇ। ਜਿਨ੍ਹਾਂ ਚੋਜਾਂ ਦੀਆਂ ਗਵਾਹੀਆਂ ਪਟਨਾ ਸ਼ਹਿਰ ਦੀਆਂ ਗਲੀਆਂ ਵੀ ਦੇ ਰਹੀਆਂ ਹਨ। ਫਿਰ ਅਨੰਦਪੁਰ ਸਾਹਿਬ ਆ ਬਿਰਾਜੇ। ਨੌਂ ਸਾਲ ਦੀ ਉਮਰ ਵਿਚ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਜੰਞੂ ਦੇ ਰਾਖੇ ਬਣਨ ਲਈ ਪ੍ਰੇਰਨਾ ਕੀਤੀ। ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਜ਼ੁਲਮ ਕਰਨ ਵਾਲੇ ਜਰਵਾਣਿਆਂ ਤੋਂ ਦੇਸ਼ ਦੀ ਸੁਤੰਤਰਤਾ ਲਈ ਛੋਟੀਆਂ ਵੱਡੀਆਂ ੧੪ ਲੜਾਈਆਂ ਲੜੀਆਂ। ਨਿਮਾਣਿਆਂ-ਨਿਤਾਣਿਆਂ ਵਿਚ ਬੀਰ-ਰਸੀ ਸ਼ਕਤੀ ਭਰਨ ਵਾਸਤੇ ੧ ਵੈਸਾਖ ੧੭੫੬ ਬਿਕ੍ਰਮੀ ਸੰਮਤ ਮੁਤਾਬਿਕ ੩੦ ਮਾਰਚ ੧੬੯੯ ਦੀ ਵਿਸਾਖੀ ਨੂੰ ਪੰਜ ਪਿਆਰਿਆਂ ਦੀ ਚੋਣ ਕੀਤੀ। ਸੀਸ ਲੈਣ ਦੀ ਪ੍ਰੀਖਿਆ ਕਰਕੇ ਉਨ੍ਹਾਂ ਪੰਜਾਂ ਨੂੰ ਮੁੜ ਸੁਰਜੀਤ ਕੀਤਾ। ਗਿਦੜੋਂ ਸ਼ੇਰ ਬਣਾਉਣ ਵਾਲੀ, ਚਿੜੀਆਂ ਤੋਂ ਬਾਜ਼ਾਂ ਨੂੰ ਤੁੜਵਾਉਣ ਵਾਲੀ ਅੰਮ੍ਰਿਤ ਦੀ ਸ਼ਕਤੀ ਦੇ ਕੇ ਸੂਰਬੀਰਤਾ ਵਾਲੇ ਯੋਧਿਆਂ ਦੀ ਫ਼ੌਜ ਤਿਆਰ ਕੀਤੀ, ਜਿਸਦੇ ਆਪ ਸੈਨਾਪਤੀ ਬਣੇ ਤੇ ਦੁਸ਼ਮਣ ਦੇ ਛਕੇ ਛੁਡਾਏ। ਅਨੰਦਪੁਰ ਸਾਹਿਬ ਦਾ ਵੱਡਾ ਜੰਗ, ਜਿਸ ਵਿਚ ਹੋਰ ਬੀਰਤਾ ਦੇ ਜਲਵੇ ਦਿਖਾਉਣ ਤੋਂ ਇਲਾਵਾ ਭਾਈ ਬਚਿੱਤਰ ਸਿੰਘ ਤੋਂ ਹਾਥੀ ਦਾ ਮੁਕਾਬਲਾ ਕਰਵਾਇਆ। ਜੰਗ ਤੋਂ ਅੱਕ ਕੇ ਜਦੋਂ ਦੁਸ਼ਮਣਾਂ ਨੇ ਧਰਮ ਦੀ ਆੜ ਲਈ। ਇਸਲਾਮ ਵਾਲਿਆਂ ਨੇ ਕੁਰਾਨ ਦੀ ਕਸਮ ਅਤੇ ਪਹਾੜੀ ਰਾਜਿਆਂ ਨੇ ਗਊ ਦੀ ਕਸਮ ਖਾਧੀ ਤਾਂ ਸਤਿਗੁਰੂ ਜੀ ਨੇ ਸਿੰਘਾਂ ਦੇ ਕਹਿਣ ਤੋਂ ੧੭੬੧ ਬਿਕ੍ਰਮੀ ਸੰਮਤ ੬-੭ ਪੋਹ ਦੀ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ। ਸਰਸਾ ਕਿਨਾਰੇ ਸਤਿਗੁਰੂ ਜੀ ਦਾ ਪਰਿਵਾਰ ਵਿਛੜਿਆ, ਜੋ ਦੁਸ਼ਮਣ ਦੀ ਬੇਈਮਾਨੀ ਦਾ ਇਤਿਹਾਸ ਦੇ ਪੰਨਿਆਂ 'ਤੇ ਪ੍ਰਤੱਖ ਸਬੂਤ ਹੈ। ਗੁਰੂ ਪਰਿਵਾਰ 'ਤੇ ਆਏ ਹੋਏ ਬਿਪਤਾ ਦੇ ਤੂਫ਼ਾਨ ਨੇ ਗੁਰੂ ਸਾਹਿਬ ਦੇ ਪਰਿਵਾਰ ਨੂੰ ਤਿੰਨ ਹਿੱਸਿਆ ਵਿਚ ਵੰਡ ਦਿੱਤਾ : (੧) ਦੋਵੇਂ ਮਹਿਲ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਮਰਦਾਵੇਂ ਭੇਸ ਵਿਚ ਭਾਈ ਮਨੀ ਸਿੰਘ ਅਤੇ ਭਾਈ ਜਵਾਹਰ ਸਿੰਘ ਅਰੋੜਾ ਸਿਖ ਦੇ ਨਾਲ ਦਿੱਲੀ ਪਹੁੰਚੇ। (੨) ਮਾਤਾ ਗੁਜਰ ਕੌਰ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਗੰਗੂ ਨਾਲ ਪਿੰਡ ਸਹੇੜੀ ਪਹੁੰਚੇ, ਜਿਥੋਂ ਗੰਗੂ ਦੇ ਲਾਲਚ ਨੇ ਮੋਰਿੰਡੇ ਦੇ ਰੰਘੜਾਂ ਦੁਆਰਾ ਸਰਹਿੰਦ ਸੂਬੇ ਨੂੰ ਪਕੜਾ ਦਿੱਤੇ, ਜਿਥੇ ੧੩ ਪੋਹ ੧੭੬੧ ਬਿਕ੍ਰਮੀ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ। (੩) ਗੁਰੂ ਸਾਹਿਬ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਸਰਸਾ ਦੇ ਪਾਰ ਬਚੇ ਹੋਏ ਸਿੰਘਾਂ ਨੂੰ ਨਾਲ ਲੈ ਕੇ ਰੋਪੜ ਦੇ ਜੰਗ ਤੋਂ ਬਾਅਦ ਜਿਨ੍ਹਾਂ ਦੀ ਗਿਣਤੀ ਚਾਲੀ ਸੀ। ਥੱਕੇ ਹੋਏ ਅਨੀਂਦਰੇ ਭੁਖੇ ਸਿੰਘਾਂ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਇਕ-ਇਕ ਨੇ ਸਵਾ-ਸਵਾ ਲੱਖ ਦਾ ਮੁਕਾਬਲਾ ਕੀਤਾ। ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ—ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਜੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸਮੇਤ ਸ਼ਹੀਦੀਆਂ ਪਾ ਗਏ। ਮਾਛੀਵਾੜੇ ਹੁੰਦੇ ਹੋਏ ਆਲਮਗੀਰ ਪਹੁੰਚੇ। ਰਸਤੇ ਦੀਆਂ ਅਨੇਕਾਂ ਯਾਦਾਂ ਗੁਰਦੁਆਰਿਆਂ ਦੇ ਰੂਪ ਵਿਚ ਸੁਸ਼ੋਭਿਤ ਹਨ। ਮੁਕਤਸਰ ਸਾਹਿਬ ਦਾ ਜੰਗ ਫਤਹਿ ਕਰਕੇ ਸਾਬੋ ਕੀ ਤਲਵੰਡੀ

ਦਮਦਮਾ ਸਾਹਿਬ ਪਹੁੰਚੇ, ਜਿਥੇ ਅਨੁਭਵ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਰਚਿਆ ਤੇ ਗੁਰੂ ਕੀ ਕਾਂਸ਼ੀ ਪ੍ਰਗਟ ਕੀਤੀ। ਫਿਰ ਜਦੋਂ ਦੱਖਣ ਦੇਸ਼ ਗਏ ਤਾਂ ਮਾਧੋ ਦਾਸ ਬੈਰਾਗੀ, ਜਿਸ ਦੇ ਵੀਰ ਵਸ ਕੀਤੇ ਹੋਏ ਸਨ। ਗੁਰੂ ਸਾਹਿਬ ਦਾ ਮੰਜਾ ਨਾ ਉਠਣ ਤੋਂ ਗੁਰੂ ਸਾਹਿਬ ਦੇ ਚਰਨੀ ਪਿਆ ਤੇ ਗੁਰੂ ਸਾਹਿਬ ਨੇ ਉਸਦਾ ਹੰਕਾਰ ਦੂਰ ਕਰਕੇ ਬੰਦਾ ਸਿੰਘ ਬਹਾਦਰ ਬਣਾ ਕੇ ਪੰਜਾਬ ਵੱਲ ਤੋਰਿਆ। ਜਦੋਂ ਦਿੱਲੀ ਵਿਚ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਵਲੋਂ ਬੇਨਤੀ ਕਰਨ ਤੋਂ ਉਸਦੀ ਜਿੱਤ ਕਰਵਾਈ ਤੇ ਬਾਦਸ਼ਾਹੀ ਤਾਜ ਪਹਿਨਾਇਆ। ਇਹ ਕਨਸੋਆਂ ਸੂਬਾ ਸਰਹਿੰਦ ਤੱਕ ਪਹੁੰਚੀਆ ਤਾਂ ਸੂਬਾ ਸਰਹਿੰਦ ਨੂੰ ਮਾਸੂਮ ਬੱਚਿਆਂ ਦੇ ਕੀਤੇ ਕਤਲ ਦੇ ਮਹਾਂ ਪਾਪ ਨੇ ਝੰਜੋੜ ਦਿੱਤਾ ਕਿ ਗੁਰੂ ਸਾਹਿਬ ਦਾ ਬਾਦਸ਼ਾਹ ਨਾਲ ਮਿਲਾਪ ਹੋ ਗਿਆ ਹੈ। ਇਸ 'ਤੇ ਸੂਬਾ ਸਰਹਿੰਦ ਨੇ ਫੌਰੀ ਤੌਰ 'ਤੇ ਇਕ ਗੁਪਤ ਵਾਰਤਾਲਾਪ ਕੀਤੀ, ਜਿਸ ਵਿਚ ਵਜੀਦ ਖ਼ਾਨ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ ਕੋਈ ਦੋ-ਤਿੰਨ ਪੁਸ਼ਤਾਂ ਦਾ ਦੁਸ਼ਮਣ ਲਭੋ। ਵਫ਼ਾਦਾਰਾਂ ਨੇ ਇਹ ਜ਼ੁੰਮੇਵਾਰੀ ਨਿਭਾਈ। ਨਿਮਕ ਹਰਾਮੀ ਪੈਂਦੇ ਖ਼ਾਂ ਦਾ ਪੁੱਤਰ ਸੈਦੇ ਖ਼ਾਂ, ਜਿਸ ਦੇ ਅੱਗੇ ਦੋ ਪੁੱਤਰ ਗੁਲ ਖ਼ਾਂ ਅਤੇ ਅਤੋਲੇ ਖ਼ਾਂ, ਜਿਸ ਨੂੰ ਜਮਸ਼ੇਦ ਖ਼ਾਂ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਕੋਲ ਬੁਲਾ ਕੇ ਗੁਰੂ ਸਾਹਿਬ ਨੂੰ ਕਤਲ ਕਰਨ ਦੀ ਵਿਉਂਤ ਬਣਾਈ ਤੇ ਸ਼ਾਹੀ ਸੂਹੀਏ ਭੇਜ ਕੇ ਇਹ ਪਤਾ ਕੀਤਾ ਕਿ ਗੁਰੂ ਸਾਹਿਬ ਜੀ ਦੱਖਣ ਵੱਲ ਰਵਾਨਾ ਹੋ ਚੁੱਕੇ ਹਨ। ਇਹ ਦੋਨੋਂ ਭਰਾ ਆਪਣੀ ਮਾਤਾ ਦੇ ਸਮੇਤ ਨੰਦੇੜ ਦੇ ਹਾਕਮ ਫ਼ਿਰੋਜ਼ ਖ਼ਾਨ ਦੇ ਕੋਲ ਜਾ ਕੇ ਨੌਕਰ ਰਹੇ। ਜਦੋਂ ਸਤਿਗੁਰੂ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਵੇਖਿਆ ਤਾਂ ਮਾਤਾ ਸਾਹਿਬ ਕੌਰ ਜੀ ਨੂੰ ਮਾਤਾ ਸੁੰਦਰ ਕੌਰ ਜੀ ਕੋਲ ਦਿੱਲੀ ਭੇਜ ਦਿੱਤਾ। ਅੰਤ ਸਮੇਂ ਪਰਿਵਾਰ ਦਾ ਕੋਈ ਵੀ ਮੈਂਬਰ ਆਪਣੇ ਕੋਲ ਨਹੀਂ ਰੱਖਿਆ। ਚਾਹੁੰਦੇ ਤਾਂ ਮਾਤਾ ਸੁੰਦਰ ਕੌਰ ਨੂੰ ਵੀ ਦਿੱਲੀ ਤੋਂ ਬੁਲਾ ਸਕਦੇ ਸਨ, ਪਰ ਹੋਇਆ ਇਸ ਤੋਂ ਉਲਟ ਕਿ ਮਾਤਾ ਸਾਹਿਬ ਕੌਰ ਨੂੰ ਵੀ ਦਿੱਲੀ ਭੇਜ ਦਿੱਤਾ। ਆਪਣੇ ਕੀਤੇ ਹੋਏ ਬਚਨ ਮੁਤਾਬਿਕ, ਜੈਸਾ ਕਿ :

**ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੧॥**

ਇਕ ਦਿਨ ਪਾਲੀ ਸ਼ਹਿਰ ਦੇ ਰਹਿਣ ਵਾਲੇ ਇਕ ਕਾਰੀਗਰ ਨੇ ਦੋ ਅਮੋਲਕ ਤਲਵਾਰਾਂ ਸਤਿਗੁਰਾਂ ਨੂੰ ਭੇਟਾ ਕੀਤੀਆਂ ਤਾਂ ਹਜ਼ੂਰ ਨੇ ਇਕ ਤਲਵਾਰ ਗੁਲ ਖ਼ਾਂ ਨੂੰ ਬਖ਼ਸ਼ੀ ਤੇ ਕਿਹਾ ਕਿ ਤੂੰ ਇਸ ਦੇ ਵਾਰ ਨਾਲ ਵੈਰੀ ਦੇ ਦੋ ਟੁਕੜੇ ਕਰ ਸਕਦਾ ਹੈਂ। ਉਸਨੇ ਹੰਕਾਰ ਵਿਚ ਕਿਹਾ ਕਿ ਮੈਂ ਇਸ ਤਲਵਾਰ ਨਾਲ ਤਾਂ ਝੋਟੇ ਨੂੰ ਦੋ ਧੜ ਕਰ ਸਕਦਾ ਹਾਂ। ਇਹ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ, "ਮਾਨਸ ਕੇ ਪਰਖਬੇ ਕਉ ਮਾਮਲਾ ਕਸਉਟੀ ਹੈ"। ਅਖ਼ੀਰ ਇਕ ਦਿਨ ਸ਼ਾਮ ਦੇ ਸਮੇਂ ਕੁਝ ਸਿੰਘ ਸ਼ਹਿਰ ਗਏ ਸਨ ਤੇ ਕੁਝ ਰਹਿਰਾਸ ਦਾ ਪਾਠ ਕਰਦੇ ਸਨ। ਰਹਿਰਾਸ ਤੋਂ ਬਾਅਦ ਸਤਿਗੁਰੂ ਜੀ ਤੰਬੂ ਵਿਚ ਜਾ ਬਿਰਾਜੇ। ਇਕ ਹੱਥ ਲਿਖਤ ਪੁਸਤਕ ਪੰਜਾਬ ਰੀਕਾਰਡ ਆਫ਼ਿਸ ਪਟਿਆਲਾ ਵਿਚ ਪਈ ਹੈ, ਜਿਸ ਨੂੰ ਅੰਮ੍ਰਿਤ ਗੁਟਕੇ ਦੇ ਲਿਖਾਰੀ ਨੇ ਲਿਖਿਆ ਹੈ। ਜਿਸ ਦਾ ਹਵਾਲਾ ਸਿਖ ਜਗਤ ਦੇ ਉਘੇ ਲੇਖਕ ਗੁਰਮੁਖ ਪਿਆਰੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ "ਸਾਡਾ ਇਤਿਹਾਸ" ਨਾਮੀ ਪੁਸਤਕ ਵਿਚ ਵੀ ਦਿੱਤਾ ਹੈ। ਉਸ ਹੱਥ ਲਿਖਤ ਪੁਸਤਕ ਵਿਚ ਇਸ ਵਾਰਤਾ ਨੂੰ ਇਸ ਪ੍ਰਕਾਰ ਕਥਨ ਕੀਤਾ ਹੈ—"ਇਕ ਦਿਨ ਪਠਾਣ ਇਸੇ ਤਰ੍ਹਾਂ ਮਨ ਵਿਚ ਗਿਣਤਾਂ ਗਿਣਦਾ ਹੋਇਆ, ਜਿਥੇ ਸਤਿਗੁਰੂ ਜੀ ਬੈਠੇ ਸਨ ਤੇ ਰਹਿਰਾਸ ਵੇਲੇ ਦੀਵਾਨ ਲੱਗਾ ਹੋਇਆ। ਉਥੇ ਉਹ ਜਾਇ ਬੈਠਾ। ਗੁਰੂ ਜੀ ਨੇ ਆਦਰ ਕੀਤਾ। ਜਿਸ ਵੇਲੇ ਰਹਿਰਾਸ ਦਾ ਭੋਗ ਪਿਆ। ਸਰਬੱਤ ਖ਼ਾਲਸਾ ਹੁਕਮ ਮੰਨ ਕੇ ਆਪਣੇ ਆਪਣੇ ਡੇਰੇ ਗਏ। ਤਬ ਸਰਬ ਸਤਿਗੁਰੂ ਜੀ ਸਤਿ ਕਾਲ ਦਾ ਸਿਮਰਨ ਕਰਨੇ, ਤੰਬੂ ਅੰਦਰ ਮਸਨਦ ਪਰ ਜਾਇ ਬੈਠੇ। ਇਕ ਸਿਖ ਰੁਮਾਲ ਹਿਲਾਵਨ ਵਾਲਾ ਉਸ ਵਕਤ ਹਾਜ਼ਰ ਸੀ। ਉਹ ਪਠਾਣ ਜੋ ਪਿੱਛੋਂ ਬੈਠਾ ਰਿਹਾ, ਉਹ ਭੀ ਅੰਦਰ ਜਾਇ ਬੈਠਾ। ਜਿਸ ਵੇਲੇ ਘੜੀ ਉਸ ਨੂੰ ਬੈਠਿਆਂ ਹੋਈ। ਉਸ ਸਮੇਂ ਸ੍ਰੀ ਸਤਿਗੁਰੂ ਕਰਨ ਕਾਰਨ ਜੀ ਨੇ ਉਸ ਸਿਖ ਨੂੰ ਕਿਸੇ ਕਾਰਜ ਭੇਜ ਦਿੱਤਾ, ਪਰ ਨੇਤਰ ਜਾਣ ਕੇ ਮੀਟਣ ਲੱਗੇ। ਤਬ ਉਸ ਮਲੇਛ ਨੇ ਜਾਨਾ ਜੇ ਹੁਣ ਵੇਲਾ ਹਛਾ ਹੈ..... ਤਬ ਉਸ ਦੁਸ਼ਟ ਨੇ ਉਠ ਕੇ ਸਾਹਿਬ ਦੇ ਉਦਰ ਵਿਚ ਕਟਾਰ ਮਾਰਿਆ। ਯਦਪਿ ਕਮਰ ਕਸੀ ਹੋਈ ਸੀ, ਤਦਪਿ ਕਟਰ ਦਾ ਘਾਉ ਬਹੁਤ ਹੂਆ। ਜਬ ਲਹੂ ਚੱਲਿਆ, ਤਬ ਪਰ ਮਰਣ ਧੀਰ

ਸ੍ਰੀ ਸਤਿਗੁਰੂ ਜੀ ਸਾਵਧਾਨ ਪਏ, ਅਰ ਉਸ ਪਠਾਣ ਕਉ ਜਾਤਾ ਦੇਖਿਆ ਤਬ ਖੱਬੇ ਹਾਥ ਉਸ ਦਾ ਜਾਮਾ ਪਕੜ ਲਿਆ, ਅਰ ਹੁਜਕਾ ਮਾਰਿਆ। ਤਬ ਉਹ ਦੁਸ਼ਟ ਗਿਰ ਪੜਾ। ਤਬ ਸ੍ਰੀ ਸਤਿਗੁਰੂ ਜੀ ਤਕੀਏ ਪਰ ਆਪਣਾ ਕਟਾਰ ਧਰਿਆ ਹੂਆ ਥਾ। ਸੋ ਦਹਾਨੇ ਹਾਥ ਸੇ ਪਕੜ ਲਿਆ। ਉਸ ਕਉ ਮਿਆਨ ਸੇ ਜਦਾ ਕਰਵਾਨੇ ਹਿਤ ਝਟਕਾਇਆ। ਤਬ ਉਸ ਦਾ ਮਿਆਨ ਲਾ ਗਿੜਾ। ਦੂਸਰੀ ਵਾਰ ਝਟਕਾਇਆ, ਫਿਰ ਵੀ ਮਿਆਨ ਨਾ ਗਿੜਾ। ਤਬ ਬੜੇ ਜ਼ੋਰ ਸੇ ਤੀਸਰੀ ਬੇਰ ਮਿਆਨ ਗਿੜਾਇ ਦਿਆ। ਇਸ ਬੇਰ ਕਰਨ ਮੇ ਅੰਤਰਜਾਮੀ ਕਾ ਪ੍ਰਯੋਜਨ ਏਹਾ। ਇਤਨੇ ਸੁਆਸ ਉਸ ਨੇ ਲੈਣੇ ਥੇ। ਤਬ ਉਸ ਦਾ ਅੰਤ ਕਾਲ ਜਾਣ ਕਰ ਉਸਦੇ ਹਿਰਦੇ ਮੇ ਜਮਯਾਤ ਕਾ ਘਉ ਮਾਰਿਆ। ਉਸ ਨੇ ਕਿਹਾ, 'ਹਾਇ ਅੰਮਾ।' ਪਤਿਤ ਉਧਾਰਨ ਸ੍ਰੀ ਸਤਿਗੁਰੂ ਜੀ ਬੋਲੇ, 'ਅਰੇ ਅਲਾਹ ਕਰ (ਅਲਾਹ), ਯਹਿ ਅੰਮਾ ਕੋ ਯਾਦ ਕਰਨ ਦਾ ਕੌਣ ਸਾ ਬਖਤ ਹੈ।' ਇਸ ਜ਼ੋਰ ਕਾ ਸ਼ਸ਼ਤਰ ਮਾਰਾ ਥਾ। ਤਬ ਉਸ ਕੇ ਪਰਾਣ ਨਿਕਲ ਗਏ। ਤਬ ਪ੍ਰਯੰਤ ਔਰ ਸਿਖ ਭੀ ਹਜ਼ੂਰ ਆਏ ਪਹੁੰਚੇ। ਉਸ ਮਿਰਤਕ ਕੋ ਉਰਟਾਇ ਕਰ ਡਾਰ ਦੀਆ। ਉਸ ਵਖਤ ਫ਼ਿਰੰਗੀ ਜਿਰਾਹ ਭੇਜੇ। ਉਸ ਨੇ ਆਇ ਜ਼ਖ਼ਮ ਦੇਖਿਆ ਅਰ ਸੀਆ। ਉਨਹੁ ਨੇ ਕਿਹਾ ਕਿ ਹਮ ਥੋੜਿਣਹੁ ਦਿਨਹੁ ਮੇਂ ਇਸ਼ਨਾਨਾ ਕਰਵਾਇ ਦੇਵੈਗੇ। ਦਸ ਮੁਹਰਾਂ ਰੋਜ਼ ਸਾਹਿਬ ਉਨ ਕੋ ਦੇਤੇ ਰਹੇ ਤਬ ਬਾਰ੍ਹਵੇਂ ਦਿਨ ਇਸ਼ਨਾਨ ਭਇਆ।" ਇਸ ਦਿਨ ਗੁਰਸਿੱਖਾਂ ਵਲੋਂ ਸਤਿਗੁਰਾਂ ਦੇ ਰਾਜ਼ੀ ਹੋਣ ਤੋਂ ਬਹੁਤ ਦਾਨ ਪੁੰਨ ਕੀਤਾ ਗਿਆ। ਲੰਗਰ ਚਲਾਇਆ ਤੇ ਗ਼ਰੀਬਾਂ ਨੂੰ ਅਨੇਕਾਂ ਪਦਾਰਥ ਵੰਡੇ। ਇਕ ਵਾਰ ਸਾਰੇ ਖ਼ਾਲਸੇ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਕਿ ਸਤਿਗੁਰਾਂ ਦਾ ਸਰੀਰ ਤੰਦਰੁਸਤ ਰਹਿ ਗਿਆ ਹੈ। ਸਤਿਗੁਰੂ ਜੀ ਦੇ ਭਾਣੇ ਤੋਂ ਅਣਜਾਣ ਸਿਖ ਇਹ ਨਹੀਂ ਸਨ ਜਾਣਦੇ ਕਿ ਸਤਿਗੁਰੂ ਜੀ ਬਹੁਤ ਜਲਦੀ ਸੰਸਾਰ ਵਿਚੋਂ ਆਪਣੇ ਸਰੀਰ ਨੂੰ ਓਹਲੇ ਕਰਨ ਵਾਲੇ ਹਨ। ਇਕ ਦਿਨ ਸਤਿਗੁਰੂ ਜੀ ਪਲੰਘ 'ਤੇ ਬੈਠੇ ਸਨ ਕਿ ਹੈਦਰਾਬਾਦ ਦੇ ਕਾਰੀਗਰ ਜੋ ਬਹੁਤ ਪ੍ਰਕਾਰ ਦੇ ਸ਼ਸ਼ਤਰ ਘੜ ਕੇ ਲਿਆਏ ਸਨ। ਉਨ੍ਹਾਂ ਨੇ ਸ਼ਸ਼ਤਰ ਗੁਰੂ ਜੀ ਦੀ ਭੇਟਾ ਕਰਕੇ ਗੁਰੂ ਜੀ ਤੋਂ ਬਹੁਤ ਖ਼ੁਸ਼ੀਆਂ, ਮਾਨ-ਆਦਰ ਪ੍ਰਾਪਤ ਕੀਤਾ। ਉਨ੍ਹਾਂ ਸ਼ਸ਼ਤਰਾਂ ਵਿਚ ਇਕ ਕਮਾਣ ਨੌਂ ਟਾਂਕ ਦੀ ਸੀ। [ਟਾਂਕ=ਸੰਗਯਾ, ਧਨੁੱਖ ਦੀ ਸ਼ਕਤਿ ਪਰਖਣ ਦੀ ਇਕ ਤੋਲ। ਪੱਚੀ ਸੇਰ ਪ੍ਰਮਾਣ। ਪੱਚੀ ਸੇਰ (ਕੱਚਾ) ਬੋਝ ਚਿੱਲੇ ਵਿਚ ਲਟਕਾਉਣ ਤੋਂ ਜੇ ਧਨੁੱਖ ਪੂਰਾ ਖਿੱਚਿਆ ਜਾਵੇ, ਅਰਥਾਤ ਤੀਰ ਚਲਾਉਣ ਦੀ ਖਿਚਾਵਟ ਠੀਕ ਆ ਜਾਵੇ, ਤਦ ਸਮਝੋ ਕਿ ਕਮਾਣ ਇਕ ਟਾਂਕ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਧਨੁੱਖ ਨੌਂ ਟਾਂਕ ਦਾ ਸੀ, ਜਿਸ ਨੂੰ ਹਰ ਕੋਈ ਯੋਧਾ ਨਹੀਂ ਖਿਚ ਸਕਦਾ ਸੀ] ਦੀਪਮਾਲਾ ਦਾ ਜੋੜ ਮੇਲਾ ਨੰਦੇੜ ਸ਼ਹਿਰ ਵਿਚ ਵਿਚ ਬੜੀ ਖ਼ੁਸ਼ੀ ਨਾਲ ਮਨਾਇਆ ਜਾ ਰਿਹਾ ਸੀ। ਬਹੁਤ ਸਾਰੇ ਲੋਕ ਸਤਿਗੁਰੂ ਜੀ ਪਾਸ ਪ੍ਰਸ਼ਾਦ ਲੈਣ ਆਉਂਦੇ, ਜਿਨ੍ਹਾਂ ਵਿਚ ਚਾਰ-ਪੰਜ ਅਮੀਰਜਾਦੇ ਦਰਸ਼ਨ ਕਰਨ ਆਏ। ਸਤਿਗੁਰੂ ਜੀ ਦੇ ਪਾਸ ਪਲੰਘ ਉੱਤੇ ਸ਼ਸ਼ਤਰ, ਕਮਾਨ, ਭੱਥੇ ਤੀਰਾਂ ਦੇ ਭਰੇ ਦੇਖ ਕੇ ਇਕ ਅਮੀਰਜਾਦਾ ਬੋਲਿਆ, "ਕਿਉਂ ਬਈ! ਇਨ੍ਹਾਂ ਕਮਾਨਾਂ ਨੂੰ ਚੜ੍ਹਾਉਣ ਵਾਲਾ ਅੱਜ ਵੀ ਕੋਈ ਹੈ।" ਦੂਜਾ ਬੋਲਿਆ, "ਇਹੋ ਜਿਹੇ ਵੱਡੇ-ਵੱਡੇ ਹਥਿਆਰ ਵੱਡੇ ਲੋਕਾਂ ਦੇ ਦਿਖਾਵੇ ਵਾਸਤੇ ਰਖੇ ਹੁੰਦੇ ਹਨ।" ਇਨ੍ਹਾਂ ਬਚਨਾਂ ਨੂੰ ਸੁਣ ਕੇ ਪਹਿਰੇ 'ਤੇ ਖੜ੍ਹਾ ਸਿੰਘ ਕਹਿਣ ਲੱਗਾ, "ਭਾਈ! ਗੁਰੂ ਘਰ ਵਿਚ ਜੋ ਕੁਝ ਵੀ ਹੈ ਸਭ ਅਸਲੀਅਤ ਰੂਪ ਵਿਚ ਹੁੰਦਾ ਹੈ, ਇਥੇ ਕੋਈ ਵੀ ਚੀਜ਼ ਦਿਖਾਵੇ ਦੀ ਨਹੀਂ ਹੁੰਦੀ।" ਇਹ ਸੁਣ ਕੇ ਉਨ੍ਹਾਂ ਅਮੀਰ ਬੱਚਿਆਂ ਨੇ ਕਿਹਾ, "ਇਤਨੇ ਕਠੋਰ ਧਨੁੱਖ ਦਾ ਚਿਲਾ ਕੌਣ ਚਾੜ੍ਹਦਾ ਹੈ ?" ਸਿਖ ਕਹਿਣ ਲੱਗਾ ਕਿ ਇਸ ਦਾ ਚਿੱਲਾ ਸਤਿਗੁਰੂ ਜੀ ਆਪ ਚਾੜ੍ਹਦੇ ਹਨ।" ਤਾਂ ਇਨ੍ਹਾਂ ਅਮੀਰ ਨੌਜਵਾਨਾਂ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ, "ਜੇ ਇਹ ਸਿਖ ਸੱਚ ਬੋਲਦਾ ਹੈ ਤਾਂ ਆਪ ਇਸ ਭਾਰੀ ਕਮਾਨ ਦਾ ਚਿੱਲਾ ਚੜ੍ਹਾ ਕੇ ਦਿਖਾਓ।" ਸਤਿਗੁਰੂ ਜੀ ਨੇ ਸ਼ਸ਼ਤਰਾਂ ਦਾ ਅਪਮਾਨ ਨਾ ਸਹਿੰਦੇ ਹੋਏ ਕਮਾਨ ਦਾ ਚਿਲਾ ਚਾੜ੍ਹ ਦਿੱਤਾ। ਸਤਿਗੁਰੂ ਜੀ ਇਤਨੇ ਬਲਵਾਨ ਯੋਧੇ ਸਨ ਕਿ ਜਦੋਂ ਕਮਾਨ ਦੀ ਤੰਦ ਖਿੱਚੀ ਤਾਂ ਕਮਾਨ ਵਿਚੋਂ ਜਰੜ-ਜਰੜ ਦੀ ਆਵਾਜ਼ ਆਉਣ ਲੱਗੀ। ਸਤਿਗੁਰਾਂ ਨੇ ਕੰਨ ਤੱਕ ਕਮਾਨ ਖਿੱਚ ਕੇ ਤੀਰ ਚਲਾ ਦਿੱਤਾ। ਤੀਰ ਚਲਦਾ ਵੇਖ ਕੇ ਅਮੀਰਜਾਦੇ ਬਹੁਤ ਖ਼ੁਸ਼ ਹੋਏ। ਅਰ ਇਕ ਤੀਰ ਤਾਂ ਇਹ ਸੀ ਜੋ ਕਮਾਨ ਤੋਂ ਹੁਣ-ਹੁਣੇ ਚਲਿਆ ਹੈ, ਜਿਸ ਨੂੰ ਦੇਖ ਕੇ ਸ਼ੰਕਾਵਾਦੀ ਬਹੁਤ ਖ਼ੁਸ਼ ਹੋਏ ਕਿ ਗੁਰੂ ਕਿਤਨਾ ਵੱਡਾ ਸੂਰਮਾ ਹੈ। ਇਕ ਤੀਰ ਹੋਰ ਚਲਿਆ, ਜਿਸ ਨੇ ਸਿੱਖਾਂ ਦੇ ਹਿਰਦੇ ਵਿੰਨ੍ਹ ਕੇ ਰੱਖ ਦਿੱਤੇ। ਇਹ ਤੀਰ ਸੀ ਕਿ ਗੁਰੂ ਸਾਹਿਬ ਦੇ ਅੱਲ੍ਹੇ ਜ਼ਖ਼ਮ ਦੇ ਤੋਪੇ ਖੁਲ੍ਹ ਕੇ ਪੋਸ਼ਾਕ ਖ਼ੂਨ ਨਾਲ ਭਿੱਜ ਗਈ। ਗੁਰਸਿੱਖਾਂ ਦੇ ਹਿਰਦੇ ਵਿਚ

ਇਹ ਸਤਿਗੁਰਾਂ ਦੇ ਖ਼ੂਨ ਦਾ ਸਿੰਮਣਾ ਵਿਛੋੜੇ ਦਾ ਡੂੰਘਾ ਜ਼ਖ਼ਮ ਕਰ ਗਿਆ। ਗੁਰੂ ਸਾਹਿਬ ਦੀ ਪੁਸ਼ਾਕ ਲਹੂ ਨਾਲ ਭਿੱਜੀ ਦੇਖ ਕੇ ਸਭ ਹੱਕੇ-ਬੱਕੇ ਰਹਿ ਗਏ। ਹਾ-ਹਾ ਕਾਰ ਮੱਚ ਗਈ। ਸਿੰਘਾਂ ਨੇ ਜਲਦੀ ਨਾਲ ਗੁਰੂ ਜੀ ਦੇ ਜ਼ਖ਼ਮ ਨੂੰ ਬੰਨ੍ਹ ਕੇ ਪਲੰਘ ਉੱਤੇ ਲਿਟਾ ਦਿੱਤਾ। ਜਦੋਂ ਸਿੰਘ ਮਲ੍ਹਮ ਪੱਟੀ ਦਾ ਉਦਮ ਕਰਨ ਲੱਗੇ ਤਾਂ ਸਤਿਗੁਰੂ ਜੀ ਨੇ ਮਨ੍ਹਾ ਕਰ ਦਿੱਤਾ ਤੇ ਕਹਿਣ ਲੱਗੇ, "ਗੁਰਸਿਖੋ ! ਸਾਡਾ ਸੱਚਖੰਡ ਜਾਣ ਦਾ ਸਮਾਂ ਨੇੜੇ ਆ ਗਿਆ ਹੈ, ਹੁਣ ਮਲ੍ਹਮ ਪੱਟੀ ਦੀ ਲੋੜ ਨਹੀਂ।" ਜੈਸਾ ਕਿ :

**ਜੈਸਾ ਹੁਕਮ ਅਕਾਲ ਕਾ, ਥਾ ਸੋਈ ਮਾਨਾ॥**
**ਚਹਯੋ ਜਰਾਹ ਹਕੀਮ ਨੈ, ਫਿਰ ਜਖਮ ਸਿਲਾਨਾ॥**
**ਨਹਿੰ ਸਿਲਵਾਯੋ ਸਤਿਗੁਰੁ, ਖੁਦ ਹੀ ਬੰਧ ਰਾਖਾ॥**
**ਤਨ ਅਸਥੂਲ ਤਿਜਾਗਨੇ ਹਿਤ ਤਯਾਰਾ ਲਾਖਾ॥੮੩॥**

[ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੩੫੨, ਪੋਥੀ ਭਾਸ਼ਾ ਵਿਭਾਗ]

ਇਹ ਬਚਨ ਸੁਣ ਕੇ ਸਿੱਖ ਵੈਰਾਗ ਵਿੱਚ ਆ ਗਏ ਤਾਂ ਸਤਿਗੁਰੂ ਜੀ ਨੇ ਸਮਝਾਇਆ "ਦੇਹ ਤਾਂ ਕਿਸੇ ਵੀ ਅਵਤਾਰ ਪੈਗੰਬਰ ਦੀ ਨਹੀਂ ਰਿਹਾ ਕਰਦੀ।" ਤਾਂ ਸਿੱਖਾਂ ਨੇ ਬੇਨਤੀ ਕੀਤੀ। ਜੈਸਾ ਕਿ :

**ਆਪ ਲੋਪ ਤਨ ਕਰਨ ਕੀ, ਅਬਿ ਕੀਨੀ ਤਯਾਰੀ॥**
**ਸੰਗਤ ਕਿਸ ਕੇ ਆਸਰੇ, ਫਿਰ ਜੀਐ ਵਿਚਾਰੀ॥੮੫॥**
**ਪਕਰਾਵਤ ਲੜ ਗੁਰੁ ਰਹੇ, ਪੂਰਬਲੇ ਹੇਰੋ॥**
**ਨਿਜ ਤਨ ਤਜਨੇ ਕੇ ਸਮੇਂ, ਦੂਸਰੇ ਗੁਰੁ ਕੇਰੋ॥**
**ਇਹੁ ਸੁਨਿ ਤਬਿ ਸਤਿਗੁਰੂ ਜੀ, ਕਰਿ ਦਯਾ ਉਚਾਰਾ॥**
**ਹਮ ਅਬਿ ਸੋ ਗੁਰੁ ਥਾਪੁ ਹੈਂ, ਜੋ ਸਭਿ ਸੈਂ ਭਾਰਾ॥੮੬॥**
**ਅਜਰ ਅਮਰ ਆਖੰਡ ਰਹਿ, ਇਕ ਰਸ ਸਮ ਭਾਵੈਂ॥**
**ਭੇਦ ਪੱਖ ਬਿਨ ਸਭੀ ਕੋ, ਉਪਦੇਸ਼ ਦਿਢਾਵੈਂ॥**

ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪੰਜ ਸਿੰਘ ਤਾਬਿਆ ਖੜ੍ਹੇ ਕੀਤੇ : ੧. ਪਿਆਰੇ ਭਾਈ ਧਰਮ ਜੀ ਜੋ ਵੈਸਾਖੀ ਦੇ ਮੌਕੇ ਪੰਜਾਂ ਪਿਆਰਿਆਂ ਵਿੱਚ ਦੂਜੇ ਨੰਬਰ ਤੇ ਸੀਸ ਦੇਣ ਲਈ ਸਨਮੁਖ ਆਏ ਸਨ। ੨. ਬਾਬਾ ਦੀਪ ਸਿੰਘ ਜੀ ਸ਼ਹੀਦ ਜੋ ਹਰਮੰਦਿਰ ਸਾਹਿਬ ਦੀ ਬੇਅਦਬੀ ਨਾ ਸਹਾਰਦਿਆਂ ਬਿਨਾਂ ਸੀਸ ਤੋਂ ਲੜੇ। ੩. ਭਾਈ ਹਰ ਸਿੰਘ ਜੀ ਜੋ ਸਤਿਗੁਰੂ ਜੀ ਦੀ ਰੋਜ਼ ਦੀ ਡਾਇਰੀ ਲਿਖਦੇ ਸਨ। ੪. ਭਾਈ ਸੰਤੋਖ ਸਿੰਘ ਜੀ ਜੋ ਸਤਿਗੁਰਾਂ ਦੇ ਲਾਂਗਰੀ ਸਨ। ੫. ਭਾਈ ਗੁਰਬਖਸ਼ ਸਿੰਘ ਜੀ ਜਿਨ੍ਹਾਂ ਦਾ ਸ਼ਹੀਦ ਗੰਜ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਹੈ ਜੋ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ। ਪੰਜਾਂ ਸਿੰਘਾਂ ਨੂੰ ਤਾਬਿਆ ਖੜ੍ਹੇ ਕਰਕੇ ਪੰਜ ਪੈਸੇ ਨਾਲੀਏਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਭੇਟਾ ਰੱਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦਾ ਮਾਲਕ ਬਣਾਇਆ। ਜੈਸਾ ਕਿ :

**ਇਮ ਕਹਿ ਗੁਰੂ ਗ੍ਰੰਥ ਕਾ ਪਰਕਾਸ ਕਰਾਯੋ॥**
**ਪੈਸੇ ਪਾਂਚ ਨਲੇਰ ਲੈ, ਤਿਸ ਅੱਗਰ ਟਿਕਾਯੋ॥੮੭॥**
**ਕਰਿ ਪ੍ਰਕਰਮਾ ਗੁਰੂ ਜੀ, ਅਭਿ ਬੰਦਨ ਕੀਓ॥**
**ਗੁਰੂ ਰੂਪ ਥਪ ਪੂਜ ਕੈ ਸਭਿ ਤੈ ਪੁਜਵੀਓ॥**
**ਪੰਚਾਂਮ੍ਰਿਤ ਕਰਵਾਇ ਕੈ, ਬਹੁ ਥਾ ਬ੍ਰਤਵਾਯੋ॥**
**ਸ੍ਰੀ ਮੁਖ ਤੈਂ ਸਬਿ ਸਿਖਨ ਪ੍ਰਤਿ, ਇਮ ਹੁਕਮ ਸੁਨਾਯੋ॥੮੮॥**

॥ ਤਥਾ ਹੀ ਸ੍ਰੀ ਮੁਖ ਵਾਕਯ ਪਾਤਸ਼ਾਹੀ ੧੦ ॥

ਦੋਹਰਾ ॥ ਨਾਨਕ ਗੁਰੂ ਗੋਬਿੰਦ ਸਿੰਘ, ਪੂਰਨ ਹਰਿ ਅਵਤਾਰ ॥
ਜਗਮਗ ਜੋਤਿ ਬਿਰਾਜਹੀ, ਸ੍ਰੀ ਗੁਰੂ ਗ੍ਰੰਥ ਮਝਾਰ ॥੮੯॥
ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭਿ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ ॥੯੦॥
ਗੁਰੂ ਗ੍ਰੰਥ ਜੂ ਮਾਨਿਓ, ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਤੋ ਚਹੈ, ਖੋਜ ਸਬਦ ਮੈਂ ਲੇਹ ॥੯੧॥
ਦਰਸਯੋ ਚਹਿ ਸਤਿਗੁਰੂ ਜੋ, ਸੈ ਦਰਸੈ ਗੁਰ ਗ੍ਰੰਥ ॥
ਪਢੈ ਸੁਨੈ ਸੂਾਰਥ ਲਹੈ, ਪਰਮਾਰਥ ਕੋ ਪੰਥ ॥੯੨॥
ਵਾਹਿਗੁਰੂ ਗੁਰੂ ਗ੍ਰੰਥ ਜੀ, ਉਭੈ ਜਹਾਜ ਉਦਾਰ ॥
ਸਰਧਾ ਕਰ ਜੋ ਸੇਵ ਹੈਂ, ਸੋ ਉਤਰੈਂ ਭਵ ਪਾਰ ॥੯੩॥

[ਸ੍ਰੀ ਗੁਰੂ ਪੰਥ ਪ੍ਰਕਾਸ਼ ਪੂਰਬਾਰਧ ਬਿਸ੍ਰਾਮ ੭੧]

**ਨੋਟ**—ਇਹ ਦੋਹਰੇ ਜਿਨ੍ਹਾਂ ਨੂੰ ਬਹੁਤ ਸਾਰੇ ਅਣਜਾਣ ਵਿਅਕਤੀ ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਕਰਕੇ ਲੋਕਾਂ ਵਿੱਚ ਪ੍ਰਚਾਰਦੇ ਹਨ। ਕਿਉਂਕਿ ਇਨ੍ਹਾਂ ਦੋਹਰਿਆਂ ਦਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਉਚਾਰਨ ਕੀਤੇ ਹੋਏ ਸਿਧ ਹੋਣਾ ਦੇਹਧਾਰੀ ਗੁਰੂ-ਡੰਮ੍ਹੀ ਲੋਕਾਂ ਨੂੰ ਬੜਾ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਇਹ ਭੋਲੇ ਭਾਲੇ ਲੋਕਾਂ ਨੂੰ ਇਹ ਪੁੱਛਦੇ ਹਨ ਕਿ ਦੱਸੋ ਇਹ ਦੋਹਰੇ ਕਿਥੇ ਲਿਖੇ ਹਨ। ਇਨ੍ਹਾਂ ਦਾ ਸਹੀ ਉੱਤਰ ਦੇਣ ਲਈ ਥੋੜ੍ਹੇ ਸਮੇਂ ਦਾ ਦਾ ਹੀ ਇੱਕ ਸਬੂਤ ਦਿੱਤਾ ਜਾਂਦਾ ਹੈ, ਜਿਸਨੂੰ ਪੜ੍ਹ ਕੇ ਸੰਗਤਾਂ ਸ਼ਬਦ ਗੁਰੂ ਉਪਰ ਅਡੋਲ ਨਿਸ਼ਚਾ ਰੱਖਣਗੀਆਂ ਤੇ ਅਜਿਹੇ ਪਾਖੰਡੀ ਲੋਕਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੀਆਂ। ਬ੍ਰਹਮ ਬੇਤੇ ਵਿਦਿਆ ਮਾਰਤੰਡ, ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਇੱਕ ਵਾਰ ਅਬਿਚਨਗਰ ਹਜ਼ੂਰ ਸਾਹਿਬ ਜਥੇ ਸਮੇਤ ਪਹੁੰਚੇ ਹੋਏ ਸਨ। ਤਾਂ ਉੱਥੇ ਇਨ੍ਹਾਂ ਦੋਹਰਿਆਂ ਦੀ ਵੀਚਾਰ ਚੱਲੀ ਕਿ ਇਹ ਦੋਹਰੇ ਗੁਰੂ ਸਾਹਿਬ ਦੇ ਲਿਖੇ ਹੋਏ ਪ੍ਰਮਾਣ ਵਜੋਂ ਕਿਥੋਂ ਸਿੱਧ ਹੁੰਦੇ ਹਨ। ਤਾਂ ਮਹਾਂਪੁਰਸ਼ਾਂ ਨੇ ਬਚਨ ਕੀਤਾ ਜਥੇ ਦੇ ਕੁਝ ਸਿੰਘ ਜਾ ਕੇ ਪ੍ਰਬੰਧਕਾਂ ਨੂੰ ਮੇਰੇ ਵਲੋਂ ਬੇਨਤੀ ਕਰੋ ਕਿ ਜੋ ਤੋਸ਼ੇਖਾਨੇ ਵਿੱਚ ਭਾਈ ਹਰ ਸਿੰਘ ਦੀ ਹੱਥ ਲਿਖਤ ਡਾਇਰੀ ਹੈ ਉਹ ਦੇਣ ਦੀ ਕ੍ਰਿਪਾਲਤਾ ਕਰੋ।" ਸਿੰਘ ਗਏ ਤੇ ਜਾ ਕੇ ਉਹ ਡਾਇਰੀ ਲੈ ਆਏ। ਗਿਆਨੀ ਪ੍ਰੇਮ ਸਿੰਘ ਜੀ (ਨਿਹੰਗ ਸਿੰਘ) ਜੋ ਜਥੇ ਦੇ ਪੁਰਾਣੇ ਵਿਦਿਆਰਥੀਆਂ ਵਿੱਚੋਂ ਹਨ, ਉਨ੍ਹਾਂ ਨੇ ਦਾਸ ਨੂੰ ਜ਼ੁਬਾਨੀ ਇਹ ਵਾਰਤਾ ਸੁਣਾਈ ਕਿ ਇਹ ਪੋਥੀ ਜੋ ਉਰਦੂ ਵਿੱਚ ਲਿਖੀ ਸੀ, ਉਸ ਵਿੱਚੋਂ ਮੈਂ ੧੭ ਦੋਹਰਿਆਂ ਦਾ ਉਤਾਰਾ ਕਰ ਕੇ ਲਿਆਂਦਾ ਸੀ। ਇਹ ਪੋਥੀ ਭਾਈ ਹਰ ਸਿੰਘ ਦੀ ਲਿਖੀ ਹੋਈ ਸੀ ਜਿਸ ਵਿੱਚ ਸਤਿਗੁਰੂ ਜੀ ਦੇ ਦੱਖਣ ਦੇਸ਼ ਦੇ ਸਾਰੇ ਚੋਜ ਲਿਖੇ ਹੋਏ ਸਨ। ਪਰ ਅਫ਼ਸੋਸ ਕਿ ਇਹ ਪੋਥੀ ਅਕਾਲੀ ਕੌਰ ਸਿੰਘ ਜੀ ਨੇ ਪ੍ਰੈਸ ਵਿੱਚ ਛਪਾ ਕੇ ਸੰਗਤਾਂ ਵਿੱਚ ਵੰਡਣ ਹਿਤ ਹਜ਼ੂਰ ਸਾਹਿਬ ਤੋਂ ਪੰਜਾਬ ਲਿਆਂਦੀ ਪਰ ਮੁੜ ਕੇ ਇਹ ਪੋਥੀ ਵਾਪਸ ਹਜ਼ੂਰ ਸਾਹਿਬ ਨਹੀਂ ਪਹੁੰਚੀ। ਭਾਈ ਹਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਸਾਹਿਬ ਜੀ ਨੇ ਇਹ ਦੋਹਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣ ਸਮੇਂ ਉਚਾਰਨ ਕੀਤੇ। ਇਸੇ ਤਰ੍ਹਾਂ ਦਾ ਇੱਕ ਹੋਰ ਹਵਾਲਾ, ਅੱਖੀਂ ਡਿੱਠੀ ਗਵਾਹੀ ਭੱਟ ਨਰਬਦ ਸਿੰਘ ਦੀ ਹੈ। ਇਹ ਭੱਟ ਆਪਣੀ ਵਹੀ ਵਿੱਚ ਇਸ ਪ੍ਰਕਾਰ ਲਿਖਦਾ ਹੈ—"ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਿਲ ਦਸਵਾਂ, ਬੇਟਾ ਗੁਰੂ ਤੇਗ਼ ਬਹਾਦਰ ਜੀ ਕਾ, ਪੋਤਾ ਹਰਗੋਬਿੰਦ ਜੀ ਕਾ, ਪਰਪੋਤਾ ਗੁਰੂ ਅਰਜਨ ਦੇਵ ਜੀ ਦਾ, ਵੰਸ ਗੁਰੂ ਰਾਮਦਾਸ ਜੀ ਦੀ, ਸੂਰਜ ਵੰਸ਼ੀ, ਗੋਪਾਲ ਗੋਤਰ, ਸੋਢੀ ਖੱਤਰੀ, ਵਾਸੀ ਅਨੰਦਪੁਰ, ਪਰਗਣਾ ਕਹਿਲੂਰ, ਮੁਕਾਮ ਨੰਦੇੜ, ਤੱਟ ਗੋਦਾਵਰੀ, ਦੇਸ਼ ਦੱਖਣ, ਸੰਮਤ ਸਤਾਰਾਂ ਸੌ ਪੈਂਸਠ, ਕਾਤਿਕ ਮਾਸ ਕੀ ਚੌਥ, ਸੁਕਲ ਪੱਖੇ, ਬੁਧਵਾਰ ਦਿੰਹੁ, ਭਾਈ ਦਯਾ ਸਿੰਘ ਸੇ ਬਚਨ ਹੋਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੇ ਆਉ, ਬਚਨ ਪਾਇ ਪਿਆਰੇ ਦਯਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈ ਆਏ। ਗੁਰੂ ਜੀ

ਨੇ ਪੰਜ ਪੈਸੇ ਨਾਰੀਅਲ ਅੱਗੇ ਭੇਟਾ ਰੱਖ ਮੱਥਾ ਟੇਕਿਆ, ਸਰਬੱਤ ਸੰਗਤ ਸੇ ਕਹਾ ਮੇਰਾ ਹੁਕਮ ਹੈ "ਮੇਰੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਗੁਰੂ ਜਾਨਣਾ, ਜੋ ਸਿੱਖ ਜਾਣੇਗਾ ਤਿਸਕੀ ਘਾਲ ਥਾਇ ਪਏਗੀ ਗੁਰੂ ਉਸ ਦੀ ਬਹੁੜੀ ਕਰੇਗਾ, ਸਭਿ ਕਰ ਮਾਨਣਾ।"

ਇੱਕ ਵਾਰੀ ਭਾਈ ਨੰਦ ਲਾਲ ਜੀ ਨੇ ਇਕਾਂਤ ਬੈਠੇ ਸਤਿਗੁਰੂ ਜੀ ਨੂੰ ਪ੍ਰਸ਼ਨ ਕੀਤਾ ਸੀ ਕਿ ਹੇ ਸਤਿਗੁਰੂ ਜੀ—[**ਨੰਦ ਲਾਲ ੳ ਵਾਚ : ਤੁਮ ਜੋ ਕਹਾ ਗੁਰਦੇਵ ਜੀ, ਦਰਸਨ ਕਰ ਮੋਹਿ ਆਇ॥ ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ॥**] ਤਾਂ ਸਤਿਗੁਰੂ ਜੀ ਕਹਿਣ ਲੱਗੇ "ਭਾਈ ਨੰਦ ਲਾਲ ਸਿੰਘ! ਸ੍ਰੀ ਗੁਰੂ ਵਾਚ: ਜੈਸਾ ਕਿ:

**ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ॥**
**ਨਿਰਗੁਣ, ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਇ॥** [ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ]

ਮੈਂ ਤਿੰਨ ਸਰੂਪਾਂ ਵਿੱਚ ਵਰਤਦਾ ਹਾਂ। ਇੱਕ ਸਰੂਪ ਮੇਰਾ ਨਿਰਾਕਾਰ ਭਾਵ ਨਿਰਗੁਣ ਸਰੂਪ ਹੈ। ਜੈਸਾ ਕਿ:

**ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥**
**ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ॥**
**ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥**
**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥**
**ਤੂ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥੧॥** [ਸ੍ਰੀ ਦਸਮ ਗ੍ਰੰਥ, ਪੰਨਾ ੧]

ਦੂਸਰਾ ਸਰਗੁਣ ਸਰੂਪ ਹੈ ਜੋ ਜਿਸ ਰੂਪ ਵਿੱਚ ਮੈਂ ਤੇਰੇ ਸਾਹਮਣੇ ਬੈਠਾ ਹਾਂ ਪਰ ਮੇਰਾ ਇਹ ਸਰੂਪ ਨਿਸ਼ਚਿਤ ਸਮੇਂ ਲਈ ਹੈ ਜਿਸ ਤਰ੍ਹਾਂ ਪਹਿਲੇ ਨੌਂ ਸਰੂਪ ਨਹੀਂ ਦਿੱਸਦੇ ਇਸੇ ਤਰ੍ਹਾਂ ਇਹ ਸਰੂਪ ਵੀ ਕੁਝ ਸਮੇਂ ਬਾਅਦ ਅਲੋਪ ਹੋ ਜਾਵੇਗਾ। ਤੀਸਰਾ ਹਮੇਸ਼ਾਂ ਰਹਿਣ ਵਾਲਾ ਮੇਰਾ ਸਰੂਪ ਗੁਰ ਸ਼ਬਦ ਹੈ। ਇਸੇ ਲਈ ਮੈਂ ਹਮੇਸ਼ਾਂ ਆਪਣੇ ਖ਼ਾਲਸੇ ਨੂੰ ਸ਼ਬਦ ਦਾ ਪੱਲਾ ਪਕੜਾਇਆ ਹੈ। ਇੱਕ ਜਗ੍ਹਾ ਸਤਿਗੁਰੂ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਸ੍ਰੀ ਸਰਬ ਲੋਹ ਪ੍ਰਕਾਸ਼ ਵਿੱਚ ਐਸੇ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ। ਜੈਸਾ ਕਿ:

**ਆਪਨ ਪੌ ਸ਼੍ਰੀ ਖਾਲਸਹਿ ਸੌਂਪਾ ਦੂਤਿਯ ਰੂਪ ਸਤਿਗੁਰੂ ਗ੍ਰੰਥਾ॥**
**ਬੋਲਨ ਸਤਿਗੁਰੁ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨਿ ਸੰਥਾ॥**
**ਗੁਨਾਨੁਵਾਦ ਪੁਨਿ ਸਿਫਤਿ ਸਲਾਹਨਿ ਊਠਤੁ ਬੈਠਤੁ ਸੈਨ ਕਰੰਥਾ॥**
**ਪਾਵਨ ਪੰਥ ਖਾਲਸਹਿ ਪ੍ਰਗਟਯੋ ਚਾਰ ਵਰਨ ਆਸ਼੍ਰਮ ਸੁਭ ਪੰਥਾ॥੧॥**
**ਇਨ ਕੇ ਦਰਸ ਸਤਿਗੁਰ ਕੋ ਦਰਸਨ, ਬੋਲਨ ਗੁਰੂ ਸਬਦ ਗੁਰੁ ਗ੍ਰੰਥਾ॥**
**ਦ੍ਵਾਦਸਿ ਰੂਪ ਸਤਿਗੁਰੁ ਏ ਕਹਿਯਤਿ ਦ੍ਵਾਦਸਿ ਭਾਨੁ ਪ੍ਰਗਟ ਹਰਿ ਸੰਤਾ॥**
**ਪ੍ਰਤਖ੍ ਕਲਾ ਪਾਰਬ੍ਰਹਮ ਧਣੀਛੈ ਗ੍ਰੰਥਿ ਪੰਥ ਖਾਲਸ ਵਰਤੰਤਾ॥**
**ਦਾਸ ਗੋਬਿੰਦ ਫਤਹ ਸਤਿਗੁਰੂ ਕੀ ਖਾਸ ਗ੍ਰੰਥ ਗੁਰੁ ਰੂਪ ਬਦੰਤਾ॥੨॥ਦੁਪਦਾ ੮॥**
[ਸ੍ਰੀ ਸਰਬ ਲੋਹ ਪ੍ਰਕਾਸ਼, ਪੰਨਾ ੬੪੬]

ਇਸੇ ਪ੍ਰਕਾਰ ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਪ੍ਰਮਾਣ ਦੇਖੇ ਜਾਂਦੇ ਹਨ।

ਯਥਾ— **ਦੋਹਰਾ॥ ਗੁਰੂ ਗ੍ਰਿੰਥ ਕਲਿਜੁਗ ਭਯੋ ਸ੍ਰੀ ਗੁਰ ਰੂਪ ਮਹਾਨ।**
**ਦਸ ਪਤਿਸ਼ਾਹੀਆਂ ਰੂਪ ਇਹ ਗੁਰੂ ਗ੍ਰਿੰਥ ਸੁਖਮਾਨ॥੬੯੩॥**

**ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰਿੰਥ ਦਿਖਾਇ॥**
**ਬਾਤਾਂ ਕਰਿ ਗੁਰ ਸੋਂ ਚਹੈ ਪੜ੍ਹੈ ਗ੍ਰਿੰਥ ਮਨੁ ਲਾਇ॥੬੯੪॥**

[ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਅਧਿਆਇ ੪]

ਜਿਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ ਇਹ ਅਨੁਭਵੀ ਦਮਦਮੀ ਬੀੜ ਅਖਵਾਉਂਦੀ ਹੈ। ਜਿਸਦੇ ਲਿਖਾਰੀ ਭਾਈ ਮਨੀ ਸਿੰਘ ਜੀ ਸਨ। ਕਿਉਂਕਿ ਪਹਿਲੀ ਬੀੜ ਕਰਤਾਰਪੁਰ ਵਾਲੀ ਜਿਸਦੇ ਲਿਖਾਰੀ ਭਾਈ ਗੁਰਦਾਸ ਜੀ ਸਨ। ਦੂਜੀ ਬੀੜ ਭਾਈ ਬੰਨੋ ਵਾਲੀ ਜਿਸ ਵਿੱਚ ਭਾਈ ਬੰਨੋ ਨੇ ਕੁਝ ਬਾਣੀ ਹੋਰ ਦਰਜ ਕਰ ਦਿੱਤੀ। ਕਰਤਾਰਪੁਰ ਵਾਲੀ ਬੀੜ ਲੈਣ ਗਏ ਸਿੰਘਾਂ ਨੂੰ ਬੀੜ ਨਾ ਮਿਲਣ ਕਰਕੇ ਇਸ ਤੀਸਰੀ ਬੀੜ ਦੀ ਰਚਨਾ ਕੀਤੀ ਤੇ ਨਾਲ ਹੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਰਜ ਕੀਤੀ। ਸਤਿਗੁਰੂ ਜੀ ਨੇ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਦੇ ਅਸਥਾਨ ਤੇ ਸਤਿਗੁਰੂ ਜੀ ਨੇ ਇਸ ਅਨੁਭਵੀ ਬੀੜ ਦੀ ਰਚਨਾ ਕੀਤੀ ਤੇ ਨਾਲ ਹੀ ਸਿੰਘਾਂ ਨੂੰ ਅਰਥ ਪੜ੍ਹਾਏ। ਇਸ ਕਾਰਜ ਦੀ ਆਰੰਭਤਾ ਸੰਮਤ ੧੭੬੨ ਕੱਤਕ ਸੁਦੀ ਪੂਰਨਮਾਸੀ ਨੂੰ ਹੋਈ ਅਤੇ ਇਹ ਕਾਰਜ ਸੰਮਤ ੧੭੬੩ ਬਿਕ੍ਰਮੀ ਸੰਮਤ ੨੩ ਸਾਵਣ ਨੂੰ ਸਮਾਪਤ ਹੋਇਆ। ਇਹ ਕਾਰਜ ਨੌਂ ਮਹੀਨੇ, ਨੌਂ ਦਿਨ, ਨੌਂ ਘੜੀਆਂ, ਨੌਂ ਪਲਾਂ ਵਿੱਚ ਸਮਾਪਤ ਹੋਇਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਲ ਅੱਖਰ ੯੧੦੦੨੨੪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨਾ ਅਤੇ ਭਗਤਾਂ ਦੀ ਬਾਣੀ ਦਾ ਵੇਰਵਾ (ਸ਼ਬਦਾਂ ਦੀ ਗਿਣਤੀ) ਇਸ ਪ੍ਰਕਾਰ ਹੈ:

| | | |
|---|---|---|
| ੧. ਗੁਰੂ ਨਾਨਕ ਦੇਵ ਜੀ | — | ੯੪੭ |
| ੨. ਗੁਰੂ ਅੰਗਦ ਦੇਵ ਜੀ | — | ੬੩ |
| ੩. ਗੁਰੂ ਅਮਰਦਾਸ ਜੀ | — | ੮੬੯ |
| ੪. ਗੁਰੂ ਰਾਮਦਾਸ ਜੀ | — | ੬੩੮ |
| ੫. ਗੁਰੂ ਅਰਜਨ ਦੇਵ ਜੀ | — | ੨੩੧੩ |
| ੬. ਗੁਰੂ ਤੇਗ ਬਹਾਦਰ ਜੀ | — | ੧੧੫ |
| ੭. ਗੁਰੂ ਗੋਬਿੰਦ ਸਿੰਘ ਜੀ | — | ੧ |
| | | ੪੯੪੬ |
| ਭਗਤ ਕਬੀਰ ਜੀ | — | ੫੩੪ |
| ਭਗਤ ਫ਼ਰੀਦ ਜੀ | — | ੧੨੩ |
| ਭੱਟਾ ਦੇ ਸੂਯੇ | — | ੧੨੩ |
| ਭਗਤ ਨਾਮਦੇਵ ਜੀ | — | ੬੯ |
| ਭਗਤ ਰਵਿਦਾਸ ਜੀ | — | ੪੦ |
| ਰਾਮਕਲੀ ਵਾਰ ਸੱਤਾ ਬਲਵੰਡਾ ਪਦ | — | ੮ |
| ਰਾਮਕਲੀ ਸਦ ਸੁੰਦਰ ਜੀ ਪਦ | — | ੬ |
| ਤ੍ਰਿਲੋਚਨ ਜੀ | — | ੫ |
| ਧੰਨਾ ਜੀ | — | ੪ |
| ਬੇਣੀ ਜੀ | — | ੩ |
| ਮਰਦਾਨਾ ਜੀ ਵਾਰ ਬਿਹਾਗੜਾ ਵਿੱਚ ਸਲੋਕ | — | ੩ |
| ਜੈ ਦੇਵ ਜੀ | — | ੨ |

| | | |
|---|---|---|
| ਭੀਖਣ ਜੀ | — | ੨ |
| ਸੂਰਦਾਸ ਜੀ | — | ੨ |
| ਰਾਮਾਨੰਦ ਜੀ | — | ੧ |
| ਪਰਮਾਨੰਦ ਜੀ | — | ੧ |
| ਪੀਪਾ ਜੀ | — | ੧ |
| ਸੈਣ ਜੀ | — | ੧ |
| ਸਧਨਾ ਜੀ | — | ੧ |
| | | ੯੨੯ |

ਭਗਤਾਂ ਅਤੇ ਗੁਰੂ ਸਾਹਿਬਾਂ ਦੀ ਬਾਣੀ ਦਾ ਕੁਲ ਜੋੜ=੪੯੪੬+੯੨੯=੫੮੭੫

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣ ਤੋਂ ਬਾਅਦ ਇਕ ਵੱਡਾ ਸਿਰਹਾਣਾ ਲਾ ਕੇ ਹਜ਼ੂਰ ਨੇ ਆਪਣੇ ਖ਼ਾਲਸੇ ਪ੍ਰਤੀ ਆਪਣੇ ਮੁਖਾਰਬਿੰਦ ਤੋਂ ੫੨ ਬਚਨ ਕੀਤੇ। ਸਤਿਗੁਰੂ ਜੀ ਦੇ ਸੰਸਾਰ ਵਿਚੋਂ ਉਹਲੇ ਹੋਣ ਦੇ ਥੋੜ੍ਹੇ-ਥੋੜ੍ਹੇ ਅੰਤਰੇ ਵਾਲੇ ਕਈ ਲੇਖ ਦੇਖੇ ਜਾਂਦੇ ਹਨ। ਇਨ੍ਹਾਂ ਅੰਤਰਿਆਂ ਦੇ ਝੰਜਟ ਵਿਚ ਨਾ ਪੈਂਦੇ ਹੋਏ ਸਾਨੂੰ ਭਾਵਨਾ ਸਹਿਤ ਹੀ ਰਹਿਣਾ ਚਾਹੀਦਾ ਹੈ। ਜਦੋਂ ਨੰਦੇੜ ਸ਼ਹਿਰ ਦੇ ਇਰਦ-ਗਿਰਦ ਪਿੰਡਾਂ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਜਿਸ ਗੁਰੂ ਨੇ ਹਿੰਦ ਧਰਮ ਦੀ ਰੱਖਿਆ ਵਾਸਤੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ, ਉਹ ਸੱਚਖੰਡ ਜਾਣ ਦੀ ਤਿਆਰੀ ਵਿਚ ਹਨ। ਅਨੇਕਾਂ ਪਿੰਡਾਂ ਦੇ ਲੋਕ ਕਾਫ਼ਲੇ ਬੰਨ੍ਹ-ਬੰਨ੍ਹ ਕੇ ਦਰਸ਼ਨਾਂ ਲਈ ਆਉਣ ਲੱਗੇ। ਪ੍ਰੇਮ ਵਿਚ ਅਥਰੂ ਵਹਾਉਂਦੇ ਲੋਕਾਂ ਦਾ ਇਕ ਵੱਡਾ ਭਾਰੀ ਇਕੱਠ ਹੋ ਗਿਆ। ਸਤਿਗੁਰੂ ਜੀ ਨੇ ਨਵੀਨ ਬਸਤਰ ਅਤੇ ਸ਼ਸ਼ਤਰ ਪਹਿਨੇ, ਜਿਗਾ ਕਲਗੀ ਲਾਈ। ਦੂਜੇ ਪਾਸੇ ਚੰਦਨ ਦੀ ਚਿਖਾ ਤਿਆਰ ਕਰਕੇ ਦੁਆਲੇ ਕਨਾਤ ਤਾਣੀ ਹੋਈ ਸੀ। ਸਤਿਗੁਰੂ ਜੀ ਨੇ ਭਾਈ ਦਯਾ ਸਿੰਘ ਜੀ ਨੂੰ ਸੰਬੋਧਨ ਕਰਕੇ ਸਾਰੇ ਸਿੱਖਾਂ ਪ੍ਰਤੀ ਬਚਨ ਕੀਤਾ ਕਿ ਖ਼ਾਲਸਾ ਜੀ ਮੇਰਾ ਅੰਗੀਠਾ ਨਹੀਂ ਫੋਲਣਾ ਤੇ ਨਾ ਹੀ ਮੇਰੀ ਸਮਾਧ ਰੂਪ ਵਿਚ ਯਾਦਗਾਰ ਬਨਾਉਣੀ। ਤੁਹਾਨੂੰ ਅਕਾਲ ਪੁਰਖ ਦਾ ਪੁਜਾਰੀ ਬਣਾਇਆ ਹੈ। ਜੜ੍ਹ ਵਸਤੂਆਂ ਦੀ ਪੂਜ ਮਨਮੱਤ ਹੈ। ਜੈਸਾ ਕਿ :

**ਚੰਦਨ ਕੀ ਬਡ ਚਿਤਾ ਚਿਨਾਈ॥ ਊਚ ਕਨਾਤ ਚੁਗਿਰਦ ਤਨਾਈ॥**
**ਦਯਾ ਸਿੰਘ ਪ੍ਰਤਿ ਕਹਯੋ ਉਚਰ ਹੈ॥ ਜਬਿ ਪ੍ਰਵੇਸ਼ ਹਮ ਇਸ ਮੈ ਕਰਿ ਹੈਂ॥੧੦੧॥**
**ਦੂਰ ਕਨਾਤੋ ਸਬਿ ਸਿਖ ਕਰੀਓ॥ ਹਮਰੀ ਤਰਫ ਨ ਕੋਊ ਨਿਹਰੀਓ॥**
**ਫੋਲਯੋ ਹਮਰਾ ਨਾਹਿ ਅੰਗੀਠਾ॥ ਨਾਹਿ ਸਮਾਧ ਬਨੈਈਓ ਨੀਠਾ॥੧੦੨॥**
**ਜੋ ਸਮਾਧ ਹਮਰੀ ਬਨਵੈ ਹੈ॥ ਜਗ ਮੈਂ ਤਿਹਂ ਸਰਬੰਸ ਨ ਰੈਹੈ॥**
**ਹਮ ਨੈ ਸਾਚਾ ਪੰਥ ਚਲਾਯੋ॥ ਮਾਨਨ ਏਕ ਅਕਾਲ ਦਿਢਾਯੋ॥੧੦੩॥**
**ਗੋਰ ਸਮਾਧਿ ਮੜ੍ਹੀ ਦੇਵਾਲਾ॥ ਇਨ ਕਾ ਮਾਨਨ ਕੂਰ ਦਿਖਾਲਾ॥**
**ਗੁਰੂ ਗ੍ਰੰਥ ਕੋ ਪੂਜੋ ਮਾਨੋ॥ ਸੇਵਾ ਸੰਤ ਜਨਾ ਕੀ ਠਾਨੋ॥੧੦੪॥**

[ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੭੧]

ਸਿੰਘਾਂ ਨੂੰ ਕਹਿ ਕੇ ਸਤਿਗੁਰੂ ਜੀ ਨੇ ਆਪਣੇ ਕਵੈਤ ਘੋੜੇ 'ਤੇ ਸੋਨੇ ਦੀ ਕਾਠੀ ਪਾ ਕੇ ਉਸ ਨੂੰ ਤਿਆਰ ਕਰਕੇ ਖੜ੍ਹਾਇਆ। ਸਾਰਾ ਦਿਨ ਕੀਰਤਨ ਹੁੰਦਾ ਰਿਹਾ ਤੇ ਗੁਰੂ ਜੀ ਉਪਦੇਸ਼ ਕਰਦੇ ਰਹੇ। ਜਦੋਂ ਸ਼ਾਮ ਦਾ ਸਮਾਂ ਹੋਇਆ ਤਾਂ ਆਪ ਜੀ ਆਪਣੇ ਆਸਨ ਤੋਂ ਉਠ ਕੇ ਮੁਸਕਰਾਉਂਦੇ ਹੋਏ ਚਿਖਾ ਵੱਲ ਵਧਣ ਲੱਗੇ। ਸਾਰੇ ਸਿੱਖਾਂ ਨੂੰ ਕਨਾਤ ਤੋਂ ਦੂਰ ਹਟਾ ਦਿੱਤਾ। ਸਤਿਗੁਰੂ ਜੀ ਨੇ ਮਾਰੂ ਰਾਗ ਦਾ ਸ਼ਬਦ ਉਚਾਰਨ ਕੀਤਾ। ਜੈਸਾ ਕਿ :

**੧. ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥**

[ਮਾਰੂ ਮਹਲਾ ੫, ਅੰਗ ੧੦੦੦]

**੨. ਤਬਿ ਆਸਨ ਤੈ ਉਠੇ ਗੁਸਾਈਂ॥ ਚਲੇ ਚਿਤਾ ਦਿਸ਼ ਮੁਦਤ ਮਹਾਂਈਂ॥੧੦੬॥**
**ਮਾਰੂ ਕਾ ਗੁਰੁ ਸਬਦ ਉਠਾਯੋ॥ ਓੜਕ ਨਿਬਹੀ ਪ੍ਰੀਤ ਇਹੁ ਗਾਯੋ॥**
**ਸਿਖ ਕਨਾਤ ਤੈ ਦੂਰ ਹਟਾਏ॥ ਆਪ ਪ੍ਰਵਿਸ਼ੇ ਤਾਂਹਿ ਮੈਂ ਜਾਏ॥੧੦੭॥**

ਸਤਿਗੁਰੂ ਜੀ ਕਨਾਤ ਦੇ ਵਿਚ ਪ੍ਰਵੇਸ਼ ਹੋਏ ਤੇ ਆਪ ਜੀ ਨੇ ਚਿਖਾ ਦੇ ਉਪਰ ਖੜ੍ਹੇ ਹੋ ਕੇ ਸਾਰੀ ਸੰਗਤ ਨੂੰ ਫ਼ਤਹਿ ਬੁਲਾਈ। ਜੈਸਾ ਕਿ :

**ਦੋਹਰਾ॥ ਖੜ੍ਹੇ ਹੋਇ ਫਿਰ ਚਿਤਾ ਪਰ, ਊਚੀ ਧੁਨਿ ਗੁਰੁ ਦੇਵ॥**
**ਫਤੇ ਬੁਲਾਈ ਪੰਥ ਕੋ, ਅੰਤ ਸਮੇਂ ਫਿਰ ਏਵ॥੧੦੮॥**

[ਸ੍ਰੀ ਗੁਰ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੭੧]

ਉਸ ਤੋਂ ਬਾਅਦ ਜੋਗ ਅਗਨਿ ਦੁਆਰਾ ਚਿਖਾ ਨੂੰ ਅੱਗ ਲਾਈ। ਅੱਗ ਕੇਵਲ ਲੱਕੜਾਂ ਨੂੰ ਲੱਗੀ ਤੇ ਆਪ ਸਤਿਗੁਰੂ ਦੇਹੀ ਦੇ ਸਮੇਤ (ਗੁਰੂ ਨਾਨਕ ਸਾਹਿਬ ਦੀ ਤਰ੍ਹਾਂ) ਸੱਚਖੰਡ ਨੂੰ ਪਧਾਰੇ। ਅੰਗੀਠਾ ਨਾ ਫੋਲਣ ਦਾ ਹੁਕਮ ਦੇਣ ਦਾ ਵੀ ਇਹੀ ਕਾਰਨ ਸੀ ਕਿ ਕਿਤੇ ਇਹ ਗੱਲ ਪ੍ਰਗਟ ਨਾ ਹੋ ਜਾਵੇ ਕਿ ਸਤਿਗੁਰੂ ਜੀ ਸਣ-ਦੇਹ ਸੱਚਖੰਡ ਨੂੰ ਗਏ ਹਨ। ਵਿਛੋੜੇ ਵਿਚ ਆ ਕੇ ਸਿੰਘਾਂ ਦੀਆਂ ਭੁੱਬਾਂ ਨਿਕਲ ਗਈਆਂ। ਅੰਗੀਠਾ ਠੰਢਾ ਹੋਣ ਤੱਕ ਸਿੰਘ ਸੋਗ ਸਹਿਤ ਚੁਫੇਰੇ ਬੈਠੇ ਰਹੇ। ਇਤਨੇ ਨੂੰ ਇਕ ਸਿੰਘ (ਜੋ ਘੋੜਿਆਂ ਦਾ ਸੇਵਾਦਾਰ ਸੀ) ਨੇ ਆ ਕੇ ਇਹ ਖ਼ਬਰ ਸੁਣਾਈ ਕਿ ਕਵੈਤ ਘੋੜਾ ਕਾਠੀ ਸਮੇਤ ਤਬੇਲੇ ਵਿਚੋਂ ਅਲੋਪ ਹੈ। ਇਹ ਸੁਣ ਕੇ ਸਭ ਹੈਰਾਨੀ ਵਿਚ ਪੈ ਗਏ। ਇਕ ਹਿੰਦੂ ਫ਼ਕੀਰ ਸਿੰਘਾਂ ਕੋਲ ਪਹੁੰਚਿਆ ਤੇ ਸਾਰਿਆਂ ਨੂੰ ਸੋਗ ਸਹਿਤ ਦੇਖ ਕੇ ਪੁੱਛਿਆ ਕਿ ਤੁਸੀਂ ਕਿਉਂ ਸੋਗ ਸਹਿਤ ਬੈਠੇ ਹੋ ? ਜਦੋਂ ਸਿੰਘਾਂ ਨੇ ਵਿਛੋੜੇ ਦੀ ਵਾਰਤਾ ਕਹੀ ਤਾਂ ਮਹਾਤਮਾ ਨੇ ਦੱਸਿਆ ਕਿ ਇਥੋਂ ਪੰਜ ਕੋਹ ਦੀ ਵਿੱਥ 'ਤੇ ਘੋੜੇ ਸਮੇਤ ਮੈਨੂੰ ਮਿਲੇ ਹਨ ਅਤੇ ਤੁਹਾਡੇ ਪ੍ਰਤੀ ਸੁਨੇਹਾ ਦਿੱਤਾ ਹੈ ਕਿ ਸੰਸਾ ਨਹੀਂ ਕਰਨਾ। ਸੋਨੇ ਦੀ ਕਾਠੀ ਸਮੇਤ ਘੋੜਾ ਮੈਂ ਆਪ ਲੈ ਚਲਿਆ ਹਾਂ। ਘੋੜੇ ਦੀ ਗੱਲ ਦਾ ਸੰਸਾ ਤਾਂ ਨਵਿਰਤ ਹੋ ਗਿਆ। ਪਰ ਜਦੋਂ ਮੋਹ ਵਿਚ ਆ ਕੇ ਅੰਗੀਠਾ ਫੋਲਿਆ ਤਾਂ ਉਸ ਵਿਚੋਂ ਕੋਈ ਅਸਥੀ ਨਹੀਂ ਨਿਕਲੀ, ਕੇਵਲ ਇਕ ਛੋਟੀ ਕ੍ਰਿਪਾਨ ਨਿਕਲੀ, ਜੋ ਅੱਜ ਹਜ਼ੂਰ ਸਾਹਿਬ ਸ਼ਸ਼ਤਰਾਂ ਵਿਚ ਸੁਸ਼ੋਭਿਤ ਹੈ। ਸਤਿਗੁਰੂ ਜੀ ਨੇ ਦੋ ਗੱਲਾਂ ਅੰਗੀਠਾ ਫੋਲਣ ਤੇ ਯਾਦਗਾਰੀ ਸਮਾਧ ਬਣਾਉਣ ਤੋਂ ਮਨ੍ਹਾਂ ਕੀਤਾ ਸੀ। ਪਰ ਸਿਖਾਂ ਨੇ ਅੰਗੀਠਾ ਵੀ ਫੋਲਿਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਯਾਦਗਾਰ ਸਮਾਧ ਬਣਾਈ, ਜਿਸ ਤੋਂ ਮਹਾਰਾਜੇ ਦੀ ਕੁਲ ਦਾ ਖ਼ਾਤਮਾ ਹੋਇਆ। ਸੋ, ਇਸ ਪ੍ਰਕਾਰ ਸਤਿਗੁਰੂ ਜੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਕੱਤਕ ਸੁਦੀ ਪੰਚਮੀ (੮ ਕੱਤਕ) ਸੰਮਤ ੧੭੬੫ ਬਿਕ੍ਰਮੀ, ੧੯ ਨਵੰਬਰ ੧੭੦੮ ਈ: ਨੂੰ ਆਪ ਜੀ ਜੋਤੀ ਜੋਤਿ ਸਮਾਏ।

ਅੰਤ ਵਿਚ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਰੋਮ-ਰੋਮ ਕਰਕੇ ਦਾਸ ਕਰਦਾ ਹੈ। ਜਿਸ ਸਤਿਗੁਰੂ ਜੀ ਦੀ ਮਿਹਰ ਦਾ ਸਦਕਾ ਦੋ-ਢਾਈ ਸਾਲ ਵਿਚ ਇਹ ਕਾਰਜ ਸਿਰੇ ਚੜ੍ਹਿਆ। ਅੱਜ ਮਿੱਤੀ ੨੯ ਅਕਤੂਬਰ ੨੦੦੦ ਦਿਨ ਐਤਵਾਰ ਸਵੇਰ ਵੇਲੇ ਗੁਰਮਤਿ ਵਿਦਿਆਲਾ ਜਥਾ ਰੰਧਾਵਾ ਦੇ ਮੁਖ ਅਸਥਾਨ ਸ੍ਰੀ ਗੁਰਦੁਆਰਾ ਸਾਹਿਬ ਪਿੰਡ ਰੰਧਾਵਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸੰਬੰਧੀ ਚਲਦੇ ਸਮਾਗਮ ਵਿਚ ਇਸ ਗ੍ਰੰਥ ਦੀ ਸੰਪੂਰਨਤਾ ਹੋਈ। ਅਖ਼ੀਰ ਵਿਚ ਦਾਸ ਆਪਣੇ ਜਥੇ ਦੇ ਸੂਝਵਾਨ ਵਿਦਿਆਰਥੀ ਭਾਈ ਦਰਸ਼ਨ ਸਿੰਘ ਜੀ ਨਦਾਮਪੁਰ (ਜ਼ਿਲ੍ਹਾ ਸੰਗਰੂਰ), ਭਾਈ ਹਰਦੇਵ ਸਿੰਘ ਜੀ ਸਨੌਰ (ਜ਼ਿਲ੍ਹਾ ਪਟਿਆਲਾ), ਭਾਈ ਗੁਰਮੀਤ ਸਿੰਘ ਜੀ ਅਨੰਦ ਨਗਰ ਬੀ (ਜ਼ਿਲ੍ਹਾ ਪਟਿਆਲਾ) ਅਤੇ ਜਥੇ ਦੇ ਹੋਰ ਸਿੰਘਾਂ ਦਾ ਅਤੀ ਧੰਨਵਾਦੀ ਹੈ, ਜਿਨ੍ਹਾਂ ਨੇ ਸਮੇਂ-ਸਮੇਂ ਅਨੁਸਾਰ ਗ੍ਰੰਥ ਲਿਖਣ ਅਤੇ ਸੋਧਣ ਵਿਚ ਸਹਿਯੋਗ

ਦਿੱਤਾ। ਜਿਨ੍ਹਾਂ ਗ੍ਰੰਥਾਂ ਵਿਚੋਂ ਮਦਦ ਲਈ, ਉਨ੍ਹਾਂ ਗ੍ਰੰਥ ਕਰਤਾ ਮਹਾਨ ਗੁਰਸਿੱਖਾਂ ਦਾ ਵੀ ਦਾਸ ਧੰਨਵਾਦ ਕਰਦਾ ਹੈ। ਸਿਖ ਜਗਤ ਦੇ ਗੁਣੀ ਗਿਆਨੀ, ਵਿਦਵਾਨ, ਮਹਾਂਪੁਰਸ਼ਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਹ ਗ੍ਰੰਥ ਲਿਖਣ ਦਾ ਉਦਮ ਅਣਜਾਣ ਵਿਦਿਆਰਥੀਆਂ ਲਈ ਕੀਤਾ ਹੈ, ਵਿਦਵਾਨਾਂ ਲਈ ਨਹੀਂ। ਵਿਦਵਾਨ, ਮਹਾਂਪੁਰਸ਼ ਜਿਥੇ ਗ੍ਰੰਥ ਵਿਚ ਕੋਈ ਉਕਾਈ ਜਾਂ ਊਣਤਾਈ, ਘਾਟ ਦੇਖਣ ਉਹ ਦਾਸ ਨੂੰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਅਗਲੀ ਐਡੀਸ਼ਨ ਵਿਚ ਸੁਧਾਈ ਹੋ ਸਕੇ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥